ਸ੍ਰੀ ਜਪੁ ਹੀਸਾ

ਰਾਜਾ ਮ੍ਰਿਗੇਂਦ੍ਰ ਸਿੰਘ

ਸੰਪਾਦਕ
ਡਾ. ਹਰਪਾਲ ਸਿੰਘ ਪੰਨੂ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਸ਼੍ਰੀ ਜਪੁ ਨੀਸਾਣੁ

ਰਾਜਾ ਮ੍ਰਿਗੇਂਦ੍ਰ ਸਿੰਘ

ਸੰਪਾਦਕ
ਡਾ. ਹਰਪਾਲ ਸਿੰਘ ਪੰਨੂ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji eLibrary NamdhariElibrary@gmail.com

ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

SHRI JAP NISAN *(Punjabi)*

by

RAJA MRIGENDRA SINGH

ਸੰਪਾਦਕ
ਡਾ. ਹਰਪਾਲ ਸਿੰਘ ਪੰਨੂ

ISBN: 978-81-302-0248-8

2013
ਕਾਪੀਆਂ: 550
ਕੀਮਤ: 1150.00

Laser Type Setting: Rahul Computers, Patiala.

ਡਾ. ਏ. ਐੱਸ. ਚਾਵਲਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ
ਪ੍ਰਕਾਸ਼ਿਤ ਕੀਤੀ ਅਤੇ ਆਰਨਾ ਪ੍ਰਿੰਟਿੰਗ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਦੋ ਸ਼ਬਦ

ਸਾਨੂੰ ਇਹ ਦੱਸਦਿਆਂ ਪ੍ਰਸੰਨਤਾ ਹੋ ਰਹੀ ਹੈ ਕਿ ਗੁਰਮਤਿ ਅਤੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਪੰਜਾਬੀ ਯੂਨੀਵਰਸਿਟੀ ਨੇ ਮਾਣਯੋਗ ਰਚਨਾਵਾਂ ਪ੍ਰਕਾਸ਼ਿਤ ਕਰਕੇ ਨਾਮ ਖੱਟਿਆ ਹੈ। ਦਰਸ਼ਨ, ਇਤਿਹਾਸ ਅਤੇ ਧਰਮ ਗ੍ਰੰਥਾਂ ਦੀ ਗੰਭੀਰ ਵਿਆਖਿਆ ਹੋਈ ਹੈ। ਪੱਛਮੀ ਅਤੇ ਭਾਰਤੀ ਦਰਸ਼ਨ ਦਾ ਮੁਲਾਂਕਣ ਹੋਇਆ ਹੈ। ਇਸੇ ਲੜੀ ਵਿਚ ਮੌਜੂਦਾ ਗ੍ਰੰਥ *ਜਪੁ ਨੀਸਾਣ* ਤਿਆਰ ਹੋਇਆ ਹੈ।

ਧਰਮ ਗ੍ਰੰਥਾਂ ਦੀ ਵਿਆਖਿਆ ਸਮੇਂ ਅਤੇ ਸਥਾਨ ਦੇ ਵਖਰੇਵੇਂ ਸਦਕਾ ਬਦਲਦੀ ਰਹਿੰਦੀ ਹੈ, ਵਿਦਵਾਨ ਨਿਰੰਤਰ ਵਿਆਖਿਆ ਅਪਡੇਟ ਕਰਦੇ ਹਨ। ਜਦੋਂ ਕਾਫੀ ਸਾਰੀਆਂ ਵਿਆਖਿਆਵਾਂ ਸਾਹਮਣੇ ਆ ਜਾਣ ਤਦ ਤੁਲਨਾਤਮਕ ਅਧਿਐਨ ਦੀ ਜ਼ਰੂਰਤ ਪੈਂਦੀ ਹੈ। ਗੀਤਾ ਦੇ ਅੱਠ ਭਾਸ਼ਯ *ਅਸ਼ਟਿਕ* ਦੇ ਨਾਮ ਹੇਠ ਵਿਸ਼ਵ ਪ੍ਰਸਿੱਧ ਹਨ। ਇਸੇ ਤਰ੍ਹਾਂ ਇੰਜੀਲ ਦੀ ਵਿਆਖਿਆ ਹੋਈ ਹੈ। ਇਹ ਪਰੰਪਰਾ ਗੁਰਮਤਿ ਵਿਆਖਿਆਕਾਰੀ ਵਿਚ ਵੀ ਸੁਰਜੀਤ ਹੋਵੇ, ਇਸ ਆਸ਼ੇ ਨਾਲ ਵਿਦਵਾਨ ਲੇਖਕ ਨੇ ਇਹ ਗ੍ਰੰਥ ਤਿਆਰ ਕੀਤਾ ਹੈ।

ਰਾਜਾ ਮ੍ਰਿਗੇਂਦਰ ਸਿੰਘ ਪਟਿਆਲਾ ਘਰਾਣੇ ਦੇ ਉਘੇ ਸੰਗੀਤ ਆਚਾਰੀਆ ਅਤੇ ਭਾਰਤੀ ਦਰਸ਼ਨ ਦੇ ਨਾਮਵਰ ਵਿਦਵਾਨ ਹਨ। ਜਦੋਂ 1962 ਵਿਚ ਪੰਜਾਬੀ ਯੂਨੀਵਰਸਿਟੀ ਸਥਾਪਤ ਹੋਈ ਉਦੋਂ ਤੋਂ ਲੈ ਕੇ ਇਕ ਦਹਾਕੇ ਤੱਕ ਆਪ ਸੰਗੀਤ ਅਤੇ ਫਿਲਾਸਫੀ ਵਿਭਾਗ ਵਿਚ ਵਿਜ਼ਿਟਿੰਗ ਪ੍ਰੋਫੈਸਰ ਵਜੋਂ ਅਧਿਆਪਨ ਕਰਦੇ ਰਹੇ। ਹਥਲੇ ਗ੍ਰੰਥ ਦੀ ਰੂਪ ਰੇਖਾ ਗੁਰੂ ਨਾਨਕ ਦੇਵ ਜੀ ਦੇ ਪੰਜ ਸੌਵੇਂ ਪ੍ਰਕਾਸ਼ ਪੁਰਬ ਵੇਲੇ ਤਿਆਰ ਹੋ ਗਈ ਸੀ ਪਰ ਅਨਜਾਣੇ ਕਾਰਨਾਂ ਸਦਕਾ ਹੁਣ ਇਹ ਪ੍ਰਕਾਸ਼ਤ ਹੋਇਆ ਹੈ। ਪਾਠਕਾਂ ਨੂੰ ਜਪੁ ਜੀ ਦੇ ਦਸ ਟੀਕੇ ਇਕੋ ਥਾਂ ਪ੍ਰਾਪਤ ਹੋ ਗਏ ਹਨ ਤੇ ਨਾਲ ਵਿਦਵਾਨ ਲੇਖਕ ਦੀ ਲੰਮੀ ਭੂਮਿਕਾ ਹੈ। ਪਾਠਕ ਜਾਣ ਜਾਣਗੇ ਕਿ ਲੇਖਕ ਦਾ ਅਧਿਐਨ ਕਿੰਨਾ ਵਿਸ਼ਾਲ ਹੈ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਡਾ. ਜਸਪਾਲ ਸਿੰਘ
ਵਾਈਸ-ਚਾਂਸਲਰ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਵਿਭਾਗੀ ਸ਼ਬਦ

2004 ਵਿਚ ਅਮਰੀਕਾ ਅਤੇ ਕੈਨੇਡਾ ਦੀਆਂ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਵੱਖ-ਵੱਖ ਯੂਨੀਵਰਸਿਟੀਆਂ ਵਿਚ ਸੈਮੀਨਾਰ ਉਲੀਕੇ। ਜਿਨ੍ਹਾਂ ਅਧਿਆਪਕਾਂ ਨੂੰ ਸੱਦਾ ਮਿਲਿਆ, ਉਨ੍ਹਾਂ ਵਿਚ ਮੈਂ ਵੀ ਸਾਂ। ਨਿਊਯਾਰਕ ਯੂਨੀਵਰਸਿਟੀ ਵਿਚ ਮੈਂ ਆਪਣਾ ਪੇਪਰ ਸਮਾਪਤ ਕਰਕੇ ਸਰੋਤਿਆਂ ਵਿਚ ਆ ਬੈਠਾ ਤਾਂ ਸਾਢੇ ਛੇ ਫੁੱਟ ਲੰਮਾ ਸੁਣੱਖਾ ਜੁਆਨ ਮੇਰੇ ਕੋਲ ਆਇਆ ਤੇ ਆਖਿਆ, ਸਰ ਮੇਰੇ ਪਾਪਾ ਵੀਲ ਚੇਅਰ ਤੇ ਹੋਣ ਕਰਕੇ ਹਾਲ ਅੰਦਰ ਨਹੀਂ ਆ ਸਕੇ, ਤੁਹਾਨੂੰ ਮਿਲਣਾ ਚਾਹੁੰਦੇ ਨੇ। ਮੈਂ ਉਠ ਕੇ ਬਾਹਰ ਆਇਆ ਤਾਂ ਦੇਖਿਆ ਇਹ ਤਾਂ ਕੰਵਰ ਮ੍ਰਿਗੇਂਦਰ ਸਿੰਘ ਜੀ ਹਨ, ਮੇਰੀ ਯੂਨੀਵਰਸਿਟੀ ਦੇ ਫਿਲਾਸਫੀ ਵਿਭਾਗ ਦੇ ਫਾਊਂਡਰ ਪ੍ਰੋਫੈਸਰ, ਸੰਗੀਤ ਵਿਭਾਗ ਦੇ ਫਾਊਂਡਰ ਪ੍ਰੋਫੈਸਰ, ਮੇਰੇ ਅਧਿਆਪਕ। ਗੋਡੀ ਹੱਥ ਲਾ ਕੇ ਅਸੀਸ ਪ੍ਰਾਪਤ ਕੀਤੀ। ਬੋਲੇ, "ਮੈਂ ਤੁਹਾਨੂੰ ਬਾਹਰ ਬੈਠਾ ਸੁਣਦਾ ਰਿਹਾ।" ਮੈਂ ਪੁੱਛਿਆ- ਕੋਈ ਗੱਲ ਚੰਗੀ ਵੀ ਕਰ ਹੋਈ ਮੈਥੋਂ? ਬੋਲੇ- ਪਤਾ ਨਹੀਂ, ਤੁਸੀਂ ਕੀ ਆਖਦੇ ਰਹੇ ਪਤਾ ਨਹੀਂ, ਮੈਂ ਤਾਂ ਪਟਿਆਲੇ ਦੀ ਪੰਜਾਬੀ ਬੋਲੀ ਸੁਣਨ ਦਾ ਅਨੰਦ ਲੈਂਦਾ ਰਿਹਾ, ਮੈਂ ਵੀ ਪਟਿਆਲੇ ਦਾ ਹਾਂ ਨਾ ਜੀ।

ਉਨ੍ਹਾਂ ਕਿਹਾ- ਇਉਂ ਕਰੋ, ਸ਼ਾਮ ਦਾ ਖਾਣਾ ਸਾਡੇ ਘਰ ਖਾਓ। ਇਹ ਮੇਰਾ ਕਾਕਾ ਹੈ ਨਾ, ਤੁਹਾਨੂੰ ਲੈ ਵੀ ਆਵੇਗਾ ਛੱਡ ਵੀ ਜਾਵੇਗਾ। ਮੈਂ ਕਿਹਾ- ਜੀ ਹੁਣ ਦੁਪਹਿਰ ਦਾ ਖਾਣਾ ਤਿਆਰ ਹੈ, ਆਪਾਂ ਸਾਰੇ ਇਥੇ ਛਕਦੇ ਹਾਂ, ਫਿਰ ਮੈਂ ਵਿਹਲਾ ਹਾਂ, ਹੁਣ ਤੁਹਾਡੇ ਨਾਲ ਚੱਲ ਪਈਏ ਤਾਂ ਵਧੀਕ ਸਮਾਂ ਮਿਲ ਜਾਵੇਗਾ ਗੱਲਾਂ ਕਰਨ ਦਾ। ਉਨ੍ਹਾਂ ਨੇ ਖ਼ੁਸ਼ੀ ਨਾਲ ਹਾਂ ਕਰ ਦਿੱਤੀ।

ਦੁਪਹਿਰ ਤੋਂ ਸ਼ੁਰੂ ਹੋਈਆਂ ਗੱਲਾਂ ਦਾ ਸਿਲਸਿਲਾ ਦੇਰ ਰਾਤ ਤੱਕ ਚਲਦਾ ਰਿਹਾ ਜੋ ਮੈਂ ਕਿਸੇ ਵੱਖਰੇ ਲੇਖ ਵਿਚ ਛਪਵਾ ਚੁੱਕਿਆ ਹਾਂ। ਇਥੇ ਕੇਵਲ ਦੋ ਗੱਲਾਂ ਦਾ ਜ਼ਿਕਰ ਕਰਾਂਗਾ, ਇਕ ਉਨ੍ਹਾਂ ਦੇ ਟਾਈਟਲ ਬਾਰੇ, ਦੂਜੀ ਇਸ ਕਿਤਾਬ ਬਾਰੇ। ਮੈਂ ਪੁੱਛਿਆ- ਜੀ ਜਦੋਂ ਤੁਸੀਂ ਪੰਜਾਬੀ ਯੂਨੀਵਰਸਿਟੀ ਵਿਚ ਸਾਨੂੰ ਪੜ੍ਹਾਉਣ ਆਉਂਦੇ, ਤੁਹਾਡੇ ਨਾਮ ਨਾਲ ਕੰਵਰ ਲਿਖਿਆ ਹੁੰਦਾ ਸੀ, ਹੁਣ ਰਾਜਾ ਲਿਖਿਆ ਹੋਇਆ ਹੈ। ਇਹ ਸਭ ਕਿਵੇਂ ਹੁੰਦਾ ਹੈ? ਉਹ ਹੱਸ ਪਏ, ਕਿਹਾ- ਆਪਣੇ ਆਪ ਹੋ ਜਾਂਦਾ ਹੈ। ਜਦੋਂ ਮੇਰੇ ਵੱਡੇ ਭਰਾਤਾ ਜੀ ਮਹਾਰਾਜਾ ਸਨ, ਮਹਾਰਾਜਾ ਯਾਦਵਿੰਦਰ ਸਿੰਘ, ਉਦੋਂ ਤੱਕ ਮੈਂ ਕੰਵਰ ਸਾਂ, ਉਨ੍ਹਾਂ ਦੇ ਦੇਹਾਂਤ ਪਿਛੋਂ ਮੇਰੇ ਭਤੀਜੇ ਅਮਰਿੰਦਰ ਸਿੰਘ ਮਹਾਰਾਜਾ ਹੋ ਗਏ ਤਾਂ ਮੇਰੀ ਆਪੇ ਕੰਵਰ ਤੋਂ ਰਾਜਾ ਦੀ ਪਦੁੱਨਤੀ ਹੋ ਗਈ। ਇਹੋ ਮਹਿਲ ਦਾ ਪ੍ਰੋਟੋਕੋਲ ਹੈ।

Sri Satguru Jagjit Singh Ji eLibrary NamdhariElibrary@gmail.com

ਫਿਰ ਮੈਨੂੰ ਪੁੱਛਿਆ- ਸਾਲ 1969 ਵਿਚ ਸ਼ੁਰੂ ਕਰਕੇ 1972 ਵਿਚ ਮੁਕੰਮਲ ਜਪੁ ਨੀਸਾਣੁ ਗ੍ਰੰਥ ਮੈਂ ਪ੍ਰੋਫੈਸਰ ਹਰਬੰਸ ਸਿੰਘ ਜੀ ਨੂੰ ਦੇ ਕੇ ਆਇਆ ਸਾਂ ਕਿ ਛਪਵਾ ਲਵੋ। ਅੱਜ ਤੱਕ ਉਸ ਦੀ ਉਘ-ਸੁੱਘ ਨਹੀਂ ਨਿਕਲੀ। ਕੀ ਤੁਹਾਨੂੰ ਪਤਾ ਹੈ ਕੁਝ? ਮੈਨੂੰ ਇਸ ਦਾ ਕੋਈ ਇਲਮ ਨਹੀਂ ਸੀ। ਮੈਂ ਵਾਅਦਾ ਕੀਤਾ ਕਿ ਵਾਪਸ ਜਾਕੇ ਇਸ ਦੀ ਹੋਣੀ ਦਾ ਪਤਾ ਕਰਾਂਗਾ।

ਪ੍ਰੋ. ਹਰਬੰਸ ਸਿੰਘ ਦੇ ਕਰੀਬੀਆਂ ਵਿਚੋਂ ਡਾ. ਜੋਧ ਸਿੰਘ ਇਥੇ ਹੀ ਸਨ ਜੋ ਉਨ੍ਹਾਂ ਨਾਲ ਲੰਮਾ ਸਮਾਂ ਸਿਖ ਵਿਸ਼ਵਕੋਸ਼ ਵਾਸਤੇ ਕੰਮ ਕਰਦੇ ਰਹੇ। ਉਨ੍ਹਾਂ ਨਾਲ ਗੱਲ ਕੀਤੀ। ਇਸ ਗ੍ਰੰਥ ਬਾਰੇ ਉਨ੍ਹਾਂ ਨੂੰ ਕੋਈ ਇਲਮ ਨਹੀਂ ਸੀ। ਉਨ੍ਹਾਂ ਕਿਹਾ- ਪ੍ਰੋਫ਼ੈਸਰ ਹਰਬੰਸ ਸਿੰਘ ਨੇ ਆਪਣੇ ਵਿਭਾਗ ਵਲੋਂ ਆਪਣੇ ਜਿਉਂਦਿਆਂ ਆਪਣੀਆਂ ਕਿਤਾਬਾਂ ਤੋਂ ਇਲਾਵਾ ਕਿਸੇ ਹੋਰ ਲੇਖਕ/ਖੋਜੀ ਦੀ ਕਿਤਾਬ ਨਹੀਂ ਛਾਪਣ ਦਿੱਤੀ। ਉਨ੍ਹਾਂ ਦਾ ਸੁਭਾਅ ਹੀ ਅਜਿਹਾ ਸੀ। ਹੁਣ ਤਾਂ ਤਾਲਿਬ ਸਾਹਿਬ, ਡਾ. ਤਾਰਨ ਸਿੰਘ ਆਦਿਕ ਵੀ ਨਹੀਂ ਰਹੇ। ਕੇਵਲ ਡਾ. ਵਜ਼ੀਰ ਸਿੰਘ ਮੌਜੂਦ ਹਨ। ਉਹ ਵੀ ਰਿਟਾਇਰ ਹੋ ਕੇ ਕਦੋਂ ਦੇ ਦਿੱਲੀ ਜਾ ਵਸੇ ਹਨ। ਸ਼ਾਇਦ ਉਨ੍ਹਾਂ ਨੂੰ ਕੁਝ ਪਤਾ ਹੋਵੇ, ਉਨ੍ਹਾਂ ਨਾਲ ਸੰਪਰਕ ਕਰੋ।

ਡਾ. ਵਜ਼ੀਰ ਸਿੰਘ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਦੱਸਿਆ- ਮੌਤ ਤੋਂ ਕੁਝ ਸਮਾਂ ਪਹਿਲਾਂ ਪ੍ਰੋ. ਹਰਬੰਸ ਸਿੰਘ ਨੇ 42 ਫਾਈਲਾਂ ਦਾ ਇਕ ਖਰੜਾ ਮੇਰੇ ਹਵਾਲੇ ਕਰਦਿਆਂ ਕਿਹਾ ਸੀ- ਦੇਖ ਲੈਣਾ। ਮੈਂ ਦੇਖਿਆ ਤਾਂ ਮੇਰੇ ਕੁਝ ਗੇੜ ਵਿਚ ਨਾ ਆਇਆ। ਸੋ ਇਹ ਅਲਮਾਰੀ ਵਿਚ ਬੰਦ ਪਈਆਂ ਰਹੀਆਂ। ਅਲਮਾਰੀ ਜੈਨਿਜ਼ਮ ਦੇ ਮੈਡੀਟੇਸ਼ਨ ਰੂਮ ਵਿਚ ਪਈ ਹੈ ਜਿਸਦੀਆਂ ਚਾਬੀਆਂ ਮੈਂ ਡਾ. ਰਾਜਿੰਦਰ ਕੌਰ ਨੂੰ ਦੇ ਕੇ ਆਇਆ ਸਾਂ।

ਡਾ. ਰਾਜਿੰਦਰ ਕੌਰ ਨਾਲ ਸੰਪਰਕ ਕੀਤਾ, ਉਨ੍ਹਾਂ ਚਾਬੀਆਂ ਬਾਰੇ ਅਗਿਆਨਤਾ ਪ੍ਰਗਟਾਈ ਤਾਂ ਅਸੀਂ ਨਵੀਆਂ ਚਾਬੀਆਂ ਲਾਉਣ ਵਾਸਤੇ ਮਿਸਤਰੀ ਬੁਲਾ ਲਿਆ। ਮਿਸਤਰੀ ਨੇ ਤਾਲਾ ਖੋਲ੍ਹਿਆ, ਸਾਰੇ ਖਰੜੇ ਸਹੀ ਸਲਾਮਤ ਪਏ ਸਨ। ਰਾਈਸ ਪੇਪਰਾਂ ਉਪਰ ਪੁਰਾਣੇ ਮੈਨੁਅਲ ਟਾਈਪ ਰਾਈਟਰ ਨਾਲ ਟਾਈਪ ਕੀਤੀ ਹੋਈ ਸੀ। ਹੱਥ ਲਾਉਂਦਿਆਂ ਹੀ ਕਾਗਜ਼ ਭੁਰ ਜਾਂਦੇ। ਮੇਰੇ ਕੋਲ ਵਿਭਾਗ ਦੀ ਚੇਅਰਮੈਨੀ ਆ ਚੁਕੀ ਹੋਣ ਕਾਰਨ ਮੈਂ ਸਟਾਫ਼ ਤੋਂ ਕੰਮ ਲੈਣ ਜੋਗਾ ਸਾਂ। ਪੂਰੀ ਇਹਤਿਆਤ ਵਰਤਦਿਆਂ ਇਸ ਦੇ ਬਰੀਕ ਕਾਗਜ਼ਾਂ ਦੀਆਂ ਦੋ ਫੋਟੋ ਕਾਪੀਆਂ ਤਿਆਰ ਕੀਤੀਆਂ ਗਈਆਂ। ਰਾਜਾ ਜੀ ਨਾਲ ਫੋਨ ਅਤੇ ਈਮੇਲ ਉਪਰ ਨਿਰੰਤਰ ਸੰਪਰਕ ਰਿਹਾ। ਉਨ੍ਹਾਂ ਦੱਸਿਆ ਕਿ ਪਟਿਆਲੇ ਤੋਂ ਇਕ ਬੀਬੀ ਉਨ੍ਹਾਂ ਪਾਸ ਅਮਰੀਕਾ ਆ ਰਹੀ ਹੈ। ਚੰਗਾ ਹੋਵੇ ਜੇ ਇਕ ਨਕਲ ਉਨ੍ਹਾਂ ਹੱਥ ਭੇਜ ਦਿਓ, ਮੈਂ ਲੋੜੀਂਦੀਆਂ ਸੋਧਾਂ ਕਰ ਸਕਾਂਗਾ। ਨਾਲ-ਨਾਲ ਇੰਟਰੋਡਕਸ਼ਨ ਲਿਖਦਾ ਰਹਾਂਗਾ। ਇਕ ਨਕਲ ਉਨ੍ਹਾਂ ਪਾਸ ਨਿਊਯਾਰਕ ਪੁੱਜ ਗਈ।

ਮੈਂ ਯੂਨੀਵਰਸਿਟੀ ਪਾਸੋਂ ਇਹ ਕਿਤਾਬ ਛਾਪਣ ਦੀ ਪ੍ਰਵਾਨਗੀ ਹਾਸਲ ਕਰ ਲਈ। ਉਧਰ ਰਾਜਾ ਜੀ ਸੋਧਾਂ ਕਰਦੇ ਰਹੇ, ਮੁਖਬੰਧ ਲਿਖਦੇ ਰਹੇ, ਇਧਰ ਮੈਂ ਟਾਈਪ ਕਰਵਾ-ਕਰਵਾ ਪਰੂਫ ਰੀਡਿੰਗ ਕਰਦਾ। ਇਹ ਕੰਮ ਕਠਿਨ ਸੀ। ਇਕ ਤਾਂ ਪੁਰਾਣੀ ਸ਼ੈਲੀ ਦੀ ਪੰਜਾਬੀ, ਦੂਜਾ ਮੈਨੁਅਲ ਟਾਈਪ ਰਾਈਟਰ ਰਾਹੀਂ ਕੀਤਾ ਟਾਈਪ ਧੁੰਦਲਾ, ਅਸਪਸ਼ਟ,

Sri Satguru Jagjit Singh Ji eLibrary NamdhariElibrary@gmail.com

ਤੀਜੇ, ਗ੍ਰੰਥ ਵਿਚ ਸੰਸਕ੍ਰਿਤ ਸ਼ਲੋਕਾਂ ਦੀ ਭਰਮਾਰ। ਮੇਰੇ ਪਾਸ ਸੰਸਕ੍ਰਿਤ ਦਾ ਸਹਾਇਕ ਨਹੀਂ ਸੀ, ਆਪ ਮੈਨੂੰ ਇਸ ਭਾਸ਼ਾ ਦਾ ਇਲਮ ਨਹੀਂ ਸੀ ਤੇ ਕੰਮ ਇੰਨਾ ਵੱਡਾ ਕਿ ਸੰਸਕ੍ਰਿਤ ਵਿਭਾਗ ਦੀ ਸਹਾਇਤਾ ਨਹੀਂ ਮਿਲਣੀ ਸੀ। ਉਨ੍ਹਾਂ ਦੇ ਆਪਣੇ ਪ੍ਰਾਜੈਕਟ ਹਨ।

ਮੇਰੇ ਵਿਭਾਗ ਵਿਚ ਸੈਂਟਰ ਫਾਰ ਬੁਧਿਸਟ ਸਟੱਡੀਜ਼ ਵਿਚ ਇਕ ਪ੍ਰਾਜੈਕਟ ਸਹਾਇਕ ਦੀ ਆਸਾਮੀ ਮਿਲ ਗਈ। ਮੈਂ ਵਿਗਿਆਪਨ ਵਿਚ ਆਪਣੀ ਲੋੜ ਸਮਝਦਿਆਂ ਸੰਸਕ੍ਰਿਤ ਦੀ ਵਿਦਿਆ ਵਾਲੇ ਉਮੀਦਵਾਰ ਦੀ ਮੰਗ ਕੀਤੀ। ਡਾ. ਦੀਪ ਸ਼ਿਖਾ ਸਾਨੂੰ ਲੱਭ ਗਈ, ਉਸਨੇ ਹਿੰਦੀ ਸੰਸਕ੍ਰਿਤ ਦੀਆਂ ਬਹੁਤੀਆਂ ਮੁਸ਼ਕਲਾਂ ਹੱਲ ਕਰ ਦਿੱਤੀਆਂ। ਜੇ ਉਹ ਸਾਡੇ ਨਾਲ ਪ੍ਰਾਜੈਕਟ ਸ਼ੁਰੂ ਹੋਣ ਵੇਲੇ ਤੋਂ ਹੀ ਕੰਮ ਕਰਦੀ ਹੁੰਦੀ ਤਦ ਗ੍ਰੰਥ ਹੋਰ ਵੀ ਵਧੀਆ ਹੋਣਾ ਸੀ। ਜਿਥੇ ਰਾਜਾ ਜੀ ਨੇ ਸੰਸਕ੍ਰਿਤ ਗ੍ਰੰਥਾਂ ਦੇ ਹਵਾਲੇ ਦਿੱਤੇ, ਮੂਲ ਭਾਸ਼ਾ ਦੇ ਹਵਾਲੇ ਸਨ ਪਰ ਅਸੀਂ ਬਹੁਤੀਆਂ ਥਾਵਾਂ ਤੇ ਉਨ੍ਹਾਂ ਸ਼ਲੋਕਾਂ ਦੇ ਪੰਜਾਬੀ ਅਰਥ ਛਾਪ ਸਕੇ ਹਾਂ, ਮੂਲ ਨਹੀਂ ਦੇ ਸਕੇ।

ਰਾਜਾ ਮ੍ਰਿਗੇਂਦਰ ਸਿੰਘ ਜੀ ਦੀ ਲਿਖਤ ਪੁਰਾਣੀ ਪੰਜਾਬੀ ਹੈ। ਮੈਂ ਨਵੀਨ ਬਣਾਉਣ ਖ਼ਾਤਰ ਇਸ ਵਿਚ ਸੋਧਾਂ ਨਹੀਂ ਕੀਤੀਆਂ। ਮੈਨੂੰ ਇਸਦਾ ਇਹੋ ਰੂਪ ਚੰਗਾ ਲੱਗਦਾ ਹੈ। ਪਹਿਲੋਂ ਪਹਿਲ ਪਾਠਕਾਂ ਨੂੰ ਇਹ ਸ਼ੈਲੀ ਕੁਝ ਅਜੀਬ ਲੱਗੇਗੀ ਪਰ ਜਦੋਂ ਉਨ੍ਹਾਂ ਨੂੰ ਪੁਰਾਣੇ ਗ੍ਰੰਥ ਪੜ੍ਹਨ ਦਾ ਮੌਕਾ ਮਿਲੇਗਾ, ਉਹ ਇਸਦੇ ਆਦੀ ਹੀ ਨਹੀਂ ਹੋਣਗੇ ਸਗੋਂ ਉਨ੍ਹਾਂ ਨੂੰ ਇਹ ਸ਼ੈਲੀ ਵਧੀਕ ਮਧੁਰ ਲੱਗਣ ਲੱਗੇਗੀ। ਬਹੁਤ ਸਾਰੇ ਸ਼ਬਦ ਆਪਸ ਵਿਚ ਜੁੜੇ ਹੋਏ, ਯਾਨੀ ਕਿ ਸੰਯੁਕਤ-ਪਦ ਹਨ, ਉਨ੍ਹਾਂ ਦਾ ਸੰਧੀ ਛੇਦ ਨਹੀਂ ਕੀਤਾ। ਪਾਠਕ ਪੁਰਾਣੀ ਪੰਜਾਬੀ ਤੋਂ ਵਾਕਫ਼ ਹੋਣਗੇ, ਇਸ ਮਨੋਰਥ ਨਾਲ ਅਜਿਹਾ ਕੀਤਾ। ਰਾਜਾ ਜੀ ਦੀ ਬੋਲੀ ਵੀ ਸਾਡੇ ਵਡੇਰਿਆਂ ਸਾਖੀਕਾਰਾਂ, ਵਿਆਖਿਆਕਾਰਾਂ ਵਰਗੀ ਹੋ ਗਈ ਹੈ। ਇਨ੍ਹਾਂ ਸਾਰੇ ਟੀਕਿਆਂ ਨੂੰ ਇਕੋ ਥਾਂ ਪੜ੍ਹਦਿਆਂ ਪਾਠਕ ਜਾਣ ਸਕਣਗੇ ਕਿ ਸਾਡੀ ਸਨਾਤਨੀ ਗੁਰਬਾਣੀ ਵਿਆਖਿਆ ਦਾ ਰਸ ਰੰਗ ਕੀ ਸੀ।

ਇਤਫ਼ਾਕਵਸ ਅਮਰੀਕਾ ਜਾਣਾ, ਉਥੇ ਗ੍ਰੰਥਕਾਰ ਨਾਲ ਮੇਲ ਹੋਣਾ ਤੇ ਮੇਰੇ ਪਾਸ ਵਿਭਾਗ ਦੇ ਮੁਖੀ ਦੀ ਚੇਅਰ ਹੋਣੀ, ਇਸ ਗ੍ਰੰਥ ਨੂੰ ਤੁਹਾਡੇ ਤੱਕ ਪੁਚਾਣ ਵਾਸਤੇ ਸਹਾਇਕ ਕਾਰਨ ਬਣੇ। ਜਦੋਂ ਬਤੌਰ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਆਏ, ਉਦੋਂ ਇਸ ਉਪਰ ਕੰਮ ਹੋ ਰਿਹਾ ਸੀ। ਉਨ੍ਹਾਂ ਨੇ ਇਸ ਗ੍ਰੰਥ ਦੀ ਰੂਪ ਰੇਖਾ ਅਤੇ ਮਹੱਤਵ ਜਾਣਨਾ ਚਾਹਿਆ, ਜਾਣਕਾਰੀ ਪ੍ਰਾਪਤ ਕਰਕੇ ਸਹਰਸ਼ ਇਸ ਨੂੰ ਮੁਕੰਮਲ ਕਰਨ ਦੀ ਪ੍ਰੇਰਨਾ ਦਿੱਤੀ।

ਹੁਣ ਗ੍ਰੰਥ ਆਪਦੇ ਹੱਥਾਂ ਵਿਚ ਹੈ, ਗੁਰੂ ਮਹਾਰਾਜ ਜੀ ਅਗੇ ਕੀਤੀ ਅਰਦਾਸ ਸਫਲ ਹੋਈ, ਇਹ ਲਿਖਤ ਪੰਜਾਬੀਆਂ ਲਈ ਕਲਿਆਣਕਾਰੀ ਹੋਵੇਗੀ, ਅਜਿਹੀ ਉਮੀਦ ਹੈ। ਪਾਠਕਾਂ ਦੇ ਸੁਝਾਅ ਮਿਲਣਗੇ ਤਾਂ ਗਲਤੀਆਂ ਦੀਆਂ ਸੋਧਾਂ ਕਰਾਂਗੇ। ਰਾਜਾ ਜੀ ਦੀ ਉਮਰ ਵਧੀਕ ਹੋ ਗਈ ਹੈ, ਸ਼ੁਕਰ ਹੈ ਕਿ ਉਹ ਆਪਣੇ ਕੰਮ ਦੀ ਛਪੀ ਸੈਂਚੀ ਦੇਖ ਸਕੇ।

31 ਮਈ 2013

ਹਰਪਾਲ ਸਿੰਘ ਪੰਨੂ (ਡਾ.)
ਪ੍ਰੋਫੈਸਰ ਅਤੇ ਮੁਖੀ ਧਰਮ ਅਧਿਐਨ ਵਿਭਾਗ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਲੇਖਕ ਦਾ ਸੰਪਾਦਕ ਨੂੰ ਇਕ ਖ਼ਤ

ਨਿਊਯਾਰਕ
4 ਸਤੰਬਰ 2011

ਪਰੋਫਿਸਰ ਸਾਹਿਬ,

ਸਤਿ ਸ੍ਰੀ ਅਕਾਲ,

ਮੈਂ ਆਪ ਜੀ ਦੀ ਭੇਜੀ ਫਾਈਲ ੧ ਦੇ ੫੬੪ ਪੜ੍ਹੇਆਂ ਵਿਚੋਂ ਸ੍ਰੀ ਜਪੁ ਨੀਸਾਣੁ ਗ੍ਰੰਥੀ ੧੦ ਟੀਕੇਆਂ ਵਿਚ ਪਹਿਲੀ ਪੰਜ ਪੌੜੀਆਂ ਸੋਧੀਆਂ ਹਨ। ਬਾਕੀ ਕੇਵਲ ੯੦-੧੦੦ ਪੜ੍ਹੇ ਸੋਧਨੇ ਰਹਿੰਦੇ ਹਨ ਜੋ ਹਫਤੇ ਦਸ ਦਿਨਾਂ ਵਿਚ ਆਪ ਪਾਸ ਭੇਜ ਦਵਾਂਗਾ। ਇਸ ਭਾਗ ਵਿਚ ਤਿੰਨ ਗੱਲਾਂ ਹਨ, ਜੋ ਆਪ ਜੀ ਹੀ ਪੂਰੇ ਕਰਾ ਸਕਦੇ ਹੋ:-

੧. ਡਾ. ਰਤਨ ਸਿੰਘ 'ਜਗੀ' ਜੀ ਤੋਂ ਮੈਂ "ਹੱਥ ਲਿਖਤ ਅਨੰਦਘਨ ਦੀ ਦੀਕਾ" ਉਧਾਰੀ ਲਿਤੀ ਸੀ, ਜੋ ਆਪਦੇ ਯੂਨੀਵਸਟੀ ਦੇ ਟਾਈਪਿਸਟ ਨੇ ਪੂਰੀ ਨਕਲ ਉਤਾਰੀ ਸੀ। ਇਸਦੀ ਪੰਜਵੀਂ ਪੌੜੀਦੇ ਕੁਝਕ ਪਤਰੇਤੇ ਆਪ ਦੇ ਟਾਈਪਿਸਟ ਵਾਸਤੇ ਇਹ ਨੋਟ ਹੈ:-

ਇਨ ਵਚਨੋਕੋ ਮਾਨ ਕਰ ਬਾਬਾ ਨਾਨਕ ਨੇਭੀ ਸਭ ਤੇ ਉਪਰ ਮਹਾਮਾਇਆ ਕੀ ਉਪਮਾ ਕਹੀ॥ ਤੇਨੇ ਪ੍ਰਸਨੋ ਕੀਆ ਦ੍ਰਿਸਟਤੋ ਤਿਸਕੋ ਨਹੀ ਆਵਤਾ: ਜੋ ਅਗਆਨੀ ਹੋਤਾ ਹੈ॥ ਅਬ ਇਸਕਾ ਉਤਰ ਲੈ॥ ਜੀਵੋਕੀ ਅਪੇਖਯਾ ਕਰ ਕਰਤੋ ਬ੍ਰਹਮਾ, ਵਿਸਨ, ਮਹਾਦੇਵਕੋ ਅਨੰਤ ਕੋਟ ਗੁਣ ਅਧਿਕ ਗਯਾਨ ਹੈ॥

ਅਰ ਅਪੇਖਯਾਕਰ ਕਰ ਤੋ ਸਵਲਮੇ ਹੀਨਤਾਹੈ। ਸ਼ੁਧਕੇ ਤੇ ਸਵਲ ਨਹੀ ਧਾਵਤਾ॥ ਗੁਣ ਅਧਿਕ ਗਿਆਨ ਮਾਨ ਕਰ ਬਾਬਾ ਨਾਨਕਨੇ ਇਨਕੋ ਗੁਰੂ ਮਾਨਾ॥ ਅਰ ਜੋ ਸਿਖ ਹੋਤਾਹੈ, ਸੋ ਪਰਮੇਸਵਰਕੀ ਪ੍ਰਾਪਤ ਤੇਹੀ ਨਮਿਤ ਤੋਧਾਰਣ ਕਰਤਾ ਹੈ: ਔਰ ਗੁਰੂਕਾ ਕਛ ਪ੍ਰਯੋਜਨਤੋ ਨਹੀਥਾ। ਬਾਬਾ ਨਾਨਕਨੇ ਭੀਇਹੀ ਮਾਂਗਾ॥

ਪ੍ਰੋਫਸਰ ਸਾਹਿਬ ਅਗੇ ਪਹਿਲੀ ਗਲ ਇਹ ਹੈ:-

ਮੈਂ ਡਾ. ਜਗੀ ਦੀ ਓਹ ਕਿਤਾਬ ਓਨ੍ਹਾਂਨੂੰ ਮੋੜ ਦਿਤੀਸੀ, ਉਸਦਾ ਹਵਾਲਾ ਮੈਂ ਆਪਣੀ ਭੂਮਿਕਾ ਵਿਚ ਦਿੱਤਾਹੈ। ਮੈਨੂੰ ਪਤਾ ਲਗਾਹੈ ਕਿ ਕਈ ਸਾਲ ਪਿਛੋਂ ਜੱਗੀਜੀ ਨੇ, ਜਾਂ ਤਾਂ ਆਪਦੀ ਯੂਨੀਵਸਟੀ ਰਾਹੀਂ, ਜਾਂ ਪੰਜਾਬ ਭਾਸ਼ਾ ਵਿਭਾਗ, ਪਟਿਆਲਾ ਰਾਹੀਂ ਓਹ ਟੀਕਾ ਛਾਪ ਦਿੱਤੀ; ਆਪਨੂੰ ਓਨ੍ਹਾਂ ਤੋਂ ਨਕਲ/ਕਿਤਾਬ ਪ੍ਰਾਪਤ ਕੋਈ ਔਖੀ ਨਹੀਂ ਹੋਵੇਗੀ, ਆਪ ਧਿਆਨ ਦੇਣ ਦੀ ਕ੍ਰਿਪਾ ਕਰਨੀ।

Sri Satguru Jagjit Singh Ji eLibrary NamdhariElibrary@gmail.com

ਦੂਜੀ ਗਲ ਇਹ ਹੈ:-

ਇਹ ਪੰਜਵੀਂ ਪੌੜੀ ਫਰੀਦ ਕੋਟ ਟੀਕਾ ਦੀ ਟੈਪਿਸਟ ਤੋ ਨਕਲ ਉਤਾਰਨੀ ਰਹਿ ਗਈ, ਆਪ ਨੂੰ ਧਿਆਨ ਦਵਾਇਆ ਹੈ, ਜੇ ਲੋੜ ਹੋਵੇ ਤਾਂ ਮੈਂ ਓਸਦੀ ਭਾਸ਼ਾ ਵਿਭਾਗ ਛਪੇਦੀ ਫੋਟੋ ਕਾਪੀ ਭੇਜ ਸਕਦਾ ਹਾਂ, ਜੋ ਆਪ ਕੰਮਪਿਊਟਰ ਟਾਈਪ ਕਰਾ ਕੇ ਸਮਿਲਿਤ ਕਰ ਸਕੋ॥

ਤੀਜੀ ਗਲ, ਟਾਈਪਿਸਟ ਨੇ ਕਿਤੇ ਕਿਤੇ "ਸੰਸਕ੍ਰਿਤ ਤਤਸਮ" ਰੂਪ ਛਡ/ਰਹਿਣ ਦਿੱਤੇ ਹਨ--ਅਰਥ ਲਿਖੇ ਹਨ, ਕੀ ਇਹ ਠੀਕ ਰਹੇਗਾ? ਪਾਠਕਾਂ ਦਾ ਤਾਂ ਅਰਥਾਂ ਨਾਲ ਸਬੰਧ ਹੁੰਦਾਹੈ, ਅਲੋਚਕਾਂ ਦੀ ਗਲ ਵੱਖਰੀ ਹੁੰਦੀਹੈ॥

ਹੁਣ ਵਾਸਤੇ ਤਾਂ ਐਨਾ ਹੀ ਹੈ, ਬਾਕੀ ਇਸ ਫਾਈਲ ਦਾ ਰਹਿੰਦਾ ਹਿਸਾ, ਤੇ ਪਹੁੰਚੀ ਫਾਈਲ ੨ ਦੀ ਸੁਧਾਈ ਤੇ॥

ਅਸੀਸ, ਆਪਦਾ ਵ੍ਰਿਧੀ ਚਿੰਤਕ;

ਡਾ. ਮ੍ਰਿਗੇਂਦ੍ਰ ਸਿੰਘ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਵਿਸ਼ਾ-ਸੂਚੀ

	ਦੋ ਸ਼ਬਦ	(v)
	ਵਿਭਾਗੀ ਸ਼ਬਦ	(vii)
	ਲੇਖਕ ਦਾ ਸੰਪਾਦਕ ਨੂੰ ਇਕ ਖਤ	(xi)
	ਸ਼੍ਰੀ ਜਪੁ ਨੀਸਾਣੁ ਟੀਕਾ	(xv)
1.	ਸ਼੍ਰੀ ਜਪੁ ਨੀਸਾਣੁ	1-975

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਸ਼੍ਰੀ ਜਪੁ ਨੀਸਾਣੁ

੧ੴ ਸਤਿਗੁਰਪ੍ਰਸਾਦਿ

ਦਸ ਪ੍ਰਸਿੱਧ ਸ਼੍ਰੀ ਜਪੁ ਨੀਸਾਣੁ ਗ੍ਰੰਥੀਦੇ 400 ਬਰਸਾਂ 'ਚ ਵਿਆਖਿਆਕਾਰਾਂ ਦੇ ਤੁਲਨਾਤਮਕ ਦਸ ਟੀਕਾ ਸੰਗ੍ਰਹ ਤੇ ਅਲੋਚਕ ਟਿੱਪਣੀਆਂ: ਸ਼੍ਰੀ ਮੂਲ ਮੰਤ੍ਰ,

ਸ਼੍ਰੀ ਜਪੁ ਨੀਸਾਣੁ ਗ੍ਰੰਥੀਦਾ:ਉਪਕ੍ਰਮ ਮੰਗਲ 1-19 ਪਉੜੀਆਂ, ਪੂਰਵਾਰਧ ਭਾਗ 1

ਸ਼੍ਰੀ ਜਪੁ ਨੀਸਾਣੁ ਗ੍ਰੰਥੀ ਦਾ: ਉਪਸੰਘਾਰ 20-38 ਪਉੜੀਆਂ + ਅੰਤਮ ਮੰਗਲ ਸਲੋਕ ਉਤਰਾਰਧ ਭਾਗ 2.

ਦਸ ਟੀਕਾਕਾਰ:-[1]

1. ਬਾਵਾ ਮਿਹਰਬਾਨ ਸੋਢੀ ਮੀਣਾ(ਬਿਕ੍ਰਮੀ:1637-1697/ਈਸ੍ਵੀ:1580-1637=57 ਬਰਸ)
2. ਨਿਰਮਲਾ-ਗਿਆਨੀ ਭਾਈ ਮਨੀ ਸਿੰਘ(ਈ.1644-1734) ਮਹੰਤ ਸ਼੍ਰੀ ਅੰਮ੍ਰਿਤਸਰ (ਲਾਹੌਰ ਸ਼ਹੀਦ :1734=90 ਬਰਸ)
3. ਉਦਾਸੀ ਸਾਧੁ ਆਨੰਦ-ਘਨ(ਈ.17..-..) 'ਡੇਰਾ ਬਾਬਾ ਨਾਨਕ ਰਾਵੀ', ਗੁਰਦਾਸਪੁਰ, ਪੰਜਾਬ ॥

ਪਟਿਆਲੇ ਰਾਜ ਦਰਬਾਰੀ :-

4. ਨਿਰਮਲਾ ਗਿਆਨੀ ਭਾਈ ਸੰਤੋਖ ਸਿੰਘ(ਈ.1786-1900)
5. ਨਿਰਮਲ ਨੈਬ ਸ਼੍ਰੀ ਮਹੰਤ ਤਾਰਾ ਸਿੰਘ 'ਨਰੋਤਮ' (ਸੀ.1824/61-92)

ਅੰਗ੍ਰੇਜ਼ੀ ਪੰਜਾਬ (ਸਿਰਹੱਦੀ ਸੂਬਾ) ਸੰਤ :-

---

1. ਜੱਜ ਮੈਕਾਲਿਫ 1909 ਤੱਕ ਗੁਰੁਸਿੱਖ ਪੰਥ ਬਾਰੇ ਸਾਫ ਲਿਖ ਗਿਆ:- "*The Sikh Religion* Intro: p.lii last para. British ex-Judge M.A. Macauliffe (1880-1910-13)never could over-look recorded living true historical facts before him then correctly pointed out:-

"There are two great divisions of Sikhs, the *Sahijdhärïs* and *Singhs*....In the *Singhs* are included the *Nirmalä*s and *Nihang*s, the *Sahijdhärï*s include the *Udäsï*s..." Obviously" two great divisions of Sikhs...purports already a schism existed:a"dubious mischievous covert" intention"SEPARATE G.SIKH REL. DENOMINATIONS" Covertly,first founded "*Singh Sabhä* Inst" Amritsar, in 1883 at Lahore contrary to Universal *Gurü-Sikh* Religious Doctrine's BANNER '੧ੴ' (*Nishän/Jhandä*).*cf.*133 .

Sri Satguru Jagjit Singh Ji eLibrary NamdhariElibrary@gmail.com

6. ਭਾਈ ਰਾਮਕਿਸ਼ਨ 'ਸੇਵਾ ਪੰਥੀ' (ਮਘਰ ਸੁਦੀ 5,1853/ਈਸ੍ਵੀ.1788-1910) ਫਰੀਦਕੋਟ ਰਾਜ ਦਰਬਾਰੀ ਸੇਖਵਾਂ ਡੇਰਾ ਨਿਰਮਲ ਮਹੰਤ ਥਰਾਜ ਸਿੰਘ ਦਾ ਚਾਟੜਾ

7. ਨਿਰਮਲ ਗਿਆਨੀ ਬਦਨ ਸਿੰਘ 'ਬਰਾੜ'(1877-83-19..)

ਅੰਗ੍ਰੇਜ਼ੀ ਯੂ,ਪੀ ਪ੍ਰਾਂਤ ਅਤੇ ਪੰਜਾਬ ਪ੍ਰਾਂਤ:-

8. ਨਿਰਮਲ ਸੰਤ ਸਾਧੂ ਸਿੰਘ ਡੇਰਾ 'ਪੀਲੀਭਤਿ'(18..-..)

9. ਉਦਾਸੀ ਸਾਧੂ ਹਰਿਪ੍ਰਸਾਦ ਵੈਦਿਕ ਮੁਨੀ ਲਾਹੌਰ (19..-..)

10. ਭਾਈ ਵੀਰ ਸਿੰਘ (1872-1957)ਚਾਟੜੇ ਸ਼੍ਰੀਗੁਰੁ ਉਪ-ਟਕਸਾਲ ਅੰਮ੍ਰਿਤਸਰ; ਪ੍ਰਧਾਨ ਪੰਚ ਖਾਲਸਾ ਦੀਵਾਨ,ਆਦਿ॥

ਸ਼੍ਰੀ ਗੁਰੂ ਗੋਬਿੰਦ ਸਿੰਘ ਭਵਨ; ਪੰਜਾਬੀ ਯੂਨਵਿਰਸਿਟੀ, ਪਟਿਆਲਾ 1969-72 (S.R.F., UGC)

ਕੰਵਰ ਡਾ.ਮ੍ਰਿਗੇਂਦ੍ਰ ਸਿੰਘ ਪਟਿਆਲਾ **Erstwhile Patiälä Principality's *Damdamä Taksäl Shästrï*:*Giänï*:(*Pañjäbï* Hon.), BA(Hon & Add Phil); *Patiälä Sangït Gharänä Sangïtkär*: M.M(GMV).Musicologist Virtuoso:*Vinä/ Sattär*, AIR DELHI:1947-52, at Punjabi University Patiala SRF(UGC 1969-72) at: Yale Music School, Indian Music & Ethno-musicology; M.A.R.(Yale Div:World Rel.; Ethnomusic) USA; Ph.D. Emeritus: CUNY & SUNY Universities Colleges, New York, USA.**

Sri Satguru Jagjit Singh Ji eLibrary NamdhariElibrary@gmail.com

ਧੰਨਵਾਦ

ਸ਼੍ਰੀ ਚੌਥੇ ਜਗਦਗੁਰੂ ਰਾਮ ਦਾਸ ਜੀਦਾ ਇਲਾਨ ਹੈ:-
"ਜਿਨਕਾ ਹਰਿ ਸੇਤੀ ਮਨੁ ਮਾਨਿਆ,ਤਿਨ ਕਾਰਜ ਹਰਿ ਆਪਿ ਸਵਾਰਿ॥ ਤਿਨ ਚੂਕੀ ਮੁਹਤਾਜੀ ਲੋਕਨਕੀ, ਹਰਿ ਅੰਗੀਕਾਰੁ ਕੀਆ ਕਰਤਾਰਿ॥"

ਸਾਰੇ ਮਹਿਲ ਦੇਖਣ ਵਾਲੇਆਂ ਦੀ ਸੁਭਾਵਿਕ ਨਿਗ੍ਹਾਂ ਚੋਟੀ ਤੋਂ ਨੀਚੇ ਨੂੰ ਜਾਂਦੀ ਹੈ ॥ ਪਰ ਜਦ ਵਿਧੀ ਅਨੁਸਾਰ ਮਹਿਲ ਉਸਾਰੀ ਜਾਂਚਣ ਲਈਂ ਬਣੋਣ ਬਾਰੇ ਧਿਆਨ ਦਈਏ ਤਾਂ ਸਾਰਿਆਂ ਦੀ ਨਿਗ੍ਹਾ ਉਲਟ ਵਿਚਾਰ ਪਹਿਲੂ ਦੀ ਹੋ ਜਾਂਦੀ ਹੈ; ਭਾਵ, ਨੀਂਵ ਤੋਂ ਸਿਖਰ ਨੂੰ ਵਿਚਾਰਦੀ ਹੈ॥

ਮੁਢੋਂ ਸੁਭਾਵਕ ਐਸੀ ਵਿਚਾਰ ਧਾਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀਦੇ ਦਿਵਜ ਬਾਣੀਂ ਦੇ ਆਲੋਚਕ ਵਿਸ਼ੂ ਦੇ ਲੋਕਾਂ ਦੀ ਰਹੀ ਹੈ॥ ਸਾਰੇ ਪ੍ਰਸਿੱਧ ਅਪ੍ਰਸਿੱਧ ਸ਼੍ਰੀ ਗੁਰੂ ਬਾਣੀ ਅਰਥ ਕਰਨ ਲਗੇ ਦੇਖੇ ਗਏ ਹਨ, ਬਿਨਾ ਗੁਰੁਗਮ ਟਕਸਾਲੀ ਵਿਦਿਆ ਸਿਖੇ – ਸਾਰੇ ਹੀ ਸ਼੍ਰੀਗੁਰੂ ਅਰਜੁਨ ਦੇਵਜੀ ਲਿਖਵਾਇ ਤਤਕਰਾ ਸ਼੍ਰੀ ਜਪੁ ਨੀਸਾਨੁ ਝੰਡੇ ਲਿਖਵਾਏ ੧ਓ ਚੋਟੀ (Ph.D.) ਤੋਂ ਸਾਰੇ ਸੁਭਾਵਿਕ ਅਰਥ ਆਰੰਭ ਕਰਦੇ ਹਨ– ਤੇ ਇਹ ਵੀ ਨਹੀਂ ਜਾਣਦੇ ਕਿ ਸ਼੍ਰੀ ਜਪੁ ਨੀਸਾਨੁ ਗ੍ਰੰਥੀ ਦੇ ਦੋ ਪੂਰਵ-ਉੱਤਰਾਰਧ ਭਾਗ ਹਨ, ਤੇ ਦੂਜੇ ਉੱਤਰਾਰਧ ਭਰੀਐ ਹਥੁ ਪੈਰੁ ਤਨੁ ਦੇਹ...20 ਨੀਂਵ ਹੈ ਤੋਂ ੧ਓ ਚੋਟੀ, ਰੋਜ਼ ਸਾਰੇ ਗੁਰੁਸਿੱਖ ਪੜ੍ਹਦੇ ਨੇ ਪਰ ਬੋਧ ਨਹੀਂ॥

ਸ਼੍ਰੀਵਿਸ਼ੂਗੁਰੂ ਨਾਨਕ ਦੇਵਜੀ ਪ੍ਰਾਰੰਭਕ ਗੁਰਗਮ ਸਚੀ ਗੁਰੁਸਿੱਖੀ ਸ਼੍ਰੀ ਜਗਤਗੁਰੂ ਗੋਬਿੰਦ ਸਿੰਘ ਜੀ ਤਕ, ਇਕੋ ਹੀ ਗੁਰਗਮ ਸਚੀ ਟਕਸਾਲੀ ਸ਼੍ਰੀ ਗੁਰੁਬਾਣੀ ਦੀਖਿਆ-ਸਿਖਿਆ ਬੀਜ ਬ੍ਰਿਖ ਆਗਮ-ਨਿਗਮ ਤਰਕ (Logic) ਤਰ੍ਹਾਂ ਵਿਕਾਸ ਥਾਪਿਆ ਸੀ ਕਿ ਅੱਗੇ ਨੂੰ ਜਿਸ ਕਾਰਣ ਗੁਰੁਸਿੱਖ 'ਚ ਸੱਚਾ ਕ੍ਰਮ ਵਿਧੀ ਬ੍ਰਹਮ ਗਿਆਨ ਸਿਖਣਾ ਸੌਖਾ ਹੋਵੇ, ਚੌਥੇ ਸ਼੍ਰੀ ਜਗਦਗੁਰੁ ਰਾਮਦਾਸ ਜੀ ਦਾ ਸ਼ਬਦ (Testament) ਹੈ: ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ, ਪੂਰੇ ਗੁਰਕਾ ਬਚਨੁ ਉਪਰਿ ਆਇਆ॥ ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ, ਮਨਮੁਖਾ ਓਹ ਵੇਲਾ ਹਥਿ ਨ ਆਇਆ ਅਰਥ ਤਾਂ ਸਪਸ਼ਟ ਹੈ। ਆਗਮੁ ਅਰਥ ਆਗਮਨ[1] (Inductive) ਤਰਕ ਹੈ;ਤੇ ਨਿਗਮੁ ਅਰਥ ਨਿਗਮਨ[2] (Deductive) ਤਰਕ (Logic) ਹੈ॥

ਦਸ਼ਮ ਸ਼੍ਰੀ ਜਗਦਗੁਰੂ ਗੋਵਿੰਦ ਸਿੰਘ ਜੀ ਪਹਿਲਾਂ ਪੌਂਟੇ ਸਾਹਿਬ, ਫੇਰ ਆਨੰਦਪੁਰ ਸਾਹਿਬ, ਅੰਤ 'ਚ ਦਮਦਮੇ ਸ਼੍ਰੀਗੁਰੁ ਕਾਸ਼ੀ (ਅਸੀਸ ਪ੍ਰਦੱਤ ਰਾਜ ਪਟਿਆਲੇ ਅੰਦਰ) ਸ਼੍ਰੀ ਗੁਰੁਬਾਣੀ ਕ੍ਰਮ ਵਿਧੀ ਸਿਖਿਆ ਟਕਸਾਲ ਨੀਂਵ ਬਿਸਾਖੀ ਸੰਃ1763, ਸੰਨ 1707 ਨੂੰ ਧਰੀ॥ ਓਹੀ ਅਟੁਟ ਲੜੀ ਸੰਨ 1947-48 ਤਕ ਪਟਿਆਲੇ ਰਾਜ ਡਿਓਢੀ ਮਾਲ ਮਹਿਕਮਾ ਦੇ ਉਪ-ਮਹਿਕਮਾ ਧਰਮ ਗੋਲਕ 'ਚ ਬੇ-ਤੋੜ ਪਰਵਰਿਸ਼ 1706-1956 ਤਕ ਰਹੀ ॥

---

2. ਸ਼੍ਰੀਗੁਰੂ ਗ੍ਰੰਥਜੀ ਮ: 4 ਪੰਨੇ 305:5; 1135:5। ਅ.ਪੰ. 304:1। ਆਗਮ ਤਰਕ ਰਾਹੀਂ ਪ੍ਰਤੱਖ ਵਸਤੂ 'ਚ ਸ਼ੰਸ਼ੇ ਮਿਟਾਕੇ ਊਨਮਾਨ ਗਿਆਨ ਰਾਹੀਂ ਪ੍ਰਤੱਖ ਵਿਅਸ਼ਟੀ ਅਨੁਭਵ ਹੁੰਦਾ ਹੈ। ਇਹ ਤਰਕ ਪ੍ਰਯੋਗ ਸਾਰੇ ਵੈਦਿਕ-ਸ਼ਾਸਤ੍ਰ:- ਪੁਰਾਣ, ਤੰਤ੍ਰ ਆਦਿ ਬ੍ਰਹਮ ੧ਓ ਸਿੱਧੀ ਲਈਂ ਬਰਤਦੇ ਹਨ। ਇਸੇ ਕਾਰਣ ਓਨ੍ਹਾਂ ਸ਼ਾਸਤ੍ਰਾਂ ਨੂੰ ਅਗਮ ਸ਼ਾਸਤ੍ਰ ਵੀ ਕਹਿੰਦੇ ਹਨ। ਨਿਗਮ ਤਰਕ ਪ੍ਰਤੱਖ ਅਨੁਮਾਨ ਵਸਤੂ 'ਚ ਸ਼ੰਸ਼ੇ ਮਿਟਾ ਸਮਸ਼ਟੀ ਸੰਸੈ ਮਿਟਾ ਗਿਆਨ ਦਿੰਦਾ ਹੈ। ਇਹ ਤਰਕ ਦਾ ਪ੍ਰਯੋਗ ਵੇਦ ਵਿਚ ਸਮਸ਼ਟੀ-ਵਿਅਸਸ਼ਟੀ ਬ੍ਰਹਮ ੧ਓ ਸਿੱਧ ਕਰਦਾ ਹੈ, ਇਸੀ ਕਾਰਣ ਉਸ ਨੂੰ ਨਿਗਮ ਸ਼ਾਸਤ੍ਰ ਵੀ ਕਹਿੰਦੇ ਹਨ॥ ਪੰ. 935:12, ਆਦਿ।

Sri Satguru Jagjit Singh Ji eLibrary NamdhariElibrary@gmail.com

ਸੰਨ 1948 ਵਿੱਚ ਆਪੇ ਮਹਾਰਾਜੇ, ਰਾਜੇ, ਰਾਣਿਆਂ ਆਦਿ ਸੁਤੰਤ੍ਰ ਸਮਗ੍ਰ ਭਾਰਤ ਗਣਤੰਤ੍ਰ ਰਾਜ 'ਚ ਸਮਿਲਿਤ ਹੋਏ। ਪਟਿਆਲਾ ਤੇ ਪੂਰਵੀ ਪੰਜਾਬ ਸੰਗਠਨ (PEPSU) ਰਾਜ ਅੰਤ ਸੰਨ 1956 ਤਕ ਅਟੂਟ ਨਿਰਵਿਘਨ ਪਟਿਆਲਾ ਸੰਵਿਧਾਨ ਅਨੁਸਾਰ ਸ਼੍ਰੀਗੁਰੂ ਮਰਜਾਦਾ ਰਹੀ॥

ਸੰਨ 1956-57 ਵਿੱਚ ਪੰਜਾਬੀ ਸੂਬੇ ਬਨੌਂਣ ਬਹਾਨੇ ਸਾਰੇ ਪੁਰਾਣੇ ਪੈਪਸੂ (ਪਾਕਿਸਤਾਨ ਛੱਡ) ਸਮਗ੍ਰ ਇਤਿਹਾਸਿਕ ਪੰਜਾਬੀ ਗੁਰੂਦ੍ਵਾਰੇ ਨਵੇਂ ਵਿਧਾਨ ਅਨੁਸਾਰ ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ ਹੇਠ ਆਏ ॥

ਤਦੋਂ ਦੂਜੇ ਭਾਉ ਸੰਨ 1905 ਪੰਜਾਬ-ਸਰਹੱਦੀ ਸੂਬੇ ਵੰਡ ਨੀਤੀ ਸੰਨ 1925 ੧ਓ ਧਰਮ ਦੀ ਥਾਂ ਦੂਜੇ ਭਾਉ ਕ੍ਰੁਸ਼ਟ ਬੁੱਧਿ ਅੰਗ੍ਰਜ਼ੀ ਭੇਦ ਰਾਜ ਵੰਡ ਨੀਤੀ ਪ੍ਰਵੇਸ਼ ਹੋਈ॥ ਉਸ ਕੁਨੀਤੀ ਨੀਂਵ ਬੋਏ ਬੀਜ ਕੰਡੇ ਦੇ ਅੰਕੁਰ ਉੱਗੇ ਸੰਨ 1956 ਤਕ ਸੂਲਾਂ ਦੇ ਝਾੜ ਬਣ ਗਏ ਸਨ ਜੋ ਸ਼੍ਰੀ ਗੁਰੁ ਜੀਦੇ ਵਿਸ਼੍ਵਜਗਤ ਧਰਮ ੧ਓ ਦਾ ਏਕਤ੍ਵ ਧਰਮ ਰੋਕੇ ਯਥਾ: ਦੂਜੇ ਭਾਉ ਦਾ ਪ੍ਰਚਾਰ ਦਿਨੋ ਦਿਨ, ਸਾਲੋਸਾਲ, ਸਾਰੀ ਧਰਤੀ ਦੀ ਲੰਬਾਈ, ਚੌੜਾਈ: ਪਥਰਾਂ ਤਰ੍ਹਾਂ ਗਿਣਤੀ ਦਿਨੋਂ ਦਿਨ ਵਧਦੀ ਜਾ ਰਹੀ ਹੈ: ਪਰ ਲਾਲ ਹੀਰੇ ਵਿਰਲੇ ਦਿਸਦੇ ਹਨ ॥

ਸ਼੍ਰੀਗੁਰੂਜੀਦੀ ਧਰੀ ਪ੍ਰਾਰੰਭੀ ਵਿਧੀ ਪੂਰਵਕ ਨੀਂਵ 'ਚ ਕੋਈ ਕਮੀ ਨਾ ਰਹੇ ਸ਼੍ਰੀ ਵਿਸ਼੍ਵਗੁਰੂ ਗੁਰੁਬਾਣੀ ਗੁਰਗਮ ਟਕਸਾਲੀ ਸਚੀ ਦਿਖਿਆ-ਸਿਖਿਆ ਜੋ ਦਸਮ ਸ਼੍ਰੀ ਜਗਦਗੁਰੁ ਜੀਨੇ ਤਿਨ-ਸੌ ਸਾਲ ਪਹਿਲਾਂ ਨੀਂਵ ਧਰੀ ਸੀ ਜਿਸ ਰਾਹੀਂ ਚੋਟੀ ਉੱਤੇ ਪਹੁੰਚਣ ਦੀ ਸ਼ੁਧ ਅਰਥਾਂ ਦਾ ਮਹਿਲ ਬਨੌਣ ਦੀ ਪੂਰੀ ਪ੍ਰਕ੍ਰਿਯਾ ਦਿਤੀ ॥ ਵਹਿਗੁਰੂ ਦੀ ਮਹਾਨ ਕ੍ਰਿਪਾ ਨਾਲ ਓਸ ਨੀਂਵ ਉਤੇ ਅਤਿ ਸੰਖੇਪ ਨਾਲ ਇਸ ਮਹਾਨ ਟੀਕਾ ਟਿੱਪਣੀ ਸੰਗ੍ਰਹ ਗ੍ਰੰਥ ਰਚਿਆ ਗਇਆ ਹੈ ਜਿਸ ਵਿੱਚ ਦੋਨੋ ਲੋਮ-ਵਿਲੋਮ ਪ੍ਰਕ੍ਰਿਯਾਵਾਂ ਪ੍ਰਤਿਪਾਦਿਤ ਹਨ। ਯਥਾ:- ਬਾਣੀ ਬਿਰਲਉ ਬੀਚਾਰਸੀ, ਜੇਕੋ ਗੁਰਮੁਖਿ ਹੋਇ ॥ ਇਹ ਬਾਣੀ ਮਹਾਪੁਰਖਕੀ, ਨਿਜ ਘਰਿ ਵਾਸਾ ਹੋਇ ਜੋ ਸੰਪੂਰਣ ਵਿਸ਼੍ਵ ਦੇ ਮਨੁਖੀ ਜੀਵ ਮਾਤ੍ਰ ਦੇ ਮਨਾਂ ਵਿੱਚ ਬਿਨਾਂ ਕੋਈ ਪੱਖ ਪਾਤ ੧ਓ ਘਰ ਕਰ ਜਾਵੇ। ਸੋਚ ਵਿਚਾਰ ਕੇ ਇਹ ਆਪਣੀ ਸ਼੍ਰੀਵਿਸ਼੍ਵਗੁਰੂ ਨਾਨਕਦੇਵ ਜੀ ਦੀ 500 ਬਰਸੀ ਭੇਟ ਹੈ ॥

ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ- ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਦੇ ਅਟੂਟ ਟਕਸਾਲ ਅਨੁਭਵੀ ਵਿਦ੍ਵਾਨ (Scholars) ਸੰਤਾਂ ਗਿਆਨੀਆਂ (Mystics) ਦੇ ਕੰਮਾਂ ਦਾ ਮੈਂ ਅਤਿਅੰਤ ਆਭਾਰੀ ਹਾਂ ਜਿਨ੍ਹਾਂ ਦੇ ਅਸੀਸ ਪ੍ਰਸਾਦਿ ਰਾਹੀਂ ਇਹ ਅਲਭ ਦੁਰਲਭ ਕਾਰਜ ਉਪਯੋਗੀ ਗੁਰੁਸਿੱਖ ਭਗਤ ਜਨਾ ਦੇ ਕਰ-ਕਮਲਾਂ ਵਿੱਚ ਪਹੁੰਚ ਕੇ ਸਮਰਪਤ ਕਰਣਾ ਬਣਿਆ ਹੈ ॥

ਇਸ ਕੰਮ ਦੀ ਪੂਰਤੀ ਪੰਜਾਬੀ ਵਿਸ਼੍ਵਵਿਦਿਆਲਾ, ਪਟਿਆਲਾ ਦੇ ਸ਼੍ਰੀਗੁਰੂ ਗੋਬਿੰਦ ਸਿੰਘ ਭਵਨ ਦੇ ਧਰਮ ਮਹਿਕਮੇ ਦੇ ਪ੍ਰਧਾਨ ਪ੍ਰੋਫੈਸਰ ਹਰਬੰਸ ਸਿੰਘ ਦੀ ਚਾਰ ਸਾਲੀ ਉਤਕਟ ਲਾਲਸਾ, ਨਿਗਰਾਨੀ ਅੰਦਰ ਪੂਰਾ ਚੜ੍ਹਾਕੇ ਛਾਪਣ ਲਈਂ ਪ੍ਰਸਿਧ ਦਸ ਸ਼੍ਰੀ ਜਪੁ ਨੀਸਾਣੁ ਟੀਕੇ ਟਿੱਪਣੀਆਂ ਸਮੇਤ ਖਰੜਾ ਤਿਆਰ ਕਰਕੇ ਸਮਰਪਤ ਕੀਤਾ ਸੀ, ਜੋ ਹੁਣ ਬਦਲੇ ਸਮੇ 'ਚ ਸੁਧਾਈ ਕਰਕੇ ਪੂਰ ਚਾੜ੍ਹਿਆ ਹੈ॥ ਅੰਤ ਵਿੱਚ ਵਾਈਸ ਚਾਂਸਲਰ ਸ੍ਰਦਾਰ ਜਸਪਾਲ ਸਿੰਘ ਜੀ ਅਤੇ ਪ੍ਰੋਫੈਸਰ ਹਰਪਾਲ ਸਿੰਘ ਪੰਨੂ ਦੋਨੋਆ ਦਾ ਅਤੀ ਮਸ਼ਕੂਰ ਹਾਂ ਜਿਨ੍ਹਾਂ ਕਰਕੇ ਇਹ ਅਲੱਭ ਕਾਰਜ ਪੂਰ ਚੜਿਆ ਹੈ॥

Sri Satguru Jagjit Singh Ji eLibrary NamdhariElibrary@gmail.com

ਵਿਸ਼੍ਵ ਭਾਖਾ ਵਿਗਿਆਨ

ਪੱਛਮ ਦ੍ਵੀਪ ਯੂਰੋ-ਏਸ਼ਜਨ ਗ੍ਰਿਕੋ-ਰੋਮਨ ਭਾਖਾ ਆਧਾਰ

(West Eurasian : *Greco-Romanes* Languages):

ਪੱਛਮ ਦ੍ਵੀਪ:- 1. ਸਲਾਵਿਕ (*Slavik*), 2. ਪੋਲਿਸ਼ (*Polish*), 3. ਰੋਮਨ (Europe:*Roman*), 4. ਕ੍ਰਿਲਿਕ (*Cyrillic*), 5. ਯੂਨਾਨੀ (*Greek*), 6. ਜੋਰਜਿਨ (*Georgian*); 7. ਇਰਮਨੀ (*Armenian*), 8. ਰੂਸੀ (*Russian).*

ਪੱਛਮ ਜੰਬੂ ਦ੍ਵੀਪ ਐਰਮਿਕ/ਸਾਮੀ ਭਾਖਾ ਆਧਾਰ (WEST OCCIDENT : Aramaic Base Languages):-

9. ਹੀਬਰੂ (*Hebrew*); 10. ਅਰਬੀ (*Arabic*);11.ਤੁਰਕੀ (*Turkish*), 12. ਈਥੀਓਪਿਕ/ਮਿਸ਼੍ (*Ethtopic/Egypt's Vocal)*); 13. ਮੰਗੋਲ (*Mongolian*)

ਮੱਧ ਜੰਬੂ ਦ੍ਵੀਪ ਤੇ ਭਾਰਤ ਦੇਸੀ ਭਾਖਾਵਾਂ (Central Asian+Indic Regions Based Languages):-

14. "ਬ੍ਰਾਹਮੀ (ਵੇਦ ਮੂਲ ਬ੍ਰਹਮਾਵ੍ਰਤ ਦੇਸੀ ਦੇਵਨਾਗਰੀ ਲਿਪੀ):- 15.ਅਹੋਮ (*Ahom*), 16. ਉੜਿਯਾ (*Oriyä*), 17. ਸ਼ਰਦਾ (*Shärdä*), 18. ਸਿੱਧ (ਤਾਂਤ੍ਰਿਕ ਭਾਖਾ: (*Siddham*),19. ਸੋਮਪਿੰਗ (*Sompeng*), 20. ਸੋਰੰਗ (*Sorang*), 21. ਸੌਰਾਸ਼ਟ੍ਰੀ/ ਗੁਜਰਾਤੀ (*Sourästri/Gujrati*), 22. ਸੋਯੰਬੂ (*Soyombo*), 23. ਸਯਲੋਟੀ ਨਾਗਰੀ (*Syloti Nagri*), 24. ਹਿੰਦੀ (*Hindi*: Ref:*Brahmävrt Desï*), 25. ਕਨੜ (*Kannad*) 26.ਖਰੋਸ਼ਟੀ(*Kharosthi*), 27.ਖੇਮਰ (*Khemer*), 28.ਗ੍ਰੰਥ(*Granth*), 29.ਗੁਜਰਾਤੀ (*Gujarati*), 30.ਗੁਰਮੁਖੀ(*Gurmukhi/Rudi Bänï/Punjäbï*), 31. ਛੰਮ(*Cham*), 32.ਯਵ ਦ੍ਵੀਪ/ਜਾਵਾ (*Javanese*), 33. ਤਗਲੋਗ (*Tagalog*), 34. ਤਗਭਨ੍ਵ (*Tagbanwa*), 35.ਤਾਈਦੰ(*Tai Dam*), 36.ਤਾਮਿਲ(*Tamil*), 37.ਟੈਲਿਗੂ(*Telgu*), 38. ਤਿਬਤੀ(*Tibetan*), 39/14. ਦੇਵ ਨਾਗਰੀ (*Devanagari*); 40. ਟੋਚਾਰੀਂ (*Tocharian*), 41. ਡਿਹੋਂਗ ਡੈ (*Dehong Dai/Tai Le*), 42. ਫਗਸ-ਫਾ (*Phags-pä*), 43. ਪੰਜਾਬੀ (ਗੁਰਮੁਖੀ/ਸ਼ਾਹਮੁਖੀ ਪਾਕਿਸਤਾਨੀ ਪੰਜਾਬੀ (*Punjäbi*); 44. ਬੰਗਾਲੀ (*Bangali*), 45.ਬਟਕ (*Batak*), 46.ਭੋਜਪੁਰੀ (*Bhojpuri*=ਪੂਰਵੀ ਹਿੰਦੀ (*East Hindi*), 47.ਮਕਸਰ (*Makasar/Lontar*), 48.ਮਲਿਜਾਲਮ (*Malayälam*), 49. ਮਨੀਪੁਰੀ (*Manïpurï*), 50. ਮਰਾਠੀ (*Maräthï*), 51.ਮੌੜੀ (*Modi*), 52.ਤਜ਼ਾਕਿਸਤਾਨੀ(*Ukrainian*), 53.ਰੰਜੰਨ(*Ranjan*), 54.ਰਦਜੰਗ (*Redjang*), 55.ਲਣ(*Lanna*), 56. ਲੌ(*Lao*), 57.ਲਿਪਚਾ(*Lepcha*), 58.ਲਿੰਬੂ(*Limbü*), 59.ਲੋਂਤਰਾ(*Lontarä/Makasar*), 60.ਵਰੰਗ ਖਿੱਸ਼ਤਿ(*Varang Kshiti*).

ਦੱਖਨ ਭਾਰਤ ਵਰਸ਼ੀ ਭਾਸ਼ਾਂਵਾਂ(*South Indic* Regions Based Languages):-

61.ਕੰਨਡ(*Kannad*), 62.ਮਲਿਯਲਮ(*Malyälam*); 63.ਤਿਲੁਗੂ(*Telugü/Kannad*);

Sri Satguru Jagjit Singh Ji eLibrary NamdhariElibrary@gmail.com

64.ਤਾਮਿਲ(*Tämil*); 65.ਸਿੰਘਲ ਦ੍ਵੀਪੀ (ਸ਼੍ਰੀ ਲੰਕਨ:*Sinhalese*), etc. have many dialects of major regional languages.

ਪੂਰਵ-ਦੱਖਨ ਜੰਬੂ ਦ੍ਵੀਪ (*South-East Asian*)

66.ਹਨੂਨੋਓ(*Hanuno'o*), 67.ਹਮੋਂਗ(*Hmong*), 68.ਖੇਮਰ (*Khemer*); 69.ਥਾਈ (*Thäi*),70.ਬਾਲੀ(*Bälinese*),71.ਬੌਧ(*Bodh*),72.ਮਜੰਮਰ(Burmese/*Myanmar*) 73.ਲਾਓ (*Läo*); 74.ਵੀਟਨਾਮੀ(*Vietnamese*)

ਪੂਰਵੀ ਜੰਬੂ ਦ੍ਵੀਪ (East Asian)

75.ਚੀਨੀ:ਐਮੋਜ ਸ੍ਵਾਟੋ(*Amoy-Swatow Chinese*), 76.ਚੀਨੀ:ਕੈਨਟੋਨੀ(*Cantonese Chinese*), 77.ਚੀਨੀ: ਮੈਂਡਰਿਨ (*Chinese Mandarin*), 78.ਚੀਨੀ : ਵੀ (*Wü Chinese*), 79.ਜਪਾਨੀ(*Japanese*), 80.ਕੋਰਿਜਨ(*Korean*)[3].

1. Abu-Lughod,Janet(1991)Before European Hegemony: World System AD 1250–1350.Lon Oxford Uni. Bosworth, Andrew (2003).The Genetics of Civilization: A Classification of Civilizations, Bosworth, Andrew (2000).The Evolution of the World-City System,3000 BC to AD 2000, in World System History:...R.A. Denemark, J.Friedman,B.K.Gills,& G.Modelski,G.,editors. London: Routledge. Bosworth, Andrew(1995).World Cities & World Economic Cycles,in Civilizations & World Systems. Stephen K. Sanderson, editor. Walnut Creek: Sage/ Altamira Press.Braudel, Fernand (1987). A History of Civilizations, New York: Penguin Books.Chase-Dunn, Christopher and Thomas D. Hall (1995). Cross-World-System Comparisons: Similarities & Differences in Civilizations...World Systems.Stephen K.Sanderson,edit.Walnut Creek/Altamira PrssCrystal, D. (2001). English as a Global Language, Cambridge,Cambridge Univ Press. Dawkins, Richard (1976). The Selfish Gene. Oxford: Oxford University Press.Friedman,Thomas (1999).Lexus & Olive Tree:Understanding Globalization.NY:Farrar,Straus, Giroux. Huntington,Samuel P.(1996).Clash of Civilizations & the Remaking of World Order.NY:Simon-Schuster Keniston,Kenneth(1999) Language,Power & Software Cultural Attitudes...Tech & Communi.NY:SunyPress Leigh, James(2004)... Reflections of Babylon:Intercultural Communication & Globalization...NewWorld Order in Globalization, Vol.4.; I. http://globalization.icaap.org/content/v4.1/leigh.htmlLogan, Robert K. (1986): The Alphabet Effect. New York: Morrow. Modelski, George(2000) "World System Evolution,"...Edit R.A.Denemark...,editors. London: Routledge Modelski,George and William R. Thompson (1996)....Columbia: Univ of South Carolina Press Ouaknin, Marc-Alain(1999)Mysteries of the Alphabet:The Origins of Writing.NY: Abbeville Press. Poster,M.(1999)National Identities & Communications Technologies.Information Society,15(4)235-240 Sanderson, Stephen K.(1995)Civilizations & World Systems...World-Historic Change,Altamira Press. Toynbee, Arnold (1934). A Study of History. London: Oxford University Press. Zhang, K.& Hao,X.(1999).The Internet & Ethnic Press:A Study of Electronic Chinese Publications. The Information Society,15(1).pp.21-30. #.Copyright exclusive auth...

Sri Satguru Jagjit Singh Ji eLibrary NamdhariElibrary@gmail.com

ਗੁਰੁਮੁਖੀ ਵਰਣਮਾਲਾ, ਮਾੜ੍ਹਾ ਉਲਥਾ ਜੰਤ੍ਰ

ਜੰਬੂ ਦੀਪ (ਏਸ਼ੀਆ) ਦੇ ਨੌ ਖੰਡਾਂ 'ਚੋਂ ਭਾਰਤ ਖੰਡ ਦੇ ਆਧਾਰ ਵੇਦ/ਸ਼ਰੁਤੀ ਅਧਾਰ ਬ੍ਰਹਮੀ/ਦੇਵ ਨਾਗਰੀ ਲਿਪੀ ਹੈ ਜਿਸ ਵਿੱਚੋਂ ਭਾਰਤ ਖੰਡ ਦੇ ਨਾਲ ਲਗਦੇ ਦੇਸਾਂ ਦੀਆਂ ਲਿਪੀਆਂ ਆਕਰਸ਼ਿਤ ਹੋਈਆਂ ॥

ਜਿਵੇਂ ਯੋਰਪ (Europe) ਦ੍ਵੀਪ ਅਧਾਰ ਰੋਮਨ (Roman) ਲਿਪੀ ਹੈ--ਉਸਦੇ ਆਧਾਰ:- ਬਰਤਾਨੀਆ, ਫਰਾਂਸ, ਜਰਮਨੀ, ਸਪੇਨ, ਇਟਲੀ ਆਦਿ ਦੇਸ਼ਾਂ ਦੀਆਂ ਬੋਲੀਆਂ ਦੇ ਫਰਕ ਕਾਰਣ ਓਨ੍ਹਾਂ ਲਿਪੀ'ਚ ਅੱਲਗ ਅੱਲਗ ਮਾੜ੍ਹੇ 2,000 ਸਾਲਾਂ ਤੋਂ ਵਿਕਸਦੇ ਰਹੇ॥ ਉਸੇ ਤਰ੍ਹਾਂ ਭਾਰਤ ਦ੍ਵੀਪ ਅੰਦਰ ਬ੍ਰਾਹਮੀ/ਦੇਵ ਨਾਗਰੀ ਲਿਪੀ ਤੋਂ ਅਨੇਕ ਲਿਪੀਆਂ:- ਤਾਂਤ੍ਰਿਕ ਮਤਿ ਸਿੱਧ ਲਿਪੀ, ਸ਼ਾਰਦਾ, ਡਿੰਗਲ ਆਦਿ ਅਨੇਕ ਲਿਪੀਆਂ ਭਿੰਨ ਭਿੰਨ ਦੇਸ਼ਾਂ(ਪ੍ਰਾਂਤਾਂ):- ਉੜੀਸਾ, ਗੁਜਰਾਤ, ਬਿਹਾਰ, ਬੰਗਾਲ ਤੋਂ ਲੈ ਸਾਰੇ ਉੱਤਰ ਮਦ੍ਰ ਦੇਸੀ (*Pañjäb*), ਨਵੇਂ ਪਾਕਿਸਤਾਨ'ਚ ਸੰਨ 1960 ਮਗਰੋਂ ਸ਼ਾਹਮੁਖੀ ਆਦਿ ਦੇਸ਼ਾਂ ਵਿੱਚ ਪ੍ਰਾਪਤ ਸਮਗ੍ਰੀਆਂ ਅਨੁਸਾਰ ਸਿੱਧੀਆਂ ਅਤੇ ਗੋਲ ਲੀਕਾਂ ਦੀਆਂ ਅਨੇਕ ਲਿਪੀਆਂ ਵਿਕਸਤ ਹੋਈਆਂ॥ ਓਨ੍ਹਾਂ ਵਿੱਚ ਸ਼੍ਰੀ ਵਿਸ਼ਗੁਰੂ ਨਾਨਕ ਦੇ ਵ ਜੀ ਦੀ ਗੁਰੁਮੁਖੀ ਦਿਵਜ ਲਿਪੀ ਅਧਾਰਤ ਬਣਾਈ ਆਪਣੀ ਪਹਿਲੀ ਕਿਤਾਬ (ਪੋਥੀ) ਲਿਖੀ। ਉਸੇ ਬਾਣੀ ਦੇ ਦੂਜੇ ਸ਼੍ਰੀ ਜਗਦਗੁਰੂ ਅੰਗਦ ਦੇਵ ਜੀ ਨੇ ਉਤਾਰੇ ਕਰਾਕੇ ਉੱਤਰ ਭਾਰਤੀ ਪ੍ਰਾਕ੍ਰਿਤ ਭਾਖਾ ਅਨੁਯਾਯੀ ਆਪਣੇ ਵਿਸ਼੍ਵਧਰਮ ਪ੍ਰਚਾਰਥ ਸ਼੍ਰੀ ਵਿਸ਼ਵ ਗੁਰੂ ਨਾਨਕ ਦੇਵ ਜੀ ਸਥਾਪਿਤ 8 ਮੰਜੀਆਂ ਰਾਹੀਂ ਭਾਖਾ ਪ੍ਰਵਿਰਤ ਕਰੀ ॥

ਗੁਰੁਮੁਖੀ ਲਿਪੀ: ਪਟੀ ਦੇ 35 ਅੱਖਰ 12 ਮਾੜ੍ਹੇ, ਅਤੇ ਨਾਲ ਬਾਵਨ (52) ਅੱਖਰੀ ਦੇ 13/14 ਮਾੜ੍ਹੇ ॥ International Dictionary ਸ੍ਵਰ ਅੱਖਰ:-

1. ਗੁਰੁਮੁਖੀ ਮੁਕਤੇ ਅੱਖਰ:-ਓ ਅ ੲ ॥ ਸ ਹ

ਗੁਰੁਮੁਖੀ ਸ੍ਵਰ ਮੁਹਾਰਨੀ:-ਅ ਆ ਇ ਈ ਉ ਊ (ਰਿ ਰੀ ਲ੍ਰਿ ਲ੍ਰੀ) ਏ ਐ ਓ ਔ ਅੰ ਆਂ ਃ

ਗੁਰੁਮੁਖੀ ਸ੍ਵਰ ਮਹਾਰਨੀ ਮਾੜ੍ਹਾ:- ਾ ਿ ੀ ੁ ੂ ੇ ੈ ੋ ੌ ੰ ਂ

ਦੇਵ ਨਾਗਰੀ ਸੁਰ ਮਾਲਾ:- अ आ इ ई उ ऊ ऋ ॠ ऌ ॡ ए ऐ ओ औ अँ/ आँ ः=ह

ਦੇਵ ਨਾਗਰੀ ਸੁਰਾਂ ਦੀ ਮਾੜ੍ਹਾ:- ा ि ी ु ू ृ ॄ ॅ े ै ॆ ॉ ँ ः

ਅਰਬੀ ਸੁਰ ਲਫਜ਼ ਚਿੰਨ੍ਹ:- (ਮੱਦ)ॅ (ਜ਼ੇਰ)/ (ਪੇਸ਼)' (ਸ਼ੱਦ)ّ

ਰੋਮਨ ਲਿਪੀ:-

Transliteration:- *a ä i ï U ü r lr e ai o au m' äm' ha*

ਵਿਜੰਜਨ ਅੱਖਰ:-

2. ਗੁਰੁਮੁਖੀ ਲਿਪੀ :- ਕ ਖ ਗ ਘ ਙ

Sri Satguru Jagjit Singh Ji eLibrary NamdhariElibrary@gmail.com

	ਦੇਵ ਨਾਗਰੀ :-	क	ख	ग	घ	ङ	/क्ष क्ग/ग्व	ह
	ਰੋਮਨ ਲਿਪੀ:-	*k*	*Kh*	*g*	*gh*	*ñ*	*ks*	
3.	ਗੁਰੁਮੁਖੀ ਲਿਪੀ :-	ਚ	ਛ	ਜ	ਝ	ਞ		
	ਦੇਵ ਨਾਗਰੀ :-	च	छ	ज	झ	ञ	श	
	ਰੋਮਨ ਲਿਪੀ :-	*ch*	*chh*	*j*	*jh*	*ñ*	*s'*	*jñ*
4.	ਗੁਰੁਮੁਖੀ ਲਿਪੀ :-	ਟ	ਠ	ਡ	ਢ	ਣ		
	ਦੇਵ ਨਾਗਰੀ :-	ट	ठ	ड	ढ	ण	ष	
	ਰੋਮਨ ਲਿਪੀ :-	*ṭ*	*ṭh*	*d*	*dh*	*n*	*s*	
5.	ਗੁਰੁਮੁਖੀ ਲਿਪੀ :-	ਤ	ਥ	ਦ	ਧ	ਨ		
	ਦੇਵ ਨਾਗਰੀ :-	त	थ	द	ध	न	स	त्र
	ਰੋਮਨ ਲਿਪੀ :-	*t*	*th*	*d*	*dh*	*n*	*s*	*tr*
6.	ਗੁਰੁਮੁਖੀ ਲਿਪੀ :-	ਪ	ਫ	ਬ	ਭ	ਮ	ਗੁੰ	
	ਦੇਵ ਨਾਗਰੀ :-	प	फ	ब	भ	म	ँ*	
	ਰੋਮਨ ਲਿਪੀ :-	*p*	*ph*	*b*	*bh*	*m*	*gvm'*	
7.	ਗੁਰੁਮੁਖੀ ਲਿਪੀ :-	ਯ	ਰ	ਲ/ਲ਼	ਵ	ੜ		
	ਦੇਵ ਨਾਗਰੀ :-	य	र	ल/ळ	व	ड़		
	ਰੋਮਨ ਲਿਪੀ :-	*y*	*r*	*l*	*v*	*r'*		

ਗੁਰੁਬਾਣੀ 'ਚ ਨਹੀਂ, ਸੰਨ 1931 (ਮਹਾਨ ਕੋਸ਼ 'ਚ) ਤੇ 1960 ਪਿਛੋਂ ਨਵੀਂ ਪੰਜਾਬੀ 'ਚ ਪ੍ਰਚਲਿਤ ਹਨ:-

8.	ਗੁਰੁਮੁਖੀ ਲਿਪੀ :-	ਕ਼ ,	ਖ਼,	ਗ਼,	ਜ਼,	ਫ਼,
	ਰੋਮਨ ਲਿਪੀ:-	*Q*	*kh*	*gh*	*z*	*f*

Sri Satguru Jagjit Singh Ji eLibrary NamdhariElibrary@gmail.com

ਗ੍ਰੰਥ ਰਚਨ ਦਾ ਪਰਥਾਇ

ਈਸ੍ਵੀ ਸੰਨ 1962 ਚ, ਪਟਿਆਲਾ ਨਗਰੀ, ਰਾਜੇਂਦ੍ਰ ਕੋਠੀ, ਬਾਰਾਂਦਰੀ ਮਹਿਲ ਵਿੱਚ ਪੰਜਾਬੀ ਯੂਨੀਵਰਸਟੀ ਉਦਘਾਟਨ ਹੋਈ। ਮਗਰੋਂ ਨਵਾਂ ਕੈਂਪਸ ਬਹਾਦਰਗੜ੍ਹ ਮਾਰਗ ਤੇ ਬਣਨਾ ਸ਼ੁਰੂ ਹੋਇਆ ॥

ਨਵੇ ਕੈਂਪਸ ਸਮੇਲਨ ਤੇ ਆਮੰਤ੍ਰਿਤ ਇਕੱਠ'ਚ ਪੰਜਾਬੀ ਯੂਨੀਵਰਸਟੀ ਰਜਿਸਟ੍ਰਾਰ ਸਰਦਾਰ ਹਰਬੰਸ ਸਿੰਘ ਨੂੰ ਮਿਲਨ ਦਾ ਇਤਿਫਾਕ ਰਹਿਆ॥ ਕਈ ਵਾਰ ਪਹਿਲਾਂ ਰਾਜਾ ਹਰਿੰਦਰ ਸਿੰਘ ਸਾਹਿਬ ਫਰੀਦਕੋਟ ਨਾਲ ਉਨ੍ਹਾ ਨੂੰ ਮਿਲਿਆ॥ ਗ੍ਰੰਥ ਕਰਤਾ ਨੇ ਸੁਭਾਵਕ ਕਿਹਾ:-"ਸਰਦਾਰ ਸਾਹਿਬ! ਥੋੜੇ ਦਿਨ ਹੋਏ ਰਾਸ਼ਟ੍ਰਪਤੀ ਪ੍ਰਸਿਧ ਫਿਲਾਸਫਰ ਰਾਧਾਕ੍ਰਿਸ਼ਨਨ ਨੇ ਅਕਾਸ਼ ਵਾਣੀ ਦਿੱਲੀ ਤੋ ਕਿਹਾ, "ਧਰਮ ਦੇ ਠੀਕ ਗਿਆਨ ਬਿਨਾ ਸਮਗ੍ਰ ਭਾਰਤ, ਅਤੇ ਪ੍ਰਾਂਤੀਅ ਸੰਸਕ੍ਰਿਤੀਆਂ ਅਸਥਿਤੀ/ ਨਾਮੁਮਕਿਨ/ਅਸੰਭਵ ਹਨ..."। ਚਲਦੀ ਗੱਲ 'ਚ ਮੈ ਕਿਹਾ, "ਸਰਦਾਰ ਸਾਹਿਬ: ਐਸੀ ਪਰਸਥਿਤੀ ਨੂੰ ਸੰਭਾਲਣ ਲਈ ਇਸ(ਧਰਮ)ਨੂੰ ਵਿਸ਼ੵਵਿਦਿਆਲੇ ਆਂ ਵਿੱਚ ਕਿਉਂ ਨਹੀ ਸਿਖਾਯਾ ਜਾਂਦਾ?" ਸਰਦਾਰ ਹਰਬੰਸ ਸਿੰਘ ਉੱਤਰ ਦਿਤਾ, "ਤੁਸੀ ਰਾਸ਼ਟ੍ਰਪਤੀ ਨੂੰ ਕਾਫੀ ਮਿਲਦੇ ਰਹਿੰਦੇ ਹੋ, ਆਪ ਹੀ ਓਨ੍ਹਾਂ ਨੂੰ ਕਿਉਂ ਨਹੀਂ ਪੁੱਛਦੇ॥ ਜੇ ਉਨ੍ਹਾਂ ਦਾ ਠੀਕ ਰੁਝਾਣ ਲੱਗਾ ਤਾਂ ਵਾਈਸ ਚਾਂਸਲਰ ਸਰਦਾਰ ਕਿਰਪਾਲ ਸਿੰਘ ਨਾਰੰਗ ਨਾਲ ਮਿਲ਼ਕੇ ਅਸੀਂ ਐਸੀ ਸਕੀਮ ਪੇਸ਼ ਕਰ ਸਕਦੇ ਹਾਂ..."। ਸੰਮੇਲ ਖਤਮ ਹੋ ਗਇਆ ॥

ਥੋੜ੍ਹੇ ਦਿਨਾਂ ਪਿਛੋਂ, ਗ੍ਰੰਥ ਸੰਗ੍ਰਹ ਕਰਤਾ ਦੋ ਹਫਤੇ ਬਾਦ ਆਕਾਸ਼ ਵਾਣੀ ਦਿੱਲੀ 1967-68 ਤੋਂ ਲਾਈਵ ਸੁਰ-ਬਹਾਰ/ਸਿਤਾਰ ਕਲਾ ਪ੍ਰਦਰਸ਼ਨ ਲਈ ਦਿੱਲੀ ਗਏ ॥ ਸੁਭਾਵ ਅਨੁਸਾਰ ਉਪਰਾਸ਼ਟ੍ਰਪਤੀ ਕਾਲ ਤੋਂ ਰਾਸ਼ਟ੍ਰਪਤੀ ਸ਼੍ਰੀ ਰਾਧਾਕ੍ਰਿਸ਼ਨਨ ਨੂੰ ਮਿਲਦੇ ਰਹਿਣ ਕਾਰਣ, ਓਨ੍ਹਾਂ ਦੇ ਮਿਲਟ੍ਰੀ ਸਿਕ੍ਰੇਟ੍ਰੀ ਨਰਿੰਦ੍ਰਪਾਲ ਸਿੰਘ ਨੂੰ ਫੋਨ ਤੇ ਪੁਛਿਆ,'ਜੇ ਵਿਵਸਥਾ ਹੋਵੇ, ਰਾਸ਼ਟ੍ਰਪਤੀ ਜੀ ਨੂੰ ਮਿਲਨ ਦਾ ਸਮੈ ਬਣ ਸਕਦਾਹੈ?' ਓਨ੍ਹਾਂ ਮਿਲਨ ਸਮਾਂ ਦਸਿਆ ॥

ਸ਼੍ਰੀ ਰਾਸ਼ਟ੍ਰਪਤੀ ਨੂੰ ਮਿਲਨ ਉਤੇ, ਪੂਰਵ ਸੁਭਾਵ ਤਰ੍ਹਾਂ ਵਾਰਤਾਲਾਪ 'ਚ ਬ੍ਰਹ੍ਮ ਗਿਆਨ ਅਧਿਆਤਮ ਵਿਦਿਆ ਵਿਚਾਰਦੇ ਰਹੇ॥ ਬਿਚਦੀ ਮੈ ਕਿਹਾ: ਬ੍ਰਹ੍ਮ ਵਿਦਿਆ ਪਹਿਲੋਂ ਪਹਿਲ ਕੇਵਲ ਵਿਸ਼ੵ-ਧਰਮ ਸਮੰਨ੍ਹੈ ਸ਼੍ਰੀ ਵਿਸ਼ੵਗੁਰੂ ਨਾਨਕ ਦੇਵ ਜੀਦੇ ਤਰਕ ਸਿੱਧਾਂਤ ਰਾਹੀਂ ਸੰਭਵ ਹੈ॥ ਕਾਰਣ ਕਿ ਉਸ ਸਿਧਾਂਤ ਵਿੱਚ ਹਿੰਦੂ-ਯਹੂਦੀ-ਇਸਲਾਮ ਧਰਮਾਂ ਤਰ੍ਹਾਂ (ਦਸ਼) ਨਾਮ ਅਪਰਾਧ ਨਹੀਂ ਹਨ॥ ਐਨੇ'ਚ ਓਨ੍ਹਾਂ ਦੇ "ਆਕਾਸ਼ ਵਾਣੀ"(AIR) ਕਹੀ ਧਰਮ ਸੰਬੰਧੀ ਜ਼ੋਰਦਾਰ ਵਾਰਤਾ ਉਠਾ ਕੇ ਦੁਹਰਾਈ, ਜੋ ਪਟਿਆਲੇ ਪ੍ਰਸ਼ਨ ਕੀਤਾ ਸੀ, ਕਿ "ਤੁਸੀ ਪਿਛੇ ਅਕਾਸ਼ ਵਾਣੀ ਉਤੇ ਕਿਹਾ ਸੀ, 'ਧਰਮ ਦਾ ਠੀਕ ਗਿਆਨ ਬਿਨਾ ਸਮਗ੍ਰ ਭਾਰਤ ਅਤੇ ਪ੍ਰਾਂਤੀ ਸੰਸਕ੍ਰਿਤੀਆਂ ਸਥਿਤੀਆਂ ਜਾਣੇ ਬਿਨਾ ਆਸੰਭਵ ਹੈ'॥ ਫੇਰ ਐਸੀ ਪਰਸਥਿਤੀ ਸੰਭਾਲਣ ਲਈ ਵਿਸ਼ੵ

Sri Satguru Jagjit Singh Ji eLibrary NamdhariElibrary@gmail.com

ਵਿਦਿਆਲੇਆਂ ਵਿੱਚ ਧਰਮ ਕਿਉਂ ਨਹੀ ਪੜ੍ਹਾਇਆ ਜਾਂਦਾ? ਤਤਕਾਲ ਰਾਧਾਕ੍ਰਿਸ਼ਨਨ ਉੱਤਰ ਦਿਤਾ:"ਆਪਣਾ ਸੰਵਿਧਾਨ ਸੈਕੁਲਰ ਹੈ--ਜਿਸ ਕਾਰਣ ਧਰਮ ਵਰਜਤ' ਹੈ॥ ਪਲਟ ਕੇ ਮੈ ਇਕਲਖ਼ਤ ਕਿਹਾ :

"ਸ਼੍ਰੀਮਾਨ! ਇਹ! ਆਪ ਕਹਿ ਰਹੇ ਹੋ? ਜੇ ਕੋਈ ਹੋਰ ਕਹਿੰਦਾ, ਮੈ ਸਮਝ ਸਕਦਾ ਹਾਂ। ਪਰ ਦਸੋ, ਕਿਆ ਸੈਕੁਲਰ ਦਾ ਅਰਥ ਇਹ ਨਹੀਂ--ਕਿ ਸਾਰੇ ਧਰਮਾਂ ਨੂੰ ਇਕੇ ਜੇਹਾ ਮੌਕਾ ਦਿੱਤਾ ਜਾਵੇ -ਨਾ ਕਿ ਧਰਮ ਸਿਖਾਣੇ ਬੰਦ ਹੋਣ?"। ਓਨ੍ਹਾਂ ਕਿਹਾ "ਤੁਸੀਂ ਕੀ ਸੰਕੇਤਦੇ ਹੋ ?" ਮੈ ਉੱਤਰ ਦਿਤਾ: "ਜੀ ਹਾਂ। ਦ੍ਵਿਜ ਸ਼੍ਰੀਗੁਰੂ ਨਾਨਕ ਦੇਵਜੀ ਦੀ ਪੰਜ ਸੌ ਵਰਸ਼ੀ 1969 'ਚ ਆ ਰਹੀ ਹੈ। ਜੇ ਪਟਿਆਲੇ ਯੂਨੀਵਰਸਟੀ ਦੇ ਇੱਕ ਵਿਭਾਗ (Department) ਵਿੱਚ ਬਰਾਬਰ ਸਾਰੇ ਧਰਮ ਇਕਠੇ ਹੋਣ, ਕੀ ਐਸੀ ਵਿਵਸਥਾ ਨਾਲ ਧਰਮ ਦਾ ਤਾਤਪਰਜ,ਤੇ ਲਖਸ਼ ਨਹੀਂ ਅਪੜ ਸਕਦਾ? ਤੁਸੀਂ ਬਹੁਤ ਦੇਰਤੋਂ ਬਾਰ ਬਾਰ,ਅਤੇ ਹੁਣੇ ਹੀ ਆਕਾਸ਼ ਵਾਣੀ ਦਿਲੀ ਉਤੇ ਇਹੀ ਗਲ ਕਹੀ ਸੀ। ਪਹਿਲਾਂ ਵੀ ਅਨੇਕ ਵਿਦਿਆ ਕੇਂਦ੍ਰਾਂ 'ਚ ਵੀ ਇਹੀ ਗਲ ਬਲ ਪੂਰਵਕ ਕਹਿੰਦੇ ਰਹੇ ਹੋ"। ਓਨ੍ਹਾਂ ਕਿਹਾ, "ਠਹਿਰੋ! ਯੂਨੀਰਸਟੀ ਗ੍ਰਾਂਟ ਕੋਮਿਸ਼ਨ ਦੇ ਮੁਖੀ, ਡਾ. ਕੋਠਾਰੀ ਮੈਨੂੰ ਹੁਣੇ ਮਿਲਨ ਆ ਰਹੇ ਹਨ, ਉਨ੍ਹਾਂ ਨਾਲ ਮੈਂ ਇਹ ਗੱਲ ਵਿਚਾਰਾਂਗਾ"॥ ਉਨ੍ਹਾਂ ਦੋਨਾਂ ਦੀ ਮੁਲਾਕਾਤ ਦੇ ਅੰਤ ਤਕ ਮੈ ਠਹਿਰਿਆ ਰਿਹਾ॥ ਓਹ ਡਾ. ਕੁਠਾਰੀ ਨੂੰ ਮਿਲੇ, ਤੇ ਡਾ. ਕੁਠਾਰੀ ਨੂੰ ਵਿਦਾ ਕਰ, ਰਾਸ਼ਟ੍ਰਪਤੀ ਨੇ ਇਸ ਸ਼੍ਰੀ ਜਪੁ ਟੀਕਾ ਗ੍ਰੰਥ ਟਿੱਪਣੀ ਕਰਤਾ ਨੂੰ ਕਿਹਾ: 'ਵਾਈਸ ਚਾਂਸਲਰ ਨੂੰ ਕਹਿ ਦੇਓ। ਧਰਮ ਵਿਭਾਗ ਸੰਬੰਧੀ ਪੰਜ ਸਤ ਕਾਰਜ ਉਲੀਕ ਕੇ ਯੂਨੀਵਰਸਟੀ ਗ੍ਰਾਂਟਸ ਕੋਮਿਸ਼ਨ ਨੂੰ ਸਮਰਪਣ ਕਰਨ॥ ਉਸ ਉਤੇ ਵਿਚਾਰ ਕਰ ਧਰਮ ਵਿਭਾਗ ਥਾਪਣ ਦਾ ਫੈਸਲਾ ਕਰਣਗੇ'॥ ਮੈਂ ਧੰਨਵਾਦ ਕਰਕੇ ਵਿਦਾ ਲਈ, ਤੇ ਵੀ.ਸੀ. ਸਰਦਾਰ ਕਿਰਪਾਲ ਸਿੰਘ ਨਾਰੰਗ ਤੇ ਰਜਿਸਟ੍ਰਾਰ ਸਰਦਾਰ ਹਰਬੰਸ ਸਿੰਘ ਦੋਨੋਂ ਨੂੰ ਜਥਾ ਜੋਗ ਦੱਸ ਦਿਤਾ॥ ਉਸ ਪਿਛੋਂ ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਨੂੰ ਦਿਤੀ ਯੋਜਨਾ ਉਤੇ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਪੰਜ-ਸੌ ਸ਼ਤਾਬਦੀ ਲਈ ਪੰਜਾਬੀ ਯੂਨਿਵਰਸਟੀ ਵਿੱਚ ਧਰਮ ਵਿਭਾਗ ਥਾਪਣ ਦੀ ਮਨਜ਼ੂਰੀ ਦਿਤੀ॥ ਉਸ ਦੇ ਸ਼ੁਰੂਆਤ ਲਈ ਧਰਮ ਵਿਭਾਗ ਸ਼੍ਰੀ ਜਗਦਗੁਰੂ ਨਾਨਕ ਦੇਵ ਜੀ ਦੇ ਗੁਰੁਪਰਵ ਮੌਕੇ 1969 ਈਸ੍ਵੀ ਨੂੰ ਥਾਪਿਆ ਜਾਵੇ ॥

ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਦੀ ਮਨਜ਼ੂਰੀ ਪਿਛੋਂ ਜਦ ਫੇਰ ਮੇਰਾ ਦਿੱਲੀ ਰੇਡੀਓ ਸਿਤਾਰ ਪ੍ਰੋਗ੍ਰਾਮ ਜਾਣਾ ਬਣਿਆ, ਮੈ ਰਾਸ਼ਟਰਪਤੀ ਰਾਧਾਕ੍ਰਿਸ਼ਨਨ ਨੂੰ ਵੀ ਮਿਲਿਆ। ਓਨ੍ਹਾਂ ਪੁਛਿਆ "ਤੁਹਾਡੇ ਮਨ ਵਿੱਚ ਕੋਈ ਪ੍ਰੋਜੈਕਟ ਕਲਪਨਾ ਪੰਜਵੀ ਸ਼ਤਾਬਦੀ ਲਈ ਹੈ?" ਮੈ ਉਤ੍ਰ ਦਿੱਤਾ: "ਸ਼੍ਰੀਮਾਨ ਨੇ ਪਹਿਲਾਂ ਸੀਖ ਦਿਤੀ ਸੀ, ਕਿ ਤੁਲਨਾਤਮ ਭਾਰਤ-ਸਾਮੀ ਧਰਮ ਸ਼ਾਸਤ੍ਰ ਆਧਾਰ ਉਤੇ ਕ੍ਰਮ ਨਾਲ ਅਧਿਆਤਮ ਧਰਮ ਸਿੱਧਾਂਤ ਓਨ੍ਹਾਂ ਸ਼ਾਸਤ੍ਰ ਪ੍ਰਮਾਂਣਾਂ ਨਾਲ ਗ੍ਰੰਥ ਲਿਖੇ, ਕਿ ਸ੍ਰੀ ਗੁਰੁ ਨਾਨਕ ਦੇਵਜੀ ਦੇ ਵਿਸ਼੍ਵ ਧਰਮ ੧ਓ ਦੇ '1' (ਏਕਤ੍ਵ) ਸਿੱਧਾਂਤ ਦੀ ਸਮਨ੍ਹੇ ਪਤੇ ਚਲੇ॥ ਓਸ ਕੰਮੇ ਆਪਨੇ ਦੇਖਿ ਕੇ,ਆਪਣਾ ਮਾਨ ਪਤ੍ਰ ਲਿਖ ਕੇ ਪ੍ਰਦਾਨ ਕੀਤਾ; ਅਤੇ ਸਲਾਹ ਦਿਤੀ: ਡਾ:ਨਿਹਾਰ ਰੰਜਨ ਰੇ, ਡਾਇਰੈਕਟਰ, ਇੰਨਸਟੀਟਯੂਟ ਓਫ ਐਡਵਾਂਸ ਸਟਡੀਜ਼, ਸ਼ਿਮਲਾ ਨੂੰ ਇਹ ਗ੍ਰੰਥ ਦਿਖਾਣਾ ॥ ਡਾ,ਨਿਹਰਰੰਜਨ ਰੇ ਨੇ ਦੇਖ ਪੜ੍ਹ ਕੇ, ਸਿਰਲੇਖ ਸੰਬੰਧੀ ਰਾਇ ਦੇ, ਭੂਮਿਕਾ ਲਿਖ ਦਿਤੀ। ਪਰ ਅਜੇ ਛਾਪਣ ਲਈ ਠੀਕ ਸਮੇ ਦੀ ਇੰਤਜ਼ਾਰ ਹੈ॥ ਚਲਦੀ

Sri Satguru Jagjit Singh Ji eLibrary NamdhariElibrary@gmail.com

ਗਲ 'ਚ, ਰਾਸ਼ਟ੍ਰਪਤੀ ਪ੍ਰਸ਼ਨ ਦਾ ਉਤ੍ਰ ਅਸਾਂ ਇਹ ਦਿਤਾ: "ਸ਼੍ਰੀਮਾਨਜੀ: ਇਸ ਪਰਥਾਇ ਬਿਨੇ ਹੈ:-'ਮੈ ਕਈ ਪੁਰਾਤਨ ਗ੍ਰੰਥ ਦੇਖ, ਉਨ੍ਹਾਂ ਤੋਂ ਬਹੁਤ ਉਤਸ਼ਾਹਤ ਹੋਇਆ ॥ ਜਦ ਮੈ ਸੰਸਕ੍ਰਿਤ ਵਿੱਚ ਅੱਠ "ਮੂਲ ਸ਼੍ਰੀ ਭਗਵਤ-ਗੀਤਾ ਅਸ਼ਟਕ ਭਾਸ਼ਜ" ਨਿਰਣਯ ਸਾਗਰ ਮੰਤ੍ਰਾਲੈ, ਮੁੰਬਈ ਛਪਿਆ ਆਪਣੇ ਪੁਸਤਕਾਲੈ 'ਚ ਦੇਖਿਆ, ਤਾਂ ਸੰਕਲਪ ਹੋਇਆ, ਕਿ ਜਿਵੇਂ ਅੱਠ:- 1.ਸ਼ੰਕਰ, 2. ਅਨੰਦ ਗਿਰੀ, 3. ਨੀਲ ਕੰਠੀ, 4. ਮਧੁਸੁਦਨੀ, 5. ਭਾਸਜਕਰ ਸੰਦੀਪਿਕਾ, 6.ਸ਼੍ਰੀਧਰ ਸੰਬੋਧਿਨੀ, 7. ਅਭਿੰਨ੍ਹਗੁਪਤ ਆਚਾਰਯ ਤੇ 8.ਗੂੜਾਰਥ ਦੀਪਿਕਾ ਤਤ੍ਵਾਲੋਕ ਹਨ: ਇਸ ਗੀਤਾ ਅਸ਼ਟਕ ਗ੍ਰੰਥ ਦੀ ਸਾਰੇ ਹਿੰਦੂ ਵਿਦਵਾਨ ਸ਼ਲਾਘਾ ਕਰਦੇ ਹਨ॥ ਸੋਚਦਾ ਰਿਹਾਂ ਹਾਂ, ਓਹਾ ਜਿਹਾ ਕੰਮ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਦੇ ਵਿਦ੍ਵਾਨ ਅਤੇ ਆਮ ਦੋਨੋਂ ਗੁਰੁਸਿੱਖਾਂ ਲਈ ਸਭ ਤੋਂ ਯੋਗ ਆਧਾਰ ਹੈ; ਉਸ ਉਤੇ ਇਸ ਸ਼੍ਰੀ ਗੁਰੁਬਾਣੀ ਗ੍ਰੰਥ ਉਤੇ ਕੰਮ ਕਰਨ ਦਾ ਵਿਚਾਰ ਕਰਾਂ ॥

ਗੀਤਾ ਅਸ਼ਟਕ ਅਤੇ ਇੰਜੀਲ ਤਿੰਨ ਕਿਤਾਬਾਂ ਦੇ ਦੋ ਤੁਲਨਾਤਮਕ ਨਮੁਨਾ

ਭਗਵਤ ਗੀਤਾ ਮੂਲ ਪਾਠ:- **"नासतो विद्यते भावो नाभावो विद्यते सतः । उभयोऽपि दृष्टोऽन्तस्त्वनयोस्तत्वदर्शिभिः ॥१६।२"**

ਇਸੇ ਤਰ੍ਹਾਂ ਅਮਰੀਕਾ ਯੇਲ ਯੁਨਿਵਰਸਟੀ ਡਵਿਨਿਟੀ ਸਕੂਲ ਵਿੱਚ ਤੁਲਨਾਤਮਕ ਇੰਜੀਲ ਕਿਤਾਬ ਸੰਤ ਮਾਰਕ ਆਧਾਰਤ ਦੋ ਸੰਤਾਂ: ਸੰਤ ਮੈਥਿਊ ਅਤੇ ਸੰਤ ਲੂਕ ਦੀਆਂ ਮਿਲਾਕੇ ਤਿਨ ਗ੍ਰੰਥੀਆਂ ਕੋਰਸ ਦਾ ਜ਼ਰੂਰੀ ਭਾਗ ਸੀ, ਉਸ ਦੇ ਛਾਪੇ ਦਾ ਨਮੂਨਾ ਇਸ ਤਰ੍ਹਾਂ ਹੈ:-

Gospel's Parables

St. Matthew St. Mark St. Luke

XIII.3..."Behold, a sower IV.3."Karken; Behold, there went VIII.5."A sower went out to sow/went forth to sow. out o sower to sow his seed, some fell by the wayside. 4"And when he sowed, some seeds 4.And it came to pass, some and it was trodden down, and they fell by the wayside; and some the fowls of the air devoured it. fowls came and devoured them up and the fowls of the air came 6.And some fell upon a rock; and

5."Some fell on stony places, came and devoured it up soon as it was sprung up, it withered where they had not much earth:6.And some fell on stony ground away, because it lacked moisture and forthwith they sprung up... where it had not earth; and...7.And some fell among thorns;...

ਬੇਸ਼ਕ ਹਿੰਦੂਆਂ'ਚ ਅਜੇ ਕੇਵਲ ਪ੍ਰਸਿੱਧ ਸ਼ੈਵ ਸੰਨਿਆਸੀ ਸੰਪ੍ਰਦਾਯ ਸ਼ੰਕਰ ਆਚਾਰਜ ਅਦ੍ਵੈਤ ਵਾਦ ਉਤੇ ਹੀ ਕੰਮ ਹੈ; ਕਿਸੇ ਵੈਸ਼ਣਵ ਵੈਰਾਗੀ ਦ੍ਵੈਤ ਭਾਵਵਾਦੀ ਸੰਪ੍ਰਦਾਯ, 1. ਰਾਮਾਨੁਜ, 2.ਨਿੰਬਾਰਕ, 3.ਮਾਧਵ(ਅਸਲੋਂ ਨਿਖਿਦ ਦਵੈਤਵਾਦੀ), 4.ਵੱਲਭ(ਚੇਤਨ ਸਮੇਤ) ਆਦਿ ਆਚਾਰਜਾਂ ਦੇ ਭਾਸ਼ਜ (ਟੀਕੇ) ਕਿਸੇ ਇਕੱਠੇ ਨਹੀ ਛਾਪੇ ॥ ਪਰ ਇਹ ਅੱਠ ਛਪੇ ਹਿੰਦੂ

Sri Satguru Jagjit Singh Ji eLibrary NamdhariElibrary@gmail.com

ਅਦ੍ਵੈਤ (ਇਕ'1') ਸਿਧਾਂਤਵਾਦ ਸਾਰੇ ਧਰਮਾ 'ਚ ਮੁਖ ਸੰਪ੍ਰਦਾਯਾਂ ਦੇ ਕਰੀਬ ਦੋ ਹਜ਼ਾਰ ਸਾਲ ਦੇ ਦਾਰਸ਼ਨਿਕ ਸਿੱਧਾਂਤਾਂ ਦਾ ਇਕੋ ਥਾਂ ਵਿਸ਼ੇਸ਼ ਅਲੌਕਿਕ ਸੰਗ੍ਰਹ ਹੈ; ਜੋ ਜ਼ਰੂਰ ਸਾਰੇ ਜਗਤ'' ਦੇ ਹਿਤ ਕਾਰਨ ਹੁਣ ਤਕ ਮੰਨਿਆ ਹੈ ॥

ਉਸ ਕਰਕੇ ਮਨ ਵਿਚ ਇਕ ਗ੍ਰੰਥ ਸੰਗ੍ਰਹ ਕੁਛ ਚਿਰ ਤੋਂ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦੀ ਦਿਵ੍ਯਬਾਣੀ ਦੇ ਪੰਜਵੀ ਸ਼ਤਾਬਦੀ ਲਈ ਸ਼੍ਰੀਗੁਰੂ ਗ੍ਰੰਥ ਸਾਹਿਬ ਵਿੱਚੋਂ ਸ੍ਰੀ ਜਪੁ ਨੀਸਾਣ ਗ੍ਰੰਥੀ ਦੇ ਪ੍ਰਸਿਧ ਟੀਕੇ ਇਕੱਠੇ ਟਿੱਪਣੀ ਗਿਆਨ-ਗ੍ਰੰਥ ਦੀ ਅਲੋਚਨਾ ਲਿਖਨ ਦੀ ਭਾਵਨਾ ਵਿਚਾਰ ਰਿਹਾਂ ਹਾਂ, ਕਿ ਉਸ ਮੌਕੇ ਉਤੇ ਭੇਟ ਕੀਤੀ ਜਾਵੇ। ਇਸ ਤੋਂ ਉੱਤਮ ਕੀ ਹੋ ਸਕਦਾ ਹੈ? ਹੁਣ ਐਸਾ ਸੰਗ੍ਰਹੈ ਪੰਜਾਬੀ ਯੂਨੀਵਰਸਿਟੀ ਰਾਹੀਂ ਆਪਦੇ ਅਸੀਸ ਨਾਲ ਨਵੇ ਰਚੇ ਧਰਮ ਵਿਭਾਗ ਦੇ ਸਹਿਯੋਗ ਨਾਲ ਪੂਰ ਚੜ੍ਹਨਾ ਸੰਭਵ ਹੋ ਗਜਾ ਹੈ ਜੋ ਗ੍ਰੰਥ ਰਚਨ ਦਾ ਸੰਖੇਪ ਪਰਥਾਇ (context) ਹੈ।

ਸ੍ਰੀ ਜਪੁ ਨੀਸਾਣੁ ਗ੍ਰੰਥੀ ਦੇ ਦਸ ਟੀਕੇ-ਟਿੱਪਣੀਦਾ ਅਨੁਬੰਧ[4]

ਗ੍ਰੰਥ ਰਚਨ ਮੰਤਬ (meaning) ਤੇ ਪਰਮਸਿਧਾਂਤ (Ultimate Doctrinal Object)

ਸ਼੍ਰੀਗੁਰੁਬਾਣੀ ਸਿਖਿਆ ਉਪਦੇਸ਼ ਹੈ: ਮ:1-ਹਉ ਵਿਚਿ ਮੂਰਖੁ,ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ॥ ਭਗਤ ਕਬੀਰ- ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ॥

ਭਾਰਤੀ ਲੌਕਿਕ ਅਤੇ ਧਾਰਮਿਕ ਸਾਹਿਤ ਦੀ ਅਟੂਟ ਪ੍ਰਥਾ ਅਨੁਸਾਰ ਹਰੇਕ ਗ੍ਰੰਥ ਦੇ ਚਾਰ ਅਨੁਬੰਧ ਜਾਣੇ ਬਿਨਾ ਗ੍ਰੰਥ 'ਚ ਰੁਚੀ, ਜਾਂ ਪ੍ਰਵਿਰਤੀ ਨਹੀਂ ਹੁੰਦੀ ॥ ਇਸ ਕਾਰਣ ਚਾਰ ਮੁੱਖ ਵਿਸ਼ੇਆਂ ਦੇ ਲਕਸ਼ਣ ਪਹਿਲਾਂ ਜਾਣਨੇ ਜ਼ਰੂਰੀ ਹਨ:- 1. ਵਿਸ਼ੈ, 2. ਸੰਬੰਧ, 3. ਅਧਿਕਾਰੀ ਅਤੇ 4. ਪ੍ਰਯੋਜਨ॥ ਇਹ ਚਾਰ ਨੇਮ ਸੰਪੂਰਣ ਸ਼੍ਰੀਗੁਰੂ ਗ੍ਰੰਥਜੀ ਤੇ ਹਰੇਕ ਗ੍ਰੰਥੀ ਬਾਬਤ ਪਹਿਲਾਂ ਜਾਣਨੇ ਅਤਿ ਜ਼ਰੂਰੀ ਹਨ। ਸ਼੍ਰੀਗੁਰੁਬਾਣੀ ਸੰਖੇਪ ਪ੍ਰਮਾਣ ਹਨ:-

1.ਵਿਸ਼ੈ (Subject): ਸੰਬੰਧੀ ਸ਼੍ਰੀ ਗੁਰੁਬਾਣੀ ਪ੍ਰਮਾਣ:-

ਮ:1:-ਨਿਹਫਲੰ ਤਸ੍ਯ ਜਨਮਸ੍ਯ ਜਾਵਦ ਬ੍ਰਹਮ ਨ ਬਿੰਦਤੇ॥ ਸਾਗਰੰ ਸੰਸਾਰਸ੍ਯ ਗੁਰਪਰਸਾਦੀ ਤਰਹਿਕੇ॥ ...ਕਰਣ(Effect) ਕਾਰਣ(Cause) ਸਮਰਥੁਹੈ ਕਹੁ ਨਾਨਕ ਬੀਚਾਰਿ॥ ਕਾਰਣੁ ਕਰਤੇ ਵਸਿ ਹੈ, ਜਿਨਿ ਕਲ ਰਖੀ ਧਾਰਿ''ਵ.3

(ਨੋਟ:-ਦਰਸਨ ਪਰਿਭਾਸ਼ਾ ਅਨੁਸਾਰ ਕਾਰਣ ਹੈ- ਅਰਥ: ਕੰਮ ਕਰਣਾ ਨਹੀਂ, ਤੇ ਕਾਰਣ (Cause) ਹੈ; ਹੋਰ ਬਹੁਤ ਸ਼ਬਦ ਦੇਖੋ- ਆਦਿ ਪੁਰਖੁ ਅਪਰੰਪਰੁ ਆਪੇ ॥ ਆਪੇ ਥਾਪੇ ਥਾਪਿ ਉਥਾਪੇ ॥ ਸਭਮਹਿ ਵਰਤੈ ਏਕੋ ਸੋਈ, ਗੁਰਮੁਖਿ ਸੋਭਾ ਪਾਵਣਿਆ॥ 1॥ ਰਹਾਉ ॥ ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ॥ ਤੁਧੁ ਬਿਨੁ ਦੂਜਾ ਅਵਰੁ ਨ ਕੋਈ॥ ਗੁਰੁਪਰਸਾਦੁ ਕਰੇ ਨਾਮੁ ਦੇਵੈ, ਨਾਮੇ ਨਾਮਿ ਸਮਾਵਣਿਆ॥ 2ਸ.3

2. ਸੰਬੰਧ(contact, relationship): ਸੰਬੰਧਿਤ ਸ਼੍ਰੀ ਗੁਰੁਬਾਣੀ ਪ੍ਰਮਾਣ:-

---

4. ਭਾਰਤੀ ਸਾਹਿਤ ਪਰੰਪਰਾ ਅਨੁਸਾਰ ਅਨੁਬੰਧ ਜਾਣੇ ਬਿਨਾ ਪਾਠਕਾਂ ਦੀ ਗ੍ਰੰਥ 'ਚ ਨਾ ਪ੍ਰਵਿਰਤੀ, ਨਾ ਰੁਚੀ ਹੁੰਦੀ ਹੈ। ਇਸ ਕਾਰਣ ਗ੍ਰੰਥ ਲਕਸ਼ਣ ਜਾਣਨੇ ਅਤਿ ਜ਼ਰੂਰੀ ਹਨ॥ ਹਰੇਕ ਗ੍ਰੰਥ ਦੇ ਮੁੱਖ ਚਾਰ ਅੰਗ ਸ਼ੀਰਸ਼ ਰੂਪ ਹੁੰਦੇ ਹਨ: ੧. ਵਿਸ਼ੈ (subject), ੨. ਸੰਬੰਧ (connections), ੩. ਅਧਿਕਾਰੀ (competent qualifiers) ਅਤੇ ੪. ਪ੍ਰਯੋਜਨ (Minor & Major/Ultimate object)

Sri Satguru Jagjit Singh Ji eLibrary NamdhariElibrary@gmail.com

ਮ: 4:-ਹੀਰਾ ਲਾਲੁ ਅਮੋਲਕੁਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ ॥ ਰਤਨ ਗਾਹਕੁ ਗੁਰੁ-ਸਾਧੂ ਦੇਖਿਓ, ਤਬ ਰਤਨੁ ਬਿਕਾਨੋ ਲਾਖਾ ॥

ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ ॥ ਦੀਨ-ਦਇਆਲਿ ਮਿਲਾਇਓ ਗੁਰੁ ਸਾਧੂ, ਗੁਰਿ ਮਿਲਿਐ, ਹੀਰੁ ਪਰਾਖਾ[ਹ.3]

ਅਤੇ: ਕਹਿ ਕਬੀਰ ਹੀਰਾ ਅਸ ਦੇਖਿਓ ਜਗਮਹ ਰਹਾ ਸਮਾਈ ॥ ਗੁਪਤਾ ਹੀਰਾ ਪ੍ਰਗਟ ਭਇਓ ਜਬ, ਗੁਰਗਮ ਦੀਆ ਦਿਖਾਈ[ਕ.3]

3. ਅਧਿਕਾਰੀ(qualified, competent to understand) ਸੰਬੰਧੀ ਸ਼੍ਰੀ ਗੁਰੁਬਾਣੀ ਪ੍ਰਮਾਣ ਹਨ:-

ਮ:1:-ਵਿਣੁ ਗਾਹਕ ਗੁਣੁ ਵੇਚੀਐ: ਤਉ ਗੁਣੁ ਸਹਘੋ ਜਾਇ ॥ ਗੁਣਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥ [ਖ-1.3]

ਤੇ, ਕਬੀਰ ਹਰਿ ਹੀਰਾ ਜਨ ਜਉਹਰੀ ਲੇਕੈ ਮਾਂਡੈ ਹਾਟ॥ ਜਬ ਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ ॥162॥ [ਖ-2.3]

4. ਪ੍ਰਯੋਜਨ ਸੰਬੰਧੀ ਸ਼੍ਰੀ ਗੁਰੁਬਾਣੀ ਪ੍ਰਮਾਣ:-

ਮ:1:-ਕਰਮ ਪੇਡੁ ਸਾਖਾ ਹਰੀ, ਧਰਮੁ ਫੁਲੁ,ਫਲੁ ਗਿਆਨੁ ॥ ਪਤ ਪਰਾਪਤਿ ਛਾਵ ਘਣੀ: ਚੂਕਾ ਮਨ ਅਭਿਮਾਨੁ[ਗ-1.3](ਤ੍ਰਿ-ਕਾਂਡ ਕ੍ਰਮ ਸਮੁਚੈ ਬੋਧ ਬਚਨ)

ਮ:9:-ਮਾਨਸ ਦੇਹ ਬਹੁਰਿ ਨਹ ਪਾਵੈ: ਕਛੂ ਉਪਾਉ ਮੁਕਤਿ ਕਾ ਕਰੁ ਰੇ ॥ ਨਾਨਕ ਕਹਤ ਗਾਇ ਕਰੁਨਾਮੈ ਭਵ ਸਾਗਰਕੈ ਪਾਰਿ ਉਤਰੁ ਰੇ''[ਗ-2.3] ਅਤੇ;

ਮ:4:-ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥ 1 ॥ ਤੂੰ ਘਟਘਟ ਅੰਤਰਿ ਸਰਬਨਿਰੰਤਰਿਜੀ ਹਰਿ ਏਕੋ ਪੁਰਖੁ ਸਮਾਣਾ[ਗ.-3.5]

ਨੋਟ:-ਸਾਰੇ ਭਾਰਤੀ-ਸਾਮੀ ਧਰਮ ਸੰਪ੍ਰਦਾਯਾਂ ਤੋਂ ਭਿੰਨ ਸ਼੍ਰੀ ਗੁਰੂਜੀਦਾ ਅੰਤਲਾ ਰਾਜ-ਯੋਗ ਸ਼ਬਦ ਤ੍ਰਿ-ਕਾਂਡ ਸਮ-ਸਮੁਚੈ ਬੋਧਕ ਹੈ॥

ਇਨ੍ਹਾਂ ਚਾਰ ਅਨੁਬੰਧ ਆਧਾਰਤ ਸ਼੍ਰੀ ਵਿਸ਼ੂਗੁਰੂ ਨਾਨਕ ਦੇਵਜੀ ਦਾ ਕਲਿਜੁਗੀ ਜੀਵ ਮਾਤ੍ਰ ਉਧਾਰ ਲਈ ਪੰਜ-ਸੌ ਪ੍ਰਕਾਸ਼ ਬਰਸ ਭੇਟ ਲਈ ਗ੍ਰੰਥ ਸੰਗ੍ਰਹ ਕਰਤਾ ਦੇ ਮਨ 'ਚ ਕਾਫੀ ਚਿਰੋਂ ਇਹ ਵਿਚਾਰਿਆ, ਐਸੇ ਮਹਾਨ ਉਤਸਵ ਉਤੇ ਕੀ ਅਲੌਕਿਕ ਅਧਿਆਤਮਕ ਵਸਤੁ ਅਰਪਨ ਕਰੀ ਜਾਵੇ? ਬਹੁਤ ਮਨਨ ਪਿੱਛੋਂ ਵਿਚਾਰ ਬੱਧਾ, ਸ਼੍ਰੀ ਵਿਸ਼ੂਗੁਰੂਜੀ ਦੇ ਕੁਛ ਅਤਿਉੱਤਮ ਅਟੱਲ ਅਧਿਆਤਮ ਸਾਹਿਤ ਬਰਾਬਰ ਕੁਛ ਨਹੀਂ: ਹੋਰ ਸਭ ਤੁੱਛ ਹੈ; ਵਿਚਾਰਿਆ- ਤੇਰੋ ਕੀਆ ਤੁਝਹਿ ਕਿਆ ਅਰਪਉ? ਇਸ ਏਕਤ੍ਵ/ਅਦ੍ਵੈਤ ਭਗਤੀ ਭਾਉ'ਚ ਅਤਿਉੱਤਮ ਦਿਵਜ ਬਾਣੀ ਵਿੱਚੋਂ ਛਾਂਟਕੇ ਕੁਛ ਅਰਪਨ ਕਰਿਆ ਜਾਣਾ ਯੋਗ ਹੋਵੇਗਾ॥ ਅਗਲੇ ਦਿਨ ਅੰਮ੍ਰਿਤਵੇਲੇ ਨਿੱਤਨੇਮ ਆਰੰਭ, ਸ਼੍ਰੀਗੁਰੂ ਗ੍ਰੰਥਜੀ ਹੁਕਮੇ ਪੰਨੇ 733 ਤੇ ਆਇਆ:-

ਮ:4॥ ਤਿਨੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ॥

---

5. ਪੁਨੈ.ਓ.ਮ:1, ਪੰ.466:12 ।ਅ. ਭ.ਕਬੀਰ.ਪੰ.331:14 ।ਏ.ਪੰ.1353:9। ਸ.ਪੰ.129:18-.। ਹ,ਪੰ.496:14-16।ਕ.ਪੰ.483:15। ਖ-1. ਪੰ.1086:18 । ਖ.-2. ਪੰ.1373:4।ਗ.-1. ਪੰ.220:15। ਗ.-2.ਪੰ.1160:24 ਆਦਿ ॥

Sri Satguru Jagjit Singh Ji eLibrary NamdhariElibrary@gmail.com

ਤਿਨਕੀ ਬਖੀਲੀ ਕੋਈ ਕਿਆ ਕਰੇ, ਜਿਨਕਾ ਅੰਗੁਕਰੇ ਮੇਰਾ ਹਰਿ ਕਰਤਾਰਾ॥ ਹਰਿ ਹਰਿ ਧਿਆਇ ਮਨ, ਮੇਰੇ ਮਨ ਧਿਆਇ, ਹਰਿ ਜਨਮ ਜਨਮ ਕੇ ਸਭਿ ਦੂਖ ਨਿਵਾਰਣਹਾਰਾ॥ ਰਹਾਉ॥ ਧੁਰਿ ਭਗਤ ਜਨਾਕਉ ਬਖਸਿਆ ਹਰਿ, ਅੰਮ੍ਰਿਤ ਭਗਤਿ ਭੰਡਾਰਾ॥ ਮੂਰਖੁ ਹੋਵੈ ਸੁ ਉਨਕੀ ਰੀਸ ਕਰੇ, ਤਿਸੁ ਹਲਤਿ ਪਲਤਿ ਮੁਹੁ ਕਾਰਾ॥ ਸੇ ਭਗਤ, ਸੇ ਸੇਵਕਾ, ਜਿਨਾ ਹਰਿ ਨਾਮੁ ਪਿਆਰਾ ॥ ਤਿਨਕੀ ਸੇਵਾ ਤੇ ਹਰਿ ਪਾਈਐ, ਸਿਰਿ ਨਿੰਦਕ ਕੈ ਪਵੈ, ਛਾਰਾ ॥3॥ ਜਿਸੁ ਘਰਿ ਵਿਰਤੀ ਸੋਈ ਜਾਣੈ, ਜਗਤਗੁਰੂ ਨਾਨਕ ਪੂਛਿ, ਕਰਹੁ ਬੀਚਾਰਾ॥[ਉ.4] ਚਹੁ ਪੀੜੀ, ਆਦਿ, ਜੁਗਾਦਿ ਬਖੀਲੀ ਕਿਨੈ ਨ ਪਾਇਓ; ਹਰਿ ਸੇਵਕ ਭਾਇ ਨਿਸਤਾਰਾ॥

ਅਗੇ ਪੰ.733, ਉਪਦੇਸ਼ ਹੈ:-

ਸੂਹੀ ਮ:4- ਜਿਥੈ ਹਰਿ ਆਰਾਧੀਐ,ਤਿਥੈ ਹਰਿ ਮਿਤੁ ਸਹਾਈ॥ ਗੁਰਕਿਰਪਾਤੇ ਹਰਿ ਮਨਿ ਵਸੈ: ਹੋਰਤੁ ਬਿਧਿ ਲਖਿਆ ਨ ਜਾਈ॥ ਹਰਿ-ਧਨੁ ਸੰਚੀਐ ਭਾਈ॥ ਜਿ ਹਲਤਿ ਪਲਤਿ ਹਰਿ ਹੋਇ, ਸਖਾਈ॥ ਰਹਾਉ॥ ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ, ਜਨ ਨਾਨਕ ਕਉ ਗੁਰਿ ਸੋਝੀ ਪਾਈ॥[ਅ.6]

ਸ਼੍ਰੀ ਜਗਦਗੁਰੂ ਰਾਮਦਾਸ ਜੀ ਦਾ ਹੁਕਮ ਅਧਾਰ ਬਣੇ, ਤੇ ਤਾਕੀਦ ਭਾਈ ਗੁਰਦਾਸ ਜੀ ਵਾਰ 36।1।6॥36।2।8...ਵਿੱਚ ਬਾਰ ਬਾਰ ਏਹੀ ਭਾਵ ਦ੍ਰਿੜਾਏ ਹਨ, ਜਿਨ੍ਹਾਂ ਦੀ ਬੀਜ ਮਾਤ੍ਰ ਸਿਖਿਆ, ਨਿਚੋੜ ਹੈ॥

ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦਾ ਕਿਸੇ ਵਿਅਕ੍ਤੀ, ਜਾਤੀ, ਸ਼ਰੇਣੀ, ਛੋਟੇ-ਬੜੇ ਦੇਸ, ਧਰਮ, ਧਰਮ-ਸੰਪ੍ਰਦਾਇ, ਅਲ਼ਗ ਦੇ ਬੜੇ(ਗੁਰੂ) ਸੰਚਾਲਿਕ ਸਮਝਣੇ ਨਹੀਂ ਚਾਹੀਦੇ, ਬਲਕਿ ਆਪ ਸਾਰੇਆਂ ਤੋਂ ਵੀ ਉਤਾਹਾਂ: ੧ਓ ਸਿਧਾਂਤ ਦਾਤਾ ਕਾਰਣ ਹੀ ਨਿਸ਼ਚੈ ਸਾਰੇ ਧਰਮੀਆਂ ਦੇ ਮਨੇ ਜਗਤ ਗੁਰ ਹਨ ॥ ਬੇਸ਼ਕ ਹੁਣ ਤਕ ਸੰਸਾਰ ਵਿੱਚ ਬਹੁਤ ਸਾਧੂ, ਸੰਤ, ਮਹਾਤਮਾ ਅਨੇਕ ਭੇਖਾਂਦੇ ਸੋਹਣੇ ਧਰਮ ਕਰਮ, ਭਗਤੀ, ਬ੍ਰਹਮ-ਅੱਲਾ-ਵਾਹਿਗੁਰੂ ਦੇ ਅਨੇਕ ਨਾਮ-ਰੂਪਾਂ ਦਾ ਗਿਆਨ ਸੁੰਦਰ ਉਪਦੇਸ਼ ਦੇਣ ਕਾਰਨ ਗੁਰੁ/ਪੀਰ ਦੀ ਮਾਨਤਾ ਪਾਏ ਦੇਖਦੇ ਹਾਂ ਪਰ ਅਸਲ ਵਿੱਚ ਸਾਰੇ ਕਿਸੇ ਨਾ ਕਿਸੇ ਵਿਅਕਤੀ, ਸ਼੍ਰੇਣੀ, ਧਰਮ ਸੰਸਥਾ ਦੇ ਬੜੇ (ਗੁਰੁ) ਪੂਜਜ ਹੀ ਹਨ[7]॥ ਪਰ ਇਦੰਤਾ (per se) ਗੁਰੂ ਕਰਕੇ ਸੰਪੂਰਣ ਵਿਸ਼੍ਵਜਗਤ ਪੂਜਜ(respected) ਹਨ--ਪੂਜਜਦੇਵ ਤੁੱਲ ਨਹੀਂ(not divinely venerated)॥

ਪਰ ਸ਼੍ਰੀ ਵਿਸ਼੍ਵ ਗੁਰੂ ਨਾਨਕ ਦੇਵਜੀ ਬਿਨਾਂ ਸੰਸ਼ੇ, ਹੀਲ ਹੁੱਜਤ, ਕਲਿ ਉਧਾਰ ਯੁਗ ਧਰਮ ੧ਓ ਸਿਧਾਂਤ ਦੇ ਜਾਣੂ ਬਿਨਾਂ ਝਿਜਕ, ਪਹਿਲਾਂ ਪਰਾਜ ਜੋ ਕਹਿੰਦੇ ਸਨ: ਓਹ ੧ਓ ਸਿਧਾਂਤ ਸਮਝਣ ਪਿਛੋਂ ਬਿਨਾ ਹਿੰਦੂ-ਮੁਸਲਿਮ ਵਿਤਕਰੇ ਇਦੰਤਾ (emphatically) ਸ਼੍ਰੀ

---

6. ਸ਼੍ਰੀ ਗੁਰੂ ਗ੍ਰੰਥ ਜੀ: ਉ.ਪੰ.734, ਪਿਛਲੇ ਸ਼ਬਦ ਤੋਂ 733:-*18-॥ ਅ.ਪੰ.733:-*18-

7. ਭਾਰਤੀ ਧਰਮ "ਦਸ ਨਾਮ ਸੰਨਿਆਸ ਸ਼ੰਕਰ ਸੰਪ੍ਰਦਾਇ ਦੇ ਚਾਰੋਮਠਾਂ ਦੇ ਏਸ ਵੇਲੇ ਚਾਰੋ ਸ਼ੰਕਰਾਚਾਰਜ "ਜਗਤ ਗੁਰੂ" ਝੂਠਹੀ ਅਖਵਾਂਦੇ ਹਨ। ਕਹਿਦੇ ਹਨ, ਕਿ ਸ਼੍ਰੀਗੁਰਨਾਨਕ ਦੇਵ ਜੀ ਦੇ ਕਾਲਤੋਂ ਪਹਿਲਾਂ ਸਾਡਾ ਇਲਾਨ ਰਿਹਾ ਹੈ, ਅਸੀ ਵਰਣ ਤੇ ਸਨਿਆਸ ਆਸ਼੍ਰਮ ਧਾਰਣਾ ਤਿਆਗਿਆ ਹੈ॥ ਅਸੀਂ ਦੁਨੀਆਂ ਨੂੰ ਸਾਂਝਾ ਉਪਦੇਸ਼ ਦਿੰਦੇ ਹਾਂ॥ ਟਿੱਪਣੀ ਕਰਤਾ ਜੋਸ਼ੀ ਮੱਠਦੇ ਸ੍ਵਰਗਵਾਸੀ ਸ਼ੰਕਰਾਚਾਰਜ ਬ੍ਰਹਮਾਨੰਦ ਦੇ ਜਾਣੂੰ ਸਨ। ਓਨ੍ਹਾਂ ਦਾ ਸਭ ਤੋਂ ਜੋਗ ਛਾਤ੍ਰ ਵਿਸ਼੍ਵ ਪ੍ਰਸਿੱਧ ਮਹੇਸ਼ ਜੋਗੀ ਕਾਂਇਸਤ ਜਨਮ ਕਾਰਣ--ਬ੍ਰਾਹਮਣ(ਦੰਡੀ ਸ੍ਵਾਮਿ)ਉਤਰਾਧਿਕਾਰੀ ਨਾਂ ਬਣਾਏ? ਦਸੋ, ਸਾਰੇ ਸ਼ੰਕਰ ਆਚਾਰਿਏ ਜਗਦ-ਗੁਰੂ ਕਿਵੇਂ ਹਨ? ਪਰਤਖ 'ਚ ਤੇ ਕਹਿਣ'ਚ ਬਹੁਤ ਫਰਕ ਹੈ !

Sri Satguru Jagjit Singh Ji eLibrary NamdhariElibrary@gmail.com

ਵਿਸ਼੍ਵਗੁਰੂ ਨਾਨਕ ਦੇਵਜੀ ਨੂੰ ਸਾਂਝਾ ਜਗਦਗੁਰੂ ਸੰਬੋਧਨ ਕਰ ਬਹੁਤ ਮਾਨ ਨਾਲ ਪੁਕਾਰਦੇ ਹਨ॥ ਹੋ ਸਕਦਾ ਹੈ ਬਿਨਾਂ "ਗੁਰੂ" ਪਦ ਕੇਵਲ "ਨਾਨਕ" ਨਾਮ ਅਨਭਿੱਗਜ਼ ਹੀ ਸੰਬੋਧਨ ਕਰੇ, ਹੋਰ ਕੋਈ ਨਹੀਂ ਕਰਦੇ; ਐਥੇ ਤਕ ਗੁਰੂ-ਸਿੱਖਾਂ/ਸਿਸ਼ਜਾਂ ਬਾਰੇ ਕਿਸੀ ਨੂੰ ਪੁਛਣ ਦੀ ਲੋੜ ਨਹੀਂ ਸਮਝੀ ਜਾਂਦੀ, ਦਸੋ- ਤੁਹਾਡਾ ਗੁਰੂ ਕੌਣ ਹੈ ?

ਇੱਕ ਗਲ ਭਾਰਤ ਧਰਮ ਇਤਿਹਾਸ ਦਾ ਅਸਲ ਤੱਤ ਨਵੇਂ ਸਿੱਖ ਜ਼ਰੂਰ ਸਮਝ ਲੈਣ: ਸ਼੍ਰੀ ਗੁਰੂ ਨਾਨਕ ਦੇਵਜੀ ਦੇ ਕਾਲ 'ਚ ਭਾਰਤ ਅੰਦਰ ਵੇਦ-ਕਤੇਬ ਸ਼ਾਸਤ੍ਰ ਪ੍ਰਮਾਣ[8] ਰਾਜ ਜੋਗ ਓਨ੍ਹਾਂ ਦੇ ਤੀਜੇ ਉੱਤਰਾਧਿਕਾਰੀ ਸ਼੍ਰੀਜਗਦਗੁਰੂ ਅਮਰ ਦਾਸ ਜੀ ਦੇ ਧਰਮ-ਰਾਜ (Divine

---

8. ਸ਼੍ਰੀ ਗੁਰੂ ਗ੍ਰੰਥ ਜੀ:ਪੰਨੇ.1117:2-6; ਚੌਥੇ ਸ੍ਰੀ ਜਗਦਗੁਰੂ ਰਾਮ ਦਾਸ ਤੁਖਾਰੀ ਤੀਰਥ ਗਮਨ ਸ਼ਬਦ'ਚ ਇਹ ਸਾਖੀ ਸੰਖੇਪ ਦਿਤਾ ਹੈ। ਸੰਖੇਪ ਸਾਖੀਹੈ:-ਸ਼੍ਰੀ ਜਗਦਗੁਰੂ ਅਮਰ ਦਾਸ ਤੋਂ ਗੋਵਿੰਦਵਾਲ ਪ੍ਰਬਾਵਿਤ ਹੋਇਆ ਮੋਗਿਲ ਬਾਦਸ਼ਾਹ ਅਕਬਰ ਨੇ ਪੁਤ੍ਰੀ ਤਰ੍ਹਾਂ ਮਨ ਬੀਬੀ ਭਾਨੀ ਵਿਵਾਹ ਨਿਮਿਤ ਜਮਾਈ ਨਾਮ"ਗੁਰੂਦਾਚੱਕ" (ਪਰਗਨਾ ਅੰਮ੍ਰਿਤਸਰ)ਭੇਟ ਕਰ ਹਿੰਦੂ ਤੀਰਥ ਉਧਾਰ"ਜਜ਼ਿਆ"ਕਰ ਮਾਫ ਕਰ, ਆਪਣਾ ੧ੴ ਧਰਮ ਸਿਧਾਂਤ ਪ੍ਰਚਾਰਣ ਲਈਂ ਯਾਤ੍ਰਾ ਕਰਣ ਲਈਂ ਪ੍ਰੇਰਿਆ। ਜਜ਼ੀਆ ਮਾਫ ਪਤਾ ਲਗਣ ਤੇ ਬਹੁਤ ਹਿੰਦੂਆਂ ਦੀ ਸਾਥ ਸ਼੍ਰੀ ਜਗਦਗੁਰੂ ਜੀ ਨਾਲ ਯਾਤ੍ਰਾ ਕਰਣ ਲਈ ਸੰਗਤ ਜੁੜੀ। ਇਸ ਦਾ ਵਰਣਨ ਸਿੱਖ ਜਮਾਈ ਭਾਈ ਰਾਮ ਦਾਸ'ਜੇਠੇ' ਸੇਵਾਦਾਰ ਨਾਲ ਸੇਵਾਦਾਰ ਸੀ(ਪਿਛੋਂ ਚੌਥੇ ਜਗਦ ਗੁਰੂ ਰੂਪ'ਚ ਇਹ ਵਾਰਤਾ ਲਿਖ) ਸਾਰੇ ਯਾਤ੍ਰਾਂ ਦਾ ਸੰਖੇਪ ਪ੍ਰਸੰਗ ਸ਼ਾਸਤ੍ਰਕਰਣ ਰੂਪ'ਚ ਲਿਖਿਆ,ਸੋ ਪਰਥਾਇ ਅਨੁਸਾਰ ਤਿਨ ਵੇਦਿਕ ਤੀਰਥ: ਕੁਰੁਕਸ਼ੇਤ੍ਰ, ਯਮੁਨਾ ਅਤੇ ਗੰਗਾ(ਸੁਰ ਸੁਰੀ) ਹਰਿਦ੍ਵਾਰ ਕੋਲ ਕਨਖਲ(ਐਥੇ ਕੌਨ ਖਲ. ਮੂਰਖ ਹੈ:ਭਾਵ,ਕੋਈ ਨਹੀਂ) ਬਹੁਤ ਬੜੀ ਸੰਗਤ ਨਾਲ ਪਹੁੰਚੇ ॥ ਓਤੇ ਹੰਕਾਰੀ ਵਿਦ੍ਵਾਨਾਂ ਇਕਠੇ ਹੋਕੇ ਸ੍ਰੀ ਜਗਦਗੁਰੂ ਅਮਰ ਦਾਸ ਨੂੰ ਪ੍ਰਸ਼ਨ ਕੀਤਾ। "ਕੀ, ਸ਼੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਸੇ? ਅਸੀਂ ਬਿਨਾ ਸ਼ਾਸਤ੍ਰ ਪ੍ਰਮਾਣ ਕੁਛ ਨਹੀਂ ਮਨਦੇ"। ਸ਼੍ਰੀ ਜਗਦਗੁਰੂ ਉਤ੍ਰ ਦਿਤਾ,ਸਾਡੇ ਕੋਲ ਸ਼ਾਸਤ੍ਰ ਨਹੀਂ, ਤੁਸੀ ਸ਼ਾਸਤ੍ਰ ਸੰਭਾਲਕ(Custodian)ਹੋ। ਲੇ ਆਓ, ਦਿਖਾਲ ਦੇ ਹਾਂ। ਓਹ ਲੇ ਅਏ,ਤੇ ਫਰੋਲੇ:- ਮਃ4:"...ਮਿਲਿ ਆਏ ਨਗਰ ਮਹਾਜਨਾ, ਗੁਰ- ਸਤਿਗੁਰ ਓਟ ਗਹੀ ॥ ਗੁਰੁ ਸਤਿਗੁਰੁ ਗੁਰ-ਗੋਵਿਦੁ ਪੂਛਿ ਸਿਮ੍ਰਿਤਿ ਕੀਤਾ ਸਹੀ ॥ ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ: ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ..." ਇਸ ਸ਼ਬਦ ਵਿੱਚ ਸ਼੍ਰੀ ਜਗਦਗੁਰੂ ਰਾਮ ਦਾਸ ਜੀ ਤੀਜੇ ਸ਼੍ਰੀ ਗੁਰੂਸਤਿਗੁਰੂ ਅਮਰ ਦਾਸ ਜੀ ਸਾਹਮਣੇ ਮਹਾਜਨ (ਪੰਡਿਤ) ਵਿਦਵਾਨ ਲਿਆਦੇ ਸਿਮ੍ਰਿਤੀ (ਪੁਰਾਣ) ਸ਼ਾਸਤ੍ਰ ਜਦ ਦੇਖੇ, ਉਨ੍ਹਾਂ ਵਿੱਚ ਅਨੇਕ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਬਾਰੇ ਅਨੇਕ ਪ੍ਰਮਾਣ ਲਿਖੇ ਮਿਲੇ, ਜਿਸਦੇ ਬਾਰੇ ਸ਼੍ਰੀ ਜਗਦਗੁਰੂ ਰਾਮ ਦਾਸ ਸਾਫ ਲਿਖਿਆ "ਸਿਮ੍ਰਿਤਿ ਕੀਤਾ ਸਹੀ ॥ ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ: ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ"॥"ਗੁਰ"ਨਾਨਕ ਦੇਵ ਗੋਵਿੰਦ ਹਨ॥ ਉਸ ਵੇਲੇ ਓਥੇ ਸ਼ਸਤ੍ਰੀਕਰਣ ਭੱਟ ਕਵੀ ਕਲਸਹਾਰ(ਕਲ) ਸਾਖੀ ਸੀ,ਦੇਖੋ ਭਾਵਰਥ ਸ਼੍ਰੀਗੁਗ੍ਰੰਜੀ.ਪੰ,1390:7- ਵਿੱਚ ਇਉਂ ਲਿਖਿਆ ਹੈ"ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥ ਤ੍ਰੈਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥ ਦੁਆਪੁਰਿ ਕ੍ਰਿਸਨ ਮੁਰਾਰਿ, ਕੰਸੁ ਕਿਰਤਾਰਥੁ ਕੀਓ ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ-ਜਨ ਦੀਓ ॥ ਕਲਿਜੁਗਿ ਪ੍ਰਮਾਣੁ, ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥ ਸ੍ਰੀ ਗੁਰੂਰਾਜੁ ਅਬਿਚਲੁ ਅਟਲੁ, ਆਦਿ ਪੁਰਖਿ ਫੁਰਮਾਇਓ ॥7॥" ਏਹ ਸ਼ਬਦ ਸ਼੍ਰੀ ਗੁਰੁ ਗ੍ਰੰਥਜੀ ਵਿੱਚ ਸਵਈਏ ਮਹਿਲੇ 1'ਚ ਹਨ-ਪਰ ਤਿਨ ਸ਼੍ਰੀ ਗੁਰੂਆਂ ਦੇ ਨਾਮ ਲਿਖੇ ਹਨ; ਕਿਉਂਕਿ ਇਕ ਕਨਖਲ ਪਰਥਾਇ ਯਾਤ੍ਰਾ ਸਾਖੀ(ਗਵਾਹੀ)ਹੈ, ਜਿਸ ਕਾਰਣ ਤਿਨ ਵਾਰ"ਤੈ" ਉਸ ਵੇਲੇ ਸਾਹਮਣੇ ਸ਼੍ਰੀ ਜਗਦਗੁਰੂ ਅਮਰ ਦਾਸ ਜੀ ਨੂੰ ਸਾਰੀ ਸਭਾ ਨੇ ਸੰਬੋਧਨ ਕੀਤਾ ਸੀ ॥ ਅਗੇ ਹੋਰ ਵੇਦਕ-ਕਤੇਬਕ ਕੁਛ ਪ੍ਰਮਾਣ ਲਿਖਦੇ ਹਾਂ, ਜਥ:-

II.1.ਭਵਿਖਤ ਪੁਰਾਣ.ਪੂਰਵਾਰਧ:29।34-।ਭਾਗਵਦ ਮਹਾਪੁਰਾਣ 1।3।ਕੂਟ 25।ਭਗਵਦ-ਗੀਤਾ 4।5-9; 10।19 -41।ਦੁਰਗਾ ਸਪਤਸ਼ਤੀ:13।...

III. ਕਤੇਬ ਸ਼ਾਸਤ੍ਰ: ਤੌਰੇਤ. ਡਯੂਟੀਰੋਨਮੀ:3: 18,22 ਜ਼ਬੂਰ/ਸਾਮ:118:22-23, ਇੰਜੀਲ.ਸੰਤ.ਮੈਥਿਊ:42-43- ਕੁਰਾਨ,ਯਾਸੀਨ:36।3।13-21॥

IV.ਪੁਨ੍ਹੈ ਸ਼੍ਰੀਗੁਗ੍ਰੰਜੀ.ਪੰਨੇ.966:15-18-19; 967:8-,12-,15-968:1-,5-9-;1116-1117:ਪਦ: 5-6; 1249:8-9; ;1391:8,18-19, 1392:2-3; 1393: 17-18; 1395:6-9-12; 1399:3,4-6; 1401:12-15-19-; 1408:9-12-16; 1409:2-3-4-6-,10-11,12-ਅਤੇ

V.10ਦਗ੍ਰੰਜੀ.ਬਚਿਤਰ ਨਾਟਕ ਗੁਰ ਅਵਤਾਰ 4।1।-7-9-10। 5:7-8-। ਅੰਤ'ਚ ;

VI.ਭਾਈ ਗੁਰ ਦਾਸ ਵਾਰ:-1।27- 29।12 ॥1।46।2-3 ॥ 1।39।1-5॥1।48।5-8॥ 24।5।1-7; 6।3-6-7॥ 8।1-2। 12। 1-3 ॥ 14।1-7॥ 19।1-3- ਆਦਿ ॥

Sri Satguru Jagjit Singh Ji eLibrary NamdhariElibrary@gmail.com

(xxx)

Ministry) ਕਾਲ ਮੁਗ਼ਲ ਬਾਦਸ਼ਾਹ ਜਲਾਲ-ਉਦ-ਦੀਨ ਮੁਹੰਮਦ ਅਕਬਰ (1542-1605) ਦਰਬਾਰ ਵੇਲੇ ਤੋਂ ਮੁਖੀ: ਭਾਰਤੀ 10 ਨਾਮ ਸਨਿਆਸੀ, 12 ਪੰਥੀ(ਸਿੱਧ) ਜੋਗੀ, 15 ਸੂਫ਼ੀ ਸਿਲਸਿਲਿਆਂ ਤੋਂ ਇਲਾਵਾ, ਆਮ ਭਾਰਤੀ ਹਿੰਦੂ ਮੁਸਲਮਾਨੀ ਦੋਨੋਂ ਧਰਮ ਸੰਸਥਾਂਵਾਂ ਦਾ ਜਨਤਾ ਲਈ ਨਿਧੜਕ ਸ਼੍ਰੀ ਗੁਰੁ ਨਾਨਕ ਰੂੜੀ (universal) ਨਾਮ ਹੋ ਚੁਕਾ ਸੀ, ਜਿਸ ਕਾਰਣ ਸਰਵਭੌਮ ਜਗਤ ਗੁਰੂ ਪ੍ਰਸਿੱਧੀ ਪ੍ਰਾਪਤ ਹੋ ਚੁਕੀ ਸੀ॥ ਪਾਠਕ ਯਾਦ ਰੱਖਨ: ਅੱਜ ਤਕ ਭਾਰਤ'ਚ ਅਟੁਟ ਅਨਾਦਿ ਪੁਰਾਣੀ ਧਰਮ ਸੰਪ੍ਰਦਾਇ ਰੀਤ ਕੁਛ ਭ੍ਰਸ਼ਟ ਵੀ ਚਲੀ ਆ ਰਹੀ ਹੈ:

ਜਦ ਵੀ ਅਨੇਕ ਧਰਮੀ ਆਪਸ'ਚ ਮਿਲਦੇ ਹਨ ਜਾਂ ਕਿਸੇ ਸਾਧੂ, ਸੰਤ, ਮਹਾਤਮਾਂ, ਪੀਰ ਨੂੰ ਮਿਲਦੇ ਹਨ; ਪਹਿਲਾਂ ਆਪ ਹੀ ਆਪਣਾ ਨਾਮ, ਵੰਸ, ਪਿਤ੍ਰ ਵੰਸੀ ਧਰਮ ਸੰਪ੍ਰਦਾਇ ਆਦਿ ਦਾ ਪਤਾ ਆਪਹਿ ਦਿੰਦੇ ਹਨ। ਜਾਂ ਤਾਂ, ਜਿਸ ਵਿਅਕਤੀ ਨੂੰ ਮਿਲਨ ਆਏ ਹਨ: ਓਹੀ, ਉਸ/ਉਨ੍ਹਾਂ ਨੂੰ ਸਭ ਪੁਛਦਾ ਹੈ, ਜਥਾ: "ਥੋਡਾ ਧਰਮ, ਸੰਪ੍ਰਦਾਯ (ਸਿਲਸਿਲ੍ਹਾ: denomination ਪੂਜ (ਗੁਰੁ/ਪੀਰ) ਕੌਣ ਹੈ?" ਐਸੀ ਦੁਨੀਆ ਚਾਲ ਸਾਰੇ ਸ੍ਰੀ ਵਿਸ਼ੁਗੁਰੂਜੀਦੀ(ਅਖੰਡਿਤ) ਜਨਮ ਸਾਖੀ ਵਿੱਚ ਅਤੇ ਨੌ ਸ੍ਰੀਜਗਤਗੁਰੂ ਜੀਆਂ ਦੀਆਂ ਅਨੇਕ ਜਨਮ ਕਥਾਵਾਂ ਵਿੱਚ ਪ੍ਰਸਿਧ ਹਨ। ਐਸੀ ਰਵਾਯਤ ਹੋਣ ਤੇ ਵੀ: ਸਨਿਆਸੀਆਂ, ਸਿੱਧ--ਜੋਗੀਆਂ, ਵੈਸ਼ਣਵਾ, ਤਾਂਤ੍ਰਿਕਾਂ ਅਤੇ ਵਿਦੇਸ਼ੀ ਮੁਸਲਮਾਨਾਂ, ਇਸਾਈਆਂ, ਯਹੂਦੀ ਸੰਪ੍ਰਦਾਏ (denominations) ਆਦਿ ਦੁਨੀਆਂ 'ਚ ਪ੍ਰਤੱਖ ਸੰਬੋਧਨ ਰੀਤ ਅੱਜ ਤਕ ਚੱਲ ਰਹੀ ਹੈ ॥

ਪਰ"ਸ਼੍ਰੀ ਵਿਸ੍ਵਗੁਰੂ ਨਾਨਕ ਦੇਵਜੀ ਰੂੜੀ ਜਗਦਗੁਰੂ 35-40 ਬਰਸ ਉਦਾਸੀ (sojourns) ਦਿਗਵਿਜੈ ਕਾਲ ਕਾਰਣ ਦੱਖਣੀ ਜੰਬੂ ਦ੍ਵੀਪ (South Asia) ਪ੍ਰਸਿਧ ਦੋਨੋਂ ਆਸਤਿਕ:- ਸਿੱਧ-ਜੋਗੀ, ਸਨਿਆਸੀਆਂ, ਵੈਸ਼ਣਵਾਂ, ਤਾਂਤ੍ਰਿਕਾਂ; ਤੇ ਨਾਸਤਕ:- ਜੈਗਮ, ਸਰਾਵਗ/ਸਰੇਵੜੇ ਜੈਨ; ਮੁਸਲਮਾਨ ਆਦਿ, ਅਤੇ ਪੇਂਡੂ ਕਿਸਾਨਾਂ ਤੋਂ ਲੈ ਨਗਰ (ਸ਼ਹਰ) ਧਨਾਡ, ਜੌਹਰੀ-ਸ਼ਰਾਫ ਮਹਾਜਨਾਂ ਤੋਂ ਰਾਜੇ, ਸ਼ਾਹ, ਮੁਗ਼ਲ ਪਾਤਸ਼ਾਹ ਜ਼ਹੀਰ-ਉਦ ਦੀਨ ਮਹੁੰਮਦ ਬਾਬਰ (1483-1530) ਆਦਿ ਜੋ ਵੀ ਮਿਲੇ, ਆਪਦਾ ਜੋਤੀ ਸਰੂਪ ਹੋਣਾ ਤਸਲੀਮ ਕੀਤਾ॥ ਮੁਗ਼ਲ ਸ਼ਾਹਨਸ਼ਾਹ ਫਰਜ਼ੰਦ ਹੁਮਾਯੂੰ (1508-30-56)ਨੇ ਭੀ ਏਸੀ ਮਾਨਤਾ ਕਰਕੇ ਮਛੁਰ ਗ੍ਰੋਮ ਆਕੇ ਦਰਸ਼ਨ ਕੀਤਾ॥ ਪਰ ਆਪਣੀ ਗ਼ਲਤ ਹਕਕਤ ਕਾਰਨ ਵਰ-ਸਰਾਪ ਸਮੇ ਸਿਰ ਪੂਰੇ ਹੋਏ ॥ ਹਿੰਦੂ ਸਿੱਧ, ਜੋਗੀ, ਮੁਸਲਮਾਨ ਵਲੀ, ਜੈਮ, ਮੀਰਾਂ ਦੀਆਂ ਧਰਮ ਸਰਦਾਰੀਆਂ ਪ੍ਰਸਿਧੀ ਦੇ ਮੁਕਾਬਲੇ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਕਾਲ ਧਰਮ (Divine Ministry) ਸਮੇ ਸ੍ਰੀ ਗੁਰੂ ਨਾਨਕ ਦੇਵ ਜਗਦ-ਗੁਰੂ ਜੀ ਰੂੜੀ (universal) ਹੋਣ ਕਾਰਣ ਹੀ ਸ੍ਰੀਗੁਰੂ ਗ੍ਰੰਥਜੀ ਸਾਸਤ੍ਰੀਕ੍ਰਿਤ (canonized) ਕੀਤੇ ਗਏ ਸਨ ਜੋ ਜੀਵਨ ਲਿਖਿਆ ਹੈ: ਨਹੁ ਨੀਰਾਂਤੇ ਨਲਮਹਾਰ ਸਮਤ ਦੀਪ ਸਮੁਹ, ਸਮਤ ਸਾਤ ਗੁਰੂ ਸਚੀ ਸਮਾਰਿ ॥ ॥ "

Sri Satguru Jagjit Singh Ji eLibrary NamdhariElibrary@gmail.com

ਗ੍ਰੰਥ ਤਾਤਪਰਜ, ਪ੍ਰਯੋਜਨ, ਸਿਧਾਂਤ

ਚੌਥੇ ਸ਼੍ਰੀ ਜਗਦਗੁਰੂ ਰਾਮ ਦਾਸ ਜੀ ਦਾ ਹੁਕਮ ਹੈ:-

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ,ੳ.13

ਫੇਰ ਚੌਥੇ ਸ਼੍ਰੀ ਜਗਦਗੁਰੂ ਰਾਮ ਦਾਸ ਜੀ ਅਕਾਲ ਪੁਰਖੁ ਤੋਂ ਆਦਿ ਗੁਰਬਾਣੀ ਉਤਾਰ ਪਰਥਾਇ ਇਹ ਆਗਿਆ ਹੈ:-

ਪਹਿਲਾ ਆਗਮੁ(Inductively)ਨਿਗਮੁ (Deductively) ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ ॥ ਗੁਰਸਿਖਾ ਵਡਿਆਈ ਭਾਵੈ ਗੁਰਪੂਰੇ ਕੀ ਮਨਮੁਖਾ ਓਹ ਵੇਲਾ ਹਥਿ ਨ ਆਇਆਅ.13

ਇਨ੍ਹਾਂ ਸ਼੍ਰੀ ਜਗਦਗੁਰੂ ਬਾਣੀ (ਖੰਡਿਤ ਕੱਚੀ-ਪੱਕੀ ਜਨਮ ਸਾਖੀ ਅਧਾਰ ਪਰਥਾਇ ਨਹੀਂ) ਪਹਿਲੋ ਪਹਿਲ ਸ਼੍ਰੀ ਵਿਸ਼ੂਗੁਰੂ ਨਾਨਕ ਦੇਵ ਜੀ ਦੇ 500 ਵਰ੍ਹੇ ਗੰਢ ਯੋਜਨਾ ਲਈ ਵਿਚਾਰਿਆ ਕਿ ਸ਼੍ਰੀ ਵਿਸ਼ੂਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਮੂਲ ਮੰਤ੍ਰ ਤੇ ਸ਼੍ਰੀ ਜਪੁ ਨੀਸਾਣੁ, ਇਕਠੇ ਸ਼੍ਰੀ ਭਗਵਤ ਗੀਤਾ ਅਦ੍ਵੈਤ ਸਿੱਧਾਂਤ ਭਾਸ਼ (ਅਸਟਕ) ਸੰਗ੍ਰਹ ਤਰ੍ਹਾਂ ਕਰੀਏ; ਕਾਰਣ ਇਹ ਸ਼੍ਰੀ ਵਿਸ਼ੂਗੁਰੂਜੀ ਦੀਆਂ ਬਾਣੀਆਂ ਵਿੱਚੋਂ ਸਭਤੋਂ ਮਹੱਤ ਦੀ ਬਾਣੀ ਹੈ, ਬਿਨਾ ਹੀਲ ਹੁੱਜਤ ਸਭਨੂੰ ਮਾਨਜ ਹੋਵੇਗਾ ॥

ਬੇਸ਼ਕ ਸੰਗ੍ਰਹ ਕਰਤਾ ਨੇ ਪਹਿਲਾਂ ਸ਼੍ਰੀ ਜਪੁ ਨੀਸਾਣੁ ਗ੍ਰੰਥੀ ਨਿਗਮ-ਆਗਮ ਤਰਕ ਰਾਹੀਂ ਸੰਪੂਰਣ ਟੀਕਾ ਪਟਿਆਲਾ ਦਰਬਾਰ ਰਾਜਗੁਰੁ ਨਾਲ ਤੁਲਨਾਤਮਕ ਵੇਦ-ਕਤੇਬ ਸਿਧਾਂਤ ਅਨੁਸਾਰ ਲਿਖਿਆ ਸੀ ਪਰ, ਐਸੇ ਅਸਟਕ ਦੀ ਵਿਜੂੰਤ 500 ਬਰਸ ਭੇਟ ਵੇਲੇ ਸੁਝੀ, ਕਿ ਸਾਰੇ ਪੱਖ ਢੱਕੇ ਜਾਣ ਨਾਲ ਅਧਿਕ ਸ਼ਲਾਘਾ ਵਾਲੀ ਭੇਟ ਹੋਵੇਗੀ ਕਿਜੂੰ ਕਿ ਵਿਸ਼ੂਮੈ ਤੇ ਅੰਤਰ ਰਾਸ਼ਟਰੀ ਧਰਮ ਦੇ ਹਰ ਪਹਿਲੂ ਤੇ ਜ਼ੋਰਦਾਰ ਹੋਵੇਗਾ । ਕੇਵਲ ਭਾਰਤ ਦੇਸ਼ ਹੀ ਨਹੀਂ, ਪਰ ਸਾਂਝੇ ਜਗਦ ਪਧਰ ਉਤੇ ਤੁਲਨਾਤਮਕ ਵਿਸ਼ੂਧਰਮ ਅਧਿਜਾਯਨ ਵਿਚਾਰ(Comparative Systematic Study of World Religions) ਚਲੀ ਅਲੋਚਨਾਂ ਪੱਧਰ ਉਤੇ ਕੰਮ ਕੀਤਾ ਜਾਵੇ, ਉਤਮ ਹੋਵੇਗਾ॥ ਸਾਮ੍ਹਣੇ ਪਏ ਸ਼੍ਰੀ ਭਗਵਤ ਗੀਤਾ ਅਸਟਕ ਪ੍ਰੇਰਕ ਗ੍ਰੰਥ ਹੈ, ਜੋ ਸੌ ਸਾਲਾਂ ਤੋਂ ਸੁਭਫਲ ਦੁਨੀਆਂ ਲਈ ਦੇ ਰਿਹਾ ਹੈ, ਉਸੇ ਤਰ੍ਹਾਂ ਟੀਕਾ ਸੰਗ੍ਰਹ ਹੋਵੇ॥ ਐਸੇ ਮਹਾਨ ਅਧਿਆਤਮਕ ਵਿਸ਼ੈ ਸੰਬੰਧੀ ਹੋਰ ਵੀ ਬਹੁਤ ਵਿਚਾਰ ਆਏ ॥ ਇਹ ਪਰਮ ਸੱਤ ਹੈ, ਸ਼੍ਰੀ ਵਿਸ਼ੂਗੁਰੂ ਨਾਨਕ ਕਾਰਣ ਕਲਿਜੁਗੀ ਇਤਿਹਾਸ ਕਾਲ ਵਿੱਚ ਕੇਵਲ ਦੋ(2) ਹਿੰਦੂ ਅਤੇ ਇਸਲਾਮ ਧਰਮ ਹੀ ਮਨ,ਦੋਨੋਂ ਹੀ ਲਲਕਾਰੇ :-

ਬੇਦ[1] ਕਤੇਬ[2] ਕਰਹਿ ਕਹ ਬਪੁਰੇ, ਨਹ ਬੂਝਹਿ ਇਕ ਏਕਾ ॥ ੲ.13

ਜੋ ਆਦਿ 'ਚ ਨਿਗਮ ਆਗਮ ਤਰਕ ਪ੍ਰਗਟ ਸ਼੍ਰੀ ਜਪੁ ਨੀਸਾਣ ਗ੍ਰੰਥੀ ਮੁਕਾਬਲੇ ਕੋਈ ਹੋਰ ਪਰਿਪੂਰਿਤ ਸਿਧਾਂਤ ਸਿੱਧ ਨਹੀਂ ॥ ਇਸੇ ਕਾਰਣ ਸਭ ਤੋਂ ਪਹਿਲਾਂ ਤੀਜੇ ਸ਼੍ਰੀਜਗਦਗੁਰੂ ਅਮਰ ਦਾਸ ਜੀ ਨੇ ਸ਼੍ਰੀ ਜਪੁ ਨੀਸਾਣ ਗ੍ਰੰਥੀ ਨੂੰ ਸ਼੍ਰੀਗੁਰੁ ਦਰਸ਼ਨ ਸ਼ਾਸਤ੍ਰ ਸੰਬੋਧਨ ਕੀਤਾ, ਕਿਜੂੰ, ਉਸ ਵੇਲੇ ਸ਼ਸਤ੍ਰੀਕ੍ਰਿਤ ਸ਼੍ਰੀ ਜਗਦਗੁਰੂ ਗ੍ਰੰਥ ਨਹੀਂ ਸੀ; ਗੁਰੂ ਪ੍ਰਮਾਣ:- ਮ:3: ਹਰਿ ਦਰਸਨੁ

Sri Satguru Jagjit Singh Ji eLibrary NamdhariElibrary@gmail.com

ਪਾਵੈ ਵਡਭਾਗਿ॥ ਗੁਰਕੈ ਸਬਦਿ ਸਚੈ ਬੈਰਾਗਿ॥ ਖਟੁ ਦਰਸਨੁ ਵਰਤੈ ਵਰਤਾਰਾ॥ਗੁਰਕਾ ਦਰਸਨੁ[3] ਅਗਮ[4] ਅਪਾਰਾ॥ ਸ.11

ਇਹ ਗੁਰੁਗਮ ਸ਼ਬਦ ਆਧਾਰ ਸ਼੍ਰੀ ਵਿਸ਼ੁਗੁਰੂ ਗ੍ਰੰਥ ਜੀ ਅੰਦਰ ਸਾਰੇ ਗ੍ਰੰਥੀਆਂ 'ਚੋਂ ੧ਓ ਸਿੱਧਾਂਤ, ਹਾਥੀ ਦੇ ਪੈੜ 'ਚ ਸਾਰੇ ਜੰਤੂਆਂ ਦੀ ਪੈੜ ਸਮਾਨ ਦ੍ਰਿਸ਼ਟਾਂਤ ਅਨੁਸਾਰ ਸ਼੍ਰੀ ਜਪੁ ਨੀਸਾਣ ਨੌ ਰਤਨ ਸਟੀਕ ਟਿੱਪਣੀ ਸੰਗ੍ਰਹ ਗ੍ਰੰਥ ਪੰਜ ਸੌ ਸਾਲਾ ਜੈਂਤੀ ਸ਼੍ਰੀਗੁਰੁ ਦਰਸ਼ਨ ਸਿਧਾਂਤ ਭੇਟ ਕਰਨ ਨਾਲ ਉਘੜ, ਜਗਤ ਪ੍ਰਸਿੱਧੀ ਪ੍ਰਾਪਤ ਤੇ ਮਨੁਖ ਮਾਤ੍ਰ ਕਲਿਆਨਕਾਰੀ ਹੋਵੇਗਾ

ਇਹ ਕਾਰਜ ਪ੍ਰਰੰਭ ਕਰਣ ਵੇਲੇ ਹੋਰ ਕਈ ਅਲੋਚਨਾਤਮਕ ਵਿਚਾਰ ਉਠੇ, ਜਿਸ ਕਾਰਣ ਨੌ ਰਤਨ ਟੀਕੇ ਦੀ ਥਾਂ ਦਸ ਟੀਕੇ ਇਸ ਤਰ੍ਹਾਂ ਵਿਗਸੇ:-

1. ਪਹਿਲਾ, ਜੇ ਦੁਨੀਆਂ ਸਾਹਮਣੇ ਬਹੁਤੇ ਟੀਕੇ ਰਖੇ, ਕਿਤੇ ਇਹ ਨਾ ਹੋਵੇ, ਗੱਲ ਸੁਲਝੌਣ ਬਜਾਇ, ਬਹੁਤੇਆ ਕਾਰਣ ਉਲਝ ਜਾਇ ॥

2. ਦੂਜੇ, ਜੇ ਓਹ ਗੁਰਗਮ ਟਕਸਾਲ ਪਰਿਭਾਸ਼ਾ ਜਾਣੇ ਬਿਨਾ ਨਵੇਂ ਸਿੱਖ ਵਿਦ੍ਵਾਨ ਵਿਚਾਰ ਕਮੇਟੀ ਕੈਮ ਹੋਵੈ, ਜੇ ਸ਼੍ਰੀ ਜਪੁ ਨੀਸਾਣੁ ਧਰਮ ਦੇ ਚਾਰ ਬਾਣੀ ਪਦਾਰਥ (ਆਧਿਭੌਤਿਕ, ਆਧਿਦੇਵ, ਆਧਿਯੱਗ (ਜਪੁ,ਤੀਰਥਾਦਿ) ਤੇ ਅਧਿਆਤਮ ੧ਓ ਚ ਏਕੰਕਾਰ '1' ਲਕਸ਼ ਨਿਰਧਾਰਿਤ ਦਾ ਪ੍ਰਯਤਨ ਕਰਨ ਪਰ ਭੀ--ਓਨ੍ਹਾਂ'ਚ ਕਈ ਵਿਦ੍ਵਾਨ ਹੌਮੇ ਕਾਰਣ ਸ਼੍ਰੀ ਗੁਰੁਬਾਣੀ ਪ੍ਰਮਾਣਾਂ ਦੇ ਤਰਕ ਸਿੱਧ ਪ੍ਰਯਤਨਾ ਤੇ ਵੀ ਰੋਕ ਪੌਣ ਤੇ ਲਕ ਬੰਨ੍ਹ ਲੈਣ: ਸਾਡਾ ਕੰਮ ਕਰਨਾ ਬੇਅਰਥ ਹੈ। ਸ਼੍ਰੀ ਗੁਰੁਬਚਨ ਹੈ: ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ, ਤਾ ਮਨੁ ਬਿਰਥਾ ਜਾਇ[ੴ.14] ਜਿਸ ਕਰਕੇ ਐਸੀ ਯੋਜਨਾ ਸਿਰੇ ਨਹੀਂ ਚੜ੍ਹਨ ਦੇਣੀ।

3* ਤੀਜੇ, ਕਿਸੇ ਵਿਅਕਤੀ ਦੀ ਟੀਕਾ ਪੂਰਣ ਸ਼ੁਧ ਹੋਣਦਾ ਦਾਵਾ ਨਹੀਂ ਕਰ ਸਕਦੀ। ਕਿਸੇ ਨਾ ਕਿਸੇ ਵਿਸ਼ੈ ਉਤੇ ਮਤ ਭੇਦ ਹੋਣਾ ਜ਼ਰੂਰੀ ਹੈ। ਮਸਲਨ: ਇਸਦਾ ਸੰਖੇਪ ਵਿਚਾਰ ਹੈ:- ਫਰਜ਼ ਕਰੋ, ਕੁਛ ਪਲਾਂ ਲਈ ਮਨ ਲਈਏ ਪੂਰੀ ਪੰਗਤੀ "ਹੋਰਦਸੂਣੀਹੋਇ" ਦਾ

---

11. ਸ਼੍ਰੀਗੁਗ੍ਰੰਜੀ:ਓ.ਪੰ.759:3।ਅ'ਪੰ.304:1; ਨੋਟ:-ਰੂੜੀਬਾਣੀ ਤੇ ਸੰਸਕ੍ਰਿਤ ਅਣਜਾਣ ਨਿਗਮ-ਆਗਮ ਅਰਥ ਵੇਦ-ਪੁਰਾਣ ਕਰਦੇ ਰਹੇ:ਪਰ ਨਹੀਂ ਜਾਣਦੇ ਕਿਸੂੰ? ਵੇਦ ਅਰਥ ਗਿਆਨ ਤਰਕ ਨਿਰਭਰਹੈ।ਵੇਦ ਗਿਆਨ ਸਮਸ਼ਟੀ ਨਿਗਮ ਤਰਕ ਹੱਲਹੈ,ਤੇ ਸਿਮ੍ਰਿਤੀਆਦਿ ਵਿਜਸ਼ਟੀ ਆਗਮ ਤਰਕ ਹੱਲ ਨਿਰਭਰ ਹੈ॥ ਏ.ਪੰਨਾ. 360:19-॥ ਸ.1.ਸਾਮ ਵੇਦੀ ਛਾਂਦੋਗਯੁਪਨਿਸ਼ਦ:3।14।1 ਅਦ੍ਵੈਤ"ਸਰਵੰ ਖਲ੍ਵਿਦੰ ਬ੍ਰਹਮ..."ਆਦਿ॥ ਸ.2.ਕਤੇਬ-ਏ-ਜ਼ਬੂਰ:-Holy Bible.Old Testament MONO-PANTHEISM(੧ਓ ਏਕਤ੍ਵ ਭਾਉ)'s DOCTRINE(ਸਿਧਾਂਤ).***Isaiah***:XV:- 6.That they may know from the rising sun,and from the west,that there is none beside me.I am the LORD(YHWH/ YAHWEY),and there is none else. 7.I form the light, and create darkness: I make peace, and create evil:I the LORD (YAHWEY /Tetragrammation) do all these things."

3.ਖਟ ਦਰਸ਼ਨ ਸਿੱਧਾਂਤ ਇਕ ਦੇਸੀ ਹੌਣ ਕਾਰਣ 'ਸਰਵ ਪੱਖੀ ਸ਼੍ਰੀ ਗੁਰੁ ਦਰਸ਼ਨ'ਓਨ੍ਹਾਂ ਲਈਂ "ਅੱਗਮਜ਼" ਹੈ॥ 4.ਖਟ ਦਰਸ਼ਨ ਪ੍ਰਧਾਨ ਤੇ ਉਪ-ਸੰਪ੍ਰਦਾਇ ਸਿੱਧਾਂਤ"ਇਕ ਦੇਸ਼ੀ"ਕਾਰਣ ਓਨ੍ਹਾਂ ਲਈਂ"ਸਰੇ ਪੱਖੀ ਸ਼੍ਰੀਗੁਰੁ ਦਰਸ਼ਨ"ਅਪਾਰ"ਦੇਸ, ਕਾਲ, ਵਸਤੂ, ਕਾਰਣ-ਕਾਰਜ ਆਦਿ ਅੰਤ ਬਿਨਾ ਨਿੱਤ ਸੱਤ ਅਪਰੋਕਸ਼ ਪ੍ਰਤੱਖ ਅਨੁਭਵ ਹੈ ॥

Sri Satguru Jagjit Singh Ji eLibrary NamdhariElibrary@gmail.com

ਪਦ ਛੇਦ ਕਰਦੇ "ਦਸੂਣੀ" ਪਦ ਛੇਦ ਕਰਿਆ॥ ਤਾਂ ਫੇਰ "ਊਣੀ" ਪਦ ਦਾ "ਗੂਣੀ" ਅਰਥ ਕਿਵੇ ਹੋ ਸਕਦਾ ਹੈ? ਐਸਾ ਤਾਂ ਰੂੜੀ(ਪੰਜਾਬੀ, ਹਿੰਦੀ, ਸੰਸਕ੍ਰਿਤ) ਵਿਆਕਰਣ ਤੋਂ ਅਣਜਾਣ ਹੀ ਕਰ ਕਰਦਾ ਹੈ॥ ਪਰ ਕਰੀਬਨ "ਦਸੂਣੀ" ਸ਼ਬਦ ਆਮ ਤੌਰ ਤੇ ਨਵੇਂ ਪ੍ਰਚਾਰਕ/ਲੇਖਕ ਸਾਰੇ ਦੇਖੇ ਹਨ,ਇਸ ਨੂੰ ਸਮਸਤ ਪਦ ਮੰਨਕੇ, ਇਸ ਦਾ "ਦਸ ਗੁਣਾਂ" ਅਰਥ ਕਰਦੇ ਹਨ ॥ਪਰ, ਇਹ ਅਸਲ ਵਿੱਚ ਯੋਗਿਕ ਪਦ ਹੈ,ਤੇ ਪਦ ਛੇਦ "ਦਸ+ਊਣੀ" ਹੈ॥ ਜਦ ਓਨ੍ਹਾਂ ਨੂੰ ਪੁਛੋ; "ਪੌਣੇ" ਦਾ ਕੀ ਅਰਥ ਹੈ? ਉਤ੍ਰ ਮਿਲਦਾ ਹੈ,"ਇਕ ਪੌ ਘਟ"; ਐਥੇ ਅਰਥਕਾਰ, ਸੇਰ ਵਿੱਚ "ਪੌ ਗੁਣੀ=ਵੱਧ" ਅਰਥ ਕਿਉਂ ਨਹੀਂ ਕਰਦੇ? ਕਾਬਲੇ 'ਚ ਓਹ ਕੀ "ਊਨ ਤੀਸ=29", "ਊਨ ਤਾਲੀ=39", "ਊਨ ਸਠ=59" ਆਦਿ "ਇੱਕ ਨੁਕਤਾ ਘਟ" ਅਰਥ ਨਹੀਂ ਕਰਦੇ?॥ ਫੇਰ ਨਵੇਂ ਅਰਥਕਾਰ "ਚਾਰ ਜੁਗਾਂ ਦਾ ਦਸੂਣੀ" ਅਰਥ "ਚਾਰ ਜੁਗ ਊਣਾ", 40 ਜੁਗ ਕਿਸ ਵਿਆਕਰਣ ਵਿਧਾਨ ਨਾਲ ਕਰਦੇ ਹਨ? ਸੰਪੂਰਣ ਸ਼੍ਰੀ ਗੁਰੁਬਾਣੀ ਵਿੱਚ ਦਸੂਣੀ ਕੇਵਲ ਦੋ (2)ਵਾਰ ਪਦਛੇਦ ਕਰਤਾਵਾਂ ਬਣਿਆ ਦੇਖਦੇ ਹਾਂ॥ ਐਸਾ ਕੁਤਰਕ ਅਰਥ 4 ਗੁਣਾ 10= 40 ਜੁਗ ਕੋਈ ਵਿਆਕਰਣ ਵਿਧਾਨ ਨਾਲ ਬਣ ਸਕਦਾ ਹੈ? ਠੀਕ ਵਿਧਾਨ ਅਨੁਸਾਰ 4 ਗੁਣਾ 9= 36 ਜੁਗ ਅਰਥ ਹੈ॥

ਸ਼੍ਰੀ ਗੁਰੂਬਾਣੀ 'ਚ ਕਿਥੇ 40 ਜੁਗਾਂ ਦਾ ਸ਼ਬਦ ਪ੍ਰਮਾਣ ਹੈ, ਜਿਸ ਕਾਰਣ ਹੋਰ ਅਰਥ ਨਹੀ ਕਰਦੇ? ਜੇ ਪ੍ਰਮਾਣ ਹਨ, ਦਿਖਾਣ ॥ ਪਰ ਗੁਰਗਮ ਪ੍ਰਥਾ ਅਨੁਸਾਰ 36 ਜੁਗਾਂ ਦੇ ਅਨੇਕ ਪ੍ਰਮਾਣ ਸ਼੍ਰੀ ਗੁਰੂਬਾਣੀ 'ਚ ਹਨ,ਜਿਵੇਂ- ਜੁਗ-ਛਤੀਹ ਗੁਬਾਰੁ ਕਰਿ, ਵਰਤਿਆ ਸੁੰਨਾ-ਹਰਿ॥ ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ॥ ਬੈਠਾ ਤਾੜੀ ਲਾਇ[ਅ.9]; "ਛਤੀਹ-ਜੁਗ ਗੁਬਾਰੁ ਸਾ ਆਪੇ ਗਣਤ ਕੀਨੀ ॥ ਆਪੇ ਸ੍ਰਿਸਟਿ ਸਭ ਸਾਜੀਅਨੁ, ਆਪਿ ਮਤਿ ਦੀਨੀ"[ਵ.12] ਆਦਿ ॥ "ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ" ਪਉੜੀ ਦੇ ਪੰਜ ਪਦ ਛੇਦ ਨਮੂਨੇਆਂ ਦੇ ਪੰਜ ਅਰਥ ਟਿੱਪਣੀਕਾਰ ਦੇ ਨਿਰਮਲ ਸ਼੍ਰੀ ਮਹੰਤ ਸੰਤ ਪੰ.(ਪੰਡਿਤ) ਤਾਰਾ ਸਿੰਘ ਨਿਰੋਤਮ ਦੀ ਛੇਵੀਂ(6) ਪੌੜੀ ਟੀਕਾ-ਟਿੱਪਣੀ ਪਾਠਕ ਜ਼ਰੂਰ ਵਿਚਾਰ ਲੈਣ,ਉਸ 'ਚ ਕਈ ਪਦ ਛੇਦ ਬਣਦੇ ਹਨ:-"ਹੋ ਰਦ ਸੂਣੀ, ਹੋਰ ਦਸੂਣੀ। ਹੋਰਦ ਸੂਣੀ। ਹੋਰ ਦ ਸੂਣੀ" ਆਦਿ ਰੂਪ ਰੂੜੀ ਬਾਣੀ ਦੇ ਬਣਦੇ ਹਨ ॥

4. ਚੌਥੇ, ਇਹੋ ਜਿਹੇ ਨਵੇਂ ਸਿੱਖੀ ਦੇ ਵਿਦ੍ਵਾਨ ਇਸ ਸੰਗ੍ਰਹੈ 'ਚ ਦੋਸ਼ ਕਢ ਸਕਦੇ ਹਾਂ, ਸਭ ਤੋਂ ਪਹਿਲਾ ਜਪੁਜੀ ਟੀਕਾ ਮਿਹਰਬਾਨ ਸੋਢੀ ਕੀਤਾ, ਜੋ ਕਿਸੇ ਹਾਲਤ ਸਭਤੋਂ ਪੁਰਾਣੇ ਤਾਰੀਖੀ ਕਾਰਣ ਨਹੀਂ ਛਡਿਆ ਜਾ ਸਕਦਾ, ਓਹ ਕਿਵੇਂ ਰਹਿ ਸਕਦਾ ਹੈ? ਵਿਚਾਰ ਕੀਤਾ।

5. ਪੰਜਵੀਂ ਸਮਸਿਆ: ਜੇ ਜਨਤਾ ਸਾਹਮਣੇ ਇਕ ਟੀਕੇ ਬਿਨਾ ਹੋਰ ਕੋਈ ਟੀਕੇ ਲਿਖਤੀ, ਛਪੇ ਨਾ ਹੁੰਦੇ: ਫੇਰ, ਇਕੋ ਟੀਕੇ ਕਾਰਣ ਇਹ ਯੋਜਨਾ ਹੀ ਨਾ ਹੁੰਦੀ ॥ ਪਰ ਜਦ ਪੌਣੇ ਦੋ-ਸੌ(170-180) ਟੀਕੇ ਸਾਮ੍ਹਣੇ ਹੋਣ, ਓਨ੍ਹਾਂ ਦੀ ਛਾਨ ਬੀਨ ਤੇ 'ਤੱਤ' ਕਢੀ ਆਲੋਚਨਾ ਵਿਦ੍ਵਾਨਾਂ ਅਗੇ ਧਰਣੀ ਜ਼ਰੂਰੀ ਬਣਦੀ ਹੈ ਕਿ ਸਭ ਤੁਲਨਾਤਮਕ ਵਿਚਾਰ ਰਾਹੀ ਨਿਸਕਰਸ਼ "ਏਕਤ੍ਵਤਾ '1' ਇੱਕ ਦਾ ਸਿਧਾਂਤ" ਹੈ, ਜਾਂ "ਅਨੇਕਤ੍ਵ-ਦੂਜਾ ਭਾਉ" ਦਾ ਸਿਧਾਂਤ ਹੈ? ਐਸੇ ਵਿਸ਼ਲੇਸ਼ਨ ਦੀ ਅਤਿ ਲੋੜ ਹੈ॥ ਉਸ ਸਿਧਾਂਤ ਵਿੱਚ ਕੇਹੜੇ

12. ਪੁਨ੍ਹੈ. ਉ. ਪੰ. 560:12; ਅ.ਪੰਨੇ.555:17-19; ਵ.ਪੰ.949:15; 1061:15; 1282:19। ਆਦਿ॥

Sri Satguru Jagjit Singh Ji eLibrary NamdhariElibrary@gmail.com

ਏਕਤਾ ਅਨੇਕਤਾ ਦੇ ਮੁੱਖਜ, ਗੌਣ ਪ੍ਰਸਿੱਧ ਭਾਰਤੀ-ਸਾਮੀ ਧਰਮ ਸੰਪ੍ਰਦਾਇ ਉਪਜੇ ਸਨ? ਐਸੇ ਭਾਵਨਾਵਾਂ ਦੀਆਂ ਤੁਲਨਾ(systematic comparative doctrine) ਕ੍ਰਮ ਵਿਧੀ ਸਿਧਾਂਤਾਦਿ ਦੀਆਂ "ਵਿਧੀ-ਨਿਖੇਦ" ਭਾਵਾਰਥ ਨਿਸਕਰਸ਼ ਕਢੀ ਸ਼ੈਲੀਆਂ ਇੱਕ ਧਰੁਵੇ/ਨੁਕਤੇ ਤਰਕ ਰਾਹੀ ਦਸੋ ਸ਼੍ਰੀ ਵਿਸ਼੍ਵਗੁਰੂ ਜੀਆਂ ਦੇ ਸਿਧਾਂਤ ਦੀ ਨਿਸ਼ਠਾ ਸਿੱਧੀ ਕੀ ਹੁੰਦੀ ਹੈ ॥ ਇਕੋ "ਦਿਵਜਾਤਮਾ" ਸ਼੍ਰੀ ਵਿਸ਼੍ਵ ਗੁਰੂਜੀਆਂ 225 ਬਰਸ ਧਰਮ ਰਾਜ ਕਾਲਾਂ 'ਚ, ਸ਼੍ਰੀ ਜਗਦਗੁਰੂ ਗ੍ਰੰਥ ਸਾਹਿਬ ਤਕ ਟਕਸਾਲੀ ਗੁਰੁਗਮ[ਓ.15] ਸੰਚਲਿਤ ਦਸ ਦਿਗਵਿਜੈ ਚਰਚਾ ਕਾਲ ਦਾ ਵਰਣਨ ਬਹੁਤ ਜ਼ਰੂਰੀ ਹੈ, ਉਹ ਕਾਲ ਇਤਿਹਾਸਿਕ ਵੰਡ ਇਸ ਤਰ੍ਹਾਂ ਹੈ:-

ੳ. ਆਦਿ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਨੇ ਰਾਜ ਜੋਗ ਧਰਮ ਪ੍ਰਚਾਰ ਲਈ ਆਪਣੀ ਲਿਖਤੀ ਕਿਤਾਬ[ਅ.13]/ਪੋਥੀ ਸਦਾ ਰਖਦੇ, ਲਿਖੀ। ਉਸ ਵਿੱਚੋਂ ਪਹਿਲਾਂ ਅਪਣੀ ਛਾਂਟਕੇ ਗੁਟਕੇ ਲਿਖਵਾਏ ਤੇ ਆਪਣੇ ਥਾਪੇ 8 ਮੰਜੀਆਂ ਦੇ ਮੰਜੀਦਾਰਾਂ ਨੂੰ ਪ੍ਰਚਾਰਾਰਥ ਵੰਡੇ ॥

ਅ. ਪਹਿਲੇ ਤੋਂ ਪੰਚਮ ਸ਼੍ਰੀਜਗਦਗੁਰੂਆਂ ਰਾਜ ਜੋਗ ਸ੍ਵਧਰਮ ਵਿਕਸਤ ਲਈ "ਗੁਰੁਮਖੀ ਲਿਪੀ" ਪੋਥੀ ਆਪ ਲਿਖੀ॥ ਜਿਉਂ ਜਿਉਂ ਸਮੇ ਸਮੇ ਬ੍ਰਹਮੀ ਆਕਾਸ਼ ਬਾਣੀ ਆਂਦੀ ਰਹੀ ਕਿਤਾਬ/ਪੋਥੀ 'ਚ ਲਿਖਦੇ ਰਹੇ ॥ ਦੂਜੇ ਸ਼੍ਰੀ ਸਤਿ ਜਗਦਗੁਰੂ ਜੀ "ਗੁਰਮੁਖੀ 'ਚ ਜਨਮ ਸਾਖੀ" ਲਿਖਵਾਈ॥ਉਸੇ ਤਰ੍ਹਾ ਓਨ੍ਹਾਂ ਉਪਰ ਵੀ ਉਤਰਦੀ ਰਹੀ॥ ਤੀਜੇ ਸ਼੍ਰੀ ਜਗਦਗੁਰੂ ਜੀਦੇ ਵੀ ਚੱਲੀ ਤੇ ਪੱਕੀ ਬਾਣੀ ਪ੍ਰਚਾਰ ਲਈ ਪਹਿਲਾਂ 8 ਮੰਜੀਆਂ ਥਾਪੀਆਂ। ਫੇਰ ਆਪਨੇ 8 ਮੰਜੀਆਂ ਵਧਾਕੇ 22 ਮੰਜੀਆਂ, 52/72 ਪੀੜ੍ਹੇ, 55 ਮਸੰਦ, 4 ਸੰਗਤਾਂ ਦਾ ਮਹਾਂਜਾਲ ਵਿਕਾਸ ਪੰਜ ਪੀੜ੍ਹੀਆਂ ਉਸੇ ਤਰ੍ਹਾਂ ਗੁਰੂ ਪੰਥ ਪ੍ਰਚਾਰਕਾਂ ਲਈ ਗੁਟਕੇ, ਪੰਜ ਗ੍ਰੰਥੀਆਂ ਰਾਹੀਂ ਸਹੀ ਗਿਆਨ ਪ੍ਰਚਾਰ ਕੀਤਾ ਤੇ ਕੱਚੀ ਬਾਣੀ ਦੀ ਬੰਦੀ ਦਾ ਹੁਕਮ ਦਿਤਾ ਜਿਸ ਨੂੰ ਸੁਣਕੇ ਵੇਦ (ਸਿਮ੍ਰਿਤੀ,ਪੁਰਾਣ,ਤੰਤ੍ਰ ਖਟ--ਦਰਸ਼ਨ)-ਕਤੇਬ (ਸੂਫੀ) ਖਟ ਦਰਸ਼ਨ ਸੰਪ੍ਰਦਾਇਆਂ ਨੇ ਭਾਰਤ ਵਰਸ਼ ਵਿੱਚ ਸਭ ਨੇ ਢੋਆ ਲਿਤਾ ਤੇ ਰਾਜ-ਜੋਗ ਸਮਨ੍ਵੈ ਕਾਲ ਹੋਇਆ ॥

ੲ. ਪਹਿਲੇ ਤੋਂ ਪੰਚਮ ਸ਼੍ਰੀਗੁਰੂ ਰਾਜ ਜੋਗ ਪ੍ਰਚਾਰ ਲਈ ਪੱਕੀ ਬਾਣੀ "ਪੋਥੀ ਦਾ ਸ਼ਾਸਤ੍ਰੀਕਰਣ ਕਰ" ਥਾਪ ਕਚੀ ਬਾਣੀ ਬੰਦ ਕੀਤੀ ॥

ਸ. ਛੇਵੇਂ (6) ਤੋਂ ਨੌਵੇਂ(9) ਸ਼੍ਰੀਜਗਦਗੁਰੂਆਂ ਨੇ ਰਾਜ-ਜੋਗ: ਵੇਦ-ਕਤੇਬ ਸਮਨ੍ਵੈ ਜਾਰੀ ਰਖਿਆ, ਤੇ ਅਕਾਲ ਤਖਤ (ਨਿਰਮਲ/ ਖਾਲਸਾ)[ਏ] ਧਰਮ ਰਖਿਆ ਲਈ 2,200ਦੀ ਛੌਣੀ (ਅਕਸ਼ੌਣੀ, ਸੇਨਾ: **ਅਖੌਣੀ ਸੇਨਾ**) ਤੇ ਉਦਾਸੀ 4 ਧੂਣੇ+ 6 ਬਖਸ਼ਸ਼(10+ਸੇਵਾ ਪੰਥੀ) ਸੰਪ੍ਰਦਾਇ ਥਾਪ ਪ੍ਰਚਾਰ ਜਾਲ ਵਧਾਇਆ,ਜੋ ਮੋਗ਼ਲ ਸਲਤਨਤ ਔਰੰਗਜ਼ੇਬ ਰਾਜ 'ਚ ਭਾਰਤੀ ਸੰਸਕ੍ਰਿਤੀ ਸੁਰਖਿਆ (deffence) ਵਿਕਾਸ ਦਾ ਸ਼ਹੀਦੀ ਕਾਲ ਸੀ ॥

ਹ. ਅੰਤਲੇ ਦੇਹਧਾਰੀ ਦਸ਼ਮ(10)ਸ਼੍ਰੀਜਗਦਗੁਰੂ ਗੋਬਿੰਦ ਰਾਇ/ਸਿੰਘ ਦੇ ਰਾਜ-ਜੋਗ ਵੇਲੇ ਵੇਦ-ਕਤੇਬ ਸਮਨ੍ਵੈ ਧਰਮ ਜਾਰੀ ਰਹਿਆ: ਘਰੇਲੂ-ਛੌਣੀ (Home Front) ਤੇ ਮੈਦਾਨੀ

---

13. ਪੁਨ੍ਹੈ. ਓ. ਪੁਨ੍ਹੈ.ਓ. ਦੇਖੋ "ਸ੍ਰੀ ਗੁਰੂ ਕਾਸ਼ੀ ਵਿਦਿਆ ਪੀਠ"।ਅ. ਭਾਈ ਗੁਰੂ ਦਾਸ ਡੱਲਾ ਵਾਰ:1132|2; 1133|3॥ ਦੇਖੋ,'ਮਾਲਾ-ਪੋਥੀ' **ਛੌਣੀ** ਸਾਹਿਬਜ਼ਾਦਾ ਪ੍ਰਿਥੀ ਚੰਦ **ਮੀਣਾ** ਪ੍ਰਸੰਗ ਤੇ ਟਿੱਪਣੀ ਦੇਖੋ ॥

Sri Satguru Jagjit Singh Ji eLibrary NamdhariElibrary@gmail.com

ਜੁਧ-ਛੌਣੀ (War Front/अक्षौणी ਸੈਨਾ/ਫੌਜ) ਗਿਆਨੀ (Chaplain) ਕਾਲ ਸੀ।[14]

1. ਉੜ ਭਾਰਤ ਦੇਸ਼ ਕਾਲ:-

ੳ. ਅੰਤਲੇ ਮਨੁਖ ਦੇਹੀ ਦਸ਼ਮ (10) ਸ਼੍ਰੀਜਗਦਗੁਰੂ ਗੋਬਿੰਦ ਸਿੰਘ ਪਿਛੋਂ ਅਟੱਲ ਸ਼੍ਰੀਜਗਦਗੁਰੂਗ੍ਰੰਥ ਜੀ ਚਲਦਾ ਹੈ ਧਰਮ-ਰਾਜ ਜੋਗ ਕਾਲ ॥ ਇਸ ਸਮੇ ਦੋਨੋਂ ਸਹਿਜ ਜੋਗੀ ਨਿਰਮਲੇ ਸੰਤ-ਗਿਆਨੀ[15] ਪ੍ਰਚਾਰਕ ਨੇ ਸਾਰੇ ਦੂਜੇ-ਭਾਉ/ਦ੍ਵੈਤ ਵਾਦੀ ਬੇਦ-ਕਤਬੀ

14. *ਖਾਲਸਾ 6ਵੇਂ ਗੁਰੂਜੀ ਤੋਂ ਆਰੰਭ ਹੋਯਾ: ਡਾ.ਗੰਡਾ ਸਿੰਘ ਪੰ.ਯੂ. ਹੁਕਮ ਨਾਮੇ:ਨੰ:6ਗੁਰੂ.3।9ਵੇਂ ਗੁਰੂ.8।10 ਵੇਂ ਸ਼੍ਰੀ ਗੁਰੂ.ਖੜਗਾਮ੍ਰਿਤ ਪਹਿਲਾਂ:46, ਖਵਗ- ਅੰਮ੍ਰਿਤ ਪਿਛੋਂ: 49,*54:ਭਾਈ ਮਿਹਰ ਚੰਦ ਪੇਸ਼ਕਾਰ ਖੁਫੀਏ ਨਵੀਸ ਕਾ ਮੇਰਾ "ਖਾਲਸਾਹੈ"...,*55.ਭਾਈ ਮਿਹਰ ਚੰਦ ਧਰਮ ਚੰਦ ਕਰਮ ਚੰਦ...ਤੁਸੀ ਮੇਰਾ "ਖਾਲਸਾ ਹੋ..." ਆਦਿ ਅਨੇਕ ਹਨ॥

ਨੋਟ:-ਸੰਸਕ੍ਰਿਤ "ਨਿਰਮਲ" ਅਤੇ ਅਰਬੀ "ਖਾਲਿਸ" ਇਕੋ ਅਰਥਕ ਹਨ॥ ਇਹ ਫਰਕ ਈਸ੍ਵੀ 1915-25 ਤੋਂ ਅੰਗ੍ਰੇਜ਼ਾਂ ਸਾਮੀ ਇਸਾਈ ਧਰਮ ਤਰ੍ਹਾਂ ਗੁਰੂ ਸਿੱਖ ਤੇ ਉਦਾਸੀ, ਵਿਸ਼ੇਸ ਕਰ ਨਿਰਮਲੇ-ਸੰਤ-ਸਿੰਘਾਂ ਦੇ ਡੇਰੇ, ਜੋ ਪਹਿਲਾਂ ਬਣੇ ਗੁਰੁਦ੍ਵਾਰੇਆਂ ਦੇ ਲਕਸ਼ ਸਨ ਃ ਸ਼੍ਰੀਗੁਰੂ ਸਿੰਘਾਂ ਦੀ ਪੜ੍ਹਾਈ ਨੇਃ ਛੌਣੀ/ਫੌਜੀ ਸ਼ਸਤ੍ਰਾਂ ਦੇ ਅਭਿਜਾਸ,ਲੰਗਰ ਯੋਜਨਾ ਆਦਿ ਰੂਪ ਨਹੀਂ ਰਹੇ* ਬਲਕੇ ਜਿਨ੍ਹਾਂ ਲਕਸ਼ਾਂ ਕਰਕੇ ਸੰਨਿਆਸੀ, ਬੈਰਾਗੀ, ਮੁਸਲਮ ਖਾਨਗਾਹਾਂ ਦੇ ਲਕਸ਼ਾਂ ਮੁਕਾਬਲੇ ਃ ਗੁਰੂ-ਸਿੱਖ ਸੰਤਾਂ ਦੇ ਡੇਰੇ, ਗੁਰੁਦ੍ਵਾਰੇ ਬਣਾ ਕੇ ਪੁਰਾਣੇ ਗੁਰੂ-ਸਿੱਖ ਰਹੀਸਾਂ ਨੇ ਸਾਥ ਜਾਗੀਰਾਂ ਲਾਈਆਂ ਸਨ, ਕਿ ਓਹ ਸਦਾ ਚਲਦੇ ਰਹਿਣਗੇ॥ ਹੁਣ ਓਹ ਲਕਸ਼ ਰਹੀ ਹੀ ਨਹੀਂ॥ ਬਲਕਿ; ਹੁਣ "ਦੂਜਾਭਾਉ ਦੁਰ-ਉਪਯੋਗ"ਕੂਟਲ ਰਾਜ ਨੀਤੀ,ਕਮਾਈ ਘਰ ਕਰ ਗਈ ਹੈ। ਇਹ ਭਾਰਤੀ ਪੰਜਾਬ'ਚ ਹੀ ਨਹੀ--ਦੁਨੀਆਂ ਭਰ ਗੁਰਦ੍ਵਾਰੇਆਂ'ਚ ਫੈਲ ਰਹਾ ਹੈ॥

15. ਨੋਟ:-ਸ਼੍ਰੀ ਗੁਰੂ ਤੀਰਥ ਸੰਗ੍ਰੈਹ ਪਥਰ ਛਾਪ ਈਸ੍ਵੀ 1881 ਪੰਨੇਆਂ 228, 297 ਤੇ ਦਸਿਆ ਕੇ ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀ ਨੇ ਨਿਰਮਲੇ ਸੰਤਾਂ ਨੂੰ ਹੁਕਮ ਸ਼੍ਰੀ ਗੁਰੂ ਕਾਸ਼ੀ ਦਮਦਮੇ ਸਾਹਿਬ ਸ਼੍ਰੀ ਗ੍ਰੰਥ ਜੀ ਦੀ(ਪਿਛੇ ਟਿੱਕੀ) ਸੰਪੂਰਣ ਬੀੜ ਸ਼੍ਰੀ ਗੁਰੂ ਬਾਣੀ ਸੰਬੰਧਿਤ ਹੁਕਮ ਦਿਤਾ:- ਕਿ ਦੋਨੋਂ ਸਹਿਜ ਜ਼ਿੰਦਗੀ ਗੁਰੂਸਿਖਾਂ ਨੂੰ ਨਿਰਮਲੇ ਸੰਤ(ਫਿਰਦੇ ਪ੍ਰਚਾਰਕ ਅਨਬਿਆਹੇ)ਵਿਸਤ੍ਰਿਤ ਤੁਲਨਾਤਮਕ ਸੰਪੂਰਣ ਸ਼੍ਰੀਗੁਰੂ ਬਾਣੀ ਦਾ ਬੇਦ-ਕਤੇਬ ਧਰਮ ਪ੍ਰਥਾਇ ਅਨੁਸਾਰ ਕ੍ਰਮ ਵਿਧਿ ਦਾ ਤਿਨ ਸ਼੍ਰੇਣੀਆਂ 'ਚ 1.ਬੁਧੀਮਾਨੀ, 2. ਵਿਦਵਾਨੀ ਤੇ 3. ਗਿਆਨੀ ਨਿਚੇ-ਉਪਰ ਸ਼ਰੈਣੀਆਂ ਵਿੱਚ "ਬ੍ਰਹਮ ਗਿਆਨ"ਪੜ੍ਹਾਨ। ਅਤੇ ਕੇਵਲ ਗੁਰੂ-ਫੌਜ ਲਈਂ ਪਰਥਾਇਆਂ ਅਨੁਸਾਰ ਸ਼੍ਰੀਗੁਰੂ ਬਾਣੀ ਦਾ ਉਸਟ ਤਰ੍ਹਾਂ "ਕ੍ਰਮ ਵਿਧਿੰ" ਤਿਨ ਸ਼ਰੇਣੀਆਂ: 1.ਬੁਧੀਮਾਨੀ, 2. ਵਿਦਵਾਨੀ ਤੇ 3. ਗਿਆਨੀ ਵਿਦਿਆ ਸਖਾਈ ਦੀ ਮਰਜਾਦਾ ਰਹੀ॥

ਬੰਗਾਲ ਮਗਰੋਂ ਅੰਗ੍ਰੇਜ਼ਾਂ ਲਈਂ ਪੰਜਾਬ (ਦਿੱਲੀ ਤੋਂ ਅਫ਼ਗਾਨਿਸਤਾਨ ਹੱਦ ਤਕ) ਬਹੁਤ ਅਹਮੀਅਤ ਰਖਦਾ ਸੀ॥ ਪਰ ਇਕੋ ਇਕ ਮੁਫਤ ਰਿਹਾਇਸ਼, ਪੜਾਈ ਮਹੇਂਦ੍ਰ ਕਾਲਿਜ, ਪਟਿਆਲੇ ਰਾਜਵਾੜੇ ਦਾ ਉੱਤਰ ਭਾਰਤ'ਚ ਸੀ ਜਿਸ ਦਾ ਸਿਧਾ ਸੰਬੰਦ ਕਲਕਤਾ ਮੈਟ੍ਰੋਪੋਲਿਟਨ ਯੂਨੀਵਰਸਟੀ ਨਾਲ ਸੀ ਕਿਉਂਕਿ ਚਿਕਾ ਕੋਈ ਨਹੀਂ ਸੀ॥

ਸੰਨ 1884'ਚ ਅੰਗ੍ਰੇਜ਼ੀ ਪੰਜਾਬ ਰਾਜਧਾਨੀ(ਦਾਰੁਖਿਲਾਫਾ)ਲਾਹੌਰ ਵਿੱਚ ਪੰਜਾਬ ਯੂਨਵਿਰਸਟੀ ਦੀ ਨੀਵ ਧਰੀ॥ 1889-90'ਚ ਅੰਗ੍ਰੇਜ਼ ਸਿਲਿਬੁਸ ਕਮੇਟੀ ਨੇ ਤਿਨ ਪੰਜਾਬ ਮੁੱਖ ਧਰਮ ਜਾਣ ਕਿ, ਤਿਨ੍ਹਾਂ ਦੇ ਪ੍ਰਸਿਧ
1. ਵਿਦਵਾਨ ਨਿਮੰਤ੍ਰਿਤ ਰਾਯਾਂ ਲਈਂ ਕੀਤੇ; ਤੇ ਤਿਨੋਂ ਧਰਮ ਸਿਖਾਣ ਕੋਰਸ ਭਾਖਾ ਅਨੁਸਾਰ ਨਿਜੁਕਤ ਕੀਤੇ:-
ਹਿੰਦੂਆਂ ਦੇ ਦੋ ਭਾਗ ਕੋਰਸ: ਸੰਸਕ੍ਰਿਤ: 1. ਪ੍ਰਾਗਜ, 2. ਵਿਸ਼ਾਰਦ, 3. ਸ਼ਾਸਤ੍ਰੀ ; ਹਿੰਦੀ: 1. ਰਤਨ,
2. ਭੂਸ਼ਨ, 3. ਪ੍ਰਭਾਕਰ॥
3. ਮੁਸਲਮਾਨਾਂ ਦੇ ਦੋ ਭਾਗ ਕੋਰਸ: ਫਾਰਸੀ(ਅਰਬੀ): 1. ਆਲਮ, 2. ਫਾਜ਼ਲ, 3.ਆਲਮ-ਫਾਜ਼ਲ॥
ਪਟਿਆਲੇ ਦੇ ਹਾਜ਼ਿਰ ਨਿਰਮਲ ਸੰਤ ਤਾਰਾ ਸਿੰਘ'ਨਰੋਤਮ'ਪੱਥਰ ਛਪ 1881 ਗ੍ਰੰਥਾਂ ਅਨੁਸਾਰ ਗੁਰੂ-ਸਿੱਖਾਂ ਲਈਂ ਸ਼੍ਰੀਗੁਰੂ ਗ੍ਰੰਥ ਸਾਹਿਬਦੇ ਪੂਰਣ ਵਿਦ੍ਵਾਨ ਬਨਾਣ ਲਈਂ ਇਕ ਭਾਗ ਕੋਰਸ:- ਪੰਜਾਬੀ: 1. ਬੁਧੀਮਾਨੀ,
2. ਵਿਦਵਾਨੀ, ਤੇ 3.ਗਿਆਨੀ॥
ਈਸ੍ਵੀ 1932-35 ਪਿਛੋਂ ਪੰਜਾਬ ਯੂਨੀਵਰਸਟੀ, ਲਾਹੌਰ ਨੇ ਵਲੈਤ ਲੰਡਨ ਇਲਾਨ "ਧਰਮ ਵੰਡ ਸੰਵਿਧਾਨ" (Communal Award Act 1932) ਭਾਰਤ 'ਚ ਆਪਣੀ ਰਾਜ "ਫਾੜ" ਨੀਤੀ ਨਾਲ "ਧਰਮ ਫਾੜ,ਅੰਦਰ ਸੰਪ੍ਰਦਾਇ ਵਿਤਕਰਾ ਪੈਦਾ ਨੀਤੀ" ਥਾਪ ਕੇ ਅਮਲੀ ਰੂਪ ਵਿੱਚ ਜਾਰੀ ਕੀਤੀ, ਓਹਦਾ ਨਤੀਜਾ: ਇਕੋ ਅੰਗ੍ਰੇਜ਼ ਹਕੂਮਤ ਜੋ "ਅਰਬ ਅਦਨ ਤੋਂ ਸਿੰਘਾਂਪੁਰ" ਤਕ ਸੀ:1. ਪਾਕਿਸਤਾਨ, 2.ਹਿੰਦੁਸਤਾਨ, 3.ਬੰਗਲਾਦੇਸ਼, 4.ਲੰਕਾ, 5.ਬਰਮਾ ਆਦਿ ਰਾਜ ਬਣ ਗਏ॥
ਈਸ੍ਵੀ 1932 ਪਿਛੋਂ ਪੰਜਾਬ ਯੂਨੀਵਰਸਟੀ, ਲਾਹੌਰ ਨੇ ਵੀ ਅਸਲ ਧਰਮ ਸਿਖਾਣਾ ਬੰਦ ਕਰ ਦਿਤਾ। ਪਰ ਉਸ ਸਮੇ ਤੋਂ ਤਿਨੋਂ ਭਾਖਾਵਾਂ: 1.ਸੰਸਕ੍ਰਿਤ, ਹਿੰਦੀ, 2.ਉਰਦੂ,ਫਾਰਸੀ ਤੇ 3. ਗੁਰਮੁਖੀ ਨੂੰ ਬਦਲਕੇ ਪੰਜਾਬੀ ਕਲੀਆਂ ਦੇ ਪੁਰਾਣੇ-ਨਮੇ ਸਾਹਿਤ (language literature) ਉਤਲੇ ਧੋਖੇਦਾਰ ਨਾਮ ਰਹਿਣ ਦਿੱਤੇ॥
ਜਿਸਦਾ ਨਤੀਜਾ ਅੱਜ ਇਸ ਗਲ ਅਣਜਾਣ ਭੋਲੇ ਗੁਰੁਸਿੱਖ ਕੁਰਾਹੇ ਪੈ, ਅਪਣੀ ਪੂਜ ਸ਼੍ਰੀ ਗੁਰੁਬਾਣੀ ਦਾ ਸ਼੍ਰੀ ਭਗਤ ਕਬੀਰ ਬਚਨ"ਭਗਤਿ-ਨਾਰਦੀ ਰਿਦੈ ਨ ਆਈ, ਕਾਛਿ ਕੂਛਿ ਤਨੁ ਦੀਨਾ"(ਪੰ.543:18) ਅਰਥਾਤ 'ਹੁਣ ਦਾ ਕੁਛ ਸਮਝਦੇ ਹਨ'। ਹੋਰ ਕੀ ਕਹੇ? ਚੰਗਾ ਹੋਵੇ, ਗਿਆਨੀ ਬਜਾਏ, ਪੰਜਾਬੀ ਬੀ.ਏ. ਹੋਨਰਜ਼ ਕਹੀਂਦਾ ਜਿਸ ਕਰਕੇ ਅਸਲ ਗੁਰੁਗਮ 17 ਟਕਸਾਲੀਆਂ ਤੋ ਅੱਡ ਦਿਖਦੇ - ਅਤੇ ਅਸਲ ਗਿਆਨੀ ਸੰਪ੍ਰਦਾਈ ਬਦਨਾਮ ਨਾ ਹੁੰਦੀ॥

Sri Satguru Jagjit Singh Ji eLibrary NamdhariElibrary@gmail.com

ਖਟ-ਦਰਸ਼ਨੀਆਂ ਨਾਲ ਰਾਜ ਜੋਗ ਦੇ ਉਨੀਵੀਂ ਸਦੀ ਆਦ ਤਕ ਦਿਗਵਿਜੈ ਮੁੱਖ ਦੋ ਦੇਸੀ-ਵਿਦੇਸੀ ਕਾਲ ਦੇ ਸਨ॥ ਭਾਵ ਸ਼੍ਰੀਜਗਦਗੁਰੂ ਗ੍ਰੰਥ ਸਾਹਿਬ ਰਾਜ ਜੋਗ ਸਿਧਾਂਤ ਉਤ੍ਰ ਭਾਰਤੀ ਸਨਾਤਨ ਧਰਮ ਤੇ ਸੰਨਿਆਸ-ਵੈਸ਼ਣਵਾਂ ਦਾ, ਗੁਰੁਸਿਖ ਉਦਾਸੀ ਸਾਧੂ-ਨਿਰਮਲੇ ਸਿੰਘ ਸੰਤਾਂ ਗਿਆਨੀਆਂ ਦਾ ਦਿਗਵਿਜੈ ਕਾਲ:- 1.ਉਦਾਸੀ ਦਸ(10)ਨਾਮ ਸਾਧੂਆਂਦਾ ਪ੍ਰਧਾਨ ਬਲ ਤਪਾਦਿ ਅਮਲੀ ਕਰਣੀ ਚੇਟਕ, ਕਰਾਮਾਤਾਂ ਆਦਿ ਪ੍ਰਧਾਨ ਪ੍ਰਚਾਰ ਸਾਧਨ ਰਹੇ ਤੇ 2.ਨਿਰਮਲੇ ਸੰਤ/ ਗਿਆਨੀਆਂ (ਕੀਰਤਨੀ/ਰਾਗੀਆਂ)ਦਾ ਮੁੱਖਬਲ ਤਰਕ ਸ਼ਬਦ ਸ਼ਾਸਤ੍ਰਾਰਥ ਸੀ, ਕਰਣੀ(ਕਰਾਮਾਤ)ਪ੍ਰਚਾਰ ਗੌਣ ਹਨ।

ਅ. ਸ਼੍ਰੀਜਗਦਗੁਰੂ ਗ੍ਰੰਥ ਸਾਹਿਬ ਧਰਮ-ਰਾਜ ਜੋਗ ਕਾਲ ਉਤ੍ਰ ਭਾਰਤੀ ਸਨਾਤਨ ਧਰਮ ਸੰਨਿਆਸੀ-ਵੈਸ਼ਣਵ ਸਿਧਾਂਤ ਟੱਕਰ ਭਾਈ ਮਨੀ ਸਿੰਘ ਅਧਾਰ ਸ਼੍ਰੀ ਜਪੁ ਨੀਸਾਣੁ ਦਿਗਵਿਜੈਈ ਸੰਸਕ੍ਰਿਤ ਭਾਸ਼ਜ(ਟੀਕਾ) ਕਾਸ਼ੀ ਨਿਰਮਲੇ ਸੰਤ ਪੰਡਿਤ ਨਿਹਾਲ ਸਿੰਘ ਸੰਨ 1795 ਲਿਖੀ ਹੈ ।ਇਸ ਪਿਛੋਂ ਵਿਦ੍ਵਾਨ ਆਧਾਰ ਸਾਰੇ ਟੀਕਾਕਾਰਾਂ ਦੇ ਵਿਕਾਸ ਸੰਬੰਧੀ ਵਿਸਤ੍ਰਿਤ ਭੇਦ-ਅਭੇਦ ਸਿਧਾਂਤ ਉਦਾਸੀ, ਨਿਰਮਲੇ ਸਿੰਘਾਂ ਦੇ ਦਿਗਵਿਜੈ ਪਰਿਚੈ ਕਾਲ 'ਚ ਰਹਿਆ ॥

ਉਸ ਪਿਛੋ ਸਭ ਤੋਂ ਪਹਿਲਾਂ ਗੁਰੁਮੁਖੀ ਲਿਪੀ 'ਚ ਉੱਤਰੀ ਭਾਰਤ ਰੂੜੀ ਪੰਜਾਬੀ ਬੋਲੀ 'ਚ ਆਨੰਦਘੰਨ ਉਦਾਸੀ ਸਾਧੂ, ਦੇਹਰਾ ਬਾਬਾ ਨਾਨਕ,ਦਰਿਆ ਰਾਵੀ ਕੰਢੇ ਸੰਨ 1795 ਲਿਖਿਆ ਟੀਕਾ ਪਰਾਪਤ ਹੈ ॥ ਇਹ ਕਾਰਜ ਪੂਰ ਚੜ੍ਹਾਨ ਲਈ ਡਾ. ਰਤਨ ਸਿੰਘ ਜੱਗੀ ਦਾ ਹੱਥ ਲਿਖਤ ਉਤਾਰਾ ਪ੍ਰੇਮ ਪੂਰਵ ਦਿਤਾ, ਵਰਤਿਆ ਹੈ॥ ਇਸ ਵਿੱਚ ਉਦਾਸੀ ਸਾਧੂ ਅਨੰਦਘਨ ਦੀ ਸ਼ੈਲੀ ਖੁਸ਼ਕ, ਸ਼੍ਰੀ ਗੁਰੁ ਭਗਤੀ-ਗਿਆਨ ਤਰਕ ਨਿਸ਼ਠਾਮੈ, ਤੇ ਅਵੈੜ ਸੁਭਾਵ ਦਿਗਵਿਜੈਈ ਹੈ। ਇਹ ਸ਼ੈਲੀ ਤੁਲਨਾ ਆਧਾਰ ਕਿਤੇ ਕਿਤੇ ਕੌੜਾ ਤਰਕ,ਅਤੇ ਮਿਲਿਆ ਜੁਲਿਆ ਪੌਰਾਣਿਕ ਪੱਖ ਹੈ ॥ ਆਪਣੇ ਬੰਸ ਪਰੰਪਰਾ ਵਿਦਿਆ ਅਹੰਕਾਰ ਵਿਦ੍ਵਤਾ ਦਿਖੌਣ ਲਈ ਸਾਰੇ ਸੰਨਿਆਸੀ, ਵੈਰਾਗੀ, ਤਾਂਤ੍ਰਿਕ ਤਾਂ ਇਕ ਪਾਸੇ ਰਹੇ, ਓਹ ਗੁਰੁਸਿੱਖਾਂ ਉਤੇ ਵੀ ਪ੍ਰਸ਼ਨਜਨਿਤ ਰਹਿਆ, ਤੇ ਕਈ ਥਾਂਵ ਉਤੇ ਅਸਲ ਭਾਵ ਲਕਸ਼ ਦਿਖਾਣ ਤੋਂ ਮੰਦਾ ਹੀ ਰਿਹਾ॥ ਜਿਸ ਕਾਰ ਪੜ੍ਹਨ ਵਾਲੇ ਗੁਰੁਸਿਖ-ਭਗਤਾਂ ਨੂੰ ਵੀ ਕਈਂ ਥਾਂ ਗਰਮੀ ਲਿਆਉਣ ਦਾ ਪ੍ਰੇਰਕ ਬਣ ਜਾਂਦਾ ਹੈ॥ ਐਸੀ ਲਲਕਾਰ ਕਾਰਣ ਭਲੇ ਵੇਲੇ ਭਾਈ ਸੰਤੋਖ ਸਿੰਘ ਦੋਨੋਂ ਖਟ-ਸ਼ਾਸਤ੍ਰ ਗਿਆਨ ਗੁਰੁਗਮ ਟਕਸਾਲੀ ਨੂੰ ਪੂਰਣ ਬ੍ਰਹਮ ਗਿਆਨ ਪ੍ਰਥਾ ਦੀ ਅਨਭਿੰਗਤਾ ਅਨੰਦਘਨ ਵਿੱਚ ਨਜ਼ਰ ਆਈ ॥ ਉਸੀ ਕਾਰਣ ਭਾਈ ਸੰਤੋਖ ਸਿੰਘ ਨੇ ਭੀ ਆਪਣੇ ਵਿਦਿਆ ਜ੍ਞਾਨੀ ਸਭੋਂ 'ਚ ਦਿਗਵਿਜਈ ਸ਼੍ਰੀਗੁਰੂ ਸਿੱਧਾਂਤ ਹਿੰਦੂ ਨਮਿਤ ਰਹਤ(ਸੰਨਿਆਸ) ਆਸ਼੍ਰਮ ਧਰਮ ਅਤੇ ਵੈਸ਼ਣਵ ਸੰਪ੍ਰਦਾਇਆਂ ਦੇ ਦੂਜੇ ਭਾਉ ਉਤੇ ਦਿਗਵਿਜੈ ਤਰਕ ਗੋਸਟ ਟੱਕਰ ਟੀਕਾ ਕੀਤੀ॥ ਇਹ ਪਹਿਲੀ ਵਾਰ ਗੁਰੁਸਿੱਖ ਉਦਾਸੀ-ਨਿਰਮਲੇ ਆਪਸ'ਚ ਪੈਂਗੜੇ ਸੀ। ਸੱਚ ਹੀ ਕਹਿਣਾ ਪੈਂਦਾ ਹੈ; ਭਾਈ ਸੰਤੋਖ ਸਿੰਘ ਨੇ ਆਪਣੇ ਉਸ ਦਿਗਵਿਜੈ ਕਾਲ 'ਚ ਸ਼੍ਰੀ ਜਪੁ ਨੀਸਾਣੁ 'ਗਰਬ ਗੰਜਨੀ ਟੀਕਾ' ਉਦਾਸੀ ਸਾਧੂ ਅਨੰਦਘਨ ਦੀ ਕਿਤੇ ਕਿਤੇ ਥੋੜੀ ਕੌੜੀ ਤਰੜੀ ਆਲੋਚਨਾ ਕੀਤੀ: ਕਿ ਵਿਦ੍ਵਤ ਸ਼ੇਣੀ ਸੀਮਾ ਬਾਹਿਰ ਹਨ ॥ ਕਿਸੀ ਕਾਰਣ ਇਹ ਪੈਂਤੀਆਂ ਦੇ ਟੀਕੇ ਇਸ ਦਸ ਟੀਕਾ ਸੰਗ੍ਰਹ ਵਿੱਚ ਆਉਂ ਸਾਮ੍ਹਣੇ ਨਹੀ ਹਨ; ਕਿ ਓਹ ਸਭੀ ਟੀਕੇ ਇਸ ਦੇ ਪ੍ਰਕਾਰਥ, ਬੋਲੀ, ਤਰਕ,

Sri Satguru Jagjit Singh Ji eLibrary NamdhariElibrary@gmail.com

ਅਲੰਕਾਰਿ ਸ਼ੈਲੀ ਦੀਆਂ ਆਪਸੀ ਅਲੋਚਨਾਵਾਂ ਆਮ੍ਹਣੋਂ ਸਾਮ੍ਹਣੇ ਪ੍ਰਤਖ ਪਾਠਕਾਂ ਨੂੰ ਦਿਸਨ: ਦੋਨੋਂਆਂ ਦੇ ਸਿੱਧ ਕੈਨੇ ਦੂਰ-ਨੇੜੇ ਹਨ ॥

ੲ. ਸ਼੍ਰੀਜਗਦਗੁਰੂ ਗ੍ਰੰਥਜੀ ਧਰਮ ਰਾਜ ਜੋਗ ਭਾਰਤ ਸਨਾਤਨ ਧਰਮ-ਗੁਰੁ-ਸਿੱਖ ਕ੍ਰਮ ਬ੍ਰਹਮ ਗਿਆਨ ਨਿਰਮਲ ਸੰਤ ਦਿਗਵਿਜੈ ਕਾਲ॥

ਸ. ਸ਼੍ਰੀਜਗਦਗੁਰੂ ਗ੍ਰੰਥਜੀ ਧਰਮ-ਰਾਜ ਜੋਗ ਕਾਲ 'ਚ ਉਤ੍ਰ ਭਾਰਤੀ ਅੰਗ੍ਰੇਜ਼ ਇਸਾਈ ਰਾਜ ਧਰਮ ਨੀਤੀ, ਪਛਮੀ ਸੰਸਕ੍ਰਿਤੀ ਪ੍ਰਭਾਵ, ਤੇ ਗੁਰੁਸਿੱਖ ਪੰਥ ਉਦਾਸੀ, ਨਿਰਮਲ ਗੁਰੁਸਿੱਖਾਂ 'ਚ ਭੇਦ ਅਭੇਦ ਵਿਵਹਾਰਿਕ ਤੇ ਅਧਿਆਤਮ ਗਿਆਨ-ਵਿਗਿਆਨ ਦਿਗਵਿਜੈ ਕਾਲ। ਪਟਿਆਲਾ ਮਹਾਰਾਜਾ ਨਰੇਂਦ੍ਰ ਸਿੰਘ (1823-45-62) ਨੇ ਦੂਰ ਦੀ ਸੋਚੀ। ਅੰਗ੍ਰੇਜ਼ਾਂ ਦਾ ਵਿਵਹਾਰਿਕ,ਅਤੇ ਰਾਜਨੀਤਿਕ ਜਾਇਜ਼ਾ ਕੀਤਾ॥ ਦੇਖਿਆ ਕਿ ਉੱਤਰ ਭਾਰਤ ਪੰਜਾਬ(ਉਸ ਕਾਲ ਆਗਰਾ-ਦਿਲੀ)ਤੋਂ ਅਫ਼ਗਾਨਿਸਤਾਨ ਹੱਦ ਹੈ॥ ਵੇਲਾ ਬੜਾ ਨਾਜ਼ੁਕ ਹੈ.ਭਾਰਤ ਦੀ ਰਾਜਨੀਤਿਕ ਸੰਸਕ੍ਰਿਤੀ ਸੰਰੱਖਣ ਨਵੇਂ ਮੋੜ ਤੇ ਖੜੀ ਹੈ॥ ਅੰਗ੍ਰੇਜ਼ ਪਾਸੇ ਦੀ ਲੰਘਕੇ ਉਤ੍ਰ ਪੰਜਾਬ ਲਾਹੌਰ ਦੋ ਮਹਾਰਾਜਾ ਰਣਜੀਤ/ਦਲੀਪ ਸਿੰਘ ਰਾਜ ਨਾਲ ਛਲ ਕਰਕੇ ਹੜਪ ਲਿਆ ਹੈ ॥ ਬੇਸ਼ਕ ਦਿਲੀ ਮੁਗ਼ਲ ਸਲਤਨਤ ਕਹਿਣ ਨੂੰ ਸਹੀ ਰਾਜ ਸੀ, ਪਰ ਅੰਗ੍ਰੇਜ਼ ਦੇ ਭਾਰਤੀ ਦੇਸੀ ਫੌਜੀ ਰੱਖੇ ਸਪਾਹੀ ਭਾਰਤੀ ਭਾਰਤੀ ਨਾਲ ਜੁਧ ਕਰਾ ਆਪਣਾ ਰਾਜ ਵਧਾ ਰਹੇ ਸਨ। ਪਰ ਓਦੋਂ ਓਨ੍ਹਾਂ ਦੀ ਦੇਸੀ ਫੌਜ ਵਿੱਚ ਕਈ ਕਾਰਣਾਂ ਕਰਕੇ, ਜਿਵੇਂ ਹਿੰਦੂ-ਮੁਸਲਮ ਫੌਜੀਆਂ ਨੂੰ ਦਿਤੇ ਦੋਨੋਂ ਗੋ-ਸੂਰ ਚਰਬੀ ਕਾਰਤੂਸਾਂ ਕਰਕੇ ਗ਼ਦਰ ਹੋ ਗਯਾ। ਉਸ ਬਹਾਨੇ--ਫੁਲਕੀਆਂ ਮਿਸਲ, ਕਪੂਰਥਲਾ ਰਾਜ ਆਦਿਆਂ ਦੇ ਸੁਲ੍ਹੇ ਨਾਮੇਆਂ(Treaties) ਕਰਣ ਤੇ ਮਦਦ ਨਾਲ ਮੁਗ਼ਲ ਦਾਰੁਖਲਾਫਾ ਦਿਲੀ ਫਤ੍ਹੇ ਕਰ ਭਾਰਤ ਉੱਤੇ ਅੰਗ੍ਰੇਜ਼ ਸ਼ਾਹੀਯਾਤ (Paramountcy in India) ਇਲਾਨ ਕਰੀ । ਬੇਸ਼ਕ ਭਾਰਤੀ ਹਿੰਦੂ, ਮੁਸਲਿਮ, ਗੁਰੁਸਿੱਖ ਰਾਜਵਾੜੇ, 1/3 ਭਾਰਤ ਸੁਤੰਤਰ ਸਨ ਪਰ ਪਹਿਲਾਂ ਤੋਂ ਅੰਗ੍ਰੇਜ਼ ਰਾਜ ਫਾੜ ਨੀਤੀ ਸਾਰੇਆ ਤੇ ਹਾਵੀ ਹੈ॥[16] ਐਸੇ ਅਨੇਕ ਕਾਰਣਾ ਕਰਕੇ ਸੁਤੰਤ੍ਰ ਦੇਸੀ ਰਾਜੇਆਂ ਦਾ ਅੰਗ੍ਰੇਜ਼ੀ ਕਾਨੂਨਾ ਨਾਲ ਠੀਕ ਤੋਲ, ਤਾਲ ਮੇਲ ਰਖਣ ਲਈ ਪਟਿਆਲਾ ਮਹਾਰਾਜਾ ਨਰੇਂਦ੍ਰ ਸਿੰਘ(1823-45-62) ਪ੍ਰਧਾਨਤਾ ਹੇਠ ਰਹੇ ਤਿਨ. ਫੁਲਕਿਆਂ ਮਹਾਰਾਜੇ-ਰਾਜੇ, ਜਾਗੀਰਦਾਰ, ਸਰਦਾਰਾਂ ਦੇ ਸੰਗਠਨ 'ਚ ਫੇਰ ਦੂਜੇ ਵਾਰ ਸਾਂਝੀ ਥਾਂ ਸੰਨ 1858 ਭਾਦੋਂ ਭਵਾਨੀਗੜ੍ਹ 'ਚ ਫੂਲਕਿਆਂ ਵੰਸ਼ੀ ਦਸਤੂਰ-ਉਲ-ਅਮਲ 30 ਦਫੇ ਤਰਮੀਮ ਕੀਤੇ ॥ ਉਸ ਵਿਧਾਨ ਅਨੁਸਾਰ ਤਿਨੋਂ ਰਾਜ: ਪਟਿਆਲਾ, ਨਾਭਾ, ਜੀਂਦ ਇਸ ਵਿਧਾਨ ਅਨੁਸਾਰ ਰਾਜ ਚਲਾਨ ॥ ਪਰ ਮਹਾਰਾਜਾ ਨਰੇਂਦ੍ਰ ਸਿੰਘ ਦੇ ਐਸੇ ਵਿਚਾਰ ਗੁਰੂਸਿੱਖ ਧਰਮ ਦਾ ਅੰਗ੍ਰੇਜ਼ੀ ਯੋਰਪਿਅਨ ਇਸਾਈ ਫਾੜ ਧਰਮ ਨੀਤੀ ਬਾਰੇ ਵੀ ਆਈ ਕਿ ਗੁਰੂਸਿੱਖ ਧਰਮ ਤੇ ਹਾਵੀ ਨਾ ਹੋ ਜਾਵੇ, ਓਨ੍ਹਾਂ ਸਾਰੇ ਫੁਲਕੀਆਂ ਰਾਜੇ, ਸਰਦਾਰਾਂ ਨੂੰ ਤੀਜੇ ਸੰਗਠਨ ਲਈਂ ਨਿਮੰਤ੍ਰਨ

16. ਅੰਗ੍ਰੇਜ਼ ਰਾਜ ਸੁਤੰਤ੍ਰ ਦੇਸ਼ੀ ਰਾਜੇਆਂ ਦੇ ਅੰਗ੍ਰੇਜ਼ਾਂ ਨਾਲ ਸੁਲ੍ਹਾਂ ਨਾਮੇ ਅੰਤਰਾਸ਼ਟ੍ਰੀ ਕਾਨੂੰਨ (International Law) ਅੰਦਰ ਹੀ ਸਨ॥ ਜਿਸ ਕਾਰਣ ਪਹਿਲੇ ਵਿਸ਼੍ਵ ਜੁੱਧ 1914-18 ਪਿਛੋਂ ਅੰਤਰ ਰਾਸ਼ਟ੍ਰੀ ਵਿਧਾਨ ਅਨੁਸਾਰ ਬੜੇ ਦੇਸੀਰਾਜ ਅੰਤਰਰਾਸ਼ਟ੍ਰੀ ਸੰਸਥਾ(League of Nation)ਨੁਮੈਂਦੇ ਸਨ॥

Sri Satguru Jagjit Singh Ji eLibrary NamdhariElibrary@gmail.com

ਕੀਤਾ॥ ਪਹਿਲੇ ਦੋ ਤਾਂ ਮਹਾਰਾਜਾ ਨਰੇਂਦ੍ਰ ਸਿੰਘ ਨੇ ਉਸੇ ਤਰ੍ਹਾਂ ਸਾਰਾ ਇਕਠ ਪਟਿਆਲਾ ਗੁਰੂਸਿੱਖ ਧਰਮ ਲਈ ਪਹਿਲੀ ਵਾਰ ਕੀਤਾ॥ ਸਾਰੇ ਭਾਰਤ ਦੇ ਗੁਰੂਸਿੰਘ ਸੰਗਠਿਤ ਸੰਸਥਾਵਾਂ ਨੇ ਸੰਨ 1859 'ਚ ਤੀਜੇ ਧਰਮ ਸੰਬੰਧ ਫੂਲਕਿਆ ਦਸਤੂਰ-ਉਲ-ਅਮਲ ਨੌ (9) ਦਫੇ (ਕਈ ਉਪ-ਦਫੇ)[17] ਦਾ "ਸ਼੍ਰੀਗੁਰੂ ਗੋਬਿੰਦ ਸਿੰਘ ਪੰਚੈਤੀ ਨਿਰਮਲ ਆਖਾੜਾ" ਨਾਮ ਸੰਸਥਾ ਸਾਜੀ,ਜਿਸ ਲਈ ਨਵੀਂ ਬਣੀ ਧਰਮ ਧ੍ਵਜਾ ਹਵੇਲੀ ਕੇਂਦ੍ਰ ਪਟਿਆਲੇ ਨਗਰੀ ਥਾਪੀ(ਅੱਗੇ ਵਿਸਤਾਰ ਲਿਖਾਂਗੇ) ਐਥੇ ਜ਼ਰੂਰੀ ਕੁਛ ਵਰਣਨ ਹੈ:- ਇਹ ਸੰਸਥਾ ਸ੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਦੇ ਨਾਮ "ਪੰਚੈਤੀ ਨਿਰਮਲ ਗੁਰੁਸਿਖ ਪੰਥ ਸੰਸਥਾ" ਹੈ ... ॥ ਅੱਜ ਹੁਣੇ ਪਹਿਲੇ ਪੰਚੈਤੀ ਸੰਤਾਂ ਦੇ ਚੁਣੇ 'ਸ਼੍ਰੀ ਮਹੰਤ' ਸੰਤ ਬਾਬਾ ਮਹਿਤਾਬ ਸਿੰਘ ਜੀ ਹਨ। ਉਨ੍ਹਾਂਦੀ ਨਿਗਰਾਨੀ ਹੇਠ ਗੁਰੁਸਿਖਾਂ 'ਚ ਸਭ ਤੋਂ ਕਾਸ਼ੀ ਪਠਿਤ ਭਾਰਤ ਪ੍ਰਸਿਧ ਤੇ ਮਾਨ ਗੁਰੁਸਿੱਖ ਵਿਦ੍ਵਾਨ "ਨਿਰਮਲੇ ਨੈਬ ਸ਼੍ਰੀ ਮਹੰਤ ਪੰਡਿਤ[18] ਤਾਰਾ ਸਿੰਘ ਨਰੋਤਮ(ਦ੍ਵਾਬੇ ਜੱਟ) ਗਿਰਵੜੀ ਡੇਰੇ ਹੋਸ਼ਿਆਰਪੁਰ ਦੇ ਸੰਤ ਪੰਚੈਤ ਰਾਹੀਂ ਚੁਣੇ ਹਨ ॥ ਐਥੇ ਸਾਰੇ ਸ਼੍ਰੀ ਗੁਰੂ ਅਸੀਸੇ ਨਿਰਮਲ ਇਕੱਠੇ ਸੰਤਾਂ ਦੇ ਕੁਰਸੀ ਨਾਮੇ ਸ੍ਰੀ ਜਗਦਗੁਰੂ ਗੋਬਿੰਦ ਸਿੰਘਜੀ ਦੇ ਪੰਦਰਾਂ (ਪੰਜ ਨਹੀਂ)ਨਿਰਮਲੇ ਸ਼ਾਸਤ੍ਰੀ ਕ੍ਰਿਤ (Ordained Religious Ministers) ਮਹੰਤ, ਸੰਤ ਬਿਕ੍ਰਮ 1743,ਸੰਨ 1686 ਕਾਸ਼ੀ/ਵਾਰਾਣਾਸੀ "ਤੁਲਨਾਤਮ ਵਿਸ੍ਵ ਕ੍ਰਮ ਧਰਮ" (Systematic Comparative World Religions: ਹੁਣ ਜੋ ਅਮਰੀਕਾ, ਯੋਰਪ ਯੂਨਿਵਰਸਟੀਆਂ'ਚ ਪੜ੍ਹਾਂਦੇ ਹਨ) ਸਿਖਣ ਲਈਂ ਭੇਜੇ ਸਨ,ਓਨ੍ਹਾਂ ਦੇ ਸ਼ਜਰੇਆਂ ਅਨੁਸਾਰ ਸਾਰੇ ਆਚਾਰਯ ਉਪਸਥਿਤ ਹਨ ਓਹ ਸਾਰੇ ਦਸਮ (10)ਸ੍ਰੀਜਗਦਗੁਰੂ ਜੀ ਨਿਜਿਤ ਮੰਡਲੇਸ਼੍ਵਰ ਸੰਤ ਕਰਮ ਸਿੰਘ ਨੇ ਹੁਕਮਨ, ਪ੍ਰਸਿਧ ਕਈ ਛਾਤ੍ਰ ਬਣਾਇ, ਜਿਨ੍ਹਾਂ ਵਿਚੋਂ ਭਾਈ ਮਨੀ ਸਿੰਘ[19] (ਸ਼ਹੀਦ) ਸਨ। ਓਨ੍ਹਾਂ ਰਾਹੀਂ ਨੌਂਵੇ(9) ਤੇ ਆਪਣੀਆਂ(ਦਸਮੇ ਸ਼੍ਰੀ ਜਗਦਗੁਰੂਜੀ ਦੀਆਂ) ਬਾਣੀਆਂ ਲਿਖਵਾਕੇ ਜਲੰਧਰੀ ਕਰਤਾਰਪੁਰੀ ਬੀੜ ਨਾਲ ਪਹਿਲਾਂ ਸੁਧਰਵਾ ਕੇ ਫੇਰ ਆਤਮ ਬਲ ਨਾਲ ਸੰਪੂਰਣ ਅਖੰਡ ਪਾਠ ਰੂਪ 'ਚ ਦਮਦਮੇ ਸਾਹਿਬ ਅੰਤਮ ਸੋਧਿਤ ਰੂਪ ਬੀੜ ਲਿਖਵਾਈ॥ ਫੇਰ ਜਿਵੇਂ ਪੰਚਮ ਸ਼੍ਰੀ ਜਗਦਗੁਰੂਜੀ ਨੇ ਪਿਛੋਂ ਭਾਈ ਗੁਰਦਾਸ ਤੋਂ ਸ਼੍ਰੀ ਗੁਰੁਬਾਣੀ "ਉਥਾਨਕਾ" ਗ੍ਰੰਥ ਲਿਖਵਾਵੀ ਉਸੇ ਗ੍ਰੰਥ'ਚ ਨਵੀਂ ਨੌਮੇ ਸ਼੍ਰੀ ਜਗਦਗੁਰੂਜੀ ਦੀ ਤੇ ਆਪਣਾ ਸ਼ਲੋਕ ਜੋੜ, ਅੰਤਮ ਬੀੜ ਬਝੀ ਜੋ ਆਪ(ਮਹਾਰਾਜਾ ਪਟਿਆਲਾ ਬਾਨੀ) ਪਾਸ

---

17. ਉਪ-ਦਫੇਆ ਵਿੱਚ ਇਕ ਦਫਾ ਹੈ: ਪਿਛਲੇ ਸ਼੍ਰੀਜਗਦਗੁਰੂ ਕਾਲੀ ਇਤਿਹਾਸ ਕਾਰਣ, ਜਨਮ ਦਾ ਬ੍ਰਹਮਣ/ਮਿਸ਼ਰ ਜਾਤੀ ਸ਼ਰਮਾ ਸੰਤ ਹੋਵੇ, ਉਸ ਨੂੰ ਕਦੀ "ਨਿਰਮਲਾ ਸ਼੍ਰੀ ਮਹੰਤ", ਜਾਂ ਕਿਸੇ ਡੇਰੇ ਦਾ "ਨਿਰਮਲ ਮਹੰਤ" ਨਾ ਥਾਪਿਆ ਜਾਵੇ, ਬੇਸ਼ਕ ਹੋਰ ਕਿਸੇ ਜਾਤੀ ਵਿਦਿਆ ਸਿੱਖਕ ਸੰਤ ਹੋਵੇ ॥
18. ਨੋਟ:-ਈਸ੍ਵੀ ਸੰਨ 1878 ਤੋਂ ਪਹਿਲਾਂ ਅੰਗ੍ਰੇਜ਼ ਰਾਜ ਕੈਮ ਹੋਯਾ। ਓਦੋਂ ਵਿਦੇਸ਼ੀ ਵਿਦਿਆ,FA; BA; MA; Ph.D. ਪੁਰਸਕਾਰ ਨਹੀ ਸਨ॥ ਭਾਰਤੀ ਕਦੀਮੀ ਕਾਸ਼ੀ,ਕਨਖਲ,ਕਾਸ਼ਮੀਰ ਆਦਿ ਪੀਠ ਪੜ੍ਹੇਆਂ ਦੇ ਉੱਚਤਰ ਪੁਰਸਕਾਰ'ਪੰਡਿਤ",ਤੇ ਉੱਚਤਮ ਪਦ"ਆਚਾਰਯ"ਸੀ ॥ ਇਨ੍ਹਾਂ"ਪਦਾਂ"ਦਾ ਬ੍ਰਾਹਮਣ,ਮਿਸ਼੍ਰ ਜਾਤੀ ਵਰਣ ਨਾਲ ਕੋਈ ਸੰਬੰਧ ਨਹੀਂ ਥਾ/ਹੈ। ਭਗਵਤ ਗੀਤਾ'ਚ'ਪੰਡਿਤ'ਦਾ ਅਰਥ'ਪੰਡਾ'ਉਤਪਨ'ਬੁਧਿ'ਤੋਂ ਬੁਧੀਮਾਨ,ਪੰਡਿਤ ਸਾਰੇ ਭਾਸ਼ਕਾਰਾਂ ਨੇ ਕੀਤਾ ਹੈ ॥ ਬ੍ਰਾਹਮਣ, ਮਿਸ਼੍ਰ ਜਾਤੀ ਕੇਵਲ "ਮਾਨ" ਰੱਖਣ, ਬ੍ਰਾਹਮਣ, ਸ਼ਰਮਾ ਪਠਿਤ, ਜਾਂ ਕਰਮ ਕਾਂਡ ਕਰਤਾ ਲਈਂ ਬਰਤਿਆ ਜਾਂਦਾ ਹੈ, ਵਿਦਿਆ ਪੰਡਤਾਈ ਲਈਂ ਨਹੀਂ ॥
19. ਸ਼੍ਰੀ ਗੁਰੂ ਤੀਰਥ ਸੰਗ੍ਰਹ. ਪੰ.228, 272। ਪੰ. ਤਾਰਾ ਸਿੰਘ 'ਨਰੋਤਮ', ਪੱਥਰ ਛਾਪ, ਸੰ.1884 ਟੈਪਮ ਪ੍ਰੈਸ, ਕੰਪ, ਅੰਬਾਲਾ।

Sri Satguru Jagjit Singh Ji eLibrary NamdhariElibrary@gmail.com

ਆਈ ਤੇ ਬਰਨਾਲੇ(ਕੁਪ-ਰਹੀੜੇ ਜੁਧ ਖੇੜੁ,ਘਲੂ ਘਾਰੈ ਮੈਦਾਨ 'ਚ ਅਫ਼ਗਾਨ ਐਹਮਦ ਸ਼ਾਹ ਲੈ ਗਿਆ ਦਸੀਂਦਾ ਹੈ) ॥ ਪਿਛੋਂ ਸ਼੍ਰੀ ਗੁਰੁਬਾਣੀ ਉਥਾਨਕਾ ਗ੍ਰੰਥ ਸ਼੍ਰੀ ਹਰਿ ਮੰਦਿਰ ਗੁਰੁ ਦਰਬਾਰ ਅੰਮ੍ਰਿਤਸਰ ਗਿਆਨੀ ਸੰਤ ਸਿੰਘ ਉੱਤਰਾਧਿਕਾਰੀ ਤੋਂ ਪ੍ਰਾਪਤ ਹੁਣ ਇਨ੍ਹਾਂ(ਪੰ.ਤਾਰਾ ਸਿੰਘ ਨਰੋਤਮ ਦੇ ਗੁਰਭਾਈ ਸੰਤ ਸਾਧੂ ਸਿੰਘ,ਪਟਿਆਲਵੀ) ਕੋਲ ਹਨ ਜੋ ਇਨ੍ਹਾਂ ਗੁਰਗਮ ਸਿਖਿਆ ਜਨਮ ਅਸਥਾਨ ਦ੍ਵਾਬੇ ਪੰ. ਗੁਲਾਬ ਸਿੰਘ ਜੀ ਦੇ 200-250 ਵਿਦਿਆਰਥੀਆਂ 'ਚੋਂ ਚਾਰ ਪੰਜ ਪ੍ਰਧਾਨ ਚੇਲੇ ਸਨ॥ ਇਸ ਪਰਿਚੇ ਪਿਛੋਂ ਮਹੰਤ ਸੰਤਾਂ ਦੀ ਪੰਚੈਤ ਫੈਸਲਾ ਕੀਤਾ: ਪੰ.ਤਾਰਾ ਸਿੰਘ 'ਨਰੋਤਮ' ਸਪੁਰਦ ਗ੍ਰੰਥ ਬਨੌਣ ਦਾ ਕਾਰਜ ਦਿਤਾ ਜਾਂਦਾ ਹੈ ਕਿ ਆਪ: ਸ਼੍ਰੀ ਗੁਰੁਬਾਣੀ ਕੋਸ਼, ਪਰਿਭਾਸ਼ਾ ਗ੍ਰੰਥ, ਦਸੋਂ ਸ਼੍ਰੀ ਗੁਰੁ ਜੀ ਦੇ ਅਵਤਾਰ ਤੋਂ ਜੋਤੀਜੋਤ ਤਕ ਯਾਤ੍ਰਾਵਾਂ (ਸ਼੍ਰੀ ਗੁਰੁ ਤੀਰਥ ਬੰਸ ਪਰੰਪਰਾ,ਪੂਜਜ ਵਸਤੂਆਂ ਅਦਿ ਖੋਜ ਕਰਕੇ ਲਿਖਣੀ, ਤੇ ਸ਼੍ਰੀ ਗੁਰੁਬਾਣੀ ਦੇ ਸੰਪੂਰਣ ਅਰਥ ਲਿਖਣ ਦਾ ਕੰਮ ਸਪੁਰਦ ਹੈ। ਉਸ ਫੈਸਲੇ ਦਾ ਨਤੀਜਾ ਹੈ ਕਿ ਹੁਣ ਆਪ ਦੇ ਲਿਖੇ: ਅਨੇਕ ਅਲਭਜ ਗ੍ਰੰਥ: ਸ਼੍ਰੀ ਗੁਰੁ ਤੀਰਥ ਸੰਗ੍ਰਹ, ਸ਼੍ਰੀ ਗੁਰੁਬਾਣੀ ਗੁਰੂ ਗਿਰਾਰਥ ਕੋਸ਼ ਆਦਿ, ਗੁਰਭਾਈ, ਚੇਲਿਆਂ ਦੀ ਸਹਾਇਤਾ ਨਾਲ ਰਚੇ॥ ਅੰਤ ਵਿੱਚ ਜ਼ਰੂਰੀ ਪਰਿਭਾਸਿਕ ਸਾਮਗ੍ਰੀ ਗ੍ਰੰਥ "ਗੁਰਮਤ ਨਿਰਣੈ ਸਾਗਰ" ਲਿਖ ਕੇ, ਦਰਬਾਰ ਸਾਹਿਬ ਸ਼੍ਰੀ ਜਗਦਗੁਰੂ ਗ੍ਰੰਥ ਸਾਹਿਬ ਜੀ ਦੀ ਟੀਕਾ ਆਰੰਭੀ। ਸ਼੍ਰੀ ਜਪੁ ਨੀਸਾਣ ਗ੍ਰੰਥੀ ਤੋਂ ਸ਼੍ਰੀਰਾਗ ਟੀਕਾ ਤਕ ਗ੍ਰੰਥ ਛਪੇ; ਅਤੇ ਸੰਪੂਰਣ ਗਉੜੀ ਰਾਗ ਟੀਕਾ ਅਸੀਂ 1200/1300 ਪੰਨੇਆਂ ਦੀ ਹੱਥਲਿਖੀ ਬੀੜਾਂ ਇਨ੍ਹਾਂ ਦੇ ਛੋਟੇ ਗੁਰਭਾਈ ਨਿਰਮਲ ਸ਼੍ਰੀ ਮਹੰਤ ਬਾਬਾ ਸਾਧੂ ਸਿੰਘ (ਨਿਰਮਲ ਡੇਰਾ, ਪਟਿਆਲਾ)ਨਾਲ ਬਹੁਤ ਸੇ ਹੱਥ ਲਿਖੇ, ਛਪੇ ਟੀਕੇ, ਟਿਪਣੀਆਂ ਗ੍ਰੰਥਾਂ ਮਹੰਤ ਮਾਨ ਸਿੰਘ ਦੇ ਉਸੇ ਡੇਰੇ 'ਚ ਦੇਖੀਆਂ ਸਨ। ਮਹੰਤ ਮਾਨ ਸਿੰਘ ਨੇ ਦਸਿਆ: ਪੰ.ਤਾਰਾ ਸਿੰਘ ਨਰੋਤਮ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪੂਰੇ ਟੀਕੇ ਰਾਗ ਮਲਾਰ ਤਕ ਕੀਤੇ ਸਨ, ਪਰ ਬੁਢੀ ਉਮਰ ਤੇ ਬਿਮਾਰੀ ਕਰਕੇ ਪੂਰਾ ਨਾ ਕਰ ਸਕੇ ਤੇ ਪੂਰੇ ਹੋ ਗਏ ॥ ਰਾਗ ਆਸਾ ਤੋਂ ਰਾਗ ਮਲਹਾਰ ਤਕ ਪੂਰਾ ਕੰਮ ਆਪਣੇ ਤੋਂ ਪਹਿਲਾਂ ਮਹੰਤ ਮੋਹਰ ਸਿੰਘ ਵੇਲੇ ਸਾਰੇ ਕੰਮ ਕੋਈ ਚੋਰੀ ਕਰ ਗਿਆ॥ ਪੰ.ਤਾਰਾ ਸਿੰਘ ਦੇ ਗੁਰਭਾਈ ਪਟਿਆਲਾ ਦੇ ਸੰਤ ਸਾਧੂ ਸਿੰਘ(ਚੁਣੇ ਸ਼੍ਰੀਮਹੰਤ ਨਿਰਮਲ ਪੰਚੈਤ)ਦੀ ਪੂਰੀ ਮਦਦ ਜਾਰੀ ਰਹੀ ਅਤੇ ਆਪ ਨੇ ਕਈ ਪੰ.ਤਾਰਾ ਸਿੰਘ ਦੇ ਗੁਰਮਤ ਨਿਰਣੈ ਸਾਗਰ ਆਦਿ ਲਿਖੇ ਗ੍ਰੰਥ ਛਪਵਾਏ ॥

ਸ਼੍ਰੀ ਮਹੰਤ ਬਾਬਾ ਸਾਧੂ ਸਿੰਘ ਭਾਰਤ ਖਟ ਦਰਸ਼ਨ ਸਮਾਜ 'ਚ ਐਨੇ ਪ੍ਰਸਿਧ ਸਨ, ਐਥੇ ਤਕ, ਉਨ੍ਹਾਂ ਨੂੰ ਰਾਜਪੂਤਾਨੇ(ਰਾਜਸਥਾਨ) ਦੇ ਪ੍ਰਸਿੱਧ ਦਾਦੂ ਪੰਥੀ ਕਰਤਾ ਵਿਚਾਰ ਸਾਗਰ, ਪੰ.ਨਿਸ਼ਚਲ ਦਾਸ ਨੇ ਵ੍ਰਿਤੀ-ਪ੍ਰਭਾਕਰ ਗ੍ਰੰਥ ਰਚਨ ਲਈ ਮਦਦ ਮੰਗੀ। ਓਸੇ ਵੇਲੇ ਪਟਿਆਲੇ ਵਾਲੇ ਮਹੰਤ ਸਾਧੂ ਸਿੰਘ ਨੂੰ ਨਿਰਮਲ ਪੰਚੈਤੀ ਅਖਾੜੇ ਦੇ ਸ਼੍ਰੀ ਮਹੰਤ ਚੁਣ ਲਿਆ। ਇਸ ਕਾਰਣ ਨੇ ਪੰ.ਨਿਸ਼ਚਲ ਦਾਸ ਦਾਦੂ ਪੰਥੀ ਨੂੰ ਮਦਦ ਕਰਣ ਲਈ ਜਵਾਬ ਦੇਣਾ ਪਿਆ,ਕਿ ਸ਼੍ਰੀ ਗੁਰੁਬਾਣੀ ਕਾਰਜ ਦੀ ਜ਼ੁਮੇਵਾਰੀ ਪੈਣ ਕਾਰਣ 'ਵ੍ਰਿਤੀ ਪ੍ਰਭਾਕਰ ਗ੍ਰੰਥ' ਦੀ ਮਦਦ ਲਈ ਬਹੁਤ ਖਟ ਦਰਸ਼ਨੀ (ਹਿੰਦੂ) ਵਿਦ੍ਵਾਨ ਮਿਲ ਜਾਣਗੇ, ਪਰ ਗੁਰੂ ਦਰਸ਼ਨ ਸਿਧਾਂਤ ਕਾਰਜ ਵਿਰਲੇ ਹੋਣ ਕਾਰਣ: ਜੁਾਬ ਦੇਣਾ ਪਿਆ ॥ ਇਨ੍ਹਾਂ ਦੇ ਛੋਟੇ ਗੁਰਭਾਈ ਪ੍ਰਧਾਨ ਦਰਬਾਰ ਪਟਿਆਲਾ 'ਰਾਜ

Sri Satguru Jagjit Singh Ji eLibrary NamdhariElibrary@gmail.com

ਕਵੀ' ਪਦਵੀ(Royal Poet Laureate) ਸੰਤ ਮੰਗਲ ਸਿੰਘ ਵੀ ਓਦੋਂ ਪਟਿਆਲਾ ਪੰ.ਤਾਰਾ ਸਿੰਘ ਨਰੋਤਮ 'ਤੇ ਚੇਲੇ ਗਿਆਨੀ ਗਜ਼ਾਨ ਸਿੰਘ "ਪੰਥ ਪ੍ਰਕਾਸ਼" ਇਤਿਹਾਸ ਕਰਤਾ ਮਦਦ ਕਰਦੇ ਰਹੇ॥ ਇਨ੍ਹਾਂ ਦੀ ਸਲਾਹ ਨਾਲ ਇਤਿਹਾਸ:1. ਸ਼੍ਰੀ ਗੁਰੁ ਖਾਲਸਾ, 2. ਨਿਰਭੈ ਖਾਲਸਾ, 3. ਸ਼ਮਸ਼ੇਰ ਖਾਲਸਾ,4. ਰਾਜ ਖਾਲਸਾ ਆਦਿ ਸਰਕਾਰੀ ਅਧਿਕਾਰ ਪ੍ਰਾਪਤ ਕਰ, ਆਪ ਸਾਰੇ ਭਾਰਤ,ਫਾਰਸ, ਅਰਬ ਇਤਿਹਾਸਿਕ ਸ਼੍ਰੀ ਵਿਸ਼ੂਗੁਰੂ ਨਾਨਕ ਦੇਵਜੀ ਗਏ ਥਾਵਾਂ ਉਤੇ ਜਾਕੇ ਖੋਜ ਕਰੀ ਤੇ ਇਤਿਹਾਸ ਲਿਖਨ ਦਾ ਕੰਮ ਸੰਭਾਲਿਆ॥ ਪੰਜ ਸਾਲ ਗੁਰੁਸਿੱਖ ਨਿਰਮਲ ਅਖਾੜਾ ਬਣੇ ਮਗਰੋਂ ਪਟਿਆਲਾ ਮਹਾਰਾਜਾ ਨਰੇਂਦ੍ਰ ਸਿੰਘ ਸੰਬਤ 1919 ਈਸ੍ਵ 1862 ਵਿੱਚ ਕਲਕਤੇ ਦੇਹਾਂਤ ਹੋ ਗਯਾ ॥ ਅੰਗ੍ਰੇਜ਼ੀ ਮੁਲਾਜ਼ਮ ਫੌਜੀ ਓਸ ਵੇਲੇ ਸੰ.1857 ਗਦਰ ਪਿਛੋਂ ਸ਼ੋਕੀਆ ਲਿਆਂਦੇ ਦਿੱਲੀ ਮੁਗਲ ਦਰਬਾਰੀ ਸ਼ਾਹੀ ਕਲਾਕਾਰ:- ਸ਼ਾਯਰ ਗ਼ਾਲਬ, ਮੋਮਨ ਅਤੇ ਸ਼ਾਹੀ ਮੌਸੀਕੀ ਗਾਯਕ ਉਸਤਾਦ ਕੁਤਬ ਖਾਂ 'ਕ੍ਵੱਲ ਬੱਚਾ' ਉਰਫ 'ਤਾਨ ਰਸ ਖਾਂ' ਆਦਿਆਂ ਨੇ ਪੰਜ ਸਾਲ ਨਾਬਾਲਗ ਮਹਾਰਾਜਾ ਮਹੇਂਦ੍ਰ ਸਿੰਘ ਜੀ ਅੰਗ੍ਰੇਜ਼ ਰਾਜ ਦੀ ਬਨਾਈ "ਕੌਂਸਲ ਔਫ ਰੀਜਨਸੀ"(Council of Regency) ਕਾਰਣ ਪਟਿਆਲਾ ਦਰਬਾਰ ਛਡਕੇ ਵਾਪਸ ਦਿੱਲੀ ਮੁੜ ਗਏ(ਦੇਖੋ ਟਿੱਪਣੀਕਾਰ ਦਾ ਅੰਗ੍ਰੇਜ਼ੀ "ਪਟਿਆਲੇ ਸੰਗੀਤ ਘਰਾਣੇ ਦਾ ਉਦਗਮ, ਵਿਕਾਸ ਤੇ ਪਰਵਰਦਗਾਰੀ" ਪਰ ਬਹੁਤੇ ਦਿਲੀ, ਲਖਨਵੀ ਕੈਸਤ ਜਾਤਿ ਆਦਿ ਫੌਜ,ਤੇ ਰਸਾਲੇ ਜੋਧੇ ਮੁਸਲਿਮੇ, ਚਿੱਤੇ, ਕੁਤੇ ਸ਼ਿਕਾਰ ਮਹਿਕਮੇ ਸ਼ਿਕਾਰੀ, ਪਹਿਲਮਾਨ ਅਤੇ ਸ਼ਾਹੀ ਬਾਵਰਚੀ ਆਦਿ ਪਟਿਆਲੇ ਦਰਬਾਰੀ ਹੀ ਰਹੇ॥

ਸੰਬਤ 1819 ਤੋਂ 1910(ਸੰਨ 1861-1910) ਤਕ, ਤਿੰਨ ਸ਼ਾਹੀ ਪਟਿਆਲਾ ਰਾਜ ਪੁਸ਼ਤ:-7.ਮਹਾਰਾਜਾ ਮਹੇਂਦ੍ਰ ਸਿੰਘ (1852-62-76), 8.ਮਹਾਰਾਜਾ ਰਾਜੇਂਦ੍ਰ ਸਿੰਘ(1852-62-76),8.ਮਹਾਰਾਜਾ ਭੂਪੇਂਦ੍ਰ ਸਿੰਘ (1891-1900-38) ਸੰਨ 1910 ਤਕ ਨਾਬਾਲਗੀ ਟੁਟਵੀਆਂ ਤਿੰਨ ਕੌਂਸਲਾਂ ਰਹੀਆਂ, ਬੇਸ਼ਕ, ਗੁਰੁਸਿੱਖ ਧਰਮ ਵਿਦਿਆ ਸੁਰਖਤ ਸੀ,ਤੇ ਲਿਖਣ ਲਿਖਾਣ ਕਾਰਜ ਲਈ ਸ੍ਵਰਗੀ ਮਹਾਰਾਜਾ ਨਰੇਂਦ੍ਰ ਸਿੰਘ ਨੇ ਅਗੇ ਲਈ ਮੁਸਤਕਿਲ ਹੁਕਮ ਦਿਤਾ ਸੀ ਕਿ ਸਾਲਾਨਾ ਖਜ਼ਾਨਾ ਮੰਤਰੀ ਰਿਆਸਤ ਦੀ ਨਿਜਿਤ ਰਕਮ ਸਾਲਾਨਾ ਆਮਦ-ਖਰਚ(State Budget) 'ਚ ਮੁਕਰਰ ਕੀਤੀ ਤੇ ਲਖਨਵੀ ਪੱਥਰ ਛਾਪਾ ਨਵਲ ਕਿਸ਼ੋਰ ਪ੍ਰੈਸ ਸ਼ਾਖਾ ਭਾਗ ਪਟਿਆਲੇ ਰਾਜਕੀ ਛਾਪੇ ਕਾਰਜ ਲਈਂ ਕੈਮ ਵੀ ਹੋ ਗਇਆ॥ ਪਰ ਕੁਛ ਕਾਲ ਪਿਛੋਂ ਪਟਿਆਲਾ ਦਰਬਾਰ ਮਹਾਰਾਜਾ ਰਾਜੇਂਦ੍ਰ ਸਿੰਘ, ਰਾਜੇਂਦ੍ਰ ਪੱਥਰ ਛਾਪੇ ਖਾਨਾ ਬਣਨ ਕਾਲ ਵਿਚਕਾਰ ਦੋ ਕੌਂਸਿਲਾਂ ਨੇ ਹੋਰ ਥਾਵਾਂ ਵਿੱਚ ਇਹ ਗੁਰੂਸਿੱਖ ਧਰਮ ਛਾਪਣ ਦੀ ਮਨਜ਼ੂਰੀ ਦੇਣ ਵਿੱਚ ਦੇਰ, ਤੇ ਕਫਾਇਤ ਕਰਦੇ ਰਹੇ, ਜਿਸ ਕਾਰਣ ਕਈ ਗ੍ਰੰਥ ਛਾਪਣ 'ਚ ਦੇਰ ਰਹੀ,ਤੇ ਅੰਗ੍ਰੇਜ਼ੀ ਪੰਜਾਬ ਇਲਾਕੇ: ਅੰਬਾਲੇ, ਅੰਮ੍ਰਿਤਸਰ, ਲਾਹੌਰ,ਰਾਵਲਪਿੰਡੀ ਆਦਿ ਥਾਵਾਂ ਤੇ ਨਿਜ ਖਰਚ ਤੇ ਪੱਥਰ/ਲੋਹੇ ਛਾਪੇਖਾਨੇਆਂ ਵਿੱਚ ਕਈ(ਸਰਕਾਰੀ ਨਹੀਂ) ਗ੍ਰੰਥ ਛਾਪੇ ਗਏ ॥

ਪਰ ਮਹਾਰਾਜਾ ਰਾਜੇਂਦ੍ਰ ਸਿੰਘ ਦੀ ਬਾਅਖਤਿਆਰੀ ਬਾਦ ਪੰ. ਤਾਰਾ ਸਿੰਘ ਨਰੋਤਮ ਦਾ ਦੋ ਭਾਗਾਂ 'ਚ "ਗੁਰੁ ਗਿਰਾਰਥ ਕੋਸ਼" ਰਾਜੇਂਦ੍ਰ ਪੱਥਰ ਪ੍ਰੈਸ, ਪਟਿਆਲੇ 'ਚ ਛਪਿਆ॥ ਇਸੇ ਤਰ੍ਹਾਂ,ਮਹਾਰਾਜਾ ਭੂਪੇਂਦ੍ਰ ਸਿੰਘ ਬਾਅਖਤਿਆਰੀ ਪਿੱਛੋਂ, ਪੰ ਮੰਗਲ ਸਿੰਘ ਦੇ ਦੋ ਗ੍ਰੰਥ, ਕਵਿਤਾ, ਅਲੰਕਾਰ ਪਰਿਭਾਸ਼ ਦਾ ਅਤੇ ਜੋਤਿਸ਼ ਨਾਨਕ ਸ਼ਾਹੀ ਸੰਮਤ ਸਿੱਧ "ਮਹੂਰਤ ਚੰਦ੍ਰਿਕਾ" ਗ੍ਰੰਥ

Sri Satguru Jagjit Singh Ji eLibrary NamdhariElibrary@gmail.com

ਛਪੇ ॥ ਇਸ ਤਰ੍ਹਾਂ ਤਿੰਨ ਕੌਂਸਲਾਂ ਵੇਲੇ ਪੰਜਾਹ ਸਾਲਾਂ 'ਚ ਕੌਂਸਲਾਂ ਰਾਹੀਂ ਛਾਪਣ ਕਾਰਜ ਢਿਲਾ ਪੈਂਦਾ ਰਿਹਾ ਜਿਸ ਕਰਕੇ ਕਈ ਵਾਰ ਸਾਧੂਆਂ, ਆਪਣੀ ਹਿੰਮਤ ਤੇ ਮੁਸ਼ਕਿਲਾਤਾਂ ਨਾਲ ਧਨ ਸੰਗ੍ਰਹ ਕਰ, ਗ੍ਰੰਥ ਛਾਪੇ ॥ ਇਹ ਸਾਧੂ ਹੋਰ ਰਾਜਾਂ ਦੇ ਬੁਲਾਵੇ ਤੇ ਵੀ ਪਟਿਆਲਾ ਦਰਬਾਰ 'ਚ ਹਜ਼ਾਰਾਂ ਦੀ ਤਾਦਾਦ ਗ੍ਰੰਥ ਸ਼ਾਹੀ ਪੁਸਤਕਾਲੇ(Patiala Royal Library) ਕਾਰਣ--ਕਿਸੇ ਹੋਰ ਗੁਰੁਸਿੱਖ ਰਾਜ 'ਚ ਨਾ ਹੋਣ ਕਾਰਣ, ਪਟਿਆਲਾ ਨਾਂ ਛੱਡ ਸਕੇ (ਦੇਖੋ ਫਰੀਦਕੋਟ ਟੀਕਾ ਦੀ ਭੂਮਿਕਾ)॥ ਨਿਰਮਲ ਨੈਬ ਸ਼੍ਰੀ ਮਹੰਤ ਪੰ. ਤਾਰਾ ਸਿੰਘ ਨਰੋਤਮ ਦੇ ਨਿਰਵਾਨ ਕਾਲ ਤੇ ਮਹਾਰਾਜਾ ਰਾਜੇਂਦ੍ਰ ਸਿੰਘ ਦੇ ਹੁਕਮ ਨਾਲ ਸਰਕਾਰੀ ਫੌਜੀ ਬਾਜੇ ਨਾਲ(ਜੋ ਸੰ.1947-8 ਤਕ ਛੇ, ਤੇ ਬਾਰਾਂ ਬਰਸੀ ਹਰਿਦ੍ਵਾਰ ਅਰਧ,ਪੂਰੇ ਕੁੰਭਾਂ ਤੇ ਨਿਰਮਲੇ ਸਿੰਘਾਂ ਦੀ ਸ਼ਾਹੀ ਅੱਗੇ) ਅਰਥੀ ਨਾਲ ਸਾਰੇ ਸ਼ਹਿਰ 'ਚ ਬਵਾਨ ਮਾਨ ਨਾਲ ਨਿਕਲਿਆ ॥

ਹ. ਸ਼੍ਰੀਜਗਦਗੁਰੂ ਗ੍ਰੰਥ ਸਾਹਿਬ ਧਰਮ-ਰਾਜ ਜੋਗ ਦਾ ਉੜ੍ਹ ਭਾਰਤ 'ਚ ਅੰਗ੍ਰੇਜ਼ੀ ਇਸਾਈ ਰਾਜ ਧਰਮ ਨੀਤੀ, ਪਛਮੀ ਸੰਸਕ੍ਰਿਤੀ, ਆਰਿਆ ਸਮਾਜ, ਗੁਰੁ-ਸਿੱਖ ਉਦਾਸੀ, ਨਿਰਮਲ ਸਿੱਖ-ਸਿੰਘ ਏਕਤਾ ਲਈ ਅੰਗ੍ਰੇਜ਼ ਰਾਜ ਧਰਮ ਭੇਦ/ਫਾੜ ਨੀਤੀ "ਸਿੰਘ ਸਭਾ" ਨਿਰਮਾਣ ਦਾ ਗੁਪਤ ਕਾਰਣ ਸੀ, ਜਿਸਦੇ ਜ਼ਿਆਦਾ ਵਿਸਤਾਰ ਬਿਨਾ ਇਹ ਲਿਖਨਾ ਕਾਫੀ ਹੈ:-

ਗੁਰੁਸਿਖ ਉਦਾਸੀ ਅਤੇ ਨਿਰਮਲ ਸਿੰਘਾਂ ਵਲੋਂ ਏਕਤਾ, ਤੇ ਸ਼੍ਰੀ ਗੁਰੂ ਰਾਜ ਜੋਗ ਲਕਸ਼ ਪ੍ਰਚਾਰ ਦਾ ਸੀ॥ ਇਕ ਗੁਜਰਾਤੀ ਸਾਧੂ ਸ੍ਵਾਮੀ ਦਯਾ ਨੰਦ ਨੇ ਆਪਣਾ ਨਵਾਂ ਸਿੱਧਾਂਤ ਆਪਣੇ ਦੇਸ਼ ਗੁਜਰਾਤ-ਸੌਰਾਸ਼ਟ੍ਰ ਪ੍ਰਚਾਰਣ ਦਾ ਪ੍ਰਯਤਨ ਕੀਤਾ ਪਰ ਉਸਦੀ ਦਾਲ ਨਾ ਗਲੀ ॥ ਭਰੇ ਦਿਲ ਲਾਹੌਰ ਪੰਜਾਬ ਆਯਾ। ਲੋਗ ਅਗੇ ਵਧੂ ਦੇਖ ਜਾਂਚ ਕੇ, ਪੰਜਾਬ ਰਾਜਧਾਨੀ ਲਾਹੌਰ ਆਪਣੇ ਮਤ ਪ੍ਰਚਾਰ ਲਈ ਡੇਰਾ ਕਰ ਲਿਆ॥ ਅਗਾਹਾਂ ਵਧੂ ਵਰਣਾਸ਼੍ਰਮ ਤੋਂ ਤੰਗ ਆਏ ਕਈ ਹਿੰਦੂ ਮਗਰ ਲਗੇ। ਇਨ੍ਹਾਂ ਤੋਂ ਇਲਾਵਾ ਹਿੰਦੂ ਵਰਣਾਸ਼੍ਰਮ ਸ਼ੁਦ੍ਰ ਜਾਤੀ ਉਦਾਸੀ ਵਿਦ੍ਵਾਨ ਗੁਰੁਸਿੱਖਾਂ ਵਿਵਹਾਰਿਕ ਮੌਕਾ ਦੇਖ ਰਾਜਨੀਤਕ ਫੈਦਾ ਉਠਾਨੇ ਤੇ ਲਕ ਬੰਨਿਆ। ਜਿਵੇਂ ਪਹਿਲਾਂ ਉਦਾਸੀ ਭਾਈ ਦਿੱਤ ਸਿੰਘ ਵਰਗੇ ਦਿਆਨੰਦ ਮਤ ਦੇ ਉਸ ਨੂੰ ਬਣੇ ਬਣਾਏ ਮਲੋਮਲੀ ਪ੍ਰਚਾਰਕ ਮਿਲ ਗਏ ॥ ਉਦਾਸੀ ਸਹਿਜਧਾਰੀ ਗੁਰੁਸਿੱਖ ਦੇ ਖੇਤ-ਬਾੜੀ ਰੱਖਕ, ਨਿਰਮਲੇ ਸਿੰਘਾਂ ਰਾਖੇ-ਬਾੜ ਬਣਾ ਕੇ ਗੁਪਤ ਭੇਦ ਨੀਤੀ ਬਰਤੀ ॥ ਅੰਗ੍ਰੇਜ਼ੀ ਪੰਜਾਬ ਰਾਜ ਨੇ ਦੇਖਿਆ ਤੇ ਫੈਦਾ ਉਠਾਣਾ ਉਲੀਕਿਆ ॥ ਓਨ੍ਹਾਂ ਆਪਣੇ ਅੰਗ੍ਰੇਜ਼ੀ-ਪੰਜਾਬ ਸਰਦਾਰ, ਗੁਰੂਸਿੱਖ ਧਨਾਡ ਮੂਹਰੇ ਕਰ, ਗੁਪਤ ਰੂਪ ਪਿਛੇ ਹੋ ਨਵੀ "ਸਿੰਘ ਸਭਾ" ਲਹਿਰ ਬਣਾ ਚਲਾਕੇ ਉਸ ਕਾਲ ਦੇ ਅਨਪੜ੍ਹ, ਅਫੀਮੀ-ਭੰਗੀ, ਨਿਹੰਗ ਸਿੰਘ ਅਕਾਲੀ ਮੂਹਰੇ ਕਰ ਗੁਰੁਸਿੱਖਾਂ 'ਚ ਫਾਟਕ ਪਾਉਣ ਦੀ ਕਮੀ ਨਾ ਛੱਡੀ ਕਿ "ਸਿੱਖੀ" ਕੇਵਲ "ਸਿੰਘੀ ਧਰਮ" ਹੀ ਹੈ। ਪਰ ਕਿਸੇ ਅਨਪੜ੍ਹ ਗੁਰੁਸਿੱਖ ਇਹ ਨਾ ਜਾਣਿਆ, ਕਹਣਾ ਤਾਂ ਕੀ ਸੀ: ਬਿਨਾ "ਖੇਤ":"ਬਾੜ" ਹੋਣਦਾ ਕੀ ਮਤਲਬ ਹੰਦਾ ਹੈ?" ਹੁਣ(2007)ਤਕ ਸੌ ਸਾਲਾਂ 'ਚ ਆਮ ਗੁਰੁ-ਸਿੱਖ ਨਾ ਸਮਝੇ।

ਇਹ ਸਮਝਣਾ ਜ਼ਰੂਰੀ ਹੈ; ਉਸ ਵੇਲੇ ਪਹਿਲੋ ਪਹਿਲ ਜਿਥੇ ਉਦਾਸੀ ਗੁਰੁਸਿੱਖ ਹੈਸੇ ਭਾਈ ਦਿੱਤ ਸਿੰਘ ਵਰਣ ਭੇਦ ਕਾਰਣ ਪਹਿਲਾਂ ਆਰਿਯਾ ਸਮਾਜੀ ਪਰਚਾਰਕ ਕਿਉਂ ਬਣੇ? ਕਿਉਂਕਿ ਲਾਇਕ ਹੁੰਦੇ ਵੀ ਸੰਨਿਆਸੀ ਮਹੇਸ਼ ਯੋਗੀ ਕੈਸਤ ਤਰ੍ਹਾਂ ਸ਼ੰਕਰ ਸ਼੍ਰੀ ਮਹੰਤ ਨਹੀਂ ਹਨ, ਉਸੇ ਤਰ੍ਹਾਂ ਭਾਈ ਦਿੱਤ ਸਿੰਘ ਨੂੰ ਉਦਾਸੀ ਮਹੰਤੀ ਨਾ ਮਿਲਨ ਕਰਕੇ, ਰੋਸ 'ਚ ਅੱਡ ਹੀ ਨਹੀਂ

Sri Satguru Jagjit Singh Ji eLibrary NamdhariElibrary@gmail.com

ਹੋਇਆ; ਪਰ ਪਹਿਲਾਂ ਆਰਿਆ ਸਮਾਜੀ ਬਣ, ਦਯਾਨੰਦੀ ਸਿਧਾਂਤ ਪਰਚਾਰਕ ਹੋਇਆ॥ ਪਰ ਗੁਰੁਸਿੱਖ ਧਰਮ ਸਿਧਾਂਤ ਪਾਲਕ ਸੀ; ਇਕਦਮ ਸਿੰਘ ਸਭਾ ਜਦ ਅੰਮ੍ਰਿਤਸਰ, ਤੇ ਵਿਸ਼ੇਸ਼ ਕਰ ਲਾਹੌਰ ਬਣੀ-- ਉਲਟ ਕੇ ਦੂਜੀ ਵਾਰ ਇਕਦਮ ਪਹਿਲੇ ਉਦਾਸੀ ਗੁਰੁਸਿੱਖ ਸੰਸਕਾਰਾਂ ਕਾਰਣ--ਮੁੜ ਆਰੀਯਾ ਸਮਾਜ ਤਿਆਗ ਗੁਰੁਸਿੱਖ ਅੰਮ੍ਰਿਤ ਛੱਕ, ਲਾਹੌਰ ਸਿੰਘ ਸਭਾ 'ਚ ਸ਼ਾਮਿਲ ਹੋ ਸਿੰਘ ਸਭਾ ਪ੍ਰਚਾਰਕ ਗਿਆਨੀ ਦਿੱਤ ਸਿੰਘ, ਸਿੰਘ ਬਣ ਗਇਆ॥ ਕਾਰਣ ਕਿ ਓਹ ਸ੍ਵਾਮੀ ਦਯਾਨੰਦ ਆਰਿਆ ਸਮਾਜੀ ਪਰਚਾਰਕ ਰਹਿ ਚੁਕਾ ਸੀ ਤੇ ਮੁਢੋਂ ਸ੍ਵਾਮੀ ਦਾ ਜ਼ਾਤੀ ਭੇਦੀ ਤੇ ਬਲ-ਅਬਲ ਜਾਣੂ ਸੀ, ਉਸ ਕਾਰਣ ਦਯਾਨੰਦ ਨੂੰ ਆਮ੍ਹੋਂ ਸਾਮਣੇ ਸ਼ਾਸਤ੍ਰਾਰਥ ਲਈ ਲਲਕਾਰਿਆ॥ ਖੁਲੇ ਗੋਸ਼ਟ'ਚ ਵਿਜੈ ਪਾਈ ਜਿਸ ਕਰਕੇ ਨਵੇ ਬਣੇ ਸਿੰਘ ਸਭਾਈ 2007 ਵਿੱਚ ਵੀ ਮਾਨ ਕਰਦੇ ਹਨ॥ ਗੁਰੁਸਿੱਖ ਹੁਣ ਭੁਲੇ ਹਨ, ਜਥੇਦਾਰ ਊਧਮ ਸਿੰਘ ਨਾਗੋਕੇ ਨੇ ਮੈਨੂੰ ਦਸਿਆ ਕਿ ਓਹ ਉਦਾਸੀ 1910 ਤਕ ਰਹਿਆ ਸੀ॥ ਪਾਠਕ ਇਹ ਯਾਦ ਰਖਣ; ਸੰਨ 1891 ਤੋਂ 1925 ਵੇਲੇ ਤਕ ਪੰਜਾਬੀ ਉਦਾਸੀ ਗੁਰੁਸਿੱਖ ਸਾਧੂ ਬਹੁਤ ਉੱਚ ਕੋਟਿ ਧੁਰੰਦਰ ਵਿਦ੍ਵਾਨ ਸ੍ਵਾਮੀ ਕੇਸ਼ੂਾਨੰਦ, ਪਟਿਆਲਾ ਮਾਂਝੀ ਪਿੰਡ ਆਚਾਰਜ ਉਦਾਸੀ ਗੁਰੁਸਿਖ ਪੰਡਿਤ ਕਿਸ਼ਨ ਲਾਲ, ਸਿੰਘ ਸਭੀ ਰਾਜਗੁਰੁ ਨਾਭਾ ਭਾਈ ਕਾਨ੍ਹ ਸਿੰਘ,ਆਦਿ,ਅਨੇਕ ਨਿਰਮਲੇ ਧੁਰੰਦਰ ਵਿਦਵਾਨ ਸਾਧੂ ਯੂ.ਪੀ. ਸੰਤ ਪੰ. ਸਾਧੂ ਸਿੰਘ ਦੀ ਸ਼੍ਰੀ ਜਪੁ ਜੀ ਟੀਕਾ ਇਸ ਸੰਗ੍ਰਹ'ਚ ਸ਼ਾਮਿਲ ਹੈ, ਛਪਿਆ ਸ੍ਵਾਮੀ ਦਯਾਨੰਦ ਕ੍ਰਿਤ "ਸਤਜ਼ਾਰਥ ਪ੍ਰਕਾਸ਼ ਖੰਡਨ" ਵੇਦ ਤੇ ਸ਼੍ਰੀ ਗੁਰੁ ਪ੍ਰਮਾਣਾਂ ਨਾਲ ਛਪਿਆ "ਖੰਡਨ ਗ੍ਰੰਥ" ਹੈ, ਤੇ ਕਈ ਨਾਮਵਰ ਸੰਤ,ਪੰ.ਤਾਰਾ ਸਿੰਘ 'ਨਰੋਤਮ' ਦੀ ਵੀ ਲਾਹੌਰ "ਸਿੰਘ ਸਭਾ" ਇੰਟਰਨੈਟ ਤੇ ਕੰਪਿਊਟਰ ਹੁਣ ਪੜ੍ਹ ਸਕਦੇ ਹਨ, ਐਨੀ ਪ੍ਰਸੰਸਾ ਲਿਖੀ ਹੈ,ਕਿ ਓਨ੍ਹਾਂ ਵਰਗਾ ਕੋਈ ਗੁਰੂਸਿੱਖ ਵਿਦ੍ਵਾਨ ਨਹੀਂ, ਆਦਿ। ਅਨੇਕ ਵਾਰ ਦੀਵਾਨ ਮੰਚ ਉਤੇ ਆਰਿਆ ਸਮਾਜ ਸਿੱਧਾਂਤ ਖੰਡਨ ਭਾਸ਼ਣ ਦਿਤੇ, ਪਰਚੇ ਪੜ੍ਹੇ। ਬਿਚਾਰੇ ਬਿਨਾ ਗਿਆਨੀ ਦਿੱਤ ਸਿੰਘ ਕੀ ਕਰਦੇ? ਸ਼੍ਰੀਗੁਰੁਬਾਣੀ ਗੁਰੁਗਮ ਪਰਿਭਾਸ਼ਿਕ ਗਿਆਨ ਅਰਥ ਭਾਰਤੀ ਗੁਰੁਸਿਖ ਨਿਰਮਲੇ ਸੰਤਾਂ ਕੋਲ ਵਿਸ਼ੇਸ਼ ਹੈ!

2. ਵਿਦੇਸ਼ੀ ਅੰਗ੍ਰੇਜ਼ੀ ਪੰਜਾਬ ਰਾਜ'ਚ "ਭੇਦ: ਫਾੜ ਨੀਤੀ" ਕਾਲ:-

ਓ, ਸ਼੍ਰੀਜਗਦਗੁਰੂ ਗ੍ਰੰਥਜੀ ਧਰਮ-ਰਾਜ ਜੋਗ ਉੜ੍ਹ ਭਾਰਤੀ ਵਿਦੇਸ਼ ਅੰਗ੍ਰੇਜ਼ੀ ਇਸਾਈ ਭੇਦ ਨੀਤੀ,ਪੱਛਮੀ ਵਿਦਿਆ ਪ੍ਰਭਾਵ: ਵਿਵਹਾਰਿਕ ਸਾਮੀ ਇਮਾਨ: ਭਾਰਤੀ ਧਰਮ, ਖਾਸ ਕਰ ਗੁਰੂਸਿੱਖ ਧਰਮ ੧ਓ ਦੀ ਸਿਖਿਆ ਦੇ ਉਲਟ ਹੈ:-

ਮ:3:- ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ॥ ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ॥

ਬਰਤਾਨਵੀ ਰਾਜ ਨੇ ਸੰਨ 1600 'ਚ ਤਿਜਾਰਤੀ ਪੂਰਵੀ ਭਾਰਤੀ ਕੰਪਨੀ ਬਣਾਈ (British East India Company of 1600: desolved-1858 declared Paramountcy) ਉਸ ਮਾਧਿਜਮ ਰਾਹੀਂ ਪਹਿਲਾਂ ਭਾਰਤ ਪ੍ਰਵੇਸ਼ ਕਰ ਪੂਰਵ ਮਾਛੀਆਂ ਦੇ ਪਿੰਡ 'ਕਾਲੀ ਕੋਤਾ' ਆਕੇ ਆਪਣਾ ਕੇਂਦ੍ਰ ਬਣਾਇਆ ॥ ਗੰਗਾ-ਹੁਗਲੀ ਦਰਿਆ ਕੰਢੇ ਪਿੰਡ ਕਲਕੋਤਾ ਨੂੰ ਕੇਂਦ੍ਰ ਸ਼ਹਿਰ ਸਥਾਨ ਦੀ ਸਿਰੋਂਜ ਕਰੀ ... ਕੰਪਨੀ ਦੀ ਰਾਜਧਾਨੀ

Sri Satguru Jagjit Singh Ji eLibrary NamdhariElibrary@gmail.com

(ਦਾਰੁਖਲਾਫਾ) ਬਣ ਗਈ॥ ਓਦੋਂ ਉੱਤਰ ਹਿੰਦ ਮੁਗ਼ਲ ਸਲਤਨਤ ਦਾਰੁਖਲਾਫਾ ਦਿੱਲੀ(ਆਗਰਾ/ਲਾਹੌਰ)ਸੀ ਤੇ ਉੱਤਰ 'ਚ ਗੁਰੂਸਿਖ ਸਿੰਘ ਰਾਜ ਅਠਾਰਵੀਂ ਸਦੀ 'ਚ ਬਣਨ ਲਗੇ ॥ ਅੰਗ੍ਰੇਜ਼ੀ ਸਾਮਰਾਜੀ ਤਜਾਰਤੀ ਸੁਭਾਓ ਕਾਰਣ, ਦੁਨਿਆ ਉਤੇ ਹਾਵੀ ਹੋਕੇ ਰਾਜ ਕਰਣ ਲਗੇ॥ ਪਹਿਲੋ ਪਹਿਲ ਓਹ ਆਪਣੀਆਂ ਯੂਨੀਵਰਸਟੀਆਂ ਦੇ ਵਿਦਿਆ ਮਾਨ ਪਤ੍ਰ ਪ੍ਰਾਪਤ ਇਸਾਈ ਧਰਮ ਤਿਆਗੀ ਪ੍ਰਚਾਰਕਾਂ ਨੂੰ ਵਿਦੇਸ਼ ਦੇਸ਼ਾਂ 'ਚ ਬਲ-ਅਬਲ ਜਾਣਿਜ਼ੇ ਲਈ ਭੇਜਦੇ ਸਨ। ਪਿਛੋਂ ਫੇਰ ਵਪਾਰ ਸੰਗਠਿਤ ਕੰਪਨੀ ਨਾਲ ਰਾਖੀ ਲਾਈਨ ਪਛਮੀ ਫੌਜ(ਅਸਲੇ ਬੰਦੂਖਾਂ,ਤੋਪਾਂ) ਨਾਲ ਭੇਜਦੇ ਸਨ। ਮੌਕਾ ਪਾ ਕੇ ਜੇ ਕੋਈ ਮੁਲਕ ਨੂੰ ਗੁਲਾਮ ਬਣਾ ਸਕਣ, ਵੇਲਾ ਦੇਖ ਮੌਕੇ ਦਾ ਫੈਦਾ ਉਠਾਂਦੇ ਸਨ ॥

ਸੰਨ 1857-8 ਵਿੱਚ ਮੁਗ਼ਲ ਸਲਤਨਤ ਦਾਰੁਖਲਾਫਾ ਦਿੱਲੀ ਅੰਗ੍ਰੇਜ਼ ਨੇ ਸੁਲ੍ਹਾਬੰਦ ਭਾਰਤ ਪੰਜਾਬੀ ਗੁਰੂਸਿੱਖ ਰਾਜੇਆਂ ਦੀਆਂ ਫੌਜਾਂ ਨਾਲ ਫੜ੍ਹੇ ਕਰ, ਮੁਗ਼ਲ ਬਾਦਸ਼ਾਹ ਬਹਾਦੁਰਸ਼ਾਹ ਜ਼ਫਰ ਨੂੰ ਜਲਾਵਤਨ ਕਰ ਮਯਾਂਮਾਰ (ਬਰਮਾ,ਰੰਗੂਨ): ਬ੍ਰਿਟਿਸ਼ ਮਲਕਾ ਵਿਕਟੋਰਿਆ ਨੂੰ ਭਾਰਤ ਦੀ ਨਵੀਂ ਮਲਕਾ ਇਲਾਨ ਕੀਤਾ॥ ਤਦ ਤੋਂ ਅੰਗ੍ਰੇਜ਼ੀ ਸਰਕਾਰੀ ਪੱਧਰ ਉਤੇ ਰਾਜ ਕਰਣ ਲਈ ਸਾਰੀ ਭਾਰਤੀ ਸੰਸਕ੍ਰਿਤੀ ਸਾਹਿਤ ਨਵੇਂ ਅੰਗ੍ਰੇਜ਼ੀ ਰਾਜ ਨੇ ਖੋਜ, ਅਲੋਚਨਾ, ਉਲਥੇ ਆਦਿ ਕਰਣ ਲਈ ਜਰਮਨ ਸੰਸਕ੍ਰਿਤ ਵਿਦ੍ਵਾਨ ਪ੍ਰੋਫੈਸਰ ਮੈਕਸ ਮੂਲਰ (Fredrich Max Muller 1823-1900): ਸਫੈਦ-ਸਾਵਾਂ, ਉੱਤਮ-ਨੀਚ ਸੰਸਕ੍ਰਿਤੀ ਵਿਤਕਰਾ ਪੱਖੀ ਵੀ ਸੀ, ਦੇ ਅਧਿਕਾਰ ਹੇਠ ਅੰਗ੍ਰੇਜ਼ੀ ਵਿਦ੍ਵਾਨ ਥੋਮਸ ਮੈਕੌਲੇ (Baron B. Thomas Maccaulay 1800-1859) ਚਾਰ ਪੰਜ ਦਰਜਨ ਯੋਰਪਿਅਨ (ਭਾਰਤੀ ਸੰਸਕ੍ਰਿਤੀ ਗਿਆਤਾ) ਵਿਦ੍ਵਾਨਾਂ ਦਾ ਹਿੰਦੂ ਧਰਮ ਮਹਿਕਮਾ ਅਨੇਕ ਸ਼ਾਸਤ੍ਰ, ਵਿਦਿਆ, ਕਲਾ ਗ੍ਰੰਥਾਂ ਉਤੇ ਕੰਮ ਕਰਣ ਰਖੇ, ਅੰਗ੍ਰੇਜ਼ੀ 'ਚ ਭਾਰਤੀ ਸਾਹਿਤ ਲਿਖਵਾਇਆ॥ ਪਰ ਕਿਉਂਕਿ ਅੰਗ੍ਰੇਜ਼ਾਂ ਦਾ ਗੁਰੂ-ਸਿੱਖ ਧਰਮੀਆਂ ਨਾਲ ਟੱਕਰ ਦੇ ਸੰਬੰਦ ਸੰਨ 1800/09 ਤੋ 30-50 ਸਾਲ ਲਾਹੌਰ ਤੇ ਪਟਿਆਲੇ ਫੁਲਕਿਆਂ ਦਰਬਾਰਾਂ ਨਾਲ ਰਹੇ --ਅੰਗ੍ਰੇਜ਼ਾਂ ਦਾ ਅਮਲੀ ਰੂਪ ਰਾਜ ਜੋਗ ਕਰਮ ਪ੍ਰਧਾਨ ਗੁਰੂਸਿਖ ਧਰਮ ਨਾਲ ਬਰਤਨ ਕਾਰਣ ਤੁਰਕ-ਮੁਗ਼ਲ ਸਲਤਨਤ ਗੁਲਾਮ ਹਿੰਦੂਆਂ ਤੋਂ ਵਖਰਾ ਬਰਤਾਉ ਦੇਖ ਸਮਝ ਕੇ, ਪ੍ਰੋਫੈਸਰ ਮੈਕਸ ਮੂਲਰ ਦੇ ਮਹਿਕਮੇ 'ਚ ਰਾਜਨੀਤੀ ਕਾਰਣ ਪੜਚੋਲ, ਅਲੋਚਨਾ, ਉਲਥੇ ਕਰਨ ਗੁਰੂਸਿਖ ਧਰਮ ਨਹੀਂ ਰਖਿਆ ਬਲਕਿ ਵਲੈਤ 'ਚ ਲੰਡਨ ਇੰਡੀਆ ਹਾਉਸ ਮਹਿਕਮਾ ਨੇ ਜਰਮਨ ਇਸਾਈ ਪਾਦਰੀ ਰੈਵਰੰਡ ਅਰਨਿਸਟ ਟ੍ਰੰਪ (Rev. Dr. Ernst Trumpp) ਨੂੰ ਸ਼੍ਰੀਵਿਸ਼ੁਗੁਰੂ ਗ੍ਰੰਥ ਸਾਹਿਬ ਤੇ ਗੁਰੂਸਿਖ ਧਰਮ ਦੀ ਖੋਜ, ਆਲੋਚਨਾ ਅੰਗ੍ਰੇਜ਼ੀ ਭਾਖਾ 'ਚ ਉਲਥੇ ਲਈ ਨਿਜਿਤ ਕੀਤਾ ॥

ਅ. ਮੈਕਸ ਮੂਲਰ ਖਟ-ਦਰਸ਼ਨ ਸਮੀਖਜਕ(*Gnostic* Philosophers) ਉਲਟ: ਅੰਗ੍ਰੇਜ਼ ਰਾਜਨੀਤੀ ਅਣਜਾਣ ਦਵੈਤ ਫਾੜ ਧਰਮ ਨੀਤੀ ਪਾਦਰੀ ਟ੍ਰੰਪ 1870-77 ਤਕ ਸਿਰਫ ਕੈਟਰ ਥੀਔਲੋਜਿਨ (Theologian) ਸੀ॥ ਓਹ ਭਾਰਤੀ ਦਾਰਸ਼ਨਿਕ ਤਰਕ (Metaphysics) ਤੋਂ ਬਿਲਕੁਲ ਅਗਿਆਤ ਸੀ॥ ਉਸਨੇ ਸ਼੍ਰੀਗੁਰੂ ਗ੍ਰੰਥ ਸਾਹਿਬ ਬਾਣੀ ਦੀ ਆਮ ਸਾਹਿਤ (Secular Literature) ਦੀ ਤਰ੍ਹਾਂ ਆਲੋਚਨਾ ਲਿਖੀ! ਮਸਲਨ:-'ਇਹ ਗੰਥ ਪੁਨਰੁਕਤੀ ਦੋਸ਼ਾਂ ਨਾਲ ਭਰਿਆ ਹੈ...'॥ ਪਾਦਰੀ ਟ੍ਰੰਪ ਨੂੰ ਪਤਾ ਨਹੀਂ ਸੀ ਕਿ ਭਾਰਤੀ ਧਾਰਮਿਕ ਸਾਹਿਤ 'ਚ

Sri Satguru Jagjit Singh Ji eLibrary NamdhariElibrary@gmail.com

ਦੁਨੀਆਵੀ ਸਾਹਿਤ (Secular Literature) ਤਰ੍ਹਾਂ ਪੁਨਰੁਕਤੀ ਦੋਸ਼ ਨਹੀਂ ਮੰਨਿਆਂ ਜਾਂਦਾ ॥ ਬਲਕਿ ਧਾਰਮਿਕ, ਅਤੇ ਖਾਸ ਕਰ ਅਧਿਆਤਮ ਸਾਹਿਤ (Religious Mystic Literature) ਵਿੱਚ "ਪੁਨਰੁਕਤੀ" ਗੁਣ (ਬਾਰ ਬਾਰ ੧ਓ ਦੇ ਅਨੇਕ ਰੂਪਾਂ 'ਚ ਉਸਤੁਤੀ) ਹੈ॥ ਪੁਰਾਣੇ ਵੇਦ ਧਰਮ ਗ੍ਰੰਥਾਂ 'ਚ ਐਥੇ ਤਕ ਮੰਨਿਆ ਹੈ, ਕਿ ਕਿਸੇ ਅਧਿਆਤਮਕ ਗ੍ਰੰਥ, ਜਾਂ ਭਾਗ ਦੇ ਭਾਸ਼ਜ/ਟੀਕਾ (exegesis) ਕਰਣ ਦੇ ਛੇ ਵਿਆਖਿਆ, ਛੇ ਤਾਤਪਰਜ, ਬਾਰਾਂ[20] ਪਰਿਭਾਸ਼ਿਕ ਜ਼ਰੂਰੀ ਪ੍ਰਤੀਬੱਧ ਨੇਮ ਹਨ ॥ ਉਨ੍ਹਾਂ ਅੰਦਰ ਸੱਤਵਾਂ ਨੇਮ "ਅਭਿਆਸ" ਸ਼ਾਸਤ੍ਰਾਂ 'ਚ ਬਾਰ ਬਾਰ ਇਕੋ ਨੁਕਤੇ ਦੇ ਭਿੰਨ ਪਹਿਲੂਆਂ ਦੇ "ਲਕਸ਼" ਉਤੇ ਪਹੁੰਚਣਾ ਵਿਧਾਨ (mandated) ਹਨ, ਉਸੇ ਪਿਛੋਕੜ 'ਚ ਦੋ ਵਾਰ ਜਪੁ ਨੀਸਾਣ ਗ੍ਰੰਥੀ 'ਚ ਇਹ ਤੁਕ ਦੇਖਦੇ ਹਾਂ: ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ਇਸੇ ਤਰ੍ਹਾਂ ਚਾਰ ਬਾਰ :- ਤੂ, ਸਦਾ ਸਲਾਮਤਿ ਨਿਰੰਕਾਰ, ਹੈ ਅਤੇ ਸੋਲਾਂ ਬਾਰ "ਏਕ ਤੂਹੀ" ਦੇਖਦੇ ਹਾਂ, ਆਦਿ ॥ ਇਹੀ ਪੁਰਾਣਾ ਜੁਗ ਵਿਧਾਨ ਸਾਮਵੇਦੀ ਛਾਂਦੋਗਸੋਪਨਿਸ਼ਦ'ਚ(6-8-16) "ਤਤ੍ਵੰਮਸਿ: ਬ੍ਰਹਮ ਗਿਆਨ" ਮਹਾਮੰਤ੍ਰ/ਮਹਾਵਾਕ ਨੌ ਵਾਰ ਲਿਖਿਆ ਹੈ॥ ਕੀ ਪਾਦਰੀ ਟ੍ਰੰਪ ਨੂੰ ਬਾਈਬਲ ਦੇ ਨਿਊ ਟੈਸਟਾਮੈਂਟ ਪੁਨਰੁਕਤੀ ਪੰਕਤੀਆਂ ਦਾ ਪਤਾ ਨਹੀਂ? ਦੇਖੋ,ਸੰਤ ਜੋਹਨ ਲਿਖਿਆ:"ਮੈ (ਯਸੂ ਮਸੀਹ) ਪਿਤਾ (ਰਬ)'ਚ ਹਾਂ, ਤੁਸੀਂ (ਚੇਲੇ) ਮੇਰੇ 'ਚ ... ਇੱਕੋ ਹਾਂ" (11।30॥ 14।9-11,20) ॥ ਇਹ ਸਤਰਾਂ ਟ੍ਰੰਪ ਨੇ ਬਾਈਬਲ ਦੀਆਂ ਸਮਝੀਆਂ ਸਨ,ਕਿ ਨਹੀਂ?। ਕਿ ਓਹ ਕੇਵਲ ਵਿਦੇਸ਼ੀ

---

20. ਨੋਟ:-ਵੇਦ ਕਰਮ ਕਾਂਡ ਦੇ ਲੰਕਾ ਰਾਜਪਤੀ ਰਾਵਣ, ਮੁਨੀ ਸਾਯਣ ਆਦਿ ਕ੍ਰਿਤ ਬਹੁਤ ਪੁਰਾਣੇ ਭਾਸ਼ ਹਨ। ਪਰ ਵੇਦ ਗਿਆਨ ਕਾਂਡ ਦਾ ਸਭ ਤੋਂ ਪੁਰਾਣਾ 2,000 ਬਰਸ ਕਰੀਬ ਪਰਿਭਾਸ਼ਾ ਦਿੰਦਾ ਭਾਸ਼ ਸ਼ੈਵ ਸੰਪ੍ਰਦਾਈ ਆਚਾਰਯ "ਸ਼ੰਕਰ" ਦਾ ਹੈ।ਉਸ ਪਿਛੋਂ ਹੀ ਵੈਸ਼ਣਵ ਆਚਾਰਿਯ ਰਾਮਾਨੁਜ, ਨਿੰਬਾਰਕ, ਮਾਧਵ, ਵੱਲਭ ਆਦਿਆਂ ਦੇ ਹੁਣ ਪ੍ਰਾਪਤ ਹਨ,ਤੇ ਸਾਰੇ ਸ਼ੰਕਰ ਵਿਆਖਿਆਨ,ਭਾਸ਼ਜ,ਟੀਕੇ ਆਦਿ ਪਰਿਭਾਸ਼ਾ ਨੇਮ ਅਧਾਰਾਂ ਉਤੇ **"ਵੇਦ ਸ਼ਾਸਤ੍ਰ"**ਵਿਆਖਿਆਨ ਕਰਦੇ ਰਹੇ ਹਨ॥ ਓਹੀ ਅਨਟੁਟ ਬਿਨਾ"ਪਦ ਛੇਦ "ਵੇਦ" ਆਦਿ ਲਿਖਤ ਪਾਠ ਪ੍ਰਨਾਲੀ ਅਨੁਸਾਰ 19ਵੀਂ ਸਦੀ ਤਕ ਉਸੇ ਤਰ੍ਹਾਂ ਸਾਰੇ ਗੁਰੁਸਿੱਖ ਸ਼੍ਰੀ ਗੁਰੁਬਾਣੀ ਟੀਕਾਕਾਰਾਂ ਦੇ ਹਨ॥ ਕਿਉਂਕਿ ਸ਼੍ਰੀਗੁਰੂਜੀਆਂਨੇ ਆਪਣੀ ਮੂਲ ਸ਼੍ਰੀ ਗੁਰੁਬਾਣੀ ਬਿਨਾ ਪਦਛੇਦ ਪੰਗਤੀਆਂ ਵਿੱਚ ਸ਼ਾਸਤ੍ਰ ਬੱਧ (canonization) **ਵੇਦ** "ਦੇਵ ਨਾਗਰੀ ਲਿਪੀ" ਵਤ "ਲਿਖੀ-ਲਿਖਵਾਈਆਂ"। ਓਹੀ ਪਰਿਭਾਸਿ ਪੰਜ ਨੇਮ, ਜਥਾ, ਅਟੁਟ ਪੰਗਤੀਆਂ ਦੇ ਹਰ ਪਾਠਕ,ਭਾਸ਼,ਟੀਕਾ,ਟਿੱਪਣੀ ਆਦਿਆਂ ਨੂੰ ਪਹਿਲਾਂ ਕਰਨੇ ਪੈਦੇ ਹਨ, ਜੋ ਸ਼ੰਕਰ ਵੇਦਾਂਤ ਸੂਤ੍ਰ ਦਰਸ਼ਨ ਭਾਸ਼ ਆਰੰਭ ਵਿੱਚ ਲਿਖੇ ਹਨ:- ਨੇਮ ਪੂਰਣ, ਪੰਗਤੀ ਦਾ **ਛੇਦ** ਸਭ ਤੋਂ ਪਹਿਲਾ ਕਰੋ:-

1.**ਪਦ** (ਵਿਆਕਰਣ ਅਨੁਸਾਰ: ਨਾਮ ਤੇ ਕ੍ਰਿਆ) **ਛੇਦ:**ਅਲਹਿਦਾ ਕਰੋ । **2, ਪਦ ਅਰਥ ਉਕਤਿ**: ਓਨ੍ਹਾਂ ਦੇ ਪਰਥਾਇ ਅਨੁਸਾਰ **"ਅਰਥ"** ਕਹੋ । 3.ਵਿਗ੍ਰਹ: ਜੁੜੀ ਪੰਗਤੀ ਨੂੰ ਤੋੜੋ । **4. ਵਾਕ ਯੋਜਨਾ**:(ਕਵਿਤਾ ਵਿਆਕਰਣ ਨਾਵ, ਕ੍ਰਿਯਾ ਬਨਾਵਟ ਅਸੁਧ ਹੁੰਦੀ ਹੈ,ਇਸ ਕਰਕੇ ਤੋੜੇ ਵਾਕ)ਨੂੰ **ਵਿਆਕਰਣ** ਰੀਤ ਜੋੜ ਸ਼ੁੱਧ ਲਿਖੋ/ਕਹੋ । 5,ਅਕਸ਼ੇਪਾਂ ਦਾ ਸਮਾਧਾਨ:ਨਿਗਮ-ਆਗਮ ਤਰਕ ਕਲਪਿਤ/ਕਿਸੇ ਦੇ ਸ੍ਵਾਲਾਂ ਦਾ ਨਿਆਯ ਪੂਰਵ ਉੱਤਰ ਦੇ ਕਿ ਸਿੱਧਾਂਤ ਸਿੱਧ ਕਰੋ ॥ ਅਗੇ ਛੇ ਨੇਮ ਤਾਤਪਰਜ ਨਿਰਣੈ:- 6/1.ਉਪਕ੍ਰਮ-ਉਪਸੰਘਾਰ: ਉਪਸੰਘਾਰ(ਵਿਸ਼ੈ/ਗ੍ਰੰਥ'ਗ੍ਰੰਥੀ)ਆਰੰਭ ਤੇ ਉਪਸੰਘਾਰ:(ਵਿਸ਼ੈ/ਗ੍ਰੰਥ'ਗ੍ਰੰਥੀ) ਸਮਾਪਤੀ ਦਾ ਸਿੱਧਾਂਤ ਇਕੋ ਹੋਵੇ, ਜਥਾ:੧ਓ ਸੱਤਿਨਾਮ=ਜਿਨੀ ਨਾਮ ਧਿਆਂਇਆ ।7/2.ਅਭਿਆਸ:ਬਾਰ ਬਾਰ ਦ੍ਰਿੜ ਕਰਨਾ "ਗੁਰਾ ਇਕ ਦੇਹਿ ਬੁਝਾਈ..."ਦੇ ਵਾਰ."ਤੂ, ਸਦਾ ਸਲਾਮਤਿ ਨਿਰੰਕਾਰ"4 ਵਾਰ."ਏਕ ਤੂਹੀ ..." 16 ਬਾਰ ਆਦਿ। 8/3. ਅਪੂਰਵਤਾ: ਮੁਕਾਬਲੇ ਬਿਨਾ "ਜਹ ਗਿਆਨ ਪ੍ਰਗਾਸੁ, ਅਗਿਆਨੁ ਮਿਟੰਤੁ"। 9/4. ਫਲ:ਸ਼੍ਰੀ ਗੁਰੁ ਬਾਣੀ ਨਿਸਕਰਸ਼ "ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ"। 10/5. ਅਰਥਵਾਦ(3): (ਵਾਚ/ਸ਼ਬਦ ਅਰਥ ਛੱਡ) ਲਕਸ਼ਾਰਥਾਂਦਾ ਉਪਯੋਗ, ਤੇ 11/6.ਉਪਪਤੀ: ਤਰਕ ਨਿਆਯਦੇ 6 ਗਿਆਨ ਤੇ ਇਤਿਹਾਸ ਦੇ 7/8 ਪ੍ਰਮਾਣ:1. ਪ੍ਰਤੱਖ, 2.ਅਨੁਮਾਨ, 3.ਉਪਮਾਨ, 4.ਸ਼ਬਦ, 5.ਅਰਥਾਪੱਤੀ, 6.ਅਭਾਵ;+ ਇਤਿਹਾਸ ਪਰਥਾਇ 7.ਅਤਿਹੇਯ, 8.ਸੰਭਵ ਸਾਰੇ ਹੀ ਜਾਣਨੇ ਅਤੀ ਜ਼ਰੂਰੀ ਹਨ॥

Sri Satguru Jagjit Singh Ji eLibrary NamdhariElibrary@gmail.com

ਇਸਾਈ ਧਰਮ ਹੰਕਾਰ 'ਚ ਦੇਸੀ ਭੋਲੇ ਗੁਰੁਸਿਖਾਂ ਨੂੰ ਹੇਠੀ ਦਿਖਾਣ ਤੇ ਹੀ ਲੱਕ ਬੰਨ੍ਹ ਇਸ ਤਰਾਂ ਲਿਖਿਆ ਸੀ? ਟ੍ਰੰਪ ਦਾ ਨਿਰੰਤਰ ਐਸਾ ਅਸ਼ਲੀਲ ਅਸੱਭਿਜ ਆਚਾਰ, ਕਠੋਰ ਵਤੰਡਾ ਅਲੋਚਨਾ ਕਾਰਣ ਅੰਗ੍ਰੇਜ਼ੀ ਰਾਜ ਦੇ ਪੰਜਾਬੀ ਗੁਰੁਸਿਖ ਟੱਕਰ ਲੈਣ ਲਈ ਬੜੇ ਜੋਸ਼ 'ਚ ਉਭਰੇ ਜਿਸ ਕਾਰਣ ਅੰਗ੍ਰੇਜ਼ੀ ਗੌਰਮਿੰਟ ਨੇ ਉਹ ਜਿਸ ਪਦਵੀ ਤੇ ਪਹਿਲਾਂ ਕੰਮ ਕਰ ਰਿਹਾ ਸੀ ਉਹੀ ਕਰਨਾ ਚੰਗਾ,ਤੇ ਠੀਕ ਸਮਝਿਆ॥

ਉਸ ਸਮੇ ਸੁਤੰਤ੍ਰ ਭਾਰਤੀ ਗੁਰੁਸਿਖ ਪੰਜਾਬੀ ਰਾਜਾਂ ਅੰਦਰ ਪਟਿਆਲੇ ਦੇ ਤਿੰਨੋ ਬਾਲਕ ਮਹਾਰਾਜੇ ਅੰਗ੍ਰੇਜ਼ੀ ਗੌਰਮਿੰਟ ਤਿੰਨ ਵਾਰ ਨਿਜਿਤ ਨਾਬਾਲਗੀ ਕੌਂਸਲਾਂ ਨੇ ਆਪਣੀ ਹਕੂਮਤ ਕਾਲਾਂ 'ਚ ਰਿਆਸਤ ਨਵਲ ਕਿਸ਼ੋਰ ਪ੍ਰੈਸ ਲਖ਼ਨਊ ਅਧਾਰ ਪਟਿਆਲਾ ਸ਼ਾਖਾ 'ਚ ਰਿਆਸਤੀ ਕੰਮ ਬਿਨਾ, ਧਰਮ ਗ੍ਰੰਥਾਂ ਦੀ ਛਪਾਈ ਮਠੀ ਪਾ ਦਿਤੀ ॥ ਦੂਜੇ ਪਾਸੇ ਫਰੀਦਕੋਟੀ ਰਾਜਾ ਵਜ਼ੀਰ ਸਿੰਘ ਨੇ ਨਾਬਾਲਗ ਪਟਿਆਲਾ ਮਹਾਰਾਜਾ ਮਹੇਂਦ੍ਰ ਸਿੰਘ ਦੇ ਕਾਲ ਦਾ ਫੈਦਾ ਉਠਾ, ਆਪਣਾ ਨਾਮ ਰੌਸ਼ਨ ਕਰਨ ਲਈ ਪਟਿਆਲੇ ਸ਼ੈਹਰ ਵਿੱਚੋਂ ਨਿਰਮਲ ਨੈਬ ਸ਼੍ਰੀ ਮਹੰਤ ਪੰ.ਤਾਰਾ ਸਿੰਘ ਨਰੋਤਮ ਨੂੰ ਬਲ ਪੂਰਵਕ ਫਰੀਦਕੋਟ ਲਿਆ, ਹਾਥੀ ਉਤੇ ਬਠਾ, ਸਾਰੇ ਸ਼ੈਹਰ 'ਚ ਫਿਰਕੇ ਕਿਲੇ ਅੰਦਰ ਭਰੇ ਦਰਬਾਰ ਲਗੇ 'ਚ ਮਿਲੇ॥ ਰਾਜਾ ਵਜ਼ੀਰ ਸਿੰਘ ਨੇ ਉਸ ਦਰਬਾਰ'ਚ ਕਿਹਾ:-"ਸੰਤ ਜੀ" ਤੁਸੀ ਪਟਿਆਲਾ ਛਡ ਕੇ ਫਰੀਦਕੋਟ ਸ਼੍ਰੀ ਗੁਰੂ ਗ੍ਰੰਥ ਸਾਹਿਬ ਟੀਕਾ ਪੂਰਾ ਕਰੋ ॥ ਇਸ ਵੇਲੇ ਅੰਗ੍ਰੇਜ਼ ਗੋਰਮਿੰਟ ਨੇ ਇਕ ਨਵੀ ਸਮਸਿਆ ਖੜੀ ਕੀਤੀ ਹੈ । ਓਨ੍ਹਾਂ ਨੇ ਇਕ ਜਰਮਨ ਇਸਾਈ ਪਾਦਰੀ ਟ੍ਰੰਪ ਨਾਮੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਵਿੱਚ ਟੀਕਾ ਲਿਖਨ ਦੀ ਸਕੀਮ ਉਠਾਈ ਹੈ ॥ ਅੰਗ੍ਰੇਜ਼ੀ ਉਲਥੇ ਮੁਕਾਬਲੇ ਗੁਰੁਮੁਖੀ ਟੀਕਾ ਅਸਾਂ ਪਹਿਲਾਂ ਪੂਰਾ ਚੜ੍ਹਾਣਾ ਹੈ ॥

ਬੜੀ ਨਿਮ੍ਰਿਤਾ ਨਾਲ ਨਿਰਮਲ ਨੈਬ ਸ਼੍ਰੀ ਮਹੰਤ ਪੰਡਿਤ ਤਾਰਾ ਸਿੰਘ ਉੱਤਰ ਦਿਤਾ:- ਰਾਜਾ ਸਾਹਿਬ ਜੀ ! ਆਪ ਦੇ ਫਰੀਦਕੋਟ'ਚ ਪੁਸਤਕਾਲੈ ਦੀ ਘਾਟ ਕਾਰਣ ਇਹ ਕੰਮ ਪੂਰਾ ਨਹੀਂ ਹੋ ਸਕਦਾ, ਇਹ ਠੀਕ ਹੈ ਕਿ ਗੁਰਗਮ ਪ੍ਰੀਭਾਸ਼ਾ ਗਿਆਨ ਬਿਨਾ, ਆਪ ਦੇ ਕਹੇ ਅਨੁਸਾਰ ਕਿਸੇ ਵੀ ਪਾਠਕ ਨੂੰ ਸ਼੍ਰੀ ਗੁਰੂਬਾਣੀ ਦੇ ਠੀਕ ਅਰਥਾਂ ਦਾ ਗਿਆਨ ਅਸੰਭਵ ਹੈ ॥ ਸਾਧੂ ਸੁਭਾਵ 'ਚ ਓਨ੍ਹਾਂ ਨੇ ਰਾਜਾ ਸਾਹਿਬ ਨੂੰ ਜ੍ਵਾਬ ਦਿਤਾ:"ਰਾਜਾ ਸਾਹਿਬ ਜੀ! ਇਹ ਕੰਮ ਸਿਰਫ ਪਟਿਆਲੇ ਮਹਾਨ ਪੁਰਾਣੇ ਗ੍ਰੰਥਾਂ ਦੇ ਪੁਸਤਕਾਲੈ ਕਾਰਣ ਹੀ ਹੋ ਸਕਦਾ ਹੈ, ਜਿਸ ਕਾਰਜ ਪੂਰ ਚੜ੍ਹਾਣ ਦਾ ਮੁਸਤਕਿਲ ਖਰਚੇ ਦਾ ਹੁਕਮ ਸ੍ਵਰਗੀ ਮਾਹਾਰਾਜਾ ਨਰੇਂਦ੍ਰ ਸਿੰਘ ਦੇ ਗਏ ਸੇ ॥ ਕ੍ਰੋਧ 'ਚ ਆਏ ਰਾਜਾ ਵਜ਼ੀਰ ਸਿੰਘ ਨੇ ਉਸੇ ਦਰਬਾਰ'ਚ, ਜੋ ਪਹਿਲਾਂ ਪਟਿਆਲੇ ਅਖਾੜਾ ਬਣਨ ਦਰਬਾਰ ਵੇਲੇ ਚੰਬੇਲੀ ਪਿੰਡ ਜਾਗੀਰ ਬਖਸ਼ੀ ਸੀ, ਜਬਤੀ ਦਾ ਹੁਕਮ ਦਿਤਾ ॥ ਸੰਤਾਂ ਕੋਈ ਪਰਵਾਹ ਨਾਂ ਕੀਤੀ, ਨਾਂ ਕਮਜੋਰੀ ਦਿਖਾਈ, ਤੇ ਪਟਿਆਲੇ ਵਾਪਸ ਆ ਗਏ॥ ਪਿੱਛੋਂ, ਰਾਜਾ ਫਰੀਦਕੋਟ ਨਾਮ ਖੱਟਣ ਲਈਂ ਹਠ 'ਚ ਆਏ। ਕਮੇਟੀ ਬਣਾਨ ਲਈਂ ਪੰਦ੍ਰਾਂ ਉਦਾਸੀ, ਨਿਰਮਲੇ ਵਿਦ੍ਵਾਨ ਸਾਧੂ ਨਿਮੰਤ੍ਰਣ ਕੀਤੇ॥ ਉਸ ਕਮੇਟੀ ਨੇ ਉਦਾਸੀ ਸਾਧੂ ਬਾਲਕ ਰਾਮ ਚੁਣਕੇ ਕੰਮ ਸ਼ੁਰੂ ਕਰਾਇਆ॥ ਸਾਲ ਮਗਰੋਂ ਨਮੂਨੇ ਦੇਖਣ ਦੇ ਝਗੜੇ ਕਾਰਣ ਰਾਜਾ ਸਾਹਿਬ ਦੇ ਹਜ਼ੂਰੀ ਗੁਰਦ੍ਵਾਰੇ ਗ੍ਰੰਥੀ ਗਿ.ਬਦਨ ਸਿੰਘ ਸਪੁਰਦ ਕਰ ਸਾਧਾਰਣ ਗੁਰੂਸਿੱਖਾਂ ਲਈਂ ਕੰਠ ਕੀਤੇ ਗੁਰੂਸਿੱਖ ਨਿਰਮਲ-ਉਦਾਸੀ (ਵਿਦਵਾਨਾਂ ਲਈ ਨਹੀਂ) ਪੰਜਾਬੀ ਸਹਿਜ ਅਰਥ ਚਾਰ ਜਿਲਦਾਂ 'ਚ ਪੰਜ

Sri Satguru Jagjit Singh Ji eLibrary NamdhariElibrary@gmail.com

ਸਾਲਾਂ 'ਚ ਪੂਰਾ ਕੀਤਾ[21] ॥ ਪਿੱਛੋਂ ਮਹਾਰਾਜਾ ਰਾਜੇਂਦ੍ਰ ਸਿੰਘ ਰਾਜ 'ਚ ਰਾਜੇਂਦ੍ਰ ਪਥਰ ਛਾਪਾਖਾਨਾ ਥਾਪਿਆ ਗਿਆ। ਲਖਨਊ ਨਵਲ ਕਿਸ਼ੋਰ ਪ੍ਰੈਸ ਪਟਿਆਲਾ ਬ੍ਰਾਂਚਾਂ ਬੰਦ ਹੋ ਗਈਆਂ, ਤੇ ਰਾਜੇਂਦ੍ਰ ਪਥਰ ਛਾਪਾਖਾਨੇ 'ਚ ਪੰ. ਤਾਰਾਸਿੰਘ ਨਰੋਤਮ ਦੇ ਦੋ ਭਾਗਾਂ 'ਚ "ਗੁਰੁ ਗਿਰਾਰਥ ਕੋਸ਼" ਛਪਿਆ(ਜਿਸਦੀ ਪ੍ਰੇਰਣਾ ਤੇ ਪੱਛਮੀ ਰੂਪ 'ਚ ਨਾਭਾ ਰਾਜਗੁਰੂ ਭਾਈ ਕ੍ਹਾਨ ਸਿੰਘ ਨਾਭਾ ਲਿਖਿਆ ਹੈ) ਤੇ ਮਹਾਰਾਜ ਰਾਜੇਂਦ੍ਰ ਸਿੰਘ ਛੋਟੀ ਉਮਰ 'ਚ ਸੁਰਗਵਾਸ ਹੋ ਗਏ, ਅਤੇ ਫੇਰ ਛਪਣ ਛਪੌਣ ਦਾ ਕੰਮ ਠੰਢਾ ਪੈ ਗਜਾ॥

ਏ. ਫੇਰ ਦੁਵਾਰਾ ਪ੍ਰਤੱਖ ਰੂਪੀ ਅੰਗ੍ਰੇਜ਼ੀ ਪੰਜਾਬੀ ਇਲਾਕੇ ਸਿੰਘ ਪਾਦਰੀ ਟ੍ਰੰਪ ਦੇ ਦਿਖਾਣ ਉਤੇ "ਗਲਤ ਅਰਥ" ਕਰਨ ਤੇ ਭੜਕਣ ਕਾਰਣ, ਫਰੀਦਕੋਟ ਰਾਜਾ ਵਜ਼ੀਰ ਸਿੰਘ ਨੇ ਉਦਾਰਤਾ ਪ੍ਰਗਟਾਈ॥ ਉਸ ਕਾਲ ਤਕ ਕੇਵਲ ਗੁਰੁਸਿਖ ਪੰਥ'ਚ ਦੋ(2)ਹੀ ਸੰਪ੍ਰਦਾਈ ਉਦਾਸੀ-ਨਿਰਮਲੇ ਪ੍ਰਸਿਧ ਵਿਦ੍ਵਾਨ ਸੰਤ (mystics), ਪੰਡਿਤ, ਗਿਆਨੀ ਡੇਢ ਕੁ ਦਰਜਨ ਪ੍ਰਸਿਧ ਉੱਚ ਦਰਜੇ ਗੁਰੁਸਿਖ ਨਿਮੰਤ੍ਰਿਤ ਕੀਏ॥ ਓਹ ਇਕਤ੍ਰਿ ਦਰਬਾਰ ਦੀ ਸਭਾ 'ਚ ਰਾਜਾ ਸਾਹਿਬ ਕਿਹਾ: "ਅੰਗ੍ਰੇਜ਼ਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ੍ਰੇਜ਼ੀ ਬੋਲੀ ਵਿੱਚ ਉਲਥਾ ਕਰਣ ਲਈ ਜਰਮਨ ਇਸਾਈ ਪਾਦਰੀ ਟ੍ਰੰਪ ਨਿਜਿਤ ਕੀਤਾਹੈ ਉਤੇ ਬਹੁਤ ਗਲਤ ਕੰਮ ਕਰਦੇ ਗੁਰੁਸਿਖ ਪੰਥ 'ਚ ਹਲਚਲ ਹੈ। ਉਸਨੂੰ ਮੂੰਹ ਤੋੜ ਜਵਾਬ ਦੇਣਾ ਹੈ ॥ ਐਸ ਕਾਰਜ ਲਈ ਅਸੀਂ ਸ਼੍ਰੀਗੁਰੁ ਗ੍ਰੰਥ ਸਾਹਿਬ ਦਾ "ਟੀਕਾ/ਭਾਸ਼ਜ (ਉਚੇ ਧਰਮ ਸੰਮੀਕਸ਼ਕ ਵਿਦਵਾਨਾਂ ਲਈ) ਤਾਂ ਨਹੀਂ ਕਰੌਣਾ"ः ਕੇਵਲ ਸਾਧਾਰਣ ਗੁਰੁ ਪੰਥੀ ਸਿੱਖ ਪਾਠਕਾਂ ਲਈ ਸ਼੍ਰੀਗੁਰੁ ਕਾਸ਼ੀ ਗੁਰੁਗਮ ਸੰਪ੍ਰਦਾਈ ਅਰਥ ਟੀਕਾ ਬਣਵੌਣ ਦਾ ਸੰਕਲਪ ਕੀਤਾ ਹੈ, ਅਗੇ ਨੂੰ ਜਿਸ ਕਰਕੇ ਜੋ ਮਹੰਤ, ਸੰਤ, ਗਿਆਨੀ ਕੋਲ ਅਰਥ ਸੀਨੇ ਬਸੀਨੇ ਚਲੇ ਆ ਰਹੇ ਹਨ, ਸਦਾ ਲਈ ਲਿਖਤ ਵਿੱਚ ਸੰਪ੍ਰਦਾਈ ਆਧਾਰ ਤੇ ਠੀਕ ਲਿਖੇ, ਸਦਾ ਲਈ ਸੁਰਖਤ ਹੋ ਜਾਣ ॥ ਰਾਜਾ ਫਰੀਦਕੋਟ ਨੇ ਇਸ ਕਾਰਜ ਲਈ ਸੁਧਾਈ ਕਮੇਟੀ ਬਣਾ ਕੇ ਕੰਮ ਸਪੁਰਦ ਕੀਤਾ ਕਿ ਚਾਰ ਸਾਲਾਂ 'ਚ ਕੰਮ ਪੂਰਾ ਕੀਤਾ ਜਾਵੇ ॥ ਰਾਜੇ ਸਾਹਿਬ ਦੇ ਚਲਾਣੇ ਕਰਕੇ ਅਤੇ ਬੰਸੀਵਾਨਾ ਦੀ ਘਟ ਉਮਰ ਕਾਰਣ ਕਰੀਬ 50 ਸਾਲਾਂ ਪਿੱਛੋਂ ਸੰਨ 1924 ਈ. ਚਾਰੋ ਭਾਗਾਂ 'ਚ ਪੂਰੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਫਰੀਦਕੋਟ ਟੀਕਾ ਛਾਪੀ ॥

ਫਰੀਦਕੋਟ ਰਾਜ ਟੀਕਾ ਕਮੇਟੀ ਨੇ ਪਹਿਲੇ ਟੀਕਾਕਾਰ ਪ੍ਰਸਿੱਧ ਰਮਤੇ ਉਦਾਸੀ ਸਾਧੂ ਬਾਲਕ ਰਾਮ ਨਿਜਿਤ ਕਰ, ਆਪਣੀ ਨਿਗਰਾਨੀ'ਚ ਕੰਮ ਪ੍ਰਾਰੰਭ ਕਰਾਇਆ ॥ ਸਾਧੂ ਬਾਲਕ ਰਾਮ ਨੇ ਕਰੀਬਨ ਇਕ ਸਾਲ ਵਿੱਚ ਤੀਜਾ ਹਿੱਸਾ ਟੀਕਾ, ਰਾਗ ਆਸਾ ਸਮਾਪਤ, ਕਰ ਕਮੇਟੀ ਦੇ ਦੇਖਣ ਵਿਚਾਰਨ ਲਈਂ ਪੇਸ਼ ਕੀਤਾ ॥ ਵਿਦ੍ਵਤ ਕਮੇਟੀ ਨੇ ਟੀਕਾ ਦੀ ਅਲੋਚਨਾ ਕਰਦੇ ਸੁਭਾਵਕ *ਉਦਾਸੀ* ਕੀਤੇ ਅਰਥ: ਅਤੇ 10ਵੇਂ ਜਗਦਗੁਰੂ ਜੀ ਦੇ ਨਿਰਮਲੇ ਸੰਪ੍ਰਦਾਈ ਟਕਸਾਲੀ

---

21. ਨੋਟ:-ਫੂਲਕੀਆਂ ਤੇ ਸੰਬੰਧਿਤ ਸਾਰੇ ਗੁਰੁਸਿਖ ਰਾਜਵਾੜੇਆਂ'ਚ ਪ੍ਰਸਿੱਧ ਹੈ, ਜਦ ਹਾਥੀ ਤੇ ਫਰੀਦਕੋਟ ਨੈਬ ਸ਼੍ਰੀ ਮਹੰਤ ਪੰ.ਤਾਰਾ ਸਿੰਘ ਨੂੰ ਮਾਣ ਨਾਲ ਲੇਜਾਣ ਤੇ ਭੀ ਕਿਸੇ ਪਾਸ ਪੁਸਤਕਾਲੈ ਨਹੀਂ,ਜਵਾਬ ਦਿਤਾ॥ ਰਾਜਾ ਵਜ਼ੀਰ ਸਿੰਘਨੇ ਅਖਾੜੇਨੂੰ ਦਾਨ"ਚੰਬੇਲੀ ਪਿੰਡ ਜਾਗੀਰ"(ਪੰ.321)ਤਾਂ ਜਬਤ ਕੀਤਾ॥ ਇਹ ਵਾਰਤਾ ਨਾ ਲਿਖ, ਮਹੰਤ ਦਿਆਲ ਸਿੰਘ, ਡੇਰਾ ਮਿਸ਼੍ਰ ਸਿੰਘ ਨੇ ਨਿਰਮਲ ਪੰਥ ਦਰਸ਼ਨ,ਹਿੱਸਾ ਪਹਿਲਾ ਛਾਪ ਸੰ.2009/ਸੰਨ1952 ਪੰਨੇ 431-434 ਹੋਰ ਹੀ ਜਬਤ ਦਾ ਕਾਰਣ ਪ੍ਰਸੰਗ, ਹਰਿਦ੍ਵਾਰ ਕੁੰਭ ਉਤੇ ਲਿਖਿਆ ਹੈ ॥

Sri Satguru Jagjit Singh Ji eLibrary NamdhariElibrary@gmail.com

ਅਰਥਾਂ ਦਾ ਮਤਭੇਦ ਕਈ ਬਾਣੀਆਂ'ਚ ਦੇਖ ਆਪਸ ਮਤਭੇਦ ਹੋ ਗਇਆ ॥ ਉਦਾਸੀ ਪੰਡਿਤ ਬਾਲਕ ਰਾਮ ਕ੍ਰੋਧ 'ਚ ਹੋਇ ਆਪਣਾ ਕੀਤਾ ਟੀਕਾ ਰਾਤੋਰਾਤ ਫਰੀਦਕੋਟ ਰਾਜੋਂ ਬਾਹਿਰ ਲੈ, ਭਾਰਤ ਅੰਗ੍ਰੇਜ਼ੀ ਇਲਾਕੇ ਹਰਿਦ੍ਵਾਰ ਆਦਿ ਤੀਰਥਾਂ ਨੂੰ ਚਲੇ ਗਏ।" (ਵਿਸਤਾਰ ਫਰੀਦਕੋਟ ਟੀਕਾ ਭੂਮਿਕਾ ਵਾਚੋ)॥ ਪਿਛੋਂ ਬੇਸ਼ਕ ਰਿਆਸਤ ਹਦੂਦ ਬਾਹਿਰ ਹੋਣ ਤੇ ਵੀ ਉਨ੍ਹਾਂ ਨੂੰ ਵਾਪਸ ਲਿਆਣਾ ਅੰਗ੍ਰੇਜ਼ੀ ਅਹਦਨਾਮੇ ਅਨੁਸਾਰ ਔਖਾ ਨਹੀ ਸੀ ਪਰ ਐਸਾ ਨਹੀਂ ਕੀਤਾ॥ ਕਮੇਟੀ ਵਿਦ੍ਵਾਨਾ'ਚ ਐਸੀ ਵਿਵਸਥਾ ਹੋਣ ਕਾਰਣ ਰਾਜ ਦੰਡ ਭੈ ਦਾ ਕਾਫੀ ਫਿਕਰ ਪਇਆ। ਕਮੇਟੀ ਨੇ ਉਦਾਸੀ ਸਾਧੂ ਪੰ.ਬਾਲਕ ਰਾਮ ਦੀ ਇਹ ਗੱਲ ਦਬਾ ਦਿਤੀ ਤੇ ਕਮੇਟੀ ਨੇ ਨਿਰਮਲੇ ਮਹੰਤ ਬਿਰਾਜ ਸਿੰਘ ਦਾ ਢੇਰਾ ਸੇਖਵਾਂ ਦੇ ਚੇਲੇ, ਰਾਜਾ ਫਰੀਦਕੋਟ ਦੇ ਹਜ਼ੂਰੀ ਗੁਰੁਦ੍ਵਾਰੇ ਗ੍ਰੰਥੀ ਸੇ, ਭਾਈ ਗਿਆਨੀ ਬਦਨ ਸਿੰਘ ਬਰਾੜ ਨੂੰ ਸ਼੍ਰੀਗੁਰੂ ਗ੍ਰੰਥਜੀ ਟੀਕਾ ਲਿਖਣਾ ਸਪੁਰਦ ਕਰ ਚਾਰ ਸਾਲਾਂ 'ਚ ਉਦਯੋਗ ਕਰ ਕਮੇਟੀ ਦੀ ਦੇਖ ਰੇਖ ਹੇਠ ਸਿਰੇ ਚੜ੍ਹਾਨ: ਪਰ ਉਨ੍ਹਾ ਪੰਜਵੇਂ ਸਾਲ ਪੂਰਾ ਕੀਤਾ॥ ਇਹ ਦਸਣਾ ਲਾਜ਼ਮੀ ਹੈ ਕਿ ਗਿਆਨੀ ਬਦਨ ਸਿੰਘ ਟੀਕਾ ਬਿਕ੍ਰਮੀ 1934-40/ ਸੰਨ 1877-83 ਛਾਪਿਆ। ਲਿਖਣ ਤੋਂ ਬਹੁਤ ਚਿਰ ਪਹਿਲਾਂ ਪਟਿਆਲੇ 'ਚ ਨਿਰਮਲ ਨੈਬ ਸ਼੍ਰੀ ਮਹੰਤ ਪੰ.ਤਾਰਾ ਸਿੰਘ ਨਰੋਤਮ ਦਾ ਸ਼੍ਰੀ ਜਪੁ ਸਾਹਿਬ ਗੁਰੁ ਭਾਵ ਦੀਪਕਾ ਟੀਕਾ ਸੰਨ 1881 ਪੱਥਰ ਛਾਪ ਲਾਹੌਰ ਯੰਤ੍ਰ ਆਫਤਾਬ ਪੰਜਾਬ 'ਚ ਛਪ ਚੁਕਾ ਸੀ। ਉਸ ਦੇ ਮੂਲ ਮੰਤ੍ਰ ੧ਓ ਂ 'ਚ ੴ ਦੀ ਵਿਆਖਿਆ ਦੀ ਹੂ-ਬਹੂ ਨਕਲ ਫਰੀਦਕੋਟ ਟੀਕਾ 'ਚ ਪ੍ਰਤੱਖ ਦਿਖਦੀ ਹੈ; ਅਤੇ ਪੰ. ਤਾਰਾ ਸਿੰਘ ਦਾ ਪਹਿਲਾਂ ਛਪੀ ਭਗਤ ਬਾਣੀ ਸਟੀਕ ਪਰਥਾਇ ਅਰਥ ਵੀ ਫਰੀਦਕੋਟੀ ਟੀਕਾ ਅਧਾਰਤ ਹੀ ਹਨ॥ ਬਾਕੀ ਉਸ ਵੇਲੇ ਤਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਉਥਾਨਕ ਗ੍ਰੰਥ ਨਾ ਛਪਣ ਕਾਰਣ ਸ਼ਬਦ ਪਰਥਾਇ ਤੇ ਸ਼੍ਰੀ ਜਪੁਜੀ ਆਦਿ ਬਾਣੀਆਂ ਅਪ੍ਰਸੰਗਕ ਕਾਰਣ ਸ਼ੁੱਧਾ ਸ਼ੁਧ ਹਨ॥ ਇਸ ਵਿਚ ਸ਼ੱਕ ਨਹੀਂ, ਕੁਛ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਟੀਕੇ ਭਾਈ ਮਨੀ ਸਿੰਘ ਸ਼ਹੀਦ ਅਤੇ ਨਿਰਮਲੇ ਸੰਤ ਗਿਆਨੀ ਸੰਤ ਸਿੰਘ, ਭਾ. ਸੰਤੋਖ ਸਿੰਘ, ਪੰ.ਤਾਰਾ ਸਿੰਘ ਨਰੋਤਮ ਆਦਿ ਕੀਤੇ ਸਨ ਪਰ ਕੇਵਲ ਸੰਪੂਰਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਟੀਕਾ ਗੁਰੁਗਮ ਟਕਸਾਲੀ ਪਠਿਤਾਂ ਦੇ ਹੁੰਣੇ ਸੀਨੇ ਬਸੀਨੇ ਹੀ ਸ਼੍ਰੀ ਦਸਮ ਗ੍ਰੰਥ, ਭਾਈ ਗੁਰੁ ਦਾਸ ਛੰਦ, ਵਾਰਾਂ ਦੇ ਗੂੜ੍ਹ ਅਰਥ ਸਮੇਤ ਚਲੇ ਆ ਰਹੇ ਹਨ॥ ਇਹ ਕਾਰਜ ਅੰਗ੍ਰੇਜ਼ੀ ਸੰਸਕ੍ਰਿਤੀ ਪ੍ਰਭਾਉ ਤੋਂ ਪਹਿਲਾਂ ਪਟਿਆਲਾ ਮਹਾਰਾਜਾ ਨਰੇਦ੍ਰ ਸਿੰਘ ਨੇ ਨਿਰਮਲ ਅਖਾੜਾ ਥਾਪ ਕੇ ਨੈਬ ਸ਼੍ਰੀ ਮਹੰਤ ਸੰਤ ਪੰ.ਤਾਰਾ ਸਿੰਘ ਨਰੋਤਮ ਤੋਂ ਵਿਸ਼ੇਸ਼ ਕਰਕੇ ਚੰਗੇ ਪੜ੍ਹੇ ਗੁਰੁਸਿਖਾਂ ਲਈ ਪਰਿਭਾਸ਼ਾ ਸਮੇਤ ਆਰੰਭਿਆ ਸੀ ਪਰ ਦੇਵਨੇਤ ਉਮਰ ਪੂਰੀ ਹੋ ਜਾਣ ਕਾਰਣੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪੂਰੇ ਭਾਵਾਰਥ ਨਾ ਲਿਖ ਸਕੇ । ਪਰ, ਜੋ ਉਨ੍ਹਾਂ ਦੇ ਲਿਖੇ ਭਾਗ ਕਈ ਛਪੇ ਹਨ,ਜਿਵੇਂ: 1.ਭਗਤ ਬਾਣੀ ਸਟੀਕ,1.ਸ਼੍ਰੀ ਦਰਬਾਰ ਸਾਹਿਬ ਸਟੀਕ ਸ਼੍ਰੀ ਜਪੁ ਨੀਸਾਣ, ਰਹਿਰਾਸ, ਕੀਰਤਨ ਸੋਹਿਲਾ,ਹਜ਼ਾਰੇ ਸ਼ਬਦ,ਤੇ ਸ਼੍ਰੀ ਰਾਗ ਸਟੀਕ ਸਭ ਪ੍ਰਾਪਤ ਹਨ। ਓਨ੍ਹਾਂ ਦੇ ਹੋਰ ਪਰਿਭਾਸਾ ਗ੍ਰੰਥ:

22. ਨੋਟ:-ਇਹ ਵਾਰਤਾ ਪਟਿਆਲੇ ਨਿਰਮਲ ਧਰਮਧ੍ਵਜਾ, ਉਦਾਸੀ ਧੁਣਾਂ: ਛੱਤਾ ਮਗਨੀ ਰਾਮ, ਉਪ-ਢੇਰਾ ਖੁਡੀਦਾ(ਬਰਨਾਲਾ) ਆਦਿਆਂ'ਚ ਪ੍ਰਸਿਧ ਹੈ। ਓਹ ਟੀਕਾ ਰਮਤੇ ਉਦਾਸੀ ਸਾਧੁ ਬਾਲਕ ਰਾਮ ਕ੍ਰਿਤ "ਗੁਰੁ ਮੰਡਲ"ਆਸ਼੍ਰਮ,ਹਰਿਦ੍ਵਾਰ ਹੈ। ਪਰ ਟਿੱਪਣੀ ਕਰਤਾ ਆਪ ਮਹੰਤ "ਗੁਰੁ ਮੰਡਲ"ਹਰਿਦ੍ਵਾਰ ਨੂੰ ਮਿਲਦੇ ਰਹੇ: ਓਹ ਗ੍ਰੰਥ ਉਨ੍ਹਾਂ ਕੋਲ ਨਹੀਂ ਹੈ: ਪਰ ਚਾਰੋ(4)ਛਪੀਆਂ ਫਰੀਦਕੋਟ ਟੀਕਾ ਜਿਲਦਾਂ ਸੈਟ ਹੈ। ਮਹੰਤ ਜੀ ਕੇਹਾ, ਕਿ ਰਮਤ ਸਮੇ, ਲੋਪ, ਜਾਂ ਕਿਸੇ ਨੂੰ ਦਿਤਾ ਨਾ ਗਿਆ ਹੋਵੇ।

Sri Satguru Jagjit Singh Ji eLibrary NamdhariElibrary@gmail.com

ਗੁਰਮਤ ਨਿਰਣੈ ਸਾਗਰ, ਤੇ ਛੋਟੇ ਗੁਰਭਾਈ ਨਿਰਮਲ ਅਖਾੜਾ ਸ਼੍ਰੀ ਮਹੰਤ ਸਾਧੂ ਸਿੰਘ (ਪਟਿਆਲਾ:1841-1905-8) ਨੇ ਓਨ੍ਹਾਂ ਦੇ ਅਤੇ ਆਪਣੇ ਗ੍ਰੰਥ ਵੀ ਨਵੇ ਲੋਹੇ ਛਾਪ ਦੇ ਛਪਵਾਏ, ਜੋ ਸਭ ਗੁਰੁਗਮ ਟਕਸਾਲੀ ਅਰਥਾਂ ਦਿਖ ਜਾਂਦੇ ਹਨ ॥ ਨਾਭਾ ਰਾਜਗੁਰੂ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਕਈ ਗ੍ਰੰਥ: ਗੁਰਮਤ ਸੁਧਾਖਰ, ਪ੍ਰਭਾਕਰ(ਪੰ ਸਾਧੂ ਸਿੰਘ ਗੁਰੁਮਤ ਸਿਖਿਆ ਪ੍ਰਭਾਕਰ ਸ਼ਰਿਸ਼ ਤੋਂ ਲਿਤਾ) ਮਹਾਨ ਕੋਸ਼ ਆਦਿ ਗ੍ਰੰਥ ਓਨ੍ਹਾਂ ਆਧਾਰ ਲਿਖੇ॥ ਐਥੈ ਤਕ ਭਾਈ ਵੀਰ ਸਿੰਘ ਨੇ ਵੀ ਅੰਗ੍ਰੇਜ਼ੀ ਨੁਮਾ ਵਿਦ੍ਵਾਨਾ ਦੇ ਪਿਛਲੀ ਸਦੀ 'ਚ ਆਪਣੇ ਟੀਕਾਵਾਂ 'ਚ ਵੀ ਓਨ੍ਹਾਂ ਲਿਖੇ ਹਵਾਲੇ ਪ੍ਰਤੱਖ ਦੇਖੇ ਜਾਂਦੇ ਹਨ, ਕਿ ਸਪਸ਼ਟ ਕਈ ਅਰਥ ਦੁਰਲਭ, ਅਚਰਜ ਲਕਸ਼ਾਰਥ ਹਨ॥

ਉਸ ਦੇਸੀ ਸੰਸਕ੍ਰਿਤੀ ਕਾਲ ਅੰਤ ਪਿੱਛੋਂ ਪਹਿਲੀ ਵਾਰ ਅੰਗ੍ਰੇਜ਼ੀ ਰਾਜ ਪ੍ਰਭਾਵ ਆਰੰਭ ਹੋਇਆ॥ ਉਸ ਕਾਲ ਵਿੱਚ ਫਰੀਦਕੋਟ ਰਾਜਾ ਵਜ਼ੀਰ ਸਿੰਘ ਪਟਿਆਲਾ ਮਹਾਰਾਜਾ ਨਰੇਂਦ੍ਰ ਸਿੰਘ ਦੇ ਪੂਰੇ ਹੋਣ ਅਤੇ ਮਹਾਰਾਜਾ ਮਹੇਂਦ੍ਰ ਸਿੰਘ ਪੰਜ ਸਾਲ ਦੇ ਨਾਬਾਲਗ ਹੋਣ ਕਾਰਨ ਗੁਰੁਸਿਖਾਂ ਦੇ ਸੀਨੇ ਬਸੀਨੇ ਕੰਠ ਅਰਥ ਅਤੇ ਕੁਛ ਲਿਖਤ ਅਧੂਰੇ-ਪੂਰੇ ਸ਼੍ਰੀ ਗੁਰੁਬਾਣੀ ਅਰਥ ਹੋਣ ਕਰਣ ਗੁਰਮਤ 'ਗਾਡੀਰਾਹ' (ਗੁਰੁਗਮ) ਸੰਪ੍ਰਦਾਈ ਅਰਥ ਟੀਕਾ ਸਾਧਾਰਣ ਪਾਠਕਾਂ ਲਈ ਲਿਖੀ, ਕਥਾ ਸਹੂਲਿਅਤ ਲਈ ਬਡੀ ਪੋਥੀ ਚਾਰ ਜਿਲਦਾਂ 'ਚ ਛਪਵਾਈ॥ ਇਸ 'ਚ ਸੰਦੇਹ ਨਹੀਂ, ਹੁਣ ਤਕ ਫਰੀਦਕੋਟ ਟੀਕਾ ਹੀ ਠੀਕ ਸੰਪ੍ਰਦਾਇ ਸੰਪੂਰਣ ਅਰਥ ਉੱਤਮ ਸ਼੍ਰੀਗੁਰੂ ਗ੍ਰੰਥ ਟੀਕਾ ਦੇਸ਼ੀ-ਵਿਦੇਸ਼ੀ ਭਾਖਾਵਾਂ ਵਿੱਚ ਹੈ। ਸਭ ਟੀਕਾਕਾਰ ਕਿਸੇ ਨਾ ਕਿਸੇ ਰੂਪ 'ਚ ਉਸਦੇ ਰਿਣੀ ਹਨ॥ ਜੋ ਦੇਸੀ (ਭਾਰਤੀ ਸੰਸਕ੍ਰਿਤੀ ਗੁਰੁਸਿੱਖ ਦਮਦਮੀ ਟਕਸਾਲ ਪਟਿਆਲੇ ਆਦਿ ਰਾਜਵਾੜੇਆਂ) ਬਾਹਰ ਗੁਰੁਸਿਖ ਅੰਗ੍ਰੇਜ਼ੀ ਇਲਾਕੇ ਭੇਦ/ਫੁਟ ਰਾਜ ਧਰਮ ਨੀਤੀ ਕਾਇਲ ਹੋ ਗਏ ॥ ਤਦੋਂ ਨਵੀਂ ਪੱਛਮੀ ਅੰਗ੍ਰੇਜ਼ੀ ਸੰਸਕ੍ਰਿਤੀ ਪ੍ਰਭਾਵਿਤ ਕਰੀਬਨ ਸਾਰੇ ਸਿਖ ਟੀਕਾਕਾਰਾਂ ਨੂੰ ਪਟਿਆਲੇ ਰਾਜ ਸ਼੍ਰੀ ਗੁਰੂ ਕਾਂਸੀ ਦਮਦਮਾ ਸਾਹਿਬ ਮੁੱਖ-ਟਕਸਾਲ ਪ੍ਰਥਾ ਹੀ ਭੁਲ ਗਏ, ਜਿਵੇ ਹੋਰ ਗੁਰਦ੍ਵਾਰੇ ਪੂਜਾ-ਸਥਾਨ ਬਣਾ ਦਿਤੇ ਸਮਝਦੇ ਸਨ ॥ ਓਨ੍ਹਾਂ ਪਤਾ ਨਹੀਂ ਰਿਹਾ ਕਿ ਓਹ ਟਕਸਾਲ 10ਵੇਂ ਗੁਰੂਜੀ ਆਪ ਥਾਪੀ ਸੀ । ਟਕਸਾਲੀ ਗੁਰੁਸਿਖੀ ਵਿਦਿਆ ਸਿਖਣ ਸਿਖਾਣ ਦਾ ਸਾਰਾ ਆਵਾ ਹੀ ਊਤ ਹੋ ਗਇਆ, ਅਤੇ ਸ਼੍ਰੀ ਹਰਿਮੰਦਿਰ ਸਾਹਿਬ ਵਿੱਚੋਂ ਟਕਸਾਲ ਕਢ ਦਿਤੀ; ਉਸ ਨਾਲ ਕੋਈ ਸੰਬੰਧ ਨਹੀ ਰਖਿਆ। ਹਾਰ ਕੇ ਓਹ ਹੁਣ ਰਾਮਗੜ੍ਹੀਆ ਬੁੰਗੇ ਅੰਮ੍ਰਿਤਸਰ ਚਲਦਾ ਹੈ ਅਤੇ ਉਸੇ ਟਕਸਾਲ ਦੇ ਭਾਈ ਵੀਰ ਸਿੰਘ ਪਾਠਕ ਸਨ ਤੇ ਬੜਾ ਮਾਨ, ਫਖ਼ਰ ਕਰਦੇ ਸਨ, ਜਿਸ ਕਾਰਣ ਬਾਰ ਬਾਰ ਬੜੇ ਜ਼ੋਰ ਨਾਲ ਸਤਿਕਾਰ ਕਰਦੇ ਤੇ ਲਿਖਤਾਂ 'ਚ ਸੰਪ੍ਰਦਾਈ ਅਰਥ ਪ੍ਰਣਾਲੀ ਉਤੇ ਜ਼ੋਰ ਦਿੰਦੇ ਰਹਿੰਦੇ ਸਨ ॥

ਸ. ਸ਼੍ਰੀਜਗਦਗੁਰੂ ਗ੍ਰੰਥ ਧਰਮ-ਰਾਜ ਜੋਗ ਉੜ੍ਹ ਭਾਰਤੀ ਵਿਦੇਸ਼ ਅੰਗ੍ਰੇਜ਼ੀ ਨੀਤੀ ਤੇ ਪੱਛਮੀ ਵਿਦਿਆ **ਪ੍ਰਭਾਵ ਫੈਲਨਾ:-**

ਅੰਗ੍ਰੇਜ਼ੀ ਰਾਜ ਦੇ ਯੁਨਾਇਟਿਡ ਪ੍ਰੋਵਿੰਸਿ ਔਫ ਆਗਰਾ ਐਂਡ ਅਵਧ (ਯੂ.ਪੀ) ਡਿਸਟ੍ਰਿਕਟ ਪੀਲੀਭੀਤ ਦੇ ਨਿਰਮਲੇ ਗੁਰੁਸਿਖ-ਸਿੰਘ ਡੇਰੇ ਦੇ ਸੰਤ ਪੰ. ਸਾਧੂ ਸਿੰਘ ਦੇ ਦੋ ਹਿੰਦੀ 'ਚ ਪ੍ਰਸਿੱਧ ਛਪੇ ਗ੍ਰੰਥ ਹਨ:- 1. ਆਰਿਆ ਸਮਾਜ ਕਰਤਾ ਗੁਜਰਾਤੀ ਸ੍ਵਾਮੀ ਦਯਾਨੰਦ ਦੇ ਸਤਜਾਰਥ ਪ੍ਰਕਾਸ਼ ਵਿੱਚ ਵੇਦ ਸੰਘਤਾ ਬਿਨਾ ਸਾਰੇ ਪੂਰਬੀ-ਪਛਮੀ ਧਰਮ ਨਾਮਵਰ ਸੰਪ੍ਰਦਾਇ ਪੂਜ ਕਰਤਾ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਦੀ ਨਿੰਦਾ ਦੀ ਕੋਈ ਕਸਰ ਉਸ ਨੇ ਨਾਂ ਛੱਡੀ। ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ, ਭਗਤ ਕਬੀਰ ਆਦਿ ਬਨਾਮ ਰਾਮ, ਕ੍ਰਿਸ਼ਣ, ਬੁੱਧ, ਈਸਾ, ਮੁਹੰਮਦ ਆਦਿ ਕੋਈ ਨਾਂ ਛਡੇ ॥ ਨਿਰਮਲ ਸੰਤ ਪੰ.ਸਾਧੂ ਸਿੰਘ ਨੇ ਸਤਜਾਰਥ ਪ੍ਰਕਾਸ਼ ਦਾ ਖੰਡਨ ਲਿਖ ਕੇ ਛਾਪਿਆ ॥ ਗੁਰੁਸਿਖ ਉਦਾਸੀ, ਨਿਰਮਲੇ ਸਿੰਘਸਭਾ ਸਿੰਘਾਂ ਨੇ ਜ਼ਬਾਨੀ ਦਯਾਨੰਦ ਨਾਲ ਸ਼ਾਸਤ੍ਰਾਰਥ ਕਰਕੇ ਅਨੇਕ ਵਾਰ ਉਸਦੀਆਂ ਧਜੀਆਂ ਉੜਾਈਆਂ ॥ ਇਹ ਲਿਖ਼ਤ, ਖੰਡਨ ਗ੍ਰੰਥ, ਜੰਗਲ ਦੀ ਅੱਗ ਤਰ੍ਹਾਂ ਫੈਲਿਆ, ਹਾਰਕੇ ਦਯਾਨੰਦ ਕੇਹਾ, "ਨਿੰਦਾ ਕਰਣ ਦਾ ਤਾਤਪਰਜ: ਨਿੰਦਾ ਕਰਣੀ ਨਹੀਂ: ਬਲਕਿ ਆਪਣੇ ਲਕਸ਼, ਵੇਦ ਸੰਘਿਤਾ: ਮੰਤਬਜ ਵੇਦ ਉਸਤੁਤ ਹੈ, **नहि निन्दा निन्दित्त्वम्- किन्तुं वेद संहिता वध्येय स्तौत्यम्**, ਇਲਾਨ ਕਰ ਖੈਹੜਾ ਛਡਾਇਆ ॥ 2.ਨਿਰਮਲ ਸਾਧੂ ਪੰਡਿਤ ਸਾਧੂ ਸਿੰਘ ਦਾ ਦੂਜਾ ਗ੍ਰੰਥ, ਸ਼੍ਰੀ ਜਪੁ ਨੀਸਾਣੁ ਗ੍ਰੰਥੀ ਹਿੰਦੀ ਟੀਕਾ, ਸੰਨ 1906 ਨਵਲ ਕਿਸ਼ੋਰ ਪ੍ਰੈਸ, ਲਖਨਊ ਨੇ ਛਾਪੀ। ਇਹ ਪੁਰਾਣੇ ਜੁਗਾਂ ਤੋਂ ਬਦਲਿਆ ਕਲਿਜੁਗ ਉਧਾਰ ਲਈ ਪਰਮ ਕਾਰਣਾਂ ਵਿਚੋਂ, ਸੰਨਿਆਸ ਧਰਮ ਲਕਸ਼ ਮੁਕਾਬਲੇ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਪ੍ਰਦਾਨ ਰਾਜ ਜੋਗ ਅਧਾਰ ਤੇ ਸ੍ਰੀ ਜਪੁ ਨਿਸਾਣ ਟੀਕਾ ਲਿਖਿਆ ॥ਇਸ ਦੇ ਲਿਖਣ ਦਾ ਵਿਸ਼ੇਸ਼ ਇਕ ਕਾਰਣ ਕਈਆਂ ਵਿੱਚੋਂ ਸੀ॥ ਸੰਨ 1895 'ਚ ਅਮਰੀਕਾ ਦੇਸ਼ ਦੇ ਸ਼ਿਕਾਗੋ ਨਗਰ ਵਿੱਚ ਪਹਿਲਾ ਵਿਸ਼੍ਵਧਰਮ ਸੰਮੇਲਨ ਹੋਇਆ॥ ਉਸ ਵਿੱਚ ਬਿਨਾ ਨਿਮੰਤ੍ਰਿਤ ਬੰਗਾਲ ਕਲਕਤਾ ਦੇ ਸ੍ਵਾਮੀ ਵਿਵੇਕਾਨੰਦ ਸੁਤੈ ਹੀ ਸ਼ਾਮਿਲ ਹੋਏ॥ ਓਨ੍ਹਾਂ ਦੇ ਭਾਸ਼ਣ, ਭਾਰਤੀ ਧਰਮ ਤੇ ਵਿਸ਼੍ਵਧਰਮ ਤੁਲਨਾਤਮਕ ਪੱਧਰ ਤੇ ਦਿੱਤੇ ਬਹੁਤ ਪ੍ਰਭਾਵਸ਼ਾਲੀ ਰਹੇ। ਸਾਰੇ ਸ਼ਰੋਤਾ ਮੰਤ੍ਰ ਮੁਗਧ ਵਤ ਹੋ ਗਏ। ਵਾਪਸ ਆਣ ਤੋਂ ਪਹਿਲਾਂ ਹਾਵਰਡ ਯੂਨੀਵਰਸਟੀ ਨੇ, ਭਾਰਤ ਧਰਮ ਕੁਰਸੀ, ਕੈਮ ਕਰ ਉਨ੍ਹਾਂ ਨੂੰ ਉਪਾਧੀ ਲੈਣ ਨੂੰ ਪ੍ਰੇਰਿਆ॥ ਪਰ ਸੰਨਿਆਸ ਰਹਿਣੀ ਨਿਸ਼ਠਾਈ ਹੋਣ ਕਰਣ ਸ੍ਵਾਮੀ ਜੀ ਨੇ ਨਾਂਹ ਕਰ ਦਿਤੀ, ਕਿਉਂਕਿ ਦੀਕਸ਼ਤ ਸੰਨਿਆਸੀ ਸਨ॥ ਭਾਰਤ ਵਾਪਸ ਪਹੁੰਚਨ ਤੇ ਸ੍ਵਾਮੀ ਵਿਵੇਕਾਨੰਦ ਨੇ ਆਪਣੀ ਰਾਮ-ਕ੍ਰਿਸ਼ਣ ਮਿਸ਼ਨ ਧਰਮ ਸੰਸਥਾ ਪ੍ਰਚਾਰਾਰਥ ਚਲਾਈ ॥ ਉਸ ਦੇ ਸਾਧੂ, ਸ਼ੰਕਰ ਵੇਦਾਂਤ ਸੰਨਿਆਸ ਯੋਗ (ਸ਼੍ਰੀ ਭਗਵਤ-ਗੀਤਾ:3।3;5:6)ਜੋ ਪਹਿਲੇ ਤਿੰਨ ਜੁਗਾਂਦਾ ਮੁੱਖ ਜੀਵਨ ਆਸ਼੍ਰਮ ਧਰਮ ਲਕਸ਼ ਸੀ ਪ੍ਰਚਾਰਦੇ ਸਨ॥ ਉਸ ਲਈ ਅੰਗ੍ਰੇਜ਼ੀ ਭਾਖਾ 'ਚ ਸੰਨਿਆਸ ਯੋਗ (ਪੁਨ੍ਹੈ5:6) ਨੂੰ ਛਲ ਨਾਲ ਸ਼੍ਰੀ ਵਿਸ਼ਗੁਰੂ ਨਾਨਕ ਦੇਵ ਜੀ ਕਲਿਜੁਗ ਉਪਯੋਗੀ ਰਾਜ ਯੋਗ (ਪੁਨ੍ਹੈ: 3।3॥5:2,5-6॥ 9।2) ਪ੍ਰਚਾਰਦੇ ਸਨ, ਤੇ ਭਾਰਤ 'ਚ ਬੜਾ ਮਾਨ ਪਾਯਾ॥

ਓਸ ਦੇਸੀ ਸੰਸਕ੍ਰਿਤੀ ਕਾਲ 'ਚ ਗੁਰੁਸਿੱਖ ਉਦਾਸੀ-ਨਿਰਮਲੇ ਸਿੰਘ ਸਾਧੂ ਇਕ ਮੁਠ ਸਾਂਝੇ ਸ੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਕ੍ਰਿਤ ਕਲਯੁਗੀ ਜੀਵ ਉਧਾਰ ਰਾਜ ਜੋਗ ਧਰਮ ਭਾਰਤ ਦੇ ਸਾਰੇ ਕੁੰਭ ਤੇ ਧਰਮ ਮੇਲੇਆਂ 'ਚ ਪ੍ਰਚਾਰ ਕਰਦੇ ਉਪਦੇਸ਼ ਦੇ ਸਨ॥ ਪ੍ਰਚਾਰ ਕਰਦੇ ਉਦਾਸੀ-ਨਿਰਮਲ ਸਿੰਘ ਸੰਤਾ ਨੂੰ ਜਦ ਰਾਮ-ਕ੍ਰਿਸਨ ਮਿਸ਼ਨ ਸੰਨਿਆਸ ਭੇਖ 'ਚ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਦੇ ਰਾਜ ਯੋਗ ਪ੍ਰਚਾਰ ਦਾ ਪਤਾ ਚਲਿਆ, ਪਹਿਲਾਂ ਤਾਂ ਬੜੇ ਖੁਸ਼ ਹੋਇ ॥ ਪਰ ਜਦ ਨਜ਼ਦੀਕੋਂ ਦੇਖਿਆ--ਕਿ ਓਹ ਤਾਂ ਛਲ ਨਾਲ ਅਸਲ 'ਚ ਰਾਜ ਜੋਗ ਨੂੰ ਸੰਨਿਆਸ ਭੇਖ ਸਿਧਾਂਤ ਦੇ ਲਕਸ਼ ਦੀ ਪੌੜਤਾ ਕਰਦੇ ਹਨ ਪਰ ਅਸਲ ਵਿੱਚ ਅਮਲੀ ਰੂਪ ਕਰਮ ਯੋਗ (ਪੁਨ੍ਹੈ:5:1-2,6) ਰਾਜ ਯੋਗ (ਪੁਨ੍ਹੈ:9:2) ਸਹਿਜੇ ਪ੍ਰਾਪਤ ਹੁੰਦਾ ਹੈ-ਤੇ ਸੰਨਿਆਸ ਯੋਗ (ਪੁਨ੍ਹੈ:5:5) ਔਖਾ ਹੈ ਜਿਸ ਕਾਰਣ ਮੁਖਤਾ ਕਰਕੇ ਛਲ ਨਾਲ ਰਾਜ ਯੋਗ ਨੰ ਸਨਿਆਸ ਯੋਗ ਕਹਿ ਕੇ ਮਨੁਖ ਦਾ ਅੰਤਮ

Sri Satguru Jagjit Singh Ji eLibrary NamdhariElibrary@gmail.com

ਲਕਸ ਸੰਨਿਆਸ ਆਸ਼੍ਰਮ ਜਤਾਂਦੇ ਸਨ/ਹਨ ਪਰ ਸ਼੍ਰੀ ਭਗ੍ਰਤ-ਗੀਤਾ ਨੇ ਭਿੰਨ ਭਿੰਨ ਔਖੇ-ਸੌਖੇ ਮਾਰਗ ਹੋਣ ਦੇ ਬਾਵਜੂਦ, ਦੋਨਾਂ ਦਾ ਇਕੋ ਹੀ ਬ੍ਰਹਮ ਲਕਸ਼ ਦਸਿਆ ਹੈ (ਪੁਨ੍ਹੈ:5:5)॥ ਇਸ ਤਰ੍ਹਾਂ ਆਪਣੇ ਉਪਦੇਸ਼ ਮਾਰਗ ਨੂੰ ਪਾਤੰਜਲੀ ਯੋਗ ਦਰਸ਼ਨ ਸੂਤ੍ਰ ਰਾਹੀਂ ਅੰਗ੍ਰੇਜ਼ੀ 'ਚ ਉਲਥਾਕੇ *(Raja Yoga)* ਨਾਮ ਸਿਰਲੇਖ, ਰਾਜ ਜੋਗ (ਬਿਨਾ ਸ਼ਾਸਤ੍ਰ ਪ੍ਰਮਾਣ) ਗ੍ਰੰਥ ਨਾਮ ਛਪ੍ਹਾਕੇ ਬਹੁਤ ਪ੍ਰਸਿਧੀ ਪਾਈ ਅਤੇ ਉਸ ਚਲ ਰਹੀ ਮਸ਼ਹੂਰੀ ਕਾਰਣ ਅਨੇਕ ਵਾਰ ਹੁਣ ਤਕ ਉਸੇ ਤਰ੍ਹਾਂ ਛਪੀ ਜਾ ਰਹਿਆ ਹੈ॥ ਉਸ ਸਮੈ ਤੋਂ ਭਿੰਨ ਭਿੰਨ ਦੋਨੋਂ ਸੰਨਿਆਸ ਯੋਗ ਨਿਸ਼ਠਾ ਤੇ ਕਰਮ ਯੋਗ/ਰਾਜ ਯੋਗ ਨਿਸ਼ਠਾ ਦੋਨੋਂ ਮਾਰਗਾਂ ਦਾ ਸਮਨ੍ਹੈ ਸੰਕਰ ਵੇਦਾਂਤ ਦਰਸ਼ਨ ਸੂਤ੍ਰ ਭਾਸ਼, ਤਾਰਕਿਕ ਬ੍ਰਹਮ ਗਿਆਨ ਰਾਹੀਂ ਲਕਸ਼ ਪ੍ਰਾਪਤ ਹੈ॥ ਇਸ ਤਰ੍ਹਾਂ ਸੰਨਿਆਸ ਪਰੰਪਰਾ ਸਭ ਗ੍ਰਿਹਸਤੀ ਬਨਾਰਸ ਤੋਂ ਬੰਗਾਲੀ ਸਾਧੂ ਗੰਗਾ ਹੁਗਲੀ ਨਦੀ ਤਟ ਦੱਖਨੇਸ਼੍ਵਰ ਮੰਦਿਰ ਗ੍ਰਿਹਸਤੀ ਪੁਜਾਰੀ ਪਰਮਹੰਸ ਰਾਮ-ਕਿਸ਼ਨ ਬਲੌਰ ਮੱਠ ਦੇ ਰਾਮ-ਕ੍ਰਿਸ਼ਨ ਮਿਸ਼ਨ ਦਾ ਕੇਂਦ੍ਰੀ ਸਿਧਾਂਤ ਪ੍ਰਚਾਰ ਲਕਸ਼ ਬਣਾਇਆ॥

ਬੇਸ਼ਕ ਸ੍ਵਾਮੀ ਵਿਵੇਕਾਨੰਦ ਆਪ ਲਿਖਤ 'ਚ ਕਹਾ ਹੈ:- ਉਸਨੇ ਸੰਸਥਾ ਦਾ ਨਾਮ ਪਰਮਹੰਸ ਰਾਮਕਿਸ਼ਨ ਉਤੇ ਰਖਿਆ ਜੋ ਓਸਦਾ ਵਿਦਿਆ ਗੁਰੂ ਸੀ ਅਤੇ ਜਿਸ ਦੇ ਪਹਿਲਾਂ ਸਤ-ਅੱਠ ਭਿੰਨ ਨਾਮਾਂ ਦੇ ਮਨੁਖ-ਇਸਤ੍ਰੀ ਗੁਰੂ ਸਨ ਪਰ, ਓਨ੍ਹਾਂ ਵਿੱਚੋਂ ਓਹ ਮੰਨਿਆ ਸੀ ਕਿ ਓਨ੍ਹਾਂ 'ਚ ਸਭ ਤੋਂ ਉੱਤਮ ਗੁਰੂ ਪੰਜਾਬੀ ਪਰਮਹੰਸ ਤੋਤਾ ਪੁਰੀ ਸੀ॥ ਉਸ ਵੇਲੇ, ਤੇ ਹੁਣ ਵੀ ਰਾਮਕ੍ਰਿਸ਼ਨ ਮਿਸ਼ਨ ਪ੍ਰਚਾਰਕ ਸਭ ਜਾਣਦੇ ਹੋਇ ਵੀ ਇਹ ਨਹੀਂ ਦਸਦੇ, ਪਰਮਹੰਸ ਤੋਤਾ ਪੁਰੀ ਦੀ ਪੁਰਾਣੀ ਪਰਪਾਠੀ ਗੁਪਤ ਗੁਰੁਮੰਤ੍ਰ ਦੀਖਿਆ(Secret Mystic Initiation) ਉਸ ਨੇ ਸ਼੍ਰੀ ਗੁਰੁਬਾਣੀ ਅਨੁਸਾਰ "ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰ ਦੀਓ ਗੁਰ ਕਾਨ"[ਓ.22] ਪ੍ਰਥਾ ਅਨੁਸਾਰ ਮਿਲੀ ਸੀ ਜੋ ਸਾਰੇ ਗੁਰੁਸਿਖ ਉਦਾਸੀ ਸੰਪ੍ਰਦਾਏ ਪ੍ਰਚਲਿਤ ਰੀਤ ਹੁਣ ਹੈ॥ ਓਹ ਗੁਪਤ ਵੇਦ ਗੁਪਤ ਪ੍ਰਥਾ ਅਨੁਸਾਰ ਖੁਲ੍ਹੇ ਉਚਾਰੇ ਬਿਨਾ ਮੰਤ੍ਰ ਦੀਖਿਆ ਦਿੰਦੇ ਹਨ। ਜਿਸੇ ਕਾਰਣ ਸ੍ਵਾਮਿ ਵਿਵੇਕਾਨੰਦ ਜਾਗੀ ਅਵਸਥਾ 'ਚ ਤਾਂ ਨਹੀ ਪਰ ਰਿਤੰਬ੍ਰਾ ਸਮਾਧਿ ਅਵਸਥਾ 'ਚ ਵਾਹਿਗੁਰੂ ਗੁਰੁਮੰਤ ਛਪੇ ਪਤ੍ਰਾਂ ਹਾਸ਼ੀਆਂ 'ਚ ਕਈ ਵਾਰ ਲਿਖੇ ਸਨ ॥ ਕੇਵਲ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦੇ ਧਰਮ ਸ਼ਾਸਤ੍ਰਾਂ ਬਿਨਾ- ਵਾਹਿਗੁਰੂ ਗੁਰੁਮੰਤ੍ਰ ਹੈ, ਜਪ ਹਉਮੈਂ ਖੋਈ[ਅ.23] ਹੋਰ ਕਿਸੇ ਧਰਮ ਸ਼ਾਸਤ੍ਰ 'ਚ ਨਹੀਂ ਲਿਖਿਆ ਜੋ ਕੇਵਲ ਸ਼੍ਰੀ ਵਿਸ਼੍ਵਗੁਰੂ ਨਾਨਕ ਰਾਜਯੋਗ ਪੜ੍ਹਦੇ, ਉਪਦੇਸ਼ਦੇ ਪ੍ਰਚਾਰਦੇ ਹਨ॥ ਯਾਦ ਰਹੇ; ਸ੍ਵਾਮੀ ਵਿਵੇਕਾਨੰਦ ਦੇ ਗ੍ਰਿਹਸਤੀ ਗੁਰ ਪਰਮਹੰਸ ਅਨੁਸਾਰ ਸੰਨਿਆਸੀਆਂ ਦੀਆਂ ਚਾਰ ਸ਼੍ਰੇਣੀਆਂ ਹਨ:-

1. ਕੁਟੀਚਕ ਚੌਥੀ ਭੂਮਿਕਾ ਸਨਿਆਸੀ=ਬ੍ਰਹਮਵਿਤ, 2. ਬਹੂਦਕ ਪੰਚਮ ਭੂਮਿਕਾ ਸਨਿਆਸੀ= ਬ੍ਰਹਮਵਿਰੂਦ; 3. ਹੰਸ/ਬ੍ਰਹਮਵਿਰੂਦਵਰੀਯਾਨ ਛਟੀ ਭੂਮਿਕਾ ਸਨਿਆਸੀ 4. ਪਰਮਹੰਸ, ਸਤਮੀ ਭੂਮਿਕਾ ਸਨਿਆਸੀ ਬ੍ਰਹਮਵਿਦਵਰਿਸ਼ਠ, ਇਹ ਗ੍ਰਿਹਥੀ ਦੱਖਨੇਸ਼ਵਰ ਮੰਦਿਰ ਪੁਜਾਰੀ ਰਾਮਕਿਸ਼ਨ ਹੋਣਾ ਮਨਦੇ ਹਨ, ਜੋ ਪੰਜਾਬੀ ਵਿਰੱਕਤ ਸੰਨਿਆਸੀ ਪਰਮਹੰਸ ਤੋਤਾ ਪੁਰੀ ਦੇ ਦੀਕਿਸ਼ਤ ਸ਼ਿਸ਼ਯ ਸਨ, ਅਤੇ ਉਨ੍ਹਾਂ ਦਾ ਸੰਨਿਆਸੀ ਡੇਰਾ ਸ਼ਹਿਰ ਸਿਰਹਿੰਦ, ਰਾਜ ਪਟਿਆਲਾ ਅੰਦਰ ਹੈ। ਉਸ ਡੇਰੇ ਦੀ ਪਹਿਲਾਂ ਤੋਂ ਸ਼੍ਰਿੰਖਲਾ ਪ੍ਰਸਿੱਧ ਮਹੰਤ ਸ਼ੀਤਲ ਪੁਰੀ ਨਾਲ ਜਾ ਮਿਲਦੀ ਹੈ; ਜਿਸਦਾ ਸੰਖੇਪ ਇਤਿਹਾਸਿਕ ਪ੍ਰਸੰਗ ਇਸ ਤਰ੍ਹਾਂ ਹੈ:- ਦਸਮ ਸ਼੍ਰੀ

Sri Satguru Jagjit Singh Ji eLibrary NamdhariElibrary@gmail.com

ਜਗਦਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਇਤਿਫਾਕ ਨਾਲ ਮਹੰਤ ਸੀਤਲ ਪੁਰੀ ਦੇ ਚੇਲੇ ਦੇ ਪਿੰਡ ਦੀਨੇ ਕਾਂਗੜ ਹੋਇ; ਜਦ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਸ਼੍ਰੀ ਜਗਦਗੁਰੂ ਜੀ ਨੇ ਜ਼ਫਰ ਨਾਮਾਂ ਲਿਖਕੇ ਪਿਆਰੇ ਭਾਈ ਦਇਆ ਸਿੰਘ ਹੱਥ ਭੇਜਨ ਲਈ ਤਿਆਰ ਸਨ ॥ ਉਸ ਵੇਲੇ ਮੰਜੇ ਤੇ ਬੈਠੇ ਮੁਗ਼ਲ ਸੂਬਾ ਰਾਜਧਾਨੀ ਸਿਰਹੰਦ ਸ਼ਹਿਰ ਧਰਤੀ ਸੰਕੇਤ ਕਰਦੇ ਕ੍ਰਿਪਾਨ ਨਾਲ ਧਰਤੀ ਖੋਦਣ ਲਗ ਪਏ; ਤਾਂ ਕੋਲ ਸੰਗਤ ਨੇ ਪੁਛਿਆ: ਮਹਾਰਾਜ ਕੀ ਕਰਦੇ ਹੋ? ਸ਼੍ਰੀ ਜਗਦ ਗੁਰੂ ਉੱਤਰ'ਚ ਕਿਹਾ: 'ਸਿਰਹਿੰਦ ਸ਼ਹਿਰ ਤੇ ਮੁਗ਼ਲ ਸਲਤਨਤ ਦੀਆਂ ਜੜ੍ਹਾਂ ਪੁੱਟ ਰਹੇ ਹਾਂ' ॥ ਇਸ ਸੰਕੇਤ ਰਾਹੀਂ ਮੁਗ਼ਲ ਯਾਸਾ (ਚੰਗੇਜ਼ ਖਾਂਨੀ ਕਾਨੂਨ) ਅਧਾਰ ਸਲਤਨਤ ਨੂੰ ਸ੍ਰਾਪ ਦਿੰਦੇ ਜਾ ਰਹੇ ਸਨ॥ ਓਦੋਂ ਸੰਗਤ 'ਚ ਉਥੇ ਬਹੁਤ ਭੈ ਭੀਤ ਸਿਰਹਿੰਦ ਢੇਰੇ ਸੰਨਿਆਸੀ ਮਹੰਤ ਸ਼ੀਤਲ ਪੁਰੀ ਦਾ ਚੇਲਾ ਉਪ-ਮਹੰਤ ਖੜੇ ਹੋ ਕੇ ਸ੍ਰੀ ਜਗਦਗੁਰੂਜੀ ਅੱਗੇ ਹਥ ਬੰਨ ਕੇ ਐਸ ਤਰ੍ਹਾਂ ਅਰਦਾਸ ਕਰੀ: ਹੇ ਸੱਚੇ ਪਾਤਸ਼ਾਹ ਜੀ! ਆਪ ਦੇ ਸਭ ਬਚਨ ਸਤਿ ਬਚਨ ਹਨ। ਪਰ, ਮੇਰੀ ਇਕ ਬੇਨਤੀ ਸ੍ਵੀਕਾਰ ਕਰੋ ਜੀ:- ਹੇ ਮਹਾਰਾਜ ਜੀ, ਕ੍ਰਿਪਾ ਕਰੋ ਜੀ! ਓਥੇ (ਸਿਰਹਿੰਦ 'ਚ) ਆਪਣਾ ਡੇਰਾ ਬਚਿਆ ਰਹੇ॥ ੳ.23 ਸ਼੍ਰੀ ਜਗਦਗੁਰੂ ਜੀ ਉਸ ਤਰਫ ਦੇਖ, ਉਸ ਦੇ ਮੋਢੇ ਉਤੇ ਓਸੇ ਕ੍ਰਿਪਾਨ ਨਾਲ ਥਾਪੀ ਦਿਤੀ: ਨਾਲ ਦੀ ਨਾਲ ਸੰਨਿਆਸੀ ਨਿਰਵਿਕਲਪ ਸਮਾਧੀ ਵਿੱਚ ਭੂਮੀ ਉਤੇ ਗਿਰ ਪਿਆ॥ ਸਮਾਧੀ ਉੱਠਣ ਪਿਛੋਂ ਸ਼੍ਰੀ ਵਿਸ਼੍ਵਗੁਰੂਜੀ ਦੇ ਚਰਣਾਂ ਉਤੇ ਢੈ ਪਿਆ, ਦੀਖਜਤ ਸਿੱਖ ਬਣਨ ਦੀ ਬਹੁਤ ਹੀ ਵਿਨਿਮ੍ਰ ਹੋ, ਬੇਨਤੀ ਕੀਤੀ॥ ਸ਼੍ਰੀ ਜਗਦਗੁਰੂਜੀ ਮੰਨ ਗਏ : ਉਸ ਦੇ ਕੰਨ ਵਾਹਿਗੁਰੂ ਗੁਰੁਮੰਤ੍ਰ ਉਪਦੇਸਿਆ॥ ਓਹ ਮੀਤ-ਮਹੰਤ ਦੀਕਸ਼ਤ ਹੋਣ ਤੇ ਵੀ ਦਸ ਨਾਮ ਉਦਾਸੀਉਂ ਬਾਹਰ ਰਿਹਾ ਜਿਵੇਂ ਭਾਈ ਘਨ੍ਹੈਯੇ ਦੀ ਸੰਪ੍ਰਦਾਇ ਦਸ ਨਾਮ ਉਦਾਸੀ ਬਖਸ਼ੀਸ਼ਾਂ ਵਿੱਚ ਸ਼ਾਮਿਲ ਨਹੀ ਕੀਤੇ॥ ਉਨ੍ਹਾਂ ਤਰ੍ਹਾਂ ਜਾਣ: ਉਸ ਉਪ-ਮਹੰਤ ਨੇ ਫੇਰ ਬੜੀ ਨਿਮ੍ਰਤਾ ਨਾਲ ਬੇਨਤੀ ਕੀਤੀ:- ਹਜ਼ੂਰ! ਮੇਰਾ ਢੇਰਾ ਦਸ ਨਾਮ ਸੰਨਿਆਸੀ ਪੁਰੀ ਸੰਨਿਆਸੀਆਂ ਨਾਮੀ ਹੈ। ਕੀ ਹੁਣ ਗੁਰੂਸਿੱਖ ਬਨਣ ਬਾਦ ਮੈ ਸੰਨਿਆਸੀ ਪੁਰੀ ਨਾਮ ਰੱਖ ਸਕਦਾ ਹਾਂ ਜੀ? ਸ੍ਰੀ ਜਗਤਗੁਰੂ ਜੀ, ਬਰ ਦਿਤਾ: ਪਰਮਹੰਸ! ਜੋ ਮਰਜ਼ੀ ਕਰ॥ ਇਤੀਹਾਸਿਕ ਵਾਰਤਾ ਸਾਰੇ ਰਾਮਕਿਸ਼ਨ ਮਿਸ਼ਨ ਪ੍ਰਚਾਰਕ ਜਾਣ-ਅਣਜਾਣ ਸਰੇ-ਆਮ ਸੰਗਤਾਂ ਨੂੰ ਨਹੀਂ ਦਸਦੇ॥ ਇਹੀ ਉਸ ਵੇਲੇ ਪ੍ਰਤਪਾਦਿਤ ਪਛੋਕੜ ਇਤਿਹਾਸਿਕ ਪਰਥਾਇ ਅੰਦਰ ਪੀਲੀ ਭਤਿ ਦੇ ਗੁਰੁਸਿਖ ਨਿਰਮਲ ਡੇਰੇ ਮਹੰਤ(ਸੰਤ-ਸਾਧੂ) ਪੰਡਿਤ ਸਾਧੂ ਸਿੰਘ ਨੇ ਪੁਰਾਣੇ ਜੁਗਾਂ ਤੋਂ ਪਰਿਵਰਤਨ ਹੋਇ ਕਲਿਜੁਗ 'ਚ ਉਧਾਰ ਧਰਮ ਵੀ ਬਦਲਨ ਕਾਰਣ ਵਰਣ-ਆਸ਼੍ਰਮ ਸੰਨਿਆਸ ਲਕਸ਼ ਏਸ ਜੁਗ ਦਾ ਨਹੀਂ ਸਾਰੇ ਵੇਦ ਪੁਰਾਣ ਧਰਮ ਸ਼ਾਸਤ੍ਰਾਂ 'ਚ ਲਿਖਿਆ ਹੈ। ਜਥਾ ਸ਼੍ਰੀ ਗੁਰੂਬਾਣੀ ਪ੍ਰਮਾਣ:- ਚਹੁ ਜੁਗਾ ਕਾ ਹੁਣਿ ਨਿਬੇੜਾ, ਨਰ ਮਨੁਖਾ ਨੋ ਏਕੁ ਨਿਧਾਨਾ॥ ਜਤੁ ਸੰਜਮ ਤੀਰਥ ਓਨਾ ਜੁਗਾਕਾ ਧਰਮੁਹੈ, ਕਲਿਮਹਿ ਕੀਰਤਿ ਹਰਿਨਾਮਾ॥ 2॥ ਜੁਗਿਜੁਗਿ ਆਪੋ ਆਪਣਾ ਧਰਮੁ ਹੈ, ਡਸੋਧਿ ਦੇਖੁ ਬੇਦ ਪੁਰਾਨਾ ੲ.23 ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ॥ 3 ਅ.23

23. ੳ. ਸ਼੍ਰੀ.ਗੁ.ਗ੍ਰੰਜੀ. ਪੰ.1302:4॥ ਅ. ਭਾ, ਗੁਰੁ ਦਾਸ ਵਾਰ:131215. ਅਤੇ 114916॥;411714; 61511 ॥ ਆਦਿ ॥

Sri Satguru Jagjit Singh Ji eLibrary NamdhariElibrary@gmail.com

ਓਨ੍ਹਾਂ ਜੁਗਾਂ ਦਸੇ ਵੇਦ ਪੁਰਾਣ, ਗੀਤਾ-ਸਿਮ੍ਰਿਤੀ (ਪੁਰਾਣ,ਤੰਤ੍ਰ)ਦੇ ਰਾਜ ਯੋਗ[ਏ.24] ਸਮਾਨ ਕਲਿ ਉਧਾਰ ਸ਼੍ਰੀ ਵਿਸ਼੍ਵਗੁਰੁ ਨਾਨਕ ਦੇਵ ਜੀ ਬਿਨਾ ਵਰਣਾਸ਼੍ਰਮ ਦਿਤਾ ਰਾਜ ਜੋਗ ਧਰਮ ਲਕਸ਼ ਨਿਰਮਲ ਸੰਤ ਸਾਧੂ ਸਿੰਘ ਪੀਲੀਭੀਤ ਦਾ ਸ਼੍ਰੀ ਜਪੁ ਨਿਸਾਣ ਟੀਕਾ ਹੈ ॥

ਹ. ਸ਼੍ਰੀਜਗਦਗੁਰੂ ਗ੍ਰੰਥ ਸਾਹਿਬ ਧਰਮ-ਰਾਜ ਜੋਗ ਉਤ੍ਰ ਭਾਰਤੀ ਪੱਛਮ ਵਿਦੇਸ਼ ਅੰਗ੍ਰਜ਼ੀ ਇਸਾਈ ਭੇਦ ਨੀਤੀ, ਵਿਦਿਆ ਪ੍ਰਭਾਵ:-

ਵਿਸ਼੍ਵਧਰਮ ਤੁਲਨਾਤਮਕ ਗੁਰੁਸਿਖ ਧਰਮ ਸਿਧਾਂਤ ਦੇ ਸ਼ਾਸਤ੍ਰਾਰਥ ਵਾਤਾਵਰਣ ਕਾਰਣ ਸਨਾਤਨੀ ਹਿੰਦੂ ਆਰਯ ਸਮਾਜੀ ਬਨਣ ਤੋਂ ਰੋਕਣ ਲਈ ਗੁਰੁਸਿਖ ਉਦਾਸੀ ਹਰਿਪ੍ਰਸਾਦ ਨੇ ਵੇਦ ਸ਼ਲੋਕ ਵਲੈਤੀ ਉਪਰ ਛੋਟੇ ਅਮਕਾਂ ਤਰੀਕੇ ਨਾਲ ਸ਼ਬਦਾਰਥ ਲਿਖਨ ਢੰਗ ਦੇ ਬਹੁਤ ਗ੍ਰੰਥ ਲਿਖੇ ॥ ਗੁਰੁਸਿਖ ਨਿਰਮਲ ਸਿੰਘ ਸੰਤਾਂ ਤੇ ਉਦਾਸੀ ਸਾਧੂਆਂ ਦਾ 50 ਸਾਲੀ ਸੰਘਰਸ਼ ਆਰਯ ਸਮਾਜੀ ਸਾਧੂਆਂ ਨਾਲ ਰਹਿਆ ॥ ਉਸ ਕਾਲ'ਚ ਪ੍ਰਸਿੱਧ ਉਦਾਸੀ ਸ੍ਵਾਮੀ ਕੇਸ਼੍ਵਾਨੰਦ, ਉਦਾਸੀ ਪੰ. ਕਿਸ਼ਨ ਲਾਲ(ਪਟਿਆਲਾ ਰਾਜ ਮਾਝੀ ਗ੍ਰਾਮੀ) ਅਤੇ ਦਿਗਵਿਜੈਈ ਉਦਾਸੀ ਸਾਧੂ ਪੰਡਿਤ ਹਰਪ੍ਰਸਾਦਿ ਵੈਦਿਕ ਮੁਨੀ ਨੇ ਤਿਨ ਭਾਖਾਵਾਂ :-1.ਗੁਰਮੁਖੀ, 2.ਹਿੰਦੀ, ਤੇ 3.ਸੰਸਕ੍ਰਿਤ 'ਚ ਜਪੁ ਸੰਹਿਤਾ ਟੀਕਾ ਲਿਖੀ ਤੇ ਬਾਂਬੇ-ਮਸ਼ੀਨ-ਪ੍ਰੈਸ, ਮੋਹਨ ਲਾਲ ਰੋਡ,ਲਾਹੌਰ(1000 ਕਾਪੀ, ਸੰਨ 1932, ਜਲਦੀ ਫਿਰ ਕਈ ਵਾਰ ਛਪੀ)॥ ਇਸ ਭਾਸ਼ਯ-ਟੀਕੇ ਦੇ ਬਹੁਤ ਪਹਿਲੂਆਂ ਦੇ ਬਾਵਜੂਦ ਆਰਯਾ ਸਮਾਜ ਦੇ ਸਤਯਾਰਥ ਪ੍ਰਕਾਸ਼ ਦਾ ਆਧਾਰ ਚਾਰੋ ਵੇਦ ਸੰਘਿਤਾ ਹਨ ਜੋ ਪਹਿਲੀ ਵਾਰ ਮੁਸਲਮਾਨਾਂ ਦੇ ਭੈ ਗੁਪਤ ਸਨ ॥ ਪ੍ਰੋਫੈਸਰ ਮੈਕਸ ਮੂਲਰ ਯੌਰਪ ਜਰਮਨੀ ਨੂੰ ਮੂਲ ਚਾਰੋ ਵੇਦ ਸੰਘਿਤਾਵਾਂ ਲੈ ਜਾ, ਛਪਵਾ, ਪਹਿਲੀ ਵਾਰ ਮੁੜ ਭਾਰਤ ਬੰਬਈ ਜਹਾਜ਼ ਉੱਤਰ, ਕਈ ਪ੍ਰਧਾਨ ਨਗਰਾਂ 'ਚ ਬੜੇ ਉਤਸ਼ਾਹ ਨਾਲ ਹਾਥੀ ਆਦਿਆਂ ਉਤੇ ਰਖ ਜਲੂਸ ਕੱਢ ਫੇਰੀਆਂ ਲਗਾਈਆਂ॥ ਉਸ ਮੌਕੇ ਦਾ ਪੂਰਾ ਫੈਦਾ ਉਠਾਣਾ ਸ੍ਵਾਮੀ ਦਯਾਨੰਦ ਨੇ ਮਨ ਵਿੱਚ ਧਾਰਣ ਕੀਤਾ॥ ਓਨ੍ਹਾਂ ਚਾਰਾਂ ਮੂਲ ਸੰਸਕ੍ਰਿਤ-ਹਿੰਦੀ ਅਰਥ ਲਿਖ ਕੇ ਆਪਣਾ ਅੱਡ ਵੇਦ ਸਿਧਾਂਤ ਪ੍ਰਚਾਰਣਾ ਸ਼ੁਰੂ ਕੀਤਾ॥ ਉਸ ਨੇ ਸਾਰੇ ਦੁਨੀਆਂ ਦੇ ਧਰਮਾਂ, ਅਵਤਾਰਾਂ ਦੀ ਨਿੰਦਾ ਕਰਨ ਦੀ ਕਸਰ ਨਾ ਛਡੀ ਤੇ ਆਪਣਾ ਮਤ ਪ੍ਰਚਾਰ ਆਰੰਭਿਆ ॥ ਐਸੀ ਵਿਵਸਥਾ ਦੇਖ ਉਸਦਾ ਮੂੰਹ ਤੋੜ ਜਵਾਬ ਗੁਰੂਸਿੱਖ ਉਦਾਸੀ-ਨਿਰਮਲੇ ਸਾਧੂਆਂ ਨੇ ਲਿਖਕੇ, ਅਤੇ ਵਿਸ਼ੇਸ਼ ਕਰਕੇ ਮੰਚਾਂ ਉਤੇ ਧਰਮ ਸਮਾਗਮਾਂ 'ਚ ਦਿਤੇ। ਉਦਾਸੀ ਵਿਰਕਤ ਸਾਧੂ ਪੰ. ਹਰਿਪ੍ਰਸਾਦ ਨੇ ਉਸ ਦੇ ਖੰਡਨ ਕਾਰਣ ਉਪ-ਨਾਮ ਵੇਦਕ ਮੁਨੀ ਤਖੱਲਸ ਰਖਿਆ ਸੀ ਤੇ ਉਨ੍ਹਾਂ ਕਹੇ ਸੰਸਕ੍ਰਿਤ ਸਭ ਭਾਖਾਂ ਤੋਂ ਪੁਰਾਣੀ ਹੈ, ਦਿਗਵਿਜੈ ਭਾਵ ਨਾਲ ਖੰਡਨ ਕਰਦੇ ਸਿੱਧ ਕੀਤਾ ਕਿ ਵੇਦਿਕ ਰੂੜੀ ਭਾਖਾ ਸਭ ਤੋਂ ਪੁਰਾਣੀ ਹੈ ਕਿਉਂਕਿ ਸੰਸਕ੍ਰਿਤ ਦਾ ਭਾਵ ਹੈ ਜਿਸ ਬੋਲੀ ਦੇ ਸੰਸਕਾਰ ਕੀਤੇ ਹੋਣ। ਇਸ ਕਾਰਣ ਸੰਸਕ੍ਰਿਤ ਸਭ ਤੋਂ ਪਹਿਲੀ ਭਾਖਾ ਨਹੀਂ ਕਹਾ ਸਕਦੀ॥ ਸ਼੍ਰੀ ਜਗਦਗੁਰੂ ਕਥਿਤ, ਹਰਿ ਆਗਿਆ ਹੋਏ ਬੇਦ...[ਬੀ.20] ਅਪੌਰੁਸ਼ੇਯ (ਮਨੁਖ ਬਾਣੀ ਨਹੀਂ)। ਵੇਦ ਈਸ਼੍ਵਰੀ ਬਾਣੀ ਸਭ ਤੋਂ ਪੁਰਾਣੀ, ਭਾਵ, ਸੰਸਕ੍ਰਿਤ ਤੋਂ

---

24. ਓ.ਗੁਰੂ ਤੀਰਥ ਸੰਗ੍ਰਹ. ਪੰ.143 ਪੰਕਤੀਆਂ.11-14-18॥ ਅ. ਸ਼੍ਰੀਗੁਰੂਜੀ.ਪੰ.797:17-19-। ਭ,ਰਵਿਦਾਸ. ਪੰ. 346:11॥ ਆਦਿ॥ ਏ.ਰਿਗ ਵੇਦੀ ਵ੍ਰਿਹਦਾਰਣਯਕੋਪਨਿਸ਼ਦ:1।4।11॥ ਸ਼ਾਮਵੇਦੀ ਛਾਂਦੋਗਯੋਪਨਿਸ਼ਦ:5।3।7॥ਅਤੇ ਭਗ੍ਵਦ-ਗੀਤਾ 9:2॥ ਸ਼੍ਰੀ ਭਾਗਵਦ ਮਹਾਪੁਰਣ:12।3।51-2॥ ਆਦਿ॥

Sri Satguru Jagjit Singh Ji eLibrary NamdhariElibrary@gmail.com

ਬਹੁਤ ਪਹਿਲਾਂ ਹੈ॥ ਵੇਦ ਕਾਲ ਸਤਜੁਗ, ਉੱਤਰ ਭਾਰਤ, ਫਾਰਸ, ਅਫ਼ਗਾਨਿਸਤਾਨ, ਸਪਤਸਿੰਧੁ (ਪੰਜਾਬ) ਰਿਗ ਵੇਦੀ ਇਕੋ ਰੂੜੀ (Universal Lingua Franca)ਭਾਖਾ ਸੀ ॥ ਜਿਸ ਤੋਂ ਪਹਿਲਾਂ ਨਾ ਕੋਈ ਵਿਆਕਰਣ, ਨਿਘੰਟੂ, ਸ਼ਬਦਾਰਥ, ਪ੍ਰਸਿਧ ਖਟ ਅੰਗ, ਬਿਨਾ ਵੇਦ ਕੁਛ ਨਹੀ ਥਾ ॥

ਨੋਟ:- ਧਿਆਨ ਰਹੇ, ਇਸੇ ਕਾਰਣ ਪੁਰਾਣੇ ਗੁਰੁਗਮ ਨਿਰਮਲੇ ਧੁਰੰਦਰ ਵਿਦਵਾਨ ਜ਼ੋਰ ਨਾਲ ਕਹਿੰਦੇ ਸਨ:- ਜਿਵੇਂ ਵੇਦ ਦੀ ਰੂੜੀ ਬਾਣੀ, ਬਿਨਾ ਸੰਸਕਾਰ ਕੀਤੇ ਸਿਮ੍ਰਿਤੀ ਸ਼ਾਸਤ੍ਰ(ਖਟ ਅੰਗ ਅਧੀਨ) ਭਾਵ: ਖਟ ਦਰਸ਼ਨ, 27 ਸਿਮ੍ਰਿਤੀਆਂ, ਬਾਲਮੀਕ/ਵਿਆਸ ਕ੍ਰਿਤ ਪੁਰਾਣ, ਉਪ-ਪੁਰਾਣ, ਇਤਿਹਾਸ, ਤੰਤ੍ਰ ਆਦਿ ਸ਼ਾਸਤ੍ਰ ਸੰਸਕ੍ਰਿਤ ਵਿਆਕਰਣ ਬੱਧ ਹਨ, ਜਿਸ ਕਾਰਣ ਓਨ੍ਹਾ ਦੇ ਪਦਛੇਦ ਤੇ ਅਨੇਕ ਅਰਥਾਂ ਦੀ ਕਾਫੀ ਬੰਦਿਸ਼ ਰਹਿੰਦੀ ਹੈ ਜੋ ਵੇਦ ਦੀ ਰੂੜੀ ਭਾਖਾ ਤੇ ਲਾਗੂ ਨਹੀਂ॥ ਇਸੇ ਤਰ੍ਹਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਰੂੜੀ ਬਾਣੀ ਬਿਨਾ ਸੰਸਕਾਰ ਕੀਤੇ ਸ਼ਾਸਤ੍ਰ ਵਿਆਕਰਣ ਬੱਧ ਨਹੀਂ ਹਨ, ਜਿਸ ਕਾਰਣ ਓਨ੍ਹਾ ਦੇ ਪਦਛੇਦ ਅਤੇ ਅਨੇਕ ਅਰਥਾਂ ਦੀ ਬਹੁਤ ਖੁਲ੍ਹ ਰਹਿੰਦੀ ਹੈ, ਜਿਸ ਕਰਕੇ ਗੁਰੂ-ਬਾਬੇ ਦੀ ਬਾਣੀ ਦੇ ਐਨੇ ਅਗਮ ਅਰਥ ਹਨ ਜਿਸ ਦੇ ਪਾਸਕ ਯੋਗ-ਰੂੜੀ ਸੰਸਕਿਤ ਸ਼ਾਸਤ੍ਰ ਨਹੀਂ ਪਹੁੰਚਦੇ ॥

ਉਸੇ ਸਨਾਤਨੀ (pristine) ਉੱਤਰੀ ਭਾਰਤ ਦੇਸੀ ਪ੍ਰਥਾ ਅਨੁਸਾਰ, ਉਸੇ ਤਰ੍ਹਾਂ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਆਦਿ ਕ੍ਰਿਤ ਸ਼੍ਰੀਗੁਰੂ ਗ੍ਰੰਥ ਸਾਹਿਬ ਵੀ ਜਿਵੇਂ ਵੇਦ ਆਪਣੇ ਬਾਰੇ ਹਨ: ਉਸੇ ਤਰ੍ਹਾਂ ਵੇਦ ਪ੍ਰਮਾਣ ਬਾਰੇ ਭਿੰਨ ਭਿੰਨ ਯੁਗ ਪਰਿਵਰਤਨ ਬਾਣੀਆਂ ਵੀ ਪੰਚਮ ਵੇਦ ਕਹਾਂਦੀਆਂ ਹਨ।[ਅ.26] ਭਾਵ, ਤ੍ਰੇਤਾ ਯੁਗੀ ਬਾਲਮੀਕ ਰਾਮਾਯਣ ਇਤਿਹਾਸ ਪ੍ਰਮਾਣ, ਤੇ ਯੋਗ ਵਸਿਸ਼ਠ ਪੁਰਾਣ। ਉਸੇ ਤਰ੍ਹਾਂ ਦ੍ਵਾਪੁਰ ਯੁਗ ਮਹਾਭਾਰਤ ਇਤਿਹਾਸ ਅਤੇ ਪੁਰਾਣ, ਉਪ-ਪੁਰਾਣ ਆਪਣੇ ਯੁਗ ਵੇਦ ਸ਼ਾਸਤ੍ਰ ਤਰ੍ਹਾਂ ਪੰਚਮ ਵੇਦ ਸ਼ਾਸਤ੍ਰ, ਪ੍ਰਮਾਣ ਗ੍ਰੰਥ ਵੇਦ ਭਵਿਸ਼੍ਵਾ ਬਾਣੀ ਵਤ ਆਪਣੇ ਪ੍ਰਮਾਣ ਵਾਕ ਸਿੱਧ ਸ਼ਾਸਤ੍ਰ ਸਨ।[ਅ.26] ਓਨ੍ਹਾਂ ਦੀ ਤਰ੍ਹਾਂ ਹੀ ਕਲਿਜੁਗ ਵਿੱਚ ਸ਼੍ਰੀ ਗੁਰੂਗ੍ਰੰਥਜੀ ਪੰਚਮ ਵੇਦ ਹੈ॥ ਉਸੀ ਪਰੰਪਰਾ ਅਰਥਾਂ ਅਨੁਸਾਰ ਦੋਨੋਂ ਗੁਰੁਸਿੱਖ ਉਦਾਸੀ ਤੇ ਨਿਰਮਲੇ ਸਿੰਘ ਸਾਧੂ-ਸੰਤ-ਗਿਆਨੀ ਸ਼੍ਰੀਗੁਰੂਗ੍ਰੰਥ ਜੀ [ੲ.26] ਤੇ ਕੂੰਜੀ[ਹ.26] ਸ਼ਾਸਤ੍ਰ ਪਰੰਪਰਾ ਯੁਗ ਧਰਮ ਅਨੁਸਾਰ ਕਲਿਜੁਗੀ ਜੀਵਾਂਦੇ ਉਧਾਰ ਲਈ ਕੇਵਲ ਗਲਾਂ ਰਾਹੀਂ ਨਹੀਂ-- ਸ਼੍ਰੀਜਗਦਗੁਰੂ ਗ੍ਰੰਥਜੀ ਲਿਖਤ ਪੰਚਮ ਸ਼ਾਸਤ੍ਰ ਪੁਲ (Canon's bridge) ਗੁਰੁਸਿਖ ਉਦਾਸੀ/ਨਿਰਮਲਿਆਂ ਲਈ ਵੇਦ ਦੀ ਤਰ੍ਹਾਂ ਸ਼੍ਰੀ ਗੁਰੂ ਪ੍ਰਮਾਂਣ, ਇਹ ਯੁਗ ਸ਼ਾਸਤ੍ਰ ਹੈ:-

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥ ਆਪੀਨੈ ਆਪੁ ਸਾਜਿਓਨੁ, ਆਪੇ-ਹੀ ਥੰਮਿ ਖਲੋਆ॥ ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ॥...ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥ ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ॥ ਚਾਰੇ ਜਾਗੇ ਚਹੁ ਜੁਗੀ, ਪੰਚਾਇਣੁ ਆਪੇ ਹੋਆ ॥8॥1॥[ੲ.25]

25. ੳ. ਸ਼੍ਰੀਗੁਰੂਜੀ.ਪੰ.1094:11॥ **ਅ.साम वेदी छान्दगधेपनिषदः "ऋग्वेदं भगवोशध्येमि यजुवेद सामवेदमाथर्वणं चतुर्थमिति इतिहासपुराणं पञ्चम वेदाना"**..."7।1।2॥ ਅਤੇ ਅਥਰਵ ਵੇਦੀ ਮੁੰਡਕੋਪਨਿਸ਼ਦ:1।1।5॥ ੲ.ਸ਼੍ਰੀਗੁਰੂਗ੍ਰੰਥਜੀ. ਪੰ.968:13-18+ਭਾ.ਗੁਰਦਾਸ ਵਾਰ"ਕਲਿਜੁਗ ਨਾਨਕ ਗੁਰ ਗੋਬਿੰਦ ਗਗਾ ਗੋਵਿੰਦ ਨਾਮ ਜਪਾਵੈ।4। ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚ ਜਾਇ ਸਮਾਵੈ।5।ਚਾਰੋਂ ਅਛਰ ਇਕ ਕਰ ਵਾਹਿਗੁਰੁ ਜਪ ਮੰਤ੍ਰ ਜਪਾਵੈ।6।ਜਹਾਂਤੇ ਉਪਜਿਆ [illegible]

Sri Satguru Jagjit Singh Ji eLibrary NamdhariElibrary@gmail.com

ਇਹ ਬ੍ਰਹਮ ਕ੍ਰਿਤ ਕਰਾਮਾਤ ਪੰਚਾਇਣ ਗ੍ਰੰਥ ਪ੍ਰਸਿਧੀ/ਮਸ਼ਹੂਰੀ ਕਾਰਣ, ਇਨ੍ਹਾਂ ਉਦਾਸੀ ਸਾਧੂਆਂ ਦੇ ਜਪ ਸੰਹਿਤਾ ਟੀਕਾ ਗ੍ਰੰਥੀ ਪੰਜਾਬੀ ਦੋਨੋਂ ਸਨਾਤਨੀ ਹਿੰਦੂ ਅਤੇ ਸਹਿਜਧਾਰੀ ਗੁਰੂਸਿੱਖਾਂ ਦੀ ਮੰਗ ਕਾਰਣ ਜਲਦੀ ਦੁਵਾਰਾ, ਅਤੇ ਤੀਜੀ ਵਾਰ ਛਪੀ; ਜਿਸਦੇ ਸਮਝ ਆਣ ਕਾਰਣ ਹਿੰਦੂ ਤੇ ਸਹਿਜਧਾਰੀ ਗੁਰੁਸਿਖ: ਆਰੀਯਾ ਸਮਾਜੀ ਬਣਨ ਤੋਂ ਰੁਕੇ॥ ਇਸ 'ਚ ਉਦਾਸੀ ਪਰਮਹੰਸ ਹਰਿਪ੍ਰਸਾਦ ਵੈਦਿਕ ਮੁਨੀ ਦਾ ਮੁੱਖ ਤਾਤਪਰਜ ਸੀ:- ਸ਼੍ਰੀ ਵਿਸ਼੍ਵਗੁਰੂ ਜੀ ਦੇ ੧ਓ ਸਿਧਾਂਤ ਪਾਠਕ ਸਮਝਨ, ਗੌਣ ਮੁੱਦਾ ਪਾਠਕ ਬਾਣੀ ਦੇ ਅਰਥ ਸਮਝਣ॥ ਜੇ ਕਿਸੇ ਹਿੰਦੂ, ਸਹਿਜਦਾਰੀ ਗੁਰੁਸਿਖ ਨੇ ਧਰਮ ਰੂਪ ਬਦਲਨਾ ਹੀ ਹੈ ਤਾਂ ਸਨਾਤਨ ਧਰਮ ਅਨਕੂਲ ਸਹਿਜਧਾਰੀ ਗੁਰੁਸਿਖ ਹੀ ਰਹਿਣ, ਜਾਂ ਬਣ ਜਾਨ। ਜਿਸ ਕਾਰਣ ਓਹ ਕਿਸੇ ਉਨ੍ਹਾਂ ਨੂੰ ਪੀਣ, ਖਾਂਣ, ਵਿਵਿਹਾਰਿਕ ਧਰਮ ਪਾਠ ਆਦਿ ਕ੍ਰਿਆਵਾਂ ਬਦਲਨ ਦੀਆਂ ਕਾਮਨਾਵਾਂ ਏਸ ਢੰਗ ਨਾਲ ਪੂਰੀਆਂ ਹੋ ਸਕਦੀਆਂ ਹਨ ॥ ਇਸ ਰਾਹੀਂ ਆਰਯਾ ਸਮਾਜੀ ਸਤਯਾਰਥ ਪ੍ਰਕਾਸ ਗ੍ਰੰਥ ਕਹੇ ਸਿਧਾਂਤ ਦੇ ਖੰਡਨ ਦੀ ਹੀ ਸ਼ੈਲੀ ਅਪਨਾਈ।

ਐਥੇ ਦਸਣਾ ਲਾਜ਼ਮੀ ਹੈ ਕਿ ਹੁਣ ਤਕ ਇਹ ਜਪੁਜੀ ਟੀਕਾ ਤਿੰਨ ਵਾਰ ਛਪ ਚੁਕੀ ਹੈ। ਹਰੇਕ ਵਾਰ ਇਸ ਦੀ ਆਧਾਰਕ ਭੂਮਿਕਾ ਵੀ ਬਦਲਦੀ ਰਹੀ॥ ਪਹਿਲੀ ਭੂਮਿਕਾ 60 ਪੰਨੇ ਦੀ ਸਿਧਾਂਤਿਕ ਪਰਿਭਾਸਿਕ ਪੱਖ ਪੜ੍ਹਨ ਜੋਗ ਹੈ॥ ਦੂਜੀ ਛਾਪ ਦੇ 60 ਪੰਨੇਆਂ'ਚ ਓਹ ਰੂਪ ਤਾਂ ਨਾ ਰਿਹਾ; ਪਰ ਤੀਜੀ ਵਾਰ ਆਰਯਾ ਸਮਾਜ ਹੋਸ਼ਿਆਰਪੁਰ ਕੇਂਦ੍ਰ ਨੇ ਫੈਦਾ ਉਠਾਨ ਲਈ ਆਪਣੀ ਭੂਮਿਕਾ ਲਿਖੀ ਤੇ ਆਪਣੀ ਲਕਸ਼ ਕਰਕੇ ਛਾਪੀ। ਸਮਝਦਾਰਾਂ ਨੂੰ ਇਸ਼ਾਰਾ ਕਾਫੀ ਹੈ॥ ਪਾਠਕ ਸਮਝੋ, ਉਦਾਸੀ ਪਰਿਵਰਾਜਿਕ ਆਚਾਰਯ ਸਾਧੂ ਹਰਿਪ੍ਰਸਾਦ ਦਸੋ ਸ਼੍ਰੀ ਜਗਦਗੁਰੂ ਜੀਆਂ ਦੀ ਦ੍ਵਿਯ ਅਲੌਕਿਕ ਬਾਣੀਆਂ ਵਿੱਚ ਕਿਨੀ ਪਰਮ ਸ਼੍ਰਧਾ ਸੀ, ਐਨੇ ਦ੍ਰਿੜ ਨਿਸ਼ਠਾ ਵਿਦਵਾਨ ਸਨ, ਕਿ ਸਮੇ ਬਦਲਦੇ ਵਿਚਾਰ ਓਹ ਕਿਵੇਂ ਜ਼ਬਰਦਸਤੀ ਪੁਰਾਣੀ ਉਦਾਸੀ ਸ਼ੈਲੀ ਤੋਂ ਬਦਲਕੇ, ਸ਼੍ਰੀ ਜਗਦਗੁਰੂ ਬਾਣੀ ਨੂੰ ਲੋਕਾਂ ਸਾਹਮਣੇ ਪੇਸ਼ ਕੀਤੀ, ਕਿ ਸਭ ਦੀ, ਸ਼੍ਰੀ ਗੁਰੂ ਨਾਨਕ ਦੇਵ ਜੀ ਵਿੱਚ ਸਾਰੇ ਭਾਰਤੀਆਂ ਦੀ ਪੂਰੀ ਸੱਚੀ ਸ਼੍ਰਧਾ ਤੇ ਨਿਸ਼ਠਾ ਬਣੀ ਰਹੇ ॥ ਅੰਤ ਵਿੱਚ ਓਹ ਜਾਣਦੇ ਸਨ ਕਿ ਸਮੈ ਸਮੈ ਉਤੇ ਸ਼੍ਰੀ ਵਿਸ਼੍ਵਗੁਰੂ ਬਾਣੀ ਦੀ ਅਰਥ ਸ਼ੈਲੀ ਪੁਰਾਣੀ ਭਾਰਤੀ ਤੇ ਪੱਛਮੀ ਨਵੀਆਂ ਸ਼ੈਲੀਆਂ ਦੇ ਟਕਰਾਉ 'ਚ ਵਿਕਸਦੀ ਰਹੇਗੀ; ਪਰ 6/7ਵੇਂ ਤੋਂ 10ਵੇ ਸ੍ਰੀ ਜਗਦਗੁਰੂ ਜੀਆਂ ਦੇ ਦਸਨਾਮ ਉਦਾਸੀ ਭਾਰਤੀ ਸਨਾਤਨ ਧਰਮ ਵਿਚਾਰਧਾਰਾ ਅੰਦਰ-ਬਾਹਿਰ ਟਕਸਾਲੀ ਰੀਤ; ਤੇ ਗੁਰੁਗਮ ਨਿਰਮਲੇ ਸਿੰਘ ਸੰਤ, ਖਟ ਦਰਸ਼ਨ ਸਮੀਕਸ਼ਕ ਪਰਿਭਾਸ਼ਿਕ ਆਦਿ ਵੇਦਾਂਤ- ਪੁਰਾਣ-ਤੰਤ੍ਰ ਆਦਿ ਸਿਧਾਂਤਾਂ ਨਾਲ ਤੁਲਨਾਤਮਕ ਹੁੰਦਾ ਰਹਿਣਾ ਹੈ॥ ਇਹ ਦਸ ਟੀਕਾ-ਟਿਪਣੀਆਂ ਸੰਗ੍ਰੈਹ ਵਿੱਚ ਭਾਰਤੀ-ਅੰਗ੍ਰੇਜ਼ੀ ਸੰਸਕ੍ਰਿਤੀ ਪ੍ਰਭਾਵਿਤ ਪੰਜਾਬ ਸਾਹਿਤ ਦੇ ਪਰਿਵਰਤਨ ਕਾਲ ਦਿਖਾਣ ਲਈ ਪ੍ਰਸਿੱਧ ਭਾਈ ਵੀਰ ਸਿੰਘ ਦੀ ਸੰਥਿਆ ਵਿੱਚੋਂ ਸ਼੍ਰੀ ਜਪੁ ਨੀਸਾਣੁ ਟੀਕਾ ਭਾਰਤੀ-ਪੱਛਮੀ ਸੰਸਕ੍ਰਿਤੀਆਂ ਦੇ ਸੰਗਮ ਕਾਰਣ ਹੀ ਰਖੀ ਹੈ, ਉਸ ਦੀ ਸੰਖੇਪ ਅਲੋਚਨਾ ਅਗੇ ਲਿਖਦੇ ਹਾਂ:-

ਕ. ਸ਼੍ਰੀਜਗਦਗੁਰੂ ਗ੍ਰੰਥ ਸਾਹਿਬ ਧਰਮ-ਰਾਜ ਜੋਗ ਉਤ੍ਰ ਭਾਰਤੀ ਵਿਦੇਸ਼ੀ ਅੰਗ੍ਰੇਜ਼ੀ, ਪੱਛਮੀ ਵਿਦਿਆ ਪੰਜਾਹ ਸੱਠ ਸਾਲਾਂ 'ਚ ਪ੍ਰਭਾਵ:-

ਭਾਈ ਵੀਰ ਸਿੰਘ ਭਾਰਤ ਵਿੱਚ ਪੱਛਮੀ ਸੰਸਕ੍ਰਿਤੀ ਦੇ ਆਗਮਨ ਅਤੇ ਅੰਗ੍ਰੇਜ਼ ਗੌਰਮਿੰਟ ਦੇ ਪਾਠਸਾਲਾਵਾਂ ਵਿੱਚ ਨਵੇ ਪੜ੍ਹਾਈ ਲਿਖਾਈ ਵਿਧਾਨ ਤੇ ਪ੍ਰਭਾਵ ਅਨੁਸਾਰ ਪੱਛਮੀ

Sri Satguru Jagjit Singh Ji eLibrary NamdhariElibrary@gmail.com

ਅੰਗ੍ਰੇਜ਼ੀ-ਉੜਦੂ ਨੁਮਾ ਲੇਖ, ਕਵਿਤਾ, ਨਾਟਕ ਆਦਿ ਆਪਣੇ ਪੰਚ ਖਾਲਸਾ ਦਿਵਾਨ ਲਈ ਆਪਣੇ ਖਾਲਸਾ ਟ੍ਰੈਕਟ ਸੋਸਾਇਟੀ ਦੇ ਪਤ੍ਰ ਪ੍ਰਕਾਸ਼ਦੇ ਰਹੇ, ਜਿਥੇ ਹੋਰ ਗੁਰੁਸਿਖ ਇਤਿਹਾਸਕਾਰ ਪੁਰਾਣੇ ਗ੍ਰੰਥ ਛਾਪਕੇ ਪ੍ਰਕਾਸ਼ਿਤ ਕਰਦੇ ਰਹੇ, ਪੱਛਮੀ ਰੀਤ ਦੇ ਨਵੀਂ ਪੰਜਾਬੀ 'ਚ ਲੇਖ ਲਿਖਦੇ ਰਹੇ। ਜਿਉਂ ਜਿਉਂ ਉਮਰ ਵਧੀ, ਅਤੇ ਆਪਣੇ ਨਾਨਕੇ ਦਾਦਕੇ ਵੰਸ਼ ਇਕਤ੍ਰਿਤ ਪੁਰਾਣੇ ਅਤੇ ਸਮਕਾਲ ਗਿਆਨੀ ਗਿਆਨ ਸਿੰਘ, ਪਟਿਆਲੇ ਆਦਿ ਮਿਲਦੇ ਰਹੇ, ਅਤੇ ਓਨ੍ਹਾਂ ਦਾ ਪੰਥ ਪ੍ਰਕਾਸ਼ ਕਈ ਵਾਰ ਛਾਪਿਆ, ਕੁਛ ਨਹੀਂ ਵੀ ਛਾਪੇ ਤੇ ਗ੍ਰੰਥ ਰੁਕੇ ਰਹੇ ॥ ਅਸੀ ਓਨ੍ਹਾਂ ਗਿਆਨੀਆਂ ਦੀਆਂ ਓਨ੍ਹਾਂ ਦੇ ਪੁਸਤਕਾਲੇ ਵਿੱਚ ਉਨ੍ਹਾਂ ਨਾਲ, ਤੇ ਪਿਛੋਂ ਉਨ੍ਹਾਂ ਦੇ ਭਾਈ ਡਾ.ਬਲਬੀਰ ਸਿੰਘ ਨਾਲ ਵੀ ਦੇਖੇ, ਵਾਚੇ॥ ਇਸ ਸੰਗ੍ਰਹ ਵਿੱਚ ਟਿੱਪਣੀਕਾਰ ਨੇ ਉਨ੍ਹਾਂ ਦੀ ਪਹਿਲਾਂ ਰਚੀ ਪੰਜ ਗ੍ਰੰਥੀ ਵਿਚੋ ਸ਼੍ਰੀ ਜਪੁ ਟੀਕਾ ਨਹੀਂ ਲਿਤੀ: ਪਰ ਓਨ੍ਹਾਂ ਦੇ ਆਖਰੀ ਉਮਰ 'ਚ ਪੱਕੀ ਵਿਚਾਰਧਾਰਾ ਦਾ ਸ਼੍ਰੀ ਜਗਦਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਆਰੰਭ ਦੀ ਟੀਕਾ ਲਿਤੀ ਹੈ॥ ਇਸ ਦੀ ਵਿਸ਼ੇਸ਼ਤਾ ਦਿਖਾਈ ਦਿੰਦੀ ਹੈ; ਕਿ ਇਹ ਪੁਰਾਣੀ ਭਾਰਤੀ ਸਿੱਧਾਂਤ ਸੈਲੀ ਦੇ ਅੰਤ ਸਮੇ ਸੀ, ਅਤੇ ਨਵੇਂ ਪਛਮੀ ਅੰਗ੍ਰੇਜ਼ੀ ਆਰੰਭ ਕਾਲ ਸ਼ੈਲੀ: ਸ਼ੁਰੂਆਤ ਬੰਗਾਲ ਤੋਂ ਮਹਾਂਰਾਸ਼ਟ੍ਰ, ਪੰਜਾਬਾਦਿ ਪ੍ਰਾਂਤਾਂ 'ਚ ਵਿਕਾਸ ਸੰਨ 1900 ਤੋਂ ਜ਼ੋਰ ਫੜੇ: ਇਸ ਵਿੱਚ ਦੋਨੋਂ ਸੰਸਕ੍ਰਿਤੀਆਂ ਝਲਕਦੀਆਂ ਹਨ; ਇਸੇ ਕਾਰਣ ਇਹ ਸਮਕਾਲੀ ਟੀਕਾ ਰਖੀ ਹੈ, ਕਿ ਪਾਠਕ ਜਨ ਪੰਜ ਸਦੀਆਂ 'ਚ ਬੜਾ ਮੋੜ ਅਰਥਕਾਰਾਂ ਲਿਆ ਜੋ ਅਨੇਕ ਭਾਖਾਵਾਂ 'ਚ ਆਰੰਭਿਆ॥ ਬੇਸ਼ਕ ਭਾਈ ਵੀਰ ਸਿੰਘ ਨੇ ਆਪਣੀ ਗੁਰਮਤ ਟਕਸਾਲੀ ਸਿਖਿਆ ਪ੍ਰਨਾਲੀ ਨਿਰਮਲ ਗਿਆਨੀ ਭਾਈ ਮਨੀ ਸਿੰਘ ਅੰਮ੍ਰਿਤਸਰੀ ਟਕਸਾਲ ਦੀ ਪਛੋਕੜ ਪਰੰਪਰਾ'ਚ ਗ੍ਰਹਣ ਕਰਣੀ ਸ੍ਵੀਕਾਰ ਕਰੀ ਹੈ, ਤੇ ਕੁਰਸੀਨਾਮਾ (ਸ਼ਜਰਾ) ਦੋਨੋਂ ਪੰਜ ਗ੍ਰੰਥੀ ਤੇ ਸੰਥਿਆ'ਚ ਲਿਖਕੇ ਇਜ਼ਤ ਦਿਤੀ ਤੇ ਪਾਈ ਹੈ ਪਰ ਟਿੱਪਣੀਕਾਰ ਵਲੋਂ ਦੇਹਿਰਾਦੂਨ 'ਚ ਮਿਲਨ, ਗੋਸ਼ਟ ਕਰਣ ਤੇ ਵੀ ਓਨ੍ਹਾਂ ਦੇ ਜਤੋਂਣ ਉਤੇ ਵੀ ਸਪਸ਼ਟ ਪ੍ਰਤੀਤ ਹੁੰਦਾ ਹੈ ਕਿ ਭਾਈ ਸਾਹਿਬ ਨੇ ਆਪੇ ਹੀ: ਬਿਨਾ (ਕਿਸੇ ਉਦਾਸੀ-ਨਿਰਮਲੇ ਜਾ ਅਦ੍ਵੈਤ ਵਾਦੀ ਹਿੰਦੀ-ਅੰਗ੍ਰੇਜ਼ੀ) ਖਟ-ਸ਼ਾਸਤ੍ਰੀ ਰਾਹੀਂ ਪੁਰਾਤਨ ਸੰਸਕ੍ਰਿਤ 'ਚ ਮੂਲ ਸ਼ਾਸਤ੍ਰਾਂ ਦੇ ਉਲਥਾ ਦੀ ਸਮੀਖਿਆ ਪ੍ਰਾਪਤ ਨਹੀਂ ਕੀਤੀ ਹੋਵੁਗੀ : ਜਿਸ ਕਾਰਣ ਉਨ੍ਹਾਂ ਦੇ ਬਹੁਤੇ ਥਾਵਾਂ ਉਤੇ ਦਾਰਸ਼ਨਿਕ ਪਰਿਭਾਸ਼ਾ ਸਮੀਖਿਅਕ ਅਲੋਚਨਾ ਦੀ ਘਾਟ ਪ੍ਰੱਤਖ ਹੈ। ਜਿਸ ਕਾਰਣ ਸ਼੍ਰੀ ਗੁਰੁਬਾਣੀ ਅਰਥ ਤੇ ਸਿਧਾਂਤ ਦੋਨੋਂ ਪ੍ਰਤਖ ਤਰਕ(rational, logical) ਪੁਰ ਪੂਰੇ ਨਹੀਂ ਉੱਤਰਦੇ॥ ਬੇਸ਼ਕ ਉਨ੍ਹਾਂ ਓਹ ਪੁਰਾਣੇ ਸ਼ਾਸਤ੍ਰ ਜ਼ਰੂਰ ਆਪੇ ਵਾਚੇ ਹੋਣਗੇ, ਨਵੇਂ ਕਿਸੇ ਦ੍ਵੈਤਵਾਦੀ (ਹਿੰਦੀ-ਅੰਗ੍ਰੇਜ਼ੀ) ਅਰਥਵੇਤੇਆਂ ਦੇ ਕੰਮ ਵਾਚੇ, ਅਧਿਆਇਨ ਕੀਤੇ ਹੋਣਗੇ ਪਰ ਜੇ ਓਨ੍ਹਾਂ ਵਿਧੀਵਤ ਤਰਕ ਪਰਿਭਾਸ਼ਾ ਸਾਥ ਪੜ੍ਹੇ ਹੁੰਦੇ ਤਾਂ ਜੋ ਅਰਥ ਕੀਤੇ ਹਨ ਓਹ ਨਾ ਕਰਦੇ॥ ਪਰ ਭਾਈ ਜੀ ਪਰਿਭਾਸ਼ਾ ਨਾ ਜਾਣਨ, ਸਿੱਖਣ ਕਾਰਣ, ਓਹ ਮੁੱਖ ਦੋ ਭੇਦਾਭੇਦ/ਦ੍ਵੈਤ-ਅਦ੍ਵੈਤ ਸਿੱਧਾਂਤ ਪਰਿਭਾਸ਼ਾ ਤਹਿ ਤਕ ਨਹੀਂ ਪਹੁੰਚ ਸਕੇ॥ ਪ੍ਰਤੱਖ ਹੈ, ਇਸੀ ਕਾਰਣ ਭਾਈ ਵੀਰ ਸਿੰਘ ਮੂਲ ਮੰਤ੍ਰ ਦੇ '1' ਤੋਂ ਅਲ੍ਹੈਦਾ 'ਓ ਅਤੇ 'ਸੈਭੰ' ਪਦਾਂ ਸੰਬੰਧੀ ਏਕਤ੍ਵ ਭਾਵ:- ਬ੍ਰਹਮ[1] ਮਹਿ ਜਨੁ [2], ਜਨ[2] ਮਹਿ ਪਾਰਬ੍ਰਹਮੁ[3] ॥ ਏਕਹਿ ਆਪਿ: ਨਹੀ ਕਛੁ ਭਰਮ[ਓ.32] ॥ ਭਾਵ: ਸ਼ਬਦ ਏਕਤ੍ਵ: ਈਸ਼ਾ, ਜੀਵ[2], ਅਧਿਸ਼ਠਾਨ[3] ਪਰਿਭਾਸ਼ਕ ਏਕਤ੍ਵ ਤੋਂ ਅਗਿਆਤ ਹੋਣ ਕਾਰਣ, ਪਾਠ ਦਾ ਲਕਸ਼ ਹੀ ਨਹੀਂ ਸਮਝੇ॥ ਇਸ ਕਾਰਣ ਪਹਿਲਾਂ ਆਪ ਦੇ ਮਨ ਵਿੱਚ '1/ਇੱਕਾ ਕਾਫ਼ਿ' ਅਤੇ ਦਜੇ ਕਾਫ਼ਿ

Sri Satguru Jagjit Singh Ji eLibrary NamdhariElibrary@gmail.com

ਦੋਨੋ ਦੇ ਪਰਿਭਾਸ਼ਿਕ ਸ਼੍ਰੀਗੁਰੁਬਾਣੀ 'ਚ ਦਿਤੇ ਅਰਥ ਠੀਕ ਨਹੀਂ ਸਮਝੇ, ਨਾਹੀਂ ਦੋਨਾਂ ਦੀ ਆਪਸ 'ਚ ਟੱਕਰ, ਓਹ ਦੋਨੋ ਤੱਤਾਂ ਦੀ ਗੱਲ ਤੋਂ ਸਦਾ ਅਗਿਆਤ ਸਨ ॥ ਮਸਲਨ:- ਭਾਈ ਵੀਰ ਸਿੰਘ ਹੀ ਨਹੀਂ, ਸਿੰਘ ਸਭਾ ਬਨਣ ਕਾਲ ਤੋਂ ਸਾਰੇ ਨਵੇਂ ਸਿੱਖਾਂ ਨੇ ਕਦੀ ਨਹੀਂ ਸੋਚਿਆ, ਨਾ ਸੋਚਦੇ ਹਨ ਕਿ ਜੇ ਵਿਸ਼੍ਵਗੁਰੂ ਨਾਨਕ ਦੇਵ ਜੀ ਨੇ ੧ਓ ਦਾ ਅਰਥ ਕੇਵਲ ਇਕ ਵਾਹਿਗੁਰੂ ਦਸਣਾ ਸੀ - ਇਤਨਾਂ ਕਹਿਣਾ ਉਨ੍ਹਾਂ ਲਈਂ ਬਹੁਤ ਸੌਖਾ ਸੀ॥ ਪਰ ਭਲੇ ਭੋਲੇ ਗੁਰੁਸਿੱਖ ਇਹ ਨਹੀਂ ਸੋਚਦੇ ਇਹ ਮੂਲ ਮੰਤ੍ਰ ਸ਼੍ਰੀਵਿਸ਼੍ਵਗੁਰੂਜੀ ਦਾ ਨਹੀਂ ਬਣਾਇਆ-ਇਹ ਤਾਂ ਓਨ੍ਹਾਂ ਦੇ ਪਰਮਗੁਰੂ ਪ੍ਰਦਾਨ ਕੀਤਾ ਸੀ, ਜਥਾ:- ਪਹਿਲਾਂ ਬਾਬੇ ਪਾਯਾ ਬਖਸ਼ ਦਰ: ਪਿਛੋਂਦੇ ਫਿਰ ਘਾਲ ਕਮਾਈ[ਅ.32] ਅਤੇ ਮੁੱਖ ਪ੍ਰਮਾਣ ਸ਼੍ਰੀਮੁਖਵਾਕ ਮ:1. ਮੂਲਮੰਤ੍ਰ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥ [ੲ.32] ਸ਼੍ਰੀਵਿਸ਼੍ਵਗੁਰੂਜੀ ਲਿਖਤ ਉਪਦੇਸਿਆ- ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥ ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ॥ ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ: ਏਕੋ ਸ੍ਰਿਸਟਿ ਸਬਾਈ ॥ ਏਕੰਕਾਰੁ: ਅਵਰੁ ਨਹੀ ਦੂਜਾ ਨਾਨਕ: ਏਕੁ ਸਮਾਈ॥ [ਸ.32] ਸਬਦ ਰਾਹੀਂ:- '1(ਏਕੰਕਾਰ) ਲਿਖਣ ਅਤੇ ੧ [1], ਓ,[2] ਉ,[3] ਓਅੰ,[4] ਓਅੰਕਾਰ[5] ਆਦਿ ਅੱਡ ਰੂਪ ਲਿਖੇ, ਪਰ ਇਕੋ ਉਦੇਸ਼ "ਓ-ਨਮ ਅਖਰੁ! ਤ੍ਰਿਭਵਣ ਸਾਰੁ"[ਹ.32]ਹੈ ॥ ਇਸੇ ਦਾ ਦਸਮੇ ਜਾਮੇ ਸ਼੍ਰੀਜਗਦਗੁਰੂ ਗੋਬਿੰਦ ਸਿੰਘ ਜੀ ਫੇਰ ਓਹੀ ਸਿਧਾਂਤ ਲਿਖਿਆ "ਓਅੰ ਆਦਿ ਰੂਪੈ। ਅਨਾਦਿ ਸਰੂਪੈ। ਅਨੰਗੀ ਅਨਾਮੈ। ਤ੍ਰਿਭੰਗੀਤ੍ਰਿਕਾਮੈ"[ਕ.32] ਐਸੇ ਅਨੇਕ ਸ਼੍ਰੀ ਗੁਰੁਬਾਣੀ ਪ੍ਰਮਾਣਾਂ ਦੇ ਕੁਰਾਹ ਪਾਣ ਵਾਲੇ ਇਸਾਈ ਮਤੀ ਆਦਿ ਤੋਂ ਪਾਦਰੀ ਟ੍ਰੰਪ, ਮੈਕਲਿਫ, ਗ੍ਰੀਨਫੀਲਡ, ਲ੍ਰਿੰਲਿਨ, ਖਾਸਕਰ ਮੈਕਲੌਡ ਆਦਿਆਂ ਨੇ ਅੰਗ੍ਰਜ਼ੀ ਉਲਥੇਆਂ 'ਚ ਆਪਣੀ ਸੰਪਾਦਕੀ ਮਾਨਤਾ ੧ਓ ਦੀ ਇਕ ਰੱਬ (Monotheistic cultic Godhead) ਹਠ ਨਾਲ ਅਰਥ ਕਰਕੇ ਸਿੱਖਾਂ ਤੋਂ ਬਲ ਨਾਲ ਡਿਗਰੀ ਲੈਣ ਲਈ ਜਤਾਇਆ॥ ਬੇਸ਼ਕ ਓਹ ਇਕ ਰਬ: ਇਸਾਈਆਂ ਦੇ ਤਿੰਨ (Trinitarian Cult God) ਰੱਬ (ਕੁਰਾਨ ਸ਼ਰੀਫ ਖੰਡਨ) ਹਨ, ਜੋ ਇਕ ਹੈਵਨ ਵਾਸੀ (Monotheist) ਹੈ, ਗੁਰੁਸਿੱਖਾਂ ਦਾ ਜਤਾਇਆ॥ ਓਨ੍ਹਾਂ ਸਾਰੇਆਂ ਨੇ ਸ਼੍ਰੀ ਗੁਰੁਬਾਣੀ ਖੁਲਾਸਾ "ਅੰਤਰ-ਬਾਹਰ ਕਾਰਣ ਕਰਣ ਪ੍ਰਭੂ '1' ਏਕ" ਨਿਰਾਕਾਰ-ਨਿਰਗੁਣ, ਸਾਕਾਰ-ਨਿਰਗੁਣ ਤੇ ਸਾਕਾਰ-ਸਗੁਣ ਬ੍ਰਹਮ ਸਰੂਪ ਦੀ ਅਵਹੇਲਨਾ/ਲਾਪਰਵਾਹੀ ਕੀਤੀ, ਕਿ ੧ਓ ਸਮਗ੍ਰ ਤ੍ਰਿਪੁਟੀ:-ਸਤ੍, ਰਜ, ਤਮ; ਜਾਗ੍ਰਿਤ, ਸੁਪਨ, ਸਾਖਤੀ; ਅਸਥੂਲ, ਸੂਖਮ, ਕਾਰਣ ਰੂਪ ਅਨੇਕ ਸ਼ਬਦ "ਸੰਕੇਤਾਂ" ਰਾਹੀ ਸਮਝੀਂਦਾ ਹੈ ॥ ਓਨ੍ਹਾਂ ਦੇ ਦੇਸੀ ਸਿੱਖ, ਤੇ ਵਿਦੇਸ਼ੀ ਪੀਐਚ.ਡੀ. ਲੋਭੀ ਛਾਤ੍ ਇਹੀ ਜਿਤਾਇਆ-ਐਸਾ ਓਨ੍ਹਾਂ ਦੇ ਵਿਦੇਸ਼ੀ ਸੁਪਰਵਾਈਜ਼ਰਾਂ ਤੇ ਵਿਸ਼ੇਸ ਕਰ ਮੈਕਲੌਡ ਇਸ਼ਾਰਾ ਕਰਦਾ ਸੀ, ਕਿ ਓਨ੍ਹਾਂ ਕਿਸੇ ਨੂੰ ਵੀ ਕਦੀ ਧਰਮ ਡਿਗਰੀ ਦੇਣ ਨੂੰ ਤਿਆਰ ਹੀ ਨਹੀ ਸੀ ਜਦ ਤਕ ਓਹ ਸਿੱਖੀ ਨੂੰ ਮੋਨੋਥਿਇਜ਼ਮ ਨਾ ਜਤਾਣ । ਇਸ ਮਤਲਬ ਕਾਰਣ ਉਸੇ ਨੂੰ ਵਿਦੇਸ਼ੀ ਯੂਨੀਵਰਸਟੀਆਂ ਸਵੀਕਾਰ ਕਰਦੀਆਂ ਸਨ! ਖਾਸ ਡਿਗਰੀ ਪਾਣ ਵਾਲੇ ਇਹ ਨਹੀਂ ਜਤਾਂਦੇ ਸਨ, ਕਿ ਓਹ ਨੌਕਰੀ ਤੇ ਨਾਮ ਪੌਣ ਲਈਂ ਜੋ ਓਹ ਕਹਿੰਦਾ ਤੇ ਸੁਪਰਵਾਈਜ਼ਰ ਦੀ ਹੈਸੀਅਤ ਲਿਖਦਾ, ਓਹੀ ਵਿਦੇਸ਼ੀ ਪੁਰਸਕਾਰ ਪਾਂਦੇ॥ ਨਾ ਕਿਸੇ ਗੁਰੁਗਮ ੧ਓ ਸਿਧਾਂਤ ਸਿਖਿਆ- ਪਰ ਓਨ੍ਹਾਂ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦੇ ਸਿੱਧਾਂਤ ਦੀ ਅਵਹੇਲਨਾ ਨੌਕਰੀ, ਧਨ, ਨਾਮ ਪੌਣ ਲਈ ਬੇਮਖ ਮੈਕਲੌਡ ਦੀ ਪੈਰੋਕਾਰ ਕਰਣ ਦੀ ਕੋਈ ਲਾਜ ਨਹੀਂ ਆਈ ਬਲਕਿ

Sri Satguru Jagjit Singh Ji eLibrary NamdhariElibrary@gmail.com

ਧਨ ਤੇ ਨਾਮ ਪਿਛੇ ਗੁਰੁ ਬੇਮੁਖ ਹੋਣਾ ਮੰਨਜ਼ੂਰ ਹੋਇਆ ॥ਇਸ ਤਰ੍ਹਾਂ ਮੈਕਲੌਡ ਨੇ ਸ਼੍ਰੀ ਗੁਰੁਬਾਣੀ'ਚ ਸੰਤ ਭਗਤ--ਇਸਾਈ ਮ੍ਰਿਤਕ ਸੰਤਾਂ ਦੇ (In Christianity there are no living, only dead saints) ਮੁਕਾਬਲੇ, ਅਤੇ ਦ੍ਵੈਤਵਾਦ ਹਿੰਦੂ ਵੈਸ਼ਣਵਾਂ ਦੇ ਨਿਰਗੁਣ ਸੰਪ੍ਰਦਾਏ,ਤੇ ਸਗੁਣ ਸੰਪ੍ਰਦਾਇ ਮੱਤਾਂ ਨਾਲ ਵੀ ਗੁਰੁਸਿਖਾਂ ਦੇ ਮੁੱਖ ਅਧਾਰ ਸਿਧਾਂਤ ਨਾਲ ਉਲਝਾਣ ਦੀ ਆਪਣੀ ਬੇਸਮਝੀ, ਜਾਂ ਦਾਨਿਸਤਾ ਵੰਡ, ਅਤੇ ਨੀਵਾਂ ਦਿਖੌਣ ਲਈ ਅਜਿਹਾ ਕੀਤਾ। ਇਸ਼ਾਰਤਨ ਇਹ ਕੁਝ ਲਿਖਣਾ ਪੈ ਰਿਹਾ ਹੈ; ਐਸੇ ਸ਼੍ਰੀਗੁਰੁਬਾਣੀ ਅਧਾਰ ਸਿਧਾਂਤ ਦੋਵੇਂ ਦਿੰਦੇ ਸਮਝਾਏ, ਜੋ ਸਾਫ ਉਸ ਤੋਂ ਉਲਟ ਸ਼੍ਰੀਗੁਰੂ ਵਾਕ ਹਨ: "ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾਧਾਰਿ ਜਿਨਿ ਸਗਲੀ ਮੋਹੀ॥ ਅਪਨੇ ਚਰਿਤ ਪ੍ਰਭਿ ਆਪਿ ਬਨਾਏ॥ਅਪੁਨੀ ਕੀਮਤਿ ਆਪੇ ਪਾਏ॥ ਹਰਿ ਬਿਨੁ ਦੂਜਾ ਨਾਹੀ ਕੋਇ॥ ਸਰਬ ਨਿਰੰਤਰਿ ਏਕੋ ਸੋਇ॥ ਓਤਿ ਪੋਤਿ ਰਵਿਆ ਰੂਪ ਰੰਗ॥ ਭਏ ਪ੍ਰਗਾਸ ਸਾਧ ਕੈ ਸੰਗ..."ਖ.32; ਹੋਰ ਕਰਣ ਕਾਰਣ ਪ੍ਰਭੁ ਏਕੁ ਹੈ: ਦੂਸਰ ਨਾਹੀ ਕੋਇ ॥ ਨਾਨਕ: ਤਿਸੁ ਬਲਿਹਾਰਣੈ, ਜਲਿ ਥਲਿ ਮਹੀਅਲਿ ਸੋਇ"ਗ.32 ਆਦਿ ॥ ਇਹ ੧ਓ ਗੁਰਗਮ ਟਕਸਾਲ ਅਧਾਰ ਸਿਧਾਂਤ ਹੈ ਜਿਸ ਦੇ ਮੁੱਖ ਤਿੰਨ (3) ਰੂਪ ਹਨ:-ਅਰਥਾਤ: ਇਕੋ ਬੀਜ ਮੰਤ੍ਰ ਸਮਗ੍ਰ ਸਿਧਾਂਤ:-1.ਨਿਰਾਕਾਰ-ਨਿਰਗੁਣ, 2.ਨਿਰਾਕਾਰ-ਸਗੁਣ ਤੇ 3.ਸਾਕਾਰ-ਸਗੁਣ: ਤਿੰਨ ਪੱਖਾਂ ਦੀ ਮੇਰੂ-ਖੰਡ (Permutation-Combination) ਗਿਣਤੀ ਵਿਧੀ ਸਮਝ ਦੀ ਕਮੀ ਰਹੀ। ਇਸਦੇ ਬਾਵਜੂਦ: ਫੇਰ ਵੀ ਭਾਈ ਵੀਰ ਸਿੰਘ ਸੰਥਿਆ ਦਾ ਕੰਮ-ਨਿਰਮਲ ਸੰਤ ਪੰ.ਤਾਰਾ ਸਿੰਘ, ਸ਼੍ਰੀਮਹੰਤ ਸਾਧੂ ਸਿੰਘ ਦੇ ਪਰਿਭਾਸ਼ਿਕ ਗ੍ਰੰਥ ਸ਼੍ਰੀਗੁਰੂ ਸਿਖਿਆ ਕ੍ਰਮ ਪ੍ਰਭਾਕਰ (ਦੇਹਰਾ ਦੂਨ ਘਰ ਲਾਇਬਰੇਰੀ 'ਚ ਆਪਨੇ ਟਿਪਣੀਕਾਰ ਨੂੰ ਦਿਖਾਏ), ਤੇ ਫਰੀਦਕੋਟ ਟੀਕਾ ਆਦਿ ਤੋਂ ਇਲਾਵਾ, ਓਨ੍ਹਾਂ ਦੀ ਅਪੂਰਣ ਸੰਥਿਆ ਦੇਸੀ-ਵਿਦੇਸੀਆਂ ਲਈ ਇਹ ਆਧਾਰ ਸ਼ਿਲਾਵਾਂ ਵਿੱਚ ਰਹੇਗੀ॥ ਜੋ ਮੂਲ ਬੀਜ ੧ਓ ਸਾਰ ਸਿਧਾਂਤ, ਤੇ ਗੁਰੁਸਿਖ ਤੁਲਨਾਤਮਕ ਸ਼੍ਰੀਗੁਰੁਬਾਣੀ ਸ਼ਾਸਤ੍ਰ ਜਗਤ ਧਰਮ ਸ਼ਾਸਤ੍ਰਾਂ ਨਾਲ ਤੁਲਨਾਤਮ ਖੋਜ ਕੰਮ, ਪੱਕੀ ਨੀਂਵ ਰਹੇਗੀ॥ ਇਸੀ ਕਾਰਣ ਇਹ ਤੁਲਨਾਤਮਕ ਦਸ ਸ਼੍ਰੀਜਪੁ ਨੀਸਾਣੁ ਟੀਕੇ ਦੇਸ਼ੀ-ਵਿਦੇਸ਼ੀ ਤੁਲਨਾਤਮਕ ਧਰਮ ਸੰਸਕ੍ਰਿਤੀ ਖੋਜੀ ਵਿਦਵਾਨ, ਗਿਆਨੀ ਅਤੇ ਸ਼ਰੋਤ੍ਰੀ ਬ੍ਰਹਮ-ਨਿਸ਼ਠ ਅਨੁਭਵੀਆਂ ਸਾਹਮਣੇ ਰਖੇ ਹਨ ॥

ਬੇਸ਼ਕ ਏਂਹ ਕੰਮ ਪੂਰਣ ਹੋਏ ਤੇ ਵੀ ਹੋਰ ਅਨੇਕ ਭਾਰਤ ਦੇ ਪ੍ਰਾਂਤ ਦੇਸੀ, ਅਤੇ ਵਿਦੇਸੀ ਬੋਲੀਆਂ 'ਚ ਨਵੇ ਟੀਕਾਕਾਰਾਂ ਦੇ ਉਲਥੇ, ਟੀਕੇ, ਟਿੱਪਣੀਆਂ ਨਜ਼ਰ 'ਚ ਹਨ। ਓਨ੍ਹਾਂ ਵਿੱਚੋਂ ਬਹੁਤੇ ਪ੍ਰਸਿੱਧ ਵਿਦ੍ਵਾਨ ਟਿੱਪਣੀਕਾਰ ਦੇ ਨਿਜੀ ਜਾਣ ਪਛਾਣੀ ਸਨ, ਤੇ ਜਿਉਂਦੇ ਹਨ ॥ ਪਰ ਕਈ ਪਹਿਲਾਂ ਕਹੇ ਕੁਛ ਕਾਰਣਾਂ ਕਰਕੇ ਭਾਈ ਵੀਰ ਸਿੰਘ ਦੇ ਟੀਕੇ ਨਾਲ ਇਹ ਦਸ ਸ਼੍ਰੀਜਪੁ ਨੀਸਾਣੁ ਟੀਕਾ ਸੰਗ੍ਰਹ ਗ੍ਰੰਥ ਦੀ ਸਮਾਪਤੀ ਸ਼ੋਭਾਇਮਾਨ ਪ੍ਰਤੀਤ ਹੋਈ ॥ ਅੰਤ ਵਿੱਚ ਲਿਖਨਾ ਜ਼ਰੂਰੀ ਬਣਦਾ ਹੈ, ਕਿ ਉਸ ਮੱਧ ਇਤਿਹਾਸਕਾਲੀ ਸਾਂਝੇ ਵੇਦ-ਕਤੇਬ ਦੇਸਾਂ ਦੀਆਂ ਸੰਸਕ੍ਰਿਤੀਆਂ ਨੂੰ ਕੇਵਲ ਇਕੋ ਇਕ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਦੇ ਉਪਦੇਸ਼ "ਸੂਫੀ-ਤਸਵਫ" (Mysticism) ਦੀ ਤੁਲਨਾਤਮਾ ਜੋਗ ਸ਼੍ਰੀ ਜਪੁ ਨੀਸਾਣ ਟੀਕਾ ਪ੍ਰਾਪਤ ਕਰਣ ਦੀ ਬਹੁਤ ਚਾਹ ਸੀ, ਅਤੇ ਪ੍ਰਯਤਨ ਵੀ ਬਹੁਤ ਕੀਤਾ ਸੀ। ਬੇਸ਼ਕ ਪਹਿਲਾਂ ਅਪਣੇ ਹਥ ਲਿਖਤ ਭਾਸ਼੍ਵ ਵਿੱਚ ਥਾਂ ਥਾਂ ਕੁਰਾਨ ਸ਼ਰੀਫ ਪ੍ਰਮਾਣ ਟੂਕਾਂ ਜੋ ਸੂਫੀ ਦਿੰਦੇ ਹਨ, ਲਿਖੇ ਸਨ, ਨਹੀਂ ਮਿਲੀ ॥ ਐਥੇ ਦਿਤੇ 175-180

Sri Satguru Jagjit Singh Ji eLibrary NamdhariElibrary@gmail.com

ਟੀਕੇ ਸੂਚੀ/ਫੈਹਰਿਸਤ 'ਚ ਪਾਠਕ ਉੜਦੂ ਦੇ ਅਨੇਕ ਟੀਕੇ ਨਾਮ ਦੇਖ ਲੈਣ। ਪਰ ਐਸਾ ਕੋਈ ਉੱਚ ਪੱਧਰ ਲੋੜਵੰਦ ਅਧਿਆਤਮ ਕੋਟੀ ਦਾ ਟੀਕਾ ਨਾਂ ਮਿਲਨ ਦਾ ਜ਼ਰੂਰ ਅਫਸੋਸ ਹੈ: ਜੋ ਪੱਖੋਂ ਇਹ ਸੰਗ੍ਰੈਹ ਜ਼ਰੂਰ ਰਿਣੀ ਪ੍ਰਤੀਤ ਰਹੇਗਾ॥ ਇਸ ਸੰਬੰਧੀ ਸ਼੍ਰੀਗੁਰੁਬਾਣੀ ਉਪਦੇਸ਼ ਹੈ:-

ਕਲਿਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ॥ ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥ ਚਾਰੇ ਵੇਦ ਹੋਏ ਸਚਿਆਰ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ॥ ਭਉ ਭਗਤਿ ਕਰਿ ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥[ਘ.26]

ਇਹ ਪ੍ਰਮਾਣ ਲਿਖਣ ਦਾ ਤਾਤਪਰਜ ਹੈ: ਕਿ ਗੁਰੁਸਿਖ ਉਦਾਸੀ ਸਾਧੂ, ਨਿਰਮਲੇ ਸਿੰਘ ਸੰਤ, ਗਿਆਨੀਆਂ(ਸਿੰਘ-ਸਭਾਈ ਅਕਾਲੀ ਤਾਂ ਪਾਸੇ ਰਹੇ, ਇਨ੍ਹਾਂ ਬਿਨਾਂ ਨਾਸਤਿਕ ਦੋਨੋਂ ਜੈਨ, ਬੋਧੀ ਹਿੰਦੂ ਅਤੇ ਸ਼ਰਈ ਮੁਸਲਮਾਨਾਂ ਦੇ) ਦੇ ਪੰਜ-ਸੌ ਵਰ੍ਹੇ ਭਾਰਤੀ ਸੰਸਕਿਤੀ 'ਚ ਦਰਜਨ ਵੱਧ ਗੁਰੁਸਿੱਖ ਰਬਾਬੀ ਕੀਰਤਨਕਾਰ ਪ੍ਰਚਾਰਕਾਂ ਦੀਆ ਸ਼ਾਖਾਵਾਂ ਹਨ ਜਿਨ੍ਹਾਂ ਨਾਲ ਆਪਣੀ ਨਿੱਜੀ ਜਾਣ ਪਹਿਚਾਣ ਕਾਰਣ ਇਉਂ ਭਾਸਦਾ ਹੈ ਕਿ ਓਨ੍ਹਾਂ ਨੂੰ ਕੌਣ ਨਵਾਂ ਗੁਰੁਸਿੱਖ ਵਿਦਵਾਨ, ਗਿਆਨੀ, ਕੀਰਤਨੀਏ ਰਾਗੀ, ਪ੍ਰਚਾਰਕ ਉਪਦੇਸ਼ ਦੇਣ'ਚ ਸਮਰਥ ਹੈ? ਮਸਲਨ:- ਗੁਰੂ-ਰਬਾਬੀ ਆਚਾਰ ਦੇ ਐਨੇ ਪੱਕੇ ਸਨ ਕਿ ਤਵੈਫਾਂ ਦੇ ਮਹੱਲੇ ਵਿੱਚੋਂ ਵੀ ਨਹੀ ਲੰਘਦੇ ਸਨ: ਭਾਵੇਂ ਗੁਰੁਸਿਖ ਲੰਘਦੇ ਸਨ॥ ਪਟਿਆਲਾ ਦਰਬਾਰ ਦੇ ਮੌਸੀਕੀ ਜਰਨੈਲ ਅਲੀ ਬਖਸ਼ (ਅਲੀਆ ਖਾਂ), ਰਬਾਬੀ ਭਾਈ ਕਾਲੂ, ਸ਼੍ਰੀ ਗੁਰੂ ਦਸਮ ਦਰਬਾਰ ਆਨੰਦਪੁਰੀਏ ਰਬਾਬੀ ਦਾ ਪੁਤ ਸੀ । ਉਸਦੇ ਏਕਲੌਤੇ ਬੇਟੇ; ਉਸਤਾਦ ਅਖਤਰ ਹੋਸੈਨ ਦਾ ਵਿਆਹ ਗੁਰੂਸਿੱਖ ਰਬਾਬੀ ਗੁਲ ਬਹਾਰ ਖਾਂ ਸਾਹਿਬ ਪੱਕੇ ਸੰਗੀਤਕਾਰ ਦੀ ਧੀ ਨਾਲ ਤਹ ਹੋਣ ਉਤੇ, ਪਟਿਆਲੇ ਦਰਬਾਰ ਮੁਲਾਜ਼ਿਮ ਜਰਨੈਲ ਅਲੀ ਬਖਸ਼ ਨੇ ਪੁਰਾਣੇ ਤਲੁਕਾਤ ਰਖਣ ਲਈ ਨਨਕਾਣਾ ਸਾਹਿਬ, ਲਾਹੌਰ, ਅੰਮ੍ਰਿਤਸਰ, ਪਟਿਆਲੇ ਸ਼੍ਰੀਗੁਰੂਕਾਲੀ ਰਬਾਬੀ ਸ਼ਾਮਲ ਹੋਣ, ਨਿਮੰਤ੍ਰਣ ਚਿਠੀਆਂ ਭੇਜੀਆਂ॥ ਸ਼੍ਰੀ ਵਿਸ਼੍ਵਗੁਰੁ ਨਾਨਕ ਦੇਵ ਜੀ ਰਬਾਬੀ ਭਾਈ ਮਰਦਾਨੇ ਵੰਸ਼ੀ ਅੰਮ੍ਰਿਤਸਰੀ ਰਬਾਬੀ ਭਾਈ ਲਾਲ, ਦੋਨੋਂ ਭਾਈ ਮਹਿਬੂਬ ਅਲੀ(ਭਾ.ਬੂਬਾ) ਅਤੇ ਭਾਸਕਰ ਰਾਓ ਸ਼ਾਗਿਰਦ ਸਨ, ਨੂੰ ਸਾਰੇ ਗੁਰੁਸਿੱਖ ਰਬਾਬੀ ਇਤਲਾਹ ਦਿਤੀ, ਓਨ੍ਹਾਂ 'ਚੋਂ ਸਭ ਤੋਂ ਪਹਿਲਾਂ ਗੁਰੁਸਿੱਖ ਰਬਾਬੀ ਭਾਈ ਫਿਰੰਦਾ ਵੰਸ਼ੀ ਪਟਿਆਲਾ ਦਰਬਾਰੀ ਵੀਣਾ/ਸੁਰਬ੍ਹਾਰ/ਸਿਤਾਰਨਿਵਾਜ਼ ਮਾਨਯੋਗ ਰਬਾਬੀ ਹਨ। ਉਨ੍ਹਾਂ ਨਾਲ ਨਵਾ ਵਿਹਾਰ ਖਾਂ ਸਾਹਿਬ ਦੇ ਸਾਕ ਸਮਧਿਆਂ ਦਾ ਪਹਿਲਾਂ ਮਸਲਤ ਕਰਕੇ ਸਾਰੇ ਇਕ ਮੁੱਠ ਹੋਕੇ ਵਰਤਨਾ ਚਾਹੀਦਾ ਹੈ ॥ ਓਹ, ਤੇ ਕੁਛਕਾਂਦੇ ਨੁਮਾਇਦੇ ਪਟਿਆਲੇ ਨਿਜਤ ਦਿਨ ਆਏ, ਤੇ ਰਬਾਬੀਆਂ ਦਾ ਮਸ਼ਵਰਾ ਇਕਠ ਹੋਇਆ, ਜਿਸ ਵਿੱਚ ਜਰਨੈਲ ਸਾਹਿਬ ਵੀ ਹੋਇ॥ ਇਕਠ 'ਚ ਫੈਸਲਾ ਹੋਇਆ, ਕਿ ਖਾਨਾਂ ਦੇ ਵਿਆਹ ਵਿੱਚ ਕੋਈ ਗੁਰੁਸਿਖ ਰਬਾਬੀ ਸ਼ਾਮਲ ਨਹੀ ਹੋਵੇਗਾ ॥ ਓਤੇ ਜਰਨੈਲ ਸਾਹਿਬ ਨੇ ਨਾਲ ਦੀ ਨਾਲ 30-40 ਸਾਲਾਂ 'ਚ ਦੋ ਬੜੇ ਮਕਾਨ ਪਾਏ ਸਭ ਵਿੱਚੋਂ ਅਮੀਰ ਹਿੰਦੁਸਤਾਨ, ਨੇਪਾਲ ਨਵਾਬਾਂ, ਮਹਾਰਾਜੇਆਂ ਪਾਸ ਫਿਰਣ ਕਾਰਣ ਸਾਰੇ ਰਬਾਬੀ ਪ੍ਰਲੋਭਿਤ ਹੋਏ; ਕੇਹਾ: 'ਜਦ ਧੇਤੇ ਪਤੇਤੇਆ ਨੂੰ ਮੈ ਰੋਟੀ ਦੇਆਂਗਾ, ਸਾਰੇ ਰਬਾਬੀਆਂ ਨੂੰ ਚਾਂਦੀ

26. ਪੁਨ੍ਹੈ ੳ.ਪੰ.287:'4॥ ਅ.ਭਾ.ਗੁ.ਵਾਰ:1।24-1॥ ੲ. ਸ਼੍ਰੀਗੁਗ੍ਰੰਜੀ.ਪੰ.1080:19। ਸ.ਪੰ.930:10। ਹ.ਪੰ.930:2.;1.ਪੰ.930:1-2; 2,ਪੰ.897:1;3. ਪੰ.250:8; 4.ਪੰਨ.885:2,929:19-, 1061:16,1310:11....। ਕ.10. ਦਗੁਗ੍ਰੰਜੀ ਜਾਪੁ:128। ਖ.ਸ਼੍ਰੀਗੁਗ੍ਰੰਜੀ. ਪੰ.287:17 । ਗ. ਪੰ.276:18। ਘ.ਪੰ.470:7 ॥ਆਦਿ ॥

Sri Satguru Jagjit Singh Ji eLibrary NamdhariElibrary@gmail.com

11. ਨਿਰਮਲ ਪੰਡਿਤ ਦੇਵਾ ਸਿੰਘ, ਜਪੁ ਪ੍ਰਦੀਪਕਾ ਆਦੀ ਫੁਟਕਲ ਬਾਣੀ ਦੀ ਟੀਕਾ ਤੇ ਅੱਨ ਸ਼ਬਦਾਂ ਦੇ ਪ੍ਰਯਾਯ
12. ਨਿਰਮਲ ਮਹੰਤ ਠੀਕਰੀਵਾਲ, ਰਾਜਗੁਰੁ ਦਰਬਾਰ ਪਟਿਆਲਾ (1868-93-1941) ਟੀਕਾਵਾਂ ਸ਼੍ਰੀਤ ਆਦਿ ਤੇ 10 ਗ੍ਰੰਥ ਲਿਖਤੀ ਸੰਪੂਰਣ
13. ਨਿਰਮਲ ਸੰਤ ਕਵੀ ਹਰਿਭਜਨ ਸਿੰਘ ਸਰਲ ਸੰਬੋਧਨੀ ਜਪੁ ਟੀਕਾ
14. ਨਿਰਮਲ ਪੰਡਿਤ ਗੁਰਦਿੱਤ ਸਿੰਘ, ਜਪੁ ਪਦਾਰਥ ਸੁਬੋਧਨੀ ਟੀਕਾ(ਪ.2070)
15. ਨਿਰਮਲ ਮਹੰਤ ਗਣੇਸ਼ਾ ਸਿੰਘ ਗਿਰਵੜੀ, ਹੋਸ਼ਯਾਰਪੁਰ,ਪੰਜ ਗ੍ਰੰਥੀ ਸਟੀਕ;ਸਲੋਕ ਸਹਸਕ੍ਰਿਤੀ,ਸੁਖਮਨੀ ਮਣੀਪਭਾਦਿ ਟੀਕਾ,ਭਾਰਤਮਤ ਦਰਪਣ
16. ਨਿਰਮਲ ਸੰਤ ਸੰਪੂਰਣ ਸਿੰਘ : ਸੰਸਕ੍ਰਿਤ ਮਰਮ ਬੋਧਨੀ ਜਪੁ ਟੀਕਾ, ਤੇ ਭਾਈ ਗੁਰਦਾਸ ਛੰਦ ਟੀਕਾ ਆਦਿ॥
17. ਉਦਾਸੀ ਸਾਧੂ ਹਰਿਪ੍ਰਸਾਦ, ਜਪ ਸੰਹਿਤਾ:ਗੁਰਮੁਖੀ-ਹਿੰਦੀ:ਵੇਦਾਦਿ ਪ੍ਰਮਾਣਾ ਨਾਲ, ਵੈਦਿਕ ਮੁਨੀ ਬੰਬੇ:ਪ੍ਰੈਸ ਲਾਹੌਰ(1+2 ਵਨੂੰਤਿ ਸੰਃ1990/ 1933)
18. ਨਿਰਮਲ ਪੰਡਿਤ ਨਰੈਣ ਸਿੰਘ, ਡੇਰਾ ਮੁਝੰਗ, ਲਹੌਰ, ਆਦਿ-ਦਸਮ ਦੋਨੋਆਂ ਦੇ ਟੀਕੇ ਤੇ ਪੰਜ-ਦਸ ਗ੍ਰੰਥੀਆ, ਗੁਰੁਭਗਤ ਮਾਲ ਆਦਿ
19. ਨਿਰਮਲ ਸੰਤ ਨਿਰੰਕਾਰ ਸਿੰਘ, ਜਪੁਜੀ ਸਾਹਿਬ ਸਟੀਕ, ਗਉੜੀ ਬਾਵਨ ਅਖਰੀ ਮਃ5, ਜੈਤਸਿਰੀ ਦੀ ਵਾਰ ਆਦਿ
20. **निर्मल मुनी अर्जुन सिंह, श्री गुरु ग्रन्थ साहिब, प्रेम सबोधनी टीका-दिन रेण प्रयन्त: भाग २ 'च (हिन्दी)**
21. ਨਿਰਮਲ ਸ੍ਵਾਮੀ, ਪ੍ਰਵਚਨ ਜਪੁਜੀ ਸਾਹਿਬ,
22. ਨਿਰਮਲ ਸੰਤ ਰਾਮਬਸੰਤ ਸਿੰਘ(1891-1961)ਰਾਜਗੁਰੁ ਪਟਿਆਲਾ ਤੇ ਲੇਖਕ ਮਿਸ਼੍ਰ, ਸ਼੍ਰੀ ਜਪੁ ਨੀਸਾਣ:ਗੁਰਮੁਖੀ:ਬੇਦ-ਕਤੇਬ ਪ੍ਰਮਾਣ ਭਾਸ਼ਜ
23. ਨਿਰਮਲ ਅੰਮ੍ਰਿਤਸਰ ਟਕਸਾਲ ਭਾਈ ਅਮੀਰ ਸਿੰਘ ਦੇ ਫੁਟਕਲ ਗੁਰਬਾਣੀ, ਆਸਾ ਦੀ ਵਾਰ ਆਦਿ ਗ੍ਰੰਥੀਆਂ ਦੇ ਟੀਕੇ
24. ਨਿਰਮਲ ਅੰਮ੍ਰਿਤਸਰ ਟਕਸਾਲ ਭਾਈ ਅਮੀਰ ਸਿੰਘ ਚੇਲੇ ਸੰਤ ਕਰਤਾਰ ਸਿੰਘ ਦਾ 10 ਭਾਗ ਸੰਪੂਰਣ ਟੀਕਾ ;
25. ਭਾਈ ਵੀਰ ਸਿੰਘ(1872-1957), ਸੰਥਿਆ ਸ਼੍ਰੀਗੁਰੂਗ੍ਰੰਥ 7 ਭਾਗ ਅਧੂਰਾਦਿ ਚਾਟੜੇ ਉਪਟਕਸਾਲ ਅੰਮ੍ਰਿਤਸਰ। ਪੰਚ ਖਾਲਸਾ ਦੀਵਾਨਾਦਿ

ਸੁਤੰਤ੍ਰ ਗੁਰਮੁਖੀ ਦੇ ਗੁਰੁਬਾਣੀ ਦੇ ਲਿਖਾਰੀ:-

26. ਸ਼੍ਰੀ ਜਪੁ ਨੀਸਾਣੁ, ਟੀਕਾ ਪਟਿਆਲਾ ਰਈਸ ਗੁਰਮੁਖ ਸਿੰਘ ਗਰੇਵਾਲ ਵਜ਼ੀਰ ਬੜਾ ਗ੍ਰੰਥ
27. ਸ਼੍ਰੀ ਜਪੁ ਨੀਸਾਣੁ , ਟੀਕਾ ਸੰਤ ਸੰਗਤ ਸਿੰਘ
28. ਜਪੁਜੀ ਸਟੀਕ, ਭਾਈ ਜੋਧ ਸਿੰਘ,ਸਾਬਕ ਵੀ.ਸੀ., ਪੰਜਾਬੀ ਯੂਨੀਵਰਸਿਟੀ, ਪਟਿਆਲਾ
29. ਜਪ ਟੀਕਾ: ਪ੍ਰੋਫੈਸਰ ਸਾਹਿਬ ਸਿੰਘ(ਸੰਨ.1955-ਕਈ ਛਾਪ)ਤੇ"ਸ਼੍ਰੀ ਗੁਰੁ ਗ੍ਰੰਥ ਸਾਹਿਬ ਦਰਪਣ, ਪੂਰਾ ਟੀਕਾ 10 ਕਾਰ

Sri Satguru Jagjit Singh Ji eLibrary NamdhariElibrary@gmail.com

ਐਸਾ ਸ਼੍ਰੀਗੁਰੂ ਇਤਿਹਾਸ ਪ੍ਰਤਿਸ਼ਠਾ ਕਾਰਣ ਉੱਤਰ ਭਾਰਤ(ਪਾਕਿਸਤਾਨ) 'ਚ ਗੁਰੁਸਿੱਖ ਧਰਮੀ ਰਬਾਬੀ ਕੀਰਤਨੀ ਸੰਗੀਤਕਾਰ ਖਾਨ ਸਾਹਿਬ, ਪੰਡਿਤ, ਹੋਰ ਸੰਗੀਤਕਾਰਾਂ ਮੁਕਾਬਲੇ 'ਚ ਮਸ਼ਹੂਰ ਭਾਰਤ ਸੰਗੀਤ ਮੰਚ ਤੇ ਰਹੇ, ਅਤੇ ਹੁਣ ਵੀ ਪਾਕਿਸਤਾਨ ਤੋਂ ਪੰਜਾਹ-ਸਠ ਸਾਲਾਂ ਬਾਦ ਹਿੰਦੁਸਤਾਨ ਆਂਦੇ ਜਾਂਦੇ ਰਹਿੰਦੇ ਹਨ ॥ ਅਫਸੋਸ ਨਾਲ ਲਿਖਣਾ ਪੈਂਦਾ ਹੈ: ਪੰਦ੍ਰਵੀਂ-ਇਕੀਸਵੀਂ ਸਦੀਆਂ 'ਚ ਹਿੰਦੂ ਜਾਤਿ-ਪਾਤਿ, ਹਿੰਦੂ-ਸਿੱਖ ਨਾਤੇ ਰਿਸ਼ਤੇਆਂ ਦੇ ਜ਼ੋਰਾਂ ਕਾਰਣ, ਜਦ ਕੋਈ ਜਬਰਨ ਇੱਕ ਵਾਰ ਮੁਸਲਮਾਨ ਬਣ ਗਿਆ, ਫੇਰ ਹਿੰਦੂ ਤਾਂ ਕੀ: ਗੁਰੁਸਿਖ ਬਣਨ ਉਤੇ ਵੀ ਨਾਤਾ ਰਿਸ਼ਤਾ, ਵਿਵਹਾਰ ਘਟੀਆ ਦਰਜੇ ਦਾ ਜਾਤ-ਪਾਤ ਕਰਕੇ ਹੀ ਸਭ ਕਰਦੇ ਰਹੇ ॥

ਸੰਨ 1947-8 ਭਾਰਤ ਦ੍ਵੀਪ ਦੀ ਧਰਮ ਵੰਡ ਵੇਲੇ ਹਿੰਦੁਸਤਾਨ-ਪਾਕਿਸਤਾਨ 'ਚ ਗੁਰੁ ਸਿੱਖ ਰਬਾਬੀ ਕਿਸੇ ਪਾਸੇ ਦੇ ਨਾ ਰਹੇ:- ਨਾਂ ਓਨ੍ਹਾਂ ਨੂੰ ਸ਼ਰਈ ਮੁਸਲਮਾਨਾਂ ਮੰਨਿਆ, ਨਾਂ ਕਰਮ ਕਾਂਡੀ ਪੰਜ-ਕਕੇ ਭੇਖਧਾਰੀ ਸਿੰਘਾਂ-ਸਿੱਖਾਂ ਮੰਨਿਆ, ਕਿਉਂਕਿ ਸਿੰਘ ਸਭੀਏ ਤੇ ਅਕਾਲੀ ਅਸਲੋਂ ਗੁਰੂ ਧਰਮ ਅਗਿਆਨ ਕਾਰਣ ਸਦਾ ਡਾਵਾਂਡੋਲ ਵਿਵਸਥਾ ਸਹਿਜਧਾਰੀਆਂ[28] ਨਾਲ ਚਲੀ ਜਾ ਰਹੀ ਹੈ, ਤੇ ਹਿੰਦੂਆਂ ਨਾਲ ਕੇਵਲ ਸਾਂਝ ਨਾਤੇਆਂ ਦੀ, ਜਾਂ ਕੀਰਤਨ ਸਮੇਲਨਾਂ ਤਕ ਸੀਮਤ ਹੈ। ਓਨ੍ਹਾਂ ਦੀ ਅਗਿਆਨਤਾ ਕੀ ਹੈ? ਓਹ ਸਾਰੇ ਸ਼੍ਰੀਗੁਰੁਬਾਣੀ ੧ਓ ਦੇ ਤੱਤ ਨਹੀਂ ਜਾਣਦੇ, ਜੋ ਸ਼੍ਰੀ ਗੁਰੁਬਾਣੀ ਕਾਰਣ-ਕਾਰਜ ਵਾਹਿਗੁਰੂ ਦ੍ਰਿਸ਼ਟਾਂਤਾਂ ਰਾਹੀਂ ਬਾਰ ਬਾਰ ਉਪਦੇਸ ਹੈ, ਜਥਾ:- ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ[ਭ.35] ਇਸਦੇ ਤੱਤੋਂ ਅਣਜਾਣ ਗੁਰੁਸਿਖ, ਹਿੰਦੂ, ਮੁਸਲਮਾਨ ਦੂਜੇ ਭਾਉ ਸੱਚੋਸੱਚ ੧ਓ: ਏਕਤ੍ਵ ਵਾਚਕ ਪਰੋਕਸ਼ ਬ੍ਰਹਮ ਗਿਆਨ ਤੋਂ ਵਾਂਝੇ ਹਨ ਅਪਰੋਕਸ਼ ਬ੍ਰਹਮ ਗਿਆਨ ਦੂਰ ਰਿਹਾ, ਦੇਖੋ ਸ਼੍ਰੀਵਿਸ਼੍ਵਗੁਰੂ ਬਚਨ:-

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ॥ ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥ ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ॥ ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ॥ ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮੁ ਕਰਤਾਰੁ॥ ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆਕਾ ਆਕਾਰੁ॥ [ਅ.35]

ਇਹ ਸੋਖੀ ਗਲ ਓਨ੍ਹਾਂ ਦੀ ਸਮਝ 'ਚ ਨਹੀ ਆਂਦੀ: ਜੇ ਬ੍ਰਹਮ, ਰਾਮ, ਅੱਲਾ, ਵਾਹਿਗੁਰੂ ਦੀ ਹੋਂਦ(ਵਸਤੂ) ਦੇਸ਼, ਕਾਲ ਕਰਕੇ ਟੁਕੜੇ ਕਰਕੇ ਵੰਡਿਆ (ਭੇਦ,ਪ੍ਰਛੇਦ) ਜਾ ਸਕਦਾ ਹੈ--ਕੀ ਓਹ ਹੋਰ ਵਸਤੂਆਂ ਤਰ੍ਹਾਂ ਨਾਸ਼ਵਾਨ ਨਹੀਂ ਹੋਵੇਗਾ? ਕਿਉਂਕਿ, ਕੇਵਲ ਤਰਕ ਸਿੱਧ ਅਭੇਦ-ਅਛੇਦ: ਸੱਚਿਦਾਨੰਦ ਨਿੱਤ ਵਸਤੂ ਹੀ ਅਵਨਾਸ਼ੀ ਹੋਣੀ ਸੰਭਵਹੈ: ਹੋਰ ਕਦੇ ਵੀ ਨਹੀਂ, ਜਿਸ ਕਾਰਣ ਸ਼੍ਰੀਗੁਰੂਜੀ ਦਾ ਉਪਦੇਸ਼ ਹੈ:-

ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥ ਬ੍ਰਹਮ ਬੀਚਾਰੁ ਬੀਚਾਰੇ ਕੋਇ ॥
ਨਾਨਕ ਤਾਕੀ ਪਰਮ-ਗਤਿ ਹੋਇ॥ [ਅ.35]

ਇਸ ੧ਓ ਦੇ ਅਭੇਦ, ਅੱਛੇਦ 'ਤੱਤ' ਤਰਕ ਅਗਿਆਤ ਅੱਜ ਸਾਰਾ ਗੁਰੂਸਿਖ ਪੰਥ

28. ਮਹਾਨ ਕੋਸ਼: ਸਹਿਜਧਾਰੀ ਸ਼ਬਦ ਟੂਕ ਸਿੰਘ ਸਭਾ ਪ੍ਰਵਿਤਕ ਨਾਭਾ ਰਾਜਗੁਰੂ ਭਾਈ ਕ੍ਹਾਨ ਸਿੰਘ ਲਿਖਿਆ ਹੈ:-'ਸਹਜਧਾਰੀ...ਟਿੱਪਣੀ ਨਿਸ਼ਾਨ: ਪੰਜਾਬ ਅਤੇ ਸਿੰਧ ਵਿੱਚ ਸਹਜਧਾਰੀ ਬਹੁਤ ਗਿਨਤੀ ਦੇ ਹਨ. ਖਾਸ ਕਰਕੇ ਸਿੰਧ ਦੇ ਸਹਜਧਾਰੀ ਵਡੇ ਪ੍ਰੇਮੀ ਅਤੇ ਸ਼੍ਰੱਧਾਵਾਨ ਹਨ. ਜੋ ਸਿੰਘ,ਸਹਜਧਾਰੀਆਂ ਨੂੰ ਨਫਰਤ ਦੀ ਨਿਗਾਹ ਨਾਲ ਵੇਖਦੇ ਹਨ, ਉਹ ਸਿੱਖ ਧਰਮ ਤੋਂ ਅਵਾਣ ਹਨ॥

Sri Satguru Jagjit Singh Ji eLibrary NamdhariElibrary@gmail.com

ਹੈ ਰਹਿਆ ਹੈ ਜੋ ਅਸਲ ਤੱਤ ਹੈ, ਜਥਾ ਪ੍ਰਮਾਣ:- ਕਹੁ ਨਾਨਕ: ਹਮ ਤੁਮ ਗੁਰਿ ਖੋਈ ਹੈ: ਅੰਭੈ ਅੰਭੁ ਮਿਲੋਗਨੀ ॥ ਦ.28; ਅਤੇ, ਜਲ ਤਰੰਗ ਫੇਨ ਬੁਦਬੁਦਾ ਜਲਤੇ ਭਿੰਨ ਨ ਹੋਇ॥ ਸ.35;

ਇਹੀ '1' ਨੂੰ ਸਾਰੇ ਬੇਦ-ਕਤੇਬ ਸ਼ਾਸਤ੍ਰਾਂ ਦੇ ਧਰਮੀ ਮਨੁੱਖ ਇਕੋ ਕਾਰਣ-ਕਾਰਜ ਆਤਮ ਤੱਤ ਹੀ ਹਨ॥ ਆਮ ਲੋਗਾਂ ਨੂੰ ਇਹ ਇਕ 'ਤੱਤ'-- ਮਾਯਾ ਕ੍ਰਿਤ ਸ੍ਰਿਸ਼ਟੀ ਰੂਪ ਪੰਜ ਤੱਤ ਭਰਮ ਉਤਪੰਨ ਸ੍ਰਿਸ਼ਟੀ ਰੂਪ-ਨਾਮ ਪੰਜ ਭ੍ਰਮਾਂ ਵਖਰੇ ਵਖਰੇ ਦਿਖਣ ਕਾਰਣ ਪਸ਼ੂਆਂ (ਜਾਨਵਰਾਂ) ਤ੍ਰਯੰ ਨਿਤ ਸੱਚ ਨਹੀਂ ਸਮਝਣੇ ਚਾਹੀਦੇ, ਜਿਸ ਬਾਰੇ ਸ਼੍ਰੀ ਗੁਰੂ ਸੰਕੇਤ ਉਪਦੇਸ਼ ਹਦੈਤ ਹੈ:-

ਸਤਿ ਹੋਤਾ ਅਸਤਿ ਕਰਿ ਮਾਨਿਆ; ਜੋ ਬਿਨਸਤ ਸੋਨਿਹਚਲੁ ਜਾਨਥ ॥ ਪਰਕੀ ਕਉ ਅਪਨੀ ਕਰਿ ਪਕਰੀ, ਐਸੇ ਭੂਲ ਭੁਲਾਨਥ ॥3॥ ਖਤ੍ਰੀ ਬ੍ਰਾਹਮਣ ਸੂਦ ਵੈਸ, ਸਭ ਏਕੈ-ਨਾਮਿ ਤਰਾਨਥ ॥ ਗੁਰੁ-ਨਾਨਕੁ ਉਪਦੇਸੁ ਕਹਤੁਹੈ, ਜੋ ਸੁਨੈ, ਸੋ ਪਾਰਿ ਪਰਾਨਥ॥ ਹ. 29 ॥

ਇਹ ੧ਓ ਦੇ ਰਹਿਸ ਨਾ ਸਮਝਣ ਕਾਰਣ ਹੀ ਆਪਸ 'ਚ ਅਤੇ ਹੋਰ ਸਮਝਕੇ ਸਭ ਨਾਲ ਈਰਖਾ, ਦ੍ਵੇਸ਼, ਵੈਰ ਵਿਰੋਧ ਦੁਰਗੁਣਾਂ ਦੀ ਲੜੀ ਰੁਝੇ ਕਾਰਣ ਸਭ ਆਪਸ ਮਰੀਂ ਮਾਰੀਂ ਜਾਂਦੇ ਹਨ, ਐਥੇ ਤਕ ਜੂਝਣੇ ਤਕ ਨੌਬਤ ਪਹੁੰਚਾ ਦਿੰਦੇ ਹਨ ॥ ਐਸੀ ਵਿਵਸਥਾ ਵਿੱਚ ਬਿਚਾਰੇ ਗਰੀਬ ਅਕਾਲ ਪੁਰਖ ਦੀ ਭਗਤੀ ਬੰਦਗੀ ਸੂਫੀ (Mystic) ਗੁਰੂਸਿੱਖ ਰਬਾਬੀ 1947-8 ਦੋਨੋਂ ਪਾਸੇਓਂ ਹੀ ਜਾਂਦੇ ਰਹੇ॥ ਨਾ ਕਹਾਂਦੇ ਗਿਆਨੀ ਗੁਰੂਸਿੱਖਾਂ ਨੇ, ਨਾ ਸ਼ਰਾਈ ਮੁਸਲਮਾਨਾਂ ਨੇ ਸੰਨ 1947-48 'ਚ ਅਪਨਾਏ, ਬਲਕਿ ਓਨ੍ਹਾਂ ਨੇ ਇਤਿਹਾਸਿਕ ਸ਼੍ਰੀਵਿਸ਼੍ਵਗੁਰੂ ਜੀ ਦੇ ਦਸੋ ਜਾਮੇ ਆਂ ਬਖਸ਼ਿਸ਼ਾਂ ਦੀ ਅਵਹੇਲਨਾ ਕੀਤੀ, ਪਰ ਕੁਛ ਨਹੀਂ ਸਮਝੇ! ਇਸਤੋਂ ਵਧ ਗੁਰੂਬਾਣੀ ਅਨਪੜ੍ਹ ਧਰਮ ਆਗੂਆਂ ਨੂੰ ਕੀ ਕਹੇ ?

ਆਧਾਰਿਕ ਟੀਕਾ ਸੰਗ੍ਰਹ ਦੇ ਕਾਰਣ

ਪਹਿਲਾਂ ਇਹ ਕਾਰਜ ਪ੍ਰਾਰੰਭ ਵੇਲ਼ੇ ਟੀਕੇਆਂ ਸੰਬੰਧੀ ਬੁਹਤ ਅਲੋਚਨਾਤਮਕ ਵਿਚਾਰ ਉਠੇ ॥ ਇਨ੍ਹਾਂ ਦਸ ਟੀਕੇਆਂ ਦਾ ਦ੍ਰਿਸ਼ਟਾਂਤ:-

1. ਬ੍ਹਾਵਾ ਮਿਹਰਬਾਨ 'ਮੀਣੇ' ਟੀਕਾ ਨੌ ਰਤਨ ਅਲੰਕਾਰ ਦਾ ਧਾਤੂ ਸਮਝੋ, ਤੇ ;

2. ਨੌਂ ਗੁਰੁ ਸ਼ਿਖਾਂ ਦੇ ਟੀਕੇ "ਨੌ ਰਤਨ" ਸਮਝੋ ॥

3. ਸੰਪੂਰਣ ਅਲੰਕਾਰ ਦਸ ਟੀਕੇ ਇੱਪਣੀਆਂ ਸਮੇਤ ਸੰਪੂਰਣ ਗ੍ਰੰਥ ਤਿਆਰ ਅਲੌਕਿਕ ਪੂਰਾ ਦਿਵਜ ਗਹਿਣਾ ਪਹਿਨਣ ਲਈ ਬਣਿਆ॥ ਐਸੇ ਕਈ ਭਾਸ਼ਜ, ਟੀਕੇ ਦੇਖਣ ਵਿੱਚ ਆਏ ਹਨ, ਲੇਖਕਾਂ ਦੇ ਸੁਭਾਉ ਅਨੁਸਾਰ ਸਹਿਜੇ ਸ਼੍ਰੀ ਜਪੁ ਨੀਸਾਣੁ ਗ੍ਰੰਥੀ ਦੇ ਅਰਥ ਵਿਕਸਦੇ ਆਪੇ ਮੰਤ੍ਵਜ ਪ੍ਰਕਾਸ਼ਿਤ ਹੁੰਦੇ, ਅੰਤਮ ਲਖਸ਼ ਉਤੇ ਬਿਨਾ ਜ਼ਿਆਦਾ ਪ੍ਰਯਤਨ ਕੀਤੇ ਪਹੁੰਚ ਜਾਈਦਾ ਹੈ।

ਦੂਜੇ ਪਾਸੇ ਐਸੇ ਵੀ ਕਈ ਭਾਸ਼ਜ, ਟੀਕੇ ਦੇਖਣ ਆਏ ਹਨ, ਕਿ ਓਹ ਬਿਲਕੁਲ ਅਧਿਆਤਮ ਵਿਦਿਆ ਸਿਧਾਂਤ ਅਗਿਆਤ ਅਰਥ ਟੀਕੇ ਹਨ ਜੋ ਕੇਵਲ ਲੋਕਾਂ 'ਚ ਫਾਟਕ ਵਾਦੀ ਨੀਤੀ ਗ੍ਰਸਤ ਦੂਜੇ ਭਾਉ/ਦ੍ਵੈਤ(ਭੇਦ ਵਾਦ ਸਿਧਾਂਤ) ਦੇ ਹਨ, ਕੇਵਲ ਆਪਣੇ ਮਨ

29. ਸ਼੍ਰੀਗੁਰੂਗ੍ਰੰਜੀ.ਓ.ਪੰ. 485:4;+ ਪੰਨੇ: 102:7;'343:12'; 657:14 ॥ ਅ.ਪੰ.900:6-7॥ ਏ.ਪੰ.465:17 ॥ਏ.ਪੰ.883:14॥ ਸ.ਪੰ.485:4 ॥ ਹ.ਪੰ. 900: 11-13॥ ਆਦਿ ॥

Sri Satguru Jagjit Singh Ji eLibrary NamdhariElibrary@gmail.com

ਨਿਰਧਾਰਤ ਰਹਸਾਂ ਨੂੰ ਵਿਤੰਡਾ(cavil), ਜਾਂ ਜਲਪ (controversial) ਹੰਕਾਰੀ ਤਰਕ ਬੁੱਧੀ ਬਲ(egotism) ਰਾਹੀਂ ਪ੍ਰਭਾਵ ਪਾਂਦੇ ਹਨ, ਜੋ ਵਿਧੀ ਰਹਿਤ ਅਪ੍ਰਸੰਗ ਸ਼ਾਸਤ੍ਰ ਛਲ(foolish) ਅਰਥ ਕੀਤੇ ਪ੍ਰਮਾਣ ਸਾਖੀ (witness) ਬਣਾ, ਪਰ ਅਸਲ ਅਧਿਆਤਮ ਤੱਤ੍ਰ (Theo-Phil-Mystic Essence) ਕਰਕੇ ਜਤਾਂਦੇ ਹਨ। ਇਸ ਤਰਾਂ ਕਲਪਿਤ(hypothetic) ਛਲ ਸਿੱਧਾਂਤ ਥਾਪਣ ਲਈ ਹੀ ਗ੍ਰੰਥ ਲਿਖੇ ਦੇਖੇ ਹਨ॥ ਅਸਲ ਸ਼੍ਰੀਗੁਰੁ ਸਿੱਧਾਂਤ ਥਾਪਣ ਲਈਂ ਨਹੀਂ ਲਿਖੇ ਪਰ ਆਪਣਾ ਛਲਮਤ, ਗੁਰੁਮਤ ਸੱਦਵਾ ਕੇ, ਪ੍ਰਵਿਰਤ ਕਰ, ਕੇਵਲ ਆਪਣੀ ਪ੍ਰਸਿਧੀ ਲਈ ਕਰਦੇ ਹਨ॥

ਅਫਸੋਸ ਨਾਲ ਲਿਖਣਾ ਪੈਂਦਾ ਹੈ; ਪਹਿਲਾਂ ਪ੍ਰਚਲਿਤ ਜੋ ਸ਼੍ਰੀਜਗਦਗੁਰੂ ਕਾਲ ਦੀ ਆਮ ਹਿੰਦੂ-ਸਿਖਾਂ 'ਚ ਭਾਰਤੀ ਵਿਦਿਆ ਸਿੱਖਣ-ਸਖਾਂਣ ਦੀ ਪ੍ਰਨਾਲੀ ਚਲੀ ਰੀਤ ਸੀ--ਵਿਸ਼ੇਸ ਕਰ ਗੁਰੁਗਮ ਟਕਸਾਲੀ ਵਿਦਿਆ ਪ੍ਰਮਾਣ, ਸੰਨ 1925-30 ਪਿਛੋਂ, ਬਿਨਾ ਉਸ ਦੀ ਪ੍ਰਵਿਰਤੀ, ਅੰਗ੍ਰੇਜ਼ ਰਾਜ ਵਿਦੇਸ਼ੀ ਯੋਰਪੀਅਨ ਨਵੀਂ ਉਤੇ ਥਾਪੀ ਸਿੱਖਣ-ਸਖੌਂਣ ਰੀਤ ਉਤੇ ਸਾਰੇ ਭਾਰਤੀ ਪ੍ਰਾਂਤੀ ਭਾਖਾਵਾਂ 'ਚ ਪ੍ਰਵਿਰਤੀ ਹੋਣੀ ਸ਼ੁਰੂ ਹੋਈ॥ ਸ੍ਵੇਰੇ ਰੋਜ਼ਾਨਾ ਪਾਠ ਪੂਜਾ ਦੀ ਥਾਂ ਅਖਬਾਰ ਪੜ੍ਹਨੇ ਤੋਂ ਲੈਕੇ ਵਿਸ਼ੇਸ਼ ਕਰ ਸਕੂਲਾਂ, ਕਾਲਿਜਾਂ 'ਚ ਅੰਗ੍ਰੇਜ਼ੀ ਕੇਂਦ੍ਰੀ ਰਾਜਕੀ ਵਿਦਿਆ ਵਿਭਾਗ (Euro-Centric British Central Govt. Education Department) ਜਾਰੀ ਵਿਦਿਆ ਰੀਤ ਕਰੀ:ਕਿ ਓਸੇ ਦੇ ਹੀ "ਮਾਨ ਪਤ੍ਰ" ਬਿਨਾ ਨੌਕਰੀ ਨਹੀਂ ਮਿਲਨ ਦੀ ਧਮਕੀ ਹੀ ਨਹੀਂ, ਉਸ ਮਾਨ ਪਤ੍ਰ ਯੋਗਤਾ ਦਿਖਾਏ ਬਿਨਾ ਨਹੀਂ ਮਿਲਨੀ। ਉਸ ਕਾਰਣ ਭਾਰਤੀਅ ਲੌਕਿਕ-ਧਰਮ ਵਿਦਿਆ ਰੁਚੀਆਂ(secular-religious knowledge) ਸੰਬੰਧ ਉਤੇ ਸੁਭਾਵਕ ਪ੍ਰਭਾਵ ਪਇਆ, ਜਿਸ ਕਾਰਣ ਕਰੀਬ ਪੰਜਾਹ-ਸੌ ਸਾਲਾਂ'ਚ ਸਾਰੇ ਭਾਰਤੀ ਆਪੋ ਆਪਣੇ ਧਰਮਾਂ ਅਧਾਰ ਮੂਲ ਦੇ ਸੀ ਭਾਖਾਵਾਂ ਤੋਂ ਅਣਜਾਣ ਹੁਦੇ ਗਏ॥

ਮਸਲਨ:-ਕਿਸੇ ਹਿੰਦੀ ਬੋਲੀ ਪ੍ਰਾਂਤੀ ਪੜ੍ਹੇਆਂ ਨੂੰ ਪੁੱਛੋ, 'ਬੁੱਧੀ(**ਬੁਦ੍ਧਿ**) ਸ਼ਬਦ ਵਿੱਚ ਦਦੇ ਦੇ ਪੈਰ ਵਿੱਚ ਧਧਾ ਕਿਉਂ ਲਿਖਦੇ ਹੋ?' ਆਮ ਜਨਤਾ ਪਾਸੇ ਰਹੀ--ਨਵੇਂ ਅੰਗ੍ਰੇਜ਼ੀ ਕਾਇਦੇ ਨਾਲ ਸੰਸਕ੍ਰਿਤ ਪੜ੍ਹੇ ਯੂਨਵਿਰਸਟੀ ਸਨਦ ਸ਼ਾਸਤਰੀ ਨਹੀਂ ਜਾਣਦੇ॥ ਓਨ੍ਹਾਂ ਨੇ ਕਦੀ ਮਹਾਮੁਨੀ ਪਾਣੀਨੀਯ ਅਸ਼ਟਾਧਿਆਈ ਸੂਤ੍ਰ, ਜਾਂ ਸਿਧਾਂਤ, ਪੂਰਣ, ਮੱਧ, ਜਾਂ ਲਘੂ ਕੌਮਦੀ ਗ੍ਰੰਥ ਦੇਖੇ ਨਹੀਂ, ਕਿ ਅਸਟਾਧਯਾਯੀ ਸੂਤ੍ਰ ਵਿਧਾਨ "**ਝਲਾਂ ਝਸੋਅੰਤੇ**" (**झला झशोऽन्ते** 8/2/39) ਉਚਾਰਣ ਵਿਧਾਨਿਤ ਹੈ ॥ ਬਿਚਾਰੇ ਨਵੇਂ ਸਿੱਖਾਂ ਨੂੰ 'ਰੂੜੀ ਗੁਰੂਬਾਣੀ ਸੰਧੀ ਸ਼ਬਦ' ਆਧਾਰ 'ਸੰਦਿਗਦ ਸ਼ਬਦ','ਪਦ ਛੇਦ" ਗਿਆਨ ਕੀ ਜਾਣਨੇ ਸਨ- ਤਾਂ ਸ਼ਬਦ ਅਰਥਾਂ ਦੀ ਗੱਲ ਬਾਰੇ ਕੀ ਕਹੀਏ? ਓਹ ਇਹੀ ਨਹੀਂ ਜਾਣਦੇ "ਨਨਾ" ਅੱਖਰ ਹਿੰਦੀ 'ਚ ਕਈ ਅਰਥੀ ਹੈ,1.'ਅਪਣੇ ਲਈ',2. 'ਨਿਖੇਦ' ਅਰਥੀ, ਤੇ 3. ਬਹੁ ਅਰਥੀ॥

ਮੂਲ ਗ੍ਰੰਥ ਸਦਾ ਕਰਤਾ ਦੇ ਸੁਤੰਤ੍ਰ ਬਣੇ ਹੁੰਦੇ ਹਨ ਪਰ, ਐਸੇ ਓਨ੍ਹਾਂ ਗ੍ਰੰਥਾਂ ਦੇ ਅਰਥ ਕਰਤਾ ਦੀ ਵਿਵਸਥਾ ਨਹੀਂ ਹੁੰਦੀ॥ ਓਨ੍ਹਾਂ ਲਈਂ ਮੂਲ ਆਧਾਰ (ਧਰਮ) ਗ੍ਰੰਥ ਸਿਧਾਂਤ ਤੱਤ, ਰੂਪਕ ਆਦਿ ਪੱਖ ਵਿਚਾਰਧਾਰਾਵਾਂ ਪ੍ਰੱਤਖ ਪ੍ਰਤਿਪਾਦਨ ਕਰਣੇ ਹੁੰਦੇ ਹਨ॥ ਮੂਲ ਗ੍ਰੰਥ ਉਤਾਰੇ ਵੀ ਕਈ ਤਰ੍ਹਾਂ ਦੇ ਹਨ:1.ਤਤ ਸਮ, 2.ਤਤ ਸਮ ਅਨੁਵਾਦ, 3.ਸੁਤੰਤ੍ਰ ਅਨੁਵਾਦ, 4.ਹੋਰ ਭਾਖਾਵਾਂ 'ਚ ਤਿਨੋਂ ਰੂਪਾਂ 'ਚ ਹੋਰ ਭਾਖਾਂਵਾਂ ਵਿੱਚ ਵੀ "ਤਤ ਸਮ" (Transliteration) ਰੂਪ'ਚ ਉਲਥੇ (Translation) ਹੁੰਦੇ ਹਨ॥

Sri Satguru Jagjit Singh Ji eLibrary NamdhariElibrary@gmail.com

ਪਰ ਯਾਦ ਰਹੇ: ਉਲਥੇ ਦੇਸੀ ਜਾਂ ਵਿਦੇਸੀ ਬੋਲੀਆਂ ਵਿੱਚ ਸਾਹਿਤਕ ਸੰਸਕਾਰਾਂ ਦੇ ਫਰਕ ਕਾਰਣ ਕਈ ਭਾਵ ਠੀਕ ਬਿਆਨ ਨਹੀਂ ਹੁੰਦੇ॥ ਉਸੇ 'ਚ, ਜਾਂ ਹੋਰ ਬੋਲੀਆਂ 'ਚ ਪਰਿਭਾਸ਼ਿਕ ਪ੍ਰਨਾਲੀ ਭਾਸ਼ਜ-ਟੀਕੇ ਕੀਤੇ ਟੀਕਾਕਾਰਾਂ ਦੇ ਮਨਾਂ 'ਚ ਗੁਪਤ ਕਈ ਵਿਚਾਰ ਗੁਪ੍ਤ ਰਹਿੰਦੇ ਵੀ ਕੂਟ/ਪਹੇਲੀ ਰੂਪ ਲਿਖੇ ਰਹਿੰਦੇ ਹਨ। ਐਸੇ ਕਿਤੇ ਕਿਤੇ ਵਿਚਾਰ ਵਿਆਕਤ੍ਰਿੱਤ ਵਿਆਖਿਆ ਰੂਪ 'ਚ ਚਮਕ ਵੀ ਉਠਦੇ ਹਨ ਪਰ, ਆਮ ਤੌਰ ਤੇ ਸ੍ਵਤੰਤ੍ਰ, ਅਨੁਭਵੀ ਉਡਾਰੀਆਂ ਪਾਬੰਦ ਹੀ ਰਹਿੰਦੀਆਂ ਹਨ॥ ਅਰਥ ਕਰਤਾ ਅਰਥ ਸੁਚੇਤ ਵਿਦਵਾਨ ਆਪਣੀ ਦ੍ਰਿੜ੍ਹ ਨਿਸ਼ਠਾ ਕਾਰਣ ਫੇਰ ਵੀ ਅਨੇਕ ਦਾਰਸ਼ਨਿਕ ਸਿਧਾਂਤ ਅਤੇ ਸਾਹਿਤਕ ਭਾਸ਼ਾ, ਛੰਦ, ਸੰਗੀਤ ਪੱਖ ਆਦਿਆਂ ਨੂੰ ਬਹੁਤ ਮੇਹਨਤ, ਤੇ ਵਿਦ੍ਵਤਾ ਨਾਲ ਥਾਪਦੇ ਹਨ ॥ ਇਸ ਤਰ੍ਹਾਂ ਭਾਸ਼ਜ, ਟੀਕਾਦਿ ਕਰਤੇ ਭਿੰਨ ਭਿੰਨ ਸੁਭਾਵਾਂ ਕਾਰਣ ਨੌ-ਦਸ ਸ਼ਰੇਣੀਆਂ 'ਚ ਵੰਡੇ ਜਾ ਸਕਦੇ ਹਨ, ਮਸਲਨ:-

1. ਆਦਿ ਬੇਦ-ਕਤੇਬ ਮੂਲ ਪੁਰਾਣੇ ਸ਼ਾਸਤ੍ਰ(Canons) ਤੇ ਮੂਲ ਸ਼੍ਰੀਗੁਰੂ ਗ੍ਰੰਥ ਸਾਹਿਬ ਸ਼ਾਸਤ੍ਰ (Canon) ਗੁਰੁਗਮ ਸ਼ਰੇਣੀ

2. ਪੁਰਾਣੇ ਬੇਦ-ਕਤੇਬ ਮੂਲ ਸ਼ਾਸਤ੍ਰ ਤੇ ਸ਼੍ਰੀਗੁਰੂ ਗ੍ਰੰਥ ਸ਼ਾਸਤ੍ਰ ਦੂਜੇ ਭਾਉ ਅਗਿਆਨੀ ਆਮ ਅਰਥ ਸ਼ਰੇਣੀਆਂ॥

3.1. ਪਹਿਲੀ ਸ਼ਰੇਣੀ: ਨਾ ਪਰਿਭਾਸ਼ਾ ਨਾ ਗੁਰੂਗਮ ਅਰਥ, ਵੈਸ਼ਣਵਾਂ ਤਰ੍ਹਾ ਬਾਵਾ ਮਿਹਰਬਾਨ 'ਮੀਣਾ' ਜਨਮ ਸੁਭਾਵੀ 'ਦੂਜੇ ਭਾਉ' ਦਾ ਹੈ ॥

4.2. ਦੂਜੇ: ਧਰਮ ਗ੍ਰੰਥ ਅਰਥ ਸ਼ੇਣੀ: ਸਮੁਚੈ ਸਮਸ਼ਠੀ(integral) ਰੂਪਕ ਤੇ ਭਾਵਾਰਥ ਸਾਹਿਤ ਪੱਖ ਸ਼ੈਲੀ ।

5.3. ਤੀਜੇ, ਪ੍ਰਚਲਿਤ ਧਰਮ: ਪੌਰਾਣਿਕ,ਇਤਿਹਾਸਿਕ ਉਦਾਸੀ ਸਾਧੂ ਆਨੰਦਘਨ ਦੀ ਕਥਾ ਵਿਚਾਰ ਪੱਖ ਸ਼ੈਲੀ ।

6.4. ਚੌਥੇ, ਨਿਰਮਲੇ ਗਿਆਨੀ ਭਾਈ ਸੰਤੋਖ ਸਿੰਘ ਦੇ ਵੇਦ ਪੁਰਾਣ ਮਿਸ਼੍ਰ ਦਰਸ਼ਨ ਸਾਹਿਤਕ ਸ਼ੈਲੀ ।

7.5. ਪੰਜਵੇਂ, ਨਿਰਮਲੇ ਨੈਬ ਸ਼੍ਰੀਮਹੰਤ(ਪੰ)ਤਾਰਾ ਸਿੰਘ ਨਰੋਤਮ ਗੁਰੁਗਮ ਵਿਦ੍ਵਾਨਾਂ ਦੀ ਨਿਰੋਲ ਖਟ-ਦਰਸ਼ਨਾ ਨਿਗਮ-ਆਗਮ ਆਧਾਰ ਸ਼ੈਲੀ।

8.6. ਛਟੇ,ਨਿਰਮਲ ਪੰਡਿਤ ਸਾਧੂ ਸਿੰਘ ਦੀ ਦੋਨੋਂ ਸਿਮ੍ਰਿਤੀ-ਵੇਦਾਂਤਕ ਦਿਗਵਿਜੈ ਸ਼ੈਲੀ ।

8.7. ਸਤਵੇਂ,ਫਰੀਦਕੋਟ ਟੀਕਾਕਾਰ ਨਿਰਮਲ ਗਿਆਨੀ ਬਦਨ ਸਿੰਘ ਗੁਰੁਗਮ ਸੰਪ੍ਰਦਾਯ ਸਿਮ੍ਰਿਤੀ-ਵੇਦਾਂਤਕ ਸਾਧਾਰਣ ਸ਼ੈਲੀ

9,8. ਅੱਠਵੀ,ਉਦਾਸੀਨ ਹਰਿਪ੍ਰਸਾਦ ਵੈਦਿਕ-ਮੁਨੀ ਪੁਰਾਣੀ ਵੇਦ ਸੰਘਿਤਾ ਭਾਖਾ ਪ੍ਰਸਿੱਧ ਸੰਨਿਆਸੀ ਸੰਕਰਾਚਾਰ ਵੇਦਾਂ ਤੋਂ ਅੱਡ, ਅਤੇ ;

10.9, ਭਾਈ ਵੀਰ ਸਿੰਘ ਪ੍ਰਸਿੱਧ ਸੰਨਿਆਸੀ ਸੰਕਰ (ਆਚਾਰ) ਵੇਦਾਂਤ ਹਿੰਦੂਆਂ (ਆਰਯਸਮਾਜ) ਤੋਂ ਅੱਡ ਰਹਿਨ ਦਾ ਪ੍ਰਯਤਨ ਰਖਿਆ ਹੈ॥

ਇਨ੍ਹਾਂ ਭਾਵਨਾਵਾਂ ਦੇ ਸਿੰਘਾਵਲੋਕਨ ਨਿਆਯ ਅਨੁਸਾਰ ਜੋੜ-ਤੋੜ ਪ੍ਰਗਟਾ ਕਰਣ ਤੇ ਤਤ ਗਿਆਨ ਦਾ ਪਤਾ ਚਲਦਾ ਹੈ, ਕੇਹੜੇ ਅਰਥ ਕਰਤਾ ਨੇ ਕਿਸ ਅਧਿਆਤਮ, ਵਿਵਹਾਰ, ਇਤਿਹਾਸ, ਦ੍ਵੈਤਾਭਗਤੀ: ਜਾਂ,ਵਿਵਰਤ, ਆਭਾਸ ਵਾਦ ਏਕਤ੍ਵ(ਅਦ੍ਵੈਤਭਗਤੀ ਨਿਸ਼ਠਾ) ਆਦਿ ਅਪਨਾਈ ਸੀ ।

Sri Satguru Jagjit Singh Ji eLibrary NamdhariElibrary@gmail.com

ਬਹੁਤ ਜ਼ਰੂਰੀ ਨੋਟ: ਧਿਆਨ ਰਹੇ, ਹਿੰਦੂ ਸਮਾਰਤ ਛੱਡ: ਵੈਸ਼ਣਵ, ਮੁਸਲਮਾਨ ਕਰਮ (ਸ਼ਰੀਅਤ), ਭਗਤੀ ਕਾਂਡੀਆਂ(ਤਰੀਕਤ) ਇਕ ਇਸ਼ਟ ਉਪਸਨਾ (Monotheist Godhead: ਪੌੜੀ ਹੱਦ ਹੈ ॥ ਓਨ੍ਹਾਂ ਨੂੰ ਵਿਆਪਕ (ਵਿਭੂ) ਬ੍ਰਹਮ (ੴ) ਗਿਆਨ ਨਹੀ ॥ ਦੂਜੇ ਪਾਸੇ, ਹਿੰਦੂ ਤਾਂਤ੍ਰਿਕ ਕਰਮ ਤੇ ਭਗਤੀ ਕਾਂਡੀ ਛੱਡਕੇ: ਗਿਆਨ ਕਾਂਡੀ, ਸੰਨਿਆਸੀ ਤੇ ਮੁਸਲਮਾਨ ਸੂਫੀ ਅਦ੍ਵੈਤ ਵਿਵਰਤ ਵਾਦ ਸਿਧਾਂਤ ਆਧਾਰਿਤ ਬ੍ਰਹਮ ਗਿਆਨ ਦੇ ਕ੍ਰਮ ਸਮੁਚੈ (Consecutive Integration), ਅੰਤ'ਚ ਅਸਥੂਲ ਕਰਮ (ਸਰੀਰ ਕੰਪੋਜ਼ੀਸ਼ਨ) ਤੇ ਸੂਖਮ ਭਗਤੀ (ਮਨ 'ਚ ਭੈ...) ਸਪ-ਰਸੀ ਭਰਮ (internal delusion) ਦ੍ਰਿਸ਼ਟਾਂਤ (analogy) ਰਾਹੀਂ ਸਿਰਫ ਰੱਸੀ ਗਿਆਨ ਰਹਿਣ ਪਿਛੋਂ, ਸੱਪ ਕ੍ਰਮ ਲੋਪ ਅਨੁਭਵ (ਗਿਆਨ) ਕਹਿੰਦੇ ਹਨ॥ ਐਸੇ ਦ੍ਰਿਸ਼ਟਾਂਤ ਰਾਹੀਂ ਬ੍ਰਹਮ ਗਿਆਨ ਪਾਣ ਪਿਛੋਂ ਅਸਥੂਲ ਸਰੀਰ (ਕਰਮ ਕਾਂਡ) ਅਤੇ ਸੂਖਮ ਸਰੀਰੀ ਮਾਨਸਿ ਕਰਮ (ਭਗਤੀ ਕਾਂਡ) ਦੋਨੋਂ ਹੀ ਯਕ-ਲਖਤ (Simultaniously) ਸੱਪ ਕ੍ਰਮ ਲੋਪ ਹੋਣ ਪਿਛੋਂ, ਦੋਨੋਂ ਅਸਥੂਲ ਤੇ ਸੂਖਮ ਕਰਮ ਤਰਕ ਸਿਧ ਕਰਕੇ ਉਸਦੀ ਹੋਂਦ ਰਹਿਣੀ ਨਹੀਂ ਮਨਦੇ॥ ਅੰਤ 'ਚ ਸ਼੍ਰੀਵਿਸ਼੍ਵਗੁਰੂ ਵਿਸ਼੍ਵਧਰਮ ਰਾਜ ਜੋਗ ਆਭਾਸ ਵਾਦ ਆਧਾਰ ੴ ਬ੍ਰਹਮ ਗਿਆਨ 'ਚ ਦੋਨੋ ਕ੍ਰਮ ਅਤੇ ਸਮ ਸਮੁਚੈ (Simultaneous Integrated) ਤ੍ਰਿਕਾਂਡ: ਕਰਮ, ਭਗਤੀ, ਗਿਆਨ ਦ੍ਰਿਸ਼ਟਾਂਤ ਮ੍ਰਿਗ-ਤਿਸ਼ਨਾ ਜਲ ਕ੍ਰਮ ਬੁਝਣ ਪਿਛੋਂ ਵੀ ਕ੍ਰਮ ਜਲ ਦਿਖਦਾ ਰਹਿੰਦਾ ਹੈ; ਫੋਟੋ ਲਿਤੀ ਜਾ ਸਕਦੀ ਹੈ; ਓਹ ਦ੍ਰਿਸ਼ ਅਧਿਆਸ (illusion) ਲੋਪ ਨਹੀਂ ਹੁੰਦਾ॥ ਏਸ ਦ੍ਰਿਸ਼ਟਾਂਤ ਕਾਰਣ ਵਿਵਿਹਾਰ 'ਚ ਬ੍ਰਹਮ ਗਿਆਨ ਪਿਛੋਂ ਅਸਥੂਲ ਸਰੀਰ ਕਰਮ ਕਾਂਡ, ਤੇ ਸੂਖਮ ਸਰੀਰ ਮਾਨਸਿਕ ਭਗਤੀ ਕਾਂਡੀ ਸੂਖਮ ਕਰਮ ਬਾਹਰ ਦਿਖਦੇ ਆਭਾਸਿਤ ਅਧਿਆਸ ਰਹਿਣ ਕਾਰਣ ਇਕ ਲਖਤ ਤਿੰਨੋ ਕਾਂਡਾਂ ਦਾ ਸਮ-ਸਮੁਚੈ ਸਮੰਨ੍ਹੈ ਤਰਕ ਸਿਧ ਵਰਤਾਓ ਆਂਦਾ ਹੈ॥ ਆਭਾਸ ਵਾਦ (appearance doctrine) ਅਨੁਸਾਰ ਜਦ ਚੌਥੇ ਤੁਰਿਯਾ ਪਦ ਪਹੁੰਚੇ ਬ੍ਰਹਮ ਗਿਆਨੀ ਉਸਤਾਦ: ਓ.ਅ.ਏ. ਆਦਿ ਪਾਠ ਪੜ੍ਹਾਂਦੇ ਹਨ, ਓਹ ਆਪਣੇ ਲਈਂ ਨਹੀਂ ਪੜ੍ਹਦੇ--ਪਰ ਕੇਵਲ ਪਹਿਲਾਂ ਛਾੜ੍ਹਾਂ ਨੂੰ ਸਮਝੌਣ, ਸਿਖਣ ਸਿਖੌਣ ਲਈ: ਕਰਮ, ਭਗਤੀ (ਆਰਤੀ), ਵਾਚਕ ਬ੍ਰਹਮ ਗਿਆਨ ਤਿਨੋਂ ਯਕ ਲਖਤ ਮਨ, ਬਾਣੀ ਕਰਮ ਕ੍ਰਿਯਾਵਾਂ ਰਾਹੀਂ ਵਿਚਾਰਣਾ ਸਿਖਾਂਦੇ ਹਨ (ਕੇਵਲ ਕਰਮ ਕਾਂਡ ਨਹੀਂ ਹੈ) ਬਲਕਿ ਗਿਆਨ ਕਾਂਡ ਵਿਚਾਰ ਮਨ, ਵਚ, ਬਾਣੀ ਤਿਨੋਂ ਕਰਮਾਂ ਥੀਂ ਉਪਦੇਸ਼ੇ ਹਨ:- ਮ:1:- ਸੁਣਿ ਪੰਡਿਤ ਕਰਮਾ ਕਾਰੀ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ[ੴ.36] ॥

ਇਸ ਤਰ੍ਹਾਂ ਇਹ ਦਸ ਟੀਕੇ ਸੰਗ੍ਰੈਹ ਦੇ ਗੁਰੁਗਮ (ਗਾਡੀ ਰਾਹ) ਵਿਚਾਰ ਦੇ ਲੀਹੇ ਉਤੇ ਚਲਣ ਨਾਲ ਧੁਰ ਨਿਸਾਨ ਨਿਸਕਰਸ਼ ਉਤੇ ਪਹੁੰਚਣ ਉਤੇ ਸਾਫ ਪਤਾ ਚਲਦਾ ਹੈ; ਸ਼੍ਰੀ ਵਿਸ਼੍ਵਗੁਰੂਜੀਦੀ ਪ੍ਰਥਾ ਤੋਂ ਵੱਖਰੀ ਰੀਤ ਉਤੇ ਬੇ-ਮੁਖ ਬਾਵਾ ਮਿਹਰਬਾਨ ਮੀਣਾ ਕੇਵਲ ਵੈਦਿਕ ਵੈਸ਼ਣਵ ਦ੍ਵੈਤ ਵਾਦ(ਦੂਜਾ ਭਾਉ) ਜੋ ਬਿਲਕੁਲ ਨਿਖੇਦਿਆ ਹੈ ਉਸੇ ਪੱਖ[ਅ.36] ਰੰਗ ਤੋਂ ਪ੍ਰਭਾਵਿਤ ਅਰਥ ਕੀਤੇ ਸਨ ਅਤੇ ਗੁਰਗਮ ਅਨੁਸਾਰ ਗਲਤ ਮਨਮੁਖੀ ਅਰਥ ਹਨ, ਜਿਸ ਕਾਰਣ ਸ਼੍ਰੀਗੁਰੁਬਾਣੀ[ੲ.36] ਤੇ ਭਾ. ਗੁਰੁਦਾਸ ਕੁੰਜੀ ਵਾਰ[ਸ.36] ਬਲਪੂਰਵਕ ਸਾਰੇ ਐਸੇ ਸੰਪ੍ਰਦਾਏ ਨਿਖੇਧੇ ਹਨ:-

ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ॥ ਪਾਰਬ੍ਰਹਮਕਾ ਕਰਹਿ ਵਖਿਆਣ ॥ ਜੋਗੀ ਜਤੀ ਬੈਸਨੋ ਰਾਮਦਾਸ॥ ਮਿਤਿ ਨਾਹੀ ਬ੍ਰਹਮ ਅਬਿਨਾਸ॥ [ੲ.29]

Sri Satguru Jagjit Singh Ji eLibrary NamdhariElibrary@gmail.com

ਜਿਸ ਕਾਰਣ ਜੀਵ ਮਾਤ੍ਰ ਦੇ ਐਸੇ ਸੰਪ੍ਰਦਾਈ ਧਰਮੀਆਂ ਨੂੰ ੧ਓ ਦੀ ਏਕਤ੍ਵ '1' ਸਿਧਾਂਤ ਸਿਖਿਆ ਸਿੱਖਣ ਲਈਂ ਇਉਂ ਉਪਦੇਸ਼ਿਆ ਹੈ:-

ਸੰਤਸਭਾ ਮਿਲਿ ਕਰਹੁ ਬਖਿਆਣ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ॥ ਬ੍ਰਹਮ ਬੀਚਾਰੁ, ਬੀਚਾਰੇ ਕੋਇ॥ ਨਾਨਕ ਤਾਕੀ ਪਰਮ-ਗਤਿ ਹੋਇ[ਹ.36]॥

ਜਾਣਨਾ ਜ਼ਰੂਰੀ ਹੈ: ਪੰਚਮ ਸ਼੍ਰੀ ਜਗਦਗੁਰੂ ਅਰਜੁਨ ਦੇਵ ਜੀ ਨੇ, ਤਿਨੋਂ ਬਾਵਾ ਮਿਹਰਬਾਨ, ਪਿਤਾ, ਪੁਤ੍ਰ ਨੂੰ ਓਨ੍ਹਾਂ ਦੇ ਵੈਰ ਭਾਵ ਕਾਰਨ ਬਿਲਕੁਲ ਨਹੀਂ ਤਿਆਗਿਆ, ਬਲਕਿ ਗੁਰੁਗਮ ਦੇ ਏਕਤ੍ਵ ਸਿੱਧਾਂਤ ਨਾ ਪ੍ਰਾਪਤ ਕਰਣ ਕਰਕੇ '1' ਤੱਤ੍ਵ ਨਾਂ ਜਾਣਨ ਕਾਰਣ ਹੀ ਭਾਈ ਗੁਰੁਦਾਸ ਕ੍ਰਿਤ ਵਾਰਾਂ 'ਚ ਵਾਰ ਗ੍ਰੰਥ ਦੀ (36:1-8)[ਵ.29] 'ਚ ਓਨ੍ਹਾਂ ਨੂੰ ਬੇ-ਮੁਖ ਹੀ ਨਹੀਂ ਬਲਕੇ ਸ਼੍ਰੀ ਜਗਦਗੁਰੂ ਪੁਤ੍ਰ, ਪੋਤਾ, ਪੜਪੋਤੇ ਹੁੰਦੇ ਵੀ ਸਾਰੇ ਨਿਗੁਰੇ ਹੋਣ ਕਾਰਣ ਨਿਖੇਧੇ ਸਨ ॥ ਓਨ੍ਹਾਂ ਨੇ ਨਾਂ ਗੁਰੁਗਮ ਪਰਥਾਇ, ਨਾ ਪਰਿਭਾਖਾ ਸਿਖੀ॥ ਓਹਨਾ ਬਿਨਾ ਜਾਣੇ ਕਚੇ ਇਤਿਹਾਸ ਵਿੱਚ ਕੱਚੇ ਸਿਧਾਂਤ ਦੀ ਬਾਣੀ ਰਚੀ ॥ ਐਥੇ ਤਕ ਆਪਣੀ ਕੱਚੀ ਰਚਨਾ ਬਤੌਰ ਛਲ ਕਰਕੇ ਪੱਕੀ ਗੁਰੁਬਾਣੀ ਜਤਾਂਦੇ ਰਹੇ॥ ਇਸ ਤਰ੍ਹਾਂ ਸੁਣਿਆ ਸਣਾਇਆ ਇਤਿਹਾਸ ਮਏ ਬਾਣੀ, ਬਿਨਾ ਸਹੀ ਪਰਿਭਾਖਾ, ਕੱਚੇ ਅਰਥ ਟੀਕੇ ਗ੍ਰੰਥ ਰਚਦੇ ਰਹੇ ॥

ਪੰਚਮ ਸ਼੍ਰੀ ਜਗਦਗੁਰੂ ਅਰਜੁਨ ਦੇਵ ਜੀ ਨੇ ਤਾਹੀਂ ਤਾਂ ਐਸੀ ਕਚੀ ਬਾਣੀ ਨੂੰ ਠਲਨ ਲਈ ਪੂਜ ਪੋਥੀ[ਕ.36] ਸ਼੍ਰੀਗ੍ਰੰਥ ਜੀ ਦਾ ਸ਼ਾਸਤ੍ਰੀਕਰਣ ਕਰਨ ਨਾਲ ਰਚੀ ਸਾਰੀ ਕੱਚੀ ਬਾਣੀ ਸਦਾ ਰੋਕਣ ਲਈਂ ਹੀ ਨਵੇਂ ਬਣੇ ਸ਼੍ਰੀ ਹਰਿਮੰਦਿਰ ਸਾਹਿਬ ਵਿੱਚ ਸਾਰੀ ਸੰਗਤ ਸਾਹਮਣੇ, ਕਰਮ ਕਾਂਡ ਰਾਹੀਂ ਨਹੀ-ਬਲਕਿ ਅਧਿਆਤਮ ਕਰਮ[ਖ.36] ਰਾਹੀਂ ਸ਼੍ਰੀ ਪੋਥੀ ਸਾਹਿਬ ਪ੍ਰਕਾਸ਼ ਕਰਕੇ ਸਦਾ ਲਈ ਕਚੀਆਂ ਬਾਣੀਆਂ ਠਲੀਆਂ ॥ ਉਸ ਮਹਾਨ ਕਾਰਜ ਪਿਛੋਂ ਨਾਲ ਦੀ ਨਾਲ ਭਾ.ਗੁਰਦਾਸ ਜੀ ਰਾਹੀਂ ਸਾਰੀਆਂ ਮੰਜੀਆਂ ਦੇ ਪ੍ਰਚਾਰਕਾਂ ਲਈ ਸੰਪੂਰਣ ਸ਼੍ਰੀ ਪੂਜਜ ਪੋਥੀ[ਗ.30] ਸਾਹਿਬ, ਪੱਕੀ ਗੁਰੁਬਾਣੀ ਦਾ ੧ਓ ਤੋਂ ਲੈਕੇ ਅੰਤ ਸ਼ਬਦ ਤਕ ਉਥਾਨਕਾ (ਸ਼੍ਰੀ ਗੁਰੂ ਗ੍ਰੰਥ) ਪੋਥੀ ਜੀ ਦੀ ਸਾਰੀ ਬਾਣੀ ਪਰਥਾਏ ਲਿਖਵਾ, ਗੁਰੁਗਮ ਟਕਸਾਲ ਸਹੀ ਅਰਥ ਪ੍ਰਨਾਲੀ ਥਾਪੀ॥ ਸਾਹਿਬਜ਼ਾਦਾ ਪ੍ਰਿਥੀ ਚੰਦ ਦਾ ਸੰਗਤ ਸਾਹਮਣੇ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਦੀਆਂ ਸ਼੍ਰੀ ਵਿਸ਼੍ਵਗੁਰੂਤਾ ਪ੍ਰਦਾਨ ਪੰਜ ਅਧਿਆਤਮ ਕਰਮ ਰਾਹੀਂ ਦਿਤੀਆਂ ਟਿੱਕੇ ਦੇ ਸਿਰੋਪਾਓ ਵਿੱਚੋਂ ਦੋ ਮਾਲਾ-ਪੋਥੀ ਦੀ ਚੋਰੀ ਦਾ ਹਾਦਸਾ ਸੰਗਤ ਸਾਹਮਣੇ ਮਹਾਨ ਅਕ੍ਰਿਤਘਣ ਕੁਕਰਮ ਕਾਰਣ ਚੌਥੇ ਸ਼੍ਰੀ ਜਗਦਗੁਰੂ ਜੀ ਨੇ ਆਪਣੇ ਬੜੇ ਕੁਪੁਤ ਸਾਹਿਬਜ਼ਾਦਾ ਪ੍ਰਿਥੀ ਚੰਦ ਨੂੰ ਮੀਣਾ ਕਹ ਭੰਡਿਆ, ਦਸ ਚੁਕੇ ਹਾਂ॥ ਪਰ ਮੀਣਾ ਸਾਹਿਬਜ਼ਾਦਾ ਪ੍ਰਿਥੀ ਚੰਦ ਆਪਣੇ ਪੁਤ੍ਰ ਬਾਵਾ ਮਿਹਰਬਾਨ (ਪੋਤਾ, ਬੱਚਾ ਹਰਿਜੀ) ਦੀਆਂ ਛੇਵੇਂ ਸ਼੍ਰੀ ਜਗਦਗੁਰੂ ਜੀ ਵਿਰੁਧ ਸ਼ੜਜੰਤ੍ਰ ਕਰਣੋ ਨਾ ਹਟੇ, ਬਾਵਜੂਦ ਭਾ. ਗੁਰੁਦਾਸ ਤੇ ਆਪਣੀ ਪਤਨੀ ਵੀ ਪੁਤ੍ਰ ਮੇਹਰਬਾਨ ਨੂੰ ਸਮਝਾਇਆ-ਡਰਾਇਆ ਕਿ ਛੇਵੇਂ ਸ੍ਰੀ ਗੁਰੂਜੀ ਨਾਲ ਵੈਰ ਛੱਡੋ, ਜੋ ਏਥੇ ਵਿਸਤਾਰ ਭੈ ਕਰਕੇ ਨਹੀਂ ਉਤਾਰੇ(ਭਾ ਸੰਤੋਖ ਸਿੰਘ ਗੁਰੁਪ੍ਰਤਾਪ ਸੂਰਜ ਤੋਂ), ਤੇ ਨਹੀ ਲਿਖੇ ॥ ਪਰ ਪ੍ਰਸੰਗ ਲੜੀ ਅਨੁਸਾਰ ਲਿਖਨਾ ਪੈਦਾ ਹੈ, ਕਿ ਗੁਰਗਮ ਅਣਜਾਣ ਦੋਨੋਂ ਬਾਪ ਪੁਤ, ਬਾਵਾ ਮਿਹਰਬਾਨ ਤੇ ਹਰਿਜੀ ਪ੍ਰਸਿੱਧ ਵੈਸ਼ਣਵ ਅਗਿਆਨੀਆਂ ਦੀਆਂ ਚਾਰ ਸਗੁਣ ਅਨਿੱਤ ਮੁਕਤੀਆਂ (ਸਚਖੰਡ? ਜੋ ਤਿਨ ਭੇਦ ਤੇ ਤਿਨ ਦੇਸ਼, ਕਾਲ, ਵਸਤੂ ਛੇਦਿਤ ਨਾਸ਼ਵਾਨ: ਵਿਸ਼ਣੂ ਲੋਕ, ਗੋ-ਲੋਕਾਦਿ ਨਿਵਾਸੀ) ਤੁਛ, ਗੌਣ(minor,secondary) ਉਲਟੇ ਸਿਧਾਂਤ ਜੋ ਸ਼੍ਰੀ ਗੁਰੂ

Sri Satguru Jagjit Singh Ji eLibrary NamdhariElibrary@gmail.com

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥ ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ[ੳ.37] ॥ ਕੋਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥ ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ-ਦਰਸਾਇਣਾ[ਅ.37] ॥

ਆਦਿ ਸ਼ਬਦਾਂ ਰਾਹੀ ਅਨਿਤ ਲੌਕਿਕ ਰਾਜਾਨੰਦ ਤਰ੍ਹਾਂ ਅਨਿਤ ਮੁਕਤੀਆਂ ਖੰਡਨ[.30] ਕਰ ਏਕਤ੍ਵ ਸਿਧਾਂਤ ਦ੍ਰਿੜਾਇਆ; ਜਥਾ:- ਇੰਦ੍ਰਪੁਰੀਮਹਿ ਸਰਪਰ ਮਰਣਾ ॥ ਬ੍ਰਹਮਪੁਰੀ ਨਿਹਚਲੁ ਨਹੀ ਰਹਣਾ ॥ ਸਿਵਪੁਰੀਕਾ ਹੋਇਗਾ ਕਾਲਾ ॥ ਤੈ ਗੁਣ ਮਾਇਆ ਬਿਨਸਿ ਬਿਤਾਲਾ[ਏ.37] ॥ ਤੇ ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ ਓਛੇ ਤਪ ਕਰਿ, ਬਾਹੁਰਿ ਐਬੋ ॥ [ਏ.37]

ਭਾਵਾਰਥ: ਸੰਸਾਰੀ ਰਾਜਾ ਤਰ੍ਹਾਂ ਅਨਿਤ ਤ੍ਰਿਗੁਣ ਮਾਯਾਵੀ, ਸਗੁਣ ਸਾਕਾਰ: ਇੰਦ੍ਰ, ਬ੍ਰਹਮ, ਸ਼ਿਵ, ਵਿਸ਼ਣੁ (ਅਵਤਾਰਾਂ ਦੇ) ਲੋਕ ਐਸ਼੍ਵਰਜ ਦੇ ਭੋਗ ਸਾਰੇ ਦੂਜਾ ਭਾਉ (ਭੇਦਵਾਦੀ) ਪ੍ਰਾਪਤ ਹੁੰਦੇ ਹਨ। ਸਾਕਾਰ ਸਗੁਣ ਚਾਰ ਮੁਕਤੀਆਂ ਨੂੰ ਓਹ ਅੰਤਮ ਮੁਕਤੀ ਪਦ ਸ਼ਾਸਤ੍ਰ ਗੌਣ ਕਹੇ: ਮੁੱਖ ਸਮਝ ਕੇ ਮੰਨਦੇ ਹਨ, ਜੋ ਸੰਖੇਪ ਨਾਲ ਇਹ ਹਨ:-

1. ਸਾਲੋਕ (ਦੂਰੋਂ ਦਰਸ਼ਨ), 2.ਸਮੀਪ (ਨਜ਼ਦੀਕੋਂ ਦਰਸ਼ਨ), 3.ਸਾਯੁਜਸ (ਦਰਬਾਰੀਆਂ ਤਰ੍ਹਾਂ ਨੇੜੇ ਦਰਸ਼ਨ) ਤੇ 4.ਸਾਰੂਪ(ਇਸ਼ਟ ਦੇਵ ਰੂਪ ਬਣਨਾ), ਚਾਰ ਮੁਕਤੀਆਂ ਦ੍ਵੈਤ ਵਾਦੀ ਭਗਤਾਂ ਨੂੰ ਉਪਾਸਨਾ, ਤਪ ਆਦਿਆਂ ਨਾਲ ਅਨਿਤ ਦੇਵ ਪੁਰੀਆਂ 'ਚ ਦਰਬਾਰਾਂ ਦੇ ਦਰਸ਼ਨ ਮੁਕਤੀਆਂ ਹੁੰਦੀਆਂ ਹਨ॥ ਐਸੇ ਤੁਛ ਅਨਿਤ ਦੂਜੇ ਭਾਉ ਮੋਖ (1'ਚ ਲੀਨ ਮੁਕਤੀ ਨਹੀਂ) ਬਾਰ ਬਾਰ[ਸ.37] ਅਨਿੱਤ ਆਨੰਦ ਹਨ ਖੰਡਨ ਹਨ, ਕਹਿਣ ਨੂੰ ਮੋਕਸ਼ ਹਨ ॥ ਓਨ੍ਹਾਂ ਦੀ ਅਸਲ ਗੁਰਮਤ ੧ਓ ਏਕਤ੍ਵ (ਅਦ੍ਵੈਤ) ਭਗਤ ਗਿਆਨੀ[ਹ.37] ਕਦੀ ਇਛਾ ਨਹੀਂ ਕਰਦੇ ਬਲਕਿ, ਪ੍ਰੱਤਖ ਨਿੱਤ ਆਨੰਦ ਮੁਕਤੀ ਸਿੱਧਾਂਤ ਦੇ ਇਛੁਕ ਸ਼੍ਰੀ ਵਿਸ਼੍ਵਗੁਰੂਜੀ ਦੀ ਇਹ ਸੀਖ ਪਾਣ ਦੀ ਖੋਜ 'ਚ ਲਗੇ ਰਹਿੰਦੇ ਹਨ, ਜਥਾ:-

ਗੁਰਕਿਰਪਾ ਜਿਹ ਨਰਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥ ਨਾਨਕ ਲੀਨ ਭਇਓ ਗੋਬਿੰਦ ਸਿਉ,ਜਿਉ,ਪਾਨੀ ਸੰਗਿ ਪਾਨੀ ॥[ਕ.37] ਤੇ, ਜਿਉ ਜਲਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥ ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭਕੈ ਸਦ ਕੁਰਬਾਨ ॥[ਖ.37]

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ ਆਪਿ ਕਰਤਾ,ਆਪਿ ਭੁਗਤਾ ॥[ਗ.37]

ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ ॥ ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ ॥ ਬਹੁਰਿ ਹਮ ਕਾਹੇ ਆਵਹਿਗੇ ॥ ਆਵਨ ਜਾਨਾ ਹੁਕਮੁ ਤਿਸੈਕਾ ਹੁਕਮੈ ਬੂਝਿ ਸਮਾਵਹਿਗੇ ॥[ਘ.37] ਅਵਸਥਾ ਜੀਵਨ, ਕੈਵਲਜ ਮੁਕਤ ਅਨੁਭਵ ਕਰਦੇ ਹਨ। ਸ਼੍ਰੀ ਗੁਰੂਪ੍ਰਮਾਣਾਂ ਅਨੁਸਾਰ ਪਾਰਬ੍ਰਹਮ (ਵਿਵਰਤ ਵਾਦੀ ਰੱਸੀ-ਸੱਪ ਦ੍ਰਿਸ਼ਟਾਂਤ, ਜਾਂ

---

30. ਪੁਨ੍ਹ.ਓ.ਪੰ.635:10 ॥ ਅ.ਯਜੁਰਵੇਦੀ ਕਠੋਪਨਿਸ਼ਦ:2।1।10-11:- **ਮ੍ਰਤ੍ਯੋਃਸ ਮ੍ਰਤ੍ਯਮਾਪ੍ਨੋਤਿ ਇਹ ਨਾਨੇਵ ਪਸ਼੍ਯਤਿ॥ ੧੦॥੧੧॥** ਏ.ਪੰ.867: 10 ।ਸ.ਭਾ.ਗੁਰਦਾਸ ਵਾਰ 36:1-"8-. । ਹ.ਪੰ.900:6। ਕ.ਪੰ.223:9 "ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ? । ਖ.ਪੰ.1226:3।ਗ.ਪੰ.. ਮ:5"ਪੋਥੀ ਪਰਮੇਸਰਕਾ ਥਾਨੁ । ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥1॥ ਰਹਾਉ॥"॥

Sri Satguru Jagjit Singh Ji eLibrary NamdhariElibrary@gmail.com

ਆਭਾਸ ਵਾਦ(mirage appearance doctrine) ਮ੍ਰਿਗਤ੍ਰਿਸ਼ਣਾ ਜਲ ਭਰਮ[ਬ.31] ਦ੍ਰਿਸ਼ਟਾਂਤਾਂ ਰਾਹੀਂ ਅਨਿਤ ਮਾਯਾਵੀ ਬ੍ਰਹਮਾ, ਮਹੇਸ, ਸਿਧ, ਮੁਨਿ, ਇੰਦ੍ਰ, ਆਦਿ ਅਧਿਜਾਸਾਂ(external illusions) ਸ਼ੁਧ ਮਨੀ (undeluded minds) ਜਾਣਦੇ ਹਨ। ਓਹ ਅਸਲ ਤ੍ਰਿਕਾਲਾਬਾਧ (Eternal in Tri-Time) ਅਧਿਜਸਤ (permeate noumenon within phenomenon) ਅਧਿਸ਼ਠਾਨ ਸ੍ਵਰੂਪ ਬ੍ਰਹਮ-ਗਿਆਨੀ ਕਾਰਣ-ਕਾਰਜ ਠਾਕੁਰ ਨੂੰ ਹੀ ਪਾਰਬ੍ਰਹਮ ਅਨੁਭਵ ਕਰਦੇ ਹਨ, ਜੋ ਨਿਰਵਾਣ ਅਵਸਥਾ, ਅੰਤਮ ਕੈਵਲਜ ਮੁਕਤੀ ਜੀਵਨ ਦਾ ਲਕਸ਼ ਨਿਰੰਕਾਰ-ਨਿਰਗੁਣ ੴ ਚ ਲੀਨਤਾ ਨਿਹਾਲ (ਕ੍ਰਿਤ ਕ੍ਰਿਤ) ਸ੍ਵਰੂਪ ਨਿੱਤਜਾਨੰਦ ਮੁਕਤ ਹੈ॥ ਸਚੋਸਚ ਇਹੀ ਵੇਦ ਅੰਤ ਸਿਧਾਂਤ ਤੱਤ ਅਸਮਝ ਦੂਜੇ ਭਾਉ (ਦ੍ਵੈਤ ਵਾਦੀ) ਵੈਸ਼ਣਵ, ਤਾਂਤ੍ਰਿਕ ਸ਼ੈਵ-ਸ਼ਾਕਤਕਾਂ ਦੀਆਂ ਪ੍ਰਸਿਧ ਆਮ ਰੀਤਾਂ ਸਭ ਤੋਂ ਪਹਿਲੇ ਸ਼੍ਰੀ ਜਪੁ ਨੀਸਾਣੁ ਟੀਕਾਕਾਰ ਬਾਵਾ ਮਿਹਰਬਾਨ ਨੂੰ ਵੀ ਅਸਲੀ ੴ ਗੁਰੂਮਤ ਸਿਧਾਂਤ ਦੀ ਸਮਝ ਨਾ ਹੋਣ ਕਾਰਣ ਭਾਈ ਗੁਰੁਦਾਸ ਜੀ ਨੇ ਵਿਸ਼ੇਸ਼ ਕਰਕੇ ਮੀਣੇਆਂ ਦੀ ਵਾਰ 36:1-11...ਰਚ ਕੇ ਬਹੁਤ ਜ਼ੋਰ ਨਾਲ ਸਾਰੇ ਮੀਣੇ ਭੰਡੇ ॥

ਇਸੇ ਤਰ੍ਹਾਂ ਪੱਛਮੀ ਮਜ਼ੂਬ(ਧਰਮ) ਕਤੇਬੀ ਏਕਤ੍ਵ ਹੀਬ੍ਰੂ ਸ਼ਬਦ ਯਾਹ੍ਵੇ[ੳ.31] ਅਰਥ ਅਸਮਝ ਕਾਰਣ ਦੂਜੇ ਭਾਉ ਜੱਮੇ ਸੁਭਾਵ ਅਗਿਆਨੀ ਭੌਤਿਕਵਾਦੀ (Materialists) ਮੂਸਾਈ ਦੀਨ(ਯਹੂਦੀ ਮਜ਼ੂਬ) ਅਧਾਰ ਇਸਾਈ ਮਜ਼ੂਬ ਅਤੇ ਇਸਲਾਮ ਦੀਨ ਤਿਨੋ 1. ਸ਼ਰੀਅਤ:ਕਰਮ ਕਾਂਡ (Law, Dogma, Rituals): ਬਿਨਾਂ ਅਗਲੀ ਤਿਨ ਸੀੜੀਆਂ:-2. ਤਰੀਕਤ (ਭਗਤੀ ਕਾਂਡ), 3. ਮਾਰਫਤ (ਗਿਆਨ ਕਾਂਡ: ਕਿਤਾਬਾਂ: ਕਬਾਲਾ/ਜ਼ੋਹਾਰ, ਤੇ ਸੂਫੀ ਤਸੱਸਫ ਸਿੱਖੇ; ਫੇਰ 4. ਹਕੀਕਤ: ਅਧਿਆਤਮ ਪ੍ਰੋਕਸ਼ ਗਿਆਨ (Mediate Systematic Mysticism's Divine Theory), ਪਿਛੋਂ ਕਰਣੀ(ਅਮਲੀ)ਰੂਪ ਅਧਿਆਤਮ ਅਪ੍ਰੋਕਸ਼ ਨਿੱਤ ਸਤਿ ਅਨੁਭਵ ਗਿਆਨ(*HQIQT*;Immediate Mystic True Divine Experience) ਬਿਨਾਂ ਦੂਈ (ਦੂਜੇ ਭਾਉ) ਏਕਤ੍ਵ ਅਨੁਭਵ ਅਵਸਥਾ 'ਚ ਓਨ੍ਹਾਂ ਦਾ ਜਨਮ-ਮਰਣ ਚਕ੍ਰ ਸਦਾ ਲਈ ਖਤਮ ਹੁੰਦੇ ਹਨ, ਗੁਰੂਬਾਣੀ ਉਪਦੇਸ਼ ਹੈ:- ਮ:5, ਸਰਾ ਸਰੀਅਤਿ ਲੇ ਕੰਮਾਵਹੁ॥ ਤਰੀਕਤਿ ਤਰਕ ਖੋਜਿ ਟੋਲਾਵਹੁ॥ ਮਾਰਫਤਿ ਮਨੁ ਮਾਰਹੁ ਅਬਦਾਲਾ,ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ॥ [ਅ.32]

ਏਹੀ ਅਭੇਦ, ਅਛੇਦ ੴ ਵਿਭੂ ਬ੍ਰਹਮ ਗਿਆਨ ਵਿਵਹਾਰਿਕ ਵਿਸ਼ੂਧਰਮੀ ਜੀਵਨ ਮੁਕਤ ਬ੍ਰਹਮ ਗਿਆਨੀ ਦੀ ਅਮਿਤ ਦ੍ਰਿਸ਼ਟੀ ਪਦ ਹੈ॥

ਯਾਦ ਰਹੇ, ਬ੍ਰਹਮ ਗਿਆਨੀ ਚੌਥੀ ਭੂਮਿਕਾ ਵਿੱਚ ਤਿੰਨ ਤਰ੍ਹਾਂ ਦੇ ਹਨ:-

---

31. ਪੁਨ੍ਹੈ. ੳ.ਪੰ.ਪ੩੪:੩॥ ਅ.ਪੰ.੧੦੭੮: ੬-੭। ੲ.ਪੰ. ੨੩੭:੮ । ਸ,ਪੰ. ਭਗਤ ਕਬੀਰ, ਪੰ. ੬੯੨ :੭। ਹ.ਪੰ.੨੫੧:੪; ੨੫੫: ੪। ਕ.ਪੰ. ੨੭੮:੪। ਖ.ਪੰ. ੬੩੩:੧੯। ਗ.ਪੰ.੮੪੬:੧੭ ਘ.ਪੰਨ.੧੧੦੩;੧੬-। ਙ.ਪੰਨੇ. ੨੧੯:੯; ਪ੩੬:੧੩; ੬੧ਪ:੩; ੬੮੧:੬;੧੧੨੦:੧੩; ੧੩ਪ੬:੧ਪ; ੧੪੨ਪ: ੧ਪ ॥ ਆਦਿ ॥

32. ਪੁਨ੍ਹੈ ੳ.ਤੋਰ੍ਹਾ/ਤੌਰੇਤ Holy Bible.OT.Exodus.III "14.And God said unto Moses I AM YAHWEH THAT I AM; and he said,Thus shalt thou say unto the children of Israel,YAHWEH hath sent me unto you. VI ."3.And I appeared unto Abraham, unto Isaac, and unto Jacob, by the name of God Almighty, but by my name YAHWEH(Je-Ho-Väh) was I not known to them". etc.

ਅ. ਸ਼੍ਰੀਗੁਗ੍ਰੰਜੀ.ਪੰ.1083:17॥ ੲ. ਪੱਛਮੀ ਅੰਗ੍ਰੇਜ਼ਾ ਤੋਂ ਪਹਿਲਾਂ ਵਿਦ੍ਵਾਨ"ਪੰਡਿਤ ਹੁਣ ਦੇ ਡਾਕਟਰਾਂ/ਪ੍ਰੋਫੈਸਰਾਂ ਤਰ੍ਹਾ ਸੰਬੋਧਨ ਹੁੰਦੇ ਸਨ, ਜਨਮ ਦੇ ਬ੍ਰਹਮਣ, ਸ਼ਰਮਾ, ਮਿਸ਼ਾਦਿ ਨਹੀਂ॥

Sri Satguru Jagjit Singh Ji eLibrary NamdhariElibrary@gmail.com

1. ਬ੍ਰਹਮ ਨਿਸ਼ਠ (ਕੇਵਲ ਬ੍ਰਹਮ ਅਨੁਭਵੀ ਹੈ ਪਰ ਦੱਸ, ਸਿਖਾ ਨਹੀ ਸਕਦੇ । (Practicing Divine Mystic: not teacher)
2. ਬ੍ਰਹਮ ਸ਼ਰੋਤ੍ਰੀ (ਕੇਵਲ ਬ੍ਰਹਮ ਗਿਆਨ ਸਿਖਾ ਸਕਦਾ ਹੈ- ਅਨੁਭਵ ਕੋਈ ਨਹੀ (Mystic teacher: without Divine experience)
3. ਬ੍ਰਹਮ ਨਿਸ਼ਠ (ਜੋ ਦੋਨੋ ਬ੍ਰਹਮ ਅਨੁਭਵੀ ਅਤੇ ਸਿਖਾ ਵੀ ਸਕਦੇ ਹਨ (Practicing Mystic & teacher)

ਆਦਿ ਭਾਰਤੀ, ਅੰਤ ਪੱਛਮੀ ਮਿਸ਼੍ਰ ਵਿਦਿਆਵਾਂ ਸੰਸਕਾਰ ਦੇ ਟੀਕੇ ਆਦਿ

ਓਹ ਹੈ ਇਸ ਸ਼੍ਰੀ ਜਪੁ ਨਿਸਾਣੁ ਮੂਲ ਗ੍ਰੰਥ ਦੇ ਅਰਥ ਸੰਗ੍ਰਹ ਦੇ ਅਧਾਰ ਦੀ ਨਾਮਾਵਲੀ:- ਸ਼੍ਰੀ ਅਕਾਲ ਪੁਰਖ ਪ੍ਰਦਾਨ ਸ਼੍ਰੀ ਗੁਰੁ ਨਾਨਕ ਦੇਵ ਜੀ ਨੂੰ ਮੂਲ ਮੰਤ੍ਰ ਤੇ ਸ਼੍ਰੀ ਜਪੁ ਨੀਸਾਣ ਮੂਲ ਗ੍ਰੰਥੀ ਪ੍ਰਦਾਨ 15..

1. ਸਾਹਿਬਜ਼ਾਦਾ ਪ੍ਰਿਥੀ ਚੰਦ ਮੀਣਾ ਪੁਤ੍ਰ ਬਾਵਾ ਮਿਹਰਬਾਨ ਸੋਢੀ ਕੱਚੀ ਸਿੱਧਾਂਤ ਟੀਕਾ ਸ਼੍ਰੀਜਪੁ ਨੀਸਾਣੁ (1637-1580=57)
2. ਨਿਰਮਲੇ ਗਿਆਨੀ ਭਾਈ ਮਨੀ ਸਿੰਘ ਸ਼੍ਰੀ ਜਪੁ ਨੀਸਾਣ ਸਾਧਾਰਣ ਸੰਗਤਾਂ ਲਈ ਟੀਕਾ(1644/1734=90 ਬਰਸ)
3. ਨਿਰਮਲ ਪੰਡਿਤ ਨਿਹਾਲ ਸਿੰਘ ਕਾਸ਼ੀ, ਸੰਸਕ੍ਰਿਤ ਗੂੜ੍ਹਾਰਥ ਜਪੁ ਨੀਸਾਣ ਟੀਕਾ, ਚੇਲੇ ਬਾਵਾ ਮੁਸ਼ਤਾਕ ਸਿੰਘ ਭੱਲਾ
4. ਉਦਾਸੀ ਸਾਧੂ ਆਨੰਦਘਨ ਡੇਰਾ ਬਾਬਾ ਨਾਨਕ ਸ਼੍ਰੀ ਜਪੁ ਨੀਸਾਣ ਟੀਕਾ, ਪਠਿਤ ਅਲੋਚਕ ਸੰਗਤਾਂ ਲਈ ਟੀਕਾ
5. ਨਿਰਮਲ ਗਿਆਨੀ ਸੰਤੋਖ ਸਿੰਘ ਦਰਬਾਰ ਪਟਿਆਲਾ/ਕੈਥਲ ਸ਼੍ਰੀਜਪੁ ਨੀਸਾਣ ਗਰਬਗੰਜਨੀ ਟੀਕਾ ਆਲੋਚਕ ਸੰਗਤਾਂ ਲਈਂ (1686/1743)
6. ਨਿਰਮਲ ਨੈਬ-ਸ਼੍ਰੀਮਹੰਤ ਪੰਡਿਤ[ਵ.35] ਤਾਰਾ ਸਿੰਘ ਨਰੋਤਮ ਗਿਰਵੜੀ/ਦਰਬਾਰ ਪਟਿਆਲਾ, ਸ਼੍ਰੀਜਪੁ ਗੁਰੁਭਾਵ ਟੀਕਾ ਗ੍ਰੰਥਾਦਿ(1822/60-91)
7. ਉਦਾਸੀ ਰੀਤ ਅਨੜਸ਼ਾਯੀ ਭਾਈ ਰਾਮਕਿਸ਼ਨ ਸੇਵਾ ਪੰਥੀ (ਮਘਰ ਸੁਦੀ 5, 1853/ਈਸ੍ਵੀ.1788-1910)
8. ਨਿਰਮਲ ਗਿਆਨੀ ਬਦਨ ਸਿੰਘ ਦਰਬਾਰ ਫਰੀਦਕੋਟ ਸ਼੍ਰੀ ਜਪੁ: 4 ਭਾਗ ਦਰਬਾਰ ਦੀ ਟੀਕਾ(1874-79-1891, ਦੂਜੀ ਛਾਪ)
9. ਸੰਨਿਆਸਿਨੀ ਮਾਤਾ ਸ਼ੰਕਰਾਨੰਦੀ ਭਾਰਤੀ, 'ਜਪ ਟੀਕਾ' (ਸੰ.1983,ਸਨ.1896) ਨਿਰਮਲੇ ਕਵੀ ਨਿਹਾਲ ਸਿੰਘ ਥੋਹਾ/ਲਹੌਰ
10. ਸ਼੍ਰੀਗੁਰੁ ਜਾਪੁ: ਚਕ੍ਰਧਰ ਚਰਿਤ੍ਰ ਚਾਰੂਚੰਦ੍ਰਿਕਾ ਟੀਕਾ ਨਿਰਮਲ ਸ਼੍ਰੀ ਮਹੰਤ ਸਾਧੂ ਸਿੰਘ, ਪਟਿਆਲਾ, ਗੁਰੁਸਿਖਿਆ-ਕ੍ਰਮ-ਪ੍ਰਭਾਕਰ;ਸਿਧਾਂਤ ਜੋਤਿ; ਦ੍ਵੈਪੰਥ ਪਦੀਪਾਦਿ, ਬਹੁਤ ਗ੍ਰੰਥ ਛਪਵਾਏ

ਨਿਰ੍ਮਲ ਮਹਨ੍ਤ ਸਾਧੂ ਸਿਂਘ, ਗੁਰੁ ਗ੍ਰਂਥ ਦੀਪ ਟੀਕਾ (ਕੇਵਲ ਸਂਸ੍ਕ੍ਰਿਤ, ਉਤ੍ਤਪ੍ਰਦੇਸ਼ ਡੇਰਾ, ਪੀਲੀਭੀਤ੍)

Sri Satguru Jagjit Singh Ji eLibrary NamdhariElibrary@gmail.com

11. ਨਿਰਮਲ ਪੰਡਿਤ ਦੇਵਾ ਸਿੰਘ, ਜਪੁ ਪ੍ਰਦੀਪਕਾ ਆਦੀ ਫੁਟਕਲ ਬਾਣੀ ਦੀ ਟੀਕਾ ਤੇ ਅੱਨ ਸ਼ਬਦਾਂ ਦੇ ਪ੍ਰਯਾਯ
12. ਨਿਰਮਲ ਮਹੰਤ ਠੀਕਰੀਵਾਲ, ਰਾਜਗੁਰੁ ਦਰਬਾਰ ਪਟਿਆਲਾ (1868-93-1941) ਟੀਕਾਵਾਂ ਸ਼ੁਧੀਤ ਆਦਿ ਤੇ 10 ਗ੍ਰੰਥ ਲਿਖਤੀ ਸੰਪੂਰਣ
13. ਨਿਰਮਲ ਸੰਤ ਕਵੀ ਹਰਿਭਜਨ ਸਿੰਘ ਸਰਲ ਸੰਬੋਧਨੀ ਜਪੁ ਟੀਕਾ
14. ਨਿਰਮਲ ਪੰਡਿਤ ਗੁਰਦਿੱਤ ਸਿੰਘ, ਜਪੁ ਪਦਾਰਥ ਸੁਬੋਧਨੀ ਟੀਕਾ(ਪ.2070)
15. ਨਿਰਮਲ ਮਹੰਤ ਗਣੇਸ਼ਾ ਸਿੰਘ ਗਿਰਵੜੀ, ਹੋਸ਼ਜਾਰਪੁਰ,ਪੰਜ ਗ੍ਰੰਥੀ ਸਟੀਕ;ਸਲੋਕ ਸਹਸਕ੍ਰਿਤੀ,ਸੁਖਮਨੀ ਮਣੀਪਭਾਦਿ ਟੀਕਾ,ਭਾਰਤਮਤ ਦਰਪਣ
16. ਨਿਰਮਲ ਸੰਤ ਸੰਪੂਰਣ ਸਿੰਘ : ਸੰਸਕ੍ਰਿਤ ਮਰਮ ਬੋਧਨੀ ਜਪੁ ਟੀਕਾ, ਤੇ ਭਾਈ ਗੁਰਦਾਸ ਛੰਦ ਟੀਕਾ ਆਦਿ॥
17. ਉਦਾਸੀ ਸਾਧੂ ਹਰਿਪ੍ਰਸਾਦ, ਜਪ ਸੰਹਿਤਾ:ਗੁਰਮੁਖੀ-ਹਿੰਦੀ:ਵੇਦਾਦਿ ਪ੍ਰਮਾਣਾ ਨਾਲ, ਵੈਦਿਕ ਮੁਨੀ ਬੰਬੇ:ਪ੍ਰੈਸ ਲਾਹੌਰ(1+2 ਵਨੂੰਤਿ ਸੰਃ1990/ 1933)
18. ਨਿਰਮਲ ਪੰਡਿਤ ਨਰੈਣ ਸਿੰਘ, ਡੇਰਾ ਮੁਝੰਗ, ਲਹੌਰ, ਆਦਿ-ਦਸਮ ਦੋਨੋਆਂ ਦੇ ਟੀਕੇ ਤੇ ਪੰਜ-ਦਸ ਗ੍ਰੰਥੀਆ, ਗੁਰੁਭਗਤ ਮਾਲ ਆਦਿ
19. ਨਿਰਮਲ ਸੰਤ ਨਿਰੰਕਾਰ ਸਿੰਘ, ਜਪੁਜੀ ਸਾਹਿਬ ਸਟੀਕ, ਗਉੜੀ ਬਾਵਨ ਅਖਰੀ ਮਃ5, ਜੈਤਸਿਰੀ ਦੀ ਵਾਰ ਆਦਿ
20. **ਨਿਰਮਲ ਸੁਨੀ ਅਰ੍ਜੁਨ ਸਿਂਹ, ਸ਼੍ਰੀ ਗੁਰੁ ਗ੍ਰਨ੍ਥ ਸਾਹਿਬ, ਪ੍ਰੇਮ ਸਬੋਧਨੀ ਟੀਕਾ-ਦਿਨ ਰੇਣ ਪ੍ਰਯਨ੍ਤ: ਭਾਗ ੨ 'ਚ (ਹਿਨ੍ਦੀ)**
21. ਨਿਰਮਲ ਸ੍ਵਾਮੀ, ਪ੍ਰਵਚਨ ਜਪੁਜੀ ਸਾਹਿਬ,
22. ਨਿਰਮਲ ਸੰਤ ਰਾਮਬਸੰਤ ਸਿੰਘ(1891-1961)ਰਾਜਗੁਰੁ ਪਟਿਆਲਾ ਤੇ ਲੇਖਕ ਮਿਸ਼੍ਰ, ਸ਼੍ਰੀ ਜਪੁ ਨੀਸਾਣ:ਗੁਰਮੁਖੀ:ਬੇਦ-ਕਤੇਬ ਪ੍ਰਮਾਣ ਭਾਸ਼ਜ
23. ਨਿਰਮਲ ਅੰਮ੍ਰਿਤਸਰ ਟਕਸਾਲ ਭਾਈ ਅਮੀਰ ਸਿੰਘ ਦੇ ਫੁਟਕਲ ਗੁਰਬਾਣੀ, ਆਸਾ ਦੀ ਵਾਰ ਆਦਿ ਗ੍ਰੰਥੀਆਂ ਦੇ ਟੀਕੇ
24. ਨਿਰਮਲ ਅੰਮ੍ਰਿਤਸਰ ਟਕਸਾਲ ਭਾਈ ਅਮੀਰ ਸਿੰਘ ਚੇਲੇ ਸੰਤ ਕਰਤਾਰ ਸਿੰਘ ਦਾ 10 ਭਾਗ ਸੰਪੂਰਣ ਟੀਕਾ ;
25. ਭਾਈ ਵੀਰ ਸਿੰਘ(1872-1957), ਸੰਥਿਆ ਸ਼੍ਰੀਗੁਰੂਗ੍ਰੰਥ 7 ਭਾਗ ਅਧੂਰਾਦਿ ਚਾਟੜੇ ਉਪਟਕਸਾਲ ਅੰਮ੍ਰਿਤਸਰ। ਪੰਚ ਖਾਲਸਾ ਦੀਵਾਨਾਦਿ
26. ਸੁਤੰਤ੍ਰ ਗੁਰਮੁਖੀ ਦੇ ਗੁਰੁਬਾਣੀ ਦੇ ਲਿਖਾਰੀ:-
27. ਸ਼੍ਰੀ ਜਪੁ ਨੀਸਾਣੁ, ਟੀਕਾ ਪਟਿਆਲਾ ਰਈਸ ਗੁਰਮੁਖ ਸਿੰਘ ਗਰੇਵਾਲ ਵਜ਼ੀਰ ਬੜਾ ਗ੍ਰੰਥ
28. ਸ਼੍ਰੀ ਜਪੁ ਨੀਸਾਣੁ , ਟੀਕਾ ਸੰਤ ਸੰਗਤ ਸਿੰਘ
29. ਜਪੁਜੀ ਸਟੀਕ, ਭਾਈ ਜੋਧ ਸਿੰਘ,ਸਾਬਕ ਵੀ.ਸੀ., ਪੰਜਾਬੀ ਯੂਨੀਵਰਸਿਟੀ, ਪਟਿਆਲਾ
ਜਪ ਟੀਕਾ: ਪ੍ਰੋਫੈਸਰ ਸਾਹਿਬ ਸਿੰਘ(ਸੰਨ.1955-ਕਈ ਛਾਪ)ਤੇ''ਸ਼੍ਰੀ ਗੁਰੁ ਗ੍ਰੰਥ ਸਾਹਿਬ ਦਰਪਣ, ਪੂਰਾ ਟੀਕਾ 10 ਭਾਗ

Sri Satguru Jagjit Singh Ji eLibrary NamdhariElibrary@gmail.com

30. ਜਪ (ਟੀਕਾ)ਪ੍ਰੋਫੈਸਰ ਪ੍ਰੇਮ ਪ੍ਰਕਾਸ਼ ਸਿੰਘ, ਖਾਲਸਾ ਕਾਲਜ, ਅੰਮ੍ਰਿਤਸਰ (ਆਪ ਮੈਨੂੰ ਦਿਤਾ)

31. ਜਾਪੁ ਸਾਹਿਬੁ (**जाप सउहबि**, ਅਰਥ ਲਿਖੰਦਲੀ), ਅਵਤਾਰ ਸਿੰਘ, ਮਹਿਤਾਬ ਸਿੰਘ ਅਡਿਵਾਣੀ

32. ਜਪੁਜੀ ਸਾਹਿਬ ਸਟੀਕ, ਗਿਆਨੀ ਗਿਆਨ ਸਿੰਘ, ਪੰਡਤ,ਪਟਿਆਲਾ

ਹਿੰਦੀ ਭਾਸ਼ਾ ਦੇ ਟੀਕੇ:

ਨਿਰਮਲ ਮਹੰਤ ਸਾਧੂ ਸਿੰਘ, ਗੁਰੁ ਗ੍ਰੰਥ ਦੀਪ ਟੀਕਾ, (ਕੇਵਲ ਸੰਸਕ੍ਰਿਤ-ਹਿੰਦੀ, ਉੱਤ੍ਰ ਪ੍ਰਦੇਸ਼ ਡੇਰਾ, ਪੀਲੀਭੀਤ) ਉਦਾਸੀ ਸਾਧੂ ਹਰਿਪ੍ਰਸਾਦ, ਜਪ ਸੰਹਿਤਾ:ਗੁਰਮੁਖੀ-ਹਿੰਦੀ:ਵੇਦਾਦਿ ਪ੍ਰਮਾਣਾ ਨਾਲ, ਵੈਦਿਕ ਮੁਨੀ, ਲਾਹੌਰ

33. **तात्रिक (विदेश प्रसिद्ध प्रोफिसर)** ਰਜਨੀਸ਼(ਗੁਜਰਾਤੀ),ਜਪ ਜੀ ਟੀਕਾ

ਬੰਗਲਾ ਭਾਸ਼ਾਦੇ ਟੀਕੇ:

34. ਜਪ

ਗੁਜਰਾਤੀ ਭਾਸ਼ਾਦੇ ਟੀਕੇ:

35. ਜਪ

ਮਰਾਠੀ ਭਾਸ਼ਾਦੇ ਟੀਕੇ :

36. ਜਪ

ਸਿੰਧੀ ਭਾਸ਼ਾਦੇ ਟੀਕੇ:

37-39 ਜਪ

ਅੰਗ੍ਰੇਜ਼ੀ ਭਾਸ਼ਾਦੇ ਟੀਕੇ (English Translations):

40. Rev.E.Trumpp.*Adi Granth*:"Jap through *Rag Asa.*end, 1877 , CE.(Pt/1997-99)

41. MA Macauliffe. Selected Canons, Complete jap

42. Greenlease

43. The *Jap ji* by Principal Teja Singh, Khalsa Collage, Amritsar.

44. The *Japji* Sangat Singh

45. The *Japji* (Shivăji Press, Sikandrabad) Booklet

46. *Jap ji* by Vinoba Bhave, published by Punjabi Univ, Patiala.

47/i. Complete Srï Guru Granth Jï *(SGGJ)* Canon translations began in 1955 by *Dr.Gopal Singh Dardï* (Intro:by Sardar Kapür Singh ICS(author met both of them),

48/ii. S.Manmohan Singh Chandigarh 1962; 1969 eight volumes; each page has parallel 3 columns:-1.original Gurmukhï, 2.Hindï transliteration; English translation;

Sri Satguru Jagjit Singh Ji eLibrary NamdhariElibrary@gmail.com

50/iii. Gurbachan Singh Tälib (of Patiala I, indeed, knew);
51/iv. S.Pritam Singh Chähal 1993. Most probabally these are USA's
52/v. Dr. Sant Singh Khälsä's 2003 Computer CD non GURGAM sources

ਭਾਰਤੀ ਵਿਦਿਆਵਾਂ, ਪੱਛਮੀ ਵਿਦਿਆਵਾਂ, ਸੰਸਕਾਰ ਸੰਗਮ

ਅੰਗ੍ਰੇਜ਼ੀ ਰਾਜ ਨੇ ਭੌਤਕ ਪੱਛਮੀ ਯੋਰਪਿਅਨ ਬਰਤਾਨਵੀ ਸੰਸਕ੍ਰਿਤੀ ਥਾਪੀ ਵਿਦਿਆ ਪੜ੍ਹਾਈ ਲਿਖਾਈ ਲਈ ਕਲਕਤਾ ਮਿਟ੍ਰੋਪੋਲੋਟਿਨ ਯੂਨੀਵਰਸਿਟੀ ਪ੍ਰਾਰੰਭੀ॥ ਸਭ ਤੋਂ ਪਹਿਲਾਂ ਉਸ ਨਾਲ ਉੱਤਰ ਭਾਰਤੀ ਮਹੇਂਦ੍ਰ ਕਾਲਿਜ, ਪਟਿਆਲਾ ਸੰਨ 1775 ਬਣਨ ਸਾਰ ਸੰਬੰਧਿਤ ਹੋਯਾ॥ ਉਸ ਪਿੱਛੋਂ ਉੱਤਰ ਭਾਰਤ ਅੰਗ੍ਰੇਜ਼ੀ ਪੰਜਾਬ ਲਾਹੌਰ ਰਾਜਧਾਨੀ 'ਚ ਦੂਜੀ ਅੰਗ੍ਰੇਜ਼ੀ ਪੰਜਾਬ ਯੂਨੀਵਰਸਿਟੀ 1885 ਬਣਾਈ॥ ਉਸ ਬਨਣ ਪਿੱਛੋਂ ਕਰੀਬਨ ਸੰਨ 1895 ਵਿਚ ਅੰਗ੍ਰੇਜ਼ਾਂ ਐਸੀ ਧਾਰਣਾ ਕੀਤੀ; ਪੰਜਾਬੀ ਤਿਨੋਂ ਹਿੰਦੂ, ਮੁਸਲਮਾਨ ਤੇ ਗੁਰੁਸਿਖ ਧਰਮਾਂ ਦੀਆਂ ਅਸਲ ਕਦੀਮੀ ਵਿਦਿਆਵਾਂ ਜਿਵੇ ਵਲੈਤਾਂ, ਬਰਤਾਨੀਆ, ਓਕਸਫੋਰਡ: ਕੇਮਬ੍ਰਿਜ ਤੇ ਅਮੇਰੀਕਾ, ਹਾਰਵਰਡ, ਆਦਿਆ ਯੂਨੀਵਰਸਟੀਆਂ 'ਚ ਇਸਾਈ ਧਰਮ ਸੈਮਿਨੇਰੀਆਂ ਅਧਾਰ ਬਣੇ ਸਨ ਉਸੇ ਤਰ੍ਹਾਂ ਲਾਹੌਰ ਪੰਜਾਬ ਯੂਨੀਵਰਸਟੀ 'ਚ ਤਿਨੋਂ ਪ੍ਰਧਾਨ ਧਰਮਾਂ ਦੀਆਂ ਅਸਲ ਵਿਦਿਆਵਾਂ ਸਿਖਾਣੀਆਂ ਹਨ॥ ਯੂਨਿਵਰਸਟੀ ਅੰਗ੍ਰੇਜ਼ ਵਿਦ੍ਵਾਨ ਕਾਰਦਾਰਾਂ ਨੇ ਹੋਰ ਵਿਦਿਆਵਾਂ ਨਾਲ ਧਰਮ ਸਿਲੇਬਸ ਕਮੇਟੀ ਕੈਮ ਕੀਤੀ॥ ਉਸ ਵਿੱਚ ਤਿਨੋਂ ਧਰਮਾਂ ਦੇ ਮੰਨੇ ਪ੍ਰਮੰਨੇ ਪੰਜਾਬੀ ਵਿਦ੍ਵਾਨ ਨਿਮੰਤ੍ਰਣ ਕਰ ਕੇ ਦਸਿਆ: ਤਿੰਨੋਂ ਧਰਮਾਂ ਦੇ ਗ੍ਰੈਜੂਏਟ ਤਿੰਨ ਸਾਲ ਕੋਰਸ ਬਣਾਣੇ ਹਨ, ਜਿਨ੍ਹਾਂ ਦੇ ਪੁਰਸਕਾਰ, ਐਫ.ਏ.1 ਤੇ 2; ਬੀ.ਏ (FA.1; FA.2; BA. Tripod Courses) ਕੋਰਸਾਂ ਦੀਆ ਕਿਤਾਬਾਂ ਨਿਜਿਤ ਕਰ ਛਪਾਣੀਆਂ ਹਨ॥ ਓਸ ਅੰਗ੍ਰਜ਼ੀ-ਦੇਸੀ ਕਮੇਟੀ ਨੇ ਜਾਂਚਿਆ:

ੳ. ਉਸਵੇਲੇ ਪ੍ਰਚਲਿਤ ਹਿੰਦੂ ਧਰਮ ਦੋ(2)ਭਾਖਾਵਾਂਵਿੱਚ ਸਿਖੌਣਾ ਹੋਵੇਗਾ: ਸੰਸਕ੍ਰਿਤ ਤੇ ਹਿੰਦੀ: ਇਸ ਕਾਰਣ ਦੋ ਉਪਾਧੀਆਂ ਕੈਮ ਕੀਤੀਆਂ: ਸੰਸਕ੍ਰਿਤ ਉਪਾਧੀਆਂ:-1.ਪ੍ਰਾਗਜ਼. 2.ਵਿਸ਼ਾਰਦ, 3.ਸ਼ਾਸਤ੍ਰੀ ਹਿੰਦੂ ਧਾਰਮਿਕ ਸ਼ਾਸਤ੍ਰ ਗਿਆਤਾ ਉਪਾਧੀਆਂ, ਹਿੰਦੀ ਉਪਾਧੀਆਂ:-1.ਰਤਨ, 2.ਭੂਸ਼ਣ, 3.ਪ੍ਰਭਾਕਰ ਆਮ ਹਿੰਦੂ ਧਰਮ ਗਿਆਨ ਉਪਾਧੀਆਂ ॥

ਅ. ਉਸੇ ਤਰ੍ਹਾਂ ਅੰਗ੍ਰੇਜ਼ੀ-ਦੇਸੀ ਕਮੇਟੀ ਦੇਖਿਆ, ਪ੍ਰਚਲਿਤ ਭਾਰਤੀ ਮੁਸਲਮਾਨ ਮਜ਼ਹਬ/ਧਰਮ ਵਿੱਚ ਵੀ ਦੋ(2)ਪ੍ਰਚਲਿਤ ਭਾਖਾਵਾਂ ਹਨ; ਪੁਰਾਣੇ ਮੁਗ਼ਲ ਸਲਤਨਤ ਪ੍ਰਸਿੱਧ ਫ਼ਾਰਸੀ, ਅਤੇ ਨਵੀਂ ਤੁਰਕ-ਮੁਗਲ ਫੌਜੀ ਉਰ੍ਦੂ(ਹਿੰਦੀ-ਫਾਰਸੀ ਮਿਲੀ) ਓਦੋਂ ਜੋ ਪ੍ਰਚਲਿਤ ਸੀ, ਕਾਰਣ ਦੋ ਉਪਾਧੀਆਂ ਰਖੀਆਂ:

ਫਾਰਸੀ ਉਪਾਧੀਆਂ: 1.ਆਲਮ. 2.ਫਾਜ਼ਲ ਅਤੇ 3.ਮਿਲੀ ਜੁਲੀ ਫਾਰਸੀ-ਅਰਬੀ ਇਸਲਾਮ ਉਪਾਧੀ, ਆਲਮ-ਫਾਜ਼ਲ ॥

ੲ. ਅੰਤ 'ਚ ਅੰਗ੍ਰੇਜ਼ੀ-ਦੇਸੀ ਗੁਰੁਸਿਖ ਧਰਮੀ ਬੁਲਾਇ ਕੇ ਉਦਾਸੀ-ਨਿਰਮਲੇ ਸਿੰਘ ਵਿਦ੍ਵਾਨਾਂ ਨੂੰ ਪੁਛਿਆ: ਓਨ੍ਹਾਂ ਦੇ ਧਰਮ 'ਚ ਕੀ ਮਰਜਾਦਾ ਹੈ:- ਓਨ੍ਹਾਂ ਸ੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਥਾਪੇ ਤਿਨ ਸਿਖਿਆ ਸ਼ਰੇਣੀਆਂ ਦੇ ਪ੍ਰਮਾਣ ਦਿਤੇ:-1. ਬੁੱਧੀਮਾਨੀ, 2. ਵਿਦ੍ਵਾਨੀ. 3. ਗਿਆਨੀ।

Sri Satguru Jagjit Singh Ji eLibrary NamdhariElibrary@gmail.com

ਅੰਗ੍ਰੇਜ਼ੀ ਪੰਜਾਬ ਵਿੱਚ ਉਸ ਵੇਲੇ ਕੁਛੇਕ ਛਿਪੇ(covert) ਗੁਰੁਸਿਖ ਅਮੀਰ ਟੂਟੀ ਫੂਟੀ ਅੰਗ੍ਰੇਜ਼ੀ ਵਿਦਿਆ ਪੜ੍ਹੇ, ਪੜ੍ਹਾਈ ਪ੍ਰਭਾਵਿਤ, ਪਰ ਸ਼੍ਰੀ ਗੁਰੁਗਮ ਟਕਸਾਲ ਸਿੱਧਾਂਤ ਅਣਜਾਣਾ ਨੇ ਸਿੰਘ ਸਭਾ ਥਾਪੀ ॥ ਉਸ ਵਿੱਚ ਗਰੀਬ, ਪਰ ਹੋਸ਼ਿਆਰ ਪ੍ਰਚਾਰਕ ਜੁੜੇ॥ ਉਸ ਨਵੀਂ ਅੰਗ੍ਰੇਜ਼ੀ ਪੰਜਾਬ ਸੂਬੇ ਲਹਿਰ ਤੋਂ ਫੈਦਾ ਉਠਾਨ ਲਈ ਰੁਸੇ ਰਾਜਾ ਬਿਕ੍ਰਮ ਸਿੰਘ, ਕਪੂਰਥਲਾ ਆਦੀ, ਤੇ ਦੇਸੀ ਪੰਜਾਬ ਰਿਆਸਤ ਨਾਭਾ ਰਾਜਗੁਰੂ ਭਾਈ ਕਾਨ੍ਹ ਸਿੰਘ (ਤੇ ਬਾਬੂ ਤੇਜਾ ਸਿੰਘ ਭਸੌੜ ਪਿੰਡ, ਰਾਜ ਪਟਿਆਲਾ) ਆਦਿ ਅਤੇ ਅੰਗ੍ਰੇਜ਼ੀ ਪੰਜਾਬ ਦੇ ਰੁਸੇ ਉਦਾਸੀ ਗਿਆਨੀ ਦਿੱਤ ਸਿੰਘ, ਲਾਹੌਰ, ਭਾਈ ਜੋਧ ਸਿੰਘ, ਭਾਈ ਵੀਰ ਸਿੰਘ ਪਿਛੋਂ ਪ੍ਰਿੰਸਿਪਲ ਤੇਜਾ ਸਿੰਘ ਨਵੇਂ ਅੰਗ੍ਰੇਜ਼ੀ ਪੜ੍ਹੇ ਆਦਿ ਜੁੜੇ । ਉਸ ਸ਼੍ਰੇਣੀ ਦੇ ਭਾਈ ਵੀਰ ਸਿੰਘ ਦੀ ਅੰਤਲੀ ਉਮਰ ਅਧੂਰੀ ਰਚੀ ਸੰਥਿਆ ਵਿੱਚੋਂ ਸ਼੍ਰੀ ਜਪੁ ਨੀਸਾਣ ਸੰਥਿਆ ਟੀਕਾ(ਪਹਿਲਾਂ ਕੀਤੀ ਪੰਜ ਗ੍ਰੰਥੀ ਟੀਕਾ ਨਹੀਂ) ਇਸ ਸੰਗ੍ਰਹਿ ਦੇ ਪਹਿਲੇ ਟੀਕੇਆਂ ਨਾਲ ਮਿਲ ਕੇ ਮਿਲੇ ਜੁਲੇ ਸਹਿਜ ਤੇ ਗੂੜ੍ਹੇ ਪਠਿਤ ਸਾਰੇ ਧਰਮ ਸ਼ਰਧਾਲੂਆਂ ਦੇ ਲਾਭ ਲਈ ਮਿਲਾ ਕੇ ਇਹ ਦਸ ਟੀਕੇ ਸੰਗ੍ਰਹ ਪੂਰਾ ਕੀਤਾ ॥

ਇਸ ਵਿੱਚ ਸ਼ੱਕ ਨਹੀ, ਭਾਈ ਵੀਰ ਸਿੰਘ ਦੀ ਨਵੀਂ ਪੰਜਾਬੀ ਸਾਹਿਤ ਸ਼ੈਲੀ, ਸੋਮੇ ਦੀ ਥਾਂ ਰਖਦੀ ਹੈ ਪਰ ਪਿਛਲੀ ਉਮਰ ਵਿੱਚ ਹੀ ਗੁਰੁਬਾਣੀ ਅਰਥਕਾਰ ਬਣੇ। ਪਹਿਲੀ ਉਮਰ ਵਿੱਚ ਅੰਗ੍ਰੇਜ਼ੀ ਸਾਹਿਤ ਪ੍ਰਭਾਵਿਤ ਉਸ ਢੰਗ ਦਾ ਨਵਾਂ ਸਾਹਿਤ ਕਵਿਤਾ, ਨਾਟਕ ਆਦਿ ਸਾਹਿਤ ਰਚਦੇ ਰਹੇ॥ ਬੇਸ਼ਕ ਓਨ੍ਹਾਂ ਆਪਣੇ ਨਾਨੇ ਤੋਂ ਗੁਰੁਸਿਖ ਧਰਮ ਅੰਮ੍ਰਿਤਸਰੀ ਟਕਸਾਲੀ ਸੰਪ੍ਰਦਾਇ ਅਰਥ ਵੀ ਸਿਖੇ ਪਰ ਕਿਉਂਕਿ ਓਨ੍ਹਾਂ ਨੇ ਸ਼੍ਰੀ ਗੁਰੂਬਾਣੀ ਕ੍ਰਮ ਪੂਰੇ ਪਰਿਭਾਸ਼ਿਕ ਪਦਾਰਥ ਸਹਿਤ ਗ੍ਰਹਣ ਨਹੀਂ ਕੀਤੇ (ਬੇਸ਼ਕ ਉਨ੍ਹਾਂਦੀ ਲਇਬਰੇਰੀ ਦੇਹਰਾਦੂਨ 'ਚ ਅਸੀਂ ਅਨੇਕ ਪ੍ਰਸਿੱਧ ਗ੍ਰੰਥ: ਸ਼੍ਰੀ ਗੁਰੁਮਤ ਨਿਰਣੈ ਸਾਗਰ, ਸ਼੍ਰੀ ਗੁਰੁ ਸਿਖਿਆ ਪ੍ਰਭਾਕਰ, ਸ਼੍ਰੀ ਸਿਧਾਂਤ ਜੋਤੀ ਆਦਿ ਪਰਿਭਾਸ਼ਾ ਗ੍ਰੰਥ ਦੇਖੇ ਹਨ, ਪਰ ਓਨ੍ਹਾਂ ਦਾ ਭਾਈ ਜੀ ਨੇ ਕਿਨਾ ਅਧਿਆਇਨ ਕੀਤਾ?) ਇਹ ਉਨ੍ਹਾਂਦੇ ਛਪੇ ਲੇਖਾਂ, ਕਿਤਾਬਾਂ ਤੋਂ ਸਪਸ਼ਟ ਹੈ ਕਿ ਉਨ੍ਹਾਂ ਨੂੰ ਨਿਗਮ-ਆਗਮ ਤਰਕ: ਪਰਿਭਾਸ਼ਾ ਠੀਕ ਤਵਜੋ ਨਾਲ ਸਿੱਖਣ ਗ੍ਰਹਣ ਨਾ ਕੀਤੀ॥ ਓਨ੍ਹਾਂ ਦੇ ਪਰਿਭਾਸ਼ਿਕ ਆਧਾਰ (technical hermeneutic based) ਟੀਕਾ ਲਿਖਣਾ ਪੱਛਮੀ ਪ੍ਰਭਾਵੀ ਸਾਹਿਤ ਸ਼ੈਲੀ ਵਾਲਾ ਹੈ, ਪਰ ਜਦ ਸੋਨੇ ਦੇ ਚਾਰ ਤਿਜ਼ਾਬਾਂ ਦੀ ਖਰੀ ਕਸੌਟੀ ਤੇ ਪਰਖਦੇ ਹਾਂ ਤਾਂ ਕਚੇ/ਅਸ਼ੁਧ ਰਹਿੰਦੇ ਹਨ॥ ਕੱਚ ਕਾਰਣ ਭਾਈ ਸਾਹਿਬ ਦੂਜੇ ਭਾਉ/ਦ੍ਵੈਤ ਵਾਦ ਜਾਲ ਵਿੱਚੋਂ ਨਹੀਂ ਨਿਕਲੇ; ਤੇ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀ ਦੀ ਸਾਂਝੀ ਹਿੰਦੂ-ਮੁਸਲਮਾਨਾਂ ਨੂੰ ਹਦਾਇਤ:- ਬੇਦ ਕਤੇਬ ਕਰਹਿ ਕਹ ਬਪੁਰੇ: ਨਹ ਬੂਝਹਿ ਇਕਏਕਾ ॥ ੬.40 ਨਹੀਂ ਸਮਝੇ।

ੴ ਵਿੱਚ '1' (ਇਕਤ੍ਵ) ਸਿਧਾਂਤ ਸਾਫ/ਸਪਸ਼ਟ ਨਹੀਂ ਕਰ ਸਕੇ! ਪੁਰਾਣੇ ਵੇਦ-ਕਤੇਬ ਸਿਧਾਂਤ ਬਾਰੇ ਭਾਈ ਵੀਰ ਸਿੰਘ ਨੂੰ ਗਲਤ ਫੈਹਮੀ ਰਹੀ; ਮਸਲਨ, ਪ੍ਰਸ਼ਨ ਹੈ:- ਸ਼੍ਰੀਵਿਸ਼੍ਵਗੁਰੂ ਜੀਆਂ ਦੇ ਉਪਦੇਸ਼ ਤੋਂ ਪਹਿਲਾਂ ਕਿਸੇ ਨੇ ਨਿੱਤ-ਸੁਖ ਧੁਰ ਮੁਕਤੀ ਪ੍ਰਾਪਤ ਕੀਤੀ ਕਿ ਨਹੀਂ? ਵਿਚਾਰੋ:

ਮ:1:- ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥ ੴ.40

ਮ:1: ਮਰਣ ਮੁਕਤਿ ਗਤਿ ਸਾਰ ਨ ਜਾਨੈ ॥ ਕੰਠੇ ਬੈਠੀ ਗੁਰ-ਸਬਦਿ ਪਛਾਨੈ ॥ 1 ॥

ਤੂ ਕੈਸੇ ਆਤਿ ਫਾਥੀ ਜਾਲਿ ॥ ਅਲਖੁ ਨ ਜਾਚਹਿ ਰਿਦੈ ਸਮਾਲਿ ॥ ੮.40

Sri Satguru Jagjit Singh Ji eLibrary NamdhariElibrary@gmail.com

ਮ:3:-ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ॥
ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ॥ ਸ.40

ਮ:3:-ਮੁਕਤਿ ਕਦੇ ਨ ਹੋਵਈ ਨਹੁ ਪਾਇਨਿ'' ਮੋਖ ਦੁਆਰੁ॥
ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ॥ ਹ.40

ਕਬੀਰ-ਸੋਗੁਰੁ ਕਰਹੁ ਜਿ ਬਹੁਰਿ ਨ ਕਰਨਾ॥ ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ॥ ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ॥ ਐਸੇ ਮਰਹੁ ਜਿ ਬਹੁਰਿ ਨ ਮਰਨਾ॥ ਕ.40

ਭ. ਨਾਮਦੇਵ: ਮੂਏਹੂਏ ਜਉ ਮੁਕਤਿ ਦੇਹੁਗੇ: ਮੁਕਤਿ ਨ ਜਾਨੈ ਕੋਇਲਾ॥ ਖ.40

ਐਸੇ ਪੰਜ ਦਰਜਨ ਉੱਤੇ ਪ੍ਰਮਾਣ ਹਨ, ਐਨੇ ਬਹੁਤ ਹਨ॥ ਇਸ '1' ਪ੍ਰਮਾਣ ਸਿਧਾਂਤ ਬਿਨਾ ਹੋਰ ਕੋਈ ਵਿਚਾਰਧਾਰ ਵਿਆਪਕ ੧ਓ ਅਭੇਦ,ਅਛੇਦ ਸਿਧਾਂਤ ਦੇ ਵੱਖਰੇ ਲਖਸ਼ ਕੀ ਸਾਫ ਝਲਕ ਭਾਈ ਵੀਰ ਸਿੰਘ ਦੀ ਨਹੀਂ ਦਿਖਾਈ ਦਿੰਦੀ? ਬਾਰ ਬਾਰ ਤ੍ਰਿ-ਭੇਦ, ਤ੍ਰਿ-ਛੇਦ, ਤੇ ਪੰਜ-ਖੰਡ ਗਲਤ ਸਿਧਾਂਤਾਂ ਨੂੰ ਸਹੀ ਸਿੱਧਾਂਤ ਪ੍ਰਤਿਪਾਦਿਤ ਕਿਵੇਂ ਸਮਝਿਆ ਜਾਵੇ? ਅਫਸੋਸ ਹੈ, ਤਰਕ ਕਸੌਟੀ ਪਰਿਭਾਸ਼ਿਕ '1' ਏਕਤ੍ਵ ਭਾਉ ਸਮਝੇ ਬਿਨਾ ਹੀ "ਦੂਜਾ ਭਾਉ/ਦ੍ਵੈਤ ਭੇਦ ਛੇਦ ਸਿਧਾਂਤ" ਨੂੰ ਪਰਮ ਸੱਚ ਕਿਵੇਂ ਮਨਿਆਂ ਜਾਵੇ? ਸ਼੍ਰੀਗੁਰੂ ਜੀ ਦਾ ਹੁਕਮ ਨਹੀਂ:

ਮ:5:-ਸਤਿ ਹੋਤਾ ਅਸਤਿ ਕਰਿ ਮਾਨਿਆ, ਜੋ ਬਿਨਸਤ ਸੋ ਨਿਹਚਲੁ
ਜਾਨਥ॥ ਪਰਕੀ ਕਉ ਅਪਨੀ ਕਰਿ ਪਕਰੀ, ਐਸੇ ਭੂਲ ਭੁਲਾਨਥ॥ ਗ.33

ਦਸੋ, ਕਈ ਐਸੇ ਸੁਭਾਵਿਕ ਭਰਮ ਰੂਪ ਦ੍ਰਿੱਸ਼ ਸੰਸਾਰ ਤੋਂ ਉਲਟ ਕਈ ਸ਼ਾਸਤ੍ਰ ਪਰਿਭਾਸ਼ਿਕ ਪਹਿਲੂ ਨਹੀਂ ਵਿਚਾਰਣੇ ਹੁੰਦੇ?

ਇਸ ਦੇ ਬਾਵਜੂਦ, ਨਵੇਂ ਭਾਰਤ-ਪੱਛਮ ਸੰਸਕ੍ਰਿਤੀ ਸੰਗਮ (Confluence) ਪੰਜਾਬੀ ਲੋਕਾਚਾਰ ਅਤੇ ਗੁਰੂਸਿੱਖ ਧਰਮ ਸਾਹਿਤ ਵਿੱਚ ਭਾਈ ਵੀਰ ਸਿੰਘ ਫੇਰ ਵੀ ਨਿਵੇਕਲੀ ਸਾਹਿਤ ਸੰਗਮ ਅਜੇ ਥਾਂ ਰਖਦੇ ਹਨ॥ ਬਾਕੀ ਦਸ ਟੀਕੇਕਾਰਾਂ ਦੀ ਮੁਖਸਿਰ ਆਲੋਚਨਾ ਪਾਠਕ ਧਿਆਨ ਰੱਖਣ:-ਇਹ ਦਸ ਟੀਕੇ ਸੰਗ੍ਰਹ ਗੌਣ ਵੇਦ-ਕਤੇਬ ਖਟ-ਦਰਸ਼ਨ ਸੰਪ੍ਰਦਾਇ ਲਕਸ਼ ਦੇ ਮੁੱਖ ਤਿਨੋਂ ਪੂਰਬ-ਪੱਛਮ ਅੰਗ ਢਕੇ ਹਨ, ਜਥਾ:-

1. ਭੌਤਿਕ ਵਾਦੀ ਸੰਸਾਰ, ਅ-ਕਰਤਾ ਬਣਿਆ ਸੰਸਾਰ ਅਤੇ ਅਨੀਸ਼੍ਵਰ ਨਾਸਤਿਕ ਚਾਰਵਾਕ ਮਤ ਕਯਾਸਹੈ(Hypothesis);
2. ਸਾਰੇ ਜੈਨ, ਤੇ ਸਾਰੇ ਬੌਧੀ ਸੰਪ੍ਰਦਾਇ ਦੇ ਨਾਸਤਿਕ ਅਲੋਚਨਾਵਾਂ ਸਿਧਾਂਤ, ਅਤੇ;
3. ਸਾਰੇ ਆਸਤਿਕ ਦ੍ਵੈਤ ਈਸ਼੍ਵਰਵਾਦੀ ਸਿਧਾਂਤ ਮਤ; ਜਿਨ੍ਹਾਂ 'ਚ ਮੁੱਖ ਆਮ ਸਮਾਰਤ (ਸਿਮ੍ਰਿਤੀ ਵਿਧਾਨਾਂ ਉਤੇ ਚਲਨ ਵਾਲੇ) ਸਨਾਤਨ-ਧਰਮੀ, ਆਰਿਆ-ਸਮਾਜੀ ਹਿੰਦੂ; ਪੁਰਾਣੇ ਵੇਦ-ਕਤੇਬ ਗ੍ਰੰਥ ਉਤਪੰਨ ਸੰਪ੍ਰਦਾਇ ਸਿਧਾਂਤਾਂ ਦੇ ਮਤ ਅਤੇ ਗੁਰੂਸਿਖ ਵਿਸ਼੍ਵਧਰਮ ਆਧਾਰ ਬ੍ਰਹਮ ਵਿਦਿਆ ਨੀਂਵ ੧ਓ ਦੇ ਪਰਾ-ਅਪਰਾ ਬ੍ਰਹਮ ਗਿਆਨ ਪੂਰਣ ਨਿਗਮ-ਆਗਮ ਤਰਕ ਰਾਹੀਂ ਪ੍ਰਾਪਤ ਹੈ ॥ ਇਨ੍ਹਾਂ ਦਾ ਸੰਖੇਪ ਵਿਸ਼ਲੇਸ਼ਨ ਇਸ ਤਰ੍ਹਾਂ ਹੈ:-

1.ਉ. ਇਹ ਟੀਕੇ ਦੀ ਆਲੋਚਨਾ ਦਸਮ ਸ਼੍ਰੀ ਜਗਦਗੁਰੂਜੀ ਆਪ ਸ਼੍ਰੀ ਗੁਰੂ ਕਾਸ਼ੀ ਮੁੱਖ

33. ਪੁਨੈ. ੳ.ਪੰ.223:10 ॥ ਅ.ਪੰ.223:10।ੲ.ਪੰ.1275:16-॥ ਸ.ਪੰ.1276:5 ॥ ਹ.ਪੰ.327:6 ॥ ਕ.ਪੰ.995:13।

Sri Satguru Jagjit Singh Ji eLibrary NamdhariElibrary@gmail.com

ਗੁਰੁਗਮ ਟਕਸਾਲ ਥਾਪੀ ਅਤੇ ਉਪ-ਟਕਸਾਲ ਅੰਮ੍ਰਿਤਸਰ ਭਾਈ ਮਨੀ ਸਿੰਘ(ਸ਼ਹੀਦ) ਆਮ ਸ਼ਰਧਾਲੂ ਗੁਰੁਸਿੱਖ ਧਰਮ ਸਿਧਾਂਤ ਟੀਕਾ ਲਕਸ਼ ਸਮਝੌਣ ਪ੍ਰੇਰਕ ਵੀ ਥਾਪੇ ॥

ਅ. ਭਾਈ ਮਨੀ ਸਿੰਘ ਸ਼ਹੀਦ ਪਿਛੋਂ ਇਤਿਹਾਸਿਕ ਲੜੀ ਦੇ ਸੰਸਕਾਰ ਟੀਕਾ ਤੀਜੇ ਸ਼੍ਰੀਜਗਦਗੁਰੂ ਅਮਰ ਦਾਸ ਬੰਸੀ ਨਿਰਮਲ ਸੰਤ ਮੁਸ਼ਤਾਕ ਸਿੰਘ ਭਲੇ ਪ੍ਰਸਿੱਧ ਛਾਤ੍ਰ, ਵਾਰਾਨਾਸ਼ੀ ਸ਼ਿਵ ਕਾਸ਼ੀ ਦੇ ਨਿਰਮਲ ਸੰਤ ਨਿਹਾਲ ਸਿੰਘ ਦੀ ਹੈ। ਓਨ੍ਹਾਂ ਇਕ ਨਕਲ ਮਹਾਰਾਜਾ ਰਣਜੀਤ ਸਿੰਘ ਨੂੰ ਅੰਮ੍ਰਿਤਸਰ ਦਿਤੀ: ਪਰ ਪਟਾ ਮੋੜਿਆ ਜੋ ਉਦਾਸੀ ਬ੍ਰਹਮਬੂਟੇ ਡੇਰੇ ਹੈ ਅਤੇ ਇਕ ਹੱਥ ਲਿਖਤ ਮੇਰੇ ਕੋਲ ਹੈ।

ਏ. ਓਨ੍ਹਾਂ ਪਿੱਛੋਂ ਤੀਜੀ ਰੂੜੀ ਪੰਜਾਬੀ ਰਚਨਾ ਹੈ,ਜੋ ਮਹਾ ਨਦੀ ਰਾਵੀ ਕੰਢੇ ਡੇਰਾ ਬਾਬਾ ਨਾਨਕ ਕਰਤਾਰਪੁਰੀ ਉਦਾਸੀ ਸਾਧੂ ਆਨੰਦ-ਘਨ ਦੀ ਹੈ॥ ਚੌਥੀ ਗੋਸ਼ਟ ਟੀਕਾ ਨਿਰਮਲ ਗਿਆਨੀ ਭਾਈ ਸੰਤੋਖ ਸ਼੍ਰੀ ਜਪੁ ਨੀਸਾਣੁ ਗਰਬ ਗੰਜਨੀ :ਸੰ. 1832-35 ਨਾਮ ਟੀਕਾ ਉਸ ਸਮੇ ਉੱਤਰ ਭਾਰਤ ਪੰਜਾਬੀ ਰੂੜੀ ਬੋਲੀ 'ਚ ਹੈ॥ ਇਸਦਾ ਮੂਲ ਵਿਸ਼ੈ ਪੱਖ ਸੰਸਕ੍ਰਿਤ ਖਟ ਦਰਸ਼ਨ ਸ਼ਾਸਤ੍ਰ ਗ੍ਰੰਥ ਅਧਾਰ ਹੈ॥ ਉਸ ਕਾਰਣ ਓਹ ਆਮ ਗੁਰੁਸਿਖਾਂ ਦੀ ਸਮਝ ਪਧਰ ਲਈ ਕਰੜੀ ਅਲੋਚਨਾਮਕ ਹੈ ॥ ਭਾਈ ਸੰਤੋਖ ਸਿੰਘ ਦੇ ਪਹਿਲੇ ਵਿਦਿਆਰਥੀ ਜੀਵਨ ਪਿਛੋਂ ਜਵਾਨੀ ਚੜ੍ਹਦੇ ਦਾ ਲਿਖਿਆ ਕੰਮ ਸੀ। ਜਿਉਂ ਜਿਉਂ ਉਮਰ ਚੜ੍ਹਦੀ ਗਈ,ਤਿਉਂ ਤਿਉਂ ਪਿਛੋਂ ਲਿਖੇ ਕੰਮਾਂ'ਚ ਗੰਭੀਰਤਾ ਹੁੰਦੀ ਗਈ: ਜਟਲ ਤੋਂ ਸਰਲ ਹੁੰਦੇ ਗਏ। ਇਸ ਗਰਬ ਗੰਜਨੀ ਟੀਕੇ ਸ਼ੈਲੀ ਤੋਂ ਸਾਫ ਪਤਾ ਚਲਦਾ ਹੈ ਕਿ ਓਹ 'ਵਿਜੈ ਭਾਵਨਾ ਗੋਸ਼ਟੀ' ਰੂਪ ਹੈ॥ ਇਸ ਟੀਕਾ ਦੇ ਸਾਹਿਤ ਦ੍ਰਿਸ਼ਟੀ ਤੋਂ ਤਿੰਨ ਹੋਰ ਵਿਸ਼ੇਸ਼ ਪਹਿਲੂ ਹਨ:-

ਏ.1. ਉੱਤਰ ਪੰਜਾਬ ਨਿਰਮਲੇ-ਸਿੰਘ ਅੰਮ੍ਰਿਤਸਰੀ ਗੁਰੁਗਮ ਉਪ-ਟਕਸਾਲ ਨਿਰਮਲ-ਸਿੰਘ ਅਰਥ ਸੰਪ੍ਰਦਾਈ ਰੀਤ ਆਧਾਰ ਅਰਥ ਹੈ॥ ਓਹ ਤੱਤ ਤੋਂ ਕਦੇ ਵੀ ਜ਼ਿਆਦਾ ਦੂਰ ਨਹੀਂ ਜਾਂਦੀ; ਜਲਦੀ ਵਾਪਸ ਨਿਸਕਰਸ਼ 'I' ਸਿੱਧਾਂਤ ਉਤੇ ਮੁੜ ਆਂਦੀ ਹੈ॥

ਏ.2. ਉਸ ਦੀ ਪੁਰਾਣੀ ਮੱਧਕਾਲੀ ਉੱਤਰ ਭਾਰਤੀ ਰੂੜੀ ਭਾਖਾ 'ਚ ਹੈ, ਅਤੇ ਵੇਦ (ਉਪਨਿਸ਼ਦ-ਖਟ-ਦਰਸ਼ਨ), ਕਤੇਬੀ 'I' ਏਕਤ੍ਵ (ਅਦ੍ਵੈਤ) ਸਿਧਾਂਤੀ ਅਨੇਕ ਅਰਥਕ ਨਿਗਮ-ਆਗਮ ਤਰਕ ਆਧਾਰ ਲਖਾਇਕ ਦੋਨੋਂ ਪਰਮਾ-ਅਪ੍ਰਮਾ ਵ੍ਰਿਤੀ ਬ੍ਰਹਮ ਗਿਆਨ ਵਿਗਿਆਨ ਪ੍ਰਦਾਰਸ਼ਕ ਕਰਣੇ ਨਹੀਂ ਭੁਲਦੇ, ਅਤੇ ;

ਏ.3, ਕਿਤੇ ਕਿਤੇ ਭਾਈ ਜੀ ਅਰਥ ਪ੍ਰਗਟ ਕਰਣ ਲਈ ਜਾਣਕੇ: ਲਕਸ਼ ਦਿਖਾਣਾ ਜ਼ਰੂਰੀ ਨਹੀਂ ਸਮਝਦੇ: ਤੇ ਵਤੰਡਾ(cavil), ਜਲਪ (polemics), ਵਿਜੰਗ(Pun) ਆਦਿ ਧੂ-ਖਿਚ ਕੁਤਰਕ(unto devil's advocate) ਵਿਦਿਆ ਅਹੰਕਾਰੀ (scholastic) ਦ੍ਵੰਦ 'ਚ ਉਦਾਸੀ ਆਨੰਦ-ਘਨ ਨੂੰ ਹਰ ਹੀਲੇ ਨੀਚੇ ਦਿਖਾਣ ਪ੍ਰਤੱਖ ਤੁਲਿਆ ਮੰਤਵਜ ਦਿਖਦਾ ਹੈ॥ ਯਾਦ ਰਹੇ, ਉਸ ਵੇਲੇ ਸੰਪੂਰਣ ਭਾਰਤ ਖੰਡ 'ਚ ਖਟ-ਸ਼ਾਸਤ੍ਰ ਸੰਪ੍ਰਦਾਇ ਆਪਸ ਵਿੱਚ ਇਲਾਨੀਆ ਦਿਗ ਵਿਜੈ ਸ਼ਾਸਤ੍ਰਾਰਥ ਗਿਆਨ ਗੋਸ਼ਟ ਕਾਲ ਸੀ॥ ਉਸ ਕਾਲ 'ਚ (ਦਰਬਾਰ ਪਟਿਆਲਾ/ਕੈਥਲ) ਭਾਈ ਸੰਤੋਖ ਸਿੰਘ ਦੀ ਦ੍ਵੰਦ ਸ਼ਾਸਤ੍ਰੀ ਖਟ-ਦਰਸ਼ਨ ਸਿਖਿਆ ਸ਼੍ਰੀਜਗਦਗੁਰੂ ਦਰਸ਼ਨੀ ਦੋਨੋਂ ਉਦਾਸੀ ਸਾਧੂ ਅਤੇ ਨਿਰਮਲ

Sri Satguru Jagjit Singh Ji eLibrary NamdhariElibrary@gmail.com

ਸੰਤ, ਗਿਆਨੀ ਸੰਪ੍ਰਦਾਇ ਪ੍ਰਚਾਰਕਾਂ ਦਾ ਸਾਰੇ ਹੋਰ ਹਿੰਦੂ ਸੰਪ੍ਰਦਾਇ ਮੰਡਲੇਸ਼ੁਰਾਂ ਨਾਲ ਦ੍ਵੰਦ ਸ਼ਾਸਤ੍ਰ ਯੁੱਧ ਖਟ-ਦਰਸ਼ਨੀ ਸਾਧੂ ਮੰਚ ਉਤੇ ਸਦੀਆਂ ਤੋਂ ਚਲਿਆ ਆ ਰਿਹਾ ਸੀ॥

2. ਸੇਵਾਪੰਥੀ ਭਾਈ ਰਾਮਕਿਸ਼ਨ ਨੇ ਆਪਣੇ ਕਾਲ ਰੂੜੀ ਬੋਲੀ 'ਚ ਸੰਪ੍ਰਦਾਇਕ ਸ਼ਾਸਤ੍ਰ ਪ੍ਰਮਾਣ ਸਹਿਜ ਪ੍ਰਚਾਰਕ ਸ਼ੈਲੀ ਲਿਖੀ ਟੀਕਾ ਹੈ ॥

3. ਸੰਨ 1857-85 ਪਿੱਛੋਂ ਵਿਦੇਸ਼ੀ ਅੰਗ੍ਰੇਜ਼ੀ ਰਾਜਕਾਲ ਵਿਦਿਆ ਨੀਤੀ ਪ੍ਰਭਾਵ ਹੌਲੀ ਹੌਲੀ ਗੁਰੁਦ੍ਵਾਰੇ-ਮੰਦਰਾਂ ਦੀ ਪੁਰਾਣੀ ਸ਼ੈਲੀ ਪਠਨ-ਪਾਠਨ ਦੀ ਕੋਈ ਲਿਖਤੀ ਸੰਨਦ ਨਹੀਂ ਸੀ, ਅੰਗ੍ਰੇਜ਼ਾ ਦੇ ਮਨਣ ਕਾਰਣ ਕਿਸੇ ਹਿੰਦੂ, ਮੁਸਲਮਾਨ, ਗੁਰੁਸਿਖ ਨੂੰ ਸਰਕਾਰੀ ਨੌਕਰੀ ਮਿਲਨੀ ਔਖੀ ਸੀ॥ ਬੇਰੁਜ਼ਗਾਰੀ ਦਾ ਸਦਾ ਕਾਰਣ ਬਣਿਆ ਰਹਿੰਦਾ ਸੀ; ਜਿਸ ਕਾਰਣ ਮੰਦਿਰ, ਮਸੀਤ-ਮਦਰਸੇ, ਗੁਰੁਦ੍ਵਾਰੇ ਪਾਠਸ਼ਾਲਾਂ 'ਚ ਪਠਨ-ਪਾਠਨ ਘਟਦੇ ਬੰਦ ਹੋ ਗਏ॥ ਖਾਲਸਾ ਸਕੂਲਾਂ, ਕਾਲਜਾਂ 'ਚ ਮਨਘੜਤ ਵਿਦਿਆ ਬਿਕਣ ਲਗੀ, ਸ਼੍ਰੀਗੁਰੁਬਚਨ:- ਮਨਮੁਖੁ ਬਿਦਿਆ ਬਿਕ੍ਰਦਾ, ਬਿਖੁ ਖਟੇ, ਬਿਖੁ ਖਾਇ ॥ ਮੂਰਖੁ ਸਬਦੁ ਨ ਚੀਨਈ, ਸੂਝ ਬੂਝ ਨਹ ਕਾਇ॥ ੴ.37; ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥ੴ.37॥ ਇਤਿਹਾਸਿਕ ਗੁਰਦ੍ਵਾਰੇ ਕੇਵਲ ਕਰਮ ਕਾਂਡੀ ਚੜ੍ਹਾਵੇ ਧਨ ਕਮਾਈ ਹੀਲੇ ਬਣ ਗਏ। ਆਲੇ ਦੁਆਲੇ ਦੁਕਾਨਾਂ ਵਪਾਰੀਆਂ ਤਰ੍ਹਾਂ; ਕੇਵਲ ਉਨ੍ਹਾਂ ਤੋਂ ਸ਼ਰਧਾਲੂ ਚੜ੍ਹਾਵੇ ਮਾਲ ਲੈ ਸਕਦੇ ਨੇ: ਗੁਰੁਬਾਣੀ ਰੋਕੇ ਕੰਮ ਜਾਰੀ ਨੇ॥ ੴ.34

ਫਰਜ਼ ਕਰੋ, ਹੋਰ ਧਰਮਾਂ ਤਰ੍ਹਾਂ ਗੁਰੁਸਿੱਖ ਤੀਰਥ ਯਾਤ੍ਰਾ ਇਸਨਾਨ ਜ਼ਰੂਰੀ ਕਰਣਾ ਹੈ,ਤਾਂ ਉਨ੍ਹਾਂ ਪਤਾ ਹੋਣਾ ਚਾਹੀਦਾ ਹੈ ਤੀਰਥ ਕੀ ਹਨ? ਤੀਰਥ ਦੋ ਤਰ੍ਹਾਂ ਦੇ ਹਨ,1. ਕਰਮ ਕਾਂਡੀ ਤੀਰਥ ਇਸਨਾਨ,ਤੇ 2.ਅਸਲ ਅਧਿਆਤਮ ਕਰਮ। ਤੀਰਥ ਬਾਰੇ ਸ਼੍ਰੀ ਵਿਸ਼੍ਵਗੁਰੂ ਉਪਦੇਸ਼ ਹੈ: ਮ:1:-ਅਧਿਆਤਮ ਕਰਮ ਕਰੇ ਤਾ ਸਾਚਾ॥ ਮੁਕਤਿ ਭੇਦੁ ਕਿਆ ਜਾਣੈ ਕਾਚਾ॥ "ੴ.38

ਤੀਰਥ ਦੋ ਤਰ੍ਹਾਂ ਦੇ ਹਨ:- 1. ਦਰਿਆਂ ਕੰਢੇ, ਜਾਂ ਸਰੋਵਰ 'ਚ, ਅਤੇ, 2.ਬਿਨਾ ਸਰੋਵਰ ਗੁਰੁਦ੍ਵਾਰਾ ਤੀਰਥ (ਪਵਿਤ੍ਰ ਕਰਣ ਦੀ ਥਾਂ) ਹਨ:- 1.ਜਲ ਥਾਂ ਕਰਮ ਕਾਂਡੀ ਹਨ; ਅਤ

---

34. ਫੁਲ ਬੇਚਣ ਦੁਕਾਨਾਂ ਦੇ ਠੇਕੇ ਦੇ ਦਿਤੇ ਜਾਂਦੇ ਹਨਂ; 2.ਘਰਾਂ ਦੇ ਖਾਣ ਪਦਾਰਥ ਅਪਵਿਤ੍ਰ ਹੋਣ ਬਹਾਨੇ, ਪਹਿਲਾਂ ਅੰਦਰ ਬਣੇ ਤੋਲੇ ਖਰੀਦੇ ਹਲਵਾ ਪ੍ਰਸ਼ਾਦ ਲਈਂ ਚੜ੍ਹੌਣ ਦੀ ਰੀਤ ਚਲਾਈ ਕਿ ਓਹੀ ਕੇਵਲ ਪਵਿਤ੍ਰਹੈ ਜਿਸਦੀ ਪਰਚੀ ਸ਼ਹਾਦਤ ਹੈ ਕੜ੍ਹਾ(ਪ੍ਰਸ਼ਾਦ) ਚੜ੍ਹਾਂਇਆ ਭੋਗ (Divine enjoyed offering) ਲੱਗ ਸਕਦਾਹੈ॥ 3.ਸ਼੍ਰੀ ਗੁਰੂਬਾਣੀ ਦੇ **ਅਖੰਡ ਪਾਠ** ਬੇਚਨੇ (ਪਹਿਲਾਂ ਸਿਖ-ਸਿੰਘ ਸੰਤ/ਸਾਧੂ ਕਦੀ ਨਹੀ ਕਰਦੇ ਸਨ। ਸ਼੍ਰਧਾਨਾਲ ਜੋ ਚੜਦਾ ਸੀ ਮਨਜ਼ੂਰ ਸੀ। ਕਿਉਂ ਕਿ ਵਿੱਤ, ਸਮਾਨ **ਤ੍ਰਿ-ਗੁਣਾਂ** ਸ਼੍ਰਧਾ ਦਾਨ ਹੁੰਦਾ ਹੈ--ਪਰ ਦੇਖੋ ਅੰਗ੍ਰੇਜ਼ੀ ਵਿਧਾਨੀ ਕੋਮਿਟੀ ਕੈਸਾ ਗੁਰੂਬਾਣੀ ਉਲਟ ਰੀਤਾਂ ਚਲਾਈਆ॥ 4.ਅੰਗ੍ਰੇਜ਼ ਰਾਜ ਦੇ ਪਖੰਡ ਕਰਦੇ ਬਿਲਕੁਲ ਸਭ ਤੋਂ ਖਰਾਬ ਸ਼੍ਰੀ ਗੁਰੂਬਾਣੀ ਰੋਕੀ **ਕਰਮ ਕਾਂਡੀ ਭੇਦ/ਵੰਡ ਨੀਤੀ** ਆਗੂ ਬਣੌਂਨ ਲਈਂ:ਜੋ ਕੇਵਲ "ਗੁਰੁਦ੍ਵਾਰੇਆਂ ਦੀ ਇੰਤਜ਼ਾਮੀ ਸੰਸੰਥਾਂ ਹੈ" ਜਾਣਕੇ ਟ੍ਰਸਟ ਨਾ ਬਣਾ, ਚੌਂਣ ਸਾਧਨ ਵਿਧਾਨ ਜਾਰੀ ਕਰ,ਗੁਰਦ੍ਵਾਰਾ ਪ੍ਰਧਾਨ ਬਣਨ ਲਈ ਆਪਸ'ਚ ਲੜਦਾ ਰਹਿਣ ਨੂੰ ਸਿਖ (ਛਲ ਰੂਪ) ਰਾਜ ਦਿਤਾ ਕਿ ਫਾੜੇ ਧੜੇ ਰਾਜਨੀਤਕ ਚਣੌਤੀ ਰਾਹੀਂ ਪਦਵੀਆ ਜਿਤ ਕੇ ਕਮੇਟੀ ਪਧਾਨ ਬਣਨਾ ਹੀ ਸਿੱਖ ਰਾਜ ਦਾ ਪ੍ਰਧਾਂਨ ਬਨਣਾ ਹੁੰਦਾ ਹੈ ॥ ਉਸ ਛਲ'ਚ ਬਿਕੇ ਸਿਧੇ ਸਾਦੇ ਬਿਚਾਰੇ ਸ਼੍ਰਧਾਲੂ ਗੁਰੂ-ਸਿੱਖਾਂ'ਚ ਸ੍ਰੀਗੁਰੂਬਾਣੀ ਉਪਦੇਸ਼ **ਕਰਮ-ਕਾਂਡ ਅਹੰਕਾਰੁ ਨ ਕਾਜੈ...**" ਰੋਕੀ ਸਿਖਿਆ ਅਣਜਾਣ ਸਿੱਖਾਂ'ਚ ਚਣੌਤੀਆਂ ਕਾਰਣ ਜੋ ਗੁਰੂਬਾਣੀ ਅਨੁਸਾਰ ਨਹੀਂ ਹੋਂਣਾ ਚਾਹੀਦਾ -ਇਸ ਤਰੀਕੇ ਨਾਲ ਉਨ੍ਹਾਂ'ਚ ਹੰਕਾਰ ਬਹੁਤ ਵਧਿਆ। ਗੁਰੂਸਿੱਖ ਆਪਸ'ਚ ਲੜ ਮਰਨ ਵਾਲੇ ਅੰਗ੍ਰੇਜ਼ਾਂ ਬਣਾ ਦਿਤੇ--ਜਾਣੀ ਗੁਰੁਦ੍ਵਾਰੇਆਂ ਦੇ ਇੰਤਜ਼ਾਮ ਕਰਨ ਦੇ ਲੜਾਈ ਬਿਨਾ ਕੋਈ ਰਾਹ ਨਹੀਂ ਸੀ! ਕੀ ਟ੍ਰਸਟ ਥਾਪਣ ਦਾ ਤਰੀਕਾ ਨਹੀਂ ਸੀ ? ਪਰ ਅੰਗ੍ਰੇਜ਼ ਨੇ ਆਪਸ ਲੜਾਕੇ ਰਾਜ ਕਰਨਾ ਸੀ ॥ ਦਸੋ, ਗੁਰੁਦ੍ਵਾਰੇ ਦਾ ਕੇਵਲ ਵਿਵਹਾਰਿਕ ਇੰਤਜ਼ਾਮ ਹੀ ਕਰਨਾ ਸੀ ਰਾਜ ਲਾਲਚ ਕਿਉਂ, ਜਦ ਨਾ ਦੇਣਾ ਸੀ ਨਾ ਸਿੰਘਾਂ ਦੀ ਪਰਕਿਰਤੀ ਅਨੁਸਾਰ ਹੋ ਸਕਦਾ ਹੈ।

Sri Satguru Jagjit Singh Ji eLibrary NamdhariElibrary@gmail.com

2. ਅਧਿਆਤਮ ਕਰਮ ਗੁਰਦ੍ਵਾਰੇਆ ਸੇ ਵਸੀਲੇ ਹਨ ਜਿਥੇ ਸਾਧ-ਸੰਤ ਬ੍ਰਹਮ ਗਿਆਨੀਆਂ ਨੂੰ ਮਿਲ, ਗੁਰੁਸਿਖ ਨਿਹਾਲ (ਕ੍ਰਿਤਕ੍ਰਿਤ) ਹੋ ਜਾਂਦੇ ਹਨ, ਜਿਸੇ ਕਾਰਣ ਸ੍ਰੀ ਜਗਦਗੁਰੂ ਐਸੇ ਬਚਨ ਉਪਦੇਸ਼ੇ ਹਨ:- ਗੰਗਾ ਜਮੁਨਾ ਗੋਦਾਵਰੀ ਸਰਸੁਤੀ,ਤੇ ਕਰਹਿ ਉਦਮੁ ਧੂਰਿ ਸਾਧੂਕੀਤਾਈ॥ ਕਿਲਵਿਖ ਮੈਲੁਭਰੇਪਰੇ ਹਮਰੈ ਵਿਚਿ,ਹਮਰੀਮੈਲੁ ਸਾਧੂਕੀ ਧੂਰਿ ਗਵਾਈ॥ ਅ.38 ਤਤਸਮ ਪਦਮ ਪੁਰਾਣ ਪ੍ਰਮਾਣਹੈ: **तीर्थांना दर्शनं पुण्यं तीर्थभुताहीसाध्वा। तीर्थं कुर्वन्ति कुर्वाणि स्वान्तस्तेन् गदाव्रत:**

ਏਹ ਅਧਿਆਤਮ ਤੀਰਥ ਬ੍ਰਹਮ ਗਿਆਨੀ ਸੰਤ-ਸਾਧ ਮਹਾਤਮ ਬਾਰੇ ਸੰਖੇਪ ਹੋਰ ਉਪਦੇਸ਼ ਵੀ ਹਨ, ਜਥਾ ਗੁਰੂਬਾਣੀ ਪ੍ਰਮਾਣ:-

ਮਃ1: ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥ ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥ ਏਕੰਕਾਰੁ ਅਵਰੁ ਨਹੀ ਨਾਨਕ ਏਕੁ ਸਮਾਈ ॥ 5॥ ਏ.38;

ਮਃ3:-ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥ ਜਿਉ ਕਸਤੂਰੀ ਮਿਰਗੁ ਨ ਜਾਣੈ, ਭ੍ਰਮਦਾ ਭਰਮਿ ਭੁਲਾਇਆ॥ ਅੰਮ੍ਰਿਤੁ ਤਜਿ, ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ॥ ਗੁਰਮੁਖਿ ਵਿਰਲੇ ਸੋਝੀ ਪਈ, ਤਿਨਾ ਅੰਦਰਿ ਬ੍ਰਹਮੁ ਦਿਖਾਇਆ॥ ਸ.38;

ਮਃ1:-ਤੂੰ ਨਾਹੀ ਪ੍ਰਭ ਦੂਰਿ ਜਾਣਹਿ, ਸਭ ਤੂਹੈ ॥ ਗੁਰਮੁਖਿ ਵੇਖਿ ਹਦੂਰਿ, ਅੰਤਰਿ ਭੀ ਤੂਹੈ॥ ਹ.38;

ਮਃ 9:-ਬਾਹਰਿ ਭੀਤਰਿ ਏਕੋ ਜਾਨਹੁ, ਇਹੁ ਗੁਰ ਗਿਆਨੁ ਬਤਾਈ॥ ਜਨ ਨਾਨਕ ਬਿਨੁ ਆਪਾ ਚੀਨੈ, ਮਿਟੈ ਨ ਭ੍ਰਮ ਕੀ ਕਾਈ॥ ਕ.35

ਐਸੇ ਉਪਦੇਸ਼ਾਂ ਰਾਹੀਂ ਚਾਰ,ਪੰਜ ਸਦੀਆਂ 'ਚ ਕਈ ਹਜ਼ਾਰ ਭਾਰਤ ਪੂਰਵੀ ਬੰਗਾਲੀ, ਬਿਹਾਰੀ, ਦਖਣੀ ਮਰ੍ਹਾਟੇ, ਪੱਛਮੀ ਸਿੰਧੀ 99% ਗੁਰੁਸਿੱਖ ਸਹਿਜਧਾਰੀ ਬਣੇ ॥ ਪੰਦ੍ਰਵੀਂ ਤੋਂ ਅਠਾਰਵੀਂ ਸਦੀ 'ਚ ਸ਼੍ਰੀਵਿਸ਼੍ਵਗੁਰੂਜੀ ਰਾਜ ਜੋਗ ਪ੍ਰੇਰਣਾ ਕਾਰਣ ਉੱਤਰ ਭਾਰਤ ਉਤੇ ਫਾਰਸ (ਇਰਾਨ), ਅਫ਼ਗਾਨ ਧਾੜਵੀਆਂ ਕਾਰਣ ਅਨੰਤ ਗੁਰੂਸਿਖਸਹਿਜਧਾਰੀ ਤੇ ਹਿੰਦੂਆਂ ਦੀ ਲੁਟ ਮਾਰ, ਇਸਤ੍ਰੀਆਂ ਦੀ ਬੇਇਜ਼ਤੀ, ਦਾਸ-ਦਾਸੀ ਬਣਨ ਤੋਂ ਰਖਿਆ ਲਈ ਲਖਾਂ ਖੜਗਧਾਰੀ ਗੁਰੁ ਸਿੰਘ ਬੀਸਵੀਂ ਸਦੀ ਤਕ ਸਜੇ॥

ਐਸੇ ਪੁਰਾਣੇ ਅਨੇਕ ਇਤਹਾਸਕ ਅਤਿਆਚਾਰ ਵਾਰਦਾਤ ਨੂੰ ਹਿੰਦੂ, ਗੁਰੁ-ਸਿੱਖ-ਸਿੰਘਾਂ ਨੂੰ ਨਾ ਭੁਲਨ ਕਾਰਣ: ਜਾਣਕੇ ਅੰਗ੍ਰੇਜ਼ਾਂ ਨੇ ਦ੍ਵੈਤ-ਦ੍ਵੰਦ ਰਾਜ ਫਾੜ ਨੀਤੀ (Segregate religious denominations, divide all area Indians politically & rule) ਠੋਸੀ ॥ ਪਹਿਲੋ ਪਹਿਲ ਬੰਗਾਲ ਉੱਤਰ-ਦੱਖਨ 'ਚ ਵੰਡਿਆ (1910 'ਚ ਇਕ ਹੋਇਆ)।

---

35. ਓ.ਜੋ ਹੁਣ ਗੁਰੁਦ੍ਵਾਰੇ ਕਮੇਟੀ ਦੇ ਅਨਪੜ੍ਹ ਗਿਆਨੀ ਅਸ਼ੁੱਧ ਅਰਥ ਸਮਝਨ ਕਾਰਣ, ਅਰਦਾਸੀਆਂ ਨੂੰ ਅਰਦਾਸ ਕਹਿਣੇ ਮਨ੍ਹਾਂ ਕੀਤੇ ਹਨ। ਬੇਸ਼ਕ ਸ਼੍ਰੀਗੁਰੂਬਾਣੀ ਵਿੱਚ ਬਹੁਤ ਪ੍ਰਯੋਗ ਹੋਇਆ ਹੈ, ਜਥਾ:ਪੰ.1366:8"ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ॥ ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ" ॥ ਅ.ਪੰ.891:12॥ ਏ.ਪੰ.223:9॥ ਸ.ਪੰ.1263:5॥ ਹ.ਪੰ.930: 10॥ ਕ.ਪੰ.644:2-॥ ਖ.ਪੰ.743:2-॥ ਗ.ਪੰ. 684:17॥ ਆਦਿ ॥

Sri Satguru Jagjit Singh Ji eLibrary NamdhariElibrary@gmail.com

ਈ.1905 'ਚ ਛਲ ਨਾਲ ਮਹਾਰਾਜਾ ਰਣਜੀਤਸਿੰਘ/ਦਲੀਪ ਸਿੰਘ ਰਾਜ ਉੱਤਰ-ਦੱਖਨ: 1. ਅੰਗ੍ਰੇਜ਼ੀ ਸਿਰਹਦੀ ਸੂਬਾ(NWF Province) ਅਤੇ, 2.ਅੰਗ੍ਰੇਜ਼ੀ ਪੰਜਾਬ 'ਚ ਵੰਡਿਆ(ਬੰਗਾਲ ਤਰ੍ਹਾਂ ਏਕਤਾ ਦੀ ਮੰਗ ਨਹੀਂ ਕੀਤੀ)॥ ਅੰਗ੍ਰੇਜ਼ੀ ਉੱਤਰ ਭਾਰਤ ਰਾਜ ਇਲਾਵਾ ਪਹਿਲੇ ਅਹਿਦ-ਨਾਮੇਆਂ (Treaties) ਅਧੀਨ ਸੁਤੰਤ੍ਰ ਦੇਸੀ ਭਾਰਤੀ ਸਭ ਹਿੰਦੂ(ਕਸ਼ਮੀਰ), ਮੁਸਲਮਾਨ, ਗੁਰੁਸਿੱਖ ਦੇਸੀ ਰਾਜਵਾੜੇ ਕੈਮ ਰਹੇ ॥

ਅੰਤ ਵਿੱਚ ਪਾਠਕ ਇਹ ਨਾ ਭੁਲਨ: ਅੰਗ੍ਰੇਜ਼ ਵੀ ਵਿਦੇਸ਼ੀ ਹੀ ਸਨ, ਦੁਨੀਆਂ ਉੱਤੇ ਰਾਜ ਹੋਰ ਵੀ ਵਧਾਣ ਦੇ ਲਾਲਚੀ ਸਨ॥ ਪ੍ਰਚਲਿਤ ਤੁਰਕ, ਮੁਗ਼ਲਾਂ ਦੀ ਭੇਦ ਰਾਜ ਨੀਤੀ ਹੋਰਵੀ ਚੜ੍ਹਦੀ ਕਲਾ ਤੇ ਬਰਤੀ, ਤਲਵਾਰ ਰਹੀ ਘਟ ਪਰ ਕੁਟਲ ਧਰਮ ਫਾੜ ਰਾਜ ਨੀਤੀ ਦੇ ਕਈ ਪਹਿਲੂ ਤੋਂ ਭਾਰਤੀਆਂ ਨੂੰ ਬੇਵਕੂਫ ਬਣਾ ਕੇ ਅੰਤ ਤਕ ਰਾਜ ਹੀ ਨਹੀ ਕੀਤਾ ਬਲਕਿ ਓਹੀ ਕੁਟਲ ਨੀਤੀ ਪਿਛੋਂ ਹੁਣ ਤਕ ਅਸਰ ਬਰਤਾ ਰਹੀ ਹੈ॥

ਪਹਿਲੋ ਪਹਿਲ ਅੰਗ੍ਰੇਜ਼ ਤਜਾਰਤੀ ਭੇਖ 'ਚ ਸਾਰੇ ਭਾਰਤ ਦਾ ਗੂੜ੍ਹਾ ਜਾਇਜ਼ਾ ਕਰ ਚੁਕੇ ਸਨ, ਸਾਰੇ ਬਹੁਤੇ ਧਰਮ ਸ਼੍ਰਧਾਲੂ ਹਨ॥ ਓਨ੍ਹਾਂ ਆਪਣੀ ਕੁਟਲ ਨੀਤੀ ਰਾਹੀਂ ਇਸ ਵਿਸ਼੍ਵਾਸ ਨੂੰ ਮੋੜ ਪਾਕੇ ਕਮਜ਼ੋਰੀ 'ਚ ਬਦਲਨਾ ਹੈ, ਉਨ੍ਹਾਂ ਉਤੇ ਪੁਠਾ ਬਰਤਨਾ ਹੈ॥ ਜੇ ਸਾਰੇ ਨਾਸ਼ ਨਹੀਂ ਹੁੰਦੇ: ਐਸੀ ਬਿਯੂੰਤ ਉਲੀਕਨੀ ਹੈ, ਸਾਰੇ ਆਪਸ ਭਿੜਕੇ ਕੰਮਜ਼ੋਰ ਹੋ ਜਾਣ, ਸਦਾ ਗੁਲਾਮ, ਰਹਿਨ॥ ਸਾਰੇ ਭਾਰਤੀ ਧਰਮੀਆਂ ਨੂੰ ਆਪਸ 'ਚ ਲੜਾ ਭਿੜਾ ਆਪਣਾ ਅੰਗ੍ਰੇਜ਼ੀ ਰਾਜ ਫੈਲੌਣ ਲਈਂ ਐਸੀ ਨੀਤੀ ਬਰਤੀ॥ ਅੰਗ੍ਰੇਜ਼ ਜਾਣ ਗਏ, ਭਾਰਤੀ ਆਪਣੇ ਧਰਮ 'ਚ ਮਹਾਨ ਸ਼ਰਧਾ ਰਖਦੇ ਹਨ ॥ ਓਹ ਆਪ ਹੀ ਦੂਜੇ ਭਾਵੀ ਵਰਣ-ਆਸ਼੍ਰਮ ਧਰਮ ਰਾਹੀਂ ਫਟੇ ਪਏ ਹਨ। ਓਨ੍ਹਾਂ ਵਿੱਚ ਹੋਰ ਫਾੜ ਰਾਜ ਨੀਤੀ ਬਰਤ ਕੇ ਫੈਦਾ ਉਠਾਣਾ ਹੋਵੇਗਾ॥ ਪਰ ਐਸੀ ਭੇਦ ਨੀਤੀ ਵਿਵਹਾਰ 'ਚ ਸ੍ਰੀਗੁਰੂ ਅਧਿਆਤਮ ਵਿਦਿਆ ਸਿਧਾਂਤ ਰਾਹੀਂ ਮਨ੍ਹਾ ਹੈ ਜਿਸ ਕਾਰਣ ਗੁਰੂਸਿਖ ਅਭੇਦਵਾਦੀ ਕਾਰਣ, ਅਰਬ ਦੇਸ਼ ਦੇ ਅਦਨ ਤੋਂ ਚੀਨ ਦੇਸ਼ ਸ਼ੈਂਗਹਾਈ ਤਕ ਗੁਰੁਸਿੰਘਾਂ ਨੂੰ ਅੰਗਰੇਜ਼ਾਂ ਨੇ ਆਪਣੀ ਪੁਲਸ 'ਚ ਭਰਤੀ ਕਰ ਇਨ੍ਹਾਂ ਮੁਲਕਾਂ 'ਚ ਅਮਨ ਲਈ ਰਖੇ॥ ਧਿਆਨ ਰਹੇ, ਅੰਗ੍ਰੇਜ਼ਾਂ ਦੀ ਸੰਨ 1850 ਸਾਰੇ ਭਾਰਤ ਦੀ ਮਰਦਮ-ਸ਼ੁਮਾਰੀ 'ਚ ਵਿਸ਼੍ਵਧਰਮੀ ਗੁਰੂਸਿੱਖ 25% ਸਨ, ਜਿਨ੍ਹਾਂ ਵਿੱਚ:-ਸਹਜਧਾਰੀ ਸਿੰਘ ਬਿਹਾਰੀ (ਬਹੁਤ ਗੁਲਾਮ ਬਣਾ ਕੇ ਅਮਰੀਕਾ ਲੈ ਗਏ ਅਖਬਾਰ, ਤਸਵੀਰਾਂ 'ਚ ਹੁਣ ਵੀ ਦੇਖੇ ਜਾਦੇ ਹਨ) ਮਰ੍ਹਾਟੇ, ਸਿੰਧੀ, ਪੰਜਾਬੀ ਗੁਰੂਸਿਖ/ਸਿੰਘ ਸਨ ॥ ਪਰ ਸੰਨ 1925 ਗੁਰਦ੍ਵਾਰਾ ਐਕਟ ਤਹਿਤ ਕੇਵਲ ਗੁਰੂ ਸਿੱਖ/ਸਿੰਘ 2% ਭਾਰਤ 'ਚ ਰਹੇ ਕਿਉਂ ਕਿ ਉਸ ਵੇਲੇ ਤਕ ਅੰਗ੍ਰੇਜ਼ ਫਾੜ ਨੀਤੀ ਅਸਰ ਨੇ ਗੁਰੂਸਿੱਖਾਂ 'ਚ ਸਿੰਘ ਸਭਾ ਨੀਂਵ ਰਖ--ਅਗੇ ਲਈ ਆਪਸ 'ਚ ਹੀ ਫਟੇ ਖਾਲਸਾ ਦਿਵਾਨ,ਚੀਫ ਖਾਲਸਾ ਦਿਵਾਨ, ਅਕਾਲੀ ਨੀਤੀ ਸੰਸਥਾਵਾਂ ਬਣਾ, ਹੋਰ ਆਪਸ 'ਚ ਫਟਨ ਦਾ ਥਾਂ, ਸਨ 1880-1920 ਦੇ 40 ਸਾਲਾਂ 'ਚ ਬਣਾ ਦਿਤਾ॥

ਅੰਗ੍ਰੇਜ਼ੀ ਪੰਜਾਬੀ ਗੁਰੁਸਿਖ ਪੰਥ ਉਨ੍ਹਾ 40-50 ਬਰਸ 'ਚ ਦੋ ਪੁਸ਼ਤਾਂ ਪਿਛੋਂ ਬਿਲਕੁਲ ਹੀ ਅਧਿਆਤਮ ਵਿਦਿਆ ਅਣਜਾਣ (Theo-Phil-Mystic Illiterate) ਹੋ ਗਯੇ, ਤੇ ਅੰਗ੍ਰੇਜ਼ੀ ਪੰਜਾਬ'ਚ ਨਿਰੋਲ ਇਕ ਦੇਸ਼ੀ ਰਾਜ ਨੀਤੀ ਅਕਾਲੀ-ਸਿੱਖ ਪੰਥੀ, ਗਿਣਤੀ ਦੇ ਸਿੰਘਾਂ ਦੀ ਇਕ ਛੋਟੀ ਜਮਾਤ ਬਣ ਗਏ ਜਿਨਾਂ ਦਾ ਸਿੱਖਵਾਦ ਕੇਵਲ ਅੰਗ੍ਰੇਜ਼ੀ ਪੰਜਾਬ ਦੇ ਵਿਦਿਆਧਿਕ

Sri Satguru Jagjit Singh Ji eLibrary NamdhariElibrary@gmail.com

ਗੁਰਦ੍ਵਾਰੇਆਂ ਦਾ ਇੰਤਜ਼ਾਮ ਕਰਨਾ ਸੀ, ਉਸੇ ਨੂੰ ਭਰਮ ਨਾਲ ਸਿੱਖ ਰਾਜ ਸਮਝਣ ਲਗ ਪਏ ਅਤੇ ਸ਼੍ਰੀ ਜਗਦਗੁਰੂ ਆਪ ਪ੍ਰਦਾਨ ਕੀਤੇ ਫੁਲਕੀਆਂ ਆਦਿ ਸੁਤੰਤ੍ਰ ਗੁਰੁਸਿਖ ਅੰਗ੍ਰੇਜ਼ੀ ਪੰਜਾਬ ਦਾ ਭਾਗ ਨਾ ਹੋਣ ਕਾਰਣ ਗੁਰੁਸਿੱਖ ਰਾਜ ਮਾਇਨੇ ਨਹੀ ਰਖਦੇ ਸਨ: ਅਚਰਜ ਗਲ ਸੀ। ਉਸ ਪਿਛੋਂ ਅੰਗ੍ਰੇਜ਼ੀ ਭਾਰਤ 'ਚ ਕਾਂਗ੍ਰਸ ਨੇ ਅਜ਼ਾਦੀ ਲਈ ਐਨਾ ਜ਼ੋਰ ਪਾਇਆ ਕਿ ਸੰਨ 1932 ਵਲੈਤ ਲੰਡਨ ਪਾਰਲਿਆਮੈਂਟ'ਚ ਮਜ਼ੂਬ ਵੰਡ ਵਿਧਾਨ(Communal Award Act) ਲਾਗੂ ਕੀਤਾ, ਜਿਸ ਵਿਧਾਨ ਲਾਗੂ ਹੋਣ ਤੇ ਸਾਰੇ ਧਰਮੀ ਫਟ ਕੇ ਆਪਣੀ ਨਵੀਂ ਧਰਮ ਸੰਸਥਾ ਦੇ ਮੈਂਬਰ ਤੇ ਨੁਮਾਇੰਦੇ ਹੀ ਹੋ ਸਕਦੇ ਹਨ॥ ਉਸ ਵਿਧਾਨਕ ਕਾਨੂੰਨ ਦਾ ਮੁਖ ਮੰਤਬ ਕੌਂਗ੍ਰਸ ਨੂੰ ਤੋੜਨਾ ਸੀ, ਕਿ ਉਸ ਅੰਦਰ ਹਿੰਦੂ, ਮੁਸਲਮ, ਗੁਰੂਸਿੱਖ ਸਨ, ਟੁਟਕੇ ਆਪਣੀਆਂ ਨਵੀਆਂ ਧਰਮ ਸੰਸਥਾਵਾਂ 'ਚ ਮਿਲ ਜਾਣ॥ ਪਰ ਕਾਂਗ੍ਰਸ ਨਾ ਟੁੱਟੀ, ਨੈਹਰੂ, ਪਟੇਲ, ਮੌਲਾਨਾ ਆਜ਼ਾਦ, ਸੁਵਰਣ ਸਿੰਘ ਆਦਿ ਸਭ ਰਹੇ ਪਰ ਜੋ ਵਕਤ ਦਾ ਫੈਦਾ ਉਠਾਣਾਂ ਚੌਹੰਦੇ ਸਨ, ਕਿ ਓਨ੍ਹਾਂ ਦੀ ਵੀ ਵਕਤ ਤੇ ਪੁਛ ਹੋਵੇ, ਓਹ ਆਪਣੇ ਅੱਡ ਨਵੇਂ ਧਰਮ ਸੰਸਥਾ:- ਹਿੰਦੂ ਮਹਾਸਭਾ, ਮੁਸਲਮ ਲੀਗ, ਅਤੇ ਸਿਖ ਅਕਾਲੀ ਸੰਸਥਾਵਾਂ 'ਚ ਜੁੜਕੇ ਨੁਮਾਇਦੇ ਬਣੇ, ਜਿਸ ਦੇ ਹੰਕਾਰ'ਚ ਆਏ ਸਭ ਅਡੋ ਅਡੀ ਆਪਣੀ ਸੰਸਥਾ ਦੇ ਆਗੂ ਬਣੇ, ਤੇ ਅਕਾਲੀ ਸਿੱਖਾਂ ਵਿੱਚੋਂ ਇਤਿਹਾਸਿਕ ਗੁਰਦ੍ਵਾਰਾ ਕਮੇਟੀ ਆਗੂ ਮਾਸਟਰ ਤਾਰਾ ਸਿੰਘ ਅੰਗ੍ਰੇਜ਼ੀ ਪੰਜਾਬੀ ਪ੍ਰਧਾਨ ਨੁਮੈਦੇ ਚੁਣੇ ਕਾਰਣ, ਰਿਆਸਤੀ ਪੰਜਾਬ 'ਚ ਸ਼੍ਰੀਜਗਦਗੁਰੂ ਗੋਬਿੰਦ ਸਿੰਘ ਪ੍ਰਧਾਨ ਰਾਜ ਮੁਕਾਬਲੇ, ਵਿਵਹਾਰਕ ਹੰਕਾਰ 'ਚ ਆਏ ਅੰਤ ਤਕ ਸ਼ਰੀਕ ਦੀ ਤਰ੍ਹਾਂ ਸੋਚਦੇ ਰਹੇ। ਅੰਗ੍ਰੇਜ਼ੀ ਪੰਜਾਬ ਦੇ ਸਿੱਖਾਂ ਦੁਆਰਾ ਚੁਣੇ ਕਾਰਣ, ਓਹ ਪਟਿਆਲਾ ਮਹਾਰਾਜਾ ਭੁਪੇਂਦ੍ਰ ਸਿੰਘ ਤੋਂ ਘਟ ਸਿਖ ਸਿਆਸੀ ਨਹੀਂ ਸਨ ਬੇਸ਼ਕ ਧਨ ਮੰਗਣ ਮਹਾਰਾਜਾ ਸਾਹਿਬ ਕੋਲ ਬਾਰ ਬਾਰ ਔਂਦੇ ਰਹੇ॥ ਮੁਕਦੀ ਗਲ, ਅੰਗ੍ਰੇਜ਼ ਫਾੜ ਰਾਜਨੀਤੀ ਦਾ ਇਹ ਫਲ ਹੋਇਆ, ਕਿ ਸੰਨ 1947 'ਚ ਅੰਗ੍ਰੇਜ਼ ਨੀਤੀਵਾਨਾਂ ਨੇ, ਸਾਰਾ ਜਾਂਦਾ ਦੇਖੀਏ ਅਧਾ ਦਈਏ ਵੰਡ, ਦ੍ਰਿਸ਼ਟਾਂਤ ਅਨੁਸਾਰ ਭਾਰਤ ਖੰਡ ਧਰਮ ਫਾੜ ਨੀਤੀ ਰਾਹੀਂ ਵੰਡ ਦਿਤਾ॥ ਮੁਖ ਪ੍ਰਾਂਤ: ਪੰਜਾਬੀ, ਬੰਗਾਲੀ ਲਖਾਂ ਹੀ ਨਹੀਂ, ਕਰੋੜਾਂ ਬਰਬਾਦ ਹੋ ਗਏ; ਤੇ ਸਿੰਧੀ, ਬਲੋਚੀ, ਸਿਰਹਦੀ ਹਿੰਦੂ, ਗੁਰੂਸਿੱਖ ਸਾਰੇ ਹੀ ਬੇ-ਮੁਲਕ ਹੋਏ ਭਾਰਤ ਕਾਫਲੇਆਂ 'ਚ ਭੱਜੇ ਪਹੁੰਚ ॥

4. ਐਥੇ ਏਨਾਂ ਇਤਿਹਾਸਿਕ ਇਸ਼ਾਰਾ ਠੀਕ ਰਹੇਗਾ॥ ਅਰਬ ਦੇਸ਼ ਇਸਲਾਮ ਧਰਮ ਸਾਰੀ ਦੁਨੀਆਂ ਦੇ ਕਾਫਰਾਂ ਉਤੇ ਪਹਿਲਾਂ ਜਿਹਾਦ, ਤਲਵਾਰ ਤੇ ਜਜ਼ੀਆ ਕਰ ਆਦੀ ਇਲਾਨ ਕਰ ਧਾੜਾਂ ਮਾਰਦਾ ਪੱਛਮ ਭਾਰਤ ਸਿੰਧ ਪ੍ਰਾਂਤ ਈਸ੍ਵੀ 720 ਫਤੇ ਪਾਈ ਪਰ ਸਾਰੇ ਭਾਰਤ ਉਤੇ ਵਿਸ਼ੇਸ ਪ੍ਰਭਾਵ ਨਾ ਪਇਆ॥ ਪਿਛੋਂ, ਕਰੀਬ ਸਾਢੇ ਚਾਰ ਸੌ ਸਾਲਾਂ ਉਤੇ ਭਾਰਤੀ ਬੁੱਧ ਧਰਮ ਅਹਿੰਸਾ ਪਰਮੋ ਧਰਮ ਨਾਰੇ ਦਾ ਅਸਰ ਸਨਾਤਨ ਵਿਰਕਤ ਹਿੰਦੂ ਜੋਗੀਆਂ, ਸੰਨਿਆਸੀਆਂ ਉਸ ਨਾਰੇ ਦੇ ਅਮਲੀ ਰੂਪ 'ਚ ਬਰਤਨ ਕਾਰਣ ਉੱਤਰ ਭਾਰਤ ਦਿਸ਼ਾ ਤੋਂ ਲਗਾਤਾਰ ਧਾੜਾਂ ਆਣੀਆਂ ਸ਼ੁਰੂ ਹੋਈਆਂ॥ ਵਾਰੋ ਵਾਰੀ ਸ਼ਹਾਬੁਦ-ਦੀਨ, ਬਹਾਵਦੁ-ਦੀਨ, ਮਹੀਉਦ-ਦੀਨ(ਸਾਰੇ ਈਸ੍ਵੀ 1192-1206), ਮਹਿਮੂਦੁ-ਦੀਨ ਗ਼ਜ਼ਨਵੀ ਗੌਰਮੀਨ ਤਖਤ ਨਸ਼ੀਨਾਂ ਨੇ ਭਾਰਤੀ ਸੁਲਤਾਨ ਬਣਨਾ ਠਾਨ ਲਿਆ॥ ਓਨ੍ਹਾਂ ਸੋਲਵੇਂ (16) ਹਮਲੇ 'ਚ ਭਾਰਤ ਹਿੰਦੂ ਸਮਰਾਟ ਪ੍ਰਿਥਵੀ ਰਾਜ ਚੌਹਾਨ(ਰਾਇ ਪਥੌਰਾ ਜੁੱਧ 'ਚ) ਮਾਰਣ ਨਾਲ ਭਾਰਤ 'ਚ ਪਹਿਲਾ ਵਿਦੇਸ਼ੀ ਸੁਲਤਾਨ ਬਣਿਆ॥

Sri Satguru Jagjit Singh Ji eLibrary NamdhariElibrary@gmail.com

ਓਹ ਤਾਂ ਧਾੜਾਂ ਮਾਰਕੇ ਵਾਪਸ ਘਰ ਮੁੜ ਗਇਆ, ਪਰ ਉਸ ਨੇ ਆਪਣਾ ਗੁਲਾਮ ਕੁਤਬੁਦ-ਦੀਨ ਐਬਕ(1206-10) ਨੂੰ ਸ਼ਾਹ ਅਧਿਕਾਰੀ ਰੂਪ 'ਚ ਪਿਛੇ ਛਡਿਆ; ਜੋ ਸੁਲਤਾਨ ਮਹਮੂਦ-ਦੀਨ ਗ਼ਜ਼ਨਵੀ ਗੋਰਮੀਨ ਮਰਣ ਪਿੱਛੋਂ ਆਪਣੇ ਆਪ ਨੂੰ ਭਾਰਤ ਦਾ ਪਹਿਲਾ ਮੁਸਲਮਾਨ ਸੁਲਤਾਨ (ਸਲਤਨਤ-ਇ-ਗੁਲਾਮਾ) ਇਲਾਨ ਕੀਤਾ॥ ਉਸ ਵੇਲੇ ਤੋਂ ਲਗਾਤਾਰ 700 ਸਾਲ ਉੱਤਰ ਭਾਰਤ ਵਰਸ਼ ਉਤੇ ਵਿਦੇਸ਼ੀ ਹਮਲੇ, ਲੁਟ ਮਾਰ, ਇਸਤ੍ਰੀਆਂ ਦਾ ਜ਼ਬਰ ਜਿਨ੍ਹਾਂ ਧਰਮਾਂ ਦੇ ਇਲਾਨ ਅਹਿੰਸਾ ਪਰਮੋ ਧਰਮ ਕਾਰਣ, ਭਾਰਤੀ ਉਸ ਕਾਲ ਤੋਂ ਸਭ ਕੁਛ ਦੇਖਦੇ ਰਹੇ, ਆਪਣੀ ਰਕਸ਼ਾ ਨਾ ਕੀਤੀ ਜਿਥੇ ਕਿ, ਪਹਿਲਾਂ ਰਾਜਾ ਪੋਰਸ ਦੇ ਕਾਲ ਵਿੱਚ ਯੂਨਾਨ ਦੇ ਬਾਦਸ਼ਾਹ ਸਿਕੰਦਰ ਦੀ ਫੌਜ ਦਾ ਨੱਕ ਮੋੜ ਦਿੱਤਾ,ਜਿਸ ਕਾਰਣ ਓਹ ਵਾਪਸ ਕੂਚ ਕਰ ਗਿਆ॥ ਏਸੇ ਕਾਲ ਵਿੱਚ ਭਾਰਤੀਆਂ ਤੇ ਹਰ ਤਰ੍ਹਾਂ ਦਾ ਇਤਨਾ ਨੁਕਸਾਨ ਹੋਇਆ, ਪੁਸਤਕਾਲੇ ਤਬਾਹ ਕੀਤੇ ਕਿ ਅਨੰਤ ਪੁਸਤਕਾਂ ਲਖਾਂ ਵਿਦੇਸ਼ੀ ਫੌਜੀਆਂ ਦੇ ਲੰਗਰਾਂ 'ਚ ਖਾਣਾ ਪਕੌਣ ਲਈ ਕੰਮ ਆਈਆਂ॥ ਓਥੇ ਦਰਰਾ ਖੈਬਰ ਤੀਲੇ ਰਹਿਤ ਸੁੱਕੇ ਪਹਾੜਾਂ ਦੇ ਫੌਜੀ, ਲੰਗਰਾਂ ਵਿੱਚ ਖਾਣਾ ਪਕੌਣ ਲਈ ਹੋਰ ਕੀ ਫੂਕਦੇ? ਐਥੇ ਹੀ ਬਸ ਨਹੀਂ; ਅਨੇਕ ਪੁਸਤਕਾਲਿਆਂ ਦਾ ਮਲਬਾ ਨਦੀਆਂ, ਦਰਿਆਵਾਂ ਦੇ ਪੁਲਾਂ ਦੀਆਂ ਨੀਹਾਂ ਬਣਾਨ ਲਈ ਬਰਤੇਆ॥ ਇਤਨਾਂ ਇਤਿਹਾਸ ਐਥੇ ਕਾਫੀ ਵਿਵਸਥਾ ਦੱਸਣ ਲਈ ਹੈ॥ ਕੋਈ ਅਚਰਜ ਨਹੀਂ ਹੈ; ਓਨ੍ਹਾਂ ਵਿਦੇਸ਼ੀ ਤੁਰਕ-ਤਾਤਾਰ-ਮੁਗ਼ਲ, ਪਠਾਨ ਆਦਿ ਲਈ ਕੀ ਨਾਸਤਕ, ਕੀ ਆਸਤਿਕ, ਦੋਨੋਂ ਹੀ ਇਕਸਾਰ ਸਨ। ਉਨ੍ਹਾਂ ਬਾਰੇ ਸ਼੍ਰੀ ਵਿਸ਼ੂਗੁਰੂ ਨਾਨਕ ਦੇਵ ਜੀ ਨੇ ਪਰਥਾਇ ਲਿਖੀ ਸ਼ਹਾਦਤ ਹੈ:-

ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥ ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ॥

ਭਾਵ: ਓਨ੍ਹਾਂ (ਮੁਗਲ ਅਪਣੇ ਵਰਗੇ ਮਿਚੀਆਂ ਅੱਖਾਂ ਜਾਤੀ ਵਾਲੇਆਂ ਦੀ ਕੇਵਲ ਪਹਿਚਾਨ ਸੀ-ਹੋਰ) ਭਾਰਤੀ (ਹਿੰਦੂ) ਤੇ (ਮੱਧ ਏਸ਼ਿਆਈ ਧਰਮ ਪ੍ਰਵਰਤ) ਤੁਰਕ(ਇਸਲਾਮ ਧਰਮੀ) ਜੋਧੇ ਨਵਾਬ-ਬੇਗ਼ਮਾਂ(ਭਟਿਆਣੀ) ਤੇ (ਭਾਰਤੀ) ਰਾਜੇ-ਰਾਣੀਆਂ(ਠਕੁਰਾਣੀ) ਦਾ ਕੋਈ ਫਰਕ ਦਾ ਪਤਾ ਨਹੀ ਥਾ। ਉਨ੍ਹਾਂ (ਭਾਰਤੀ ਮੁਸਲਮਾਨ ਬਣਾਈਆਂ ਤੀਵੀਆਂ) ਦੇ ਸਿਰ ਤੋਂ ਪੈਰ ਤਕ ਕਪੜੇ ਜ਼ਬਰਨ ਪਾੜੇ ਤੇ ਦੂਜੇ ਪਾਸੇ(ਹਿੰਦੂ ਇਸਤ੍ਰੀਆਂ ਦੀ) ਓਹੀ ਗਤਿ ਕਰੀ, ਮਾਰ ਹੀ ਦਿਤੀਆਂ॥ ਇਹ ਹਾਲ ਸਾਂਝੇ ਭਾਰਤੀ (ਹਿੰਦੂ ਮੁਸਲਮਾਨ) ਦਾ ਹੁੰਦਾ ਰਿਹਾ; ਜਦ ਤਕ ਮੁਗ਼ਲ ਬਾਦਸ਼ਾਹ ਜ਼ਹੀਰ-ਉਦ-ਦੀਨ ਬਾਬਰ ਨੇ ਈਸ੍ਵੀ 1530 'ਚ ਪੰਜਵੇਂ ਹਮਲੇ'ਚ ਅਪਣੀ ਸਲਤਨਤ ਕਾਇਮ ਕਰਨ ਕਾਰਣ ਪਿਛੋਂ ਦੋ 'ਕ ਸੌ (200) ਸਾਲ ਉੱਤਰ ਦਿਸ਼ਾ ਤੋਂ ਧਾੜਾਂ ਬੰਦ ਰਹੀਆਂ॥ ਪਰ ਸੰਨ 1730-1840 ਤੋਂ ਭਾਰਤ ਮੋਗ਼ਲ-ਅਫ਼ਗਾਨੀਆਂ ਵਿੱਚ ਫੇਰ ਜੁਧ ਛਿੜ ਗਇਆ॥

ਨਾਦਰ ਸ਼ਾਹ ਅਬਦਾਲੀ ਪਿਛੋਂ ਅਹਮਦ ਸ਼ਾਹ ਦੁਰਾਨੀ ਕਰੀਬਨ ਹਰੇਕ ਸਾਲ ਭਾਰਤ ਉਤੇ ਹਮਲਾ ਕਰਦਾ ਸੀ॥ ਓਸ ਵੇਲੇ ਮਜਬੂਰਨ ਗੁਰੂਸਿੱਖ ਸਿੰਘਾਂ ਦੀ ਭਾਰਤੀ ਹਿੰਦੂ ਧਰਮੀ ਸ਼ਰਣ ਲੈਦੇ ਸਨ ਜਿਸਦਾ ਵਰਣਨ ਅੱਗੇ ਪ੍ਰਸੰਗ ਅਨੁਸਾਰ ਕਰਨਾ ਠੀਕ ਰਹੇਗਾ॥ ਜਿਸ ਤਰ੍ਹਾਂ ਪੰਜ-ਸਤ ਸੌ ਸਾਲ ਐਸੀ ਵਿਵਸਥਾ ਰਹੀ ਕਿ ਹਿੰਦ ਨਾਸਤਿਕ ਜੈਨ, ਬੁਧਾਂ ਦੇ ਪ੍ਰਭਾਵਿਤ ਜੋਗੀਆਂ, ਸੰਨਿਆਸੀਆਂ ਦੀ ਅਹਿੰਸਾ ਪਰਮੋ ਧਰਮ, ਮੁਖ ਨਾਰਾ ਬਣਾ ਛਡਣ ਕਾਰਣ ਧਾੜਾਂ, ਲੁਟ ਮਾਰ, ਇਸਤ੍ਰੀਆਂ ਦੀ ਬੇਇਜ਼ਤੀ, ਗੁਲਾਮੀ ਚੁਪ ਚਾਪ ਸਹਿੰਦੇ ਰਹੇ॥ ਕਿਸੇ ਹਿੰਦੂ ਧਰਮੀ ਸਾਧ ਨਾ

Sri Satguru Jagjit Singh Ji eLibrary NamdhariElibrary@gmail.com

ਰਾਜੇ ਨੂੰ ਕੋਈ ਉਪਾ ਨਹੀਂ ਸੁਝਾ॥ ਪਹਿਲਾ ਉਪਾਇ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਨੇ ਦਸਿਆ, ਜਾ ਤੁਧੁ ਭਾਵੈ, ਤੇਗ ਵਗਾਵਹਿ,ਸਿਰ ਮੁੰਡੀ ਕਟਿ ਜਾਵਹਿ[ੳ.36]॥ ਪਰ ਉਸ ਵੇਲੇ ਇਹ ਅਮਲੀ ਜਾਮਾ ਪਾਉਣ ਵਾਲੇ ਕੋਈ ਨਹੀ ਸਨ॥ ਦਸ ਪੀੜ੍ਹੀਆਂ ਦੀ ਤਿਆਰੀ ਪਿਛੋਂ ਹੀ ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਨੇ ਅਮਲੀ ਧਰਮ ਪਰੀਖਿਆ ਲਿਤੀ ਅਤੇ ਫੇਰ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦੀ ਹੀ ਸਿਖਿਆ:- ਜਉ ਤਉ ਪ੍ਰੇਮ ਖੇਲਣਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ [ਅ.36] ਸ਼ਬਦ ਰਾਹੀਂ ਸੰਗਤ 'ਚ ਮੰਗ ਕੀਤੀ ਜਿਸਦਾ ਫਲ ਨਾਲ ਦੀ ਨਾਲ ਉਸੇ ਦਿਨ 20,000 ਗੁਰੂਸਿੱਖ ਸਿੰਘ ਸਜੇ(ਗੁਪਤਚਰ ਕਾਜ਼ੀ ਰੁਕਨਲ ਦੀਨ ਦੀ ਲਿਖਤ ਬਾਦਸ਼ਾਹ ਔਰੰਗਜ਼ੇਬ ਨੂੰ ਇਤਲਾਹ ਅਨੁਸਾਰ)[ੲ.36] ਉਸ ਵੇਲੇ ਤੋਂ ਕਈ ਗੁਣਾਂ ਵਧੇ ਗੁਰੂਸਿੰਘ ਦੇ ਵਧਨ ਦਾ ਜ਼ੋਰ ਰਿਹਾ ॥ ਉਸੇ ਆਨੰਦਪੁਰ ਈਸ੍ਵੀ 1699 ਦੇ ਪਹਿਲੇ ਬੈਸਾਖੀ ਖੰਡੇ ਪਹੁਲ ਦਰਬਾਰ ਪਿੱਛੋਂ, ਫੇਰ ਓਹੋ ਜਿਹਾ ਦੂਜਾ ਦਰਬਾਰ ਸੰਨ 1706 ਬੈਸਾਖੀ ਨੂੰ ਦਮਦਮਾਂ ਸ਼੍ਰੀਗੁਰੂ ਕਾਸ਼ੀ ਥਾਪਕੇ ਕੀਤਾ ਜਿਸ ਵਿੱਚ ਕਰੀਬਨ ਪੌਂਣੇ ਲਖ ਲਗਭਗ ਸਿੰਘ ਸਜੇ ਜਿਨ੍ਹਾਂ 'ਚ ਪੰਜ ਪੁਸ਼ਤੈਨੀ ਸਿੱਖ ਪਟਿਆਲਾ, ਨਾਭਾ, ਜੀਂਦ, ਫੂਲ ਬੰਸੀ ਤੇ ਤਿੰਨ ਹੋਰਾਂ ਨੂੰ ਦਸਮ ਸ਼੍ਰੀ ਜਗਦਗੁਰੂ ਜੀ ਨੇ ਖੜਗਾਂਮ੍ਰਿਤ ਛਕਾਇਆ॥ ਓਥੋਂ ਨੌਂ ਮਾਹ ਪਿੱਛੋਂ ਦੱਖਣ ਰਵਾਨਾ ਹੋ, ਗੁਦਾਵਰੀ ਕੰਢੇ ਨਾਂਦੇੜ, ਅਬਚਲ ਨਗਰ ਸੰਨ 1708 'ਚ ਗ੍ਰੰਥਜੀ ਨੂੰ ਸ੍ਰੀਗੁਰੁਤਾ ਦੇ ਜੋਤੀ-ਜੋਤ ਸਮਾਏ॥ ਪਿਛੋਂ ਕੁਛ ਗੁਰੁਸਿੱਖ-ਸਿੰਘ ਅਬਚਲ ਨਗਰ ਰਹੇ, ਬਾਕੀ ਸੰਗਤ ਉੱਤਰ ਭਾਰਤ ਆਪਣੇ ਥਾਂਵ ਮੁੜੇ ਪਰ ਕੁਛ ਰਮਤੇ ਨਿਰਮਲੇ ਸਾਧੂ ਸੰਤ(ਹਿਦੂ)ਤੀਰਥਾਂ ਤੇ ਰਹਿ ਸ਼੍ਰੀਵਿਸ਼੍ਵਗੁਰੂਜੀ ਦੇ ਕਲਿਯੁਗ ਜੀਵ ਉਧਾਰ ਉਪਯੋਗੀ ੧ਓ ਰਾਜਜੋਗ ਗੁਰੁਬਾਣੀ ਰਾਹੀਂ ਦਸਮ ਸ਼੍ਰੀਜਗਦਗੁਰੂ ਗੋਬਿੰਦ ਸਿੰਘ ਦੁਆਰਾ ਮਨਾਏ ਪਰਵ ਬੈਸਾਖੀ, ਤੀਆਂ, ਨੌਰਾਤ੍ਰ, ਦਸ਼ੈਹਰਾ, ਮਾਘੀ, ਬਸੰਤ ਪੰਚਮੀ ਆਦਿਤੇ ਸਭਾ ਲਗਾ ਉਪਦੇਸ਼ ਸ਼੍ਰੀ ਵਿਸ਼੍ਵਗੁਰੂ ਰਾਜਜੋਗ ਸਿਧਾਂਤ ਪਰਚਾਰਦੇ ਸਨ॥

ਨਾਂਦੇੜ ਅਬਚਲ ਨਗਰ(ਹਜ਼ੂਰ ਸਹਿਬ) ਤੋਂ ਆਇ ਉਸੇ ਤਰ੍ਹਾਂ ਨਿਰਮਲੇ ਸੰਤ ਦਰਗਾਹ ਸਿੰਘ, ਖੜਗ ਜੋਧੇ, ਗਤਕੇ ਬਾਜ਼ ਸੰਨ 1709 ਪੰਜ ਸਿੰਘਾਂ ਨਾਲ ਪੰਚ ਨਗਰੀ ਹਰਿਦ੍ਵਾਰ, ਕਨਖਲ ਨਗਰੀ ਤੀਜੇ ਜਗਦਗੁਰੂ (ਗੁਰੂਦ੍ਵਾਰ) ਗੰਗਾ ਘਾਟ ਕੰਢੇ ਆਸ਼੍ਰਮ ਬਣਾਯਾ॥ ਓਨ੍ਹਾਂ ਦੇ ਗਿਆਨ, ਜੀਵਨ ਤੋਂ ਪ੍ਰਭਾਵਿਤ ਹੋਇ ਮੁਸਲਮਾਨ ਮਲਿਕ ਰਾਇ ਅਹਮਦ ਰੁਹੇਲਾ ਨਜੀਵਾਬਾਦੀ ਨੇ ਇਕ ਜੰਗ 'ਚ ਓਹ ਨੂੰ ਬਚੌਣ ਕਰਕੇ ਖੁਸ਼ੀ ਨਾਲ ਕਿਹਾ, ਜਿਤਨੀ ਜ਼ਮੀਨ ਤੁਸੀ ਘੇਰੋਗੇ ਉਤਨੇ ਬਾੜੇ ਦੀ ਸੰਨਦ ਲਿਖ ਤੁਹਾਨੂੰ ਦੇਵਾਂਗਾ ਤੇ ਸੰਨ 1715 ਦੀ ਲਿਖਤ ਦਿਤੀ॥ ਪਿੱਛੋਂ ਮਹਾਰਾਜਾ ਪਟਿਆਲਾ ਦੇ ਮਹਾਰਾਣੀ ਸਦਾ ਕੌਰ, ਆਦਿਆਂ ਨੇ ਭੁਇ ਪਿੰਡ ਮਾਫੀ ਦਾਨ ਏ ਵਜ਼ ਦੇ ਕੇ ਹਵੇਲੀਆਂ ਬਣਾਈਆਂ, ਪਰ ਬਾੜਾ ਬਾਬਾ ਦਰਗਾਹ ਸਿੰਘ ਹੀ ਕਹਾਂਦਾ ਹੈ॥ ਸ਼੍ਰੀ ਵਿਸ਼੍ਵਗੁਰੂ ਨਾਨਕ-ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਰਾਜਜੋਗ ਧਰਮ ਸਿੱਧਾਂਤ ਉਦਾਸੀ ਸਾਧੂ, ਨਿਰਮਲ ਸਿੰਘ-ਸੰਤ ਉਸ ਸਮੇ ਤੋਂ ਪ੍ਰਚਾਰ ਕਰਣ ਲਈ(ਹਿੰਦੂ) ਤੀਰਥਾਂ ਉਤੇ ਸੰਗਠਨ ਕਰਦੇ ਸਨ, ਕੁੰਭਾਂ, ਅਰਧ-ਕੁੰਭਾਂ ਉਤੇ ਇੱਕਠੇ ਵਿਵਿਹਾਰਿਕ-ਅਧਿਆਤਮ ਧਰਮ ਸ਼ਾਸਤ੍ਰ ਵਿਧਾਨ

36. ਗੁਰੂ ਕੀਆਂ ਸਾਖੀਆਂ, ਸੰਨ.1790 ਸਾਖੀ:100-101॥ ਗੁਰੁਪ੍ਰਤਾਪ ਸੂਰਜ:ਤੇ ਨਿਰਮਲ ਪੰਥ ਪ੍ਰਦੀਪਕਾ ਸਾਖੀ 12 ਅਗੇ, ਆਦਿ॥

Sri Satguru Jagjit Singh Ji eLibrary NamdhariElibrary@gmail.com

ਇਕਠੇ ਹੋਇ, ਹਿੰਦੂਆਂ ਨੂੰ ਕਲਿਜੁਗੁ ਉਧਾਰ ਰਾਜ ਜੋਗ ਕੀਰਤਨ ਰਾਹੀਂ ਦਿੰਦੇ ਸਨ॥ ਸੰਨ 1710 ਹਰਿਦ੍ਵਾਰ ਕੁੰਭ ਤੇ ਬਾਬਾ ਦਰਗਾਹ ਸਿੰਘ ਡੇਰੇ ਪਰ ਸ਼੍ਰੀ ਜਗਦਗੁਰੂ ਦਾ ਲੰਗਰ ਅਤੁਟ ਬਰਤਿਆ ॥ ਅਨੇਕ ਪ੍ਰਸਿੱਧ ਚੇਲੇ ਨਿਰਮਲੇ ਸੰਤ, ਤੀਜੇ ਸ਼੍ਰੀ ਜਗਦਗੁਰੂ ਅਮਰ ਦਾਸ ਗੁਰੁਦ੍ਵਾਰੇ ਇਕੱਠੇ ਹੋਏ ਜਿਨ੍ਹਾਂ ਵਿੱਚ ਪ੍ਰਸਿਧ ਸੰਤਾਂ ਦੀ ਕਦੀਮੀ ਲਿਖੀ ਫੈਹਰਿਸਤ ਹੁਣ ਤਕ ਬਹੀਆਂ 'ਚ ਦਰਜ ਹੁੰਦੀ ਜਾ ਰਹੀ ਹੈ ॥ ਉਸ ਕੁੰਭ ਉਤੇ ਪ੍ਰਸਿਧ ਦਸਮ ਸ਼੍ਰੀਜਗਦਗੁਰੂਜੀਦੇ ਨਿਰਮਲੇ ਆਦਿ ਸੰਤ ਤੇ ਚੇਲ ਇਕਠੇ ਹੋਇ॥ ਨਿਰਮਲ ਸੰਤ ਦਰਗਾਹ ਸਿੰਘ, ਸੰਤ ਮਸਤਾਨ ਸਿੰਘ ਮਹਿਰਾਜ ਕੇ, ਸੰਤ ਰਾਮ ਸਿੰਘ ਕੁਵੇਰੀਏ, ਸੰਤ ਜਮੀਤ ਸਿੰਘ, ਸੰਤ ਨਿਕਾ ਸਿੰਘ ਮਹੰਤ ਬਰਨਾਲਾ, ਸੰਤ ਧਰਮ ਸਿੰਘ ਛੋਟੇ ਠੀਕਰੀਵਾਲ, ਸੰਤ ਸੱਦਾ ਸਿੰਘ ਸ਼ਿਵ ਕਾਸ਼ੀ ਬਨਾਰਸੀ, ਤੀਜੇ ਸ਼੍ਰੀਜਗਦਗੁਰੂ ਬੰਸੀ ਸੰਤ ਮਸਤਾਨ ਸਿੰਘ ਭੱਲੇ ਚੇਲੇ ਸੰਤ ਪੰ. ਨਿਹਾਲ ਸਿੰਘ(ਸੰਸਕ੍ਰਿਤ ਜਪੁ ਟੀਕਾ ਕਰਤਾ) ਸ਼ਿਵ ਕਾਸੀ, ਸੰਤ ਚੇਤ ਸਿੰਘ ਕੈਂਥਲ, ਸੰਤ ਗੁਲਾਬ ਸਿੰਘ(ਮੋਕਸ਼ ਪੰਥ) ਗਿਰਵੜੀ, ਸੰਤ ਭਗਤ ਸਿੰਘ, ਸੰਤ ਰਣ ਸਿੰਘ, ਸੰਤ ਧਰਮ ਸਿੰਘ ਅੰਮ੍ਰਿਤਸਰੀ, ਸੰਤ ਸੁਚਾ ਸਿੰਘ (ਗੁਰੂ ਕੌਮਦੀ ਕਰਤਾ) ਆਦਿ ਬਹੁਤ ਸੰਤ ਇਕਠੇ ਹੋਏ॥ ਇਸ ਤਰ੍ਹਾਂ ਤਿਨ ਕੁੰਭ ਬੀਤਨ ਤੇ, ਦੋ ਸੌ ਸਾਲਾਂ ਪਿਛੋਂ ਉਤਰ ਦਿਸ਼ਾ ਫਾਰਸੀ ਨਾਦਰ ਸ਼ਾਹ ਅਬਦਾਲੀ ਨੇ ਪੰਜਾਬ ਵਿਚੋਂ ਧਾੜਾਂ ਮਾਰ ਲੰਘ ਕੇ ਮੁਗਲ ਸਲਤਨਤ ਦਾਰੁਖਲਾਫਾ ਦਿਲੀ ਉਤੇ ਹਮਲਾ ਕੀਤਾ; ਲੁਟ ਮਾਰ ਕਰਦਾ ਵਾਪਸ ਕਰੋੜਾਂ ਦੀ ਸੰਪਤਿ ਲੈ ਅਤਿਆਚਾਰ ਕਰਦਾ ਮੁੜ ਗਇਆ॥ ਉਸ ਤੋਂ ਮਗਰੋਂ ਓਸੇ ਦਿਸ਼ਾ ਦਾ ਅਫਗਾਨ ਸ਼ਾਹ ਐਹਮਦ ਸ਼ਾਹ ਦੁਰਾਨੀ ਧਾੜਵੀਆਂ ਨਾਲ ਅਤੇ ਉਸ ਪਿੱਛੋਂ ਉਸਦਾ ਪੁਤ ਤਿਮੂਰ ਸ਼ਾਹ ਕਰੀਬਨ ਹਰ ਸਾਲ ਆਪਣੇ ਰਾਜ ਕਾਲਾਂ 'ਚ ਹਮਲੇ ਕਰਦਾ ਰਹਿਆ॥ ਐਸੀ ਪਰਸਥਿਤੀ ਕਾਰਣ ਪੰਜਾਬ ਦੇ ਹਰੇਕ ਵਰਣ ਜਾਤੀ ਦੇ ਹਿੰਦੂ, ਹੋਰ ਚਾਰਾ ਨਾ ਦੇਖ ਆਪਣੇ ਆਪ ਹੀ ਗੁਰੂਸਿੱਖ-ਸਿੰਘ ਨਿਰਮਲੇ ਸੰਤਾਂ ਤੋਂ ਪ੍ਰਭਾਵਿਤ, ਗੁਰੂਸਿੱਖ-ਸਿੰਘ ਸਜਕੇ ਆਪਣੇ ਮੁਲਕ ਦੀ ਆਪ ਰਖਿਆ ਲਈ ਉਤਾਵਲੇ ਹੋਏ ਜਲਦੀ ਗੁਰੂਖਾਲਸਾ ਸਿੰਘ ਫੌਜ 'ਚ ਭਰਤੀ ਹੋਏ ਉੱਤਰ ਦਿਸ਼ਾ ਦੇ ਧਾੜਵੀ ਰੋਕਣ ਲਈ ਜਾਨ ਤੋੜਕੇ ਜੂਝਦੇ ਰਹੇ॥ ਗੁਰੁਸਿੰਘਾਂ ਦੇ ਮਹਾਂਜ਼ੋਰ ਕਾਰਣ ਕਰੀਬ ਇੱਕ ਹਜ਼ਾਰ (1000) ਸਾਲਾਂ ਪਿਛੋਂ ਉੱਤਰ ਦਿਸ਼ਾਵੀ ਧਾੜਾਂ ਸਦਾ ਲਈ ਹੀ ਬੰਦ ਹੋ ਗਈਆਂ॥

5. ਈਸ੍ਵੀ ਸੰਨ 1800-57/58 ਪਿੱਛੋਂ ਅੰਗਰੇਜ਼ੀ ਪੰਜਾਬੀ ਹਿੰਦੂ-ਗੁਰੂਸਿੱਖ ਪਿਛਲੀ ਰੀਤ ਅਨੁਸਾਰ ਸ਼੍ਰੀਜਗਦਗੁਰੂ ਰਾਜਜੋਗ ਸਿਧਾਂਤ ਗੁਰੁ ਸਿੰਘ ਧਰਮ ਪੰਥ ਪ੍ਰਚਾਰ ਕੁੰਭ, ਅਰਧ ਕੁੰਭ ਚਲੀ ਪ੍ਰਥਾ ਗੁਰੂਸਿੰਘ ਬਣੋਨ ਦੀ ਪਿਛਲੀ ਸਦੀ ਤੋਂ ਚਲੀ ਚਾਲ ਅੰਗ੍ਰੇਜ਼ ਜੱਜ ਮੈਕਾਲਿਫ ਇਤਿਹਾਸਿਕ ਲੋੜ ਉਤੇ ਗ਼ੌਰ ਨਾ ਕੀਤਾ॥ ਕਾਰਣ ਇਹ ਸੀ:-ਅੰਗ੍ਰੇਜ਼ੀ ਰਾਜ ਨੀਤੀ ਸਦਾ ਦੀ ਤਰ੍ਹਾਂ ਕੇਵਲ ਗੁਰੂਸਿਖ ਸਾਰੇ ਸੰਪ੍ਰਦਾਇਆਂ (ਸਹਜਧਾਰੀ, ਸਿੰਘ(*Gurü-Sikh* Religious Denominations Segregation) ਫਾੜਨੇ ਸਨ; ਜਿਸ ਫਾੜ ਨੀਤੀ ਕਾਰਣ ਹੀ ਉਸ ਨੇ ਗੁਰੂਸਿੱਖ ਨਿਰਮਲ ਸਿੰਘਾਂ ਨੂੰ ਬਾਰ ਬਾਰ(ਹਿੰਦੂ)ਤੀਰਥਾਂ ਉਤੇ ਜਾਣ ਲਈ ਬਹੁਤ ਮਨੋਭਾਵਕ ਵਿਵਹਾਰਿਕ ਫਾੜ ਪੌਣਾ, ਰੋਕਣ ਦੇ ਅਨੇਕ ਬਿਮਾਰੀਆਂ ਹੋਣਦੇ ਕਾਰਣ ਲਿਖੇ ਕਿਉਂਕਿ ਉਸ ਕਾਲ 'ਚ ਕੇਵਲ ਗੁਰੂਸਿੱਖ-ਨਿਰਮਲਾਂ ਨੂੰ "ਸਿੰਘ" ਸਦਾ ਸਕਦੇ ਸਨ; ਕਿਉਂ ਓਹੀ ਗੁਰਸਿੰਘ

Sri Satguru Jagjit Singh Ji eLibrary NamdhariElibrary@gmail.com

ਦੀਕਸ਼ਕ ਪਰਚਾਰਕ ਸਨ; ਮੈਕਾਲਫ ਨੇ ਲਿਖਤ'ਚ ਮੰਨਿਆ[ਜ.36]॥ ਅੱਜ ਦੀ ਤਰ੍ਹਾਂ, ਉਦੋਂ ਮੋਟਰਾਂ, ਬਸਾਂ, ਰੇਲ ਆਦਿ ਸਹੂਲਤਾਂ ਨਹੀ ਸਨ॥ ਹਿੰਦੂਆਂ, ਸਹਿਜਧਾਰੀਆਂ ਦੇ ਘਰਾਂ 'ਚ ਮਿਲਨੇ ਬਹੁਤ ਔਖੇ ਸੀ, ਇਸ ਕਰਕੇ ਬਿਨਾ ਨਿਮੰਤ੍ਰਣ, ਸ਼ਾਸਤ੍ਰ ਤੀਰਥ ਵਿਧਾਨਿਤ ਮਹਾਂਕੁੰਭ, ਅਰਧ-ਕੁੰਭ ਪਰਵਾਂ ਤੇ ਆਪੇ ਆਏ ਹਿੰਦੂ ਤੀਰਥ-ਯਾਤ੍ਰੀ ਧਰਮ ਮਹੌਲ ਪ੍ਰਭਾਵਿਤ ਹੁੰਦੇ ਸਨ॥ ਉਨ੍ਹਾਂ ਕੁੰਭਾਂ ਤੇ ਉਪ-ਪਰਵਾਂ ਉਤੇ ਹਿੰਦੂ ਗੁਰੁਸਿਖ-ਸਿੰਘ ਸਾਜਣੇ ਸੌਖੇ ਸਨ ਤੇ ਦਿਗਵਿਜੈ ਕਾਲੀ ਰੇਲਾਂ ਦੇ ਗਮਨਾਗਮਨ ਕਾਰਣ ਸੌਖ ਹੋਰ ਵੀ ਚੜ੍ਹਦੀਕਲਾ ਵਾਲਾ ਹੋ ਗਇਆ॥ ਉਸ 'ਚ ਨਿਰਮਲੇ ਗੁਰੁਸਿੱਖ-ਸਿੰਘਾਂ ਨੇ ਭਿੰਨ ਭਿੰਨ ਸੰਪ੍ਰਦਾਇ ਦੇ ਸਾਕਤ ਤਾਂਤ੍ਰਿਕ, ਵੈਸ਼ਣਵ ਦ੍ਵੈਤ ਸਿਧਾਂਤੀ ਤੇ ਸੰਨਿਆਸੀਆਂ ਨਾਲ ਬੜੀ ਤਾਰਕਿਕ ਗਹਿਰਾਈ ਆਲੋਚਨਾ ਤੀਰਥ ਮੰਚਾਂ ਉਤੇ ਜ਼ਬਾਨੀ, ਤੇ ਆਸ਼੍ਰਮਾਂ, ਮਠਾਂ 'ਚ ਬੈਠ ਟੀਕੇ, ਟਿੱਪਣੀਆਂ ਲਿਖ ਸ੍ਰੀਗੁਰੁ ਧਰਮ ਸ਼ਾਸਤ੍ਰ ਤੁਲਨਾਤਮਕ ਤੁਕਾਂ ਮਿਲਾ ਕੇ ੧ਓ ਸਿਧਾਂਤ ਰੂੜੀ ਬਾਣੀ 'ਚ ਪ੍ਰਚਾਰ, ਛੇ ਅੰਗਾਂ(1.ਕੋਸ਼, 2.ਵਿਆਕਰਣ, 3.ਛੰਦ, ਅਲੰਕਾਰ, 4.ਨਿਰੁਕਤ) ਆਦਿ ਪਰਿਭਾਸ਼ਿਕ ਗ੍ਰੰਥ ਲਿਖੇ(ਜਾਂ ਪੱਥਰ ਛਾਪ ਲੈਕੇ) ਤੀਰਥਾਂ ਦੇ ਇਕੱਠਾਂ 'ਚ, ਮੰਚਾਂ ਉਤੇ ਸ਼ਾਸਤ੍ਰਾਰਥ ਗੋਸ਼ਟਾਂ ਲਈ ਸਾਰੇ ਧਰਮਾਂ ਦੇ ਵਿਦ੍ਵਾਨ ਲਲਕਾਰੇ, ਜੋ ਹੁਣ ਤਕ ਉਸੇ ਤਰ੍ਹਾਂ ਕਰਦੇ ਹਨ॥ ਉਸ ਕਾਲ ਬੇਦ-ਕਤੇਬ ਖਟ-ਦਰਸ਼ਨ ਪ੍ਰਸਿੱਧ ਸੰਪ੍ਰਦਾਇ ਪ੍ਰਧਾਨ ਮੰਡਲੇਸ਼੍ਵਰਾਂ ਦੇ ਪਰਿਭਾਸ਼ਿਕ ਨੇਮਾਂ(Hermeneutic Technique) ਅਨੁਸਾਰ ਸ਼ਾਸ਼ਤ੍ਰਾਰਥ 'ਚ ਸਾਰੇ ਹਾਰ ਦੇਖਦੇ ਸਨ॥ ਇਥੈ ਤਕ ਉਸ ਕਾਲ ਦੇ ਰੁਹੇਲ ਖੰਡ, ਬਘੇਲ ਖੰਡ, ਬੰਧੇਲ ਖੰਡ, ਮੱਧ ਭਾਰਤ, ਮਰ੍ਹਾਠੇ ਰਾਜੇ, ਮਹਾਰਾਜੇਆਂ ਸਾਹਮਣੇ ਬੜੇ ਬੜੇ ਧੁਰੰਦਰ ਖਟ-ਦਰਸ਼ਨੀ ਮੰਡਲੇਸ਼੍ਵਰ ਵਿਦ੍ਵਾਨਾਂ ਨੇ ਮੰਚਾਂ ਉਤੇ ਹਜ਼ਾਰਾਂ ਦੇ ਇਕੱਠ ਸਾਹਮਣੇ ਨਿਰਮਲੇ-ਸਿੰਘ ਸੰਤਾਂ ਤੋਂ ਹਾਰ ਮੰਨੀ॥ ਸ਼ਾਸਤ੍ਰਾਰਥ ਦ੍ਵੰਦਾਂ 'ਚ ਵਿਜੈ ਪ੍ਰਾਪਤ ਕਾਰਣ ਗੁਰੁਪੰਥੀ ਨਿਰਮਲੇ ਅਖਾੜੇ ਸਾਧੂਆਂ ਨੂੰ ਬਹੁਤ ਪੁਰਸਕਾਰ ਰੂਪ ਜਾਗੀਰਾਂ ਤ੍ਰਿਯੰਬਕ ਆਦਿ ਕੁੰਭਾਂ ਉਤੇ ਦਖਣੀ ਮਰ੍ਹਾਟੇ ਮਹਾਰਾਣੇ, ਮਹਾਰਾਜੇਆਂ ਨੇ ਦਿਤੀਆਂ ਜਿਨ੍ਹਾਂ ਦੇ ਹੁਣ ਵੀ ਪਟੇ ਉਨ੍ਹਾਂ ਪਾਸ ਹਨ ਤੇ ਓਨ੍ਹਾਂ ਰਾਜ ਤਹਸੀਲਾਂ ਦੀਆਂ ਗਿਰਦਾਵਰੀ ਮਿਸਲਾਂ ਆਦਿ 'ਚ ਦੇਖੀਆਂ ਜਾ ਸਕਦੀਆਂ ਹਨ ॥

ਸੰਨ 1750 ਤੋਂ 1870 ਕਾਲ 'ਚ ਇਕ ਬੜੀ ਭਾਰੀ ਗੱਲ ਹੋਈ: ਸ਼੍ਰੀਗੁਰੂ ਬਚਨ ਅਨੁਸਾਰ ਵਿਦਵਾਨਾਂ'ਚ ਆਮ ਅਹੰਕਾਰ (Pedantic) ਦੋਸ਼ ਦੇਖੀਦਾ ਹੈ: ਸਭੁ ਕੋ ਪੂਰਾ ਆਪੇ ਹੋਵੈ, ਘਟਿ ਨ ਕੋਈ ਆਖੈ[ਜ.36]॥ ਵਡੇ ਵਿਦ੍ਵਾਨ ਅਡ ਹੋਕੇ ਆਪੇ ਸਰਵੋਤਮ ਕਹਾਂਦੇ ਹਨ ਪਰ ਉਸ ਸਮੇ ਇਹ ਬੜੀ ਭਾਰੀ ਗਲ ਹੋਈ। ਸਮੂਹ ਭਾਰਤ ਖਟ-ਦਰਸ਼ਨੀਆਂ ਵਿੱਚ ਸ਼੍ਰੀਵਿਸ਼੍ਵਗੁਰੂ ਨਾਨਕ ਸਿਧਾਂਤ ਸਾਹਮਣੇ ਸਾਰੇ ਹੀ ਹਾਰ ਮਨੇ॥ ਨਿਰਮਲੇ ਨਿਰਹੰਕਾਰੀ ਗੁਰੁਸਿੱਖ ਅੱਡ ਹੁੰਦੇ ਵੀ ਜਲ 'ਚ ਜਲ ਤਰੰਗ ਤਰ੍ਹਾਂ ਇਕੋ ਜਲ ਰੂਪ ਸਾਰਿਆਂ 'ਚ ਇਕੋ ਘੁਲੇ ਮਿਲੇ ਵਿਆਪਕ ੧ਓ, ਬਿਨਾ ਹੰਕਾਰ ਵੈਸ਼ਣਵ ਸੰਪ੍ਰਦਾਇ: ਰਾਮਾਨੁਜ, ਨਿੰਬਾਰਕ, ਮੱਧਵ, ਵੱਲਭ, ਚੇਤਨ ਦ੍ਵੈਤਮਤੀ ਆਦਿ, ਅਤੇ ਸ਼ੰਕਰ ਸੰਨਿਆਸ ਮਤੀ, ਅਦ੍ਵੈਤ ਵੇਦਾਂਤੀ ਮੰਡਲੇਸ਼੍ਵਰਾਂ ਕੇਵਲ ਕਰਮ ਸਮੁਚੈ ਮੰਨਣ ਵਾਲੇਆਂ ਨੇ ਨਿਰਮਲੇ ਸਿੰਘ ਸੰਤਾਂ ਦੀ ਸਮ ਸਮੁਚੈ ਗੋਸ਼ਟ ਵੀ ਮੰਨੀ, ਅਤੇ ੧ਓ ਦੇ ਕਰਮ(ਰਾਜ)ਜੋਗ ਨਿਸ਼ਠਾ ਸਮੂਹ ਖਟ-ਦਰਸ਼ਨ ਨੇ ਹਾਰ ਕੇ ਕਲਿਯੁਗ ਉਧਾਰ ਸਿਧਾਂਤ ਮੰਨਿਆ,

Sri Satguru Jagjit Singh Ji eLibrary NamdhariElibrary@gmail.com

ਜੋ ਸ਼੍ਰੀਗੁਰੂਵਿਸ਼੍ਰ ਦਰਸ਼ਨਿਕ ਅਧਿਆਤਮ ਕਰਮ ਆਧਾਰ, 4 ਨੀਵੀਂਆਂ, 9 ਮੱਧ ਅਪੁਰਾ-ਭਗਤੀਆਂ ਅਤੇ 1 ਪਰਾ-ਭਗਤੀ= ਚੌਦਾਂ ਰਤਨ[ਕ.37] ਭਗਤੀਆਂ ਦਾ ਵਿਲੱਖਣ ਅਧਾਰ ਜੋੜ ਮੰਨਿਆ॥

6. ਉਸ ਕਾਲ ਦੇ ਹਿੰਦੂ ਤੇ ਗੁਰੁਸਿਖ ਰਾਜਵਾੜੇਆਂ ਦੇ ਮਹਾਰਾਜੇ, ਰਾਜੇ, ਸਰਦਾਰ, ਰਈਸ ਆਦਿ ਗੁਰਗਮ ਟਕਸਾਲੀ ਸਿੱਧਾਂਤ ਗੁਰੁਸਿਖ ਉਦਾਸੀ ਸਾਧੂ-ਨਿਰਮਲੇ ਸੰਤਾਂ ਰਾਹੀਂ ਪਠਨ-ਪਾਠਨ ਸਮਝੌਣਾ ਅਤੇ ਗੁਰੂ ਇਤਿਹਾਸਿਕ ਪ੍ਰਚਾਰ ਕਾਰਣ ਗੁਰਦ੍ਵਾਰੇ ਬਣਵੌਂਦੇ ਰਹੇ॥ ਵਿਸ਼ੇਸ਼ ਕਰ ਦੂਰ ਨਜ਼ਦੀਕ ਹਿੰਦੂ ਮਹਾਤੀਰਥ, ਹਰਿਦ੍ਵਾਰ: ਪੰਚ ਨਗਰੀ: ਕਨਖਲ, ਕੁੰਭਾਂ,ਅੱਧ ਕੁੰਭਾਂ ਤੇ ਜਾਕੇ ਗੁਰੁਸਿਖ ਧਰਮ, ਤੇ ਵਿਸ਼ੇਸ਼ ਸ੍ਰਤੰਤ੍ਰ ੧ਓ ਦਾ ਗੁਰੁਗਮ ਸਿਧਾਂਤ ਪ੍ਰਚਾਰਦੇ, ਅਤੇ ਸੰਗਠਿਤ ਸੰਨਿਆਸੀ, ਵੈਸ਼ਣਵ ਵੈਰਾਗੀ ਅਖਾੜੇ ਮੰਡਲੇਸ਼੍ਵਰਾਂ ਨਾਲ ਦਿੱਗਵਿਜੈ ਸ਼ਾਸਤ੍ਰਾਰਥ, ਗੋਸ਼ਟੀਆਂ ਕਰਦੇ ਸਨ ਜਿਨ੍ਹਾਂ ਕਾਰਣਾਂ ਕਰਕੇ ਸੰਨਿਆਸੀ, ਵੈਰਾਗੀ ਸੁਭਾਵਿਕ ਹੀ ਗੁਰੁਸਿੱਖ ਸਾਧੂ-ਸੰਤਾਂ ਨਾਲ ਈਰਖਾ ਦ੍ਵੇਸ਼ ਕਰਣ ਲਗ ਪਏ॥

7. ਇਸ ਤਰ੍ਹਾਂ ਪਹਿਲੇ ਉੱਤਰ ਪੰਜਾਬ ਲਾਹੌਰ ਮਹਾਰਾਜਾ ਰਣਜੀਤ ਸਿੰਘ (1773-1833) ਅਤੇ ਦੱਖਣ ਪੰਜਾਬ ਫੂਲਕੀਆਂ ਨਾਨਕੇ ਪਟਿਆਲਾ ਮਹਾਰਾਜਾ ਸਾਹਿਬ ਸਿੰਘ(1773-81-1813) ਰਾਜ ਵੇਲੇ ਸੰਨਿਆਸੀ ਅਖਾੜਾ ਨਾਂਗੇ ਅੱਗ੍ਰਗਣਾਂ ਨੇ ਸ਼੍ਰੀਗੁਰੁਸਿੱਖ ਉਦਾਸੀ ਅਖਾੜੇ ਹਰਿਦ੍ਵਾਰ ਮਹਾਕੁੰਭ ਸੰਗਠਨ ਉਤੇ ਪਹਿਲੀ ਵਾਰ ਈਰਖਾ, ਦ੍ਵੇਖ ਕਾਰਣ ਜੋਸ਼ ਵਿਚ ਆਕੇ ਧਾਵਾ ਕੀਤਾ, ਐਥੇ ਤਕ ਸ਼੍ਰੀਗੁਰੂ ਗ੍ਰੰਥ ਸਾਹਿਬ ਜੀ ਤੇ ਤਲਵਾਰਾਂ ਮਾਰੀਆਂ॥ ਇਹ ਹਾਲ ਗੁਰੁਸਿੱਖ ਉਦਾਸੀ ਅਖਾੜੇ ਦਾ ਦੇਖ, ਉਸ ਵੇਲੇ ਬਿਨਾ ਅਖਾੜੇ ਦੇ ਰਮਤ ਨਿਰਮਲੇ-ਸਿੰਘ ਸੰਤਾਂ ਤੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਸਹਾਰੀ ਨਾ ਗਈ॥ ਉਸੇ ਅੰਗ੍ਰੇਜ਼ੀ ਇਲਾਕੇ ਪਰਵ ਤੇ ਆਏ ਪਟਿਆਲਾ ਮਹਾਰਾਜਾ ਸਾਹਿਬ ਸਿੰਘ ਤੇ ਹੋਰ ਬਹੁਤ ਸਿੱਖ ਰਾਜੇ, ਸਰਦਾਰਾਂ ਨੂੰ ਨਿਰਮਲੇ-ਸਿੰਘਾਂ ਪੂਜਨੀ ਸੰਤਾ ਨੇ ਇਕਠੀ ਸੰਗਤ ਨੂੰ ਪ੍ਰੇਰਿਆ॥ ਓਨ੍ਹਾਂ ਨੂੰ ਮਹਾਰਾਜਾ ਅਤੇ ਸਰਦਾਰਾਂ ਰਾਹੀਂ ਸਬਕ ਦਵੌਣਾ ਠੀਕ ਸਮਝਿਆ ਜਿਸਦਾ ਫਲ ਇਹ ਹੋਯਾ, ਪਟਿਆਲੇ ਮਹਾਰਾਜਾ ਸਾਹਿਬ ਸਿੰਘ ਨਾਲ ਆਈ ਸਿੰਘ ਫੌਜ ਨੇ ਪਹਿਲਾਂ ਨਾਂਗੇਆਂ ਦੀ ਖਬਰ ਲਿਤੀ, ਫੇਰ ਸਿਰਮੁੰਡੇ ਪਾਂਡੇ ਸੋਧੇ॥ ਅੰਤ 'ਚ ਮਹਾਰਾਜਾ ਸਾਹਿਬ ਸਿੰਘ ਨੇ ਪਟਿਆਲੇ ਉਦਾਸੀ ਧੂਣੇ ਦੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਬੇਇਜ਼ਤੀ ਹੋਈ ਏਵਜ਼ ਉਸੇ ਧੂਣੇ ਨਾਮ ਝੰਡੀ ਤੇ ਭੈਣੀ ਦੋ ਪਿੰਡ ਦਾਨ ਰੂਪ ਮਾਫੀ ਜਾਗੀਰ ਲਾ ਦਿਤੀ॥ ਬਾਰਾਂ ਸਾਲਾਂ ਮਗਰੋਂ ਫੇਰ ਜਦ ਹਰਿਦ੍ਵਾਰ ਮਹਾਂਕੁੰਭ ਆਯਾ, ਉਸ ਵੇਲੇ ਫੇਰ ਵਿਰੋਧੀਆਂ ਛੇੜ ਛਾੜ ਕੀਤੀ॥ ਪਿਛਲੀ ਤਰ੍ਹਾਂ ਨਵੇਂ ਪਟਿਆਲਾ ਮਹਾਰਾਜਾ ਨਰੇਂਦ੍ਰ ਸਿੰਘ(1823-45-62) ਨੇ ਮੌਕਾ ਸੰਭਾਲਿਆ॥

37. ਉ.ਪੰ.145ਯ21 ਅ.ਪੰ. 141221:21 ਏ.ਮੈਕਾਲਿਫ Sikh Religion, Vol.I.Pre.pp.s. ਪੰ.141ਹ.ਪੰ.ਸ਼੍ਰੀਗੁਗ੍ਰੰਜੀ, ਹ.ਪੰ.468: 41 ਕ. ਸ਼੍ਰੀਭਗਵਦ ਗੀਤਾ:7116-18 "चतुर्विधा भजन्ते मां जना: सुकृतिनोऽर्जुन। आर्तो जिज्ञासुरर्थार्थी ज्ञानी च भरतर्षभ॥१६॥तेषां गानिनो नित्य युक्त एकभक्तिर्विशिष्यते। प्रियो हि ज्ञानिनो ऽत्यर्थमहं स च मम प्रिय:॥"१७॥उदारा: सर्व एवैते गानी त्वात्मैव मे मतम्। आस्थित:स हि युक्तात्मा मामे वा नुत्तमां गतिम्॥ ते त्रिन तरह्ां दे गिआन: "सर्वभूतेषु येनैकं भावमव्ययमीक्षते। अविभक्तेषु तज्ज्ञानं विद्धि सात्त्विकम् ॥ २० - २२।१८॥"

Sri Satguru Jagjit Singh Ji eLibrary NamdhariElibrary@gmail.com

ਨਿਰਮਲੇ ਰਾਜ ਗੁਰੂ ਤੇ ਨਾਮੀ ਸੰਤਾਂ ਦੀ ਸਿਖਿਆ ਪ੍ਰੇਰਣਾ ਨੂੰ ਅਮਲੀ ਰੂਪ ਦੇਣਾ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੰਚੈਤੀ ਨਿਰਮਲ ਆਖਾੜਾ ਬਣੌਨ ਦਾ ਪਹਿਲੀ ਵਾਰ ਓਸ ਅੰਗ੍ਰੇਜ਼ੀ ਇਲਾਕੇ 'ਚ ਸੰਗਠਿਤ ਗੁਰੂਸਿੰਘ-ਸਿਖ ਸੰਗਤ ਵਿੱਚ ਏਲਾਨ ਕੀਤਾ, ਹੁਣ ਗੁਰੂਸਿੱਖ-ਸਿੰਘ ਸੰਸਥਾ ਬਣੌਣੀ ਜ਼ਰੂਰੀ ਹੋ ਗਈ ਹੈ॥ ਓਸ ਦੇ ਬਨਾਣ ਨਾਲ ਅੱਗੇ ਕਿਸੇ ਨੂੰ ਬਾਧਾ ਕਰਣ ਦੀ ਹਿੰਮਤ ਨਹੀਂ ਪੈਣੀ॥ ਉਸ ਸੰਸਥਾ 'ਚ ਸਾਰੇ ਭਾਰਤ ਦੇ ਕੇਵਲ ਉੱਚਕੋਟੀ ਗੁਰੁਗਮ ਪਠਿਤ ਤੇ ਰਹਿਣੀ ਵਾਲੇ ਨਿਰਮਲ ਗੁਰੁਸਿੱਖ-ਸਿੰਘ ਸੰਤ ਵਿਦ੍ਵਾਨ ਸਮਿਲਤ ਹੋਕੇ ਸ਼੍ਰੀਗੁਰੂ ਗੋਬਿੰਦ ਸਿੰਘ ਜੀ ਦੀਕਸ਼ਤ ਵੀਰ ਰਸ ਧਰਮ ਵਿਧਾਨ ਅਨੁਸਾਰ ਚਲਾਨ॥ ਸ਼੍ਰੀ ਗੁਰੁਬਾਣੀ ਮੀਰੀ-ਪੀਰੀ ਵਿਧਾਨ ਆਧਾਰਿਤ ਇਤਿਹਾਸ ਸਾਹਿਤ ਸੰਗ੍ਰਹ ਕਰ ਉਸੇ ਦੀ ਕ੍ਰਮ ਵਿਧੀ ਸਿਖਿਆ ਪਹਿਲੂਆਂ ਨੂੰ ਅਮਲੀ ਰੂਪ 'ਚ ਚਲਾਇਆ ਜਾਵੇ ਆਦਿ॥ ਕੁਛ ਵਿਸਤਾਰ ਅਗੇ ਹੋਵੇਗਾ॥

ਪਦਾਰਥਾਂ ਦੇ ਪਰਿਭਾਸ਼ਿਕ ਪਰਿਚੈ ਬਿਨਾ ਆਲੋਚਨਾ ਅਸੰਭਵ

ਵਿਸ਼੍ਵਮੈਯ ਪੁਰਾਣੀ ਅਟੁਟ ਭਾਰਤੀ ਸਾਹਿਤ ਪਰੰਪਰਾ 'ਚ ਭਾਸ਼ਜਕਾਰੀ, ਟੀਕਾਕਾਰੀ, ਉਲਥਾਕਾਰੀ ਆਦਿ ਅਨੇਕ ਪਰਿਭਾਸ਼ਾ ਪਦਾਰਥ (Hermeneutic tools techniques) ਲੜੀਬਧ ਸਜੀਵਤ ਚਲੇ ਆ ਰਹੇ ਹਨ ॥ ਮਸਲਨ :-ਮੂਲ ਸ਼ਾਸਤ੍ਰਾਂ ਤੇ ਮੁੱਖ ਸੰਬੰਧੀ ਪੋਥੀ-ਗ੍ਰੰਥਾਂ ਦੇ ਕਾਰਿਕਾ, ਭਾਸ਼ਜ, ਟੀਕੇ, ਟਿੱਪਣੀ ਆਦਿਆਂ ਦਾ ਵਿਸ਼ੈ ਨਿਸ਼ਚੈ ਯਥਾਰਥ (true) ਭਾਵ (purpose) ਸਪਸ਼ੱਟ ਕਰਣਾ ਹੈ॥ ਬੀਜ ਤੋਂ ਅਤੁਟ ਉਤਪਤੀ ਵਿਕਾਸ ਦਾ ਵਾਧਾ, ਗੌਣ ਅਤੇ ਅੰਤ 'ਚ ਮੁੱਖ ਲਕਸ਼ ਪਹਿਚਾਣੇ ਹਨ, ਜਿਨ੍ਹਾਂ ਬਾਰੇ ਸੰਖੇਪ ਦ੍ਰਿਸ਼ਟਾਂਤ ਸ਼੍ਰੀਵਿਸ਼੍ਵ ਗੁਰੁਬਾਣੀ ਪ੍ਰਮਾਣਿਤ ਹੈ:- ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ[172]॥

ਭਾਵਾਰਥ ਹੈ:- ਜਿਵੇਂ ਬੀਜ ਅੰਦਰ ਗੁਪਤ ਸੁਤੀ ਸ਼ਕਤੀ ਜਦ ਕਾਰਣ ਸ਼ਰੀਰ 'ਚ ਜਾਗਦੀ ਹੈ, ਓਹ ਅੰਦਰੋਂ ਬਾਹਰ ਅਸਲ ਅਸਥੂਲ ਦੇਹ 'ਚ ਵੀ ਦੇਖੀ ਜਾਂਦੀ ਹੈ। ਉਸੇ ਕਰਕੇ ਅਨੁਮਾਨ ਕੀਤਾ ਜਾਂਦਾ ਹੈ; ਪਹਿਲਾਂ ਅਦ੍ਰਿੱਸ਼ ਸ਼ਕਤੀ ਸੂਖਮ ਸ਼ਰੀਰ'ਚ ਬੜ੍ਹਨ ਕਾਰਣ ਅਸਥੂਲ ਸ਼ਰੀਰ 'ਚ ਸਹਿਜੇ ਕ੍ਰਮ ਨਾਲ, ਅੰਕੁਰ, ਟਾਹਣੀ, ਟਾਹਣੇ, ਪੱਤੇ, ਫੁੱਲ, ਚੰਗੇ-ਮੰਦੇ ਫਲ ਪ੍ਰਗਟਦੇ ਹਨ।ਅੰਤ 'ਚ, ਫਲਾਂ ਅੰਦਰ ਫੇਰ ਬੀਜਾਂ ਦੇ ਪ੍ਰਗਟਾ ਦਾ ਅਟੁਟ ਚਕ੍ਰ ਵਿਕਾਸ ਦੇਖੀਂਦਾ ਹੈ॥

ਉਸੇ ਤਰ੍ਹਾਂ ਅਧਾਰਕ ਚੁਣੇ ਮੂਲ ਸ਼ਾਸਤ੍ਰ, ਮੂਲ ਗ੍ਰੰਥਾਂ ਬਾਣੀਆਂ ਦੀਆਂ ਸ਼ਾਖਾਵਾਂ:-ਕਾਰਕਾ, ਭਾਸ਼ਜ (exegesis), ਵਾਰਤਿਕ (paraphrase), ਟੀਕੇ (interpret commentaries), ਟਿੱਪਣੀਆਂ (annotations) ਤਤਸਮ ਉਲਥੇ (transliterations), ਭਾਖਾ ਉਲਥੇ(translations) ਪਹਿਲੂਆਂ ਤੇ ਪ੍ਰਕਾਸ਼ ਪਾ ਲਕਸ਼ ਤੇ ਪਹੁੰਚੀਦਾ ਹੈ ॥

ਏਹ ਵਿਧਾਨ ਜਗਤ ਦੇ ਜੁਗ ਜੁਗਾਂਤਰਾਂ ਤੋਂ ਦਿਵਜ ਈਸ਼੍ਵਰੀ ਬਾਣੀ(Divine Revelations) ਗਿਆਨ ਤੇ ਅਨੁਭਵ (Immediate Divine Mystic Experience) ਉਤਪੰਨ ਹੋਏ ਰਿਸ਼ੀ, ਮੁਨੀ ਗਿਆਨੀ(ਸੰਤ, ਭਗਤ), ਅਵਤਾਰਾਂ ਰਾਹੀਂ ਪ੍ਰਤੱਖ ਫੁਹਾਰੇ ਤਰ੍ਹਾਂ ਬਾਰ ਬਾਰ ਵਿਗਸਤ ਪ੍ਰਗਟਦੇ ਰਹੇ ਸ਼੍ਰੀ ਗੁਰੁਬਾਣੀ ਦਸਦੀ ਹੈ[38] ॥ ਇਹ ਵਿਸ਼ੇਸ਼ ਬ੍ਰਹਮ ਬਾਣੀ

38. ਸ਼੍ਰੀਗੁਗ੍ਰੰਜੀ.ਪੰ. 304:15-/ ਪੰ.316:17-"ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥ ਭਗਤ ਮੁਖੈ ਤੇ ਬੋਲਦੇ ਸੋ ਵਚਨ ਹੋਵੰਦੇ॥ਪ੍ਰਗਟ ਪਹਾਰਾ ਜਾਪਦਾ ਸਭਿਲੋਕ ਸੁਣੰਦੇ ॥...." ਦੇਖੋ ਕਤੇਬ-ਇ ਤੌਰੇਤ: ਡਿਊਟਿਰੌਨੋਮੀ:18:18- ਅਤੇ ਕਿਤਾਬ-ਇ ਜ਼ਬੁਰ: ਪੈਗੰਬਰ ਇਸਾਈਆ 45: 5-7 ਆਦਿ ॥

Sri Satguru Jagjit Singh Ji eLibrary NamdhariElibrary@gmail.com

ਅਨੁਭਵ ਰਹਿਸ ਬ੍ਰਹਮ ਗਿਆਨੀ, ਬ੍ਰਹਮ ਵੇਤਾ (mystic *Gnosis* tr.Philosophy: *Skt*:Indo-Greco-Roman) ਦੀਆਂ ਸ੍ਰਤੰਤ੍ਰ ਊਹਾ (improvisations),ਆਚਾਰਯ (Theo-Phil Scholars) ਦੀਆਂ ਕਾਰਕਾ, ਭਾਸ਼ਯ, ਟੀਕੇ, ਟਿੱਪਣੀਆਂ ਦੀ ਪਰਪਾਟੀ (Tradition) ਆਤਮ-ਵਿਤ(mystique precepts) ਦਾਰਸ਼ਨਿਕ ਦ੍ਰਿਸ਼ਟੀ(Philo-Theo insight) ਜਗਿਆਸ਼ੂਆਂ ਲਈ ਧੁਰ ਲਕਸ਼ ਨੂੰ ਪ੍ਰਤੀਪਾਦਿਤ ਕਰਣਾ ਹੀ ਮੁੱਖ ਮੰਤਬ ਤੇ ਲਕਸ਼ ਉਤੇ ਪਹੁੰਚਣਾ ਅੰਤਮ ਲਕਸ਼ ਹੁੰਦਾ ਹੈ

ਗ੍ਰੰਥ ਦੇ ਦਸੋ ਟੀਕੇਆਂ ਦਾ ਨਿਚੋੜ

ਚੌਥੇ ਸ਼੍ਰੀ ਜਗਦਗੁਰੂ ਰਾਮ ਦਾਸ ਜੀਦਾ ਪੋਤਾ,ਬਾਵਾ ਮਿਹਰਬਾਨ ਮੀਣੇ ਸੰਪ੍ਰਦਾਇ ਵੈਸ਼ਣ ਪ੍ਰਭਾਵਿਤ ਦ੍ਵੈਤ ਵੇਦਾਂਤ ਸਿਧਾਂਤਵਾਦ, ਅਤੇ ਪੱਛਮੀ ਵਿਦਿਆ ਪ੍ਰਭਾਵਤਿ ਭਾਈ ਵੀਰ ਸਿੰਘ ਦੇ ਦੋਨੇ ਟੀਕੇ ਲਾਂਭੇ ਕਰਕੇ ਬਾਕੀ ਸਾਰੇ ਭਾਰਤੀ ਮੱਧ ਕਾਲੀ ਅੱਠ ਗੁਰੁਸਿਖ ਇਤਿਹਾਸਿਕ ਸ੍ਰੀ ਜਪੁ ਨੀਸਾਣ ਗ੍ਰੰਥੀ ਅਰਥ ਵੇਤੇਆਵਾਂ ਦਾ ੧ਓ ਸਬੰਧੀ ਸਾਫ ਵੇਦ ਮੰਤ੍ਰ ਅਰਥ ਪਰੰਪਰਾ ਵੇਦਾਂਤ (ਵੇਦ-ਅੰਤ, ਸ਼ੰਕਰ ਵੇਦਾਂਤੀ ਸਾਂਖਜਮਤ ਨਹੀਂ) ਕੀਤਾ ਹੈ, ਜੋ ਸ਼੍ਰੀ ਵਿਸ਼੍ਵਗੁਰੂ ਉਪਦੇਸ਼ਿਤ ਦਾਰਸ਼ਨਕ ਮਹਾਤਮ ਹੈ:- ਅਵਰਿ ਸਭਿ ਭੂਲੇ ਭ੍ਰਮਤ ਨ ਜਾਨਿਆ॥ ਏਕੁ ਸੁਧਾਖਰੁ ਜਾਕੈ ਹਿਰਦੈ ਵਸਿਆ,ਤਿਨਿ ਬੇਦਹਿ ਤਤੁ,ਪਛਾਨਿਆ॥ ਅ.28 ਤੇ ਹੋਰ ਸ਼੍ਰੀਵਿਸ਼੍ਵਗੁਰੂ ਰਾਗੁ ਆਸਾ ਮਹਲਾ 1 ਉਪਦੇਸ਼ ਪ੍ਰਧਾਨ ਹੈ:- ਛਿਅ ਘਰ, ਛਿਅ ਗੁਰ, ਛਿਅ ਉਪਦੇਸ॥ ਗੁਰੁ ਗੁਰੁ ਏਕੋ, ਵੇਸ ਅਨੇਕ॥ ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥ ਸੋ ਘਰੁ ਰਾਖੁ ਵਡਾਈ ਤੋਇ॥ ੲ.39 ਅਨੁਸਾਰ ਹੈ॥ ਭਾਵਾਰਥ ਹੈ:-ਖਟ-ਦਰਸ਼ਨ ਸਮੀਕਸ਼ਕ ਜਾਣਦੇ ਹਨ,'ਛੇ ਦਰਸ਼ਨ ਗੁਰੁ ਕਰਤਾ ਦਾ ਇਕੋਗੁਰੁ ੧ਓ ਅਕਾਲ ਪੁਰਖੁ ਹੈ॥ ਓਨ੍ਹਾਂ ਛੇਆਂ 'ਚ (ਕੇਵਲ ਮਹਾਰਿਖੀ ਵਿਆਸ ਬਣਾਯਾ) ਵੇਦਾਂਤ ਦਰਸ਼ਨ ਸੂਤ੍ਰ ਸਪਸ਼ਟ ਤਰਕ ਸਿੱਧ ਕਰਤੇ ਦੀ ਕੀਰਤੀ ਕਰਦਾ ਹੈ ਬਾਕੀ ਪੰਜੋ ਕਰਤੇ ਬਾਰੇ ਤਰਕ 'ਚ ਕਚੇ ਰਹਿ ਜਾਂਦੇ ਹਨ॥ ਇਸੇ ਕਾਰਣ ਵੇਦਾਂਤ ਦਰਸ਼ਨ ਸਭ ਤੋਂ ਉੱਤਮ ਵਡਿਆਈ ਉਪੇਕਸ਼ਿਤ ਹੈ॥ ਏਥੇ ਵਿਸਤਾਰ ਦਾ ਥਾਂ ਨਹੀਂ: ਨੁਕਤਾ ਬਹੁਤ ਗੰਭੀਰ ਦੇ ਕਾਰਣ; ਕੁਛ "ਗਜ ਅੰਧ ਨਿਜਾਯ" ਰੂਪ ਅਤੀ ਸੰਖੇਪ ਪੰਗਤੀਆਂ ਨਮੂਨੇ ਵਿਚਾਰਦੇ ਹਾਂ:

1. ਵੇਦ ਵਿਕਸਤ ਪਰਿਭਾਸ਼ਿਕ ਪੂਰਵ ਮਿਮਾਂਸਾ ਸ੍ਰਿਸ਼ਟੀ ਕਰਤਾ ਕੇਵਲ ਕਰਮ ਫਲ ਦਾਤਾ ਹੈ: ਮਨੁਖ ਜੀਵ ਫਲ ਕਰਤਾ ਭੋਗਾਤੇ ਹਨ॥
2. ਵੇਦ ਵਿਕਸਤ ਪਰਿਭਾਸ਼ਿਕ ਨਿਯਾਯ ਸਮਸ਼ਟੀ ਸੰਸਾਰ ਕਰਤਾਰ ਦੋਨੋਂ ਸਿਰੇ ਹੈ, ਬਿਚਾਲੇ ਮਨੁਖ ਜੀਵ ਕਰਮ ਕਰਤਾ ਫਲ ਭੋਗਾਤਾ ਹੈ॥
3. ਵੇਦ ਵਿਕਸਤ ਪਰਿਭਾਸ਼ਾਕ ਵੈਸ਼ੇਖਕ ਵਿਜਸ਼ਟੀ ਜੀਵ ਪੰਚ ਤੱਤ ਚਾਰ ਪ੍ਰਮਾਣੂ ਸ੍ਰਿਸ਼ਟੀ ਉਤਪੰਨ-ਲੀਨ ਸੰਕੇਤ ਹੈ॥
4. ਵੇਦ ਵਿਕਸਤ ਪਰਿਭਾਸ਼ਿਕ ਯੋਗ ਈਸ਼੍ਵਰ ਵਿਸ਼ੇਸ਼ ਹੀ ਮਨਦਾ ਹੈ ਪਰ ਦਰਸ਼ਨ ਸੰਬੰਧ ਕੇਵਲ ਵਿਸ਼ਟੀ ਜੀਵਾਂ ਦਾ ਹੀ ਕਲਿਆਨ ਹੈ॥
5. ਵੇਦ ਵਿਕਸਤ ਪਰਿਭਾਸ਼ਿਕ ਸਾਂਖਜ ਸਮਸ਼ਟੀ ਵਿਸ੍ਵ ਸੰਬੰਧਿਤ ਹੈ ਪਰ ਰਿਗ ਵੇਦ ਮੰਤ੍ਰ

---

39. ਪੁਨੈ..ਓ. ਪੰ.470:7।ਅ.ਪੰ.1205:16।ਏ.ਪੰਨੇ.12:17= **अतर्वे वेदीय मुण्डकोपनिषत्....विश्वस्य कर्न भुवनस्य गोप्ता॥१।१।१॥**

Sri Satguru Jagjit Singh Ji eLibrary NamdhariElibrary@gmail.com

ਅਸੰਗੋਅਯੰ ਪੁਰੁਖ ਸ੍ਰਿਸ਼ਟੀ ਕਰਤਾ ਤਰਕ ਬੱਧ ਅਸੰਗ ਕਾਰਣ ਸ੍ਰਿਸ਼ਟੀ ਕਰਤਾ ਕਦੀ ਨਹੀਂ ਹੋ ਸਕਦਾ॥ ਪ੍ਰਕ੍ਰਿਤੀ/ਮਾਯਾ(Phenomenon) ਮਿਥਿਆ ਆਭਾਸ / ਵਿਵਰਤ ਜੜ ਹੈ ਤੇਂ ਕੇਵਲ ਸ਼ਕਤੀ(Kinesthesis) ਗਿਆਨ (Consciousness) ਰਹਿਤ ਕਰਤਾਪਨ ਬਿਨਾ ਹੈ॥

6. ਵੇਦ ਵਿਕਸਤ ਪਰਿਭਾਸ਼ਿਕ ਉੱਤਰ ਮਿਮਾਂਸਾ/ਵੇਦਾਂਤ ਸੰਪੂਰਣ ਅੰਦਰ-ਬਾਹਰ ਵਿਸ਼ੂ ਕਰਤਾ ਸਿਧ ਕਰਦਾ ਹੈ ਕਿ ਪੰਜੋ ਦਰਸ਼ਨਾਂ ਦੇ ਸੂਤ੍ਰਾਂ 'ਚ ਪਰਿਭਾਸ਼ਿਕ ਲਕਸ਼ਣਾਂ ਤਰਕ ਰਾਹੀਂ ਸਾਰਿਆਂ ਦੇ ਅਰਥਾਂ ਤਕ ਕੋਈ ਨਾ ਕੋਈ ਕਮੀ ਦੇਖੀ ਜਾਂਦੀ ਹੈ, ਮਸਲਨ, ਜਥਾ:- ਓ. ਸਾਂਖਜ ਪੁਰੁਖ(Absolute Noumenon) ਅਸੰਗ ਹੋਣ ਕਾਰਣ: ਨਾ ਓਹ ਉਤਪਤਿ, ਨਾ ਪ੍ਰਲੈ ਕਰਤਾ ਹੋ ਸਕਦਾ ਹੈ॥ ਬਾਕੀ ਮਾਯਾ ਜੜ (inanimate) ਹੈ, ਜਿਸ ਕਾਰਣ ਨਾ ਉਤਪਤਿ, ਨਾ ਪ੍ਰਲੈ ਕਰਤਾ ਹੋ ਸਕਦੀ ਹੈ॥ ਅ.ਵੈਸ਼ੇਖਕ ਆਰੋਪਿਤ ਚਾਰੋ ਤਤ ਜੜ ਹਨ॥ ਪ੍ਰਮਾਣੂਆਂ ਨੂੰ ਕੇਵਲ ਸ਼ਕਤੀ ਹੀ ਜੋੜ-ਵਿਛੋੜ ਸਕਦੀ ਹੈ। ਤਰਕ ਪ੍ਰਸ਼ਨ ਹਨ:- ਦਸੋ: ਕੀ ਸ਼ਕਤੀ ਪ੍ਰਮਾਣੂਆਂ ਅੰਦਰ ਹੈ ਜਾਂ ਬਾਹਰ?

(i) ਜੇ ਕਹੋ ਅੰਦਰ ਹੈ ਤਾਂ ਬਿਨਾਂ ਕਾਲ ਬੰਧਾਨ ਜਾਗਣ ਸੌਣ ਤਰ੍ਹਾਂ ਕਦੀ ਵੀ ਸ੍ਰਿਸ਼ਟੀ ਉਤਪੰਨ-ਨਾਸ਼ ਬਿਨਾ ਵਿਧਾਨ ਹੋ ਸਕਦੀ ਹੈ॥

(ii) ਜੇ ਕਹੋ ਸ਼ਕਤੀ ਬਾਹਰ ਹੈ ਤਾਂ ਜਗਤ ਬਣਾਨ ਚਾਰ ਤੱਤ ਪ੍ਰਮਾਣੂਆਂ ਨੂੰ ਜੋੜਨ ਕ੍ਰਿਯਾ ਦੀ ਸ਼ਕਤੀ ਓਨ੍ਹਾ ਨਾਲ ਕਿਵੇਂ, ਕੌਣ ਸੰਬੰਧਿਤ ਕਰਦਾ ਹੈ? ਕਿਸ ਤਰ੍ਹਾਂ ਇਕੱਠੇ ਇਕੋ ਸ੍ਰਿਸ਼ਟੀ ਬਣਾਦੇ ਹਨ? ਆਦਿ ਬੁਹੁਤ ਤਰਕ ਕੀਤਾ ਹੈ॥

ਅੰਤ'ਚ;

ਵੇਦਾਂਤ ਨੇ ਪੰਜੋ ਦਰਸ਼ਨਾਂ 'ਚ ਕਰਤਾ ਸਬੰਧੀ ਤਾਰਕਿਕ ਕਮੀਆਂ ਦੇਖ ਵਿਚਾਰਕੇ ਤਰਕ ਸਿੱਧ ਕੀਤਾ ਹੈ ਕਿ ਬਿਨਾਂ ਬ੍ਰਹਮ:- ਮੂਲਮੰਤ੍ਰ ੧ਓ ਸੋਤਿਨਾਮ ਕਰਤਾ ਪੁਰਖੁ, ਅਭਿੰਨ ਨਿਮਿਤ ਉਪਾਦਾਨ ਸ਼ਕਤੀ ਕਰਣ-ਕਾਰਣ ਏਕਤ੍ਵ ਤਰਕ ਸਿੱਧ ਸਾਰੇ ਗ੍ਰੰਥ ਉਪਦੇਸ਼ਦੇ ਹਨ:- ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ॥ ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ॥ ੪.43 ਅਤੇ, ਚਾਰਿ ਪੁਕਾਰਹਿ ਨਾ ਤੂ ਮਾਨਹਿ॥ ਖਟੁ ਭੀ ਏਕਾ ਬਾਤ ਬਖਾਨਹਿ॥ ਦਸ-ਅਸਟੀ ਮਿਲਿ ਏਕੋ ਕਹਿਆ॥ ਤਾਭੀ ਜੋਗੀ ਭੇਦੁ ਨ ਲਹਿਆ॥ ਅ.43 ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥ ਨਾਨਕ ਤਿਸੁ ਬਲਿਹਾਰਣੈ,ਜਲਿ ਥਲਿ ਮਹੀਅਲਿ ਸੋਇ॥ ੲ.43 ਐਸਾ ਇਕੋ ੧ਓ ਕਰਣ-ਕਾਰਣ ਵਿਸ਼ੂਕਰਤਾ ਦੀ, ਬਾਣੀ ਵਜੀ ਚਹੁ ਜੁਗੀ ਸਚੋਸਚੁ ਸੁਣਾਇ॥ ਸ.43; ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ-ਗੁਣ ਬਿਸਥਾਰਿਆ॥ ਹ.40

ਅਨੇਕ ਸ਼੍ਰੀ ਜਗਦਗੁਰੂ ਜੀ ਪ੍ਰਮਾਣ ਫਰਮਾਏ ਹਨ॥ ਇਸੇ ਕਾਰਣ ਸ਼ੁਰੂ ਤੋਂ ਹੀ ਏਕਤ੍ਵ ਤਾਰਕਿਕ ਸਿਧਾਂਤ ਵੇਦ ਮੰਤ੍ਰਾਂ ਦੇ ਅਰਥ ਕਰਨ ਦਾ ਵਿਧਾਨ ਹੈ॥ ਪਰ ਪੰਜੇ ਦਰਸ਼ਨ ਸੂਤ੍ਰਾਂ ਨੇ ਇਹ ਤਰਕ ਵਿਸ਼ੈ ਨਹੀਂ ਵਿਚਾਰੇ॥ ਕੇਵਲ ਉੱਤਰ ਮਿਮਾਂਸਾ ਵੇਦਾਂਤ ਦੇ ਏਕਤ੍ਵ ਕਰਤਾਪਨ ਤਰਕ ਸਿੱਧ ਕੀਤਾ ਹੈ- ਇਸੇ ਕਾਰਣ ਬਾਕੀ ਪੰਜੋ ਦਰਸ਼ਨ ਇਸ ਪੱਖੋਂ ਕੱਚੇ ਰਹੇ ॥ ਜੋ ਅਥਰਵ ਵੇਦਾਂਤ

---

40. ਪੁਨ੍ਹੈ.ਓ.ਪੰ.254:5। ਅ.ਪੰ.1094:12। ਏ.276:18। ਸ.ਪੰ.35:9। ਹ.ਪੰ.1094:12॥ ਕ.ਪੰ.465:17। **ਖ.ਸ਼੍ਰੀ ਭਾਗਵਦ ਮਹਾਪੁਰਾਣ:** 11।20:-"**योगस्त्रयो मया प्रोक्ता नृणां श्रेयोविधित्सया। ज्ञानं कर्मञ्च भक्तिश्च नोपायो ऽन्योऽस्ति कुत्रचित्॥६॥**" ਆਦਿ॥

Sri Satguru Jagjit Singh Ji eLibrary NamdhariElibrary@gmail.com

ਮੁੰਡਕ ਉਪਨਿਸ਼ਦ ਅਧਾਰ ਵਿਸ਼ਲੇਸ਼ਨ ਹੈ, "ਵਿਸ਼ੂ ਕਰਤਾ ਸੰਸਾਰ'ਚ ਗੁਪਤ" ਇਸੇ ਲਈ ਕੇਵਲ ਸ਼ੁਧਾ ਨਾਲ ਹੀ ਨਹੀ--ਬਲਕੇ ਤਰਕ ਰਾਹੀਂ ਸਰਵ ਵਿਆਪੀ ੧ਓ ਬ੍ਰਹਮ ਕਰਤਾ ਸਿੱਧ ਕੀਤਾ ਹੈ ਜਿਸ ਦੀ ਤਾਕੀਦ ਸ਼੍ਰੀਗੁਰੁਬਾਣੀ ਕਰਦੀ ਹੈ: ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥ ਸੋ ਘਰੁ ਰਾਖੁ ਵਡਾਈ ਤੋਇ॥ ਕਾਰਣ ਸਾਰੇ ਦਰਸ਼ਨ ਸੂਤ੍ਰਾਂ 'ਚ ਉਤਮ ਹੈ ॥ ਇਤਨਾ ਵਿਸ਼ਲੇਸ਼ਨ ਏਥੇ ਭੂਮਿਕਾ ਲਈ ਕਾਫੀ ਹੈ; ਪਾਠਕ ਵਿਸਤਾਰ ਲਈ ਟੀਕਾ ਸੰਗ੍ਰਹ ਗ੍ਰੰਥ ਵਿਚਾਰ ਲੈਣ॥

ਸਪਸਟ ਹੈ ਕਿ ਸਤਾਰਵੀਂ ਤੋਂ ਵੀਹਵੀ ਸਦੀ ਤਕ ਪਹਿਲੋ ਪਹਿਲ ਭਾਰਤ ਵਿੱਚ ਕੇਵਲ ਮੁੱਖ ਦੋ ਹੀ ਧਰਮ ਸਨ:- ਹਿੰਦੂ (300 ਤੋਂ ਉਤੇ ਸੰਪ੍ਰਦਾਏ) ਤੇ ਮੁਸਲਮਾਨ (72 ਤੋਂ ਉੱਤੇ ਫਿਰਕੇ)॥ ਉਨ੍ਹਾਂ 'ਚ ਬਹੁਤੇ ਈਸ਼੍ਵਰ/ਅੱਲ੍ਹਾ ਭੇਦ ਵਾਦੀ(ਦੂਜਾ ਭਾਉ /ਦ੍ਵੈਤ,ਦੂਈ) ਬਿਲਕੁਲ ਹੀ ਅੱਜ ਦੀ ਤਰ੍ਹਾਂ ਕਰਮ ਕਾਂਡੀ/ ਸ਼ਰੀਅਤ ਬਧ ਸਨ, ਤੇ ਮੱਧਕਾਲੀ ਸ਼੍ਰੀ ਜਗਦਗੁਰੂਜੀਦਾ ਸ਼ਬਦ ਗਵਾਹ ਹੈ:- ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ॥ ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥ ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥ ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹੁਕਾਰੁ..."ਕ.43

ਇਹ ਸਾਰੇ ਧਰਮੀ ਤ੍ਰਿ-ਕਾਂਡ:-ਕਰਮ ਯੋਗ, ਭਗਤੀ ਯੋਗ, ਗਿਆਨ ਯੋਗ[ਅ.43] ਦੀਆਂ ਕੇਵਲ ਤਿਨ ਪੌੜੀਆਂ ਦੀ ਕ੍ਰਮ ਸਮੁਚੈ ਮੰਨਦੇ ਹਨ ਪਰ ਓਨ੍ਹਾਂ ਤਿਨਾਂ ਦਾ ਇਕਦਮ ਤ੍ਰਿ-ਕਾਂਡ ਕ੍ਰਮ ਸਮੁਚੈ ਬਿਲਕੁਲ ਨਹੀਂ ਜਾਣਦੇ ॥ ਹਿੰਦੂ ਵਰਣਾਸ਼੍ਰਮ ਧਰਮੀ ਬਨਵਾਸੀ, ਸੰਨਿਆਸ ਆਸ਼੍ਰਮੀ, ਜਾਂ ਮੁਸਲਮਾਨ ਫਕੀਰਾਂ ਦੇ ਅਪਨਾਏ ਗਿਆਨ ਕਾਂਡ/ਮਾਰਫਤ "ਸੱਪ-ਰੱਸੀ ਭ੍ਰਮ" ਦ੍ਰਿਸ਼ਟਾਂਤ ਅਜਾਤ ਤ੍ਰੈ(ਵਿਵਰਤ) ਵਾਦਾਂ ਕਾਰਣ ਕੇਵਲ ਇਸ ਆਦਰਸ਼ ਸਿੱਧਾਂਤ ਕਾਰਣ, ਸਮ ਸਮੁਚੈ ਤਰਕ ਬਿਨਾ ਹੇਤੂ ਨਹੀ ਮਨਦੇ॥

ਬਾਵਜੂਦ ਅਜਾਤ-ਤ੍ਰੈ ਵਾਦ ਦੇ; ਦੂਜੇ ਪਾਸੇ ਕਲਿਜੁਗੀ ਸਾਰੇ ਜੀਵ ਉਧਾਰਾਰਥ ਸ਼੍ਰੀ ਵਿਸ਼ੂਗੁਰੂ ਨਾਨਕ-ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਧਾਨ ਦਾਰਸ਼ਨਿਕ ਆਧਾਰ ਆਭਾਸ-ਤ੍ਰੈ "ਰਾਜ ਜੋਗ" ਹੈ, ਜੋ ਦੋਨੋ ਤ੍ਰਿਕਾਂਡ "ਕ੍ਰਮ ਅਤੇ ਸਮ" ਸਮੁਚੈ ਦਾ ਹੋਣਾ ਤਰਕ ਸੰਭਵ ਹੈ। ਉਨ੍ਹਾਂ ਦੇ ਦੋ ਭਿੰਨ ਭਿੰਨ ਦ੍ਰਿਸ਼ਟਾਂਤ ਅੱਗੇ ਦਿਤੇ ਜਾਂਦੇ ਹਨ:-

1.ਮ੍ਰਿਗ ਤ੍ਰਿਸ਼ਣਾ ਜਲ (miraj illusion):-ਗਰਮੀ ਵਿੱਚ ਮਾਰੂ ਭੂਮੀ (ਰੇਗਸਤਾਨ 'ਚ ਮੋਟਰ/ਹਵਾਈ ਜਹਾਜ਼ ਦੀ ਪੱਕੀ ਸੜਕ ਉੱਤੇ) ਸਭ ਨੂੰ ਵਿਵਰਤ ਰੂਪੀ ਪਾਣੀ ਦਿਖਦਾ ਹੈ; ਐਥੇ ਤਕ, ਕੈਮਰੇ ਨਾਲ ਫੋਟੋ ਵੀ ਲਿਤੀ ਜਾ ਸਕਦੀ ਹੈ-ਸੋ ਓਹ ਮਨੋਰਾਜ ਨਹੀਂ ਹੈ ॥ਪਰ ਦਿਸਦਾ ਆਭਾਸ ਪਾਣੀ ਰੇਤ/ਸੜਕ ਗਿੱਲਾ ਕਰਨ'ਚ ਅਸਮਰਥ ਹੈ ॥ ਬਾਵਜੂਦ, ਮਨੁਖੀ ਸ਼ਰੀਰ(ਕਰਮ)ਨੂੰ ਪਿਆਸ ਲਗਦੀ ਹੈ,ਪਾਣੀ ਦਿਖਦਾ ਰਹਿੰਦਾ ਹੈ॥ ਓਹ "ਵਿਰਤ" ਅਧਿਸ਼ਠਾਨ ਰੱਸੀ ਦੇ ਗਿਆਨ ਤੇ ਸੱਪ ਲੋਪ ਤਰਾਂ--ਪਾਣੀ ਦਿਖਣੋਂ ਲੋਪ ਨਹੀਂ ਹੁੰਦਾ॥ ਇਸ "ਆਭਾਸ ਵਾਦ" ਦ੍ਰਿਸ਼ਟਾਂਤ ਤੋਂ ਸਿੱਧ ਹੈ; ਸ਼ਰੀਰਕ ਪਿਆਸ(ਕਰਮ) ਬੁਝਾਣ ਲਈ ਸਚੇ ਜਲ (ਮਾਨਸਿਕ ਕਰਮ) ਦੋਨੋਂ ਲਾਲਸਾ ਦੀਆਂ ਵਿਵਸਥਾਵਾਂ ਬਣੀਆਂ ਰਹਿੰਦੀਆਂ ਹਨ, ਇਹ ਸਮ ਸਮੁਚੈ ਦਾ ਉਦਾਹਰਣ ਹੈ॥ ਹੋਰ ਤਰਕ ਦ੍ਰਿਸ਼ੀਕੋਣ ਵੀ ਹੈ:-

2. ਸੁਰਣ ਮੁਦ੍ਰਾ(Gold Coin):- ਜੇ ਕਿਸੇ ਨੂੰ ਪੁਛਿਆ ਜਾਏ: ਸੋਨੇ,ਚਾਂਦੀ ਮੁਦ੍ਰਾ ਦ ਕਿਨੇ ਪਾਸੇ ਹੁੰਦੇ ਹਨ? ਆਮ ਉਤ੍ਰ ਸੁਣਦੇ ਹਾਂ: ਦੋ॥ ਪਰ ਅਸਲ 'ਚ ਤਿੰਨ ਹਨ॥ ਇਸ ਦ੍ਰਿਸ਼ਟਾਂਤ ਰਾਹੀਂ ਪੁਰਾਣੇ ਵੇਦ-ਕਤੇਬ ਪਰੰਪਰਾ ਕ੍ਰਮ ਅਤੇ ਸਮ ਸਮੁਚੈ ਦੋਨੋਂ ਸੰਕੇਤ ਤੀਜੇ ਪੱਖ ਤੋਂ ਹੋ ਜਾਂਦੇ

Sri Satguru Jagjit Singh Ji eLibrary NamdhariElibrary@gmail.com

ਹਨ॥ ਤੀਜਾ ਪੱਖ ਮੁਦ੍ਰਾ ਦਾ ਬਰੀਕ ਕਿਨਾਰਾ ਹੈ॥ ਓਥੇ ਖੜੇ, ਇਕਲਖਤ ਦੋਨੋਂ ਵਿਰੋਧੀ ਪੱਖ ਦਿਖਦੇ ਹਨ, ਹੋਰ ਕਿਸੇ ਪੱਖ ਤੋਂ ਇਕਦਮ ਨਹੀ ਦਿਖ ਸਕਦੇ ਜੋ ਅਲੌਕਿਕ ਪੁਰਾਣਾ ਦ੍ਰਿਸ਼ਟਾਂਤ ਵੇਦ, ਪੁਰਾਣ ਭਗਵਤ ਗੀਤਾ ਸਿਮ੍ਰਿਤੀ(3।3-4,8; 5।... 6...ਸਾਂਖ(ਸੰਨਿਆਸ ਯੋਗ ਨਿਸ਼ਠਾ)ਅਨੁਸਾਰ ਤਿਨ ਪਹਿਲੇ ਯੁਗ ਧਰਮ ਉਪਜੋਗੀ ਸਨ[ਭ.44], ਪਰ ਉਸੇ ਵੇਦੀ ਪ੍ਰਥਾ ਭਗਵਤ ਗੀਤਾ (3।3;5।1-5...) ਵਿਜਸ਼ਟੀ ਕਰਮ ਯੋਗ ਨਿਸ਼ਠਾ/ਰਾਜ ਯੋਗ ਧਰਮ ਨਿਸ਼ਠਾ (9:1-2) ਕਲਿਯੁਗੀ ਜੀਵ ਉਧਾਰ ਉਪਯੋਗੀ, ਤ੍ਰਿ-ਕਾਂਡ ਕ੍ਰਮ:ਸਮੰਨ੍ਵੈ ਸਮ ਸਮੁਚੈ ਸ਼੍ਰੀਵਿਸ਼ਨੁਗੁਰੂਜੀ ਚਾਰਵਰਣ-ਆਸ਼੍ਰਮ ਧਰਮ ਰਹਿਤ ਜਤਾਈ: ਚਹੁ ਜੁਗਾ ਕਾ ਹੁਣਿ ਨਿਬੇੜਾ, ਨਰ ਮਨੁਖਾ ਨੋ ਏਕੁ ਨਿਧਾਨਾ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ॥ [ਆ.44] ਜੁਗਿ ਜੁਗਿ ਆਪੋ ਆਪਣਾ ਧਰਮੁ ਹੈ, ਸੋਧਿ ਦੇਖਹੁ ਬੇਦ ਪੁਰਾਨਾ...॥ [ਭ.44] ਅਤੇ, ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ, ਤਿਉ ਪਾਪੀ ਸੰਗਿ ਤਰੇ ਸਾਧ, ਸਾਧ ਸੰਗਤੀ ਗੁਰ ਸਤਿਗੁਰੂ ਗੁਰਸਾਧੋ॥ ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰਨਾਨਕ ਸੋ ਆਪਿ ਤਰੈ, ਕੁਲ ਸਗਲ ਤਰਾਧੋ॥ [ਸ.44] ਆਦਿ ਅਨੇਕ ਸ਼੍ਰੀ ਗੁਰੁਬਾਣੀ ਪ੍ਰਮਾਣ ਹਨ॥

ਸ਼੍ਰੀ ਵਿਸ਼ਨੁਗੁਰੂ ਨਾਨਕ ਦੇਵ ਜੀ ਨੇ ਦਸੋ ਜਾਮੇਆਂ ਵਿੱਚ ਸਮਸ਼ਟੀ ਰਾਜਜੋਗ ਆਪਣੇ ਅਮਲੀ ਜਾਮੇ ਜੀਵਨ ਪ੍ਰਮਾਣ ਮਿਸਾਲ ਬਣਾ ਕੇ ਦਸੋ ਪੀੜ੍ਹੀਆਂ ਲਹਿਰ ਚਲਾਈ॥ ਉਸੇ ਅਧਿਆਤਮ ੧ਓ ਗਿਆਨ, ਮਨੋਵਿਗਿਆਨ: ਬਿਨਾ ਜਨਮ, ਰੰਗ, ਜਾਤਿ, ਪਾਤਿ, ਵਰਣਾਸ਼੍ਰਮ, ਦੇਸ਼, ਧਰਮ ਸੰਪ੍ਰਦਾਇ ਵਿਚਾਰ, ਜੀਵ ਮਾਤ੍ਰ ਕਲਿਯੁਗ ਉਪਯੋਗੀ ਗੁਰੂਪੰਥ ਧਰਮ ਸਿਖਿਆ ਦਾ ਬੀਜ ਬੋਇਆ॥ ਇਸ ਸਿਖਿਆ ਗੁਣ-ਔਗਣ ਸਭਾਵੀ ਜੀਵ ਦਸ ਪੀੜ੍ਹੀਆਂ ਫੁਲਦੇ, ਫੈਲੇ ਫਲੇ, ਅਤੇ ਸਾਰੇ ਮੁਗ਼ਲ ਭਾਰਤ ਸਲਤਨਤ ਦੇ ਉਤਰ-ਪਛਮ ਬਲਖ਼-ਬਖ਼ਾਰਾ ਦਰਿਆ ਧਦੇਜ/ਯਕਸ਼ੂ (Oxus) ਅਫ਼ਗ਼ਾਨਿਸਤਾਨ ਕਾਬੁਲ-ਕੰਧਾਰ ਤੋਂ ਪੂਰਵ ਅਸਾਮ ਤਕ, ਅਤੇ ਉੱਤਰ ਕਾਸ਼ਮੀਰ ਤੋਂ ਦਖਨ ਮਹਾਂਰਾਸ਼ਟ੍ਰ ਸਾਰੇ ਭਾਰਤ 'ਚ ਗੁਰੁ ਪੰਥ ਜਾਲ(network) ਬੁਣਿਆ ਸੀ॥ ਇਹ ਅਤਿ ਸੰਖੇਪ ਇਤਿਹਾਸ ਸਾਰੇ ਗੁਰੁਸਿੱਖਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਦਸਮ(10) ਸ਼੍ਰੀ ਜਗਤਗੁਰੂਜੀ ਦਾ ਆਦੇਸ਼ ਹੈ :-

ਚੌਪਾਈ॥ ਬਾਬੇ-ਕੇ ਬਾਬਰ-ਕੇ ਦੋਊ। ਆਪ ਕਰੇ ਪਰਮੇਸਰ ਸੋਊ ॥
ਦੀਨ ਸਾਹ ਇਨਕੋ ਪਹਿਚਾਨੋ। ਦੁਨੀ-ਪਤਿ ਉਨਕੋ ਅਨੁਮਾਨੋ॥ 9॥ [ਭ.88], ਅਤੇ;
ਦੋਹਰਾ॥ ਤਿਨ ਬੇਦੀਯਨ ਕੀ ਕੁਲ ਬਿਖੈ, ਪ੍ਰਗਟੇ ਨਾਨਕ ਰਾਇ ।
ਸਭ ਸਿੱਖਨ ਕੋ ਸੁਖ ਦਏ, ਜਹ ਤਹ ਭਏ ਸਹਾਇ ॥4॥
ਚੌਪਾਈ॥ ਤਿਨ ਇਹ ਕਲਿ ਮੈ ਧਰਮ ਚਲਾਯੋ। ਸਭ ਸਾਧਨ ਕੋ ਰਾਹੁ ਬਤਾਯੋ ॥ ਜੋ ਤਾਕੇ ਮਾਰਗ ਮਹਿ ਆਏ । ਤੇ ਕਬਹੂੰ ਨਹੀ ਪਾਪ ਸੰਤਾਏ॥ 5॥ [ਗ.41]

ਗੁਰੂਸਿੱਖ ਪੰਥੀ ਇਹ ਗੁਰੂਪੰਥ ਪਰਚਾਰਾਰਥ ਮਹਾਜਾਲ ਇਤਿਹਾਸ ਵੀ ਯਾਦ ਰਖਣ, ਜਥਾ:-

---

41. ਪੁਨ੍ਹੈ. ਉ. ਸ਼੍ਰੀਮਦ ਭਗਵਦ-ਗੀਤਾ:3:3-॥9:1-2, ਆਦਿ ॥ ਅ.ਸ਼੍ਰੀ.ਗੁਗ੍ਰੰਜੀ. ਪੰ. 797:17-19 ॥ ਏ.ਸ਼੍ਰੀਮਦ ਭਾਗਵਤ ਮਹਾਪੁਰਾਣ:12।3। 18-52॥ ਦੇਖੋ ਭਾ.ਗੁਰਦਾਸ ਵਾਰ 1:"... ਰਿਗ ਨੀਲੰਬਰ ਜੁਜਰ ਪੀਤ ਸਵੇਤੰਬਰ ਕਰ ਸਿਆਮ ਸੁਧਾਰਾ ॥ ਤ੍ਰਿਹੁ ਜੁਗੀਂ ਤ੍ਰੈ ਧਰਮ ਉਚਾਰਾ ।।1।6।8॥" ਸ.10 ਦਸਮ. ਗੁ.ਗ੍ਰੰਜੀ.ਬਚਿਤ੍ਰ ਨਾਟਕ:5:4-5॥

Sri Satguru Jagjit Singh Ji eLibrary NamdhariElibrary@gmail.com

1. ਸ਼੍ਰੀ ਵਿਸ਼ੁਗੁਰੂ ਨਾਨਕ ਦੇਵ ਜੀ ਨੇ ਆਦਿ 'ਚ ਅੱਠ ਮੰਜੀਆਂ ਥਾਪੀਆਂ ਤੇ ਆਪਣੀ ਕਿਤਾਬ 'ਚ ਸ਼ਬਦ ਲਿਖਵਾਕੇ ਵੰਡੇ ।
3. ਸ਼੍ਰੀ ਜਗਦਗੁਰੂ ਅਮਰ ਦਾਸ ਜੀ ਵਧਾਏ 22 ਮੰਜੀਆਂ 52/72 ਪੀੜ੍ਹੇ ਪ੍ਰਚਾਰਕ ਥਾਪ ਸ਼੍ਰੀਗੁਰੁਬਾਣੀ ਲਿਖਵਾ ਕੇ ਗੁਟਕੇ ਵੰਡੇ।
4. ਸ਼੍ਰੀ ਜਗਦਗੁਰੂ ਰਾਮ ਦਾਸ ਜੀ ਦੇ ਕੇਂਦ੍ਰ ਸੰਬੰਧਿਤ 22 ਮੰਜੀਆਂ 52/52 ਪੀੜ੍ਹੇ ਜਾਲ ਜੋੜਨ ਲਈਂ ਪਚਵੰਜਾ(55) ਮਸੰਦ ਥਾਪੇ।
5. ਸ਼੍ਰੀ ਜਗਦਗੁਰੂ ਅਰਜੁਨ ਦੇਵ ਜੀ ਕੇਂਦ੍ਰੀ ਜਾਲ:22 ਮੰਜੀਆਂ,72 ਪੀੜ੍ਹੇ,55 ਮਸੰਦ, 4 ਕੱਚੀਆਂ, ਪੱਕੀਆਂ ਛੋਟੀਆਂ, ਬੜੀਆਂ ਸੰਗਤਾਂ ਥਾਪੀਆਂ ।
6. ਸ਼੍ਰੀ ਜਗਦਗੁਰੂ ਹਰਿਗੋਬਿੰਦਜੀ ਕੇਂਦ੍ਰਿਤ ਜਾਲ ਮੰਜੀਆਂ, ਪੀੜ੍ਹੇ, ਮਸੰਦ, ਨਾਲ ਅਕਾਲ ਤਖਤ: ਖਾਲਸਾ ਸੰਗਤ, ਫੌਜ 2200; ਉਦਾਸੀ ਧੂਣੇ ਜੋੜੇ।
10. ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਕੇਂਦ੍ਰਿਤ 22ਮੰਜੀਆਂ, ਪੀੜ੍ਹੇ, ਮਸੰਦ, ਖਾਲਸਾ ਸੰਗਤ, ਫੌਜ 2200, 10 ਨਾਮ ਉਦਾਸੀ; 5 ਪਿਆਰੇ ਬੀਸ ਹਜ਼ਾਰ (20,000) ਸਿੱਖ-ਸਿੰਘ ਸਾਜੇ ॥ ਪਰ ਉਸ ਕਾਲ ਬੇ-ਮੁਖ ਮਸੰਦ; 6ਵੇਂ ਜਗਦਗੁਰੂਜੀ ਹਿੰਦੂ-ਮੁਸਲਿਮ ਭੇਖੀ ਹੋਈ ਫੌਜ; ਅਤੇ, ਤਿਨ (3) ਸ਼੍ਰੀਗੁਰੂਬੰਸੀ ਮੇਲ (ਮੀਣੇ, ਧੀਰਮੱਲੀਏ, ਰਾਮਰਾਈਏ), ਮਸੰਦ ਤੇ ਸਿਰਗੁੰਮ ਸਾਰੇ ਮਨਸੂਖ ਕੀਤੇ, ਜਦ ਤਕ ਖੰਡੇ-ਪਾਹੁਲ ਨਾ ਲੈਣ॥

ਅਲੋਚਨਾ ਪ੍ਰਿਚੈ-ਪਰੰਪਰਾ: ਗ੍ਰੰਥ ਅਲੋਚਨਾ ਵਿਧੀ

ਪੁਰਾਣੇ ਭਾਰਤੀ ਸਾਹਿਤ ਪਰੰਪਰਾ ਦੀ ਵਿਸ਼ੇਸ਼ ਪਰਿਭਾਸ਼ੀ(technique) ਪਰੰਪਰਾ ਸਜੀਵ ਲੜੀਬੱਧ ਆਦਿ ਕਾਲ ਤੋਂ ਪ੍ਰਗਟ-ਲੋਪ, ਉਥਲ ਪੁਥੱਲ ਰੂਪਾਂ 'ਚ ਅਟੂਟ ਚਲੀ ਆ ਰਹੀ ਹੈ॥ ਮੂਲ (ਵੇਦ-ਕਤੇਬ ਆਦਿ, ਤੇ ਆਸਤਿਕ-ਨਾਸਤਿਕ) ਸ਼ਾਸਤ੍ਰ, ਗ੍ਰੰਥਾਂਦੇ ਭਾਸ਼ਜ (prose exegesis), ਕਾਰਕਾ (poem exegesis), ਵਾਰਤਕ (paraphrase critiques), ਟੀਕੇ (interpretation), ਟਿੱਪਣੀ(annotations), ਦੇਸੀ ਅਨੇਕ ਭਾਖਾ ਵਿੱਚ ਅਨੁਵਾਦ, ਉਲਥੇ ਆਦਿਆਂ ਦਾ ਮੁੱਖ ਮੰਤ੍ਵਜ ਸ਼ਾਸਤ੍ਰ ਦੇ ਯਥਾਰਥ ਵਿਚਾਰ ਮੰਤਵਾਂ ਨੂੰ ਸਪਸ਼ਟ ਕਰ, ਓਨ੍ਹਾਂ ਦੀਆਂ ਉਤਪੱਤੀ, ਵਿਕਾਸ, ਗੌਣ, ਜਾਂ ਮੁੱਖ ਲਕਸ਼ (aim, object) ਪ੍ਰਤਿਪਾਦਤ ਕਰਣਾ ਹੁੰਦਾ ਹੈ, ਮਸਲਨ: ਜਿਵੇਂ ਬੀਜ 'ਚ ਅੰਕੁਰ, ਟਾਹਣੀਆਂ, ਪਤੇ, ਫੁੱਲ, ਫਲ ਅੰਦਰੋਂ ਫੇਰ ਬੀਜ ਆਪਣੇ ਆਪ ਹੀ ਸਭ ਵਿਕਸਤ ਹੁੰਦੇ ਹਨ॥ ਉਸੇ ਤਰ੍ਹਾਂ ਹੀ ਮਥੇ ਆਧਾਰਿਕ ਪ੍ਰਮਾਣਿਕ ਪੁਰਾਣੇ ਸ਼ਾਸਤ੍ਰ(Holy Canons) ਬਾਣੀਆਂ ਦੇ ਕਾਰਕ, ਭਾਸ਼ਜ, ਵਾਰਤਿਕ, ਟੀਕੇ, ਟਿੱਪਣੀ ਆਦਿ ਅਨੇਕ ਗ੍ਰੰਥ ਪ੍ਰਾਪਤ ਹਨ ॥

ਈਸ਼ੂਰੀ ਦਿਵਜ ਬਾਣੀ (Divine Revelations) ਦੀ ਅਨੁਭੂਤੀ(mystic experience) ਦੀ ਉਤਪਤੀ, ਵਿਕਾਸ ਪ੍ਰਗਟਾਵਾ ਜੋ ਰਿਖੀਆਂ, ਮੁਨੀਆਂ, ਅਵਤਾਰਾਂ, ਸਾਧੂ-ਸੰਤਾਂ ਭਗਤਾਂ-ਗਿਆਨੀਆਂ, ਗੁਰੂਆਂ ਰਾਹੀਂ ਭਿੰਨ ਭਿੰਨ ਕਾਲਾਂ 'ਚ ਹੁੰਦੀ ਰਹੀ ਹੈ, ਬਾਣੀ ਦੇ ਵਿਸ਼ੇਸ਼ ਅਨੁਭਵੀ ਰਹੱਸ ਨੂੰ ਚੰਗੀ ਤਰ੍ਹਾਂ ਬ੍ਰਹਮ ਦ੍ਰਸ਼ਟਾ ਦੀਆਂ ਸੁਤੰਤ੍ਰ ਉਹਾਵਾਂ(improvisations) ਵਿੱਚੋਂ ਕੱਢਕੇ ਵਿਸ਼ੇਸ਼ ਜਗਿਆਸੂ ਛਾਤ੍ਰਾਂ (rare pupils) ਲਈ ਹੀ ਆਚਾਰਜਾਂ ਨੇ ਕਾਰਕ, ਭਾਸ਼ਜ, ਟੀਕੇ, ਟਿੱਪਣੀਆਂ ਆਦਿ ਦੀ ਪਰਪਾਠ ਚਲਾਈ ਸੀ ਕਿ ਆਤਮ-ਵਿੱਤ (mystic

Sri Satguru Jagjit Singh Ji eLibrary NamdhariElibrary@gmail.com

seers) ਦੇ ਆਪਤ ਵਾਕਾਂ(mystic revelatory precepts) ਦੇ ਲਕਸ਼(aim and objects), ਅਪਰਾ-ਗਿਆਨ(mediate knowledge) ਤੇ ਪਰਾ-ਗਿਆਨ(immediate mystic divinity's experience) ਆਦਿਕਾਂ ਨੂੰ ਦਾਰਸ਼ਨਿਕ(*Skt:gnosis*: Indo-Greco-Roman- Philo-Theo-Mystic) ਦ੍ਰਿਸ਼ਟਕੋਣ ਤੋਂ ਪ੍ਰਤਿਪਾਦਨ ਕਰਨਾ ਮੁੱਖ ਕਰਤੱਬ ਦੀ ਮਹਿਮਾ ਦਸੀ ਹੈ ॥

ਐਸੇ ਅਰਥਕਾਰ, ਭਾਸ਼ਜਕਾਰ ਵੀ ਹੋਏ ਹਨ ਜਿਨ੍ਹਾਂ ਨੇ ਕੇਵਲ ਆਪਣੇ ਸੁਭਾਉ, ਜਾਂ ਤਰਕ-ਕੁਤਰਕ, ਭਾਵ: ਵਤੰਡਾ(cavil), ਜਲਪ (controversy) ਨਿਗਮ-ਆਗਮ ਤਰਕ ਆਦਿ ਅਨੁਸਾਰ ਮੂਲ ਸ਼ਾਸਤ੍ਰ ਬਾਣੀ ਵਿਕਸਤ ਸਹਿਜ ਭਾਵਨਾ ਲਾਂਭੇ ਕਰਕੇ ਦ੍ਵੈਤ ਵਾਦੀ ਸਿਧਾਂਤ: ਵੈਸ਼ਣਵ ਮੱਧਵਾਚਾਰਯ, ਜਾਂ ਨਿਗੁਰੇ ਬਾਵਾ ਮਿਹਰਬਾਨ ਮੀਣੇ ਆਦਿਆਂ ਤਰ੍ਹਾਂ ਸਰਵ ਭੌਮ ਇਸ਼ਟ ਸ਼ਾਸਤ੍ਰ ਲੱਕਸ਼ ਲਾਂਭੇ ਕਰ, ਕੇਵਲ ਆਪਣੇ ਮੰਤੱਬਜ, ਲਕਸ਼ ਉਤੇ ਪਹੁਚਾਣ ਦਾ ਪੂਰਾ ਪ੍ਰਯਤਨ ਕੀਤਾ ਸਪਸ਼ਟ ਦਿਖਦਾ ਹੈ॥ ਐਸੇਆਂ ਦਾ ਪ੍ਰਯਤਨ ਐਸਾ ਨਹੀਂ ਹੁੰਦਾ, ਕਿ ਦਿਵ੍ਯ ਗ੍ਰੰਥ, ਜਾਂ ਗ੍ਰੰਥਕਾਰ ਅਵਤਾਰ, ਸੰਤ-ਭਗਤ-ਗਿਆਨੀ ਦੀ ਰਚਨਾ ਦਾ ਸਹੀ ਸਾਰਵ ਭੌਮ ਮੰਤਬ ਸਿੱਧ ਕਰਕੇ ਦਿਖਾਇਆ ਜਾਵੇ, ਕਿਉਂਕਿ ਓਹ ਸ਼ਾਸਤ੍ਰ ਪਹਿਲਾਂ ਤੋਂ ਲੋਕ ਮਾਨਯ ਹਨ। ਭੋਲੇ ਲੋਕਾਂ ਨੂੰ ਤਰਕ-ਵਿਤਰਕ ਰਾਹੀਂ ਪ੍ਰਭਾਵਿਤ ਕਰਕੇ, ਆਪਣਾ ਕਲਪਿਤ ਮੂਲ ਸ਼ਾਸਤ੍ਰ ਸਿੱਧਾਂਤ ਮੰਤਵ੍ਯ, ਧਨੋਪਾਰਜਨ ਲਈ, ਜਾਂ ਨਵੀਂ ਸੰਪ੍ਰਦਾਇ ਪ੍ਰਤਿਸ਼ਿਠਤ ਤੇ ਨਵੀਂ ਯੋਜਨਾ ਆਪਣੇ ਨਾਮ ਨੂੰ ਰੋਸ਼ਨ ਕਰਕੇ ਪ੍ਰਸਿਧ ਕਰਣ ਲਈ ਹੁੰਦੀ ਹੈ॥

ਦੇਖਿਆਂ ਜਾਦਾ ਹੈ ਕਿ ਬਹੁਤ ਅਰਥਕਾਰਾਂ ਦੇ ਆਪਣੇ ਹੀ ਲਕਸ਼ ਕਰਣ ਦੀ ਪ੍ਰਸਿਧੀ ਹੁੰਦੀ ਹੈ, ਓਹ ਮੂਲ ਧਰਮ ਗ੍ਰੰਥ ਦੇ ਗ੍ਰੰਥਕਾਰ ਦਾ ਅਸਲ ਸਿੱਧਾਂਤਿਕ ਲਕਸ਼ ਵਾਰਤਕ, ਟੀਕੇ, ਟਿਪਣੀਆਂ ਭਿੰਨ ਭਿੰਨ ਸੰਸਕ੍ਰਿਤ, ਸਹਿਸਕ੍ਰਿਤੀ,(ਅਪਭ੍ਰੰਸ਼) ਪ੍ਰਾਕ੍ਰਿਤ, ਬ੍ਰਾਹਮੀ, ਖਰੋਸ਼ਟੀ, ਪਾਲੀ ਪੁਰਾਣੀਆਂ ਲਿਪੀਆਂ ਭਾਖਾਵਾਂ, ਤੇ ਮੱਧ ਕਾਲ ਭਾਰਤੀ ਪ੍ਰਾਂਤੀਆਂ ਭਾਸ਼ਾਵਾਂ 'ਚ ਬਹੁਤ ਬੇਦ-ਕਤੇਬ ਧਰਮਾਂ ਦੇ ਹਰ ਵਿਸ਼ੈ ਸੰਬੰਧੀ ਸਾਹਿਤ ਦੇਸ਼-ਵਿਦੇਸ਼ ਪੁਸਤਕਾਲੇਆਂ ਲਿਖਤ, ਛਪੇ ਪ੍ਰਤੱਖ ਹਨ ਜਿਨ੍ਹਾਂ ਵਿੱਚ ਪੂਰੇ, ਅਧੂਰੇ, ਤੇ ਸਿਰਫ ਨਾਮ ਸੰਕੇਤਕ ਗ੍ਰੰਥ ਹਨ, ਜੋ ਕਿ ਵਿਦੇਸ਼ੀ ਹਮਲੇ, ਜੁਧਾਂ ਕਾਰਣ ਨਸ਼ਟ ਭ੍ਰਸ਼ਟ ਹੋਣ ਕਾਰਣ ਬਹੁਤ ਸਹੀ ਰੂਪ 'ਚ ਨਹੀਂ ਮਿਲਦੇ॥

ਪਿਛੋਂ ਪੱਛਮੀਆਂ ਦੇ ਅੰਗ੍ਰੇਜ਼ ਰਾਜ ਵਪਾਰੀਆਂ ਦੇ ਛਾਪੇਖਾਨੇਆਂ ਕਾਰਣ ਪੂਰਬੀ ਕਲਕੱਤਾ, ਵਾਰਾਣਾਸੀ ਤੋਂ ਲੈ ਪੱਛਮ ਵਲ ਪੱਥਰ ਛਾਪ, ਲੋਹਾ ਛਾਪ, ਆਧੁਨਿਕ ਛਾਪ ਗ੍ਰੰਥ ਬਜੋਪਾਰ ਦ੍ਰਿਸ਼ਟੀ ਨਾਲ ਅਨੇਕਾਨੇਕ ਵਿਸ਼ੈ ਗ੍ਰੰਥ, ਪੁਸਤਕ, ਟ੍ਰੈਕਟ, ਪੜ੍ਹਾਦਿ ਕਰੀਬ ਸਭੀ ਦੇਸੀ-ਵਿਦੇਸੀ ਭਾਖਾਂ 'ਚ 1860 ਤੋ ਹੁਣ ਤਕ ਛਪ ਰਹੇ ਹਨ, ਅਤੇ ਛਪਦੇ ਰਹਿਣਗੇ ॥

ਭਾਰਤ ਇਤਿਹਾਸ ਦੇ ਮੱਧ ਕਾਲ ਵਿੱਚ ਵਿਵਹਾਰਿਕ ਪੱਖ ਗ੍ਰੰਥ ਅਧਿਆਤਮ ਆਸਤਿਕ ਵੇਦ ਉੱਤਮ-ਤਮ ਪੱਖ ਪ੍ਰਸਥਾਨ-ਤ੍ਰੈ {ਵੇਦ-ਉਪਨਿਸ਼ਦ,ਵੇਦਾਂਤ (ਖਟ) ਦਰਸ਼ਨ ਸੂਤ੍ਰ, ਭਗਵਦ-ਗੀਤਾ}ਦੇ ਪੂਰਣ-ਅਪੂਰਣ ਭਾਸ਼ ਮਿਲਦੇ ਹਨ॥ ਸ਼ੈਵ ਪ੍ਰਤਿਪਾਦਨ ਨਹੀਂ ਕਰਦੇ, ਬਲਕਿ ਸਮੇ ਦੀ ਇਤਿਹਾਸਿਕ ਰਾਜਨੀਤੀ ਅਭੇਦ-ਭੇਦ ਪ੍ਰਭਾਵੀ ਧਰਮ ਸੰਪ੍ਰਦਾਇ, ਜਾਂ ਆਪਣਾ, ਮੰਤਬ, ਚਤੁਰਾਈ ਦੀ ਤਰਕ-ਸ਼ਕਤੀ ਰਾਹੀਂ ਲੋਕ ਵਡਿਆਈ, ਮਾਨ, ਪੂਜਾ ਪ੍ਰਤਿਸ਼ਠਾ,

Sri Satguru Jagjit Singh Ji eLibrary NamdhariElibrary@gmail.com

ਨਾਮ ਮਹਿਮਾ, ਜਾਂ ਸੰਪ੍ਰਦਾਇ/ਸੰਸਥਾ ਥਾਪਣਾ ਬਣਾਨਾ ਚਹੁੰਦੇ ਹਨ, ਅਸਲ 'ਚ ਓਹ ਸਾਧੂ/ਫਕੀਰ ਭੇਖ ਵਿੱਚ ਚੰਗੇ ਹੋਸ਼ਯਾਰ ਵਪਾਰੀ ਹੁੰਦੇ ਹਨ॥

ਪਰੰਪਰਾ ਤੋਂ ਆ ਰਹੇ ਅਨੇਕ ਆਸਤਿਕ-ਨਾਸਤਿਕ[ੳ.45] ਈਸ਼੍ਵਰਵਾਦੀ-ਅਨੀਸ਼੍ਵਰਵਾਦੀ, ਪੂਰਬ-ਪੱਛਮ ਧਰਮ ਗ੍ਰੰਥ(ਰਾਵਣ ਭਾਸ਼, ਸਾਯਣ ਭਾਸ਼ ਆਦਿ ਅਨੇਕ ਵੇਦ ਸੰਹਿਤਾਵਾਂ, ਵੇਦ-ਉਪਨਿਸ਼ਦ, ਖਟ-ਸ਼ਾਸਤ੍ਰ, ਸੂਤ੍ਰ ਦਰਸ਼ਨ, ਭਗਵਦ-ਗੀਤਾਦਿ ਸਿਮ੍ਰਿਤੀਆਂ) ਦੇ ਅਨੇਕ: 1. ਵਿਵਹਾਰਿਕ ਆਧਿਭੌਤਕ, ਪਰਮਾਰਥਕ: ਆਧਿਦੈਵਿਕ, ਆਧਿਯਗਜ਼ਕ, ਅਧਿਆਤਮ[ਅ.42] ਪੱਧਰ ਗ੍ਰੰਥਾਂ ਦੇ ਭਾਸ਼ਜ, ਤੇ ਸੂਤ੍ਰ ਅਰਥ ਗ੍ਰੰਥ, ਕਾਰਕਾ, ਸੰਪ੍ਰਦਾਈ ਦਸ ਨਾਮ ਸੰਨਿਆਸੀ ਸੰਗਠਨ ਕਰਤਾ 'ਆਦਿ ਸ਼ੰਕਰ ਆਚਾਰਜ' ਦੇ ਹੀ ਪੂਰੇ ਪ੍ਰਾਪਤ ਹਨ॥ ਬੇਸ਼ਕ ਕਈਆਂ ਦਾ ਕਹਿਣਾ ਹੈ, ਵਿਜਕਤਿਗਤ ਉਨ੍ਹਾ ਕੋਲ ਪੁਰਾਣੇ ਪੂਰਣ-ਅਪੂਰਣ ਸਾਰੇ ਭਾਸ਼ ਸਨ ਪਰ ਅੱਜ ਕਿਸੇ ਪੁਸਤਕਾਲੈ ਵਿੱਚ ਲਿਖਤੀ ਦਿਖਾਈ ਨਹੀਂ ਦਿੰਦੇ॥

ਸੰਭਵ ਹੀ ਨਹੀਂ, ਭਾਰਤ ਸਮਰਾਟ ਅਸ਼ੋਕ (ਪੂਰਵ ਈਸ੍ਵੀ 273-232) ਦੇ ਕਲਿੰਗਾ ਯੁਧ ਅਤਿਆਚਾਰ, ਖੂੰਨ ਖਰਾਬੇ ਦ੍ਰਿੱਸ਼ ਕਾਰਣ ਅਤੀ-ਵੈਰਾਗ 'ਚ ਸਮਰਾਟ ਅਸੋਕ ਨੇ ਉਸ ਕਾਰਣ ਅਨੀਸ਼੍ਵਰਵਾਦੀ ਬੋਧੀ ਧਰਮ ਧਾਰਣ ਕਰ, ਦੇਸ਼-ਵਿਦੇਸ਼ਾਂ 'ਚ ਪ੍ਰਚਾਰਾਰਥ ਪੂਰਵ ਦਿਸ਼ਾ ਮੋਂਗੋਲਿਆਂ-ਚੀਨ, ਦੱਖਣ-ਪੂਰਵੀ 'ਯਵ ਦ੍ਵੀਪ'(ਜਾਵਾ) ਆਦਿ ਦ੍ਵੀਪਾਂ ਤਕ ਅਨੰਤ ਧਨ ਰਾਸ਼ੀ ਪ੍ਰਚਾਰਕਾਂ ਨੂੰ ਦੇ ਰਾਜ ਬਲ ਨਾਲ ਪ੍ਰਚਾਰ ਕੀਤਾ॥ ਉਸ ਕਾਰਣ ਇੱਕ ਵਾਰ ਭਾਰਤ ਵਿੱਚ ਭੀ ਆਸਤਿਕ ਵੇਦ ਧਰਮ ਅਵੁਨਿਤੀ ਤਕ ਪਹੁੰਚਿਆ; ਕਈ ਸੌ ਸਾਲ ਬੀਤਨ ਤੇ ਆਸਤਿਕ ਸਾਹਿਤ ਦੀ ਕਾਫੀ ਅਨਗਹਿਲੀ ਰਹੀ॥ ਪ੍ਰਸੰਗ ਲੰਬਾ ਹੈ, ਸੰਖੇਪ ਕਾਰਣ-ਕਾਰਜ ਇਤਿਹਾਸਕ ਇਸ਼ਾਰੇ ਅਗੇ ਲਿਖਨੇ ਠੀਕ ਰਹਿਣਗੇ:-

ਸੰਨ ਈਸ੍ਵੀ 700, ਅਰਬੀ ਇਸਲਾਮ ਧਰਮ ਦੇ ਸਾਰੀ ਗਿਆਤ ਦੁਨੀਆਂ ਦੇ ਕਾਫਰਾਂ ਉੱਤੇ ਜਿਹਾਦ ਐਲਾਨ ਕੀਤਾ॥ ਉਸਦੇ ਖਲੀਫੇਆਂ ਨੇ ਵਾਰੋ ਵਾਰੀ ਤਲਵਾਰ, ਜਜ਼ੀਆ ਕਰ,

---

42. ਨੋਟ:-ਭਾਰਤ ਖੜ੍ਹੀ ਸਮਰਾਟ ਮਨੂ ਸਿਮ੍ਰਿਤੀ ਵਿਧਾਨ'ਚ"ਨਾਸਤਿਕ"ਲਕਸ਼ਣ ਹੈ ਜੋ ਵੇਦ ਨਿੰਦੇ; ਸਾਰੇ ਅੰਗ ਨਾ ਮਨੇ, ਜਥਾ:-1. ਈਸ਼੍ਵਰ ਵਾਦੀ:-ੳ.ਸੰਪੂਰਣ ਚਾਰੋ ਵੇਦਾਂਦੇ ਭਾਗ:1.ਸੰਘਿਤਾ, 2.ਬ੍ਰਾਹਮਣ,3,ਆਰਣਜਕ, 4.ਉਪਨਿਸ਼ਦ॥ ਅ.ਛੇ(6)ਅੰਗ: 1.ਸ਼ਿਕਸ਼ਾ, 2.ਕਲਪ,3.ਵਿਆਕਰਣ,4.ਨਿਰੁਕਤ,5. ਛੰਦ,6. ਜੋਤਿਸ਼(ਅਥਰਵ ਵੇਦ ਮੁੰਡਕੋਪਨਿਸ਼ਦ:1।1।5) ਏ.1.ਵੇਦ ਤ੍ਰਿ-ਕਾਂਡ ਪਰਿਭਾਸ਼ਿਕ ਖਟ-ਦਰਸ਼ਨ ਸੂਤ੍ਰ 4.ਉਪਨਿਸ਼ਦ॥ ਅ.ਛੇ(6)ਅੰਗ: 1.ਸ਼ਿਕਸ਼ਾ, 2.ਕਲਪ,3.ਵਿਆਕਰਣ,4.ਨਿਰੁਕਤ,5. ਛੰਦ,6. ਜੋਤਿਸ਼(ਅਥਰਵ ਵੇਦ ਮੁੰਡਕੋਪਨਿਸ਼ਦ:1।1।5) ਏ.1.ਵੇਦ ਤ੍ਰਿ-ਕਾਂਡ ਪਰਿਭਾਸ਼ਿਕ ਖਟ-ਦਰਸ਼ਨ ਸੂਤ੍ਰ ਕਰਤੇ:1. ਪੂਰਵ ਮਿਮਾਂਸਾ(ਭਾਸ਼ਜਕਾਰ ਭ੍ਰਾਂਤਿ ਕਾਰਣ ਅਨੀਸ਼੍ਵਰ ਵਾਦੀ ਲਿਖਦੇ ਹਨ-ਪਰ ਭਲੇ ਮਾਣਸੋ,ਸੋਚੋਜੇ ਵੇਦ ਈਸ਼੍ਵਰ ਵਾਦੀ ਨੂੰ ਮਨਦਾਹ":ਤਾਂ ਅਨੀਸ਼੍ਵਰ ਵਾਦੀ ਕਿਵੇਂ? 2.ਨਜਾਯ,3.ਵੈਸ਼ੇਖਿਕ, 4.ਸਾਂਖਜ (ਭ੍ਰਾਂਤਿਤ ਭਾਸ਼ਜਕਾਰ ਨੇ ਅਨੀਸ਼੍ਵਰ ਵਾਦ ਲਿਖਿਆ-ਨਾ ਸੋਚਿਆਜੇ"ਵੇਦ ਈਸ਼੍ਵਰ ਵਾਦੀ ਨੂੰ ਮਨਦਾ ਹੈ:ਤਾਂ ਇਹ ਅਨੀਸ਼੍ਵਰ ਵਾਦੀ ਕਿਵੇਂ? 5.ਯੋਗ, ਤੇ 6.ਵੇਦਾਂਤ ਦਰਸ਼ਨ ਸਾਰੇ ਈਸ਼੍ਵਰ ਵਾਦੀ ਹਨ॥ ਏ. ਸਤਾਈਸ (27) ਸਿਮ੍ਰਿਤੀਆਂ, ਸ.ਕ੍ਰਿਸ਼ਨਦ੍ਵਾਪਾਯਨ ਵੇਦ-ਵਿਆਸ ਅਠਾਰਾਂ (18) ਪੁਰਾਣ,ਅਠਾਰਾਂ (18)ਉਪ-ਪੁਰਾਣ, ਹ.ਮੁੱਖ ਦੋ ਇਤਿਹਾਸ:-1.ਬਾਲਮੀਕੀ (ਪਹਿਲੇ ਵੇਦ-ਵਿਆਸ)ਕ੍ਰਿਤ ਰਾਮਾਯਣ, 2.ਕ੍ਰਿਸ਼ਨਦ੍ਵਾਪਾਯਨ(ਦੂਜਾ ਵੇਦ-ਵਿਆਸ)ਕ੍ਰਿਤ"ਜਯ/ਮਹਾ-ਭਾਰਤ"॥ ਹ.ਵੇਦ ਮਨਤ ਤ੍ਰਿ- ਕ੍ਰਾਂਤ੍ਰ: 3 ਨ 64=191 ਤੰਤ੍ਰ ਭਾਰਤੀ ਈਸ਼੍ਵਰ ਵਾਦੀ ਸ਼ਾਸਤ੍ਰ ਗ੍ਰੰਥ ਹਨ ॥ 3.ਈਸ਼੍ਵਰ ਵਾਦੀ ਨਾਸਤਿਕ: ਯਹੂਦੀ,ਇਸਾਈ, ਮੁਸਲਮਾਨ ਸਾਰੇ ਵੇਦਾਂ ਨੂੰ ਪ੍ਰਮਾਣ ਨਹੀਂ ਮਨਦੇ॥ 3.ਅਨੀਸ਼੍ਵਰ ਵਾਦੀ: ੳ.ਕੇਵਲ ਭੌਤਿਕ ਪ੍ਰਤੱਖ ਪ੍ਰਮਾਣ ਵਾਦੀ"ਚਾਰ ਵਾਕ""(materialist NO GOD:but believe Four Elements create the universe), ਅ.ਜੈਨ:ਦਿਗਾਂਬਰ-ਸ੍ਵੇਤਾਂਰ ਦੋ ਧਰਮੀ ਸਜਾਦ ਵਾਦ। ਕੇਵਲ"ਕਰਮ"ਸ੍ਰਿਸ਼ਟੀ ਕਰਤਾ ਹੈ, ਈਸ਼੍ਵਰ ਹੈ ਨਹੀ। ਏ.ਬੋਧੀ ਕਰਮ ਕਾਂਡੀ ਵਿਨਯ ਭਗਤੀਮੈ। ਤੇ ਤਿਨ ਗਿਆਨ ਕਾਂਡੀ ਪ੍ਰਧਾਨ ਸੰਪ੍ਰਦਾਇ:-ੳ. ਸੌਤ੍ਰਾਂਤਕ, ਅ.ਖਨਿਕ-ਵਿਗਿਆਨ ਵਾਦੀ ਤੇ ਏ.ਸ਼ੂਨਜ ਵਾਦੀ। ਭਾਰਤ ਗਏ ਵਿਦੇਸ਼ਾਂ'ਚ ਡੇਢ ਦੋ ਦਰਜ਼ਨ ਦੀ ਮਾਨਤਾ ਹੈ।

Sri Satguru Jagjit Singh Ji eLibrary NamdhariElibrary@gmail.com

ਸ਼ਰ੍ਹਾ ਇਮਾਨ ਆਦਿ ਅਧਾਰਤ ਚਾਰੋਂ ਪਾਸੇ ਧਾੜਾਂ ਮਾਰ ਉੱਤਰੀ ਤੁਰਕੀ ਅਤੇ ਫਾਰਸੀ ਜਬਰਨ ਮੁਸਲਮਾਨ ਬਣਾਏ (ਜਿਸ ਕਾਰਣ ਬਹੁਤ ਪਾਰਸੀ ਭਾਰਤ ਗੁਜਰਾਤ ਦੇਸ਼ ਆ ਬਸੇ)॥ ਪਹਿਲੋਂਪਹਿਲ ਅਰਬ ਯਵਨ(Amman) ਦੇਸੀ ਸਮੁੰਦਰ ਰਾਹੀਂ ਪੱਛਮ ਭਾਰਤ ਸਿੰਧ ਦੇਸ਼ ਤੇ ਈਸ੍ਵੀ 720 'ਚ ਫਤੇ ਪਾਈ ਪਰ ਸਾਰੇ ਭਾਰਤ ਖੰਡ ਉਤੇ ਵਿਸ਼ੇਸ ਪ੍ਰਭਾਵ ਨਹੀਂ ਪਇਆ ॥

ਪਰੰਪਰਾ ਪਰਥਾਇ ਅਨੁਸਾਰ ਜਿਨ੍ਹਾਂ ਦਾ ਸ਼੍ਰੀਵਿਸ਼ੂ ਗੁਰੂ ਨਾਨਕ ਦੇਵਜੀ ਦੇ ਮੁੱਖ ਦਿਗਵਿਜੈਆਂ ਰਾਹੀਂ ਸਭ ਤੋਂ ਪਹਿਲਾ ਸ਼੍ਰੀਗੁਰੁਬਾਣੀ ਨੇ ਥੰਮੇ॥ ਇਸ ਪ੍ਰਵਾਹ ਦੇ ਅਨੇਕ ਟੀਕੇ, ਭਾਸ਼ਜ ਆਦਿ ਪਰਿਭਾਸ਼ਿਕ ਪਰਥਾਏ ਪ੍ਰਸੰਗਾਨੁਸਾਰ ਵਿਸਤਾਰ ਨਾਲ ਅੱਗੇ ਕੁਛ ਲਿਖੇ ਜਾਣਗੇ॥ ਐਥੇ ਇਤਨਾ ਦੱਸਣਾ ਕਾਫੀ ਹੈ:

ਦੋਨੋਂ ਨਾਸਤਿਕ ਅਨੀਸ਼੍ਵਰਵਾਦੀ ਬੋਧੀ ਧਰਮ ਦੀ ਅਵੁਨਤੀ-ਤੇ ਆਸਤਿਕ ਈਸ਼੍ਵਰਵਾਦੀ ਪੁਰਾਣੇ ਸ਼ੈਵ ਸੰਪ੍ਰਦਾਈ ਦੇ ਦੋਨੋਂ ਫੰਗ(two wings) ਪ੍ਰਚਾਰਕ ਸਭ ਨੂੰ ਕੁਰਾਹੇ ਪਾ ਰਹੇ ਸਨ, ਅਰਥਾਤ:-

1. ਤਾਂਤ੍ਰਿਕ ਮਤ ਦੇ ਤਿਨ ਕ੍ਰਾਂਤਾਂ ਦੇ ਮੋਢੀ ਪ੍ਰਚਾਰਕ: 84 ਸਿੱਧ, 12(ਗੋਰਖ) ਨਾਥ ਪੰਥੀ, 8 ਜਤੀ = ਜੋੜ 101, ਅਤੇ ਦੂਜੇ ਸ਼ੈਵ ਮਤੀ;

2. ਦਸ ਨਾਮ ਸੰਨਿਆਸ ਮਤ ਪ੍ਰਚਾਰ ਕਾਰਣ ਭਾਰਤੀ ਜੰਮੇ ਬੋਧ ਧਰਮ ਆਪਣੇ ਭਾਰਤ ਦੇਸ਼ 'ਚ ਦਿਗਵਿਜੈ ਮੁਕਾਬਲੇ ਕਾਰਣ ਮ੍ਰਿਤੂ ਪਾਈ॥ ਪਰ ਓਹ ਭਾਰਤ ਬਾਹਿਰ ਬੋਧੀ ਧਰਮ ਹੁਣ ਵੀ ਤਿਬਤ 'ਚ ਵਜ੍ਰਯਾਨ ਤੰਤ੍ਰ ਰੂਪ ਧਾਰ, ਅਤੇ ਮਹਾਯਾਨ ਰੂਪ ਧਾਰ ਮੋਂਗੋਲਿਆ, ਕੋਰਿਆ, ਚੀਨ, ਤੇ ਜਪਾਨ 'ਚ ਜਿਉਂਦਾ ਤੇ ਪ੍ਰਸਿੱਧ ਹੈ॥ ਇਸੇ ਤਰ੍ਹਾਂ ਦਖਣੀ-ਪੂਰਵੀ ਵਿਦੇਸ਼ਾਂ 'ਚ ਥੇਰਵਾਦ/ਹੀਨਯਾਨ ਰੂਪ 'ਚ ਹੁਣ ਜੀਵਤ ਪ੍ਰਭਾਵੀ ਹੈ ॥

ਪਰ ਓਦੋਂ ਭਾਰਤ ਜਨਮ ਭੂਮਿ 'ਚ ਬੋਧ ਧਰਮ ਦੀ ਮੌਤ ਕਿਵੇਂ ਹੋਈ? ਐਥੇ ਇਸ਼ਾਰਾ ਕਰਣਾ ਜ਼ਰੂਰੀ ਹੈ ॥

ਅਨੀਸ਼੍ਵਰਵਾਦੀ ਬੋਧ ਧਰਮ ਨਾਸਤਿਕ ਹੋਣ ਕਾਰਣ, ਕੇਵਲ ਆਪਣੇ ਆਗਮ ਤਰਕ ਸਿੱਧਾਂਤ ਅਧਾਰ ਪਰਥਾਏ ਤੇ ਆਸਤਿਕ ਵੇਦ ਨਿਗਮ ਤਰਕ ਸਿੱਧਾਂਤ ਅਧਾਰ ਤਰਕ ਸ਼ਾਸਤ੍ਰਾਂ ਅਧਾਰ ਸ਼ੰਕਰ ਸਿਧਾਂਤ ਦੀ ਵਿਸ਼ੇਸ ਟੱਕਰ ਰਹੀ ॥

ਇਸੇ ਤਰ੍ਹਾਂ ਸ਼ੰਕਰ ਸੰਨਿਆਸ ਯੋਗ ਤੇ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀ ਦੀ ਰਾਜ ਜੋਗ ਸਿਧਾਂਤ ਪਰਥਾਇ ਟੱਕਰ ਰਹੀ। ਇਹ ਹਰ ਗੁਰੂਸਿੱਖ-ਸਿੰਘ ਨੂੰ ਜ਼ਰੂਰੀ ਯਾਦ ਰੱਖਨਾ ਤੇ ਜਾਣਨਾ ਵੀ ਜ਼ਰੂਰੀ ਹੈ, ਕਿ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਨੇ ੧ਓ ਗਿਆਨ ਰਾਹੀ ਕਲੀ ਜੀਵ ਮਾਤ੍ਰ ਉਧਾਰ ਲਈ ਵਿਵਹਾਰਿਕ ਆਧਿਭੌਤਕ, ਆਧਿਦੈਵਿਕ, ਆਧਿਯੱਗਿਕ ਤੇ ਅਧਿਆਤਮ ਸਿਧਾਂਤਾਂ ਤੋਂ ਆਮ ਹਿੰਦੂ ਮੁਸਲਮਾਨ ਕੁਰਾਹੇ ਚਲੇ ਹੋਇਆਂ ਨੂੰ ਉਦਾਸੀਆਂ ਰਾਹੀਂ ਦੱਖਣੀ ਜੰਬੂ ਦ੍ਵੀਪ(Southern Asia) ਭਾਵ:- ਸਾਰਾ ਭਾਰਤ, ਮੱਧ ਏਸ਼ੀਆ, ਪੱਛਮ ਅਰਬੀ ਏਸ਼ੀਆ ਦੇ ਅਨੇਕ ਤਰ੍ਹਾਂ ਦੇ ਮਨੁਖ ਕੁਰਾਹੇ ਜਾ ਰਹੇ ਨਜਿਠੇ॥ ਅਨੇਕ ਆਸਤਿਕ ਨਾਸਤਿਕ, ਈਸ਼੍ਵਰ-ਅਨੀਸ਼੍ਵਰ ਵਾਦੀ ਸੰਪ੍ਰਦਾਈ ਸਿੱਧਾਂਤ ਪ੍ਰਸੰਗਾਨੁਸਾਰ ਵਰਣਨ ਹੋਣਗੇ। ਐਥੇ ਚਲਦਾ ਪ੍ਰਸੰਗ ਸਿਧਾਂਤ ਪੂਰਾ ਕਰਣਾ ਜ਼ਰੂਰੀ ਹੈ:-

ਸ਼੍ਰੀ ਵਿਸ਼੍ਵਗੁਰੂਜੀ ਦੇ ਰਾਜ-ਜੋਗ-ਬ੍ਰਹਮ ਗਿਆਨ ਸਿਧਾਂਤ ਦੀ ਨੀਂਵ

Sri Satguru Jagjit Singh Ji eLibrary NamdhariElibrary@gmail.com

ਮੁੱਖ ਵਾਦ (Dotrine) ਦੋ ਹਨ: ਸੱਤਕਾਰਜ ਵਾਦ (of something) ਅਤੇ II. ਅਸੱਤਕਾਰਜ ਵਾਦ (of nothing)

ਇਨ੍ਹਾਂ ਬਾਰੇ ਅਗੇ ਵਿਸਤਾਰ ਨਾਲ ਵਰਣਨ ਕਰਾਂਗੇ, ਐਥੇ ਇਤਨਾ ਜਾਣਨਾ ਜ਼ਰੂਰੀ ਹੈ, ਸ਼੍ਰੀ ਵਿਸ਼੍ਵਗੁਰੂਜੀ ਦਾ ਸੱਤਿ ਕਾਰਜਵਾਦ ਹੈ, ਜੋ ਤਰਕ ਸਿੱਧ ਹੈ, ਕਿ ਬਿਨਾ ਕੁਛ(ਅਸਤ) ਵਿੱਚੋਂ ਵਿਸ਼੍ਵ ਤੱ ਕੀ, ਆਪ ਕੁਛ ਨਾ ਹੋਣ ਕਾਰਣ, ਕੁਛ ਉਤਪੰਨ ਹੀ ਨਹੀਂ ਹੋ ਸਕਦਾ॥ ਸੋ ਵਿਸ਼੍ਵ ਦਾ ਪ੍ਰਤਾ "ਕੁਛ" ਹੋਵੇ, ਤਾਂਹੀ ਕੁਛ ਉਤਪੰਨ ਹੋ ਸਕਦਾ ਹੈ। ਉਸ ਨੂੰ ਕੋਈ ਵੀ ਨਾਮ: ੧ਓ, ਪਾਰਬ੍ਰਹਮ, ਅੱਲਾ, ਵਹਿਗੁਰੂ, ਆਦਿ ਨਾਮਾਂ ਰਾਹੀ ਸੰਬੋਧਨ ਕੀਤਾ ਜਾਂਦਾਹੈ, ਓਹੀ ਕੁਛ ਇਕੋ '।' ਵਸਤੂ ਨਿੱਤ ਸਦਾ ਰਹਿੰਦੀ ਹੈ, ਸ਼੍ਰੀ ਗੁਰੂ ਬਚਨ ਹੈ: ਪੂਰ ਸਮਗ੍ਰੀ ਪੂਰੇ ਠਾਕੁਰ ਕੀ॥ ਭਰਿਪੁਰਿ ਧਾਰਿ ਰਹੀ ਸੋਭ ਜਾਕੀ॥ ਰਹਾਉ; ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥ ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥ 33ਅ.13 ਪਰ ਅਗਿਆਨੀ ਉਲਟਾ ਸਮਝਦੇ ਹਨ,ਜਿਵੇਂ, ਸਤਿ ਹੋਤਾ,ਅਸਤਿ ਕਰਿ ਮਾਨਿਆ; ਜੋ ਬਿਨਸਤ ਸੋ, ਨਿਹਚਲੁ ਜਾਨਬ॥ ਪਰਕੀ ਕਉ ਅਪਨੀ ਕਰਿ ਪਕਰੀ, ਐਸੇ ਭੂਲ ਭੁਲਾਨਬ ਇਸ ਦੀ ਸਹੀ ਨੀਂਵ ਚੌਥੇ ਸ਼੍ਰੀ ਜਗਦਗੁਰੂ ਰਾਮ ਦਾਸ ਨੇ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦੇ "ਰਾਜ ਜੋਗ" ਸਿੱਧਾਂਤ ਨੀਵ ਜੋ ਕਿ ਜਨਮ ਸਾਖੀ ਕਹੀ ਭਿੰਨ ਇਸ ਤਰ੍ਹਾਂ ਦਸੀ ਹੈ:-

ਮ:4 ਪਹਿਲਾ ਆਗਮੁ(inductively), ਨਿਗਮੁ(deductively) ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ ॥ ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ ਮਨਮੁਖਾ ਓਹ ਵੇਲਾ ਹਥਿ ਨ ਆਇਆ॥

ਭਾਵ ਇਹ ਹੈ, ਬਿਨਾ ਤਰਕ ਅਨੁਭਵ(pure logic's experience) ਯਥਾਰਥ ਸੱਤਿ ਦਾ ਗਿਆਨ ਨਹੀਂ॥ ਅਨਪੜ੍ਹ ਵੀ ਆਪਣਾ ਹਿਤ ਸੋਚਦਾ ਹੈ, ਕਹਾਵਤ ਹੈ "ਬਿਨਾ ਕਾਰਣ ਮੂਰਖ ਵੀ ਪ੍ਰਬਿਰਤ ਨਹੀਂ ਹੁੰਦਾ[43]॥ ਸ਼੍ਰੀ ਜਗਦਗੁਰੂਜੀਦਾ ਉਪਦੇਸ਼ ਹੈ:- ਹਰਿ ਆਗਿਆ ਹੋਏ ਬੇਦ... ੬.26 ਅਰਥਾਤ ਮੂਲ ਈਸ਼੍ਵਰਵਾਦੀ ਸਿਮ੍ਰਤੀ ਵੇਦ, ਕਤੇਬ, (Bible OT. NT. Traditions) ਆਦਿ ਤੇ ਪਹਿਲੋ ਪਹਿਲ ਨਾ ਲਿਖੇ ਅਨੀਸ਼੍ਵਰਵਾਦੀ ਜੈਨ (ਸ਼ਰਾਵਗ), ਬੋਧੀ ਖੁਸ਼ਕ ਆਗਮ ਤਰਕ ਬਿਨਾ ਲਿਖੇ ਕੋਈ ਗ੍ਰੰਥ ਨਹੀਂ ਮਨਦੇ॥ ਪਰ ਪਿਛੋਂ ਲਿਖੇ ਅਨੇਕ ਗ੍ਰੰਥ:-ਵਿਨਜੈ, ਸੂਤ੍ਰ, ਆਗਮ ਆਦਿ ਪਾਲੀ ਤੇ ਸੰਸਕ੍ਰਿਤ ਸ਼ਾਸਤ੍ਰ ਮਨਣ ਲਗ ਪਏ॥ ਇਸ ਕਰਕੇ ਓਹ ਕਿਸੇ ਆਸਤਿਕ ਈਸ਼੍ਵਰਵਾਦੀ ਗ੍ਰੰਥਾਂ ਨੂੰ ਹੁਣ ਤਕ ਨਹੀਂ ਮਨਦੇ॥ ਇਸੇ ਕਾਰਣ ਗੌੜ-ਸ਼ੰਕਰ ਆਸਤਿਕ ਈਸ਼੍ਵਰ ਵਾਦੀ ਵੇਦ, ਸਿਮ੍ਰਿਤਿ ਨਿਗਮਾਗਮ ਪ੍ਰਮਾਣ ਅਧਾਰ ਵਿਦ੍ਵਾਨ ਬੋਧੀਆਂ ਦੇ ਸਿਧਾਂਤਾਂ ਨਾਲ ਦਿਗਵਿਜੈ ਸ਼ਾਸਤ੍ਰਾਰਥ ਕਰਣਾ ਹੀ ਠੀਕ ਸਮਝਦੇ ਸਨ, ਕਾਰਣ ਕਿ ਓਹ ਕਿਸੇ ਵੀ ਪੁਸਤਕ ਕਹੇ ਪ੍ਰਮਾਣ ਮਨਣ ਨੂੰ ਤਿਆਰ ਹੀ ਨਹੀ ਸਨ; ਇਹੀ ਸੁਭਾਵਿਕ ਵਿਧਾਨ ਚੌਥੇ ਸ਼੍ਰੀ ਜਗਦਗੁਰੂ ਰਾਮਦਾਸਜੀ ਦਸਦੇ ਹਨ, ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਨੇ ਭੀ ਪਹਿਲੋਪਹਿਲ ਅਪਨਾਯਾ॥

ਜਿਵੇਂ ਪਹਿਲਾਂ ਆਸਤਿਕ ਵੇਦ-ਪੁਰਾਣਿਕ ਸ਼ੈਵ ਸੰਪ੍ਰਦਾਈ ਸੰਨਿਆਸੀ ਗੌੜ (ਬੰਗਾਲ) ਦੇਸ ਆਚਾਰਜ (ਗੁਰੂ/ਪਤਿ ਨਾਮ ਲੈਣਾ ਦੋਸ਼ ਮੰਨਿਆ ਹੈ) ਗੌੜਪਾਦ (ਚਰਣੀ ਸ਼ਿਸ਼ਸ਼/ਸਿੱਖ) ਨਾਮੀ ਵਿਰਕਤ ਸਾਧੂ ਨੇ ਸਭ ਤੋਂ ਪਹਿਲਾਂ ਬੋਧੀਆਂ ਨਾਲ ਦੋਨੋ ਸਮਿਲਤ ਆਗਮ-ਨਿਗਮ

43. "बिना कारण मूर्खोऽपि नः प्रवर्त्तते"॥

Sri Satguru Jagjit Singh Ji eLibrary NamdhariElibrary@gmail.com

ਇਕੋ ਹੀ ਤਾਰਕਿਕ ਸਭ ਤੋਂ ਛੋਟੇ 12 ਮੰਤ੍ਰ ਅਥਰਵ ਵੇਦ ਦੇ ਮਾਂਡੂਕ ਉਪਨਿਸ਼ਦ ਦੀ ਸੰਸਕ੍ਰਿਤ ਕਵਿਤਾ ਵਿੱਚ ਕਾਰਕਾ(ਭਾਸਜ) ਲਿਖ ਬੋਧੀ ਪ੍ਰਚਾਰਕਾਂ ਲਈ ਲਿਖਵਾ, ਪ੍ਰਚਾਰਾਰਥ ਵੰਡ, ਉਨ੍ਹਾਂ ਨਾਲ ਦਿਗ-ਵਿਜੈ ਸ਼ਾਸਤ੍ਰਾਰਥ ਆਰੰਭੇ॥ ਗੌੜਪਾਦੀ ਸਿੱਖ, ਪਦਮ-ਪਾਦ ਪੋਤੇ ਸਿੱਖ, ਗੋਵਿੰਦ-ਪਾਦ ਨੇ ਵਾਰੋਵਾਰੀ ਇਸ ਤਰ੍ਹਾਂ ਸੌ 'ਕ ਸਾਲ ਬੋਧੀਸੰਘੀਆਂ ਨਾਲ ਦਿਗ-ਵਿਜੈ ਜਾਰੀ ਰਖਿਆ॥ ਉਸਦੇ ਪੜਪੋਤੇ ਸਿੱਖ ਸ਼ੰਕਰ ਆਚਾਰਜ ਨੇ ਹੋਰ ਅਮਲੀ ਰੂਪ 'ਚ ਅਨੀਸ਼੍ਵਰ ਵਾਦੀ ਬੋਧੀਆਂ ਦੇ ਨਿਗਮ-ਆਗਮ ਤਰਕ ਰਾਹੀਂ ਭਾਰਤ ਖੰਡ 'ਚੋਂ ਹੀ ਸ਼ਾਸਤ੍ਰਾਰਥ ਰਾਹੀਂ ਅੰਤੈ ਕਰਣ ਉਤੇ ਲੱਕ ਬੰਨ੍ਹਿਆ॥ਉਸ ਨੇ ਬੋਧੀ ਧਰਮ ਵਿਰੁਧ ਐਸੇ ਮਹਾਨ ਕੰਮਾਂ ਲਈ ਆਸਤਿਕ ਸੰਨਿਆਸ ਧਰਮ ਸੰਸਥਾ ਥਾਪੀ :-

1. ਪਹਿਲਾ ਸਮੋਗ੍ਰ ਨਿਗਮ-ਆਗਮ ਤਰਕ ਆਧਾਰ ਵੇਦ ਸਿਧਾਂਤ ਤੇ ਲਕਸ਼ ਕੀ ਹੈ? ਅਦ੍ਵੈਤ(1), ਹੈ ਦ੍ਵੈਤ ਨਿਖੇਧ ਤਰਕ ਰਾਹੀਂ ਸਪਸ਼ਟ ਕੀਤਾ॥ਬੋਧੀਆਂ ਦੇ ਹੀ ਤਰਕ ਦ੍ਰਿਸ਼ਟਾਂਤ ਰੱਸੀ 'ਚ ਸਪ ਭ੍ਰਮ, ਰਾਹੀਂ ਇੱਕੋ ਸੱਤ ਹੈ-ਤਰਕ ਰਾਹੀਂ ਦੂਜਾ ਭਾਉ(ਦ੍ਵੈਤ, ਦੋ ਹੈ ਨਹੀਂ) ਸਿੱਧਾਂਤ ਸਿੱਧ ਕੀਤਾ॥ ਇਸੇ ਤਰ੍ਹਾਂ ਬੋਧੀ ਖਿਨਕਵਾਦ ਅਤੇ ਦੋਨੋਂ ਸ਼ੁਨਜਵਾਦ ਸਿਧਾਂਤ ਤਰਕ ਰਾਹੀ ਗਲਤ ਸਿੱਧ ਕੀਤੇ। ਇਨ੍ਹਾਂ ਲਈ ਸ਼ੰਕਰ ਨੇ ਵੇਦ ਪ੍ਰਥਾ ਸਮਗ੍ਰਥਾਂ 'ਚੋਂ ਮੁੱਖ ਤਿੰਨ ਗ੍ਰੰਥ ਸੰਗ੍ਰਹ: ਪ੍ਰਸਥਾਨ ਤ੍ਰੈ:-1.ਵੇਦ ਦੇ ਗਿਆਨ ਕਾਂਡ 14-15 ਉਪਨਿਸ਼ਦ(ਵਿੱਚੇ ਗੌੜ-ਪਾਦ ਮਾਂਡੂਕਜ ਕਾਰਕਾ), 2.ਵੇਦਾਂਤ(ਖਟ ਸ਼ਾਸਤ੍ਰਾਂ 'ਚ) ਦਰਸ਼ਨ ਸੂਤ੍ਰ, ਤੇ ਅੰਤ 'ਚ 3.ਸ਼੍ਰੀਭਗਵਤਗੀਤਾ, ਤਿਨੋਂ ਦੇ ਸਾਮੂਹਿਕ ਭਾਸ਼ਜ ਆਧਾਰ ਸ਼ਾਸਤ੍ਰਾਰਥ ਕੀਤੇ॥ ਦੂਜੇ, ਬੋਧ ਧਰਮ ਅਨੁਸਾਰ ਅਨਿੱਤ ਵਿਨਾਸ਼ੀ ਵਿਸ਼੍ਵ, ਮੋਹ ਕਾਰਣ ਦੁੱਖਮੈ ਹੈ, ਜਿਸ ਦੀਆਂ ਚਾਰ ਸਚਾਈਆਂ ਤੇ ਅੱਠ ਮੱਗਾਂ ਰਾਹੀਂ ਬੋਧੀ ਭਿਖਸ਼ੂ ਬਣਕੇ ਨਿਰਵਾਣ ਪਾਇਆ ਜਾ ਸਕਦਾ ਹੈ॥ ਇਹ ਪੱਖ ਸ਼ੰਕਰ ਨੇ ਵੇਦ ਦੇ ਵਿਵਰਤ ਵਾਦ ਰਾਹੀਂ ਤਾਂ ਨਜਿਠਿਆ, ਪਰ:

2. ਵੇਦ ਪ੍ਰਤਿਪਾਦ ਕਲਿਯੁਗ ਉਪਯੋਗੀ ਧਰਮ ਅਵਿਚਾਰਦੇ ਹੋਇ ਵਿਵਹਾਰਿਕ ਧਰਮ 'ਚ ਬੋਧੀਆਂ ਦੀ ਤਰ੍ਹਾਂ ਜਤਾਇਆ; ਓਨ੍ਹਾਂ ਦਾ ਸੰਨਿਆਸ ਆਸ਼੍ਰਮ ਧਰਮ ਤੇ ਬੋਧੀਆਂ ਦਾ ਓਹੀ ਨਿਰਵਾਣ ਲਕਸ਼ ਹੈ ਤੇ ਉਨ੍ਹਾਂ ਦੇ ਤਰਕ ਦ੍ਰਿਸ਼ਟਾਂਤ, ਰੱਸੀ 'ਚ ਸੱਪ ਭ੍ਰਮ[ਅ.44] : ਰੱਸੀ ਗਿਆਨ ਹੁੰਦੇ ਹੀ ਮਿਥਿਆ ਸੱਪ ਲੋਪ ਹੁੰਦਾ ਹੈ, ਉਸੇ ਤਰ੍ਹਾਂ ਵੇਦ ਸੱਤ ਬ੍ਰਹਮ ਗਿਆਨ ਹੁੰਦੇ ਹੀ ਮਿਥਿਆ ਸੰਸਾਰ ਦਾ ਲੋਪ ਸੰਨਿਆਸ ਲਖਾਇਕ ਹੈ॥

3. ਸ਼ੰਕਰ ਆਚਰਜ ਨੇ ਬੋਧੀ ਸੰਘ ਦੇ ਵਿਵਹਾਰ ਪੱਧਰ ਦੇ ਵਿਦ੍ਵਾਨ ਭਿਖੂ ਪ੍ਰਚਾਰਕਾਂ ਦੇ ਮੁਕਾਬਲੇ ਲਈ ਵਿਵਹਾਰਿਕ ਵੇਦ ਸਤਰ ਤੇ ਸੰਨਿਆਸ ਸੰਪ੍ਰਦਾਇ ਯੋਜਨਾ ਸਾਜੀ। ਸਮਰਾਟ ਅਸੋਕ ਪਿਛੋਂ ਜੋ ਬਚੇ, ਵੇਦ-ਪੁਰਾਣਿਕ ਦਸ(10) ਸ਼ੈਵ ਉਪਾਸਿਕ ਧੁਰੰਦਰ ਵੇਦ ਵਿਦ੍ਵਾਨ ਆਪਣੀ ਧ੍ਵਜਾ ਹੇਠ ਸੰਗਠਨ ਕਰ, ਇਕ ਸਾਂਝੀ ਦਸ ਨਾਮ ਸੰਨਿਆਸੀ ਸੰਪ੍ਰਦਾਇ ਸੰਘ, ਨਾਸਤਿਕ ਅਨੀਸ਼੍ਵਰਵਾਦੀ ਬੋਧ ਸੰਘ ਨਾਲ ਜੀਵਨ ਪ੍ਰਯੰਤ ਦਿਗ ਵਿਜੈ ਗੋਸ਼ਟਾਂ ਕਰਦਾ ਰਿਹਾ ਕਿ ਜਨਮ ਅਸਥਾਨ ਭਾਰਤੀ ਨਾਸਤਿਕ ਬੋਧੀ ਧਰਮ ਭਾਰਤ 'ਚ ਮ੍ਰਿਤੂ ਪਾਏ॥

4. ਸ਼ੰਕਰ ਨੇ ਸਨਿਆਸ ਸੰਘ ਲਈ ਭਾਰਤ ਦੇ ਚਾਰੋ ਦਿਸ਼ਾਂ ਦੇ ਚਾਰ ਧਰਮ ਧਾਮਾਂ ਨਿਕਿਟ ਮੁੱਖ ਚਾਰ ਮੱਠ(Cathedral Centers) ਬੋਧੀ ਧਰਮ ਖੰਡਨ ਵੇਦ ਕ੍ਰਮ ਵਿੱਧੀ

44. ਸ਼੍ਰੀਗੁਗ੍ਰੰਜੀ.ਓ.ਪੰ.418:4-5 ॥ ਅ.ਪੰਨੇ.332:19; 658:1, ਆਦਿ॥

Sri Satguru Jagjit Singh Ji eLibrary NamdhariElibrary@gmail.com

ਪ੍ਰਸਥਾਨ ਤੇ ਪਠਨ-ਪਾਠਨ ਪ੍ਰਸਾਰਨ ਲਈ ਇਹ ਚਾਰ ਪ੍ਰਚਾਰ ਕੇਂਦ੍ਰ ਥਾਪੇ॥ ਐਥੇ ਦੇ ਪੜ੍ਹੇ ਦਸ ਨਾਮ ਸੰਨਿਆਸੀ ਸੰਪ੍ਰਦਾਇ ਭਾਰਤ 'ਚ ਜੰਮੀ, ਸੰਗਠਿਤ ਤੇ ਵਿਕਸਤ ਹੋਈ ਬੋਧ ਧਰਮ ਸੰਘ ਪੰਥ, ਜੋ ਭਾਰਤ 'ਚ ਸਮਰਾਟ ਅਸੋਕ ਦੀ ਪਰਵ੍ਰਿਸ਼ ਵਿਚ ਫੈਲਿਆ ਸੀ ਉਸ ਉਤੇ ਆਸਤਿਕ ਵੇਦ ਧਰਮ ਨੇ ਦਿਗਵਿਜੈ ਰਾਹੀਂ ਜਨਮੇ ਬੋਧੀ ਧਰਮ ਤੇ ਫਤਿਹ ਪਾਈ॥ ਪਰ ਯਾਦ ਰਹੇ ਕਿ ਇਹੀ ਭਾਰਤੀ ਬੋਧੀ ਧਰਮ ਪੰਥ ਵਿਦੇਸ਼ਾਂ ਵਿੱਚ ਡੇਢ ਦਰਜਨ ਰੂਪ ਸੰਪ੍ਰਦਾਇਆਂ 'ਚ ਹੁਣ ਸਜੀਵ ਹੈ ॥

5. ਉਸੇ ਤਰ੍ਹਾ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਨੇ ਪ੍ਰਾਰੰਭ 'ਚ ਆਪਣਾ ਗੁਰੂਸਿੱਖ ਧਰਮ ਪੰਥ ਵੀ ਬੋਧੀ ਪੰਥ ਤਰ੍ਹਾਂ; ਭਾਰਤੀ ਆਸਤਿਕ ਤਾਂਤ੍ਰਿਕ 84 ਸਿੱਧ, ਬਾਰਾਂ ਪੰਥੀ ਜੋਗੀਆਂ ਦੇ ਨਾਟਕ-ਚੇਟਕ ਅਤੇ ਦਸ ਨਾਮ ਸੰਨਿਆਸ ਬਿਨਾ ਅਦ੍ਵੈਤ (1) ਵਾਦੀ) ਵੈਸ਼ਣਵ ਵੈਰਾਗੀ ਤੋਂ ਪ੍ਰਭਾਵਿਤ ਸੁਮਾਰਗ ਸੰਨਿਆਸ ਆਸ਼ਰਮ ਲਾਕਸ਼ਿਕ ਭੰਡੇ॥ ਸਾਰੇ ਬਾਕੀ ਭਾਰਤੀ ਦੂਜੇ ਭਾਉ/ਦ੍ਵੈਤ ਵਾਦੀ, ਅਤੇ ਅਰਬੀ ਇਸਲਾਮ ਇਮਾਨ ਦੇ ਚਾਰ ਕਤੇਬ ਦੂਈ ਸਿਧਾਂਤ ਵਿਰੁਧ ਪੁਰਾਣੀ ਪ੍ਰਚਲਿਤ ਵਿਵਿਹਾਰਾਰਿਕ ਧਰਮ ਰਖਿਆ ਲਈ ਗੁਰੁ-ਪੰਥ ਧਰਮ ਪ੍ਰਚਾਰ ਲਈ ਸ਼ੰਕਰ ਤਰ੍ਹਾਂ ਚਾਰ ਦਿਸ਼ਾ 'ਚ ਤਖਤ ਪਰ ਵਿਸ਼ੇਸ ਕਰਕੇ ਉੱਤਰ ਦਿਸ਼ਾ ਯੁਧਦੇ ਜ਼ੋਰ ਕਾਰਣ ਯੁੱਧ ਕੇਂਦ੍ਰ: Four Direction, NSEW, Command Headquarters} ਗੁਰੁਸਿੱਖ ਧਰਮ ਦੇ ਥਾਪੇ॥ ਪਰ ਬ੍ਰਹਮ ਗਿਆਨ-ਵਿਗਿਆਨ ਪੂਰੇ ਇਤਿਹਾਸ ਜਾਣੂ ਪਰਾਤਨ ਗੁਰੂਸਿੱਖ-ਸਿੰਘਾਂ ਨੇ ਸ਼੍ਰੀਜਗਦਗੁਰੂ ਗੋਬਿੰਦ ਸਿੰਘਜੀ ਵਿਸ਼੍ਵਗੁਰੂ ਪਰਮਾਰਥ ਧਰਮ ਸਿਧਾਂਤ ਲਈ, ਸ਼੍ਰੀਗੁਰੂਕਾਸ਼ੀ ਗੁਰੁਗਮ ਵਿਦਿਆ ਮੁੱਖ ਟਕਸਾਲ(ਪੀਠ:Holy 10th *Gurü* Seminary, not War Headquarter) ਦਮਦਮਾ ਸਾਹਿਬ ਵਿੱਚ ਥਾਪੀ ; ਅਤੇ ਅੰਮ੍ਰਿਤਸਰ 'ਚ ਭਾਈ ਮਨੀ ਸਿੰਘ ਤੋਂ ਉਪ-ਟਕਸਾਲ ਥਾਪਵਾਈ॥

ਇਹ ਗੁਰੁਗਮ ਥਾਪੀ ਰੀਤ 'ਚ ਪਠਨ-ਪਾਠਨ, ਟੀਕਾ-ਟਿੱਪਣੀ ਪ੍ਰਚਾਰ ਦਾ ਸੰਖੇਪ ਇਤਿਹਾਸ ਚਾਰ-ਪੰਜ-ਸੌ ਸਾਲਾਂ ਤੋਂ ਅਦ੍ਵੈਤ(1) ਵੇਦ-ਕਤੇਬੀ ਦੂਈ ਪਛੋਕੜ 'ਚ ਸ਼੍ਰੀਜਗਦਗੁਰੁਬਾਣੀ ੧ਓ ਦੇ ਟੀਕੇ ਟੀਕੇਕਾਰ ਵਜਾਖਜਾ ਦੇ ਵਿਸ਼ਲੇਸ਼ਨ ਲਿਖੇ ਦੇਖਾਂਗੇ॥ ਅੱਜ ਬਹੁਤੇ ਇਹ ਵੀ ਨਹੀਂ ਜਾਣਦੇ: ਗੁਰਗਮ ਕੀ ਹੈ ਜਿਸ ਕਾਰਣ ਪਹਿਲਾਂ ਇਹ ਦਿਵਜ ਪਦਾਰਥ ਨਾਲ ਆਰੰਭ ਕਰਨਾ ਹੀ ਠੀਕ ਰਹੇਗਾ॥

ਪਹਿਲੇ-ਦਸਵੇਂ ਸ਼੍ਰੀ ਵਿਸ਼੍ਵਗੁਰੂਜੀ ਦੀ ਅਟੁੱਟ ਗੁਰੁਗਮ ਬ੍ਰਹਮ ਗਿਆਨ ਵਿਦਿਆ ਪ੍ਰਪਾਟੀ ਦੇਣ

ਸ਼੍ਰੀ ਵਿਸ਼੍ਵਗੁਰੂਨਾਨਕਦੇਵ ਜੀ ਦਾ ਗੁਰੁਗਮ ਪ੍ਰਮਾਣ (Only Fathomed by Mystic's Path):-

ਮ:1- ਆਪਿ ਨਿਰਾਲਮੁ ਗਿਆਨਾ॥ ਜੋ ਦੀਸੈ ਤੁਝ ਮਾਹਿ ਸਮਾਨਾ॥ ਨਾਨਕੁ ਨੀਚੁ ਭਿਖਿਆ ਦਰਿ ਜਾਚੈ, ਮੈ ਦੀਜੈ ਨਾਮੁ ਵਡਾਈਹੇ॥

ਏਹੀ ਅਟੁਟ ਦਿਵਜ ਬ੍ਰਹਮ ਗਿਆਨ ਵਿਦਿਆ ਬਾਰੇ ਪਹਿਲੇ ਉੱਤਰਾਧਿਕਾਰੀ ਸ਼੍ਰੀਜਗਦਗੁਰੂ ਅੰਗਦ ਦੇਵ ਜੀ ਬਾਰੇ ਭੱਟ ਕਲ ਦਾ ਪ੍ਰਮਾਣ ਹੈ:-

ਗੁਰਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ॥ ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੌ॥ 6॥

Sri Satguru Jagjit Singh Ji eLibrary NamdhariElibrary@gmail.com

ਏਹੀ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦੀ ਅਟੁਟ ਲੜੀ ਸ੍ਰੀ ਪੰਚਮ ਜਗਦਗੁਰੂ ਅਰਜੁਨ ਦੇਵ ਜੀ ਤਕ ਚਲੀ, ਜਿਸ ਦਾ ਫੇਰ ਭੱਟ ਕੱਲ ਪ੍ਰਮਾਣ ਹੈ:-

ਗੁਰਗਮ ਪ੍ਰਮਾਣਿ ਅਜਰੁ ਜਰਿਓ, ਸਰਿ ਸੰਤੋਖ ਸਮਾਇਯਉ ॥
ਗੁਰ ਅਰਜੁਨ ਕਲਜਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ ॥8॥

ਐਥੇ ਹੀ ਬਸ ਨਹੀਂ, ਨੌਵੇਂ ਸ਼੍ਰੀਜਗਤਗੁਰੂ ਤੇਗਬਹਾਦੁਰ ਸਾਹਿਬ ਜੀ ਸਾਰੇ ਵਿਸ਼੍ਵਭਰ ਲਈ ਹੁਕਮ ਹੈ:-

ਨਾਮੁ ਰਹਿਓ, ਸਾਧੂ ਰਹਿਓ, ਰਹਿਓ ਗੁਰੁ ਗੋਬਿੰਦੁ॥
ਕਹੁ ਨਾਨਕ ਇਹ ਜਗਤਮੈ, ਕਿਨ ਜਪਿਓ ਗੁਰਮੰਤੁ॥56॥

ਸ਼੍ਰੀਜਗਦਗੁਰੂ ਗੋਬਿੰਦ ਸਿੰਘ ਜੀਨੇ ਸੰਮਤ 1743 ਵਿੱਚ ਪੌਂਟੇ ਸਾਹਿਬ ਨਿਵਾਸ ਸਮੇ ਸ਼ਰਦ ਨਵਰਾਤ੍ਰੇ ਦਸੈਹਿਰੇ ਨੂੰ ਪੰਡਿਤ ਰਘੁਨਾਥ ਆਦਿਕਾਂ ਪਾਸ ਆਪਣੇ ਸਿਖਾਂ ਨੂੰ ਦੇਵ ਨਾਗਰੀ 'ਚ ਪੁਰਾਣੇ ਧਰਮਸ਼ਾਸਤ੍ਰ ਪੜ੍ਹਾਨ ਦਾ ਹੁਕਮ ਦਿਤਾ ਪਰ ਉਨ੍ਹਾਂ ਨੇ ਜਾਤ-ਪਾਤ ਵਿਤਕਰੇ ਕਾਰਣ ਇਨਕਾਰ ਕੀਤਾ ਜਿਸ ਕਾਰਣ ਸ੍ਰੀਵਿਸ਼੍ਵਗੁਰੂਜੀ ਨੇ ਆਪ ਗੁਰਗਮ ਪੜ੍ਹਾਈ ਲਈ ਪੰਦਰਾਂ ਗੁਰੂਸਿੱਖ ਸ਼ਿਵ ਕਾਸ਼ੀ ਵਾਰਾਣਸੀ ਵਜ਼ੀਫੇ ਦੇ ਕੇ ਭੇਜੇ ਜਿਸ ਦਾ ਅਗੇ ਸੰਖੇਪ ਪ੍ਰਸੰਗ ਅਨੁਸਾਰ ਬਿਆਨ ਕੀਤਾ ਜਾਵੇਗਾ॥ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ, ਕਿ ਸ੍ਰੀ ਵਿਸ਼੍ਵ-ਜਗਦਗੁਰੂਜੀ ਦਿਵਜ ਬਾਣੀ ਕਿਸ ਬੋਲੀ ਵਿੱਚ ਉਪਦੇਸ਼ਦੇ ਸਨ ਜਿਸ ਕਾਰਣ ਸ਼੍ਰੀ ਗੁਰੂਬਾਣੀ ਉਪਦੇਸ਼ ਸਭ ਸਮਝ ਸਕਨ? ਗੁਰੁਬਾਣੀ ਦੀ ਬੋਲੀ(ਭਾਖਾ) ਕੀ ਹੈ?

ਆਮ ਸਿੱਖ ਕੀ ਠੀਕ ਪੰਜਾਬੀ, ਹਿੰਦੀ ਰਾਜਸਥਾਨੀ, ਮਰ੍ਹਾਠੀ, ਬੰਗਲਾ ਪੜ੍ਹਨੀ ਲਿਖਣੀ ਜਾਣਦੇ ਹਨ? ਸੰਸਕ੍ਰਿਤ, ਫਾਰਸੀ, ਅਰਬੀ ਤਾਂ ਦੂਰ ਰਹੇ! ਕੀ, ਸ਼੍ਰੀਜਗਦਗੁਰੂ ਜੀਦਾ ਇਸ ਸ਼ਬਦ ਦਾ ਅਰਥ ਜਾਣਦੇ ਹਨ? ਜਥਾ: ਰਾਗ ਆਸਾ, ਰੂੜੋ ਠਾਕੁਰ ਮਾਹਰੋ, ਰੂੜੀ ਗੁਰਬਾਣੀ॥

ਇਹ ਘੋਸ਼ਿਤ ਸ਼੍ਰੀਵਿਸ਼੍ਵਗੁਰੂ ਜੀ "ਰੂੜੀ ਗੁਰਬਾਣੀ" ਕੀਤੀ, ਸੋ ਇਹ ਕੀ ਹੈ? ਬਿਨਾ ਗੁਰਗਮ ਟਕਸਾਲੀ ਗਿਆਨ ਵੀ ਸੌ ਸਾਲ ਪਹਿਲਾਂ ਯੂ.ਕੇ. ਦੇ ਭਾਰਤ'ਚ ਨਿਜਿਤ ਜੱਜ ਮੈਕਾਲਿਫ ਨੇ 1909 ਦਾ ਅੰਗ੍ਰੇਜ਼ੀ ਲਫਜ਼ ਪ੍ਰਾਂਤੀ ਦੇਸੀ ਬੋਲੀ(colloquial) ਲਿਖਿਆ ਸੀ॥ ਫੇਰ ਚਾਲੀ ਪੰਜਾਹ ਸਾਲ ਹੋਇ ਨਿਜ਼ੂਜ਼ੀਲੈਂਡ ਦੇ ਡਾ. ਮੈਕਲੌਡ ਨੇ ਸਾਧੂਅਖਰੀ ਸਾਡੇ ਸਾਹਮਣੇ ਜ਼ੋਰ ਦੇ ਕੇ ਲਿਖਿਆ॥ ਆਮ ਪੜ੍ਹੇ ਪ੍ਰਚਾਰਕ ਸਿੱਖ ਗੁਰੁਬਾਣੀ ਨੂੰ ਪੰਜਾਬੀ, ਜਾਂ ਬ੍ਰਿਜਭਾਸ਼ਾ ਕਹਿੰਦੇ ਲਿਖਦੇ ਹਨ॥ ਕਿਸੇ ਪੜ੍ਹੇ ਸਿੱਖ ਨੇ ਸ਼੍ਰੀ ਗੁਰੁ ਗ੍ਰੰਥਜੀ 'ਚ ਉਪਰ ਲਿਖੀ ਤੁਕ ਨਹੀਂ ਜਾਣੀ। ਕਦੇ ਕਿਸੇ ਵਿਚਾਰਿਆ, ਸ਼੍ਰੀਜਗਦਗੁਰੂ ਗ੍ਰੰਥ ਸਾਹਿਬ ਦੇ ਸ਼ਾਸਤ੍ਰੀ-ਕਰਣ ਤੋਂ ਪਹਿਲਾਂ ਸੰਤ ਬਾਣੀ ਕੇਹੜੇ ਦੇਸ਼ਾਂ ਦੀਆਂ ਬੋਲੀਆਂ 'ਚ ਹੈ, ਵਿਚਾਰੋ:-1.ਪੰਜਾਬੀ ਸ਼ੈਖ ਫਰੀਦ ਸੰਨ 1,000 'ਚ ਸੀ; 2.ਬੰਗਾਲੀ ਜੈ ਦੇਵ, ਸੰਨ.1200; 3.ਮਰ੍ਹਾਠੀ ਨਾਮ ਦੇਵ ਸੰਨ.1350; 4.ਬਨਾਰਸੀ ਕਬੀਰ ਸੰਨ.1450-1550, ਆਦਿ॥ ਇਸ ਤਰ੍ਹਾਂ ਭਗਤ ਬਾਣੀਆਂ ਈਸ੍ਵੀ 1,000

45. ਪੁਨ੍ਹੈ:ਓ.ਪੰ.1021:9। ਅ,ਪੰ.1492:3। ਏ. ਪੰ.1408:3॥ ਸ. ਪੰ.1429:4 ।

Sri Satguru Jagjit Singh Ji eLibrary NamdhariElibrary@gmail.com

ਤੁੰ ਸ਼੍ਰੀ ਵਿਸ਼੍ਵਗੁਰੂ ਨਾਨਕ (1469-29) ਕਾਲ 400 ਬਰਸ ਤਕ ਦੇ ਹਨ॥ ਪੰਚਮ ਸ਼੍ਰੀਜਗਦਗੁਰੂਜੀ ਤਕ (1581-1606) 500 ਬਰਸ ਹੋ ਜਾਂਦੇ ਹਨ ਅਤੇ ਦਸਮ ਸ਼੍ਰੀ ਜਗਦਗੁਰੂ ਜੀ ਸੰਨ 1708 ਤਕ 1700 ਬਰਸ ਪੁਰਾਣੀ ਸ਼੍ਰੀ ਗੁਰੁਬਾਣੀ ਭਾਖਾ ਕਿਨ੍ਹਾਂ ਦੇਸਾਂ ਦੀ ਸੀ? ਕੀ ਉਹ ਸਾਰੀ ਪੰਜਾਬੀ ਸੀ? ਜਿਵੇਂ ਅੱਜ ਦੁਨੀਆ ਭਰ ਵਿੱਚ ਅੰਗ੍ਰੇਜ਼ੀ ਪ੍ਰਸਿਧ ਹੈ, ਓਹ 500 ਸਾਲ ਪਹਿਲਾਂ ਇੰਗਲੈਂਡ ਬਾਦਸ਼ਾਹ ਜੇਮਜ਼ ਪਹਿਲੇ King James I (1566-1603-25) patron English Holy Bible version Parliament declared: 1611} ਉਸ ਕਾਲ ਦਰਬਾਰੀ ਨਾਟਕਾਰ ਸ਼ੇਕਸਪਿਯਰ (1564-1616) ਅੰਗ੍ਰੇਜ਼ੀ ਅੱਜ ਦੇ ਮੁਕਾਬਲੇ -ਪ੍ਰਚਲਿਤ ਦੁਨੀਆ 'ਚ ਅੰਗ੍ਰੇਜ਼ੀ ਨਾਲ ਤਾਲਮੇਲ ਨਹੀਂ ਖਾਦਾ। ਪ੍ਰਾਣੀਆਂ ਨਵੀਂਆਂ ਬੋਲੀਆਂ ਦਾ ਕਾਫੀ ਅੰਤਰ ਕਾਰਣ ਦੋਨੋਂ ਦੇ ਅਨੈ (syntax), ਨਿਜਾਯ (maxims), ਭਾਖਾ ਅਲੰਕਾਰ(Figures of Speech), ਛੰਦ-ਕਾਵਜ ਰਚਨਾ (Prosody), ਆਦਿ ਸਮਝਨੇ ਸੌਖੇ ਨਹੀਂ॥ ਇਸੇ ਤਰ੍ਹਾਂ ਸੰਪੂਰਣ ਸ਼੍ਰੀ ਜਗਦਗੁਰੁ ਗ੍ਰੰਥ ਸਾਹਿਬਜੀ ਦੀਆਂ 1,000 ਤੋਂ 400 ਬਰਸ ਪੁਰਾਣੀਆਂ ਭਾਰਤੀ ਬੋਲੀਆਂ:-1.ਬੰਗਾਲੀ, 2.ਬਿਹਾਰੀ, 3.ਬੰਧੇਲਖੰਡੀ, 4.ਭਗੇਲਖੰਡੀ, 5.ਰੁਹੇਲਖੰਡੀ, 6.ਮਰ੍ਹਾਟੀ, 7.ਗੁਜਰਾਤੀ, 8.ਸਿੰਧੀ, 9.ਮੇਵਾਤੀ, 10. ਮੇਵਾੜੀ, 11.ਮਾਰਵਾੜੀ (ਰਾਜਸਥਾਨੀ), 12.ਬ੍ਰਿਜ, 13.ਬਾਂਗਰੂ, 14.ਪੁਆਧੀ, 15.ਬਹਾਵਲਪੁਰੀ, 16.ਮਲਵਈ, 17.ਮੁਲਤਾਨੀ, 18.ਸੈਨ-ਦ੍ਵਾਬੀ, 19.ਮਝੈਲੀ, 20.ਲਹਿੰਦੀ, 21.ਪੋਠੋਹਾਰੀ, 22.ਪਸ਼ਤੋ, 23.ਫਾਰਸੀ ਅਤੇ ਹੋਰ ਅਗੇ, 24.ਅਰਬੀ, 25. ਤੁਰਕੀ, 26.ਤੁਰਕਮੇਨੀ, 27.ਤਾਜ਼ਕੀ ਅਨੇਕ ਜੰਬੂਦ੍ਵੀਪ ਦੇਸਾਂ ਦੀਆਂ ਮਿਲੀਆਂ ਜੁਲੀਆਂ ਬੋਲੀਆਂ ਸਹਿਜੇ ਕਿੰਨੇ ਕੁ ਸਮਝ ਸਕਦੇ ਹਨ?

ਅਸਲ ਵਿੱਚ ਇੱਕ ਦ੍ਵੀਪ(ਮਹਾਦੇਸ਼)ਅੰਦਰ ਸਾਰੇ ਦੇਸ਼ਾਂ ਦਾ ਆਧਾਰ (universal foundation) ਕੱਚੀ ਬੋਲੀ (ਬਿਨਾ ਸ਼ਾਸਤ੍ਰੀਕਰਣ: ਵਿਆਕਰਣ. ਛੰਦਾਦਿ:Non-Classic) ਤੇ ਕੁਛ ਥੋੜੀ ਮਿਲੀ ਪੱਕੀ ਯੋਗ-ਰੂੜੀ ਬਾਣੀ(lingua franca) ਹੁੰਦੀ ਹੈ॥ ਮਸਲਨ:- ਸਾਰੇ ਭਾਰਤ ਅੰਦਰ ਅਨੇਕ ਦੇਸ ਭਾਖਾਧਾਰ ਦੇਵਨਾਗਰੀ ਹੈ। ਯੋਰਪਿਜਨ ਅਨੇਕ ਦੇਸ਼ ਭਾਖਾਧਾਰ ਲੈਟਿਨ ਹੈ ਅਤੇ ਮਿਸੋਪਟਾਮਿਆ ਦੀ ਅਰਬੀ ਹੈ, ਆਦਿ ॥

ਪਰ, ਸ਼੍ਰੀਵਿਸ਼੍ਵਗੁਰੂਬਾਣੀ ਭਾਰਤੀ-ਅਰਬੀ ਬੋਲੀਆਂ ਦਾ ਮਿਸਰਣ ਹੈ, ਇਸ ਕਾਰਨ ਪਰਿਭਾਸ਼ਿਕ ਸ਼੍ਰੀ ਗੁਰੁਬਾਣੀ ਦੀ ਰੂੜੀਬਾਣੀ ਸਾਰੇ ਦੱਖਣ-ਪੱਛਮ ਜੰਬੂ ਦੀਪ ਦੀ ਹੈ (South Asian lingua franca) ॥ ਇਸ ਤਰ੍ਹਾਂ ਅਨੇਕ ਦੇਸੀ ਬੋਲੀਆਂ ਜਿਨ੍ਹਾਂ ਦਾ ਵਿਵਹਾਰ ਤੋਂ ਅਧਿਆਤਮ ਵਿਸ਼ੇ ਤੱਤ੍ਵਾਂ ਦਾ ਗਿਆਨ ਕਦੀ ਕੋਈ ਵੀ ਸ਼੍ਰੀ ਵਿਸ਼੍ਵ ਗੁਰੁਬਾਣੀ "ਗੁਰੁਗਮ" ਪ੍ਰਾਪਾਠੀ ਪਰਿਭਾਸ਼ਾਕ(tools) ਬਿਨਾ ਸਿੱਖੇ-ਸਮਝੇ ਨਾ ਵਿਆਖਿਆਨ, ਨਾ ਕਦੀ ਠੀਕ ਟੀਕੇ ਕਰ ਸਕਦੇ ਹਨ॥ ਇਸੇ ਲੋੜ ਕਾਰਣ, ਇਸ ਭੂਮਿਕਾ ਦੇ ਉਪੋਦਘਾਤ 'ਚ ਕਾਫੀ ਪਰਿਭਾਸਿਕ ਮੁੱਖ ਪਦਾਰਥਾਂ ਦੇ ਸੰਖੇਪ ਪਰਕਿਰਿਆਵਾਂ ਅਤੇ ਅਨੇਕਾਰਥ ਪੱਖ ਅਟੂਟ ਗੁਰਗਮ ਪ੍ਰਨਾਲੀ ਰਾਹੀਂ ਢਕੇ ਹਨ॥

ਬ੍ਰਹਮਵਿਦਿਆ ਦੀ ਦਾਰਸ਼ਨਿਕ ਪਰਿਭਾਸ਼ਿਕ ਸ਼ਬਦਾਵਲੀ ਜਾਣੇ ਬਿਨਾ:ਬ੍ਰਹਮ ਗਿਆਨ ਅਸੰਭਵ ਸ਼੍ਰੀਗੁਰੁਬਾਣੀ ਸਨੀਆਂਦੇ ਪਾਠਾਂ ਸਹੀ ਅਕਾਲ ਪੁਰਖ ਦੇ ਦਰ ਦੀ ਸਮਝ ਤੇ ਅਨੁਭਵ

Sri Satguru Jagjit Singh Ji eLibrary NamdhariElibrary@gmail.com

ਲਈ ਅਨੇਕ ਕ੍ਰਮਵਿਧੀ ਦ੍ਰਿਸ਼ਟਾਂਤ ਹਨ:-

ਸਿਰੀਰਾਗੁ ਮਹਲਾ 1:ਬਿਨੁ ਪਉੜੀ ਗੜਿ ਕਿਉ ਚੜਉ ਗੁਰਹਰਿ ਧਿਆਨ ਨਿਹਾਲ॥ ਉ.49

ਗਉੜੀ ਮਹਲਾ 1 ॥ਬਿਨੁ ਬੋਹਿਥ ਸਾਗਰ ਨਹੀ ਵਾਟ ॥ ਬਿਨੁ ਗੁਰ ਸੇਵੇ ਘਾਟੇ ਘਾਟਿ॥ ਅ.49 ਤੇ ਭੈਰਉ ਮ: 5॥ ਬਿਨੁ ਬਾਜੇ ਕੈਸੋ ਨਿਰਤਿਕਾਰੀ॥ ਬਿਨੁ ਕੰਠੈ ਕੈਸੇ ਗਾਵਨਹਾਰੀ॥ ਜੀਲ ਬਿਨਾ ਕੈਸੇ ਬਜੈ ਰਬਾਬ॥ਨਾਮ ਬਿਨਾ ਬਿਰਥੇ ਸਭਿ ਕਾਜ॥ 1॥ਨਾਮ ਬਿਨਾ ਕਹਹੁ ਕੋ ਤਰਿਆ॥ ਬਿਨੁ ਸਤਿਗੁਰ ਕੈਸੇ ਪਾਰਿ ਪਰਿਆ॥ ਰਹਾਉ॥ ਬਿਨੁ ਜਿਹਵਾ ਕਹਾ ਕੋ ਬਕਤਾ॥ ਬਿਨੁ ਸ੍ਰਵਨਾ ਕਹਾ ਕੋ ਸੁਨਤਾ॥ ਬਿਨੁ ਨੇਤ੍ਰਾ ਕਹਾ ਕੋ ਪੇਖੈ॥ ਨਾਮ ਬਿਨਾ ਨਰੁ ਕਹੀ ਨ ਲੇਖੈ ॥2॥ਬਿਨੁ ਬਿਦਿਆ ਕਹਾ ਕੋਈ ਪੰਡਿਤ ੲ.49॥ ਬਿਨੁ ਅਮਰੈ ਕੈਸੇ ਰਾਜ ਮੰਡਿਤ॥ ਬਿਨੁ ਬੂਝੇ ਕਹਾ ਮਨੁ ਠਹਰਾਨਾ॥ ਨਾਮ ਬਿਨਾ ਸਭੁ ਜਗੁ ਬਉਰਾਨਾ॥ ਬਿਨੁ ਬੈਰਾਗ ਕਹਾ ਬੈਰਾਗੀ॥ ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥ ਬਿਨੁ ਬਸਿ ਪੰਚ ਕਹਾ ਮਨ ਚੂਰੇ॥ ਨਾਮ ਬਿਨਾ ਸਦ ਸਦ ਹੀ ਝੂਰੇ॥4॥ਬਿਨੁ ਗੁਰ-ਦੀਖਿਆ ਕੈਸੇ ਗਿਆਨੁ॥ ਬਿਨੁ ਪੇਖੇ ਕਹੁ ਕੈਸੋ ਧਿਆਨੁ॥ ਬਿਨੁ ਭੈ ਕਥਨੀ ਸਰਬ ਬਿਕਾਰ॥ ਕਹੁ ਨਾਨਕ ਦਰ ਕਾ ਬੀਚਾਰ॥ ਸ.49

ਮ:3 ਸਚੈ ਸਬਦਿ ਸਚੀ ਪਤਿ ਹੋਈ॥ਬਿਨੁ ਨਾਵੈ ਮੁਕਤਿ ਨ ਪਾਵੈ ਕੋਈ॥ਬਿਨੁ ਸਤਿਗੁਰਕੋ ਨਾਉ ਨ ਪਾਏ,ਪ੍ਰਭਿ ਐਸੀ ਬਣਤ ਬਣਾਈਹੇ॥ ਹ.49

ਗੁਰੁ ਪਦ ਦੇ ਬਹੁਤ ਲਕਸ਼ਨ ਹਨ, ਜਥਾ ਸ੍ਰੀਗੁਰੁਬਾਣੀ ਪ੍ਰਮਾਣ:-

ਮ:5: ਸਲੋਕੁ॥ ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ ਕ.49

ਇਹ ਬਿਲਕੁਲ ਸੰਸਕ੍ਰਿਤ ਪ੍ਰਯਾਈ ਸ਼ਲੋਕ ਹੈ ਖ.49ਜਿਸਦਾ ਇਹ ਲਖਣ ਹੈ:-'ਗੁ' ਅਨ੍ਹੇਰਾ+'ਰੁ'ਪ੍ਰਕਾਸ਼ = ਜੋ ਅਨ੍ਹੇਰੇ ਰੂਪ ਅਗਿਆਨ ਨੂੰ ਪ੍ਰਕਾਸ਼ ਨਾਲ ਮੇਟੇ ਸੋ 'ਗੁਰੁ'। ਹੱਲ/ਕੁੰਜੀ, ਗੂੜ੍ਹਾ, ਬੜਾ, ਬਾਬਾ(ਬਜ਼ੁਰਗ), ਭਾਰੀ(ਵਜ਼ਨੀ),ਆਦਿ ਅਰਥ ਹਨ, ਜਿਨ੍ਹਾਂ ਵਿੱਚ ਸ਼੍ਰੀਵਿਸ਼੍ਵਗੁਰੂ ਜੀਦੇ ਵਿਸਿਸ਼ਠਕ.49 ਤੇ ਪਰਮ-ਗੁਰੂ ਸੰਬੰਧੀ ਐਸੇ ਅਨੇਕਾਨੇਕ ਪ੍ਰਮਾਣ ਹਨ :- ਵਿਸਟੁਗੁਰੁ ਮੈ ਪਾਇਆ, ਜਿਨਿ ਹਰਿਪ੍ਰਭੁ ਦਿਤਾ ਜੋੜਿਗ.49; ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ ਹਰਿ ਮੇਲੇ ਕਰਿ ਰੈਬਾਰੀ ਜੀਉਘ.49 ਅਤੇ; ਗੁਰੁ-ਪਰਮੇਸਰੁ, ਹੈਭੀ, ਹੋਗੁਙ.46 ਅਨੇਕ ੧ਓ ਸਤਿ ਦੇ ; ਗੁਰੁਪ੍ਰਸਾਦਿ ਪ੍ਰਯਾਯੀ ਭਾਵਾਰਥੀ ਹੀ ਹਨ... ਆਦਿ॥

ਸ਼੍ਰੀ ਵਿਸ਼੍ਵਗੁਰੂ ਜੀ ਦੀ ਮੂਲ ਗੁਰੂਬਾਣੀ ਪ੍ਰਚਾਰ ਪ੍ਰਨਾਲੀ

ਸ਼੍ਰੀਵਿਸ਼੍ਵਗੁਰੂ ਨਾਨਕ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀਦੀ ਵਿਧੀ ਅਨੁਸਾਰ ਸ਼੍ਰੀ ਗੁਰੁਬਾਣੀ ਪ੍ਰਚਾਰ ਦਾ ਆਰੰਭ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਨੇ ਬਚਪਨ ਤੋਂ ਹੀ ਕਲਿਜੁਗ ਜੀਵ ਉਧਾਰ ਲਈ ਆਪਣੇ ਨਵੇਂ ਧਰਮ ਦਾ ਪ੍ਰਚਾਰ ਪ੍ਰਾਰੰਭ ਕੀਤਾ॥ਆਪ ਨੇ ਅੱਠ ਮੰਜੀਆਂ ਥਾਪਣ ਕੀਤੀਆਂ; ਆਪਣੇ ਕਰਕਮਲਾਂ ਲਿਖੀ ਕਿਤਾਬਉ.50 'ਚ ਛਾਂਟੀ ਕੁਛ ਬਾਣੀ ਨਕਲਾਂ ਓਨ੍ਹਾਂ ਲਈ ਲਿਖਵਾ,

---

46. ਸ਼੍ਰੀਗੁਗ੍ਰੰਜੀ.ਓ.ਪੰ.421:2। ਓ.ਪੰ.17:13। ਅ.ਪੰ.226:10। ੲ.ਭਗਵਾਤ ਗੀਤਾ:2।11 ਵਿੱਚ ਬ੍ਰਹਮਣ/ਸ਼ਰਮਾ ਜਾਤੀ ਨਹੀ:ਵਿਦਵਾਨ ਬੋਧਕ ਹੈ ॥ ਸ਼੍ਰੀਗੁਗ੍ਰੰਜੀ.ਸ. ਪੰ.1140:10-16। ਹ.ਪੰ. 1046:10-11
ਕ. "गुकार:अन्धकार:स्यात्, स्यात्, रुकर: प्रकाशात्मन:। द्वयोरेकाथी ' स्यात्, गुरु इत्यवधीयते"॥
ਖ. ਪੰ.313:17। ਗ.ਪੰ.174:7। ਗ.ਪੰ.846:11॥

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ 'ਚ ਵੰਡੀਆਂ ॥ ਵਿਸਤਾਰ ਦਾ ਥਾਂ ਨਹੀਂ; ਅਤਿ ਸੰਖੇਪ ਜੋ ਜ਼ਰੂਰੀ ਵਰਣਨ ਜੋਗ ਧਰਮਾਰਥ ਕੰਮ ਕੀਤੇ, ਇਹ ਹਨ:-

ਸ਼੍ਰੀਵਿਸ਼ੁਗੁਰੂ ਨਾਨਕ ਦੇਵ ਜੀ ਤੋਂ ਪ੍ਰਾਰੰਭ ਪੰਚਮ ਸ਼੍ਰੀਜਗਦਗੁਰੂ ਅਰਜੁਨ ਦੇਵ ਜੀ ਤਕ ਸ਼ਾਸਤ੍ਰਕਰਣ (Canonization) ਕਿਸੇ ਸ਼੍ਰੀ ਗੁਰੂਜੀ ਨਹੀ ਕੀਤਾ ॥ ਬੇਸ਼ਕ ਪ੍ਰਚਾਰਾਰਥ ਤੀਜੇ ਸ਼੍ਰੀਜਗਦਗੁਰੂ ਅਮਰ ਦਾਸ ਧਰਮ ਰਾਜ ਵੇਲੇ(Divine Ministry) ਸ਼੍ਰੀਵਿਸ਼ੁਗੁਰੂ ਨਾਨਕ ਦੇਵ ਜੀ ਦੀਆਂ ਅੱਠ ਮੰਜੀਆਂ ਵਧਾਕੇ ਮੁਗ਼ਲ ਬਾਦਸ਼ਾਹ ਅਕਬਰ ਦੀ ਸਲਤਨਤ ਦੇ ਬਾਈ ਸੂਬੇ ਦਰੁਖਲਾਫੇ (ਰਾਜਧਾਨੀਆਂ) ਵਿੱਚ ਬਾਈ (22) ਮੰਜੀਆਂ(Dioceses: bishops) ਅਤੇ ਪ੍ਰਧਾਨ ਨਗਰਾਂ 'ਚ 52/72 ਪੀੜ੍ਹੇ (Center: preachers) ਥਾਪੇ ਪਰ ਉਸ ਵੇਲੇ ਕਿਉਂਕਿ ਬਾਣੀ ਰਚਨੀ ਜਾਰੀ ਸੀ: ਮੁਕੱਮਲ ਨਹੀਂ ਹੋਈ, ਅਤੇ ਫੁਟਕਲ ਕੁਛ ਮਿਲੀਆਂ ਜੁਲੀਆਂ ਭਗਤਾਂ ਦੀਆਂ ਬਾਣੀਆਂ ਦਾ ਵੀ ਪ੍ਰਚਾਰ, ਮੰਜੀ ਪੀੜ੍ਹੇਦਾਰ ਰਾਹੀਂ ਕੀਤਾ ਜਾਂਦਾ ਸੀ ਪਰ ਇਸ ਕਾਲ ਸ਼੍ਰੀ ਗੁਰੁਬਾਣੀ ਮੁਕੱਮਲ ਗ੍ਰੰਥ ਨਾ ਹੋਣ ਕਾਰਣ, ਬਹੁਤ ਬੇਮੁਖਾਂ ਨੇ ਆਪਣੀਆਂ ਕੱਚੀਆਂ ਬਾਣੀਆਂ ਸ਼ਰੀਕੇ ਹੋਕੇ ਰਚ ਆਪਣੇ ਅਲਹਿਦਾ ਸੰਪ੍ਰਦਾਇ ਰਚੇ ਜਿਨ੍ਹਾਂ ਬਾਰੇ ਸ਼੍ਰੀ ਗੁਰੁ ਤੀਜੇ[ਅ.50] ਤੇ ਚੌਥੇ[ਏ.50] ਸ਼੍ਰੀ ਸਤਿਗੁਰ ਜੀਆਂ ਨੇ ਆਪਣੀ ਆਪਣੀ ਬਾਣੀ 'ਚ ਬਲ ਨਾਲ, ਕਚੀ/ ਕਚਪਚ ਬਾਣੀ ਕਹਿ, ਲਿਖਕੇ ਬਾਰ ਬਾਰ ਖੰਡਨ ਕੀਤੇ[ਅ/ਏ.47] ॥ ਪਰ ਅਵਧੀ ਪੰਚਮ ਸ਼੍ਰੀ ਜਗਦਗੁਰੂ ਅਰਜੁਨ ਦੇਵਜੀ ਵੇਲੇ ਪਹੁੰਚਣਤੇ ਓਨ੍ਹਾਂ ਆਪਣੀ ਪੋਥੀ[ਸ.50] ਦਾ ਸ਼ਾਸਤ੍ਰਕਰਣ ਆਪਣੇ ਮਾਮਾ ਭਾਈ ਗੁਰਦਾਸ(ਚੌਥੇ ਸ਼੍ਰੀਜਗਦਗੁਰੂਜੀਦੇ ਗੁਰੁਸਿੱਖ ਬਣੇ ਅਤੇ ਵਿਦਿਆ ਚੇਲੇ ਭਾਈ ਤਾਰੂ 'ਪੋਪਟ'[ਹ.50] (ਬਾਬਾ ਬੁਢਾਜੀ) ਤੋਂ ਸ਼੍ਰੀਗੁਰੂ ਇਤਿਹਾਸ-ਬ੍ਰਹਮ ਵਿਦਿਆਦਿ ਵਿਧੀ ਵਿਧਾਨ ਸਿੱਖੇ), ਆਪਣੇ ਧਰਮ ਰਾਜ ਕਾਲ ਤਕ ਸ਼੍ਰੀਗੁਰੁਬਾਣੀ ਲਿਖਵਾ, ਲਾਹੌਰ ਭੇਜ ਬੀੜ ਬੰਧਾ, ਸਾਰੀ ਸੰਗਤ ਨਾਲ ਨਵੇਂ ਬਣੇ ਸ਼੍ਰੀਗੁਰੂ ਰਾਮਦਾਸ ਸਰੋਵਰ 'ਚ ਕਵਲ ਤਰ੍ਹਾਂ ਰਚੇ ਸ਼੍ਰੀਹਰਿਮੰਦਿਰ ਸਾਹਿਬ, ਅੰਮ੍ਰਿਤਸਰ ਅੰਦਰ "ਅਧਿਆਤਮ ਕਰਮ"[ਕ.50] (Consecrate Divine Sacrament) ਰਾਹੀਂ ਥਾਪ ਕੇ ਸਦਾ ਲਈ ਕੱਚੀਬਾਣੀ ਪ੍ਰਚਾਰ ਥੰਮ, ਬੰਦ ਕਰ ਦਿਤੀ॥ ਉਸ ਵੇਲੇ ਸ਼੍ਰੀ ਵਿਸ਼ੁਗੁਰੂ ਨਾਨਕ ਦੇਵ ਜੀ ਸ਼੍ਰੀ ਗੁਰੁ ਟਿਕਾ ਪ੍ਰਦਾਤਾ (Ordained Holy Canon's Bishop) ਸੰਤ ਬਾਬਾ ਬੁਢਾ, ਪਹਿਲੇ ਮਾਨਵਰ ਗ੍ਰੰਥੀ (Holy Canon Minister) ਥਾਪੇ ॥

ਐਥੇ ਹੀ ਬਸ ਨਹੀਂ। ਬਲਕਿ ਉਸ ਵੇਲੇ ਤਕ ਬਿਨਾ ਪਰਿਭਾਖਾ ਸਿਖਿਆ ਸ਼੍ਰੀਗੁਰੁਬਾਣੀ ਤੇ ਫੁਟਕਾਲ ਗੁਰੂ-ਭਗਤ ਬਾਣੀਆਂ ਨੂੰ ਮੰਜੀਦਾਰ, ਪ੍ਰਚਾਰਕ ਅਰਥ ਕਰਦੇ ਪ੍ਰਚਾਰਦੇ ਰਹੇ ਪਰ ਇਸ ਮਹਾਨ ਪੋਥੀ ਥਾਪਨਾ ਕਾਰਣ, ਇਸ ਪਿਛੋਂ ਸ਼੍ਰੀ ਜਗਦਗੁਰੂ ਅਰਜੁਨ ਦੇਵ ਜੀ ਨੇ ਇੱਕ ਹੋਰ ਉਸ ਵੇਲੇ ਤਕ ਸੰਪੂਰਣ ਸ਼੍ਰੀ ਵਿਸ਼ੁਗੁਰੂ ਬਾਣੀ ਦੇ ਹਰੇਕ ਸ਼ਬਦ ਦੀ ਉਥਾਨਕਾ ਪੋਥੀ ਪਰਥਾਇਆਂ ਅਨੁਸਾਰ ਠੀਕ ਅਰਥ ਕਰਣ ਦੀ ਹੋਰ ਪੋਥੀ ਭਾਈ ਗੁਰਦਾਸ ਜੀ ਤੋਂ ਹੀ ਲਿਖਵਾਈ,ਜਿਸ ਕਰਕੇ ਅਗੇ ਨੂੰ ਪ੍ਰਚਾਰਕ ਹਰੇਕ ਬਾਣੀ ਤੁਕ, ਸ਼ਬਦ, ਪਰਥਾਏ ਕ੍ਰਮ ਅਨੁਸਾਰ

47. ੳ.ਭਾਗੁਵਾ:1।32।2 ; 33।3॥ ਸ਼੍ਰੀਗੁਗ੍ਰੰਜੀ. ਅ. ਮਃ3 ਪੰ.920:7-, ਅਦਿ॥ ਏ.ਪੰਨੇ.304:17"ਸਤਿਗੁਰ ਕੀ ਜੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ"। ਸ.ਪੰ.1226:3। ਹ.ਭਾਗੁਵਾ:11।13।'1। ਕ. ਪੰ.223:9"ਅਧਿਆਤਮ ਕਰਮ ਕਰੇ ਤਾ ਸਾਚਾ॥ ਮੁਕਤਿ ਭੇਦੁ..."॥ ਆਦਿ॥

Sri Satguru Jagjit Singh Ji eLibrary NamdhariElibrary@gmail.com

ਵਿਧਿ ਪੂਰਵ ਸਹੀ ਟਕਸਾਲੀ ਅਰਥ ਕਰ ਪ੍ਰਚਾਰ ਕਰਣ ॥ ਇਹ ਰੀਤ 22 ਮੰਜੀਆਂ, 72 ਪੀੜੇ, 55 ਮਸੰਦ, ਪੰਜ ਸੰਗਤ ਆਗੂ, ਉਦਾਸੀ, ਪ੍ਰਚਾਰਕ ਦਸਵੇਂ ਸ੍ਰੀ ਜਗਦਗੁਰੂ ਰਾਜ ਕਾਲ ਵਿੱਚ ਸ਼੍ਰੀਗੁਰੁਬਾਣੀ ਦੇ ਸਹਿਜ ਅਰਥ ਕਰਦੇ ਰਹੇ॥ ਪਿੱਛੋਂ ਜਦ ਦਸਵੇ ਸ਼੍ਰੀਜਗਦਗੁਰੂ ਜੀ ਨੇ ਪੁਨ੍ਹੈ ਪੋਥੀ ਸਾਹਿਬ ਦਾ ਦੂਜੀ, ਅੰਤਮ ਵਾਰ ਭਾਈ ਮਨੀ ਸਿੰਘ ਰਾਹੀਂ ਆਪਣੇ ਪੂਜ ਪਿਤਾ ਦੇ ਸ਼ਬਦ, ਸ਼ਲੋਕ ਲਿਖਾ ਕੇ ਦਮਦਮੇ ਸਾਹਿਬ(ਨਾਲ ਦੀ ਨਾਲ ਰਾਜ ਪਟਿਆਲਾ ਅੰਦਰ) ਸੰ.1706/ਸਨ 1763 ਵਿੱਚ ਸ਼ਾਸਤ੍ਰਕਰਣ ਕੀਤਾ, ਪਹਿਲੀ ਤਰ੍ਹਾਂ ਨਾਲ ਹੀ ਵਧਾਈਆਂ ਬਾਣੀਆਂ ਦੀ ਉਥਾਨਕਾ ਪੋਥੀ ਤਰਮੀਮ ਕਰਕੇ ਫੇਰ ਭਾ. ਮਨੀ ਸਿੰਘ ਤੋਂ ਲਿਖਵਾ ਸ਼੍ਰੀ ਗੁਰੁ ਕਾਸ਼ੀ ਟਕਸਾਲ ਦੇ ਪ੍ਰਚਾਰਾਰਥ 15 ਸ਼ਿਵ ਕਾਸ਼ੀ ਨਿਰਮਲੇ ਗੁਰੂਸਿੱਖ-ਸਿੰਘਾਂ ਨੂੰ ਉਸ ਅਨੁਸਾਰ ਸ਼੍ਰੀਗੁਰੂ ਕਾਸ਼ੀ ਟਕਸਾਲ ਆਪ ਸੰਪੂਰਣ ਬਾਣੀ ਸਮਝਾਏ ਅਰਥ ਪ੍ਰਚਾਰਣੇ ਦਾ ਹੁਕਮ ਦਿਤਾ॥

ਅੰਮ੍ਰਿਤਸਰ ਸ਼੍ਰੀਪੋਥੀ ਸ਼ਾਸਤ੍ਰਕਰਣ ਥਾਪਨ। ਉਥਾਨਕਾ ਗ੍ਰੰਥ ਰਚਨ, ਕੱਚੀ ਬਾਣੀ ਮਨਸੂਖ

ਇਤਿਹਾਸ ਅਨੁਸਾਰ ਸ਼੍ਰੀ ਦਸਮ ਜਗਦਗੁਰੂ ਗੋਬਿੰਦ ਸਿੰਘਜੀ ਦੇ ਥਾਪੇ ਦੋ ਸ਼੍ਰੀ ਗੁਰੂਬਾਣੀ ਅਰਥ ਟਕਸਾਲ (ਪਟਿਆਲਾ ਰਾਜ) ਸ਼੍ਰੀ ਗੁਰੁ ਕਾਸ਼ੀ ਦਮਦਮਾ ਸਾਹਿਬ ਤੇ ਸ਼੍ਰੀਗੁਰੂ ਹੁਕਮ ਅਨੁਸਾਰ ਅੰਮ੍ਰਿਤਸਰ ਮਹੰਤ ਭਾਈ ਮਨੀ ਸਿੰਘ ਰਾਹੀਂ ਉਪਟਕਸਾਲ ਗੁਰੁਗਮ ਅਰਥ ਸੰਪ੍ਰਦਾਇ ਸਿੱਖੀ ਕ੍ਰਮ ਵਿਧੀ ਸ਼੍ਰੀਗੁਰੂ ਬਾਣੀਆਰਥ ਨਿਰਮਲੇ ਸਿੰਘਾਂ ਨੇ ਸਿਖਾਣੇ ਆਰੰਭੇ ॥

ਇਸ ਹੁਕਮ ਦੇ ਸਪਸ਼ਟਕਾਰ ਪਹਿਲੇ ਲੇਖਕ ਸੰਤ(ਪੰਡਿਤ) ਤਾਰਾ ਸਿੰਘ ਨਰੋਤਮ ਨੇ ਸ਼੍ਰੀ ਗੁਰੁ ਤੀਰਥ ਸੰਗ੍ਰਹ ਚ ਕੀਤਾ ॥ਫੇਰ ਉਨ੍ਹਾਂ ਦੇ ਛਾਤ੍ਰ ਗਿਆਨੀ ਗਿਜਾਨ ਸਿੰਘ ਨੇ ਨਿਰਮਲ ਪੰਥ ਪ੍ਰਦੀਪਕਾ 'ਚ ਵਿਸਤਾਰ ਨਾਲ ਦਸਿਆ॥ ਨਿਰਮਲ ਸ਼੍ਰੀਮਹੰਤ(ਪੰਡਿਤ)ਤਾਰਾ ਸਿੰਘ ਨਰੋਤਮ ਨੇ ਸ਼੍ਰੀ ਗੁਰੁ ਤੀਰਥ ਸੰਗ੍ਰਹ'ਚ ਲਿਖਿਆ ਹੈ:-

ਇਸੀ ਲੀਏ ਜਬ ਪੋਂਟਾ ਸਾਹਿਬ[ਅ.51] ਸ਼ਸਤ੍ਰੀ ਵਿਦਯਾ ਪੜਾਵਨੇ ਹੇਤ ਰੱਖੇ ਪੰਡਿਤ ਨੇ ਗੁਰੂ ਜੀ ਕੇ ਸਨਮੁਖ ਸਿੱਖਾਂ ਕੋ ਪੜਾਵਨੇ ਸੇ ਜਵਾਬ ਦੀਆ ਤਬ ਹਮਾਰੀ ਸੰਪ੍ਰਦਾਯਕੇ ਵ੍ਰਿਧ ਪੁਰਖ ਗ੍ਰੰਥ ਜੀ ਕੇ ਅਰਥ ਵੇਤਾ ਅਪਨੇ ਪ੍ਰੇਮੀ ਸੇਵਕ ਕਰਮ ਸਿੰਘ ਜੀ ਕੋ, ਬੀਰ ਸਿੰਘ, ਚੰਦਨ ਸਿੰਘ ਜੀ ਬਾਰਾ ਔਰ (15) ਸਾਥ ਦੇ ਗੁਰੂ ਗੋਬਿੰਦ ਸਿੰਘਜੀ ਮਹਾਰਾਜ ਨੇ ਕਾਸ਼ੀ ਤੀਰਥ ਸ਼ਾਸਤ੍ਰੀ ਵਿਦਿਯਾ ਪੜਨੇ ਹੇਤ ਭੇਜਯਾ ॥ ਕਰਮ ਸਿੰਘ ਜੀ ਪੜਨੇ ਸਮੈ ਜਹਾਂ ਜਾਕਰ ਰਹੇ, ਉਹਾ ਅਬ ਬੜਾ ਨਾਮੀ ਥਾਨ 'ਚੇਤਨ ਭਟ' ਬਨਾ ਹੂਯਾ ਹੈ। ਜਿਸਕਾ ਅਸਲ ਨਾਮ 'ਜਤਨ ਬੱਟ' ਹੈ॥ ਸਾਥੀਓ ਸਹਿਤ ਕਰਮ ਸਿੰਘ ਜੀ ਨੇ ਕਈ[ਅ.51] ਬਰਖ ਵਾਸ ਕਰ ਵਿੱਦਯਾ ਪੜਕੇ ਗੁਰੂ ਜੀ ਕੇ ਸਮੀਪ ਪਹੁੰਚ ਅਨੇਕ ਸਿਖੋਂ ਕੋ ਪੜ੍ਹਾਈ ਜਿਨ ਮੋ ਏਕ ਭਾਈ ਮਨੀ ਸਿੰਘ ਜੀ ਬੀ ਅੱਛੇ ਹੂਏ ॥ ਜਿਨਹੁ ਨੇ ਕੁਛ ਗੁਰਬਾਣੀ ਕੀ ਟੀਕਾ ਕਰੀ ਅਰੁ ਗੁਰਦਾਸ ਜੀ ਕੀ ਵਾਰ ਕੀ ਟੀਕਾ ਕਰੀ। ਗ੍ਰੰਥ ਸਾਹਿਬਕੇ ਅਰਥ ਕੀ ਸੰਪ੍ਰਦਾਇ ਚਲਾਈ॥ ਏ.51

ਏਸਦੀ ਪੁਸ਼ਟੀ ਓਨ੍ਹਾਂ ਨੇ ਆਪਣੇ ਸ਼੍ਰੀ ਗੁਰੁ ਗਿਰਾਰਥ ਕੋਸ਼ 'ਚ ਵੀ ਕੀਤੀ ਤੇ ਛਾਤ੍ਰ ਗਿਆਨੀ ਗਿਆਨ ਸਿੰਘ ਨਿਰਮਲ ਪੰਥ ਪ੍ਰਦੀਪਕਾ 'ਚ ਵਿਸਤਾਰ ਨਾਲ ਤਾਰੀਖ ਤੇ ਰਾਜ ਪਟਵਾਰਖਾਨੇਆਂ ਦੀਆਂ ਸ਼ਹਾਦਤਾਂ ਦੇ ਨਾਲ ਲਿਖਿਆ॥

Sri Satguru Jagjit Singh Ji eLibrary NamdhariElibrary@gmail.com

ਪਰ ਗੁਰੁਸਿੱਖ ਸੰਪ੍ਰਦਾਇਕ ਗਿਆਨੀਆਂ ਦੇ ਲਿਖੇ ਪ੍ਰਯਾਏ:ਉਦਾਸੀ ਸੁਤੇ ਪ੍ਰਕਾਸ਼, ਅਤੇ ਨਿਰਮਲੇ ਭਾਈ ਚੰਦਾ ਸਿੰਘ ਆਦਿਆਂ ਦੇ ਛਪੇ ਗ੍ਰੰਥਾਂ'ਚ ਕੁਝ ਵਿਸ਼ੇਸ਼ ਲਿਖਿਆ ਨਹੀ ਮਿਲਦਾ,ਸਾਰੇ ਚੁਪ ਹਨ;[48] ਬਲਕਿ, ਕਿਤੇ ਕਿਤੇ ਪ੍ਰਯਾਯ ਐਨੇ ਗਲਤ ਹਨ, ਜੋ ਕਿ ਨਵੇਂ ਗਿਆਨੀ ਅਰਥ ਕੀ ਕਰਦੇ ਹਨ? ਅਸਮੰਜਸ ਹੈ! ਓਹ ਰੂੜੀ ਭਾਖਾ ਤੋਂ ਅਣਜਾਣ ਪ੍ਰਤੀਤ ਹੁੰਦੇ ਹਨ ॥

ਸ਼੍ਰੀ ਗੁਰੂ ਦੀ ਕਾਸ਼ੀ ਦਮਦਮਾ ਗੁਰਗਮ ਟਕਸਾਲ, ਉਪ-ਟਕਸਾਲਾਂ ਦਾ ਮੂਲ ਇਕੋਇਕ ਗ੍ਰੰਥ ਹੈ, ਉਥਾਨਕਾ ਸ਼੍ਰੀਗੁਰੂ ਗ੍ਰੰਥ ਸਾਹਿਬ ਜੀ ਕੀ॥ ਉਸ ਵਿੱਚ ਲਿਖਿਆ ਦਸਿਆ ਹੈ:-

ਇਹ ਗ੍ਰੰਥ ਮਹਾਰਾਜਾ ਰਣਜੀਤ ਸਿੰਘ ਕਾਲ, ਦਰਬਾਰ ਸਾਹਿਬ ਅੰਮ੍ਰਿਤਸਰ, ਮੁੱਖ ਮਹੰਤ ਗ੍ਰੰਥੀ ਗਿਆਨੀ ਸੰਤ ਸਿੰਘ ਦੇ ਪੁਸ਼ਤੈਨੀ ਉੱਤਰਾਧਿਕਾਰੀ ਤੋਂ ਨਿਰਮਲ ਸ਼੍ਰੀ ਮਹੰਤ ਬਾਬਾ ਸਾਧੂ ਸਿੰਘ(ਪਟਿਆਲੇ ਵਾਲੇ) ਪ੍ਰਾਪਤ ਕਰਕੇ ਛਪਵਾਇਆ.ੴ.47 ਉਸ ਵਿੱਚ ਪੰਚਮ ਸ੍ਰੀ ਜਗਦ ਗੁਰੂ ਅਰਜੁਨ ਦੇਵ ਜੀ ਤੋਂ ਸਹੀ ਪਰਥਾਇ ਅਨੁਸਾਰ ਗੁਰੂਬਾਣੀ ਅਰਥ ਪ੍ਰਚਾਰ ਕਰਣ ਲਈ ਪੋਥੀ ਦਾ ਪ੍ਰਦੁਰਭਾਵ ਹੋਣਾ ਲਿਖਿਆ ਹੈ॥ਅ.49 ਇਹ ਕਹਿਣਾ ਯੋਗ ਨਹੀਂ ਕਿ ਸ਼੍ਰੀ ਗੁਰੁਬਾਣੀ ਪ੍ਰਚਾਰ ਪੰਚਮ ਸ੍ਰੀ ਜਗਦਗੁਰੂ ਅਰਜੁਨ ਦੇਵ ਜੀ ਤੋਂ, ਜਾਂ ਤੀਜੇ ਸਤਿਗੁਰੂ ਅਮਰ ਦਾਸ ਤੋਂ ਆਰੰਭ ਹੋਯਾ ਬਲਕਿ ਬਾਣੀ ਪ੍ਰਚਾਰ ਕਿਰਿਆ ਪ੍ਰਾਰੰਭ ਸ਼੍ਰੀ ਵਿਸ਼ੂਗੁਰੂ ਨਾਨਕ ਦੇਵ ਜੀ ਨੇ ਅਕਾਲ ਪ੍ਰਦਾਨ ਮੂਲ ਮੰਤ੍ਰ ਅਪਣੀ ਬਾਣੀ ਸਮੇਤ ੧ੴ ਸਿੱਧਾਂਤ ਪ੍ਰਚਾਰ ਕੀਤਾ ਤੇ ਕਰਤਾਰਪੁਰ ਰਾਵੀ ਚਾਰ ਲਿਖਾਰੀ ਨਿਜਤ ਕਰ ਗੁਰੁਬਾਣੀ ਉਤਾਰੇ ਲਿਖਵਾ ਅੱਠ ਮੰਜੀਆਂ ਦੇ ਮੰਜੀਦਾਰਾਂੴ.48 ਅਤੇ ਦੂਜੇ ਜਗਦਗੁਰੂ ਅੰਗਦ ਦੇਵਜੀ ਦੀ ਆਗਿਆ ਨਾਲ ਭਾਈ ਬਾਲਾ ਦਸੀ ਭਾ. ਪੈੜੇ ਮੋਖੇ ਲਿਖੀ ਜਨਮ ਸਾਖੀ ਇਤਿਹਾਸਿ ਅੱਠੋ ਥਾਪੇ ਮੰਜੀਦਾਰਾਂ ਪ੍ਰਚਾਰਾਰਥ ਵੰਡੇ॥ ਇਨ੍ਹਾਂ ਅੱਠ ਮੰਜੀਆਂ ਦਾ ਵਿਸਤਾਰ ਤੀਜੇ ਸ਼੍ਰੀ ਜਗਦਗੁਰੂ ਅਮਰ ਦਾਸ ਜੀਨੇ ਭਾਰਤੀ ਮੁਗ਼ਲ ਸਲਤਨਤ ਬਾਈਸ ਸੂਬੇ ਦਾਰੁਖਲਾਫੈਆਂ ਵਿੱਚ ਬਾਈਸ ਮੰਜੀਆਂੴ.53 ਵਧਾਕੇ, ਤੇ ਮੁੱਖ 52-72 ਨਗਰਾਂ'ਚ ਪੀੜ੍ਹੇਅ-1.53 ਸ਼ਾਖਾਂ ਪ੍ਰਚਾਰ ਲਈਂ ਥਾਪੇ ॥

ਇਸੇ ਤਰ੍ਹਾਂ ਚੌਥੇ ਜਗਦਗੁਰੂ ਰਾਮ ਦਾਸ ਜੀ ਨੇ ਸਾਰੀਆਂ ਮੰਜੀਆਂ, ਪੀੜ੍ਹੀਆਂ ਦੇ ਜਾਲ ਸ਼੍ਰੀਵਿਸ਼ੂਗੁਰੂ ਕੇਂਦ੍ਰ ਨਾਲ ਜੁੜੇ ਰਖਣ ਲਈ ਪਚਵੰਜਾ ਮਸੰਦਾਂ ਮਾਧਿਜਮ ਰਾਹੀਂ ਸਾਰੇਆਂ ਨੂੰ ਹੁਕਮ ਪੁਚੌਣੇ, ਸੁਖ-ਦੁਖ ਸੁਨਣੇ, ਦਸਵੰਦ ਇਕਠੇ ਕਰਨ ਦੀ ਜਮਾਤ ਬਣਾਈ॥ ਆਪਣੇ ਬੜੇ ਕੁਪੁਤ੍ਰ ਸਾਹਿਬਜ਼ਾਦਾ ਪ੍ਰਿਥੀ ਚੰਦ ਮੀਣੇ ਅਕ੍ਰਿਤਘਨ ਨੂੰ ਇਹੀ ਸਿਖਿਆ ਦਿਤੀ:-

ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤਗੁਰ ਨਾਨਕ ਪੂਛਿ ਕਰਹੁ ਬੀਚਾਰਾ॥
ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ ਹਰਿ ਸੇਵਕ ਭਾਇ ਨਿਸਤਾਰਾ॥

48. ਨੋਟ:- ਸ਼੍ਰੀ ਗੁਰੁ ਤੀਰਥ ਸੰਗ੍ਰਹ.ਪੰ.228.272.ਓ. ਗਲਤੀ ਨਾਲ 'ਆਨੰਦਪੁਰ'ਪੱਥਰ ਛਾਪ ਹੈ.ਪਰ ਗਿ.ਗਿਆਨ ਸਿੰਘ ਨੇ ਸੰਮਤ 1743 ਨਾਲ ਪੌਂਟਾ ਸਾਹਿਬ'ਚ ਵਿਸਤਾਰ ਦੀ ਕਥਾ ਲਿਖੀ ਹੈ,ਜੋ ਸਤਵੇਂ ਬਰਸ ਵਾਪਸ ਸ਼੍ਰੀਗੁਰੂਜੀ ਦੇ ਦਰਬਾਰ ਆਨੰਦਪੁਰ ਮੁੜ ਹਾਜ਼ਿਰ ਹੋਇਆ ॥ ਅ. ਛੇ(6)ਸਾਲ ਗਿ:ਗਿਆਨ ਸਿੰਘ ਨਿਰਮਲ ਪੰਥ ਪ੍ਰਦੀਪ'ਚ ਲਿਖੇ ਹਨ ॥ ਏ.ਏਸੇ ਉਂਨੀਸਵੀ ਸਦੀ ਦੇ ਤਾਰਾ ਸਿੰਘ ਦੇ ਗੁਰਭਾਈ ਸ਼੍ਰੀ ਮਹੰਤ ਸਾਧੂ ਸਿੰਘ ਨੇ ਕਰਣਾ ਹੀ ਸੀ ਅਤੇ ਵੀਹਵੀ ਸਦੀ ਦੇ ਭਾ.ਹਮੀਰ ਸਿੰਘ ਦੋਨੋ ਛਪੇ ਗ੍ਰੰਥ ਉਤੇ ਭਾ,ਵੀਰ ਸਿੰਘ ਨੇ ਪੰਜ ਗ੍ਰੰਥੀ ਸਟੀਕ'ਚ ਪਹਿਲੀ ਵਾਰ ਤੇ ਗੁਰੁਪ੍ਰਤਾਪ ਸੂਰਜ ਟਿੱਪਣੀ'ਚ ਵਰਣਨ: ਸੰਪ੍ਰਦਾਇ ਸ਼ਾਖਾ ਫਰਕ ਰਖਦੇ: ਜ਼ਰੂਰ ਕੀਤਾ ਹੈ॥

49. ੴ.ਦੇਖੋ ਇਸੇ ਗ੍ਰੰਥਦੇ ਆਦਿ ਅੰਤ ਪੜ੍ਹੇ ॥ ਅ-1-2.ਦੇਖੋ ਪੰਨੇ 20 ਤੋਂ 40 ਤਕ ॥

50. ਪੁਨ੍ਹ. ੴ.ਪੰ.733:18 ; ਅ.424:12; 651:11 ; 853:10 , ਆਦਿ ॥ਏ.ਭਾਗੁਵਾ.11।13-31।...॥ ਦੇਖੋ ਮਹਾਨ ਕੋਸ਼:ਮੰਜੀ॥

Sri Satguru Jagjit Singh Ji eLibrary NamdhariElibrary@gmail.com

ਚਾਰ ਪੁਸ਼ਤਾਂ ਚਲੀ ਬਖੀਲੀ ਕਚੀ ਬਾਣੀ ਸਦਾ ਖਤਮ ਕਰਨ ਲਈ ਚੌਥੇ ਸ਼੍ਰੀਜਗਦਗੁਰੂ ਰਾਮ ਦਾਸ ਜੀ ਦੀ ਆਗਿਆ/ਹੁਕਮ ਪਾਲਨ ਕਰਦੇ ਪੰਚਮ ਸ਼੍ਰੀ ਜਗਦਗੁਰੂ ਅਰਜੁਨ ਦੇਵ ਜੀ ਨੇ ਪੱਕੀ ਸ਼੍ਰੀਗੁਰੁ ਬਾਣੀ ਪੋਥੀ ਬਣਤਰ ਵਿਧਾਨ ਦੀ ਵਿਧੀ ਭਾਈ ਗੁਰੁਦਾਸ ਨੂੰ ਸਮਝਾ ਕੇ ਸ਼ਾਸਤ੍ਰ ਲਿਖਵਾਯਾ ਤੇ ਆਦਿ ਤੋਂ ਅੰਤ ਤਕ ਆਪ ਹਰੇਕ ਪਦ, ਤੁਕ, ਸ਼ਬਦ ਬਹੁਤ ਬਰੀਕ ਅਲੋਚਨਾ ਸਾਥ ਦੀ ਸਾਥ ਸੰਪਾਦਨ ਕਰਦੇ ਰਹੇ॥ ਸ਼ਾਸਤ੍ਰ ਪੋਥੀ ਪੂਰਣ ਹੋਣ ਤੇ ਲਾਹੌਰੋਂ ਭੇਜ ਜਿਲਦ ਕਰਵਾ; ਨਵੇਂ ਬਣੇ ਰਾਮ ਦਾਸ ਸਰੋਵਰ ਮੱਧ ਹਰਿ ਮੰਦਿਰ ਅੰਮ੍ਰਿਤਸਰ ਅੰਦਰ ਥਾਪ, ਪਹਿਲੇ ਗ੍ਰੰਥੀ (Canon's Minister) ਬਾਬਾ ਬੁਢਾਜੀ ਰੰਧਾਵਾ ਨਿਜਿਤ ਕੀਤੇ॥

ਇਸ ਮਹਾਨ ਅਧਿਆਤਮ ਕਰਮ ਰਾਹੀਂ ਪੋਥੀ ਥਾਪਨਾਂ ਦੇ ਨਾਲ ਦੀ ਨਾਲ ਹੀ ਪੰਚਮ ਸ਼੍ਰੀ ਜਗਦਗੁਰੂ ਜੀਨੇ ਭਾ ਗੁਰਦਾਸ ਜੀ ਨੂੰ ਆਗਿਆ ਦਿੱਤੀ: ਠੀਕ ਸ਼ੁਧ ਸੰਪੂਰਣ ਸ਼੍ਰੀਗੁਰੁਬਾਣੀ ਅਰਥ ਉਦਗਮ-ਵਿਕਾਸ ਪਰਿਭਾਸ਼ਿਕ ਸਿਖਿਆ (Hermeneutics) ਪ੍ਰਚਾਰ ਲਈ ਸ਼੍ਰੀ ਗੁਰੁਬਾਣੀ ਉਥਾਨਕਾ ਗ੍ਰੰਥ ਲਿਖੋ॥ ਭਾ. ਗੁਰਦਾਸ ਜੀ ਤੋਂ ਸ਼੍ਰੀਗੁਰੂਬਾਣੀ ਸ਼ੁੱਧ ਪਰਥਾਏ ਲਿਖਵਾ ਅਰਥ ਪ੍ਰਨਾਲੀ ਪ੍ਰਚਾਰ ਮੋਢੀ ਵੀ ਓਨ੍ਹਾਂ ਨੂੰ ਨਿਜਿਤ ਕਰ ਸਾਰੇ ਮੰਜੀਦਾਰ, ਪੀੜ੍ਹੇਦਾਰ, ਸੰਗਤ ਪ੍ਰਚਾਰਕ ਨੂੰ ਨਕਲ ਵੰਡੇ॥ ਵਿਸਤਾਰ ਨਾ ਕਰ ਕੇਵਲ ਸੰਖੇਪ ਵਰਣਨਹੈ, ਪਿਛੋਂ ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਦੇ ਪੰਚੈਤੀ ਨਿਰਮਲ ਅਖਾੜੇ ਸ਼ੀ ਮਹੰਤ ਸਾਧੂ ਸਿੰਘ (ਪਟਿਆਲਾ) ਰਾਹੀਂ ਛਪਵਾਈ ਉਥਾਨਕਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ॥ ਉਸੇ ਉਥਾਨਕਾ ਦਾ ਸੰਖੇਪ ਪ੍ਰਸੰਗ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ ਦਾ ਇਹ ਉਤਾਰਾ ਹੈ :-

ਸ਼੍ਰੀ ਪੋਥੀ (Canon ਗੁਰੁ ਗ੍ਰੰਥ) ਉਥਾਨਕਾ ਬਣੌਨ ਦਾ ਪ੍ਰਸੰਗ

ਨਿਰਮਲ ਸ਼੍ਰੀ ਮਹੰਤ ਬਾਬਾ ਸਾਧੂ ਸਿੰਘ (1841-1905 ਸ਼੍ਰੀ ਮਹੰਤ 108) ਨੇ ਉੱਤਰੀ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜਗੁਰੂ ਭਾਈ ਸੰਤ ਸਿੰਘ(ਜਿਨ੍ਹਾਂ ਦੀ ਪ੍ਰੇਰਣਾ ਕਰਕੇ ਸੋਨਾ ਸ਼੍ਰੀ ਹਰਿਮੰਦਿਰ ਸਾਹਿਬ) ਪ੍ਰਧਾਨ ਗ੍ਰੰਥੀ ਉੱਤਰਾਧਿਕਾਰ ਤੋਂ ਸ਼੍ਰੀ ਗੁਰੁ ਗ੍ਰੰਥ ਸਾਹਿਬ ਉਥਾਨਕਾ ਪੋਥੀ ਪ੍ਰਾਪਤ ਕਰ ਛਪਵਾਈ। ਉਸ ਦੇ ਭੂਮਿਕਾ 'ਚ ਲਿਖਿਆ ਦਸਿਆ ਹੈ:-

ਪੰਚਮ ਸ਼੍ਰੀ ਗੁਰੂ ਅਰਜੁਨ ਦੇਵ ਜੀਨੇ ਪੂਜ ਸ਼੍ਰੀ ਪੋਥੀ ਲਿਖਵਾ, ਗ੍ਰੰਥਤ ਕਰਵਾ, ਨਵੇਂ ਸ਼੍ਰੀ ਹਰਿਮੰਦਿਰ ਜੀ 'ਚ ਅਧਿਆਤਮ-ਕਰਮ ਰਾਹੀ ਪ੍ਰਕਾਸ ਕਰ ਥਾਪਿਆ॥ ਪਿੱਛੋਂ ਭਾਈ ਗੁਰੁਦਾਸ ਜੀ ਨੇ ਸ਼੍ਰੀ ਗੁਰੁ ਪੰਥ ਮੰਜੀਦਾਰ, ਪੀੜ੍ਹੇਦਾਰ, ਮਸੰਦ,ਸੰਗਤਾਂ ਦੇ ਮੁਖੀ ਸਿੱਖ ਸੰਗਤਾਂ ਸਾਹਮਣੇ, ਖੜੇ ਹੋ, ਹਾਥ ਜੋੜ ਬੇਨਤੀ ਕੀਤੀ:-'ਸੱਚੇ ਸਤਿਗੁਰੂ ਜੀ, ਆਪ ਕਹਿੰਦੇ ਸੀ 'ਸ਼੍ਰੀ ਵਿਸ਼ਵਗੁਰੂ ਨਾਨਕ ਜੀ ਦੇ ਕਾਲ ਤੋਂ ਚਾਰੋ ਗੁਰੂਜੀਆਂ, ਤੇ ਭਗਤਾਂ ਪ੍ਰਥਾਇ ਬਾਣੀ ਰਚੀ। ਪਰਥਾਯ ਬਿਨਾ ਕੋਈ ਬਾਣੀ ਨਹੀਂ, ਜਿਸ ਸੰਬੰਧੀ ਆਪਦੀ ਸ਼੍ਰੀ ਗੁਰੂਬਾਣੀ 'ਚ ਅਨੇਕ ਪ੍ਰਮਾਣ ਹਨ :-

ਮ:3 ਮਹਾਪੁਰਖਾਕਾ ਬੋਲਣਾ, ਹੋਵੈ ਕਿਤੈ ਪਰਥਾਇ॥
ਓਇ ਅੰਮ੍ਰਿਤ ਭਰੇ ਭਰਪੂਰ ਹਹਿ, ਓਨਾ ਤਿਲੁ ਨ ਤਮਾਇ॥ 8॥
ਅਵਰਾ ਉਪਦੇਸੇਨਿ॥
ਸੇ ਵਡਭਾਗੀ ਜਿ ਓਨਾ ਮਿਲਿ ਰਹੇ, ਅਨਦਿਨੁ ਨਾਮੁ ਲਏਨਿ॥ 9॥ ਪੰ.49
ਤੇ ਮ:3॥ ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ॥ ਅੰ.49
ਅਗੇ ਨਿਰਮਲ ਸ਼੍ਰੀ ਮਹੰਤ ਬਾਬਾ ਸਾਧੂ ਸਿੰਘ ਆਪ ਲਿਖਦੇ ਹਨ:-

Sri Satguru Jagjit Singh Ji eLibrary NamdhariElibrary@gmail.com

ਸ਼੍ਰੀਗੁਰੂ ਗ੍ਰੰਥ ਜੀ ਕੀ ਉਥਾਨਕਾ ਅਨੇਕ ਹੀ ਹੈ, ਤਿਨਮੈ ਕੋਈ ਉਥਾਨਕਾ ਤੋ ਸ਼੍ਰੀਗੁਰੂ ਅਰਜੁਨ ਦੇਵ ਜੀ ਕੇ ਮੁਖਾਰਬਿੰਦ ਸੇ ਬਨੀ ਲਿਖੀ ਹੈ, ਤਿਨਮੈ ਮੁਖ ਕਵਨ ਹੈ? ਉਤ੍ਰ। ਯਹ ਉਥਾਨਕਾ ਸਰਿਆਂ 'ਚ ਮੁਖ ਹੈ, ਕਾਹੇ ਤੇ(ਕਿਉਂਕਿ) ਪ੍ਰਥਮ ਯਹਿ ਸ਼੍ਰੀਗੁਰੂ ਅਰਜੁਨ ਦੇਵ ਜੀ ਕੇ ਮੁਖਾਰਬਿੰਦ ਸੇ ਬਨੀ ਹੈ, ਫਿਰ ਯਾਮੇ ਸ਼੍ਰੀਗੁਰੂ ਤੇਗ-ਬਹਾਦਰ ਜੀ ਕੇ ਸ਼ਬਦੋਂ ਕੀ ਉਥਾਨਕਾ ਮਿਲਾਕਰ ਸ਼੍ਰੀਗੁਰੂ ਗੋਬਿੰਦ ਸਿੰਘ ਜੀਨੇ ਪ੍ਰਵਿਰਤ ਕੀਆ ਹੈ। ਯਾਤੇ ਉਭਯ(ਦੋਨੋਂ) ਹੀ ਸ਼੍ਰੀਗੁਰੂ ਜੀ ਕੇ ਮੁਖਾਰਬਿੰਦ ਸੇ ਯਹ ਬਨੀ ਹੈ॥ ਇਸਕੀ ਮੁਖਤਾ ਮੇ ਏਕ ਹੋਰ ਕਾਰਨ ਹੈ, ਸੋ ਯਹ ਹੈ॥ ਨਿਤ ਮੁਕਤ ਈਸ਼੍ਵਰ ਅਵਤਾਰ ਸ਼੍ਰੀ ਗੁਰੂ ਨਾਨਕ ਦੇਵ ਜੀ ਕੋ ਸ਼੍ਰੀ ਨਿਰੰਕਾਰ ਜੀ ਕੇ ਗੁਰੂ ਧਾਰਣੇ ਸੇ ਅਗਿਆਨ ਨਿਬ੍ਰਤ ਦ੍ਵਾਰਾ ਮੋਖ ਕੀ ਪ੍ਰਾਪਤਿ ਰੂਪ ਪ੍ਰਯੋਜਨ ਕਹਿਨਾ ਤੋ ਸੰਭਵੇ ਨਹੀ, ਕਿੰਤੂ, ਗੁਰੂ ਪ੍ਰਭਾਵ ਕਾ ਪ੍ਰਗਟ ਕਰਨਾ ਹੀ ਸਿਧ ਹੋਵੇ ਹੈ। ਸੋ ਗੁਰੂ ਪ੍ਰਭਾਵ ਵੇਈਂ ਨਾਮ ਨਦੀ ਮੇ ਪ੍ਰਵੇਸ਼ ਕੇ ਸਮੇ ਮੇ ਸ਼੍ਰੀ ਨਿਰੰਕਾਰ ਜੀ ਕੇ ਗੁਰੂ ਧਾਰਨੇ ਸੇ ਸਿੱਧ ਹੋਵੈ ਨਹੀਂ॥ ਕਿੰਤੂ, ਸਾਤ ਵਰਖ ਕੀ ਆਯੂਮੇ ਗੁਰੂ ਧਾਰਨੇ ਮੇ ਹੀ ਸਿੱਧ ਹੋਵੇ ਹੈ, ਕਾਹੇ ਤੇ (ਕਿਉਂਕਿ):- ਸਤ ਵਰਖ ਕੀ ਆਯੂਕੇ ਪੂਰਣ ਹੋਇਆ ਬਾਬਾ ਕਾਲੂ ਸ਼੍ਰੀਗੁਰੂ ਨਾਨਕ ਦੇਵ ਜੀ ਕੋ ਪਾਧੇ ਅਰ ਮੁਲਾਨੇ ਪਾਸ ਪੜ੍ਹਾਵਨੇ ਵਾਸਤੇ ਲੇ ਗਯਾ, ਤੋ ਤਿਨ ਕੋ, ਤਥਾ ਜੰਞੂ ਪਾਵਨੇ ਕੇ ਸਮੇ ਸੇ ਕੁਲ ਕੇ ਪੁਰੋਹਤ ਹਰਿਦਇਆਲ ਜੀ ਕੋ ਬੀ ਉਪਦੇਸ਼ ਦੀਆ ਹੈ; ਸੋ ਉਪਦੇਸ਼ ਤਬ ਦੀਆ ਹੈ ਜਬ ਪ੍ਰਿਥਮ ਆਪ ਸੱਚਖੰਡ ਮੇ ਜਾਇ ਕਰ ਸ਼੍ਰੀ ਨਿਰੰਕਾਰ ਜੀ ਕੋ ਗੁਰੂ ਧਾਰਣ ਕਰ ਲੀਆ ਸੀ[ਏ.51]॥ ਜੈਸੇ ਸ਼੍ਰੀਗੁਰੂ ਗੋਬਿੰਦ ਸਿੰਘ ਜੀ ਨੇ ਕਰਦ ਰੂਪ ਸ਼ਸਤ੍ਰ ਦੁਆਰਾ ਪ੍ਰਥਮ ਆਪ ਅੰਮ੍ਰਿਤ ਕੇ ਆਚਮਨ ਲੇਕਰ, ਪੀਛੇ ਪਾਂਚ ਪਿਆਰਿਆਂ ਕੋ ਛਕਾਯਾ ਹੈ। ਯਹਿ ਵਾਰਤਾ: ਅਸ ਕ੍ਰਿਪਾਣ ਖੰਡੇ ਖੜਗ, ਤੁਬਕ ਤਬਰ ਅਰ ਤੀਰ। ਸੂਲ ਸਰੋਹੀ ਸੈਹਥੀ, ਯਹੀ ਹਮਾਰੇ ਪੀਰ॥[52] ਇਸ ਸ਼੍ਰੀਗੁਰੂ ਬਚਨ ਸੇ ਅਤਿ ਸਪਸ਼ਟ ਹੈ॥ ਸ਼੍ਰੀਗੁਰੂ ਨਾਨਕ ਦੇਵ ਜੀ ਨੇ ਸ਼੍ਰੀ ਨਿਰੰਕਾਰ ਜੀ ਕੋ ਪ੍ਰਥਮ ਗੁਰੂ ਧਾਰਣ ਕਰ (ਮੂਲ ਮੰਤ੍ਰ ਦੀਖਿਆ ਲੇਕਰ) ਪੀਛੇ ਤਿਨ ਸਰਵ ਕੋ ਉਪਦੇਸ਼ ਦੀਆ ਹੈ॥ ਇਸ ਰੀਤ ਸੇ ਸ਼੍ਰੀਗੁਰੂ ਨਾਨਕ ਦੇਵ ਜੀ ਨੇ ਗੁਰੂ ਪ੍ਰਭਾਵ ਪ੍ਰਗਟ ਕਰਨੇ ਵਾਸਤੇ ਹੀ ਸ਼੍ਰੀ ਨਿਰੰਕਾਰ ਜੀ ਕੋ ਗੁਰੂ ਧਾਰਨ ਕੀਆ ਹੈ। ਔਂ ਸਾਤ ਵਰਖ ਕੀ ਆਯੂ ਮੇ ਸ਼੍ਰੀ ਨਿਰੰਕਾਰ ਜੀ ਕੋ ਗੁਰੂ ਧਾਰਨ ਕਰਨਾ ਇਸ ਉਥਾਨਕਾ ਮੇ ਹੀ ਲਿਖਾ ਹੈ: ਔਰ ਸਰਬ ਮੈ ਵੇਈਂ ਮੇ ਪ੍ਰਵੇਸ਼ ਕੇ ਸਮੇ ਹੀ ਲਿਖਾ ਹੈ; ਯਾਤੇ ਬੀ ਯਹਿ ਉਥਾਨਕ ਹੀ ਔਰ ਸਰਬ ਉਥਾਨਕਾ ਸੇ ਮੁਖ ਹੈ ॥ ਅਰਥਾਤ, ਪੀਯੇ ਕਹੀ ਰੀਤ ਸੇ, ਸ਼੍ਰੀਗੁਰੂ ਅਰਜੁਨ ਦੇਵ ਜੀ ਕੇ ਮੁਖਾਰਬਿੰਦ ਸੇ, ਤਥਾ ਸ਼੍ਰੀਗੁਰੁ ਗੋਬਿੰਦ ਸਿੰਘ ਜੀਕੇ ਮੁਖਾਰਬਿੰਦ ਸੇ ਪ੍ਰਥਮ ਯਹਿ ਹੀ ਉਥਾਨਕਾ ਬਨੀ ਹੈ, ਔਰ ਸਰਬ ਉਥਾਨਕਾ ਇਸਕੀ ਹੀ ਛਾਯਾ ਰੂਪ ਹੈਂ,

51. ਪੂਨ੍ਹੈ. ਓ.ਪੰ.755:9 ; ਅ. 647:1।ਪੋਥੀ ਉਥਾਨਕਾ ਸ਼੍ਰੀ ਗੁਰੂ ਗ੍ਰੰਥਜੀ ਪੰਨੇ.2-40। ਆਦਿ ॥ ਜ਼ਰੂਰੀ ਨੋਟ:- ਧਿਆਨ ਰਹੇ,ਸਰਵੋਤਿਮ ਪ੍ਰਮਾਣ ਸ਼੍ਰੀਗੁਰੂ ਬਾਣੀਹੈ,ਫੇਰ ਉਥਾਨਕਾ,ਜਨਮ ਸ਼ਾਖੀ ਆਦਿ"ਆਯੂ"ਲਈਂ ਗਵਾਹੀ ਮਾਨਿਤ ਹਨ ॥ ਜਿਵੇਂ ਐਥੇ"ਗੁਰੂ"ਧਾਰਣ ਵਿਸ਼ੇ ਸੰਬੰਧੀ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਦੇ ਪਹਿਲਾਂ ਆਪਣੇ ਸ਼ਬਦ ਪ੍ਰਮਾਣ ਹਨ,ਫੇਰ ਪਿਛੋਂ ਬਾਕੀ ਸ਼੍ਰੀਜਗਦਗੁਰੂ ਬਾਣੀਆਂਦੇ ਪ੍ਰਮਾਣ ਹਨ ਸੰਖੇਪ ਨਮੂਨੇ:- ਸ਼੍ਰੀਗੁਰੂਗ੍ਰੰਜੀ: ਪੰ. 599:6 ਗੁਰੂ: ਮ:1:"ਅਪਰੰ-ਪਰ ਪਾਰਬ੍ਰਹਮੁ ਪਰਮੇਸਰੁ , ਨਾਨਕ ਗੁਰੁ ਮਿਲਿਆ ਸੋਈ ਜੀਉ ॥5॥11॥" ਪੰ.795:3. ਬੇਨਤੀ: ਮਃ1 ਤੂ ਸੁਲਤਾਨੁ, ਕਹਾ ਹਉ ਮੀਆ,ਤੇਰੀ ਕਵਨ ਵਡਾਈ?॥ ਜੋ ਤੂ ਦੇਹਿ, ਸੁ ਕਹਾ ਸੁਆਮੀ, ਮੈ ਮੂਰਖ ਕਹਣੂ ਨ ਜਾਈ ॥1॥..."

52. ਪੰ.1040:19.ਦੀਖਿਆ ਮੰਤ੍ਰ: ਮਃ1"ਮੂਲਮੰਤ੍ਰ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥5॥" ਦਸਮ ਸ਼੍ਰੀਗੁ.ਗ੍ਰੰਥਜੀ.ਸ਼ਸਤ੍ਰ ਨਾਮ੍ਹ:

Sri Satguru Jagjit Singh Ji eLibrary NamdhariElibrary@gmail.com

ਯਾਤੇ (ਇਸ ਕਰਕੇ) ਇਸਮੇਂ ਲਿਖੀ ਸਰਬ ਉਥਾਨਕਾ ਕੇ ਅਨੁਸਾਰ ਹੀ ਔਰ ਸਰਬ ਮੇ ਲਿਖੀ ਉਥਾਨਕਾ ਅਵਰੋਧ ਕਰਨੀ ਚਾਹੀਐ ॥

-: ਇਤੀ ਸ਼੍ਰੀ ਉਥਾਨਕਾ ਕੀ ਭੂਮਿਕਾ :-

ਇਸ ਤਰ੍ਹਾਂ ਨਿਰਮਲ ਸ਼੍ਰੀ ਮਹੰਤ ਸਾਧੂ ਸਿੰਘ ਸਜੀਵਤ ਦੰਤ ਕਥਾਨਕ, ਸ਼੍ਰੀ ਗੁਰੂ ਕਾਸ਼ੀ, ਦਮਦਮਾਂ ਟਕਸਾਲ ਤੇ ਸ਼੍ਰੀ ਅਮ੍ਰਿਤਸਰ ਉਪ-ਟਕਸਾਲਾਂ ਦੀ ਗੁਰੁਗਮ ਸ਼੍ਰੀਗੁਰੂਬਾਣੀ ਅਰਥ ਪ੍ਰਥਾ ਅਤੇ ਆਪਣੀ ਤਰਕ ਬੁਧੀ ਸਿੱਧ ਭੂਮਿਕਾ 'ਚ ਲਿਖੇ ਹੁੰਦਾ ਹੈ, ਕੇਵਲ ਸੰਪੂਰਣ ਸ਼੍ਰੀਗੁਰੂ ਗ੍ਰੰਥ ਸਾਹਿਬ ਅਰਥ ਪ੍ਰਥਾ ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਤੋਂ ਹੀ ਪ੍ਰਵਿਰਤ ਨਹੀਂ ਹੋਈ; ਬਲਕੇ ਪਹਿਲਾਂ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਤੋਂ ਹੀ ਪ੍ਰਾਰੰਭ ਹੋਈ ਸੀ॥

ਪੰਜਵੇਂ ਸ਼੍ਰੀਗੁਰੂ ਜੀ ਨੇ ਪਹਿਲੇ ਪ੍ਰਚਾਰਕ ਭਾ ਗੁਰਦਾਸ ਜੀ ਥਾਪੇ॥ ਉਨ੍ਹਾ ਪਿਛੋਂ ਭਾ. ਬਿਧਿ ਚੰਦ ਛੀਨਾ ਨਿਰਮਲ ਮੁਰਾਜ ਸੰਪ੍ਰਦਾਇ ਚਲਨ ਦੀ ਪ੍ਰਸਿਧ ਹੈ ਜੋ ਦਸਮ ਸ਼੍ਰੀ ਜਗਦਗੁਰੂਜੀ ਅਰੰਭਕ ਕਾਲ ਤਕ ਫੈਲਦੀ ਰਹੀ॥ ਉਸ ਦਾ ਵਧਾਓ ਸ਼੍ਰੀ ਗੁਰੂ ਕਾਸ਼ੀ, ਦਮਦਮੇ ਸ਼ਾਹਿਬ ਸ਼੍ਰੀ ਪੰਚਮ ਗੁਰੁ ਪੋਥੀ ਗ੍ਰੰਥ ਬੀੜ ਸ਼ਾਹਿਬ ਦਾ ਵਧਾਓ ਨੌਵੇਂ ਸ਼੍ਰੀ ਵਿਸ਼੍ਵਗੁਰੂ ਜੀ ਦੇ ਸ਼ਬਦ 'ਚ ਦਸਮ ਸ਼੍ਰੀਜਗਦਗੁਰੂ ਜੀ ਨੇ ਸਦਾ ਲਈ ਸ਼੍ਰੀਵਿਸ਼੍ਵਗੁਰੂ ਬਾਣੀ ਗ੍ਰੰਥ ਸੰਪੂਰਣ ਕਰ ਲਿਖਵਾਇਆ, ਅਤੇ ਨਾਲੇ ਪੰਚਮ ਸ਼੍ਰੀਜਗਦਗੁਰੂ ਕ੍ਰਿਤ ਗ੍ਰੰਥ ਪਰਥਾਇ ਅਨੁਸਾਰ ਉਥਾਨਕਾ ਭਾਈ ਮਨੀਂ ਸਿੰਘ ਤੋਂ ਲਿਖਵਾਕੇ, ਦੱਖਣ ਨਾਂਦੇੜ, ਅਬਚਲ ਨਗਰ ਹਜ਼ੂਰ ਸਾਹਿਬ ਆਪਣੀ ਸ਼੍ਰੀ ਵਿਸ਼੍ਵਗੁਰੂ ਗਦੀ ਸ਼੍ਰੀ ਗੁਰੂ ਗ੍ਰੰਥਜੀ ਜੀ ਨੂੰ ਪ੍ਰਦਾਨ ਕਰ, ਸਦਾ ਲਈ ਸ਼੍ਰੀ ਵਿਸ਼੍ਵਗੁਰੂ ਬਣਾ ਕੇ ਧਰਮ ਪ੍ਰਚਾਰਾਰਥ ਥਿਰ ਕੀਤਾ॥

ਸ਼੍ਰੀ ਗੁਰੁਬਾਣੀ ਵਿੱਚ ਦੋਸ਼ ਸੰਭਾਵਨਾ ਪਰਖਨ ਲਈ ਪਰਿਭਾਸ਼ਿਕ ਉਪਾਇ

ਜਨਮ ਤੋਂ ਹੀ ਮਨੁਖ ਮਾਤ੍ਰ ਦੇ ਮਨਾਂ ਵਿੱਚ ਤਿੰਨ ਸੰਸ਼ੈ ਦੋਸ਼ ਹੁੰਦੇ ਹਨ, ਜਥਾ:

ਦਿਵ੍ਯ ਬਾਣੀ ਦੇ 1.ਪ੍ਰਮਾਣਾਂ 'ਚ ਸੰਸ਼ੇ, 2.ਪ੍ਰਮੇਯ 'ਚ ਸੰਸ਼ੇ, ਅਤੇ 3.ਉਲਟੀ (ਵਿਪਰੀਤ: ਵਿਪਰਜੈ) ਭਾਵਨਾ ਦੋਸ਼। ਇਨ੍ਹਾਂ ਤਿਨੋ ਦੋਸ਼ਾਂ ਦੇ ਨਾਸ਼ ਹੋਨ ਉਤੇ ਹੀ ਤਿਨੋਂ ਹਲਤ, ਪਲਤ, ਨਿੱਤ ਸੁਖਾਂ[53]ਪ੍ਰਾਪਤੀ ਬ੍ਰਹਮ ਗਿਆਨ ਰਾਹੀਂ ਹੁੰਦੀ ਹੈ,ਅਗੇ ਵਿਸ਼ੇਸ਼ ਉਪੋਦਘਾਤ 'ਚ ਬਿਆਨ ਹਨ॥ ਇਸ ਤਰ੍ਹਾਂ ਪ੍ਰਚਾਰਕਾਂ ਲਈ ਸਮੇ ਦੇ ਮੁਸਕਲਾਤਾਂ ਦਾ ਹੱਲ ਕਰਣ ਲਈ ਅਨੇਕ ਦੁਰਲਭ ਪਦਾਰਥ:-ਕਾਗਜ਼ (ਭੋਜ/ਤਾੜ ਪਤ੍ਰ), ਕਲਮ, ਚੰਗੀ ਸਿਆਹੀ ਆਦਿ ਦੀਆਂ ਪ੍ਰਪਾਤੀ ਜੋ ਕਰੀਬ ਸੰਨ 1860 ਦੇ ਪਥਰ ਛਾਪੇ ਖਾਨੇ ਬਣਨ ਤਕ ਦੁਰਲਭਤਾ ਰਹੀਆਂ। ਇਸੇ ਕਾਰਣ ਉਸ ਸਮੈ ਤਕ ਨਿਰਮਲੇ ਸੰਤ-ਸਾਧੂ ਪਾਠਕਾਂ ਨੂੰ ਪੁਰਾਣੇ ਢੰਗ ਨਾਲ ਮੁੱਖ ਅਤੇ ਗੌਣ ਅਨੇਕ ਧਰਮ ਦੇ ਗੁਟਕੇ, ਪੋਥੀ, ਗ੍ਰੰਥ ਸਿਖਾਂਦੇ, ਅਤੇ ਉਤਨੀ ਬਾਣੀ ਜਿਤਨੀ ਰੋਜ਼ ਕੰਠ(ਹਿਫਜ਼) ਕਰਾਂਦੇ ਸਨ॥ ਇਸ ਤਰ੍ਹਾਂ ਪੋਥੀ (ਖੁਲ੍ਹੇ ਪਤ੍ਰੇ, ਬਿਨਾ ਜਿਲਦ ਬਨ੍ਹੇ) ਰੂਪ, ਜਾਂ ਗ੍ਰੰਥ(ਗ੍ਰੰਥਿਤ/ਸੀਤੇ ਖੁਲ੍ਹੇ ਪਤ੍ਰੇ) ਸਭ ਮੂਲ ਧਰਮ ਸ਼ਾਸਤ੍ਰ, ਸੰਪੂਰਣ ਵਿਆਕਾਰ(ਅਮਰ ਕੋਸ਼) ਆਦੀ ਹੌਲੀ ਹੌਲੀ ਕੰਠ ਸਭ ਕਰਾਇ ਜਾਂਦੇ ਸਨ। ਆਮ ਸਭ ਜਾਣਦੇ ਹਨ, ਪੰਜ ਸਾਲ ਤੋਂ ਬਾਰਾਂ ਤੇਰਾਂ ਸਾਲਾਂ ਦੇ ਬਾਲਕਾਂ ਦੀ ਕੰਠ ਕਰਨ ਸ਼ਕਤੀ ਸੌਖੀ ਹੁੰਦੇ ਹੈ॥ ਇਸ ਉਮਰ ਤਕ ਪੂਰਣ ਮੂਲ ਸ਼ਾਸਤ੍ਰ, ਵਿਆਕਰਣ,

---

53. ਸ਼੍ਰੀਗੁਗ੍ਰੰਜੀ.ਪੰ.683:13"ਹਲਤਿ ਸੁਖੁ, ਪਲਤਿ ਸੁਖੁ, ਨਿਤ ਸੁਖੁ; ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ ॥ ਮਿਟਹਿ ਕਮਾਣੇ ਪਾਪ ਚਿਰਾਣੇ....."

54. ਸ਼੍ਰੀਵਿਸ਼੍ਵਗੁਰੂ ਗੋਬਿੰਦ ਸਿੰਘਜੀ ਨੇ ਸ਼੍ਰੀ ਗੁਰੂਕਾਸ਼ੀ,ਦਮਦਮਾ ਤੋਂ ਦੱਖਣ ਜਾਂਦੇ ਕਰਾਯਾ। ਗੁਰੂਕੀ ਸਾਖੀਆਂ,ਸਾਖੀ 103,ਤੇ ਭੱਟ ਬਹੀਆਂ,ਪੰਜਾਬੀ ਯੂਨੀਵਰਸਿਟੀ ॥

Sri Satguru Jagjit Singh Ji eLibrary NamdhariElibrary@gmail.com

ਕੋਸ਼ਾਦਿ ਕੰਠ ਹੋਣ ਤੇ, ਫੇਰ ਅਰਥ ਜਾਣਨੇ, ਸਮਝਨੇ, ਬਿਆਨ ਕਰਣੇ ਕੀ ਔਖੇ ਹਨ? ਇਸੇ ਪੁਰਾਣੇ ਢੰਗ ਨਾਲ (ਸਾਨੂੰ: ਮਹਿਲ ਪਰਿਵਾਰ ਨੂੰ ਵੀ: ਸਾਰੀਆਂ ਸਾਮਗ੍ਰੀਆਂ ਪਾਸ ਹੋਣ ਬਾਵਜੂਦ) ਲਕੜ ਦੀ ਤਖ਼ਤੀ ਉਤੇ ਮਲੀ ਗਾਜਨੀ, ਖਤ ਕੀਤੇ ਵਾਸਤੀਨ ਕਲਮ ਨਾਲ ਲਿਖਣਾ ਅਤੇ ਅਨੇਕ ਗੁਰਮੁਖੀ, ਹਿੰਦੀ, ਸੰਸਕ੍ਰਿਤ, ਉੜਦੂ, ਫਾਰਸੀ ਛਪੇ ਗ੍ਰੰਥ ਪੜ੍ਹਾਏ॥ ਏਹੀ ਪਰੰਪਰਾ 'ਚ ਵਾਰਸ਼ਿਕ, ਛੇ, ਤਿਨ, ਇਕ ਮਾਸਕ, ਸਪਤਾਹ ਸਹਿਜ ਪਾਠ, ਅਤੇ ਕਲਿਜੁਗ ਉਧਾਰੀ ਪ੍ਰਧਾਨ ਅਖੰਡ(ਹਰਿ-ਕੀਰਤੀ) ਪਾਠ"[54] ਨੇਮਾਂ ਸਪਸ਼ਟ ਬਾਣੀ ਵਕਤਾ-ਸ਼ੋਤਾਰਥ ਰੀਤ 'ਚ ਸਿਖਿਆ ਸਭ ਨੂੰ ਮਿਲਦੀ ਸੀ॥ ਪਿਛੋਂ, ਇਨਾਂ ਨਾਲ ਸਨਾਤਨ ਹਿੰਦੂ ਧਰਮੀ ਸਹਿਜਧਾਰੀ ਗੁਰੁਸਿੱਖ ਉਨ੍ਹਾਂ ਦੇ ਉਦਾਸੀ ਗੁਰੂਸਿਖ ਸਾਧੂਆਂ ਨੇ ਕਈ ਤਾਂਤ੍ਰਿਕ (ਮੰਤ੍ਰ, ਜੰਤ੍ਰ, ਤੰਤ੍ਰ) ਅਤੇ ਵੇਦ, ਸਮਾਰਤ (ਸਿਮ੍ਰਿਤੀਆਂ ਦੀ) ਪ੍ਰਿਥਾ ਦੇ ਮਨੋ-ਵਿਗਿਆਨ ਕਰਮ ਕਾਂਡ ਰੀਤਾਂ ਸ਼੍ਰੀਗੁਰੁਬਾਣੀ ਸ਼ਬਦਾਂ ਨੂੰ ਮੰਤ੍ਰ ਰੂਪ ਉਚਾਰਣ (Divine Invocations) ਲਈਂ ਛਾਂਟਕੇ ਉਚਾਰਣ ਲਈਂ ਅਧਿਆਤਮ ਕਰਮ[ਵ.34/55/260] ਠੀਕ ਸਿਧਾਂਤ ਅਨੁਸਾਰ ਕਰਮ ਧਰਮ ਲਈਂ ਜੋੜੇ(ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ; ਸਿਰ ਮਸ੍ਤੁਕ ਰਖਜਾ ਪਾਰਬ੍ਰਹਮੰ ਹਸ੍ਤ ਕਾਯਾ ਰਖਜਾ ਪਰਮੇਸ੍ਵਰਹ..॥ 52); ਪਰ ਧਿਆਨ ਰਹੇ ਕੋਈ ਵੀ ਦੂਜੇ ਭਉ ਅਰਥ ਨਹੀਂ ਹਨ॥ ਐਸੀ ਕਰਮ ਕਾਂਡੀ ਅਲੋਚਨਾ ਸ਼੍ਰੀਗੁਰੂਬਾਣੀ ਠੀਕ ਹੈ, ਕਿ ਨਹੀਂ? ਕੀ ਸਭ ਅਧਿਆਤਮ ਕਰਮ ਹਨ? ਕਿਉਂ, ਐਸੇ ਕਰਮ ਸ਼੍ਰਧਾ ਪੂਰਨ, ਮੁਕਤੀ ਮਾਰਗ ਆਦਿ ਲਿਖੇ/ਛਪੇ ਭਾਈ ਮਨੀ ਸਿੰਘ ਨਾਮ ਕ੍ਰਿਤ ਵਿਧੀਆਂ ਦਸੀਆਂ ਹਨ॥

ਸ਼੍ਰੀ ਗੁਰੂਬਾਣੀ ਗੁਰੁਗਮ ਪਰਿਭਾਸ਼ਾ ਦੇ ਦੋਨੋਂ:-1.ਕ੍ਰਮ ਸਮੁਚੈ ਅਤੇ 2.ਸਮ ਸਮੁਚੈ ਰਾਜਯੋਗ ਪੱਖਾਂ ਅਨੁਸਾਰ ਅਲੋਚਨਾ ਕਰੀਏ; ਤਾਂ ਕਰਮ ਕਾਂਡ (ਸ਼ਰੀਅਤ) ਸਭ ਤੋਂ ਨੀਵੀਂ ਸ਼ਰੇਣੀ ਹੈ॥ ਕ੍ਰਮ ਸੁਮੁਚੈ ਮੱਧਮ ਸ਼੍ਰੇਣੀ ਭਗਤੀ ਕਾਂਡ(ਤਰੀਕਤ) ਹੈ॥ ਫੇਰ ਕ੍ਰਮ ਸਮੁਚੈ ਹਲਤ-ਪਲਤ ਗਿਆਨ ਕਾਂਡ ਫਲ ਬੋਧਕ, ਸ਼੍ਰੀਗੁਰੂਬਾਣੀ ਸ਼ਬਦ ਕਰਮ ਪੇਡੁ, ਸਾਖਾ ਹਰੀ, ਧਰਮੁ ਫੁਲੁ, ਫਲੁ ਗਿਆਨ[ਓ.58] ਅਨੁਸਾਰ ਠੀਕ ਹਨ॥ ਇਹ ਕ੍ਰਮ ਸਮੁਚੈ ਛਾੜ੍ਹਾਂ ਲਈ ਵੀ ਰਾਜ ਯੋਗ ਪ੍ਰਦਰਸ਼ਤ ਨਮੂਨੇ ਸੰਤ-ਗਿਆਨੀ ਦਿੰਦੇ ਹਨ, ਪਰ ਇਹ ਸਮ-ਸਮੁਚੈ ਹਲਤ-ਪਲਤ ਜੀਵਨ ਮੁਕਤੀ ਫਲਪ੍ਰਦ ਵੀ ਹਨ ਪਰ ਇਹ ਕਦੀ ਨਿਤ ਸੁਖ ਮੁਕਤੀ ਪ੍ਰਦਾਤਾ ਨਹੀ ਹੋ ਸਕਦੇ॥ ਕਾਰਣ ਕਿ, ਗੁਰੂਬਾਣੀ ਖਟ ਲਿੰਗ ਪਰਿਭਾਸ਼ਾ 'ਚ ਅਪੂਰਵਤਾ ਲਖਨ, ਦੀਵਾ ਬਲੈ ਅੰਧੇਰਾ ਜਾਇ...ਉਗਵੈ ਸੂਰੁ:ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ: ਅਗਿਆਨੁ ਮਿਟੰਤ[ਅ.58] ਹੈ, ਤੇ ਸਚੈ ਸਬਦਿ ਸਚੀ ਪਤਿ ਹੋਈ॥ ਬਿਨੁ ਨਾਵੈ ਮੁਕਤਿ ਨ ਪਾਵੈ ਕੋਈ॥ ਬਿਨੁ ਸਤਿਗੁਰ ਕੋ ਨਾਉ ਨ ਪਾਏ, ਪ੍ਰਭਿ ਐਸੀ ਬਣਤ ਬਣਾਈਹੇ[ਏ.58] ਸਪਸ਼ਟ ਸਿਧਾਂਤ ਹੈ। ਬਿਨਾ ਸਤਿਗੁਰੁ ਉਪਦੇਸ਼ ਕ੍ਰਿਪਾ ਬ੍ਰਹਮ ਗਿਆਨ ਪ੍ਰਾਪਤੀ ਅਤੇ ਜੀਵਨ ਮੁਕਤੀ ਤੇ ਨਾਹੀਂ ਨਿੱਤ ਸੁਖ ਮੁਕਤੀ ਸੰਭਵ ਹਨ॥ ਸੋ, ਇਸ ਕਾਰ ਕੇਵਲ ਸਹਿਜ, ਜਾਂ ਅਖੰਡ ਪਾਠ ਆਦਿ ਕਰਣ ਨਾਲ ਕਿਆ ਮੁਕਤੀ ਮਿਲ ਸਕਦੀ ਹੈ? ਸ਼੍ਰੀਗੁਰੂਵਾਕ:-ਮੁਖਹੁ ਹਰਿ ਹਰਿ ਸਭੁਕੋ ਕਰੈ,ਵਿਰਲੈ ਹਿਰਦੈ ਵਸਾਇਆ॥ ਨਾਨਕ ਜਿਨਕੈ ਹਿਰਦੈ ਵਸਿਆ, ਮੋਖ ਮੁਕਤਿ ਤਿਨ" ਪਾਇਆ॥ [ਸ.58]

ਅੰਗ੍ਰੇਜ਼ਾਂ ਆਪਣੀ ਬਣਾਈ ਕਾਂਗ੍ਰਸ 'ਚ ਸਾਂਝੇ ਹਿੰਦੂ, ਮੁਸਲਿਮ, ਸਿੱਖ ਮੈਬਰਾਂ ਨੂੰ ਇੰਗਲੈਂਡ 'ਚ 1931 ਲੰਡਨ ਗੋਲਮੇਜ਼ ਸੰਗਠਨ (Round Table Conference) 'ਚ ਫੁਟ

Sri Satguru Jagjit Singh Ji eLibrary NamdhariElibrary@gmail.com

ਹਾਸਿਲ ਨਾ ਕਰਣ ਕਾਰਣ, ਫੇਰ ਸੰਨ 1932'ਚ ਇੰਗਲੈਂਡ ਲੰਡਨ ਪਾਰਲੀਮੈਂਟ ਕੋਮਜ਼ੂਨਲ ਅਵੋਰਡ ਐਕਟ ਵਿਧਾਨ ਜ਼ਰੂਰੀ ਕਰ ਲਾਗੂ ਕੀਤਾ, ਕਿ:''ਸਾਰੇ ਹਿੰਦੂ, ਮੁਸਲਮਾਨ, ਗੁਰੁਸਿਖ ਧਰਮੀ ਆਪਣੇ ਅਡ ਅਡ ਧਰਮਾਂ ਦੇ ਰਾਜਨੀਤੀ (Political Parties) ਸੰਸਥਾ ਕਾਇਮ ਕਰਨ॥ ਓਨ੍ਹਾਂ 'ਚ ਕੇਵਲ ਓਹੀ ਹਿੰਦੂ, ਮੁਸਲਮਾਨ, ਗੁਰੁਸਿਖ ਹੀ ਮੱਤ ਦਾਨ ਅਧੀਨ ਨੁਮਾਇੰਦੇ ਬਣ ਸਕਦੇ ਹਨ॥ ਤਾਂ ਹੀ ਉਸੇ ਵੇਲੇ ਹਿੰਦੂ ਮਹਾਸਭਾ, ਮੁਸਲਿਮ ਲੀਗ, ਅਕਾਲੀ ਸਿੱਖ-ਸਿੰਘ (ਨਿਹੰਗ ਅਕਾਲੀ ਸਿੰਘਾਂ ਦਾ ਤਖਲਸ ਖੋਹ) ਗੁਰੁਸਿਖ ਸਿਧਾਂਤ ਧਰਮ ਅਗਿਆਤ ਨਿਰੋਲ ਰਾਜ ਨੀਤੀ ਸੰਸਥਾਵਾਂ ਕੈਮ ਕੀਤੀਆਂ॥ ਅੰਗ੍ਰੇਜ਼ੀ ਪੰਜਾਬ ਤੇ ਸਿਰਹੱਦੀ ਸੂਬੇ, ਨਵੇਂ ਗੁਰੁਸਿਖਾਂ ਸ਼੍ਰੀਵਿਸ਼ੂਗੁਰੂ ਵਿਸ਼ੂਧਰਮ ਸਿਧਾਂਤ ਬਿਨਾ ਜਾਣੇ ਬੁਝੇ ਸੋਚੇ ਸਮਝੇ ਬਿਨਾ ਗੁਰੁਬਾਣੀ ਪ੍ਰਮਾਣਾਂ ਉਲਟ ਸਾਰੇਆਂ 'ਚ ਫੁੱਟ ਪਾਈ। ਓਹ ਅਨੇਕ ਸ੍ਰੀ ਗੁਰੂਬਾਣੀ ਪ੍ਰਮਾਣ ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲਹੁ ਪਾਰਬ੍ਰਹਮ[ਹ.58] ਫਾੜ ਉਲਟ ਨੀਤੀ ਦੁਨੀਆ'ਚ ਅਧੀ ਸਦੀ ਤੋਂ ਧਰਮ ਜਾਣਕੇ ਦਿਨੋਦਿਨ ਵਧ ਰਹੀ ਹੈ।

8. ਅੰਗ੍ਰੇਜ਼ਾਂ ਤੋਂ ਸੰਨ 1947-8 'ਚ ਭਾਰਤ ਸੁਤੰਤ੍ਰ ਹੋਣ ਪਿਛੋਂ, ਸੰਨ 1950 ਦੇ ਸੰਵਿਧਾਨ ਅਨੁਸਾਰ ਸਾਰੇ ਧਰਮਾਂ ਨੂੰ ਇਕੋ ਜਹੀ ਖੁਲ ਤਾਂ ਕਹੀ ਪਰ ਧਰਮ ਸ਼ਬਦ ਦੇ ਗਲਤ ਅਰਥ ਸਮਝਣ ਕਾਰਣ ਅਮਲ ਬੰਦ ਰਿਹਾ। ਦਸ 'ਕ ਸਾਲ ਮਗਰੋਂ ਵਿਦਿਆ ਕਸ਼ੇਤ੍ਰਾਂ 'ਚ ਧਰਮ ਤੁਲਨਾਤਮਕ ਆਲੋਚਨਾ ਦਾ ਨਵਾਂ ਦੌਰ ਚਲ, ਕੇਵਲ ਵਿਦ੍ਵਾਨ ਸਤਰ ਵਿਸ਼ੂਵਿਦਿਆਲਿਆਂ ਅੰਦਰ ਹੀ ਰਹਿਆ, ਕਿਉਂਕਿ ਸਾਧਾਰਣ ਜਨਤਾ ਲਈ ਗੂੜ੍ਹਾ ਤੇ ਡੂੰਘਾ ਸਮਝਿਆ ਸੀ ॥

ਪਿਛੇ ਲਿੱਖ ਚੁਕੇ, ਆਦਿ 'ਚ ਸ਼੍ਰੀ ਵਿਸ਼ੂਗੁਰੂ ਨਾਨਕ ਦੇਵਜੀ ਕਲਿਯੁਗ ਵਿੱਚ ਨਵਾਂ ਰਾਗਜੋਗ ਧਰਮ ਥਾਪਿਆ ਜਿਸ ਦੀ ਅਟੁਟ ਲੜੀ ਛੇਵੇਂ ਸ਼੍ਰੀਜਗਦਗੁਰੂ ਹਰਿਗੋਬਿੰਦ ਸਾਹਿਬਜੀ ਧਰਮ ਰਾਜ 'ਚ ਪ੍ਰਚਾਰ ਲਈ ਅਨੇਕ ਗੁਰੁਸਿਖ ਸੰਪ੍ਰਦਾਇ ਸਮੇ ਸਮੇ ਪਰ ਥਾਪ, ਜਾਲ ਬੁਣਦਾ ਗਇਆ॥ ਉਸ ਸਮੈ ਸ਼੍ਰੀ ਵਿਸ਼ੂਗੁਰੂ ਨਾਨਕ ਦੇਵਜੀ ਦੇ ਬੜੇ ਪੁਤ੍ਰ ਸਾਹਿਬਜ਼ਾਦਾ(ਬਾਬਾ)[ਕ.55] ਸ਼੍ਰੀ ਚੰਦ ਕਰੀਬ 150 ਬਰਸ ਦੇਆਂ ਦੀ ਬੇਨਤੀ ਸੁਈਕਾਰ ਕਰ ਆਪਣਾਂ ਬੜਾ ਪੁਤ੍ਰ(ਬਾਬਾ)[ਕ.58] ਗੁਰਦਿਤਾ ਜੀ ਨੂੰ ਓਨ੍ਹਾਂ ਦੇ ਉਤ੍ਰਾਧਿਕਾਰੀ ਮੰਗ ਉਤੇ ਅਸੀਸ 'ਚ ਦਿਤਾ॥ ਧਿਆਨ ਰਹੇ ਗੁਰੁਸਿੱਖ ਉਦਾਸੀ ਸੰਪ੍ਰਦਾਇ ਸ਼੍ਰੀ ਵਿਸ਼ੂਗੁਰੂ ਨਾਨਕ ਦੇਵਜੀ ਤੋਂ ਆਰੰਭ ਨਹੀ ਬਲਕਿ ਆਰੰਭ ਛੇਵੇਂ ਸ਼੍ਰੀਜਗਦਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਧਰਮ ਰਾਜ'ਚ ਉਦਾਸੀ ਚਾਰ ਧੂਣੇ ਥਾਪਣ ਤੇ ਸੰਪ੍ਰਦਾਇ ਆਰੰਭ ਹੋਈ॥ ਸਤਵੇਂ, ਨੌਵੇ ਤੇ ਦਸਵੇਂ ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀ ਦੀਆਂ ਛੇ ਬਖਸ਼ਿਸ਼ਾਂ ਮਿਲਾ ਕੇ ਦਸ ਨਾਮ ਉਦਾਸੀ ਸੰਪ੍ਰਦਾਇ ਟੱਕਰ ਲੈਣ ਲਈ ਦਸ ਨਾਮ ਸੰਨਿਆਸੀ ਸੰਪ੍ਰਦਾਇ ਗੁਰੂਸਿੱਖ ਨਿਰਮਲ ਪੰਥ ਜਾਲ 'ਚ ਜੋੜਕੇ ਸੰਪ੍ਰਦਾਇ ਥਾਪੀ॥ ਜੇਹੜੀ ਆਦਿ ਸ਼੍ਰੀ ਵਿਸ਼ੂਗੁਰੂ ਨਾਨਕ ਦੇਵਜੀ ਰੀਤ ਚਲਾਈ, ਗੁਰੁਬਾਣੀ ...ਨਾਨਕੁ ਭਇਆ ਉਦਾਸੀ[ਉ.59.] ਪ੍ਰਮਾਣ ਹੈ ਤੇ ਭਾ. ਗੁਰਦਾਸ ਪ੍ਰਮਾਣ, ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤ ਚਲਾਈ[ਅ.59;]

---

55. ਸ਼੍ਰੀਗੁਗ੍ਰੰਜੀ.ਓ.ਪੰ,1168:5 1325:12-13 । ਆਦਿ । ਅ.ਪੰ.791:2 । ਏ.ਪੰ,1046:10-12। ਸ.ਪੰ,565:16।ਹ.ਪੰ.897:6। ਕ. ਪਿਤਾਮਹ/ਬੁਜ਼ੁਰਗ ਨੂੰ ਹੀਬਰੂ/ਅਰਬੀ'ਚ ਬਾਬਾ (**Patriarch**) ਸੰਬੋਧਨ ਕਰਦੇ ਹਨ।ਇਹ ਖ਼ਿਤਾਬ ਕਰਕੇ ਓਨ੍ਹਾਂ ਸ਼ਾਹਿਬਜ਼ਾਦਾ ਗੁਰਦਿਤਾ ਜੀਨੂੰ ਦਿਤਾ॥

Sri Satguru Jagjit Singh Ji eLibrary NamdhariElibrary@gmail.com

ਬਾਬਾ ਆਇਆ ਕਰਤਾਰਪੁਰ: ਭੇਖ ਉਦਾਸੀ ਸਗਲ ਉਤਾਰਾ। ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ[ਦ.59] ਅਤੇ ਆਪਣਾ ਧਰਮ ਥਾਪਿਆ, ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ। ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਯਾ। ਜੋਤੀ ਜੋਤ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ। ਲਖ ਨ ਕੋਈ ਸਕਈ ਆਚਰਜੇ ਆਚਰਜ ਦਿਖਾਯਾ। ਕਾਯਾ ਪਲਟ ਸਰੂਪ ਬਣਾਯਾ''[ਸ.56] ॥ ਇਸ ਤਰ੍ਹਾਂ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਧਰਮ ਰਾਜ'ਚ ਸ਼੍ਰੀਗੁਰੁ ਨਿਰਮਲ ਪੰਥ ਬੁਣੇ ਧਰਮ ਮਹਾਜਾਲ (*Guru-Sikh* Religious Network) ਪ੍ਰਚਾਰ ਲਈ 22 ਮੰਜੀਆਂ, 72 ਪੀੜ੍ਹੇ, ਪਚਵੰਜਾ ਮਸੰਦ, ਚਾਰ ਸੰਗਤਾਂ, ਪੰਜਵੀਂ ਖਾਲਸਾ ਸੰਗਤ; ਸਹਿਬਜ਼ਾਦੇ ਬਾਬਾ ਸ਼੍ਰੀ ਚੰਦ, ਬਾਬਾ ਗੁਰਦਿੱਤਾਜੀ ਪ੍ਰਤਿਸ਼ਠਤ ਗੁਰੂਸਿੱਖ ਦਸਨਾਮ ਉਦਾਸੀ ਸਮਗ੍ਰ ਰਾਜ ਜੋਗ ਸਤਿ ਧਰਮ ਪ੍ਰਵਿਰਤੀ ਲਈ ਖਾਲਸਾ ਪੰਥ ਜਾਲ ਬੁਣਿਆ ॥ ਦਸ਼ਮ ਸ਼੍ਰੀ ਜਗਦਗੁਰੂ ਨੇ ਆਪਣੇ ਸੰਬੰਧੀ ਇਯੂੰ ਕਿਹਾ ਹੈ:-

ਅਥ ਰਾਜ ਸਾਜ ਕਥਨੰ॥ ਚੌਪਈ॥

ਰਾਜਸਾਜ ਹਮਪਰ ਜਬ ਆਯੋ। ਜਥਾ ਸਕਤ ਤਬ ਧਰਮ ਚਲਾਯੋ॥

ਦੇਸ ਚਾਲ ਹਮਪਰ ਪੁਨਿ ਭਈ। ਸਹਰ ਪਾਂਵਟਾ ਕੀ ਸੁਧਿ ਲਈ॥

ਦਸਮ ਸ਼੍ਰੀ ਜਗਦਗੁਰੂ ਗੋਬਿੰਦ ਰਾਇ (ਸਿੰਘ) ਜੀ ਦੇ ਪੱਚੀਸਵੇਂ(25) ਬਰਸ 'ਚ ਆਨੰਦਪੁਰ 'ਚ ਕਹਲੂਰ(ਬਿਲਾਸਪੁਰ) ਪਹਾੜੀ ਰਾਜੇਆਂ ਦੇ ਅਗ੍ਰਗਣ(leader prince) ਗਲਤਫ਼ੈਮੀ ਕਾਰਣ ਦੇਸ਼ ਚਾਲ ਬਨੀ ਕੇ ਆਪ ਸ਼ਿਵਾਲੈ ਪਹਾੜੀ ਦੂਨਾਂ ਦੇ ਘਣੇ ਜੰਗਲ ਜਮਨਾ ਮਹਾਨਦੀ ਕੰਢੇ ਪੌਂਟਾ ਥਾਂ ਪਸੰਦ ਕਰ ਗੜ੍ਹੀ ਬਨਾ ਤਿੰਨ ਸਾਲ ਰਹਿ ਕੇ ਆਨੰਦਪੁਰ ਸਾਹਿਬ ਮੁੜ ਆਏ॥ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀਦੇ ਥਾਪ ਸ਼੍ਰੀਗੁਰੂ ਪੰਥ ਦੇ ਪੰਜਵੇਂ ਤੋਂ ਨੌਵੇਂ ਸ਼੍ਰੀ ਜਗਦਗੁਰੂ ਤੇਗ ਬਹਾਦੁਰ ਸਾਹਿਬ ਹਿੰਦ ਦੀ ਚਾਦਰ ਸੀਸ ਬਲੀਦਾਨ(ਸ਼ਹੀਦੀ) ਵਿਵਸਥ ਜੋਣੀ ਦੇਖ, ਨਾ ਕੋਈ ਸ਼ਰੀਕ, ਨਾ ਹੋਰ ਕਿਸੇ ਨੂੰ ਜੁਰਤ ਹੋਈ, ਕਿ ਓਨ੍ਹਾਦੇ ਇਕਲੌਤੇ ਸੁਪੁਤ੍ਰ ਦਸਮ ਸ਼੍ਰੀਜਗਦਗੁਰੂ ਗੋਬਿੰਦ(ਰਾਇ)ਸਿੰਘ ਜੀ ਦੀ ਕੋਈ ਸ਼ਿਰਕਤ ਕਰੇ॥ ਨੌਂ ਪੀੜੀਆਂ ਵਿੱਚ ਸੰਪੂਰਣ ਉੱਤਰ-ਪੱਛਮ ਭਾਰਤ ਖੰਡ ਸ਼ਹਰ ਬਲਖ(ਰਾਜਾ ਬਲੀ ਦੀ ਰਾਜਧਾਨੀ), ਬੁਖਾਰਾ, ਕਾਬੁਲ-ਕੰਧਾਰ ਤੋਂ ਲੈ ਕੇ ਮੁਗ਼ਲ ਸਲਤਨਤ ਪੂਰਵ ਬੰਗਾਲ, ਅਸਾਮ(ਕਾਮਾਕਸ਼ਾ ਤੀਰਥ ਪਾਰ) ਇਲਾਕੇਆਂ 'ਚ ਸ਼੍ਰੀ ਵਿਸ਼੍ਵਗੁਰੂ ਜੀ, ਅਤੇ ਗੁਰੂਸਿੱਖ ਪੰਥ ਜਾਲ ਦੇ ਪ੍ਰਚਾਰਕਾਂ ਦਾ ਇਤਨਾ ਪ੍ਰਭਾਵ ਪਿਆ ਕਿ ਭਾਰਤੀ ਆਮ ਹਿੰਦੂ ਸਮਾਰਤ ਧਰਮੀ ਜਨਤਾ, ਤੇ ਖਟ ਦਰਸ਼ਨ ਸਾਰੇ ਮੁਕਾਬਲੇ 'ਚ ਖੜੇ ਗੁਰੂਸਿੱਖ ਪ੍ਰਚਾਰਕਾਂ ਨਾਲ ਪ੍ਰਚਾਰਕ ਈਰਖਾ, ਦ੍ਵੇਸ਼, ਐਸੀਆਂ ਹੁੱਜਤਾਂ ਕਰਣ ਲਗੇ ਤੇ ਦੋਸ਼ ਲਾਣੇ ਸ਼ੁਰੂ ਕਰੇ ਕਿ ਗੁਰੂਸਿਖ ਪ੍ਰਚਾਰਕ, ਬਿਨਾ ਸੰਸਕ੍ਰਿਤ ਸ਼ਾਸਤ੍ਰ ਪੜ੍ਹੇ, ਬਿਨਾ ਸ਼ਲੋਕ ਪ੍ਰਮਾਣ ਧਰਮ ਪ੍ਰਚਾਰ ਕਿਵੇਂ ਕਰ ਸਕਦੇ ਹਨ?

ਪਾਂਵਟਾ ਸਾਹਿਬ 'ਚ ਦਸਮ ਸ਼੍ਰੀ ਜਗਦਗੁਰੂਜੀਦੇ ਪ੍ਰਚਲਿਤ ਸ਼੍ਰੀਗੁਰੁ ਪੰਥ ਪ੍ਰਚਾਰ ਜਾਲ ਦੇ ਗੁਰਮੁਖ ਮੰਜੀਦਾਰ, ਪੀੜੇਦਾਰ ਪ੍ਰਚਾਰਕ, ਉਦਾਸੀ ਸਾਧੂ, ਮਹੰਤ, ਬਿਨਾ ਸ਼੍ਰੀ ਗੁਰਬਾਣੀ ਲਿਪੀ, ਰੂੜੀ ਭਾਖਾ,ੴ ਸਿਧਾਂਤ ਪਰਿਭਾਸ਼ਾ ਅਣਜਾਣ ਸਿੱਖ ਦੇਖ 1686 ਈਸ੍ਵੀ ਪੌਂਟੇ

56. ਪੁਨ੍ਹੈ,ਉ. ਪੰ.992:17 । ਅ.ਭਾਗਵਾ:1।24।7।ਪੁਨ੍ਹੈ ਇ.ਵਾਰ.1।38।1-2।ਪੁਨ੍ਹੈ ਸ. ਪੁਨ੍ਹੈ.1।45।4-8॥

Sri Satguru Jagjit Singh Ji eLibrary NamdhariElibrary@gmail.com

ਸਾਹਿਬ ਨੌ-ਰਾੜੇ ਅੰਤ ਦਸ਼ੌਹਿਰੇ ਦਰਬਾਰ ਚ ਦਰਬਾਰੀ ਲਾਗੀ ਬ੍ਰਹਮਣ ਪਾਧੇਆਂ ਦਾ ਵਰਣ ਧਰਮ ਹੰਕਾਰੀ ਨੇਤਾ ਪੰਡਿਤ ਰਘੁਨਾਥ ਨੇ ਸਾਥੀਆਂ ਸਮੇਤ ਸਿੱਖਾਂ ਨੂੰ ਵਿਦਿਆ ਪੜ੍ਹੌਣ ਦੀ ਕੁਭਾਵਨਾ ਹੁੱਜਤਾਂ ਕਾਰਣ ਪ੍ਰਗਟ ਹੋ ਗਈ॥ ਗੁਰੁਸਿਖਾਂ ਨੂੰ ਦੇਵਨਾਗਰੀ ਲਿਪੀ 'ਚ ਲੋਕ ਭਾਖਾ ਸਿਖਾਣ ਦੀ ਕੁਭਾਵਨਾਂ ਪ੍ਰਗਟ ਕੀਤੀ ਕਿ ਅਸੀਂ ਸ਼ੂਦ੍ਰਾਂ ਅਤੇ ਇਸਤ੍ਰੀਆਂ ਨੂੰ ਨਹੀਂ ਪੜ੍ਹੌਂਦੇ॥ ਇਹ ਹੁਕਮ ਅਦੂਲੀ ਸੁਣ ਦੇਖ ਦਿਵਾਨ 'ਚ ਦਸਮ ਸ਼੍ਰੀਜਗਦਗੁਰੂ ਦੇਵਜੀ ਨੇ ਜਵਾਬ ਦੇ ਭੰਡੇ[ਅ.57]:-

ਮਿਸ਼੍ਰੇ(ਬ੍ਰਾਹਮਣੋ) ਕਹਿੰਦੇ ਹੋ: ਵੇਦ ਅਨੁਸਾਰ ਸ਼ੂਦ੍ਰ ਤੇ ਇਸਤ੍ਰੀ ਵੇਦ ਅਧਿਕਾਰੀ ਨਹੀਂ॥ ਇਹ ਸਤ ਹੈ? ਦਸੋ: ਵੇਦਾਂ ਉਪਨਿਸ਼ਦਾਂ ਵਿੱਚ ਗਾਰਗੀ, ਚੰਡਾਲਾ, ਮੰਦਲਸਾ, ਕਾਤਜਾਨੀ, ਮੈਤ੍ਰੀ ਆਦਿ ਇਸਤ੍ਰੀਆਂ ਰਿਖੀਆਂ ਮੁਨੀਆਂ ਨਾਲ ਗੋਸ਼ਟ ਨਹੀਂ ਕਰਦੀਆਂ ਸਨ? ਓਹ ਵੇਦ ਅਧਿਕਾਰੀ ਨਹੀਂ ਸਨ? ਕੀ ਬਾਲਮੀਕ (ਪਹਿਲਾ ਵੇਦ-ਵਿਆਸ) ਨੀਚ ਜਾਤਿ ਡਾਕੂ, ਰਾਮਾਯਣ ਤੇ ਯੋਗ ਵਸਿਸ਼ਠ ਪੌਰਾਣ ਦਾ ਕਰਤਾ ਨਹੀਂ? ਕੀ ਰਿਖੀ ਮਾਂਡਵ, ਹਸਤਾਮਲ, ਕ੍ਰਿਸ਼ਨ-ਦ੍ਵੈਪਾਯਨ (ਦੂਜਾ ਵੇਦ-ਵਿਆਸ: ਮਾਛੀ/ਮਲਾਹ ਪੁਤ੍ਰ) ਸੂਦ੍ਰ ਮਹਾਭਾਰਤ(ਭੀਖਮ ਪਰਵੀ) ਭਗਵਾਨ ਸ਼੍ਰੀ ਕ੍ਰਿਸ਼ਣ (ਅਠਾਰਾਂ ਅਧਿਆਈ ਗੀਤਾ) ਕਰਤਾ ਨਹੀਂ? ਕੀ ਓਹ ਅਠਾਰਾਂ ਪੁਰਾਣ, ਅਠਾਰਾਂ ਉਪ-ਪੁਰਾਣ ਸ਼ਾਸਤ੍ਰ ਕਰਤਾ ਨਹੀਂ? ਕੀ ਓਹ ਥੋਡੇ ਪੂਜ ਨਹੀਂ?[ਅ.61]॥ ਮਿਸ਼੍ਰੇ* ਸੂਤ (ਘੋੜੇ ਸਾਈਸ) ਕਿਸ ਜਾਤਿ ਦਾ ਸੀ? ਕੀ ਓਹੰ ਨੈਮਸ਼ਾਰੰਣਜ(ਯੂ.ਪੀ.) ਤੀਰਥ 'ਚ ਅਠਾਸੀ ਹਜ਼ਾਰ ਰਿਖੀ ਮੁਨੀਆਂ ਨੂੰ ਪੁਰਾਂਣ ਸੁਣੌਣ ਦਾ ਅਧਿਕਾਰੀ ਨਹੀਂ ਸੀ? ਓਹ ਸਾਰੇ ਕਿਸ ਵਰਣ ਦੇ ਸਨ? ਕੀ ਓਹ ਥੋਡੇ ਤੇ ਬੜੇਆਂ ਲਈ ਮੰਨੇ ਰਿਖੀ-ਮੁਨੀ ਪੁਰਾਣੇ ਇਤਿਹਾਸ ਵਰਣਿਤ ਪੂਜ ਨਹੀਂ? ਤੁਸੀ ਕੀ ਓਨ੍ਹਾਂ ਦੇ ਗ੍ਰੰਥ ਸ਼ਾਸਤ੍ਰਾਂ ਨੂੰ ਮੰਨਦੇ, ਪੂਜਦੇ ਨਹੀਂ? ਫੇਰ ਐਸਾ ਪਾਖੰਡ ਕਿਉਂ? ਤੁਸੀਂ ਸਾਰੇ ਹੰਕਾਰੀ ਬ੍ਰਾਹਮਣ ਵਰਣ ਸੁਣੋ, ਜਿਨ੍ਹਾਂ ਵਿਦਿਆਵਾਂ ਸਿੱਖੌਣ ਦਾ ਹੰਕਾਰ ਬਾਰਾਂ ਵਰਸ਼ਾਂ 'ਚ ਸਿੱਖਣੇ ਦੇ ਦਾਵੇ ਦਾ ਮਾਨ ਕਰਦੇ ਹੋ, ਓਹੀ ਅੱਧੇ ਕਾਲ'ਚ(ਛੇ ਸਾਲਾਂ'ਚ) ਮੇਰੇ ਸਿੱਖ ਸਿੱਖਣਗੇ॥ ਅੱਜ ਪਿਛੋਂ ਥੋਡੇ ਬੰਸੀ ਏਹੀ ਵਿਦਿਆਵਾਂ ਮੇਰੇ ਸਿਖਾਂ ਦੇ ਚਰਣਾਂ 'ਚ ਬੈਠ ਸਿੱਖਣਗੇ॥ ਕੇਵਲ ਏਹੀ ਨਹੀਂ, ਗੁਰੁਬਾਣੀ ਅਰ ਥੋਡੇ ਪੂਜ ਸ਼ਾਸਤ੍ਰ ਵੀ ਮੇਰੇ ਸਿਖਾਂ ਤੋਂ ਸਿਖਣਗੇ॥ ਸਿਖ ਛਾਂਟ ਕੇ ਕਾਸ਼ੀ ਭੇਜਦਾ ਹਾਂ ਜੋ ਸਮੇ 'ਚ ਵਿਦਜਾ ਸਿੱਖ, ਅਗੇ ਨੂੰ ਐਸੇ ਅਰਥ ਕਰ ਸਿਖੌਣਗੇ ਜਿਸਦਾ ਬੋਧ ਥੋਨੂੰ ਵੀ ਚਕਿਤ ਕਰ, ਅਤੀ ਅਸਚਰਜ ਲਗੇਗਾ॥ [ਅ.58]

ਇਹ ਵਰ-ਸ਼ਾਪ ਛੇ ਸਾਲਾਂ 'ਚ ਪੂਰੇ ਹੋਏ। ਅੱਜ ਵੀ ਸ਼ਿਵ ਕਾਸ਼ੀ ਅੰਦਰ 50 'ਕ ਨਿਰਮਲੇ ਸਿੰਘਾਂ ਦੇ ਡੇਰੇਆਂ(ਆਸ਼੍ਰਮਾਂ) 'ਚ ਸਾਰੇ ਵਰਣ ਆਸ਼੍ਰਮੀ ਵਿਦਿਆ ਪਾਠੀ ਕਾਸ਼ੀ ਵਿਸ਼੍ਵਿਦਿਆਲੇ ਦੀਆਂ ਪਰੀਖਿਆਵਾਂ ਲੈਂਦੇ/ਦਿੰਦੇ ਹਨ, ਹੁਣ ਵੀ ਸਭ ਤੋਂ ਸ਼੍ਰੋਮਣੀ(ਫਸਟ) ਆਏ ਦੇਖੇ ਜਾਂਦੇ ਹਨ॥

---

57. ਉ. 10ਗ੍ਰ. ਜੀ.ਬਚਿਤਰ ਨਾਟਕ:8।1॥ ਅ. ਨਿਰਮਲ ਪੰਥ ਪ੍ਰਦੀਪਕਾ,ਬਖਸ਼ਸ਼ 1, ਫਗਣ ਪੂਰਣਮਾਸੀ ਸੰ.1947,ਸੰਨ.1891,ਪਥਰ ਛਾਪ ਸਿਆਲਕੋਟ ਲੇਖਕ ਗਿ,ਗਿਆਨ ਸਿੰਘ, ਪਟਿਆਲਾ ਦਰਬਾਰ ॥

58. ਉ.ਭਾਈ ਗੁਰੁਦਾਸ ਵਾਰ:1।4।7॥;1।11।***1॥;*25।9।1*9॥ 25।10।**3॥ ਆਦਿ ; ਵੇਦ ਵਿਆਸ "ਤਿਨ" ਹੋਇ ਹਨ, "ਵੇਦਾਂਤ ਸੂਤ੍ਰ ਦਰਸ਼ਨ"ਕਰਤਾ ਬਾਦਰਾਯਣ ਤੀਜਾ ਵਿਆਸ ਹੈ, ਜੋ ਮਹਾਰਿਖੀ ਕ੍ਰਿਸ਼ਣ ਦ੍ਵੈਪਾਯਨ ਦੂਜੇ ਵਿਆਸ ਦਾ ਚੇਲਾ ਸੀ ॥
ਅ.ਮਸਲਨ:-ਉੱਤਰ ਪੰਜਾਬ ਮਹਾਰਾਜਾ ਰਣਜੀਤ ਸਿੰਘਦੇ ਰਾਜਗੁਰੂ ਮੁੱਖ ਗ੍ਰੰਥੀ ਸੰਤ ਸਿੰਘ ਸ੍ਰੀ ਹਰਿਮੰਦਿਰ ਸਾਹਿਬ ਅੰਮ੍ਰਿਤਸਰ ਅਨੇਕ ਗ੍ਰੰਥ ਲਿਖੇ/ਛਪੇ ਹਨ। ਓਨ੍ਹਾਂ'ਚ ਪ੍ਰਸਿਧ ਗੋਸ੍ਵਾਮੀ ਤੁਲਸੀ ਦਾਸ"ਹਿੰਦੀ"ਦਾ"ਰਾਮ ਚਰਿਤ ਮਾਨਸ ਭਾਵਾਰਥ ਟੀਕਾ"(ਸੀਤਾਪੁਰ.ਛਪੀ)ਬਨਾਰਸ ਵਿਸ਼੍ਵਿਦਿਆਲੇ ਉੱਚ ਆਚਾਰਯ ਪਦ ਗ੍ਰੰਥਹੈ॥ ਕਾਸ਼ੀ ਪੀਠਦੇ ਸਾਰੇ ਵਿਦਵਾਨ ਇਕਮਤ ਹਨ:"ਪੰਜਾਬੀ ਗਿਆਨੀ ਸੰਤ ਸਿੰਘਦੇ"ਭਾਵਾਰਥ(ਗੁਰਗਮ) ਟੀਕਾ ਦਰਜਨਾਂ ਪ੍ਰਾਪਤ ਇਸ ਮਕਾਬਲੇ ਇਕ ਵੀ ਨਹੀਂ ਹੈ ॥

Sri Satguru Jagjit Singh Ji eLibrary NamdhariElibrary@gmail.com

ਚਲਦੇ ਪ੍ਰਸੰਗ ਅਨੁਸਾਰ ਓਦੋਂ ਤੋਂ ਸਭ ਹੰਕਾਰੀ ਬ੍ਰਹਮਣ ਸਦਾ ਲਈ ਨਿਰਉੱਤਰ ਹੋਏ ਚਲੇ ਗਏ॥ ਉਸੇ ਵੇਲੇ ਸ਼੍ਰੀ ਜਗਦਗੁਰੂ ਗੋਬਿੰਦ ਰਾਇ (ਸਿੰਘ) ਜੀ ਨੇ ਸੰਗਤ ਵਿੱਚੋਂ ਪੰਦਰਾਂ ਦਰਬਾਰ'ਚ ਸਿੱਖ ਛਾਂਟਕੇ ਸਾਰੀ ਸੰਗਤ ਸ੍ਹਾਮਣੇ ਬ੍ਰਹਮਚਾਰੀ ਸੰਤ ਨਿਰਮਲ ਸਿਰੋਪਾਓ ਬਾਣਾ ਪ੍ਰਦਾਨ ਕਰਕੇ, ਹੁਕਮ ਦਿਤਾ :-

ਥੋਡੇ 'ਚ ਸੰਤ ਕਰਮ(ਸਿੰਘ) ਮੁਖੀਆ ਕੀਤਾ। ਇਸ ਨਾਲ ਜਾਕੇ ਬ੍ਰਹਮ ਗਿਆਨ ਕ੍ਰਮ ਪਰਿਭਾਸ਼ਾ ਤੇ ਚੌਦਾਂ (14) ਮਹਾਂ-ਵਿਦਿਆਵਾਂ ਸਿਖਣ ਲਈ ਵੇਦ ਕਾਲ ਸ਼ਿਵ ਕਾਸ਼ੀ ਮੱਠ ਵਿਦਿਆ ਪੀਠ ਬਨਾਰਸ(ਵਾਰਾਣਾਸੀ) ਵਜ਼ੀਫੇ ਦੇ ਕੇ ਭੇਜ ਰਹੇ ਹਾਂ[59] ॥

ਉਸੇ ਦਸ਼ਹਿਰੇ ਹੁਕਮ ਅਨੁਸਾਰ ਕਾਸ਼ੀ ਵਿਦਿਆ ਪੀਠ ਪੰਦਰਾਂ ਗੁਰੂਸਿੱਖ (ਓਥੈ ਦੇ ਪੱਖਪਾਤੀਆਂ 'ਚ) ਸ੍ਰੋਤ੍ਰੀ ਬ੍ਰਹਮ ਨਿਸ਼ਠ ਅਲਭ ਨਿਰਪੱਖ ਪੰਡਿਤ ਸਤਾ ਨੰਦ ਵੈਯਾਕਾਰਣੀ ਸ਼ਟ ਸ਼ਾਸਤ੍ਰ ਵੇਦਾਂਤੀ ਕੋਲੋਂ ਛੇ ਸਾਲਾਂ 'ਚ ਸਾਰੀਆਂ ਚੌਦਾਂ ਮਹਾਂਵਿਦਿਆਂ ਸ਼੍ਰੀਜਗਦਗੁਰੂ ਬਰ ਅਨੁਸਾਰ ਪੂਰੀਆਂ ਸਿੱਖ ਕੇ ਨਿਰਮਲੇ-ਗੁਰੂਸਿਖ ਸੰਤ ਕਾਸ਼ੀ ਪੀਠ 'ਚ ਪੰਡਿਤ ਉਪਾਧੀ (Ph. D. old lord's iv Seminary) ਪ੍ਰਾਪਤ ਕਰ, ਨਿਰਮਲ ਸੰਤ ਕਰਮ ਸਿੰਘ ਦੇ ਚੇਲੇ ਸੰਤ ਜਯ ਸਿੰਘ ਚੇਤਨ ਮੱਠ ਪਿਛੇ ਸੰਭਾਲਨ ਲਈ ਛਡਕੇ ਸਤਵੇਂ ਸਾਲ ਸਾਰੇ ਪੰਦਰਾਂ ਨਿਰਮਲ ਸੰਤ ਅਗ੍ਰਗਣ ਸੰਤ ਕਰਮ ਸਿੰਘ ਨਾਲ ਆਨੰਦਪੁਰ ਨਗਰ ਦਸਮ ਸ਼੍ਰੀ ਜਗਦਗੁਰੂ ਜੀ ਦੇ ਧਰਮ-ਦਰਬਾਰ ਹਾਜ਼ਿਰ ਹੋ ਕੇ ਬਹੁਤ ਮਾਨ ਪਾਯਾ॥ ਅਗੇ ਸ਼੍ਰੀ ਜਗਦਗੁਰੂ ਜੀਦੇ ਹੁਕਮ ਅਨੁਸਾਰ ਸਾਰੇ ਆਪਣੇ ਆਪਣੇ ਉਪਾਧੀਆਂ ਤੇ ਕੰਮ ਲਗੇ॥ ਖਾਸ ਹੁਕਮ ਅਨੁਸਾਰ ਪੰਡਿਤ ਸੰਤ ਕਰਮ ਸਿੰਘ ਸ਼੍ਰੀ ਗੁਰਬਾਣੀ ਕ੍ਰਮ ਵਿਦਿਆ ਭਾ. ਮਨੀ ਰਾਮ ਸਿੰਘ, ਭਾ. ਦੀਪ ਸਿੰਘ ਆਦਿ ਗੁਰੂਸਿੱਖਾਂ ਨੂੰ ਪੜ੍ਹੌਂਦ ਰਹੇ॥ ਉ.63

ਇਸ ਤਰ੍ਹਾਂ ਕੈਮ ਕੀਤੀ ਰੀਤ ਪਹਿਲਾਂ ਆਨੰਦਪੁਰ, ਫੇਰ ਸ਼੍ਰੀਗੁਰੂ ਕੀ ਕਾਸੀ, ਦਮਦਮਾ, ਅਤੇ ਅੰਤ 'ਚ ਅਬਚਲ ਨਗਰ ਦੱਖਣ 'ਚ ਸਾਰੇ ਥਾਵਾਂ 'ਚ ਸ਼੍ਰੀ ਗੁਰਬਾਣੀ ਕ੍ਰਮ ਬ੍ਰਹਮ ਗਿਆਨ ਸਿਖਾਂ ਨੂੰ ਸਿਖਾਂਦੇ ਰਹੇ, ਜਿਸ ਰਾਹੀਂ ਬਹੁਤ ਸਿਖ ਜੀਵਨ, ਤੇ ਵਿਦੇਹ ਮੁਕਤੀ ਪਾਕੇ ਕ੍ਰਿਤ ਕ੍ਰਿਤ, ਨਿਹਾਲ ਹੋਏ॥ ਸ਼੍ਰੀ ਜਗਦਗੁਰੂ ਜੀਨੇ ਗੁਰੂਸਿਖ ਭਾਈ ਮਨੀ ਸਿੰਘ ਆਦਿ ਛਾਂਟੇ ਨਿਰਮਲੇ ਸੰਤ-ਗਿਆਨੀਆਂ ਨੂੰ ਹੁਕਮ ਦਿਤਾ- ਰੂੜੀ ਗੁਰਬਾਣੀ(ਗੁਰੂਮੁਖੀ-ਦੇਵਨਾਗਰੀ-ਫਾਰਸੀ ਅੱਖਰਾਂ 'ਚ ਸ਼੍ਰੀਗੁਰੂਬਾਣੀ) ਵਿਸ਼੍ਵ ਪ੍ਰਚਾਰ ਲਈ ਪਹਿਲਾਂ ਜਿਵੇਂ ਪੰਚਮ ਸ਼੍ਰੀ ਜਗਦਗੁਰੂ ਜੀ ਹੁਕਮ ਹੈ:-ਸਹਸਕ੍ਰਿਤ ਅਰੁ ਤੁਰਕਨ ਭਾਸ਼ਾ। ਇਸਮਹਿਂ ਲਿਖਿ ਲੈਹੈਂ ਬੁਧਿਰਾਸ਼ਾ॥ ਸਭਿ ਊਪਰ ਪਸਰਹਿ ਇਹ ਧਾਈ। ਜਿਮ ਜਲਪਰ ਸੁਚਿਕਨਤਾ ਪਾਈ[60]॥ ਹੁਣ ਦੇ ਹੁਕਮ ਅਨੁਸਾਰ ਤੁਲਨਾਤਮਕ ਸ਼੍ਰੀ ਗੁਰਬਾਣੀ ਵਿਸ਼੍ਵਧਰਮ ਗ੍ਰੰਥਾਂ ਨਾਲ ਪਰਿਭਾਸ਼ਿਕ ਕ੍ਰਮ ਗੁਰਬਾਣੀ ਸਿਖਿਆ ਅਰਥ, ਆਨੰਦਪੁਰ

59. ਕੁਰਸੀ ਨਾਮ੍ਹ ਨਿਰਮਲ ਗਿ.ਗਿਆਨ ਸਿੰਘ:-1. ਸੰਤ ਕਰਮ ਸਿੰਘ, 2. ਸੰਤ ਰਾਮ ਸਿੰਘ, 3. ਸੰਤ ਗੰਡਾ ਸਿੰਘ, 4. ਸੰਤ ਬੀਰ ਸਿੰਘ, 5. ਸੰਤ ਸੋਭਾ ਸਿੰਘ,6. ਸੰਤ ਚੰਦਨ ਸਿੰਘ, 7. ਸੰਤ ਗੁਰਬਖਸ਼ ਸਿੰਘ, 8. ਸੰਤ ਸੈਨਾ ਸਿੰਘ, 9. ਸੰਤ ਦੀਪ ਸਿੰਘ'ਸੋਢੀ',10. ਸੰਤ ਮੁਸਤਾਕ ਸਿੰਘ'ਭੱਲਾ'',11. ਸੰਤ ਦਰਬਾਰਾ ਸਿੰਘ, 12. ਸੰਤ ਚ੍ਹਾੜ ਸਿੰਘ, 13. ਸੰਤ ਭਗਵਾਨ ਸਿੰਘ, 14. ਸੰਤ ਮੋਹਰ ਸਿੰਘ, 15. ਸੰਤ ਫੱਗਾ ਸਿੰਘ॥ ਦੇਖੋ ਸ਼੍ਰੀ ਗੁਰੂ ਤੀਰਥ ਸੰਗ੍ਰੈ ਪੱਥਰ ਛਾਪਾ ਈਸ੍ਵੀ 1881 ਪੰਨੇ 228:12.;272:8., ਨਿਰਮਲ ਪੰਥ ਪ੍ਰਦੀਪਕਾ: ਬਖਸ਼ਸ਼ 1, ਅਤੇ ਨਿਰਮਲ ਪੰਥ ਦਰਸ਼ਨ ਭਾਗ 1-4,ਸੰਬਤ: 2009-52/ 1952-85 ਈਸ੍ਵੀ ਭਾਗ 1:- ਪੰਨੇ 129:20-22.; 271:4-5;167:14- ਕ੍ਰਿਤ ਮਹੰਤ ਦਿਆਲ ਸਿੰਘ, ਡੇਰਾ ਬਾਬਾ ਮਿਸ਼੍ਰਾ ਸਿੰਘ ਅੰਮ੍ਰਿਤਸਰ ਬਿ.ਸੰ.2009'ਚ ਪੰ.ਕਾਸ਼ੀ ਆਚਾਰਜ ਤੀਜੇ ਸ਼੍ਰੀ ਜਗਦਗੁਰੂ ਬੰਸੀ ਸੰਤ ਬਾਵਾ ਮੁਸ਼ਤਾਕ ਸਿੰਘ''ਭੱਲੇ''ਦਾ ਵਰਣਨ ਨਹੀ, ਪਰ ਮੇਰੇ ਕੋਲ ਓਨ੍ਹਾਂ ਦੀ ਲਿਖਤੀ ਟੀਕਾ'ਚ ਹੈ ਜਿਸ ਦੇ ਅੰਤ'ਚ ਲਿਖਿਆ ਹੈ॥

60. ਸ਼੍ਰੀ ਗੁਰੂ ਪ੍ਰਤਾਪ ਸੂਰਜ ਰਾਸ 3. ਅੰਸੂ 41. ਛੰਦ.7. ਜਿਲਦ 6 ਕ੍ਰਿਤ ਭਾ.ਸੰਤੋਖ ਸਿੰਘ ਟੀਕਾ ਭਾ. ਵੀਰ ਸਿੰਘ॥

Sri Satguru Jagjit Singh Ji eLibrary NamdhariElibrary@gmail.com

ਸ਼ੁਰੂ ਕੀਤੇ ਸਿੱਖ ਨਿੱਤ ਪੜ੍ਹਾਂਦੇ ਸਨ ਅਤੇ ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਦੇ ਦਿਵਾਨ 'ਚ ਸੁਵੇ-ਸ਼ਾਮ ਪਰਬਾਣਿਆਂ ਅਨੁਸਾਰ ਸ਼੍ਰੀ ਗੁਰੁਬਾਣੀ, ਬੇਦ-ਕਤੇਬ ਪ੍ਰਮਾਣਾਂ ਨਾਲ ਸੰਤ ਮੰਡਲੀ: ਹਿੰਦੂ, ਮੁਸਲਮਾਨ, ਗੁਰੁਸਿੱਖ ਸਾਧ-ਸੰਗਤ 'ਚ ਨਿਰਮਲੇ ਸੰਤ ਸਾਡੇ ਵੇਲੇ ਤਕ ਪ੍ਰਵਚਨ ਕਰਦੇ ਰਹੇ ਹਨ॥[61]

ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਰਾਜ 'ਚ ਪਰਿਭਾਸ਼ਿਕ ਗੁਰੂਪੰਥ 'ਚ ਗੁਰੂਬਾਣੀ ਪਾਠ ਪ੍ਰਚਾਰ

ਸਿੰਘ ਅਵਲੋਕਨ ਨਿਜਾਯ(Lion looks back maximum: returns from where tangent off)

ਪਿਛੇ ਚਲਦੇ ਪ੍ਰਸੰਗ ਅਨੁਸਾਰ ਸ਼੍ਰੀਗੁਰੂਪੰਥ 'ਚ ਪ੍ਰਚਾਰ ਲਈ ਪੰਚਮ ਸ਼੍ਰੀਜਗਦਗੁਰੂ ਬਾਣੀ ਸ਼ਾਸਤ੍ਰ ਪਹਿਲਾਂ ਲਿਖਵਾਇਆ ਫੇਰ ਅਤਿ ਜ਼ਰੂਰੀ ਸ਼੍ਰੀ ਗੁਰੂਬਾਣੀ ਉਥਾਨਕਾ ਪ੍ਰਥਾਇ ਪੋਥੀ ਲਿਖਵਾਕੇ ਲੜੀ ਪੂਰੀ ਕੀਤੀ॥ ਐਥੇ ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀ ਦੇ ਇਤਿਹਾਸਿਕ ਪੰਥ ਕ੍ਰਮ ਵਾਰਤਾ ਦੱਸਣੀ ਜ਼ਰੂਰੀ ਹੈ:-

1. ਪਹਿਲਾਂ:- ਦਸਮ ਸ਼੍ਰੀਵਿਸ਼੍ਵਗੁਰੂ ਗੋਬਿੰਦ ਸਿੰਘ ਜੀ ਨੇ 25 ਸਾਲ ਦੀ ਉਮਰ'ਚ ਪੋਂਟੇ ਸਾਹਿਬ ਉਪਾਧਿਯਾਯ ਆਗੂ ਪੰਡਿਤ ਰਘੂਨਾਥ ਆਦਿਆਂ ਦੀ ਹੁਕਮ ਅਦੂਲੀ ਕਾਰਣ ਦ੍ਵਾਪੁਰ 'ਚ ਜਿਥੇ ਭਗਵਾਨ ਕ੍ਰਿਸ਼ਣ, ਬਲਰਾਮ ਪੜ੍ਹੇ[62] ਤੇ ਕਲਿਜੁਗ'ਚ ਸੰਨਿਆਸੀ ਸ਼ੰਕਰ ਆਚਾਰਜ ਛਾਤ੍ਰਸੀ, ਸ਼ਿਵ ਕਾਸ਼ੀ ਨਿਰਮਲ ਗੁਰੁਸਿਖਾਂ ਨੂੰ ਤੁਲਵਿਸ਼੍ਵ ਧਰਮ ਕ੍ਰਮ ਵਿਧੀ ਸਿਖਿਆ ਲਈ ਭੇਜੇ, ਜਿਥੇ ਪਹਿਲੀ ਵਾਰ ਤੁਲ ਵੇਦ-ਕਤੇਬ ਸ਼੍ਰੀਗੁਰੂਬਾਣੀ ਸਿਖਿਆ ਸਾਰੇਆਂ ਪਾਈ॥
2. ਦੂਜੇ:-ਦਸਮ ਸ਼੍ਰੀਵਿਸ਼੍ਵਗੁਰੂ ਗੋਬਿੰਦ ਸਿੰਘਜੀ ਆਨੰਦਪੁਰ ਵਾਪਸ ਆਕੇ ਸ਼ਿਵ ਕਾਸ਼ੀ ਮੁੜੇ ਨਿਰਮਲੇ ਗੁਰੂਸਿੱਖ ਆਣ ਉਤੇ ਗੁਰੂਸਿਖਾਂ ਨੂੰ ਤੁਲਨਾਤਮ ਤਾਲਮੇਲ ਵਿਸ਼੍ਵਧਰਮ ਤੇ ਸ਼੍ਰੀਗੁਰੂਬਾਣੀ ਪ੍ਰਮਾਣਾਂ ਨਾਲ ਕ੍ਰਮ ਵਿੱਧੀ ਸਿਖਣ ਦੀ ਤਿੰਨ ਸਾਲ ਸਿਖਿਆ ਪ੍ਰਨਾਲੀ:- 1.ਬੁਧੀਮਾਨੀ, 2.ਵਿਦਵਾਨੀ ਅਤੇ 3.ਗਿਆਨੀ ਸ਼ਰੇਣੀਆਂ ਥਾਪੀਆਂ॥ ਓਨ੍ਹਾਂ 'ਚ ਦਾਨਾਂ ਦੀ ਯੋਗਤਾ ਅਨੁਸਾਰ ਕ੍ਰਮ ਵਿਧੀ ਪਰੋਕਸ਼ ਬ੍ਰਹਮਗਿਆਨ ਜਾਂ ਅਪ੍ਰੋਕਿਸ਼ ਕ੍ਰਮ ਵਿਧੀ ਸ਼੍ਰੀਗੁਰੂਬਾਣੀ ਬ੍ਰਹਮ ਗਿਆਨ ਅਨੁਭਵ ਤਕ ਪਹੁੰਚਾਇਆ ਜਾਂਦਾ ਸੀ॥
3. ਤੀਜੇ, ਪੜਦਾਦਾ ਛੇਵੇਂ ਪੀਰੀ-ਮੀਰੀ ਸ਼੍ਰੀਜਗਦਗੁਰੂ ਬਣਾਏ ਅਕਾਲ ਤਖਤ (ਬੁੰਗੇ) ਅਧੀਨ ਪੰਚਮ ਖਾਲਸਾ ਸਿੱਖ, ਹਿੰਦੂ, ਮੁਸਲਿਮ ਸਾਂਝੀ ਛੌਣੀ/ਫੌਜੀ ਸੰਗਤ 2,200 ਸ਼ੂਰਾਂ ਦੀ ਬਣਾਈ(Mercenary *Sikh, Hindü, Muslim* Force) ਨੇ ਚਾਰ ਮਹਾਂਜੁਧ, ਲੜਕੇ ਜਿਤੇ॥ ਓਨ੍ਹਾਂ ਨਾਲ ਗੁਰੂਸਿੱਖ-ਮੁਸਲਿਮ-ਰਬਾਬੀ ਭਾਈ ਬਾਬਕ ਅਤੇ ਗੁਰੂਸਿਖ ਮੁਸਲਮ ਢਾਡੀ ਭਾਈ ਅਬਦੁਲ ਤੇ ਭਾਈ ਨਥਾ ਫੌਜੀ ਢਾਡੀ (chaplain) ਜੋੜੇ॥ ਓਹੀ ਛੇਵੇਂ ਪੀਰੀ ਮੀਰੀ ਸ਼੍ਰੀਜਗਦਗੁਰੂਜੀ ਤਖਤ ਖਾਲਸਾ ਛੌਣੀ/ਫੌਜ ਸੰਗਤ ਨੇ ਮਰ੍ਹਾਇ ਜੰਗ

61. ਨਿਰਮਲ ਪੰਥ ਪ੍ਰਦੀਪਕਾ.ਬਖਸ਼ਸ:1 ਕਿਤ ਗਿਆਨੀ ਗਿਆਨ ਸਿੰਘ, ਬਿ. 1984/1891 ਈਸ੍ਵੀ ਪਥਰ ਛਾਪ, ਸਿਆਲਕੋਟ॥
62. ਪੁਨ੍ਹੈ.ਪੰ.165:5"ਗੁਰ ਸੇਵਾ ਆਪਿ ਹਰਿ ਭਾਵੈ ॥ ਕ੍ਰਿਸਨੁ ਬਲਭਦ੍ਰ ਗੁਰਪਗ ਲਗਿ ਧਿਆਵੈ ॥ ਨਾਨਕ ਗੁਰਮੁਖਿ ਹਰਿ ਆਪਿ ਤਰਾਵੈ"

Sri Satguru Jagjit Singh Ji eLibrary NamdhariElibrary@gmail.com

'ਚ ਲਾਹੌਰ, ਸਿਰਹਿੰਦ ਦੇ ਸੂਬੇਦਾਰ ਅਤੇ ਫੌਜਦਾਰ ਜਲੰਧਰ ਤਿਨੋਂ ਫੌਜਾਂ ਨਾਲ ਜੂਝ, ਫੜ੍ਹੇ ਪਾਈ॥ ਓਹੀ ਛੇਵੇਂ ਸ਼੍ਰੀਜਗਦਗੁਰੂ ਜੀ ਖਾਲਸਾ 2,200 ਸ੍ਵਾਰ ਸਾਰੇ: ਸਤਵੇਂ, ਅੱਠਵੇ, ਨੌਵੇ ਤੇ ਦਸਮੇ ਸ਼੍ਰੀਜਗਦਗੁਰੂਜੀਦੇ ਅਟੂਟ ਰਾਜਾਂ 'ਚ ਖਾਲਸਾ ਫੌਜ ਸੰਗਤ ਜਾਰੀ ਰਹੀ॥

ਸ਼ਿਵ ਕਾਸ਼ੀ ਤੋਂ ਪੜ੍ਹੇ ਨਿਰਮਲੇ-ਗੁਰੂਸਿੱਖ ਸੱਤਵੇਂ ਬਰਸ ਵਾਪਸ ਆਨੰਦਪੁਰ ਮੁੜੇ। ਫੇਰ ਉਨ੍ਹਾਂ ਵਿੱਚ ਦੋ ਤਰ੍ਹਾਂ ਦੇ ਗੁਰੁਸਿੱਖ ਪਾਠਕ ਬਣੇ॥

1. ਅਨਵਿਆਹੇ ਨਿਰਮਲੇ ਸੰਤ ਗੁਰੂਸਿੱਖ(ਸਿੰਘ) ਸੁਤੰਤ੍ਰ ਹੋਣ ਕਾਰਣ ਰਮਤੇ ਪ੍ਰਚਾਰਕ ਸਨ॥

2. ਵਿਆਹੇ ਨਿਰਮਲ ਗਿਆਨੀ ਸਿੱਖ-ਸਿੰਘ ਸਨ, ਜੋ ਖਾਲਸਾ ਛੋਣੀ/ਫੌਜ ਦੇ ਜਥੇ ਆਂ ਨਾਲ ਜੁੜੇ॥ ਦੋਨੋ ਸ਼੍ਰੀਗੁਰੂਬਾਣੀ ਉਪਦੇਸ਼ ਦਿੰਦੇ ਤੇ ਸ਼੍ਰੀ ਗੁਰੂਬਾਣੀ ਪ੍ਰਮਾਣਾਂ ਰਾਹੀਂ ਜੁਧਾਂ 'ਚ ਗੁਰੁਸਿੱਖ-ਸਿੰਘਾਂ ਦੇ ਹੌਸਲੇ ਬੜ੍ਹਾਂਦੇ ਰਹਿੰਦੇ॥ ਓਹ ਫੌਜੀਆਂ ਨਾਲ ਰੋਜ਼ ਨਿਤਨੇਮ ਕਰਦੇ, ਕਿਰਿਆ ਕਰਮਾਦਿ ਵੀ ਕਰਦੇ॥ ਯਾਦ ਰਹੇ, ਜਦ ਦਸਮ ਸ਼੍ਰੀਜਗਦਗੁਰੂ ਜੀ ਦੀ ਫੌਜ ਅਗਿਆਨੀ ਹੋ ਚੁਕੇ ਪਹਾੜੀ ਹਿੰਦੂ ਰਾਜੇ ਦੀਆਂ ਛੌਣੀਆਂ ਨਾਲ ਜੂਝੀ, ਅਤੇ ਮੁਗ਼ਲ ਮੁਸਲਮਾਨ ਸੂਬੇਦਾਰ, ਫੌਜਦਾਰ ਫੌਜਾਂ ਨਾਲ ਜੂਝਣਾ ਪਿਯਾ, ਹਰ ਫੌਜ ਨਾਲ ਸੰਤ/ਗਿਆਨੀ ਨਿਰਮਲੇ ਸਦਾ ਨਾਲ ਸ਼੍ਰੀ ਗੁਰੁਬਾਣੀ ਉਪਦੇਸ਼ ਦੇ ਹੌਸਲਾ ਵਧਾਂਦੇ॥ ਆਨੰਦਪੁਰ ਸਾਹਿਬ ਸੰਮਤ 1755 ਬੈਸਾਖੀ ਦਰਬਾਰ 'ਚ ਗੁਰੂਸਿੱਖ ਪੰਜ ਪਿਆਰੇ ਸਿੰਘ ਸਾਜੇ॥ ਉਸੇ ਲਹਿਰ'ਚ ਨਾਲੋ ਨਾਲ ਅਨੇਕ ਪੰਜ ਪੰਜ ਸਿੰਘ ਟੋਲੀਆਂ ਬਣੀਆਂ, ਜੋ 5ਗੁਣਾ5= 25 ਟੋਲੀਆਂ 'ਚ ਦੋ ਪਹਿਲੇ ਪਿਆਰੇ: ਪਿਆਰਾ ਦਇਆ ਸਿੰਘ ਤੇ ਪਿਆਰਾ ਧਰਮ ਸਿੰਘਾਂ ਦੀਆਂ ਟੋਲੀਆਂ'ਚ ਸਾਰੇ ਸ਼ਿਵ ਕਾਸ਼ੀ ਮੁੜੇ ਨਿਰਮਲੇ ਸਿੱਖਾਂ ਕ੍ਰਿਪਾਨ ਅੰਮ੍ਰਿਤ ਛਕ ਸਿੰਘ ਸਜੇ॥ ਉਸੇ ਕਾਲ ਦਸਮ ਸ਼੍ਰੀਜਗਦਗੁਰੂਜੀ ਨੇ ਸਾਰੇ ਨਿਰਮਲ ਸੰਤ/ਗਿਆਨੀ ਗੁਰੂਸਿੰਘ ਉਸੇ ਵੇਲੇ ਦੀਖਕ (Ecclesiastics) ਇਲਾਨ ਕੀਤੇ॥ ਯਾਦ ਰਹੇ: ਹਰੇਕ ਗੁਰਮੁਖ ਨਿਰਮਲਾ ਸਿੰਘ ਹੋਣ ਕਾਰਣ ਖੜਗਾਮ੍ਰਿਤ ਪਾਹੁਲ ਛਕਾ ਸਕਦਾ ਹੈ ਪਰ ਉਸ ਵੇਲੇ ਛੇਵੇਂ ਤੋਂ ਦਸਵੇਂ ਸ਼੍ਰੀਜਗਦਗੁਰੂਜੀਆਂ ਦੇ ਉਦਾਸੀ ਸਾਧੂ ਕੇਵਲ ਤਟਸਥ ਦ੍ਰਸ਼ਟਾ(standby epithet onlookers) ਰਹੇ ਜਿਸ ਕਾਰਣ ਸਹਿਜਧਾਰੀ ਗੁਰੂਸਿੱਖ ਕੇਵਲ ਦੀਖਿਆ ਪ੍ਰਦਾਤਾ(ecclesiastics) ਹਨ: ਸਿੰਘ ਹੋ ਨਹੀਂ ਸਕਦੇ॥ ਨਿਰਮਲੇ ਗੁਰੂਸਿੰਘ ਦੋਨੋ ਗੁਰੂਸਿਖ ਸਹਿਜਧਾਰੀ ਤੇ ਗੁਰੂਸਿੰਘ ਦੀਖਿਆ ਪ੍ਰਦਾਤਾ ਹਨ॥

ਅੰਮ੍ਰਿਤਸਰੀ-ਕਰਤਾਰਪੁਰੀ ਪੰਚਮ ਸ਼੍ਰੀ ਪੋਥੀ ਸ਼ਾਸਤ੍ਰ ਪਹਿਲੀ ਬੀੜ ਵਾਧਾ ਕਰਨ ਪਿਛੋਂ; ਸ਼੍ਰੀ ਗੁਰੂ ਕਾਸ਼ੀ, ਦਮਦਮਾ 'ਚ ਪੰਚਮ ਸ਼੍ਰੀਗੁਰੂ ਪੋਥੀ/ਬੀੜ ਗ੍ਰੰਥ ਸਾਹਿਬ'ਚ ਵਾਧਾ ਕਰ, ਤਤਕਾਲ ਦੋਵਾਰਾ ਦਸਮ ਸ਼੍ਰੀਵਿਸ਼ਗੁਰੂ ਜੀਨੇ ਨਿਰਮਲੇ ਸੰਤ/ਗਿਆਨੀਆਂ ਨੂੰ ਤਿੰਨ ਸਾਲ ਗੁਰਬਾਣੀ ਦੀਖਿਆ-ਸਿਖਿਆ ਦਾ ਇਹ ਵਿਧਾਨ ਨਿਜਿਤ ਕਰ:- 1.ਬੁਧੀਮਾਨੀ, 2.ਵਿਦਵਾਨੀ ਤੇ 3.ਗਿਆਨੀ ਥਾਪੇ ਪਰ ਖਾਸ ਕਰ ਨਵੀਂ ਆਪ ਭਰਤੀ ਸਿੰਘ-ਛੌਣੀ/ਫੌਜ ਦੇ ਜਥੇਆਂ 'ਚ ਨਿਤਨੇਮ, ਉਪਦੇਸ, ਜੋਗਤਾ ਅਨੁਸਾਰ ਸਿਖਿਆ ਜਾਰੀ ਰਖਨੀ ; ਦੋਨੋਂ ਸਾਧਾਰਣ ਪਰੋਕਸ਼ ਤੇ ਪ੍ਰਧਾਨ ਗਿਆਨ ਛੌਣੀ/ਫੌਜੀ ਬੁਧੀਮਾਨ /ਵਿਦ੍ਵਾਨਾ ਨੂੰ ਸਿਖਾਂਦੇ, ਨਿਤ ਨੇਮਾਦਿ ਕਰਦੇ ਸਨ, ਕਿਯੂੰ ਓਹ ਸਦਾ ਗੁਰਸਿੰਘ ਛੌਣੀ/ਫੌਜਾਂ ਨਾਲ ਰਹਿੰਦੇ ਸਨ ਪਰ ਓਹ ਅੰਤਮ ਤੀਜਾ

Sri Satguru Jagjit Singh Ji eLibrary NamdhariElibrary@gmail.com

ਅਪਰੋਕਸ਼ ਬ੍ਰਹਮ ਗਿਆਨ ਕ੍ਰਮ ਵਿਧੀ ਸ਼੍ਰੀਗੁਰੂਬਾਣੀ ਸਿਖਿਆ ਕੇਵਲ ਜੋਗੀ ਉਦਾਸੀ ਸਾਧੂ ਸਹਿਜਧਾਰੀ ਗੁਰੂਸਿਖ, ਤੇ ਦੋਨਾਂ ਨੂੰ ਗੁਰੂਸਿੰਘ ਨਿਰਮਲੇ ਸੰਤ ਧੁਰ ਦੀ ਅਨੁਭਵੀ ਸਿਖਿਆ ਜ਼ਰੂਰ ਦਿੰਦੇ॥ ਪਹਿਲਾਂ ਆਨੰਦਪੁਰ'ਚ ਦਸਮ ਸ਼੍ਰੀਗੁਰੂ ਜੀ ਦੇ ਹੁਕਮ ਨਾਲ ਪ੍ਰਧਾਨ ਨਿਰਮਲ ਸੰਤ ਪੰ. ਕਰਮ ਸਿੰਘ ਵਿਦਿਆ ਚੇਲੇ[ਅ.54] ਸ਼੍ਰੀਗੁਰੂ ਜੀ ਦੇ ਦਰਬਾਰੀ ਵਿਦਵਾਨ ਭਾ. ਮਨੀ ਸਿੰਘ/ਸ਼ਹੀਦ)[ਏ.54] ਨੂੰ ਸੰਨ 1699 ਮੰਗਲ ਵਾਰ ਬੈਸਾਖੀ ਦਰਬਾਰ 'ਚ ਅਚਰਜ ਸਿੰਘੀ-ਧਰਮ ਉਤਪਤੀ ਪਿਛੋਂ ਉਸ ਪਰਵ ਆਈ ਗੁਰੂਕੇ ਚੱਕ (ਅੰਮ੍ਰਿਤਸਰ) ਦੀ ਸੰਗਤ ਨੇ ਕੁਛ ਦਿਨ ਪਾਕੇ ਸ਼੍ਰੀ ਜਗਦਗੁਰੂ ਜੀ ਪਾਸ ਫਰਿਆਦ ਕੀਤੀ:- ਸਚੇ ਪਾਦਸ਼ਾਹ! ਬਾਵਾ ਮਿਹਰਬਾਨ ਮੀਣੇ ਸ਼੍ਰੀ ਦਰਬਾਰ ਸਾਹਿਬ ਮੁੱਖ ਪੁਜਾਰੀ ਪੁਤ ਹਰਿ ਜੀ 1753 ਮ੍ਰਿਤੁ ਪਿਛੋਂ ਪੋਤੇ ਨਿਰੰਜਨ ਰਾਇ ਮਹਰਿ ਗੋਪਾਲ, ਕਮਲ ਨੈਨ ਅਪਣੀ ਸੰਗਤ ਤਿੰਨ ਭਾਗਾਂ 'ਚ ਵੰਡੀ, ਪਰ ਪ੍ਰਬੰਧ ਨਾ ਚਲਾ ਸਕੇ। ਓਹ ਅੰਮ੍ਰਿਤਸਰ ਛੱਡ ਮਾਲਵੇ (ਘਰਾਚੋਂ: ਪਿਛੋ ਪਟਿਆਲਾ ਰਾਜ ਪਿੰਡ) ਚਲੇ ਗਏ॥ ਸਾਨੂੰ ਰਾਮਦਾਸਪੁਰੋਂ ਆਈ ਸੰਗਤ ਲਈ ਕੀ ਹੁਕਮ ਹੈ, ਓਥੇ ਤਾਂ ਦੀਵਾ ਬਤੀ ਕਰਨ ਵਾਲਾ ਵੀ ਨਹੀਂ॥ ਸ਼੍ਰੀਜਗਦਗੁਰੂ ਗੋਬਿੰਦ ਸਿੰਘਜੀ ਰਾਮਦਾਸਪੁਰ ਸੰਗਤ ਮੰਤਵ ਜਾਣ, ਉਸੇ ਵੇਲੇ ਹਰਿਮੰਦਿਰ ਸਾਹਿਬ ਅੰਮ੍ਰਿਤਸਰ ਮੰਜੀ(Amritsar*Guru*'s Diocese) ਮਹੰਤ(Bishop) ਭਾਈ ਮਨੀ ਸਿੰਘ ਓਥੇ ਥਾਪ, ਨਾਲ ਪੰਜ ਗੁਰੁਸਿੱਖ: 1.ਭਾਈ ਭੂਪਤ ਸਿੰਘ, 2.ਭਾਈ ਗੁਲਜ਼ਾਰ ਸਿੰਘ, 3.ਭਾਈ ਕੋਇਰ ਸਿੰਘ, 4.ਭਾਈ ਦਾਨ ਸਿੰਘ, 5.ਭਾਈ ਕੀਰਤ ਸਿੰਘ ਨਾਲ ਦੇ ਇਕ ਸ਼੍ਰੀਗ੍ਰੰਥਜੀਕੀ ਬੀੜ ਮੰਜੀ ਰੁਮਾਲੇਆਂ ਨਾਲ, ਅਸੀਸ ਦੇ ਅੰਮ੍ਰਿਤਸਰ ਭੇਜੇ[63] ਇਹ ਜ਼ਰੂਰੀ ਇਤਿਹਾਸ ਅਗੇ ਵਿਸਤਾਰ ਨਾਲ ਦਮਦਮਾ ਸ਼੍ਰੀਗੁਰੂ ਕੀ ਕਾਸ਼ੀ (ਤਖਤ ਨਹੀਂ :HOLY *GURŪ* SEMINARY : NOT ARMY HEAD-QUARTER) ਪ੍ਰਸੰਗ ਅਨੁਸਾਰ ਵਰਣਨ ਅਗੇ ਪਾਠਕ ਧਿਆਨ ਕਰ ਲੈਣ॥

ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਦੇ ਸ਼੍ਰੀ ਗੁਰੁਕਾਸ਼ੀ ਗੁਰਗਮ ਬ੍ਰਹਮ-ਗਿਆਨੀਆਂ ਦੇ ਅਟੁਟ ਕੁਰਸੀ ਨਾਮੇ

ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀ ਥਾਪੀ ਦਮਦਮੀ ਟਕਸਾਲ 'ਚ ਚਲਾਏ ਗੁਰਗਮ ਗਿਆਨ ਵਿਧੀ ਵਿਧਾਨ ਸਿਖਿਆ ਪ੍ਰਦਾਨ ਵਿਧਾਨ ਨੇ ਈਸ੍ਵੀ 1706 ਬਸਾਖੀ ਦਰਬਾਰ 'ਚ ਆਰੰਭਿਆ, ਜਿਥੇ ਪਟਿਆਲਾ ਰਾਜ ਪਰਿਵਾਰ ਪਿਤਾਮਾਂ ਨੂੰ ਆਪਣੇ ਕਰ-ਕਮਲਾਂ ਨਾਲ ਖੜਗਾਮ੍ਰਿੰਤ ਛਕਾਇਆ॥ ਉਸ ਧਰਮ ਕਾਰਜ ਲਈ ਆਪਜੀ ਨੇ ਪੰਜ ਪਿਆਰੇ ਨਿਜਿਤ ਕੀਤੇ॥ ਪਿਆਰਾ ਧਰਮ ਸਿੰਘ ਛੋਟੇ, ਸ਼੍ਰੀਜਗਦਗੁਰੂ ਜੀ ਦੇ ਦਰਬਾਰੀ ਕਵੀ ਛਾੜ੍ਹ ਨਿਰਮਲ ਸੰਤ ਚੰਦਨ(ਕਵੀ)ਸਿੰਘ, ਆਦਿ ਪੰਚ ਪਿਆਰੇ ਸਮੂਹ ਵਿੱਚੋਂ ਦੀਖਤ ਪਿਆਰੇ ਧਰਮ ਸਿੰਘ ਤੋਂ ਗੁਰਗਮ ਬ੍ਰਹਮ-ਗਿਆਨ, ਵਿਗਿਆਨ ਵਿਦਿਆ ਵਿਧਾਨ ਲੜੀਵਾਰ ਸਾਨੂੰ ਪ੍ਰਾਪਤ ਹੋਇਆ॥ ਪਟਿਆਲਾ ਰਾਜ ਦੇ ਪ੍ਰਸਿਧ ਗਿਆਨੀ ਗਿਜਾਨ ਸਿੰਘ ਪਥਰ ਛਾਪੇ ਨਿਰਮਲ ਵ੍ਰਿਕਸ਼/ਕੁਰਸੀ ਨਾਮ੍ਹੇ ਅਨੁਸਾਰ ਮੁਗ਼ਲ, ਅੰਗ੍ਰੇਜ਼ੀ, ਪਟਿਆਲਾ ਰਾਜਾਂ ਦੇ ਸਰਕਾਰੀ ਪਧਰ ਮਹਿਕਮਾ ਮਾਲ(Patiälä State Revenue Dept.,) ਤੇ ਇਜਲਾਸ-ਇ-ਖਾਸ(His Highness's Prive-Council) ਅਨੁਸਾਰ ਅਗੇ ਦਿਤੇ ਹਨ ਪਰ ਪਹਿਲਾਂ ਪਰਥਾਇ ਅਨੁਸਾਰ ਕੁਛ ਸੰਖੇਪ ਪਛੋਕੜ ਲਿਖਨਾ ਜ਼ਰੂਰੀ ਹੈ॥

63. ਗੁਰੁ ਕੀ ਸਾਖੀਆ.ਪੰ.125-126, ਸੰਨ.1799.

Sri Satguru Jagjit Singh Ji eLibrary NamdhariElibrary@gmail.com

ਦੁਨੀਆਂ ਭਰ ਦੇ ਹੁਣ ਗੁਰੁਸਿੱਖ ਜਗਤ ਦੀ ਆਮ ਸਮਝ ਹੈ, ਗੁਰੂਸਿੱਖ ਧਰਮ ਬਿਨਾ ਟੂਟੇ ਇਤਿਹਾਸਿਕ ਗੁਰਦਵਾਰੇਆਂ ਦਾ ਪ੍ਰਚਲਿਤ ਵਿਹਾਰ ਸ੍ਰੀ ਗੁਰੂਜੀਆਂ ਦੇ ਕਾਲ ਤੋਂ ਚੱਲਿਆ ਆ ਰਹਿਆ ਹੈ। ਇਹ ਓਨ੍ਹਾਂ ਦਾ ਬੜਾ ਭਾਰੀ ਭਰਮ ਹੈ॥ ਏਸ ਭ੍ਰਮ ਕਾਰਣ ਅੰਗ੍ਰੇਜ਼ ਭਾਰਤੀ ਰਾਜਕਲੀ ਦੋਨੋਂ ਅੰਗ੍ਰੇਜ਼ੀ ਸਰਹੱਦੀ ਸੂਬਾ ਤੇ ਅੰਗ੍ਰੇਜ਼ੀ ਪੰਜਾਬ ਪ੍ਰਾਂਤ ਤੋਂ ਅਲੈਹਦਾ ਸਾਰੇ ਦੇਸੀ ਭਾਰਤੀ ਗੁਰੁਸਿਖ ਰਾਜਵਾੜੇ, ਗੁਰੁਸਿਖ ਜ਼ਿਮੀਦਾਰ,ਤੇ ਹੋਰ ਆਮ ਸਾਰੇ ਗੁਰੁਸਿਖ ਧਰਮੀ ਸ਼ਰਧਾਲੂ ਜਾਣਦੇ ਹਨ; ਐਸੀ ਨਵੀਂ ਰੀਤ ਅੰਗ੍ਰੇਜ਼ ਸ਼ਾਹਿ ਨਾਲ ਸਿੰਘ-ਸਭਾ, ਅਤੇ ਗੁਰੁਦ੍ਵਾਰਾ ਅੰਦੋਲਨ ਫਲ, ਫ੍ਰਤਾਨਵੀ ਸੰਵਿਧਾਨ ਅਧੀਨ ਸ਼ਰੋਮਣੀ ਗੁਰੁਦ੍ਵਾਰੇ ਐਕਟ ਈ. 1925 ਚਾਲੂ ਹੋਣ ਹੋਈ॥ ਓਹ ਸ੍ਰੀ ਜਗਦਗੁਰੂ ਵਿਧਾਨਿਤ ਇਤਿਹਾਸਕਾਲੀ ਪ੍ਰਥਾ ਨਹੀਂ ਹੈ ਅਤੇ ਈ. 1947 ਭਾਰਤ ਵਰਜ਼ ਵੰਡ ਕਾਰਣ ਈ.1950 ਪਹਿਲਾ ਭਾਰਤੀ ਸੰਵਿਧਾਨ ਲਿਖਿਆ ਚਾਲੂ ਹੋਇਆ॥ ਫੇਰ ਈ. 1966 'ਚ ਪੂਰਵੀ ਪੰਜਾਬ ਟੂਟਣ ਕਾਰਣ ਤਿਨ ਨਵੇਂ ਰਾਜ ਬਣੇ:- 1.ਪੰਜਾਬੀ ਸੂਬਾ 2.ਹਿਮਾਚਲ ਪ੍ਰਦੇਸ਼, 3. ਹਰਿਆਣਾ॥ ਉਸ ਵੇਲੇ ਪੈਪਸੂ ਰਾਜ ਪੰਜਾਬ 'ਚ ਲੀਨ ਹੋਇਆ, ਜਿਸ ਕਾਰਣ ਸ਼ਰੋਮਣੀ ਗੁਰੁਦ੍ਵਾਰਾ ਐਕਟ ਈ. 1925 ਅੰਮ੍ਰਿਤਸਰ ਡੀ.ਸੀ. ਅਧੀਨ ਦਾਇਰਾ ਘਟਣ ਕਾਰਣ ਕੇਵਲ ਪੰਜਾਬ ਦਾਇਰੇ ਕਾਰਣ ਪਹਿਲੀ ਵਾਰ ਪੈਪਸੂ ਸ਼੍ਰੀ ਦਮਦਮੇ ਸ੍ਰੀ ਗੁਰੂਕਾਸ਼ੀ ਪ੍ਰਣਾਲੀ ਦੇ ਸਾਰੇ ਇਤਿਹਾਸਿਕ ਗੁਰੁਦ੍ਵਾਰੇ ਏਸ ਕਮੇਟੀ ਤਹਿਤ ਕਾਨੂਨਨ ਆ ਗਏ ਅਤੇ ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਕਾਲ ਤੋਂ ਅਟੂਟ ਚਲਦੀ ਪਹਿਲਾਂ ਵਾਲੀ ਰੀਤ ਭੰਗ ਹੋ ਗਈ॥ ਅੰਗ੍ਰੇਜ਼ ਧਰੀ ਨੀਂਵ ਉਤੇ ਵਿਦਿਆ ਸਿੱਖਣੀ ਸਿਖਾਂਣੀ ਸ਼ੁਰੂ ਹੋ ਗਈ॥ ਤਦੋਂ ਹਿੰਦੂ ਮੰਦਰਾਂ ਵਾਂਗ ਕਰਮ ਕਾਂਡੀ ਆਧਾਰ ਮਥੇ ਟੇਕਣ, ਅਰਦਾਸਾਂ, ਕੜ੍ਹਾਪ੍ਰਸ਼ਾਦ ਬਰਤੌਣਾ, ਅਖੰਡ ਪਾਠ ਬੇਚ ਸਿਰਫ ਗੁਰਦ੍ਵਾਰੇ ਧਨ-ਮਾਯਾ ਅਮੀਰਸ਼ਤ ਰਾਜ ਨੀਤੀ ਮਾਨਤਾ ਦਿਖੌਣੀ ਰਹੀ॥ ਪਰ ਸ੍ਰੀਜਗਦਗੁਰੂ ਜੀਆਂ ਦੇ ਧਰਮੀ ਇਕੱਠੇ ਤੀਰਥ ਹੋ ਗਏ-ਪਰ ਪਵਿਤ੍ਰ(ਤੀਰਥ) ਦ੍ਵਿਜ ਕਰਣ ਕਾਰਣ ਮਨ, ਵਚ ਕਰਮ ਨਹੀਂ ਗੁਰੁਗਮ ਬ੍ਰਹਮ ਗਿਆਨ ਸਿੱਖਣ ਦੇ ਥਾਂ ਗੁਰੂਦੁਆਰੈ ਹੋਇ,ਸੋਝੀ ਪਾਇਸੀ॥ ਏਤੁ-ਦੁਆਰੈ ਨਾਹਿ, ਹਛਾ ਹੋਇਸੀ[ਪੰਨਾ 467] ਗੁਰੂ ਉਪਦੇਸ਼ ਭੁਲ ਗਏ॥ ਹੁਣ ਦੁਨੀਆ ਭਰ ਦੇ ਸਿੱਖ ਆਦਿ ਧਰਮ ਦੇ ਪਰੰਪਰਾ ਤੋਂ ਅਣਜਾਣ ਹੋ ਗਏ ਹਨ॥ ਓਹ ਸਮਝਦੇ ਹਨ ਪ੍ਰਚਲਿਤ ਵਿਹਾਰ ਗੁਰੁਦਵਾਰੇਆਂ ਦੇ ਸ੍ਰੀ ਗੁਰੂਜੀਆਂ ਦੇ ਕਾਲ ਤੋਂ ਅਟੂਟ ਚੱਲਿਆ ਆ ਰਹਿਆ ਹੈ। ਮੁਖੀਏ (अग्रगण: leaders) ਆਪਣੇ ਮਾਯਾ ਪ੍ਰਭਾਵ ਵਿਹਾਰ ਚਤੁਰ, ਕੁਸ਼ਲ ਧਨੀ, ਭਾਰਤ, ਜਾਂ ਵਿਦੇਸ਼ ਮੁਲਕ ਜਾਂਦੇ ਹਨ ; ਓਥੇ ਦੇ ਵਿਧਾਨ ਕਾਨੂੰਨਾਂ ਅਨੁਸਾਰ ਪੰਜਾਬ ਪ੍ਰਾਂਤ ਅੰਮ੍ਰਿਤਸਰ ਕਮੇਟੀ ਸਨ 1925 ਮੁਜਬ ਤੇ ਬਣੀਆਂ ਆਪਣੀਆਂ ਸੰਸਥਾਵਾਂ (ਗੁਰਦ੍ਵਾਰੇ) ਇਸਾਈ ਗਿਰਜੇ, ਯਹੂਦੀ ਸਿਨਿਗੋਗ/ਟੈਂਪਲ, ਇਸਲਾਮ ਮਸਜਿਦਾਂ ਦੀਆਂ ਪੁਰਾਣੀਆਂ ਪਰੰਪਰਾਂਵਾਂ ਮੁਕਾਬਲੇ ਚਲਾ ਰਹੇ ਹਨ॥ ਪ੍ਰਚਲਿਤ ਸਿੱਖ ਰੀਤ ਦੀ ਸੱਚੀ ਗੁਰੁਸਿਖ ਪਰੰਪਰਾ ਤੋਂ ਬਹੁਤੇ ਦੂਰ, ਓਹ ਅਸਲ ਧਰਮ ਦੇ ਵਿਵਹਾਰਿਕ,ਭਗਤੀ ਉਪਾਸਨਾ ਤੇ ਗਿਆਨ-ਵਿਗਿਆਨ ਦੇ ਅਧਿਆਤਮ ਅਸਲ ਕਰਮਾਂ ਤੋਂ ਬਿਲਕੁਲ ਅਣਜਾਂਣ ਹਨ ਅਤੇ ਮਨ ਮਰਜ਼ੀ ਚਲਾਈਆਂ ਸੰਸਥਾਵਾਂ ਦੇ ਚਾਲਕ ਹਨ॥ ਪ੍ਰਚਲਿਤ ਸਿੱਖ ਰੀਤ ਤਾਂ ਸੱਚੀ ਗੁਰੁਸਿੱਖ ਪਰੰਪਰਾ ਤੋਂ ਬਹੁਤ ਹੀ ਦੂਰ ਹੈ। ਅਤਿਸੰਖਿਪਤ ਸਿੱਖ ਇਤਿਹਾਸ ਇਸ ਕਰਕੇ ਹੈ।

Sri Satguru Jagjit Singh Ji eLibrary NamdhariElibrary@gmail.com

ਅਰ ਹੱਥ ਵੀ ਸੀ॥ ਗੁਰਸਿੱਖ ਹੁਣ ਵੀ ਆਪਣੇ ਪਛੋਕੜ 1920-25 ਤੋਂ ਟੁਟੇ ਉਨੇ ਹੀ ਅਣਜਾਣ ਦੁਨੀਆਂ 'ਚ ਫੈਲੇ ਦੇਖਦੇ ਹਾਂ। ਓਹ ਕਿਸੇ ਅਟੂਟ ਗੁਰੁਸਿਖ ਪਰੰਪਰਾ ਇਤਿਹਾਸਿਕ ਗੁਰਦ੍ਵਾਰੇ ਵਿਦਿਆਲੇ 'ਚ ਨਹੀਂ ਪੜ੍ਹੇ॥ ਹਾਂ, ਬਲਕਿ ਕੁਛ 'ਕ ਨਵੀਨ ਸਿੱਖ ਸਿਖ ਮਿਸ਼ਨਰੀ ਕਾਲਿਜ, ਜਾਂ ਖਾਲਸਾ ਕਾਲਿਜਾਂ 'ਚ ਕਰਮ ਕਾਂਡ, ਤੇ ਦੁਨੀਆਂ ਭਰ ਹੋਰ ਧਰਮਾਂ ਦੀ ਕੁਤਰਕ, ਸਿੱਖੀ ਨਿੰਦਾ ਹੀ ਜਾਣਦੇ ਤੇ ਕਰਦੇ ਹਨ- ਸ਼੍ਰੀਵਿਸ਼ੁਗੁਰੂਜੀ ਦਾ ਇਹ ਉਪਦੇਸ਼ "ਕਹੁ ਨਾਨਕ: ਗੁਰਿ ਖੋਏ ਭਰਮ ॥ਏਕੋ ਅਲਹੁ ਪਾਰਬ੍ਰਹਮ" ਏਕਤਾ ਜਾਣਦੇ, ਸਮਝਦੇ ਨਹੀਂ॥ ਉਨ੍ਹਾ ਦੇ ਸਿੱਖ ਮਿਸ਼ਨਰੀ ਉਸਤਾਦ ਕਦੀਮੀ ਵਿਸ਼ੁਧਰਮ ਗੁਰਗਮ ਟਕਸਾਲੀ ਗੁਰ-ਮੁਖ ਵਿਦਵਾਨ ਹੀ ਨਹੀਂ ਬਲਕਿ ਸਾਰੇ ਆਪਣੇ ਆਪ(ਮਨ ਮੁਖ) ਸਿਖੇ ਹੰਕਾਰ ਨਾਲ ਇਲਾਨ ਭੇਦ ਕਰਦੇ ਰਹਿੰਦੇ ਹਨ॥ ਸੰਨ 1925-60 ਦੇ ਲੀਹੇ ਨਵੀਨ(Main Stream Neo-Sikhism) ਸਿੱਖ ਮੰਨਦੇ ਹਨ॥ ਐਸੀ ਅਗਿਆਨੀ ਭੁਲੇ ਸੁਭਾਵਕ ਬਹੁਗਿਣਤੀ ਦੁਨੀਆਵੀ(lay) ਆਮ ਸਿੱਖਾਂ ਦੀ ਮਾਨਤਾ ਹੈ: ਖਾਸ ਕਰ ਵਿਦੇਸ਼ੀ ਬਹੁਤ ਸ਼ਹਰਾਂ ਦੇ ਨਵੀਨ ਉਦਯੋਗੀ ਸਿੱਖਾਂ ਨੇ ਪ੍ਰਗਟ(Overt) ਸਿੱਖ ਸੰਸਕ੍ਰਿਤੀ ਸੰਸਥਾਵਾਂ(Sikh Cultural Societies) ਕਾਨੂੰਨ ਉਨ੍ਹਾਂ ਮੁਲਕਾਂ ਦੇ ਅਨੁਸਾਰ ਕੈਮ ਕਰੀਆਂ ਹਨ॥ ਪਰ, ਅਸਲ ਗੁਪਤ(Covert) ਗੁਰੁਦ੍ਵਾਰੇ ਹੀ ਥਾਪੇ ਹਨ ॥ ਇਹ ਗੱਲ ਮਨ ਵਿੱਚ ਜ਼ਰੂਰੀ ਯਾਦ ਰਹੇ ਕਿ ਪੁਰਾਣੇ ਸ਼੍ਰੀ ਗੁਰੁ ਯੁਗ-ਕਾਲ ਦੀ ਪੁਰਾਣੀ ਪ੍ਰਥਾ ਜੋ ਨਵੇਂ ਸਿੱਖ ਇਤਿਹਾਸਕਾਰਾਂ ਲਿਖੇ ਹਨ,ਓਹ ਗੁਰੁਬਾਣੀ ਵਿਧਾਨਿਤ ਰੀਤ ਨਹੀਂ॥ ਇਹ ਪਿਛੇ ਅੰਗ੍ਰੇਜ਼ ਦੀ ਨੀਤੀ"(Erstwhile British Political DIVIDE; RELIGIOUSLY, SEGREGATE & RULE POLICY) ਪਿਛਲੀ ਅੰਗ੍ਰੇਜ਼ੀ ਪੰਜਾਬ ਰਾਜ (Erstwhile British Pañjäb) ਸੰਨ 1925 ਗੁਰਦ੍ਵਾਰਾ ਵਿਧਾਨ (Religious *Gurü-Sikh* Temple Act) ਸ਼੍ਰੀ ਗੁਰੁਬਾਣੀ ਗੁਰਗਮ ਸਿਧਾਂਤ ਪ੍ਰਮਾਣਾਂ ਤੋਂ ਬਿਲਕੁਲ ਅਣਜਾਣ ਬ੍ਰਿਟਿਸ਼ ਨਵੀਨ ਰਾਜਨੀਤੀਕਾਰ ਸਿੱਖ(Non-Theo-Phil-Mystic Doctrinal Neo-Political Sikhs) ਉਸ ਸਮੇ ਕੇਵਲ ਬਰਤਾਨਵੀ ਪੰਜਾਬ ਰਾਜ ਸੀਮਾ ਦੇ ਇਤੀਹਾਸਿਕ ਗੁਰੁਦ੍ਵਾਰਿਆਂਦੀ ਵਿਵਹਾਰਿਕ ਦੇਖ ਰੇਖ ਲਈ ਗਣਤੰਤ੍ਰ ਰੀਤਿ ਚੋਣ ਵਿਧਾਨ ਕੀਤਾ॥ ਪਰ ਓਹ ਪੰਚੈਤੀ ਧਰਮ ਰਾਜ ਸੰਸਥਾ ਨਹੀਂ॥ ਬਿਨਾ ਚੋਣਾਂ ਇਕ ਟ੍ਰਸਟ ਵੀ ਚੰਗੀ ਤਰ੍ਹਾਂ ਸੰਭਾਲ ਕਰ ਸਕਦਾ ਸੀ ਪਰ ਅੰਗ੍ਰੇਜ਼ ਨੂੰ ਅਮਨ/ ਸ਼ਾਂਤਿ ਵਾਲਾ ਟ੍ਰਸਟ ਪਸੰਦ ਨਹੀਂ ਸੀ ॥ ਅੰਗ੍ਰੇਜ਼ ਨੀਤੀ ਨੂੰ ਐਸੀ ਸੰਸਥਾ ਬਣਾਨ 'ਚ ਕੋਈ ਫੈਦਾ ਨਹੀਂ ਸੀ॥ ਓਨ੍ਹਾਂ ਨੂੰ ਸਿੱਖਾਂ ਵਿਚਕਾਰ ਲੜਾਈਆਂ ਪੌਣ 'ਚ ਰਾਜਨੈਤਿਕ ਲਾਭ ਸੀ, ਜਿਸ ਕਰਕੇ ਇਸਾਈ ਧਰਮ ਸ਼ਾਸਤ੍ਰ ਪ੍ਰਚਾਰ ਸਫਲ ਹੁੰਦਾ ਸੀ॥ [M.65]

65. ਪੁਨ੍ਹੈ. ਪੰ.28:3॥ ***The Sikh Religion*** **Vol. I Introduction** ਪ. .ਕਿਤਾਬ-ਇ ਅੰਜੀਲ:-ਸੰਤ ਮੈਥਯੂ. ਅਧਿਆਏ 10 ਪਦ: ਈਸਾ ਨੇ ਕਹਾ,ਜੋ ਮੈਨੂੰ(ਰੱਬਦਾ ਅਵਾਤਾਰ) ਨਹੀਂ ਮਨੇਗਾ,ਮੈ ਉਸ ਨਾਲ ਏਹ ਕਰਾਂਗਾ :-"...34। ਇਹ ਨਾ ਸੋਚੋ ਮੈ ਧਰਤੀ ਉਤੇ ਸ਼ਾਂਤਿ ਥਾਪਣ ਆਇਆ ਹਾਂ। ਮੈ ਸ਼ਾਂਤਿ ਲਈ ਨਹੀ ਆਇਆ; ਬਲਕਿ ਤਲਵਾਰ ਲੈਕੇ ਆਇਆ ਹਾਂ ॥ 35।ਮੈ ਤਾਂ ਆਯਾ ਹਾਂ, ਮਨੁਖ ਆਪਣੇ ਬਾਪ ਖਿਲਾਫ, ਧੀ ਮਾਂ ਅਤੇ ਸੱਸ ਖਿਲਾਫ (ਹੋਣ) ॥36.ਆਦਮੀ ਦੇ ਦੁਸ਼ਮਨ ਉਸਦੇ ਆਪਣੇ ਘਰਵਾਲੇ ਹੀ ਬਨਣ॥ **Holy Bible NT. St. Matthew Ch.10, Jesus spake:-** 34. Think not that I have come to send peace on earth: I have come not to send peace, but a sword. 35. For I have come to set a man at variance against his father, and the daughter against her mother, and the daughter in law against her mother in law. 36. And a man's foes shall be thy of his own household.

Sri Satguru Jagjit Singh Ji eLibrary NamdhariElibrary@gmail.com

ਅੰਗ੍ਰੇਜ਼ੀ ਭਾਰਤੀ ਰਾਜ ਵੇਲੇ ਬ੍ਰਿਟਿਸ਼ ਪੰਜਾਬ ਦਾ ਇਹ ਵਿਧਾਨ ਦੇਸੀ ਗੁਰੁਸਿੱਖ ਰਾਜਾਂ(Indian *Guru-Sikh* principalities) 'ਚ ਲਾਗੂ ਨਹੀਂ ਸੀ, ਜਿੱਥੇ ਆਪ ਸ਼੍ਰੀਜਗਦਗੁਰੂ ਗੋਬਿੰਦ ਸਿੰਘਜੀ ਦੀ ਦਮਦਮਾ ਸ਼੍ਰੀ ਗੁਰੁ ਕਾਸ਼ੀ ਟਕਸਾਲ(ਸਨ 1706 ਵੇਲੇ ਤੋਂ ਪਟਿਆਲਾ ਰਾਜ ਦਾ ਭਾਗ, 1948 ਤੋਂ ਪੈਪਸੂ 1956 ਤਕ ਕੈਮ) ਪ੍ਰਥਾ ਦੀ ਅਟੁਟ ਪਰੰਪਰਾ ਸਾਡੀ ਸਾਖੀ ਰਹੀ॥ ਅੰਗ੍ਰੇਜ਼ੀ ਪੰਜਾਬ ਰਾਜ ਸੰਨ 1925 ਵਿਧਾਨ ਵਿੱਚ ਚਣੌਤੀ ਅਨਪੜ੍ਹ-ਪੜ੍ਹੇਵਾਨਾਂ ਸੰਬੰਧੀ ਵਿਦਿਆ ਗਿਆਨ ਦਾ ਕੋਈ ਵੀ ਵਿਧਾਨ ਨਹੀਂ; ਨਾਂ ਹੀ ਚਣੌਤੀਵਾਨਾ ਨੂੰ ਸ਼੍ਰੀਗੁਰੁ ਰਹਿਤ ਧਰਮ ਰਹਿਣੀ ਦਾ ਠੀਕ ਗਿਆਨ ਸੀ; ਬਲਕੇ ਪ੍ਰਾਪਤ ਤਿਨ ਦਰਜਨ ਆਪੋ ਵਿੱਚ ਵਿਰੋਧੀ ਕਰਮ ਕਾਂਡੀ ਰਹਿਤ ਨਾਮੇ ਇਕ ਕਰ ਸਕਣ ਕਾਰਣ, ਆਪਣਾ ਰਹਿਤਨਾਮਾ ਹੋਰ ਦੂਜੇ ਭਾਉ ਧਰਮਾਂ ਲਿਖੇ ਵਿਧਾਨ ਤਰ੍ਹਾਂ ਸ਼੍ਰੀ ਗੁਰੁਸਿੱਖ ਧਰਮ ਸ਼੍ਰੀ ਗੁਰੂ ਗ੍ਰੰਥ ਜੀਦੇ ਸਿਧਾਂਤੋਂ ਪਰਾਂ ਨਿਜਿਤ ਕਰ ਦਿਤਾ॥

ਇਸਤੋਂ ਇਲਾਵਾ ਸ਼੍ਰੀ ਵਿਸ਼੍ਵਗੁਰੁਬਾਣੀ ਅੰਤਰ ਤਿਨੋ ਤਾਪ ਨਿਵਾਰਣ ਤੇ ਅਧਿਆਤਮ ਬ੍ਰਹਮ ਕਰਮ ਸਿਧਾਂਤ ਪੜ੍ਹਨ ਪੜ੍ਹਾਨ ਬਾਰੇ ਕੋਈ ਟਕਸਾਲੀ ਕੇਂਦ੍ਰ ਤਾਂ ਕੀ ਰਚਨਾ ਸੀ, ਦਸਮ ਸ਼੍ਰੀਗੁਰੂਜੀ ਦੇ ਹੁਕਮ ਚਲਦੀ ਟਕਸਾਲ ਨੂੰ ਕੋਈ ਮਾਨ ਨਾਂ ਦੇ ਮਨ ਮਰਜ਼ੀ ਪ੍ਰਚਾਰ ਝੂਠ ਮੰਤੱਬਜ ਸਿੱਖ ਧਰਮ ਸਿਧਾਂਤ, ਸਭ ਗੁਰੁਮਤ ਜਤਾਯਾ ਜਾ ਰਿਹਾ ਹੈ ॥

ਪੰਚੈਤੀ ਸ਼ਰੋਮਣੀ ਗੁਰਦ੍ਵਾਰਾ ਸੰਸਥਾ(SGPC) ਦਫਤਰ ਅਧਿਕਾਰੀਆਂ ਦਾ ਕੇਵਲ ਇਤਿਹਾਸਿਕ ਗੁਰਦ੍ਵਾਰਆਂ ਦੀ ਆਮਦਨੀ ਖਰਚ ਜਾਨਣ ਲਈ ਸਾਰਾ ਪ੍ਰਪੰਚ ਅੰਗ੍ਰੇਜ਼ਾਂ ਨੇ ਸਿਖਾਂ ਨੂੰ ਕਾਬੂ ਕਰਨ ਲਈ ਕੀਤਾ ਜਿਸਦਾ ਮੁਖ ਤਾਤਪਰਜ ਗੁਰੂਦ੍ਵਾਰੇ ਫਰਸ਼ ਸਾਫ ਸੁਥਰੇ ਸ਼ਿੰਗਾਰੇ ਰੱਖਣ ਦਾ ਪੂਰਾ ਇੰਤਜ਼ਾਮ ਨਿਗਰਾਨੀ ਕਰਕੇ ਸਾਵਧਾਨੀ ਨਾਲ ਅਗੇ ਲਿਖੇ ਕਾਰਜ ਚਲਾਨ:-

1. ਗੁਰੁਦ੍ਵਾਰੇ 'ਚ ਨਿਤ ਸੰਗਤ ਇੱਕਠੇ ਧਨ/ਗੋਲਕ ਦੀ ਗਿਣਤੀ ਸਾਵਧਾਨੀ ਨਾਲ ਰਖਣੀ ਸਭ ਤੋਂ ਲਾਜ਼ਮੀ ਹੈ॥
2. ਗੁਰੁਦ੍ਵਾਰੇ 'ਚ ਨਿੱਤ ਕੜਾਹ ਪ੍ਰਸ਼ਾਦ, ਸਿਰੋਪਾਓ ਦੇਣ ਆਦਿਕ ਦਾ ਧਿਆਨ ਰਖਣ॥
3. ਗੁਰੁਦ੍ਵਾਰੇ ਦੇ ਕਰਮ ਧਰਮ ਦੇ ਗ੍ਰੰਥੀ, ਗਿਆਨੀ, ਜਥੇਦਾਰ ਦੀਆਂ ਕਿਰਤਾਂ ਦੀ ਦੇਖ ਰਖਣੀ॥
4. ਗੁਰੁਦ੍ਵਾਰੇ ਦੇ ਕੀਰਤਨਕਾਰ ਰਬਾਬੀ, ਰਾਗੀਆਂ ਦੀਆਂ ਕਿਰਤਾਂ ਦੀ ਦੇਖਰੇਖ॥
5. ਗੁਰੁਦ੍ਵਾਰੇ ਦੇ ਲੰਗਰ ਦੇ ਭੰਡਾਰੀ, ਲਾਂਗਰੀ, ਮਿਸਾਲਚੀ ਆਦਿ ਆਏ ਸੇਵਾ ਕਿਰਤਕਾਰਾਂ ਦੀ ਦੇਖਰੇਖ॥
6. ਗੁਰੁਦ੍ਵਾਰੇ ਦਾ ਸਰਾਇ ਦਾ ਪ੍ਰਬੰਧ ਆਦਿ॥ ਪਰ;
7. ਗੁਰੁਦ੍ਵਾਰੇਆਂ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੁਗਮ ਟਕਸਾਲੀ ਬ੍ਰਹਮ ਵਿਦਿਆ ਨਾ ਰਹਿਣ ਦਿਤੀ॥

ਸੰਨ 1915-25 ਇਤਨੀ ਜਦੋਜਹਦ, ਖੂਨ ਖਰਾਬੇ ਕਰਨ ਤੇ ਵੀ ਸਿੱਖਾਂ 'ਚ ਜਦੋਜਹਦ ਮਹੌਲ ਚਾਲੂ ਰਖਿਆ॥ ਉਸ ਵੇਲੇ ਸਿੱਖਾਂ ਨੂੰ ਐਨੀ ਸੂਝ ਨਹੀਂ ਹੋਈ, ਕਿ ਓਹ ਅੰਗ੍ਰੇਜ਼ ਡੀਸੀ ਅੰਮ੍ਰਿਤਸਰ ਦੀ ਹਕੂਮਤ ਸੀ, ਓਹ ਭ੍ਰਮਿਤ ਕਲਪਿਤ ਸ੍ਵਤੰਤ੍ਰ ਗੁਰੁਦ੍ਵਾਰੇਆਂ ਉਤੇ ਰਾਜ ਕਰਕੇ ਅੰਗ੍ਰੇਜ਼ੀ ਪੰਜਾਬ ਸੂਬੇ ਸਿੱਖਾਂ ਨੂੰ ਰਾਜ ਮਿਲਨ ਦੀ ਭਰਮਿਤ ਝਲਕ ਜਿਤਾ ਕੇ ਸਿੱਖਾਂ ਨੂੰ ਸਿੱਖ ਰਾਜ ਦੇ ਦਿਤਾ॥ ਸੰਨ 1925 ੧ਓ ਗੁਰੁਬਾਣੀ ਸਿਧਾਂਤ ਉਲਟ ਦੂਜੇ ਭਉ 'ਚ ਗੱਡੇ ਪੰਜ-ਭ੍ਰਮਾਂ

Sri Satguru Jagjit Singh Ji eLibrary NamdhariElibrary@gmail.com

ਨੂੰ ਸਤਿ ਮਨਣ ਵਾਲੇ ਅੰਗ੍ਰੇਜ਼ੀ ਪੰਜਾਬ ਸਿਖ ਗੁਰਦ੍ਵਾਰਾ ਹਕੂਮਤ ਦੇਣ ਪਿੱਛੋਂ ਚੋਣਾਂ 'ਚ ਆਪਸ ਲੜ ਲੜ ਕੇ ਧਰਮ ਤੋਂ ਹਲਕੇ ਹੋਇ ਗਏ॥ ਉਸ ਪਿਛੋਂ ਸ਼੍ਰੀ ਗੁਰੂਜੀਦੀ ਸਿਖਿਆ ਉਲਟ, ਅੰਗ੍ਰੇਜ਼ ਦਿਤੀ ਨਵੀਨ ਗਣਤੰਤ੍ਰੀ ਸਿਖਿਆ ਚੋਣਾਂ ਉਤੇ, ਉਸ ਵੇਲੇ ਤੋਂ ਲੈਕੇ ਹੁਣ ਤਕ, ਰੀਸੋ ਰੀਸੀ ਸਿੱਖ ਵਿਦੇਸ਼ਾਂ ਵਿੱਚ ਗਏ, ਦੁਨੀਆ ਭਰ ਵਿੱਚ ਅਤੀ-ਹੰਕਾਰੀ ਮੂਰਤ ਦਿਖਾਂਦੇ ਆਪਸ ਵਿੱਚ ਲੜਕੇ ਗੁਰਦ੍ਵਾਰੇਆਂ ਦੇ ਇੰਤਜ਼ਾਮੀ ਪ੍ਰਧਾਨ, ਸੈਕਟ੍ਰੀ ਕਹਾਂਣ ਨੂੰ 'ਸੇਵਾਦਾਰ' ਬਣਦੇ ਹਨ॥ ਓਹ ਧਰਮੀ ਬਾਣੀ ਅਨੁਸਾਰ ਸੁਚੇ ਨਹੀਂ: ਪਰ ਬਿਨਾ ਸ਼੍ਰੀ ਗੁਰਬਾਣੀ ਟਕਸਾਲੀ ਗੁਰਗਮ ਗਿਆਨ ਧਨਵਾਨ ਆਗੂਆਂ ਦੇ ਹੁਕਮ ਹੱਥ ਬੰਨ੍ਹੇ ਸਭ ਚਲਦੇ ਹਨ॥ ਯਹੂਦੀ, ਇਸਾਈ ਧਰਮ ਐਮ.ਏ, ਪੀਐਚ.ਡੀ. ਤਰ੍ਹਾ ਇਕ ਵੀ ਗਿਆਨੀ ਨਹੀਂ ਜਿਸ ਦੀ ਕੋਈ ਸਿਖਿਆ ਸੁਨੇ॥

ਮੁਢੋਂ ਸ਼ਰੋਮਣੀ ਕਮੇਟੀ ਦੇ ਗਣਤੰਤ੍ਰ ਚੁਣੇ ਸਿੱਖਾਂ ਲਈਂ ਘਟੋ ਘਟ ਰਾਜਨੀਤੀ ਕਾਨੂਨ ਪੜ੍ਹੇ ਲਿਖੇ ਬੀ.ਏ. ਐਲ.ਐਲ.ਬੀ. ਤਾਂ ਹੋਂਣ ਜਿਵੇ ਬ੍ਰਤਾਨਵੀ, ਕੈਨੇਡਾ, ਆਸਟ੍ਰੇਲੀਆ ਦੀਆਂ ਪਾਰਲੀਮੈਟਾਂ ਲਈ, ਤੇ ਅਮਰੀਕਾ ਕਾਂਗ੍ਰਸ-ਸੈਨਿਟ ਲਈ ਹੁੰਦੇ ਹਨ ਜੋ ਕਾਨੂੰਨ ਬਣਾਣ ਦੇ ਜੋਗ ਹੋਣ॥ ਸ਼੍ਰੀ ਗੁਰੁਬਾਣੀ ਦੀ ਗੁਰਗਮ ਟਕਸਾਲੀ ਸਿਖਿਆ ਹੋਵੇ ਕਿ ਸ਼ਰੋਮਣੀ ਕਮੇਟੀ ਸੰਸਥਾ ਅਮਲੀ ਧਰਮ ਨਾਲ ਚਲਾਣ॥ ਦੇਖੋ ਸ਼੍ਰੀਗੁਰੂ ਵਾਕ:ਮ:1 ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥ ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥ ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ[ਓ.69]॥

ਬੇਸ਼ਕ ਬਰਤਾਨੀਆ ਦੇ ਬਾਦਸ਼ਾਹ ਜੋਨ ਉਤੇ ਜਾਗੀਰਦਾਰਾਂ ਗਦਰ ਕਰ ਬਾਦਸ਼ਾਹ ਦੇ ਅਖਤਿਆਰਾਂ ਤੇ ਬੰਦੀ ਲਾਣ ਲਈ ਇਕ ਬੜਾ ਸੰਵਿਧਾਨ(Magna Carta) ਸੰਨ 1215 'ਚ ਬਣਾ ਦਸਤਖਤ ਕਰਾਏ ਜੋ ਗਣਤੰਤ੍ਰ ਰਾਜ(Democracy) ਦਾ ਮੂਲ ਥਾਪਿਆ ਪਰ ਸੰਨ 1920 ਤਕ ਕੋਈ ਜਵਾਨ ਉਮਰ ਅਨਪੜ੍ਹ ਵੋਟਰ ਨਹੀਂ ਹੋ ਸਕਦਾ ਸੀ; ਕਿਉਂ, ਉਸ ਨੂੰ ਰਾਜ ਦੀਆਂ ਜ਼ਰੂਰੀਅਤਾਂ ਦੀ ਸਮਝ ਹੋ ਨਹੀ ਸਕਦੀ ਸੀ ਪਰ ਭਾਰਤ ਲਈ ਅੰਗ੍ਰੇਜ਼ਾਂ ਦਾ ਵਤੀਰਾ ਐਸਾ ਨਹੀਂ ਸੀ। ਓਨ੍ਹਾਂ ਲਈਂ ਬਹੁ ਗਿਣਤੀ ਅਨਪੜ੍ਹ ਹੋਣੇ ਆਪਣੇ ਫੈਦੇ 'ਚ ਜਾਣ, ਮੱਤਦਾਨ ਦੇਣ ਦੀ ਕੋਈ ਪਾਬੰਦੀ ਨਹੀ ਰਖੀ॥

ਬ੍ਰਿਟਨ ਲੰਡਨ ਪਾਰਲੀਮੰਟ ਨੇ ਸੰਨ 1919 ਐਕਟ ਸਾਰੇ ਬਰਤਾਨਵੀ ਹਿੰਦ ਉਤੇ ਲਾਗੂ ਕੀਤਾ। ਅੰਗ੍ਰੇਜ਼ੀ ਭਾਰਤ ਨੇ ਉਸੇ ਅਨੁਸਾਰ ਨਵੇਂ ਭਾਰਤ ਪਾਰਲਿਮੈਂਟ ਨੁਮੈਦੇ ਚੁਣਨ 'ਚ ਕਿਸੇ ਸ਼੍ਰੇਣੀ ਪੜ੍ਹਾਈ ਸੰਨਦ ਦੀ ਲੋੜ ਨਾ ਰਖੀ। ਅੱਜ ਤਕ ਅਨੇਕ ਤਰਮੀਮਾਂ ਬਾਵਜੂਦ, ਕੋਈ ਵਿਦਿਆ ਸ਼੍ਰੇਣੀ ਹਦੈਤਾਂ ਨਹੀਂ॥ ਭਾਰਤੀ ਰਾਜਨੀਤੀ ਸੰਸਥਾ ਲਈ ਪੜ੍ਹਾਈ ਦੀ ਲੋੜ ਕਹਿਣ ਦਾ ਕੀ ਸ੍ਵਾਲ ਹੋਣਾ ਸੀ ?

ਐਸੀ ਕੁਨੀਤੀ ਵਿਵਸਥਾ ਤੋਂ ਵੀ ਪਰੇ ਆਮ ਸਿੱਖ(Sikh laity) ਨੀਤੀਕਾਰ ਔਹਦੇ ਦਾਰਾਂ ਤੋਂ ਵੀ ਪਰੇ ਓਨ੍ਹਾਂ ਅਧੀਨ ਕਹਾਂਦੇ ਵਿਦਵਾਨ (pedantic clerk/clergy)ਗ੍ਰੰਥੀ,ਰਾਗੀ ਗੁਰਦ੍ਵਾਰੇ ਵਿਚ ਕੀ ਹੋ ਰਿਹਾ ਹੈ? ਬੰਦੇ ਸ਼੍ਰੀਗੁਰੁਬਾਣੀ ੧ਓ ਦੇ '1' ਸਿੱਧਾਂਤ ਉਲਟ ਦੂਜੇ ਭਾਉ ਅਧੀਨ ਹਲਤ(Temporal Polity) ਅਤੇ ਪਲਤ 'ਚ ਵਿਸ਼ੂਧਰਮ ਸਾਂਪ੍ਰਦਾਇ ਨੀਤੀ ਦੋਨੋਂ 'ਚ ਹੀ ਵਿਵਸਥਾ ਵਿੱਚ ਭੇਦ/ਵੰਡ ਨੀਤੀ ਅਮਲ ਧਰਮ ਨੇਮ ਹੀ ਤਾਤਪਰਜ ਮੰਨਦੇ ਹਨ ਜੋ ਸਾਰੀ ਦੁਨੀਆ'ਚ ੧ਓ ਵਿਸ਼ੂਗੁਰੂ-ਸਿੱਖ ਧਰਮ ਸਿੱਧਾਂਤ ਦੇ ਬਿਲਕੁਲ ਹੀ ਉਲਟ ਹੈ॥ ਅੰਗ੍ਰੇਜ਼ 1925

Sri Satguru Jagjit Singh Ji eLibrary NamdhariElibrary@gmail.com

ਨਵੇਂ ਬਾਪੇ ਸਿੱਖ ਧਰਮ(Neo-Sikh Religion) ਬਿਲਕੁਲ ਗੁਰੁ-ਸਿੱਖ ਧਰਮ ਨਹੀਂ, ਕਿਉਂ: ਸਿੱਖ ਆਪਣੇ ਗੁਰੂ ਦੀ ਦੀਖਿਆ ਸਿਧਾਂਤ ਦਾ ਪੈਰੋਕਾਰ ਹੀ ਹੁੰਦਾ ਹੈ, ਸਿੱਖ ਦਾ ਆਪਣਾ ਅਲੈਹਦਾ ਸਿੱਧਾਂਤ ਕਿਵੇਂ ਹੋ ਸਕਦਾ ਹੈ? ਓਹ ਗੁਰੁ-ਸਿੱਖ ਧਰਮ ਨੂੰ ਕੇਵਲ ਸਿੱਖ ਧਰਮ ਕਿਵੇਂ ਸੱਦਦੇ ਹਨ? ਅਸਲੀਅਤ ਤੋਂ ਅਤੇ ਭਾਰਤੀ ਪਰੰਪਰਾ ਸਭਿਅਤਾ ਤੋਂ ਅਣਜਾਣ ਹੀ ਕਰ ਸਕਦੇ ਹਨ॥ ਜਿਸਤੋਂ ਗਿਆਨ ਸਿਖਿਆ ਹੁੰਦਾ ਹੈ, ਉਸੇ ਦੇ ਸਿਖ ਹੁੰਦੇ ਹਨ, ਜਿਵੇਂ: ਘੁਮਾਰ, ਲੋਹਾਰ, ਸੁਨਾਰ ਵਿਦਿਆਵਾਂ ਦੇ ਸਿਖੇ, ਖੇਤੀ-ਬਾੜੀ ਵਿਦਿਆ ਸਿੱਖੇ ਹਨ॥ ਇਸੇ ਤਰ੍ਹਾਂ ਦੁਨੀਆਂ'ਚ ਭਿੰਨ ਭਿੰਨ ਧਰਮ ਸੰਸਥਾਵਾਂ ਵਿਚਲੇ ਸਿੱਖ ਵੀ ਹਨ, ਜਿਵੇਂ:-1.ਸਿੱਧਾਂ ਦੇ ਸਿੱਖ; 2.ਜੋਗੀ ਪੰਥੀ ਸਿੱਖ; 3.ਸ਼ੰਕਰ(ਦਸ ਨਾਮ ਸੰਨਿਆਸੀ) ਦੇ ਸਿੱਖ; 4.ਵੈਸ਼ਨਵ-ਬੈਰਾਗੀਆਂ ਦੇ ਸਿੱਖ; 5.ਕਬੀਰ ਪੰਥੀ, ਰਵਿਦਾਸ ਪੰਥੀ ਉਪ-ਸੰਪਰਦਾਇਆਂ ਦੇ ਸਿੱਖ 6.ਸਿੰਧੀ ਦੋ ਤਰ੍ਹਾਂ ਦੇ: 1.ਸਹਿਜਧਾਰੀ ਗੁਰੁ-ਸਿੱਖ ਅਤੇ 2.ਝੁਲੇ ਲਾਲੇ ਸਿੱਖ; 7.ਰਾਜਸਥਾਨੀ ਦਾਦੂ ਪੰਥੀ ਸਿੱਖ, 8. ਮੁਸਲਮਾਨ ਸਰਵਰ ਮੁਰੀਦ ਸਿੱਖ ਆਦਿ ਅਨੇਕ ਤਰ੍ਹਾਂ ਦੇ ਸਿੱਖ ਹਨ॥

ਪਰ ਸ਼੍ਰੀ ਵਿਸ਼੍ਵਗੁਰੂ ਨਾਨਕ-ਜਗਦਗੁਰੂ ਗੋਬਿੰਦ ਸਿੰਘ ਜੀਦੇ 15-18ਵੀਂ ਸਦੀ ਤੋਂ ਭਾਰਤੀ ਸੰਸਕ੍ਰਿਤੀ ਧਰਮ ਪ੍ਰਥਾ 'ਚ ਗੁਰੁ ਸਿੱਖ/ਸਿੰਘ ਧਰਮ 'ਚ ਗੁਰੁ ਸ਼ਬਦ ਰੂੜੀ(universal) ਕੇਵਲ ਨਿਰਮਲ/ਖਾਲਸਾ ਪੰਥ ਲਈ ਸਾਰੇ ਭਾਰਤ 'ਚ ਹੋ ਚੁਕਾ ਹੈ, ਐਸੀ ਵਿਵਸਥਾ ਕਿਸੇ ਪਹਿਲੇ ਆਚਾਰਿਯਾਂ ਲਈ ਨਹੀ ਹੋਈ॥ ਦੇਖਿਆ ਜਾਂਦਾ ਹੈ, ਅੱਜ ਹੋਰ ਸਾਰੇ ਦੁਨੀਆਂ ਦੇ ਧਰਮ ਸੰਪ੍ਰਦਾਈ ਚੇਲੇ ਹਨ, ਜਦ ਅਪਣੇ, ਜਾਂ ਕਿਸੇ ਹੋਰ ਨੂੰ ਮਿਲਦੇ ਹਨ, ਆਪਣਾ ਧਰਮ, ਮੈ ਫਲਾਣੇ ਧਰਮ-ਸੰਪਰਦਾਇ...ਦਾ ਸਿੱਖ ਹਾਂ ਐਲਾਨੀਆ ਕਹਿੰਦੇ ਹਨ ਪਰ ਜਦ ਕੋਈ ਗੁਰੂਸਿੱਖ ਮਿਲਦਾ ਹੈ, ਉਸ ਨੂੰ ਕੋਈ ਪਰਿਚੇ ਦੇਣ ਦੀ ਲੋੜ ਨਹੀਂ, ਉਸ ਦਾ ਬਾਣਾ ਬਿਨਾ ਬੋਲੇ, ਬੋਲਦਾ ਹੈ॥ ਕਦੀ ਆਪ ਸਿਖੀ ਵਿਦਿਆ ਗਿਆਤਾ ਆਪ ਸਿੱਖ ਹੁੰਦੇ ਆਪਣੇ ਨਾਂ ਪਿੱਛੇ ਸਿਧਾਂਤ (doctrine) ਦਾ ਨਾਮ ਦਿੱਤਾ ਹੈ? ਤਾਂ ਫੇਰ ਸ਼੍ਰੀ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘਜੀ ਰੂੜੀ ਗੁਰੂ(universal) ਪ੍ਰਸਿੱਧ ਗੁਰੁਤਾ ਸਰਵ ਭੋਮਮਾਨ ਹੈ, ਜਿਸ ਕਾਰਨ ਗੁਰੂਸਿੱਖਾਂ ਨੂੰ ਆਪਣੀ ਪਰਿਚੈ ਦੇਣ ਦੀ ਲੋੜ ਪ੍ਰਤੀਤ ਨਹੀਂ ਹੁੰਦੀ ॥

ਆਮ ਸਿੱਖਾਂ ਨੂੰ ਸ਼੍ਰੀਗੁਰੂਬਾਣੀ ਸਿਧਾਂਤ ਦਾ ਬੋਧ ਨਹੀਂ॥ ਓਹ ਜਾਣੇ ਬਿਨਾ ਆਪਣੇ ਧਰਮੀ ਸ਼੍ਰੀ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘਜੀ ਦੀ ਰੂੜੀ ਗੁਰੁ ਪ੍ਰੌੜਤਾ ਪ੍ਰਸਿੱਧੀ ਤਿਆਗ, ਆਪਣੇ ਧਰਮ ਅੱਲ, ਸਿੱਖ ਪਿਛੇ ਸਿਖ ਧਰਮ ਨਾਮ ਰਖਿਆ ਠੀਕ ਸਮਝਦੇ ਹਨ!

ਅੰਗ੍ਰੇਜ਼ ਨੇ ਸਾਹਮਣੇ ਰਹਸ ਪਰਤੱਖ ਦੇਖ, ਭੇਦਾਂ ਤੋਂ ਜਾਣਿਆਂ ਓਨ੍ਹਾਂ ਦੇ ਰਾਜ ਨੂੰ ਨਾਂ ਹਿੰਦੂਆ ਤੋਂ, ਨਾ ਮੁਸਲਮਾਨ ਸਲਤਨਤ ਤੋਂ ਚਿੰਤਾ ਸੀ ਪਰ ਜੇ ਕਿਸੇ ਤੋਂ ਸੀ, ਉਹ ਉੱਤ੍ਰ ਭਾਰਤੀ ਗੁਰੁਸਿੱਖ-ਸਿੰਘ ਧਰਮੀ ਰਾਜਜੋਗੀ ਜੋਧੇਆਂ ਤੋਂ ਸੀ ਜਿਨ੍ਹਾਂ ਉਪਰਾਮ ਭਾਵੀ ਕਰਮ ਕਾਂਡ ਹਿੰਦੂ ਤੇ ਸ਼ਰੀਅਤ ਬੱਧ ਮੁਸਲਮਾਨ, ਦੋਨੇ ਠੱਲ੍ਹੇ ਸਨ॥ ਜਿਉਂ ਜਿਉਂ ਕਲਿਜੁਗ ਵਧਦਾ ਗਇਆ ਤਿਉਂ ਤਿਉਂ ਧਰਮ-ਨੀਤੀਕਾਰ ਖੀਨ ਹੁੰਦੇ ਗਏ, ਕਲਿਜੁਗ 'ਚ ਕੁਛ ਸ਼ੁਭ ਕਰਣ ਦੀ ਕੀ ਉਮੀਦ ਸੀ? ਜੋ ਸਾਰੇ ਪ੍ਰਦੇਸੀ ਆਕੇ ਲੁਟ, ਮਾਰ, ਫਤੇ ਕਰ ਭਾਰਤੀ ਦਾਸ ਬਣਾਏ ਅਤੇ ਚਾਰੋ, 1. ਸਾਮ 2. ਦਾਮ 3. ਭੇਦ 4. ਦੰਡ ਨੀਤੀ ਬਰਤਨ ਦੀ ਕਸਰ ਨਾ ਛਡੀ॥ ਚਾਰੋ ਨੀਤੀਆਂ ਵਿੱਚੋਂ ਧਰਮ ਨਿਖਿਦ ਭੇਦ/ਵੰਡ ਨੀਤੀ ਨੀਵੀਂ ਨਿੰਦਤ ਹੈ॥ ਏਹੀ ਭੇਦ/ਵੰਡ ਨੀਤੀ

Sri Satguru Jagjit Singh Ji eLibrary NamdhariElibrary@gmail.com

ਸਾਰੇ ਵਿਦੇਸ਼ੀ ਵਿਜੇਤਿਆਂ ਨੇ ਬਰਤਨ 'ਚ ਕਸਰ ਨਾ ਛਡੀ॥ ਮੁਗਲ ਚੰਗੇਜ਼ਸ਼ਾਹੀ ਯਾਸਾ ਨੀਤੀ ਕੋਈ ਘਟ ਨਹੀਂ ਸੀ ਜਿਸ ਰਾਹੀਂ ਪੰਚਮ, ਨੌਵੇ, ਦਸਵੇਂ ਸ਼੍ਰੀਗੁਰੂ ਪਰਿਵਾਰਾਂ ਦੇ ਪੁਤ੍ਰ, ਸੰਬੰਧੀ ਅਤੇ ਸਿੱਖਾਂ ਤੇ ਬਰਤਨ 'ਚ ਕੋਈ ਮੌਕਾ ਨ ਖੁੰਝਿਆ, ਤਾਂਕੇ ਸਿਖ ਕਮਜ਼ੋਰ ਹੋਣ॥ ਐਥੇ ਤਕ ਸ਼੍ਰੀਗੁਰੂ ਮਹਿਲ ਮਾਤਾ ਜੀਆਂ ਦਾ ਬਖਸ਼ੀ(Commander in Chief) ਬੰਦਾ ਸਿੰਘ 'ਚ ਭੇਦ/ ਫਾਟਕ ਪੌਣ ਦੀ ਕਸਰ ਨਾ ਛਡੀ॥ ਅੰਗ੍ਰੇਜ਼ਾਂ ਨੇ ਵੀ ਵਿਸ਼ੇਸ਼ ਨੀਤੀ ਰਾਹੀਂ ਫਾੜ ਕੀਤੇ॥ ਉਤ੍ਰ ਪੰਜਾਬ ਮਹਾਰਾਜਾ ਰਣਜੀਤ ਸਿੰਘ ਪਿਛੋਂ ਲਾਹੌਰ ਦਰਬਾਰੀ ਅਹਲਕਾਰਾਂ ਨੂੰ ਝੂਠੇ ਵਾਇਦੇ ਤੇ ਮਹਾਰਾਜਾ ਦਲੀਪ ਸਿੰਘ ਨੂੰ ਨਾਬਾਲਗੀ ਖਤਮ ਹੋਣ ਤੇ ਰਾਜ ਮੋੜਾਂਗੇ, ਬਾਇਖਤਿਆਰ ਦੇਣ ਦਾ ਛਲ ਕਰ ਮੁਕਰ ਗਏ॥ ਏਸ ਭੇਦ ਨੀਤੀ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦਾ ਕਸ਼ਮੀਰ ਦੇਸ ਰਾਜ ਭੇਦ ਪੌਣ ਸੇਵਾ ਏਵਜ਼ ਰਾਜ ਬਣਾ ਓਹ ਉਤਰ ਪੰਜਾਬ ਰਾਜ ਹੜੱਪ, ਅੰਗ੍ਰੇਜ਼ੀ ਪੰਜਾਬ ਸੂਬਾ(British Pañjäb Province) ਬਣਾ ਦਿੱਲੀ ਹੱਦ ਕੈਮ ਕੀਤੀ ਪਰ ਸਿੱਖ ਗਦਾਰੀ ਕਰਨ ਤੋਂ ਨਾਂ ਹਟ ਸਕੇ, ਅੰਗ੍ਰੇਜ਼ੀ ਭਾਰਤ ਗੋਰਮਿੰਟ ਨੇ ਅੰਗ੍ਰੇਜ਼ੀ ਪੰਜਾਬ ਨੂੰ ਬੰਗਾਲ ਉੱਤਰ-ਦੱਖਨ ਭੇਦ-ਵੰਡ ਨੀਤੀ ਤਰ੍ਹਾਂ ਉੱਤਰ-ਦੱਖਣ ਪੰਜਾਬ ਅਤੇ ਸਰਹੱਦੀ ਇਲਾਕਾ 1905 (NWFP) ਬਣਾ, ਬਾਕੀ ਪੰਜਾਬ ਦੱਖਣ ਹੱਦ ਦਿੱਲੀ ਕੈਮ ਰਖੀ॥

ਗੁਰੁਸਿੱਖ ਸਿੱਧਾਂਤ ਆਧਾਰਕ ਇਤਿਹਾਸਿਕ ਗੁਰੁਦ੍ਵਾਰੇ ਜਿਸ ਕਿਸੇ ਦਸੇ ਸ਼੍ਰੀਗੁਰੂ ਜੀਆਂ ਦੇ ਸਨ ਜਿਨ੍ਹਾਂ 'ਚ ਗੁਰਗਮ ਸਿੱਖਿਆ ਸੰਤ (saint ministers), ਕਰਣੀ ਬੱਧ ਮਹੰਤ (bishop mystics) ਕਿਸੇ ਸ਼੍ਰੀਗੁਰੂ ਨੇ ਥਾਪੇ, ਖਤਮ ਕਰਨੇ ਸਨ॥ ਦ੍ਰਿਸ਼ਟਾਂਤ: ਜਿਵੇ ਕੋਈ ਬਾਹਰ ਹੀ ਦੇਖਦਾ ਹੈ, ਆਪਨੂੰ ਨਹੀਂ ਦੇਖਦਾ; ਉਸੇ ਤਰ੍ਹਾਂ ਰਾਜਵਾੜੇ ਗੁਰੁਸਿੱਖ ਪਾਸੇ ਖੜੇ: ਅੰਗ੍ਰੇਜ਼ੀ ਪੰਜਾਬੀ ਸਿੱਖਾਂ ਦੇ ਚੰਗੇ-ਬੁਰੇ ਵਿਹਾਰ ਹੁੰਦੇ ਦੇਖੇ ਪਰ ਜਿਵੇ ਅੱਖ ਬਾਹਰ ਹੋਰ ਨੂੰ ਤਾਂ ਦੇਖਦੀ ਹੈ ਆਪ ਨੂੰ ਕਦੀ ਨਹੀਂ ਦੇਖ ਸਕਦੀ ਉਸੀ ਤਰ੍ਹਾਂ ਅੰਗ੍ਰੇਜ਼ੀ ਪੰਜਾਬੀ ਸਿਖਾਂ ਦਾ ਹਾਲ ਹੋਇਆ॥ ਜੇ ਅੰਧ ਭਾਵਕਤਾ ਨਾ ਲਿਆਦੇ, ਐਸਾ ਵਿਵਹਾਰ ਕਿਉਂ ਕਰਦੇ? ਪੰਜਾਬੀ ਸਿੱਖਾਂ ਨੇ ਆਪਣੇ ਅੰਦਰ ਅੱਜ ਤਕ ਹੀ ਕਦੀ ਝਾਤ ਨਹੀਂ ਮਾਰੀ॥

ਪੰਜਾਬੀ ਆਮ ਅਤੇ ਨਵੇ ਪੱਛਮ ਫੁਟ ਧਰਮ ਵਿਚਾਰ ਦੂਜੇ ਭਾਉ ਨੂੰ ਸਹੀ ਸਮਝ ਅਣਜਾਣ ਸਿੱਖ, ਬਿਨਾ ਗੁਰਗਮ ਜਾਣੇ ਪ੍ਰਚਾਰਕ ਆਪਸ 'ਚ ਦੁਰਗੁਣ: ਲੜਾਈ, ਈਰਖਾ, ਦ੍ਵੇਸ਼ ਨਾ ਛੱਡ ਸਕੇ, ਤੇ ਬ੍ਰਹਮ ਗਿਆਨ ਸਿੱਖੇ ਬਿਨਾ ਕਿਵੇਂ ਮਿਟਾ ਸਕਦੇ ਸਨ? ਐਥੇ ਤਕ ਨਿਤ ਨੇਮ ਕਰਦੇ ਅੱਜ ਤਕ ਸ਼ੁਰੂ ਦਾ ਇੱਕ ਸ਼ਬਦ ਉਪਦੇਸ਼ ੧ੳ ਦੇ '1' ਇਕੱਤਾ ਦਾ ਭਾਵਰਥ ਮੰਤਬ ਨਹੀਂ ਜਾਣ ਸਕੇ ਜੋ ਦੁਨੀਆ ਦੇ ਕਿਸੀ ਹੋਰ ਮਜ਼ਬ ਸ਼ਾਸਤ੍ਰ ਵਿਚ ਐਨਾਂ ਸਾਫ ਅੰਕ '1' ਦੇਖਣ ਵਿਚ ਨਹੀਂ ਆਂਦਾ, ਸਭੀ ਦੂਜੇ ਭਾਉ ਪ੍ਰਤੀਤ ਸ਼ਬਦ ਨਾਲ ਪ੍ਰਾਰੰਭ ਹੁੰਦੇ ਹਨ॥

ਸੰਨ 1965 ਵਿਚ ਰਿਵਰੰਡ ਡਾ. ਮੈਕਲੌਡ ਪਟਿਆਲੇ ਆਇਆ॥ ਫੇਰ 1970-72 ਵਿਚ ਅੰਗ੍ਰੇਜ਼ੀ ਨਿਜ਼ੀਲੈਂਡ ਇਸਾਈ ਇਮਾਨ ਬੇਮੁਖ(apostate) ਨੇ ਅਸਤੀਫਾ ਪਾਦਰੀ ਪਦ ਤੋਂ ਦੇ ਦਿਤਾ॥ ਉਸ ਵੇਲੇ ਭੀ ਮੈਕਲੌਡ ਆਪਣੇ ਨੂੰ ਦੁਨੀਆਂ ਵਿੱਚ ਸਿੱਖ ਧਰਮ ਦਾ ਪਰਮੁਖ ਵਿਦ੍ਵਾਨ ਅਖ੍ਵਾਣ ਲਗਾ ਜਦ ਓਹ ਨਿਜ਼ੂ ਯੋਰਕ ਲੈਕਚਰ ਦੇਣ ਕੋਲੰਬਿਆ ਯੂਨੀਵਰਸਟੀ ਆ ਟਿੱਪਣੀਕਾਰ ਨੂੰ ਮਿਲਿਆ॥

Sri Satguru Jagjit Singh Ji eLibrary NamdhariElibrary@gmail.com

ਮੈਕਲੌਡ ਨੇ ਤਰਕ ਨਾਲ ਬਹੁਤ ਸਮਝਾਇਆ, ਜੋ ਮਨ ਭੌਂਦਾ ਦਰਸੌਂਦਾ ਹੈ, ਗੁਰੁਗਮ ਟਕਸਾਲ ਗੁਰੁਮਤ ਤਰਕ ਸਿੱਧ ਨਹੀਂ। ਅਮਰੀਕਾ 'ਚ ਬਹੁਤ ਸਿੱਖਾਂ ਨੇ ਭੀ ਉਸਦੇ ਲੇਖਾਂ ਉਤੇ ਕਾਫੀ ਅਲੋਚਨਾ ਪੜ੍ਹ ਛਾਪੇ॥ 30-35 ਸਾਲ ਪਹਿਲਾਂ ਭਾਰਤ ਅੰਗ੍ਰੇਜ਼ ਰਾਜ ਦਾ ਦੂਜਾ ਭਉ ਖਤਮ ਹੋ ਚੁਕਾ ਸੀ, ਉਸਨੇ ਅਜੇ ਅੰਗ੍ਰੇਜ਼ ਨਿਊਜ਼ੀਲੈਂਡ ਦ੍ਵੀਪ ਬ੍ਰਿਟਨ ਭਾਗ ਹੋਣ ਕਾਰਣ ਓਨ੍ਹਾਂ ਦਾ ਚਲਾਇਆ ਲੀਹਾ ਨਾ ਛਡਿਆ॥

ਦੁਨੀਆ ਵਿੱਚ ਹੁਣ ਆਮ ਮੰਨਿਆ ਜਾਂਦਾ ਹੈ, ਖਾਸ ਕਰ ਵਿਦੇਸ਼ਾਂ ਵਿੱਚ, ਜੋ ਧਨ ਵਿਦਿਆ 'ਚ ਹੋਸ਼ਿਆਰ(entrepreneurs) ਹਨ, ਛੋਟੇ ਬੜੇ ਸ਼ਹਿਰਾਂ 'ਚ ਸਿੱਖ ਸੰਸਥਾਵਾਂ(Sikh Cultural Societies) ਉਸ ਦੇਸ਼/ਪ੍ਰਾਂਤ ਗਣਤੰਤ੍ਰ (Democrat) ਕਾਨੂੰਨ ਅਨੁਸਾਰ ਖੋਲ੍ਹੀਆਂ ਹਨ, ਬਹੁਤ ਧਰਮੀ ਹਨ ॥ ਪਰ ਅਸਲ'ਚ ਓਸ ਦੇਸ਼ ਦੇ ਵਿਵਹਾਰ ਧਾਰਮਿਕ ਨਹੀਂ: ਗਣ ਤੰਤ੍ਰ ਰਾਜ (Secular: not Religious: Polity voted in so called religious institutes) ਹਨ ॥ ਐਸੀ ਵਿਵਸਥਾ ਦੋ-ਹਜ਼ਾਰ ਬਰਸ ਪੁਰਾਣੇ-ਨਵੇਂ ਥਾਪੇ ਕਿਸੇ ਇਸਾਈ ਸੰਪ੍ਰਦਾਇ ਗਿਰਜੇਆਂ ਦੇ ਅਧਿਕਾਰ ਦੇ ਵੀ ਨਹੀਂ॥ ਇਹ ਸਭ ਗੁਪਤ ਭਾਰਤ (ਪੁਰਾਣੇ ਅੰਗ੍ਰੇਜ਼) ਪੰਜਾਬ 1925 ਥਾਪੇ ਸ਼ਰੋਮਣੀ ਕਮੇਟੀ ਦੀ ਨਕਲ "ਗੁਰਦ੍ਵਾਰੇ","ਸਿੰਘ ਸਭਾ" ਤਰ੍ਹਾਂ ਧਰਮ ਸ਼ਾਸਤ੍ਰ ਗਿਆਨ ਬਿਨਾ, ਚੋਣ ਵਿਧਾਨ ਰਾਹੀਂ ਥਾਪੇ ਹਨ॥

ਕਹਾਣੀ ਲੰਬੀ ਹੈ, ਐਥੇ ਬਹੁਤ ਸੰਖੇਪ 'ਚ ਲਿਖਨਾ ਐਨਾ ਕਾਫੀ ਰਹੇਗਾ:-ਗੁਰੁਦ੍ਵਾਰਾ ਨਨਕਾਣਾ ਸਾਹਿਬ ਜਲਾਵਤਨ ਉਦਾਸੀ ਮਹੰਤ ਨਾਰਾਯਣ ਦਾਸ ਦੇਹਰਾਦੂਨ, ਰਾਮ ਰਾਇ ਡੇਰੇ ਵਿਚ ਰਹਿੰਦੇ ਨੇ ਲੇਖਕ ਨੂੰ ਦਸਿਆ; ਅੰਗ੍ਰੇਜ਼ੀ ਸ਼ੈਹ ਬਿਨਾ ਓਹ ਸੋਲਾਂ ਲੱਖ ਸਾਲਾਨਾ ਆਮਦਨ ਕਿਵੇਂ ਠੁਕਰਾ ਸਕਦਾ ਸੀ? ਅਸਲ ਗੱਲ ਰਾਜਨੀਤੀ ਰਾਹੀਂ ਫਾੜ ਪੌਣੀ ਸੀ ਜੋ ਅੰਗ੍ਰੇਜ਼ ਨੇ ਸੰਨ 1925 ਤਕ ਹਾਸਿਲ ਕਰ ਲਈ॥ ਓਸ ਕੁਟਲ ਚਾਲ ਦਾ ਅਸਰ ਕੇਵਲ ਪੰਜਾਬ ਤੇ ਹੀ ਨਹੀਂ, ਸਾਰੇ ਭਾਰਤ ਤੇ ਵਿਦੇਸ਼ਾਂ ਵਿਚ ਫੈਲ ਰਹੀ ਹੈ॥

ਸ਼੍ਰੀ ਜਪੁ ਨੀਸਾਣੁ ਦਸ ਭਾਸ਼ਜਾਂ-ਟਿੱਪਣੀ ਗ੍ਰੰਥ ਸੰਗ੍ਰਹ ਕਰਤਾ ਦਾ ਪਿਛੋਕੜ ਸਿਧਾ ਦਸਮ ਸ਼੍ਰੀਜਗਦਗੁਰੂ ਗੋਬਿੰਦ ਸਿੰਘਜੀ ਪਰੰਪਰਾ ਧੁਰ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀ ਨਾਲ ਬਾਬਾ ਸਿੱਧੂ ਥਰਾੜ ਬੰਸੀ ਵਰਿਆਮ ਸੁਪੁਤ ਸੰਘਰ ਰਾਹੀਂ ਗੁਰੁਸਿੱਖ ਨਵਾਬ ਦੌਲਤ ਖਾਂ ਮਿੜ੍ ਨਾਲ ਜਾ ਜੁੜਦੀ ਹੈ॥ ਪਰ, ਵਿਸ਼ੇਸ ਬੰਸ ਮੇਲ ਛੇਵੇਂ ਸ਼੍ਰੀ ਜਗਦਗੁਰੂ ਹਰਿਗੋਬਿੰਦ ਸਾਹਿਬ ਪੀਰੀ-ਮੀਰੀ ਤੋਂ ਦਸਮ ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਤੱਕ ਅਟੂਟ ਚਲਿਆ॥ ਬਾਬਾ ਆਲਾ ਸਿੰਘ ਦੇ ਪਿਤਾ ਸਰਦਾਰ ਰਾਮ ਸਿੰਘ, ਤੇ ਤਾਯਾ ਚੌਧਰੀ ਤਿਰਲੋਕ ਸਿੰਘ ਫੁਲਕੀਆਂ ਮੇਵੜੇ ਹੱਥ ਨਿਮੰਤ੍ਰਿਣ ਮਿਲਨ ਤੇ ਦਰਸ਼ਨਾਂ ਲਈ ਗਏ। ਅਸੀਸ, ਪੁਰਸਕਾਰ ਦੀ ਬਹੁਤ ਸੰਖੇਪ ਕਥਾ ਹੈ: ਸ਼੍ਰੀਗੁਰੂ ਬੋਲੇ, "ਰਾਮ ਸਿੰਘ, ਤਿਲੋਕ ਸਿੰਘ ਸੁਨਿ। ਰਸਤ ਸ਼ਕਟ ਭਰ ਲਜਾਇ ਬਹੁਤ ਮਨ...3॥ ਇਕ ਸਿਖ ਗੁਰਕੇ ਨਿਕਟ ਉਚਾਰੇ। ਸਾਹਿਬਜ਼ਾਦੇ ਤਹਿੰ ਸਸਕਾਰੇ ...॥ 5॥ ਮਨਹੁੰ ਕਾਮਨਾ ਪੂਰਨ ਭਈ। ਦੋਨੋਹੁੰ ਕੌ ਦਸਤਾਰ ਦੁ ਦਈ॥ 16॥ ਲਖੀ ਅਵੱਗਜਾ ਗੁਰਕੀ ਹੋਈ। ਤਬਿ ਵੰਗੇਹਰ ਮਿਲ ਸਭਿ ਕੋਇ ॥ ਬਖ਼ਸ਼ਾਵਨ ਹਿਤ ਚਲਿ ਕਰਿ ਆਏ । ਦੋਇ ਤੁਫੰਗ ਉਪਾਇਨ ਲਜਾਇ ॥ 20॥ ਜਮੇ ਕੋ ਦਿਯ ਰਾਜ ਮਹਾਨਾ...ਯਾਤੇ ਪ੍ਰਥਮ ਰਾਜਹੈ ਜੇਤਿਕ। ਕੇਤਕ ਸਮੈਂ ਥਿਰਹਿਗੋ ਤੇ

Sri Satguru Jagjit Singh Ji eLibrary NamdhariElibrary@gmail.com

ਤਿਕ॥ ਨਹਿੰ ਛਨਿਹਿੰ ਕੋ ਘਰਸੁਖ ਪਾਓ। ਸਿਖ ਸੰਗਤਕੀ ਸੇਵ ਕਮਾਓ॥ 26॥ ਇਮ ਬਖਸ਼ਾਇ ਕਿਤਕ ਦਿਨ ਰਹੇ। ਰੁਖਸਦ ਹੋਇ ਗ੍ਰਾਮ ਮਗ ਗਹੇ''ਅ.66

ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਗੁਰੂ ਕਾਸ਼ੀ ਟਕਸਾਲ ਦਮਦਮਾ ਸਹਿਬ

ਪੰਜਾਬ ਮਾਲਵਾ(ਕੁਰੂ ਜਾਂਗਲ) ਸਾਬੋਕੀ ਤਲਵੰਡੀ ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਸੰਨ 1706 ਸਿਆਲ ਪਹੁੰਚ ਦਮ ਲਿਤਾ ਜਿਸ ਕਰਕੇ ਦਮਦਮਾ ਸਾਹਿਬ ਪ੍ਰਸਿਧ ਹੁਣ ਹੈ॥ ਅਗਲੇ ਸਾਲ 1706 ਸੰਨ ਬਿਸਾਖੀ ਧਰਮ ਪਰਵ ਦਰਬਾਰ ਮਨਾਂਣ ਲਈ ਪੁਰਾਣੇ ਗੁਰੁਪੰਥ ਮੇਵੜੇਆਂ ਰਾਹੀਂ ਲਿਖੇ ਤੇ ਬਚਨੀ ਹੁਕਮਨਾਮੇ ਸਾਰੇ ਉੱਤਰ ਭਾਰਤ 'ਚ ਭੇਜੇ; ਕਿ ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀ ਸਾਬੋਕੀ ਤਲਵੰਡੀ ਹਨ; ਔਂਦੇ ਬੈਸਾਖੀ ਪਰਵ ਮਨੌਣਗੇ,ਤੇ ਆਪੇ ਖੜਗ ਪਾਹੁਲ ਪ੍ਰਦਾਨ ਕਰਨਗੇ।

ਸਾਬੋਕੀ ਤਲਵੰਡੀ: ਦਮਦਮਾ ਸਾਹਿਬ-ਸ਼੍ਰੀ ਗੁਰੂ ਕਾਸ਼ੀ ਥਾਪਨ

ਸਮੇਲਨ ਹੋਣ ਦਾ ਪਤਾ ਲਗਣ ਉਤੇ ਆਨੰਦਪੁਰ ਦਰਬਾਰੀ ਮੁਸਲਮਾਨ-ਸਿੱਖ ਰਬਾਬੀ ਭਾਈ ਨੰਦ ਪੁਤ ਭਾਈ ਚਾਂਦ[67] ਪਹੁੰਚ ਕੇ ਰੋਜ਼ ਆਸਾ ਦੀ ਵਾਰ ਚੌਂਕੀ ਲਗਾਣ ਲਗੇ॥ ਐਨੇ 'ਚ ਦਰਬਾਰ ਲਈ ਉਦਾਸੀ ਸਾਧੂ ਤੇ ਵਿਸ਼ੇਸ਼ ਵੇਦ ਕਾਲ ਸ਼ਿਵ ਕਾਸ਼ੀ ਵਿਦਿਆ ਪੀਠ (*Siv Käs'ï* Seminary) ਵਾਰਾਣਾਸ਼ੀ ਪਠਿਤ ਧੁਰੰਦਰ ਵਿਦ੍ਵਾਨ ਨਿਰਮਲੇ ਸੰਤ ਕਰਮ ਸਿੰਘ ਦੋ 'ਕ ਦਰਜਨ ਨਿਰਮਲੇ-ਸਿੰਘ ਸੰਤ ਹੁਕਮ ਮਿਲਨ ਨਾਲ ਪਹੁੰਚੇ ਜਿਨ੍ਹਾਂ ਵਿੱਚ ਇਨ੍ਹਾਂ ਦੇ ਵਿਦਿਆ ਚੇਲੇ ਅਮ੍ਰਿਤਸਰ ਥਾਪੇ ਮਹੰਤ ਭਾਈ ਮਨੀ ਸਿੰਘ[68] ਦਿੱਲੀ ਜਾਕੇ, ਮਾਤਾਜੀ ਨੂੰ ਲੈਕੇ ਦਮਦਮੇ ਸਾਹਿਬ ਪਹੁੰਚ ਚੁਕੇ ਸਨ; ਅਤੇ ਭਾਈ ਮਨੀ ਸਿੰਘ, ਭਾਈ ਦੀਪ ਸਿੰਘ ਸੰਧੂ ਵੀ ਪਹੁੰਚ ਚੁਕੇ ਸਨ॥

ਬੈਸਾਖੀ ਸੰਨ 1707 ਦਮਦਮੇ ਦਰਬਾਰ 'ਚ ਕਰੀਬ ਲੱਖ ਸਿੱਖ ਸੰਗਤ ਇਕੱਠੀ ਹੋਈ॥ ਉਸ ਦਰਬਾਰ 'ਚ ਅਧਿਆਤਮ ਕਰਮ ਕ੍ਰਿਤ ਖੜਗ ਅੰਮ੍ਰਿਤ ਛਕੌਂਣ ਸਾਰ ਸ਼੍ਰੀ ਜਗਦਗੁਰੂਜੀ

---

66. ਗੁਰੁਕੀ ਸਾਖੀਆਂ ਸੰਨ.1790.ਸ਼ਾਖੀਆਂ ਭੱਟਾਖਰੀ ਤੋਂ ਗੁਰਮੁਖੀ ਸੰ:1868 ਸੰਨ 1925.ਸਾਖੀ.101-3॥ਗੁਰਪ੍ਰਤਾਪ ਸੂਰਜ ਐਨ 1. ਅੰਸੂ 29. ਛੰਦ.1-26'ਰਾਮ(ਸਿੰਘ)ਕੋ ਦੀਆ ਰਾਜ ਮਹਾਨਾ24;ਤਿਲੋਕ(ਸਿੰਘ)25-267।ਜਿਲਦ 14 ਪੰਨੇ.6114-6 ਭਾ. ਸੰਤੋਖ ਸਿੰਘ,ਭਾ.ਵੀਰ ਸਿੰਘ ਟੀਕਾ ਟੂਕ: ਸਾਖੀ ਪੋਥੀਦੀ ਸਾਖੀਹੈ;6115 ਅਸ਼ੁਧ ਜਾਪਦੀ ਹੈ॥ਚਾਰ'ਕ ਅਸਲ ਹਰਿ'ਕ ਸੰਖੇਪ ਕਥਾ'ਚ ਤਿਨੋਂ ਫੁਲਕਿਆਂ ਰਾਜ ਬਨਣਦੀ ਇਹ ਸਾਖੀ ਠਕਿ ਨਹੀਂ ਲਿਖੇ। ਪਰੰਪਰਾ ਰਾਜਗੁਰੂ ਨੇ ਦਸਿਆ ਹੈ:-ਛੋਟੇ ਭਾਈਨੂੰ''ਬੜਾ ਰਾਜ''ਕਿਉਂ, ਬੜੇ ਨੂੰ''ਦੋਫਾੜ ਰਾਜ ਬਰ''ਕਿਉਂ ਜੋ ਸ਼੍ਰੀਗੁਰੂਜੀ ਦਿਤੇ ਪੂਰੇ ਹੋਏ?''ਜ਼ਫਰਨਾਮਾ :13''ਏਹੀ ਬੈਰਾੜ''ਸੇ...

67. ਇਹ ਕਦੀਮੀ ਪਟਿਆਲੇ ਸ਼ਹਿਰਦੇ ਤੇ ਪਟਿਆਲੇ ਰਾਜ ਦਰਬਾਰੀ ਸਰਵ ਭਾਰਤ ਪ੍ਰਸਿੱਧ ਜਰਨੈਲ ਅਲੀ ਬਕਸ (ਅਲੀਯਾ+ਫਤੂ(ਦੋ ਫਤ ਅਲੀ ਖਾਂ ਗਾਯਕ) ਪੁਤ੍ਰ ਭਾਈ ਕਾਲੂ ਪੁਤ੍ਰ ਏਸੇ ਆਨੰਦਪੁਰੀ ਭਾਈ ਨੰਦ ਦੀ ਬੰਸੀ ਉਲਾਦ ਸੀ, ਜੋ ਆਖਰਿ ਮੁਗਲ ਸ਼ਹਿਨਸ਼ਾਹ ਬਹਾਦੁਰ ਸ਼ਾਹ'ਜ਼ਫਰ'ਦੇ ਗਾਯਕ ਸ਼ਾਹੀ ਉਸਤਾਦ ਮੀਯਾਂ ਕੁਤਬ ਬਕਸ਼, ਤਾਨ-ਰਸ-ਖਾਂਦੇ ਸ਼ਾਗਿਰਦ ਪਟਿਆਲੇਦੀ ਮੁਲਾਜ਼ਮਤ ਵੇਲੇ ਬਣੇ ਅਤੇ ਦੋਨੋਂਹੀ ਪਟਿਆਲਾ ਸੰਗੀਤ ਘਰਾਣੇਦੇ ਬਾਨੀ:ਅਫਗਾਨਿਸਤਾਨ,ਪਾਕਿਸਤਾਨ, ਹਿੰਦੁਸਤਾਨ, ਬੰਗਲਾਦੇਸ਼ਾਂ, ਸਾਰੇ ਦੱਖਣੀ ਏਸ਼ਿਆਂ ਵਿੱਚ ਪ੍ਰਸਿੱਧ ਹੈ ॥

68. ਗੁਰੁਕੀ ਸਾਖੀਆਂ.ਸ਼ਾਖੀ.101;ਗੁਰੁਪ੍ਰਤਾਪ ਸੁਰਜ.ਰੁਤ 3,ਅੰਸੁ19.ਸ਼ਲੋਕ.24...;ਜ਼ਫਰ ਨਾਮਾ.31 ਤੇ ਪੰਥ ਪ੍ਰਕਾਸ਼ ਗਿ. ਗਜਾਨ ਸਿੰਘ, ਪਟਿਆਲਾ

Sri Satguru Jagjit Singh Ji eLibrary NamdhariElibrary@gmail.com

ਇਲਾਨ ਕੀਤਾ:-ਭਾਈ ਦੀਪ ਸਿੰਘ (ਮੋਢੀ ਮਿਸਲ ਸ਼ਹੀਦਾਂ ਬਾਬਾ) ਦਮਦਮੇ ਸਾਹਿਬ ਅਧਿਆਤਮ ਕਰਮ ਨਾਲ ਮਹੰਤ::(Bishop) ਥਾਪ ਹੁਕਮ ਕੀਤਾ:-

ਤੁਸੀਂ ਦੋਨੋ ਭਾ. ਮਨੀ ਸਿੰਘ, ਤੇ ਭਾ. ਦੀਪ ਸਿੰਘ ਆਪਣੇ ਨਿਰਮਲੇ ਦੀਖਿਜਾ ਸੰਤ (Mentor)ਬਾਬਾ ਸੰਤ ਕਰਮ ਸਿੰਘ[69] (ਪਹਿਲਾਂ ਕਾਸ਼ੀ ਭੇਜੇ 15 ਸੰਤ ਮੰਡਲੀ ਦੇ ਪ੍ਰਧਾਨ ਸੇ) ਨਾਲ ਸਾਰੇ ਸੁਤੰਤ੍ਰ ਰਮਤ ਨਿਰਮਲੇ ਸੰਤਾਂ ਨੂੰ ਕਿਹਾ (ਹੁਕਮ/ਬਰ) "ਹੋਇ ਦਮਦਮਾ ਗੁਰੁਕੀ ਕਾਸ਼ੀ"॥ ਜਿਵੇਂ ਵੇਦ ਕਾਲ ਸ਼ਿਵਕਾਸ਼ੀ ਵਿਦਿਆ ਪੀਠ ਵਾਰਾਣਾਸ਼ੀ 'ਚ ਹੈ; ਅੱਜ ਮੈਂ ਐਥੇ ਗੁਰੁ ਕੀ ਕਾਸ਼ੀ ਮੁੱਖ ਗੁਰੁਬਾਣੀ ਟਕਸਾਲ ਥਾਪੀ ਹੈ; ਇਸ ਦੇ ਪ੍ਰਧਾਨ ਮੁਖ ਉਪਾਧਿਆਯ (Provost/Chancellor) ਸੰਤ ਕਰਮ ਸਿੰਘ ਨਿਜਤ ਕੀਤੇ ਹਨ, ਜਿਨ੍ਹਾਂ ਥੱਲੇ ਨੈਬ ਮਹੰਤ ਦੀਪ ਸਿੰਘ ਹਨ॥ ਅੱਗੇ ਜਦ ਮਨੀ ਸਿੰਘ ਅੰਮ੍ਰਿਤਸਰ ਵਾਪਸ ਗਏ, ਓਥੇ ਉਪ ਟਕਸਾਲ ਚਾਲੂ ਕਰਣਗੇ, ਉਸ ਉਪ-ਟਕਸਾਲ ਦੇ ਮਹੰਤ ਭਾਈ ਮਨੀ ਸਿੰਘ ਵੀ ਉਪਾਧਿਆਯ ਨਿਜਿਤ ਹਨ॥ ਦੋਨੋਂ ਥਾਵ ਸ਼੍ਰੀਵਿਸ਼੍ਵ ਗੁਰੁਬਾਣੀ ਗੁਰੁਗਮ ਕ੍ਰਮ ਬ੍ਰਹਮ ਗਿਆਨ ਸਿਖਿਆ ਅੱਜ ਤੋਂ ਐਥੇ ਗੁਰੂ ਕਾਸ਼ੀ, ਦੂਜੇ ਅਮ੍ਰਿਤਸਰ ਵਿਦਿਜਾ ਪੀਠ ਚਾਲੂ ਕਰਨੇ ਹਨ[ਅ.70]॥ ਇਸ ਕਾਰਜ ਲਈ ਬੁਲਾਏ ਵਿਸ਼ੇਸ਼ ਧੁਰੰਦਰ ਵਿਦ੍ਵਾਨ ਨਿਰਮਲੇ ਸੰਤ ਕਰਮ ਸਿੰਘ ਸੀਖ ਅਨੁਸਾਰ ਗੁਰੁ ਕਾਸ਼ੀ ਵਿਦਿਆ ਪੀਠ(SEMINARY) ਚਲੇਗੀ, ਇਹ ਮਹਾਉਪਾਧਿਆਇ ਥਾਪੇ॥ ਇਨ੍ਹਾਂ ਅਨੁਸਾਰ ਗੁਰੁ ਵਿਦਿਆ ਪੀਠ (DIVINE *GURÜ-SIKH* SEMINARY) 'ਚ ਗੁਰੂ ਰਾਜ ਜੋਗ ਬ੍ਰਹਮ ਗਿਆਨ ਵਿਗਿਆਨ, ਇਤਿਹਾਸ ਅਨੇਕ ਵਿਦਿਆਵਾਂ ਸਿਖਾਣ ਲਈ ਏਹੀ ਸੰਤ ਅਧਿਆਪਕ ਸਿਖ ਚੁਣਨਗੇ...॥

ਏਹ ਦਮਦਮਾ ਸਾਹਿਬ ਇਲਾਕਾ ਕੁਛ 'ਕ ਸਾਲਾਂ ਅੰਦਰ ਪਟਿਆਲਾ ਰਾਜ ਦਾ ਭਾਗ ਹੋਗਿਆ ਜਿਸਦੇ ਮਹਿਕਮਾਂ ਡਜੋਢੀ ਗੋਲਕ ਭਾਗ ਅਧਿਕਾਰ 'ਚ ਸੰਨ 1947-8 ਤਕ ਰਿਹਾ, ਤੇ ਪੈਪਸੂ 1956 ਤਕ ਅਟੂਟ ਰੂਪ ਗੁਰੁ ਕਾਸ਼ੀ ਅਰਥ ਸੰਪ੍ਰਦਾਏ ਸੰਤ-ਗਿਆਨੀਆਂ ਦੇ ਪੰਜਾਬ ਡੇਰੇ ਤੇ ਉਪਡੇਰੇ ਸ਼ਾਖਾਂਵਾਂ 'ਚ ਭਾਰਤ ਪ੍ਰਾਂਤ ਦੇ ਬਹੁਤ ਡੇਰੇਆਂ 'ਚ ਅਟੂਟ ਵਿਦਿਆ ਉੱਚ, ਮੱਧ ਤੇ ਲਘੂ ਵਿਦਵਾਨ ਓਸੇ ਵੇਲੇ ਤੋਂ ਪੜ੍ਹਾ ਰਹੇ ਹਨ॥[71]

ਧਿਆਨ ਰਹੇ ਤਖਤ Temporal War Command Seat ਹੈ: ਅਧਿਆਤਮ ਕੇਂਦ੍ਰ ਨਹੀਂ॥ ਸੰਨ 1965-66 ਮੱਧ ਬਿਲਕੁਲ ਅਣਜਾਣ ਅੰਮ੍ਰਿਤਸਰ ਸ਼੍ਰੋਮਣੀ ਕਮੇਟੀ ਪ੍ਰਧਾਨ ਸੰਤ ਚੰਨਣ ਸਿੰਘ, ਅਕਾਲੀ ਪ੍ਰਧਾਨ ਸੰਤ ਫਤੇ ਸਿੰਘ, ਦੋਵੇਂ ਮੇਰੇ ਬਹੁਤ ਸਮਝਾਣ ਤੇ ਵੀ ਨਾ ਸਮਝੇ

---

69. ਸ਼੍ਰੀ ਗੁਰੁ ਤੀਰਥ ਸੰਗ੍ਰਹ ਪੰ.272, ਤੇ ਆੜ ਵਿੱਚ ਲਿਖੇ ਮਹਾਨ ਕੋਸ਼ ਦੇਖੋ:- ਭਾਈ ਕਰਮ ਸਿੰਘ:

70. ੳ.ਸ਼੍ਰੀਗੁਰੂ ਤੀਰਥ ਸੰਗ੍ਰਹ ਪੰ.272,ਦੇ ਆੜ'ਚ ਲਿਖੇ ਮਹਾਨ ਕੋਸ਼.ਭਾਈ ਕਰਮ ਸਿੰਘ:॥ ਅ.ਪੁਨ੍ਹੈ.ਪੰ.228:272;ਨਿਰਮਲ ਅਖਾੜਾ ਨੈਬ ਸ੍ਰੀ ਮਹੰਤ ਸੰਤ ਤਾਰਾ ਸਿੰਘ'ਨਰੋਤਮ'ਪਥਰ ਛਾਪਾ ਸੰ:1941.ਸੰਨ.1884, ਕੰਪ ਅੰਬਾਲਾ,ਟਿੰਪਲ ਪ੍ਰੈਸ। ਪੰਥ ਪ੍ਰਕਾਸ਼.ਗਿ.ਗਜਾਨ ਸਿੰਘ,ਪਟਿਆਲਾ, ਆਦਿ॥

71. ਸ਼੍ਰੀ ਗੁਰੂ ਤੀਰਥ ਸੰਗ੍ਰਹ.ਪੰਨੇ.228,272;ਨੈਬ ਸ਼੍ਰੀ ਮਹੰਤ ਸੰਤ ਪੰ.ਤਾਰਾ ਸਿੰਘ'ਨਰੋਤਮ'ਪਥਰ ਛਾਪ ਸੰ:1941/1884 ਸੰਨ,ਕੰਪ ਅੰਬਾਲਾ,ਟੰਪਲ ਪ੍ਰੈਸ ਦੇਖੋ ਗੁਰੂਕੀ ਸਾਖੀਆਂ ਤੇ ਸ਼੍ਰੀ ਗੁਰੁਪ੍ਰਤਾਪ ਸੂਰਜ ਗ੍ਰੰਥ ਭਾਗ 12.ਪੰ.5058-: ਰੁ.3. ਅੰਸੁ:19:45; ਅਤੇਫੰ.6118-6122 ਅੰਸੁ:18-29:22-26 ਆਦਿ; ਏਨੇ "ਪੰਥ ਪ੍ਰਕਾਸ਼"ਤੇ ਜ਼ਫਰਨਾਮ੍ਹਾ ਅੰਸ 31- ਆਦਿਆ ਵਿੱਚ ਵਰਣਨ ਹੈ ॥

Sri Satguru Jagjit Singh Ji eLibrary NamdhariElibrary@gmail.com

ਤੇ ਗੁਰੂਕਾਸ਼ੀ ਪੀਠ ਜੁਦਾ ਪੰਜਵਾਂ ਤਖਤ ਇਲਾਨ ਕਰ, ਖੂਹ ਦੇ ਡਡੂ ਤਰ੍ਹਾਂ ਖੂਹ ਸਮੁੰਦ੍ਰ ਤੋਂ ਵਡਾ ਹੈ ਭਲੇਖੇ ਕੁਛ ਨਾ ਜਾਣਿਆ॥)

ਬੈਸਾਖੀ ਦਰਬਾਰ ਦੀਆਂ ਚਿਠੀਆਂ, ਨਿਮੰਤ੍ਰਿਤ ਪਹੁੰਚਣ ਤੇ ਗੁਰੂਸਿੱਖਾਂ ਨੂੰ ਬਹੁਤ ਖੁਸ਼ੀ ਹੋਈ। ਓਥੇ ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਬਖਸ਼ਿਸਾ ਕੀਤੀਆਂ, ਅਨੇਕ ਪੰਜ ਪੰਜ ਸਿੰਘਾਂ ਦੀਆਂ ਟੋਲੀਆਂ ਬਣਾ ਖੜਗ ਅੰਮ੍ਰਿਤ ਛਕਾਇਆ। ਆਪਣੀ ਟੋਲਿ 'ਚ ਆਪ ਬੁਲਾਏ ਦੋ ਬਰਾੜ-ਸਿੱਧੂ ਭਾਈ: ਚੌਧਰੀ ਤਿਲੋਕਾ(ਸਿੰਘ) ਸਰਦਾਰ ਰਾਮਾ(ਸਿੰਘ) ਤੇ ਤਿਨ ਹੋਰਾਂ ਉੱਤੇ ਬੜੀ ਕ੍ਰਿਪਾ ਦਿਖਾ ਖੜਗ ਅੰਮ੍ਰਿਤ ਛਕਾ, ਦਰਬਾਰ 'ਚ ਕਿਹਾ:-

ਸਾਨੂੰ ਪਤਾ ਹੈ, ਤੁਸੀਂ ਦੋਨੋਂਆਂ ਨੇ ਚਮਕੌਰ ਗੜ੍ਹੀ ਜੰਗ ਖਤਮ ਹੋਣ ਪਿਛੋਂ ਪਹੁੰਚਨ ਤੇ, ਓਥੇ ਦੇ ਚੌਧਰੀ ਬੁਧੀ ਚੰਦ ਰਾਉਂਤ ਦੀ ਸਹਾਇਤਾ ਨਾਲ ਦੋਨੋਂ ਬੜੇ ਸਪੁਤ੍ਰਾਂ (ਸਾਹਿਬਜ਼ਾਦਿਆਂ), ਚਾਲੀ ਸਿੰਘਾਂ(ਮੁਕਤੇਆਂ) ਸਮੇਤ ਜਿਨ੍ਹਾ ਜੁੱਧ 'ਚ ਅੰਤ ਗਤੀ ਪਾਈ ਸੀ, ਉੱਤਮ ਰੀਤ ਨਾਲ ਸਸਕਾਰੇ॥ ਅਸੀ ਥੋੜੀ ਐਸੀ ਸੇਵਾ ਤੇ ਪ੍ਰਸੰਨ ਹਾਂ; ਬਰ ਮੰਗੋ॥

ਦੋਨੋਂ ਚੁਪ ਰਹੇ॥ ਦੂਜੀ ਵਾਰ ਕਿਹਾ: ਬਰ ਮੰਗੋ, ਫੇਰ ਵੀ ਦੋਨੋਂ ਚੁਪ ਰਹੇ॥ ਤੀਜੀ ਵਾਰ ਸ਼੍ਰੀ ਵਿਸ਼੍ਵਗੁਰੂਜੀ ਕਿਹਾ:- ਸਿਖੋ! ਇਹ ਸ਼੍ਰੀਗੁਰੂ ਨਾਨਕ ਦਾ ਘਰ ਹੈ, ਐਥੇ ਕਿਸੀ ਕਿਸਮ ਦੀ ਤੋਟ ਨਹੀ; ਵਰ ਮੰਗੋ...ਫੇਰ ਬਰ ਦਿਤੇ: ਥੋਡੇ ਬੰਸੀ ਦੋਨੋਂ ਸਤਲੁਜ ਜਮਨਾ, ਪਹਾੜਾਂ ਉਤੇ ਰਾਜ ਕਰਣਗੇ... ਆਦਿ ਵਰ ਦਿਤੇ॥

ਐਸੇ ਅਨੇਕ ਬਰ ਦਿੰਦੇ ਸ਼੍ਰੀ ਜਗਦਗੁਰੂ ਜੀ ਸ਼੍ਰੀ ਗੁਰੁਬਾਣੀ ਸ਼ਬਦ ਅਸੀਸ 'ਚ ਉਚਾਰਿਆ: ਸਲੋਕੁ ਮ:3॥ ਭਗਤ ਜਨਾ ਕਉ ਆਪਿ ਤੁਠਾ ਮੇਰਾ ਪਿਆਰਾ; ਆਪੇ ਲਇਅਨੁ ਜਨਲਾਇ॥ ਪਾਤਿਸਾਹੀ ਭਗਤ ਜਨਾਕਉ ਦਿਤੀਅਨੁ: ਸਿਰਿ-ਛਤ੍ਰ-ਸਚਾ ਹਰਿ ਬਣਾਇ॥ ਸਦਾ ਸੁਖੀਏ ਨਿਰਮਲੇ, ਸਤਿਗੁਰਕੀ ਕਾਰ ਕਮਾਇ॥ ਰਾਜੇ ਓਇ ਨ ਆਖੀਅਹਿ: ਭਿੜਿ ਮਰਹਿ ਫਿਰਿ ਜੂਨੀ ਪਾਹਿ॥ ॥ਨਾਨਕ: ਵਿਣੁ ਨਾਵੈ ਨਕੀਂ ਵਢੀਂ ਫਿਰਹਿ, ਸੋਭਾ ਮੂਲਿ ਨ ਪਾਹਿ॥

ਨੋਟ:- ਪਿਛੇ ਟਿੱਪਣੀ 'ਚ ਲਿਖੇ ਵਰਤਾਂਤ ਗੁਰੁਪ੍ਰਤਾਪ 'ਚੋਂ ਸੀ। ਇਹ ਗੁਰੁਕੀ ਸਾਖੀਆਂ ਵਿੱਚੋਂ ਹੈ॥ ਇਹ ਸ਼੍ਰੀਗੁਰੁਬਾਣੀ ਸ਼ਬਦ ਪਟਿਆਲਾ ਰਾਜਗੁਰੁਦੀ ਸ਼ਹਾਦਤ ਹੈ ਜਿਸ ਲੰਬੀ ਦੰਤ ਕਥਾ ਵਿੱਚੋਂ ਛੋਟੇ ਭਾਈ ਨੂੰ ਬੜਾ ਰਾਜ, ਬੜੇ ਭਾਈ ਦੋ ਫਾੜ ਰਾਜ ਵਰਦਾਨ, ਕਥਾ ਹੈ, ਜਿਸ ਕਾਰਣ ਬੜੇ ਬਾਈ ਬੰਸ'ਚ ਵੈਰ, ਅਤੇ ਰਾਜਾ ਰਾਮ ਸਿੰਘ ਕਤਲ ਹੋਇ, ਤੇ ਨਾਭਾ ਬੰਸ ਵੈਰ ਮਹਾਰਾਜਾ ਭੁਪਿੰਦ੍ਰ ਸਿੰਘ ਦਾ ਰਾਜਾ ਰਿਪੁਦਮਨ ਸਿੰਘ ਤਕ ਰਹਿਆ। ਦੋਨੋਂ ਬੰਸੀ ਵਿਸਤਾਰ ਜਾਣਦੇ ਹਨ॥

ਦਮਦਮੇ ਪ੍ਰਸੰਗ 'ਚ ਦਸਮ ਸ਼੍ਰੀ ਜਗਦਗੁਰੂ ਜੀ ਨੇ ਬੈਸਾਖੀ ਸੰਨ 1706 ਦਰਬਾਰ ਕਾਮਦਾਰ (Holy *Gurü* Household Officer) ਭਾ. ਭਾਨ ਸਿੰਘ(ਮਾਛੀਵਾੜੇ ਨਿਹੰਗ ਸਿੰਘ ਬਣੇ ਆਗੂ) ਹੁਕਮ ਪਾਲਨ ਕਰ ਹਜ਼ਾਰਾਂ ਨੂੰ ਅੰਮ੍ਰਿਤ ਛਕੌਣ ਦਾ ਪ੍ਰਬੰਦ ਕੀਤਾ॥ ਸ਼੍ਰੀਜਗਦਗੁਰੂ ਜੀ ਦੇ ਪੁਰਾਣੇ ਸਿੱਖ-ਬੰਸੀਆਂ 'ਚੋਂ ਪੰਜ ਸਿੱਖ ਛਾਂਟ ਕੇ ਕਿਹਾ- ਇਨ੍ਹਾਂ ਨੂੰ ਮੈ ਆਪਣੀ ਟੋਲੀ 'ਚ ਪਹੁਲ ਛਕਾਵਾਂਗਾ॥ ਜੋ ਪੰਜ ਸਿੱਖ ਛਾਂਟੇ:-

1. ਸ਼੍ਰੀਜਗਦਗੁਰੂ ਗੋਬਿੰਦ ਸਿੰਘਜੀ ਬੰਸੀ ਅਭੈ ਰਾਮ(ਸਿੰਘ) ਸੁਪੁਤ੍ਰ ਕਵਲਨੈਨ ਸੋਢੀ ਮੀਣਾ(ਪਟਿਆਲਾ ਰਾਜ ਭਵਾਨੀਗੜ੍ਹ) ਘਰਾਚੋਂ

Sri Satguru Jagjit Singh Ji eLibrary NamdhariElibrary@gmail.com

ਚੌਧਰੀ ਤਿਰਲੋਕ(ਸਿੰਘ) ਫੂਲਕਾ ਨਾਭਾ-ਜੀਂਦ ਰਾਜਾਂ ਦੇ ਬਾਨੀ ਪਿਤਾ।

2. ਸਰਦਾਰ ਰਾਮਾ (ਸਿੰਘ) ਫੂਲਕਾ ਪਟਿਆਲਾ ਰਾਜ ਬਾਨੀ ਬਾਬਾ ਆਲਾ ਸਿੰਘਦੇ ਪਿਤਾ।
3. ਭਾਈ ਗੁਰਬਖਸ਼ (ਸਿੰਘ) ਭਾਈਕੇ ਸਿਧੂ ਕੈਥਲ ਰਾਜ ਬਾਨੀ, ਅਤੇ
4. ਭਾਈ ਦਾਨਾ (ਸਿੰਘ) ਪਿੰਡ ਅਬਲੂ ਮਹਿਮਾ(ਪਟਿਆਲਾ ਰਾਜ ਬਠਿੰਡੇ) ਸਰਦਾਰ ॥ [ਹ.72]
5. ਸ਼੍ਰੀ ਗੁਰੁਜੀ ਅਧਿਆਤਮ ਕਰਮੀ ਖੜਗ ਪਾਹੁਲ ਛਕਾਣ ਲਈ ਦਮਦਮੇ ਬੈਸਾਖੀ ਆਪਣੇ ਸਮੇਤ ਪੰਜ ਪਿਆਰੇ ਛਾਂਟੇ:-

1. ਸ਼੍ਰੀ ਵਿਸ਼ੂਗੁਰੂ ਗੋਬਿੰਦ ਸਿੰਘ ਜੀ
2. ਬਾਵਾ ਵਿਨੋਦ ਸਿੰਘ ਤ੍ਰੇਹਨ ਸ਼੍ਰੀ ਗੁਰੁ ਅੰਗਦ ਦੇਵਜੀ ਦੀ ਸੱਤਵੀਂ ਪੀੜ੍ਹੀ
3. ਬਾਵਾ ਕਾਨ੍ਹ ਸਿੰਘ ਤ੍ਰੇਹਨ ਸ਼੍ਰੀ ਗੁਰੁ ਅੰਗਦ ਦੇਵਜੀ ਦੀ ਅੱਠਵੀਂ ਪੀੜ੍ਹੀ ਜਥੇਦਾਰ ਵਿਨੋਦ ਸਿੰਘਜੀ ਦੇ ਪੁਤ੍ਰ।
4. ਨਿਰਮਲ ਗਿਆਨੀ ਭਾਈ ਮਨੀ ਸਿੰਘ ਮਹੰਤ (Ordained Bishop) ਸ਼੍ਰੀ ਹਰਿਮੰਦਿਰ ਸਾਹਿਬ ਅੰਮ੍ਰਿਤਸਰ, ਅਤੇ
5. ਨਿਰਮਲ ਸੰਤ[ਅ.73] ਧਰਮ ਸਿੰਘ ਛੋਟੇ ਚੇਲੇ ਸ਼੍ਰੀਗੁਰੁ ਦਰਬਾਰ ਕਵੀਰਾਜ ਚੰਦਨ ਸਿੰਘ, ਪਹਿਲੇ ਪਟਿਆਲੇ ਰਾਜ ਗੁਰੁ ਕੁਰਸੀਨਾਮੇ ਦੇ॥

ਪਟਿਆਲਾ ਰਾਜ ਧਰਮ ਮੰਤ੍ਰੀਆਂ ਦਾ ਅਟੂਟ ਕਦੀਮੀ ਕੁਰਸੀਨਾਮਾ

ਰਾਜਾ/ਸਰਦਾਰ ਬਾਬਾ ਰਾਮ ਸਿੰਘ 'ਫੂਲਕਾ'(ਈ.16..- - 1714) ਨੂੰ ਰਾਜ ਵਰ: ਪਹਿਲਾਂ- ਪਿਆਰਾ ਧਰਮ ਸਿੰਘ. 2. ਕਵੀ ਚੰਦਨ ਸਿੰਘ, 3. ਸੰਤ ਹਰੀ ਸਿੰਘ ਰਾਜਾ = 4. ਸੰਤ ਧਰਮ ਸਿੰਘ ਛੋਟੇ, ਠੀਕਰੀਵਾਲ/ਬਰਨਾਲਾ

1. ਮਹਾਰਾਜਾ ਬਾਬਾ ਆਲਾ ਸਿੰਘ (1691-1714-65) = 5. ਸੰਤ ਠੀਕਰੀਵਾਲ /ਟਿੱਕਾ ਸਰਦੂਲ ਸਿੰਘ
2. ਮਹਾਰਾਜਾ ਅਮਰ ਸਿੰਘ (1748 -65- 81) = 6. ਮਹੰਤ ਤੋਤਾ ਸਿੰਘ ਠੀਕਰੀਵਾਲ
3. ਮਹਾਰਾਜਾ ਸਾਹਿਬ ਸਿੰਘ (1773 -81-1813) = ਠੀਕਰੀਵਾਲ
4. ਮਹਾਰਾਜਾ ਕਰਮ ਸਿੰਘ (1798-1813-45) = ਠੀਕਰੀਵਾਲ
5. ਮਹਾਰਾਜਾ ਨਰੇਂਦ੍ਰ ਸਿੰਘ (1823- 45 - 62) = 6.ਮਹੰਤ ਤੋਤਾ ਸਿੰਘ+ਸੰਤ ਹੀਰਾ ਸਿੰਘ ਠੀਕਰੀਵਾਲ
6. ਮਹਾਰਾਜਾ ਮਹੇਂਦ੍ਰ ਸਿੰਘ (1852- 62 -76) = 7.ਮਹੰਤ ਹੀਰਾ ਸਿੰਘ ਠਕਿਰੀਵਾਲ
7. ਮਹਾਰਾਜਾ ਰਾਜੇਂਦ੍ਰ ਸਿੰਘ (1871- 76-1900) = 8.ਸ਼੍ਰੀਮਹੰਤ ਦੀਵਾਨ ਸਿੰਘ ਪੰਚੈਤੀ ਅਖਾੜਾ ਠੀਕਰੀਵਾਲ

---

72. ਸ਼੍ਰੀਗੁਗ੍ਰੰਜੀ.ਓ.ਪੰ. 590:7-9॥ ਅ.ਤੀਜੇ ਸਤਿਗੁਰ ਅੰਗ੍ਰੇਜ਼/ਅਜ ਦੇ ਜ਼ਮਹੂਰਿਅਤ ਚੋਂਣਾਂ ਦਾ ਇਸ਼ਾਰਾ ਹੈ! ਏ.ਸ਼੍ਰੀ ਗੁਰੁਪ੍ਰਤਾਪ ਸੂਰਜ:3।24।26-; ਪੰਥ ਪ੍ਰਕਾਸ਼ ਗਿ.ਗਜਾਨ ਸਿੰਘ,ਪਟਿਆਲਾ ॥ ਸ.ਗੁਰੁਕੀ ਸਾਖੀਆਂ. ਸ਼ਾਖੀ:61; 100-103॥ ਹ.ਗੁਰੁਕੀ ਸਾਖੀਆਂ.ਸਾਖੀ:101-102॥

73. ਨੋਟ:- ਸੰਤ ਘਰੇਲੂ ਰਹਿਤਬਧ ਨਹੀਂ, ਖੁਲਾ ਭਰਮਦਾ ਪ੍ਰਚਾਰਕ ਹੈ॥ ਗਿਆਨੀ ਗ੍ਰਿਹਸਤੀ,ਜਾਂ ਫੋਜ ਗ੍ਰੰਥੀ ਪ੍ਰਚਾਰਕ ਹੈ,ਇਤਨਾ ਫਰਕ ਹੈ। ਦੋਨਾਂਦਾ ਸੋਮਾ, ਸਿਧਾਂਤ, ਲਖਸ਼ ਇੱਕੋ ਹੈ ॥

Sri Satguru Jagjit Singh Ji eLibrary NamdhariElibrary@gmail.com

8. ਮਹਾਰਾਜਾ ਭੂਪੇਂਦ੍ਰ ਸਿੰਘ (1891-1900-38) = 9. ਮਹੰਤ ਬਸੰਤ ਸਿੰਘ ਠੀਕਰੀਵਾਲ ਰਾਜ ਗੁਰੁ ਪਟਿਆਲਾ ਦਰਬਾਰ ਮਹੰਤ ਗੁਰਦ੍ਵਾਰਾ ਮੋਤੀਬਾਗ / ਠੀਕਰੀਵਾਲ

9. ਮਹਾਰਾਜਾ ਯਾਦਵੇਂਦ੍ਰ ਸਿੰਘ (1913-38-74) 9+10. ਮਹੰਤ ਬਸੰਤ ਸਿੰਘ + ਸੰਤ ਰਾਮਬਸੰਤ ਸਿੰਘ (ਪਟਿਆਲਾ) ਰਾਜਾ ਡਾ. ਮ੍ਰਿਗੇਂਦ੍ਰ ਸਿੰਘ (1928-20..) ਪਟਿਆਲਾ ਸੰਗੀਤ ਘਰਾਣਾ ਗੰਧਰਵ ਵੀਣਾ, ਸੱਤਾਰ ਕਲਾਵੰਤ ਗਾਯਨਾਚਾਰਜ, ਗੰਧਰਵ ਮਹਾਵਿਦਜਾਲਯ ਐਮ. ਐਮ.; ਅਮਰੀਕਾ. ਯੇਲ ਯੂਨੀਵਰਸਟੀ ਵਿਸ਼੍ਵਧਰਮ:ਐਮ.ਏ. ਆਰ{Master of Arts in Religion (MAR.Yale Div)} ਮਗਰੋਂ ਵਿਸ਼੍ਵਧਰਮ ਦੀ ਪੀ, ਐਚ.ਡੀ(Ph.D (GNDU: World Rel) ਸੂਨੀ, ਕੂਨੀ ਪ੍ਰੋਫੈਸਰ...

10. ਮਹਾਰਾਜਾ ਕੈਪਟਨ ਅਮਰੇਂਦ੍ਰ ਸਿੰਘ (1942-20...) ਪੰਜਾਬ ਮੁੱਖ ਮੰਤ੍ਰੀ...=10. ਸੰਤ ਰਾਮਬਸੰਤ ਸਿੰਘ (ਰਾਜਗੁਰੁ, ਪਟਿਆਲਾ) ਟਿੱਕਾ ਰਣੇਂਦ੍ਰ ਸਿੰਘ

ਵਿਸ਼ੇਸ਼: ਉਸੇ ਬੈਸਾਖੀ ਪਰਵ ਦਰਬਾਰ ਅੰਮ੍ਰਿਤ ਸੰਸਕਾਰ ਭੋਗ ਉਤੇ ਦਸਮ ਸ਼੍ਰੀ ਜਗਦਗੁਰੂਜੀ ਨੇ ਦੋਨੋਂ ਚੌਧਰੀ ਫੂਲ ਬਰਾੜ ਪੁਤ੍ਰ: 1,ਚੌਧਰੀ ਤ੍ਰਿਲੋਕ ਸਿੰਘ ਤੇ 2. ਰਾਜਾ ਰਾਮ ਸਿੰਘ ਦੋ ਭਾਈਆਂ ਦੀਆਂ ਸੇਵਾਵਾਂ ਕਰਕੇ ਸ਼੍ਰੀ ਜਗਦਗੁਰੂਜੀਨੇ ਲੱਖਾਂ ਦੀ ਇਕੱਠੀ ਸੰਗਤ ਸਾਹਮਣੇ ਬਹੁਤ-ਖੁਸ਼ੀ ਦਿਖਾਂਦੇ ਦੋਨੋਆਂ ਨੂੰ ਹਲਤ-ਪਲਤ ਸੁਖਾਂ ਲਈ ਦੋ ਦਰਜਨ ਵੱਧ ਸਿਰੋਪਾਓ, ਸ਼ਸਤ੍ਰ ਆਪਣੇ ਕਰ-ਕਮਲਾਂ ਨਾਲ ਪ੍ਰਦਾਨ ਕੀਤੇ। ਓਨ੍ਹਾਂ ਦੀ ਸੰਖੇਪ ਫਹਿਰਿਸਤ ਇਹ ਹਨ:-

ਹਲਤ ਉਧਾਰ ਲਈਂ:-

1. ਕਿਲੇ ਸਿੰਘਪੌੜ ਉਤੇ ਤਿੰਨ ਗਜ਼ ਲੰਬਾ ਲੋਹ ਨਿਸ਼ਾਨ ਪੀਲੇ ਮਖਮਲੀ ਝੰਡੇ ਸਮੇਤ ਦਿੱਤਾ ਜੋ ਗੁਰਦ੍ਵਾਰਾ ਬੁਰਜ ਅੰਦਰ ਹੀ ਰਿਹਾ॥ 2.ਸੈਨਾ/ਫੌਜ ਸਾਹਮਣੇ ਪੈਦਲ/ਘੋੜੇ/ਹਾਥੀ ਲਈ ਛੋਟਾ ਲੋਹ ਨਿਸ਼ਾਨ ਪੀਲਾ ਮਖਮਲ ਝੰਡੇ ਸਮੇਤ ਦਿੱਤਾ, ਜੋ ਸਦਾ ਬੁਰਜ 'ਚ ਰਿਹਾ 3. ਦੋ ਦਰਜਨ ਸ਼ਸਤ੍ਰ ਆਦਿ:- ਫੌਲਾਦੀ ਖੜਗ, ਸਕੇਲੇ, ਅਸਿ, ਕ੍ਰਿਪਾਨ, ਪੇਸ਼ ਕਬਜ਼, ਸਫਾਜੰਗ ਆਦਿ।4.ਦਸ਼ਮ ਸ਼੍ਰੀਜਗਦਗੁਰੂਜੀ ਤੀਰ, ਸੋਨੇ ਬੰਦ ਫਲ ਵਾਲੇ ਦਿਤੇ, 5.ਤੀਰ ਨਿਸ਼ਾਨ ਜ਼ਰਾਬਕਤ੍ਰ ਸੋਨੇ ਅੱਖਰ ਬਚਿਤ੍ਰ ਨਾਟਕ ਲੇਖ ਤੋੜੇਦਾਰ ਬੰਦੂਖ ਆਦਿ ਪ੍ਰਦਾਨ ਕੀਤੇ॥

ਪਲਤ ਉਧਾਰ ਲਈਂ:-

6. ਛੇਵੇਂ ਸ਼੍ਰੀ ਜਗਦਗੁਰੂ ਹਰਿਗੋਬਿੰਦ ਸਾਹਿਬਜੀ ਦੇ ਪੀਲੇ ਰੰਗ ਮਖਮਲ ਮਿਆਨ ਸਮੇਤ ਦਸ ਸੇਰ ਪੱਕਾ ਖੰਡਾ ਮਰ੍ਹਾਜ ਯੁੱਧ ਖੇਤ੍ਰ 'ਚ ਚੌਧਰੀ ਮੋਹਨ ਬਰਾੜ-ਸਿੱਧੂ ਨੂੰ ਪਹਿਲੀ ਗੁਰੂਸਿੱਖ ਮਿਸਲ ਹੋਣ ਵੇਲੇ ਬਖਸ਼ਿਆ॥

7. ਸੱਤਵੇਂ ਸ਼੍ਰੀ ਜਗਦਗੁਰੂ ਹਰਿ ਰਾਇ ਸਾਹਿਬਜੀ ਦੀ ਚੌਧਰੀ ਫੂਲ ਨੂੰ ਪ੍ਰਦਾਨ ਪੰਜ ਗ੍ਰੰਥੀ॥

8. ਨੌਵੇਂ(9)ਸ਼੍ਰੀਜਗਦਗੁਰੂ ਤੇਗ਼-ਬਹਾਦੁਰ ਸਾਹਿਬ ਜੀ ਦੇ ਨੀਲੇ ਰੰਗ ਮਖਮਲ ਮਿਆਨ ਸਮੇਤ ਤਲਵਾਰ॥

9. ਉਪਰ ਲਿਖੇ ਦਸਮ ਸ਼੍ਰੀ ਜਗਦ-ਗੁਰੂ ਗੋਬਿੰਦ ਸਿੰਘਜੀ ਦੇ ਦਸਤਖਤਾਂ ਦਾ ਤੇ ਬਿਨਾ ਰਾਗ ਮਾਲਾ, ਸ਼੍ਰੀ ਗ੍ਰੰਥਜੀ ਆਦਿ॥ ਇਹ ਸਾਰੀਆਂ ਪੂਜ ਵਸਤੂਆਂ ਛੋਟੇ ਭਾਈ ਪਟਿਆਲੇ ਬੰਸੀਆਂ ਦੇ ਕਿਉਂ ਆਈਆਂ? ਬੜੇ ਭਾਈ ਨਾਭਾ ਬੰਸ ਦੇ ਕਿਉਂ ਨਹੀਂ? ਇਸ ਦੀ ਸਚੀ

Sri Satguru Jagjit Singh Ji eLibrary NamdhariElibrary@gmail.com

ਇਤਿਹਾਸ ਪਹੇਲੀ ਪਿਛੇ ਬੜੇ ਬੰਸ ਨਾਲ ਵੈਰ ਅੰਤ ਤਕ ਸਾਨੂੰ ਹੀ ਪਤਾ ਹੈ, ਬਾਕੀ ਸਭ ਇਤਿਹਾਸ ਅਨੁਮਾਨ ਹੈ, ਹੋਰ ਥਾਂ ਲਿਖਿਆ ਹੈ॥

10. ਐਸੇ ਅਨੇਕ ਪਦਾਰਥਾਂ ਦੀ ਫੈਰਿਸਤ ਲਿਖੇ, ਅਨਲਿਖੇਆਂ ਦੇ ਨਿੱਤ ਦਰਸ਼ਨ ਸਪਰਸ਼ਨ ਲਈ ਪ੍ਰਦਾਨ ਪੂਜਜ ਵਸਤੂਆਂ ਦਾ ਆਨੰਦ ਮਾਨਣ ਦਾ ਸੌਭਾਗਜ ਹੈ॥ ਇਸ ਤਰ੍ਹਾਂ ਸ਼੍ਰੀਗੁਰੂਜੀਆ ਦੇ ਬੁਜ਼ੁਰਗਾਂ ਨੂੰ ਸਮੇ ਸਮੇ ਜੋ ਅਨੇਕ ਪਰਦਾਨ ਪੂਜ ਵਸਤੂਆਂ ਬਖਸ਼ਸ਼ ਕਿਲੇ ਮੁਬਾਰਿਕ ਮਹਾਰਾਜਾ ਬਾਬਾ ਆਲਾ ਸਿੰਘ ਜੀ ਦੇ ਬੁਰਜ ਹਜ਼ੂਰੀ ਗੁਰੁਦ੍ਵਾਰੇ 'ਚ 1956-60 ਤਕ ਰਹੀਆਂ: ਤੇ ਪਿਛੋਂ ਨਵੇਂ ਮੋਤੀ ਮਹਿਲ ਮਹਾਰਾਜਾ ਸਾਹਿਬ ਦੇ ਹਜ਼ੂਰੀ ਗੁਰਦ੍ਵਾਰੇ ਪਟਿਆਲੇ ਹੁਣ ਹਨ॥ ਇਹ ਪੂਜ ਵਸਤੂਆਂ ਨਾਲ ਹੋਰ ਵੀ ਕਈ ਸ਼੍ਰੀ ਜਗਦਗੁਰੂਜੀ ਦੀਆਂ ਪੂਜ ਵਸਤੂਆਂ ਹਨ, ਜਿਵੇਂ:- 1. ਸੰਮਤ 1763 'ਚ ਦਮਦਮੇ ਸਾਹਿਬ 10ਸ਼੍ਰੀਜਗਦਗੁਰੂਜੀ ਦੇ ਛਾਂਟੇ ਪੰਜ ਪਿਆਰੇਆਂ ਨੂੰ ਕਰ-ਕਮਲਾਂ ਨਾਲ ਖੜਗਾਮ੍ਰਿਤ ਛਕਾਣ ਵੇਲੇ ਬੰਸ ਉਧਾਰ ਨਿਰਮਲ ਸੰਤ ਧਰਮ ਸਿੰਘ ਛੋਟੇ/ਸਾਨੀ (ਧਰਮ ਸਿੰਘ ਬੜੇ ਪਿਆਰੇ ਆਨੰਦਪੁਰ ਸਨ) ਬਕਸ਼ੀ, ਗੁਰੁਕਾਸ਼ੀ ਅਟੁਟ ਗੁੰਰੁਗਮ ਟਕਸਾਲ ਕੁਰਸੀ ਨਾਮਾ ਚਲਿਆ। ਓਨ੍ਹਾਂ ਮਹੰਤਾਂ, ਸੰਤਾਂ, ਗਿਆਨੀਆਂ ਦੀਆਂ ਅਟੁਟ ਲੜੀਆਂ ਚਲੀ 'ਚ ਅਤੀ ਦੁਰਲਭ ਬ੍ਰਹਮ ਕ੍ਰਮ ਗਿਆਨ ਪਰਿਭਾਖ ਕ੍ਰਮ ਪਠਨ ਪਾਠਨ ਸਿਖਿਆ ਪੀੜ੍ਹੀ ਦਰ ਪੀੜ੍ਹੀ ਸ਼੍ਰੀ ਅਕਾਲਪੁਰਖੁ, ਸ਼੍ਰੀ ਵਿਸ਼ੂਗੁਰੂਜੀ ਦੀ ਕ੍ਰਿਪਾ ਨਾਲ ਪ੍ਰਾਪਤੀ ਦਾ ਪਰਮ ਸੌਭਾਗੀ ਹਾਂ॥ 2. ਸਿਰਹਿੰਦੀ ਭਗਤ ਸਧਨਾ ਕਸਾਈ ਜੀ ਦਾ ਪ੍ਰਸਿੱਧ ਕਰਾਮਾਤੀ ਤੋਲ ਬੱਟਾ(ਪੱਥਰ) ਆਦਿ ਅਨੇਕ ਪੂਜਜ ਪਦਾਰਥ ਹਨ।

ਛੇਵੇਂ ਸ਼੍ਰੀ ਜਗਦਗੁਰੂ ਹਰਿਗੋਬਿੰਦ ਜੀ ਦੀ ਪਹਿਲੀ ਬਖਸ਼ਸ਼ ਫੂਲ ਮਿਸਲ ਥਾਪਣੀ

ਸਾਰੇ ਗੁਰੂਸਿੱਖਾਂ ਨੂੰ ਇਹ ਸਾਖੀ ਜਾਣਨੀ ਜ਼ਰੂਰੀ ਹੈ:- ਸਭ ਤੋਂ ਪਹਿਲੀ ਗੁਰੂਸਿਖ ਮਰ੍ਹਾਜ(ਮੁਹਰਾਜ) ਮਿਸਲ ਛੇਵੇਂ ਸ਼੍ਰੀਜਗਦਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1636 ਪੋਹ ਪ੍ਰਵਿਸ਼ਟਾ ਸਤਾਰਾਂ 17, ਮੰਗਲਵਾਰ ਮਰ੍ਹਾਜ ਪਿੰਡ ਦੇ ਮਲ੍ਹਾਨ, ਜੰਗ ਮਦਾਨ ਜਿਤਣ ਤੇ ਉਸੇ ਸ਼ਾਮ ਨੂੰ ਆਪਣੀ ਮਰ੍ਹਾਝ ਗੁਰੂ ਮਿਸਲ ਥਾਪੀ॥ ਜੰਗ ਦਾ ਵਿਸ਼ੇਸ਼ ਫਲ ਹੋਇਆ ਕਿ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਇੱਕਠੀਆਂ ਤਿਨੋਂ ਫੌਜਾਂ ਦੀ ਹਾਰ ਦੇਖੀ, ਜਿਵੇਂ:- 1.ਲਾਹੌਰ ਸੂਬੇ ਅਤੇ 2. ਸਿਰਹੰਦ ਸੂਬਾ, ਤੇ 3. ਜਲੰਧਰ ਦੇ ਫੌਜਦਾਰ ਜੁੜੀ ਤਿਨੋਂ ਫੌਜਾਂ ਨੇ ਸ਼ਿਕਸਤ ਖਾਧੀ॥ ਜੰਗ'ਚ ਛੇਵੇਂ ਸ਼੍ਰੀਜਗਦਗੁਰੂ ਹਰਿਗੋਬਿੰਦ ਸਾਹਿਬ ਦੀ ਫੌਜ ਨਾਲ ਜੁੜੇ ਚੌਧਰੀ ਮਰ੍ਹਾਜ ਦੇ ਪੁਤ੍ਰ ਮੋਹਨ ਦੀ ਫੌਜ ਨੇ ਜਿਤ ਪਾਈ ਜਿਸ ਕਾਰਣ ਛੇਵੇਂ ਸ਼੍ਰੀ ਜਗਦਗੁਰੂ ਜੀਨੇ ਮਰ੍ਹਾਜ ਪੁਤ੍ਰ ਮੋਹਨ ਦੀ ਫੌਜ ਨੂੰ, ਮੁਗ਼ਲ ਫੌਜ: ਜੈਪੁਰ, ਜੋਧਪੁਰ ਆਦਿ ਮਿਸਲਾਂ ਮੁਕਾਬਲੇ, ਆਪਣੀ ਪਹਿਲੀ ਗੁਰੂਸਿਖ ਮਹਿਰਾਜ ਮਿਸਲ ਇਲਾਨ ਥਾਪੀ॥ [74]

ਉਸ ਜੰਗਕਾਲ ਦੋ ਪੀੜ੍ਹੀਆਂ ਪਿਛੋਂ ਫੇਰ ਗੁਰੂਸਿਖ ਮਹਿਰਾਜ ਮਿਸਲ ਦਸਮ ਸ਼੍ਰੀਜਗਦਗੁਰੂ ਗੋਬਿੰਦ ਸਿੰਘਜੀ ਨੇ ਫੂਲ ਸਿੱਧੂ- ਬਰਾੜ ਪੁਤ੍ਰਾਂ ਵਿੱਚੋਂ ਦੋ ਬੜੇ ਪੁਤ੍ਰ:-1.ਚੌਧਰੀ ਤਿਲੋਕ ਸਿੰਘ ਅਤੇ ਸਰਦਾਰ ਰਾਮ ਸਿੰਘ ਦੀ ਪਰੀਖਿਆ ਲਿਤੀ। ਛੋਟਾ ਭਾਈ ਰਾਮ ਸਿੰਘ ਵਿਸ਼ੇਸ਼ ਪਰੀਖਿਆ

74. ਦੇਖੋ ਅੰਗ੍ਰੇਜ਼ੀ'ਚ 19ਵੀ ਸਦੀ ਪੁਸਤਕ:- "Mr.Campbell's "*The Sikhs*"

Sri Satguru Jagjit Singh Ji eLibrary NamdhariElibrary@gmail.com

'ਚ ਉਤੀਰਣ ਭਾਵਨਾ ਅਨੁਸਾਰ ਬੜਾ ਰਾਜ (ਪਟਿਆਲਾ) ਹੋਣ ਦਾ ਬਰ ਪਾਯਾ[75], ਪਰ ਬੜੇ ਭਾਈ ਤਿਲੋਕ ਸਿੰਘ ਦੀ ਦੁਬਧਾ ਭਾਵਨਾ ਕਾਰਣ ਅੰਤ 'ਚ ਛੋਟੇ ਦੋ-ਫਾੜ (ਨਾਭਾ,ਜੀਂਦ) ਰਾਜਾਂ ਦਾ ਬਰ ਪਾਯਾ; ਇਸ ਕਾਰਣ ਦੋ ਵਿਸ਼ੇਸ ਰਾਜਸੀ ਗਲਾਂ ਹੋਈਆਂ:- 1.ਮਰ੍ਹਾਜ ਮਿਸਲ ਰਾਜ ਬਰਦਾਨ ਬਖਸ਼ਨ ਕਾਰਣ ਫੂਲਕਿਆਂ ਮਿਸਲ ਬਣ ਗਈ; ਅਤੇ 2.ਤਿਲੋਕ ਸਿੰਘ ਦੁਭਿਦਾ ਭਾਵਨਾ ਅਨੁਸਾਰ ਬਰਦਾਨ ਕਾਰਣ ਪੁਤਾਂ 'ਚ ਈਰਖਾ ਕਾਰਣ ਚਾਚਾ ਰਾਮ ਸਿੰਘ ਨੂੰ ਮਾਰ ਦਿਤਾ, ਤੇ ਬੰਸੀਆਂ 'ਚ ਵੈਰ ਸੰਨ 1947-48 ਤਕ ਰਹਿਆ; ਵਿਸ਼ੇਸ਼ ਗੱਲ ਧਰਮ ਅਨੁਸਾਰ ਦੋਨੋਂਆਂ ਦੀਆਂ ਭਾਵਨਾ'ਚ ਫਰਕ ਕਰਕੇ ਨਾਭੇ ਦੀ ਈਰਖਾ ਚਲਦੀ ਰਹੀ॥

ਉਸੇ ਬੈਸਾਖੀ ਦਰਬਾਰ 'ਚ ਦਸਮ ਸ਼੍ਰੀਜਗਦਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੇ ਸਾਹਿਬ ਗੁਰੂ-ਕਾਸ਼ੀ ਥਾਪ ਦਮਦਮਾ ਭਾਈ ਦੀਪ ਸਿੰਘ ਨੂੰ ਮਹੰਤ ਥਾਪਿਆ; ਜੋ ਅਗੇ ਇਤਿਹਾਸ 'ਚ ਪਟਿਆਲਾ ਰਾਜ ਬਾਨੀ ਬਾਬਾ ਮਹਾਰਾਜਾ ਆਲਾ ਸਿੰਘ ਨੇ ਭਾਈ ਦੀਪ ਸਿੰਘ ਤੋਂ ਹੀ ਇਤਿਹਾਸਿਕ ਠੀਕਰੀਵਾਲ ਪਿੰਡ ਬਰਨਾਲੇ ਖੜਗ ਅੰਮ੍ਰਿਤ ਛਕਿਆ॥ ਓਸੇ ਥਾਂ ਨਿਰਮਲ ਡੇਰਾ ਬਣਾਇਆ, ਹੁਣ ਤਕ ਹੈ॥

ਦਿਵਾਨ ਖਾਨੇ ਦੀ ਛੱਤ ਥਿਰ ਰਖਣ ਲਈ ਅਨੇਕ ਥੰਮਲੇ ਹੁੰਦੇ ਹਨ ਜੇ ਸਾਰੇ ਇਕ ਇਕ ਕਰਕੇ ਢਾਹੇ ਜਾਣ ਆਪੇ ਛੱਤ ਢਹਿ ਜਾਵੇਗੀ। ਇਸੇ ਤਰ੍ਹਾਂ, ਕੇਵਲ ਇੱਕੋ ਤਰੀਕੇ ਰਾਹੀਂ ਸੰਭਵ ਹੈ, ਸਿਖਾਂ ਨੂੰ ਗਲਤ ਧਰਮ ਅਰਥ, ਇਤਿਹਾਸ ਦਸਿਆ ਜਾਵੇ ਮੁੱਕ ਜਾਣਗੇ॥ ਇਹ ਸੱਚ ਹੈ, ਪੁਰਾਣੇ ਸਾਹਿਤ ਨੂੰ ਭਾਰਤੀ ਨਹੀਂ ਪੜ੍ਹ ਸਕਦੇ, ਸਮਝਨਾ ਦੂਰ॥ ਅੰਗ੍ਰੇਜ਼ ਨੇ ਪੰਜਾਬ ਉਸ ਦਾ ਦੇਸੀ ਇਤਿਹਾਸ ਪਲਟਕੇ ਨਵੀ ਬੋਲੀ 'ਚ ਲਿਖਵਾਇਆ, ਜੋ ਅੱਜ ਦੁਨਿਆ ਭਰਦੇ ਸਿੱਖ ਉਲਟੇ ਅਰਥ ਸਮਝਦੇ ਹਨ॥ ਅੰਗਰੇਜ਼ਾਂ ਅਨੁਸਾਰ ਸਿੱਖ ਰਾਜ ਲਾਹੌਰ(ਉੱਤਰ ਪੰਜਾਬ ਦੇ) ਮਹਾਰਾਜਾ ਰਣਜੀਤ ਸਿੰਘ ਨਾਲ ਸ਼ੁਰੂ ਤੇ ਖਤਮ ਹੋਇਆ, ਇਹ ਕਮਾਲ ਨਹੀਂ ਤਾਂ ਕੀ ਹੈ? ਪਰ ਅਸਲ ਗੁਰੂਸਿੱਖ ਰਾਜ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਹਾਦਤ ਅਨੁਸਾਰ ਇਹ ਹੈ:- ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵਦੈ॥

ਦਸਮ ਸ਼੍ਰੀਵਿਸ਼ੂਗੁਰੂ ਜੀਦਾ ਬਚਨ ਹੈ: ਰਾਜ ਸਾਜ ਹਮਪਰ ਜਬ ਆਯੋ। ਜਥਾ ਸ਼ਕਤ ਤਬ ਧਰਮ ਚਲਾਯੋ॥ ਅੰਗ੍ਰੇਜ਼ ਕਦ ਮੰਨਦੇ, ਜਾਂ ਚੌਂਹੁੰਦੇ ਸਨ, ਗੁਰੂਸਿੱਖ ਕਦੀ ਇਹ ਜਾਣਨ ਤੇ ਮੰਨਣ, ਓਨ੍ਹਾਂ ਦੇ ਗੁਰੂ ਵੀ ਕਦੀ ਰਾਜੇ ਸਨ! ਛੇਵੇਂ ਸ਼੍ਰੀ ਜਗਦਗੁਰੂ ਗਵਾਲਿਅਰ 51 ਰਾਜੇਆਂ ਨਾਲ ਕੈਦ ਕਿਉਂ ਸਨ? ਓਨ੍ਹਾਂ ਦੇ ਧਰਮ ਥਾਪਕ ਪੈਗੰਬਰ ਈਸਾ, ਰਾਜਾ ਨਹੀਂ ਸਨ: ਉਸੇ ਤਰ੍ਹਾਂ ਦਸੇ ਗੁਰੂ ਵੀ ਸਮਝਨੇ ਚਾਹਿਦੇ ਹਨ ਪਰ ਦਸਮ ਸ਼੍ਰੀਵਿਸ਼ੂਗੁਰੂ ਜੀ ਦੀ ਸ਼ਹਾਦਤ ਹੈ: ਬਾਬੇ ਕੇ ਬਾਬਰ ਕੇ ਦੋਊ । ਆਪ ਕਰੇ ਪਰਮੇਸਰ ਸੋਊ॥ ਦੀਨਸ਼ਾਹ ਇਨਕੋ ਪਹਿਚਾਨੋ। ਦੁਨੀਪਤਿ ਉਨਕੋ ਅਨੁਮਾਨੋ॥ ਸੰਖੇਪ ਭਾਵਾਰਥ ਇਹ ਹੈ:-

ਪਰਮੇਸ਼ੁਰ ਕਰਤਾ ਅਕਾਲ ਪੁਰਖੁ ਨੇ ਦੋਨੋਂ ਬਾਬਾ ਵਿਸ਼ੂਗੁਰੂ ਨਾਨਕ ਦੇਵ ਉੱਤਰਾਧਿਕਾਰੀਆਂ ਸਮੇਤ ਭਾਰਤ ਖੰਡ ਦੇ ਦੀਨਸ਼ਾਹ(Divine Spiritual Sovereign) ਥਾਪੇ ਅਤੇ ਮੁਗ਼ਲ

75. ਸ਼੍ਰੀਗੁਗ੍ਰੰਥਜੀ ਉ.ਪੰ.966:15 ॥ਅ.ਦਗ੍ਰੰਜੀ,ਗੁਰਵਤਾਰ ਬਚਿਤ੍ਰ ਨਾਟਕ 7।1॥ ਏ.ਪੁਨ੍ਹੈ. ਬਚਿਤ੍ਰ ਨਾਟਕ 13:9-10॥ਸ.ਪੁਨ੍ਹੈ ਬਚਿਤ੍ਰ ਨਾਟਕ 6:26॥

Sri Satguru Jagjit Singh Ji eLibrary NamdhariElibrary@gmail.com

ਬਾਬਰ ਬੰਸੀ ਇਸੇ ਭਾਰਤ ਦੇ ਦੁਨੀਪਤਿ(Temporal Sovereign) ਥਾਪੇ। ਅਰਥਾਤ, ਦੋਨੋਂ ਆਪਣੇ ਆਪਣੇ ਪਧਰਾਂ ਦੇ ਸ਼ਾਹ-ਪਤਿ ਰਾਜੇ ਥਾਪੇ॥

ਆਮ ਪਾਠਕ ਰਾਜਾ ਸ਼ਬਦ ਦਾ ਮੂਲ ਨਹੀਂ ਜਾਣਦਾ॥ ਰਾਜੇ ਸ਼ਬਦ ਮੂਲ ਗੌਂਣ-ਰੂੜੀ ਸੰਸਕ੍ਰਿਤ ਧਾਤੂ ਆਧਾਰ- **ਰਾਤ੍ਰੀ ਪ੍ਰਕਾਸ਼ਤੇ ਇਤਿ ਰਾਜਾ ਪ੍ਰਕਾਸ਼** ਅਰਥ ਹੈ॥ ਇਸੇ ਕਾਰਣ ਬੋਧੀ, ਗੌਤਮ ਬੁੱਧ ਨੂੰ ਏਸ਼ਿਆ ਦਾ ਚਾਨਣ(Light of Asia) ਆਖਦੇ ਹਨ॥ ਦਸਮ ਸ਼੍ਰੀਵਿਸ਼ੂਗੁਰੂ ਜੀ ਨੇ ਪੈਗੰਬਰ ਮੁਹੰਮਦ ਬਾਰੇ ਲਿਖਿਆ-

ਜੇ ਪ੍ਰਭੁ ਪਰਮ ਪੁਰਖ ਉਪਜਾਏ। ਤਿਨਤਿਨ ਅਪਨੇਰਾਹ ਚਲਾਏ॥
ਮਹਾਦੀਨ ਤਬ ਪ੍ਰਭੁ ਉਪਰਾਜਾ। ਅਰਬ ਦੇਸ ਕੋ ਕੀਨੋ ਰਾਜਾ॥ 26

ਤੁਕ 'ਚ ਰਾਜਾ ਅਰਥ ਪ੍ਰਕਾਸ਼ ਹੈ॥ ਜਨਤਾ ਕੇਵਲ ਜਿਗ੍ਹਾ ਕਲਗੀ ਆਦੀ ਪਹਿਨਣ, ਸਿੰਘਾਸਨ ਉਤੇ ਬੈਠਣ ਵਾਲੇਆਂ ਨੂੰ ਰਾਜਾ ਸਮਝਦੀ ਹੈ ਪਰ ਅਸਲ ਓਹ ਰਾਜਾ ਹੈ ਜਿਸਦੀ ਹਕੂਮਤ ਚਲਦੀ ਹੈ, ਕਿਸੇ ਵੀ ਭੇਖ 'ਚ ਹੋਵੇ, ਓਹੀ ਰਾਜਾ/ਹੁਕਮਰਾਨ ਹੈ॥

ਪੰਚਮ ਸ਼੍ਰੀਜਗਦਗੁਰੂ ਜੀਦੀ ਆਗਿਆ ਅਨੁਸਾਰ, ਸ਼ਹੀਦੀ ਪਿੱਛੋਂ, ਛੇਵੇਂ ਸ਼੍ਰੀਜਗਦਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖਤ ਰਾਜ ਦਰਬਾਰ ਅੰਮ੍ਰਿਤਸਰ ਬਣਾਇਆ, ਮਰ੍ਹਾਜ ਜੁਧ ਵਿਜੈ ਉਤੇ ਮਰ੍ਹਾਜ ਮਿਸਲ ਆਪ ਥਾਪੀ॥

ਅੰਗ੍ਰੇਜ਼ਾਂ ਨੇ ਬਿਗਾੜ ਪੌਣ ਲਈਂ ਗੁਰੂਸਿੱਖਾਂ'ਚ ਅੱਜ ਦੀ ਖੜੀ ਪੰਜਾਬੀ 'ਚ ਸ਼੍ਰੀ ਗੁਰੂਬਾਣੀ ਅਧਾਰ ਸਿਧਾਂਤ ਰਾਹੀਂ ਦੁਨੀਆਂ ਵਿੱਚ ਪ੍ਰਚਲਿਤ ਨਵੀਂ (ਪੰਜਾਬੀ, ਹਿੰਦੀ, ਆਦਿ ਅੰਗ੍ਰੇਜ਼ੀ) ਬੋਲੀਆਂ 'ਚ ਲਿੱਖਣੀ ਪੈਣੀ ਹੈ--ਨਹੀ ਤਾਂ ਦੁਨੀਆਂ ਭਰਦੇ ਗੁਰੂਸਿੱਖ-ਸਿੰਘ ਸ਼੍ਰੀਵਿਸ਼ੂਗੁਰੂ ਜੀਦੇ ੧ਓਂਤੱਤ ਦੇ ਏਕਤ੍ਵ ਸਿੱਧਾਤ ਤੋ ਵਾਂਝੇ ਰਹਿ--ਅਤਿਪ੍ਰਚੰਡ ਪ੍ਰਕਾਸ਼ ਸਿੱਧਾਂਤ ਅਤੇ ਇਤਿਹਾਸ ਦੋਨੋਂ ਤੋਂ ਅਣਜਾਣ ਰਹਿ ਜਾਣਗੇ॥ ਸਿੰਘਾਵਲੋਕਨ ਨਿਯਾਯ: ਅਸੀਂ ਜਿਥੋਂ ਕੁਛ ਲਾਂਬੇ ਹੋਇ ਸੀ, ਓਥੇ ਵਾਪਸ ਮੁੜਦੇ ਹਾਂ॥

ਟੀਕਾ ਟਿੱਪਣੀ ਕਰਤਾ ਦਾ ਸੰਖੇਪ ਪਰਿਚੈ

ਸ਼ੁਰੂ'ਚ ਇਸ ਗੰਥ ਦਾ ਸੰਕਲਪ ਪ੍ਰਸੰਗ ਲਿਖਿਆ, ਹੁਣ ਇਸ ਦਸ ਟੀਕਾ ਸੰਗ੍ਰੈਹ ਗ੍ਰੰਥ ਕਰਤੇ ਦਾ ਸੰਖੇਪ ਗੁਰੁਗਮ ਸਿੱਖਯਾ ਬਾਰੇ ਹੈ॥ ਬਚਪਨ ਤੋ ਦੋਨੋਂ ਦੇਸੀ-ਅੰਗ੍ਰੇਜ਼ੀ (ਯੋਰਪੀਅਨ) ਅਨੇਕ ਰਜਵਾੜੇ ਦੇ ਹਰ ਤਬਕੁ ਦੇ ਮੁਲਾਜ਼ਿਮਾਂ ਨਾਲ ਵਾਸਤਾ ਰਹਿੰਦਾ ਸੀ॥ ਪੰਜ ਤੋਂ ਸ਼ੁਰੂ ਬਾਰਾਂ ਸਾਲਦੀ ਉਮਰ ਤਕ ਇਸਾਈ ਧਰਮੀ ਸਕੂਲਾਂ ਦੀ ਤਲੀਮ ਨਾਲ ਦੀ ਨਾਲ ਸਿਖਣੀ ਜ਼ਰੂਰੀ ਹੁੰਦੀ ਸੀ ਜਿਸ ਕਰਕੇ ਦੇਸੀ ਤੇ ਵਿਦੇਸੀ ਢੰਗ ਵਿਦਿਆ ਪਠਨ ਪਾਠਨ ਅਮਲੀ ਪ੍ਰਤੱਖ ਰੂਪਾਂ 'ਚ ਪ੍ਰਤੱਖ ਸਮਝੇ ਸਨ। ਐਸੀ ਵਿਵਸਥਾ ਹੁਣ ਦੋਹਾਂ ਆਮ ਗਰੀਬ ਜਨਤਾ ਅਤੇ ਬਹੁਤ ਅਮੀਰ ਬਾਲਕਾਂ ਲਈ ਵੀ ਦੁਰਲਭ ਸੀ॥ ਇਸ ਤਰ੍ਹਾਂ ਸ੍ਰੀ ਗੁਰੁਬਾਣੀ ਅਨੁਸਾਰ-ਸਭ ਕਿਛੁ ਜੀਵਤਕੋ ਬਿਵਹਾਰ॥ ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ॥[76] ਸੰਸਾਰੀ ਗ੍ਰੀਹਸਤੀ ਜੀਵਨ ਸੰਸਾਰ ਗ੍ਰਿਸਤ ਸ਼ਾਸਤ੍ਰੀ ਸੰਗੀਤ ਕਲਾ ਦਾ ਆਨੰਦ ਮਾਣਿਆ, ਅਤੇ ਸ਼੍ਰੀ ਗੁਰੁਬਾਣੀ ਸੰਗੀਤ ਸਤਸੰਗਾਂ ਵਿਚ ਲੈਂਦੇ ਪਟਿਆਲੇ 'ਚ ਬਾਬਾ ਜੱਸਾ ਸਿੰਘ ਡੇਰੇ ਛੋਟੇ ਸੰਤ ਗੁਰਮੁਖ ਸਿੰਘ ਨੇ ਪਹਿਲਾ ਗੁਰਮਤ ਕਾਲਿਜ ਥਾਪਿਆ; ਪ੍ਰਿੰਸੀਪਲ ਡਾ.ਗੰਡਾ ਸਿੰਘ ਇਤਿਹਾਸਕਾਰ ਥਾਪੇ, ਜੋ

76. ਸ਼੍ਰੀ ਗੁਰੁ ਗ੍ਰੰਥਜੀ.ਪੰਨਾ.536:11

Sri Satguru Jagjit Singh Ji eLibrary NamdhariElibrary@gmail.com

ਓਨਾਂ ਦੇਖੇ ਸਿੱਖ ਮਿਸਨਰੀ ਸੰਸਥਾ, ਅੰਮ੍ਰਿਤਸਰ ਦੀ ਰੂਪਰੇਖਾ ਉੱਤੇ ਚਲਾਨ ਦਾ ਸੰਕਲਪ ਬੰਨ੍ਹਿਆ ਪਰ ਗੁਰਬਾਣੀ ਵਿਦਵਿਤ ਸਿਖ ਵਿਦਵਾਨਾ ਦੀ ਘਾਟ ਪ੍ਰਤੀਤ ਹੋਈ, ਰਾਜਨੀਤੀ ਸਿਖਾਣ ਦੇ ਬਹੁਤ ਸਿੱਖ ਦੇਖੇ, ਅਤੇ ਧਨ ਦੀ ਵੀ ਥੁੜ ਵਜ਼ੀਫੇ ਆਦਿ ਦੇਖ, ਓਨ੍ਹਾਂ 20 ਵਿਦਿਆਰਥੀ ਧਰਮ ਤੁਲਨਾਤਮਕ ਧਰਮ ਪੜ੍ਹਾਨ ਲਈ ਚੁਣੇ॥ ਓਨ੍ਹਾਂ ਨੇ ਇਸ ਭਾਸ-ਟਿੱਪਣੀ ਕਰਤਾ ਨੂੰ ਵੀ ਮਦਦ ਕਰਣ ਦੀ ਪ੍ਰੇਰਣਾ ਕੀਤੀ, ਕਾਰਣ ਕਿ ਓਹ ਤਿਨ ਚਾਰ ਸਾਲ ਓਦੋਂ ਹਰੇਕ ਵੀਰਵਾਰ ਟੀ.ਬੀ. ਹਸਪਤਾਲ ਡਾ.ਖੁਸ਼ਦੇਵ ਸਿੰਘ ਦੇ ਸਤਸੰਗ 'ਚ ਗੁਰਬਾਣੀ ਚਰਚਾ ਭਾਗ ਸਮੇ ਸਮੇ ਆਪਣੀ ਵੀ ਵਾਰੀ ਆਣ ਤੇ ਕਥਾ ਸੁਣਦੇ ਸਨ॥ ਉਸੇ ਤਰ੍ਹਾਂ ਭਾਈ ਅਰਦਮਨ ਸਿੰਘ ਬਾਗੜੀਆਂ ਸਿੱਖ ਇਤਿਹਾਸ ਦੇ ਵੱਖ ਵੱਖ ਪਹਿਲੂ ਸਿਖਾਣ ਲਈ ਪ੍ਰੇਰੇ॥ ਅਸਾਂ ਦੋਹਾਂ ਉਨ੍ਹਾਂ ਦੀ ਇਛਾ ਪੂਰ ਚੜ੍ਹਾਣ ਲਈਂ ਸਿਖਾਣਾ ਸ਼ੁਰੂ ਕੀਤਾ॥

ਥੋੜੇ ਚਿਰ ਮਗਰੋਂ ਪੰਜਾਬੀ ਯੂਨੀਵਰਸਟੀ ਬਾਰਾਂਦਾਰੀ ਮਹਿਲ 'ਚ ਥਾਪੀ ਗਈ; ਡਾ. ਗੰਡਾ ਸਿੰਘ ਜੁੜੇ ਤੇ ਗੁਰਮਤ ਕਾਲਿਜ ਛੱਡ ਗਏ॥ ਉਨ੍ਹਾਂ ਪਿੱਛੋਂ ਬਣੇ ਪ੍ਰਿੰਸੀਪਲ ਨੇ ਸਿਖਾਣ ਦੇ ਨੇਮ ਬਦਲੇ॥ ਵਿਸ੍ਮੈ ਤੁਲਨਾਤਮ ਧਰਮ ਮਹੌਲ ਨਾ ਰਹਿਣ ਕਾਰਣ ਇਹ ਭਾਸ਼ ਟਿੱਪਣੀ ਕਰਤਾ ਪੰਜਾਬੀ ਯੂਨੀਵਰਸਟੀ ਦਿਲੀ ਕੇਂਦ੍ਰ ਯੂਨੀਵਰਸਟੀ ਗ੍ਰਾਂਟ ਕੁਮਿਸ਼ਨ ਤੋਂ ਵਜ਼ੀਫੇ ਤੇ ਭਾਰਤੀ ਮੱਧਕਾਲੀ ਸ਼ਾਸਤਰੀ ਰੀਤ ਸ਼੍ਰੀਗੁਰੂ ਗ੍ਰੰਥ ਸਾਹਿਬਦੀ ਸ਼੍ਰੀ ਜਪੁ ਨੀਸਾਣੁ ਗ੍ਰੰਥ ਹੱਥ 'ਚ ਦਸ ਭਾਸ਼ ਟਿੱਪਣੀ ਗ੍ਰੰਥ ਸੰਗ੍ਰਹ ਸ਼੍ਰੀ ਗੁਰੂ ਨਾਨਕ ਦੇਵਜੀ ਦੇ ਪੰਜ ਸੌ ਬਰਸ ਦੇ ਭੇਟ ਲਈ ਗੁਰਮਤ ਕਾਲਿਜ ਛੱਡ, ਇਹ ਕਾਰਜ ਸਾਰੀ ਦੁਨੀਆਂ ਨੂੰ ਸ਼੍ਰੀ ਗੁਰੂਬਾਣੀ ਪਰਚਾਰਨ ਪ੍ਰਰੰਭ ਕਰ ਹੁਣ ਪੂਰਾ ਕਰ ਸਾਰੀ ਗੁਰੁਸਿੱਖ ਤੇ ਸਾਰੇ ਧਰਮ ਪ੍ਰੇਮੀਆਂ ਦੇ ਸਮਰਪਤ ਹੈ॥ ਕਈ ਗੁਣ ਸਾਮ੍ਹਣੇ ਦੇਖੇ:-

1. ਇਹ ਸੰਗ੍ਰਹ ਗੁਰੁ-ਸਿੱਖ ਪੰਜ-ਸੌ ਬਰਸ ਮੂਲ ਸਮਗ੍ਰ ਅਧਿਆਤਮ ਧਰਮ ਆਧਾਰ ਸ਼ਾਸਤ੍ਰ ਹੈ॥
2. ਇਹ ਸੰਗ੍ਰਹ ਮਧਕਾਲ ਭਾਰਤ ਦੀ ਰੂੜੀਬਾਣੀ ਅਧਾਰਤ 500 ਸਾਲ ਪੁਰਾਣੇ ਵਲੈਤੀ ਕਾਵਜਰਾਜ ਸ਼ੇਕਸਪੀਅਰ ਦੀ ਭਾਸ਼ਾ ਵਾਂਗ (Shakespeare) ਹੈ, ਜੋ ਅੱਜ ਦੀ ਅੰਗ੍ਰੇਜ਼ੀ ਬੋਲੀ ਨਾਲੋਂ ਅੰਤਰ ਹੈ॥
3. ਇਹ ਸੰਗ੍ਰਹ ਮਧਕਾਲ ਭਾਰਤ ਦੀ ਸਾਰੇ ਭਾਰਤ-ਸਾਮ ਧਰਮੀ ਦੇਸ਼ਾਂ ਦੀਆਂ ਬੋਲੀਆਂ ਦੇ ਵਿਆਕਰਣ, ਵਾਰਤਿਕ, ਗੱਦ-ਪਦ ਧਾਤੂ ਅਧਾਰ ਬਣੇ ਨਾਂਵ ਕ੍ਰਿਯਾ ਪਦ ਬਣਤਰ,ਪਿੰਗਲ ਛੰਦ(Prosody), ਭਾਸ਼ਾ ਅਲੰਕਾਰ(Figure of Speech) ਭਾਸ਼ਾ ਨਜਾਯ (maxims) ਹਨ॥ ਵਿਸ਼ੇਸ਼ਕਰ:- ਅੰਤਰ ਅਲਾਪਕਾ (answers within), ਬਾਹਰ ਅਲਾਪਕਾ (answers sought outside), ਦਿਸ਼ਟ ਕੂਟ(Riddles) ਆਦਿ ਅਨੇਕ ਸ਼੍ਰੀ ਗੁਰੂਬਾਣੀ ਸ਼ਬਦ ਬਿਨਾ ਗੁਰੁਗਮ ਅਰਥ ਸਿਖੇ ਕਦੀ ਸਮਝ ਹੀ ਨਹੀਂ ਆ ਸਕਦੇ॥
4. ਇਹ ਸੰਗ੍ਰਹ ਮਧਕਾਲ ਭਾਰਤ ਦੀ ਸਾਰੇ ਭਾਰਤ-ਸਾਮ ਧਰਮਾ ਦੇ ਅੰਤਲਾ ਦੁਨੀਆਂ ਵਿੱਚ ਵਿਸ਼੍ਵਧਰਮ ਉਤਪਨ ਗੁਰੁ-ਸਿੱਖ ਧਰਮ ਹੈ ਜੋ ਸਾਰੇਆਂ ਦੇ ਤੁਲਨਾਤਮਿਕ ਅਭੇਦ (similarities), ਭੇਦ (differences), ਗੌਣਤਾ(minor) ਦਿਖਾਕੇ ਸਾਰੇਆਂ ਦਾ ੧ਓ ਵਿੱਚ ਮੁੱਖ (major) ਸਮੰਨ੍ਹੈ (synthesis) ਅਧਾਰ ਕਾਰਣ ਸ਼੍ਰੀ ਵਿਸ਼੍ਵਗੁਰੂ

Sri Satguru Jagjit Singh Ji eLibrary NamdhariElibrary@gmail.com

ਨਾਨਕ ਦੇਵਜੀ ਦ੍ਰਿੜ੍ਹ ਕਰਕੇ ਸਾਰੇਆਂ ਨੂੰ ਪੁਛਿਆ:

ਬੇਦ ਕਤੇਬ ਕਰਹਿ ਕਹ ਬਪੁਰੇ: ਨਹ ਬੂਝਹਿ ਇਕਏਕਾ॥

5. ਅੰਤ 'ਚ ਇਹ ਸੰਗ੍ਰਹ ਮਧਕਾਲ ਸਾਰੇ ਭਾਰਤੀ ਗੁਰੁਸਿੱਖ ਵਿਸ਼੍ਵਧਰਮ ਅੰਦਰ (ਗੁਰੁਦ੍ਵਾਰੇ/ਮਹਿਲ)[77] ਦ੍ਰਿਸ਼ਟਾਂਤ ਤੋਂ ਸਪਸ਼ਟ ਹੋ ਜਾਂਦਾ ਹੈ:-ਮਹਲ ਅਨੇਕ ਕਮਰੇ,ਦਿਵਾਨਖਾਨੇਆ ਸਮੇਤ ਹੁੰਦਾ ਹੈ, ਉਸੇ ਤਰ੍ਹਾਂ ਦਰਿਸ਼ਟਾਂਤ ਅਨੁਸਾਰ ਸ਼੍ਰੀ ਗੁਰੂ ਕਾਲ ਦੇ ਸ਼੍ਰੀ ਗੁਰੂ ਧਰਮ ਪ੍ਰਚਾਰਾਰਥ ਦੇਸ਼ ਸੰਸਕ੍ਰਿਤੀ ਦੇ ਭਿੰਨ ਭਿੰਨ ਲੋਕਾਂ ਦੇ ਤੇਹਾਂ ਲਈ ਨਵ੍ਰਿਤੀ, ਪ੍ਰਵਿਰਤੀ, ਸੰਨਿਆਸ ਤੇ ਗ੍ਰਿਹਸਤ ਉਸ ਵਰਣਾਸ਼੍ਰਮ ਧਰਮੀਆਂ ਦੇ ਵਿੱਚ ਜਿਨ੍ਹਾਂ ਦੀ ਸੁਣਾਈ ਹੋਵੇ, ਤੇ ਸੁਧਾਰ ਉਪਦੇਸ਼ ਕਰ ਸਕਨ ਐਸੇ ਧਰਮਾ ਦੇ ਦੂਜੇ ਭਾਉ ਵਾਦੀਆਂ ਲਈ ਸਮੇ ਸਮੇ ਤੇ ਸ਼੍ਰੀ ਗੁਰੂਜੀਆਂ ਰਾਹੀਂ ਆਪੋ ਆਪਣੀਆਂ ਬਖਸ਼ਸ਼ਾਂ ਮਿਲਨ ਕਾਰਣ ਭਿੰਨ ਭਿੰਨ ਗੁਰੁਸਿੱਖ ਪੰਥ: ਹੋਰ ਸਾਰੇ ਪੁਰਾਣੇ ਰਚੇ ਧਰਮਾਂ ਦੀ ਤਰ੍ਹਾਂ ਉਦਾਸੀ, ਨਿਰਮਲ ਗੁਰੂ ਸਿੱਖ ਮੁੱਖ ਸੰਪ੍ਰਦਾਇ ਅਤੇ ਉਨ੍ਹਾਂ ਹੀ ਵਿੱਚ ਅਨੇਕ ਦਸ ਉਦਾਸੀ ਛੇਵੇਂ ਸ਼੍ਰੀ ਗੁਰੂਜੀ ਜਮਾਈ ਦੇ ਜੀਤ ਮੱਲੀਏ, ਨੌਵੈ ਸ਼੍ਰੀ ਗੁਰੂਜੀਦੇ ਸੇਵਾ ਪੰਥੀ ਆਦਿ ਅਤੇ ਇਸੇ ਤਰ੍ਹਾਂ ਸ਼੍ਰੀ ਦਸੋ ਸ਼੍ਰੀ ਗੁਰੂਜੀ ਦੇ ਨਿਰਮਲ ਪੰਥ ਵਿੱਚ ਨਿਰਮਲੇ ਆਮ ਸਿੱਖ-ਸਿੰਘ ਜੋਧੇ ਸੰਪ੍ਰਦਾਇ(lay Singh-Sikhs denomination) ਤੇ ਨਿਰਮਲ ਸੰਤ ਗਿਆਨੀ ਸਿੱਖ-ਸਿੰਘ ਸੰਪ੍ਰਦਾਇ (Ecclesiastic:Theo-Phil-Mystic Sikh-Singh Ministry) ਹਰ ਲੋਕ ਪੱਧਰ ਦੀਆਂ ਜ਼ਰੂਰਤਾਂ ਅਨੁਸਾਰ ਹਿੰਦੂ ਮੁਸਲਮਾਨ ਅਤ ਕੱਚੇ ਗੁਰੁਸਿੱਖ ਧਰਮੀ ਦੀਆਂ ਅੰਤਮ ਬ੍ਰਹਮ ਗਿਆਨ ੧ਓ ਦੇ ਅੰਤਿਮ ਸਿਧਾਂਤ ਲੱਕਸ਼ ਵਿੱਚ ਪ੍ਰਮਾਣ, ਪ੍ਰਮੇ, ਉਲਟ ਭਾਵਨਾਵਾਂ ਨੂੰ ਮਿਟਾਣ ਕ੍ਰਮ ਅਨੁਸਾਰ ਸਾਰੇ ਭਰਮ ਮਿਟਾਣ ਹਿਤ 400 ਸਾਲਾਂ ਵਿੱਚ ਰਚੇ ਗ੍ਰੰਥਾਂਦਾ ਇਸੇ ਕਾਰਣ ਇਹ ਸੰਗ੍ਰਹ 1972 ਵਿੱਚ ਰਚਿਆ ਸੀ ਅਤੇ ਸਰਦਾਰ ਹਰਬੰਸ ਸਿੰਘ ਪ੍ਰੋਫੈਸਰ ਤੁਲਨਾਤਮ ਧਰਮ ਵਿਭਾਗ ਗੁਰੂ ਗੋਬਿੰਦ ਸਿੰਘ ਭਵਨ ਨੂੰ ਦੇ ਕੇ ਯੇਲ ਯੂਨੀਵਰਸਿਟੀ ਅਮਰੀਕਾ ਰਵਾਨਾ ਹੋਇਆ॥

ਇਸ ਤਰ੍ਹਾਂ ਗ੍ਰੰਥ ਦਾ ਕਾਰਜ ਰਚਿਆ, ਜਿਸ ਵਿੱਚ ਸ਼੍ਰੀ ਗੁਰੂਬਾਣੀ ਦੇ ਸ਼੍ਰੀ ਜਪੁ ਨੀਸਾਣੁ ਗ੍ਰੰਥੀ ਦੇ ਅਲੋਚਨਾਤਮਕ-ਵਿਆਖਿਆ ਦਸ ਟੀਕੇ ਕਰੀਬਨ 180 ਵਿੱਚੋਂ ਛਾਂਟ ਕੇ ਸੰਗ੍ਰਹ ਕੀਤੇ ਹਨ ਕਿ ਅੱਗੇ ਕੇਵਲ ਗੁਰੁਸਿੱਖ ਹੀ ਨਹੀਂ, ਬਲਕੇ ਸੰਸਾਰ ਦੇ ਹਰੇਕ ਧਰਮੀ ਮਨੁਖਮਾਤ੍ਰ ਵਿਦ੍ਵਾਨਾਂ ਲਈ ਅਟੱਲ ਨੀਂਵ ਧਰੀ ਹੈ ਜਿਸ ਨਾਲ ਸ਼੍ਰੀਗੁਰੂਬਾਣੀ ਪਰਮ ਸਿੱਧਾਂਤ ਦੀ ਨੀਂਵ ਉਤੇ ਉਸਾਰੇ ਮਹਿਲ ਤੋਂ ਸਾਰਿਆਂ ਨੂੰ ਇਕੋ ਥਾਂ ਸਾਰਾ ਮਸਾਲਾ ਮਿਲ ਜਾਵੇ; ਕਿਸੇ ਪਾਠਕ ਨੂੰ ਬਿਨਾ ਪ੍ਰਮਾਣ ਤੇ ਪ੍ਰਮੇਯ ਸੰਸ਼ੈਆਂ, ਤੇ ਉਲਟੀ, ਵਿਪਰੀਤ ਭਾਵਨਾ ਬਿਲਕੁਲ ਰਹਿਣ ਦਾ ਸ੍ਵਾਲ ਨਹੀ। ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਕ੍ਰਿਪਾ ਨਾਲ ਅਕਾਲ ਪੁਰਖ ਪ੍ਰਦਾਨ ਵਿਸ਼ੇਸ਼ ਸਿਧਾਂਤ ਦੀ ਦੇਣ ਦਸ ਜਾਮੇਆਂ 'ਚ ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਪਰਿਅੰਤ ਸਿਧਾਂਤਕ ਦੇਣ ਸਵਾ-ਦੋ-ਸੌ ਸਾਲਾਂ 'ਚ ਇਕੋ ਹੀ ਸਿੱਧਤ ਕਰਕੇ ਨਿਖੜੇ ਰੂਪ ਵਿੱਚ ਹਿਮਾਲਯ ਪਰਵਤ ਤਰ੍ਹਾਂ ਉਭਰਿਆ ਅਡੋਲ ਖੜੇ ਤੋਂ ਪੂਰਣ ਸਹਾਇਤਾ ਵਿਸ਼੍ਵ ਲੋਕਮਾਤ੍ਰ ਸਫਲਤਾ ਤਿਨੋਂ ਸੁਖ ਸ਼੍ਰੀ ਗੁਰੁਬਾਣੀ ਪ੍ਰਣ ਪੂਰੇ ਹੋਣ, ਜਥਾ ਉਪਦੇਸ ਸ਼ਬਦ:-

77. ਨੋਟ:- ਪੁਰਾਣੇ ਕਾਲ ਗ੍ਰੰਥਾ ਵਿੱਚ ਮੰਦਿਰ ਲਫਜ਼ ਪੱਕੀਆਂ ਇਟਾਂ ਪੱਥਰਾਂ ਦੇ ਬਣੇ ਮਕਾਨਾਂ ਲਈਂ ਬਰਤਦੇ ਸੇ। ਕੱਚੇ ਕੋਠੇ/ਮਕਾਨਾਂ ਲਈਂ ਨਹੀਂ। ਮੰਦਿਰ ਤਿਨ(3) ਤਰ੍ਹਾਂ ਦੇ ਸਨ:- 1.ਦੇਵ ਮੰਦਿਰ, 2. ਰਾਜ ਮੰਦਿਰ ਰਾਜੇ, ਰਾਣੇ, ਮਹਾਰਾਜੇ/ਸ਼ਹਿਨਸ਼ਾਹਾਂ ਦੇ, 3.ਸ਼ਾਹੂਕਾਰਾਂ ਦੀਆਂ ਹਵੇਲੀਆਂ॥

Sri Satguru Jagjit Singh Ji eLibrary NamdhariElibrary@gmail.com

ਮ:5:-ਹਲਤਿ ਸੁਖੁ, ਪਲਤਿ ਸੁਖੁ, ਨਿਤ ਸੁਖੁ; ਸਿਮਰਨੋ ਨਾਮੁ ਗੋਬਿੰਦਕਾ ਸਦਾ ਲੀਜੈ॥ ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ ਮਿਲਿ ਮੁਆ ਜੀਜੈ॥ [78]

ਰਾਜਾ ਮ੍ਰਿਗੇਂਦ੍ਰ ਸਿੰਘ,
ਵਿਸ਼੍ਵਵਿਦਿਆਲਾ ਪੰਜਾਬੀ ਯੂਨੀਵਰਸਿਟੀ,ਪਟਿਆਲਾ;
ਜੁਲਾਈ 1972, ਦੁਬਾਰਾ ਸੋਧਿਆ, ਮਾਰਚ 21, 2007

Shästrï; Giänï:(Pañjäbï Hon), BA(Hon & Add. Philosophy);
Patiälä San'gït Gharänä San'gïtkär:M.M(GMV).
Musicologist Virtuoso: Vinä/Sattär, AIR DELHI:1947-2..,
Emeritus:Yale Music School.Indian Music & Ethno-Musicology
MAR(Yale Divinity School's World Religions & Ethnomusicology)
USA; Ph.D.
Emeritus: CUNY & SUNY Universities Colleges, New York, USA.
145 Baldwin Avenue, Long Island, New York, USA-11560.
Email: rmsingh@optonline.net

ੴ ਸੋਤਿਗੁਰਪ੍ਰਸਾਦਿ

ਟੀਕਾਵਾਂ ਭੂਮਿਕਾ ਵਿੱਚ ਸ਼੍ਰੀਗੁਰੂਬਾਣੀ ਬ੍ਰਹਮ ਗਿਆਨ ਕ੍ਰਮ-ਪਰਿਭਾਖਾ ਅਨਿਵਾਰਜ

ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਨੇ ਸ਼੍ਰੀ ਅਕਾਲ ਪੁਰਖੁ ਦੀ ਵਿਸ਼੍ਵ ਦੇ ਸਾਂਝੇ ਮਨੁੱਖ ਮਾਤ੍ਰਨੂੰ ਉੱਤਮ-ਤਮ ਸ਼੍ਰੀ ਜਪੁ ਨੀਸਾਣੁ ਗ੍ਰੰਥੀ ਪ੍ਰਦਾਨ ਕੀਤੀ॥ ਇਹ ਪੰਦ੍ਰਵੀਂ ਸਦੀਦੇ ਦਿਵ੍ਯ ਅਧਿਆਤਮ ਵਿਦਿਆ ਦਾ ਸਭ ਤੋਂ ਉੱਚ ਮਹਾਤਮ ਗ੍ਰੰਥੀ ਸੀ॥ ਇਸਦਾ ਮਹਾਨ ਕਾਰਣ ਸੀ, ਅਕਾਲ ਪੁਰਖੁ ਨੇ ਆਪਣਾ ਅਕਾਲ ਦਾਰਸ਼ਨਿਕ ਸਿੱਧਾਂਤ ਪ੍ਰਗਟ ਕਰਣ ਲਈ ਸੰਸਾਰ ਦੇ ਸਾਰੇ ਧਰਮੀ-ਅਧਰਮੀ ਮਨੁਖਾਂ ਨੂੰ ਉਪਰ ਲਿਖੇ ਸ਼ਬਦਾਂ ਰਾਹੀਂ ਜ਼ੋਰਦਾਰ ਪੁਕਾਰ ਕੀਤੀ- ਬੇਦ ਕਤੇਬ ਕਰਹਿ ਕਹ ਬਪੁਰੇ :ਨਹ ਬੂਝਹਿ ਇਕ-ਏਕਾ॥ ਉਸ ਕਾਲ 'ਚ ਕੇਵਲ ਹਿੰਦ ਤੇ ਪੱਛਮੀ ਕਤੇਬੀ ਮੁਸਲਮਾਨਾਂ ਲਈ ਇਹੀ ਇਦੰਤਾ(categorical) ਇਲਾਨ ਸੀ ਕਿਉਂਕਿ ਜੰਬੂ ਦ੍ਵੀਪ ਭਾਰਤ ਖੰਡ 'ਚ ਗੁਰੁਸਿੱਖ ਧਰਮ ਹੀ ਨਹੀਂ ਸੀ, ਓਹ ਤਾਂ ਅਜੇ ਥਾਪਣਾ ਸੀ। ਜਿਸ ਕਰਕੇ ਸ਼੍ਰੀ ਵਿਸ਼੍ਵਗੁਰੁਜੀ ਬਚਨ ਕਿਹਾ: ਰਾਹ ਦੋਵੈ ਖਸਮੁ ਏਕੋ ਜਾਣੁ[ਸ.79] ॥ ਸੋ ਸ਼੍ਰੀ ਵਿਸ਼੍ਵਗੁਰੂ ਜੀਆਂ ਦੇ ਸ਼ਬਦ ਪਰਥਾਇ ਕੇਵਲ ਉਸ ਕਾਲ ਵਿਸ਼ੇਸ਼ ਮਨੁਖ ਜਨਮ, ਜਾਤ ਪਾਤਿ, ਵਰਣ-ਆਸ਼੍ਰਮ ਕਰਮ, ਵਿਸ਼੍ਵ ਲੋਕਾਚਾਰ ਸੰਬੰਧੀ ਹੀ

78. ਸ਼੍ਰੀ ਗੁਰੁ ਗ੍ਰੰਥ ਜੀ, ਪੰ.683:13॥
79. ਸ਼੍ਰੀਗੁਰੂ ਗ੍ਰੰਥਜੀ:ਓ.ਪੰ.ਭੈਰਉ ਮ:1;-1153:8-16... , ਦਾਨ ਬਹੁਤ ਤਰ੍ਹਾਂ ਦੇ ਹਨ: 3 ਗੁਣੀ,3 ਪਦ, 3.ਤਾਪ ਰੂਪ,3 ਦੇਸ਼,3 ਕਾਲ,3 ਪਾਤ੍ਰ, 3 ਕਾਯਕ, ਵਾਚਕ ਗਿਆਨ, ਮਾਨਸ 21+ ਦੇਖੋ ਭਗਵਦ-ਗੀਤਾ.17:20-22 ॥ ਓ:ਖਟ ਸ਼ਾਸਤ੍ਰ ਗ੍ਰੰਥ ਹਨ:ਪਰ,ਖਟ-ਦਰਸ਼ਨ ਸੰਪ੍ਰਦਾਇ, ਜੋ ਭਾਰਤ'ਚ ਮੁੱਖ ਛੇ ਧਰਮਾਂਦੇ ਪ੍ਰਸਿੱਧ ਸਮੂਹ ਰੂਪ ਸੰਪਦਾਇ(denominations) ਹੈਨ:ਪੰਜ ਆਸ੍ਤਿਕ 1.ਗਾਣਪਤ, 2.ਵੈਸ਼ਣਵ, 3.ਸ਼ੈਵ,4.ਸ਼ਾਕਤ 5.ਸੂਰਜ; ਤੇ 6.ਤਿੰਨ ਨਾਸਤਕ 1.ਚਾਰ-ਵਾਕ,2.ਜੈਨ+,3.ਬੋਧੀ+ ਅਤੇ ਸਾਮੀ ਈਸ੍ਵਰੀ ਵਾਦੀ:1.ਮੂਸਾਈ/ਯਹੂਦੀ 2.ਈਸਾਈ, 3.ਮੁਸਲਮਾਨ ਹਨ ॥ ਅ.ਸ਼੍ਰੀਗੁਗ੍ਰੰਜੀ.ਪੰ.223:7। ਏ. ਪੰ.992:17। ਸ.ਪੰ.223:8;142:8॥ਆਦਿ।

Sri Satguru Jagjit Singh Ji eLibrary NamdhariElibrary@gmail.com

ਨਹੀਂ; ਨਾਸਤਿਕ ਅਨੀਸ੍ਵਰ ਵਾਦੀ ਜੈਨ, ਬੋਧੀ; ਆਸਤਿਕ ਈਸ੍ਵਰ ਵਾਦੀ ਵੇਦ ਅਤੇ ਸਾਮੀ ਕਤੇਬੀ(ਤਿਨਃ ਮੂਸਾਈ/ਯਹੂਦੀ, ਇਸਾਈ, ਇਸਲਾਮ) ਧਰਮੀਆਂ ਲਈ ਹੀ ਨਹੀਂ: ਪਰ ਸਾਂਝੇ ਮਨੁੱਖ ਮਾਤ੍ਰ ਲਈ ਸੀ ਅਤੇ ਹੈ॥ ਐਥੈ ਹੀ ਬੱਸ ਨਹੀਂ ; ਏਹ ਦ੍ਵਿਜਗ੍ਰੰਥ ਦਾ ਉਪਦੇਸ਼ ਅੰਧ ਵਿਸ਼ਵਾਸੀਆਂ ਦਾ ਵੀ ਸਹਾਇਕ ਹੈ, ਕਿਉਂ? ਸਾਰੇ ਮਨੁਖਾਂ ਨੂੰ ਸ਼੍ਰੀ ਵਿਸ਼ੁਗੁਰੂ ਨਾਨਕ ਦੇਵਜੀ ਦੀ ਮੁੱਖ ਸਿਖਿਆ ਹੈ:

ਮ:1 ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ॥ ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥ਅਕਲੀ ਪੜਿ''ਕੈ ਬੁਝੀਐ ਅਕਲੀ ਕੀਚੈ ਦਾਨੁ॥ ਨਾਨਕੁ ਆਖੈ ਰਾਹੁ ਏਹੁ, ਹੋਰਿ ਗਲਾਂ ਸੈਤਾਨੁ॥

ਭਾਵ ਹੈ: ਆਪਣੀ ਅਕਲ ਹਰੇਕ ਪਦ, ਤੁਕ,ਪਉੜੀ ਉਪਦੇਸ਼ ਵਿਚਾਰੇ। ਅਕਲ ਨਾਲ ਗੁਰੁਗਮ ਟਕਸਾਲੀ ਬ੍ਰਹਮ ਗਿਆਨ ਤੇ ਅਮਲ ਕਰੇ:

ਅਸੀ ਬੋਲ ਵਿਗਾੜ ਵਿਗਾੜਹ ਬੋਲ॥ ਤੂ ਨਦਰੀ ਅੰਦਰਿ ਤੋਲਹਿ ਤੋਲ॥ ਜਹ ਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ ॥3॥ ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥ ਆਪ ਪਛਾਣੈ ਬੂਝੈ ਸੋਇ॥ ਗੁਰਪਰਸਾਦਿ ਕਰੇ ਬੀਚਾਰੁ॥ ਸੋ ਗਿਆਨੀ ਦਰਗਹ ਪਰਵਾਣੁ॥

ਮ:1. ਨਿਹਫਲੰ ਤਸ੍ਰ ਜਨਮਸ੍ਰ: ਜਾਵਦ ਬ੍ਰਹਮ ਨ ਬਿੰਦਤੇ ਸਾਗਰੰ ਸੰਸਾਰਸ੍ਰ ਗੁਰਪਰਸਾਦੀ ਤਰਹਿਕੇ॥ ਆਦਿ ਅਨੇਕ ਉਪਦੇਸ਼ ਹਨ॥

ਪ੍ਰਸ਼ਨ ਉਠਦਾ ਹੈ:- ਮਨੁਖ ਮਾਤ੍ਰ ਨੇ ਕੀ ਬੁਝਣਾ ਹੈ ? ਸ਼੍ਰੀ ਗੁਰੂਜੀ ਉਪਦੇਸ਼ ਦਿੱਤਾ, ਬੂਝਹਿ ਇਕਏਕਾ ੧ਓ ॥ ਇਹ ਪਰੰਮਪਰਾ ਅਟੁਟ ਗੁਰਗਮ ਬ੍ਰਹਮ ਗਿਆਨ ਦੀਖਿਜ਼ਾ ਸਿੱਖਿਆ ਅੰਤਮ ਮਨੁਖ ਲਈ ਸ਼੍ਰੀਜਗਤਗੁਰੂ ਗੋਬਿੰਦ ਸਿੰਘਜੀ ਤੋਂ ਚਾਰਸੌ ਸਾਲ ਦਸਵੀ ਤੋਂ ਪੰਦ੍ਰਵੀਂ ਸਦੀ ਦੀ ਰੂੜੀ ਬਾਣੀ[82] ਦੀ ਪਹਿਲਾਂ ਮੀਣੇ, ਪਿਛੇ ਨੌਂ ਮੁਖ ਜੁੜੇ ਦਸ ਟੀਕਾਕਾਰਾਂ ਦੇ

---

80. ਪੁਨ੍ਹ.ਓ.ਮ:੧:ਪੰ.੧੨੪ਪ:੩-੪''ਧ੍ਰਿਗੁ ਤਿਨਾਕਾ ਜੀਵਿਆ,ਜਿ ਲਿਖਿ,ਲਿਖਿ ਵੇਚਹਿ ਨਾਉ॥...ਸਚੈ ਸਰਮੈ ਬਾਹਰੇ,ਅਗੈ ਲਹਹਿ ਨ ਦਾਦਿ॥...ਸੈਤਾਨੁ. ਅ.ਮ:੧ ਪੰ.੨ਪ:੪- ।ਏ. ੬੩ਪ:੯;.ਪੰ.੯੬ਪ:੧੨; ਪੰ.੧੨੦੮:੮। ਏ.੧੪੮:੧੬; ੧੩ਪ੩:੯॥ ਸ਼੍ਰੀ ਭਗਵਦਗੀਤਾ:੭।੩॥

81. ਪੁਨ੍ਹ.ਪੰ. 1021: 8.ਮ:1 ਆਪਿ ਨਿਰਾਲਮੁ ਗੁਰਗਮ ਗਿਆਨਾ॥ਜੋ ਦੀਸੈ ਤੁਝਮਾਹਿ ਸਮਾਨਾ॥ਨਾਨਕੁ...ਜਾਚੈ,ਮੈ ਦੀਜੈ ਨਾਮੁ ਵਡਾਈਹੇ ॥16॥ 1ਏਸ ਅਟੁਟ ਦਿਵਜ ਬ੍ਰਹਮ ਵਿਦਿਆਦੇ ਪਹਿਲੇ ਉੱਤਰਾਧਿਕਾਰੀ ਸ਼੍ਰੀਜਗਦਗੁਰੂ ਅੰਗਦਦੇਵਜੀ ਬਾਰੇ ਭੱਟ ਕੱਲਦਾ ਪ੍ਰਮਾਣ ਪੰ, 1392: 2: ਗੁਰਗਮਿ ਪ੍ਰਮਾਣੁ ਤੈ ਪਾਇਓ,ਸਤੁ ਸੰਤੋਖੁ ਗ੍ਰਾਹਜਿ ਲਯੋ॥ਹਰਿ ਪਰਸਿਓ ਕਲੁ ਸਮੁਨਵੈ,ਜਨ ਦਰਸਨੁ ਲਹਣੇ ਭਯੋ ॥6॥ ਓਹੀ ਅਟੁਟ ਲੜੀ ਪੰਚਮ ਸ਼੍ਰੀ ਜਗਦਗੁਰੂ ਅਰਜੁਨ ਦੇਵ ਜੀ ਤਕ ਚਲੀ ਦਾ ਫੇਰ ਭੱਟ ਕੱਲ ਪ੍ਰਮਾਣ. ਪੰ.1408: 2:- ਗੁਰਗਮ ਪ੍ਰਮਾਣਿ ਅਜਰੁ ਜਰਿਓ,ਸਰਿ ਸੰਤੋਖ ਸਮਾਇਯਉ॥ਗੁਰ ਅਰਜੁਨ,ਕਲਜੁਚਰੈ , ਤੈ ਸਹਜਿ-ਜੋਗੁ , ਨਿਜੁ ਪਾਇਯਉ ॥8॥ਐਥੇ ਹੀ ਬਸ ਨਹੀਂ, ਨੌਮੇਂ ਸ਼੍ਰੀ ਜਗਤਗੁਰੂ ਤੇਗ-ਬਹਾਦੁਰ ਸ਼ਾਹਿਬ ਜੀਦਾ ਸਾਰੇ ਭਾਰਤੀਆਂ(ਸਿੱਖਾਂ)ਲਈ ਇਹ ਹੁਕਮ ਲਿਖਿਆ ਹੈ:- ਨਾਮੁ ਰਹਿਓ, ਸਾਧੂ ਰਹਿਓ, ਰਹਿਓ ''ਗੁਰੁ ਗੋਬਿੰਦੁ''॥ ਕਹੁ ਨਾਨਕ ਇਹ ਜਗਤਮੈ, ਕਿਨ ਜਪਿਓ ਗੁਰਮੰਤੁ ॥56॥''ਆਦਿ ॥ਟਿੱਪਣੀ.ਅ.ਏ.ਸ 39॥

82. ਪੁਨ੍ਹ.ਪੰ.936-7''ਰੂੜੀ ਬਾਣੀ ਹਰਿ ਪਾਇਆ, ਗੁਰ ਸਬਦੀ ਬੀਚਾਰਿ''ਨੋਟ:ਰੂਢ,ਰੂਢਿ,ਰੂਢੀ, ਰੂੜ,ਰੂੜਉ,ਰੂੜੀ ਸਬਦ ਰੂਪ ਮੁੱਖ ਅਤੇ ਗੌਣ ਅਰਥ ਬਹੁਤ ਪ੍ਰਕਾਰਦੇ ਹਨ.ਜਥਾ:- ਮੁੱਖ ਅਰਥ:-1.ਚੜ੍ਹਨਾ, 2.ਜਨਮ, 3.ਨਿਸਚਿਤ, 4.ਪ੍ਰਸਿੱਦ 5.ਬੜਾ, 6.ਬਲੀ,7.ਭੇਦਨ /ਗਲੀ ਕਰਨੀ, ਆਦਿ॥ ਗੌਣ ਅਰਥ:1. ਉਦੈ,ਉਗ, ਜਨਮ; 2.ਨਾਮ ਪ੍ਰਸਿਧੀ, ਪ੍ਰਚਲਿਤ; 3.ਪਰੰਪਰਾ, ਪਰਥਾਇ; 4. ਸਿੰਧੀ: ਉੱਤਮ. ਸੁੰਦਰ. ਟਿੱਪਣੀ =25

Sri Satguru Jagjit Singh Ji eLibrary NamdhariElibrary@gmail.com

ੴ ਦ੍ਰਿਸ਼ਟੀ ਕੋਣਾਂ ਦੇ ਚਾਰ ਪਦਾਰਥ (Four Objective Life's *gnosis*/Philosophic Meaning) ਬਿਆਨ ਅਗੇ ਕਰਦੇ ਹਾਂ ॥

ਸੰਨ 1971 ਪਿਛੋਂ ਹੁਣ ਸੰਨ 2007 ਵਿੱਚ ਵਾਧੇ ਦੀ ਕਹੁੰ ਲੋੜ ਪਈ ਹੈ ? ਭਾਰਤ ਵਿੱਚ ਪਹਿਲਾ ਵਿਸ਼ਵਿਦਿਆਲਾ ਪੰਜਾਬੀ ਯੂਨਿਵਰਸਟੀ, ਪਟਿਆਲਾ ਸੀ ਜਿਸ ਵਿੱਚ 1969 'ਚ ਸ਼੍ਰੀ ਜਗਦਗੁਰੂ ਨਾਨਕ ਦੇਵ ਜੀਦੇ ਪੰਜਵੀ ਸ਼ਤਾਬਦੀ ਗੁਰੂ ਪਰਵ ਨੂੰ ਧਰਮ ਵਿਭਾਗ ਸਥਾਪਿਤ ਹੋਇਆ॥ ਅਜੇ ਦੋ ਸਾਲ ਪੂਰੇ ਹੋਇ ਸਨ, ਤੀਜਾ ਸਾਲ ਲਗਿਆ ਸੀ ਕਿ ਇਹ ਕਾਰਜ ਪੂਰਾ ਕਰਕੇ, ਯੂਨੀਵਰਸਟੀ ਧਰਮ ਵਿਭਾਗ ਦੇ ਪ੍ਰੋਫੈਸਰ ਸਰਦਾਰ ਹਰਬੰਸ ਸਿੰਘ ਨੂੰ ਸਮਰਪਿਤ ਕਰ, ਲੇਖਕ ਵਿਸ਼ੵ ਧਰਮ ਤੁਲਨਾ ਦੀ ਸਭ ਤੋਂ ਉੱਚ ਪਦਵੀ Master of Arts of Religion Degree ਪ੍ਰਾਪਤੀ ਲਈ ਯੇਲ ਯੂਨੀਵਰਸਿਟੀ ਡਵਿਨਿਟੀ ਸਕੂਲ ਦਾਖਲਾ ਮਿਲਣ ਕਾਰਨ ਅਮਰੀਕਾ ਰਵਾਨਾ ਹੋਏ॥ ਬੇਸ਼ਕ ਪ੍ਰੋਫੈਸਰ ਹਰਬੰਸ ਸਿੰਘ ਨੇ ਬੜੀ ਖੁਸ਼ੀ ਦਿਖਾਈ ਤੇ ਤਸੱਲੀ ਦਿੱਤੀ, ਇਹ ਕਾਰਜ ਜਲਦੀ ਛਪਾ ਦੇਣਗੇ-ਪਰ ਇਤਨੇ ਸਾਲ ਕਿਉਂ ਪਇਆ ਰਹਿਆ, ਓਨ੍ਹਾਂ ਦੀ ਆਤਮਾ ਜਾਣਦੀ ਸੀ,ਇਸ ਵਿੱਚ ਵੀ ਵਾਹਿਗੁਰੂ ਦਾ ਰਾਜ਼ ਹੈ॥

ਪਿਛੋਂ ਸੰਨ 2004 ਜਦ ਪੰਜਾਬੀ ਤੇ ਗੁਰੁ ਨਾਨਕ ਦੇਵ ਯੂਨੀਵਰਸਟੀਆਂ ਦਾ ਇਕੱਠਾ ਸਿੱਖ ਡੈਲੀਗੇਸ਼ਨ ਅਮਰੀਕਾ ਹੋਫਸਟ੍ਰਾ ਯੂਨੀਵਰਸਟੀ, ਲੋਂਗ ਆਯਰਲੈਂਡ, ਨਿਊ ਯੋਰਕ ਆਯਾ ਤਾਂ ਗ੍ਰੰਥ ਕਰਤਾ ਵੀ ਵਿਦ੍ਵਾਨਾਂ ਦੇ ਵਿਚਾਰ, ਨਵੀਆਂ ਖੋਜਾਂ ਦੀ ਦੇਣ ਸੁਣਨ ਗਇਆ। ਕੁਛ ਚਰਚਾ ਪ੍ਰਸ਼ਨ ਉਤ੍ਰ 'ਚ ਭਾਗ ਲਿਤਾ। ਬਾਅਦ ਵਿੱਚ ਡੈਲਿਗੇਸ਼ਨ ਵਿਦਵਾਨਾ ਨਾਲ ਮਿਲੇ ਅਤੇ ਪ੍ਰੋਫੈਸਰ ਡਾ.ਹਰਪਾਲ ਸਿੰਘ ਪੰਨੂ ਨਾਲ ਪੰਜਾਬੀ ਯੂਨੀਵਰਸਟੀ ਬਾਰੇ ਚਰਚਾ ਕਰਦੇ, ਇਸ ਗ੍ਰੰਥ ਬਾਰੇ ਪੁਛਿਆ। ਓਨ੍ਹਾਂ ਕਿਹਾ, ਵਾਪਸ ਜਾਣ ਤੇ ਪਤਾ ਕਰਨਗੇ, ਅਤੇ ਈ. ਮੇਲ ਰਾਹੀਂ ਪਤਾ ਦੇਣਗੇ॥ ਵਾਪਸ ਪਹੁੰਚਣ ਤੇ ਆਪ ਨੇ ਸਭ ਪਤਾ ਲਿਤਾ, ਅਤੇ ਮੇਰੇ ਹੋਰ ਸੰਗੀਤ ਲੇਖ, ਤੇ ਗ੍ਰੰਥ ਛਪੇਆਂ ਦਾ ਵੀ ਪਤਾ ਦਿੱਤਾ: ਪਰ ਇਹ ਗ੍ਰੰਥ ਦਾ ਨਾ ਛਪਣ ਦਾ ਪਤਾ ਦਿਤਾ, ਇਸ ਦੀਆਂ 42 ਮਿਸਲਾਂ (files) ਨਾ ਮਿਲਨ ਦਾ ਵੀ ਪਤਾ ਦਿਤਾ ! ਸਾਡੀ ਈ-ਮੇਲ ਖਤੋਖਤਾਵਤ ਜਾਰੀ ਰਹੀ॥ ਪ੍ਰੋ. ਹਰਪਾਲ ਸਿੰਘ ਜੀ ਪਨੂੰ ਦੀ ਅਣਥੱਕ ਮਿਹਨਤ ਨਾਲ ਅਲੈਹਦਾ ਅਲੈਹਦਾ ਮਿਸਲਾਂ ਭਿੰਨ ਭਿੰਨ ਅਲਮਾਰੀਆਂ ਵਿੱਚ ਕਈ ਮਹੀਨਿਆਂ ਵਿੱਚ ਮਿਲਨ ਉਤੇ ਆਪਨੇ ਫਰਵਰੀ 2005 ਵਿੱਚ ਈ-ਮੇਲ ਰਾਹੀਂ ਇਤਲਾਹ ਦਿਤੀ; ਸਾਰਾ ਗ੍ਰੰਥ ਬੜੀ ਮੇਹਨਤ ਦੀ ਖੋਜ ਪਿੱਛੋਂ ਥੋੜਾ ਥੋੜਾ ਕਰਕੇ ਇਕਠਾ ਹੋ ਗਯਾ ਹੈ॥ ਉਸ ਪਿੱਛੋ ਨਕਲ ਲੈਣੀ, ਅਸੀਂ ਆਪ ਛਾਪਣੀ, ਜਾਂ ਪੰਜਾਬੀ ਯੂਨੀਵਰਸਟੀ ਛਾਪਣ ਦੀ ਚਰਚਾ ਈ-ਮੇਲ ਰਾਹੀਂ ਵੀ.ਸੀ.ਸਰਦਾਰ ਸਵਰਣ ਸਿੰਘ ਬੋਪਾਰਾਇ ਨਾਲ ਚਲੀ॥ ਖਤੋਖਤਾਵਤ 'ਚ ਗ੍ਰੰਥ ਕਰਤਾ ਰਾਏ ਦਿਤੀ ਕਿ ਮੂਲ ਟੀਕੇ ਤਾਂ ਛੇੜੇ ਨਹੀ ਜਾ ਸਕਦੇ, ਪਰ ਆਪਣੀ ਲਿਖੀ ਭੂਮਿਕਾ ਜੋ 30 ਸਾਲ ਤੋਂ ਉਤੇ ਬੀਤੇ ਕਾਰਣ, ਅਤੇ ਗੁਰੁਸਿੱਖ ਧਰਮ ਵਿਚਾਰ ਹੋਰ ਯੂਨੀਵਰਸਟੀਆਂ ਦੇ ਥਾਪੇ ਧਰਮ ਵਿਭਾਗਾਂ ਕਾਰਣ, ਅੱਜ ਬਹੁਤ ਵਿਧੀ-ਨਿਖੇਦ ਭਾਵਨਾਂ ਦੇ ਵਾਦ ਵਿਵਾਦ ਦੁਨੀਆਂ ਭਰ 'ਚ ਚੱਲੇ ਹਨ ਖਾਸ ਕਰਕੇ ਕੈਨਿਡਾ ਅਤੇ ਅਮਰੀਕਨ ਯੂਨੀਵਰਸਟੀਆਂ 'ਚ ਹੋ ਰਹੇ ਹਨ।ਇਹ ਵਾਦ-ਵਿਵਾਦ 30 ਸਾਲ ਹੋਇ ਨਹੀਂ ਸਨ, ਓਨ੍ਹਾਂ ਉਤੇ ਪ੍ਰਕਾਸ ਪੌਂਣਾ ਵੀ ਜ਼ਰੂਰੀ ਹੈ। ਇਨ੍ਹਾਂ ਕਾਰਣ ਹੁਣ ਨਵੇ ਸਿਰੇ ਭੂਮਿਕਾ ਲਿਖਣੀ ਜ਼ਰੂਰੀ ਬਣਦੀ ਹੈ॥ ਕਾਰਣ ਇਹ:-

Sri Satguru Jagjit Singh Ji eLibrary NamdhariElibrary@gmail.com

ਅਮਰੀਕਾ ਵਿਸ਼ੂ ਧਰਮ ਤੁਲਨਾਤਮਕ ਸਿੱਖਿਆ ਵਿੱਚ ਸਿਖਾਇਆ ਜਾਂਦਾ ਹੈ ਸਾਰੇ ਧਰਮਾਂ ਦੀ ਤੁਲਨਾ ਕਰਦੇ ਹੋਏ ਉਨ੍ਹਾਂ ਦੀਆਂ ਸਮਾਨਤਾਵਾਂ(Similarities) ਦੀ ਅਤੇ ਭੇਦਾਂ(Differences) ਦੀ ਭਿੰਨਤਾ ਦੇਖਣ ਉੱਤੇ ਸਾਰਾ ਜ਼ੋਰ ਲੌਂਦੇ ਹਨ : ਪਰ ਸ਼੍ਰੀ ਵਿਸ਼ੂਗੁਰੂ ਕਿਰਪਾ ਨਾਲ ਉਨ੍ਹਾਂ ਦਾ ਸਮਨ੍ਹੈ ਕੋਈ ਨਹੀਂ ਦਸਦਾ, ਨਾ ਕਰਦਾ ਹੈ, ਗੁਰੁਬਾਣੀ ਪ੍ਰਮਾਣਹੈ:

ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲਹੁ ਪਾਰਬ੍ਰਹਮ॥ ਆਦਿ ਅਨੇਕ ਪ੍ਰਮਾਣ ਹਨ ਜੋ ਸਾਰੀ ਦੁਨਿਆਂ 'ਚ ਸਭ ਤੋਂ ਪਹਿਲਾ ਆਪਣਾ ਵਿਲਖੱਨ ਸਮਨ੍ਹੈ ਥੀਸਿਸ ਸੀ ਜੋ ਅਸਲ ੧੭ ਸੇਭ ਤੋਂ ਉੱਤਮਤਰ ਤਰਕ ਸਿੱਧ ਸਿੱਧਾਂਤ ਹੈ ਤੇ ਇਸ ਦਸ ਟੀਕਾ ਟਿੱਪਣੀ ਗ੍ਰੰਥ ਵਿੱਚ ਪ੍ਰਤੱਖ ਹੈ॥ ਵੀ.ਸੀ. ਸਾਹਿਬ ਨੇ ਪ੍ਰੋਫੈਸਰ ਸਾਹਿਬ ਹੇਠ ਕਮੇਟੀ ਕੈਮ ਕੀਤੀ ਕੇ ਓਹ ਫੈਸਲਾ ਕਰੇ॥

ਇਸ ਲਈਂ ਭੂਮਿਕਾ 'ਚ ਉਪੋਦਘਾਤ(Hermeneutic Introduction), ਟਿੱਪਣੀਆਂ(Annotations) ਕਈ ਅੰਤਕ(Appendices) ਬਣਾਏ, ਪੁਰਾਣੇ 500 ਸਾਲ, ਅੱਜ ਦੀਆਂ ਨਵੀਂ ਖੋਜਾਂ ਢਕੀਆਂ ਜਾਣ॥ ਸੰਖੇਪ ਨੁਕਤੇ ਇਹ ਹਨ:-

ਕੁਛ ਪੁਰਾਣੇ ਨਵੇਂ ਵਾਦ ਵਿਵਾਦ ਸ਼੍ਰੀ ਗੁਰੁਬਾਣੀ ਸਿਧਾਂਤ ਨੁਕਤੇ

ਦ੍ਰਿਸ਼ ਸ਼ਾਸਤ੍ਰ (Holy Canon) ਹੈ। ਆਧਾਰ:- ਸਭਤੋ ਪਹਿਲਾ ਨੁਕਤਾ:-

ਕੇੜ੍ਹੇ ਗੁਰੂਸਿੱਖ ਧਰਮ ਸ਼ਾਸਤ੍ਰ ਆਧਾਰ ਗ੍ਰੰਥ(ਗ੍ਰੰਥੀਆਂ)ਸ਼੍ਰੀਗੁਰੂ ਨਾਨਕ-ਸ਼੍ਰੀਗੁਰੂ ਗੋਬਿੰਦ ਸਿੰਘ ਨਾਮ ਲੇਵਾ ਮਾਨਨੀਯ ਹਨ?

1. ਸ਼੍ਰੀ 5-10 ਸ਼੍ਰੀ ਜਗਦਗੁਰੂ: ਸ਼੍ਰੀਗੁਰੂ ਗ੍ਰੰਥ ਸਾਹਿਬ ਨਿਰਵਿਵਾਦ ਅਧਾਰ ਸ਼ਾਸਤ੍ਰ (Holy *GURÜ* Canon) ਹੈ॥

ਪ੍ਰਾਰੰਭ, 10,000 ਬਰਸ ਤੋਂ ਭਾਰਤੀ ਸੰਸਕ੍ਰਿਤੀ ਅਨੁਸਾਰ ਸਾਰੇ ਗ੍ਰੰਥ ਬਿਨਾ ਪਦ-ਛੇਦ ਲਿਖੇ ਜਾਂਦੇ ਰਹੇ॥ ਉਸੇ ਰੀਤ 'ਚ ਸ਼੍ਰੀਗੁਰੂ ਗ੍ਰੰਥ ਸਾਹਿਬ, ਗ੍ਰੰਥ, ਇਤਿਹਾਸ ਆਦਿ, ਸਾਰੇ ਗੁਰੁਦ੍ਵਾਰੇ ਤੇ ਗੁਰੁਸਿੱਖ/ਸਿੰਘਾਂ ਦੇ ਘਰ ਕਮਰੇ ਗੁਰਦ੍ਵਾਰੇ 'ਚ ਪ੍ਰਕਾਸ਼ ਹੁੰਦੇ ਰਹੇ ਸਨ॥ ਸੰਨ 1969 ਸ਼ਰੋਮਣੀ ਕਮੇਟੀ, ਅੰਮ੍ਰਿਤਸਰ ਨੇ ਬਿਨਾਂ ਵਿਦ੍ਵਾਨਾਂ ਦੀ ਉਪ-ਕੁਮਿਟੀ ਠੀਕ-ਗਲਤ ਪਦ ਛੇਦ ਬਿਨਾ ਇਲਾਨ ਕੀਤਾ: ਪਦਛੇਦ ਭੀ ਪ੍ਰਕਾਸ਼ ਗੁਰਦ੍ਵਾਰੇਆਂ 'ਚ ਹੋ ਸਕਦੇ ਹਨ: ਗਲਤੀਆਂ ਕਿਨੀਆਂ ਨੇ: ਵਾਹਿਗੁਰੂ ਜਾਣੇ!

ਨੋਟ:-ਅੰਗ੍ਰੇਜ਼-ਅਰਬੀ/ਉੜਦੂ(ਸਿੰਧੀ)ਲਿਖਤ ਗ੍ਰੰਥ ਆਪੇ ਪਦ-ਛੇਦ ਹਨ; ਉਨ੍ਹਾਂ ਦੀ ਨਕਲ ਸੌ 'ਕ ਸਾਲਾਂ 'ਚ ਐਨਾ ਜ਼ੋਰ ਪੈ ਗਿਆ, ਸਾਰੇ ਭਾਰਤ ਪ੍ਰਾਂਤੀ: ਬੰਗਾਲੀ, ਗੁਜਰਾਤੀ, ਮਰ੍ਹਾਠੀ, ਹਿੰਦੁਸਤਾਨੀ ਆਦਿ ਅਖਬਾਰ, ਗ੍ਰੰਥ ਪਦ-ਛੇਦ 'ਚ ਛਪੇ ਨਿਤ ਸਭ ਪੜ੍ਹਦੇ, ਤੇ ਸਕੂਲਾਂ 'ਚ ਸਾਰੇ ਵਿਦਿਆ ਸਿਖਾਏ ਜਾਣ ਕਾਰਨ, ਧਰਮ ਗ੍ਰੰਥੀਆਂ ਵੀ ਆਮ ਪ੍ਰਾਂਤੀ ਜਨਤਾ ਲਈ ਪਦ-ਛੇਦ 'ਚ 1900-10 'ਚ ਛਪਣ ਲਗ ਪਏ॥ ਜੋ ਧਰਮ ਗ੍ਰੰਥ ਗੁਰੁਦ੍ਵਾਰੇ(ਮੰਦਰਾਂ) 'ਚ ਅਧਿਆਤਮ ਕਰਮ ਪ੍ਰਤਿਸ਼ਠਤ ਥਾਪੇ ਜਾਦੇ ਸਨ ਸਾਰੇ ਪਦ ਛੇਦ ਬਿਨਾ ਪੂਰੀਆਂ ਪੰਗਤੀਆਂ ਦੇ ਹੁੰਦੇ ਸਨ ॥ ਪਾਠਕ ਸਾਵਧਾਨ ਹੋਂਣ: ਪਥਰ, ਧਾਤੂ ਦੀਆਂ ਮੂਰਤੀਆਂ ਥਾਪਣ ਦੀ ਪਹਿਲਾਂ ਚਾਲ ਜੈਨੀਆਂ ਨੇ, ਫੇਰ ਬੋਧੀਆਂ ਨੇ, ਅਤੇ ਉਨ੍ਹਾਂ ਦੀ ਦੇਖਾ ਦੇਖੀ ਦੂਜੇ ਭਾਉ ਆਸਤਿਕ ਹਿੰਦੂਆਂ ਮੰਦਰਾਂ 'ਚ ਆਪਣੇ ਆਪਣੇ ਸੰਪ੍ਰਦਾਇ ਇਸ਼ਟਾਂ ਦੀਆਂ ਮੂਰਤੀਆਂ/ਚਿਤ੍ਰ ਬਣਾਕੇ ਨਕਲ ਕੀਤੀ: ਜਿਨ੍ਹਾ ਬਾਰੇ ਦਸਮ ਗ੍ਰੰਥ ਜੀਦੇ 23ਵੇਂ ਬੋਧ ਅਵਤਾਰ 'ਚ ਵਿਸੰਗ 'ਚ ਲਿਖਿਆ ਹੈ॥ ਪਰ

Sri Satguru Jagjit Singh Ji eLibrary NamdhariElibrary@gmail.com

ਮੂਰਤੀ, ਚਿਤ੍ਰ ਇਤਿਹਾਸਿ ਆਪਣੇ ਪਿਤਾ,ਦਾਦੇ ਆਦਿਆ ਦੀ ਸਿਮ੍ਰਿਤੀਆਂ ਜ਼ਰੂਰ ਹਨ ਪਰ ਨਾ ਲੋਕ, ਜਾਂ ਪਰਲੋਕ ਦੀ ਕੁਛ ਦੇਣ ਹਨ: ਨ ਪਾਥਰੁ ਬੋਲੈ ਨਾ ਕਿਛੁ ਦੇਇ॥ ਫੋਕਟ ਕਰਮ ਨਿਹਫਲ ਹੈ ਸੇਵ॥ ਸ਼੍ਰੀ ਜਗਦ ਗੁਰੂ ਅਰਜੁਨ ਦੇਵ ਜੀ ਦੇ ਨਿਸ਼ਠਾ ਬਚਨ ਹਨ॥

ਵੇਦ 'ਚ ਕੋਈ ਮੂਰਤੀ ਪੂਜਾ ਵਰਣਨ ਨਹੀਂ: ਸਿਰਫ ਵੇਦ ਗ੍ਰੰਥ ਪੂਜਨ, ਸ਼੍ਰੀ ਮਦਭਾਗਵਤ ਪੁਰਾਣ ਪੂਜਨ ਏਸੇ ਤਰ੍ਹਾਂ ਸ਼ੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੀ ਸੰਕੇਤਿਤ, ਪੋਥੀ ਪਰਮੇਸਰਕਾ ਥਾਨੁ ਲਿਖਿਆ ਹੈ॥ ਯਾਦ ਰਹੈ:-ਬਿਨਾ ਪਦ-ਛੇਦ ਪੂਜ ਗ੍ਰੰਥ ਕੇਵਲ ਭਾਰਤੀ ਪ੍ਰਥਾ ਹੀ ਨਹੀਂ, ਸਾਮੀ ਮੂਸਾਈ (ਯਹੂਦੀ) ਧਰਮ ਅਨੁਸਾਰ ਤੌਰੇਤ/ਤੋਰਾਹ ਕਿਤਾਬ ਵੀ ਬਿਨਾ ਪਦ-ਛੇਦ ਵੈਸੀ ਮਾਨਤਾ ਯਹੂਦੀਆਂ'ਚ ਰਖਦੀ ਹੈ, ਜੈਸੇ ਗੁਰੁਸਿੱਖ ਗੁਰੁਬਾਣੀ ਹੁਕਮ, ਪੋਥੀ ਪਰਮੇਸਰਕਾ ਥਾਨੁ॥ ਅਧਿਆਤਮ ਕਰਮ ਪ੍ਰਕਾਸ਼-ਸੰਤੋਖ ਆਦਿ ਕਰਦੇ ਹਨ॥ ਨਵੇਂ ਸਿੱਖ ਆਪ ਸਿੱਖੇ ਮਨ ਮਰਜ਼ੀ ਪਦ-ਛੇਦ, ਪ੍ਰਸ਼ਾਦਿ, ਪ੍ਰਕਾਸ਼-ਸੰਤੋਖ ਆਦਿ, ਆਪੇ ਬਣਾਇ ਨੇਮ ਕਰਦੇ ਹਨ॥

ਸ਼੍ਰੀ ਵਿਸ਼੍ਵਗੁਰੂ ਬਾਣੀ, ਟੀਕੇਆਂ ਦਾ ਉਪੋਧਘਾਤ(Introdution)

ਸ਼੍ਰੀ ਵਿਸ਼੍ਵਗੁਰੂ ਬਾਣੀ ਪਰਿਭਾਖਾ ਗਿਆਨ ਸਭ ਤੋਂ ਪਹਿਲਾਂ ਜ਼ਰੂਰੀ

(Introductory To Holy *Gurü*'s Canonical Language)

ਕੇਵਲ ਪਿਛਲੀ ਸਦੀ 1969 ਕਰੀਬ ਆਮ ਸਿੱਖ ਗੁਰੁਗਮ ਭਾਖਾ ਪਰਨਾਲੀ ਤੋਂ ਅਗਿਆਤ ਸ਼੍ਰੀ ਜਗਦਗੁਰੂ ਗ੍ਰੰਥ ਸਾਹਿਬ ਦੀ ਬੋਲੀ ਨੂੰ ਪੰਜਾਬੀ ਆਖਣ ਲਗ ਪਏ। ਪਰ ਸ਼੍ਰੀ ਵਿਸ਼੍ਵਗੁਰੂ ਬਾਣੀਦੀ ਆਪਣੀ ਗਵਾਹੀ ਕੁਛ ਹੋਰ ਜੀ ਕਹਿੰਦੀ ਦੇਖਦੇ ਹਾਂ, ਜਥਾ:-

ਮ:1. ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ॥ ਵਡੈ ਭਾਗਿ ਸਤਿਗੁਰੁ ਮਿਲੈ ਪਾਈਐ ਪਦੁ ਨਿਰਬਾਣੀ॥ ੪.49 /84

ਸੰਨ 1969 ਬਾਦ ਆਪਣੇ ਮਨਾਂ ਅੰਦਰ ਵਿਤਕਰਾ ਪੈਦਾ ਹੋਣ ਕਾਰਣ ਨਵੇਂ ਸਿੱਖੀ ਪ੍ਰਚਾਰਕਾਂ ਨੇ ਸ੍ਰੀ ਜਗਦਗੁਰੂ ਬਾਣੀ ਲਿਪੀ ਅੱਖਰਾਂ ਨੂੰ ਪੰਜਾਬੀ ਕਹਿਣਾ ਸ਼ੁਰੂ ਕੀਤਾ ਬਲਕਿ ਸ਼੍ਰੀ ਗੁਰੁਬਾਣੀ ਅਨੁਸਾਰ ਅਸਲ 'ਚ ਰੂੜੀ ਗੁਰਬਾਣੀ ਹੈ॥ ਇਨ੍ਹਾਂ ਨੂੰ ਪਤਾ ਨਹੀਂ ਬੋਲੀ ਅਤੇ ਲਿਪੀ ਵਿੱਚ ਅੰਤਰ ਹੈ। ਸ਼੍ਰੀਗੁਰੁਬਾਣੀ ਲਿਪੀ ਪੰਜਾਬੀ ਭਾਖਾ ਨਹੀਂ, ਬਲਕਿ ਗੁਰਮੁਖੀ ਲਿਪੀ ਹੈ॥ ਜਿਵੇਂ ਹਿੰਦੀ ਭਾਰਤ ਦੀਆਂ ਅਨੇਕ ਪ੍ਰਾਂਤੀ ਬੋਲੀਆਂ: ਉੜੀਆ, ਗੁਜਰਾਤੀ, ਬੰਗਾਲੀ, ਮਰ੍ਹਾਟੀ, ਨਾਮਾਂ ਦੀਆਂ ਅਨੇਕ ਬੋਲੀਆਂ ਵਰਗੀ ਬੋਲੀ ਹੈ: ਪਰ ਸਾਰੇ ਭਿੰਨ ਭਿੰਨ ਲਿਪੀਆਂ ਦਾ ਆਧਾਰ ਇਕੋ ਦੇਵਨਾਗਰੀ ਲਿਪੀ ਹੈ॥ ਉੜਦੂ, ਸਿੰਧੀ, ਪਸ਼ਤੂ, ਫਾਰਸੀ, ਤੁਰਕੀ ਆਦਿ ਅੱਡ ਅੱਡ ਬੋਲੀਆਂ ਹਨ: ਪਰ ਲਿਪੀ ਓਨ੍ਹਾਂ ਦੀ ਅਰਬੀ ਹੈ॥ ਯੋਰਪ ਦੇਸ਼ ਪ੍ਰਾਂਤੀ: ਅੰਗ੍ਰੇਜ਼ੀ, ਫ੍ਰੈਂਚ, ਸਪੈਨਿਸ਼, ਇਟੈਲਿਅਨ ਬੋਲੀਆਂ ਹਨ: ਪਰ ਸਾਰੇਆਂ ਦੀ ਲਿਪੀ ਰੋਮਨ (ਲੈਟਿਨ ਬੋਲੀ ਨਹੀਂ) ਹੈ॥ ਸ਼੍ਰੀਵਿਸ਼੍ਵ ਗੁਰੁਬਾਣੀ ਦੇ ਆਪਣੇ ਹੁਕਮ ਅਨੁਸਾਰ ਲਾਜ਼ਮੀ ਹੈ, ਸਾਰੇ ਗੁਰੁਸਿਖ-ਸਿੰਘ ਰੂੜੀਬਾਣੀ ਮੰਨਣ॥ ਪਹਿਲਾ ਵਿਸ਼ਾ ਇਹੋ ਵਿਚਾਰਨ ਜੋਗ ਜ਼ਰੂਰੀ ਹੈ ਨਹੀਂ ਤਾਂ ਅਰਥ ਦੀ ਥਾਂ ਅਨਰਥ ਹੋਣੇ ਸੁਭਾਵਕ ਹਨ॥

---

83. ਸ਼੍ਰੀਗੁਗ੍ਰੰਜੀ.ਓ.ਪੰ.897:6॥ ਦ. ਸ਼੍ਰੀਭਾਗਵਤ ਪੁਰਾਣ ਮਹਾਤਮ ਪਦਮਪੁਰਾਣੇ-1।6।28-30=ਸ਼੍ਰੀਗੁਗ੍ਰੰਜੀ, ਅ.ਪੰ.1226:3;'1165:5'। ਦ.ਪੰ. 1160:5-6, 8....। ਆਦਿ॥

84. ਪੁਨ੍ਹੈ. ਪੰਨੇ. ਮ:1: 421:2; 427:1; 936:19, ਆਦਿ ॥

Sri Satguru Jagjit Singh Ji eLibrary NamdhariElibrary@gmail.com

ਗੁਰੁਸਿੱਖੀ ਸਿਖਿਆ ਗੁਰੁਗਮ ਟਕਸਾਲੀ ਸ਼੍ਰੀ ਗੁਰੁਬਾਣੀ ਜਪੁ ਨੀਸਾਣ ਗ੍ਰੰਥੀ ਅਰਥ ਸਾਡੇ ਸਾਮ੍ਹਣੇ ਕਰੀਬ 170-180 ਟੀਕੇ ਅਨੇਕ ਭਾਖਾਵਾਂ (ਬੋਲੀਆਂ), ਉਪ-ਬੋਲੀਆਂ ਅਧਾਰਾਂ ਉਤੇ ਪਿਛਲੇ ਚਾਰ ਸੌ ਬਰਸ ਲਿਖੇ ਟੀਕੇਆਂ 'ਚ ਦੇਖਦੇ ਹਾਂ॥ ਬੋਲੀਆਂ ਦੇ ਫਰਕ ਵੀ ਵਿਚਾਰਨੇ ਹਨ ਕਿਉਂਕਿ ਇਨ੍ਹਾ'ਚ ਕੇਵਲ ਬੋਲੀਆਂ ਦਾ ਹੀ ਫਰਕ ਨਹੀਂ, ਪਰ ਦੇਸ਼ਾਂ ਦੇ ਪ੍ਰਾਂਤ, ਉਪ-ਪ੍ਰਾਂਤ ਬੋਲੀਆਂ ਐਨੇ ਸਾਲਾਂ 'ਚ ਕਿਤਨੇ ਰੂਪ ਬਦਲੇ ਹਨ, ਵਿਚਾਰਣ ਜੋਗ ਹਨ। ਨਾਲ ਦੀ ਨਾਲ ਉਨ੍ਹਾਂਦੇ ਵਿਆਕਰਣ ਪੱਖ, ਪਿੰਗਲ-ਛੰਦ, ਭਾਖਾ ਨਿਆਇ, ਭਾਖ ਅਲੰਕਾਰ, ਦ੍ਰਿਸ਼ਟਾਂਤ-ਦਾਰਸ਼ਟਾਂਤ ਆਦਿ ਸਾਰੀ ਤਰਜ਼ ਬਦਲੇ ਅੰਗਾਂ ਦੇ ਪ੍ਰਤੱਖ ਬੋਧ ਸਮਝੇ ਜਾਣ, ਜਿਸ ਕਾਰਣ ਠੀਕ ਅਰਥਾਂ ਦਾ ਗਿਆਨ ਹੋਵੇ॥

ਮਸਲਨ:- ਜਦ ਤਕ ਪਛਮੀ ਅੰਗ੍ਰੇਜ਼ੀ ਸੱਭਿਤਾ ਦਾ ਭਾਰਤ ਦੀਆਂ ਪ੍ਰਾਂਤੀ ਬੋਲੀਆਂ ਤੇ ਪ੍ਰਭਾਵ ਨਹੀਂ ਪਿਆ, ਸ਼੍ਰੀ ਜਗਦਗੁਰੁ ਕਾਲ ਦੇ ਪਹਿਲੇ ਬਾਵਾ ਮਿਹਰਬਾਨ ਦੀ ਟੀਕਾ ਵੇਲੇ ਤੋਂ ਲੈ ਫਰੀਦਕੋਟੀ ਟੀਕਾ ਵੇਲੇ ਤਕ ਸ਼੍ਰੀ ਜਪੁ ਬਾਣੀ ਦੀ ਤੀਜੀ ਪੌੜੀ ਪ੍ਰਸਨ ਰੂਪ ਅਰਥ "ਗਾਵੈ ਕੋ..." ਦਾ ਅਰਥ "ਕੌਣ ਗਾ..." ਟੀਕਾਕਾਰ ਕਰਦੇ ਰਹੇ ਸਨ ਪਰ ਉਸ ਕਾਲ ਪਿੱਛੋਂ, ਅੰਗ੍ਰੇਜ਼ਕਾਲੀ ਪਾਦਰੀ ਟ੍ਰੰਪ ਅਤੇ ਜੱਜ ਮੈਕਾਲਿਫ, ਦੋਨੋਂ ਨਾ ਪੱਛਮੀ, ਤੇ ਭਾਰਤੀ ਦਰਸ਼ਨ, ਖਾਸ ਕਰਕੇ ਤਰਕ ਤਾਂ ਕੀ ਜਾਣਨੇ ਸੇ ਉਨ੍ਹਾਂ ਦੀ ਅੰਗ੍ਰੇਜ਼ੀ ਉਲਥੇ-ਟੀਕਾਵਾਂ ਦੇ ਪ੍ਰਭਾਵ ਪਿਛੋਂ ਸਾਫ ਹੈ ਅਰਥ ਪੱਛਮ ਬੋਲੀ ਲਹਿਜ਼ੇਆਂ ਦੇ ਪ੍ਰਭਾਵ ਦਿਖਦੇ ਹਨ॥ ਨਵੇ ਸਿੱਖ ਉਨ੍ਹਾਂ ਤਰ੍ਹਾਂ ਅਰਥ "ਕੋਈ ਗਾਂਦੇ ... ਹਨ" ਕਰਣ ਲੱਗ ਪਏ॥ ਉਨ੍ਹਾਂ ਦੇ ਸਾਮੀ ਇਸਾਈ ਧਰਮ ਸਿਧਾਂਤ ਜੋ ਸ਼੍ਰੀ ਗੁਰੁਬਾਣੀ ਬਾਰ ਬਾਰ ਰੋਕੇ, ਗੁਰੁਗਮ ਸਿਖਿਆ ਟੀਕਾਕਾਰ ਅਰਥ ਕਰਨ ਲੱਗ ਪਏ॥ ਇਹ ਵਿੱਚ ਸੰਸ਼ੋ ਸ਼੍ਰੀ ਗੁਰੁ ਸਿੱਧਾਂਤ ਅਨੁਸਾਰ ਸਾਫ ਕਰਨਾ ਜ਼ਰੂਰੀ ਹੈ॥

ਫੈਸਲਾ ਇਹ ਬਣਦਾ ਹੈ; ਸਾਰੇ ਟੀਕੇਆਂ 'ਚੋਂ ਛਾਂਟ ਕੇ, ਹਾਥੀ ਪੈੜ 'ਚ ਸਾਰੇ ਪੈੜ ਇਕੱਠੇ ਸਾਰੇ ਟੀਕੇਆਂ ਦੇ ਭਾਵਾਰਥ ਢਕੇ ਜਾਣ॥ ਉਸ ਵੇਲੇ ਬਹੁਤ ਗੂੜ੍ਹੇ ਵਿਚਾਰ ਪਿਛੋਂ ਸਿਟ ਇਹ ਨਿਕਲਿਆ; ਇਤਿਹਾਸਕ ਤਰਤੀਬ਼ ਅਨੁਸਾਰ:-

1.ਸ਼੍ਰੀ ਗੁਰੁ ਬੰਸ, 2.ਉਦਾਸੀ ਗੁਰੁਸਿੱਖ ਸੰਪ੍ਰਦਾਇ, 3.ਸ਼੍ਰੀ ਗੁਰੁ ਸੇਵਕ (ਭਾ.ਕਨ੍ਹਈਆ) ਸੰਪ੍ਰਦਾਇ, 4.ਨਿਰਮਲੇ ਗੁਰੁਸਿੰਘ ਗੁਰੁਗਮ ਸੰਪ੍ਰਦਾਇ, ਅਤੇ: 5. ਸ਼੍ਰੀ ਗੁਰੁਕਾਲ ਪਿੱਛੋਂ ਸੁਤੰਤਰ ਦੇਸ਼ੀ-ਪੱਛਮੀ ਵਿਸ਼ੇਸ਼ ਟੀਕੇ ਜੋ 400 ਸਾਲ ਪਰਿਭਾਖਿਕ ਏਕਤ੍ਵ(1)-ਦੂਜਾ ਭਾਉ, ਅਦ੍ਵੈਤ-ਦ੍ਵੈਤ ਸਿਧਾਂਤ,ਰੂੜੀ ਬੋਲੀ, ਵਿਦਿਆ ਪੱਖਾਂ ਨੂੰ ਸਾਹਮਣੇ ਰੱਖ, 'ਦੁਧ' ਰੂਪ ਟੀਕੇਆਂ 'ਚ 'ਮਲਾਈ' ਰਿੜਕ, ਕਢੇ ਇਕੋ ਗ੍ਰੰਥ ਸੰਗ੍ਰਹ ਰੂਪ 'ਚ ਭੇਟਾ ਹੋਵੇ॥ ਪੜ੍ਹਦੇ ਸਾਰੇ ਪੱਖਾਂ ਦੀਆਂ ਮਹੱਤਾ ਪਾਠਕਾਂ ਨੂੰ ਤਤਕਾਲ ਅਲੋਚਨਾ ਦੇ ਨਿਰਣੈ ਕੱਢਨ ਦੀ ਰੁਚੀ ਬਣੀ ਰਹੇ॥

ਇਸ ਤਰ੍ਹਾਂ ਦੇ ਖੋਜੇ ਟੀਕੇ, ਗ੍ਰੰਥ ਜੋ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ-ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀਆਂ ਆਪ ਥਾਪੇ ਅਨੇਕ ਸੰਪ੍ਰਦਾਏ ਪ੍ਰੇਮੀਆਂ ਦੇ ਪੰਜ-ਸੌ ਬਰਸ ਗੁਰੁਸਿੱਖ ਪੰਥ ਮੰਜੀਆਂ ਆਰੰਭ ਪ੍ਰਚਾਰ ਦੀਆਂ ਅਨੇਕ ਸ਼ੈਲੀਆਂ ਦੇ ਫਰਕ ਦੇਖਣ; ਕਿ ਦਿਗ-ਵਿਜੈ 'ਚ ਅਨੇਕ ਰੂਪ-ਰੇਖਾਵਾਂ ਗੁਰਬਾਣੀ ਨਾਮ ਸਮਝਣੇ ਚਾਹੀਦੇ ਹਨ॥ ਨਿਜਿਠ ਲਈ ਸਮਨ੍ਹੈ ਢੰਗ ਰਾਹੀਂ ਸਦਾ ਗੁਰੂਘਰ ਵੱਲ ਜਨਤਾ ਦੇ ਮਨਾਂ 'ਚ ਸ਼ੁੱਧਾ, ਤਰਕ ਆਧਾਰ ਰਾਹੀਂ ਕਾਇਮ ਹੋ ਜਾਵੇ ਜਿਸ ਕਰ ਸਚਾਈ ਦੀ ਕਸੌਟੀ ਉਤੇ ਪਰਖ, ਸਿੱਧ ਹੋਏ ਤੇ ਪ੍ਰਕਾਸ਼ ਪਾਇਆ ਜਾਏ॥ ਧਿਆਨ ਰਹੇ ਮੂਲ

Sri Satguru Jagjit Singh Ji eLibrary NamdhariElibrary@gmail.com

ਗ੍ਰੰਥ ਕਰਤਾ ਸਦਾ ਪੂਰਣ ਸੁਤੰਤ੍ਰ ਹੁੰਦੇ ਹਨ॥ ਸਾਰੇ ਵਿਸ਼੍ਵਧਰਮ ਗ੍ਰੰਥਾਂ ਵਿੱਚ ਵਿਰੋਧਾਭਾਸ ਹਨ: ਗੁਰਗਮ ਬਿਨਾ, ਸੰਸ਼ੇ ਮਿਟਦੇ ਨਹੀ ਅਤੇ ਤੱਤ ਗਿਆਨ ਅਸੰਭਵ ਹੈ॥ ਕੀ ਸ਼੍ਰੀ ਗੁਰੁਬਾਣੀ ਇੱਕ ਅਰਥਕ ਹੈ ਕਿ ਬਹੁ ਅਰਥਕ ਬਹੁਤ ਵਾਦ-ਵਿਵਾਦੀ ਹੈ?

ਗ੍ਰੰਥ ਕਰਤਾ ਦਾ ਸੰਬੰਧ ਕਰੀਬਨ ਸਾਰੇ ਪ੍ਰਸਿੱਧ ਗੁਰੁਸਿੱਖ ਕੀਰਤਨੀਆਂ, ਪ੍ਰਚਾਰਕਾਂ, ਲੇਖਕਾਂ; ਭਾ.ਜੋਧ ਸਿੰਘ(ਪਹਿਲੇ ਵੀ.ਸੀ.ਪੰਜਾਬੀ ਮਹਾਂਵਿਦਿਆਲਾ), ਭਾ.ਵੀਰ ਸਿੰਘ, ਭਾ.ਸਾਹਿਬ ਸਿੰਘ(ਪੰਜਾਬੀ ਵੈਯਾਕਰਣੀ) ਆਦਿਆਂ ਨਾਲ ਈਸ੍ਵੀ 1948 ਤੋਂ ਹੈ॥ ਇਨ੍ਹਾਂ ਨਾਲ ਕਈ ਵਾਰ ਪਰਥਾਇਆਂ ਉਤੇ ਚਰਚਾ ਹੋਈ, ਸੱਜਨਾਂ ਦੇ ਨਾਮ ਲਿਖੇ ਬਿਨਾ, ਕੇਵਲ ਜ਼ਰੂਰੀ ਨਿਗਮ-ਆਗਮ ਚਰਚਾ ਦੱਸਦੇ ਹਾਂ:-

ਸਮਸਯਾ: ਸੰਨ 1880 ਪਿਛੋਂ ਕਰੀਬਨ ਸਾਰੇ ਪੱਛਮੀ(ਅੰਗ੍ਰੇਜ਼ੀ) ਵਿਦਯਾ ਪ੍ਰਭਾਵੀਆਂ ਨੂੰ ਜਦ ਪਹਿਲੀ ਵਾਰ ਮਿਲਨ ਦਾ ਮੌਕਾ ਹੋਇਆ, ਹਰੇਕ ਪ੍ਰਭਾਵ ਪੌਣ ਲਈ ਕਹਿੰਦਾ ਸੀ:-ਗੁਰਬਾਣੀ ਦਾ ਇਕੋ ਅਰਥ ਹੀ ਠੀਕ ਹੈ ॥

ਅਲੋਚਕ: ਜਪੁ ਸਾਹਿਬ ਦੇ ਅਨੇਕ ਟੀਕਾ ਹਨ, ਕੇਹੜਾ ਠੀਕ ਹੈ? ਤਰਕ ਸਿਧਾਂਤ ਅਨੁਸਾਰ ਜੇ ਤੁਸੀ ਇਕੋ ਠੀਕ ਮਨੋਗੇ ਤਾਂ ਬਾਕੀ ਸਾਰੇ ਗ਼ਲਤ ਹੋਣਗੇ। ਜੇ ਸਾਰੇ ਗ਼ਲਤ ਨੇ ਤਾਂ ਕੋਈ ਤਾਂ ਠੀਕ ਕਹਿਣਾ ਪਵੇਗਾ। ਸਾਰੇ ਗ਼ਲਤ ਹੋ ਨਹੀਂ ਸਕਦੇ। ਐਸੇ ਨਿਗਮ-ਆਗਮ ਤਰਕ ਆਦਿ ਅਨੁਸਾਰ ਅੰਤ 'ਚ ਚਲਾਈ ਆਪ ਅਟੁਟ ਗੁਰੁਗਮ ਪ੍ਰਥਾ ਮੰਨਣੀ ਪਵੇਗੀ॥ ਜੇ ਪਲ ਲਈ ਮਨੀਏ: ਤੁਸੀਂ ਠੀਕ ਕਿਹਾ ਹੈ ਤਾਂ ਸ਼੍ਰੀ ਗੁਰੁ ਹੁਕਮ ਹੈ:

ਮ:3:-ਮਹਾਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ॥ ਓਇ ਅੰਮ੍ਰਿਤ ਭਰੇ ਭਰਪੂਰ ਹਹਿ: ਓਨਾ ਤਿਲੁ ਨ ਤਮਾਇ॥

ਨੋਟ:-ਐਥੇ ਬਸ ਨਹੀਂ, ਜਦ ਤਕ 5/10 ਸ਼੍ਰੀ ਜਗਦਗੁਰੂ ਜੀਆਂ "ਸ਼੍ਰੀ ਪੋਥੀ(ਗੁਰੂ ਗ੍ਰੰਥ)ਜੀ ਉਥਾਨਕਾ" ਬਣਾਕੇ ਪੂਰਣ ਕਰ ਨਹੀਂ ਦਿਤੀ; ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀਤੋਂ ਪਾ.10 ਸ਼੍ਰੀਜਗਦਗੁਰੂਆਂ ਤਕ: ਮੰਜੀਦਾਰ,ਪ੍ਰਚਾਰਕ,ਕੀਰਤਨੀਏ,ਤੇ ਮੀਣੇ ਸਭ ਸ਼ਬਦ ਅਰਥ ਮਨਮਰਜ਼ੀ/ਭਾਵੀ ਕਰਦੇ ਰਹੇ।

ਜਦੋਂ 5/10 ਸ਼੍ਰੀਜਗਦਗੁਰੂ ਜੀਆਂ "ਉਥਾਨਕਾ ਗ੍ਰੰਥ" ਦਿਤਾ:ਤਦੋਂ ਮਸਲਨ ਸਿੱਧ ਗੋਸ਼ਟ ਦੇ ਦੋ ਅਰਥ:- 1.ਸਿੱਧਾਂਦੇ ਗੋਰਖਾਦਿ ਜੋਗੀਆਂ ਸ਼ਬਦਾਰਥ, ਅਤੇ 2. ਸ਼੍ਰੀ ਵਿਸ਼੍ਵਗੁਰੂਜੀ ਦੇ ਸਿਧਾਂਤ ਅਰਥ ਮੁਮਕਿਨ ਹੋ ਗਏ। ਇਸੇ ਤਰ੍ਹਾਂ 'ਰਾਮਕਲੀ ਦੱਖਨੀ' (ਦੋ ਭਾਰਤ ਉੱਤਰੀ-ਦਖਨੀ ਸੰਗੀਤ ਪੱਧਤੀ) ਬਾਵਨ ਅੱਖਰੀ ਦੇ ਦੋ ਪਹਿਲੂ ਅਰਥ ਹਨ। ਇਕ ਪਾਧੇ ਪੰਡਿਤ ਦੇ ਅਤੇ 2. ਸ਼੍ਰੀਵਿਸ਼੍ਵਗੁਰੂ ਨਾਨਕ ਜੀ ਦਾ ਤੱਤ ਸਿਧਾਂਤ ਸਪਸ਼ਟ ਹੁੰਦਾ ਹੈ॥ ਇਨ੍ਹਾ ਦੋ ਗ੍ਰੰਥੀਆਂ ਤੋਂ ਇਲਾਵਾ, ਸ੍ਰੀਗੁਰੁ ਬਾਣੀ ਤਿੰਨ ਕਾਂਡ, ਚਾਰ ਪਦਾਰਥਾਂ ਸੱਤ ਅੰਕਾਦਿ ਅਨੰਤ ਬਾਣੀਆਂ ਹੋਰ ਅਰਥੀ ਵੀ ਇਸ ਪ੍ਰਮਾਣ: ਮ:3 "ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ"

---

85. ਓ.ਨਿਰਮਲ ਸ਼੍ਰੀ ਮਹੰਤ ਸਾਧ ਸਿੰਘ ਪ੍ਰਕਾਸਿਤ,ਤੇ ਗੁਰੁਭਾਈ ਸੰਤ ਪੰ.ਤਾਰਾ ਸਿੰਘ 'ਨਰੋਤਮ' ਦਾ ਸ਼੍ਰੀਗੁਰੂ ਤੀਰਥ ਸੰਗ੍ਰਹ ਪੰ:272 ਸਾਰੇ ਨਾਮ ਮਹਾਨ ਕੋਸ਼ ਵਿੱਚ ਨਹੀਂ। ਅ.ਪੁਨ੍ਹੈ.ਸਾਖੀ.61 ਪੰ.125-6 ॥ ਏ. ਗੁਰੂਕੀਆਂ ਸਾਖੀਆਂ ਪੰ.16 ਅੰਕ 8,ਭੱਟ ਵਹੀ ਭਾਦਸੋਂ, ਪਰਗਣਾ ਥਾਨੇਸਰ ॥ ਸ.ਪੰ.755:9 ॥ ਹ.ਪੰ.647:1॥

Sri Satguru Jagjit Singh Ji eLibrary NamdhariElibrary@gmail.com

ਕਰ ਦੇਖਦੇ ਹਾਂ॥ ਐਸੇ ਸਾਝੇ ਗੁਰੁਸੰਗਤ'ਚ ਗਿਆਨ ਉਪਦੇਸ਼, ਕੀਰਤੀ ਕਰਨੀ ਹਰੇਕ ਦੇ ਬਸ ਨਹੀਂ--ਜਦ ਤਕ ਸਾਂਝੇ ਵਿਸ਼ੂਧਰਮ ੧ਓ ਦੀ ਗੁਰਗਮ ਟਕਸਾਲੀ ਸਿਖਿਆ ਪਰਿਭਾਸ਼ਾ ਤਿਨ ਦਦੇਆਂ ਪੁਰਾਣ ਕਾਲੀ ਰਿਗ ਵੇਦੀ ਸ਼ਥਪਥੀ ਵ੍ਰਿਹਦਾਰਣਜਕੋਪਨਿਸ਼ਦ ਪ੍ਰਕ੍ਰਿਆ ਸਾਖੀ ਗਿਆਨ ਨਾ ਹੋਵੇ॥ ਨਾ ਓਹ ਬਹੁ ਅਰਥ ਕਰ ਸਕਦੇ, ਨਾ ਅਰਥ ਜਾਣਦੇ, ਸਮਝਦੇ, ਬੁਝ ਸਕਦੇ ਹਨ। ਵਿਸਤਾਰ ਲਈਂ ਥਾਂ ਘਟ ਹੈ(ਮੂਲ ਟੀਕੇ ਦੇਖੋ)। ਤਿਨ ਦਦੇਆਂ ਦਾ ਦ੍ਰਿਸ਼ਟਾਂਤ ਅਗੇ ਹੈ:

ਤਿਨ ਦਦੇ/ਦਕਾਰਾਂ ਦੇ ਦ੍ਰਿਸ਼ਟਾਂਤ-ਦਾਰਸ਼ਟਾਂਤ ਤੇ ਸੰਖੇਪ ਭਾਵਾਰਥ

ਸ਼੍ਰੀਵਿਸ਼ੂਗੁਰੂ ਬਾਣੀ ਪਿਛਲੇ ਤਿਨ ਜੁਗ: ਸਤ, ਤ੍ਰੇਤਾ, ਦ੍ਵਾਪੁਰ ਵੇਦ ਤੋਂ ਪ੍ਰਾਰੰਭ ਜੈ ਮਹਾਭਾਰਤ ਆਦਿ ਪਹਿਲੇ ਸ਼ਾਸਤ੍ਰਾਂ 'ਚ ਬਾਰ ਬਾਰ ਦ੍ਰਿਸ਼ਟਾਂਤ ਪ੍ਰਤੱਖ ਹਨ, ਜੋ ਗੁਰੁਸਿੱਖਾਂ ਦੀਆਂ ਦੋ ਅੰਮ੍ਰਿਤ ਬਾਣੀਆਂ ਵਿੱਚ ਹਨ, ਜਥਾ:-'ਜਪੁ' ਸਾਹਿਬ ਅਤੇ 'ਸੁਧਾ ਸਵੈਯੇ' ਦੋਨੋਆਂ 'ਚ ਬ੍ਰਹਮ ਗਿਆਨ ਸਮਝਣ ਦੀ ਵਿਧੀ ਲਿਖੀ ਹੈ ਜੋ 'ਨਿਤ ਨੇਮ' ਸਾਰੇ ਪੜ੍ਹਦੇ ਹਨ ॥ ਸ਼ੀਵਿਸ਼ੂਗੁਰੂਜੀ ਪ੍ਰਦਾਨ ਅੰਮ੍ਰਿਤ ਸੰਸਕਾਰ "ਜਪੁ" ਸਾਫ ਹੈ:- ਤੀਰਥੁ, ਤਪੁ, ਦਇਆ, ਦਤੁ,ਦਾਨੁ ॥ ਜੇਕੋ ਪਾਵੈ,ਤਿਲਕਾ ਮਾਨੁ॥ ਸੁਣਿਆ, ਮੰਨਿਆ, ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ, ਮਲਿ ਨਾਉ...॥ 21

[86]ਜਪੁ ਨੀਸਾਣੁ ਗ੍ਰੰਥੀ: ਮੂਲ ਮੰਤ੍ਰ, ਸ਼ਬਦ ਮੰਤ੍ਰ, ਨਾਮ ਕਰਣ, ਆਦਿ

ਜਪੁ ਪਦ ਇਕ ਦਮ ਮੂਲ ਮੰਤ੍ਰ ਦੇ ੧ਓ...ਅੰਤ ਵਿੱਚ ਲਿਖਿਆ ਹੈ* ਐਥੇ ਇਸ ਪਦ ਦੇ ਲਿਖਨ ਦੇ ਤਿਨ ਹੇਤੂ ਹਨ:-

1. ਮੂਲ ਮੰਤ੍ਰ ਅੰਤ "ਜਪੁ" ਪਦ ਹੈ ਜਿਸ ਦੇ ਅਨੇਕ ਭਾਵਾਰਥ ਹਨ, ਜੋ ਆਮ ਪ੍ਰਚਾਰਕ ਕਰਦੇ ਦੇਖੇ ਹਨ:-ਓ. ਗੁਰੁਗਮ ਅਣਜਾਣ ਸਿੱਖ ਬਾਰ ਬਾਰ ਪ੍ਰਚਲਿਤ ਤੰਤ੍ਰਿਕ ਮਤ ਮੰਤ੍ਰ ਜਾਪਾਂ ਤਰ੍ਹਾਂ ਚਾਰ ਬਾਣੀਆਂ:-1.ਵੈਖਰੀ, 2.ਮੱਧਮਾ, 3.ਪਰਾ,ਤੇ 4.ਪਸਯੰਤੀ, ਕਿਸੇ ਤਰੀਕੇ ਪਾਠ ਰਟਨ ਅਰਥ ਕਰਦੇ ਹਨ। ਪਰ ਐਸੀਆਂ ਕ੍ਰਿਯਾਵਾਂ ਸ਼੍ਰੀ ਗੁਰੁਬਾਣੀ ਬਾਰ ਬਾਰ ਬੇ-ਅਰਥ ਕਹਿੰਦੀ ਦਸ ਚੁਕੇ ਹਾਂ, ਜਥਾ :-

ਮ:3:-ਮੁਖਹੁ ਹਰਿ ਹਰਿ ਸਭੁਕੋ ਕਰੈ,ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨਕੈ ਹਿਰਦੈ ਵਸਿਆ, ਮੋਖ ਮੁਕਤਿ ਤਿਨ" ਪਾਇਆ,

ਮ:3:-ਰਾਮ ਰਾਮ ਸਭੁਕੋ ਕਹੈ ਕਹਿਐ ਰਾਮੁ ਨ ਹੋਇ॥
ਗੁਰਪਰਸਾਦੀ ਰਾਮੁ ਮਨਿਵਸੈ ਤਾ ਫਲੁ ਪਾਵੈ ਕੋਇ

ਮ:10 ਅਕਾਲੁਸਤੁਤਿ:- ਜਾਪਕੇ ਕੀਏ ਜੋਪੈ ਪਾਈਅਤ ਅਜਾਪ ਦੇਵ
ਪੂਦਨਾ ਸਦੀਵ ਤੂਹੀ ਤੂਹੀ ਉਚਰਤ ਹੈ॥

ਅ. ਪੰਜਾਬੀ ਰੂੜੀ ਬੋਲੀ ਵਾਚਜ/ਸ਼ਕਤ ਅਰਥ ਸਾਰੇ ਜਾਣਦੇ ਸਮਝਦੇ ਹਨ; "ਇਹ ਗੱਲ 'ਜਾਪੀ'/'ਸਮਝੇ?" ਆਦਿ॥

86. ਦੇਖੋ ਟਿੱਪਣੀ:126 = ਸ਼੍ਰੀ.ਗੁ.ਗ੍ਰੰ.ਜੀ:ਓ.ਪੰ.1040:19(ਪੂਰੇ ਗੁਰੁ ਅਕਾਲ ਪੁਰਖੁ ਤੋਂ ਪਇਆ),156:4॥ ਅ.ਭਾਈ ਗੁਰਦਾਸ ਵਾਰ:6।19।2॥ ਸ਼੍ਰੀਗੁਰੂਜੀ: ਏ. ਪੰ.447: 17, 521:12, 576:18, 1356:19, ਆਦਿ॥

Sri Satguru Jagjit Singh Ji eLibrary NamdhariElibrary@gmail.com

ਏ. ਗੁਰੁਬਾਣੀ ਪਰਿਭਾਸ਼ਾ ਹੈ, ਸੰਤਸਭਾ ਮਿਲਿ ਕਰਹੁ ਬਖਿਆਣ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ॥ ਬ੍ਰਹਮ ਬੀਚਾਰੁ,ਬੀਚਾਰੇ ਕੋਇ॥ ਨਾਨਕ ਤਾਕੀ ਪਰਮਗਤਿਹੋਇ'' ਸ਼੍ਰੀਵਿਸ਼੍ਵਗੁਰੂ ਮ:1:-''ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥ ਅੰਤਰਿ ਬਾਹਰਿ ਏਕੁ ਪਛਾਣੈ,ਇਉ ਘਰੁ ਮਹਲੁ ਸਿਞਾਪੈ॥

ਇਹ ਗੁਰੁਗਮ ਟਕਸਾਲੀ ਅਧਿਆਤਮਕ ਲਕਸ਼ਾਰਥ ਗਿਆਨ ਗੁਰੁਸਿੱਖਾਂ ਨੂੰ ਹੋਰ ਵੀ ਸਮਝਾਣਾ ਹੈ:-

2. ਆਦਿ ਵੇਦ, ਸਿਮ੍ਰਿਤੀਆਂ, ਪੁਰਾਣ, ਤੰਤ੍ਰਾਂ 'ਚ ਜਪ ਗਿਆਨ ਸਾਰੇ ਯੱਗਜ਼ਾਂ (ਜੱਗਾਂ)'ਚ ਸਭਤੇ ਉਚਾ ਜੱਗ ਮੰਨਿਆ ਹੈ॥

3 ਮੂਲ ਮੰਤ੍ਰ ਪਿੱਛੋਂ ਜਪੁ ਦੇ ਮਹਲਾ ਨਹੀਂ ਹੈ, ਸੋ ਧਿਆਨ ਰਹੇ ਜਪੁ ਸ਼ਬਦ ਦਹਿਲੀ ਦੀਪ ਨਿਆਇ (Maxim) ਅਨੁਸਾਰ ਦੋ ਅਰਥਕ ਹੈ। 1.ਜਪੁ ਦਾ ਅਰਥ ਸਮਝੋ, ਅਤੇ, 2.ਪ੍ਰਭੂ 'ਦਰਸ਼ਨ' ਦਿਤਾ ਸਿਰਲੇਖ (Title) ਵੀ ਹੈ॥

4. ਜਪੁ ਸਭਤੋਂ ਪਹਿਲੀ ਬਾਣੀ ਕਾਰਣ ਪੰਚਮ ਸ਼੍ਰੀ ਜਗਦਗੁਰੂ ਅਰਜੁਨ ਦੇਵ ਜੀ ਪੂਜ੍ਯ ਪੋਥੀ ਦੇ ਸ਼ਾਸਤ੍ਰੀਕਰਣ ਥਾਪੇ ਇਲਾਂਨ ਪਿਛੋਂ ਮਾਮਾ ਭਾ. ਗੁਰਦਾਸ ਤਤਕਰਾ ਲਿਖਣ ਵੇਲੇ ਹੁਕਮ ਦਿਤਾ, ਆਰੰਭ ਵਿੱਚ ਲਿਖੋ:-'ਜਪੁ ਨੀਸਾਣੁ ਗੁਰੂ ਰਾਮ ਦਾਸ ਜੀਉ ਕਿਆ ਦਸਤਖਤਾ ਕਾ ਨਕਲ', ਜਿਸ ਕਾਰਣ ਸ਼੍ਰੀ ਪੋਥੀ/ਗ੍ਰੰਥ ਜੀ ਦੀਆਂ ਅਗਲੀਆਂ ਨਕਲਾਂ ਉਤੇ ਅੱਗੇ ਦਸ਼ਮ ਸ਼੍ਰੀਜਗਦਗੁਰੂ ਜੀ ਤਕ ਦੇ ਉਤਾਰੇ, ਤੇ ਭਾਈ ਮਨੀ ਸਿੰਘ ਤੇ ਵੀ ਅਤੇ ਦਮਦਮੀ ਬੀੜ ਤਤਕਰੇ 'ਚ ਹੁਕਮਨ ਜਪੁ ਨੀਸਾਣੁ ਲਿਖਵਾਇਆ॥ ਪਿਛੋਂ ਦੀਆਂ ਲਿਖਤਾਂ/ਛਪੇ ਰੂਪਾਂ 'ਚ ਛਪਿਆ। ਜਪ ਨੀਸਾਣੁ ਦੇ ਮੂਲ ਮੰਤ੍ਰ ਪਿਛੋਂ ਮਹਲ ਨਹੀਂ ਲਿਖਿਆ, ਇਸੇ ਲਈਂ ਪਹਿਲੀ ਪੋਥੀ ਜਪੁ ਦਾ ਸ਼ੀਰਸ਼ਕ ਵੀ ਗੁਰੁਗਮ ਰੀਤ ਮਨਦੀ ਹੈ॥

ੴ ਅਕਾਲ ਪੁਰਖੁ ਪ੍ਰਦਾਨ ਮੂਲ ਮੰਤ੍ਰ[89]

ੴ ਦੇ ਸ਼੍ਰੀਗੁਰੁਬਾਣੀ ਦਰਸ਼ਨ ਦੀਆਂ ਪਰਿਭਾਸ਼ਾਵਾਂ ਦੇ ਲਕਸ਼ਣ

ਸਤਿ ਸ਼੍ਰੀ ਅਕਾਲ ਪੁਰੁਖੁ ਪ੍ਰਦਾਨ ਮੂਲ ਮੰਤ੍ਰ ਮਯੇ ਜਪੁ ਗ੍ਰੰਥੀ ਦਿਵ੍ਯ ਅਲੌਕਿਕ ਬਾਣੀ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਨੂੰ ਹੋਈ। ਜਿਵੇ ਅਨਾਦੀ ਜੁਗ ਕਾਲਾਂ ਤੋਂ ਬੇਦ-ਕਤੇਬ ਸ਼ਾਸਤ੍ਰ ਰਿਖੀਆਂ-ਪੈਗੰਬਰਾਂ ਪਾਏ, ਜਥਾ, ਹਰਿ ਆਗਿਆ-ਹੋਏ ਬੇਦ ਪਰ ਗੁਰਬਾਣੀ ਸ਼ੰਕਾ ਹੈ: ਬੇਦ ਪੜਹਿ ਹਰਿ ਨਾਮੁ:ਨ ਬੂਝਹਿ॥ ਮਾਇਆ ਕਾਰਣਿ,ਪੜਿ ਪੜਿ ਲੂਝਹਿ॥ ਅੰਤਰਿ ਮੈਲੁ ਅਗਿਆਨੀ ਅੰਧਾ, ਕਿਉ-ਕਰਿ ਦੁਤਰੁ ਤਰੀਜੈ ਹੇ॥ 14॥ ਬੇਦ ਬਾਦ ਸਭਿ ਆਖਿ

---

87. ਪੁਨ੍ਹੈ.ਉ.ਪੰ.565:16 ॥ ਅ. ਪੰ,491:1 ॥ਏ. ਦਸਮ ਗ੍ਰੰਥ ਅਕਾਲ ਉਸਤੁਤਿ:14।84॥ਸ.ਪੰ.900:6॥ ਹ. ਪੰ.930

88. ਸ਼੍ਰੀ ਮਦਭਗਵਾਦ ਗੀਤਾ'ਚ ਬਹੁਤ ਤਰ੍ਹਾ ਦੇ ਯੱਗ ਲਿਖੇ ਹਨ:2:9-16;'4:33';9:16-17;"ਯਾਜਾਂ ਜਯ ਯਜ਼ੋऽस्मि.....॥੧੦:੨੫॥"

89. ਪੁਨ੍ਹ:ਪੰ.1040:19" ਮੂਲਮੰਤ੍ਰ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥5॥ (ਭਾਵ ਪੂਰੇ ਗੁਰੁ ਅਕਾਲ ਪੁਰਖੁ ਤੋਂ ਪਇਆ) ਭਾਈ ਗੁਰਦਾਸ ਵਾਰ:6।19।2"ਸਤਿਨਾਮੁ ਕਰਤਾ ਪੁਰਖ ਮੂਲਮੰਤ੍ਰ ਸਿਮਰਣ ਪਰਵਾਣੈ"1।23।1"ਸੁਣੀ ਪੁਕਾਰ ਦਾਤਾਰ ਪ੍ਰਭ,ਗੁਰ ਨਾਨਕ ਜਗਮਾਹਿੰ ਪਠਾਯਾ"1।24।1 ਪਹਿਲਾਂ ਬਾਬੇ ਪਾਯਾ ਬਖਸ਼ ਦਰ." ਵਾਰ:1।23।1"ਸੁਣੀ ਪੁਕਾਰ ਦਾਤਾਰ ਪ੍ਰਭ,ਗੁਰ ਨਾਨਕ ਜਗਮਾਹਿੰ ਪਠਾਯਾ"

Sri Satguru Jagjit Singh Ji eLibrary NamdhariElibrary@gmail.com

ਵਖਾਣਹਿ॥ ਨ ਅੰਤਰੁ ਭੀਜੈ ਨ ਸਬਦੁ ਪਛਾਣਹਿ॥ ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ ਗੁਰਮੁਖਿ ਅੰਮ੍ਰਿਤੁ ਪੀਜੈ ਹੇ॥

ਇਸੀ ਤਰ੍ਹਾਂ ਕਲਿਜੁਗੀ ਜੀਵ ਉਧਾਰ ਲਈ ਭਾਰਤੀ ਧਰਮ ਸੰਸਕ੍ਰਿਤੀ 'ਚ ਦਿਵ੍ਯ ਆਕਾਸ਼ ਬਾਣੀ; ਹੀਬਰੂ/ਅਰਬੀ, ਇਲਹਾਮ, ਚਾਰੇ ਜੁਗਾਂ 'ਚ, ਬਾਣੀ ਵਜੀ ਚਹੁ ਜੁਗੀ ਸਚੋਸਚੁ ਸੁਣਾਇ, ਐਸੀ ਹੀ ਦਿਵ੍ਯ ਬਾਣੀ ਦਸੋਂ ਸ਼੍ਰੀ ਵਿਸ਼੍ਵਗੁਰ ਜੀਆਂ ਨੂੰ ਵੀ ਮਤਵਾਤਰ ਹੁੰਦੀ ਰਹੀ, ਸ਼੍ਰੀ ਗੁਰੁਬਾਣੀ ਬਹੁ ਪ੍ਰਮਾਣ ਹਨ "...ਆਵੇ ਖਸਮ ਕੀ ਬਾਣੀ" ਤੇ "ਹਰਿ ਭਗਤਿ ਖਜਾਨਾ ਬਖਸਿਆ, ਗੁਰਿ ਨਾਨਕਿ ਕੀਆ ਪਸਾਉ ਜੀਉ"[ਹ.90] ਆਦਿ ਅਨੇਕ ਸ਼ਬਦ ਬ੍ਰਹਮ ਪ੍ਰਮਾਣ ਦਸੋ ਜਾਮੇਆਂ 'ਚ ਉਤਰਦੀ ਰਹੀ॥ ਜਿਵੇਂ ਪਹਿਲੇ ਜੁਗਾਂ ਦੀ ਵੇਦ ਬਾਣੀ ਅਪੌਰੁਸ਼ੇਯ(ਨਾ ਮਨੁਖੀ)ਮੰਤ੍ਰ ਹਨ,ਓਸੇ ਤਰ੍ਹਾਂ ਪਿਛੋਂ ਸਿਮ੍ਰਿਤੀ ਸ਼ਾਸ਼ਤ੍ਰ ਸ਼੍ਰੀ ਗੁਰੁਬਾਣੀ ਪਰਿਭਾਸ਼ਿਕ ਚਿਨ੍ਹ ਅਰਥ ਹਨ: **मननात्र त्रतयते यस्मात् तस्मात् मन्त्रः प्रकीर्तितः** ਜੋ(ਵਿਚਾਰ, ਮਨਨ), ਮਨ ਨੂੰ ਖੋਭਣ(ਪ੍ਰੇਰਣ), ਮੰਤ੍ਰ-ਮੁਗਧ ਕਰਣ ਮੰਤ੍ਰ ਹੈ [ਅ.91] ॥

ਪਹਿਲੇ ਤਿਨ ਜੁਗਾਂ 'ਚ ਹਰਿ ਪਾਰਬ੍ਰਹਮ ਨੇ ਅਤੀ ਸ਼ਕਤੀ-ਸ਼ਾਲੀ ਵੇਦ ਮੰਤ੍ਰ ਰੂਪ ਬ੍ਰਹਮਾ(ਦੇਵਤਾ) ਨੂੰ ਤ੍ਰਿ-ਵਿਦਿਆ(ਤਿੰਨ ਵੇਦ) ਰਿਕ, ਯਜੁ, ਸਾਮ; ਆਧਿਭੌਤਿਕ, ਆਧਿਦੈਵਕ (ਆਧਿਯੱਗਜ) ਤੇ ਅਧਯਾਤਮਕ ਵੇਦ ਸ਼ਾਸਤ ਪ੍ਰਦਾਨ ਕੀਤਾ। ਅੱਗੇ ਹਰਇਕ ਜੁਗ ਧਰਮ ਦੇ ਇਕ ਪੈਰ ਘਟਿ ਕਾਰਣ ਪ੍ਰਮਾਣ ਮ:1- ਤ੍ਰੈਤੈ ਧਰਮ ਕਲਾ ਇਕ ਚੂਕੀ॥ ਤੀਨਿ ਚਰਣ,ਇਕ ਦੁਬਿਧਾ ਸੂਕੀ॥ ਇਸ ਚੌਥੇ ਕਲਿਜੁਗ 'ਚ ਕੇਵਲ ਇਕੋ ਅਧਯਾਤਮ (ਤਨ,ਮਨ,ਧਨ, ਦਾਨ) ਪੈਰ ਦਾਹੀ ਪ੍ਰਭਾਵ ਹੀ ਰਹ ਗਿਆ ਹੈ॥ਹਰੇਕ ਜੁਗ 'ਚ ਧਰਮ ਸ਼ਾਸਤ੍ਰ ਵੀ ਬਦਲਦੇ ਰਹੇ; ਜਿਸ ਕਾਰਣ ਪਹਿਲਾਂ ਕਲਿਜੁਗ ਆਰੰਭ 'ਚ ਤ੍ਰਿਦੇਵਾਂ ਵਿੱਚੋਂ ਮਹਾਦੇਵ-ਪਤਨੀ ਸ਼ਿਵ-ਦੇ ਵੀ ਨੇ ਬੜੇ ਸ਼ਕਤੀਸ਼ਾਲੀ ਭਰਭੂਰ ਤੰਤ੍ਰ ਸ਼ਾਸਤ੍ਰ ਰਚੇ ਜਿਸਦੇ ਤਾਂਤ੍ਰਿਕ ਪ੍ਰਭਾਵੀ ਨਾਟਕ, ਚੇਟਕ (ਗੋਰਖਧੰਦਾ, ਜਾਦੂ) ਚਲਿਤ੍ਰ: ਪ੍ਰਤੱਖ ਕਰਾਮਾਤਾਂ, ਦੁਨੀਆ ਦੇਖ ਕੇ ਮਗਰ ਲਗੀ॥ ਓਹ ਤ੍ਰਿ-ਕਾਂਤ ਤਾਂਤ੍ਰਿਕ ਧਰਮ(3 ਗੁਣਾ 64 = 192) ਸ਼ਾਸਤ੍ਰ ਪ੍ਰਸਿੱਧ ਕੀਤੇ ਜੋ ਸਾਰੇ ਵੇਦਾਂ ਨੂੰ ਮਨਦੇ ਹਨ ਪਰ ਕਲਜੁਗ ਦੇ ਪ੍ਰਭਾਵ ਕਾਰਣ ਵੇਦ ਮੰਤ੍ਰ 'ਚ ਸ਼ਕਤੀ ਨਿਰਬਲ ਹੋਈ॥ ਇਸ ਕਾਰਣ ਕਲਿਜੁਗ 'ਚ ਸ਼ਿਵ-ਸ਼ਕਤੀ ਕ੍ਰਿਤ ਤਾਂਤ੍ਰਿਕ ਧਰਮ ਮੋਢੀ: ਨੌਂ ਨਾਥ, ਬਾਰਾਂ ਜੋਗ ਪੰਥੀ, ਚੌਰਾਸੀ ਸਿੱਧ, ਛੇ ਜਤੀ ਅਵਧੂਤਾਂ ਰਾਹੀਂ ਭਾਰਤ ਵਰਸ਼ ਦੇ ਤਿਨ ਭਾਗ ਵੰਡ ਕੇ ਤ੍ਰੀ-ਕ੍ਰਾਂਤ:-1.ਸ਼ਿਵ ਕ੍ਰਾਂਤ ਦੱਖਣ'ਚ, 2.ਵਿਸ਼ਣੁ ਕ੍ਰਾਂਤ ਪੂਰਵ'ਚ, ਤੇ 3.ਰਥ ਕ੍ਰਾਂਤ ਉਤ੍ਰ ਭਾਰਤ ਖੰਡ 'ਚ ਹੀ ਨਹੀ, ਬਲਕਿ ਦੱਖਣੀ ਜੰਬੂ ਦ੍ਵੀਪ ਤੰਤ੍ਰ ਪ੍ਰਚਾਰ ਲਈ ਤਿਨ ਭਾਗ ਨਿਜਿਤ ਕੀਤੇ॥

ਵੇਦ ਵਿੱਚ ਤਾਂ ਨਹੀਂ: ਪਰ ਤੰਤ੍ਰ ਸ਼ਾਸਤ੍ਰਾਂ ਵਿੱਚ ਬਹੁਤ ਕਿਸਮ ਦੇ "ਮੰਤ੍ਰ" ਲੇਖੇ ਤੇ ਤੰਤ੍ਰ ਵਿਧਾਨ ਯੱਗਜਾਂ 'ਚ ਹੀ ਨਹੀਂ; ਬਲਕਿ, ਸਿਮ੍ਰਿਤੀ/ਮਾਰਕੰਡੇ ਪੁਰਾਣ 'ਚੋਂ ਨੌ-ਰਾਤ੍ਰੇ ਦੁਰਗਾ ਸਪ੍ਤ ਸ਼ਤਿ(ਸਤਸੈਯਾ) ਯੱਗਜ 'ਚ ਸ਼ਲੋਕ ਪੂਰੇ ਕਰਣ ਲਈ ਤੰਤ੍ਰ ਮੰਤ੍ਰ ਜੋੜਕੇ ਬਰਤਨ ਦਾ ਵਿਧਾਨ ਪ੍ਰਸਿੱਧ ਹੈ॥ ਐਸਾ ਸ਼ਿਵ-ਸ਼ਕਤੀ ਤੰਤ੍ਰ ਪੰਥ ਬਹੁਤ ਰਚੇ ਸ਼ੁਭ (ਦੱਖਨ ਮਾਰਗ), ਅਸ਼ੁਭ(ਬਾਮ

---

90. ਸ਼੍ਰੀ.ਗੁ.ਗ੍ਰੰਜੀ.ਓ.ਪੰ.1094:12। ਅ.ਪੰ.1050:3-। ਏ.ਪੰ.35:9। ਸ.ਪੰ. ਮ:1'722:15' ।ਸ. ਮ:5.ਪੰ.763:7।ਆਦਿ

91. ਓ.ਪੂਰਵ ਮਿਮਾਂਸਾ ਦਰਸ਼ਨ ਸੂਤ੍ਰ:27-32।1।1॥ ਅ. **"मननात्र त्रतयते यस्मात् तस्मात् मन्त्रः प्रकीर्तितः"॥**

Sri Satguru Jagjit Singh Ji eLibrary NamdhariElibrary@gmail.com

ਮਾਰਗੀ ਪੰਜ ਤੱਤ)[92] ਪੰਜ ਮਮੇ (ਮਕਾਰ) ਕਾਰਣ ਮੰਤ੍ਰ ਸਾਧਨ ਅਨੇਕ ਕਰਾਮਾਤ ਸ਼ਕਤੀ ਕ੍ਰਿਆਵਾਂ ਰਾਹੀਂ ਪ੍ਰਾਪਤੀਆਂ ਲਿਖੀਆਂ ਹਨ, ਜਿਵੇਂ 1. ਸ਼ਾਂਤਿ, 2.ਸਥੰਭਨ, 3.ਮੋਹਨ, 4.ਵਸ਼ੀਕਰਣ (ਵਿਦ੍ਵੇਸ਼ਨ), 5. ਉਚਾਟਨ, 6. ਮਾਰਣ ਅਦਿ ਦੇ ਪ੍ਰਤੱਖ ਸ਼ੁਭਾਸ਼ਭ ਸ਼ਕਤੀ ਚਾਲਨ ਮੰਤ੍ਰਾਂ ਦੇ ਸ਼ੁਭ ਅਸ਼ੁਭ ਫਲ ਕਹੇ ਹਨ॥ ਇਨ੍ਹਾਂ ਦੀਆਂ ਸਿੱਧੀਆਂ ਲਈ ਕਹੇ 1. ਬੀਜ ਮੰਤ੍ਰ, 2. ਮੂਲ ਮੰਤ੍ਰ, 3. ਗੁਰੁ (ਦੀਖਿਆ) ਮੰਤ੍ਰ, 4. ਮਾਲਾ ਮੰਤ੍ਰ, 5. ਮਹਾਮੰਤ੍ਰ ਆਦਿ ਤੰਤ੍ਰ ਵਿਸ਼ੇਸ਼ ਪ੍ਰਤੱਖ ਸਤੋ ਗੁਣੀ, ਰਜੋ ਗੁਣੀ ਅਤੇ ਤਮੋ ਗੁਣੀ ਕਰਾਮਾਤ ਮੰਤ੍ਰ ਸ਼ਕਤੀ ਚਾਲਨ ਤੇ ਜ਼ੋਰ ਦਿਤਾ ਹੈ॥

ਐਸੇ ਵੇਦ-ਤਾਂਤ੍ਰਿਕ ਲੰਬੀ ਸੰਸਕ੍ਰਿਤਿਕ ਪਰੰਪਰਾ 'ਚ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦੀ ਬਾਣੀ ਪ੍ਰਤੱਖ ਸਤੋਗੁਣੀ ਪ੍ਰਯੋਗ 'ਚ ਟੱਕਰਾਂਦੇ ਮੰਤ੍ਰ, ਤੰਤ੍ਰ, ਜੰਤ੍ਰਾਂ ਨਾਲ ਕੇਵਲ ਬ੍ਰਹਮ ਗਿਆਨ ਲਈ ਬੀਜ, ਮੂਲ, ਮਹਾਮੰਤ੍ਰ ਸੰਬੰਧਿਤ ਹਨ ਨਾਕਿ ਦਸਮ ਸ਼੍ਰੀ ਜਗਦਗੁਰੂ ਅਕਾਲੁ ਸਤੁਤਿ ਸੰਕੇਤ: ਕਹੁੰ ਬੇਦ ਰੀਤ ਕਹੁੰ ਤਾ ਸਿਉ ਬਿਪ੍ਰੀਤ ਕਹੁੰ ਤ੍ਰਿਗੁਨ ਅਤੀਤ ਕਹੁੰ, ਸਰਗੁਨ ਸਮੇਤ ਹੋ; ਨ ਜੰਤ੍ਰੁਮੈ ਨ ਤੰਤ੍ਰੁਮੈ ਨ ਮੰਤ੍ਰ ਬਸ ਆਵਈ। ਬੇਦ ਔ ਕੁਰਾਨ ਨੇਤਿ ਨੇਤਿ ਕੈ ਬਤਾਵਈ॥

ਇਹ ਵੇਦ-ਤਾਂਤ੍ਰਿਕ ਸੰਸਕ੍ਰਿਤੀ ਪਛੋਕੜ ਪਰੰਪਰਾ ਅੰਦਰ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦੀ ਬਾਣੀ 'ਚ:- 1.ਬੀਜ ਮੰਤ੍ਰ, 2. ਮੂਲ੍ ਮੰਤ੍ਰ, 3. ਗੁਰੁ ਮੰਤ੍ਰ, 4. ਮਹਾਮੰਤ੍ਰ (ਮਹਾਵਾਕ) "ਗੁੰਗੇ ਬਚੇ ਦੀ ਮਾਂ ਸਮਝ" ਦ੍ਰਿਸ਼ਟਾਂਤ ਰਾਹੀ ਭਾਰਤੀ-ਸਾਮੀ ਸਮਝਾਏ॥

ਇਸ ਟੀਕਾ ਸੰਗ੍ਰੈਹ ਦਾ ਹੋਰ ਮੁੱਖ ਵਿਸ਼ੇ ਹੋਣ ਕਾਰਣ, ਮੰਤ੍ਰ ਸੰਬੰਧ ਕੇਵਲ ਬ੍ਰਹਮ ਗਿਆਨ ਜਾਣਨ, ਸਮਝਨ, ਅਨੁਭਵ ਨਾਲ ਹੈ; ਇਸੇ ਲਈ ਕਹੇ ਕੇਵਲ ਚਾਰ: 1.ਬੀਜ, 2. ਮੂਲ, 3. ਗੁਰੁ, ਤੇ 4.ਮਹਾਮੰਤ੍ਰਾਂ ਸੰਬੰਧੀ ਕ੍ਰਮਵਾਰ ਜਥਾ ਯੋਗ ਵਿਸ਼ੈਆਂ ਦੇ ਅਤੀ ਸੰਖੇਪ ਸ਼੍ਰੀ ਵਿਸ਼੍ਵਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਰੰਭਕ ਬੀਜ ਰੂਪੀ ਮੂਲ ਮੰਤ੍ਰ ਦੀ ਪਹਿਲਾ ਕ੍ਰਮ ਵਿਕਾਸ ਪਰਿਭਾਖਾ ਦਿਖਾਣੀ ਜ਼ਰੂਰੀ ਹੈ॥

ਮੰਤ੍ਰ:- ਬਹੁਤ ਤਰ੍ਹਾਂ ਦੇ ਹਨ। ਬੀਜ ਮੰਤ੍ਰ, ਸੂਤ੍ਰ, ਮੂਲ-ਮੰਤ੍ਰ, ਗੁਰੁ-ਮੰਤ੍ਰ, ਮਹਾਮੰਤ੍ਰ....

ਇਹ ਵੇਦ-ਤਾਂਤ੍ਰਿਕ ਧਰਮ ਸੰਸਕ੍ਰਿਤੀ ਇਤਿਹਾਸਕ ਪਛੋਕੜ ਪਰੰਪਰਾ ਵਿੱਚ ਹੀ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਵੀ, ਬੀਜ ਮੰਤ੍ਰ, ਮੂਲ ਮੰਤ੍ਰ, ਗੁਰੁ ਮੰਤ੍ਰ, ਅਤੇ ਮਹਾਮੰਤ੍ਰ (ਮਹਾਵਾਕ) ਪ੍ਰਤੱਖ ਭਿੰਨ ਭਿੰਨ ਪ੍ਰਯੋਗਾਰਥ ਹੋਰ ਵਿਸ਼ੇ ਹਨ॥ ਇਸ ਗ੍ਰੰਥ'ਚ ਕੇਵਲ: ਬੀਜ, ਮੂਲ, ਤੇ ਮਹਾਮੰਤ੍ਰਾਂ ਨਾਲ ਸੰਬੰਧ ਕਾਰਣ, ਕ੍ਰਮ ਵਾਰ ਜਥਾ ਯੋਗ ਵਿਸ਼ਲੇਸ਼ਨ ਕਰਣੇ ਜ਼ਰੂਰੀ ਹਨ ॥ ਸੋ ਸੰਖੇਪ ਨਾਲ ਪਹਿਲਾਂ ਧਾਤੂ ਉਤਪੰਨ ਅੱਖਰ(ਸ੍ਵਰ ਤੇ ਵਿਅੰਜਨ) ਜੋੜ 'ਪਦ' ਜੋ

---

92. ਗੋਸ੍ਵਾਮੀ ਤੁਲਸੀ ਦਾਸ: ਰਾਮ ਚਰਿਤ ਮਾਨਸ: ਅਤੇ ਮਹਾਨਿਵਾਨ ਤੰਤ੍ਰ:6।1-15(ਪੰਜ ਤੱਤ).1.ਮਦ/ਸ਼ਰਾਬ (ਤਿਨ ਕਿਸਮ: 1. ਜੌਂ/ ਕਣਕ+ਗੁੜ ਦੀ, 2.ਧਾਨ/ਚੌਲਾਂ+ਗੁੜਦੀ,3.ਤਾੜੀ/(ਦਸ ਮੂਲਾਦਿ)॥ ਦੋ ਤਰ੍ਹਾਦੀ: 1.ਆਸਵ(wine),2.ਅਰਿਸ਼ਟ(liquor)॥ 2.ਮਾਸ, 3. ਮਤੱਸ/ਮੱਛੀ, 4. ਮੁਦ੍ਰਾ, 5.ਮੈਥੁਨ:ਕੋਈ ਵੀ ਰਿਸ਼ਤੇ, ਜਾਤਿ,ਪਾਤਿ ਵਿਚਾਰ ਨਹੀਂ॥ ਚਾਰ ਗੁਰੁ: 6।50/51:ਇੱਕ/ਚਾਰੇ ਗੁਰੂ (ਆਂ) ਭਾਗਵਾਨ ਤੁੱਲ ਹਨ:-1.ਗੁਰੁ, 2.ਪਰਮ ਗੁਰੁ, 3.ਪਰਾਪਰ ਗੁਰੁ, 4,ਪਰਮੇਸ਼ਠੀ ਗੁਰੁ ॥ ਅਥਰਵ ਵੇਦੀ ਮੁੰਡਕੋਪਨਿਸ਼ਦ1।2।12:-ਤਿਨ ਗਿਆਨੀ (ਗੁਰੂ)ਹਨ:-

1. ਬ੍ਰਹਮ ਨਿਸ਼ਠ (Practical mystic not qualified to teach mysticism),
2. ਬ੍ਰਹਮ ਸ਼ਰੋਤ੍ਰੀਯ (Theoretical mystic teacher of mysticism, no practical experience),
3. ਸ਼ਰੋਤ੍ਰੀਯ ਬ੍ਰਹਮ ਨਿਸ਼ਠ (Mentor:Theory & practical experience, qualified to teach mysticism..

Sri Satguru Jagjit Singh Ji eLibrary NamdhariElibrary@gmail.com

'ਪਦ-ਗਦ' ਵਰਤੇ ਜਾਂਦੇ ਹਨ, ਓਨ੍ਹਾਂ ਦੇ ਪ੍ਰਕਾਸ਼ਕ ਅਰਥ ਜਾਣਨੇ ਸਮਝਨੇ ਜਰੂਰੀ ਹਨ,ਜਥਾ:-

ਅੱਖਰ ਵਿਕਾਸ ਲਕਸ਼ਣ:-

1. ਧਾਤੂ ਪਦ/ਸ਼ਬਦ ਦਾ ਬੀਜ(word's root)
2. ਗਣ ਪਦ/ਸ਼ਬਦ ਸ਼ਾਖਾ(root's branch)
3. ਲਿੰਗ ਅਨੁਸ਼ਾਸਨ ਦੇ ਤਿੰਨ ਲਿੰਗ(three genders): ਪੁਲਿੰਗ, ਇਸਤ੍ਰੀਲਿੰਗ ਅਤੇ ਨਿਪੁੰਸਕ॥
4. ਆਗਮ ਪਦ/ਸ਼ਬਦ ਜੋ ਵੇਦ-ਕਤੇਬ-ਸ਼੍ਰੀਜਗਦਗੁਰੂ ਗ੍ਰੰਥਜੀ ਰੂੜੀ ਦਿਵ੍ਯ ਅਨੁਭਵੀ ਬਾਣੀ-ਸ਼ਬਦ, ਅਤੇ:
5. ਪ੍ਰੱਤਯ ਆਦੇਸ਼ ਪਦ ਨਾਂਵ/ਕ੍ਰਿਯਾ ਪਛੇਤਰ ਨਿਜਮ ਆਦੇਸ਼, ਅਤੇ
6. ਉਪਦੇਸ਼ ਸ਼ਬਦਾਂ ਰਹੀਂ ਵਾਚ (ਸ਼ਕਤਿ) ਅਤੇ ਲਕਸ਼ਣ ਵ੍ਰਿਤੀਆਂ ਅਮਲਾਂ ਰਾਹੀਂ ਸਿਧਾਂਤ ਅਨੁਭਵ ਪ੍ਰਪਤ ਉਪਦੇਸ਼ ਲਕਸ਼ਣ॥
7. ਸੂਤ੍ਰ (Aphorisms): ਅਖਰ ਜੋੜ ਅਤਿ ਸੰਖਿਪਤ ਸ਼ਬਦ (formulae)
8. ਪਰਿਭਾਸ਼ਾ ਸ਼ਲੋਕ॥ ਹੈ
9. ਅਲਪ-ਅਕਸ਼ਰ: ਸੂਤ੍ਰ ਲੱਖਣ ਬਹੁਤ ਘਟ ਸਾਰਥਕ ਅੱਖਰਾਂ ਦੇ॥
10. ਅਸੰਦਿਗਧ:ਸੂਤ੍ਰਾਂ ਲੜੀ(coherent, contiguity)ਸੰਬੰਧ॥
11. ਸਾਰ ਵਤ:ਸੂਤ੍ਰ ਬਿਕੁਲ ਛੋਟਾ ਹੁੰਦੇ ਹੋਏ ਭਰਪੂਰ ਅਰਥ ਹੋਵੇ॥
12. ਵਿਸ਼੍ਵਤੋਮੁਖ:ਸੂਤ੍ਰ ਹਰੇਕ ਪਾਸੇ(ਅੱਗੇ,ਪਿੱਛੇ,ਉਪਰ-ਨੀਚੇ...) ਜੁੜ ਜਾਣ॥
13. ਅਸਤੋਭੰ ਬਿਨਾ ਰੋਕ ਸਾਰੇ ਤਰਫ ਚੱਲੇ ਅਤੇ;॥
14. ਅਨਵਦਯੰ ਹਰ ਪਾਸੇ ਨੂੰ ਸੰਬੰਧਤ ਹੋ ਜਾਵੇ॥
15. ਸੂਤ੍ਰ(aphorisms) ਦੇ ਛੇ ਸ਼ੀਰਸ਼ਕ(headings) ਇਹ ਸ਼੍ਰੀਗੁਰੂ ਗ੍ਰੰਥਜੀ 'ਚ ਛੰਦ(ਰਾਗ,ਘਰ,ਦੋਹਰੇ/ਸੋਰਠੇ) ਤੁੱਲ ਹਨ:-

1. ਸੰਗਿਆ:ਨਾਮ ਕਰਣ(nomenclature)॥ 2.ਪਰਿਭਾਸ਼ਾ: ਸ਼ਾਸਤ੍ਰੋਕਤ ਲਖਣ (canon's hermeneutic rule), 3.ਵਿਧੀ (affirmative)॥ 4.ਨੇਮ:ਵਿਧਾਨ (mandate provisions) 5.ਅਤਿਦੇਸ਼; ਪੂਰਵ-ਪਰ ਪ੍ਰਸੰਗ ਵਿਧਾਨ (order)॥ 6.ਅਧਿਕਾਰ: ਸੰਵਿਧਾਨ/ਆਈਨ (rit, authority, law),

ਇਨ੍ਹਾਂ ਪਰਿਭਾਸ਼ਾ(formulae) ਦੇ ਮੂਲ ਗ੍ਰੰਥਾਂ ਦੇ ਵਿਸ਼ੈਆਂ ਦੀ ਠੀਕ ਤਰਤੀਬ ਵਰਤੋਂ ਨਾਲ ਅਰਥ ਖੋਲ੍ਹ ਕੇ ਸਪਸ਼ਟ ਪ੍ਰਗਟ ਹੁੰਦੇ ਹਨ॥

ਸਾਹਿਤ ਵਿੱਚ ਐਸਾ ਇਕ ਕਾਲ ਸੀ ਜਦ ਹਰੇਕ ਵਿਦਿਆ ਰਹੱਸ ਨੂੰ ਸੰਖੇਪ ਤੇ ਅਤਿਸੂਖਮ ਰੂਪ 'ਚ ਲਿਖਣ ਪਰਕ੍ਰਯਾ (unto short hand) ਚਲੀ, ਕਾਰਣ ਕਿ ਉਸ ਕਾਲ 'ਚ ਪਤ੍ਰ(ਕਾਗਜ਼), ਲੇਖਨੀ(ਕਲਮ), ਮਸ(ਸਿਆਹੀ ਗੂੰਦ) ਦੀ ਥੁੜ੍ਹ ਸੀ॥ ਅੱਜ ਦੀ ਤਰ੍ਹਾਂ ਲਿਖਣ, ਛਾਪਣ ਦੀਆਂ ਸਹੂਲਤਾਂ ਨਹੀ ਸਨ॥ ਵੇਦ ਕਾਲ 'ਚ 14 ਵਿਦਿਆਂ, 64 ਕਲਾਂ ਆਦਿ ਦੀਆਂ ਭਿੰਨ ਭਿੰਨ ਪਰਿਭਾਸ਼ਾਵਾਂ ਉਤੇ ਪਹਿਲਾਂ ਸੂਤ੍ਰ ਗ੍ਰੰਥ ਲਿਖੇ ਗਏ, ਜਿਵੇਂ ਵੇਦ ਖਟ(6) 1.ਸਿਖਿਆ,

Sri Satguru Jagjit Singh Ji eLibrary NamdhariElibrary@gmail.com

2. ਕਲਪ, 3. ਵਿਆਕਰਣ, 4. ਛੰਦ, 5. ਜੋਤਿਸ਼, 6. ਨਿਰੁਕਤ। ਫੇਰ ਵੇਦ ਤ੍ਰਿਕਾਂਡ ਸੰਬੰਧਿਤ ਖਟ (6) ਦਰਸ਼ਨ ਸੂਤ੍ਰ[ਏ.93] ਗ੍ਰੰਥਾਂ ਦੀ ਤਰਤੀਬ ਤਿਨੋਂ ਕਾਂਡਾਂ ਦੇ ਵੰਡ ਅਨੁਸਾਰ ਹੋਏ, ਜਥਾ:-

1. ਕਰਮ ਕਾਂਡ ਧਰਮ: 1. ਰਿਖੀ ਜੈਮਿਨੀ ਪੂਰਵ ਮੀਮਾਂਸਾ ਦਰਸ਼ਨ ਧਰਮ ਸੂਤ੍ਰ; ਸ਼੍ਰੋਤ ਸੂਤ੍ਰ ਆਦਿ। ਅਰਥ ਸੰਬੰਧਿਤ: ਵ੍ਰਿਹਸਪਤੀ ਧਰਮ ਨੀਤੀ ਸੂਤ੍ਰ, ਵਿਦੁਰ: ਧਰਮ ਨੀਤੀ ਸੂਤ੍ਰ; ਸ਼ੁਕ੍ਰ: ਕੁਟਲ ਨੀਤੀ ਸੂਤ੍ਰ, ਚਾਣਕਜ ਨੀਤੀ ਆਦਿ। ਵਾਤਸਜਾਯਨ ਕਾਮ ਸੂਤ੍ਰ(ਕੋਕ ਕਾਵਜ ਭਾਖਾ), ਗੁਰਬਾਣੀ 'ਚ ਸੰਕੇਤ ਹਨ॥
2. ਭਗਤੀ ਕਾਂਡ: ਸਗੁਣ ਮੋਖ ਲਕਸ਼ਾਰਥ(figurative mystic aphorisms)
3. ਪਾਤੰਜਲੀ ਯੋਗ ਦਰਸ਼ਨ ਸੂਤ: ਨਾਰਦ ਭਗਤੀ ਸੂਤ੍ਰ, ਨਾਰਦੀ ਪੰਚ ਰਾਤ੍ਰ (ਮਹਾਭਾਰਤ ਵਿੱਚੋਂ) ਆਦਿਆਂ ਤਰਫ ਸੰਕੇਤ ਬਾਰ ਬਾਰ ਸ਼੍ਰੀ ਗੁਰੁਬਾਣੀ 'ਚ ਆਂਦੇ ਹਨ ॥
4. ਗਿਆਨ ਕਾਡ: ਸਗੁਣ, ਨਿਰਗੁਣ, ਨਿਰਾਕਾਰ ਮੁਕਤੀ ਤਾਰਕ ਵਾਚਜ/ਸ਼ਕਤੀ ਵ੍ਰਿਤਿ (mystic meaning aphorism) ਸੂਤ੍ਰ ਗ੍ਰੰਥ
5. ਰਿਖੀ ਗੌਤਮ ਨਿਜਾਯ ਦਰਸ਼ਨ ਸੂਤ੍ਰ ਤੇ
6. ਰਿਖੀ ਕਣਾਦ ਵੈਸ਼ੇਖਿਕ ਦਰਸ਼ਨ ਸੂਤ੍ਰ॥ ਤਰਕ ਲਕਸ਼ਣਾ ਵ੍ਰਿਤਿ (metaphor/meta-physical aphorism) ਸੂਤ੍ਰ ਗ੍ਰੰਥ
7. ਰਿਖੀ ਕਪਿਲ ਸਾਂਖਜ ਦਰਸ਼ਨ ਸੂਤ੍ਰ ਤੇ ਅੰਤ ਵਿੱਚ
8. ਰਿਖੀ ਬਾਦਰਾਯਣ ਵੇਦ ਵਿਆਸ ਤੀਜੇ(3) ਦਾ ਉੱਤ੍ਰ ਮਿਮਾਂਸਾ ਦਰਸ਼ਨ, ਪਰੋਖ-ਅਪਰੋਖ ਗਿਆਨ, ਸ਼ਟ ਦਰਸ਼ਨ ਸੂਤ੍ਰ ਸ਼ਕਤਿ- ਲਕਸ਼ਾਰਥ ਏਕਤ੍ਵ ਸੰਮਨ੍ਵੈ ਰਾਹੀਂ ਅੰਤਿਮ ਲਖਸ਼ ੧ਓ ਤੇ ਪਹੁੰਚੀਦਾ ਹੈ॥

ਇਹ ਛੇ ਅਧਾਰ ਸੂਤ੍ਰ ਗ੍ਰੰਥ ਸਾਰੇ ਆਸਤਿਕ ਵੇਦ ਸੂਤ੍ਰ ਗ੍ਰੰਥ ਨੂੰ ਨਾਸਤਿਕ ਜੈਨ-ਬੋਧੀ ਸਾਂਝੇ ਗੋਸ਼ਟ ਚਰਚਾਵਾਂ ਲਈ ਭਿੰਨ ਭਿੰਨ ਵਿਸ਼ੈ ਸਿਧਾਂਤਾਂ ਤੇ ਸ਼ਾਸਤ੍ਰਾਰਥ ਕਰਨ ਲਈ ਪਰਿਭਾਸਾਵਾਂ ਰਾਹੀਂ ਤੱਤ ਅਯਥਾਰਥ-ਯਥਾਰਥ ਅਨੁਭਵ ਨਿਚੋੜ ਤੱਤ ਉਤੇ ਪੁਚੌਂਦੇ ਹਨ॥ ਇਸੇ ਕਾਰਣ ਇਹ ਆਸਤਿਕ ਦਰਸ਼ਨ ਸੂਤ੍ਰ ਗ੍ਰੰਥ ਆਧਾਰ (authority, foundation) ਸਾਰੇ ਮੰਨਦੇ ਹਨ॥ ਇਨ੍ਹਾਂ ਭਿੰਨ ਭਿੰਨ ਸੂਤ੍ਰ ਗ੍ਰੰਥਾਂ 'ਚ ਮੂਲ ਵੇਦ ਮੰਤ੍ਰਾਂ ਨਾਲ ਤਾਲ ਮੇਲ ਰਾਹੀਂ ਸਾਰੇ ਪਰਿਭਾਸ਼ਿਕ ਭਾਵ ਖੁਲਦੇ ਹਨ, ਜਿਸ ਕਰਕੇ ਇਨ੍ਹਾਂ ਦਾ ਇਤਨਾ ਜ਼ਿਆਦਾ ਮਹਾਤਮ ਹੈ, ਇਸੇ ਕਾਰਣ ਇਨ੍ਹਾ ਦੇ ਗਿਆਨ ਬਿਨਾ ਪੂਰੀ ਸ਼੍ਰੀ ਗੁਰੁਬਾਣੀ ਸਮਝਣ ਲਈ ਅਧਿਕਾਰੀ ਨਹੀ ਬਣ ਸਕਦਾ ਜਦ ਤਕ ਇਨ੍ਹਾਂ ਦੀ ਕ੍ਰਮ ਵਿਧੀ ਗੂੜ੍ਹ ਵਿਸ਼ੈ ਗਿਆਨ ਠੀਕ ਪਤਾ ਨਾ ਹੋਵੇ, ਜੋ ਪੁਰਾਤਨ-ਨਵਤਨ ਦਿਵ੍ਜ ਭਗਤਾਂ ਦੀ ਬ੍ਰਹਮ ਗਿਆਨ ਗੁਰੁਗਮ ਬਾਣੀ ਨਿਸਚਿਤ ਪੂਰਾ ਸਿਧਾਂਤ ਠੀਕ ਸਮਝ ਆਵੇ:-
ਮ:5: ਜੋ ਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ॥ ਨਾਨਕ ਕੀ ਬੇਨੰਤੀ ਪ੍ਰਭ

93. "धातु सूत्र गणोणादि वाक्य लिङ्गानुशासनम्। आगम प्रत्ययादेशः प्रकीर्तिता"॥ ਅ. "अऽपा - क्षरमसान्दग्धं सावद्विश्वतोमुखम्। अस्तोभमनवद्यञ्च सूत्रं सूत्रविदो विदुः"॥ ਏ. "संज्ञा च परिभाषा च विधिर्नियम एव च। अतिदेशोऽधिकारश्च षड्विधं सूत्रमुच्यते"॥

Sri Satguru Jagjit Singh Ji eLibrary NamdhariElibrary@gmail.com

ਜੀਉ ਮਿਲੈ ਸੰਤਜਨ ਸੇਵਾ

ਸ਼੍ਰੀ ਵਿਸ਼੍ਵਗੁਰੂ ਬਾਣੀ ਵਿਆਖਿਆ ਬੀਜ ਪ੍ਰਨਾਲੀ ਮੂਲ ਅਧਾਰ

ਉਪਰ ਲਿਖੇ ਘਟੋਘਟ ਵੇਦ ਰੂੜੀ ਬਾਣੀ ਪਿਛੋਂ ਉਪਜੀ ਸੰਸਕ੍ਰਿਤ(ਭਾਖਾ)'ਚ ਅਰਥ ਸਮਝਨ ਲਈਂ ਸਤ(7) ਪ੍ਰਕਾਰ ਹਨ:-

1. ਕਾਰਕਾ, 2.ਭਾਸ਼ਜ, 3.ਵਿਆਖਿਆਨ, 4.ਵਾਰਤਿਕ, 5.ਅਨੁਵਾਦ, 6.ਟੀਕਾ, 7. ਟਿੱਪਣੀਆਂ॥ ਜਿਨ੍ਹਾਂ ਦੇ ਕ੍ਰਮਵਾਰ ਲੱਖਣ ਏਹ ਹਨ:- ਕਾਰਕਾ: ਸ਼੍ਰੀਜਗਦਗੁਰੂ ਬਾਣੀ ਵਿੱਚ ਕਈ ਵਾਰ ਸ਼੍ਰੀਵਿਸ਼੍ਵਗੁਰੂਆਂ ਦੇ ਅਤੇ ਮਹਾਪੁਰਖਾਂ ਦੇ ਉਪਦੇਸ਼ਾਂ ਰਾਹੀਂ ਸਮਝਾਇਆ ਹੈ:-

ਮ:5- ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈਗੁਣ ਬਿਸਥਾਰਿਆ॥ ਨਵਖੰਡ ਪ੍ਰਿਥਮੀ ਸਾਜਿ॥

ਮ:3- ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥ ਤਾਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ॥ ਪੁਨ੍ਹ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ॥ ਆਦਿ॥

ਇਸ ਤਰ੍ਹਾਂ ਕੇਵਲ 1 ਨਿਰਾਕਾਰ ਕਾਰਣ ਕਰਣ ਪਾਰਬ੍ਰਹਮ ਨੇ ਆਦਿ ਸਾਕਾਰ ਰੂਪ'ਚ ੧ਓ ਤੋਂ ਉਤਪਨ ਸਤਜੁਗ ਵਿੱਚ ਅਧਿਆਤਮ ਵੇਦ ਜੁਗ ਸ਼ਾਸਤ੍ਰ ਪ੍ਰਦਾਨ ਬ੍ਰਹਮਾ ਆਦਿ ਤ੍ਰਿ-ਦੇਵ ਨੂੰ, ਤੇ ਅੱਗੇ ਰਿਖੀਆਂ ਨੂੰ ਪ੍ਰਸਾਰਤ ਕੀਤਾ। ਸਤਜੁਗ ਪਿਛੋਂ ਉਹੀ ਸਿੱਧਾਂਤ ਭਾਰਤ ਸਮਰਾਟ ਮਨੂ ਨੇ ਤ੍ਰੇਤਾ ਯੁਗ ਧਰਮ ਸਿਮ੍ਰਿਤਿ(ਵੇਦ ਸਿਧਾਂਤ ਯਾਦ 'ਚ) ਸ਼ਾਸਤ੍ਰ ਰਚੇ॥

ਮ:1 ਤ੍ਰੈਤੈ ਧਰਮ ਕਲਾ ਇਕ ਚੂਕੀ॥ ਤੀਨਿ ਚਰਣ ਇਕ ਦੁਬਿਧਾ ਸੂਕੀ॥ ;
ਦਇਆ ਦੁਆਪੁਰਿ ਅਧੀ ਹੋਈ॥ ਗੁਰਮੁਖਿ ਵਿਰਲਾ ਚੀਨੈ ਕੋਈ॥
ਦੁਇਪਗ ਧਰਮੁ ਧਰੇ ਧਰਣੀਧਰ ਗੁਰਮੁਖਿ ਸਾਚੁ ਤਿਥਾਈ ਹੇ॥ ਕ.94

ਓਸੇ ਤਰ੍ਹਾਂ ਦੁਆਪਰ ਯੁਗ ਧਰਮ ਸ਼ਾਸਤ੍ਰ ਸ਼੍ਰੀ ਕ੍ਰਿਸ਼ਣ ਅਵਤਾਰ ਗੀਤਾ ਸ਼ਾਸਤ੍ਰ ਪੁਰਾਣ ਸਿਮ੍ਰਿਤੀ ਗ੍ਰੰਥ ਹੋਏ। ਕਲਿਜੁਗ ਵਿੱਚ ਇਨ੍ਹਾਂ 'ਚੋਂ ਛਾਂਟੇ ਤਿਨ ਜੁਗ ਗ੍ਰੰਥਾਂ ਦੀ ਕਵਿਤਾ(ਰਿ.ਗ/ਛੰਦਾ ਬੰਦੀ) ਅਰਥ ਸੰਸਕ੍ਰਿਤ 'ਚ ਕੀਤੇ ਕਾਰਕਾ ਕਹਾਏ, ਜਿਵੇਂ ਸ਼ੈਵ ਸੰਪ੍ਰਦਾਈ ਦਾ ਅਥਰਵ ਵੇਦੀ ਮਾਂਡੂਕਯੋਪਨਿਸ਼ਦ ਗ੍ਰੰਥੀ ਦੀ ਗੌੜਪਾਦ ਆਚਾਰਯ ਕਾਰਕਾ ਹੈ ਅਤੇ ਉਸਦੇ ਪੋਤੇ ਸ਼ਿਸਯ ਸ਼ੰਕਰ ਆਚਾਰ ਦਾ ਭਾਸ਼ਜ ਵਾਰਤਿਕ 'ਚ ਅਰਥ ਪ੍ਰਸਿੱਧ ਹੈ; ਨਿਆਏ ਦਰਸ਼ਨ ਸੂਤ੍ਰ ਦਾ ਮੁਨੀ ਵਾਤਸਯਾਯਨ ਕਾਰਕਾ(ਕਵਿਤਾ 'ਚ) ਹੈ, ਤੇ ਮੱਧ ਕਾਲੀ ਉਜੈਨ ਰਾਜਾ ਭਰਤ੍ਰੀ ਹਰੀ (ਗੋਰਖ ਨਾਥ ਯੋਗੀ ਚੇਲਾ, ਦਾ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀ ਨਾਲ ਸਿੱਧ ਗੋਸਟ ਤੇ ਸ਼ਬਦ ਨੇ) ਪ੍ਰਸਿੱਧ ਹਰਿ ਕਾਰਕਾ ਆਦਿ ਹੈ॥

ਨੋਟ 1: ਕਵਿਤਾ ਪੜ੍ਹਨੀ ਤੇ ਕਵਿਤਾ ਗਾਣੀ 'ਚ ਬਹੁਤ ਭਾਵਾਤਮਕ ਫਰਕ ਹੈ॥

ਨੋਟ 2: ਇਸੇ ਤਰ੍ਹਾਂ ਭਾਸ਼ਜ(exegesis) ਤੇ ਭਾਸ਼ਣ ਸ਼ਾਸਤ੍ਰ, ਪਰਿਭਾਸ਼ਿਕ ਫਰਕ ਸਮਝਣਾ ਜ਼ਰੂਰੀ ਹੈ॥ ਭਾਸ਼ਜਕਾਰ ਮੂਲ ਗ੍ਰੰਥ ਦੇ ਭਾਸ਼ਜ ਵਿਸ਼ੇਸ਼ ਕਰਦੇ ਹਨ ਜਿਨ੍ਹਾਂ ਦੇ ਮੁੱਖ ਤਿੰਨ ਨੇਮ ਧਿਆਨ 'ਚ ਰਖਦੇ ਹਨ:-1.ਵਿਆਖਿਆ ਦੇ ਪੰਜ ਲਕਸ਼ਣ, 2.ਤਾਤਪਰਜ ਛੇ ਚਿਨ੍ਹ ਤੇ 3.ਦੁਭਿਦਾ ਤਿਨ ਤਰ੍ਹਾਂਦੇ, ambivalence, ਦੋ ਕਿਸਮ ਦੇ ਸੰਸ਼ੈ ਅਤੇ ਇੱਕ

94. ਸ਼੍ਰੀਗੁਗ੍ਰੰਜੀ.ਓ.ਪੰ.1219:4 । ਅ.ਪੰ.1094:12।ਏ.ਪੰ.423:5। ਸ.ਪੰ.1066:2 । ਹ.ਪੰ.1023:17-। ਕ.ਪੰ.1023:19

Sri Satguru Jagjit Singh Ji eLibrary NamdhariElibrary@gmail.com

ਵਿਪਰਜੈ,ਵਿਪਰੀਤ ਭਾਵਨਾ ਨਿਵਾਰਣ ਸਾਧਨ ਜਾਣਨੇ ਜ਼ਰੂਰੀ ਹਨ, ਜਿਨ੍ਹਾਂ ਦੇ ਸੰਖੇਪ ਲਖਣ ਅਗੇ ਲਿਖੇ ਹਨ॥

ਭਾਸ਼ਜ (Exegesis):- ਵੇਦ ਮੂਲ ਪਾਠ ਦਾ ਸੰਸਕ੍ਰਿਤ ਗਦਜ(ਵਾਰਤਿਕ) ਵਿੱਚ ਅਧਿਆਤਮ ਸ਼ਾਸਤ੍ਰੀ ਨੇਮ, ਵਿਧਾਨਾਂ ਅਨੁਸਾਰ (ਜੁੜੇ-ਭਿੰਨ) ਸ਼ਬਦਾਂ ਦੇ ਵਿਸਤਾਰ ਅਰਥ ਦਾ ਨਾਮ ਹੈ, ਜਿਸਦਾ ਵਿਆਖਿਆਨ ਪਰਿਭਾਸ਼ਾ ਗੁਰੂਬਾਣੀ 'ਚ ਇਹ ਹੈ: ਸੰਤਸਭਾ ਮਿਲਿ ਕਰਹੁ ਬਖਿਆਣ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ॥ ਬ੍ਰਹਮ ਬੀਚਾਰੁ, ਬੀਚਾਰੇ ਕੋਇ॥ ਨਾਨਕ ਤਾਕੀ ਪਰਮਗਤਿ ਹੋਇ॥

ਭਾਰਤ ਖੰਡ 'ਚ ਦੋ-ਹਜ਼ਾਰ ਬਰਸਾਂ ਤੋਂ ਵੇਦ ਸਿਧਾਂਤ ਅਧਾਰ ਪ੍ਰਸਥਾਨ-ਤ੍ਰੈ ਗ੍ਰੰਥ ਪ੍ਰਸਿੱਧ ਹਨ:-1.ਵੇਦ ਉਪਨਿਸ਼ਦ,2.ਖਟ ਦਰਸ਼ਨ ਸੂਤ੍ਰਾਂ ਵਿੱਚੋਂ ਵੇਦਾਂਤ ਬ੍ਰਹਮ ਸੂਤ੍ਰ ਅਤੇ 3.ਸ਼੍ਰੀ ਮਦ-ਭਗਵਦ ਗੀਤਾ। ਤਿਨੋਂ ਸ਼ਾਸਤ੍ਰਾਂ ਦੇ ਭਿੰਨ ਭਿੰਨ ਪਦ-ਛੇਦ ਭਾਸ਼ਜਕਾਰਾਂ ਭਿੰਨ ਭਿੰਨ ਵੇਦ ਦੇ ਹੀ ਅੰਤਮ ਸਿਧਾਂਤ ਨਿਜਿਤ ਕੀਤੇ, ਜਿਵੇਂ, ਸ਼ੈਵ ਸੰਪ੍ਰਦਾਈ ਪ੍ਰਸਿੱਧ:-

1. ਸ਼ੰਕਰ ਅਦ੍ਵੈਤ ਸਾਂਖਜ/ਸੰਨਜਾਸ ਯੋਗ ਨਿਸ਼ਠਾ ਸਿਧਾਂਤ ਪਹਿਲੀ ਸਦੀ ਦਾ ਹੈ॥ ਇਸੇ ਤਰ੍ਹਾਂ ਵੈਸ਼ਣਵ ਸੰਪ੍ਰਦਾਈ ਦੇ ਵੀ ਭਿੰਨ ਭਿੰਨ ਹਨ: (ਧਿਆਨ ਰਹੇ:-ਸੰਕਰ ਸਿੱਧਾਂਤ ਸੱਤਜ ਦੀ ਪਰਿਭਾਖਾ ਵੈਸ਼ਣਵਾਂ ਪਹਿਲਾਂ ਮੰਨ, ਓਸੇ ਨੂੰ ਖੰਡਨ ਕਰ ਅੱਗੇ ਕਹੇ ਭਿੰਨ ਭਿੰਨ ਸਿਧਾਂਤ ਸਭ ਉਲਝਾਏ:-
2. ਰਾਮਾਨੁਜ ਵਿਸਿਸ਼ਟ ਅਦ੍ਵੈਤ ਸਿੱਧਾਂਤ (12ਵੀਂ ਸਦੀ)
3. ਨਿੰਬਾਰਕ ਦ੍ਵੈਤ-ਅਦ੍ਵੈਤ ਸਿੱਧਾਂਤ (13ਵੀਂ ਸਦੀ)
4. ਮਾਧਵ ਦ੍ਵੈਤ ਅਸਲੀ ਸਿੱਧਾਂਤ (14ਵੀਂ)
5. ਵੱਲਭ ਸ਼ੁਧ ਅਦ੍ਵੈਤ ਸਿੱਧਾਂਤ (15ਵੀਂ ਸਦੀ) ਸ਼੍ਰੀਗੁਰੂਕਾਲ ਦੇ ਹਨ,

ਨੋਟ:- ਚੇਤਨ: ਵੱਲਭ ਦਾ ਭਾਸ਼ ਮੰਨਦਾ ਹੈ, ਉਸ ਆਪਣਾ ਕੋਈ ਨਹੀ ਲਿਖਿਆ, ਬਾਕੀ ਸਾਰੇ ਸ਼੍ਰੀ ਗੁਰੂਜੀਆਂ ਪਿੱਛੋਂ ਐਥੇ ਅਪ੍ਰਸੰਗਿਕ ਹਨ॥

ਪੁਰਾਣੇ ਵੇਦ ਅਤੇ ਨਵੇਂ ਸ਼੍ਰੀਗੁਰੁਬਾਣੀ ਮੂਲ (ਸ਼ਾਸਤ੍ਰ) ਗ੍ਰੰਥਾਂ ਦੇ ਅਟੁਟ ਮੰਤ੍ਰ, ਸੂਤ੍ਰ, ਸ਼ਲੋਕ ਸਾਰੇ ਜੁੜੇ ਅੱਖਰਾਂ ਦੀਆਂ ਪੰਗਤੀਆਂ ਵਿੱਚ ਹੋਣ ਕਾਰਣ ਠੀਕ ਅਰਥ ਕਰਣ ਲਈ ਜ਼ਰੂਰੀ ਸੀ ਕਿ ਸਹੀ ਪਦ ਛੇਦ ਨੇਮ ਦਾ ਪਹਿਲਾਂ ਗਿਆਨ ਹੋਵੇ । ਕਿਉਂਕਿ ਇਸ ਬਿਨਾ ਭਿੰਨ ਭਿੰਨ ਪਦ ਵੰਡਾਂ ਕਾਰਣ ਹੀ ਸਾਰੇ ਸਿੱਧਾਂਤ ਦੇ ਪੂਰਵ-ਪਰ (ਪਰਥਾਇ) ਪ੍ਰਸੰਗਾਂ ਅਨੁਸਾਰ ਪੰਗਤੀ, ਸ਼ਲੋਕਾਂ ਦੇ ਬਣੇ ਪਦ-ਸ਼ਬਦਾਂ ਦੇ ਅਰਥ ਠੀਕ-ਗਲਤ ਸਿਧਾਂਤ ਗਿਆਨ ਨਿਰਭਰ ਹੈ॥ ਗੁਰੁਸਿੱਖ ਮੂਲ ਧਰਮ ਗ੍ਰੰਥ ਸੰਨ 1900 ਤੱਕ ਤੁਕਾਂ ਜੁੜੇ ਅੱਖਰਾਂ 'ਚ ਛਪਦੀਆਂ ਰਹੀਆਂ ਉਸ ਦੇ ਪਿਛੋਂ ਕੇਵਲ ਅਰਥ ਪਦ-ਛੇਦ 'ਚ ਛਪੇ, ਅਤੇ ਉਸ ਤੋਂ ਭੀ ਪਿਛੋਂ ਦੋਨੋ ਮੂਲ ਤੇ ਅਰਥ ਗ੍ਰੰਥ ਰੂਪ ਗੁਟਕੇ, ਪੰਜ ਗ੍ਰੰਥੀ ਟੀਕੇਆਂ 'ਚ ਛਪੇ॥

ਧਿਆਨ ਰਹੇ, ਉਸੇ ਵੇਲੇ ਜੈਨ, ਬੋਧ, ਹਿੰਦੂ ਸਨਾਤਨੀ ਧਰਮ, ਅਤੇ ਪਰੰਪਰਾ ਗੁਰੁਸਿੱਖ ਪ੍ਰਥਾ ਅਨੁਸਾਰ ਸਾਰੇਆਂ ਦੇ ਮੂਲ ਧਰਮ ਗ੍ਰੰਥ ਬਿਨਾ ਪਦ ਛੇਦ ਛਪਦੇ ਸਨ॥ ਪਰ ਪਥਰ ਦੇ ਨਹੀਂ, ਲੋਹੇ ਅੱਖਰਾਂ ਦੇ ਛਾਪੇਖਾਨੇ ਸ਼ੁਰੂ 'ਚ ਕੇਵਲ ਮੂਲ ਪਾਠ ਥੱਲੇ ਪਦ ਛੇਦ ਅਰਥ ਕੀਤੇ

Sri Satguru Jagjit Singh Ji eLibrary NamdhariElibrary@gmail.com

ਛਾਪਦੇ ਰਹੇ॥ ਪਿਛੋਂ ਪੱਛਮੀ ਅੰਗ੍ਰੇਜ਼ੀ ਸ਼ੈਲੀ ਪ੍ਰਭਾਵ ਕਾਰਣ ਪ੍ਰਚਲਿਤ ਰੀਤ ਚੱਲੀ, ਕਿ ਧਰਮ, ਧਰਮ-ਇਤਿਹਾਸ ਗ੍ਰੰਥ ਪਦ ਛੇਦ 'ਚ ਛਾਪਣ ਲਗ ਪਏ॥ ਇਸ ਤਰ੍ਹਾਂ ਸਾਰੇ ਹਿੰਦੀ, ਬੰਗਾਲੀ, ਮਰਾਠੀ, ਗੁਜਰਾਤੀ ਆਦਿ ਧਰਮ ਗ੍ਰੰਥ ਜੋ ਪਹਿਲਾਂ ਬਿਨਾ ਪਦ ਛੇਦ ਛਪਦੇ ਰਹੇ ਪਦ ਛੇਦ ਰੂਪ 'ਚ ਛਪਣ ਲਗੇ, ਮਸਲਨ ਕੁਛ ਪ੍ਰਸਿੱਧ ਗ੍ਰੰਥਾਂ ਦੇ ਨਾਮ ਇਹ ਹਨ:-

1. ਭਗਤ ਕਬੀਰ ਦਾ ਕਬੀਰ ਬੀਜਕ, 2. ਭਗਤ ਸੂਰ ਦਾਸ ਦਾ ਸੂਰ ਸਾਗਰ, 3. ਗੋਸ੍ਵਾਮੀ ਤੁਲਸੀ ਦਾਸ ਕ੍ਰਿਤ ਰਾਮ ਚਰਿਤ ਮਾਨਸ (ਰਾਮਾਯਣ), 4. ਕਵੀ ਬਿਹਾਰੀ ਦਾ ਵਿਹਾਰੀ ਸਤਸਈ, 5. ਦਾਦੂ ਪੰਥੀ ਪੰ.ਨਿਸ਼ਚਲ ਦਾਸ ਦੇ ਵਿਚਾਰ ਸਾਗਰ ਤੇ ਵ੍ਰਿਤੀ ਪ੍ਰਭਾਕਰ 6.ਨਾਭਾ ਸ੍ਵਾਮੀ ਭਗਤ ਮਾਲਾ ਤੇ ਪਿੱਛੋਂ ਰਾਘਵ ਦਾਸ ਭਗਤ ਮਾਲਾ ਆਦਿ ਸਾਰੇ ਦੇਵਨਾਗਰੀ ਲਿਪੀ, ਹਿੰਦੀ ਕਈ ਸੌਰਸ਼ੈਨੀ ਪ੍ਰਾਂਤੀ ਰਾਜਸਥਾਨੀ, ਭਾਸ਼ਾਵਾਂ ਆਦਿ 'ਚ ਛਪੀਆਂ ਹਨ॥ ਇਸੇ ਤਰ੍ਹਾਂ ਪਹਿਲੋ ਪਹਿਲ ਬਿਨਾ ਪਦ ਛੇਦ ਅਤੇ ਪਿਛੋਂ ਕੇਵਲ ਪਦ ਛੇਦ ਅਰਥ ਗੁਰੂਸਿੱਖ ਧਰਮ ਗ੍ਰੰਥ ਪਥਰ ਛਾਪ ਛਪੇ ਸਨ, ਜਿਵੇਂ:-

1. ਨਿਰਮਲ ਪੰਚੈਤੀ ਅਖਾੜੇ ਸ਼੍ਰੀਮਹੰਤ ਸਾਧੂ ਸਿੰਘ (ਪਟਿਆਲੇ) ਦੇ ਪਦ ਛੇਦ ਟ੍ਰੈਕਟ, ਤੇ ਓਨ੍ਹਾਂ ਪੰ. ਤਾਰਾ ਸਿੰਘ ਨਰੋਤਮ, ਭਗਤ ਬਾਣੀ ਸਟੀਕ ਛਾਪੀ। ਖਾਲਸਾ ਟ੍ਰੈਕਟ, ਅੰਮ੍ਰਿਤਸਰ ਨੇ ਬਹੁਤ ਸਿੰਘ ਸਭਾ ਦੇ, ਤੇ ਨਿਰਮਲ ਗਿਆਨੀ ਗਿਜ਼ਾਨ ਸਿੰਘ (ਪਟਿਆਲੇ) ਦੀਆਂ ਸਿੱਖ ਇਤਹਾਸ ਤ੍ਵਾਰੀਖ ਆਦਿ ਬਹੁਤ ਸਾਹਿਤ ਛਾਪੀ॥

2. ਪਿਛੋਂ ਸ਼੍ਰੀਗੁਰੂ ਗ੍ਰੰਥ ਜੀ(ਫਰੀਦ ਕੋਟ ਟੀਕਾ)ਆਦਿ; ਪੰਜ ਗ੍ਰੰਥੀ ਅਰਥ, ਨਿਰਮਲ ਪੰ.ਨਰੈਣ ਸਿੰਘ ਦੇ ਬਾਈ ਵਾਰਾਂ ਅਰਥ, ਤੇ ; 3.ਸ੍ਰੀ 10 ਗੁਰੂ ਕ੍ਰਿਤ ਗ੍ਰੰਥ ਸਾਹਿਬ (ਦਸਗ੍ਰੰਥੀ ਅਰਥ) 4.ਭਾਈ ਗੁਰੁਦਾਸ ਕੂੰਜੀ 556 ਛੰਦ, 39+2 ਵਾਰਾਂ ਪਦਛੇਦ 'ਚ ਛਪੇ॥

ਕਰੀਬਨ 1969-70 ਤਕ ਐਸੀ ਮਿਲੀ ਜੁਲੀ ਰੀਤ ਚਲਦੀ ਰਹੀ; ਮੂਲ ਬਾਣੀ ਇਤਿਹਾਸਿਕ ਸ੍ਰਾਪ ਭੈ ਕਾਰਣ ਕਿਸੇ ਨਾ ਛੇੜੇ॥ ਪਰ 1969 'ਚ ਗੁਰਦ੍ਵਾਰਾ ਕੁਮੇਟੀ ਨੇ ਸ਼੍ਰੀਗੁਰੂਗ੍ਰੰਥ ਸਾਹਿਬ ਪਦ ਛੇਦ 'ਚ ਛਾਪਣ ਮਤਾ ਪਾਸ ਕੀਤਾ ਪਰ ਨਿਗਰਾਨ ਸੋਧਕ ਕੁਮੇਟੀ ਨਾ ਬਣਾਈ ਕਿ ਸਹੀ ੧ਓ ਸਿਧਾਂਤਕ ਪਦ ਛੇਦ ਅਰਥ ਸੋਧਨ!

ਉਸ ਵੇਲੇ ਛੋਟੇ ਬੜੇ ਸਾਰੇ ਛਾਪੇਖਾਂਨੇ ਵਪਾਰੀਆਂ ਨੂੰ ਤਾਂ ਮੌਜ ਹੋ ਗਈ; ਸਾਰੇ ਅਨਪੜ੍ਹ-ਪੜ੍ਹੇ ਸਿੱਖ ਘਰਾਂ 'ਚ ਸ੍ਰੀ ਗੁਰੂ ਗ੍ਰੰਥ ਦੀ ਭਰਪੂਰ ਮੰਗ ਹੋਵੇਗੀ, ਹਜ਼ਾਰਾਂ, ਲਖਾਂ ਗਿਣਤੀ ਬਿਨਾ ਠੀਕ-ਗਲਤ ਪਦ ਛੇਦ ਰੂਪ ਬੇਚਣ ਲਗੇ, ਕਮਾਈ ਦੀ ਥਾਂ ਬਣੀ॥

ਇਹ ਸੰਖੇਪ ਇਤਿਹਾਸ ਇਸ ਕਾਰਣ ਲਿਖਣਾ ਪਇਆ ਕਿ ਮੂਲ ਪੰਗਤੀ ਜਾਣੇ ਬਿਨਾ ਪਦ ਛੇਦ ਫਰੀਦਕੋਟ ਟੀਕਾ, ਪੰ. ਨਰੈਣ ਸਿੰਘ ਦੇ ਆਦਿ-ਦਸਮ ਸੰਪੂਰਣ ਟੀਕੇ, ਤੇ ਭਾ.ਵੀਰ ਸਿੰਘ ਆਦਿਆਂ ਦੇ ਪੱਛਮੀ ਰੀਤ ਟੀਕੇ ਜੋ ਗੁਰੁਗਮ ਦਮਦਮਾ ਸ਼੍ਰੀਗੁਰੁ ਕਾਸ਼ੀ ਟਕਸਾਲ ਤੇ ਅੰਮ੍ਰਿਤਸਰ ਉਪ-ਟਕਸਾਲ ਵਿਧਾਨ ਅਨੁਸਾਰ ਵਿਆਖਿਆ ਕੀਤੇ, ਸ਼੍ਰੀ ਗੁਰੂਬਾਣੀ ਅਧਾਰਿਤ ਪਹਿਲੇ ਸੰਕੇਤਾਂ ਅਨੁਸਾਰ ਸਨ:

ਸੰਤ ਸਭਾ ਮਿਲਿ ਕਰਹੁ ਬਖਿਆਣ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ॥ ਬ੍ਰਹਮ ਬੀਚਾਰੁ, ਬੀਚਾਰੇ ਕੋਇ॥ ਨਾਨਕ:ਤਾਕੀ ਪਰਮ-ਗਤਿ ਹੋਇ॥

Sri Satguru Jagjit Singh Ji eLibrary NamdhariElibrary@gmail.com

ਇਸ ਪਰਥਾਇ ਜਾਣ-ਅਣਜਾਣ ਠੀਕ ਅਰਥ ਲਿਖਣ ਦਾ ਹੀ ਪ੍ਰਯਾਸ ਰਿਹਾ॥ ਫੇਰ ਤਾਂ ਆਮ ਲੇਖਕ/ਵਕਤਾਵਾਂਨੇ ਆਪਣੀ ਲਿਖੀ/ਬੋਲੀ 'ਚ ਆਪਣੀਆਂ ਕੇਵਲ ਭੜਾਸਾਂ ਕੱਢਣੀਆਂ, ਅਨਪੜ੍ਹ ਲੋਕਾਂ ਲਈ ਅਨਪੜ੍ਹਾਂ ਨੇ ਅਰਥ ਵਿਆਖਿਆਵਾਂ ਸ਼ੁਰੂ ਕਰੀਆਂ॥ ਵਿਧਾਨ ਇਹ ਹੈ:-

ਵਿਆਖਿਆਨ ਛੇ ਨੇਮ ਲਖਸ਼ਣ:-[95] ਪਹਿਲਾਂ ਭਾਰਤੀ ਦੇਵਨਾਗਰੀ, ਯਹੂਦੀ ਹੀਬਰੂ ਅਤੇ ਯੋਰਪਿਨ ਰੋਮਨ ਲਿਪੀਆਂ ਅਧਾਰ ਬੋਲੀਆਂ 'ਚ ਲਿਖਦੇ ਸੇ॥ ਓਹ ਸਾਰੇ ਧਰਮ ਗ੍ਰੰਥਾਂ ਦੀਆਂ ਪੂਰੀਆਂ ਤੁਕਾਂ ਨੂੰ ਬਿਨਾ ਪਦਛੇਦ ਲਿਖਦੇ ਸਨ; ਜਿਸ ਦੇ ਦੋ ਮੁੱਖ ਕਾਰਣ ਸਨ॥

ਨੋਟ:-ਪੁਰਾਣੇ ਤੌਰੇਤ, ਜ਼ੰਬੂਰ ਹੀਬਰੂ ਲਿਪੀ(Old Testament:*Toräh*) 'ਚ ਜੁੜੇ ਅੱਖਰਾਂ 'ਚ ਕੰਪੂਜ਼ਟਰ ਦਾ ਬਣਿਆ ਬਾਈਬਲ ਕੋਡ ਠੀਕ ਨਹੀਂ ਚਲਦਾ॥

ੳ). ਪਦ ਛੇਦ[96] :-ਪਹਿਲਾਂ ਕਿਉਂਕਿ ਸਾਰੇ ਗ੍ਰੰਥ ਪਹਿਲੋ ਪਹਿਲ ਜੁੜੇ ਅੱਖਰ ਪਦਾਂ 'ਚ ਲਿਖੇ ਸਨ, ਇਹ ਕਾਰਣ ਹਰੇਕ ਅਟੂਟ ਪੰਕਤੀ ਦੇ ਪਦ(ਨਾਵ/ਕ੍ਰਿਯਾ ਪਛੇੜ੍ ਨਾਲ) ਅਤੇ ਉਨ੍ਹਾ ਨੂੰ ਛੇਦ(ਅਲਹਿਦਾ) ਕਰਣਾ ਜ਼ਰੂਰੀ ਹੈ ਜਿਸ ਰਾਹੀਂ ਲੇਖ ਸਮਝ ਆਵੇ॥ ਸ਼੍ਰੀਗੁਰੁਬਾਣੀ ਦੇ ਪਹਿਲਾਂ ਮੂਲ ਗ੍ਰੰਥ/ਗ੍ਰੰਥੀ, ਅਧਿਆਇ, ਪਉੜੀ ਪ੍ਰਸੰਗ (ਪਰਿਥਾਇ) ਅਨੁਸਾਰ ਵਾਕਾਂ'ਚ ਪਦ, ਦੋਨੋ: ਨਾਵ, ਕ੍ਰਿਯਾ, ਪਛੇਤਰਾਂ ਸਮੇਤ, ਦੇ ਪਦ ਛੇਦ ਕਰਨੇ ਸੁਭਾਵਕ ਹੁੰਦੇ ਹਨ॥ ਧਿਆਨ ਰਹੇ: ਕੱਲੇ ਧਾਤੂ ਬਿਨਾ ਪਛੇੜ੍ ਪਦ ਕਦੀ ਭਾਵਾਰਥ ਪ੍ਰਗਟ ਨਹੀਂ ਹੁੰਦਾ॥ ਫੇਰ:-

ਅ). ਪਦ ਅਰਥ ਉਕਤਿ:-ਹਰੇਕ ਪੰਕਤੀ 'ਚ ਧਾਤੂ ਉਤਪਨ ਪਦਾਂ(ਨਾਵ/ਕ੍ਰਿਯਾ)ਦੇ ਪ੍ਰਸੰਗ ਅਨੁਸਾਰ ਅਰਥ ਕਰਣੇ ਹੁੰਦੇ ਹਨ॥ ਕਿਉਂ, ਪਹਲਾਂ ਦਸ ਆਏ ਹਾਂ, ਸਾਰੇ ਵਿਸ਼ੂ ਗ੍ਰੰਥ ਅਟੂਟ ਪਦ ਪੰਗਤੀਆਂ 'ਚ ਲਿਖੇ ਜਾਂਦੇ ਸਨ। ਜ਼ਿਆਦਾ ਤਰ ਗ੍ਰੰਥ ਕਵਿਤਾ(ਪੱਦਜ) 'ਚ ਹੁੰਦੇ, ਜਾਂ, ਸੂਤ੍ਰਾਂ ਵਿੱਚ, ਕਿਉਂਕਿ 5-13 ਸਾਲ ਦੇ ਨੂੰ ਯਾਦ ਕਰਣੇ ਕਾਫੀ ਸੌਖੇ ਹਨ, ਉਸ ਮੁਕਾਬਲੇ 'ਚ ਗੱਦਜ (ਵਾਰਤਿਕ) ਔਖਾ ਹੈ॥ ਧਿਆਨ ਰਹੇ: ਕਵਿਤਾ ਛੰਦ ਸ਼ਾਸਤ੍ਰ ਸਾਰੇ ਜਾਣਦੇ ਹਨ, ਵਿਆਕਰਣ, ਨਿਜਾਯ ਤਰਕ ਅਨੁਸਾਰ ਕਦੀ ਸ਼ੁੱਧ ਨਹੀਂ ਹੁੰਦੇ, ਇਸ ਕਾਰਣ:

ੲ). ਵਾਕ ਵਿਗ੍ਰੈ:-ਪੂਰੀ ਕਵਿਤਾ ਵਾਕ ਵਿਆਕਰਣ ਅਨੁਸਾਰ ਸਹੀ ਪਦ ਛੇਦ ਰੂਪ, ਨਿਜਾਯ ਵਾਕ ਅਰਥ ਜਾਣਨ ਲਈ ਸਾਰੀਆਂ ਪੰਗਤੀਆਂ ਤੋੜਨੀਆਂ ਹੁੰਦੀਆਂ ਹਨ॥ ਫੇਰ ਉਨ੍ਹਾਂ ਤਰਕ ਟੂਟੇ ਵਾਕਾਂ ਨੂੰ ਵਿਆਕਰਣ ਅਨੁਸਾਰ: ਉਦੇਸ਼ (subject), ਸੰਯੋਜਕ(copula) ਅਤੇ ਵਿਧੇਯ (predicate) ਵਿਸ਼ੇਆਂ ਦੇ ਪ੍ਰਸੰਗ ਅਨੁਸਾਰ (ਪੂਰਵ-ਪੱਖ:thesis) ਲਈ ਨਵੇਂ ਪਦਾਂ ਦੇ ਵਾਕ ਬਣਾਣੇ ਹੁੰਦੇ ਹਨ:

ਸ). ਵਾਕ ਯੋਜਨਾ:- ਨਵੇਂ ਪਦ ਦਾ ਵਾਕ ਬਣਾ ਕੇ ਦੋ (2) ਤਰ੍ਹਾਂ ਅਰਥ ਕਰੀਂਦੇ ਹਨ :-

---

95. ਸ਼ੰਕਰ ਭਾਸ਼ਯ(ਕਾਸ਼ੀ ਸੰਸਕ੍ਰਿਤ ਸੀਰਜ਼.ਨੰ.71)ਵੇਦਾਂਤ ਸ਼ਾਸਤ੍ਰ ਪੰ.1 ਪੰਕਤੀ 3:-
ਪਦਛੇਦ:[1] ਪਦਾਰ੍ਥੋਕ੍ਤਿ[2] ਵਿਗ੍ਰਹੈ[3] ਵਾਕ੍ਯੋਜਨ:[4] । ਅਕ੍ਸ਼ੇਪਾਨਾਂ[5] ਸਮਾਧਾਨਂ [6] ਵ੍ਯਾਖ੍ਯਾਨਾਂ ਚ ਸ਼ਟ੍ ਲਕ੍ਸ਼ਣਾ:

96. ਪਾਣਿਨੀਯ ਅਸ਼ਟਾਧਿਆਈ ਸੂਤ੍ਰ:ਭੱਟੋਜੀਦੀਕਸ਼ਤ ਸਿਧਾਂਤ ਕੌਮਦੀ ਵਾਰਤਿਕ ਸੁਪ੍ਤਿਙ੍ਨਂ ਪਦਮ੍।੧।੪।੧੪॥
ਸੁਬਨ੍ਤਞ੍ਚ ਤਿਙ੍ਨ੍ਤ ਚ ਪਦਮ੍ ਸ੍ਯਾਤ੍।

Sri Satguru Jagjit Singh Ji eLibrary NamdhariElibrary@gmail.com

ਦੰਡ ਅਨੈ: ਡੰਡੇ ਤਰ੍ਹਾਂ ਸਿੱਧੀ ਪੰਗਤੀ 'ਚ ਪਦਾਂ ਦੇ: ੧ੳ ਸਤਿਨਾਮੁਕਰਤਾਪੁਰਖੁ...
1. ਅਟੁਟ ਸ਼੍ਰਿੰਖਲਾ 'ਚ ਅਰਥ।

ਖੰਡ ਅਨੈ: ਪ੍ਰਸੰਗ/ਸਿਧਾਂਤ ਅਨੁਸਾਰ ਪੰਗਤੀ ਦੇ ਇਕ ਇਕ ਪਦ ਦੇ ਜੁਦਾ ਜੁਦਾ ਅਰਥ
2. ਜਿਵੇਂ:-1-ਓ, 1-ਸਤਿ, 1-ਨਾਮ, 1-ਕਰਤਾ... ਆਦਿ ਵਿਸ਼ੇਸ਼, ਵਿਸ਼ੇਸ਼ਣ ਪਰਥਾਇ ਪੰਗਤੀ ਦੇ ਅਰਥ ਕਰਣੇ॥

ਹ). ਅਕਸ਼ੇਪ(challenges) ਪਦ ਜਿਨ੍ਹਾਂ ਤੇ ਹੱਲੇ/ਵਾਰ ਹਨ, ਉਨ੍ਹਾਂ ਦੇ,

ਕ). ਸਮਾਧਾਨ:- ਜੇ ਨਾਲ ਦੀ ਨਾਲ(ਕੋਈ ਧਰਮੀ,ਖਟ ਦਰਸ਼ਨੀ,ਜਾਂ ਕਲਪਿਤ ਉੱਤਰ-ਪੱਖੀ:anti-thesis) ਅਕਸ਼ੇਪਕ (critiques) ਇੱਕ-ਅਨੇਕ ਮਤੀ ਅਕਸ਼ੇਪ (challenges) ਆਲੋਚਨਾ(criticism) ਕਰਨ: ਤਾਂ ਤਰਕ ਰਾਹੀਂ ਠੀਕ ਬਣੇ ਵਾਕਾਂ ਦੇ ਯਥਾਰਥ ਸਮਾਧਾਨ ਪਰਮ ਸਿਧਾਂਤ ਸਿੱਧ ਕਰਨਾ ਹੈ॥ ਧਯਾਨ ਰਹੇ: ਕਥਾ, ਵਿਆਖਿਆ, ਸੰਥਿਆ, ਟੀਕੇ ਆਦਿ ਭਾਸ਼ਣ ਬੋਲਨੇ, ਲਿਖਨ ਦੀਆਂ ਪਰਿਭਾਸ਼ਵਾਂ 'ਚ ਕਾਫੀ ਫਰਕ ਹੈ; ਜਿਨ੍ਹਾਂ ਨੂੰ ਆਮ ਲੋਕ ਪ੍ਰਯਾਯੀ ਸਮਝਦੇ ਹਨ॥ ਵਿਸ਼ੇਸ਼ ਦਰਸ਼ਨਿਕ (gnostics) ਤਰਕ ਵਾਦੀ, ਵਿਦਿਆਰਥੀ (aspirants) ਲਈ ਸਾਰੇਆਂ ਦੀਆਂ ਭਿੰਨ ਭਿੰਨ ਪਰਿਭਾਸ਼ਾਵਾਂ ਵੱਖ ਵੱਖ ਹੁੰਦੀਆਂ ਹਨ॥ ਇਸੇ ਤਰਾਂ ਧਰਮ ਗ੍ਰੰਥ, ਗ੍ਰੰਥੀ ਭਾਗਾਂ ਦੇ ਉਪਯੋਗੀ ਨਿਰਧਾਰਤ ਵਿਸ਼ੇਆਂ ਦੇ ਤਾਤਪਰਜ(aim & object) ਪ੍ਰਿਥਾ ਦੀ ਪਰਿਭਾਖਾ ਦੇ ਛੇ-ਲਿੰਗ(ਚਿੰਨ੍ਹ) ਪ੍ਰਤੀਪਾਦਿਤ ਹਨ, ਜਿਨ੍ਹਾਂ ਰਾਹੀ ਸ਼੍ਰੀ ਜਗਦਗੁਰੂ ਗ੍ਰੰਥਜੀ ਦੇ ਵਿਸ਼ਿਆਂ ਦੇ ਸਮੁਚੈ ਭਾਵਾਂ ਦੀਆਂ ਸਾਰੀਆਂ ਓਕਾਈਆਂ ਆਪਣੇ ਆਪ ਸੁਭਾਵਿਕ ਗੌਂਣ ਤੇ ਮੁਖ ਵਿਸ਼ੇਆਂ ਦੇ ਤਾਤਪਰਜ ਉਘੜ ਔਂਦੇ ਹਨ॥ ਕਰੀਬ ਇਨ੍ਹਾਂ ਦਾ ਵਰਣਨ ਸਾਰੇ ਪੁਰਾਣੇ ਸ਼੍ਰੀ ਜਪੁ ਨਿਸਾਣੁ ਟੀਕੇਕਾਰਾਂ ਦਿਤੇ ਹਨ; ਏਸੇ ਲਈ ਇਥੇ ਵਿਸਤਾਰ ਦੀ ਲੋੜ ਨਹੀਂ ਸਮਝੀ ਜਾਂਦੀ॥ ਸੰਖੇਪ ਵਿਧਾਨ ਇਹ ਹਨ:-

2. ਸ਼ਸਤ੍ਰ ਵਿਸ਼ੈ: ਛੈ ਤਾਤਪਰਜ ਨਿਰਣੈ ਚਿੰਨ੍ਹ :-ਜਿਨ੍ਹਾਂ ਦੇ ਲਖਸ਼ਣਾਂ ਰਾਹੀਂ ਸਿਧਾਂਤ ਦੇ ਤਾਤਪ੍ਰਜ ਦਾ ਗਿਆਨ ਹੁੰਦਾ ਹੈ:-

ਮੰਗਲ:-ਹਰੇਕ ਭਾਰਤੀ-ਅਰਬੀ 'ਚ ਧਰਮ ਗ੍ਰੰਥ ਮੰਗਲਾਚਰਣ ਨਾਲ ਪ੍ਰਾਰੰਭ (ਉਪਕ੍ਰਮ) ਹੁੰਦੇ ਹਨ॥ ਮੰਗਲ ਤਿਨ ਕਿਸਮ ਦੇ ਹਨ॥ ਹਰੇਕ ਗ੍ਰੰਥ 'ਚ ਦੋ ਆਦਿ ਤੇ ਅੰਤ 'ਚ ਜ਼ਰੂਰੀ ਹਨ॥ ਵਡੇ ਗ੍ਰੰਥਾਂ ਵਿੱਚ ਤਿੰਨ: ਆਦਿ, ਮੱਧ, ਤੇ ਅੰਤ(ਉਪਸੰਹਾਰ) ਵਿੱਚ ਹੁੰਦੇ ਹਨ॥ ਐਥੇ ਸ਼੍ਰੀ ਵਿਸ਼ੂ ਗੁਰੂ ਗ੍ਰੰਥ ਸਾਹਿਬ ਜੀ 'ਚ ਆਏ ਦੱਸਣੇ ਜ਼ਰੂਰੀ ਹਨ:

ੳ). ਵਸਤੂ ਨਿਰਦੇਸ ਮੰਗਲ (ਸ੍ਵਰੂਪ ਲਕਸ਼ਣ):- ਇਹ ਮੂਲ ਮੰਤ੍ਰ ਦੇ ਚਾਰ (4) ਸ੍ਵਰੂਪ ਲੱਖਣ ਹਨ:-

1. ਪੂਰਾ ਮੂਲ ਮੰਤ੍ਰ: ੧ੳ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁਅਕਾਲਮੂਰਤਿ
2. ਅਜੂਨੀਸੈਭੰਗੁਰਪ੍ਰਸਾਦਿ॥ (ਪੰਨੇ. 1,462,475... ਆਦਿਕ ਹੈ॥
ਮੂਲ ਮੰਤ੍ਰ: ੧ੳ ਸਤਿਨਾਮੁਕਰਤਾਪੁਰਖੁਗੁਰਪ੍ਰਸਾਦਿ॥ (ਪੰਨੇ:220, 235, 242, 243, 323, 340, 345, ਸੱਤ ਵਾਰ ਆਯਾ॥

Sri Satguru Jagjit Singh Ji eLibrary NamdhariElibrary@gmail.com

3. ਮੂਲ ਮੰਤ੍ਰ:- ੧ੳ ਸੋਤਿਨਾਮੁਗੁਰਪ੍ਰਸਾਦਿ॥ 81, 544, ਦੋ ਵਾਰ ਆਯਾ[97]

4. ਮੂਲ ਮੰਤ੍ਰ:- ੧ੳ ਸੋਤਿਗੁਰਪ੍ਰਸਾਦਿ॥ ਪੰਨੇ. 8; 700 ਵਾਰ ਆਯਾ॥ ਸ਼੍ਰੀ ਦਸਮ ਗ੍ਰੰਥ ਸਾਹਿਬ 'ਚ ਕਈ ਰੂਪ ਹਨ; ਪਰ ਧਿਆਨ ਰਹੇ: ਸਾਰੇਆਂ ਵਿੱਚ:

5. ਮੂਲ ਮੰਤ੍ਰ:- ੧ੳ ਸਾਰੇਆਂ ਵਿੱਚ ਜ਼ਰੂਰੀਹੈ ਜਿਸ ਨਾਲ, ਗੁਰਪ੍ਰਸਾਦਿ, ਭਗਉਤੀ ਜੀ ਸਹਾਇ, ਵਾਹਿਗੁਰੂ ਜੀ ਕੀ ਫਤੇ ਆਦਿ ਲਾਏ ਹਨ ॥

ਅ). ਅਸ਼ੀਰਵਾਦ (ਅਸੀਸ) ਮੰਗਲ ਪੰਨੇ 250,262:- ਗੁਰਦੇਵ ਮਾਤਾ ਗੁਰਦੇਵ ਪਿਤਾ...॥

ੲ). ਨਮਸਕਾਰ ਮੰਗਲ ਪੰਨਾ 262:9- ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥ ਸਤਿਗੁਰਏ ਨਮਹ॥ ਸ੍ਰੀ ਗੁਰਦੇਵਏ ਨਮਹ॥ ਮੰਗਲ ਦੇ ਨਾਲ ਦੀ ਨਾਲ ਗ੍ਰੰਥ ਵਿਸ਼ਾ ਪ੍ਰਾਰੰਭ ਹੁੰਦਾ ਹੈ ਇਸ ਲਈ ਤਾਤਪਰਜ ਨਿਰਣੈ ਦਾ ਪਹਿਲਾ ਮੰਗਲ਼ ਇਹ ਚਿਨ੍ਹ ਹੈ:-

ੳ. ਉਪਕ੍ਰਮ-ਉਪਸੰਘਾਰ:-ਮੰਗਲ ਧਰਮ ਗ੍ਰੰਥ ਵਿਸ਼ੈ ਸੰਬੰਧੀ ਹਨ। ਉਪਕ੍ਰਮ ਆਦਿ ਮੰਗਲ ਹੈ ਜਿਸਦਾ ਓਹੀ ਸਿਧਾਂਤ, ਗ੍ਰੰਥ ਦਾ ਅੰਤ ਮੰਗਲ(ਉਪਸੰਹਾਰ) ਵੀ ਜਤਾਂਦਾ ਹੈ॥ ਬੇਸ਼ਕ ਦੋ ਪਦ, ਦੋ ਅਰਥੀ ਪ੍ਰਤੀਤ ਹੁੰਦੇ ਹਨ ਪਰ ਦੋਨੋਆਂ ਦਾ ਇਕੋ ਤਾਤਪਰਜ ਹੈ, ਜਿਵੇਂ: ੳ. ਉਪਕ੍ਰਮ ਆਦਿ 'ਚ ਮੰਗਲ ਚਿਨ੍ਹ ਹੈ:-੧ੳ ਸੋਤਿਨਾਮ..., ਜਾਂ ਸ਼ਲੋਕ ਆਦਿਸਦੁ... ਆਦਿ ਹਨ॥

ਅ.1. ਉਪ-ਸੰਹਾਰ =ਗ੍ਰੰਥ ਅੰਤ ਮੰਗਲ ਹੈ:ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ਜਾਂ

2. ਉਪ-ਸੰਘਾਰ= ਸਭੁ ਨਾਨਕ ਬ੍ਰਹਮ ਪਸਾਰੋ; ਅਤੇ ਪੂਰੇ ਅੰਤ'ਚ: ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥

ੲ. ਅਭਿਆਸ:-ਭਾਰਤੀ ਅੰਗੇਜ਼ ਰਾਜ ਨੇ 1800-77 ਜਰਮਨ ਇਸਾਈ ਪਾਦਰੀ ਟ੍ਰੰਪ(theologian) ਨਿਜਿਤ ਕੀਤਾ ਕਿ ਸ਼੍ਰੀਗੁਰੁਬਾਣੀ ਦੀ ਅਲੋਚਨਾ, ਉਲਥਾ ਅੰਗੇਜ਼ੀ 'ਚ ਕਰੇ। ਓਹ ਭਾਰਤੀ ਦਰਸ਼ਨ(metaphysics) ਤੋਂ ਅਣਜਾਣ ਸੀ, ਉਸ ਨੇ ਸ਼੍ਰੀਗੁਰੂ ਗ੍ਰੰਥਸਾਹਿਬਦੀ ਅਲੋਚਨਾ ਤੇ ਉਲਥੇ ਕਰਦੇ ਵੇਲੇ ਜਿਵੇਂ ਦੁਨੀਆਵੀ ਸਾਹਿਤ ਦੀ ਆਲੋਚਨਾ ਕਰੀ ਦੀ ਹੈ ਵੈਸੀ ਕੀਤੀ, ਤੇ ਲਿਖਿਆ:-'ਇਹ ਕਿਤਾਬ ਪੁਨਰਕਤੀ ਦੋਸ਼ਾਂ ਨਾਲ ਭਰੀ ਹੈ'॥ ਉਸ ਬਿਚਾਰੇ ਨੂੰ ਪਤਾ ਹੀ ਨਹੀਂ ਸੀ: ਕਿ ਅਧਿਆਤਮਕ ਸਾਹਿਤ (Divine Mystic Literature)ਵਿੱਚ ਪੁਨਰੁਕਤੀ ਨੂੰ ਦੋਸ਼ ਨਹੀਂ ਮੰਨਿਆ ਜਾਂਦਾ॥ ਕੀ ਇਸਾਈ ਪਾਦਰੀ ਟ੍ਰੰਪ ਨੂੰ ਇੰਜੀਲ 'ਚ ਪੁਨਰ ਉਕਤੀਆਂ ਯਾਦ ਨਹੀਂ ਸਨ? ਗੁਰੁਸਿੱਖਾਂ ਨੂੰ ਨੀਚੇ ਦਿਖੌਣ ਲਈ ਓਸ ਅਡੰਬਰ ਰਚਿਆ ਸੀ॥

ਸ. ਅਪੂਰਵਤਾ:-ਦਾ ਅਰਥ ਵਿਲਖਣਤਾ ਹੈ, ਭਾਵ ਜਿਸਦਾ ਮੁਕਾਬਲਾ ਨਹੀਂ 'ਸੂਰਜ ਨੂੰ ਦੀਵਾ ਦਿਖਾਣਾ'; ਤੇ ਗੁਰੁਬਾਣੀ ਪ੍ਰਮਾਣ ਦ੍ਰਿਸ਼ਟਾਂਤ ਹਨ:-

ਭ. ਕਬੀਰ:- ਜਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ॥

ਮ:1:- ਦੀਵਾ ਬਲੈ,ਅੰਧੇਰਾ ਜਾਇ॥ ਬੇਦਪਾਠ ਮਤਿ ਪਾਪਾ ਖਾਇ॥ ਉਗਵੈ ਸੂਰੁ ਨ

97. ਭਾਈ ਵੀਰ ਸਿੰਘ ਪਿਤਾ ਡਾ.ਚਰਣ ਸਿੰਘ, ਬਾਣੀ ਬਿਉਰਾ ਗ੍ਰੰਥ 'ਚ ਇਹ ਰੂਪ ਨਹੀਂ ਲਿਖਿਆ, ਤੇ ਜਤ ਆਦੀ ਦੇ ਅਰਥ ਗਲਤ ਕੀਤੇ ਹਨ ॥

98. ਸ਼੍ਰੀਗੁਗ੍ਰੰਥਜੀ.ੳ.ਪੰ.2:9,12। ਅ.ਪੰ.3:18-। ੲ.ਪੰਨੇ.143-144 :। ਸ.ਇੰਜੀਲ. NT. *St John*:XI:38+XIV:20

Sri Satguru Jagjit Singh Ji eLibrary NamdhariElibrary@gmail.com

ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥

ਮ:3:- ਸਚੈ ਸਬਦਿ ਸਚੀ-ਪਤਿ ਹੋਈ॥ ਬਿਨੁ ਨਾਵੈ ਮੁਕਤਿ:ਨ ਪਾਵੈ ਕੋਈ॥ ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ॥

ਸ. ਫਲ:- ਦੋ ਤਰ੍ਹਾਂਦੇ ਹਨ:1.ਗੌਣ ਤੇ 2.ਮੁੱਖ ਅਨੇਕ ਸੁਖ ਹਨ:- ਹਰਿਜੀਉ ਸਦਾ ਧਿਆਇ ਤੂ, ਗੁਰਮੁਖਿ ਏਕੰਕਾਰੁ॥ 1॥ ਰਹਾਉ॥ ਗੁਰਮੁਖਾ ਕੇ ਮੁਖਉਜਲੇ ਗੁਰਸਬਦੀ ਬੀਚਾਰਿ॥ ਹਲਤਿ ਪਲਤਿ ਸੁਖੁ ਪਾਇਦੇ, ਜਪਿ ਜਪਿ ਰਿਦੈ ਮੁਰਾਰਿ॥

ਸਾਕਤੀ ਪਾਪ ਕਰਿਕੈ ਬਿਖਿਆ ਧਨੁ ਸੰਚਿਆ ਤਿਨਾ ਇਕਵਿਖ ਨਾਲਿ ਨ ਜਾਈ॥ ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ॥

ਜਿਵੇਂ ਕੋਈ ਇਸ਼ਟ-ਦੇਵ ਦੀ ਭਗਤੀ ਕਰਦੇ ਹਨ, ਵੈਸੇ 4 ਅਨਿਤ ਮੋਖ ਜਾਂ ਜੀਵਨ ਮੁਕਤੀ ਨਿਤ ਸੁਖ ਦੇ ਦੇਹ ਅੰਤ ਵਿੱਚ ਵਿਦੇਹ ਮੁਕਿਤੀ ਫਲ ਪੌਂਦੇ ਹਨ। ਓਨ੍ਹਾਂ ਬਾਰੇ ਦੋ ਪ੍ਰਮਾਣ ਇਥੇ ਕਾਫੀ ਰਹਿਣਗੇ:-

1. ਗੌਣ ਮੋਖ ਇੰਦ੍ਰਪੁਰੀ ਮਹਿ ਸਰਪਰ ਮਰਣਾ॥ ਬ੍ਰਹਮਪੁਰੀ ਨਿਹਚਲੁ ਨਹੀ ਰਹਣਾ॥ ਸਿਵਪੁਰੀਕਾ ਹੋਇਗਾ ਕਾਲਾ॥ ਤ੍ਰੈਗੁਣ ਮਾਇਆ ਬਿਨਸਿ ਬਿਤਾਲਾ॥

ਨਾਮਦੇਵ- ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨੁ ਉਹੁ ਛਾਰੁ ਉਡਾਵੈ॥ ਹਉ ਤਉ ਏਕੁ ਰਮਈਆ ਲੈਹਉ॥ ਆਨ ਦੇਵ ਬਦਲਾਵਨਿ ਦੈਹਉ॥ ਰਹਾਉ ਸਿਵ ਸਿਵ ਕਰਤੇ ਬਰਦ ਚਢੇ ਡਉਰੂ ਢਮਕਾਵੈ॥ ਮਹਾਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥ ਮੁਕਤਿ ਕੀ ਬਰੀਆ ਕਹਾ ਛਪਾਨੀ॥ 4॥ ਗੁਰਮਤਿ ਰਾਮਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ॥

2. ਮੁਖ ਮੋਖ- ਸਾਰੇ(ਪਸ਼ੂ,ਪੰਛੀ,ਮੱਛੀ) ਜੀਵ, ਨਿਤ ਸੁਖ ਦੇ ਇਛੁਕ ਹਨ ਜਿਵੇਂ ਗੁਰੁਬਾਣੀ ਬਚਨ ਹੈ:- ਮੂਏ ਹੂਏ ਜਉ ਮੁਕਤਿ ਦੇਹੁਗੇ: ਮੁਕਤਿ ਨ ਜਾਨੈ ਕੋਇਲਾ॥ ਓਹ ਹੁਣ ਜਿਉਂਦੇ ਜੀਵਨ ਮੁਕਤੀ ਅਵਸਥਾ ਅਨੁਭਵ ਹੁੰਦਾ ਹੈ ਜੋ ਸਰੀਰ ਪਤਨ ਮਗਰੋਂ ਵਿਦੇਹ ਮੋਕਸ਼ ਹੈ, ਜੋ ਅਵਸਥਾ ਸ਼੍ਰੀ ਵਿਸ਼੍ਵਗੁਰੂਜੀਦੇ ਰਾਜਜੋਗ ਬ੍ਰਹਮ ਗਿਆਨ ਦਾ ਹੁਣੇ ਜੀਵਨ ਮੁਕਤੀ ਅਨੁਭਵ ਹੈ: ਹਲਤਿ ਸੁਖੁ,ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦਕਾ ਸਦਾ ਲੀਜੈ॥ ਮਿਟਹਿ ਕਮਾਣੇ ਪਾਪ ਚਿਰਾਣੇ, ਸਾਧਸੰਗਤਿ ਮਿਲਿ ਮੁਆ ਜੀਜੈ

ਹ. ਅਰਥਵਾਦ(antiphrasis):- ਵੇਦ ਤੇ ਖਟ ਦਰਸ਼ਨ ਸੂਤ੍ਰਾਂ 'ਚ ਪੂਰਵ ਮੀਮਾਂਸਾ ਦੇ ਪਰਿਭਾਸ਼ਿਕ ਮੰਤ੍ਰਾਂ ਦੀ ਲਕਸ਼ਾਰਥ ਵਿਧੀ ਵਿਧਾਨ 12 ਅਧਿਜਾਯਾਂ 'ਚੋਂ ਪਹਿਲੇ ਅਧਿਆਇ ਦੇ ਮੁੱਖ ਪੰਜ ਭਾਗਾਂ ਦੀ ਸਮਝ ਜ਼ਰੂਰੀਹੈ ਜੋ ਇਹ ਹਨ:-1.ਵਿਧੀ, 2. ਮੰਤ੍ਰ. 3.ਨਾਮਧੇਯ

---

99. ਪੁਨ੍ਹੈ.ਉ.ਪੰ.1123:8। ਅ.ਪੰ.791:2। ਏ.ਪੰ.1046:10 ॥ ਆਦਿ ॥

100. ਪੁਨ੍ਹੈ.ਉ.ਪੰ.1415:6-7। ਅ.ਪੰ.734:8। ਏ.ਪੰ.237:8 ।ਸ.ਪੰ.874:14 ਅਤੇ ਪੰ.'526:5-9। ਹ.ਪੰ.1092:17।ਖ.ਪੰ.683:13, ਗੀਤਾ ਸ਼ਾਸਤ੍ਰ ਦਾ ਪ੍ਰਮਾਣ:9:23-25॥ **येऽप्यन्यदेवता भक्ता यजन्ते श्रद्धयान्विताः। तेऽपि मामेव कौन्तेय यजन्त्यविधिपूर्वकम्॥२३॥ यान्ति देवव्रता देवान्पितॄन्यान्ति पितृव्रताः। भुतानियान्तिभूतेज्या यान्ति मद्याजिनोऽपि माम्॥२५।६।"**

Sri Satguru Jagjit Singh Ji eLibrary NamdhariElibrary@gmail.com

4.ਨਿਖੇਧ ਤੇ 5.ਅਰਥਵਾਦ॥ ਅਖੀਰੀ ਨੇਮ ਹੈ ਸ਼ਾਸਤ੍ਰ ਵਿਧੀ-ਨਿਖੇਦ॥ ਪੰਜਵੇਂ ਵਿਧਾਨ 'ਚੋਂ ਤਿਨ ਲੱਖਨ ਹਨ ਜੋ ਸ਼੍ਰੀਗੁਰੁਬਾਣੀ 'ਚ ਇਸ ਤਰ੍ਹਾਂ ਲਿਖੇ ਹਨ: ਸੁਣਿਆ, ਮੰਨਿਆ, ਮਨਿ ਕੀਤਾ ਭਾਉ॥ ਸੰਖੇਪ ਪੂਰਵ ਮਿਮਾਂਸਾ ਸੂਤ੍ਰ ਵਿਧਾਨ ਲਾਗੂ ਅਰਥ ਵਾਦ ਵਿਧਾਨ ਦਸੇ ਹਨ:-

1. ਗੁਣਵਾਦ (1।2।-41-43-) ਵੇਦਵਾਕ ਵਿਵਹਾਰ ਵਿਰੁਧ; ਜਿਵੇਂ ਗੁਰੁਬਾਣੀ- ਪਹਿਲਾ ਪੂਤੁ ਪਿਛੈਰੀ ਮਾਈ॥ ਗੁਰੁ ਲਾਗੋ ਚੇਲੇ ਕੀ ਪਾਈ॥
2. ਅਨੁਵਾਦ: ਵੇਦ ਸ਼ਾਸਤ੍ਰ ਵਿਵਹਾਰ ਅਨੁਸਾਰ ਵਾਕ ਹੋਣ, ਜਥਾ ਸ਼੍ਰੀਗੁਰੂਗ੍ਰੰਥਜੀ- ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹਨਾਸਾ..
3. ਭੂਤ ਅਰਥਵਾਦ: ਵੇਦ ਸ਼ਾਸਤ੍ਰ ਵਾਕ ਜੋ ਨਾ ਵਿਵਹਾਰ ਵਿਰੁਧ, ਨ ਅਨੁਸਾਰੀ ਹਨ, ਜਥਾ ਸ਼੍ਰੀਗੁਰੁਬਾਣੀ- ਬ੍ਰਹਮਗਿਆਨੀ ਆਪਿ ਨਿਰੰਕਾਰੁ[ਸ.101] ॥ ਇਸੇ ਵਿੱਚ ਅੱਗੇ ਚਲਕੇ ਰੂੜੀ ਬਾਣੀ ਦੇ ਪ੍ਰਸੰਗ ਅਨੁਸਾਰ ਸੂਤ੍ਰਾਂ 'ਚ ਸ਼ਕਤਿਜਰਥ ਤੇ ਲਕਸ਼ਾਰਥ ਆਧਾਰਿਤ ਲੱਖਣ ਵੀ ਦੱਸੇ ਹਨ॥

ਕ. ਉਪ-ਪੱਤੀ:-ਯਾਦ ਰਹੇ; ਸਾਰੇ ਖਟ ਦਰਸ਼ਨ ਸੂਤ੍ਰ ਪਰਿਭਾਖਾ ਤਰਕ ਸਿੱਧਸਾਰੇ ਨਾਸਤਿਕ-ਆਸਤਿਕ ਭਾਰਤੀ-ਸਾਮੀ ਅਪਣੇ ਧਰਮਾਂ ਖਟ ਦਰਸ਼ਨ ਸੰਪ੍ਰਦਾਏ ਉਪਯੋਗੀ ਭਿੰਨ ਭਿੰਨ ਆਗਮ ਨਿਗਮ ਤਰਕ ਅਨਾਦਿ ਸੰਸਾਰ ਦੇ ਕਾਰਣਾਂ ਵਿਸਤਾਰ ਦੀ ਚਰਚਾ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀਨੇ ਸਾਰੇ ਧਰਮੀਆਂ ਨਾਲ ਗੋਸ਼ਟਾਂ ਕੀਤੀਆਂ; ਮ:4:ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ ਪੂਰੇ-ਗੁਰਕਾ ਬਚਨੁ ਉਪਰਿ ਆਇਆ॥ ਗੁਰਸਿਖਾ ਵਡਿਆਈ ਭਾਵੈ ਗੁਰਪੂਰੇਕੀ ਮਨਮੁਖਾ...[102] ਐਸੇ ਬੁੱਧੀਯੋਗ(ਅਕਲ) ਤਰਕਵਾਨ ਛੇ ਭਾਸ਼ਜ, ਟੀਕਿਆਂ 'ਚ ਉਪਪਤੀ ਵਿਧੀ ਪਰਿਭਾਖਾ ਵਰਤਦੇ ਰਹੇ, ਜੋ ਇਹ ਹਨ:-

1. ਪ੍ਰਤੱਖ ਪ੍ਰਮਾਣ(perception) ਦਸੋ ਇੰਦ੍ਰੀਆਂ(ਪ੍ਰਮਾ), ਮਨ(ਅਪ੍ਰਮਾ) ਅਨੁਮਾਨ (epistemological evidence) ਗਿਆਨ॥
2. ਅਨੁਮਾਨ ਪ੍ਰਮਾਣ(inference) ਦੋ ਨੇ:1. ਪਹਿਲਾਂ(a priory) ਚੜ੍ਹੀ ਨਦੀ ਕਾਰਣ ਸ੍ਰੋਤ ਤਰਫੋਂ ਨਾ ਦੇਖੀ ਬਾਰਸ਼ ਦਾ ਅੰਦਾਜ਼ਾ।
3. ਬਦਲ ਦੇਖੇ ਪਿਛੋਂ(a posteriori) ਅਨੁਮਾਨ: ਬਾਰਿਸ਼ ਪਵੇਗੀ, ਕਿ ਨਹੀਂ? ਕਿਤੇ ਹੋਰ ਪਾਸੇ ਬਦਲ ਨਾ ਉੱਡ ਜਾਣ; ਦੋਨੋਂ ਪ੍ਰਤੱਖ ਗਿਆਨ ਤੋਂ ਅਨੁਮਾਨ ਹੈ॥
4. ਦ੍ਰਿਸ਼ਟਾਂਤ: ਦੂਰ ਪਹਾੜ ਉਤੇ ਧੂਆਂ ਦੇਖਣ ਕਾਰਣ ਪੰਜ(major) ਅਵੈਵ (5 minor), ਉਪ-ਅਵੇਵ(10 members of syllogism) ਰਾਹੀਂ ਨਤੀਜਾ ਨਿਕਲਨਾ ਅਨੁਮਾਨ ਹੈ॥ ਧਿਆਨ ਰਹੇ: ਪੱਛਮੀ ਨਿਜਾਯ 'ਚ ਕੇਵਲ 3 ਅਵੈਵ ਉਪਯੋਗ ਕੀਤੇ ਜਾਂਦੇ ਹਨ॥
5. ਉਪਮਾਨ ਪ੍ਰਮਾਣ(comparison): ਪ੍ਰਸ਼ਨ:-ਰੋਝ ਮ੍ਰਿਗ ਕੈਸਾ ਹੁੰਦਾ ਹੈ? ਉੱਤਰ: ਜੋ ਗਊ ਜਾਤੀ, ਬਿਨਾ ਗਲ ਦੇ ਕੰਬਲ(dewalp) ਵਰਗਾ ਹੰਦਾ ਹੈ। ਜਦ ਜੰਗਲ 'ਚ ਰੋਝ

---

101. ਪੁਨ੍ਹੈ.ਓ.ਪੰ.2:8; 2:16=4:14;4:15 ਆਦਿ। ਅ.ਪੰ.481:10। ਦ.ਪੰ.1123:8। ਸ.ਪੰ.273:1॥
102. ਪੁਨ੍ਹੈ.ਓ.ਪੰ.791।ਅਮ:4.ਪੰ.304:1-3।ਦ.ਮ:3 ਪੰ.1016:12"ਅਗਮ ਨਿਗਮੁ ਸਤਿਗੁਰੂ ਦਿਖਾਇਆ॥ ਕਰਿ ਕਿਰਪਾ ਅਪਨੈ ਘਰਿਆਇਆ

Sri Satguru Jagjit Singh Ji eLibrary NamdhariElibrary@gmail.com

ਦੇਖਿਆ, ਉਸ ਦੀ ਪਛਾਣ ਦੇਖ ਕੇ ਕਰੀ, ਕਿ ਮ੍ਰਿਗ ਦੇ ਗਲ'ਚ ਕੰਬਲ ਨਹੀ ਲਟਕਦਾ; ਸ ਰੋਝ ਹੈ, ਇਹ ਪ੍ਰਤੱਖ ਦੇਖਣ ਤੇ ਅਨੁਮਾਨ ਨਹੀਂ, ਬਲਕਿ ਕੰਬਲ ਚਿੰਨ੍ਹ ਦੇਖੇ ਫਰਕ ਕਾਰਣ ਉਪਮਾਨ ਪ੍ਰਮਾਣ ਸਿਧ ਹੁੰਦਾ ਹੈ ॥

6. ਸ਼ਬਦ ਪ੍ਰਮਾਣ (verbal/canon's testimony):- ਮਨ,ਤੇ ਦਸੋ ਇੰਦ੍ਰੀਆਂ ਅਨੁਭਵ ਗਵਾਹੀ ਹੈ॥ ਇਹ ਪ੍ਰਮਾਣ ਸ਼੍ਰੀ ਗੁਰਬਾਣੀ ਸਭ ਤੋਂ ਜ਼ਰੂਰੀ ਹੈ, ਇਸ ਦੇ ਲਾਗੂ ਕਾਰਣ ਹੀ ਬ੍ਰਹਮ ਤਰਕ ਸਿੱਧ ਹੁੰਦਾ ਹੈ। (ਦੇਖੋ 10 ਅੰਕ: 3 ਸ਼ਕਤੀ, 3 ਲਖਣਾ ਵ੍ਰਿਤੀਆਂ ਪੰਨਾ.141)

7. ਅਰਥਾਪੱਤੀ ਪ੍ਰਮਾਣ (presumption):-ਮੋਟਾ ਬੰਦਾ ਕਹਿੰਦਾ ਹੈ, ਮੈਂ ਦਿਨੇ ਨਹੀਂ ਖਾਂਦਾ। ਪਰ ਮੋਟੇਪਨ ਤੋਂ ਅਨੁਮਾਨ ਹੈ ਰਾਤ ਨੂੰ ਵਧੀਕ ਖਾਂਦਾ ਹੈ, ਖਾਏ ਬਿਨਾ ਮੋਟਾ ਕਿਵੇਂ ਹੋ ਸਕਦਾ ਹੈ?

8. ਅਭਾਵ ਪ੍ਰਮਾਣ (non-existence, absence of...) ਸ਼੍ਰੀ ਗੁਰੁਬਾਣੀ ਪ੍ਰਮਾਣ ਬਹੁਤ ਹਨ:-ਦੀਵਾ ਬਲੈ, ਅੰਧੇਰਾ ਜਾਇ ... ਜਹ ਗਿਆਨ ਪ੍ਰਗਾਸੁ, ਅਗਿਆਨੁ ਮਿਟੰਤੁ॥ ਇਸ ਤਰ੍ਹਾਂ ਗਿਆਨ ਹੁੰਦੇ ਹੀ ਨਿਗਮ-ਆਗਮ ਤਰਕ ਨਿਕਲਿਆ ਤਤਕਾਲ ਸਿੱਧ ਸਿਧਾਂਤ ਅਗਿਆਨ ਸਦਾ ਲਈ ਮਿਟ ਜਾਂਦਾ ਹੈ॥ ਅਗਲੇ ਦੋ (2) ਪ੍ਰਮਾਣ ਖਟ ਦਰਸ਼ਨਾਂ ਇਲਾਵਾ, ਹੋਰ ਧਰਮ ਸ਼ਾਸਤ੍ਰਕਾਰ ਜੋੜਦੇ ਹਨ, ਜਥਾ:

9. ਸੰਭਵ ਪ੍ਰਮਾਣ (probability) ਜੈਨ ਧਰਮ ਸਿਜ਼ਾਦਵਾਦ: ਜੋ ਅਨੁਭਵ ਨਹੀਂ। ਜੋ ਕੇਵਲ ਸ਼ਾਸਤ੍ਰ ਕਹੇ: ਸੁਰਗ,ਨਰਕ, ਲੋਕ ਆਦਿਆਂ ਉੱਤੇ ਅੰਧਸ਼੍ਰਧਾ॥ ਜਿਵੇਂ ਪੁਰਾਣ, ਤੰਤ੍ਰ, ਇਤਿਹਾਸ ਲਿਖੇ ਵਾਕ: ਸੱਚ-ਝੂਠ ਮੰਨੇ ਜਾਣ? ਆਕੇ ਜਿਵੇਂ ਕੋਈ ਦੱਸੇ: ਮੈਂ ... ਮੁਲਕ 'ਚ ਜਾ ਕੇ ... ਦੇਖੇ; ਉਸ ਲਈ ਤਾਂ ਪ੍ਰਤੱਖ ਸਨ। ਪਰ ਸੁਣਨ ਵਾਲੇਆਂ ਲਈ, ਕੇਵਲ ਉਨ੍ਹਾਂ ਦੀ ਸ਼੍ਰਧਾ-ਅਸ਼੍ਰਧਾ ਉੱਤੇ ਮੁਨੱਸਰ ਹੈ, ਮੰਨਣ, ਨਾ ਮੰਨਣ॥

10. ਐਤਿਹੇਜ (**स्मृतिः पुराण, तंत्र शासत्र**) ਅਵਤਾਰ, ਪੈਗੰਬਰ, ਸ਼੍ਰੀ ਗੁਰੂ ਜਨਮ ਸਾਖੀਆਂ, ਪਰਥਾਇ ਸ਼ਬਦ, ਇਤਿਹਾਸ ਅੱਗੇ-ਪਿੱਛੇ ਚੱਲੀਆਂ ਰਹਿਤ ਰੀਤਾਂ ਮੰਨਣੀਆਂ, ਜਾਂ ਨਾ ਮੰਨਣੀਆਂ ਓਨ੍ਹਾਂ ਦੀ ਸ਼ਰਧਾ ਉਤੇ ਨਿਰਭਰ ਹੈ॥ ਸਾਰੇ ਵੇਦ-ਕਤੇਬ ਧਰਮ ਸ਼ਾਸਤ੍ਰ, ਇਤਿਹਾਸਿ ਗ੍ਰੰਥ ਮਤ ਮਤਾਂਤ੍ਰ ਬੀਜ(sum up) ਪ੍ਰਮਾਣ ਵਿਕਾਸ ਇਸ ਤਰਤੀਬ ਹੋਏ:-

ੳ. ਇੱਕ ਪ੍ਰਮਾਣ: ਪ੍ਰਤੱਖ ਅਨੀਸ਼੍ਵਰ ਨਾਸਤਿਕ ਚਾਰਵਾਕ(ਤੱਤ ਬਣਿਆ ਸੰਸਾਰ), ਤੇ ਭੌਤਕ ਵਾਦੀ ਕੱਚੇ ਤਰਕ ਹਨ ਤੇ ਪੂਰਵ ਮਿਮਾਂਸਿਕ ਈਸ਼੍ਵਰਵਾਦੀ ਕੇਵਲ ਇਕੋ ਦਿਵਜ (ਅਪੌਰਸ਼ੇਜ/ਅਲੌਕਿਕ) ਵੇਦ ਸ਼ਬਦ ਪ੍ਰਮਾਣ ਮੰਨਦਾ ਹੈ। ਕੁਛ ਕੱਚੇ ਪੂਰਵ ਮਿਮਾਂਸਕ ਇਸ ਨੂੰ ਅਨੀਸ਼੍ਵਰ ਵਾਦੀ ਮੰਨਦੇ ਹਨ, ਕਿ ਕੇਵਲ ਕਰਮ ਫਲ ਭੋਗ ਸੰਸਾਰ ਦਰਸ਼ਕ ਹੈ:

ਅ. ਬਾਹਲੇ ਈਸ਼੍ਵਰੀ ਵੇਦ ਅਨੁਜਾਈ ਮੰਨਦੇ ਹਨ॥

ੲ. ਦੋ ਪ੍ਰਮਾਣ: 1. ਪ੍ਰਤੱਖ ਤੇ 2. ਅਨੁਮਾਨ, ਵੈਸ਼ੇਸ਼ਿਕ ਦਰਸ਼ਨ ਤੇ ਬੋਧ ਦਰਸ਼ਨ ਦੋ ਪ੍ਰਮਾਣ ਮੰਨਦੇ ਹਨ॥

ਸ. ਤਿੰਨ ਪ੍ਰਮਾਣ: 1. ਪ੍ਰਤੱਖ, 2. ਅਨੁਮਾਨ ਤੇ 3. ਸ਼ਬਦ, ਤਿੰਨ ਪ੍ਰਮਾਣ ਸਾਂਖਜ ਦਰਸ਼ਨ ਮਨਦਾ ਹੈ॥

Sri Satguru Jagjit Singh Ji eLibrary NamdhariElibrary@gmail.com

ਸ. ਚਾਰ ਪ੍ਰਮਾਣ 1. ਪ੍ਰਤੱਖ, 2. ਅਨੁਮਾਨ, 3. ਉਪਮਾਨ ਤੇ 4. ਸ਼ਬਦ, ਚਾਰ ਪ੍ਰਮਾਣ ਨਜਾਯ ਦਰਸ਼ਨ ਮਨਦਾ ਹੈ॥

ਹ. ਉਪਰਲੇ ਚਾਰ ਪ੍ਰਮਾਣ ਸਮੇਤ ਪੰਜਵਾਂ ਅਰਥਾਪੱਤੀ ਪ੍ਰਮਾਣ ਪ੍ਰਭਾਕਰ ਮਨਦਾ ਹੈ॥

ਕ. ਛੇ ਪ੍ਰਮਾਣ ਇਹ ਪੰਜਾਂ ਨਾਲ ਅਭਾਵ ਪ੍ਰਮਾਣ ਮਿਲਾ ਬੋਧੀ ਭੱਟ, ਸਾਰੇ ਸ਼ੈਵ, ਵੈਸ਼ਣਵ ਵੇਦਾਂਤੀ ਤਾਂਤਰਿਕ ਛੇ ਪ੍ਰਮਾਣ ਮਨਦੇ ਹਨ॥ ਸਮਾਰਤ (ਸਿਮ੍ਰਿਤੀਕਾਰ), ਪੁਰਾਣ, ਤੰਤ੍ਰ ਤ੍ਰਿਕਾਂਤ ਸ਼ਾਸਤ੍ਰਕਾਰ ਸੰਭਵ ਤੇ ਅਤਿਹੇਯ ਮਿਲਾਕੇ ਅੱਠੋ ਪ੍ਰਮਾਨ ਤਰਕ ਗੋਸ਼ਟਿ ਮਨਦੇ ਹਨ॥

3. ਦੁਭਿਦਾ ਨਿਵਾਰਣ:-ਦੁਭਿਦਾ(ambivalence, doubt) ਤਿੰਨ ਪ੍ਰਕਾਰ ਹੈ:1.ਪ੍ਰਮਾਣ ਸੰਸ਼ੈ, 2.ਪ੍ਰਮੇ ਸੰਸ਼ੈ; 3.ਵਿਪਰਜੈ(ਵਿਪਰੀਤ ਭਾਵਨਾ) ਇਹ ਸਾਰੇ ਮੁਕਣ ਤੇ ਹੀ ਬ੍ਰਹਮ ਗਿਆਨ ਤੋਂ ਨਿਤ ਵਿਦੇਹ ਮੁਕਤੀ ਸੰਭਵ ਹੈ; ਜਿਸ ਕਾਰਣ ਸਭ ਤੋਂ ਉੱਤਮ ਮਹਿਮਾ ਗੁਰੁਬਾਣੀ 'ਚ ਹੈ:-

ਮ:1- ਜਿਨੀ ਨਾਮੁ ਵਿਸਾਰਿਆ:ਦੂਜੀ ਕਾਰੈ ਲਗਿ॥ ਦੁਬਿਧਾ ਲਾਗੇ ਪਚਿ ਮੁਏ,ਅੰਤਰਿ ਤ੍ਰਿਸਨਾ ਅਗਿ॥ ਗੁਰਿਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ॥

ਮ:5: ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ॥ ਇਸਹਿ ਮਾਰਿ ਰਾਜਜੋਗੁ ਕਮਾਵੈ॥

ਕਬੀਰ:-ਕਬੀਰ ਮਾਇ ਮੂੰਡਉ ਤਿਹ ਗੁਰੂਕੀ, ਜਾਤੇ ਭਰਮੁ ਨ ਜਾਇ ॥ ਆਪ ਡੂਬੇ ਚਹੁਬੇਦ ਮਹਿ, ਚੇਲੇ ਦੀਏ ਬਹਾਇ॥

ਮਨੁਖ ਤਿੰਨ ਦੋਖਾਂ ਕਾਰਣ ਅਗਿਆਨੀ ਜਨਮਦੇ ਨੇ: ਕੇਵਲ ਬ੍ਰਹਮ ਗਿਆਨ ਤੋਂ ਨਿਵ੍ਰਿਤੀ ਤੇ ਮੁਕਤੀ ਹੈ॥

ਮ:1:-ਕੇਤੇ ਗੁਰ ਚੇਲੇ ਫੁਨਿ ਹੂਆ॥ ਕਾਚੇ ਗੁਰਤੇ ਮੁਕਤਿ ਨ ਹੂਆ॥

ਜਨਮ ਤੋ ਮਨੁਖ ਮਾਤ੍ਰ ਦੇ ਮਨਾਂ 'ਚ ਮੁੱਖ ਤਿਨ ਸੰਸ਼ੈ ਦੋਖ ਹਨ। ਇਨ੍ਹਾਂ ਨੂੰ ਮੁਕਾਣ ਦੇ ਤਿਨ ਸਾਧਨ ਗੁਰੁਬਾਣੀ ਦੇ ਜ਼ੋਰਦਾਰ ਹਨ:-

ਸ਼੍ਰੀ ਜਪੁ ਨੀਸਾਣੁ: ਗਾਵੀਐ, ਸੁਣੀਐ, ਮਨਿ, ਰਖੀਐ ਭਾਉ॥ ਦੁਖੁ ਪਰਹਰਿ: ਸੁਖੁ ਘਰਿ ਲੈ ਜਾਇ

ਪੁਨ੍ਹੈ: ਸੁਣਿਆ,[ੳ]ਮੰਨਿਆ,[ਅ] ਮਨਿ ਕੀਤਾ ਭਾਉ[ੲ]॥ ਅੰਤਰ-ਗਤਿ ਤੀਰਥਿ,ਮਲਿ ਨਾਉ॥

ਇਹੀ ਤਿਨ ਸਾਧਨ ਤਪਾਂ(practices) ਨੂੰ ਚਾਰ ਚਾਰ ਪੌੜੀਆਂ ਬਾਰ ਬਾਰ ਤਿੰਨੋ ਵਿਸ਼ਿਆਂ ਅਨੁਸਾਰ ਅਰਥਵਾਦ ਦ੍ਰਿਸ਼ਟਾਂਤਾਂ ਰਾਹੀਂ ਪਉੜੀਆਂ 8 ਤੋਂ 19 ਤਕ ਮਹਿਮਾ ਦਸੀ ਹੈ॥ ਬਿਨਾਂ ਇਨ੍ਹਾਂ ਤਿਨ ਸਾਧਨਾ ਦੇ ਬ੍ਰਹਮ ਗਿਆਨ ਅਸੰਭਵ ਹੈ ਅਤੇ ਅਗਿਆਨ ਮੁਕਾਏ ਬਿਨਾ ਕਦੀ ਵੀ ਨਿੱਤ ਮੁਕਤੀ, ਨਿਰਵਾਣ ਪਦ ਪ੍ਰਾਪਤ ਹੀ ਨਹੀਂ ਹੋ ਸਕਦਾ; ਸੰਖੇਪ ਅਭਿਪ੍ਰਾਇ ਇਹ ਹੈ: ਹਰੇਕ ਮਨੁਖ ਜਨਮ ਤੋਂ ਤਿਨ ਦੋਸ਼ੀ ਹੈ ਤੇ ਤਿਨੋਂ ਕੇਵਲ ਗੁਰੁਗਮ ਟਕਸਾਲੀ ਬ੍ਰਹਮ ਗਿਆਨ-ਵਿਗਿਆਨ ਸ਼੍ਰੀ ਵਿਸ਼੍ਵਗੁਰੂ ਬਾਣੀ ਪੜ੍ਹਨ, ਸੁਨਣ ਅਤੇ ਕ੍ਰਮ ਪਰਿਭਾਸ਼ਾ ਅਨੁਸਾਰ ਸਮਝ ਕੇ, ਅਨੁਭਵ ਕਰਣ ਨਾਲ ਹੀ ਸਾਰੇ ਸੰਸ਼ੈ ਵਿਪਰਜੈ ਮੇਟਕੇ ਪੂਰਣ ਬ੍ਰਹਮ ਦਾ ਸਾਕਸ਼ਾਤ ਸੰਭਵ ਹੈ ਜਿਸ ਕਰਕੇ ਅਗਿਆਨ ਦੇ ਦੂਜਾ ਭਾਵ ਕਾਰਣ ਜਨਮ ਮਰਣ ਚਕ੍ਰ ਹੁੰਦਾ ਹੈ, ਸਦਾ ਲਈ ਮਿਟ ਜਾਂਦਾ ਹੈ॥ ਦੂਜਾ ਮੇਟੇ ਏਕੋ ਹੋਵੇ॥ ਇਸੇ ਕਾਰਣ ਸਭ ਤੋਂ ਪਹਿਲਾਂ ਦੂਜੇ ਭਾਉ ਕੀ ਹੈ,

103. ਪੁਨ੍ਹੈ. ੳ.ਪੰ. 19:9 । ਅ.ਪੰ.237: 19। ੲ.ਪੰ. 1369:19।

Sri Satguru Jagjit Singh Ji eLibrary NamdhariElibrary@gmail.com

ਬਹੁਤ ਜ਼ਰੂਰੀ ਹੈ ਜਿਸ ਦੀ ਸ਼੍ਰੀ ਗੁਰਬਾਣੀ ਪਰਿਭਾਸ਼ਾ ਜਾਨਣੀ ਬਹੁਤ ਹੀ ਲਾਜ਼ਮੀ ਹੈ॥ ਜੀਵ ਮਾਤ੍ਰ ਵਿੱਚੋਂ ਕੇਵਲ ਮਨੁਖ ਹੀ ਗਿਆਨਮੈ ਬੁਧੀ ਰਖਦਾ ਹੈ, ਇਸੇ ਕਾਰਣ ਇਸ ਦੀ ਮਹੱਤਾ ਬਾਰ ਬਾਰ ਕਹੀ ਹੈ:-

ਚੌਰਾਸੀਹ ਲੱਖ ਜੋਨ ਵਿਚ ਉਤਮ ਜਨਮ ਸੁ ਮਾਣਸ ਦੇਹੀ॥

ਇਹ ਇਕੋ ਜੀਵ ਰੂਪ ਮਨੁਖ ਜੋਨਿ ਆਪਣੇ ਗੁਣ-ਦੋਸ਼, ਉਲਟ-ਸੁਲਟ ਬਿਆਨ ਕਰ ਸਕਣ ਦੀ ਸਮਰਥਾ ਰਖਦਾ ਹੈ; ਅਤੇ ਬਿਆਨ ਕਰਦੇ ਵੇਲੇ ਤਿਨੋ ਦੋਸ਼ ਪ੍ਰਗਟ ਕਰਦਾ ਹੈ, ਸੋ ਓਹ ਦੋਸ਼ ਇਹ ਹਨ:-

1. ਪ੍ਰਮਾਣ ਸੰਸ਼ੈ (doubt in testament):- ਪੂਜ ਪੁਰਾਣੇ-ਨਵੇਂ ਸ਼੍ਰੀ ਗੁਰੁਬਾਣੀਸ਼ਾਸਤ੍ਰ ਅਤੇ ਭਾਰਤੀ-ਸਾਮੀ ਸਾਰੇ ਪੁਰਾਣੇ ਯੁਗਾਂਤ੍ਰ ਧਰਮ ਸ਼ਾਸਤ੍ਰ ਤੇ ਆਪਣੇ ਕਲਿਜੁਗੀ ਸਾਰੇ ਭਗਤੁ ਗਿਆਨੀ ਸ਼ਾਸਤ੍ਰਕਾਰ ਭਗਤਾਂ ਦੀਆਂ ਬਾਣੀਆਂ ਵਿੱਚ ਕਿਸੇ ਦਾ ਵੀ ਸੰਸ਼ੈ (ਸ਼ਕ ਸ਼ੁਭਾ) ਹੋਵੇ: ਓਨ੍ਹਾਂ ਦੇ ਬਚਨ ਸੱਚ ਹਨ, ਕਿ ਨਹੀਂ?ਸੋ,ਉਨ੍ਹਾਂ ਦੀ ਗ੍ਰਾਹੀ ਤੇ ਸ਼ੱਕ ਕਰਨਾ ਹੀ ਪ੍ਰਮਾਣਗਤ ਸੰਸ਼ੈ ਹੈ॥ਐਸੇ ਸ਼ੱਕ ਹਟੌਣ, ਤੇ ਮਿਟੌਣ ਲਈ ਮੁੱਖ ਇਕੋ ਇਕ ਸਾਧਨ ਹੈ; ਸਭ ਤੋਂ ਪਹਿਲਾਂ ਓਸੇ ਦੇ ਸ਼ਬਦ,ਵਾਕ ਪ੍ਰਮਾਣ (ਸ਼ਹਾਦਤ) ਹੀ ਆਦਿ ਤੋਂ ਅੰਤ ਤਕ ਪੂਰੇ ਸੁਣਨੇ ਜ਼ਰੂਰੀ ਹਨ, ਕਿ ਕੋਈ ਧੋਖਾ ਨਾ ਰਹਿ ਜਾਇ, ਮਸਲਿਨ: ਕਿਸੇ ਦੋਸ਼ੀ ਨੂੰ ਰਾਜ ਕਰਮਚਾਰੀ(ਜਾਂ ਮੁਕੱਦਮਾ ਕਰਤਾ) ਕਚੈਹਿਰੀ ਵਿੱਚ ਨਿਆਇਆਧੀਸ਼ (ਜੱਜ) ਸਾਹਮਣੇ ਪੇਸ਼ ਹੋ ਕੇ ਪ੍ਰਮਾਣ(ਕੇਸ) ਪੇਸ਼ ਕੀਤੇ॥ ਜੱਜ ਸਭ ਤੋਂ ਪਹਿਲਾਂ ਦੋਸ਼ੀ ਦੇ ਸਾਰੇ ਪ੍ਰਮਾਣ ਸਾਵਧਾਨੀ ਨਾਲ, ਕਾਨੂਨ ਅਧਾਰ ਸੁਣਦਾ ਹੈ॥ਏਹ ਸਾਧਨ ਸ਼੍ਰੀ ਗੁਰੁਬਾਣੀ ਵਿੱਸਾਧਨ "ਸੁਣਿਐ" ਦਸਿਆ ਹੈ, ਤੇ (ਪੁਰਾਣੇ ਵੇਦ) ਸ਼ਾਸਤ੍ਰ ਵਿਧਾਨ 'ਚ ਸ਼੍ਰਵਣ ਸੁਣਾਈ, ਸ਼ਬਦ (verbal) ਪ੍ਰਮਾਣ (testimony) ਆਮ ਕਚੈਹਿਰੀ ਬੋਲੀ 'ਚ ਵੀ ਕਹਾਂਦਾ ਹੈ॥

2. ਪ੍ਰਮੇਜ ਸੰਸ਼ੈ : (doubt in testament's means of proofs):- ਪਹਿਲਾਂ ਪੇਸ਼ ਹੋਏ ਪ੍ਰਮਾਣ (ਸ਼ਹਾਦਤਾਂ) ਜੋ ਜੱਜ ਨੇ ਸੁਣੇ, ਕੀ ਉਸ ਦਾ ਠੀਕ-ਗਲਤ ਨਿਸਚੈ ਹੋਇਆ? ਜੱਜ ਨੇ ਅਪਣੀਆਂ ਮਨ-ਇੰਦਰੀਆਂ ਦੀ ਗਵਾਹੀ, ਅਤੇ ਸਇੰਸ ਜੰਤ੍ਰ ਮਾਪਾਂ ਰਾਹੀਂ ਖੋਜ (ਤਫਤੀਸ਼) ਦੇ ਸਾਰੇ ਸਾਧਨ ਸਾਵਧਾਨੀ ਨਾਲ ਵਰਤੇ ਹਨ॥ ਇਸ ਤਰ੍ਹਾਂ ਮਨ ਦੇ ਵਿਸ਼ਲੇਸ਼ਨ ਨੂੰ ਮਨੈ(ਮਨਨ) ਡੂੰਘੀ ਸੋਚ ਦੀ ਪਰਿਭਾਸ਼ਾ ਹੈ ਜੋ ਦੂਜੇ ਦੋਸ਼ਾਂ ਨੂੰ ਵਿਧੀ-ਨਿਖੇਧ ਸਾਧਨਾਂ ਰਾਹੀਂ ਸੋਧਣ ਦਾ ਪ੍ਰਮਾਣ ਹੈ, ਸ਼੍ਰੀਗੁਰੁਵਾਕ ਚੰਦਨ ਅਗਰ ਕਪੂਰ ਲੇਪਨ: ਤਿਸੁ ਸੰਗੇ ਨਹੀ ਪ੍ਰੀਤਿ॥ ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ, ਮਨਿਨ ਮਨੀ ਬਿਪਰੀਤਿ॥ ਅੰਤ ਵਿੱਚ,

3. ਓ. ਵਿਪਰਜੈ (ਉਲਟਾ) ਦੋਸ਼ ਹੈ:(contrary to facts testament test):- ਦੋ ਸਾਧ ਸੁਣੀਐ, ਮੰਨੀਐ ਪੂਰੇ ਹੋਣੇ ਪਿੱਛੋਂ, ਫੇਰ ਪੂਰੇ ਅੰਤਮ ਪਹੁੰਚਿਆ ਨਤੀਜਾ ਠੀਕ ਹੈ, ਜਾਂ ਗਲਤ? ਇਹ ਵੀ ਵਿਚਾਰਨਾ ਜ਼ਰੂਰੀ ਹੈ॥ਇਨ੍ਹਾਂ ਦੀ ਸੋਧਨ ਵਿਧੀ ਇਹ ਹੈ: ਪਹਿਲਾਂ ਜੋ ਦੋਨੋ ਸੰਸ਼ਿਆਂ ਦੀ ਸਿਧੀ ਸ਼੍ਰਵਣ, ਮਨਨ ਕ੍ਰਿਯਾ ਵਰਤੀਆਂ, ਹੁਣ ਉਨ੍ਹਾਂ ਦੀ ਉਲਟੀ ਪ੍ਰਕਿਰਿਆ ਰਾਹੀਂ ਦੋਨੋਆਂ ਦੇ ਨਤੀਜੇ ਠੀਕ-ਗਲਤ ਸਿੱਧ ਹੋ ਸਕਦੇ ਹਨ॥ ਇਸੇ ਲਈ ਤੀਜੇ ਸਾਧਨ ਦੀ ਪਰਿਭਾਖਾ ਵਿੱਧੀ ਦਾ ਨਾਮ "ਰਖੀਐ ਭਾਉ/ਮਨਿ ਕੀਤਾ ਭਾਉ", ਜਿਸ ਦਾ ਪਰਿਭਾਸ਼ਿਕ ਅਰਥ ਉਲਟੀ(ਵਿਪਰਜੈ/ਵਿਪਰੀਤ) ਭਾਵਨਾ ਹੈ॥

Sri Satguru Jagjit Singh Ji eLibrary NamdhariElibrary@gmail.com

ਅਰਥਾਤ; ਮਨੁਖਾਂ ਦੇ, ਜਾਂ ਸ਼ਾਸ਼ਤ੍ਰਾਂ ਦੇ ਸ਼ਬਦ ਪ੍ਰਮਾਣ(ਗਵਾਹੀਆਂ) ਜਾਂਚਣ ਲਈ ਜੋ ਸਾਰੇ ਕ੍ਰਿਆ ਸਾਧਨ ਬਰਤ ਚੁਕੇ ਸਨ, ਕੇਵਲ ਉਨ੍ਹਾਂ ਦੇ ਉਲਟ ਰੂਪ ਸਾਧਨ ਕਰਣ ਨਾਲ ਸਹੀ-ਗਲਤ ਅਰਥਾਂ ਦਾ ਹੀ ਪਤਾ ਚੱਲ ਸਕਦਾ ਹੈ, ਮਸਲਨ:-

1. ਗਿਣਤੀ ਦੇ ਅੰਕ ਵਿਦਿਆ 'ਚ ਜੋੜ(addition), ਮਨਫੀ (subtraction) ਰਾਹੀਂ ਠੀਕ ਨਤੀਜਾ ਸਿੱਧ ਹੁੰਦਾ ਹੈ ਤੇ 2. ਗੁਣਾ(multiplication) ਦੇ ਉਲਟ: ਭਾਗ (division) ਰਾਹੀਂ ਸਹੀ ਨਤੀਜਾ ਸਿੱਧ ਹੁੰਦਾ ਹੈ॥ ਐਸੇ ਉਲਟੇ-ਸੁਲਟੇ ਵਿਚਾਰ ਸਹੀ ਨਤੀਜੇ ਤੇ ਪਹੁੰਚਾਂਦੇ ਹਨ, ਮਨ ਕੀਤਾ ਭਾਉ(ਨਿਧਿਧਯਾਸਨ:ਸਾਮ ਵੇਦੀ ਛਾਦੋਗਯ)[ਸ.104] ਪ੍ਰਮਾਣ ਹੈ॥

3. ਅ. ਵਿਪਰਜੈ ਦੋਸ਼: ਸ਼੍ਰੀ ਗੁਰਬਾਣੀ, ਪੁਰਾਣ ਵੇਦ-ਕਦੇਬ ਸ਼ਾਸਤ੍ਰਾਂ ਵਿੱਚ ਮੁੱਖ ਸੰਸਾਰ ਬਾਰੇ ਭਾਰੀ ਸੱਮਸਿਆ ਹੈ: ਸੰਸਾਰ ਸਚਾ ਪ੍ਰਤੀਤ ਹੁੰਦਾ ਹੈ ਪਰ ਸ਼ਾਸਤ੍ਰ ਕਹਿੰਦੇ ਹਨ, ਇਹ ਸੰਸਾਰ ਦੀ ਹੋਂਦ ਸਚੀ ਹੈ ਕਿ ਝੂਠੀ? ਸਾਰੇ ਪੁਰਾਣੇ-ਨਵੇਂ ਧਰਮ ਗ੍ਰੰਥਾਂ ਦਾ ਅਨੁਭਵ ਹੈ ਕਿ ਸੰਸਾਰ ਤਿਨੋ ਕਾਲ ਅਨਿਤ ਹੋਣ ਕਰਕੇ ਝੂਠਾ ਹੈ, ਸੱਚਾ ਨਹੀਂ॥ ਅਤੇ ਇਹ ਅਨੁਭਵ (universal experience) ਤੱਥ ਨਿਗਮ ਆਗਮ ਤਰਕ ਦੋਨਾਂ ਰਾਹੀਂ ਸ਼ਾਸਤ੍ਰਾਂ ਨੇ ਝੂਠ ਸਿੱਧ ਕੀਤੇ ਹਨ॥ ਏਹੀ ਤਿਨੋਂ ਸਭ ਤੋਂ ਪੁਰਾਣੇ ਪ੍ਰਮਾਣ ਵੇਦ-ਕਤੇਬ ਤੌਰੇਤ ਕਾਲ ਧਰਮ ਸ਼ਾਸਤ੍ਰਾਂ ਦੇ ਕਰਮ ਕਾਂਡ(dogma/law) ਸਾਰੇ ਮਨੁਖਾਂ ਲਈ ਦੇਸ, ਕਾਲ ਵਿਵਹਾਰ ਢਕਨ ਦੇ ਆਧਾਰ ਨਿਜਿਤ ਕੀਤੇ ਸਨ ਪਰ ਸਾਰੇ ਧਰਮ ਸ਼ਾਸਤ੍ਰਾਂ ਦਾ ਅੰਤਲਾ ਲਕਸ਼ ਨਹੀਂ ਕਿਹਾ ਬਲਕਿ ਅੰਤਮ ਲਕਸ਼ ਕੇਵਲ ਵਾਹਿਗੁਰੂ ਦੀ ਪ੍ਰਾਪਤੀ ਜੋ ੧ਓ ਸਰੂਪ ਗਿਆਨ ਲਈ ਅਧਿਆਤਮ ਬ੍ਰਹਮ ਵਿਦਿਆ ਦਾ ਕੇਵਲ '1' ਦਾ ਬ੍ਰਹਮ ਗਿਆਨ-ਵਿਗਿਆਨ ਦਾ ਵਿਕਾਸ (ਬੀਜ, ਫੁਲ, ਫਲ) ਤਰਕਾਧਾਰ ਕਰਮ, ਭਗਤੀ, ਗਿਆਨ ਸ਼ਾਸਤ੍ਰ ਸਿੱਖਣ ਸਿਖੌਣ ਆਧਾਰ ਲਕਸ਼ ਹੈ: ਇਹ ਸ਼੍ਰੀ ਗੁਰੁਬਾਣੀ 'ਚ ਸ਼ਿਕਾਰ ਦ੍ਰਿਸ਼ਟਾਂਤ ਰਾਹੀਂ ਸਮਝਾਇਆ ਹੈ:- ਸੰਤ ਸੰਗਿ ਲੇ ਚੜਿਓ ਸਿਕਾਰ॥ ਮ੍ਰਿਗ ਪਕਰੇ ..॥ ਰਹਾਉ॥ ...ਅਹੇਰਾ ਪਾਇਓ ਘਰਕੈ ਗਾਂਇ॥ ਹ. 105

4. ਵਾਰਤਿਕ :- ਇਹ ਰੂੜੀ: ਸੰਸਕ੍ਰਿਤ ਸ਼ਬਦ ਹੈ, ਅਰਥ ਗੋਸ਼ਟ, ਚਰਚਾ, ਗਲ ਬਾਤ ਦੇ ਨਤੀਜੇ ਤੇ ਪਹੁੰਚਨਾ ਹੈ, ਜਾਂ ਸਾਫ ਸੰਦੇਸ਼ ਪਹੁੰਚਾਣਾ ਹੈ। ਇਸ ਦੇ ਕੋਈ ਖਾਸ ਨੇਮ ਨਹੀਂ ਜਿਵੇਂ ਭਾਸ਼ਾ ਦੇ ਹੁੰਦੇ ਹਨ॥ ਇਹ ਬੋਲਣ, ਲਿਖਣ 'ਚ ਗੱਦ ਸ਼ੈਲੀ ਦੇ ਸਿਧੇ ਅਰਥ ਡੂੰਘਾਈ 'ਚ ਪਹੁੰਚ ਵਕਤਾ, ਲੇਖਕ ਜੋ ਕਹੇ ਤਾਤਪਰਜ ਦਿਖਾਂਦੇ ਹਨ॥

5. ਅਨੁਵਾਦ:-:- ਕੋਈ ਵਾਕ, ਲੰਮੀ ਪੰਗਤੀ, ਜਾਂ ਗ੍ਰੰਥ ਦੀ ਸਿਧੀ ਵਾਰਤਿਕ ਬੋਲੀ ਦੇ ਅਰਥ ਕਰਣੇ ਹਨ ਜਾਂ ਕਿਸੇ ਹੋਰ

---

104. ਰਿਗ ਵੇਦੀ ਵ੍ਰਿਹਦਾਰਣਜਕ ਉਪਨਿਸ਼ਦ: 4।5।6 "....आत्मा वा अरे द्रष्टव्यः श्रोतोव्य[3] मन्तीयो[4] निदिध्यासि[5]तऽयासितीयो....."॥६॥" ਸ਼੍ਰੀਗੁਗ੍ਰੰਜੀ.ਓ.ਪੰ.932:11।ਅ.ਪੰ.1018:2-3।ਦ.ਸ਼੍ਰੀ ਜਪੁ ਨੀਸਾਣੁ ਪੰਨੇ. 2,8; 9:4:4;635:10; 831:17; 1091:6। ਪੰ.251:4; 255:4; 506:11; 548:19-; 678:13; 732:6;803:13-14;958:3-4; ਸ.ਭਾ.ਗੁਰਦਾਸ.ਵਾਰ.1।3।1॥ ਭਗਵਦ ਗੀਤਾ:7:16 17-18॥ ਹ.ਪੰ.943:6॥

105. ਪੁਨ੍ਹੈ. ਓ.ਪੰ.251:5; 255:4; 506:11; 548:19;.../ਗੀਤਾ (ਯੋਗੀ ਯੁੰਜੀਤ): 6:10.15; 2:7...॥ ਅ. ਟਿੱਪਣੀ 140= ਰਿਗਵੇਦੀ ਵ੍ਰਿਹਦ ਆਰਣਜਕ ਉਪਨਿਸ਼ਦ:4।5।6॥। ਦ.ਪੰ.ਪੁਨ੍ਹੈ । ਸ.ਪੰ. ਪੁਨ੍ਹੈ । ਹ.ਪੰ.1136:15,16॥

Sri Satguru Jagjit Singh Ji eLibrary NamdhariElibrary@gmail.com

ਬੋਲੀ 'ਚ ਤਤਸਮ ਕਰਣ ਦੀ ਮੇਹਨਤ ਕਰਣੀ ਹੈ, ਜੋ ਤਿੰਨ ਤਰ੍ਹਾਂ ਦੀ ਹੈ:-

1. ਤਤਸਮ ਬੋਲੀ ਅਨੁਵਾਦ
2. ਉਸੀ ਬੋਲੀ 'ਚ ਅਨੁਵਾਦ
3. ਸੁਤੰਤ੍ਰ ਅਨੁਵਾਦ

6. ਟੀਕਾ:- ਮੂਲ ਗ੍ਰੰਥ ਦੇ ਰੋਚਕਾਂ ਲਈ ਅਰਥ ਤੇ ਟੀਕਾਕਾਰ ਦੀ ਰਾਇ ਟਿੱਪਣੀਆਂ 'ਚ॥
7. ਟਿੱਪਣੀ: ਗ੍ਰੰਥ'ਚ ਟੂਕਾਂ, ਜਾਂ ਟੀਕਾ ਦੀ ਟਿੱਪਣੀ ਟੂਕਾਂ ਵਿਸ਼ੇ, ਵਾਕਾਂ ਦੇ ਵੇਰਵੇ ਹਨ॥ ਵਿਆਖਿਆ ਲਕਸ਼ਣ ਸਮਾਪਤ॥

ਸ਼੍ਰੀ ਗੁਰੁਬਾਣੀ ਕਹੇ ਦੂਜੇ ਭਾਉ ਦਾ ਪਰਿਭਾਸ਼ਕ ਅਰਥ ਜਾਨਣਾ ਬਹੁਤ ਜ਼ਰੂਰੀ

ਅਗਲਾ ਬਹੁਤ ਜ਼ਰੂਰੀ ਵਿਸ਼ੈ ਕਾਰਣ ਇਸਦਾ ਬਹੁਤ ਵਿਸਤ੍ਰਿਤ ਬਿਆਨ ਹੋਵੇਗਾ; ਏਥੇ ਇਤਨਾ ਜਾਣਨਾ ਹੀ ਅਤਿ ਜ਼ਰੂਰੀ ਹੈ:- ਸੰਸਾਰ ਭਰ 'ਚ ਦੇਸ਼, ਕਰਮ ਕਾਰਣ ਭੇਦੇ ਤੇ ਛੇਦੇ ਕਰਣ ਦੇ ਕਾਰਜ ਸਾਰੇ ਹੀ ਨਾਸ਼ ਕਰਣ ਦੇ ਕਾਰਣ ਹੁੰਦੇ ਹਨ, ਭਾਵ ਇਹ ਹੈ :-

1. ਜੋ ਵਸਤੂ (ਸੂਖਮ: ਅਕਾਸ਼ਾਦਿ, ਅਸਥੂਲ: ਪਹਾੜ, ਸੋਨਾ ਧਾਤ) ਕੋਈ ਭਿੰਨਤਾ ਕਾਰਣ ਭਿੰਨ ਹੈ, ਓਹ ਨਾਸ਼ਵਾਨ ਹੈ ।
2. ਜੋ ਦੇਸ਼ ਕਰਕੇ (ਸੂਖਮ: ਅਕਾਸ਼ ਤੱਤਾਦਿ, ਅਸਥੂਲ: ਮਕਾਨ, ਜ਼ੇਵਰ ਧਾਤ) ਕੋਈ ਭਿੰਨਤਾ ਕਾਰਣ ਭਿੰਨ ਹੈ- ਓਹ ਨਾਸ਼ਵਾਨ ਹੈ ।
3. ਜੋ ਤ੍ਰਿਕਾਲ ਕਰਕੇ (ਸੂਖਮ: ਤੱਤਾਦਿ, ਅਸਥੂਲ: ਆਦਮੀ, ਡੰਗਰ, ਧਾਤ) ਕੋਈ ਭਿੰਨਤਾ ਕਾਰਣ ਭਿੰਨ ਹੈ ਓਹ ਨਾਸ਼ਵਾਨ ਹੈ ।
4. ਜੋ ਕਰਮ/ਕ੍ਰਿਯਾ ਕਰਕੇ (ਸੂਖਮ: ਮਾਨਸਿਕ, ਅਸਥੂਲ: ਸਰੀਰਕ ਕਰਮ) ਭਿੰਨਤਾ ਕਾਰਣ ਭਿੰਨਤਾ ਹੈ, ਨਾਸ਼ਵਾਨ ਹੈ ।

ਪਰ ਇਸ ਤੋਂ ਸਿਧਾਂਤ ਇਹ ਨਿਕਲਦਾ ਹੈ ਜੋ ਭੀ ਵਸਤੂ ਇਕ ਹੋਣ ਤੇ ਜ਼ਿਆਦਾ ਨਾ ਹੋ ਸਕੇ; ਭਾਵ, ਦੇਸ਼, ਕਾਲ, ਵਸਤੂ, ਕਰਮ ਕਰਕੇ ਨਾ ਭੇਦੇ(ਕੱਟੇ), ਨਾ ਛੇਦੇ ਜਾਣ, ਓਹੀ ਸ਼੍ਰੀ ਗੁਰੁਬਾਣੀ ਸਿਖਿਆ ਅਨੁਸਾਰ ੧ਓ ਦਾ '1' ਅਸਲ ਲਕਸ਼ਣ ਹੈ॥ ਇਸ '1' ਸਿਧਾਂਤ ਦੀ ਸਮਝ ਸਾਰੇਆਂ ਲਈ ਜਰੂਰੀ ਹੈ, ਅਤੇ ਖਾਸ ਕਰ ਸਾਰੇ ਗੁਰੁਸਿੱਖ ਸਮਝਣ, ਕਿ '1' ਹੋਂਦ (Being) ਯਥਾਰਥ(ਸੱਚੀ) ਅਤੇ ਅਯਥਾਰਥ (ਝੂਠੀ) ਦੋਨੋਂ ਪਹਿਲੂ ਪ੍ਰਤੀਤੀ ਹੁੰਦੇ ਹਨ ਤੇ ਅਭਾਸ ਤ੍ਰੈ-ਵਾਦ, ਜਾਂ ਅਜਾਤ ਤ੍ਰੈ-ਵਾਦ ਆਦਿ ਰਾਹੀਂ ਸ਼੍ਰੀ ਗੁਰੁਬਾਣੀ ਸਿੱਧਾਂਤ ਸਿੱਖਿਆ ਦਿੰਦੀ ਹੈ, ਜਿਵੇਂ

1. ਆਭਾਸ ਤ੍ਰੈ ਵਾਦ:-ਸੁਪਨੇ ਦਾ ਦ੍ਰਸ਼ਟਾ ਮਨ ਯਥਾਰਥ ਹੈ ਪਰ ਦੇਖਿਆ ਸੁਪਨਾ ਅਨਿੱਤ: ਅਯਥਾਰਥ:ਝੂਠਾ ਹੈ ਅਗੇ ਵਿਸਤਾਰ:-
2. ਅਜਾਤ ਤ੍ਰੈ(ਵਿਵਰਤ)ਵਾਦ ਦ੍ਰਿਸ਼ਟਾਂਤ "ਸੋਨਾਧਾਤੁ" ਯਥਾਰਥ ਹੈ: "ਕੰਠੇ, ਕੜੇ, ਪੰਜੇਬ" ਜ਼ੇਵਰ ਰੂਪ, ਨਾਮ, ਅਨਿੱਤ ਅਯਥਾਰਥ:ਝੂਠੇ ਨੇ ਅਗੇ ਤਰਕ, ਬਾਲ ਦੀ ਖੱਲ ਉਤਾਰਣ ਦੇ ਰੂਪ, ਦਿਖਾਏ ਜਾਣਗੇ॥ ਏਥੇ ਪਹਿਲਾਂ ਇੱਕ ਅਤੇ ਦੋ,ਜਾਂ ਬਹੁਤੇ ਸਿੱਧਾਂਤ ਸਮਝਣੇ ਜ਼ਰੂਰੀ ਹਨ॥

'1' ਏਕਾ ਭਾਉ ਦੂਜਾ ਭਾਉ (ਦ੍ਵੈਤ ਵਾਦ) ਦੀ ਪਰਿਭਾਖਾ

ਆਮ ਪ੍ਰਸ਼ਨ ਹੈ, ਕੀ ੧ਓ ਸੋਤਿਨਾਮੁਕਰਤਾਪੁਰਖੁ...ਵਿਸ਼ੂਕਰਤਾ ਬ੍ਰਹਮ ਇਕ -ਏਕਾ ਭਾਉ ਹੈ? ਜੇ ਨਹੀਂ ਤਾਂ ਜੇ, ਬਹੁਤ ਅੱਡ ਅੱਡ ਕਾਰਣ ਅਤੇ ਅੱਡ ਕਾਰਜ ਹਨ ਤਾਂ:-

Sri Satguru Jagjit Singh Ji eLibrary NamdhariElibrary@gmail.com

1. ਪਹਿਲਾਂ, ਉਸ ਲਖਣ ਨੂੰ ਸ਼ਸਤ੍ਰਾਂ 'ਚ ਦੂਜੇ ਭਾਉ ਲੱਖਨ ਕਿਹਾ ਹੈ ॥

2. ਦੂਜਾ, ਸੰਸਾਰ ਦੇ ਕਰਤਾ ਕਈ ਹਨ, ਇਹ ਵੀ ਦੂਜਾ ਭਾਉ ਦਾ ਲਖਨ ਹੈ, ਜਿਵੇਂ: ਵਿਸ਼ੂ ਸੰਸਾਰ ਦੇ ਭਿੰਨ ਭਿੰਨ ਕਰਤਾ-ਪਨ ਲਈ ਇਹ ਵਸਤੂਆਂ ਹੋਣੀਆਂ ਜ਼ਰੂਰੀ ਹਨ:-

1. ਉਪਾਦਾਨ/ਸੰਵਾਈ ਕਾਰਣ: ਜਿਵੇਂ ਗਿਆਨ, ਕ੍ਰਿਯਾ ਸਕਤੀ ਬਿਨਾ ਵਸਤੂ: ਜੜ ਜ਼ੇਵਰ ਬਣਾਨ ਲਈ ਸੋਨਾ ਹੈ, ਜਿਸ ਬਿਨਾ ਜ਼ੇਵਰ ਨਹੀਂ ਹੈ॥

2. ਨਿਮਿਤ ਕਾਰਣ: ਜਿਵੇ ਅੱਗ, ਧੌਂਕਣੀ, ਕੁਠਾਲੀ ਆਦਿ ਜੜ ਜ਼ੇਵਰ ਬਣੌਨ ਲਈ ਅਨੇਕ ਜੰਤ੍ਰ ਬਹੁਤ ਜ਼ਰੂਰੀ ਹਨ, ਇਸੇ ਤਰ੍ਹਾਂ;

3. ਸ਼ਕਤੀ ਕਾਰਣ(ਚੇਤਨ ਸੁਨਾਰ), ਵਿਸ਼ੂਕਰਮਾ, ਪੂਰਾ ਸੰਸਾਰ ਵਸਤੂ ਬਿਨਾ ਕਦੀ ਵਿਸ਼ੂ ਦਾ ਹੋਣਾ ਅਸੰਭਵ ਹੈ॥ ਇਹ 3/5 ਦ੍ਵੈਤ/ਭੇਦ ਵਾਦੀ ਕਾਰਣ ਗਿਣਦੇ ਹਨ, ਜਿਨਾ ਬਿਨਾ ਕੋਈ ਸੰਸਾਰ/ਵਸਤੁ ਨਹੀਂ ਬਣਦੀ॥ ਇਹ ਦੂਜੇ ਭਾਇ(ਦ੍ਵੈਤ ਵਾਦ) ਦੀ ਪਹਿਲੀ ਮਾਨਤਾ ਹੈ॥

2. ਹੋਰ ਦੂਜਾ: ਦੂਜਾ ਭਾਉ ਲੱਖਨ ਹੈ, ਇਨ੍ਹਾਂ 3/5 ਕਰਣਾ ਕਰਕੇ "ਅਨਾਦੀ-ਅਨੰਤ" ਸਤਜ(ਸਤਿ) ਘਟੋ ਘਟ ਦੋ, ਨਹੀਂ ਤਾਂ ਬਹੁਤੇ ਹਨ ॥

ਪਰ, ਸਾਰੀਆਂ ਇਨ੍ਹਾਂ ਗਲਾਂ ਤੋ ਉਲਟ '1' ਏਕਤ੍ਵ ਤਰਕ ਸਿੱਧ ਸ਼੍ਰੀ ਗੁਰੁਬਾਣੀ "ੴ ਬ੍ਰੇਹਮ ਕਰਤਾ" ਅਨੁਸਾਰ ਇਸ ਤਰ੍ਹਾਂ ਹੈ:-

ਮ:5-ਸਲੋਕੁ॥ ਕਰਣ ਕਾਰਣ ਪ੍ਰਭੁ ਏਕੁਹੈ ਦੂਸਰ ਨਾਹੀ ਕੋਇ॥ ਨਾਨਕ ਤਿਸੁ ਬਲਿਹਾਰਣੈ, ਜਲਿ ਥਲਿ ਮਹੀਅਲਿ ਸੋਇ" ਮ:5...ਬਿਖਯੰਤ ਜੀਵੰ ਵਸ੍ਯੰ ਕਰੋਤਿ ਨਿਰਤ੍ਯੰ ਕਰੋਤਿ ਜਥਾ ਮਰਕਟਹ...॥ 47"'ਸ.106

ਇਕੋ ਮੱਕੜੀ(ਮਰਕਟ) ਆਪਣੇ ਬੁਣੇ ਜਾਲ ਦਾ ਇਕੋ ਅਭਿੰਨ ਨਿਮਿਤ, ਉਪਾਦਾਨ, ਸ਼ਕਤੀ(ਤਿੰਨੋ) ਕਾਰਣ ਵਿਸਤਾਰ ਨਾਲ ਗੁਰੁਬਾਣੀ 'ਚ ਹੈ ॥

ਜਨਮ ਤੋਂ ਸਾਰੇ ਜੀਵ ਦੂਜੇ ਭਾਉ ਕਾਰਣ ਭਰਮ-ਗਿਆਨੀ ਜਨਮ ਦੇ ਹਨ॥ ਜਨਮ ਤੋਂ ਦੂਜੇ ਭਾਉ ਅਗਿਆਨ ਦਾ ਸਰੇ ਜੀਵਾਂ ਬਾਰੇ ਸ਼੍ਰੀ ਗੁਰੁਬਾਣੀ ਪ੍ਰਮਾਣ :-

ਮ:3:- ਇਹੁ ਜਗੁ ਜਨਮਿਆ ਦੂਜੈ ਭਾਇ॥ ਮਨਮੁਖਿ ਨ ਚੇਤੈ ਆਵੈ ਜਾਇ

ਮ:3:- ਧਰਮ ਰਾਇ ਨੋ ਹੁਕਮੁਹੈ, ਬਹਿ ਸਚਾ ਧਰਮੁ ਬੀਚਾਰਿ॥ ਦੂਜੈ-ਭਾਇ ਦੁਸਟੁ ਆਤਮਾ, ਓਹੁ ਤੇਰੀ ਸਰਕਾਰ॥ ਅਧਿਆਤਮੀ, ਹਰਿ ਗੁਣ ਤਾਸੁ, ਮਨਿ ਜਪਹਿ ਏਕੁ ਮੁਰਾਰਿ॥ ਤਿਨਕੀ ਸੇਵਾ ਧਰਮ ਰਾਇ ਕਰੈ, ਧੰਨੁ ਸਵਾਰਣਹਾਰੁ"

ਮ:3:-ਤ੍ਰੈ-ਗੁਣ ਸਭਾ ਧਾਤੁਹੈ, ਦੂਜਾ ਭਾਉ ਵਿਕਾਰੁ॥ ਪੰਡਿਤੁ ਪੜੈ,ਬੰਧਨ ਮੋਹ ਬਾਧਾ:ਨਹ ਬੂਝੈ: ਬਿਖਿਆ ਪਿਆਰਿ॥ ਸਤਗੁਰਿ ਮਿਲਿਐ, ਤ੍ਰਿਕੁਟੀ ਛੂਟੈ: ਚਉਥੈ ਪਦਿ ਮੁਕਤਿ ਦੁਆਰੁ

ਕਬੀਰ:-ਪਰਿਓ ਕਾਲੁ ਸਭੈ ਜਗ-ਊਪਰਮਾਹਿ ਲਿਖੇ ਕ੍ਰਮਗਿਆਨੀ॥ ਕਹੁ ਕਬੀਰ ਜਨ ਭਏ ਖਾਲਸੇ, ਪ੍ਰੇਮ-ਭਗਤਿ ਜਿਹ ਜਾਨੀ"ਸ.107

ਸ਼੍ਰੀ ਗੁਰੁਬਾਣੀ ੴ ਦੇ '1' ਸਿੱਧਾਂਤ ਅਨੁਸਾਰ ਅਭੇਦ-ਅਛੇਦ ਹੋਣ ਦੇ ਪ੍ਰਮਾਣ:-

ਮ:1:-ਬੇਦ ਕਤੇਬੀ ਭੇਦੁ ਨ ਜਾਤਾ ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥ ਸਗਲੇ

106. ਪੁਨ੍ਹ.ਓ.ਪੰ.18:8; 615:3 । ਅ.ਪੰ. 672:1;736:11।ਏ.ਪੰ.276:18। ਸ.ਪੰ.1358:6 ॥ਆਦਿ ॥
107. ਪੁਨ੍ਹ.ਓ.ਪੰ.654:18। ਅ.ਪੰ.161:4। ਏ.ਪੰ.38:17। ਸ.ਪੰ.33:10॥

Sri Satguru Jagjit Singh Ji eLibrary NamdhariElibrary@gmail.com

ਸੈਲ ਉਪਾਇ: ਸਮਾਏ: ਅਲਖੁ ਨ ਲਖਣਾ ਜਾਈ ਹੇ॥

ਮ:5:- ਮਹਿਮਾ ਨ ਜਾਨਹਿ, ਬੇਦ॥ ਬ੍ਰਹਮੇ: ਨਹੀ ਜਾਨਹਿ ਭੇਦ॥ ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ, ਬੇ-ਅੰਤੁ॥

(ਨੋਟ:-ਨ ਜਾਤਾ, ਨ ਜਾਣੇ 500 ਸਾਲ ਪੁਰਾਣੀ ਬੋਲੀ ਲਹਿਜ਼ਾ(Idiom) ਹੈ ; ਅਰਥ = ਨਹੀਂ ਮਨਦਾ/ਜਾਣਦੇ: ਨੋਟ accept ਹੈ, 'ਨਹੀਂ ਜਾਣਦੇ' ਤਰਕ ਦਿਸ਼ਟੀ ਨਾਲ ਗਲਤ ਅਰਥ ਗੁਰੁਗਮ ਅਣਜਾਣ ਕਰਦੇ ਹਨ। ਓਨ੍ਹਾਂ ਅਨੁਸਾਰ ਇਯੁੰ ਅਰਥ ਬਣੇਗਾ:"ਅਵਤਾਰ ਨ ਜਾਨਹਿ,ਅੰਤੁ"- ਭਾਵ ਅਵਤਾਰਾਂਨੇ ੧ਓ ਦਾ ਅੰਤ ਨਹੀਂ ਜਾਣਿਆ: ਤੁਸੀਂ ੧ਓ ਦਾ ਅੰਤ ਪਾਯਾ? ਤੁਂ ਵਾਹਿਗੁਰੂ ਅਮਤਵਾਲਾ, ਨਾਸ਼ਿਵਾਨ ਸਾਡੇ ਵਰਗਾ ਹੀ ਹੋਇਆ! ਨਿੱਤ ਸਤਿ ਤਾਂ ਨਾ ਹੋਯਾ!

ਮ:5:-ਖੋਜਤ ਖੋਜਤ ਮੈ ਫਿਰਾ, ਖੋਜਉ ਬਨ ਥਾਨ॥ ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ॥

ਮ:5:-ਗੁਰਕਾ ਬਚਨੁ ਅਟਲ ਅਛੇਦ॥ ਗੁਰਕੈ ਬਚਨਿ ਕਟੇ: ਭ੍ਰਮ ਭੇਦ॥

ਮ:5:-ਜਹ ਅਛਲ ਅਛੇਦ ਅਭੇਦ ਸਮਾਇਆ॥ ਊਹਾ ਕਿਸਹਿ ਬਿਆਪਤ ਮਾਇਆ

ਮ:5:-ਜਬ ਇਸਤੇ ਸਭ ਬਿਨਸੇ ਭਰਮਾ॥ ਭੇਦੁ ਨਾਹੀ ਹੈ ਪਾਰਬ੍ਰਹਮਾ ॥4॥ ਜਬ ਇਨਿ ਕਿਛੁ ਕਰਿ ਮਾਨੇ ਭੇਦਾ॥ਤਬਤੇ ਦੂਖ, ਡੰਡ ਅਰੁ ਖੇਦਾ ॥ ਜਬ ਇਨਿ ਏਕੋ ਏਕੀ ਬੂਝਿਆ ॥ ਤਬਤੇ ਇਸਨੋ ਸਭੁ ਕਿਛੁ ਸੂਝਿਆ॥5

ਮ:5:ਤੀਨਿ ਗੁਣਾ ਇਕ ਸਕਤਿ ਉਪਾਇਆ॥ਮਹਾਮਾਇਆ ਤਾਕੀ ਹੈ ਛਾਇਆ॥ਅਛਲ ਅੱਛੇਦ ਅਭੇਦ ਦਇਆਲ॥ ਦੀਨ ਦਇਆਲ ਸਦਾ ਕਿਰਪਾਲ

ਪਾ:10:-ਨਮਸਤੰ ਅਛੇਦੇ॥...7॥ ਅਛੇਦੀ ਅਭੇਦੀ ਅਨਾਮੰ ਅਕਾਮੰ॥

ਪਾ:10- ਸ੍ਰੈਯਾ: ਬੇਦ ਪੁਰਾਣ ਕਤੇਬ ਕੁਰਾਣ ਅਭੇਦ ਨ੍ਰਿਪਾਨ ਸਭੈ ਪਚਹਾਰੇ। ਭੇਦ ਨ ਪਾਇ ਸਕਿਓ ਅਨਭੇਦ ਕੋ, ਖੇਦਤ ਹੈ ਅਨਛੇਦ ਪੁਕਾਰੇ॥ ਰਾਗ ਨ ਰੂਪ ਨ ਰੇਖ ਨ ਰੰਗ ਨ ਸਾਕ ਨ ਸੰਗ ਨ ਸੋਗ ਤਿਹਾਰੋ। ਆਦਿ ਅਨਾਦਿ ਅਗਾਧ ਅਭੇਖ ਅਦ੍ਵੈਖ ਜਪਿਓ ਤਿਨਹੀ ਕੁਲ ਤਾਰੇ॥

ਸ਼੍ਰੀਵਿਸ਼ੁਗੁਰੂਬਾਣੀ 'ਚ ਵਿਸ੍ਰ ਜੀਵ ਉਧਾਰ ਲਈ '1' ਦੀ ਸਿੱਧੀ ਲਈ "ਅਭੇਦ ਅੱਛੇਦ" ਦੋ ਪਦ ਬਾਰ ਬਾਰ ਕਿਯੁੰ ਲਿਖ ਉਪਦੇਸ਼ੇ? ਇਨ੍ਹਾਂ ਬਿਨਾਂ ਜੀਵ 'ਜਨਮ-ਮਰਣ' ਚੱਕ੍ਰਬੰਦ ਤੋਂ ਕਦੀ ਨਿੱਤ ਮੁਕਤੀ/ਨਿਰਵਾਣ ਨਹੀਂ ਪਾ ਸਕਦੇ॥ ਸੋ ਦੋਨੋਂ ਪਦਾਂ ਦੀ ਪਰਿਭਾਸ਼ਾ ਜਾਨਣੀ ਜ਼ਰੂਰੀ ਹੈ॥

ਮਾਯਾ ਕਾਰਣ ਤਿਨ ਜਾਤਿ ਭੇਦ, ਅਤੇ ਦਾਰਸ਼ਨਿਕ ਪੰਜ ਭੇਦ ਲਖਣ

ਦੂਜੇ ਭਾਉ ਦਰਸ਼ਨਕਾਰ ਪਰਿਭਾਖਾ ਮਾਯਾ ਕਾਰਣ ਜਾਤਿ ਭੇਦ ਤ੍ਰਿ-ਕਾਲ ਸਤਿ ਮਨਦੇ ਹਨ ਜਥਾ:-

1. ਸ੍ਵੈ-ਜਾਤਿ ਭੇਦ:- ਮਨੁਖ ਵਿੱਚ ਮਨੁਖ ਜਾਤਿ ਫਰਕ/ਭੇਦ॥
2. ਵਿ-ਜਾਤਿ ਭੇਦ:-ਮਨੁਖ, ਪਸ਼ੂ ਪੰਛੀ, ਜਲ ਜੰਤੂ ਆਦਿ ਸਭ ਵਿੱਚ ਫਰਕ॥
3. ਸ੍ਵਗਤ ਭੇਦ:- ਮਨੁਖਾਂ ਦੇ ਅੰਗਾਂ 'ਚ ਫਰਕ/ਭੇਦ॥

108. ਪੁਨ੍ਹੈ.ਉ.ਪੰ.1021:16। ਅ.ਪੰ.894:4 । ਏ. ਪੰ. 816:8। ਸ.ਪੰ.177:6। ਹ.ਪੰ.291:16। ਕ.ਪੰ.235:15 । ਖ.ਪੰ. 868:19 ।ਸ਼੍ਰੀ ਦਸਮ ਗ੍ਰੰਥ. ਗ. ਜਾਪ:7, 61//655:1॥ ਘ.ਅਕਾਲ ਉਸਤੁਤਿਲ:251॥ 33 ਸਵੈਯੇ:7॥ ਅਕਾਲ ਉਸਤੁਤਿ:9।59॥ ਆਦਿ ॥

Sri Satguru Jagjit Singh Ji eLibrary NamdhariElibrary@gmail.com

ਮਾਯਾ ਕਾਰਣ ਪੰਜੇ ਨਾਮ-ਰੂਪ ਭ੍ਰਮ ਤ੍ਰਿਕਾਲ ਸਤਿ ਮਨਣ ਕਾਰਣ ਭ੍ਰਮ ਦ੍ਰਿਸ਼੍ਟਾਂਤ

ਪਿਛਲੇ ਜੁਗ ਦੇ ਜੋਗੀ ਪਰਥਾਇ ਸ਼੍ਰੀ ਜਗਦਗੁਰੂ ਅਰਜੁਨ ਦੇਵ ਜੀ ਪੰਜ ਭਰਮ ਮਿਟਾਣ ਦਾ ਉਪਦੇਸ਼ :-

ਮ:5:-ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥ ਸਾਂਗੁ ਉਤਾਰਿ: ਥੰਮ੍ਹਿਓ ਪਾਸਾਰਾ[1]॥ ਤਬ ਏਕੋ ਏਕੰਕਾਰਾ॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ॥ ਕਤਹਿ ਗਇਓ ਉਹੁ ਕਤ ਤੇ ਆਇਓ॥ 1ਰਹਾਉ ॥ ਜਲਤੇ ਊਠਹਿ ਅਨਿਕ ਤਰੰਗਾ[2]॥ ਕਨਿਕ-ਭੂਖਨ ਕੀਨੇ ਬਹੁ ਰੰਗਾ[3]॥ ਬੀਜੁ, ਬੀਜਿ ਦੇਖਿਓ,ਬਹੁ ਪਰਕਾਰਾ॥ ਫਲ ਪਾਕੇ ਤੇ[4] ਏਕੰਕਾਰਾ॥ ਸਹਸ ਘਟਾਮਹਿ ਏਕੁ ਆਕਾਸੁ॥ ਘਟ ਫੂਟੇਤੇ ਓਹੀ ਪ੍ਰਗਾਸੁ[5]॥ ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇਤੇ ਏਕੰਕਾਰ॥ ਓਹੁ ਅਬਿਨਾਸੀ ਬਿਨਸਤ ਨਾਹੀ॥ ਨਾਕੋ ਆਵੈ,ਨਾਕੋ ਜਾਹੀ॥ ਗੁਰਿ-ਪੂਰੈ ਹਉਮੈ ਮਲੁ ਧੋਈ॥ ਕਹੁ,ਨਾਨਕ! ਮੇਰੀ ਪਰਮਗਤਿ ਹੋਈ॥ [109]

ਏਥੇ ਤਕ ਉਤੇ ਸੰਖੇਪ ਕਰਕੇ ਬਹੁਤ ਜ਼ਰੂਰੀ ਪਿਛੇ ਬੀਜ/ਮੂਲ ਤੇ ਅਗਲੇ ਸ਼੍ਰੀ ਗੁਰੁਬਾਣੀ ਦੇ ਅਨੇਕ ਦਾਰਸ਼ਨਿਕ ਪਰਿਭਾਖਾ ਵਿਸ਼ੇ ਦਿਖਾਏ ਹਨ, ਜਿਸ ਕਰਕੇ ਅਗੇ ਨੂੰ ਸ਼੍ਰੀ ਜਪੁ ਨੀਸਾਣੁ ਟੀਕਾਵਾਂ ਵਿੱਚ ਜੋ ਵਿਚਕਾਰ ਟੀਕਾਕਾਰਾਂ ਲਿਖੇ ਪਰਿਭਾਸ਼ਿਕ ਸਿੱਧਾਂਤ ਸਮਝਣ 'ਚ ਕੋਈ ਔਖਾਈ ਨਾ ਹੋਵੇ॥ ਪੁਰਾਣੇ ਸਾਰੇ ਧਰਮ ਸ਼ਾਸਤ੍ਰ ਅਰਥਕਾਰ ਸਾਡੇ ਕਾਲ ਤਕ ਚਲੀ ਰੀਤ ਅਰਥ, ਟੀਕੇ ਲਿਖੇ ਹਨ ਪਰ ਲਿਖਾਰੀ, ਚਿਤ੍ਰਕਾਰ ਵਖਰੀ ਤਰ੍ਹਾਂ ਲਿਖਦੇ; ਮਸਲਨ:-

1. ਪਤ੍ਰੇ (leaf) ਦੇ ਇਕ ਤਰਫ ਪਤ੍ਰ ਅੰਕ, ਬਚਾਲੇ ਬਾਣੀ ਟੀਕਾ ਨਾਮ, ਅੱਜ ਤਰ੍ਹਾਂ ਸਫੇ ਦੇ ਦੋਨੋ ਤਰਫੇ ਅੰਕ ਨਹੀ ਲਿਖਦੇ ਸਨ॥
2. ਪਤ੍ਰੇ ਨੀਚੇ ਲੱਕੜ ਦੀ ਫਟੀ ਦੇਕਰ ਗਲੀਆਂ 'ਚ ਧਾਗਾ ਪਾਕੇ, ਅੰਗੂਠੇ/ਉਗਲ ਦੇ ਦਬਾ ਦੇਕੇ ਸਿਧੀਆਂ ਲੀਕਾਂ ਦੇ ਨਿਸ਼ਾਨ ਖਿੱਚਦੇ ਸਨ ॥
3. ਪਤ੍ਰ/ਕਾਗਜ਼ਾਂ ਦੇ ਦਸਤੇ ਪਹਿਲਾਂ ਬਣਾ ਕੇ ਓਨ੍ਹਾਂ ਦੇ ਦੋਹੀ ਪਾਸੇ ਹਾਸ਼ੀਏ ਕਢ/ ਬਣਾ, ਉਸਦੇ ਬਾਹਰਲੇ ਪਾਸੇ ਪਤ੍ਰ ਅੰਕ ਲਿਖਦੇ ਸਨ ॥
4. ਪਹਿਲਾ ਓਹ ਨਿਯਤ ਕਰਦੇ, ਪੋਥੀ(unbound book) ਬਣਾਨੀ ਹੈ, ਜਾਂ ਗ੍ਰੰਥ(bound book), ਤਿਸ ਅਨੁਸਾਰ ਪਤ੍ਰੇ ਦਸਤੇ ਬਣਾਂਦੇ ਸੇ॥
5. ਜੇ ਚਿਤ੍ਰਕਾਰ ਹੋਣ, ਜਾਂ ਕਿਸੇ ਤੋਂ ਚਿਤ੍ਰ ਬਣਵਾਕੇ ਪਾਣੇ ਸਨ, ਪਹਿਲਾਂ ਪਤ੍ਰ ਅੰਕ ਦਾ ਥਾਂ ਕੈਮ ਕਰਦੇ ਸਨ ॥
6. ਜ਼ਿਆਦਾ ਤਰ ਤਤਕਰਾ ਵੀ ਨਹੀਂ ਬਣਾਦੇ, ਕਿਉਂ, ਓਹ ਪਿਛੋਂ ਬਨਾਣੇ ਪੈਂਦੇ ਸਨ॥
7. ਗ੍ਰੰਥ ਆਰੰਭ 'ਚ, ਗ੍ਰੰਥ ਨਾਮ, ਪਰਵ, ਅਧਿਆਇ, ਆਦਿ 'ਚ ਨਹੀ ਲਿਖਦੇ, ਪਰਵ, ਅਧਿਆਏ ਆਦਿ ਕੁਛ ਅੱਧ 'ਚ, ਪੂਰਾ ਅੰਤ 'ਚ ਲਿਖਦੇ॥
8. ਗ੍ਰੰਥਦੀ ਪੂਰੇ ਸਮਾਪਤੀ ਤੇ ਗ੍ਰੰਥ ਨਾਮ, ਸਮਾਪਤੀ ਮਹੀਨਾ, ਚੰਦ੍ ਤਿਥੀ; ਜਾਂ ਸੂਰਜ ਪ੍ਰਵਿਸ਼ਟਾ ਲਿਖਦੇ; ਫੇਰ ਵਕਤਾ(author) ਦਾ ਨਾਮ, ਧਰਮ ਸੰਪ੍ਰਦਾਇ ਆਚਾਰਜ(mentor) ਨਾਮ,ਲਿਖਾਰੀ(scribe) ਨਾਮ, ਲਿਖਨ ਦੀ ਥਾਂ, ਸਾਰੇ ਅੰਤ 'ਚ ਹੀ ਲਿਖਦੇ ਸੇ, ਜਿਵੇਂ ਨਿਰਮਲੇ ਸ਼੍ਰੀ ਮਹੰਤ: ਪੱਥਰ ਛਾਪ ਲਾਹੌਰ (ਮਾਹ ਪੰਨਾ 126)

---

109. ਸ਼੍ਰੀਗੁਗ੍ਰੰਜੀ.ਪੰ. 736:11-16॥

Sri Satguru Jagjit Singh Ji eLibrary NamdhariElibrary@gmail.com

ਮਘਰਬਦੀ 14, ਸੰਬਤ 1936॥ ਅਤੇ ਅੰਤ ਪੰਨਾ 272:-ਸੰਬਤ ਉਨੀਸੈ ਛਤੀ ਜੇਠ ਸੁਦੀ ਸਪਤਾਹ॥ ਭਾਵਦੀਪ ਜਪ ਪੂਰ ਕੈ ਗੁਰਪਦ ਭੇਟ ਧਰਾਹਾ।5॥ ਇਤਿ ਸ੍ਰੀ ਸਰਬੇ ਸ਼ੂਰਸੀ ਪਰਮ ਗੁਰੂ ਨਾਨਕ ਪ੍ਰੋਕ੍ਤ ਜਪ ਬਾਣੀ ਤਾਤਪਰਯ ਪ੍ਰਕਾਸ਼ਕਾਯਾਂ ਸ਼੍ਰੀਮਦ ਗੁਲਾਬ ਸਿੰਘ ਸਦ ਗੁਰੁ ਚਰਣ ਸਿਖਿਜਤ ਤਾਰਾ ਹਰਿ ਨਰੋਤਮ ਕ੍ਰਿਤਾਂਯਾਂ ਗੁਰੁਭਾਵ ਦੀਪਿਕਾਂਯਾਂਮੁਤਰਾਰਧ:ਸਮਾਪਤ:ਸੁਭੋਸੁ ਸਰਬ ਜਗਤਾਮ॥ ਸੰਮਤ ਸ਼੍ਰੀਨਾਨਕ ਸ਼ਾਹੀ 412 ਬ ਕਲਮ ਭਾਈ ਹੀਰਾ ਸਿੰਘ ਲਖਾਰੀ ਦਮਦਮੇ ਸਾਹਿਬ ਕਾ॥

9.ਗ੍ਰੰਥ ਬਨ੍ਹਣਾ: ਅੰਤ 'ਚ ਪੋਥੀ/ਗ੍ਰੰਥ ਨੂੰ ਜ਼ਰੂਰੀ ਦੋ ਲਕੜ ਫਟੀਆਂ ਵਿੱਚਕਾਰ, ਰੁਮਾਲ ਵਿੱਚ ਬਨ੍ਹਕੇ, ਪੁਸਤਕਾਲੇ ਵਿੱਚ ਸੰਭਾਲ ਕੇ ਰਖਦੇ ਸਨ॥

ਓਨ੍ਹਾਂ ਗ੍ਰੰਥਾਂ 'ਚ ਨਾ ਤਤਕਰਾ, ਨਾ ਪਰਿਸਿਸ਼ਟ ਵੇਰਵੇ ਦੇਖੇ ਜਾਂਦੇ ਸਨ। ਇਸ ਕਾਰਣ ਪਾਠਕਾਂ ਲਈ ਇਹ ਤਫਸੀਲ ਲਿਖੀ, ਕਿ ਇਹ ਸਮਝਨ, ਕਿ ਐਨਾ ਭੂਮਿਕਾ-ਉਪੋਦਘਤਾਂ ਦਾ ਵਿਸਤਾਰ ਕਿਉਂ ਬਣਿਆ? ਨਮੇਂ ਪਾਠਕ ਜਾਣ ਲੈਣ ਕਿ ਸ਼੍ਰੀ ਜਗ਼ਦਗੁਰੁ ਬਾਣੀ ਮਹਾਵਿਦਯਾ ਐਵੇਂ ਹੀ ਝੱਟ ਸਮਝ 'ਚ ਆਣ ਵਾਲੀ ਨਹੀਂ॥ ਬਲਕਿ ਜਿਵੇਂ ਕਿਸੀ ਵਿਸ਼ੂਵਿਦਿਆਲੇ ਅੰਦਰ: ਇਕ, ਦੋ, ਕਈ ਔਖੇ ਮਹਾਂਵਿਸ਼ੇ ਸਿੱਖਣ ਲਈ ਅਧਾਰਿਤ ਸਿਖਿਆ ਪਹਿਲਾਂ (required course) ਸਿੱਖਣੇ ਜ਼ਰੂਰੀ ਸਨ; ਵੈਸੇ:-1.ਧਰਮ ਸਮੂਹ ਦੇਸੀ ਸੰਸਕ੍ਰਿਤੀ ਜਲ ਬੂੰਦ ਤਰ੍ਹਾਂ ਇਕ ਹੈ, ਜਿਸ 'ਚ ਹੋਰ ਅਨੇਕ ਵਿਸ਼ੇ:-2.ਅਰਥ, 3. ਕਾਮ (virtue-vice desire: entrepreneur) ਹਨ।

4. ਮੋਖ (Eternal Physical-Spiritual Liberty) ਵਿਸ਼ੇ-ਉਪ-ਵਿਸ਼ੇ ਗਿਆਨ-ਵਿਗਿਆਨ *gnosis*: Indo (*Skt*) Greec Theo-Phil-Mysticism), ਮਨੋਵਿਗਿਜ਼ਾਨ, ਤ੍ਰੈ-ਤਰਕ ਦੇ ਅਨੇਕ ਰੂਪ ਪ੍ਰਮਾ(epistemology), ਅਪ੍ਰਮਾ(ontology), ਅਧਿਆਤਮ (mystic) ਅਨੇਕ ਪਹਿਲੂਆਂ ਦੇ ਬੜੇ ਗ੍ਰੰਥ ਨਹੀਂ ਜਾਣਦੇ, ਜਿਨਾਂ ਪੂਰੇ ਨਹੀਂ ਕੀਤੇ, ਘਟੋਘਟ ਥੋੜ੍ਹਾ ਬੋਧ ਤਾਂ ਹੋਵੇ, ਜਿਸ ਬੋਧ ਪ੍ਰਾਪਤੀ ਲਈ ਸੰਖਿਪਤ ਪਰਿਭਾਸ਼ਾ ਦਾ ਉਪੋਦਘਾਤ ਅੱਧ 'ਚ ਪਹੁੰਚੇ, ਪੂਰਾ ਲਿਖਣਾ ਜ਼ਰੂਰੀ ਹੈ॥

ਸ਼੍ਰੀ ਵਿਸ਼ੂਗੁਰਬਾਣੀ ਵਿੱਚੋਂ ਸੰਖੇਪ ਬੀਜ ਮੰਤ੍ਰ, ਮੂਲ ਮੰਤ੍ਰ, ਮਹਾਮੰਤ੍ਰਾਂ ਦੇ ਲਕਸ਼ਾਰਾਥ ਪਿਛੇ ਲਿਖ ਆਏ ਹਾਂ: ਸ਼੍ਰੀ ਵਿਸ਼ੂਗੁਰੂ ਨਾਨਕ ਦੇਵ ਜੀ ਨੇ ਪਰਮ ਗੁਰੁ ਅਕਾਲ ਪੁਰਖੁ ਤੋਂ ਦੀਖਿਆ ਲਿਤੀ; ਸ਼੍ਰੀ ਵਿਸ਼ੂਗੁਰੂਜੀ ਦਾ ਬਚਨ ਹੈ:-

ਮ:1:- ਮੂਲਮੰਤ੍ਰ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥ ਅਤੇ ਭਾਈ ਗੁਰਦਾਸ ਜੀ ਸ਼੍ਰੀ ਗੁਰੁ ਪ੍ਰਦਾਨ ਕੂੰਜੀ ਗ੍ਰੰਥ ਪ੍ਰਮਾਣ ਪਰਿਭਾਸ਼ਾ 'ਚ ਦਸਿਆ ਹੈ॥

ਸਤਿਨਾਮੁ ਕਰਤਾ ਪੁਰਖ ਮੂਲਮੰਤ੍ਰ ਸਿਮਰਣ ਪਰਵਾਣੈ॥ ਮੂਲ ਮੰਤ੍ਰ ਆਦਿ ਵਿੱਚ ਇਦੰਤਾ(categorical)ੴ ਨਿਗੁਰਣ-ਸਗੁਣ ਬੀਜ ਮੰਤ੍ਰਾਂ ਵਿੱਚ '1' ਅੰਕ[110] ਨਿਰਗੁਣ ਅਕਥ-ਕਥਾ ਅਧਿਆਤਮ ਸਿੱਧਾਂਤ ਪ੍ਰਾਰੰਭ ਹੁੰਦਾ ਹੈ॥ ਇਹ ਕਿਸੇ ਸ੍ਰਿਸ਼ਟੀ ਦੇ ਆਦਿ ਵੇਦ ਜਾਂ ਪਛੱਮੀ ਕਤੇਬ ਧਰਮ ਸ਼ਾਸਤ੍ਰਾਂ ਅੰਦਰ ਪ੍ਰਭੂ ਲਈ '1' ਅੰਕ ਚਿੰਨ੍ਹ (ਪਦ,ਸ਼ਬਦ ਨਹੀਂ) ਅਲਭ ਹੈ॥ ਇਹ ਅਕਾਲ ਪੁਰਖੁ ਕਿਉਂ ਉਪਦੇਸ਼ਿਆ? ਇਹ ਜਾਨਣਾ ਜ਼ਰੂਰੀ ਹੈ:-

110. ਭਾਈ ਗੁਰਦਾਸ ਵਾਰ:1।15।1-3"ਏਕਾ ਏਕੰਕਾਰ ਲਿਖ ਦਿਖਾਲਿਆ॥ ਊੜਾ ਓਅੰਕਾਰ ਪਾਸ ਬਹਾਲਿਆ॥ ਸਤਿਨਾਮ ਕਰਤਾਰ ਨਿਰਭਉ ਭਾਲਿਆ" ਅਤੇ: 39।1।1"ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ॥ ਸਤਿਨਾਮੁ ਕਰਤਾ ਪੁਰਖੁ ਨਿਰਭਉ ਹੋਇ ਨਿਰਵੈਰੁ ਸਦਾਇਆ॥..."ਆਦਿ ॥

Sri Satguru Jagjit Singh Ji eLibrary NamdhariElibrary@gmail.com

ਅਕੱਥ ਵਸਤੂ ਬਿਆਨ ਕਾਰਣਾ ਐਸਾ ਹੈ, ਜਿਵੇਂ, ਗੁੰਗੇ ਬੱਚੇ ਦੀ ਮਾਂ ਸੰਕੇਤਾਂ ਨਾਲ ਬਚੇ ਨੂੰ ਸਮਝੌਂਦੀ, ਦ੍ਰਿਸ਼ਟਾਂਤ ਹੈ। ਇਸੇ ਤਰ੍ਹਾਂ: ਬੀਜ ਮੰਤ੍ਰ '1' ਅੰਕ ਸੰਕੇਤ ਕਿਉਂ ਹੈ? ਇਹ ਐਥੇ ਸ਼ੁਰੂ ਵਿੱਚ ਦਸਣਾ ਸਭ ਤੋਂ ਬਹੁਤ ਜ਼ਰੂਰੀ ਹੈ, ਕਾਰਣ ਕਿ ਹੋਰ ਕੋਈ ਇਸ ਵਿਸ਼ੇ ਲਈ ਹੋਰ ਸੰਕੇਤ ਠੀਕ ਨਹੀ ਬੈਠਦਾ॥ ਭਾਵ ਨਾ ਸੁੰਨ '0' , ਨਾ '2-5-...' ਸੰਕੇਤ ਠੀਕ ਬੈਠਦੇ॥ ਸੰਖੇਪ ਕਾਰਣ ਸਨ:-

1. ਸੁੰਨ '0' ਅੰਕ ੧ਓ ਅਕਾਲ ਬ੍ਰਹਮ ਦੇ ਨਾ ਹੋਣਾ ਦਾ ਸੰਕੇਤ ਅਨੀਸ਼੍ਵਰ ਵਾਦ (atheist/nihil) ਹੁੰਦਾ, ਜਾਂ

2. ਇਹ ਪ੍ਰਸਿੱਧ ਤੰਤ੍ਰ:-ਰਥਕ੍ਰਾਂਤ/ਤ੍ਰੀ-ਕ੍ਰਾਂਤ ਤਾਂਤ੍ਰਿਕ ਸਿੱਧ, 9 ਨਾਥ, 12 ਪੰਥੀ ਜੋਗੀ ਅਤੇ

3. ਨਾਸਤਿਕ ਵਜ੍ਰਯਾਨ ਬੋਧੀ "ਸ਼ੂੰਨ '0' ਵਾਦ" ਬ੍ਰਹਮ ਅ-ਗਿਆਨ ਪੈਰੋਕਾਰ ਸੰਕੇਤ ਹੁੰਦਾ॥ ਸ਼੍ਰੀਵਿਸ਼੍ਵਗੁਰੂ ਜੀ ਸਿੱਧਾਂਤ 'ਚ ਸੁੰਨ, ਨਿਸ਼ਫੁਰ(dormant, inactive, petrified,...) ਹੈ: ਅਤੇ ਜੇ; '2' ਤਾਂ ਓਹ ਸਦਾ ਨਿਖੇਧੀ ਦੂਜਾ ਭਾਂਉ/ਦ੍ਵੈਤ ਵਾਦੀ ਅਗਿਆਨੀਆਂ ਦਾ ਸਿਧਾਂਤ ਹੁੰਦਾ, ਅਤੇ '3' ਮਾਯਾ ਤ੍ਰਿ-ਗੁਣੀ,'ਪੰਜ ਈਸ਼੍ਵਰ ਵਾਦੀ' ਪੁਰਾਣਿ, ਤਾਂਤ੍ਰਿਕ ਵਾਦੀਆਂ ਦੇ ਪੈਰੋਕਾਰੀ ਸੰਕੇਤਕ ਹਨ, ਜਿਵੇਂ ਸ਼੍ਰੀ ਗੁਰੁਬਾਣੀ 'ਚ ਨਿਖੇਧ ਸੰਕੇਤ ਹਨ:-ਮ:1:-ਅਵਰੁ ਨ ਜਾਣਾ ਦੂਆ ਤੀਆ॥ ਏਕੋ ਏਕੁ ਸੁ ਅਪਰਪਰੰਪਰੁ, ਪਰਖਿ ਖਜਾਨੈ ਪਾਇਦਾ॥ 12॥

ਫੇਰ ਸੋਚੋ ਆਪ ੧ਓ ਬਣਾਏ ਕਿਵੇਂ ਸ਼ਰੀਕ ਮੰਨਦੇ? ਪਰ ਸ਼੍ਰੀਗੁਰੂ ਸਿਧਾਂਤ ਹੈ, ਤਿਸਕਾ ਸਰੀਕੁ ਕੋ ਨਹੀ, ਨਾ ਕੋ ਕੰਟਕੁ ਵੈਰਾਈ॥ ਨਿਹਚਲ ਰਾਜੁਹੈ ਸਦਾ ਤਿਸੁ ਕੇਰਾ, ਨਾ ਆਵੈ ਨਾ ਜਾਈ॥ ਨਿਰੰਕਾਰਮਹਿ ਆਕਾਰੁ ਸਮਾਵੈ॥ ਅਕਲ ਕਲਾਟਿਕਾਵੈ॥ ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥ ਸਲੋਕੁ॥ ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ॥ ਏਕਹਿ ਏਕ ਬਖਾਨਨੋ, ਨਾਨਕ ਏਕ ਅਨੇਕ॥ ਬ੍ਰਹਮ ਗਿਆਨ ਦਿਤਾ ॥ ੧ਓ ਦੇ ਤਿੰਨ ਦਾਰਸ਼ਨਿਕ ਭਾਵਾਰਥ ਪੱਖ ਹਨ। ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਨੇ '1' ਦਾ ਇਹ ਪ੍ਰਭਾਖ ਲੱਖਣ (definition) ਦਿਤਾ ਹੈ:-

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥ ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ॥ ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥ ਏਕੰਕਾਰੁ ਅਵਰੁ ਨਹੀ ਨਾਨਕ ਏਕੁ ਸਮਾਈ॥ ਇਸੁ ਕਰਤੇ-ਕਉ ਕਿਉ ਗਹਿ ਰਾਖਉ? ਅਫਰਿਓ ਤੁਲਿਓ ਨ ਜਾਈ॥ ਮਾਇਆਕੇ ਦੇਵਾਨੇ ਪ੍ਰਾਣੀ, ਝੂਠਿ ਠਗਉਰੀ ਪਾਈ॥ ਲਬਿ ਲੋਭਿ ਮੁਹਤਾਜਿ ਵਿਗੂਤੇ, ਇਬ ਤਬ ਫਿਰਿ ਪਛੁਤਾਈ॥ ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ॥ ਇਸੁ ਏਕੇ ਕਾ ਜਾਣੈ ਭੇਉ॥ ਆਪੇ ਕਰਤਾ, ਆਪੇ ਦੇਉ॥ ਫੇਰ, ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਨੇ '੧ਓ' ਦਾ ਦਰਸ਼ਨ ਪਰਿਭਾਸ਼ਿਕ ਲੱਖਣ (definition) ਇਸ ਤਰ੍ਹਾਂ ਸਮਝਾਇਆ :-

ਓਨਮ ਅਖਰ ਸੁਣਹੁ ਬੀਚਾਰੁ॥ ਓਨਮ ਅਖਰੁ ਤ੍ਰਿਭਵਣ ਸਾਰੁ॥ ਇਸ ਦਿਵ੍ਯਤਾਦੀ ਪੌੜਤਾ ਸ਼੍ਰੀ ਜਗਤਗੁਰੂ ਗੋਬਿੰਦ ਸਿੰਘਜੀ ਦੀ ਹੈ:-

ਓਅੰ ਆਦਿ ਰੂਪੈ। ਅਨਾਦੀ ਸਰੂਪੈ॥ ਅਨੰਗੀ ਅਨਾਮੈ। ਤ੍ਰਿਭੰਗੀ ਤ੍ਰਿਕਾਮੈ॥ ਦਾ ਭਾਵਾਰਥ ਹੈ:-'1' ਵਿਸ਼੍ਵਭਰ ਦਾ ਅਧਿਸ਼ਠਾਨ (neumenon) ਨਿਰਾਕਾਰ-ਨਿਰਗੁਣ '1'

Sri Satguru Jagjit Singh Ji eLibrary NamdhariElibrary@gmail.com

ਅਨੰਗੀ ਅਨਾਮੈ ਹੈ; ਅਤੇ ਉਸੇ ਦੇ ਇਸ ਸਮੇਤ 'ਓ' ਦੇ 'ਦੋ' ਹੋਰ ਰੂਪ "ਨਿਰਾਕਾਰ ਨਿਰਗੁਣ-ਸਗੁਣ, ਅਤੇ ਸਾਕਾਰ-ਸਗੁਣ" ਅਤੇ "ਤ੍ਰਿਭੰਗੀ ਤ੍ਰਿਕਾਮੈ" ਭਾਵ ਹਨ, ਅਰਥਾਤ:-

ਸ਼੍ਰੀ ਅਕਾਲ ਪੁਰੁਖ ਪ੍ਰੱਦਾਨ ਬੀਜ ੧ਓ ਦੇ ਮੁੱਖ ਗਿਣਤੀ ਦੇ ਤਿਨ ਮੇਰੂ ਖੰਡ(numeric permute pyramid) ਬਣਦੇ ਹਨ:- 1.ਬੀਜ '1' ਨਿਰਾਕਾਰ-ਨਿਰਗੁਣ; ਅਤੇ 'ਓ ੧ਓ ਦੋ:- 2. ਨਿਰਾਕਾਰ-ਸਗੁਣ ਅਤੇ 3. ਸਾਕਾਰ-ਸਗੁਣ ਹਨ ॥

2. ਬੀਜ '> ' ਦੇ ਤਿੰਨ ਭਿੰਨ ਅੱਖਰਾਂਦੇ ਲਕਸ਼ਾਰਥ(metaphoric/mystic meaning) ਪੁਰਾਣੇ ਟੀਕੇਆਂ 'ਚ ਹਨ॥ ਯਾਦ ਰਹੇ, ਪਰਮੇਸਰ ਦਾ ਰਹਸ ਕੋਈ ਭੀ ਅਧਿਆਤਮ ਲਕਸ਼ ਨੂੰ ਸੰਸਾਰ ਆਦ ਕਾਲ ਤੋਂ ਵਾਚ/ ਸ਼ਕਤ ਆਰਥ (literal meaning) ਰਾਹੀਂ ਕਦੀ ਨਹੀਂ ਬਤਾ ਸਕੇ, ਇਹ ਤੱਥ ਸ਼੍ਰੀ ਗੁਰੁਬਾਣੀ ਸ਼ਬਦ ਪ੍ਰਮਾਣਾਂ ਤੇ, ਅਤੇ ਤਰਕ ਰਾਹੀਂ ਅਗੇ ਸਪਸ਼ਟ ਹੋਣਗੇ॥

ਨੋਟ 1:ਯੋਗ-ਰੂੜੀ ਬਾਣੀ ਸੰਸਕ੍ਰਿਤ ਵਿਆਕਰਣ ਵਿਧਾਨ ਹੈ:-ਵਰਣਮਾਲਾ ਅੱਖਰ/ਸ਼ਬਦਾਂ ਵਿੱਚ ਪਛੇਤਰ "ਕਾਰ" ਜੋੜਨੇ, ਕੇਵਲ ਉਪਦੇਸ਼ਾਰਥ ਹਨ। ਓਹ ਉਚਾਰਣ ਲਈ ਕਦੀ ਨਹੀਂ[113] ਮਸਲਿਨ: ਪਾਧਾ ਪਾਠਕਾਂ ਨੂੰ ਕਹਿੰਦਾ ਹੈ "ਅੰਮ੍ਰਿਤਸਰ ਸ਼ਬਦ ਅਖਰ ਉਚਾਰੋ॥ ਸੰਸਕ੍ਰਿਤ ਅਧਾਰ ਉੱਤਰ ਦਿੰਦੇ ਹਨ:-

ਸੰਸਕ੍ਰਿਤ: ਅ-ਕਾਰ, ਮ-ਕਾਰ, ਛੋਟੀ 'ਿ'-ਮਾਤ੍ਰਾ, ਪੈਰ ਰ-ਕਾਰ, ਸ-ਕਾਰ, ਰਕਾਰ = ਅੰਮ੍ਰਿਤਸਰ, ਬਿਨਾ "ਕਾਰਾਂ" ਸ਼ਬਦ ਉਚਰਿਤ ਹੈ॥

ਪੰਜਾਬੀ: ਆੜਾ, ਟਿੱਪੀ, ਮੰਮੇ ਨੂੰ ਸਿਹਾਰੀ, ਤਤਾ, ਸਸਾ, ਰਾਰਾ = ਅੰਮ੍ਰਿਤਸਰ ਬਿਨਾ "ਦੁੱਤ ਪਛੇਤਰਾਂ ਦੇ ਸ਼ਬਦ" ਉਚਾਰਣ ਹੈ॥ ਦੇਖੋ ਬਚਨ:-

ਓਅੰਕਾਰਿ: ਸਬਦਿ ਉਧਰੇ॥ ਓਅੰਕਾਰਿ: ਗੁਰਮੁਖਿ ਤਰੇ॥ ਓ-ਨਮ ਅਖਰ ! ਸੁਣਹੁ ਬੀਚਾਰੁ॥ >-ਨਮ ਅਖਰੁ ! ਤ੍ਰਿਭਵਣ ਸਾਰੁ॥

ਨੋਟ 2: ਸੰਸਕ੍ਰਿਤ ਜਾਣੂ ਪਾਧੇ ਨੂੰ ਛੇ ਵਾਰ ਸ਼੍ਰੀ ਗੁਰੂਜੀ ਓਅੰਕਾਰਿ ਪਦ ਅਰਥ ਉਪਦੇਸ਼ਿਆ। ਪਰ ਮੰਤ੍ਰ ਓ/> ਉਚਾਰਣ ਬਿਨਾ ਪਛੇਤਰ ਕੀਤਾ॥

ਨੋਟ 3: ਜਿਨ੍ਹਾਂ ਹਿੰਦੂਆ ਦੇ > ਅਤੇ ਸਿਖਾਂ ਦੇ ਓਅੰਕਾਰ ਵਿਚਲੇ ਫਰਕ ਉਤੇ ਜ਼ੋਰ ਦਿਤਾਹੈ ਓਨ੍ਹਾਂ ਇਕਤਾਂ ਵੇਦ ਦੇਖੇ-ਸਮਝੇ ਹੀ ਨਹੀਂ, ਕਿਉਂ, ਅਥਰਵ ਵੇਦੀ ਮਾਂਡੂਕ ਉਪਨਿਸ਼ਦ ਦੇ ਪਹਿਲੇ ਮੰਤ੍ਰ ਵਿੱਚ ਉਪਰ ਦਿਖਾਈ ਪਰਿਭਾਸਾ ਅਨੁਸਾਰ,ਦੋਨੋ ਰੂਪ > ਤੇ ਓਅੰਕਾਰ ਪ੍ਰਤਖ ਹਨ,ਦੇਖੋ ਮੂਲ ਵੇਦ ਮੰਤ੍ਰ:-**ओ३म इत्येतदक्षरमिद्/सर्वं तस्योपव्याख्यानं, भूतं भवद्भविष्यदिति सर्वम् ओंकार एव। यच्चान्यन्त्रिकालातीतं तदापि ओङ्कार एव॥२॥** ਸਾਫ ਹੈ॥ ਓਹ ਸ਼੍ਰੀਗੁਰ ਸਿਧਾਂਤ ਦੇ ਦੂਜੇ ਭਉ ਪਰਭਾਸ਼ਾ ਤੋਂ ਅਣਜਾਣ ਕਾਰਣ: ਉਲਟਾ ਭੇਦ ਰਾਜ ਨੀਤਕਾਰ ਹਨ; ਨਾਲੇ ਵਿਆਕਰਣ ਵਿਧਾਨ ਪਛੇਤਰ "ਕਾਰ" ਅਣਜਾਣ ਆਪਣੇ ਬਣਾਏ ਵਿਆਕਰਣ ਅਰਥ ਹਨ। ਓਨ੍ਹਾਂ ਵੇਦ ਓ ਕਾਰ ਵੇਦੀਕੀ ਪ੍ਰਕ੍ਰਿਯਾ ਪੱਛੇਤਰ

113. ਟਿਪਣੀ ਕਰਤਾ ਲੇਖ:"ਮੂਲ ਮੰਤ੍ਰ ਵਿੱਚ ੧ਓ ਦਾ ਉਚਾਰਣ(ਹਿੰਦੀ / ਸੰਸਕ੍ਰਿਤ)ਸਪਤ ਸਿੰਧੁ, ਸਪਤੰਬਰ ੧੯੬੫ ਪੰਜਾਬ ਭਾਸ਼ਾ ਬਿਭਾਗ,ਪਟਿਅਲਾ॥

Sri Satguru Jagjit Singh Ji eLibrary NamdhariElibrary@gmail.com

ਸੂਤ੍ਰ "ਵਰਣਾਤ ਕਾਰ:" ਅਤੇ ਕ੍ਰਿਆ ਪਦ ਸੂਤ੍ਰ "ਡੁਕ੍ਰਿਨ ਕਰਣੇ" ਦੇ ਫਰਕ ਦਾ ਗਿਆਨ ਨਹੀਂ ॥[114]

ਨੋਟ 4. ਓ '੧ਓ' ਵੇਦ ਦੇ ਆਸਤਿਕ ਵਿਧਾਨ ਅਨੁਸਾਰ ਇਸ ਦਿੱਵ ਅੱਖਰ ਤੋਂ ਪਹਿਲਾਂ ਕੋਈ ਸ਼ਬਦ ਉਚਾਰਣ ਕਰਨਾ ਮਨਾ[115] ਹੈ॥ ਇਸਦਾ ਐਨਾ ਪ੍ਰਭਾਵ ਹੈ, ਕਿ ਸਾਰੇ ਵੇਦ ਨਾ ਮਨਣ ਵਾਲੇ ਨਾਸਤਕ ਧਰਮੀ ਜੈਨੀ, ਬੋਧੀ ਵੀ ਓ ਦੀ ਸਰਵੋਪਰੀ ਮਹੱਤਾ ਹੁਣ ਤਕ ਨਹੀ ਉਲੰਘਦੇ ॥

ਨੋਟ 5:ਸ਼੍ਰੀ ਜਪੁ ਨੀਸਾਣੁ ਟੀਕੇਆਂ 'ਚ ਕਾਫੀ ਵਰਣਨ ਹੁੰਦੇ ਵੇਦਿਕ ਸ਼ਾਸਤ੍ਰ ਤੇ ਭਗਵਦ-ਗੀਤਾ ਸ਼ਲੋਕ ਜ਼ਰੂਰੀ ਪਰਿਭਾਸ਼ਾ ਕਾਰਣ ਲਿਖਣੇ ਬਣਦੇ ਹਨ:-

ਓਅੰ,ਤਤ,ਸਤ: ਇਹ ਬ੍ਰਹਮ(੧ਓ) ਦੇਪਹਿਲਾਂ(ਵੇਦ'ਚ) ਕਹੇ ਤਿੰਨ ਪੱਖਾਂ:1. ਬ੍ਰਹਮ, 2.ਵੇਦ ਤੇ 3.ਜੱਗ (ਅਧਿਆਤਮ ਕਰਮ)ਸੰਕੇਤ ਹਨ॥ 23॥ ਇਹ ਬ੍ਰਹਮ ਗਿਆਨੀਆਂ ਦੇ "ਵਿਧਾਨ" ਅਨੁਸਾਰ ੧ਓ/ਓਅੰ ਨੂੰ ਜੱਗ, ਦਾਨ, ਤਪ ਕਿਰਿਆਵਾਂ ਵੇਲੇ ਸਾਰੇ ਉਚਾਰੋ ॥ 24॥ ਮੋਕਸ਼ ਇਛਾ ਵਾਲੇ ਜੱਗ, ਤਪ, ਦਾਨ ਅਨੇਕ ਕ੍ਰਿਯਾਵਾਂ ਫਲਾਂ ਇਛੁਕ "ਤਤ" ਪਦ ਉਚਾਰਣ ਕਰਣ॥ 25॥ ਹੇ ਅਰਜੁਨ, ਤੇ "ਸਾਧੁ, ਸ਼ੁਭ, ਸੁਕ੍ਰਿਤ ਧਰਮ ਕੰਮਾਂ ਲਈ "ਸਤਿ" ਪਦ ਉਚਾਰਣ ਕਰੇ, ਇਹ ਛੰਦ/ਵੇਦ ਨਿਰਧਾਰਤ ਨੇਮ ਹੈ॥ 26॥ ਜੱਗ, ਤਪ, ਦਾਨ ਵੇਲੇ "ਸਤਿ" ਪਦ ਕਹੋ। ਅਧਿਆਤਮ ਕਰਮ ਕਰਨ ਵੇਲੇ ਸਤਿ ਫਲ ਲਈ "ਸਤਿ" ਉਚਾਰਣ ਦਾ ਵਿਧਾਨ ਹੈ ॥ 27॥ ਜੋ ਅਸ੍ਰਧਾ ਨਾਲ ਦਾਨ, ਤਪਾਦਿ ਕਰਦੇ ਹਨ: ਅਸਤ(ਕਰਮ) ਕਮਾਂਦੇ ਹਨ, ਨਾ ਮਰਣ ਪਿਛੋਂ, ਨਾ ਹੁਣ(ਫਲਦਾਯਕ ਹਨ)॥ 18। 17॥[116]

ਅੰਤ 'ਚ ਸ਼੍ਰੀਗੁਰੂ ਗੋਬਿੰਦ ਸਿੰਘ ਜੀ ਨੇ ਸ਼੍ਰੀ ਗੁਰੂ ਨਾਨਕ ਦੇਵਜੀ ਅਕਾਲ ਪੁਰਖੁ ਪ੍ਰਦਾਨ "ਮੂਲ ਮੰਤ੍ਰ" ਪ੍ਰਾਰੰਭ ੧ਓ ਦੇ '1' ਦੀ ਹੋਰ ਮਹਤਾ ਸਾਫ ਸਪਸ਼ਟ ਇਸ ਤਰ੍ਹਾਂ ਲਿਖੀ:-

---

114. ਪਾਣਿਨੀਯ ਅਸ਼ਟ ਅਧਿਆਈ ਸੂਤ੍ਰ :੬।੩।੭੦॥ ਸੂਤ੍ਰ:/;॥੨।੩॥੫੧॥ ॥ वेद की प्रक्रिया: - २।३।६३॥; ॐ।२।७॥

115. ਸਾਮ ਵੇਦੀ ਛਾਂਦੋਗਜ ਉਪਨਿਸ਼ਦ"ਪ੍ਰਣਵ"=अथ खलु य उद्गीथ: स प्रणवो...।२।५।२॥ ਸ਼੍ਰੀਭਗਵਦ ਗੀਤਾ:੧ਓ ੨੩/੨੪ ਔ3ਮ੍ਰਤੁਸਤੱ-੨੮॥ पाणिनीय वेद की प्रक्रिया: - ॐ = प्रणवष्टे: ।२।७॥ ਆਦਿ॥ ਦੇ ਖ ਟਿੱਪਣੀਕਾਰਤਾ ਦਾ ਹਿੰਦੀ-ਸੰਸਕ੍ਰਿਤ ਛਪਿਆ ਲੇਖ:ਮੂਲ ਮੰਤ੍ਰ'ਚ ੧ਓ ਦਾ ਉਚਾਰਣ. ਸਪਤ ਸਿੰਧੁ ਮਾਸਿਕ ਸਪਟੈਂਬਰ 1865 ਭਾਸ਼ਾ ਵਿਭਾਗ, ਪੰਜਾਬ ਰਾਜ; ਪਟਿਆਲਾ ॥

116. ਸ਼੍ਰੀ ਭਗਵਦ-ਗੀਤਾ:17।23-27: "ॐ तत्सदिति निर्देशो ब्रह्मणस्त्रिविध: स्मृत:। ब्राह्मणास्तेन[२] वेदाश्च[३] यज्ञाश्च[३] विहिता: पुरा ॥२३॥ तस्मादोमि त्युदाहृत्य यज्ञ[१] दान[२] तप:[३] क्रिया। प्रवर्तन्ते विधानोक्ता: सततं ब्रह्मवादिनाम्॥२४॥ तदित्यनभिसन्धाय फलं यज्ञ ातप: क्रिया: दानक्रियाश्च विविधा: क्रियन्ते मोक्षकाङ्क्षिभि:॥२५॥ सद्भापे साधु[२] भावे च सदि[३] त्येतत्प्रयुज्यते। प्रशस्ते कर्मणि तथा सच्छब्द: पार्थ युज्यते॥२६॥ यज्ञे तपसि दाने च स्थिति: सदि[४]ति चोच्यते। कर्म चैव तदर्थीयं सदि[५]त्येवाभिधीयते॥२७॥ अश्रद्धाया हुतं दत्तं तपस्तप्तं कतञ्च यत। असदित्यच्यते पार्थ न च तत्प्रेत्य नो इह ॥२।१७॥"

Sri Satguru Jagjit Singh Ji eLibrary NamdhariElibrary@gmail.com

ਪ੍ਰਣਵੋ[151] ਆਦਿ ਏਕੰਕਾਰਾ। ਜਲ ਥਲ ਮਹੀਅਲਿ ਕੀਓ ਪਸਾਰਾ ॥ ਆਦਿ ਪੁਰਖੁ ਅਬਗਤਿ ਅਬਨਾਸੀ। ਲੋਕ ਚਤੁਰਦਸ ਜੋਤਿ ਪ੍ਰਕਾਸ਼ੀ॥ 1 ॥[117] ਅਰਥਾਤ:-ਸਗੁਣ ਤ੍ਰਿਗੁਣਾਤਮਕ ਬ੍ਰਹਮ ਪ੍ਰਣਵ ਓ ਤ੍ਰਿਭਵਣ ਸਾਰੁ ਹੈ ਉਸ ਤੋਂ ਵੀ ਪਹਿਲਾਂ ਨਿਰਗੁਣ ਬ੍ਰਹਮ '1'=ਏਕੰਕਾਰ ਬੀਜਮੰਤ੍ਰ ਹੈ, ਜੋ ਪਹਿਲਾਂ ਪੰਚਮ ਸ਼੍ਰੀ ਗੁਰੂ ਅਰਜੁਨ ਦੇਵਜੀ ਨੇ '1' ਦੇ ਅਰਥ > ਤੋਂ ਭਿੰਨ ਅਰਥ ਇਸ ਤਰ੍ਹਾਂ ਦਸੇ ਹਨ:-

ਓਅੰਕਾਰਿ ਉਤਪਾਤੀ॥ ਕੀਆ ਦਿਨਸੁ ਸਭ ਰਾਤੀ॥ ਵਣੁ ਤ੍ਰਿਣੁ ਤ੍ਰਿਭਵਣ ਪਾਣੀ॥ ਚਾਰਿ ਬੇਦ ਚਾਰੇ ਖਾਣੀ॥ ਖੰਡ ਦੀਪ ਸਭਿ ਲੋਆ॥ ਏਕ ਕਵਾਵੈਤੇ ਸਭਿ ਹੋਆ॥ 1॥ ਕਰਣੈਹਾਰਾ,ਬੂਝਹੁ ਰੇ॥ ਸਤਿਗੁਰੁ ਮਿਲੈ: ਤ ਸੂਝੈ ਰੇ॥ 1॥ ਰਹਾਉ॥ ਤ੍ਰੈ-ਗੁਣ ਕੀਆ ਪਸਾਰਾ॥

ਬ੍ਰਹਮਾ ਬਿਸਨੁ ਮਹੇਸੁ ਵੀਚਾਰੀ॥ ਤ੍ਰੈ-ਗੁਣ ਬਧਕ: ਮੁਕਤਿ ਨਿਰਾਰੀ॥ ਗੁਰਮੁਖਿ ਗਿਆਨੁ ਏਕੋ ਹੈ ਜਾਤਾ, ਅਨਦਿਨੁ ਨਾਮੁ ਰਵੀਜੈ ਹੇ॥ 13॥

ਏਹ '1' ਸ਼੍ਰੀ ਵਿਸ਼੍ਵਗੁਰੂ ਨਾਨਕ-ਸ਼੍ਰੀ ਜਗਤਗੁਰੂ ਗੋਬਿੰਦ ਸਿੰਘ ਜੀ ਸਮਗ੍ਰ ਦਰਸ਼ਨ ਸਿਧਾਂਤ ਮੂਲ ਅਧਾਰ ਹੈ। ਇਸ ਕਰਕੇ ਸ਼੍ਰੀ ਵਿਸ਼੍ਵਗੁਰੂ ਅਰਜੁਨ ਦੇਵ ਜੀ ਨੇ ਆਪਣੀ ਰਚੀ(ਆਦਿ ਸ਼੍ਰੀਗੁਰੂ ਗ੍ਰੰਥ ਸਾਹਿਬ) "ਪੋਥੀ ਪਰਮੇਸਰ ਕਾ ਥਾਨੁ"[ਬ.118] ਸ਼ਾਸ਼ਤ੍ਰੀ-ਕਰਣ ਆਰੰਭ ਪ੍ਰਕ੍ਰਿਆ ਲਿਖਾਣ ਵੇਲੇ ਆਪ ਨੇ: ਏਕੰਕਾਰੁ ਇਕਾਂਗ ਲਿਖਿ, ਊੜਾ ਓਅੰਕਾਰੁ (ਭਾ.ਗੁਰਦਾਸ ਜੀ ਤੋਂ) ਲਿਖਾਇਆ, ਸ਼ਹਾਦਤ ਨਿਜਿਤ ਭਾਈ ਗੁਰਦਾਸ ਜੀ ਨੇ ਆਪ ਲਿਖੀ॥ ਇਸ ਅਟੂਟ ਜੁਗੋਜੁਗ ਪਰੰਪਰਾ ਅਧਾਰ ਤੇ ਪੂਰੇ ਖੁਲਾਸੇ ਨਾਲ ਗੁਰਗਮ ਰੀਤ ਪੂਰੀ ਪ੍ਰਕ੍ਰਿਆ ਐਥੇ ਲਿਖਣੀ ਬਣਦੀ ਹੈ। ਉਸੇ ਘਟ-ਵਧ ਅਧਾਰ ਤੇ ਸਾਰੇ ਪੁਰਾਣੇ ਟੀਕੇ ਲਿਖੇ ਸਨ। ਧਿਆਨ ਰਹੇ, ਅਟੂਟ ਕਲਿਜੁਗ 'ਚ ਗੁਰੁਗਮ ਟਕਸਾਲ ਅਨੁਸਾਰ "ਪੜ੍ਹਨ, ਸੁਨਣ, ਮਨਨ, ਗੁਣਨ" ਨਾਲ ਸ਼ਸ਼ਤ੍ਰਕ੍ਰਿਤ ਗੁਰੁਬਾਣੀ ਪੁਰਾਣੇ ਤੇ ਸਮ ਕਾਲੀ ਭਗਤ ਗਿਆਨੀਆਂ ਜੀਵਨ ਭਰ, ਐਸੇ ਟੀਕੇ- ਟਿੱਪਣੀ ਸੰਗ੍ਰਹ ਗ੍ਰੰਥ ਪਿੱਛੋਂ ਕਦੀ ਪਾਠਕਾਂ ਨੂੰ ਤਿੰਨੋਂ ਪ੍ਰਮਾਣ, ਪ੍ਰਮੇਯ,ਵਿਪਰਜੈ ਸੰਸ਼ੈ ਦੋਸ਼ਾਂ ਦੇ ਅੰਦੇਸ਼ੇ ਨਹੀਂ ਰਹਿਣੇ॥ ਇਸ ਪ੍ਰਕਿਰਿਆ ਦਾ ਮੁਖ ਪ੍ਰਮਾਣ ਸ਼੍ਰੀਵਿਸ਼੍ਵਗੁਰੂ ਅਰਜੁਨ ਦੇਵਜੀ ਆਪ ਦਰਸ਼ਨ ਪਰਿਭਾਸ਼ਾ ਸਿਖਾਈ॥

ਪੂਰੀ ਸ਼੍ਰੀ ਗੁਰੁਬਾਣੀ ਆਧਾਰ ਪ੍ਰਭਾਖਾ ਸ੍ਰੀ ਗੁਰੁਬਾਣੀ ਪ੍ਰਮਾਣ

ਮ:5:- ਹੈ ਨਾਹੀ ਕੋਊ ਬੂਝਨ ਹਾਰੋ, ਜਾਨੈ ਕਵਨੁ ਭਤਾ? ਸਿਵ, ਬਿਰੰਚਿ ਅਰੁ ਸਗਲ ਮੋਨਿ ਜਨ, ਗਹਿ ਨ ਸਕਾਹਿ ਗਤਾ॥ 1॥ ਪ੍ਰਭਕੀ ਅਗਮ, ਅਗਾਧਿ ਕਥਾ॥ ਸੁਨੀਐ ਅਵਰ ਅਵਰ ਬਿਧਿ ਬੁਝੀਐ, ਬਕਨ, ਕਥਨ, ਰਹਤਾ॥ ਰਹਾਉ॥ ਆਪੇ ਭਗਤਾ, ਆਪਿ ਸੁਆਮੀ, ਆਪਨ ਸੰਗਿ ਰਤਾ॥ ਨਾਨਕ ਕੋ ਪ੍ਰਭੁ ਪੂਰਿ ਰਹਿਓ ਹੈ, ਪੇਖਿਓ

---

117. ਦਸ਼ਮ ਸ਼੍ਰੀ ਗੁਰੁਜੀਦਾ ਗ੍ਰੰਥ.ਜਾਪੁ.128; 167; ਓ.ਅਕਾਲ ਉਸਤੁਤ:1 ;ਹੋਰ ਦੇਖੋ ਚੌਬੀਸ ਅਵਤਾਰ: 30-; ਆਦਿ॥

118. ਪ੍ਰਨੂ,ਓ.ਪੰ.੧੦੦੩:੧੭-੧੯;ਅ. ਪੰ.੧੨੨੬:3॥ ਭਾਈ ਗੁਰਦਾਸ ਵਾਰ:੩।੧੫।੧-੨॥ ; ੨੨।੧।੧-੩॥ ; ੨੬।੨।੨-੩॥ ;੩੯।੧।੨,ਆਦਿ

Sri Satguru Jagjit Singh Ji eLibrary NamdhariElibrary@gmail.com

ਜੜੁ ਕਤਾ ॥ ੯.119

ਭਾਵਰਥ:-ਐਸਾ ਕੋਈ(ਵਿਰਲਾ) ਸੰਸਾਰ 'ਚ ਹੈ,ਜੋ ਦਸ ਸਕੇ ੧ਓ ਦਾ ਭੇਦ (ਤਤੁ-ਅਰਥ) ਕਿਵੇਂ ਬੁਝਿਆ ਜਾਵੇ?(ਸ਼੍ਰੀਗੁਰੂਜੀ ਸੰਕੇਤ ਹੈ: ਵਾਚ/ਸ਼ਕਤੀ ਦ੍ਵਿਤੀ ਅਰਥ ਰਾਹੀਂ(ਪਹਿਲੇ ਮਹਾਪੁਰਖ) ਸ਼ਿਵ, ਬ੍ਰਹਮਾ, ਮੁਨੀ (ਗਿਆਂਨੀ ਭਗਤ) ਐਸਾ(ਤਤੁ-ਗਿਆਨ) ਨਿਸ਼ਾਨਾ ਪ੍ਰਾਪਤ(ਲੱਖ) ਨਹੀਂ ਕਰ ਸਕੇ (ਸਾਡੇ ਜੈਸੇ ਸਰੀਖੇ ਕੀ ਦਸਨਗੇ?)॥ ਪ੍ਰਭੂ (੧ਓ ਅਕਾਲ ਪੁਰਖ) ਦੀ ਸੀਮਾ (ਦੇਸ,ਕਾਲ,ਵਸਤੂ ਆਦੀ) ਬਾਹਰ ਕਥਨ(ਕੇਵਲ ਲਖਣਾ ਦ੍ਵਿਤੀ ਗਿਆਨ ਅਕਥ-ਕਥਾ ਰਾਹੀਂ ਤੱਤ) ਬੁਝਿਆ ਜਾ ਸਕਦਾ ਹੈ ॥ (ਕਿਵੇਂ?) ਬੁਧੀਮਾਨ (ਅਕਲ ਵਾਲੇ) ਸ਼ਲਾਘਾ ਹੋਰੁ ਤਰ੍ਹਾਂ (ਵਾਚ ਅਰਥ) ਸੁਣਦੇ ਹਨ। ਹੋਰ(ਲੱਖਣ ਅਰਥ) ਵਿੱਧੀ (ਪਰਿਭਾਸ਼ਾ ਰਾਹੀਂ) ਬੁਝਾਂਦੇ ਹਨ॥

ਕਾਰਣ ਇਹ ਹੈ ਕਿ, ਪ੍ਰਭੂ ੧ਓ ਦਾ ਸਿਧਾ/ਸ਼ਿਕਤ ਅਰਥ) ਬੋਲਨ (ਕਥਨ) ਰਹਿਤ (ਪਰੇ) ਹੈ ॥ ਰਹਾਉ (ਟੇਕ/ ਧਰੁਵ)॥ ਸ਼੍ਰੀ ਗੁਰਗਮ: ਦ੍ਰਿਸ਼ਟਾਂਤ ਜੌਹਰੀ ਰਤਨ ਪਰੀਖਿਆ ਦੀ ਪ੍ਰਭਾਸ਼ਾ ਰਾਹੀਂ ਸਮਝਾਂ ਏਹ ਹਨ:-

੧ਓ ਅਕਾਲ ਪੁਰਖ ਬਿਨਾ ਹੋਰ ਕੁਛ ਹੈ ਹੀ ਨਹੀ॥ ੧ਓ ਆਪੇ (ਸਾਧੂ, ਹਿਤੈਸ਼ੀ, ਸੰਤ, ਆਚਾਰਜ, ਭਗਤ, ਸਿੱਖ ਹੈ, ਆਪੇ ਸੁਆਮੀ (ਇਸਟ-ਦੇਵ, ਵਾਹਿਗੁਰੂ) ਹੈ, ਆਪ ਵਿਆਪਕ/ਵਿਭੂ: ਦੇਸ਼, ਕਾਲ, ਵਸਤੂ ਅਭੇਦ ਅੱਛੇਦ ਸਦਾ ਸਾਰੇਆਂ 'ਚ, ਨਾਲ: ਅਲੰਕਾਰ ਮਿਲਿ ਥੈਲੀ (Lump) ਹੋਈ ਹੈ ਤਾਤੇ ਕਨਿਕ ਵਖਾਨੀ ਤਰ੍ਹਾਂ ਹੈ॥ ਐਸਾ ੧ਓ ਲੱਖਣਾਂ ਦਾ

---

119. ਪੁਨ੍ਹ:ਓ.ਪੰ.੪੯੩:੧੬.ਦ੍ਰਿਸ਼ਟਾਂਤ"ਕਹਿ ਕਬੀਰ ਹੀਰਾਅਸ ਦੇਖਿਓ ਜਗਮਹ ਰਹਾ ਸਮਾਈ॥ ਗੁਪਤਾ ਹੀਰਾ ਪ੍ਰਗਟ ਭਇਓ ਜਬ,ਗੁਰਗਮ ਦੀਆ ਦਿਖਾਈ" ਅ.ਪੰ. ੪੯੯ ਸਤਰ ੭॥ ਭਗਵਤਗੀਤਾ:੨ "आश्चर्यवत्पश्यति कश्चिदेनमाश्चर्यवद्वदति तथैव चान्य।आश्चर्यवच्चैनमन्य:शृणोति श्रुत्वाप्येनं वेद न चैव कश्चित्॥२१"

ਏ. ਨੋਟ ੧: ਪੁਨ੍ਹ.ਪੰ.੪੯:੭.ਲੱਖਣਾ:-ਓ.ਜਹਿਤੀ,ਅ.ਅਜਹਿਤੀ,ਏ.ਭਾਗ-ਤਿਆਗ, ਸ.ਏਕਤ੍ਵ(1)= '1' ਦਰਸ਼ਨ ਸਿਧਾਂਤਹੈ (Pantheism).

ਏ,ਨੋਟ ੨:ਭਾਰਤੀ"ਪਦ ਗ੍ਰੰਥਾਂ"ਪਰੰਪਰਾ ਵਿੱਚ ਕਬੀਰ ਬੀਜਕ,ਸੂਰ ਸ਼ਾਗਰ,ਤੁਲਸੀ,ਮੀਰਾ ਆਦਿ ਅਨੇਕ ਭਗਤਾਂਦੇ"ਕੱਵ ਗ੍ਰੰਥਾਂ'ਚ"ਕੀਰਤਨਕਾਰਾਂ ਲਈਂ ਸੰਗੀਤ 'ਟੇਕ' ਪੁਰਾਣੇ ਧ੍ਰੁਵਪਦ ਵਿਧੀ ਸੰਸਕ੍ਰਿਤ, ਸਹਸ-ਕ੍ਰਿਤ, ਪ੍ਰਾਂਕ੍ਰਿਤਦੇ ਭਿੰਨ ਭਿੰਨ ਪ੍ਰਾਂਤੀ ਭਾਸ਼ਾ ਭੰਡਾਰ'ਚ ਲੋਕ ਪ੍ਰਸਿੱਧ ਹਨ ॥ ਉਹੀ ਪ੍ਰਿਥਾ ਸ਼੍ਰੀਗੁਰੁਬਾਣੀਦੀ ਵੀ ਅਟੂਟ ਰੀਤਿ ਰਹੀ॥ ਧਿਆਨ ਰਹੇ:"ਟੇਕ/ ਰਹਾਂਓ"ਸਾਰੇ ਧ੍ਰੁਵਪਦਾਂ/ਸ਼ਬਦਾਂ'ਚ ਨਹੀ॥ ਬਿਨਾਂ"ਰਾਗ"ਲਿਖੀ ਬਾਣੀਆਂ"ਜਪੁ',ਸਹਸਕ੍ਰਿਤੀ ਸਲੋਕ ਵਾਰਾਂਤੇ ਵਧੀਕ ਆਦਿ ਨਿਰੋਲ ਕੱਵ ਹਨ। ਰਾਗਾਂ ਦੀਆਂ ਬਾਣੀਆਂ ਨਾਲ ਮਿਲਾਕੇ ਮੰਗਲ ਰੂਪ ਪ੍ਰਯੋਗ ਹੁੰਦੇ ਰਹੇ ਹਨ॥ ਗੁਰੁਸਿਖੀ ਗੁਰਗਮ ਟਕਸਾਲੀ ਰੀਤ ਬਿਨਾ:ਬਹੁਤੇ"ਮਨ ਘੜਤ"ਰਹਾਉ"ਅਪ੍ਰਿਯੁਕਤ ਵਰਤਦੇ ਹਨ। ਉਦਾਹਰਣ:੧.ਸਾਰੇ"ਰਹਾਉ"ਉਸੇ ਬਾਣੀਦੇ ਕੇਂਦ੍ਰੀ ਅਰਥੀ ਨਹੀਂ, ਜਿਵੇਂ:੧.ਸ਼੍ਰੀ ਵਿਸ਼ੁਗੁਰੁ ਨਾਨਕਜੀਦਾ ਸ਼ਬਦ"ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ" 'ਚ ਰਹਾਉ ਨਹੀ! ਟਕਸਾਲੀ ਅਰਥ ਕਿਥੋਂ ਸ਼ੁਰੁ ਹੈ? ੨.ਰਾਮਕਲੀ"ਅਨੰਦ ਸਾਹਿਬ"ਰਹਾਉ ਨਹੀ॥ ੩.ਸੁਖਮਨੀ ਸਾਹਿਬ,ਤੇ ਆਸਾਦੀ ਵਾਰ'ਚ ਇੱਕ ਰਹਾਉ ਹੈ! ਕੀ ਸਾਰੀਆਂ ੨੪ ਅਸਟਪਦੀਆਂ,ਜਾਂ ੨੪ ਵਾਰ ਪਉੜੀਆਂ ਕੇਂਦ੍ਰ ਅਰਥੀ ਹਨ? ੪. ਕਈ ਸ਼ਬਦਾਂ 'ਚ ਦੋ,ਤਿਨ, ਚਾਰ,ਪੰਜ, ਰਹਾਉ ਵੀ ਹਨ॥ ੫. ਭਗਤ ਜੈਦੇਵ:ਪੰ:੫੨੬="ਪਰਮਾਦਿ ਪੁਰਖ ਮਨੋਪਿਮੰ ਸਤਿ ਆਦਿ ਭਾਵ ਰਤੰ...॥੧॥...॥੧॥ ਰਹਾਉ॥ ਪਿਛੋਂ ਅਰਥ"ਇਛਸਿ ਜਮਾਦਿ ਪਰਾਭਯੰ;ਜਸੁ ਸ੍ਰੁਸਤਿ ਸੁਕ੍ਰਿਤ ਕ੍ਰਿਤੰ..."ਤੋਂ ਚਲਦਾਹੈ ॥ ਬਿਨਾ ਗੁਰਗਮ ਟਕਸਾਲ ਸ਼ੁਰੂ ਸਿੱਖਣ ਆਧਾਰ ਪਾਠਕ,ਤਾਂਹੀ ਸ਼੍ਰੀਗੁਰਬਾਣੀ ਅਰਥ ਠੀਕ ਸਮਝ ਸਕਣਗੇ॥

Sri Satguru Jagjit Singh Ji eLibrary NamdhariElibrary@gmail.com

ਸ਼ੀਵਿਸ਼ੂਗੁਰੂ ਨਾਨਕ ਦੇਵਜੀ ਦਾ ਪੂਰਾਪ੍ਰਭੂ (ਵਿਆਪਕ ਸੰਸਾਰ: ਸਮੁੰਦ ਪਾਣੀ 'ਚ ਬੂੰਦਾਂ ਤਰ੍ਹਾਂ) ਜਿਥੇ ਦੇਖੋ, ਉਥੇਹੀ (ਵਿਵਰਤ ਵਾਦ ਦ੍ਰਿਸ਼ਟਾਂਤ), ਮ੍ਰਿਗਤ੍ਰਿਸ਼ਨਾ-ਜਲ ਮਰੂਭੂਮੀ ਤੱਤ ਸਮਝਣ ਰਾਹੀਂ ਸਿਧਾਂਤ ਸਮਝਾਇਆ ਜਾਂਦਾ ਹੈ॥ ਸ਼ੀ ਗੁਰੂਜੀਆਂ ਵੇਲੇ ਕੇਵਲ ਦੋਨੋਂ ਵੇਦ-ਕਤੇਬ ਸ਼ਾਸਤ੍ਰ ਅਧਾਰ ਸਨ॥ ਵੇਦ-ਕਤੇਬ ਦੋਨੋਂ ਸ਼ੁਧਾਲੂਆਂ ਨੂੰ ਆਪਣੇ ਸ਼ਾਸਤ੍ਰਾਂ ਦੇ ਪਰਥਾਇਆਂ ਅਨੁਸਾਰ ਠੀਕ ਪਰਮਲੱਖ ਸਮਝਾਏ॥

ਸ਼੍ਰੀ ਵਿਸ਼ੂਗੁਰੂ ਨਾਨਕ ਦੇਵ ਜੀ ਦੀ ਸਿਖਿਆ ਲਕਸ਼ ਤੇ ਨਿਸਕਰਸ਼

ਪ੍ਰਾਰੰਭ ਵਿੱਚ ਐਥੇ ਲਾਜ਼ਮੀ ਹੈ ਕਿ ਪਾਠਕ ਸਾਵਧਾਨ ਰਹਿਣ: ਐਥੇ ਤਕ ਉਨ੍ਹਾਂ ਦੇ ਮਨਾਂ ਵਿੱਚ ਅਨੇਕ ਸੰਸ਼ੈ ਵਿਪਰਜੈ ਦੋਸ਼ ਉਸ ਸਮੇ ਤਕ ਜ਼ਰੂਰੀ ਰਹਿਣਗੇ ਜਦ ਤਕ ਉਨ੍ਹਾਂ ਨੂੰ ਪੂਰੀ ਦਰਸ਼ਨ ਪਰਿਭਾਸ਼ਾ(Hermeneutics) ਪ੍ਰਾਪਤ ਨਹੀਂ ਹੰਦੀ॥ ਜਿਸ ਕਾਰਣ ਪੁਨ੍ਹ '1' ਦਾ ਅਧਾਰ ਸਿਧਾਂਤ ਸ਼੍ਰੀ ਗੁਰੁਬਾਣੀ ਦਰਸ਼ਨ ਵਿੱਚ ਸਾਫ਼ ਆਦਿ ਸ਼੍ਰੀ ਵਿਸ਼ੂ ਗੁਰੂ ਨਾਨਕ ਦੇਵ ਜੀ ਆਪ ਲਿਖਿਆ ਹੈ:-

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥ ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ॥ ...ਨਾਨਕ:ਏਕੁ ਸਮਾਈ॥ 5"

ੴ ਦੇ '1' ਮੁਕਾਬਲੇ ਪਰਿਭਾਸਿਕ ਦੂਜਾ ਭਾਉ ਲੱਖਣ ਫਰਕ ਸ਼੍ਰੀ ਵਿਸ਼ੂਗੁਰੂ ਨਾਨਕ ਦੇਵ ਜੀ ਆਪਿ ਹੀ '1 ਸਤਿ' ਦੀ ਪ੍ਰੋੜ੍ਹਤਾ ਦੇ ਸ਼ਬਦਾਂ ਰਹੀਂ ਸਾਨੂੰ ਉਪਦੇਸ਼ਦੇ ਹਨ, ਜਥਾ:

ਸਲੋਕ ਮ: 1॥ ਧੰਨੁ ਸੁ ਕਾਗਦੁ , ਕਲਮ ਧੰਨੁ; ਧਨੁ ਭਾਂਡਾ, ਧਨੁ ਮਸੁ ॥
ਧਨੁ ਲੇਖਾਰੀ, ਨਾਨਕਾ: ਜਿਨਿ ਨਾਮੁ ਲਿਖਾਇਆ ਸਚੁ॥ 1॥
ਮ:1 ॥ ਆਪੇ ਪਟੀ, ਕਲਮ ਆਪਿ, ਉਪਰਿ ਲੇਖੁ-ਭਿ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ 2॥

ਉਪੋਦਘਾਤ (Introduction)[120]

ਸ਼੍ਰੀ ਗੁਰੁਬਾਣੀ ਗੁਰਗਮ ਟਕਸਾਲੀ ਪਰਿਭਾਸ਼ਾ

ਪੁਰਾਣੇ ਭਾਰਤ ਸੰਸਕ੍ਰਿਤੀ ਅਧਾਰੀ ਸ਼੍ਰੀਗੁਰੁਬਾਣੀ ਅਟੁਟ ਟਕਸਾਲੀ ਅਰਥ

ਸ਼੍ਰੀ ਗੁਰੂਜੀਆਂ ਦੇ ਅਨੇਕ ਬਚਨ ਸ਼੍ਰੀ ਗੁਰੁ ਬਾਣੀ ਦੇ ਬ੍ਰਹਮ ਗਿਆਨ ਦੀ ਦੁਰਲਭਤਾ ਬਾਰੇ ਹਨ :-

ਮ:5 ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ; ਮ:9"ਜਨ ਨਾਨਕ ਕੋਟਨਮੈ ਕਿਨਹੂ,ਗੁਰਮੁਖਿ ਹੋਇ ਪਛਾਨਾ॥

ਗੁਰੁਸਿੱਖ ਧਰਮ ਹੈ ਕੇਵਲ ਮੁੱਖ 'ਤੱਤ' ਸ਼੍ਰੀਗੁਰੂ ਸਿਧਾਂਤ ਸ਼੍ਰੀ ਜਗਦਗੁਰੂ ਨਾਨਕ ਦੇਵ ਜੀ ਦਾ ਐਸੇ ਹੈ:-

120. ਉਪੋਦਘਾਤ(ਉਪੋਦ'ਘਾਤ)ਲਕਸ਼ਣ:-ਪੁਰਾਣੇ ਧਰਮ ਗ੍ਰੰਥ ਭਾਸ਼/ਟੀਕਾਦੇ ਪ੍ਰਾਰੰਭ'ਚ ਹੁੰਦਾ ਹੈ,ਤੇ ਮੰਤਵਜ ਮਨ 'ਚ ਰਖੇ 10+ਭਾਓ ਵਰਣਨ ਹੈ:ਜਿਵੇਂ:- ਕਿਸੀ ਹੋਰ ਘਰੋਂ ਲਸੀ ਲੈਂਣ ਉਸ ਘਰ ਵਾਲੇ ਨੂੰ ਮਨ;'ਚ ਆੜ ਰਖਕੇ ਪਛਿਆ:-"ਥੋਡੀ ਗਉ ਦੁਧ ਦਿੰਦੀ ਹੈ?", ਆਦਿ ॥

Sri Satguru Jagjit Singh Ji eLibrary NamdhariElibrary@gmail.com

ਮ:1 ਸੁਣਿ ਪੰਡਿਤ! ਕਰਮਾ ਕਾਰੀ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ॥

ਮ:9 ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿਕਾ ਕਰੁਰੇ॥ ਨਾਨਕ ਕਹਤ ਗਾਇ ਕਰੁਨਾਮੈ ਭਵ ਸਾਗਰਕੈ ਪਾਰਿ ਉਤਰੁ ਰੇ॥

ਮ:1 ਨਿਹਫਲੰ ਤਸ੍ਯ ਜਨਮਸ੍ਯ ਜਾਵਦ ਬ੍ਰਹਮ ਨ ਬਿੰਦਤੇ॥

ਅਧਿਆਤਮ ਬ੍ਰਹਮ ਵਿਦਿਆ ਬਿਨਾਂ ਜਾਣੇ ਨਵੇਂ ਪੰਜਾਬੀ ਲੋਕ ਸਾਹਿਤ (Modern *Panjabi* Seculer Literature) ਦੇ ਛੇ ਪਰਚੇ ਗਿਆਨੀ 'ਚ ਜੋ ਹਨ(ਪਹਿਲਾ ਪਰਚਾ ਸਰਸਰੀ ਗੁਰਬਾਣੀ ਨਾਮਮਾਤ੍ਰ ਦਾ ਹੈ) ਗਿਆਨੀ ਦਰਅਸਲ ਨਵੇਂ ਪੰਜਾਬੀ ਸਾਹਿਤ ਦੀ ਬੀ. ਏ. ਯੂਨੀਵਰਸਿਟੀ ਪ੍ਰਾਪਤ ਸੰਨਦ ਹੈ॥ ਅਚਰਜ ਹੈ--ਨਾ ਗੁਰਬਾਣੀ, ਨਾ ਪੁਰਾਣਾ ਕੋਈ ਭਾਰਤੀ ਧਰਮ ਸਾਹਿਤ ਵੇਰਵਾ ਤਕ ਨਹੀ: ਬਲਕਿ ਓਹ ਗੁਰੂਬਾਣੀ ਸੰਕੇਤਿਤ ਐਸੀ ਅਵਸਥਾ ਹੈ, ਜਥਾ:

ਕਲਿਮਹਿ ਬੇਦੁ ਅਥਰਬਣੁ ਹੂਆ, ਨਾਉ ਖੁਦਾਈ ਅਲਹੁ ਭਇਆ॥ ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥ ਚਾਰੇ ਵੇਦ ਹੋਏ ਸਚਿਆਰ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ॥ ਭਉ ਭਗਤਿ ਕਰਿ ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥

ਪੁਰਾਣੇ ਭਾਰਤੀ ਭਾਰਗਵੀ ਅਥਰਵ ਵੇਦੀ ਗ਼ੁਬੇਰ(ਮਹਾਭਾਂਰਤ ਸੰਕੇਤ ਮੁਨੀ ਜ਼ੋਰਸਥਰਾ ਪਿਛੇ ਸੂਫੀ: ਅਲਹਲਾਜ, ਸ਼ਮਸ ਤਬਰੀਜ਼, ਜਲਾਲੁੱਦੀਨ ਰੂਮੀ ਆਦਿ ਪਾਰਸ-ਅਫਗਾਨ ਗ਼ੁਬੇਰ ਧਰਮ, ਤਰਕ ਵਿਦਵਾਨਾਂ ਦਾ ਤਾਂ ਨਾਹੀਂ ਪਰ ਪਛਮੀ ਯੂਨਾਨੀ ਫਿਲੋਸਫੀ (Indo(*Skt*)Greec Philosophy), ਅਧਾਰ ਇਸਲਾਮੀ (ਸੁਕਰਾਤ ਸਿੱਖ, ਦਸਮ ਗੁਰੂਜੀ ਸੰਕੇਤ ਅਰਸਤੂ, ਅਫਲਾਤੂਨ...) ਦਾ ਸੰਖੇਪ ਪੱਛਮੀ ਇਲਮ ਪਿਛੋਕੜ ਬਹੁਤ ਹੀ ਮਮੂਲੀ ਅੰਗ੍ਰੇਜ਼ੀ ਪੜ੍ਹੇ ਦਾ ਇਲਮ ਸ਼ਾਯਦ ਕੁਛ ਹੋਵੇ! ਉਸ ਸਮੇ ਪ੍ਰਤੱਖ ਸੀ, ਨਵੇ ਮਾਨਪਾਤ੍ਰ ਗਿਆਨੀਆਂ ਨੂੰ ਲੈਣਾ ਸੀ; ਪਰ ਪੁਰਾਣੇ ਜੁੜੇ ਅੱਖਰਾਂ ਦੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਬੀੜਾਂ ਅਤੇ ਹੋਰ ਧਰਮ ਗ੍ਰੰਥ ਪੜ੍ਹਨੇ ਔਖੇ ਸਨ: ਸਮਝਣੇ ਤਾਂ ਦੂਰ ਰਹੇ, ਬਾਕੀ ਬੀਤ ਚੁਕਾ ਇਤਿਹਾਸ ਹੈ॥

ਧਰਮ ਵਿਭਾਗ ਥਾਪਨ ਹੋਣ ਕਾਰਣ ਨਵੇ ਸਿਖ ਵਿਦਵਾਨਾਂ ਵਿਚ 1970 ਵੇਲੇ ਤੋਂ ਸ਼੍ਰੀ ਗੁਰੁਬਾਣੀ ਦੇ ਉਤਮ-ਤਮ ੧ਓ ਆਦਿ ਬਿਨਾ ਕਰਮ, ਭਗਤੀ, ਗਿਆਨ ਅਨੇਕ ਵਿਸ਼ੇ ਪਰਥਾਏਆਂ ਦੇ ਸ਼੍ਰੀਗੁਰੁਬਾਣੀ ਅਰਥ ਬਾਰੇ ਬਹੁਤ ਅੰਦੇਸ਼ੇ ਰਹਿੰਦੇ ਹਨ: ਮਹਾਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ...; ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ

ਅਤਿ ਸੰਖੇਪ ਗੁਰੁਬਾਣੀ ਮੂਲ ਸਿਧਾਂਤ ਪਰਿਭਾਸ਼ਾ ਵਿਧਾਨ

ਅਸਲ ਸਿਧਾਂਤ 'ਚ '1' ਅਤੇ ਦੂਜੇ ਭਾਉ ਸ਼੍ਰੀ ਗੁਰਦਰਸ਼ਨ ਦੋਨਾਂ ਦਾ ਆਪਸ ਵਿੱਚ ਤਾਰਕ ਸਿੱਧ ਪਰਿਭਾਸ਼ਿਕ ਫਰਕ ਨਵੇਂ ਉਲਥਾਕਾਰ ਨੂੰ ਬਿਲਕੁਲ ਕੋਈ ਫਿਲਾਸਫੀ ਦੇ ਫਰਕ ਦੀ ਪ੍ਰਤੀਤ ਭੇਦ ਨਹੀਂ, ਇਸੀ ਕਰਕੇ ਠੀਕ ਅਰਥ ਨਹੀਂ ਦਿਖਦੇ; ਬਾਕੀ ਆਮ ਗੁਰਸਿਖ ਤੇ ਪ੍ਰੇਮੀਆਂ ਦੀ ਗੱਲ ਕੀ ਕਹੀਏ? ਸਾਰੇ ਜਾਣਦੇ ਹਨ, ਇਹ ਸਰਵ ਭੌਮ(ਦੁਨੀਆ) ਪ੍ਰਤੱਖ ਪ੍ਰਸਿਧ ਨੇਮ ਹੈ, ਹਰੇਕ ਵਿਦਿਆ, ਕਲਾ ਕੌਸ਼ਲ ਬਿਨਾ ਉਨ੍ਹਾਂ ਵਿਦਿਯਾਵਾਂ ਦੇ ਠੀਕ ਚਿੰਨ੍ਹ, ਸੰਗਿਆ, ਵਿਧੀ-ਨਿਖੇਦ ਅਦਿ ਵਿਧਾਨ ਜਾਣੇ ਬਿਨਾ ਕੋਈ ਵਿਦਿਆ ਸਿਖੀ, ਜਾਣੀ ਨਹੀਂ ਜਾਂਦੀ ॥

---

121. ਸ਼੍ਰੀਗੁਗ੍ਰੰਜੀ.ਓ.ਪੰ.੪੯੦:੭-੯ । ਅ.ਪੰ.੭੫੫:੯। ਏ.ਪੰ.੬੪੭:੧ ; ੪੭੦:੧੬; ੯੭੬:੧੬ ॥ ਆਦਿ ॥

Sri Satguru Jagjit Singh Ji eLibrary NamdhariElibrary@gmail.com

ਜਥਾ ਅੰਕ 1-9 ਤੇ 0 ਦਾ ਗਿਆਨ 0, 1, 2, 3, 4, 5, 6, 7, 8, 9, ਅੰਕਾਂ ਦੇ ਜੋੜ, ਮਨਫੀ, ਗੁਣਾ, ਭਾਗ ਕ੍ਰਿਯਾ ਆਦਿ ਨਹੀ ਸਿਖਦੇ, ਤਾਂ ਵਿਦਿਆ ਗਿਆਨ ਅਤੇ ਅਮਲੀ ਜਾਮੇ ਦੀ ਪ੍ਰਾਪਤੀ ਅਸੰਭਵ ਹੈ॥ ਇਸੇ ਕਾਰਣ ਸ਼੍ਰੀਗੁਰੁ ਬਾਣੀ ਵਿੱਚ ਤਿਥੀ, ਵਾਰ ਲਿਖੇ ਹਨ॥

ਭਾਰਤ ਦ੍ਵੀਪ ਦੇ ਵੇਦ ਦੀ ਦੇਵ ਨਾਗਰੀ ਲਿਪੀ ਅਧਾਰ ਅਨੇਕ ਦੇਸੀ(ਪ੍ਰਾਂਤੀ) ਭਾਖਾਵਾਂ ਸੰਬੰਧੀ ਲਿਪੀਆਂ ਲੇਖ ਸਮਗ੍ਰੀਆਂ: ਪਤ੍ਰ, ਸਿਆਹੀ, ਕਲਮ ਆਦਿ ਦੇ ਭੇਦ ਆਵਿਰਭਾਵ ਹੋਣ ਦੇ ਸੰਕੇਤ ਸ਼੍ਰੀਗੁਰਬਾਣੀ ਵਿੱਚ ਹਨ:- ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥ ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥

ਅਨਾਦਿ ਕਾਲ ਤੋਂ ਉਤ੍ਰ ਭਾਰਤ ਵਿਚ ਭੋਜਪਤ੍ਰ, ਵਸਤੀਨ ਕਾਨੇ, ਕਲਮਾਂ ਪ੍ਰਾਪਤ ਹੋਣ ਕਾਰਣ ਸਿਧੀ ਲਕੀਰ 'ਚ ਦੇਵ ਨਾਗਰੀ ਪ੍ਰਾਂਤੀ ਭਾਖਾ ਅੱਖਰ ਬਣੇ ਅਤੇ ਅਸ਼ੁਧੀਆਂ ਸ਼ੁਧ ਕਰ ਲਿਖਨ ਲਈ ਗਿਲੀ ਹੜਤਾਲ ਫੇਰਕੇ ਦੁਬਾਰਾ ਸ਼ੁਧ ਅੱਖਰ, ਸ਼ਬਦ, ਪੰਗਤੀਆਂ ਮਿਟੇ ਉਪਰ ਸਹੀ ਰੂਪ 'ਚ ਲਿਖੇ ਜਾਂਦੇ ਸੀ। ਪਰ ਸਮੁੰਦ੍ਰ ਤਟ ਦੇਸਾਂ ਦੀਆਂ ਹੋਰ ਲੇਖ ਸਮਗ੍ਰੀਆਂ ਸਨ: ਤਾੜਪਤ੍ਰਾਂ ਮੱਧ ਦੰਡ ਕਲਮ ਉਪਯੋਗ ਕਢ, ਕਲਮ ਬਣਾਕੇ ਦੋਨੋਂ ਪਾਸੇ ਪਤ੍ਰ ਛਾਂਗਕੇ ਉੱਤੇ ਓਹੀ ਦੇਵਨਾਗਰੀ ਅੱਖਰਾਂ ਨੂੰ ਗੋਲਾਕਾਰ ਰੂਪਾਂ 'ਚ ਲਿਖਦੇ ਹਨ। ਗੋਲ ਕਿਉਂ ? ਤਾੜ ਪੱਤਿਆਂ ਵਿੱਚ ਨਾੜੀਆਂ ਹਨ, ਸਿਧੇ ਅੱਖਰ ਲਿਖਣ ਨਾਲ ਪਤਾ 'ਫਟ' ਜਾਂਦਾ ਹੈ; ਇਸ ਕਾਰਣ ਅਖਰ: ਗੁਜਰਾਤ ਤੋਂ ਪੂਰੇ ਦਖਣ ਦੇਸ਼, ਪੂਰਵ ਉੜੀਸਾ ਬੰਗਾਲ ਵਿੱਚ ਓਹੀ ਅੱਖਰ ਗੋਲਾਕਾਰ ਦੇਸ਼-ਪ੍ਰਾਂਤਾਂ ਅਨੁਸਾਰ ਲਿਖਦੇ ਹਨ। ਨਾਗਰੀ ਅੱਖਰ ਅਧਾਰ:-34, 35 ਅੱਖਰ ਪਟੀਆਂ, 52 ਅੱਖਰੀਆਂ ਅਨੇਕ ਦੇਸੀ ਲਿਪੀਆਂ ਰੂਪਾਂ ਵਿੱਚ ਅਨੇਕਾਨੇਕ ਭਾਰਤੀ ਧਰਮ ਗ੍ਰੰਥ ਬਾਣੀਆਂ ਦੇ ਗ੍ਰੰਥ ਲਿਖੇ ਮਿਲਦੇ ਹਨ ਪਰ ਦੇਸੀ ਪ੍ਰਾਂਤੀ ਬਾਣੀਆਂ ਬੋਲੀ ਹੋਣ ਕਾਰਣ: ਸੰਸਕ੍ਰਿਤ ਦੇ 62-63 ਅੱਖਰ ਨਹੀ ਬਰਤੇ; ਮੁਖ ਦੇਸੀ ਅੱਖਰ ਉਪਯੋਗ ਵਰਤੇ। ਇਸ ਪ੍ਰਥਾਏ ਸ਼੍ਰੀਗੁਰੂ ਗ੍ਰੰਥਜੀ ਪ੍ਰਮਾਣ ਹੈ:-

ਨਾਨਾ ਗਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥ ਬਿਆਸ ਬਿਚਾਰਿ ਕਹਿਓ ਪਰਮਾਰਥੁ...ਅ.122

ਨੋਟ:- ਧਿਆਨ ਰਹੇ ਕਿ ਪੰਜਾਬ ਦੇ ਸ਼ੇਖ ਫਰੀਦ, ਬੰਗਾਲ ਦੇ ਭਗਤ ਜੈ ਦੇਵ, ਮਹਾਰਾਸ਼ਟ੍ਰ ਦੇ ਭਗਤ ਨਾਮਦੇਵ ਆਪਣੇ ਸਮੇ ਦੀਆਂ 1,000 ਸਾਲ ਉੱਤਰ ਭਾਰਤੀ ਰੂੜੀ ਭਾਸ਼ਾ ਬੋਲੇ, ਲਿਖੇ ਨਹੀਂ; ਅਤੇ ਸ਼੍ਰੀ ਵਿਸ਼੍ਵਗੁਰੂ ਨਾਨਕਜੀ ਤੇ ਸਮ ਕਾਲੀ 500 ਸਾਲ ਪੁਰਾਣੀ ਉੱਤਰ ਭਾਰਤ ਸ਼੍ਰੀ ਗੁਰੂ "ਰੂੜੀ ਗੁਰੁਬਾਣੀ" ਬੋਲੇ॥ ਦ੍ਰਿਸ਼ਟਾਂਤ ਅਨੁਸਾਰ ਇਉਂ ਸਮਝਨਾ ਠੀਕ ਰਹੇਗਾ॥

ਸੰਨ 1,000 ਤੋਂ 1947 ਤਕ ਦੀ ਬੋਲੀ, ਅਤੇ ਅੱਜ ਦੀ ਉੱਤਰ ਭਾਰਤ (ਪੰਜਾਬੀ) ਬੋਲੀ ਦਾ ਬਹੁਤ ਫਰਕ ਹੈ॥ ਜਿਵੇਂ ਅੰਗ੍ਰੇਜ਼ੀ ਦਾ ਅਤੀ-ਪ੍ਰਸਿਧ ਨਾਟਕਕਾਰ ਸ਼ੇਕਸਪਿਅਰ (1564-1616) 400 ਸਾਲ ਪੁਰਾਣੀ ਬ੍ਰਿਟਿਸ਼ ਬਾਦਸ਼ਾਹ ਜੇਮਜ਼-1 ਦੀ ਦਰਬਾਰੀ ਬੋਲੀ ਸੀ ਜਿਸ ਵਿੱਚ ਪਹਿਲੀ ਹੀਬਰੂ, ਲੈਟਿਨ-ਰੋਮਨ, ਗ੍ਰੀਕ ਦੀਆਂ ਕਤੇਬਾਂ ਦੇ ਉਲਥਾ 1614 ਵਿਚ ਬਾਦਸ਼ਾਹ ਨੇ ਕਰਵਾਇ॥ ਅੱਜ ਸਾਰੀ ਦੁਨੀਆਂ 'ਚ ਅੰਗ੍ਰੇਜ਼ੀ ਮਸ਼ਹੂਰ ਹੈ; ਪਰ ਉਸ ਬੋਲੀ ਤੇ ਇਸ 'ਚ ਬਹੁਤ ਫਰਕ ਹੈ। ਪੁਰਾਣੀ ਅੰਗ੍ਰੇਜ਼ੀ ਅੱਜਦੇ ਸਾਰੇ ਅੰਗ੍ਰੇਜ਼ੀ ਬੋਲਨ ਵਾਲਿਆਂ ਨੂੰ ਸਮਝਣੀ ਕਾਫੀ ਔਖੀ

122. ਪੁਨ: ਭ. ਭਗਤ ਰਵਿ ਦਾਸ ਪੰ.੧੨੯੩:੫ ; ਅ. ਪੰ.੬੫੪:੧੫; ੧੧੦੬:੧੭ ॥

Sri Satguru Jagjit Singh Ji eLibrary NamdhariElibrary@gmail.com

ਲਗਦੀ ਹੈ, ਕਾਰਣ ਇਹ,ਪੁਰਾਣੇ ਵੇਲੇ ਦੀ ਬੋਲੀ ਦੇ ਦੋਨੋਂ ਨਾਂਵ ਤੇ ਕ੍ਰਿਯਾ ਪਦਾਂ ਦਾ ਉਪਯੋਗ ਅਤੇ ਅਨ੍ਵੈ(idiom, syntext & logical connection) ਅੱਜ ਦੀ ਅੰਗ੍ਰੇਜ਼ੀ ਬੋਲੀ ਤਰ੍ਹਾਂ ਨਹੀਂ॥

ਅਤਿ ਸੰਖੇਪ ਦੇਸੀ ਰੂੜੀ ਗੁਰੁ ਬਾਣੀ ਰੂਪਾਂ ਉਤੇ ਵਿਚਾਰ

ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦਾ ਸੰਸਾਰ ਨੂੰ ਸਪਸ਼ਟ ਆਦੇਸ਼ ਹੈ:ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ॥ ਵਡੈ ਭਾਗਿ ਸਤਿਗੁਰੁ ਮਿਲੈ, ਪਾਈਐ ਪਦੁਨਿਰਬਾਣੀ

ਬ੍ਰਹਮ ਗਿਆਨ ਬੋਲੀ ਅਧੀਨ ਹੈ। ਸਮਝ ਸ਼ਬਦਾਂ ਦੇ ਨਿਰਭਰ ਹੈ॥ ਅਤਿ ਸੰਖੇਪ ਨਾਲ ਬੋਲੀ ਦੇ ਮੁੱਖ ਤਿੰਨ ਰੂਪ ਹਨ॥

1. ਰੂੜੀ ਸ਼ਬਦ, ਪਦ, ਭਾਖਾ ਸਮੇ ਦੀ ਪ੍ਰਸਿੱਧ ਸ਼ੈਲੀ ;
2. ਯੋਗ ਸ਼ਬਦ, ਪਦ, ਭਾਖਾ ਵੇਲੇ ਪੜ੍ਹੇ ਲਿਖੇ ਸਹਿਤ ਸੰਸਾਰ ਪ੍ਰਸਿਧ ਉੱਚ ਵਿਦਵਾਨਾਂ ਦੀ ਭਾਖਾ ਸੈਲੀ, ਅਤੇ ;
3. ਯੋਗ-ਰੂੜੀ **ਸ਼ਬਦ**, ਪਦ, ਭਾਖਾ ਦੋਨੋ ਉਪਰ ਕਹੇ ਮਿਲਿਆਂ ਦੀ ਪ੍ਰਸਿਧ ਉੱਚ ਤਬਕੇ ਦੀ **ਭਾਖਾ**॥

ਘਟੋ ਘਟ ਇਨ੍ਹਾਂ ਤਿੰਨਾ ਨੂੰ ਵਿਚਾਰ ਅਤੇ ਸਮਝ ਔਂਣ ਪਿਛੋਂ ਹੀ ਠੀਕ ਗਿਆਨ ਔਂਦਾ ਹੈ, ਅਤੇ ਟਕਸਾਲੀ **ਪੜ੍ਹੇ** ਸ਼੍ਰੀਗੁਰੁਬਾਣੀ ਗੁਰੁਸਿੱਖ ਠੀਕ ਬ੍ਰਹਮ ਗਿਆਨ ਸਮਝਦੇ ਹਨ। ਇਸ ਆਧਾਰ ਭਾਖਾ ਦੇ **ਤਿੰਨ ਧ**ਹਿਲੂਆਂ ਉਤੇ ਸੰਖੇਪ ਵਿਚਾਰ ਜ਼ਰੂਰੀ ਹੈ, ਜੋ ਅਗੇ ਕਰਾਂਗੇ॥

ਵੇਦਿ-ਲੋਕ ਰੂੜੀ ਭਾਖਾ ਤੋਂ ਵਿਕਸਤ ਸੰਸਕ੍ਰਿਤ,ਸਾਹਸਕ੍ਰਿਤ,ਪ੍ਰਾਕ੍ਰਿਤ ਦੇਸੀ ਬਹੁਤੀਆਂ ਭਾਖਾਵਾਂ ਪ੍ਰਸੰਗ ਬੜਾਹੈ, ਪਾਠਕ ਟਿੱਪਣੀ ਕਰਤਾਦੇ ਹੋਰ ਗ੍ਰੰਥ ਦੇਖ ਵਿਚਾਰ ਲੈਣ। ਐਥੇ ਜ਼ਰੂਰੀਅਤਿ ਸੰਖੇਪ ਰੂੜੀ ਬਾਣੀ ਪਰਿਚੈ ਹੈ:-

1. ਰੂੜੀ: ਭਾਖਾ ਓਹ ਹੈ ਜੋ ਸੱਤੋ ਦ੍ਵੀਪਾਂ ਵਿੱਚੋਂ ਕਿਸੇ ਇਕ ਦ੍ਵੀਪ ਪ੍ਰਸਿੱਧ(ਰੂੜੀ) ਨੀਵ, ਅਧਾਰ ਭਾਖਾ ਹੋਵੇ, ਜਿਵੇਂ ਭਾਰਤ ਦ੍ਵੀਪ ਚੌਕੁੰਟ ਦੇਸ਼ਾਂ ਦੀ (Continent based universal lingua franca) ਅਧਾਰ ਪਹਿਲੀ ਵੇਦੀਯ ਵਿਕਸਤ ਪ੍ਰਾਕ੍ਰਿਤ ਭਾਸ਼ਾ ਸਹਸਕ੍ਰਿਤ ਹੋਈ॥ ਅਰਬੀ (Mesopotamia) ਦੇਸੀ ਹੀਬਰੂ ਸੀ ॥ ਪੂਰਵੀ ਯੋਰਪ ਦੀ ਸਲਾਵਿਕ ਅਧਾਰਤ ਹੈ॥ ਪੱਛਮ ਯੋਰਿਪ ਰੋਮਨ ਬੋਲੀ ਲੈਟਿਨ ਅਧਾਰ ਹੈ। ਪੂਰਬ ਏਸ਼ੀਆ ਚੀਨੀ ਹੈ॥ ਇਹ ਅਧਾਰਕ ਲੋਕ ਮੂਲ ਬੋਲੀਆਂ ਹੋਣ ਕਾਰਣ ਇਨ੍ਹਾਂ ਦੇ ਵਿਆਕਰਣ, ਛੰਦ, ਨਿਰੁਕ੍ਤ ਆਦਿ ਸ਼ਾਸਤ੍ਰ ਨਹੀਂ ਸਨ॥ ਪਹਿਲਾਂ ਦਿਵ੍ਯ ਵੇਦ ਬ੍ਰਹਮਾਂ ਤੋ ਰਿਖੀਆਂ ਨੂੰ ਪ੍ਰਗਟ ਹੋਏ॥ ਪਿੱਛੋਂ ਵਿਆਕਰਣ, ਛੰਦ, ਨਿਰੁਕ੍ਤ ਛੈ ਅੰਗ ਮੁਨੀਆਂ ਬਣਾਏ। ਇਸੇ ਕਾਰਣ ਵੇਦ ਕਾਲ ਦੇ ਲੋਕਾਂ ਦੀ ਰੂੜੀ ਭਾਖਾ ਵਿੱਚ ਹੀ ਵੇਦ ਹੋਏ ਲਿਖੇ ਹਨ ਜੋ ਉਦਾਸੀ ਹਰਿ ਪ੍ਰਸਾਦ ਵੈਦਿਕ ਮੁਨੀਦੇ ਜਪੁ ਟੀਕਾ 'ਚ ਸਪਸ਼ਟ ਲਿਖਿਆ ਹੈ॥ ਵੇਦ ਪਿਛੋਂ ਬੋਲੀ ਵਿਕਾਸ ਯੌਗਿਕ ਭਾਖਾ ਅਤੇ ਤਿੰਨ ਵੇਦਾਂ ਦੇ ਪ੍ਰਾਤਸ਼ਾਖ, ਖਟ ਦਰਸ਼ਨ ਸੂਤ੍ਰ ਸ਼ਾਸਤ੍ਰ ਵਿੱਚ; ਰਿਖੀ ਜੈਮਿਨੀਦੇ ਪੂਰਵ ਮਿਮਾਂਸਾ ਦਰਸ਼ਨ ਸੂਤ੍ਰਾਂ'ਚ ਲਿਖਿਆ ਹੈ, ਵੇਦ ਅਪੌਰਸ਼ੇਯ(ਨ-ਪੁਰਖ, ਮਨੁਖ ਨੇ ਨਹੀਂ ਰਚੇ)[123] ਬਲਕਿ ਮਨੁਖਾਂ ਲਈ ਬ੍ਰਹਮ ਉਪਦੇਸ਼ ਹਨ, ਜੋ ਉਸ ਕਾਲ ਪ੍ਰਚਲਿਤ ਰੂੜੀ ਬੋਲੀ ਵਿਆਕਰਣਬੱਧ ਨਹੀਂ ਸੀ॥ ਜੇ ਗ਼ੌਰ ਨਾਲ ਵਿਚਾਰੀਏ ਸੰਸਾਰ

123. ਪੁਨ੍ਹ.ਉ. ਮ:1. ਪੰਨਾ. ੪੨੧:੨; ੪੨੨:੧; ੯੩੬:੧੯,ਆਦਿ ॥ਅ.ਰਿਖੀ ਜੈਮਨੀ ਸੂਤ੍ਰ:੧।੧।੫-੨੬; ੧।੨। ੨੧; ੧।੪।੧੧॥

Sri Satguru Jagjit Singh Ji eLibrary NamdhariElibrary@gmail.com

ਦੇ ਸਾਰੇ ਈਸ਼ੂਰਵਾਦੀ ਮੂਲ ਧਰਮ ਗ੍ਰੰਥ ਕਰਤੇਆਂ ਨੂੰ ਆਪਣੇ ਦੇਸ਼ਾਂ ਦੀ ਮੌਲਿਕ ਰੂੜੀ ਭਾਖਾ ਵਿੱਚ ਹੀ ਪਾਰਬ੍ਰਹਮ (ਅੱਲਾ) ਦੀ ਅਕਾਸ਼ ਬਾਣੀ (ਇਲਹਾਮ) ਹੋਏ॥ ਪਹਿਲਾਂ ਵੇਦਿਕ ਰਿਖੀ[124] ਅਤੇ ਇਸਲਾਮੀ ਪੈਗੰਬਰ[125] ਨੂੰ, ਅਤੇ ਹੁਣ ਕਲਿਜੁਗ ਵਿੱਚ ਦਸੋ ਸ਼੍ਰੀ ਗੁਰੂਜੀਆਂ ਬਾਰ ਬਾਰ ਲਿਖਿਆ, ਉਨ੍ਹਾਂ ਨੂੰ ਜਨ-ਪ੍ਰਸਿੱਧ ਸਮਝ ਔਣ ਵਾਲੀ ਰੂੜੀਬਾਣੀ ਵਿੱਚ ਸਦਾ ਜੁਗੋਜੁਗਾਂ 'ਚ ਅਕਾਸ਼ ਬਾਣੀ 'ਚ ਗਿਆਨ ਉਤਰਦਾ ਰਿਹਾ॥[ਅ.126] ਇਹ ਬੜੀ ਮਹੱਤਤਾ ਦੀ ਗੱਲ ਹੈ॥ ਇਸ ਉੱਤੇ ਨਵੇਂ (ਪੱਛਮੀ ਧਰਮ ਵਿੱਦਿਆ ਅਨੁਆਇ) ਟਕਸਾਲੀ ਵਿਦਿਆ ਤੋਂ ਅਗਿਆਤ ਸਾਰੇ ਗੰਭੀਰਤਾ ਨਾਲ ਵਿੱਚਾਰਣ॥ ਪਹਿਲੇ ਰਚੇ ਗ੍ਰੰਥਾਂ ਉੱਤੇ ਪਿੱਛੋਂ ਬਣੇ ਵਿਆਕਰਣ ਆਦਿ ਦੇ ਵਿਧਾਨ ਕਿਵੇਂ ਲਾਗੂ ਹੋ ਸਕਦੇ ਹਨ? ਇਸ ਸਮਸਿਆਂ ਨੂੰ ਨਿਗ੍ਹਾ 'ਚ ਰਖਦੇ, ਅੱਜ ਤਕ ਦਸ ਵਿਆਕਰਣ ਆਚਾਰਜਾਂ ਵਿਚੋਂ ਸੁਪ੍ਰਸਿੱਧ ਅੰਤਲਾ ਦਸਵਾਂ ਸੰਸਕ੍ਰਿਤ ਵਿਆਕਰਣਾਚਾਰਜ ਮੁਨੀ ਪਾਣਿਨੀਯ ਨੇ 13 ਵਾਰ "ਛੰਦਸੀ ਬਹੁਲੰ", ਵੇਦ ਪਦਾਂ ਉਤੇ ਮੇਰਾ ਨਿਯੁਕਤ ਵਿਧਾਨ ਛੰਦ ਲਾਗੂ ਨਹੀਂ ਹੋ ਸਕਦਾ ਅਰਥਾਤ, "ਇਹ ਮੇਰੇ ਵਿਧਾਨ ਕੇਵਲ ਲੌਕਿਕ ਸੰਸਕਾਰ ਕੀਤੇ ਸੰਸਕ੍ਰਿਤ ਭਾਖਾ ਪਿੱਛੋਂ ਉਪਜੇ ਸਾਰੇ ਗ੍ਰੰਥ, ਸਿਮ੍ਰਿਤੀ, ਪੁਰਾਣ, ਇਤਿਹਾਸ, ਤੰਤ੍ਰਾਦਿ ਵਿਦਿਆ ਭੰਡਾਰ ਉਤੇ ਹੀ ਲਾਗੂ ਹੁੰਦੇ ਹਨ॥ ਅਕਾਲ ਪੁਰਖ ਦੀ ਪਹਿਲਾਂ ਉਤਰੀ ਦਿਵ੍ਯ ਬਾਣੀ ਉਤੇ ਨਵੇਂ ਵਿਆਕਰਣ ਲਾਗੂ ਨਹੀਂ ਹੁੰਦੇ॥"

ਨੋਟ:-ਇਸ ਪੁਰਾਣੀ ਭਾਰਤੀ ਪ੍ਰਥਾ ਅਨੁਸਾਰ: ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 10-18ਵੀਂ ਸਦੀ ਦਿਵ੍ਯ ਬਾਣੀ ਪਹਿਲਾਂ ਉਪਜੀ ਹੈ, ਸੋ ਇਸ ਪਰਥਾਇ ਜੋ ਭੀ ਸ਼ੁੱਧੀ ਅਸ਼ੁੱਧੀ ਦੇ ਕੰਮ ਜਿਨ੍ਹਾ ਕੀਤੇ ਹਨ, ਉਨ੍ਹਾਂ ਦੇ ਬਾਣੀ ਵਿਧਾਨ ਸ਼੍ਰੀ ਗੁਰੁ ਬਾਣੀ ਉਤੇ ਕਦੀ ਲਾਗੂ ਨਹੀ ਹੋ ਸਕਦੇ ਜੋ ਕਰਦੇ ਹਨ ਭੁਲੇਖੇ ਵਿਚ ਹਨ ॥ ਜੁਗਾਂ ਵਿੱਚ ਪਿਛੋਂ ਪ੍ਰਵਿਰਤ "ਰੂੜੀ ਬਾਣੀ" ਵਿੱਚ ਸੁਭਾਵਕ ਦੋਨੋਂ ਕਚੇ ਪਕੇ ਵਿਆਕਰਣ ਰੂਪ ਹੁੰਦੇ ਹਨ, ਜਥਾ ਮਸਾਲ:-

ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ

ਅ-ਬਿਰਥਾ ਪਦ ਵਿੱਚ "ਅ" ਉਪਸਰਗ ਨਿਖੇਦ ਅਰਥੀ ਹੈ॥ ਜਿਵੇਂ "ਮ੍ਰਿਤ=ਮਰਣ" ਨਾਲ "ਅ" ਉਪਸਰਗ ਲਾਣ ਨਾਲ "ਅੰਮ੍ਰਿਤ"; "ਨਾ ਮਰਣ"ਅਰਥ ਹੋ ਜਾਂਦਾਹੈ। ਇਸੇ ਤਰ੍ਹਾਂ ਗੁਰਬਾਣੀ ਕਚੇ ਪਦ ਰੂਪ ਦਾ ਅਰਥ "ਅਬਿਰਥਾ" ਦਾ ਅਰਥ "ਬਿਰਥਾ" ਭਾਈ (ਪ੍ਰੋ) ਸਾਹਿਬ ਸਿੰਘ ਨੇ ਆਪਣੇ ਹੀ ਨਿਜਤ ਬਣਾਏ ਨੇਮ ਨੂੰ ਆਪ ਲਿਖ ਕੇ ਆਪਣਾ ਹੀ ਅਰਥ ਭੰਗ ਕਰ ਦਿਖਾਇਆ ॥ ਸਮਝਦਾਰਾਂ ਲਈ "ਰੂੜੀ ਬਾਣੀ" ਬਾਰੇ ਐਨਾ ਐਥੇ ਕਾਫੀ ਹੈ। ਬਾਣੀ ਦੇ ਦੋ ਹੋਰ ਪਹਿਲੂ ਵੀ ਹਨ॥

2. ਯੋਗ[ਅ.127] ਸ਼ਬਦ ਆਪਣੇ ਦ੍ਵੀਪ, ਜਾਂ ਦੇਸ਼ ਭਾਸ਼ਾਹੈ ਜਿਸਦਾ ਸ਼ਾਸਤ੍ਰੀ-ਕਰਣ ਹੋ ਚੁਕਾਹੈ। ਅਰਥਾਤ ਉਸਦੇ ਧਾਤੂਆਂ ਦੇ ਅਧਾਰ "ਪਦ" ਉਤਪਨ "ਨਾਵ, ਜਾਂ ਕ੍ਰਿਯਾ" ਅਤੇ

124.ਰਿਖੀ ਜੈਮਨੀ ਪੂਰਵ ਮਿਮਾਸਾ.ਓ: ਸ਼ੁਤ੍ਰ:੧।੧।੨।੨੭-੩੨+੨੬+੪;ਅ: ਸ਼ੁਤ੍ਰ: ੧।੧।੨।੪- ੧੦-॥ ਏ.ਸ਼੍ਰੀਗੁ.ਗ੍ਰੰ.ਜੀ.ਪੰ:੧੦੨੩:੧੬-॥

125. ਕੁਰਾਨ ਸ਼ਰੀਫ:- ੧੪।੧੬।੧੦੩॥; ੨੫।੪੩।੩॥; ੨੫।੪੪।੫੪॥

126. ਸ਼੍ਰੀਗੁਗ੍ਰੰਜੀ.ਓ.ਪੰਨੇ.੩੦੪:੧ ।ਅ.ਪੰ.੧੧੦੩:੪ ॥

127. ਪੂਰਵ ਮਿਮਾਂਸਾ ਸੂਤ੍ਰ: ੧।੧।੨।੪-੧੦...॥ ਅ.ਪਾਣਿਨੀਯ ਅਸਟਾਧਯਾਈ ਸੂਤ੍ਰ ੧।੪।੧੪॥ "ਸੁਬਨ੍ਤਂ ਤਿਙਨ੍ਤਂ

Sri Satguru Jagjit Singh Ji eLibrary NamdhariElibrary@gmail.com

ਅਗੇਤ੍ਰ-ਪਛੇਤ੍ਰ ਜੁੜਨ ਨਾਲ ਪੂਰਣ ਪਦ ਬਣਕੇ ਪ੍ਰਸਿਧ ਹੋ ਜਾਂਦੇ ਹਨ॥ ਇਤਨਾ ਹੋਰ ਜਾਣਨਾ ਵੀ ਜ਼ਰੂਰੀ ਹੈ, ਦੋਨੋ ਨਾਂਵ, ਕ੍ਰਿਯਾ ਬਣੇ ਸ਼ਬਦ ਕੇਵਲ "ਧਾਤੂ" ਤੋਂ ਗਿਆਨ ਸਪਸ਼ਟ ਨਹੀਂ॥ ਭਾਵ ਬਿਨਾ ਨਾਂਵ ਜਾਂ ਕ੍ਰਿਯਾ ਪਛੇਤਰ ਲਗਾਏ ਵਕਤਾ, ਲੇਖਕ ਦਾ ਭਾਵ, ਜਾਂ ਮੰਤਬ ਕਦੀ ਵੀ ਪ੍ਰਗਟ ਨਹੀਂ ਹੁੰਦੇ॥ ਉਨ੍ਹਾਂ ਦਾ ਜੋੜ(ਜੋਗ/ਯੋਗ) ਜ਼ਰੂਰੀ ਹੈ ਜਿਸ ਰਾਹੀਂ ਭਾਵਨਾ ਦਾ ਪੂਰਾ ਬੋਧ ਹੰਦਾ ਹੈ॥ ਸ਼੍ਰੀ ਗੁਰੁਬਾਣੀ ਆਦੇਸ਼ ਹੈ:- ਸਾਧਸੰਗਤਿ ਮਨਿ ਵਸੈ ਸਾਚੁ ਹਰਿਕਾ ਨਾਉ॥ ਸੇ ਵਡਭਾਗੀ ਨਾਨਕਾ,ਜਿਨਾ ਮਨਿ ਇਹੁ ਭਾਉ[128] ; ਗੋਵਿੰਦ ਭਾਉ ਭਗਤਦਾ ਭੁਖਾ॥

3. ਯੋਗ-ਰੂੜੀ ਦੋਨੋਂ ਉੱਪਰ ਬੋਲੀਆਂ ਦੀ ਰਲੀ ਮਿਲੀ (ਖਿਚੜੀ) ਬੋਲੀ ਹੈ, ਅਤੇ ਕੇ ਵਲ ਸ਼ਾਸਤ੍ਰੀ ਵਿਆਕਰਣ ਅਧਾਰ ਸਾਹਿਤ ਨੂੰ ਸ਼ੁਧ ਕਰ ਸੋਧਕੇ ਰਖਦੀ ਹੈ॥ ੲ.[129] ਇਹ ਤਿੰਨ ਬੋਲੀਆਂ ਦੇ ਇਕ ਇਕ ਸ਼ਬਦ ਦੇ ਮੁੱਖ ਤਿੰਨ ਤਿੰਨ ਰੂਪਾਂ ਦੀ ਕਿਤਨੀ ਮਹੱਤਾ ਹੈ ਪਾਠਕ ਧਿਆਨ ਦੇਣ, ਕਿਉਂਕਿ ਇਸ ਵਿਸ਼ੇ ਉਤੇ ਹੋਰ ਵਿਸਤਾਰ ਉਪੋਦਘਾਤ ਦੇ ਦਾਇਰੇ ਤੋਂ ਬਾਹਰ ਹੋ ਜਾਵੇਗਾ; ਅਤੇ ਅਗੇ ਹੋਰ ਕਾਫੀ ਪਰਿਭਾਸਿਕ ਵਿਸੇ ਰਹਿੰਦੇ ਹਨ ਜਿਨ੍ਹਾਂ ਨੂੰ ਘਟੋ ਘਟ ਥਾਂ ਵਿੱਚ ਇਸ ਉਪੋਦਘਾਤ ਅੰਦਰ ਹੀ ਮਕੌਂਣੇ ਹਨ॥

ਪੁਰਾਣੇ ਤੇ ਪ੍ਰਚਲਿਤ ਬੋਲੀਆਂ ਦੇ ਕੁਛ ਰੁਪਾਂਤਰ ਨਮੂਨੇ ਸ਼੍ਰੀਗੁਰੂ ਕਾਲ ਆਧਾਰ ਅਟੁਟ ਭਾਰਤੀ ਸੰਸਕ੍ਰਿਤੀ: ਮੁੱਖ ਬੇਦ-ਕਤੇਬ ਪਰੰਪਰਾ ਸੰਬੋਧਿਤ ਸੀ॥ ਸ਼੍ਰੀ ਗੁਰੁਬਾਣੀ ਰੂੜੀ, ਯੋਗ, ਯੋਗਰੂੜੀ ਪਦ: ਭਾਰਤੀ-ਅਰਬੀ ਪ੍ਰਾਂਤੀਯ ਵੇਦ-ਕਤੇਬ ਲੋਕ ਭਾਸ਼ਾ ਆਧਾਰਿਤ:-

ਮ:1:-ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ॥ ਵਡੈ ਭਾਗਿ ਸਤਿਗੁਰੁ ਮਿਲੈ, ਪਾਈਐ ਪਦੁ ਨਿਰਬਾਣੀ॥'

ਵਿਸ਼੍ਵ'ਚ ਲਿਖਤੀ ਭਾਖਾ (ਬੋਲੀਆਂ) ਮੁੱਖ ਚਾਰ ਤਰ੍ਹਾਂ ਦੀਆਂ ਹਨ 1.ਅੱਖਰ ਲੇਖਃ ਭਾਰਤੀ-ਯੋਰਪੀਯਨ:-ਖੱਬੇ ਤੋਂ ਸਜੇ ਲੇਖ ਗਤੀ ਹਨ॥

2. ਅੱਖਰ ਲੇਖ:- ਸਾਮੀ-ਹੀਬਰੂ-ਅਰਬੀ: ਸੱਜੇਤੋਂ ਖੱਬੇ/ਬਾਮ ਗਤੀ ਲੇਖ॥ ਧਿਆਨ ਰਹੇ: ਅੰਕ(ਹਿੰਦਸੇ, 1- 2- 3) ਬਾਮ ਗਤੀ ਲਿਖਤ ਨਹੀ ਹਨ॥

3. ਚਿੱਤ੍ਰ ਲੇਖ:-ਪੁਰਾਣੇ ਮਿਸ਼੍ਰ ਦੇਸ਼, ਚੀਨ ਆਦਿ(Egyptian hieroglyphic picture writings) ਚਿਤ੍ਰ ਲੇਖ ਜੋ ਚਿਤ੍ਰ ਖਬੇ-ਸੱਜੇ, ਅਤੇ ਓਹੀ ਜਪਾਨੀ ਉੱਪਰ-ਨੀਚੇ ਗਤੀ ਲੇਖ ਹਨ ਅਤੇ ;

4. ਤਾਂਤ੍ਰਿਕ ਯੰਤ੍ਰ/ਜੰਤ੍ਰ(esoteric mystic) ਚਿਤ੍ਰ ਲੇਖਾਂ ਦੀ ਲਿਪੀ ਸਰਵਤੋਮੁਖੀ(all directional) ਹੈ, ਜਥਾ:- ਸਿੱਧੇ, ਪੁਠੇ, ਟੇਢੇ, ਬਿੰਗੇ ਆਦਿ ਅਨੇਕ ਰੂਪੀ ਹਨ॥ ਵੇਦ ਤੇ ਬੌਧੀ ਤੰਤ੍ਰਾਂ ਤੁੱਲ ਯਹੂਦੀ ਜ਼ੋਹਾਰ ਤੇ ਸੂਫੀ ਤਸਵਫ ਤੰਤ੍ਰ, ਜੰਤ੍ਰ ਕੇਵਲ ਦੇਸ ਲਿਪੀਆਂ 'ਚ ਫਰਕ ਕਾਰਣ ਕੁਛ ਬਦਲੇ ਅੱਖਰ ਹਨ--ਪਰ ਜੰਤ੍ਰਾਂ ਦੇ ਅੰਕ ਇਕੋ ਜਹੇ ਹਨ, ਭਾਰਤੀਆਂ ਦੇ ਸਾਮੀਆਂ ਤੋਂ ਜ਼ਿਆਦਾ ਨੇ॥

---

128. ਪੁਨ੍ਹ. ਸੂਤ੍ਰ:੧੨।੧।੫੫;ਸ਼੍ਰੀਗਗ੍ਰੰਜੀ.ਪੰਨੇ:੫੧:੬"ਸਾਧਸੰਗਤਿ ਮਨਿ ਵਸੈ ਸਾਚੁ ਹਰਿਕਾ ਨਾਉ ॥ ਸੇ ਵਡਭਾਗੀ ਨਾਨਕਾ,ਜਿਨਾ ਮਨਿ ਇਹੁ ਭਾਉ" ੪੫:੧੬"ਜਨਮ ਮਰਣਕਾ ਭਉ ਗਇਆ: ਭਾਉ ਭਗਤਿ ਗੋਪਾਲ" ਅਤੇ ਪੂਰਵ ਮਿਮਾਂਸਾ:੧।੨।੫॥

129. ਉ.ਭਾਂ.ਗੁ.ਵਾਰ:੧੦।੨।੮॥ ਗੋਵਿੰਦ ਭਾਉ ਭਗਤ ਦਾ ਭੁਖਾ ॥ ਅ. ਸ਼੍ਰੀਗੁ.ਗ੍ਰੰ.ਜੀ.ਪੰ:੧੦੨੩:੧੬-॥ ਏ.ਪੂਰਵ ਮਿਮਾਂਸਾ ਸੂਤ੍ਰ:੧।੧।੨।੮-੧੦...॥

Sri Satguru Jagjit Singh Ji eLibrary NamdhariElibrary@gmail.com

ਵਿਸ਼ੂ ਦੇ ਦੇਸੀ ਲਿਖਤੀ ਬੋਲੀਆਂ ਆਧਾਰਤ ਨਾਵ ਅਤੇ ਕ੍ਰਿਯਾ ਦੋ ਤਰ੍ਹਾਂ ਦੇ ਪਦ ਹਨ ਹਰੇਕ ਬੋਲੀ ਆਧਾਰਿਤ ਵਰਣਮਾਲਾ ਕ੍ਰਿਤ ਸ਼ਬਦ ਵਾਕ ਦੋ ਕਿਸਮ ਦੇ ਧਾਤੂ ਪਦਾਂ ਤੋਂ ਵਿਕਸਿਤ(ਵਿਗਸਦੇ) ਹੁੰਦੇ ਹਨ:-1. ਨਾਵ, ਪੜਨਾਵ, ਵਿਸ਼ੇਸਨ ਪਦ ਅਤੇ 2. ਕ੍ਰਿਯਾ, ਕ੍ਰਿਯਾ ਵਿਸ਼ੇਸਣ ਆਦਿ ਵੀ ਪਦ ਹਨ॥

ਅਤਿ ਪੁਰਾਣੇ ਵੇਦਾਅੰਗ ਪ੍ਰਾਤਸ਼ਾਖਜ(9,10)ਵਿਆਕਰਣ, ਖੜਾਂਗ, ਮਿਮਾਂਸਾ ਦਰਸ਼ਨ ਸਾਰੇ ਦੱਸਦੇ ਹਨ:ਭਾਖਾ(ਬੋਲੀ)ਦੇ ਮੁੱਖ ਨੇਮ ਹਨ:-

ਇਕੱਲੇ ਧਾਤੂ ਤੋਂ ਉਸਦੇ ਸ਼ਕਤੀ/ਵਾਚ ਪਦ ਤੋਂ ਠੀਕ ਅਰਥ ਗਿਆਨ ਕਦੀ ਨਹੀਂ ਹੁੰਦਾ॥ ਧਾਤੂ ਨਾਲ ਪਛੇਤਰ ਜੁੜਨ ਨਾਲ ਹੀ ਨਾਵ ਪਦ, ਜਾ ਕ੍ਰਿਯਾ ਪਦ ਬਣਨ ਨਾਲ ਹੀ ਸਹੀ ਸ਼ਬਦ ਅਰਥ ਗਿਆਨ,ਅਤੇ ਭਾਵਾਰਥ ਦਾ ਪਤਾ ਚਲਦਾ ਹੈ॥ ਧਾਤੂਆਂ ਦੇ ਅੰਤ ਵਿੱਚ ਨਾਂਵਾਂ ਜਾ ਕ੍ਰਿਯਾ ਪਦ ਬਣਨ ਨਾਲ ਹੀ ਸਹੀ ਸ਼ਬਦ ਅਰਥ ਗਿਆਨ,ਅਤੇ ਭਾਵਾਰਥ ਦਾ ਪਤਾ ਚਲਦਾ ਹੈ॥[130] ਧਾਤੂਆਂ ਦੇ ਅੰਤ ਵਿੱਚ ਨਾਂਵਾਂ ਦੇ, ਜਾਂ ਕ੍ਰਿਯਾਵਾਂ ਦੇ ਪਛੇਤਰ(suffixes) ਜੁੜਨ ਨਾਲ ਹੀ ਉਨ੍ਹਾਂਦੇ ਭਿੰਨ ਭਿੰਨ ਰੂਪ ਬਣਦੇ ਹਨ॥ ਇਸੇ ਤਰ੍ਹਾਂ ਅੱਗੇਤ੍ਰ (prefixes) ਲਗਣ ਤੇ ਅਰਥ ਬਦਲਦੇ ਜਾਂਦੇ ਹਨ॥ ਉੜ੍ਹੀ ਭਾਰਤਦੀਆਂ ਰੂੜੀ ਦੇਸੀ ਬੋਲੀਆਂ ਵਿੱਚ ਬਾਈਸ (22) ਅਗੇਤਰ ਪ੍ਰੰਪਰਾ...ਆਦਿ ਧਾਤੂ ਨਾਲ ਜੋੜਕੇ ਅਨੇਕ ਤਰ੍ਹਾਂਦੇ ਭਾਵਾਰਥ ਪ੍ਰਗਟ ਹੁੰਦੇ ਹਨ, ਇਹ ਯਾਦ ਰਖਣਾ, ਤੇ ਸਮਝਨਾ ਬਹੁਤ ਜ਼ਰੂਰੀ ਹੈ॥ ਰੂੜੀ ਭਾਖਾ ਵਿੱਚ ਯੋਗਿਕ (ਵੇਦਿਕ-ਸੰਸਕ੍ਰਿਤ ਭਾਖਾ ਦੇ) 37 ਅਗੇਤ੍ਰ ਸਰਵ ਨਾਮਾਂ ਦੇ ਸੰਸਕ੍ਰਿਤ ਪ੍ਰਯੋਗ ਗੁਰੁਬਾਣੀ 'ਚ ਘਟ ਕਰਕੇ ਨਹੀ ਲਿਖੇ ਕਿਉਂਕਿ ਮੁੱਖ ਉੱਤਰੀ ਭਾਰਤ ਦੇਸੀ-ਪ੍ਰਾਂਤੀ ਰੂੜੀ (in vogue, colloquial, lingua franca) ਬੋਲੀਆਂ ਲਿਖੀਆਂ ਹਨ।[131]

ਨੋਟ:-ਸ਼੍ਰੀ ਗੁਰੁਬਾਣੀ ਦੇ ਹਰੇਕ ਪਾਠਕ ਨੂੰ ਅਨੇਕ ਸ਼੍ਰੀਗੁਰੂਜੀ ਕ੍ਰਿਤ ਸ਼ਬਦਾਂ ਵਿੱਚੋਂ ਮੁੱਖ ਪੰਜ ਸਤ ਸ਼ਬਦਾਂ ਉੱਤੇ ਧਿਆਨ ਦੇਣਾ ਜ਼ਰੂਰੀ ਹੈ, ਮਸਲਨ:-

1. ਚੌਥੇ ਸ਼੍ਰੀ ਗੁਰੁਜੀ ਨੇ ਆਪਣੇ ਤੀਜੇ(3) ਸ਼੍ਰੀ ਗੁਰੁਜੀ ਲਈ ਵਿਸ਼ੇਸ਼ "ਗੁਰੁ-ਸਤਿ-ਗੁਰੁ" ਸ਼ਬਦ ਬਰਤਿਆ ਹੈ ਤੇ ਕੇਵਲ "ਗੁਰੁ" ਬ੍ਰਹਮ-ਨਿਸ਼ਠ ਆਦਿਆਂ ਲਈ;

2. ਅਤੇ "ਆਪ","ਜਾਂ "ਆਪੇਆਪ" ਸ਼ਬਦ ਸਮਗ੍ਰ ਸਰਵਜਾਪਕ ੧ੳ ਈਸ਼੍ਵਰ-ਜੀਵ ਇੱਕ ਬ੍ਰਹਮ,ਵਾਹਿਗੁਰੁ ਲਈ ਹੀ ਅਨੇਕ ਥਾਵਾਂ ਤੇ ਬਰਤੇ ਹਨ, ਆਦਿ॥

ਸ਼੍ਰੀ ਗੁਰੁਬਾਣੀ ਨਾਵਾਂ ਦੇ ਸੱਤ ਪਛੇਤਰ ਜਾਣਨੇ ਜ਼ਰੂਰੀ ਹਨ॥[132]

ਵਿਭਗਤਿ: ਨਾਂਵ , ਪੜਨਾਵ, ਆਦਿ ਨਾਲ। ਸ਼੍ਰੀ ਗੁਰੂ ਬਾਣੀ ਪ੍ਰਮਾਣ॥ English Grammar: Declension Cases Noun, Pronoun, Adjective inflections

1. ਪਹਿਲੀ: ਸ਼੍ਰੀ ਗੁਰੂ ਨਾਨਕ ਹੈ ਹੀ-ਵਿਸ਼ੇਸ। ਸਾ, ਹੈ, ਹੀ, ਭਏ, ਭੀ, ਭੈ, ਰਹੇ, Nānak/(Emphasize)=Nominative

130. ਪੂਰਵ ਮਿਮਾਂਸਾ: ੩।੩।੯॥ ਕ੍ਰਿਯਾ ਪ੍ਰਧਾਨ-ਗੌਣ ੯।੧।੫੫ ॥ ਆਦਿ,ਦੇਖੋ ਟਿੱਪਣੀਆਂ ਪਾਣੀਨੀਯ ਅਸਟਾਧਿਜਯੀ ਦੀਆਂ ੩੮, ੩੯, ੪੦, ੪੧ ॥

131. ਪਾਣੀਨੀਯ ਅਸਟਾਧਿਜਾਯੀ **सर्वनाम् : स्मै।७।१।१४॥ आदि ॥**

132. ਪਾਣੀਨੀਯ ਅਸਟਾਧਿਜਯੀ:- **सुप्तिङन्तं पदम्।१।४।१४॥ इस दा खुलासा सूत्र इहहै:-स्वौजसमौद्...।४।१।२॥**

Sri Satguru Jagjit Singh Ji eLibrary NamdhariElibrary@gmail.com

ਸੰਬੋਧਨ : ਹੇ ! ਸ਼੍ਰੀ ਗੁਰੂ ਨਾਨਕ। ਨਾਨਕ! ਹੇ!, ਸਚੇ! ਦਾਤੇ!

O Nänak ! O!... = Vocative

2. ਦੂਜੀ : ਸ਼੍ਰੀ ਗੁਰੂ ਨਾਨਕ ਕੋ, ਨੂੰ, ਸੋ, ਕਉ, ਕੋ, ਨਉ, ਨੂੰ, ਨੋ, to Nänak

3. ਤੀਜੀ : ਸ਼੍ਰੀ ਗੁਰੂ ਨਾਨਕ ਸਾਥ,ਨਾਲ,ਸਾਥ,ਸਿਉ,ਸੰਗ,ਨਾਲ, with Nänak

4. ਚੌਥੀ: ਸ਼੍ਰੀ ਗੁਰੂ ਨਾਨਕ ਵਾਸਤੇ, ਲਈ, ਲੀਏ, ਲਈ, ਲੈ, ਵਾਸਤੇ,

for Nänak, Accusative

5. ਪੰਚਮੀ : ਸ਼੍ਰੀ ਗੁਰੂ ਨਾਨਕ ਸੇ, ਕੋ, ਨੂੰ, ਸੇ, ਸਿਉ, ਤੇ, ਤੇਂ, ਤੋਂ, ਥੈ,

from, Nänak, Genitive

6. ਛੇਵੀਂ: ਸ਼੍ਰੀ ਗੁਰੂ ਨਾਨਕ ਕਾ,ਕੀ,ਕੋ ;ਦਾ...। ਕਾ,ਕੀ,ਕੇ,ਕੈ / ਦਾ,ਦੇ,ਦੈ,ਦੀ,ਤੈ

//to, for, from Nänak, Dative

7. ਸੱਤਮੀ: ਸ਼੍ਰੀ ਗੁਰ ਨਾਨਕ ਮੇ, ਪੇ, ਪਰ; ਵਿੱਚ...। ਥੀ, ਪਹਿ, ਪਰ, ਪੇ, ਪੈ, ਮਹਿ, ਮਾਹਿ, ਮੈ, ਵਿੱਚ॥ in, on, by, with, from, ablative

ਰੂੜੀ ਭਾਸ਼ਾ ਦੀ ਦੂਜੀ ਵਿਭਕਤਿ: ਕਉ,ਕੋ, ਕੋਈ ਜੇ ਕਿਸੇ ਵਿਅਕਤੀ ਸੰਬੋਧਿਨ ਲਈ ਬਰਤਿਆ ਹੈ: ਤਾਂ ਓਹ ਧਾਤੂ ਦੀ ਵਿਭਕਤਿ ਤਰ੍ਹਾਂ ਨਹੀ ਜੋੜਨਾ॥ ਹੋਰ: "ਕੈ" ਰੂੜੀ ਰੀਤ ਵਿੱਚ "ਯਾ, ਜਾਂ" ਦੇ ਅਰਥ ਵਿੱਚ ਬਰਤਿਆ ਦੇਖਿਆ ਸੁਣਿਆ ਜਾਂਦਾ ਹੈ॥ ਇਸੇ ਤਰ੍ਹਾਂ ਰੂੜੀ ਸ਼ਬਦ: ਸੇ=ਓਹ,ਆਦਿ ਜਾਣੋ॥ ਹੋਰ:"ਹੀ" ਵਿਸ਼ੇਸ਼ ਭਾਵਦਾ ਪਰਯਾਈ "ਈ" ਵੀ ਸ਼੍ਰੀ ਗੁਰੁਬਾਣੀ ਵਿੱਚ ਬਹੁਤਾ ਬਰਤਿਆ ਦੇਖਣ ਵਿਚ ਔਂਦਾ ਹੈ।

ਸ਼੍ਰੀ ਗੁਰੁ ਬਾਣੀ ਕ੍ਰਿਯਾਦੇ ਛੇ (6) ਕਾਰਕ / ਪਛੇਤਰ 6/10 ਕਾਲ[133] In English Grammar: Verb, Adverb's Conjugation's Cases, inflections

ਇਕ ਵਚਨ :-	ਕ੍ਰਿਯਾ,
1.ਉੱਤਮ ਪੁਰਖ	ਮੈ ਗਿਆਨ ਸਿਖਦਾ ਹਾਂ।
2.ਮੱਧਮ ਪੁਰਖ	ਤੂੰ ਗਿਆਨ ਸਿਖਦਾ ਹੈਂ।
3.ਅੱਨ ਪੁਰਖ	ਓਹ ਗਿਆਨ ਸਿਖਦਾ ਹੈ।
ਬਹੁ-ਵਚਨ:-	
4.ਉਤਮ ਪੁਰਖ	ਅਸੀਂ ਗਿਆਨ ਸਿਖਦੇ ਹਾਂ।
5.ਮੱਧਮ ਪੁਰਖ	ਤੁਸੀਂ ਗਿਆਨ ਸਿਖਦੇ ਹੋ।
6.ਅੱਨ ਪੁਰਖ	ਓਹ ਗਿਆਨ ਸਿਖਦੇ ਹਨ।

ਸ਼੍ਰੀ ਗੁਰੁ ਬਾਣੀ ਰੂੜੀ ਸ਼ਬਦਾਂਦੇ ਬਾਈਸ(22 ਭਾਰਤੀ; ਫਾਰਸੀ/ਅਰਬੀ-ਹੀਬਰੂ)ਜੁੜੇ ਅਗੇਤਰ 'ਪ੍ਰ' ਆਦਿ[134]

---

133. ਪੁਨੁ ਸਿੱਧਾਂਤ ਕੌਮੁਦੀ:- सुप्तिङन्तं पदम् ।१।४।१४॥ ਅਤੇ ਇਸਦਾ ਖੁਲਾਸਾ ਸੂਤ੍ਰ ਇਹ ਹੈ:-तिपतस्झि-.३।४।२८॥

134. ਪੁਨੁ ਸਿੱਧਾਂਤ ਕੌਮੁਦੀ:- १।४।५८॥ ; १।४।५९ ॥ ; १।४।६० ॥ प्रादयः क्रियायोगे उपसर्गसंज्ञा गतिसंनाश्च स्युः॥

Sri Satguru Jagjit Singh Ji eLibrary NamdhariElibrary@gmail.com

1. ਪ੍ਰ / ਪ੍ਰ , 2.ਪਰਾ/ ਪਰਾ , 3.ਅਪ / ਅਪ , 4.ਸਮ / ਸਮੱ , 5.ਅਨੁ / ਅਨੁ , 6.ਅਵ / ਅਵ , 7.ਨਿਸ / ਨਿਸੱ, 8.ਨਿਰ / ਨਿਰੱ , 9.ਦੁਸ / ਦੁਸ , 10.ਦੁਰ / ਦੁਰ, 11. ਵਿ / ਵਿ , 12.ਆਕ / ਆਕ੍ਰੱ , 13.ਨਿ / ਨਿ , 14.ਅਧਿ / ਅਧਿ, 15.ਅਪਿ / ਅਪਿ, 16..ਅਤਿ/ਅਤਿ, 17.ਸੁ/ਸ੍ਰ (ਜਾਂ ਖ੍ਰ), 18.ਉਦ /ਉਦ੍ਰੱ ,19..ਅਭਿ/ਅਭਿ,20.ਪ੍ਰਤਿ/ ਪ੍ਰਤਿ, 21.ਪਰਿ / ਪਰਿ , 22.ਉਪ/ਅਪ॥

ਅਰਬੀ ਫਾਰਸੀ ਅਗੇਤ੍ਰ ਹੋਰ ਹਨ:- 1. ਬਾ-ਇਜ਼ਤ: ਬੇ-ਇਜ਼ਤ; 2.ਬਾ-ਤਮੀਜ਼: ਬ-ਤਮੀਜ਼/ਬਦ-ਤਮੀਜ਼, 3. ਬਦ-ਕਿਸਮਤ, ਆਦੀ ॥

ਭਾਰਤੀ ਭਾਖਾ ਵਰਣ ਮਾਲਾ ਦਾ ਵਰਗੀਕਰਣ

ਸ਼੍ਰੀ ਵਿਸ਼੍ਵਗੁਰੂ ਗ੍ਰੰਥ ਸਾਹਿਬ ਵਿੱਚ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਦੀ 35 ਅੱਖਰ ਪੱਟੀ, 52 ਅੱਖਰ ਓਅੰਕਾਰ, ਤੀਜੇ ਸ਼੍ਰੀ ਜਗਦਗੁਰੂ ਅਮਰ ਦਾਸ ਜੀ ਦੀ ਭੁਲਾਵੇਂ ਅੱਖਰ ਪੱਟੀ, ਪੰਚਮ ਸ਼੍ਰੀ ਜਗਦਗੁਰੂ ਅਰਜੁਨ ਦੇਵਜੀ ਦੀ ਅਤੇ ਭਗਤ ਕਬੀਰ ਜੀ ਦੀਆਂ ਬਾਵਨ ਅੱਖਰੀਆਂ; ਪੰਜੇ ਭਾਰਤੀ ਦੇਵ-ਨਾਗਰੀ ਲਿਪੀ ਅਧਾਰ ਉੱਤਰ-ਦੱਖਨੀ ਵਰਣ ਮਾਲਾ ਆਧਾਰ ਅੱਖਰੀਆਂ ਹਨ, ਜਿਨ੍ਹਾ'ਚ ਪ੍ਰਧਾਨ ਪੈਂਤੀ ਅੱਖਰ ਇਹ ਹਨ: ਸ੍ਵਰ:-

1. ਗੁਰੁਮੁਖੀ:- ੳ ਅ (ਅ, ਆ),ੲ (ਇ, ਈ),ਉ (ਉ, ਊ),ਸ ਹ

ਦੇਵ ਨਾਗਰੀ:-ॐ अ(अ,आ) इ (इ,ई), उ(उ,ऊ), स ह

ਵ੍ਯੰਜਨ:-

2. ਗੁਰੁਮੁਖੀ:- ਕ, ਖ, ਗ, ਘ, ਙ
   ਦੇਵ ਨਾਗਰੀ:- क, ख, ग, घ, ङ
3. ਗੁਰੁਮੁਖੀ:- ਚ, ਛ, ਜ, ਝ, ਞ
   ਦੇਵ ਨਾਗਰੀ:- च, छ, ज, झ, ञ
4. ਗੁਰੁਮੁਖੀ:- ਟ, ਠ, ਡ, ਢ, ਣ
   ਦੇਵ ਨਾਗਰੀ:- ट, ठ, ड, ढ, ण
5. ਗੁਰੁਮੁਖੀ:- ਪ, ਫ, ਬ, ਭ, ਮ
   ਦੇਵ ਨਾਗਰੀ:- प, फ, ब, भ, म

ਉਪ-ਸੁਰ:-

6. ਗੁਰੁਮੁਖੀ:- ਯ, ਰ, ਲ, ਵ, ੜ
   ਦੇਵ ਨਾਗਰੀ:-य,र,ल(ळ वेदीय), व,(ड़ देव नागरी मे नहीं)

ਸ਼੍ਰੀ ਗੁਰਬਾਣੀ ਸੰਕੇਤ ਵਿਸ਼੍ਵ ਧਰਮਾਂ ਦੇ ਵੇਰਵੇ ਗੁਰੁ-ਸਿੱਖ ਜ਼ਰੂਰੀ ਜਾਣਨ

ਸ਼੍ਰੀ ਗੁਰੁਬਾਣੀ ਵਿੱਚ ਆਮ ਵਿਸ਼੍ਵਧਰਮਾਂਦੇ ਅਨੇਕ ਪਰਿਭਾਸਿਕ ਸ਼ਬਦ ਬਰਤੇ ਜਾਂਦੇ ਹਨ, ਐਥੇ ਛਾਂਟਕੇ ਦੇਸੀ ਤੇ ਅੰਗ੍ਰੇਜ਼ੀ ਫਲਾਸੋਫੀਆਂ ਦੇ ਕੁੱਛ ਜ਼ਰੂਰੀ ਪਰਿਭਾਸ਼ਿਕ ਸ਼ਬਦ ਪਾਠਕਾਂ ਹਿਤ ਲਿਖੇ ਹਨ॥ ਇਨ੍ਹਾਂ ਨੂੰ ਬਰਤਨ ਨਾਲ ਵਾਚ, ਜਾਂ ਲਕਸ਼ਣ ਪੰਗਤੀਆਂ ਪਰਥਾਇ ਅਨੁਸਾਰ ਪਿਛੇ ਕਹੇ ਪਭਿਾਸ਼ਾਵਾਂ (Hermeneutics) ਰਾਹੀਂ ਇਕ ਜਾਂ ਜ਼ਿਆਦਾ (ਪੰ.34) ਸਬਦ ਅਰਥਾਂ ਦੇ [redacted] ਰਾਹੀਂ ਸਪਸ਼ਟ

Sri Satguru Jagjit Singh Ji eLibrary NamdhariElibrary@gmail.com

ਨਾਲ ਸ੍ਰੀਵਿਸ਼ਵਗੁਰੂ ਸ਼ਾਨੀਦਾ ਮੰਦੇਸ਼, ਸਿਧਾਂਤ ਅਤੇ ਤਾਤਪਰਜ ਸਾਫ ਸਮਝ ਆਂਦਾ ਹੈ, ਕਿ ਇਹ ਸਾਂਝੇ ਮਨੁੱਖ ਮਾਤ੍ਰ ਲਈ ਹੈ ਜੋ ਬਿਨਾ ਕਿਸੇ ਜਨਮ, ਰੂਪ, ਰੰਗ, ਜਾਤਿ, ਪਾਤਿ, ਆਸ਼੍ਰਮ, ਗਰੀਬ ਅਮੀਰ, ਦੇਸ਼, ਵਿਦੇਸ਼, ਅਤੇ ਐਥੇ ਤਕ ਕਿਸੇ ਧਰਮ ਜਾਂ ਸੰਪ੍ਰਦਾਇਦੇ ਪੱਖ ਪਾਤ ਬਿਨਾ ਸਾਂਝੇ ਵਿਸ਼੍ਵ ਲੈਕ ਮਾਤ੍ਰ ਲਈ ਪ੍ਰ ਿ ਦਾ ਸ਼੍ਰੇਸ਼ਠ ਗਿਆਨ ਪ੍ਰਾਪਤ ਹੋ ਜਾਂਦਾ ਹੈ॥ ਉਸ ਨਾਲ ਵਾਹਿਗੁਰੂ ਦਾ ਪਰੋਕਸ਼(Mediate) ਅਤੇ ਅਪਰੋਕਸ਼(Immediate) ਦੋਨੋਂ ਅਨੁਭਵ ਪ੍ਰਾਪਤੀ ਨਾਲ ਜੀਵ ਸਹਿਜੇ ਨਿਹਾਲ, ਮੋਖ ਲਕਸ਼ ਪ੍ਰਾਪਤ ਕਰਦਾ ਹੈ॥ ਇਸੇ ਕਾਰਣ ਐਥੇ ਇਹ ਵੀ ਦੱਸਣਾ ਜਰੂਰੀ ਹੈ, ਦੋਨੋਂ ਪੂਰਬ-ਪੱਛਮੀ, ਤੇ ਭਾਰਤੀ-ਸਾਮੀ ਧਰਮਾਂ ਦੀਆਂ ਦੇਸਾਂ ਦੀਆਂ ਸੰਸਕ੍ਰਿਤੀਆਂ ਦੀਆਂ ਪਰਵਿਰਤੀਆਂ ਦੇ ਮੁੱਖ ਸਿੱਧਾਂਤ ਸ੍ਰੀ ਗੁਰੁਬਾਣੀ ਵਿੱਚ ਬਰਤੇ ਹਨ, ਜਿਨ੍ਹਾਂ ਦੀ ਸੰਖੇਪ ਤਫਸੀਲ ਪਾਠਕਾਂ ਦੇ ਹਿਤ ਲਈ ਦਿੱਤੀ ਗਈ ਹੈ, ਮਸਲਨ:-[135,136] ਵੇਦੀਯ ਦੇਵ ਨਾਗਰੀ / ਸੰਸਕ੍ਰਿਤ ਅਧਾਰ ਰੂੜੀ / ਪ੍ਰਾਂਤੀਯ ਲਿਪੀ ਅੱਖਰ ਉਚਾਰਣ ਗੁਰਮੁਖੀ ਲਿਪੀ

1. ਸੁਰ:-ਓ: ਅ ੲ ਓ ॥ देव नागरी : स्वरः - अ, इ, उ, ऋ॥ PRONUNCIATION VOWELS:- *A,I,U,*

2. ਉਪ ਸੁਰ:-ਯ,ਰ,ਲ, ਵ,ਸ,ਹ:। उप - स्वराः - य, र, ल, व,श,ष,ह, :। SUB-VOWELS: *ˈ,ळ ड़,श ˈ,श,ह,ह.*

3. ਸੁਰ ਬਿਨਾ ਜੁੜੇ ਕੋਈ ਵਿਅੰਜਨ ਉਚਾਰਣ ਨਹੀਂ ਹੋ ਸਕਦਾ॥ ਪੰਜਾਬੀ 'ਚ ਮੁਕਤੇ ਵਿਅੰਜਨ ਨਹੀਂ ਹਨ--ਦੇਵਨਾਗਰੀ/ਹਿੰਦੀਦੇ ਇਹ ਹਨ:-क्-ਮ्, य्-व, श्, ष्, स्, ह् ਅੰਤਰਰਾਸ਼ਟਰ ਅੰਗ੍ਰੇਜ਼ੀ ਕੋਸ਼ ਰੂਪ ਨੇ: Consonants are never pronounced without a vowel Ref. Int Dic:- क्=क्/क्=ख्उ, क/क, इटच. कण्ठः/ कंठ Guttural Compound Vowels: कण्ठ+तालू घुट+Plat: कंठ+तालू घुट+ळउब कण्ठ+अष्ठौ कंठ+होठ

Vowel High उच्चैरुदात्त ः उचा *अ,उअ/* A Mid *I,i* e/eé स्वरितःमॅध *ıı/ü* ळोा,ऱ ऋ/ृि = नीचे /नीवे 3 kinds each

---

135. ਵੇਦਾਂਦੇ ਅਤਿਪੁਰਾਣੇ "ਪ੍ਰਾਤਸ਼ਸਾਖ"ਤੇ ਮੁਨੀ ਭਰਤਦੇ"ਨਾਦ ਸ਼ਾਸਤ੍ਰ"ਆਦਿ ਸਾਰੇ ਸੰਗੀਤ ਗ੍ਰੰਥ,ਤੇ ਸਾਰੇ ਦਸਦੇ ਵਿਆਕਰਣ ਦੇ ਚੋਟੀਦੇ ਵਿਯਾਕਰਣਚਾਰਜ ਮੁਨੀ ਪਾਣੀਨੀ ਅਸਟਾਦਿਆਈ ਸੂਤ੍ਰ ਸਿਖਰ ਦਾ ਗ੍ਰੰਥ ਹੈ॥ ਉਸਦੇ ਸਮ ਕਾਲੀ ਕਾਤਿਯਾਯਨ ਨੇ ਉਸਦੇ ਗ੍ਰੰਥ ਉਤੇ ਵਾਰਤਿਕ ਲਿਖੀਹੈ ।ਅੰਤ ਵਿੱਚ ਰਿਖੀ ਪਾਤੰਜਲੀ ਦਾ ਭਾਸ਼ ਨੇ ਹੱਦ ਤੋੜ ਦਿਤੀਹੈ ॥ ਪਰ ਯਾਦ ਰਹੇ: ਇਨ੍ਹਾਂ ਸਾਰੇਆਂ ਦਾ ਆਧਾਰ ਸ੍ਰੀ ਸ਼ਿਵਜੀਦੇ ੧੪ ਸੂਤ੍ਰਾਂਦਾਜਾਲ ਹੈ ਜੋ ੪੩ ਅੱਖਰਾਂਦਾ ਹੈ॥ ਸੰਖੇਪ ਮੂਲ ਰੂਪ ਇਸਦੇ ਅਠ ਆਧਿਆਇ ਆਧਾਰ ਹੈ:-ਅਸ਼ਟਾਧਿਆਈ:-.**ਹਲਨ੍ਤਯਮ् ੧।੩।੩॥ ੧. ਡ੍ਰੋਾਇਲਸ:-ਹਗਿਹ, ਦਿਦਲਡ, ਛੋਾ: ਉਦਾਤ੍ਤ : ਸ੍ਵਰਿਤ:** ਅਨੁਦਾਨ: ੧।੨।੨੬-੩੧॥ ੨. ਡ੍ਰੋਾਇਲਸ ੧, ੨, ੩ **ਬਡ੍ਰਉਟਸ:** ऊ कालोशज्झस्वदीर्घ प्लुतः ੧।੨।੨੭॥ ੩. ਫਰੋਨੁਨਚਤਿਟਨਿਸ: ੧:੧:੬ **तुउयस्यि प्रयत्नं सवर्णम् ੧।੧।੬॥੪: ਸ੍ਵਾਟੋਤਨ'ਸ ਨਿਟਇਰਜਇਚਟ (ऋऌवर्णयोर्मिथः सावर्ण्य वाच्यम्)**

136. ਅਸਟਾਧਿਆਈ:-੧: **ਸਨਿਕਰਸ਼ : संहिता ੧।੪।੧੦੬॥; हलोऽमन्तरा : संयोगः ।੧।੧।੭॥;** ਅਣੁਦਿਤ्ਸਵਰ੍ਣਸ੍ਯ ਚਾਪ੍ਰਤ੍ਯਯ: ।੧।੧।੬॥ ੨. **ਅਦੇਙ੍ ਗੁਣ: ੧।੧।੨।।, ਆਦ੍ ਗੁਣ: ੬।੧।੭॥ ੩. ਵ੍ਰੁਦ੍ਧਿਰਾਦੈਚ੍ ੧।੧।੧॥; ਵ੍ਰੁਦ੍ਧਿਰੇਚਿ ੬।੧।।॥** *੪ ਨੱਕ ਅੰਦਰ ਉਚਾਰਣ ਵਿਧਾਨਹੈ: ਸੋ।ਅਨੁਤ੍ਸ੍ਵਾਰ:।੩।੨੩॥ ੫ "ਮ" ਪਦ ਦਾ ਲੱਖਣ ਹੈ॥ ਸੁਪ੍ਤਿਙ੍ਨਂ ਪਦਮ् ੧।੪।੧੪॥ ੬. ਅੰਤ ਵਿੱਚ ਸੈਂਖਪ ਨਾਲ:-ॐ ਸਬਦਦਾ ਵੇਦਕੀ ਪ੍ਰਕਰਣ ਦੇ ਸੂਤ੍ਰਦਾ ਪ੍ਰਯੋਗ:ਓਮਾਙੋ ਚ ੬।੧।੫॥, ੭.ਸ਼=0 ਅਥਰਵ ਵੇਦ ਵਿਚ (ਉੱਤਰ ਪੰਜਾਬ-ਗੜ੍ਹਵਾਲ ਦੇਸ ਤਕ ਉਚਾਰਣਦੀ ਪ੍ਰਿਥਾਹੈ) ਅੱਜ ਤਕ ਸੰਸਕ੍ਰਿਤ"ਖ"ਨੂੰ"ਖ"ਦਾ ਉਚਾਰਣ ਪ੍ਰਸਿੱਧਹੈ ॥

Sri Satguru Jagjit Singh Ji eLibrary NamdhariElibrary@gmail.com

1. Beat[1/2] *a* A/A *i* e/ie *u* a/au *r* Ê/irR 1 kind of each= Compound Vowels:

2. Beats[1/2] Comp.Vowels *a+a=ä*[1/3] A+A = Aw A+A = Aw *I+i=ï* e + e =eé ie+ie =eI *u+u=* üa +a =å a u+au =aU *r+r=rr* Ê+Ê =É irR+irR=rRI, 1 of each[2/1] *a+i=e*[2/2] A+e = E A+ie= ey A+e=ey[2/3] A+E = Ey A+ey= AY *a+u=o*[2/2] A+a=a o A+auy= E *a+o=ou*[23] A+ao= aO A+E = AO, 4 forms of 2 Beats each

3.Beats[1/2]Compound Vowels:*ä* +*a=ä*3, A+Aw=Aw3, A+Aw=Aw3;*i+ï=ï*3,e+eé=eé 3, ie +eI=eI3;*u+ü=ü*3,a+å =å 3,au+aU=a3;*r+r=r*3, Ê+É=É 3, irR+rRI=rRI3, 1 kind of each, 3x3= 9's set, Nasal[24] *am'* AN/AM *im'* AN/ieM *um'* a N/EN *rïm'* ÊN/irRM

1 kind of each 9x2=18's set Vowel forms:- *a ä i ï u ü r,rr Lr,lrr e, ai o, au am', äm' Aum', Om' O3m'kär*[2/6]

स्वराः वर्ण माला:-अ आ इ ई उ ऊ ऋ ॠ ऌ ॡ ए ऐ ओ औ अं आँ ॐ=ओ३म‘ ओङ्कार[2/6]

12 ਸੁਰਾਂ ਦੀ ਮੁਹਾਰਨੀ: ਅ ਆ ਇ ਈ ਉ ਊ ਏ ਐ ਓ ਔ ਅੰ ਆਂ ›, ਓਅੰ ਓਅੰਕਾਰ॥

ਵਿਯੰਜਨਾਦਿ ਮੁਹਾਰਨੀ- ਕਾ ਕਾ ਕਿ ਕੀ ਕੁ ਕੌ ਕੇ ਕੈ ਕੋ ਕੌ ਕੰ ਕਾਂ ੜ ੜਾ ੜਿ ੜੀ ੜੁ ੜੂ ੜੇ ੜੈ ੜੋ ੜੌ, ੜੰ ੜਾਂ

INDIC :- *Ved/SAN'SKRT* BASED *GURUMUKHÏ* ALPHABET'S PRONUNCIATION INDIC :- *Ved/SAN'SKRT* BASED *GURUMUKHÏ* ALPHABET'S PRONUNCIATION

II.CONSONANTS[137] (व्यञ्जन/विअंजन):RULE:Consonant cannot be pronounced without vowels.

ਹੁਣ ਸ਼੍ਰੀ ਗੁਰੁਬਾਣੀ ਨੂੰ ਭਾਰਤੀ ਪਰੰਪਰਾ ਅਨੁਸਾਰ ਭਾਖਾ ਦੇ ਪਦ ਛੇਦ ਨਹੀਂ ਪੜ੍ਹਦੇ, ਲਿਖਦੇ, ਜੋ ਪਿਛਲੇ 1000-500 ਸਾਲ ਪੁਰਾਣੀ ਰੂੜੀ ਬੋਲੀ ਨੇਮਾਂ ((Semantics, syntax, etc) ਅਨੁਸਾਰ ਵਾਰਤਿਕ, ਭਾਸ਼ਯ, ਟੀਕੇ, ਭਾਵਾਰਥ ਲਿਖੇ ਗਏ ਦੇਖਦੇ ਹਾਂ॥ ਹੁਣ ਕਰੀਬ ਸਾਰੇ ਭਾਰਤੀ, ਕਰੀਬ ਪੰਜਾਬੀ ਹਿੰਦ-ਯੋਰਪ ਬੋਲੀਆਂ ਲੈਟਿਨ-ਯੁਨਾਨੀ ਤੇ ਮੱਧ ਏਸ਼ੀਆ ਫਾਰਸੀ ਆਦਿ ਕ੍ਰਿਯਾ ਪਦ ਵਾਕਾਂਤ ਪੰਗਤੀਆਂ ਦੇ ਪਦਛੇਦ ਕਰਕੇ ਬੋਲਦੇ, ਲਿਖਦੇ ਹਾਂ॥ ਭਾਰਤੀ ਬੋਲੀਆਂ ਤਰ੍ਹਾਂ ਜਰਮਨ ਆਦਿ ਯੋਰਪਿਅਨ ਭਾਖਾ ਵਾਕ ਕਿਰਿਆਂ ਅੰਤ ਹਨ ਪਰ ਬਰਤਾਨਵੀ ਅੰਗ੍ਰੇਜ਼ੀ ਬੋਲੀ ਵਾਕ ਉਨ੍ਹਾਂ ਤੋਂ ਵੱਖਰੀ ਮੱਧ 'ਕ੍ਰਿਯਾ' ਪਦ ਵਿਧਾਨ ਹੈ, ਜਿਵੇਂ:- ਮੈ

137. ਪੁਨ ਦੇਖੋ ਸੂਤ੍ਰ:-1।1।90:-अदर्शनं लोपः १।१।६० + तस्य लोपः १।३।६॥ आदि - अन्त्येन सहेता १।१।७१

Sri Satguru Jagjit Singh Ji eLibrary NamdhariElibrary@gmail.com

ਮਦਰਸੇ ਜਾਂਦਾਂ ਹਾਂ, ਏਸ ਦਾ ਅੰਗ੍ਰੇਜ਼ੀ I am going to school ਹੈ॥ ਇਸੇ ਦਾ ਤਤਸਮ ਦੇਸੀ ਰੂਪ ਹੈ: ਮੈ ਜਾਤਾ ਹੂੰ ਸਕੂਲ ਕੋ: ਇਸ ਤਰ੍ਹਾਂ ਪ੍ਰਧਾਨ ਮੰਤ੍ਰੀ ਪੰ.ਜਵਾਹਰ ਲਾਲ ਨਹਿਰੂ ਉੜਦੂ'ਚ ਬੋਲਦੇ ਅਸੀਂ ਸੁਣੇ ਸਨ ॥ਐਸੇ ਅਗੇਤਰ-ਪਛੇਤਰ ਉਲਟੇ ਕ੍ਰਿਯਾ ਪਦ ਅਨ੍ਹੈ ਉੱਤਮ, ਮਧਮ ਪੁਰਖ ਰੂਪ ਦੇ ਬਰਤੇ ਠੀਕ ਪ੍ਰਤੀਤ ਨਹੀਂ ਹੁੰਦੇ ਸਨ॥ ਭਾਰਤੀ ਵਿਧਾਨ ਅਨੁਸਾਰ "ਸ਼ਬਦ/ਪਦ" ਦੇ ਅਗੇਤਰ ਪਛੇਤਰ ਕਦੇ ਅਲੈਹਦਾ ਨਹੀਂ ਬੋਲ/ਲਿਖਦੇ, ਜੋ ਪੱਛਮੀ ਪ੍ਰਭਾਵ ਹੌਲੀ ਹੌਲੀ ਵਧਿਆ ਹੈ॥ ਪਾਠਕਾਂ ਲਈ ਕੁਛ ਸ਼੍ਰੀ ਗੁਰੁਬਾਣੀ ਸ਼ਬਦਾਂ ਦੇ ਨਮੂਨੇ ਸਿਖਾਂ ਲਈ ਨਿਤਨੇਮ ਯਾਦ ਬਾਣੀਆਂ 'ਚ ਜੋ ਕੁਛ ਆਮ ਗੁਰੁਦ੍ਵਾਰੇਆਂ 'ਚ ਕਥਾ ਵਾਚਕਾਂ ਤੋਂ ਸੁਣਦੇ ਹਨ, ਕੁਛ ਨਮੂਨੇ ਦਿੰਦੇ ਹਾਂ ਪਰ ਜੋ ਬਿਨਾ ਗੁਰਗਮ ਟਕਸਾਲ ਪੜ੍ਹੇ ਭਾਸ਼ਣ ਦਿੰਦੇ ਹਨ, ਅਟੁਟ ਪੰਗਤੀਆਂ ਦੇ ਠੀਕ "ਪਦ ਛੇਦ" ਨਹੀਂ ਕਰਦੇ, ਕਿਉਂ ਓਹ ਆਪ ਠੀਕ ਅਧਿਆਤਮ ਅਰਥ ਆਗਮ ਨਿਗਮ ਤਰਕ ਅਨੁਸਾਰ ਹੀ ਨਹੀਂ ਸਿਖੇ, ਤੇ ਅਰਥ ਔਖੇ ਹਨ, ਜਾਂ ਅੱਜ ਦੀ ਤਰ੍ਹਾਂ ਧਰਮਾਂ 'ਚ ਫਾਟਕ ਨਹੀ ਪਾਂਦੇ, ਜਿਵੇਂ: 1. "ਜੇਜੁਗਚਾਰੇਆਰਜਾਹੋਰਦਸੂਣੀਹੋਇ"[138] ਤੁਕ'ਚ"ਹੋਰ ਦਸੂਣੀ"ਦੇ ਟਕਸਾਲੀ ਤਿੰਨ,ਚਾਰ ਪਦ ਛੇਦ ਰੂਪ ਕਰਦੇ ਹਨ:-

1. "ਹੋਰ ਦਸੂਣੀ"; 2."ਹੋ ਰਦ ਸੂਣੀ"; 3."ਹੋਰਦ ਸੂਣੀ"; 4."ਹੋਰ ਦ ਸੂਣੀ" ਦਿਖਾ ਚੁਕੇ ਹਾਂ, ਦੁਵਾਰਾ ਲੋੜ ਨਹੀਂ ਜੋ ਗਣਤ ਸਬਦ ਨਮੂਨਾ ਸੀ" (ਦੇਖੋ ਭੂਮਿਕਾ: ਵੇਰਵੇ ਟੀਕਾਕਾਰ. ਭਾ.ਵੀਰ ਸਿੰਘ, ਵੀ.ਸੀ. ਜੋਧ ਸਿੰਘ, ਸਾਹਿਬ ਸਿੰਘ)॥

ਧਿਆਨ ਰਹੇ: ਦਸ਼ੋ ਸ਼੍ਰੀ ਵਿਸ਼੍ਵਗੁਰੂਆਂ ਨੇ ਕਿਤੇ ਵੀ ਵਾਹਿਗੁਰੂ ਨੂੰ ਨਿਹੋਰਾ ਨਹੀਂ ਦਿੱਤਾ। ਪਰਚਾਰਕ, ਇਤਿਹਾਸਕਾਰ ਬਿਨਾ ਗੁਰੁਗਮ ਸਿੱਖੇ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀਦਾ ਸ਼ਬਦ ਅਕਾਲ ਪੁਰੁਖ ਨੂੰ ਨਿਹੋਰਾ ਆਖਦੇ ਹਨ! ਓਨ੍ਹਾ ਗੁਰੁਗਾਮ, ਰੂੜੀ ਬਾਣੀ ਦੇ ਠੀਕ ਪ੍ਰਥਾਏ ਅਰਥ ਕਰਨੇ ਕਦੀ ਨਾ ਸਿੱਖੇ॥ ਸ਼ਬਦ ਪ੍ਰਥਾਇ ਅਰਥ ੧ਓ ਨੂੰ ਅਤੇ ਬਾਦਸ਼ਾਹ (ਮੀਰ) ਬਾਬਰ ਮੁਖਾਤਬ ਹੈ:-

ਮ:1:-"...ਏਤੀ ਮਾਰ ਪਈ ਕਰਲਾਣੇ: ਤੈਂ ਕੀ ਦਰਦੁ ਨ ਆਇਆ?" ਗੁਰੁਗਮ ਟਕਸਾਲ "ਸਬਦ ਤੁਕ ਅੰਤਰ ਅਲਾਪਕਾ" ਅਰਥ ਹੈ:-

1. ਮੀਰ ਬਾਬਰ ਨੂੰ:-ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
2. ੧ਓ ਕਰਤਾ ਨੂੰ:-ਆਪੈ (ਬਾਬਰ ਦਾ) ਦੋਸ (ਹੈ:ਦੇਹਲੀ ਦੀਪਕ ਨਿਜ਼ਾਹੈ): ਨ (ਦੋਸ਼) ਦੇਈ ਕਰਤਾ:
3. ਮੀਰ ਬਾਬਰ ਨੂੰ:-ਜਮੁਕਰਿ ਮੁਗਲੁ ਚੜਾਇਆ॥ ਏਤੀ ਮਾਰ ਪਈ (ਭਾਰਤੀ) ਕਰਲਾਣੇ ਤੈਂਕੀ (ਬਾਬਰ) ਦਰਦੁ ਨ ਆਇਆ? ॥ 1॥
4. ੧ਓ ਕਰਤਾ ਨੂੰ:- ਕਰਤਾ! ਤੂੰ ਸਭਨਾ ਕਾ ਸੋਈ ॥
5. ਮੀਰ ਬਾਬਰ ਨੂੰ:-ਜੇ ਸਕਤਾ (ਮੀਰ ਬਾਬਰ) ਸਕਤੇ(ਲੋਧੀ ਸ਼ਾਹ) ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ ਸਕਤਾ।

---

138. ਪੁਨ੍ਹੈ.ਓ. ਪੰ.੨:੧੪। ਅ.ਪੰ.੩੬੦: ੧੨-੧੪- ਏ.ਪੰ.੧੧੯੧:੪+ ਦਸ਼ਗੁਗ੍ਰੰ. ਬਚਿਤਰ ਨਾਟਕ:੧੩:੧੦॥ ਸ.ਪੰ.੪:੯;੧੪੬:੧੩;੧੦੨੧:*੨। ਹ.ਪੰ.੧੪੨੯:੪;੬੪੫:੧੨। ਕ.ਪੰ.੫੫੦:੧੯;੧੦੮੯:੪। ਖ.ਪੰ.੫੦੩:੮। ਗ.ਪੰ.੪੭੪:੧੯;੪੭੫:੧॥ ਆਦਿ॥

Sri Satguru Jagjit Singh Ji eLibrary NamdhariElibrary@gmail.com

ਸੀਹੁ(ਬਬਰ-ਸ਼ੇਰ) ਮਾਰੇ ਪੈ "ਵਗੈ" ਗੋ-ਝੁੰਡ, ਖਸਮੈ (ਬਾਬਰ) ਸਾ ਪੁਰਸਾਈ(ਦੋਸ਼ੀ ਨਹੀ?...॥" ਸਹੀ ਅਰਥਹੈ॥ ਪਿੱਛੋਂ ਬਾਬਰ ਨਾਲ ਮੁਲਾਕਾਤ'ਚ ਵਾਹਿਗੁਰੂ ਨੂੰ ਸ਼੍ਰੀਵਿਸ਼ਗੁਰੂਜੀ ਕੀ ਨਿਹੋਰਾ ਦੇਣਾਸੀ? ਬਲਕਿ ਇਹ ਸ਼ਬਦ 'ਚ ਕਿਹਾ:- ਜੇ ਤੂ (ਬਾਬਰ) ਮੀਰ ਮਹੀਪਤਿ ਸਾਹਿਬੁ: ਕੁਦਰਤਿ ਕਉਣ ਹਮਾਰੀ?॥ ਚਾਰੇ-ਕੁੰਟ ਸਲਾਮੁ ਕਰਹਿਗੇ, ਘਰਿ ਘਰਿ ਸਿਫਤਿ ਤੁਮ੍ਹਾਰੀ॥ 7"

ਇਸੇ ਕਾਰਣ ਦਸਮ ਸ਼੍ਰੀਜਗਦਗੁਰੂ ਗੋਬਿੰਦ ਸਿੰਘ ਜੀ ਭੀ ਇਸ ਸ਼ਬਦ ਦੀ ਪੁਸ਼ਟੀ 'ਚ ਆਪਣੀ ਕਥਾ 'ਚ ਸ਼ਬਦ ਲਿਖਿਆ:-ਬਾਬੇਕੇ ਬਾਬਰਕੇ ਦੋਊ।ਆਪ ਕਰੇ ਪਰਮੇਸਰੁ ਸੋਊ॥ਦੀਨ-ਸ਼ਾਹ ਇਨਕੋ ਪਹਿਚਾਨੋ। ਦੁਨੀ ਪਤਿ ਉਨਕੋ ਅਨੁਮਾਨੋ॥ ਜੋ ਬਾਬੇ ਕੇ ਦਾਮ ਨ ਦੈਹੈ।ਤਿਨਤੇ ਗਹਿ ਬਾਬਰ ਕੇ ਲੈਹੈ॥ਦੈਦੈ ਤਿਨਕੋ ਬੜੀ ਸਜਾਇ।ਪੁਨਿ ਲੈਹੈ ਗ੍ਰਹਿ ਲੂਟ ਬਨਾਇ॥ਆਦਿ॥

2. ਪਵਣੁਗੁਰੂਪਾਣੀਪਿਤਾਮਾਤਾਧਰਤਿਮਹਤੁ॥ਦਿਵਸੁਰਾਤਿਦੁਇਦਾਈਦਾਇਆਖੈ ਲੈਸਗਲਜਗਤ ਤੁਕ 'ਚ "ਪਵਣੁ ਗੁਰੂ" ਦਾ ਕੀ ਅਰਥ ਹੈ? ਕੀ ਪਵਣੁ ਵਾਹਿਗੁਰੂ ਏਕਤ੍ਵ (ਪੰ1021:2) ਦਾ ਸ਼ਰੀਕ ਹੈ?"ਦਿਵਸੁ ਰਾਤਿ ਦੁਇ"ਦੋ ਹਨ:- ਚਾਨਣ- ਅਨ੍ਹੇਰ ਦੋ ਪੱਖ ਹਨ?

3."ਥਾਲਵਿਚਿਤਿੰਨਿਵਸਤੂਪਈਓਸਤੁਸੰਤੋਖੁਵੀਚਾਰੋ॥ਅੰਮ੍ਰਿਤਨਾਮੁਠਾਕੁਰਕਾਪਇਓ ਜਿਸਕਾਸਭਸੁ ਅਧਾਰੋ" ਤੁਕਾਂ ਵਿੱਚ"ਥਾਲ ਵਿਚਿ ਤਿੰਨਿ ਵਸਤੂ" ਇਦੰਤਾ ਲਿਖੇ ਹਨ,ਸੋ ਕੇਤ੍ਹੈ ਤਿੰਨ ਹਨ? ਆਮ ਇਹ ਗਿਣਤੀ ਕਰਦੇ ਹਨ:-1,ਸਤੁ, 2.ਸੰਤੋਖ, 3.ਵੀਚਾਰ, ਕਹ, ਫੇਰ ਸਾਰੇਆਂ ਦਾ ਉਧਾਰਕ(ਚੌਥਾ 4) ਅੰਮ੍ਰਿਤ ਨਾਮ ਹੈ! ਕੀ ਐਸਾ ਅਰਥ ਠੀਕ ਹੈ? ਪ੍ਰਸ਼ਨ: "ਵੀਚਾਰ" ਕੀ ਪਦਾਰਥ ਹੈ, ਕਿ ਨਾਵ, ਜਾਂ ਕ੍ਰਿਯਾ ਇਹ ਪਹਿਲੀ ਜਮਾਤ ਦੇ ਜਾਣਦੇ ਹਨ? ਕੀ "ਵੀਚਾਰ" ਕ੍ਰਿਯਾ, ਤੁਕ 'ਚ ਠੀਕ ਅਰਥ ਹੈ? ਕਿ ਗੁਰਗਮ ਅਰਥ: ਕੇਵਲ ਤਿੰਨੋ 1.ਸਤੁ ਵੀਚਾਰੋ, 2. ਸੰਤੋਖੁ ਵੀਚਾਰੋ, 3. ਨਾਮੁ ਵੀਚਾਰੋ ਹੈ ॥

4. ਨਾਨਕਤਰਵਰੁਏਕੁਫਲੁਦੁਇਪੰਖੇਰੂਆਹਿ ਤੁਕ 'ਚ "ਤਰਵਰੁ ਏਕੁ ਫਲੁ ਦੁਇ ਪੰਖੇਰੂ" ਹਨ।ਸ੍ਵਾਲ ਹਨ:- ਕੀ:-

1."ਤਰਵਰੁ ਏਕੁ"ਹੈ, 2."ਏਕੁਫਲੁ"ਹੈ? 3."ਫਲੁਦੁਇ" ਹਨ।4."ਦੁਇ ਪੰਖੇਰੂ" ਹਨ? ਐਨੇ ਪਦਛੇਦ ਰੂਪ ਬਣਦੇ ਹਨ? ਟਕਸਾਲੀ ਹੀ ਅਰਥ ਜਾਣਦੇ ਹਨ॥

5. ਮ:1:ਉਰਧ ਮੂਲ ਜਿਸੁ ਸਾਖ ਤਲਾਹਾ,ਚਾਰਿ ਬੇਦ ਜਿਤੁ ਲਾਗੇ॥ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ" ਜਿਨ੍ਹਾਂ ਟਕਸਾਲੀ ਤੁਲ ਧਰਮੀ "ਖਟ ਸ਼ਾਸਤ੍ਰ, ਗੀਤਾ: 15:1 ਅਰਥ ਸਿਖੇ: ਠੀਕ ਹਨ--ਬਾਕੀ ਅਟਾਸਟ,ਤੁੱਕੇ ਹੀ ਹਨ ; ਅੰਤੇ:-

6. ਏਹਕਿਨੇਹੀਆਸਕੀਦੂਜੈਲਗੈਜਾਇ॥ਨਾਨਕਆਸਕੁਕਾਂਢੀਐਸਦਹੀਰਹੈਸਮਾਇ ਇਸ ਗੁਰੂਬਾਣੀ ਰੂੜੀ ਤੁਕ ਦਾ "ਪਦ ਛੇਦ" ਤੁੱਛ ਬੁੱਧੀਮਾਂਨ ਕੀਤੇ ਛਪੇਆ ਪਦ ਛੇਦ "ਇਹ ਕਿਨੇਹੀ ਆਸਕੀ" ਦੁਨੀਆ ਭਰਦੇ ਗਿਆਨੀ ਪੜ੍ਹਦੇ,ਰਾਗੀ ਗਾਂਦੇਨੇ: ਪਰ ਰੂੜੀ ਅਸਲ "ਪਦ ਛੇਦ" ਅਰਥਹੈ "ਇਹ ਕਿ ਨੇਹੀ ਆਸਕੀ ਦੂਜੈ ਲਗੈ ਜਾਇ? ਨਾਨਕ ਆਸਕੁ ਕਾਂਢੀਐ,ਸਦ ਹੀ ਰਹੈ ਸਮਾਇ" ਤੇ ਸਿਧਾ ਠੀਕ ਅਰਥ: 'ਏਹ ਕਿ (ਕੈਸੀ?) ਨੇਹੀ (ਸਨੇਹ,ਪ੍ਰੇਮੀ ਨੇ, ਜੋ) ਦੂਜੇ (ਭਾਉ, ਮਾਯਾਵੀ ਦੇਵ,ਦੈਵੀਸ਼ਕਤੀ ਭਗਤੀ;ਜਾਂ,ਪਰ ਇਸਤ੍ਰੀ ਪਿਆਰ 'ਚ) ਲਗੇ ਹਨ? ਸ਼੍ਰੀ ਵਿ...

Sri Satguru Jagjit Singh Ji eLibrary NamdhariElibrary@gmail.com

ਇਸ਼ਟ ੧ਓ ਿਚ ਸਮਾਇ ਜੀਵਨ ਮੁਕਤ ਐਸੇ ਹਨ "ਜਿਉ ਜਲਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥ ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭਕੈ ਸਦ ਕੁਰਬਾਨ" ਅਤੇ 10 ਗੁਰੂ ਬਚਨ ਹੈ:"ਹਰਿਜਨ ਹਰਿ ਸੰਗ ਮਿਲਤਹੈ,ਸੁਨਤ ਪ੍ਰੇਮਕੀ ਗਾਥ। ਜਿਉ ਡਾਰਿਓ ਮਿਲਿ ਜਾਤਹੈ, ਨੀਰ ਨੀਰਕੇ ਸਾਥ॥ 2477॥"

7. ਸਹਸਤਵਨੈਨਨਨਨੈਨਹੈਤੋਹਿਕਉਸਹਸਮੂਰਤਿਨਨਾਏਕਤੋਹੀ॥ ਸਹਸਪਦਬਿਮਲਨਨਏਕ ਪਦਗੰਧਬਿਨੁਸਹਸਤਵਗੰਧ...."

ਰੂੜੀ ਭਾਖਾ ਦੇ ਪੰਜਾਬ ਦੇਸੀ ਅਗਿਆਨੀਆਂ ਨੇ ਇਕੱਠੇ ਛੇ(6)"ਨਨੇ"ਕਦੀ ਨਹੀਂ ਦੇਖੇ, ਨਾ ਸੁਣੇ ਅਤੇ 'ਨਨੇ' ਨੂੰ ਕੇਵਲ "ਨਿਖੇਦ" ਮੰਨਦੇ/ਜਾਣਦੇ ਹਨ। ਜਿਸ ਨੇ ਇਹ ਪਦ ਦੇ ਪਦਛੇਦ ਕਰਦੇ ਸਮਝ ਨਾ ਆਏ, ਛੇ ਨਨੇ ਕਿਵੇਂ "ਪਦਛੇਦ" ਕਰੇ ਹਰਿਆਨਾ, ਯੂ.ਪੀ., ਬਿਹਾਰ, ਮੱਧਪ੍ਰਦੇਸ਼,ਅਨੇਕ ਦੇਸੀ(ਰੋਹੇਲ ਖੰਡੀ, ਬੰਦੇਲ ਖੰਡੀ, ਬਘੇਲ ਖੰਡੀ,ਸੌਰਸੈਨੀ) ਵ੍ਰਿਜ ਭਾਖਾ ਬੋਲਨ ਵਾਲੇਆ ਨੂੰ ਕੋਈ ਔਖਾਈ ਨਹੀਂ ਦੇਖੀਂਦੀ! ਕਿਉਂਕਿ ਓਹ 'ਨ' ਨੂੰ ਦੋਨੋ "ਅਸਮਾਕਮ=ਵਿੱਧੀ" ਤੇ ਉਸੇ ਤਰ੍ਹਾਂ "ਤਿਨ ਨਨੇ" ਵੀ ਹਰਰੋਜ਼ "ਵਿੱਧੀ" ਵਿੱਚ ਬਰਤਦੇ ਹਨ॥ ਮਸਲਨ:- ਜੇਂ ਕਿਸੇ ਯੂ.ਪੀ. ਪ੍ਰਤਾਪਗੜ੍ਹ ਤੋਂ ਪੰਜਾਬ ਆਇ ਮਾਲੀ ਦੀ 'ਇੱਕ ਅੱਖ' ਦੁਖਦੀ ਹੋਵੇ, ਤੇ ਪੁਛੋ: ਭਈਯਾ, ਕਿਆ ਕਸ਼ਟ ਹੈ? ਉੱਤ੍ਰ ਦਿੰਦਾਹੈ, "ਨੈਨ ਮੇਂ ਪੀੜਾ ਹੋਤ ਹੈ"। ਜੇ ਉਸ ਦੀਆਂ ਦੋਨੋਂ ਅੱਖਾਂ ਦੁਖਦੀਆਂ ਹੋਣ, ਕਹਿਦਾ ਹੇ, "ਦੁਈ ਨੈਨਨ ਮੇਂ ਪੀੜਾ ਹੋਤ ਹੈ"॥ ਰੂੜ੍ਹੀ ਤੋਂ ਅਗਿਆਨੀ ਟਿੱਪਣੀ ਕਰਤਾ ਦਾ ਜਵਾਬ ਸੁਣ ਕੇ, ਭਾਈ ਜੋਧ ਸਿੰਘ ਵੀ.ਸੀ. ਤੁਰੰਤ ਕਿਹਾ "ਨੈਨ" ਦਾ ਜਵਾਬ ਤਾਂ ਠੀਕ ਹੋਇਆ; ਪਰ "ਮੂਰਤਨ" ਦਾ ਕੀ ਹੱਲ ਹੈ? ਇਕਦਮ ਉਤ੍ਰ ਦਿਤਾ: ਜੇ ਓਸ ਮਾਲੀ ਸਾਹਮਣੇ ਬਹੁਤ ਡੀਲਡੌਲ ਪੰਜਾਬੀ ਜ੍ਵਾਨ ਖੜੇ ਹੋਣ, ਓਨ੍ਹਾਂ ਦੀ ਸਿਫਤ ਕਰਦੇ ਕਹਿੰਦਾ ਹੈ:"ਯਹਾਂ ਬਹੁਤ ਸੁੰਦਰ "ਮੂਰਤਨ" ਖੜੀਂ ਹੈਂ"॥ ਸ਼੍ਰੀਵਿਸ਼੍ਵਗੁਰੂ ਗ੍ਰੰਥ ਸਾਹਿਬ'ਚ ਸਾਰੀ ਸੁਖਮਨੀ, ਅਨੰਦ ਆਦਿ ਬਾਣੀ ਅੱਜ ਕਲ ਦੀ ਪੰਜਾਬੀ ਨਹੀਂ--ਓਹ ਉੱਤਰ ਭਾਰਤੀ ਮੱਧ ਕਾਲੀ ਰੂੜੀ ਭਾਖਾ ਹੈ, ਐਥੇ ਤਕ, ਪੰਜਾਬੀ "ਅਥਰਵ ਵੇਦੀ ਪੰਡਿਤ" ਦੇਵ ਨਾਗਰੀ (ਸੰਸਕ੍ਰਿਤ)ਦੇ ਮੂਰਧਨ 'ਸ਼': "ਪੁਰਸ਼"/ ਪੰਜਾਬੀ"ਪੁਰਖ" ਅਥਰ ਵੇਦ ਮੰਤ੍ਰ ਪਾਠ ਉਚਾਰਣ ਹੁਣ ਵੀ ਵਿਆਹ, ਯਗਜ਼ਾਦਿਆਂ 'ਚ ਉਚਾਰਦੇ ਸੁਣੀਂਦੇ ਦੇਖਦੇ ਹਨ॥ ਸੋ ਠੀਕ "ਪਦ ਛੇਦ" "ਸਹਸ ਤਵ ਨੈਨਨ: ਨ ਨੈਨ ਹੈ ਤੋਹਿ ਕਉ,ਸਹਸ ਮੂਰਤਿਨ: ਨਾ ਏਕ ਤੋਹੀ॥ ਸਹਸ ਪਦ ਬਿਮਲਨ: ਨ ਏਕ ਪਦ ਗੰਧ ਬਿਨੁ: ਸਹਸ ਤਵ ਗੰਧ ਇਵ ਚਲਤ ਮੋਹੀ॥ 2"

8. ਮਹਿਮਾਨਜਾਨਹਿਬੇਦ॥ ਬ੍ਰਹਮੇਨਹੀਜਾਨਹਿਭੇਦ॥ ਅਵਤਾਰਨਜਾਨਹਿਅੰਤੁ॥ ਪਰਮੇਸਰੁ ਪਾਰਬ੍ਰਹਮਬੇਅੰਤੁ॥ 1॥ 500 ਸਾਲ ਪੁਰਾਣੀ ਰੂੜ੍ਹੀ ਭਾਖਾ(lingua franca semantical) 'ਪਦ ਛੇਦ'ਇਸ ਤਰ੍ਹਾਂ ਹੈ:"ਮਹਿਮਾ ਨ ਜਾਨਹਿ-ਬੇਦ॥ ਬ੍ਰਹਮੇ: ਨਹੀ ਜਾਨਹਿ-ਭੇਦ॥ ਅਵਤਾਰ ਨ ਜਾਨਹਿ-ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥ ਅਪਨੀ ਗਤਿ ਆਪਿ ਜਾਨੈ॥ ਸੁਣਿ ਸੁਣਿ ਅਵਰ ਵਖਾਨੈ॥

ਪ੍ਰਚਲਿਤ ਨਿਖੇਦ ਅਰਥ ਨਹੀਂ, ਅਰਥ ੧ਓ ਿਦਰਸ਼ਨ ਸਿੱਧਾਂਤ ਕਾਰਣ ਵਿਧੀ ਦੇ ਹੋਰ(ਸੁਣਿ ਸੁਣਿ ਅਵਰ ਵਖਾਨੈ) ਹਨ, ਜੋ ਇਹ ਹਨ:-

Sri Satguru Jagjit Singh Ji eLibrary NamdhariElibrary@gmail.com

1. ਮਹਿਮਾ ਨ ਜਾਨਹਿ-ਬੇਦ? ਬੇਦ! ਕੀ ਮਹਿਮਾ ਨਹੀਂ ਜਾਣਦੇ? ਇਸ ਸ਼ਬਦ ਦੀ ਅੰਤਰ ਅਲਾਪਕਾ ਹੈ, ਜਿਸ 'ਚ ਪ੍ਰਸ਼ਨ ਉਤ੍ਰ ਸ਼ਬਦ 'ਚ ਹਨ।

ਪਹਿਲਾ ਉੱਤਰ: 2.ਬ੍ਰਹਮੇ: ਨਹੀ ਜਾਨਹਿ-ਭੇਦ, 500 ਸਾਲ ਪੁਰਾਣੇ ਬੋਲ ਦਾ ਲਹਿਜਾ, ਬ੍ਰਹਮਾ ਭੇਦ(ਦੂਜਾ ਭਾਉ) ਨਹੀਂ ਜਾਣਦਾ/ਮੰਨਦਾ॥

3. ਅਵਤਾਰ ਨ ਜਾਨਹਿ-ਅੰਤੁ, ਵੀ 500 ਸਾਲ ਪੁਰਾਣਾ ਲਹਿਜਾ:-ਅਵਤਾਰ ਵੀ ਪਰਿਭਾਸ਼ਿਕ ਅੰਤੁਦੂਜਾ ਭਾਉ: ਦੇਸ਼ ਸ਼ਕਤੀ(Space's force), ਕਾਲ ਸ਼ਕਤੀ(Time force) ਤੇ ਪ੍ਰਮਾਣੂ ਤਕ ਵਸਤ(Atom/ Substance) ਭੇਦ-ਛੇਦ ਕਾਰਣ) ਨਹੀਂ ਜਾਣਦੇ, ਨਹੀਂ ਮਨਦੇ, ਸਿਧਾਂਤਕ ਸਚਾਈ ਹੈ, ਕਿਉਂ:ੴ ਵਿਭੁ(Continuum)ਦੇਸ਼, ਕਾਲ, ਵਸਤੂਆਂ ਤੋਂ ਅਭੇਦ-ਅਛੇਦ ਹੈ॥

4. ਪਰਮੇਸਰੁ ਪਾਰਬ੍ਰਹਮ ਬੇ-ਅੰਤੁ ਹੈ: ਸਮਝੇ?

ਇਕਨਾਨਾਦਨਬੇਦਨਗੀਅਰਸੁਰਸਕਸਨਜਾਣੰਤਿ॥ ਇਕਨਾਸੁਧਿਨਬੁਧਿਨਅਕਲਿਸਰ ਅਖਰਕਾਭੇਉਨਲਹੰਤਿ॥ ਨਾਨਕਸੇਨਰਅਸਲਿਖਰਜਿਬਿਨੁਗੁਣਗਰਬੁ ਕਰੰਤਿ॥" ਇਹ ਪਰਾ-ਕਰਤਬ ਉਪਦੇਸ਼ ਤੁਕਾਂ ਹਨ, ਤੇ ਠੀਕ ਪਦ ਛੇਦ ਅਰਥ ਹੈ:- ਇਕਨਾ ਨਾਦ, ਨ ਬੇਦ, ਨ ਗੀਅ ਰਸੁ, ਰਸ-ਕਸ ਨ ਜਾਣੰਤਿ॥ ਇਕਨਾ ਸੁਧਿ ਨ, ਬੁਧਿ ਨ ਅਕਲਿ ਸਰ, ਅਖਰਕਾ ਭੇਉ, ਨ ਲਹੰਤਿ॥ ਨਾਨਕ: ਸੇ ਨਰ ਅਸਲਿ ਖਰ, ਜਿ, ਬਿਨੁ ਗੁਣ: ਗਰਬੁ ਕਰੰਤਿ॥

ਠੀਕ: ਇਕਨਾ(ਜੋ)ਨਾਦ, ਵੇਦ, ਸੰਗੀਤ ਰਸ(ਤੱਤ)ਨਹੀਂ ਜਾਣਦੇ; ਜੋ ਪ੍ਰਾਪਤ ਕੀਤੇ ਮੰਦ-ਬੁੱਧੀ, ਬਿਨਾ ਅਕਲ ਬਰਤੇ ਅਧਿਆਤਮ ਸ਼ਬਦ ਗਿਆਨ ਦਾ ਭਾਵ ਨਹੀ ਲੈਂਦੇ (ਸਮਝਦੇ)--(ਸ੍ਰੀ ਵਿਸ਼੍ਵਗੁਰੂ)ਨਾਨਕ(ਦੇਵ ਜੀਦਾ ਮੱਤਹੈ),ਓਹ ਨਰ(ਪੁਰਖ-ਇਸਤ੍ਰੀ) ਅਸਲ ਖਰ (ਗਧੇ, ਪਸ਼ੂ) ਨੇ,ਜੋ ਬਿਨਾ ਗੁਣ ਸਿੱਖੇ, ਗਰਬ (ਹੰਕਾਰ) ਕਰਦੇ ਨੇ(ਭਾਵ:ਕਿਸੀ ਹਾਲਤ ਹੰਕਾਰ ਨਹੀ ਕਰਨਾ), ਪੜਿਆ ਮੂਰਖੁ ਆਖੀਐ, ਜਿਸੁ ਲਬੁ ਲੋਭੁ ਅਹੰਕਾਰਾ॥

ਗਲਤ: ਜੋ ਨਾਦ...ਨਰ(ਪੁਰਖ-ਇਸਤ੍ਰੀ) ਅਸਲ ਖਰ(ਗਧੇ) ਹਨ,ਬਿਨਾ ਗੁਣ ਗਰਬ ਕਰਦੇ ਹਨ :ਭਾਵ:ਜੋ ਜਾਣਦੇ ਹਨ,ਗਰਬ ਕਰਨਾ ਠੀਕ ਹੈ?; ਕਾਰਣ ਕਿ, ਕਿਸੇ ਵੀ ਹਾਲਤ ਗਰਵ/ਅਹੰਕਾਰ ਕਰਣਾ ਕਦੀ ਵੀ ਠੀਕ ਨਹੀਂ,ਇਹ ਸ਼੍ਰੀ ਗੁਰੁ ਸਿਧਾਂਤ ਹੈ॥

9. ਬੁਰਾਭਲਾਤਿਚਰੁਆਖਦਾਜਿਚਰੁਹੈਦੁਹੁਮਾਹਿ॥ ਗੁਰਮੁਖਿਏਕੋਬੁਝਿਆਏਕਸੁਮਾਹਿ ਸਮਾਇ॥ 7ਜ.140

---

139. ੳ.ਪੰ.੨੭੮:੪;੧੨੦੯:੧੭।ਅ. ਪੰ.੧੩:੪ ਤੇ ੬੬੩:੪ ।ਏ.ਪੰ.੮੯੪:੪।ਸ.ਪੰ.੧੨੪੬:੧;੧੪੧੧:੧੪। ਹ.ਪੰ.੭੫੭:੫ ॥ਆਦਿ ॥

140. ੳ.ਦੇਸ਼-ਕਾਲ ਇਕੋ ਵਿਭੂ/ਵਿਆਪਕਤਾ (Continuum) ਅੱਜ ਸਾਇੰਸ ਮੰਨੀ ਨਹੀਂ-ਬਲਕਿ ਪੁਰਾਣੇ ਤਰਕ ਆਧਾਰ ਦੋ ਉਲਟੇ-ਸੁਲਟੇ ਬਲ ਹਨ:ੳ.ਵੈਸੇਸ਼ਿਕ ਸੂਤ੍ਰ ਪਰਿਭਾਸ਼ਿਕ ਦਰਸ਼ਨ ਅਰਥ:"ਦੇਸ਼ ਬਲ"(Centerifugal force)ਪ੍ਰਮਾਣੂਆਂ(Monads)'ਅੱਡ'ਰਖਦਾ ਹੈ: ਸ਼੍ਰੀਗੁਗ੍ਰੰਜੀ.ਪੰ.੬੮੧: ੧੭- "ਚਤੁਰ-ਦਿਸਾ ਕੀਨੋ ਬਲੁ ਅਪਨਾ,ਸਿਰ ਊਪਰਿ ਕਰੁ ਧਾਰਿਓ"; ਭਾਵ: ਚਾਰੋ ਦਿਸ਼ਾ ਬਲ ਕਾਰਣ (ਤਾਰਾ ਮੰਡਲ) ਸਿਰ ਉਪਰ ਧਾਰਣ (ਸੋਮ ਨਾਥ ਮੰਦਰ ਆਕਾਸ਼ ਮੱਧ ਲੋਹ ਮੂਰਤਿ ਤਰ੍ਹਾਂ ਲਟਕਦਾ) ਹੈ॥ +ਅ.ਪਰਿਭਾਸ਼ਿਕ ਅਰਥ:"ਕਾਲ ਬਲ"(Centeripetal force)ਪ੍ਰਮਾਣੂ (Monad/Atoms)ਆਪਸ ਵਿੱਚ ਜੋੜਨ ਨੂੰ ਧੱਕਦਾ ਹੈ। ਇਹ ਦੋਨੋਂ ਸ਼ਕਤੀਆਂ ਦੇ ਆਪਸ'ਚ ਉਲਟੇ/ਵਿਰੋਧੀ "ਬਲ"(Space-Time are opposite"force") ਹਨ ॥

Sri Satguru Jagjit Singh Ji eLibrary NamdhariElibrary@gmail.com

ਇਹ ਵਿਧਾਨ ਤੁਕ ਹੈ:ਦੁਹੁਮਾਹਿ(ਦੂਜੇ ਭਾਉ)ਦਾ ਦਾਰਸ਼ਨਿਕ ਸਿਧਾਂਤ ਵਿਸਤਾਰ ਹੋ ਚੁਕਾ; ਪਾਠਕ ਏਕੋ ਬੁਝਿਆ ਪਰਿਭਾਸਿਕ ਅਰਥ ਯਾਦ ਰੱਖਣ: ਕੇਵਲ ਗੁਰਗਮ ਟਕਸਾਲੀ ਸਿਖਿਆ ਬਿਨਾ ੧ਓ ਨੇਹੀਂ ਸਮਝ ਸਕਦੇ॥ ਦੋ, ਤਿੰਨ ਦਰਜਨ: ਅੰਤਰ ਅਲਾਪਕਾ, ਬਾਹਰ ਅਲਾਪਕਾ, ਕੂਟ, ਪਹੇਲੀ ਬਹੁਤ ਸ਼ਬਦ ਹਨ,ਇਤਨੇ ਨਮੂਨੇ ਕਾਫੀ ਹਨ॥

ਸ਼੍ਰੀਗੁਰੁਬਾਣੀ ਗੁਰਗਮ ਰੀਤ ਬ੍ਰਹਮ ਗਿਆਨ ਬਿਨਾ: ਦੂਜੇ ਭਾਉ ਕਾਰਣ ਜਨਮ-ਮਰਣ ਚਕ੍ ਰਹਿੰਦਾ ਹੈ॥ ਪ੍ਰਸੰਗ ਅਨੁਸਾਰ ਸ਼੍ਰੀਵਿਸ਼੍ਵਗੁਰੂ ਗ੍ਰੰਥ ਸਾਹਿਬਜੀਦੇ ਸ਼੍ਰੀ ਜਪੁ ਨੀਸਾਣੁ ਗ੍ਰੰਥੀ ਪ੍ਰਾਰੰਭ '1' ਸਿਧਾਂਤ ਮੁਕਾਬਲੇ ਹੋਰ ਕੋਈ '2' ਦੂਜੇ ਭਾਉ' ਲੱਖੇ ਪਰਿਭਾਖ ਲੱਖਣ(Hermeneutic Definition) ਸਪਸ਼ਟ ਜ਼ਰੂਰੀ ਕਰਨੇ ਸਨ ਜੋ ਕਰ ਚੁਕੇ ਹਾਂ॥ ਇਹ ਮੂਲ ਤਤ ਗਿਆਨ ਸਮਝੇ ਬਿਨਾ ਦੁਬਿਧਾ (ਤਿਨੋਂ ਸੰਸ਼ੈ ਵਿਪਰਜੈ ਦੋਸ਼) ਬਿਲਕੁਲ ਦੂਰ ਨਹੀਂ ਹੁੰਦੇ,ਜਿਸ ਕਾਰਣ ਜਗਿਆਸੂ ਪਾਠਕਾਂ ਲਈਂ ਪੁਨ੍ਹੈ ਕੁਛ ਸ਼੍ਰੀ ਗੁਰੁਬਾਣੀ ਸਾਵਧਾਨ ਕਰਣ ਦੇ ਬਾਰ ਬਾਰ ਤਾੜਨਾ ਸ਼ਬਦ, ਦ੍ਰਿੜ ਯਾਦਤਾ ਲਈ ਲਿਖੇ ਹਨ:-

ਮ:5:- ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇ ਤੇ ਏਕੰਕਾਰ॥

ਮ:5:- ਨਾਨਕ ਜਨਿ ਗੁਰੁ ਪੂਰਾ ਪਾਇਆ॥ ਅੰਤਰਿ ਬਾਹਰਿ ਏਕੁ ਦਿਖਾਇਆ॥

ਮ:5:- ਭ੍ਰਮਕੇ ਪਰਦੇ ਸਤਿਗੁਰ ਖੋਲ੍ਹੇ॥ ਗ.175 ਰਾਮ ਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ॥

ਭਗਤ ਕਬੀਰ:- ਮਾਇ ਮੂੰਡਉ ਤਿਹ ਗੁਰੂਕੀ ਜਾਤੇ ਭਰਮੁ ਨ ਜਾਇ॥ ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥ ਆਦਿ ॥

'੧ਓ ਸਤਿ'...ਮੂਲ ਮੰਤ੍ਰ ਪਰਿਭਾਖਾ (*MÜL MANTAR*'S Hermeneutic Definition)

ਹਰੇਕ ਗੁਰੁਸਿੱਖ ਨੂੰ ਵਾਕ ਦੇ ਘਟੋਘਟੇ ਦੋ (2) ਕਿਸਮ ਦੇ ਪਦ-ਅਨ੍ਵੈ (Logically constructed proposition term's syntax) ਦੀਆਂ ਸੰਖੇਪ ਪਰਿਭਾਸ਼ਿਕ ਵਿਧੀਆਂ ਜਾਣਨੀਆਂ ਬਹੁਤ ਹੀ ਜ਼ਰੂਰੀ ਹਨ, ਜਿਵੇਂ:-

1. ਦੰਡਅਨ੍ਵੈ ਪਰਿਭਾਸ਼ਾ (proposition's strait syntax) ਸਿੱਧੇ ਡੰਡੇ ਤਰ੍ਹਾਂ ਪਦ ਅਰਥ ਹਨ:- '1' ਵਿਸ਼ੇਸ਼ ਨਾਲ ਸਿਧੇ ਵਿਸ਼ੇਸ਼ਣ ...ਓ , ਸਤਿ, ਨਾਮ, ਕਰਤਾ, ਪੁਰਖੁ... ਪਰਿਭਾਸ਼ਾ ਦੰਡ ਅਨ੍ਵੈ ਜੜੇ ਸਿਧੇ ਅਰਥ ਹੈ॥
2. ਖੰਡ ਅਨ੍ਵੈ ਪਰਿਭਾਸ਼ਾ:(proposition's broken syntax) ਪਦ ਤੋੜੇ ਵਿਸ਼ੇਸ਼ ਵਿਸ਼ੇਸ਼ਣ ਅਰਥ:- ਵਿਸ਼ੇਸ '1'ਨਾਲ ਤੋੜੇ ਵਿਸ਼ੇਸ਼ਣਾਂ ਨਾਲ ਖੰਡ-ਅਨ੍ਵੈ:1;+1 ਓ; 1 ਸਤਿ ;1 ਨਾਮ ;1 ਕਰਤਾ ;1 ਪੁਰਖੁ...ਆਦਿ॥

ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਦਿੱਤੀ ਆਪਣੀ ਦਰਸ਼ਨ ਪਰਿਭਾਸ਼ਾ ਦੇਖ ਚੁੱਕੇ ਹਾਂ ਪੁਨ੍ਹ:-

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥ ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ...

ਸ਼੍ਰੀ ਗੁਰੂ ਅਰਜੁਨ ਦੇਵਜੀ ਦੀ ਦਿਤੀ ਹੋਰ ਬਰੀਕ ਪਰਿਭਾਸ਼ਿਕ ਪੰਜ ਭ੍ਰਮਦੇ ਵਿਸਤਾਰ ਫੇਰ ਦੇਖੋ, ਰਾਗੁ ਸੂਹੀ ਮਹਲਾ 5:-

Sri Satguru Jagjit Singh Ji eLibrary NamdhariElibrary@gmail.com

ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥ ਸਾਂਗੁ ਉਤਾਰਿ: ਥੰਮਿ ਓ ਪਾਸਾਰਾ॥ ਤਬ ਏਕੋ ਏਕੰਕਾਰਾ॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ॥ ਕਤਹਿ ਗਇਓ ਉਹੁ ਕਤਤੇ ਆਇਓ॥ ਰਹਾਉ॥ ਜਲ ਤੇ ਊਠਹਿ ਅਨਿਕ ਤਰੰਗਾ॥ ਕਨਿਕ ਭੂਖਨ ਕੀਨੇ ਬਹੁ ਰੰਗਾ॥ ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ ॥ ਸਹਸ ਘਟਾ ਮਹਿ ਏਕੁ ਆਕਾਸੁ॥ ਘਟ ਫੂਟੇਤੇ ਓਹੀ ਪ੍ਰਗਾਸੁ॥ ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇ ਤੇ ਏਕੰਕਾਰ॥ ਓਹੁ ਅਬਿਨਾਸੀ ਬਿਨਸਤ ਨਾਹੀ॥ ਨਾਕੋ ਆਵੈ, ਨਾਕੋ ਜਾਹੀ॥ ਗੁਰਿਪੂਰੈ ਹਉਮੈ ਮਲੁ ਧੋਈ॥ ਕਹੁ ਨਾਨਕ ਮੇਰੀ ਪਰਮਗਤਿ ਹੋਈ॥

ਇਸ ਸ਼ਬਦ 'ਚ ਬਾਰ ਬਾਰ ੧ਓ ਦੇ '1' ਦੇ ਭਿੰਨ ਭਿੰਨ: ਇਕੋ ਇਕ, ਏਕੰਕਾਰ ਸਮਝਾਣ ਲਈ ਪਰਿਭਾਸ਼ਿਕ ਦ੍ਰਿਸ਼ਟਾਂਤ ਦਿੱਤਾ ਹੈ ਪਰ ਸਾਰੇ ਦਰਿਸ਼ਟਾਂਤਾਂ ਦੇ ਨਿਚੋੜ ਅਰਥ ਹਰੇਕ ਅਖੀਰਲੀ ਉਪਰਲੀ ਸ਼ਬਦ ਤੁਕ ਦਿਖਾਂਦਾ ਹੈ॥ ਇਹ '1' ਦੀ ਪਰਿਭਾਸ਼ਾ '>' ਪਰਿਭਾਖਾ ਤੋਂ ਅਲੈਹਦਾ ਸਮਝਣੀ ਜ਼ਰੂਰੀ ਹੈ ॥ ਕਿਉਂ? ਦੋਨਾਂ ਵੱਖਰੇ ਆਧਿਆਤਮ ਨਿਰਗੁਣ, ਨਿਰਗੁਣ-ਸਗੁਣ ਚਿੰਨ੍ਹਾਂ ਦੇ ਕਈ ਦਰਜਨ ਰੂਪ ਮੂਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਦੇਖਦੇ ਹਾਂ, ਜਥਾ :- ੧ਓ ਚ: ਨਿਰਗੁਣ ਚਿੰਨ੍ਹ:'1'= ਇਕ, ਏਕ, ਹਿਕ, ਯਕ ; ਏਕੰਕਾਰਿ ...; ਸਗੁਣ ਚਿੰਨ੍ਹ:'>, 'ਓ', ਓ, ਓਅੰ, ਓਅੰਕਾਰਿ...ਮੇਰੂ ਹੈ ੧ਓ='1' ਇਕ >=ਇਕ ਓਅੰ;ਏਕ ਓਅੰ, ਏਕੰਕਾਰ >, ਏਕੰਕਾਰ ਓਅੰ,ਏਕੰਕਾਰ ਓਅੰਕਾਰ(permutation pyramid) > ਦੀ ਸ਼੍ਰੀ ਵਿਸ਼ੂਗੁਰੂ ਨਾਨਕ ਦੇਵਜੀ ਦੀ ਪਰਿਭਾਸ਼ਾ ਪੁਨ: ਓ ਨਮ ਅਖਰ! ਸੁਣਹੁ ਬੀਚਾਰੁ॥ ਓ ਨਮ ਅਖਰੁ! ਤ੍ਰਿਭਵਣ ਸਾਰੁ॥ ਸੋ ਪਾਠਕ ਓ, >, ਓਅੰ...ਦੇ ਅਰਥ ਦਸੇ ਟੀਕੇ ਟਿਪਣੀਆਂ 'ਚ ਆਪ ਪੜ੍ਹ ਵਿਚਾਰ ਲੈਣ। ਇਸ ਉਪੋਧਘਾਤ 'ਚ ਵਿਸਤਾਰ ਦੀ ਲੋੜ ਨਹੀ॥ ਪ੍ਰਸੰਗ ਅਨੁਸਾਰ 1/ਏਕੰਕਾਰ ਅਤੇ ਦੂਜੇ ਭਾਉ ਦੋਨੋਂ ਸਿਧਾਂਤਾਂ ਦੀਆਂ ਪਰਿਭਾਸ਼ਾਵਾਂ ਜਾਣੇ ਬਿਨਾ ਪਰਿਭਾਸ਼ਿਕ ਅਰਥ ਗਿਆਨ ਸਪਸ਼ਟ ਹੋ ਚੁਕੇ ਜਿਸ ਕਰਕੇ ਅਗੇ ਨੂੰ ਕੋਈ ਸੰਸ਼ੈ ਵਿਪਰਜੈ ਦੋਸ਼ ਬਿਲਕੁਲ ਨਾ ਰਹਿਣ॥ ੧ਓ ਦੀ ਪਦ ਕ੍ਰਿਤੀ, ਦੰਡ ਅਨ੍ਵੈ(strait syntax)ਜਿਵੇਂ ਪਿੱਛੋਂ 1 ਸਤਿ ਦਾ ਸੰਖੇਪ ਖੰਡ-ਅਨ੍ਵੈ (broken syntax) ਸੀ ਐਥੇ ਜ਼ਰੂਰੀ ਤਰਕ ਦੇਖਦੇ ਹਾਂ:-

ਸ਼੍ਰੀ ਵਿਸ਼ੂਗੁਰੂ ਨਾਨਕ ਦੇਵਜੀ '1' ਦੀ ਪਰਿਭਾਸ਼ਾ, ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ॥ ਕੀਤੀ ਹੈ, ਅਤੇ; ਸ਼੍ਰੀ ਗੁਰੂ ਅਮਰ ਦਾਸਜੀ: ਅੰਤਰਿ ਬਾਹਰਿ ਏਕੁਹੈ ਬਹੁਬਿਧਿ ਸ੍ਰਿਸਟਿ ਉਪਾਈ॥ ਹੁਕਮੇ ਕਾਰ ਕਰਾਇਦਾ: ਦੂਜਾ ਕਿਸੁ ਕਹੀਐ ਭਾਈ॥

ਸ਼੍ਰੀ ਗੁਰੂ ਰਾਮ ਦਾਸਜੀ:ਅੰਤਰਿ ਬਾਹਰਿ ਹਰਿ ਪ੍ਰਭੁ ਏਕੋ: ਦੂਜਾ ਅਵਰੁ ਨ ਕੋਈ

ਸ਼੍ਰੀ ਗੁਰੂ ਅਰਜੁਨ ਦੇਵਜੀ:ਵਾਸੁਦੇਵ ਸਰਬਤ੍ਰ-ਮੈ : ਊਨ ਨ ਕਤਹੂ ਠਾਇ ॥ ਅੰਤਰਿ ਬਾਹਰਿ ਸੰਗਿ ਹੈ: ਨਾਨਕ ਕਾਇ ਦੁਰਾਇ॥ ਆਪਨ ਖੇਲੁ ਆਪਿ ਕਰਿ ਦੇਖੈ॥ ਖੇਲੁ ਸੰਕੋਚੈ ਤਉ ਨਾਨਕ ਏਕੈ॥ ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ॥ ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ॥

ਸ਼੍ਰੀਗੁਰੂ ਤੇਗਬਹਾਦੁਰਜੀ- ਬਾਹਰਿ ਭੀਤਰਿ ਏਕੋ ਜਾਨਹੁ,ਇਹੁ ਗੁਰਗਿਆਨੁ ਬਤਾਈ॥ ਜਨ ਨਾਨਕ ਬਿਨੁ ਆ

Sri Satguru Jagjit Singh Ji eLibrary NamdhariElibrary@gmail.com

ਸ਼੍ਰੀ ਗੁਰੂ ਗੋਬਿਦ ਸਿੰਘ ਜੀ ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ। ਖੇਲ ਖੇਲ ਅਖੇਲ ਖੇਲਨ,ਅੰਤਕੋ ਫਿਰ ਏਕ॥

ੴ ਬੀਜ ਮੰਤ੍ਰ ਤੇ ਮੂਲ ਮੰਤ੍ਰ ਕਿਸੇ ਵਿਰਲੇ, ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ॥ ਜ.141 ॥

ਗ੍ਰੰਥ ਟਿੱਪਣੀਕਾਰ ਨੇ 170 ਟੀਕੇਕਾਰਾਂ ਦੇ, ਅਤੇ ਹੋਰ ਪੁਰਾਣੇ-ਨਵੇਂ ਲੇਖਕਾਂ ਦੇ ੴ ਉੱਤੇ ਪਰਿਭਾਸ਼ਿਕ ਮਹਾਮੰਤ੍ਰ (ਮਹਾਵਾਕ) ਰੂਪ-ਸ੍ਵਰੂਪ ਪ੍ਰਦਰਸ਼ਤ ਅਰਥ ਟਿੱਪਣੀ 'ਚ ਦਿਤੇ ਹਨ, ਜੋ ਅਸਲ ਵਿੱਚ ਇਨ੍ਹਾਂ ਬਿਨਾ ਸ਼੍ਰੀਵਿਸ਼੍ਵਗੁਰੂਜੀ ਦਾ ੴ ਸਿਧਾਂਤ ਪੂਰਾ ਗੁਰੁਗਮ ਟਕਸਾਲ ਦਾ ਸਪਸ਼ਟ ਨਹੀਂ ਹੁੰਦਾ॥ ਇਹ ਵਿਚਾਰ ਐਥੇ ਰਹਿਣ ਦਿੰਦੇ ਹਾਂ॥ ਇਨ੍ਹਾਂ ਦਾ ਤਾਰਕਿਕ ਸਿਧਾਂਤ ਸਾਰ ਇਹ ਨਿਕਲਦਾ ਹੈ:- '1' ਇਕ ਹੀ ਹੈ ਜਿਸ 'ਚ ਭੇਦ, ਛੇਦ ਬਿਲਕੁਲ ਅਸੰਭਵ ਹੈ। ਭੇਦ, ਛੇਦ ਸੰਖੇਪ ਅਰਥ ਇਹ ਹਨ: ਭੇਦ ਦਾ ਪਰਿਭਾਸ਼ਿਕ ਅਰਥ:- ਜੋ ਵਸਤੁਆਂ ਭੇਦੀਆਂ, ਕਟ ਕੇ ਅਡ ਹੋਣ ਕਾਰਣ:-

1. ਸ੍ਵੈਜਾਤੀ (ਮਨੁਖ ਜਾਤੀ ਦੇਸ਼-ਵਿਦੇਸ਼ ਸ਼ਰੀਰਾਂ (ਘਟ,ਪਟ:adjuncts) ਦੇ,ਰੰਗਾਂ ਬੜੇ-ਛੋਟੇ ਆਦਿ ਕਰ ਅੱਡ ਅੱਡ ਪ੍ਰਤੀਤ ਹੁੰਦੇ ਨੇ, 2.ਵਿਜਾਤੀ: ਆਪਣੀ ਮੁਨੁਖ ਜਾਤੀ ਦਾ ਪਸ਼ੂਆਂ, ਮੱਛੀ, ਪੰਖੀ ਸਰੀਰਾਂ ਕਰਕੇ ਅੱਡ ਪ੍ਰਤੀਤੀ; ਤੇ 3.ਸ੍ਵਗਤ ਭੇਦ: ਮਨੁਖੀ ਸਿਰ: ਧੜ, ਬਾਹਾਂ, ਟੰਗਾਂ ਸਾਰੇ ਅਡ ਅੱਡ ਪ੍ਰਤੀਤ ਹੋਏ ਮੰਨਣ॥

2. ਛੇਦ ਦਾ ਪਰਿਭਾਸ਼ਿਕ ਅਰਥ:-1. ਵਸਤੁਆਂ ਜੋ, 2.ਤ੍ਰਿ-ਕਾਲਾਂ, 3.ਦੇਸ਼, 4.ਕ੍ਰਿਯਾ ਆਦਿ ਕਰਕੇ ਵੰਡੇ,ਕਟੇ,ਭੇਦੇ(ਗਲੀ ਕੀਤੀ ਜਾਵੇ) ਟੁਕੜੇ ਟੁਕੜੇ ਕੀਤੇ ਜਾਣ, ਅੰਤ'ਚ ਸਥੂਲ-ਸੂਖਮ ਉਪਾਧੀਆਂ(ਘਟ,ਪਟ:) ਸਰਵਨਾਸ਼, ਸ਼ੂੰਨ ਹੋ ਜਾਣ॥ ਸ਼੍ਰੀ ਗੁਰੁ ਬਚਨ:-

ਮ:5:-ਗੁਰਕੈ ਬਚਨਿ ਕਟੇ ਭ੍ਰਮ ਭੇਦ॥ ਜਬ ਇਸਤੇ ਸਭ ਬਿਨਸੇ ਭਰਮਾ॥ ਭੇਦੁ ਨਾਹੀ ਹੈ ਪਾਰਬ੍ਰਹਮਾ॥ਜਬ ਇਨਿ ਕਿਛੁ ਕਰਿ ਮਾਨੇ ਭੇਦਾ॥ਤਬਤੇ ਦੂਖ, ਡੰਡ ਅਰੁ ਖੇਦਾ॥ਜਬ ਇਨਿ ਏਕੋ ਏਕੀ ਬੂਝਿਆ॥ਤਬਤੇ ਇਸਨੋ ਸਭੁ ਕਿਛੁ ਸੂਝਿਆ॥

ਇਨ੍ਹਾਂ ਅਨੇਕ ਕਾਰਣਾ ਕਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰ ਬਾਰ, ਨਮਸਤੰ ਅਛੇਦੇ॥ ਅਛੇਦੀ ਅਭੇਦੀ ਅਨਾਮੰ ਅਕਾਮੰ॥ ਤੇ ਸਵੈਯਾ- ਬੇਦ ਪੁਰਾਣ ਕਤੇਬ ਕੁਰਾਣ ਅਭੇਦ ਨ੍ਰਿਮਾਨ ਸਭੈ ਪਚ ਹਾਰੇ। ਭੇਦ ਨ ਪਾਇ ਸਕਿਓ ਅਨਭੇਦ ਕੋ, ਖੇਦਤ ਹੈ ਅਨਛੇਦ ਪੁਕਾਰੇ ॥ ਰਾਗ ਨ ਰੂਪ ਨ ਰੇਖ ਨ ਰੰਗ ਨ ਸਾਕ ਨ ਸੰਗ ਨ ਸੋਗ ਤਿਹਾਰੇ।ਆਦਿ ਅਨਾਦਿ ਅਗਾਧ ਅਭੇਖ ਅਦ੍ਵੈਖ ਜਪਿਓ ਤਿਨਹੀ ਕੁਲ ਤਾਰੇ॥

ਬਾਰ ਬਾਰ ਅਭਿਆਸ ਚਿੰਨ੍ਹਾਂ ਰਾਹੀਂ '1' ਸਿੱਧਾਂਤ ਦ੍ਰਿੜਾਇਆ ਜੋ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀਦਾ ਅਕਾਲ ਪੁਰਖੁ ਨਿਗਮ-ਆਗਮ ਤਰਕ "1" ਦਾ ਸ੍ਵਰੂਪ ਲਖਣ ਦਿੱਤਾ ਹੈ,ਪਰ ਪਿਛਲੀ ਅੱਧੀ ਸਦੀ ਤੋਂ ਅਨੇਕ ਮਨਮੁਖ ਆਪਣੇ ਹੰਕਾਰ ਕਾਰਣ ਆਪਣੇ-ਆਪ ਨੂੰ ਅਤਿ ਬੁੱਧੀਮਾਨ ਸਮਝ ਆਪੇ ਨਵੇਂ ਸਿਖੇ ਬ੍ਰਹਮ ਖੋਜੀ ਨਿਜ (self appointed divinty's

141. ਪੁਨ੍ਹੈ.ਓ.ਪੰ:੯੩੦:੧੦। ਅ. ਪੰ.੭੩੬:੯-੧੪ ॥ ਏ. (ਟਿੱਪਣੀ ਕਰਤਾ ਲੇਖ)"ਸਪਤ ਸਿੰਧੂ ਮਾਸਕ",ਭਾਸ਼ਾ ਵਿਭਾਗ ਪੰਜਾਬ,ਸਪਟੈਂਬਰ ੧੯੬੫। ਸ਼੍ਰੀਗੁਰੂਜੀ. ਸ.ਪੰ. ਮ:੧:-੧੩੦:1। ਹ.ਮ:੩ ਪੰ.੪੨੭:੧੧।ਕ. ਮ:੪ ਪੰ.੪੪ਪ:੧੦।ਖ. ਮ:ਪ:- ਪੰ.੨ਪ੯:੧੭।ਗ.੨੯੨:੩।ਘ.੯੨੧:੧੪।ਛ. ਮ:੯:- ਪੰ.੬੮੪:੧੭॥ ਜ. ਦਸਮ ਸ੍ਰੀ ਗ੍ਰੰਥਜੀ ਸਾ:੮੭॥ ਆਦਿ ॥

Sri Satguru Jagjit Singh Ji eLibrary NamdhariElibrary@gmail.com

researchers) ਸਿਖ-ਸਿੰਘ ਸਕੋਲਰ, ਪ੍ਰੋਫੈਸਰ ਆਦਿ ਕਹਾਂਦੇ ਨੇ: ਸ਼ਾਇਦ ਓਨ੍ਹਾਂ ਇਹ ਸ਼੍ਰੀਵਿਸ਼੍ਵਗੁਰੂਜੀ ਦੀ ਸੀਖ ਉਤੇ ਗ਼ੌਰ ਨਹੀਂ ਕੀਤਾ॥

ਹੁਣ ਅਟੂਟ ਗੁਰੁਗਮ ਪ੍ਰਨਾਲੀ ਦੁਰਲਭ ਹੋਈ ਜਦ ਪਿਛਲੀ ਸਦੀ ਪਾਦਰੀ ਟ੍ਰੰਪ, ਜੱਜ ਮੈਕਾਲਫ ਅਤੇ ਬੇਮੁਖ ਪਾਦਰੀ ਡਾ.ਮੈਕਲੌਡ ਆਦਿਆਂ ਦੂਜੇ ਭਾਉ (ਭੇਦ ਦ੍ਵੈਤ ਭਾਵ) ਨਿਗਰਾਨੀ ਹੇਠ ਅਨੇਕ ਗ੍ਰੰਥ ਲਿਖ, ਵਿਦੇਸ਼ੀ ਯੂਨੀਵਰਸਟੀਆਂ 'ਚ ਸਿੱਖ ਧਰਮ ਡਿਗਰੀਆਂ ਪਾ ਰਹੇ ਹਨ ਤੇ ਆਪਣੇ ਦੂਜੇ ਭਾਉ ਮਤ ਨੂੰ ਸ਼੍ਰੀਵਿਸ਼੍ਵਗੁਰੂ ਸਿਧਾਂਤੀ ਇਕ ਛੋਟੀ ਸੰਪ੍ਰਦਾਏ ਪਥਰ ਕਾਲੀ (stone age) ਖੋਜ ਵਿਕਸਤ ਕਰ ਆਪਣੇ ਜਾਣੇ ਨਵੀਂ ਗੁਰੂਬਾਣੀ ਖੋਜਦੀ ਲੰਬੀ ਪੌੜੀ ਚੜ੍ਹਕੇ ਸਿਖਰ ਪਹੁਚਨ ਦੀ ਕੋਸ਼ਿਸ਼ ਕਰੀ ਜਾ ਰਹੇ ਹਨ--ਪਰ ਆਪ ਗੁਰੁਬਾਣੀ ਕੀ ਪੜ੍ਹਨਗੇ,ਕੀ ਸਮਝਨਗੇ, ਸ਼੍ਰੀਵਿਸ਼੍ਵਗੁਰੂ ਜੀ ਨੇ ਸਾਨੂੰ ਉਪਦੇਸ਼ ਦਿਤੇ ਹਨ:-

ਮ:1:-ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ॥ ਵਾਦੁ ਵਖਾਣਹਿ ਤਤੁ ਨ ਜਾਣਾ॥ ਵਿਣੁ ਗੁਰਪੂਰੇ ਤਤੁ ਨ ਪਾਈਐ,ਸਚਸੂਚੇ ਸਚੁ ਰਾਹਾ ਹੇ॥

ਮ:3: ਗੁਰਬਿਨੁ ਮੋਖਮੁਕਤਿ ਕਿਉ ਪਾਈਐ॥ ਬਿਨੁਗੁਰ ਰਾਮਨਾਮੁ ਕਿਉ ਧਿਆਈਐ॥ ਗੁਰਮਤਿਲੇਹੁ ਤਰਹੁ ਭਵਦੁਤਰੁ,ਮੁਕਤਿਭਏ ਸੁਖੁ ਪਾਇਆ॥

ਮ:3: ਸਚੈ ਸਬਦਿ ਸਚੀਪਤਿ ਹੋਈ॥ ਬਿਨੁ ਨਾਵੈ ਮੁਕਤਿ ਨ ਪਾਵੈ ਕੋਈ॥ ਬਿਨੁ ਸਤਿਗੁਰ ਕੋ ਨਾਉ ਨ ਪਾਏ,ਪ੍ਰਭਿ ਐਸੀ ਬਣਤ ਬਣਾਈ ਹੇ॥

ਸੋ ਗੁਰੂ ਕੌਣ ਹੈ ?

ਪਰਵਤ ਗੁਫਾ ਦ੍ਰਿਸ਼ਟਾਂਤ(Analogy: Myth of the cave):- ਪੁਰਾਣੇ ਵੇਲੇਆਂ ਤੋਂ ਬਰਤਦੇ ਰਹੇ ਹਨ, ਜਿਵੇਂ:-

1. ਭਾਰਤ ਵੇਦ ਵੇਦਾਂਤ ਸ਼ਾਸਤ੍ਰਾਂ 'ਚ, 2. ਸਾਮ ਵੇਦੀ ਪੰਜ/ਦਸ ਅਨਾਹਤ ਨਾਦ 3. ਯੂਨਾਨੀ ਅਫਲਾਤੂਨ ਦਰਸਨਕਾਰ ਰੀਤ, ਸੂਫੀ ਹਜ਼ਰਤ ਮੁਸਲਮਾਨ ਬਰਤਦੇ ਰਹੇ ਹਨ ॥ ਇਸੇ ਤਰ੍ਹਾਂ ਭਿੰਨ ਭਿੰਨ ਚਾਰ, ਪੰਜ ਪਰਥਾਏਆਂ 'ਚ ਗੁਰੁਗਮ ਟਕਸਾਲੀ ਬ੍ਰਹਮ ਗਿਆਨੀ ਇਸ ਤਰ੍ਹਾਂ ਸਮਝਾਂਦੇ ਰਹੇ ਹਨ:-

ਭਾਰਤੀ ਹਿਮਾਲਜੈ ਪਰਵਤ ਦੀਆਂ ਸ਼੍ਰਿੰਖਲਾਵਾਂ ਪੂਰਵ-ਪੱਛਮ ਸੀਧ 'ਚ ਹਨ। ਇੱਕ ਪਹਾੜ ਦੀ 'ਗੁਫਾ ਦਾ ਮੂੰਹ' ਦੱਖਨ ਨੂੰ ਖੁਲਾ ਹੈ॥ ਸੂਰਜ ਪੂਰਵ ਵਿੱਚ ਚੜ੍ਹਦਾ, ਤੇ ਪੱਛਮੀ ਛਿਪਦਾ ਹੈ; ਇਸ ਕਾਰਣ ਜਦ ਦੀ ਗੁਫਾ ਹੈ ਉਸ 'ਚ ਸੂਰਜ ਕਿਰਨ ਪ੍ਰਕਾਸ਼ ਕਦੀ ਨਹੀਂ ਗਈ,ਸਦਾ ਘੁੱਪ ਅਨ੍ਹੇਰਾ ਰਹਿਆ ਤੇ ਸਦਾ ਰਹੇਗਾ॥ ਪਰ ਕੋਈ ਮੁਕਰ ਉਤੇ ਸੂਰਜ ਕਿਰਣ ਸਿੱਟਕੇ ਅੰਦਰਨੂੰ ਮੁਹ ਕਰਕੇ ਪ੍ਰਕਾਸ਼ ਪਾ ਸਕਦਾ ਹੈ; ਜਾਂ ਦੀਵਾ ਬੱਤੀ ਲਿਜਾਕੇ ਪ੍ਰਕਾਸ਼ ਕਰ ਸਦੀਆਂ ਦਾ ਅਨ੍ਹੇਰਾ ਤਤਕਾਲ ਮਿਟਾ ਜਾਂਦਾ ਹੈ॥ ਇਸੇ ਤਰ੍ਹਾਂ ਅਨਾਦਿ ਜਨਮਾਤਰ ਕਾਲ ਤੋਂ ਮੱਨੁਖਾ ਸ਼ਰੀਰ ਦੇ ਅਨ੍ਹੇਰੀ ਗੁਫਾ 'ਚ ਜੀਵ ਦਾ ਮਨ ਅਗਿਆਨੀ ਹੈ, ਜਥਾ:-

ਜਨਮ ਜਨਮ ਕੀ ਇਸੁ ਮਨਕਉ ਮਲੁ ਲਾਗੀ, ਕਾਲਾ ਹੋਆ ਸਿਆਹੁ ॥ ਖੰਨਲੀ ਧੋਤੀ ਉਜਲੀ ਨ ਹੋਵਈ, ਜੇ ਸਉ ਧੋਵਣਿ ਪਾਹੁ ॥ਗੁਰਪਰਸਾਦੀ ਜੀਵਤੁ ਮਰੈ, ਉਲਟੀ ਹੋਵੈ ਮਤਿ॥

ਪਰ ਕਰੀਬਨ ਸਾਰੇ ਆਪਣੇ ਮਨ ਨੂੰ ਬਹੁਤ ਹੋਸ਼ਿਯਾਰ ਸਮਝਦੇ ਹਨ, ਜਥਾ ਸ਼੍ਰੀ ਗੁਰੂ ਬਚਨ ਮ:1:-

Sri Satguru Jagjit Singh Ji eLibrary NamdhariElibrary@gmail.com

ਸਭੁਕੋ ਬੋਲੈ ਆਪਣ ਭਾਣੈ॥ ਮਨਮੁਖੁ ਦੂਜੈ ਬੋਲਿ: ਨ ਜਾਣੈ॥ ਅੰਧੁਲੇਕੀ ਮਤਿ ਅੰਧਲੀ ਬੋਲੀ, ਆਇ ਗਇਆ ਦੁਖੁ ਤਾਹਾ ਹੇ॥ ਦੁਖਮਹਿ ਜਨਮੈ ਦੁਖਮਹਿ ਮਰਣਾ॥ ਦੂਖੁ ਨ ਮਿਟੈ ਬਿਨੁ ਗੁਰਕੀ ਸਰਣਾ॥ ਦੂਖੀ ਉਪਜੈ ਦੂਖੀ ਬਿਨਸੈ ਕਿਆ ਲੈ ਆਇਆਕਿਆ ਲੈ ਜਾਹਾਹੇ॥ 12॥ ਸਚੀ ਕਰਣੀ ਗੁਰਕੀ ਸਿਰਕਾਰਾ॥ ਆਵਣੁ ਜਾਣੁ ਨਹੀ ਜਮਧਾਰਾ॥ ਡਾਲ ਛੋਡਿ ਤਤੁ ਮੂਲੁ ਪਰਾਤਾ: ਮਨਿ ਸਾਚਾ ਓਮਾਹਾ ਹੇ॥ ਪਰ ਇਸ ਤਰ੍ਹਾਂ ਆਪਣੇ ਅਗਿਆਨੀ ਮਨ ਤਰਫ ਨੂੰ ਮੁਖ(ਅਨ੍ਹੇਰੇ'ਚ ਮਨਮੁਖ ਅਗਿਆਨੀ) ਆਪ ਹੀ ਖੋਜੀ ਬਣ ਬੈਠਾ। ਪਰ ਐਸੇ ਅਨ੍ਹੇਰੇ ਬਾਰੇ ਸ੍ਰੀ ਵਿਸ਼੍ਵਗੁਰੂਜੀ ਸਮਝਾਂਦੇ ਹਨ॥ ਮ:1:ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥ ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ... ਅਨ੍ਹੇਰੇ ਤੋਂ ਅਨ੍ਹੇਰੇ 'ਚ ਠੋਕਰਾਂ ਖਾਦਾ ਜਾਂਦਾ ਹੈ ਜਦ ਤਕ ਬ੍ਰਹਮ ਗਿਆਨ, ਦੀਵੇ/ ਪ੍ਰਕਾਸ ਉਪਦੇਸ਼ ਬਿਨਾ ਅਨੇਰੇ 'ਚ ਕਦੀ ਅਗਿਆਨ ਦੂਰ ਨਹੀਂ ਹੋ ਸਕਦਾ,ਕਦੀ ਗਿਆਨੀ ਨਹੀਂ ਹੋ ਸਕਦਾ॥ ਉਸ ਨੂੰ ਪਹਿਲਾਂ ਹਰ ਹੀਲੇ ਕਿਸੇ ਪੜ੍ਹੌਂਣ ਵਾਲੇ ਪਾੱਧੇ/ਉਸਤਾਦ ਤੋਂ ਉ=ਊੜਾ, ਅ=ਆੜਾ, ਏ=ਈੜੀ ਆਦਿ ਮੁਹਾਰਨੀ, ਬੋਲੀ ਵਿਆਕਰਣ, ਸ਼ਬਦ ਕੋਸ਼,ਛੰਦ ਸ਼ਾਸਤ੍ਰ ਸਿੱਖੇਗਾ ਤਾਂ ਹੀਂ ਅੰਤ 'ਚ ਅਗਿਆਨ ਦੂਰ ਹੋ ਸਕੇਗਾ, ਇਹੀ ਸ੍ਰੀ ਗੁਰੁਬਾਣੀ ਦਾ ਉਪਦੇਸ਼ ਹੈ:-

ਮ:3:-ਇਸੁ ਗੁਫਾਮਹਿ ਅਖੁਟਭੰਡਾਰਾ॥ ਤਿਸੁ ਵਿਚਿ ਵਸੈ ਹਰਿ ਅਲਖਅਪਾਰਾ॥ ਆਪੇ ਗੁਪਤੁ ਪਰਗਟੁਹੈਆਪੇ,ਗੁਰਸਬਦੀ ਆਪੁਵੰਞਾਵਣਿਆ॥ ਇਸੁ ਗੁਫਾਮਹਿ ਇਕੁਥਾਨੁ ਸੁਹਾਇਆ॥ ਪੂਰੈਗੁਰਿ ਹਉਮੈਭਰਮੁ ਚੁਕਾਇਆ॥ ਅਨਦਿਨੁ ਨਾਮੁ ਸਲਾਹਨਿ ਰੰਗਿਰਾਤੇ ਗੁਰਕਿਰਪਾ ਤੇ ਪਾਵਣਿਆ॥ 3॥ ਗੁਰਕੈਸਬਦਿ ਇਹੁਗੁਫਾ ਵੀਚਾਰੇ॥ ਨਾਮੁ ਨਿਰੰਜਨੁ ਅੰਤਰਿਵਸੈ ਮੁਰਾਰੇ॥ ਹਰਿਗੁਣ ਗਾਵੈ ਸਬਦਿ ਸੁਹਾਏ, ਮਿਲਿ ਪ੍ਰੀਤਮ ਸੁਖੁ ਪਾਵਣਿਆ ਭੀਤਰਿ ਕੋਟ ਗੁਫਾ ਘਰ ਜਾਈ॥ ਨਉ-ਘਰ ਥਾਪੇ ਹੁਕਮਿ ਰਜਾਈ॥ ਦਸਵੈ ਪੁਰਖੁ ਅਲੇਖੁ ਅਪਾਰੀ: ਆਪੇ ਅਲਖੁ ਲਖਾਇਦਾ॥ ਅਨੇਕ ਉਪਦੇਸ਼ ਹਨ- ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ॥ ; ਜਹ ਗਿਆਨ ਪ੍ਰਗਾਸੁ, ਅਗਿਆਨੁ ਮਿਟੰਤੁ॥

ਮ:4:-ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ;

ਮ:1:-ਬਿਨੁ ਗੁਰ ਅਰਥੁ-ਬੀਚਾਰੁ ਨ ਪਾਇਆ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ਇਸ ਕਰਕੇ ਬੇਨਤੀ ਕਰਦਾ ਹੈ:

ਮ:4:-ਜਾਇ ਪੁਛਾ ਤਿਨ ਸਜਣਾ,ਪ੍ਰਭੁ ਕਿਤੁ ਬਿਧਿ ਮਿਲੈ-ਮਿਲਾਇ॥ ਮੇਰੇ ਸਤਿਗੁਰਾ! ਮੈ ਤੁਝ ਬਿਨੁ ਅਵਰੁ ਨ ਕੋਇ॥ ਹਮ ਮੂਰਖ ਮੁਗਧ ਸਰਣਾਗਤੀ, ਕਰਿ ਕਿਰਪਾ ਮੇਲ ਹਰਿ-ਸੋਇ॥ ਪਹਿਲੇ ਗੁਰੁਬਾਣੀ ਪ੍ਰਮਾਣ ਵੀ ਯਾਦ ਕਰਣੇ॥

ਗੁਫਾ ਦ੍ਰਿਸ਼ਟਾਂਤ-ਦਾਰਸ਼ਟਾਂਤ ਸਮਝਨ ਦੇ ਤਿਨ ਫਲ :-

1. ਜਹ ਗਿਆਨ ਪ੍ਰਗਾਸੁ,ਅਗਿਆਨੁ ਮਿਟੰਤੁ॥ ਅਧਿਆਤਮ ਆਕਾਸ਼ ਬਾਣੀ ਗਿਆਨ(Divine Revelation) ਸੰਸਾਰ ਆਦਿ ਤੋਂ ਭਾਰਤੀ ਵੇਦ ਕਾਲ ਤੋਂ ਬ੍ਰਹਮਾਦਿ ਦੇਵ, ਰਿਖੀਆਂ ਅਵਤਾਰਾਦਿ, ਤੇ ਆਦਿ ਸਾਮੀ ਕਤੇਬ ਕਾਲ ਤੋਂ ਪੈਗੰਬਰਾਂ ਨੂੰ ੧ਓ ਪ੍ਰਦਾਨ ਆਕਾਸ਼-ਬਾਣੀ/ਇਲਹਾਮ, ਬਾਣੀ ਵਜੀ ਚਹੁ ਜੁਗੀ ਸਚੋਸਚੁ ਸੁਣਾਇ॥ ਦਾ

ਮਤਲਬ ਹ: ਸੂਰਜ ਦੀ ਉਪਮਾ ਸੂਰਜ ਹੀ ਹੈ, ਦੀਵਾ/ਬਤੀ ਨਹੀਂ ਹੋ ਸਕਦੀ॥ ੧ਓ ਦੀ ਉਪਮਾ ਵਿਸ਼ੂਕਾਰਤਾ ਬ੍ਰਹਮ/ਅੱਲ੍ਹਾ ਬਿਨਾ ਕੌਣ ਆਪਣਾ ਗਿਆਨ ਪ੍ਰਕਾਸ਼ ਕਰ ਸਕਦਾ ਹੈ? ਕੋਈ ਨਹੀਂ॥ ਇਸ ਕਾਰਣ ਜਿਨ੍ਹਾਂ ਤੇ ੧ਓ ਦੀ ਮਹਾਨ ਕ੍ਰਿਪਾ ਹੋਈ ਓਹ ਸ਼ਰੋਤ੍ਰੀ-ਬ੍ਰਹਮ-ਨਿਸ਼ਟ ਗੁਰੁਆਂ ਤੋਂ ਸੰਸਾਰ ਨੇ ਬ੍ਰਹਮ ਗਿਆਨ ਪ੍ਰਾਪਤ ਕੀਤਾ, ਜਥਾ:-

ਮ:1: ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥ ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥

ਮ:1: ਗੁਰਕੈ ਸਬਦਿ ਤਰੇ ਮੁਨਿ ਕੇਤੇ, ਇੰਦ੍ਰਾਦਿਕ ਬ੍ਰਹਮਾਦਿ ਤਰੇ॥ ਸਨਕ ਸਨੰਦਨ ਤਪਸੀਜਨ ਕੇਤੇ, ਗੁਰਪਰਸਾਦੀ ਪਾਰਿਪਰੇ॥

ਮ:3: ਗੁਰਮੁਖਿ ਬਸਿਸਟਿ, ਹਰਿ ਉਪਦੇਸੁ ਸੁਣਾਈ॥ ਬਿਨੁ ਗੁਰ ਹਰਿਨਾਮੁ ਨ ਕਿਨੈ ਪਾਇਆ ਮੇਰੇ ਭਾਈ॥

ਮ:4: ਗੁਰ-ਸੇਵਾ ਆਪਿ ਹਰਿ ਭਾਵੈ॥ ਕ੍ਰਿਸਨੁ ਬਲਭਦ੍ਰ ਗੁਰਪਗ ਲਗਿ ਧਿਆਵੈ॥ ਨਾਨਕ ਗੁਰਮੁਖਿ ਹਰਿ ਆਪਿ ਤਰਾਵੈ॥

ਮ:4: ਜਾਤਨਜਾਤਿ ਦੇਖਿ ਮਤ ਭਰਮਹੁ ਸੁਕ, ਜਨਕ-ਪਗੀ ਲਗਿ ਧਿਆਵੈਗੋ॥

ਮ:5: ਹਰਿ ਭਗਤਿ ਖਜਾਨਾ ਬਖਸਿਆ, ਗੁਰਿ ਨਾਨਕਿ ਕੀਆ ਪਸਾਉ ਜੀਉ॥ ਥ.142

ਜਿਸ ਪ੍ਰਥਾ ਅਨੁਸਾਰ ਗੁਰੁਸਿਖਾਂ ਨੇ ਗੁਰੁਗਮ ਬ੍ਰਹਮ ਗਿਆਨ (ਸੰਤਾਂ/ਗਿਆਨੀ ਗੁਰੁਸਿਖਾਂ ਤੋਂ ਪਾਇਆ॥

2. ਜਹ ਗਿਆਨ ਪ੍ਰਗਾਸੁ,ਅਗਿਆਨੁ ਮਿਟੰਤੁ॥ ਅਧਿਆਤਮ ਬ੍ਰਹਮ ਗਿਆਨ 'ਚ ਬਿਲਕੁਲ ਨਵਾ ਵਿਕਾਰ ਨਹੀਂ ਹੈ (No Evolution), ਜੇ ਹੈ ਤਾਂ ਪੂਰਾ ਗਿਆਨ ਹੀ ਨਹੀ ਪਰ ਸਾਰੀ ਅਨਾਦੀ ਹੋਂਦ ਅਨਾਦੀ ੧ਓ ਦਾ ਹੀ ਵਿਕਾਸ ਹੈ(ਇਹ ਸ਼੍ਰੀ ਗੁਰੁਸਿਧਾਂਤ 1972 'ਚ ਰੈਵਰੰਡ ਮਿਕਲੌਡ ਨੂੰ ਨਿਊਜ਼ੀਲੈਂਡ ਘਰ ਦੇ ਪਤੇ ਤੇ ਚਿਠੀ 'ਚ ਲਿਖਿਆ ਸੀ)॥ ਜਿਥੇ ਵਿਕਾਰ (evolution) ਹੈ ਓਥੇ ਪੂਰਣਤਾ ਨਹੀ ਹੋ ਸਕਦੀ; ਵਿਕਾਰ ਦਾ ਲੱਖਣ ਅਪੂਰਣ ਦਾ ਨਾਮ ਹੈ, ਸ਼੍ਰੀ ਗੁਰੁਬਚਨ ਹੈ:- ਪੂਰੇ-ਗੁਰਕੀ ਪੂਰੀ ਬਾਣੀ॥ ; ਪੂਰੇ-ਗੁਰਕੀ ਸਾਚੀ ਬਾਣੀ॥ ਪੂਰਾ ਪ੍ਰਭੁ ਆਰਾਧਿਆ ਪੂਰਾ ਜਾਕਾ ਨਾਉ॥ ਨਾਨਕ ਪੂਰਾ ਪਾਇਆ ਪੂਰੇਕੇ ਗੁਨਗਾਉ...ਪੂਰੇ ਗੁਰਕਾ ਸੁਨਿ ਉਪਦੇਸੁ...; ਪੂਰੇ ਗੁਰਤੇ ਸੋਝੀ ਪਾਇ॥ ਪੂਰੇਕਾ ਕੀਆ ਸਭਕਿਛੁ ਪੂਰਾ ਘਟਿਵਧਿ ਕਿਛੁ ਨਾਹੀ॥ ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥ ਕਾਚੇ ਗੁਰਤੇ ਮੁਕਤਿ ਨ ਹੂਆ॥ ; ਅੰਧੇ ਗੁਰੂਤੇ ਭਰਮੁ ਨਜਾਈ॥ ਮੂਲੁਛੋਡਿ ਲਾਗੇ ਦੂਜੈਭਾਈ॥ ਬਿਖੁਕਾ ਮਾਤਾ ਬਿਖੁਮਾਹਿ ਸਮਾਈ॥

3. ੧ਓ ਪ੍ਰਦਾਨ ਆਕਾਸ਼ ਬਾਣੀ ਗੁਰੁਗਮ ਟਕਸਾਲ ਚਲਣੀ ਤੇ ਮਹਾਤਮ ਉਪੋਦਘਾਤ ਅੰਤ 'ਚ ਹੈ॥ ਏਥੇ ਇਤਨਾ ਜ਼ਰੂਰੀ ਲਿਖਨਾ ਬਣਦਾ ਹੈ, ਸ਼੍ਰੀ ਗੁਰੂ ਬਚਨ ਹੈ: ਬਾਣੀ ਵਜੀ ਚਹੁ ਜੁਗੀ ਸਚੋਸਚੁ ਸੁਣਾਇ॥ ; ਹਰਿ ਜੁਗਹ, ਜੁਗੋਜੁਗ, ਜੁਗਹਜੁਗੋ, ਸਦ ਪੀੜੀ ਗੁਰੂ ਚਲੰਦੀ॥ ਕਯੂੰਕਿ, ਯੁਗ ਯੁਗ ਵਿੱਚ ਜਿਵੇਂ ਨਦੀ ਸ੍ਰੋਤ ਸ਼ੁਰੂ ਵਿੱਚ ਹੁੰਦਾ ਹੈ ਪਰ ਉਸਦੇ

142. ਪੁਨ੍ਹੈ.ਓ.ਪੰ.੧੦੩੨:੧੨। ਅ.ਪੰ.੧੦੪੧:੫੧ ਏ.ਪੰ.੧੦੪੬:੧। ਸ.ਪੰ.੧੦੩੩:੧। ਹ.ਪੰ.੧੨੪:੪। ਕ.ਪੰ. ੧੨੬:੧੭। ਖ.ਪੰ.੧੦੩੩:੧੧। ਗ.ਪੰ. ੧੧੨੩: ੮। ਘ.ਪੰ. ੭੯੧:੩। ਛ.ਪੰ. ੭੮:੧੨। ਚ.ਪੰ. ੧੫੪:੧੪। ਛ.ਪੰ.੪੧:੯। ਜ.ਪੰ. ੫੯:੭। ਝ.ਪੰ. ੧੧੨੫:੮। ਵ.ਪੰ. ੫੯੧:੬। ਟ.ਪੰ. ੩੫:੯। ਠ.ਪੰ. ੫੯:੭। ਡ.ਪੰ. ੧੨੦੫:੧੨। ਥ.ਪੰ. ੭੬੩:੭॥

Sri Satguru Jagjit Singh Ji eLibrary NamdhariElibrary@gmail.com

ਬਹਾ ਵਿੱਚ ਬਹੁਤ ਕੁਝ ਮਿਲਨ ਕਰਕੇ ਅਗੇ ਗੰਧਲੀ ਹੋ ਜਾਦੀ ਹੈ, ਇਸੇ ਤਰ੍ਹਾਂ ਧਰਮ ਸ੍ਰੋਤ ੧ਓ ਦੇ ਆਕਾਸ਼ ਬਾਣੀ ਦੇ ਸ੍ਰੋਤ ਤੋਂ ਸੁਚਾ ਹੁੰਦਾ ਹੈ, ਸਮਾ ਪਾਕੇ ਅਰਥਕਾਰ ਗੰਧਲਾ ਕਰ ਦਿੰਦੇ ਹਨ, ਸ਼੍ਰੀਵਿਸ਼੍ਵਗੁਰੂ ਬਚਨ ਹੈ- ਹਿੰਦੂ ਮੂਲੇ ਭੁਲੇ: ਅਖੁਟੀ ਜਾਂਹੀ॥ ਭਾਵ, ਅੱਖੁਟੀ, ਨਾ ਮੁੱਕਣ ਵਾਲੀ ਵੇਦ ਦੀ ਅਥਾਹ ਵਿਦਿਆ ਭੁੱਲ ਗਏ, ਜਿਸ ਕਾਰਣ ਜਿਵੇਂ ਦੋ ਪਹਿਲੇ (ਸਤਿਜੁਗਾਂਤ, ਤੇ ਤ੍ਰੇਤਾ) ਜੁਗਾਂ 'ਚ ਸ਼੍ਰੀ ਭਗਵਤ-ਗੀਤਾ (4।3-4) ਕਿਹਾ ਅਕਾਲ ਪੁਰਖ ਪ੍ਰਦਾਨ ਬ੍ਰਹਮ ਵਿਦਿਆ ਭੁਲੇ; ਹੁਣ ਇਸ ਕਲਿਜੁਗ ਵਿੱਚ ਤੀਜੀ ਵਾਰ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਰੂਪ 'ਚ ਫੇਰ ਅਕਾਲ ਪੁਰਖ ਦੀ ਮਹਾਨ ਕ੍ਰਿਪਾ ਕਾਰਣ ਬ੍ਰਹਮ ਗਿਆਨ ਪ੍ਰਗਟ ਕਰ ਪਸਾਰਿਆ:-ਪਹਿਲਾਂ ਬਾਬੇ ਪਾਯਾ ਬਖਸ਼ ਦਰ॥ ਅਪਰੰਪਰ ਪਾਰਬ੍ਰਹਮੁ ਪਰਮੇਸਰੁ, ਨਾਨਕ ਗੁਰੁ ਮਿਲਿਆ ਸੋਈ ਜੀਉ॥ ਹਰਿ ਭਗਤਿ ਖਜਾਨਾ ਬਖਸਿਆ, ਗੁਰਿ ਨਾਨਕਿ ਕੀਆ ਪਸਾਉ ਜੀਉ॥ ਆਦਿ ਗੁਰਗਮ ਟਕਸਾਲ ਚੱਲੀ ਜਿਸਦਾ ਅੱਗੇ ਹੁਣ ਤਕ ਦਾ ਵਿਕਾਸ ਉਪੋਦਘਾਤ ਦੇ ਅੰਤ 'ਚ ਦਿੱਤਾ ਜਾਵੇਗਾ॥ ਇਥੇ ਇਤਨਾ ਹੀ ਕਾਫੀ ਹੈ, ਬਾਕੀ ਅੰਤ 'ਚ ਨਿਚੋੜ ਪੜ੍ਹ ਵਿਚਾਰ ਲੈਣਾ॥

ਗੁਰੁਸਿੱਖੀ 500 ਸਾਲੀ-ਸ਼੍ਰੀ ਗੁਰਗਮ ਟਕਸਾਲੀ ਅਰਥਾਂ ਪਿਛੋਂ ਉੱਤਰਦੀ ਕਲਾ

ਨਵੇ ਸਿੱਖ ਦੂਜੇ ਭਾਉ(ਮਨ-ਮੁਖ) ਆਪਾ ਮੱਤ ਸ਼੍ਰੀਵਿਸ਼੍ਵਗੁਰੁਬਾਣੀ, ਗੁਰੁਸਿੱਖ ਇਤਿਹਾਸ ਅਨੇਕ ਭਾਖਾ 'ਚ ਗ੍ਰੰਥ ਸ਼੍ਰੀ ਗੁਰੁਮਤ ਸਿੱਧਾਂਤ ਨੂੰ ਅਯਥਾਰਥ ਭਾਵ: ਇਕ ਦੇਸ਼ੀ (ਦੂਜਾ ਭਾਉ ਭੇਦ ਦ੍ਵੈਤ ਭਾਵ) ਵਿਚਾਰੀ ਕਾਰਣ ਵਾਹਿਗੁਰੁ ਨੂੰ ਵੀ ਭੇਦਿਆ-ਛੇਦਿਆ ਇਕ ਇਸ਼ਟ ਦੇਵ: ਵੈਸ਼ਣਵ, ਸ਼ੈਵ ਸੰਪ੍ਰਦਾਇ (Cultic) ਦੇਵ (Monotheist God) ਆਦਿਆਂ ਤਰ੍ਹਾਂ ਇੱਕ ਦੇਸ਼ੀ ਵਿਸ਼ਣੁ, ਰਾਮ, ਕ੍ਰਿਸ਼ਨ ਸੰਪ੍ਰਦਾਈ ਅਗਿਆਨੀਆ ਤਰ੍ਹਾਂ: ਦੇਸ਼, ਕਾਲ, ਵਸਤੂ, ਕ੍ਰਿਯੀ ਭੇਦੇ-ਛੇਦੇ ਲੋਕ, ਸੱਚ ਖੰਡ ਨਿਵਾਸੀ ਮੰਨਣ ਲਗ ਪਏ ਹਨ॥ ਓਹ ਇਸਾਈ ਅੰਜੀਲ ਕਤੇਬੀ ਤ੍ਰਿ-ਗੌਡ(Trinitarian God, ਕੁਰਾਨ ਖੰਡਨ:6.5.73) ਸਾਰੇ ਧੋਖੇ 'ਚ ਆਏ ਕਹਿਣ ਨੂੰ ਇਕ ਰੱਬ ਪ੍ਰਚਾਰਦੇ ਹਨ! ਭੋਲੇ ਸਿੱਖ ਇਹ ਨਹੀਂ ਜਾਣਦੇ, ਇਸਾਈਆਂ ਨੂੰ ਪ੍ਰਚਾਰ ਲਈ ਕਹਿਣ ਨੂੰ ਤਾਂ ਇੱਕ ਰੱਬ ਜ਼ਰੂਰ ਹੈ: ਪਰ ਅਸਲ 'ਚ ਓਹ ਤਿਨ ਰੱਬ (trinitarian/monotheist cult God lives in heaven) ਵੱਖਰੇ ਸੁਰਗ ਦੇਸ਼ 'ਚ ਬਸਦਾ ਹੈ। ਐਸੀ ਅੰਨ੍ਹੀ-ਭਗਤੀ ਉਤੇ, ਕੀ ਨਵੇ ਸਿੱਖ ਪ੍ਰਚਾਰਕ ਸ਼੍ਰੀ ਵਿਸ਼ਗੁਰੁਬਾਣੀ ਅਕਸ਼ੇਪਕ ਅਨੇਕ ਵਾਕ ਨਹੀਂ ਪੜ੍ਹੇ? ਜਥਾ ਗੁਰੁਬਾਣੀ:- ਸਤਿਗੁਰਿ ਮਿਲਿਐ ਹੁਕਮੁ ਬੁਝੀਐ, ਤਾਂ ਕੋ ਆਵੈ ਰਾਸਿ॥ ਆਪਿ ਛੁਟੇ ਨਹ ਛੁਟੀਐ, ਨਾਨਕ ਬਚਨਿ ਬਿਨਾਸੁ॥ ਇਸ ਸੱਚੇ ਮਾਰਗ ਉਤੇ ਬਹੁਤ ਜ਼ੋਰ ਭੇਦ-ਛੇਦ ਬਿਨਾ ੧ਓ ਬ੍ਰਹਮ ਗਿਆਨ ਬਾਰ ਬਾਰ ਸ਼੍ਰੀ ਵਿਸ਼੍ਵਗੁਰੂ ਜੀਆਂ ਉਪਦੇਸਿਆ ਹੈ:-

ਮ:1:- ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ...॥

ਮ:5:- ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲਹੁ ਪਾਰਬ੍ਰਹਮ॥

ਪਾ:10: ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ।
ਏਕ ਹੀ ਕੀ ਸੇਵ ਸਭ ਹੀਕੋ ਗੁਰੁਦੇਵ ਏਕ; ਏਕ-ਹੀ ਸਰੂਪ ਸਭੈ ਏਕੈ ਜੋਤਿ ਜਾਨਬੋ॥

Sri Satguru Jagjit Singh Ji eLibrary NamdhariElibrary@gmail.com

ਭ.ਨਾਮ ਦੇਵ:-ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥

ਭ.ਕਬੀਰਜੀ:-ਜੋਗੀ ਗੋਰਖੁ ਗੋਰਖੁ ਕਰੈ॥ ਹਿੰਦੂ ਰਾਮਨਾਮੁ ਉਚਰੈ॥ ਮੁਸਲਮਾਨਕਾ ਏਕੁ ਖੁਦਾਇ॥ ਕਬੀਰਕਾ ਸੁਆਮੀ ਰਹਿਆ ਸਮਾਇ॥[143] ਇਸ ਤਰ੍ਹਾਂ ਸਾਂਝੇ ਵਿਸ਼੍ਵਧਰਮ ੧ਓ ਵਾਹਿਗੁਰੂ ਸਿਧਾਂਤ ਬਜਾਏ ਨਵੇਂ ਸਿੱਖ ਮੋਨੋਥੀਇਜ਼ਮ ਸੰਪ੍ਰਦਾਈ ਇਕ ਦੇਸ਼ੀ ਰੱਬ ਜੋ ਸ਼੍ਰੀ ਗੁਰੁ ਬਾਣੀ ਨਿਖੇਦੇ ਭੇਦ-ਛੇਦ ਵਾਲਾ ਵਾਹਿਗੁਰੂ ਕਰਣ ਲੱਗ ਪਏ ਹਨ, ਸੋਚਣ, ਕੀ ਓਹ ਠੀਕ ਸਮਝੇ ਹਨ? ਬਾਰ ਬਾਰ ਦੇਖ ਚੁਕੇ ਹਾਂ, ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਨੇ ਸਾਰੇ ਸੰਪ੍ਰਦਾਈ ਧਰਮਾਂ ਤੋਂ ਅੱਡ ਨਿਗਮ-ਆਗਮ ਤਰਕ ਪਰਿਭਾਸ਼ਿਕ '1' ਦਾ ਦਾਰਸ਼ਨਿਕ ਲਕਸ਼ ਅਰਥ ਹੈ: ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥ ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲ ਸਿਞਾਪੈ॥

ਗੁਰੁਗਮ ਤੋਂ ਟੁਟੇ ਸਿੱਖਾਂ ਦੇ ਮਨਾਂ ਵਿੱਚ ਸਰਵਿਆਪੀ ੧ਓ ਛੱਡ ਘਟੀਆ ਅਨਿਤ ਇਕ ਦੇਸ਼ੀ(Monotheist) ਇਸ਼ਟ ੧ਓ ਦੇਸ਼, ਕਾਲ ਭੇਦ, ਛੇਦ ਅੰਤ ਮਰਣ ਵਾਲਾ ਮੰਨਣ ਲਗ ਪਏ॥ ਸ਼੍ਰੀਗੁਰੂਸ਼ਾਸਤ੍ਰ (Holy Canon) ਗੁਰੁਸਿੱਖ ਗਿਆਨੀ ਜਾਣਦੇਨੇ, ਭੇਦ ਛੇਦ ਦਾ ੧ਓ ਬਿਲਕੁਲ ਹੀ ਗੁਰੁਮਤ ਨਹੀਂ ਜੋ ਨਵੇਂ ਪ੍ਰਚਾਰਕ, ਅਤੇ ਗਿਆਨੀ ਭੌਤਕ ਸਾਇੰਸ ਵਿਗਿਆਨੀਆਂ ਦੀ ਰੀਸ ਹਨ॥ ਸੋਚੋ: ਬ੍ਰਹਮ ਗਿਆਨ ਤਰਕੀ ਸੁਤੇ ਸਿੱਧ ਵਸਤੂ ਕੀ ਹੈ? ਤਰਕ ਰਾਹੀਂ ਲੱਭਦਾ ਹੈ

1. '1' ਇੱਕ=੧ਓ ਤਰਕ ਸਿੱਧ ਵਿਆਪਕ (One=Omnia: sky) ਕਟੇ ਬਢੇ ਟੋਟੇ ਬਿਨਾ, ਚੇਤਨ:ਅਭੇਦ-ਅੱਛੇਦ, ਵਿਸ਼੍ਵ ਤੇ ਵਿਸ਼੍ਵ ਅਧਾਰ ਹੈ॥
2. ਵਿਸ਼੍ਵ: ਸੁਤੈ ਸਿੱਧ ਜੜ (inanimate space, sky) ਅਕਾਸ਼ ਤਰਕ ਸਿੱਧ ਸਾਰੇ ਵਿਆਪਕ ਇੱਕੋ '1' ਹੀ ਹੈ;
3. ਵਿਸ਼੍ਵ: ਸੁਤੈ ਸਿੱਧ ਵਿਆਪਕ ਵਿਸ਼੍ਵ ਤਰਕ ਪ੍ਰਤੀਤ ਸੱਤ ਤਾਂ ਹੈ: ਪਰ, ਤ੍ਰਿਭੇਦਾਂ: ਸ੍ਰਜਾਤਿ, ਵਿਜਾਤਿ, ਸ੍ਵਗਤਿ ਕਾਰਣ ਅਭੇਦ ਨਹੀਂ ;
4. ਵਿਸ਼੍ਵ: ਸੁਤੈ ਸਿੱਧ ਵਿਆਪਕ/ਵਿਭੂ ਵਿਸ਼੍ਵ ਤਰਕ ਕਾਰਣ: ਤ੍ਰੀਕਾਲ: ਦੇਸ਼,ਕਾਲ: ਕੱਟੇ ਬਢੇ ਕਾਰਣ ਅੱਛੇਦ ਨਹੀਂ;
5. ਵਿਆਪਕ ਚੇਤਨ ਦ੍ਰਸ਼ਟਾ ਸਾਰੇ ਭੇਦ ਛੇਦਾਂ ਅਸਥੂਲ-ਸੂਖਮ ਨਾਸ਼ਵਾਨ ਵਸਤੂਆਂ 'ਚ ਪ੍ਰਵੇਸ਼ ੧ਓ ਅਧਿਸ਼ਠਾਨ ਸਦੀਵੀ ਸਤਿ ਹੈ;
6. ਵਿਸ਼੍ਵ ਸਮਸ਼ਟੀ-ਵਿਅਸ਼ਟੀ ਸਮੁੰਦ੍ਰ-ਬੂੰਦ ਤਰ੍ਹਾਂ ੧ਓ ਸਚਿੱਦਾਨੰਦ ਅੰਤਰਜਾਮੀ ਆਤਮ-ਦ੍ਰਸ਼ਟਾ(Conscious seer) ਸਾਰੇ ਜੜ (inanimate) ਜੀਵ ਘਟ-ਪਟ ਤਰ੍ਹਾਂ ਵਿਸ਼੍ਵ ਦਾ ਧੇਜ (object) ਹੈ ॥ (ਦੇਖੋ ਗਜਾਨ ਧਜਾਨ ਸਿਮਰਣ ਜੁਗਤਿ)॥

143. ਪੁਨ੍ਹੈ.ਓ.ਪੰ.੧੦੭੪:੧੨। ਅ.ਪੰ.੬੬੩:੧੭। ਏ.ਪੰ.੨੬੫:੩-। ਸ.ਪੰ.੧੬੧:੯।ਹ.ਪੰ.੧੪੧੨:੧੮। ਕ.ਪੰ. ੯੩੨:੧੧। ਖ.ਪੰ. ੨੩੨:੧। ਗ.ਪੰ. ੩੫:੯।ਘ.ਪੰ. ੭੯:੪।ਛ.ਪਪ੬:੯।ਚ.ਭਾਗੁਵਾ. ੧:੨੪:੧। ਛ.ਸ਼੍ਰੀਗੁਗ੍ਰੰਜੀ.ਪੰ. ਪ੯੯:੬। ਜ.ਪੰ.੭੬੩:੭।ਝ.ਪੰ.੧੨੯੯:੧੪ । ਵ.ਪੰ. ੪ਪਪ:੬ । ਟ.ਪੰ. ੧੦੯੩: ੩।ਠ.ਪੰ. ੯੩੦:੧੦॥ ਦਗੁਗ੍ਰੰਜੀ.ਅਕਾਲ ਉਸਤੁਤ:੧ਪ।੮ਪ।?.ਸ਼੍ਰੀਗੁਗ੍ਰੰਜੀ.ਪੰ. ੮੭ਪ:੪। ?.ਪੰ.੧੧੬੦:੪॥

Sri Satguru Jagjit Singh Ji eLibrary NamdhariElibrary@gmail.com

ਤ੍ਰਿਪੁਟੀ: ਧਿਆਤਾ ਚੇਤਨ ਤੂੰ (ਤ੍ਵੰ) ਪਦ ਅੰਦਰ ਆਤਮਾਂ ਦਾ ਬੋਧਕ ਹੈ। ਧਿਆਨ ਕ੍ਰਿਯਾ ਬੋਧਕ ਹੈ, ਲਖਸ਼ ਗਿਆਨ ਬੋਧਕ ਵੀ ਹੈ॥ ਇਨ੍ਹਾਂ ਤਿੰਨਾ ਬਿਨਾ ਕੋਈ ਵਿਸ਼ੂ ਅੰਦਰ-ਬਾਹਰ ਤਰਕ ਸਿੱਧ ਨਹੀ ਕਰ ਸਕਦਾ,ਜਦ ਤਕ ਦੋਨੋਂ ਅਜਾਤ-ਤ੍ਰੈਵਾਦ (ਵਿਵਰਤਾਦਿ) ਅਤੇ ਆਭਾਸ-ਤ੍ਰੈ ਵਾਦ ਦੇ ਮਹਾਂਰਹੱਸ ਰਾਹੀਂ ਬ੍ਰਹਮ-ਗਿਆਨ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਦਿਤੇ ੧ਓ ਦੇ ਦਾਰਸ਼ਨਿਕ ਪਰਮਤੱਤ(ਨਿਚੋੜ) '1' ਨਹੀਂ ਸਮਝੇ॥ ਜਨਮ ਤੋਂ ਸਾਰੇ ਜੀਵ ਅਗਿਆਨੀ ਹਨ ਜੋ, ਤੂੰ (ਤ੍ਵੰ ਪਦ) ਲਕਸ਼ ਤੋਂ ਅਣਜਾਣ ਹਨ, ਕਿ ੧ਓ ਦਾ ਵਾਚ ਅਰਥ ਅਣਜਾਨ ਅਵਸਥਾ 'ਚ ਕਰਦੇ ਹਨ, ਜਿਵੇ ਸ਼੍ਰੀ ਗੁਰੁਬਾਣੀ ਦਸਦੀ ਹੈ: ਮਾਨੁਖ,ਬਨੁ,ਤਿਨੁ,ਪਸੂ,ਪੰਖੀ ਸਗਲ ਤੁਝਹਿ ਅਰਾਧਤ॥ ਪਰ '੧ਓ ਦਾ ਗਿਆਨੀ ਸ਼ਕਤ ਅਰਥ ਕੇਵਲ ਤੂੰ/ਸੋਹੰ ਹੀ ਨਹੀਂ, ਉਸ ਨਾਲ ਮੈ/ਹੰਸਾ ਉਲਟ ਮਿਲਾ ਕੇ ਪਰਮ-ਤੱਤ ਨਿਸਕਰਸ਼ '1' ਨਾਨਕ ਸੋਹੰ-ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ॥ ਕਢਦੇ ਹਨ; ਜਥਾ:-ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ॥ ਇਹ ਵੀ ਨਿਗਮ-ਆਗਮ ਤਰਕ ਰਾਹੀਂ ਸਿਧਾਂਤ ਸਿੱਧ ਕਰਦੇ ਹਨ ਕਿਉਂਕਿ '1 ਸਤਿ' ਨਿੱਤ ਹੈ, ਉਸ ਕਾਰਣ ਤਰਕ ਸੁਤੈ ਸਿੱਧ ਹੈ॥ ਇਸੇ ਤਰ੍ਹਾਂ ਅੱਗੇ ਤਰਕ ਰੀਤੀਆਂ ਨਾਲ ਖੰਡ ਅਨ੍ਹੈ ਲੜੀ ਚਲਦੀ ਦਿਖਾਂਦੇ ਹਾਂ :-

ਖੰਡ ਅਨ੍ਹੈ ਵਿਧੀ:- 1.'1 > '; 2.'1 ਸਤਿ'; 3.'1 ਨਾਮੁ'; 4.'1 ਕਰਤਾ'; 5.'1 ਪੁਰਖੁ'; 6.'1 ਨਿਰਭਉ'; 7.'1 ਨਿਰਵੈਰੁ'; 8.'1 ਅਕਾਲ ਮੂਰਤਿ'; ('1 ਅਕਾਲ';'1.ਮੂਰਤਿ'); 9.'1 ਅਜੂਨੀ'; 10.'1 ਸੈਭੰ';11. '1 ਗੁਰ' ; 12.'1 ਪ੍ਰਸਾਦਿ'; 13.'1 ਗੁਰਪ੍ਰਸਾਦਿ'॥

ਐਥੇ ਟੀਕਾ ਨਹੀ ਹੋ ਰਿਹਾ, ਚਾਲੀ ਸਾਲ ਪਹਿਲਾਂ ਗੁਰਮੁਖੀ ਵਿੱਚ ਭਾਸ਼ ਲਿਖ ਚੁਕੇ ਸੀ ਜੋ ਅਜੇ ਛਾਪਿਆ ਨਹੀ॥ ਇਹ "ਦਸ ਮੂਲ" ਅਤੇ 170 ਸੰਬੰਧੀ ਟੀਕੇਆ ਵਿੱਚੋਂ ਜੋ ਵਿਸ਼ੇਸ ਵਿਲੱਖਣ ਹਨ ਕੇਵਲ ਓਹ ਪਦਾਰਥ ਇਸ ਟਿੱਪਣੀ ਭੁਮਿਕਾ ਤੇ ਉਪੋਦਘਾਤ 'ਚ ਢਕਣ ਲਈ ਲਿਖਕੇ ਸੰਕੇਤਿਤ ਹਨ, ਜਿਸ ਨਾਲ ਅਪੋਧਘਾਤ ਦਾ ਮੰਤਵਜ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਦਾ '1' ਦਰਸ਼ਨ ਤਰਕ ਰਾਹੀਂ ਸਿਧਾਂਤ ਸਾਫ ਦੇਖੇ, ਮਸਲਨ :-

ਮ:1:-ਗੁਰਮਤਿ ਅਲਖੁ ਲਖਾਈਐ, ਊਤਮ ਮਤਿ ਤਰਾਹਿ॥ ਨਾਨਕ ਸੋਹੰ ਹੰਸਾ ਜਪੁ ਜਾਪਹੁ, ਤ੍ਰਿਭਵਣ ਤਿਸੈ ਸਮਾਹਿ॥

ਮ: 1॥ ਆਪੇ ਪਟੀ, ਕਲਮ ਆਪਿ,ਉਪਰਿ ਲੇਖੁ ਭਿ ਤੂੰ॥ ਏਕੋ ਕਹੀਐ ਨਾਨਕਾ:ਦੂਜਾ ਕਾਹੇ ਕੂ॥

ਪਉੜੀ॥ ਤੂੰ ਆਪੇਆਪਿ ਵਰਤਦਾ ਆਪਿ ਬਣਤ ਬਣਾਈ॥ ਤੁਧੁ ਬਿਨੁ ਦੁਜਾ ਕੋ ਨਹੀ: ਤੂ ਰਹਿਆ ਸਮਾਈ॥

ਏਹੀ ਸਿਧਾਂਤ ਪੰਚਮ ਰੂਪ ਸ਼੍ਰੀ ਗੁਰੂ ਅਰਜੁਨ ਦੇਵਜੀ ਨੇ ਹੋਰ ਤਰਕ ਸਿੱਧ ਰੂੜੀ-ਯੋਗ ਬਾਣੀ ਵਿੱਚ ਲਿਖਿ ਸਪਸ਼ਟ ਕੀਤਾ ਹੈ:- ਸਲੋਕੁ॥ ਕਰਣ ਕਾਰਣ ਪ੍ਰਭੁ ਏਕੁਹੈ:ਦੂਸਰ ਨਾਹੀ ਕੋਇ॥ ਨਾਨਕ ਤਿਸੁ ਬਲਿਹਾਰਣੈ,ਜਲਿ ਥਲਿ ਮਹੀਅਲਿ ਸੋਇ॥

ਪੁਰਾਣੇ ਵੇਦ ਕਾਲ ਦੀ ਰੂੜੀ ਬਾਣੀ ਅਰਥ: ਕਾਰਣ ਤੇ ਕਰਣ (ਕਾਰਜ)ਦੋਨੋਂ ਸ਼ਬਦ ਰੂੜੀ-ਯੋਗ ਬਾਣੀ ਇਕੋ ੧ਓ ਦਾ ਹੈ, ਅਗੇ ਵਰਣਨ ਹੈ॥ ਐਥੇ ਦੂਜਾ ਭਾਵ(ਭੇਦ ਦ੍ਵੈਤ ਵਾਦ) ਭਾਰਤੀ ਆਸਤਿਕ ਚਾਰ/ਪੰਜ ਈਸ਼੍ਵਰ ਵਾਦੀ ਮਤ ਸ਼੍ਰੀਗੁਰੂ ਸਮਕਾਲੀ ਭੰਡੇ ਸੇ, ਜਿਵੇਂ ਕਿ,

Sri Satguru Jagjit Singh Ji eLibrary NamdhariElibrary@gmail.com

ਮ:5:- ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ॥ ਪਾਰਬ੍ਰਹਮ ਕਾ ਕਰਹਿ ਵਖਿਆਣ॥ ਜੋਗੀ[1] ਜਤੀ[2] ਬੈਸਨੋ[3] ਰਾਮਦਾਸ[4] ॥ ਮਿਤਿ ਨਾਹੀ ਬ੍ਰਹਮ ਅਬਿਨਾਸ॥ ਸ.144

ਇਹ ਉਸ ਵੇਲੇ ਤਕ ਅਬਿਨਾਸੀ ਅਭੇਦ-ਅਛੇਦ '1' ਬ੍ਰਹਮ ਨਿਗਮ-ਆਗਮ ਤਰਕ ਸਿੱਧ ਹੋ ਚੁਕਾ ਸੀ ਕਿ ੧ਓ ਦੇਸ਼, ਕਾਲ, ਵਸਤੂ ਭੇਦ ਛੇਦ ਬਿਨਾ ਹੈ ਪਰ ਆਮ ਅਤੇ ਹੰਕਾਰੀ ਖੋਜੀ ਕੀ ਮੰਨਦੇ ਹਨ? ਖਟਦਰਸ਼ਨ ਸੰਪ੍ਰਦਾਇਆਂ 'ਚ ਦ੍ਵੈਤ ਵਾਦ ਸ਼ੈਵ-ਸ਼ਾਕਤ, 12 ਪੰਥੀ ਜੋਗੀ ਵੈਸ਼ਣਵ:

ਪੰਜੇ ਵੇਦਾਂਤ ਆਚਾਰਿਜ, ਪ੍ਰਸਿੱਧ ਦ੍ਵੈਤਵਾਦੀ, ਸ਼੍ਰੀ ਗੁਰੂਜੀ ਸਮਕਾਲੀ ਸੇ, ਇਸ ਕਰਕੇ ਦੁਬਾਰਾ ਯਾਦ ਕਰਾਂਦੇ ਹਾਂ:-

1. ਰਾਮਾਨੁਜ ਕਰਤਾ ਵਸਿਸ਼ਟ-ਅਦ੍ਵੈਤ ਸਿੱਧਾਂਤ। 2.ਨਿੰਮਬਾਰਕ ਕਰਤਾ ਦ੍ਵੈਤ-ਅਦ੍ਵੈਤ ਸਿੱਧਾਂਤ। 3.ਮਾਧਵ ਅਸਲੀ ਦ੍ਵੈਤ ਸਿਧਾਂਤ । 4.ਵੱਲਭ ਕਰਤਾ ਸ਼ੁੱਧ-ਅਦ੍ਵੈਤ ਸਿੱਧਾਂਤ। ਇਹ ਪਹਲੇ ਸ਼ਾਰੇ ਮਿਲਾਕੇ: 5.ਚੇਤਨ ਦਾ ਮਿਸ਼੍ਰਤ ਦ੍ਵੈਤ ਸਿੱਧਾਂਤ ਵੀ ਸੰਕੇਤਿਤ ਹੈ॥

ਨੋਟ 1:ਜ਼ਰੂਰੀ ਹੈ ਕਿ ਭਾਰਤ ਇਤਿਹਾਸ ਧਰਮਾਂ ਦੇ ਮਧ ਕਾਲੀ ਇਤਿਹਾਸ ਪ੍ਰਥਾਇ ਦਾ ਧਿਆਨ ਪਾਠਕ ਜ਼ਰੂਰੀ ਰਖਣ:- ਪਹਿਲਾਂ ਭਾਰਤ ਸਮਰਾਟ ਅਸ਼ੋਕ(ਪੂਰਬ ਈਸ੍ਵੀ ਸੰਨ 273-232)ਦੀ ਕਲਿੰਗਾ ਯੁੱਧ ਰਾਹੀਂ ਨਸ਼ਟ ਭ੍ਰਸ਼ਟਤਾ ਖੂੰਨ ਖਰਾਬਾ ਦੇਖ, ਐਸਾ ਵਿਰਕਤ ਹੋਇਆ, ਕਿ ਆਪਣਾ ਆਸਤਿਕ ਈਸ਼੍ਵਰ ਵਾਦ ਧਰਮ ਤਿਆਗ,ਨਾਸਤਿਕ ਅਨੀਸ਼੍ਵਰ ਵਾਦੀ ਬੋਧੀ ਅਹਿੰਸਾ ਪਰਮੋ ਧਰਮ ਅਪਨਾਇਆ, ਪ੍ਰਚਾਰ ਲਈ ਬੇਅੰਤ ਮਾਯਾ ਦਾਨ ਕੀਤੀ॥ ਦੱਖਨ,ਉੱਤਰ,ਪੂਰਵ ਏਸ਼ਿਆ ਚੀਨ ਤਕ ਪ੍ਰਚਾਰਕ ਭੇਜੇ॥ ਭਾਰਤ ਸਮਰਾਟ ਦੀ ਥਾਪਨਾ ਨੂੰ ਕੌਣ ਥੰਮ ਸਕਦਾ ਸੀ? ਉਸਦਾ ਫਲ ਸਦੀਆਂ ਉਪਰ ਰਹਿਆ॥ ਭਾਰਤ ਵਿੱਚ ਅਨੀਸ਼੍ਵਰਵਾਦ ਬਹੁਤ ਫੈਲਿਆ: ਈਸ਼੍ਵਰ ਵਾਦ ਕਿਨਾਰੇ ਰਹਿ ਗਇਆ॥

ਭਾਰਤ ਸਮਰਾਟ ਅਸ਼ੋਕ ਦੀ ਅੱਧੀ-ਸਹੰਸ੍ਰਾਬਦੀ ਪਿਛੋਂ ਆਸਤਿਕ ਈਸ਼੍ਵਰ ਵਾਦੀ ਸ਼ੈਵ ਤਰਕ-ਅਚਾਰਜ ਗੌੜਪਾਦ ਨੇ ਗਰੀਬੀ ਦਾਵੇ ਨਾਲ ਤਿਨੋ ਬੋਧੀ ਸੰਪ੍ਰਦਾਏ: 1.ਸੌਤਾਂਤ੍ਰਿਕ, 2.ਖਿਣਿਕ-ਵਿਗਿਆਨਿਕ ਅਤੇ 3.ਸ਼ੂੰਨ ਵਾਦੀ ਅਨੇਕ ਵਿਦ੍ਵਾਨਾਂ ਨਾਲ ਦਿਗਵਿਜੈ ਸ਼ਾਸਤ੍ਰਾਰਥ ਅਟੂਟ ਰੂਪ 'ਚ ਤਿੰਨ, ਚਾਰ ਪੀੜ੍ਹੀਆਂ ਦੇ ਮੁੱਖ ਸ਼ਿਸ਼ਜਾਂ ਦਿਗ-ਵਿਜੈ ਨਾਸਤਿਕ-ਆਸਤਿਕ ਵਾਦ-ਵਿਵਾਦ ਆਰੰਭਿਆ, ਸਮੱਸਿਆਵਾਂ ਵਿੱਚੋਂ ਉੱਤਰ ਮੰਗੇ: 1.ਜੇ ਸੰਸਾਰ ਤੇ ਜੀਵ ਨਹੀਂ ਹੈ ਤਾਂ ਭਾਸਦਾ ਕੀ ਹੈ? 2. ਤੁਸੀ ਕਰਮ ਤੇ ਫਲ ਮਨਦੇ ਹੋ ਪਰ ਜੀਵਾਤਮਾ ਨਹੀਂ, ਫੇਰ ਪੁਨਰ ਜਨਮ ਕੈਸਾ? 3.ਜੇ ਆਤਮਾ ਅਨੱਤ ਹੈ ਤਾਂ ਸਿਮ੍ਰਤੀ ਕਿਥੇ ਰਹਿੰਦੀ ਹੈ? ਅਨੇਕ ਤਰਕ ਸ਼ਾਲਾਂ ਦੇ ਉੱਤਰ ਜੋ 1.ਗੌੜ-ਪਾਦ,2.ਗੋਵਿੰਦ-ਪਾਦ ਤੇ 3.ਸ਼ੰਕਰ ਦਸ਼-ਨਾਮ-ਸੰਨਿਆਸੀ ਸੰਪ੍ਰਦਾਇ ਕਰਤਾ, ਤੇ ਚਾਰ ਧਾਮਾਂ 'ਚ ਚਾਰ ਮਠਾਧੀਸ਼ਾਂ ਦਾ ਉੱਤਰ ਨਾ ਦੇ ਸਕੇ। ਇਨ੍ਹਾਂ ਸ਼ਿਸ਼ਜਾਂ ਰਾਹੀਂ ਆਸਤਿਕ ਈਸ਼੍ਵਰ ਵੇਦ ਧਰਮ ਭਾਰਤ ਵਰਸ਼ ਦੇ ਚਾਰੇ ਧਾਮਾਂ 'ਚ ਪ੍ਰਚਾਰ ਦਾ ਵਿਵਹਾਰਿਕ ਤੇ ਅਧਿਆਤਮਿਕ ਹੀਲੇ ਕੀਤੇ॥ ਪਹਿਲੋ ਪਹਿਲ ਖਟਦਰਸ਼ਨ ਨਾਸਤਿਕ ਅਨੀਸ਼੍ਵਰੀ ਬੋਧੀ ਸ਼ੂੰਨ ਵਾਦੀਆਂ ਉੱਤੇ ਸੰਕਰ ਨੇ ਦਿਗਵਿਜੈ ਪਾਈ॥ ਉਸ ਨੇ ਬੋਧੀਆਂ ਨਾਲ ਨਿਰੋਲ ਆਗਮ ਤਰਕ ਰਾਹੀਂ ਉਨ੍ਹਾਂ ਨੂੰ ਉਨ੍ਹਾਂਦੀ ਆਗਮ ਤਰਕ ਔਖਧੀ ਰਾਹੀਂ ਨਿਰਉੱਤ੍ਰ ਕੀਤਾ॥ ਫੇਰ ਦੋਨੋਂ

144. ਪੁਨ.ਓ.ਪੰ.੧੦੬੩:੩ ।ਅ.ਪੰ.੧੨੯੧:੧੩-੧੯। ਏ. ਮ:ਪ.ਪੰਨਾ:੨੭੬:੧੮।ਸ.ਪੰ.੮੬੭:੧੦॥ਆਦਿ॥

Sri Satguru Jagjit Singh Ji eLibrary NamdhariElibrary@gmail.com

ਨਿਗਮ-ਆਗਮ ਤਰਕ ਵਿਧਾਨ ਸਮੰਨ੍ਹੈ ਰਾਹੀਂ ਅਥਰਵ ਵੇਦੀ ਮਾਂਡੂਕਯ ਉਪਨਿਸ਼ਦ ਗੌੜ ਕਾਰਕਾ ਤੇ ਆਪਣੇ(ਸ਼ੰਕਰ)ਭਾਸ਼ ਵੇਦ ਪ੍ਰਮਾਣਾਂ ਰਾਹੀਂ ਅਦ੍ਵਿਤੀਯ ਈਸ਼੍ਵਰ ਤਰਕ ਸਿੱਧ ਕਰ ਦਿੱਖਾਇਆ॥ ਫੇਰ ਸ਼ੰਕਰ ਨੇ ਤਰਕ ਸਿੱਧ ਸਿਧਾਂਤੀ ਬੋਧੀ ਕਰਮ ਕਾਂਡੀ ਪੁਰਖ-ਇਸਤ੍ਰੀ ਧੰਮ ਪਾਦ(ਧਰਮ ਪਾਦ) ਭੀਖਕ (ਭਿਕਸ਼ੂ) ਵਿਧਾਨ ਆਪਣਾ, ਆਪਣੇ ਪ੍ਰਚਾਰਕਾਂ ਰਾਹੀਂ ਪ੍ਰਭਾਵਤ ਆਮ ਜਨਤਾ ਬੋਧੀ ਮੁਕਾਬਲੇ ਵੇਦ ਪੁਰੁਸ਼ਾਰਥ ਸੰਨਿਆਸ ਆਸ਼੍ਰਮ ਮਨੁਖ ਜਨਮ ਦਾ ਅੰਤਲਾ ਸਿਧਾਂਤਕ ਲਕਸ਼ ਦਿਖਾ, ਬੋਧੀਆਂ ਦਾ ਹੀ ਲਕਸ਼ ਜਤਾ, ਬੌਧ ਧਰਮ ਨੂੰ ਆਪਣੀ ਮਾਤਿ ਭੂਮੀ 'ਚ ਆਗਮ ਤਰਕ ਰਾਹੀਂ ਹੀ ਮੁਕਾ ਦਿਤਾ ਪਰ ਧਿਆਨ ਰਹੇ; ਬੋਧੀ ਧਰਮ ਭਾਰਤ ਵਰਸ਼ ਤੋਂ ਬਾਹਰ ਉੱਤਰ, ਦੱਖਨ, ਪੂਰਵ ਏਸ਼ਿਆ ਚੀਨ, ਦਖਣੀ-ਪੂਰਵ ਜਾਵਾ ਆਦਿ ਦ੍ਵੀਪਾਂ ਤੇ ਦੇਸ਼ਾਂ 'ਚ ਹੁਣ ਤਕ ਬਹੁਤ ਪ੍ਰਸਿੱਧ ਅਤੇ ਪ੍ਰਚਲਿਤ ਹੈ॥

ਇਸਤ੍ਰਾਂ ਫੇਰ ਵੇਦ ਸਿਧਾਂਤ ਜਗਾਯਾ ਤੇ ਸ਼ੈਵ ਈਸ਼੍ਵਰਵਾਦੀ ਤਰਕ ਆਚਾਰਜਾਂ ਦੀਆਂ ਚਾਰ ਸ਼ੰਕਰ ਅਚਾਰਿਆਂ ਲੜੀਆਂ ਚਲੀਆਂ॥ ਗੌੜ-ਸ਼ੰਕਰ ਆਦਿਆਂ ਨੇ ਫੇਰ ਵੇਦ ਮਾਨਜ ਈਸ਼੍ਵਰਤਾ ਥਾਪਣ ਲਈ ਪਹਿਲੋ ਪਹਿਲੇ ਨਾਸਤਕ ਬੋਧੀਆਂ ਵਿਰੋਧੀਆਂ ਦਾ ਨਿਰੋਲ ਬੌਧੀ ਆਗਮ ਤਰਕ ਥਾਪ, ਸਿਖੇ ਚੇਲੇਆਂ ਰਾਹੀ ਪ੍ਰਚਲਿਤ ਰਿਹਾ ਜਿਸ ਤੋਂ ਗੌਤਮ ਬੋਧੀ ਅਨੁਭਵ ਪਾਈ: ਉਸੇ ਆਧਾਰ ਤੇ ਬਿਨਾ ਕੋਈ ਹੋਰ ਧਰਮ ਸ਼ਾਸਤ੍ਰ ਪ੍ਰਮਾਣ ਮਨਣ ਵਾਲੇ ਬੋਧੀ ਕੇਵਲ ਆਗਮ ਤਰਕ ਨਾ ਮੰਨਣ ਵਾਲੇਆਂ ਨੂੰ ਸ਼ੰਕਰ, ਤੇ ਚੇਲਿਆਂ ਨੇ ਉਸੇ ਤਰ੍ਹਾਂ ਨਿਗਮ-ਆਗਮ ਦੋਨੇਆਂ ਦਾ ਸਮੰਨ੍ਹੈ ਕਰ ਮੁਕਾਬਲੇ ਆਪਣਾ ਆਸਤ੍ਰਿਕ ਅਦ੍ਵੈਤ(ਨਾ-ਦੋ ਦਾ) ਸਿਧਾਂਤ ਕੈਮ ਕਰਕੇ ਪ੍ਰਚਾਰੇਆ॥ ਪਾਠਕਾਂ ਲਈ ਸਾਇੰਸ ਦ੍ਰਿਸ਼ਟਾਂਤ ਤਰਕ-ਨਿਆਯ ਰਾਹੀਂ ਅਤਿ ਸੰਖੇਪ ਨਮੂਨਾ ਦਿਖਾਂਦੇ ਹਾਂ, ਜਥਾ:- ਆਗਮ ਤਰਕ ਦ੍ਰਿਸ਼ਟਾਂਤ:-

1:- ਆਪਣੀ ਮੋਟਰ ਨਹੀਂ ਚਲੀ;ਇਸਦੇ ਮੁਖ ਦੋ ਕਾਰਣ ਹੋ ਸਕਦੇ ਨੇ:1.ਬੈਟਰੀ ਖਤਮ ਹੈ ਜਾਂ 2.ਪਟ੍ਰੋਲ ਟਾਂਕੀ ਖਾਲੀਹੈ।ਅਨੁਭਵ ਹੋਯਾ: ਪਟ੍ਰੋਲ ਟਾਂਕੀ ਖਾਲੀਹੈ ॥ ਇਹ ਤਰਕ ਕਾਰਣ ਇਸ ਪ੍ਰਤਖ ਅਨੁਭਵ ਨਾਮ ਨਿਗਮ ਛਾਲ ਹੈ॥ਇਹ ਇਕ ਜਣੇ ਦਾ ਪ੍ਰਤਖ ਅਨੁਭਵ ਨਿਗਮ ਤਰਕ ਹੈ॥ ਜਦ ਅਨੇਕ, ਵਿਸ਼੍ਵ ਵਿਖਿਆਤ ਹੋਵੇ, ਓਹੀ ਦਰਖਤ-ਬਣ ਨਿਆਯ ਤਰਕ, ਜਾਂ ਨਿਗਮ ਤਰਕ ਹੈ ॥ ਇਸ ਤਰ੍ਹਾਂ ਦੋਨੋ ਆਗਮ ਤੇ ਨਿਗਮ ਤਰਕ ਬਣ-ਵ੍ਰਿਖ ਬੂੰਦ-ਸਮੁੰਦਰ ਆਦਿ ਦ੍ਰਿਸ਼ਟਾਂਤਾਂ ਦੇ ਵਿਜਸ਼ਟੀ ਅਤੇ ਸਮਸ਼ਟੀ ਲਕਸ਼ ਬੋਧਕ ਹਨ॥ ਇਸਤਰ੍ਹਾਂ ਬੋਧ ਅਗਮ-ਸ਼ਾਸਤ੍ਰਾਂ ਤਰਕ ਕਥਨ ਪ੍ਰਤਖ ਅਨੁਭਵ ਪ੍ਰਚਾਰਦੇ ਸਨ॥ ਇਹ ਗੌੜ-ਸ਼ੰਕਰ ਨੇ ਪਹਿਲਾਂ ਆਪਣੇ ਪ੍ਰਜਜ ਵੇਦ ਦਾ ਮੁੱਖ ਤਾਤਪਰਜ ਸਿੱਧਾਂਤ ਨਿਰੋਲ ਬੌਧੀ ਆਗਮ ਤਰਕ ਰਾਹੀਂ ਅ-ਦ੍ਵੈਤ (ਨਾ ਦੋ=1) ਵਾਦ ਥਾਪਿਆ, ਤੇ ਦਸ਼-ਨਾਮ-ਸੰਨਿਆਸੀ ਸੰਪ੍ਰਦਾਈ ਦੇ ਸ਼੍ਰੀਗੁਰੁਬਾਣੀ ਦ੍ਰਿਸ਼ਟਾਂਤ ਲਿਤੇ ਬਰਤੇ ਹਨ॥

2:- ਦੂਜੇ ਪਾਸੇ ਕਈ ਸਦੀਆਂ ਪਿਛੋ ਵੈਸ਼ਣ ਸੰਪ੍ਰਦਾਇ ਦੇ ਰਾਮਾਨੁਜ ਨੇ ਸ਼ੰਕਰ (ਪਿੱਛੋਂ ਚੇਲੇ ਖੰਡਨ/ਮੰਡਨ ਮਿਸ਼੍ਰ ਸਰੇਸ਼੍ਵਰ ਨੇ ਚਾਰ ਧਾਮ ਚਾਰੇ ਸ਼ੰਕਰ ਆਚਾਰਯਾਂ) ਨਾਲ ਮਿਲਕੇ ਦਿਗਵਿਜੈ ਤਰਕ ਪਰਿਭਾਸ਼ਾ ਰਾਹੀਂ ਸ਼ਾਸਤ੍ਰਾਰਥ ਕਰਣ ਲਈ ਸ਼ੰਕਰ ਸਿਧਾਂਤ ਨੂੰ ਪਹਿਲਾਂ ਹੀ ਅਧਾਰ ਮੰਨਕੇ: ਫੇਰ ਗੌੜ-ਸ਼ੰਕਰ ਭਾਸ਼ ਕੀਤੇ ਵੇਦ ਪ੍ਰਥਾ ਦੇ ਤਿਨ ਮਹਾਸ਼ਾਸਤ੍ਰ(ਪ੍ਰਸ਼ਥਾਨ ਤ੍ਰੈ: 10-12 ਉਪਨਿਸ਼ਦ, ਉੱਤਰ ਮਿਮਾਂਸਾ ਵੇਦਾਂਤ ਦਰਸ਼ਨ ਸੂਤ੍ਰ

Sri Satguru Jagjit Singh Ji eLibrary NamdhariElibrary@gmail.com

ਤੇ ਸ਼੍ਰੀ ਭਗਵਾਦ-ਗੀਤਾ) ਦੇ ਭਾਸ਼ਯ/ ਟੀਕੇ ਉਤੇ ਮੂਲ ਸ਼ਾਸਤ੍ਰ ਬਾਣੀ ਮੰਤ੍ਰ, ਸੂਤ੍ਰਾਂ, ਸ਼ਲੋਕ ਪਾਠਾਂਦੇ ਪਦ ਛੇਦ ਕਰ ਅਰਥ ਕੀਤੇ॥ ਪਿਛੋਂ ਫਰਕ ਨਾਲ ਤਰਕ ਰਾਹੀਂ ਸਿੱਧ ਨਹੀਂ ਬ੍ਰਹਮ ਗਿਆਨ ਕਹਿ, ਵੈਸ਼ਣਵ ਸੰਪ੍ਰਦਾਇ ਕਈ ਦ੍ਵੈਤ ਮਤ ਥਾਪੇ॥ ਪਰ ਆਂਮ ਲੋਕਾਂ ਵਿੱਚ ਸਿਧਾਂਤਿਕ ਬਹੁਤ ਭਰਮ ਪਾਇਆ॥ ਸ਼ਿਵ ਮਤ ਸ਼ੰਕਰ ਨੇ ਪਹਿਲਾ ਅਧਾਰ ਸ਼ਰਿ-ਮਿਥਿਆ ਸਿੱਧਾਂਤ ਬਣਾ, ਉਸੇ ਦੇ ਖੰਡਨ ਲਈ ਵੈਸ਼ਣਵ ਰਾਮਾਨੁਜ ਉਠਿਆ। ਫੇਰ ਪਿਛੋਂ ਚਾਰ ਵੈਸ਼ਣਵ ਆਚਾਰਜਾਂ ਦੀ ਲੜੀ ਚੱਲੀ। ਉਨ੍ਹਾਂ ਕੇਵਲ ਓਹੀ ਤਿੰਨ ਵੇਦਿਕ ਪ੍ਰਸਿਧ ਸ਼ਾਸਤ੍ਰਾਂ ਦੇ ਮੂਲ ਪਾਠਾਂ ਦੇ ਭਿੰਨ ਭਿੰਨ ਪਦ ਛੇਦਾਂ ਕਰਕੇ ਆਪਣੇ ਅਪਣੇ ਦੂਜਾ-ਭਾਉ/ਦ੍ਵੈਤ ਨਾਮਾਂ ਵਿੱਚ ਜਾਣ ਬੁਝਕੇ ਧੋਖਾ ਦੇਣ ਲਈ ਅਦ੍ਵੈਤ ਸ਼ਬਦ ਜੋੜਿਆ ਤੇ ਭਿੰਨ ਭਿੰਨ ਨਾਮ ਸਿਧਾਂਤ ਰਖੇ, ਜਿਵੇਂ: ਵਸਿਸ਼ਟ-ਅਦ੍ਵੈਤ, ਦ੍ਵੈਤ-ਅਦ੍ਵੈਤ, ਸ਼ੁੱਧ-ਅਦ੍ਵੈਤ, ਆਦਿ ਸੰਪ੍ਰਦਾਏ ਹਿੰਦੂ ਧਰਮ ਦੇ ਹੁਣ ਵੀ ਪ੍ਰਸਿੱਧ ਹਨ॥ ਉਨ੍ਹਾਂ ਸਾਰੇਆਂ ਦਾ ਮੁਖ ਫਰਕ ਕੇਵਲ ਪਦ ਛੇਦ ਮਹੱਤਾ-ਤਰਕ ਕਾਰਣ ਹੀ ਹਨ॥ ਇਸ ਭਾਰਤੀ ਦੂਜੇ-ਭਾਉ/ਦ੍ਵੈਤ ਚਾਲ ਰੋਕਨ ਲਈ ਪੁਰਾਣੇ ਟਕਸਾਲੀ ਸਿਖਿਆ ਦੋਨੋ ਤਰਕ ਅਤੇ ਪਦ ਛੇਦ ਸ਼੍ਰੀ ਗੁਰੁਬਾਣੀ ਸੰਬੰਧੀ ਮੁੱਖ ਰਹੀ॥

3:- ਕਈ ਸਦੀਆਂ ਬੋਧੀ ਵਿਗਜਾਨ(ਪਹਿਲੇ ਬੌਨ ਤਿਬਤ-ਨਿਪਾਲ)ਧਰਮ ਸੰਪ੍ਰਦਾਇ,ਤੇ ਦਸ਼ ਨਾਮ ਸਨਿਆਸੀ, ਤ੍ਰਿ-ਤਾਂਤ੍ਰਿਕ ਕ੍ਰਾਂਤੀ 101 ਸਿੱਧ-ਨਾਥ ਜੋਗੀਆਂ ਦਬਦਬਾ ਸੰਪੂਰਣ ਭਾਰਤੀ ਹਿਮਾਲਯ ਤੋਂ ਸਮੁਦ੍ਰ ਤਕ ਜ਼ੋਰ ਰਹਿਆ॥ 12ਵੀਂ ਸਦੀ ਪਿਛੋਂ ਖਟ ਦਰਸ਼ਨ ਸੰਪ੍ਰਦਾਇਆਂ'ਚ ਉਤਸ਼ਾਹ ਆਪਣੇ ਮਤਾਂ ਦੇ ਪ੍ਰਚਾਰ ਨੂੰ ਫੈਲਾਨ ਦਾ ਹੋਇਆ॥ ਉਨ੍ਹਾਂ ਵਿੱਚੋਂ ਪਹਿਲਾਂ ਆਪਣੇ ਇਕ-ਇਸ਼ਟ ਦੇਵ ਭਗਤੀ "ਤਰਕ ਬੁਧੀ ਵਿਕਾਸੀ" ਪੱਧਰ ਉਤੇ ਰਾਮਾਨੁਜ ਨੇ ਸ਼ੰਕਰ ਅਸਥਿਤ ਵੇਦਦੇ ਅੰਤਮ ਲਕਸ਼ ਨਾ-ਦੋ=1 ਨੂੰ ਵੇਦ ਕਹੇ ਤ੍ਰਿ-ਕਾਂਡ: 1.ਕਰਮ, 2.ਭਗਤੀ ਅਤੇ 3.ਗਿਆਨ ਕਾਂਡਾਂ ਦਾ ਕ੍ਰਮ ਸਮੁਚੈ ਤਰਕ ਸਿੱਧ ਮੰਨਿਆ ਪਰ ਗੌੜ ਦੇ ਅਜਾਤ-ਤ੍ਰੈ ਵਾਦ ਅਪਰੋਕਸ਼ ਗਿਆਨ ਪ੍ਰਾਪਤਿ ਮਗਰੋਂ ਰਾਮਾਨੁਜ ਨੇ ਪਹਿਲੇ ਦੋ: 1.ਕਰਮ ਅਤੇ 2.ਭਗਤੀ ਕਾਂਡ ਤਰਕ ਰਹੀਂ ਅਸੰਭਵ ਮੰਨੇ॥ ਰਾਮਾਨੁਜ ਨੇ ਕੇਵਲ ਖੁਸ਼ਕ ਤਾਰਕਿ ਪਰੋਕਸ਼ ਗਿਆਨ ਰਾਹੀਂ ਉਨ੍ਹਾਂ ਦੇ ਫਲ ਅਪਰੋਕਸ਼ ਗਿਆਨ ਦਾ ਅੰਤਮ ਲਕਸ਼ ਕੇਵਲ ਚਾਰ ਸਗੁਣ ਮੋਕਸ਼ ਹੀ ਸਿੱਧ ਹੋਣੇ ਮੰਨੇ ॥ ਇਸ ਤਰ੍ਹਾਂ ਬਾਰ੍ਹਵੀਂ ਸਦੀ ਤੋਂ ਆਰੰਭ ਕ੍ਰਮ ਅਨੁਸਾਰ ਵਾਰੋ ਵਾਰੀ ਪੰਜੇ ਬੈਸਨੋਆਂ ਨੇ ਆਪਣੀ ਕਲਪਿਤ ਤਰਕ ਬੁੱਧੀ ਨਾਲ ਭਿੰਨ ਭਿੰਨ ਸਿੱਧਾਂਤ ਰਚਕੇ ਅੱਡ ਨਾਮ,ਭਿੰਨ ਭਿੰਨ ਇਸ਼ਟ ਦੇਵਾਂ ਦੇ ਚਾਰ ਸਗੁਣ ਸਾਕਾਰ ਸ਼ਾਸਤ੍ਰ ਕਹੀ ਮੁਕਤੀਆਂ ਮਨੀਆਂ॥ ਪਹਿਲਾਂ ਆਸਤਿਕ ਵੈਸ਼ਨੋ ਸੰਪ੍ਰਦਾਇ ਦੇ ਰਾਮਾਨੁਜ ਆਚਾਰਜ ਨੇ ਸ਼ੈਵ ਸੰਨਿਆਸ ਸੰਪ੍ਰਦਾਈ ਸ਼ੰਕਰ ਆਚਾਰਜ ਮੁਕਾਬਲੇ ਅਦ੍ਵੈਤ ਵਾਦ ਦੀ ਪੁਰਾਣੀ ਪਰੰਪਰਾ ਅਨੁਸਾਰ ਖੰਡਨ ਕਰਨ ਲਈ, ਅਤੇ ਉਸ ਵੇਲੇ ਪ੍ਰਸਿੱਧ ਹੋਈ ਭਾਗਵਤ ਪੁਰਾਣਕਿ ਗਲਤ ਸਮਝੀ ਭਗਤੀ ਥਾਪਣ ਲਈ ਵਸ਼ਿਸ਼ਟ-ਅਦ੍ਵੈਤ ਸਿਧਾਂਤ ਤਰਕ ਰਚਿਆ॥ ਉਸ ਮਗਰੋਂ ਹੋਰ ਵੈਸ਼ਣਵਾਂ ਨੂੰ ਹੌਸਲਾ ਹੋਇਆ, ਜੋ ਸ਼ੈਵ ਉੱਤਰਾਧਿਕਾਰੀਆਂ ਨਾਲ ਵੈਸ਼ਨੋਆਂ ਨਾਲ ਖੰਡਨ ਮੰਡਨ ਦਿਗਵਿਜੈ ਹੁੰਦੀ ਰਹੀ॥ ਆਪਣੇ ਦੇਸ਼ (ਪ੍ਰਾਂਤ) ਦੇ ਪੰਜੇ ਵੈਸ਼ਣੋ ਸੰਪ੍ਰਦਾਇ ਆਚਾਰੀਆ ਭਾਰਤ

Sri Satguru Jagjit Singh Ji eLibrary NamdhariElibrary@gmail.com

ਕੁੰਭਾਦਿ ਧਰਮ ਪਰਵਾਂ ਤੇ ਨਾਮ, ਖਿਆੜੀ ਪਾਣ ਲਈ ਆਪਣੀ ਆਪਣੀ ਸਮਝ ਅਨੁਸਾਰ ਸ਼ੰਕਰ ਛਾਂਟੇ "ਵੇਦ ਪ੍ਰਸਥਾਨ-ਤ੍ਰਿ" ਉਤੇ ਆਪਣੇ ਆਪਣੇ ਭਾਸ਼ਯ ਲਿਖੇ, ਪ੍ਰਚਾਰੇ ਜੋ ਸਾਰੇ ਹੁਣ ਪ੍ਰਸਿੱਧੀ ਤੇ ਮਾਨ ਪਾ ਚੁਕੇ ਹਨ॥

4: ਏਹ ਖਟ-ਦਰਸ਼ਨ ਅਧਾਰਕ ਪ੍ਰਥਾਇਆਂ ਅਨੁਸਾਰ ਸ਼੍ਰੀਵਿਸ਼ੁਗੁਰੂ ਨਾਨਕ- ਸ਼੍ਰੀਜਗਦਗੁਰੂ ਗੋਬਿੰਦ ਸਿੰਘਜੀ ਨੇ ਸਾਰੇਆਂ ਦੇ ਸੰਖੇਪ ਤਰਕਹੇਤੂ ਦਿਖਾ, ਉਪਦੇਸ਼ ਦੇ ਰਹੇ, ਜਥਾ:- ਹਰਿ ਦਰਸਨੁ ਪਾਵੈ ਵਡਭਾਗਿ॥ ਗੁਰਕੈ ਸਬਦਿ ਸਚੈ ਬੈਰਾਗਿ॥ ਖਟੁ-ਦਰਸਨੁ ਵਰਤੈ ਵਰਤਾਰਾ॥ ਗੁਰਕਾ ਦਰਸਨੁ ਅਗਮ ਅਪਾਰਾ॥ [145]

ਇਨ੍ਹਾ ਨੂੰ ਬਿਲਕੁਲ ਅੰਧ ਵਿਸ਼੍ਵਾਸ ਰਾਹੀਂ ਨਹੀਂ ਬਲਕਿ, ਭੌਤਿਕ ਵਾਦ ਤਰਕ ਰਾਹੀਂ ਵੈਸੇ ਰੂਪ ਦਿਖਾਏ, ਜਿਵੇਂ:-

1.ੳ. ਸ਼ੰਕਰ, ਬੋਧੀਆਂਦੇ ਆਗਮ ਤਰਕ ਅਧਾਰ ਕਥਾ ਔਸ਼ਦੀ ਬੋਧੀਆਂ ਉਤੇ ਦਿਗਵਿਜੈ ਲਈ ਬਰਤੀ॥ ਦੋਨੋਂ ਨਿਗਮ-ਅਗਮ ਤਰਕਾਂ ਰਾਹੀਂ ਸਾਰੇ ਅਨੀਸ਼ਰ੍ਵਾਦੀ ਭਾਰਤੀਆਂ ਨੂੰ ਨਿਰਉੱਤ੍ਰ ਕਰ ਆਪਣੇ ਪੈਰੋਕਾਰ ਕੀਤੇ॥

1.ਅ. ਵੈਸੇ ਹੀ ਮੁਕਾਬਲੇ 'ਚ ਸ਼੍ਰੀ ਜਗਤ-ਗੁਰੂ ਨਾਨਕ ਦੇਵਜੀ ਨੇ ਅਕਾਲ-ਪੁਰਖ ਦੇ ਦਿਗ-ਵਿਜੈ ਹੁਕਮ ਵਿਚ ਜੰਬੂਦ੍ਵੀਪ ਦਿਗਵਿਜੈ ਕ੍ਰਮਣ ਵਿੱਚ ਆਮ ਵਿਵਹਾਰਿਕ ਆਸਤਿਕ ਸਮਾਰਤ(ਸਿਮ੍ਰਿਤੀ:ਤ੍ਰਿ-ਕਰਮ ਕਾਂਡੀ)ਹਿੰਦੂ,ਤੇ ਖਟ-ਦਰਸ਼ਨ (ਨਾਸਤਿਕ ਜੈਨੀ, ਬੋਧੀ); ਆਸਤਿਕ: ਸ਼ੈਵ-ਸ਼ਾਕਤ: ਤਾਂਤ੍ਰਿਕ ਤ੍ਰੀ-ਕ੍ਰਾਂਤੀ ਬਾਰਾਂ ਪੰਥੀ ਜੋਗੀ, 84 ਸਿੱਧ,8 ਜਤੀ, 9 ਨਾਥ=101 ਮੰਡਲੀ; ਦਸ-ਨਾਮ ਸੰਨਿਆਸੀ, ਵੈਸ਼ਣਵ, ਗਾਣਪੱਤ, ਸੌਰਜ ਉਪਾਸਕ ਤੇ ਨਾਸਤਕ: ਤਿਨੋ ਕਤੇਬ ਇਮਾਨ: ਮੁਸਲਮਾਨ, ਇਸਾਈ, ਮੂਸਾਈ (ਯਹੂਦੀ) ਪੈਰੋਕਾਰ ਅਤੇ ਅੰਤ 'ਚ ਗ਼ੋਬੇਰ(ਜ਼ੋਰੋਅਸਤਰ: ਪੁਰਾਣੇ ਫਾਰਸੀ ਧਰਮ ਬਦਲੇ) ਆਮ ਸ਼ੀਆਹ ਮੁਸਲਮਾਨ ਅਤੇ ਪੁਜਾਰੀ ਸੂਫੀ ਫਕੀਰ ਸਿਲਸਿਲਿਆਂ ਨਾਲ ਦਸੋ ਸ਼੍ਰੀ ਗੁਰੂਜੀਆਂ ਦੇ ਜਾਮੇਆਂ ਨਾਲ ਸੰਬੰਧ ਰਹਿਆ॥

ਸ਼੍ਰੀ ਵਿਸ਼੍ਵ-ਗੁਰੂ ਨਾਨਕ ਦੇਵਜੀ ਨੇ ਪੂਰਵ, ਦੱਖਣ ਤੇ ਪੱਛਮ, ਮੱਧ ਭਾਰਤ ਵਿੱਚ ਸੁਮਾਰਤ ਹਿੰਦੂ ਤੇ ਨਾਸਤਿਕ ਜੈਨ-ਬੋਧ ਧਰਮੀ ਅਹਿੰਸਾ ਪਰਮੋ ਧਰਮ ਦਾ ਪ੍ਰਭਾਵ ਦੇਖਿਆ ਕਿ ਉਸ ਨਾਰੇ ਨੇ ਅਹਿੰਸਾ ਦਾ ਗਲਤ ਭਾਵਾਰਥ ਜਤਾਣ ਕਾਰਣ ਭਾਰਤ ਨੂੰ ਐਸੀ ਗੁਲਾਮੀ ਦੀ ਹਾਲਤ ਤਕ ਪਹੁੰਚਾ ਦਿਤਾ ਕਿ ਭਾਰਤੀਆਂ ਨੂੰ ਆਪਣੇ ਦੇਸ਼ ਵਿੱਚ ਹੀ ਗੁਲਾਮੀ ਦੇਖਣੀ ਪਈ॥ ਯੂਨਾਨ ਦੇ ਬਾਦਸ਼ਾਹ ਸਿਕੰਦਰ ਦੇ 1,200 ਵਰਹ ਪਿੱਛੋਂ, ਪਹਿਲਾਂ ਅਰਬ, ਫੇਰ ਉੱਤਰੀ ਪਠਾਨ,

---

145. ਪੁਨ: ਓ.ਸ: ਭ.ਪੰ. ਭੲ੦:੮੦। ਅ. ਨੋਟ.੧੦੧ ਦਾ ਮੰਡਲੀ: -੪੫ ਸਿੱਧ + ੯ ਨਾਥ, ਮਛੰਦਰ (ਮਤਸ੍ਯੇਂਦ੍ਰ ਨਾਥ), ਗੋਰਖ(ਗੋਰਖ ਨਾਥ) ਨਾਥ ਯੋਗੀ+੯ ਜਤੀ (ਯਤਿ) ਜੋੜ =੧੦੧ ਦੀ ਮੰਡਲੀ ॥ ਭਾ.ਗੁਰਦਾਸ ਜੀ ਨੇ ਸ਼੍ਰੀਵਿਸ਼ੁਗੁਰੂ ਨਾਨਕ ਦੇਵਜੀਦ ਬਡ ਸਾਥਿਕਾਰੇ ਬਾਰੇ ਲਿਖਿਆਹੈ: "ਬਾਲਜਤੀਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ।...੧੧।੭੫।੭੬॥ ਮਹਾਭਾਰਤ ਕਾਲ ਦੇ "ਭੀਸ਼ਮ ਪਿਤਾਮਾ"ਮੁਕਾਬਲੇ ਵਰਗੀ ਲਿਖਿਆ ਹੈ॥ ਵਿਸ਼ੇਸ਼: ਜਨਮ ਤੋਂ"ਜਤਿ"ਦੇ ਅੰਠ(੮)'ਕਾਮ ਭੋਗ ਵਾਸਨਾ ਤਿਆਗ' ਇਹ ਅੰਠ ਨਿਖੇਧ ਲਖਣ ਹਨ:-੧.ਦਰਸ਼ਨ, ੨.ਸਪਰਸ਼ਨ, ੩.ਇਕਾਂਤ ਮੇਲ, ੪.ਇਕਾਂਤ ਭਾਸ਼ਨ, ੫.ਚਿਤੀ ਕਥਾਵਾਂ, ੬.ਪੋਸ਼ਟੀਕ, ੭.ਸਹਿਵਾਸ ਦਾ ਧਿਆਨ ਤੇ ੮.ਸ਼ਰੀਰਕ ਕਾਮ ਮੰਗ/ਮੰਡੋਗ ਹਨ। ਇਹ ਅੰਠੇ ਜਤੀ (ਬ੍ਰਹਮ-ਆਚਾਰ/ਬ੍ਰਹਮਚਾਰੀ) ਲਈ ਅਤੀ ਅਨਵਾਰਜ/ ਬਹੁਤ ਜ਼ਰੂਰੀ ਹਨ ।

Sri Satguru Jagjit Singh Ji eLibrary NamdhariElibrary@gmail.com

ਫ਼ਾਰਸ, ਤੁਰਕਮੇਨ ਆਦਿ ਦੇ ਨਵੇ ਬਣੇ ਤੁਰਕ ਮੁਸਲਮਾਨਾਂ ਦੇ ਧਾਵੇਆਂ ਨੇ ਉੱਤਰ ਹਿੰਦ ਉੱਤੇ 500-700 ਸਾਲ ਲਗਾਤਾਰ ਹਮਲੇ ਕੀਤੇ॥ ਭਾਰਤੀ ਭੱਜਕੇ ਬਾਹਰ ਕਿਥੇ ਜਾਂਦੇ? ਜਿਥੇ ਜਾਂਦੇ ਉਥੇਵੀ ਗੁਲਾਮ ਬਣਦੇ॥ ਕਮਾਲ ਸੀ, ਉਸ ਵੇਲੇ ਭਾਰਤ ਵਿੱਚ ਕੋਈ ਸਮਰਾਟ, ਇਕ ਵੀ ਮਹਾਰਾਜਾ,ਰਾਜਾ,ਜਾਂ ਕਰਾਮਾਤੀ ਸਿਧ ਜੋਗੀ ਮਹਾਨ ਸਾਧੂ ਹੀ ਨਹੀ ਸੀ, ਭਾਰਤੀਆਂ ਨੂੰ ਮਾਰ, ਲੁਟ ਤੋਂ ਸਦਾ ਲਈ ਛਡਾਂਦਾ? ਅਚਰਜ ਦੀ ਗੱਲ ਸੀ॥

ਆਖੀਰ ਕੇਵਲ ਸ਼੍ਰੀ ਵਿਸ਼੍ਵਗੁਰੂ ਨਾਨਕ-ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀ ਦੇ ਪ੍ਰਗਟਾ, ਅਮਲੀ ਰੂਪਾਂ 'ਚ ਦੇਸੀ ਧਰਮੀ ਰਾਜੇਆਂ ਨੂੰ ਠੀਕ ਸੱਚੀ ਅਹਿੰਸਾ ਸਮਝਾਈ; ਤੇ ਵਿਦੇਸ਼ੀ ਅਤਿਆਚਾਰੀਆਂ ਨੂੰ ਆਦਮੀਅਤ ਦੇ ਉਪਦੇਸ਼ ਦੇ ਰਾਹ ਪਾਇਆ॥

ਉਸ ਵੇਲੇ ਭਾਰਤੀ ਈਸ਼੍ਵਰ ਵਾਦੀ ਧਰਮ ਅਗੇਤੇਆਂ ਨਾਲ ਤਾਰਕ ਤੇ ਅਮਲੀ: ਕਰਮ, ਭਗਤੀ, ਗਿਆਨ ਗੋਸ਼ਟਕਰ ਦਿਗਵਿਜੈ ਪਾਈ॥ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਦੇ ਐਸੇ ਪ੍ਰਾਰੰਭ (ਕਚੀ ਬਾਣੀ ਜਨਸਾਖੀਆਂ ਤੋਂ ਅੱਡ) ਪਰਥਾਏ ਖਟਦਰਸ਼ਨ ਆਸਤਿਕ ਈਸ਼੍ਵਰੀ ਦੂਜੇ ਭਾਉ (ਦ੍ਵੈਤ/ ਦੂਈ) ਵਾਦੀ ਪਾਸੇ ਕੀਤੇ, ਸ਼੍ਰੀ ਗੁਰੂ ਗ੍ਰੰਥ ਜੀਦੀ ਚੌਥੇ ਸ਼੍ਰੀ ਜਗਦਗੁਰੂ ਰਾਮਦਾਸ ਜੀ ਇਹ ਹਕੀਕਤ ਇਲਾਨ ਕੀਤੀ:-

ਮਃ 4:- ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ; ਪੂਰੇ ਗੁਰਕਾ ਬਚਨੁ ਉਪਰਿ (came from on High/God) ਆਇਆ॥ ਗੁਰਸਿਖਾ (Initiated *Guru-Sikhs*) ਵਡਿਆਈ ਭਾਵੈ ਗੁਰਪੂਰੇਕੀ ਮਨਮੁਖਾ (Self-learnt/faithless,non-believers) ਓਹ ਵੇਲਾ ਹਥਿ ਨ ਆਇਆ"॥

ਉਸੇ ਕਾਲਤੋਂ ਦਸੋ ਸ਼੍ਰੀ ਜਗਦਗੁਰੂ ਜਾਮੇਆ ਵਿੱਚ ਅਕਾਲ ਬਾਣੀ ਉੱਤਰਦੀ ਰਹੀ ਜੋ ਤਰਕ ਸਿੱਧ ਹੈ ਅਤੇ ਆਪ ਟਕਸਾਲ ਸ਼੍ਰੀਗੁਰੂ ਨਾਨਕ ਦੇਵਜੀ ਚਲਾਈ ਜਿਸ ਦੇ ਸਾਫ ਪ੍ਰਮਾਣ ਸ਼੍ਰੀ ਜਗਦਗੁਰੂ ਗ੍ਰੰਥ ਸਾਹਿਬ ਵਿੱਚੋਂ ਦੇਖ ਚੁਕੇ ॥

ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਦੇ ਮੁੱਖ ਦਿੱਗਵਿਜੈ

1. ਓ:-ਭਾਰਤ ਦੇਸ਼ ਧਰਮੀ ਦੋ ਤਰ੍ਹਾਂਦੇ ਸਨ:-1.ਵੇਦ ਸਮਾਰਤ ਧਰਮੀ: ਕਰਮ ਕਾਂਡੀ ਵਰਣ-ਆਸ਼੍ਰਮੀ ਅਤੇ 2.ਦਸ-ਨਾਮ ਸੰਨਿਆਸੀ ਸੰਪ੍ਰਦਾਏ ਨਿਖੇਦਾਤਮਕ "ਅ-ਦ੍ਵੈਤ ਵਾਦੀ" '1' ਸਿਧਾਂਤ ਰਾਹੀਂ ਮਨੁਖ ਮਾਤ੍ਰ ਨੂੰ ਸੰਨਿਆਸ ਆਸ਼੍ਰਮ ਜੀਵਨ ਲਕਸ਼ ਵਿਵਰਤ ਵਾਦ ਸੱਪ-ਰਸੀ ਤਰਕ ਦ੍ਰਿਸ਼ਟਾਂਤ ਰਾਹੀਂ ਸਮਝਾਂਦੇ ਰਹੇ॥ ਇਸ ਤਰ੍ਹਾਂ ਬੋਧ ਧਰਮ ਲਕਸ਼ ਤੇ ਸਮਾਰਤ ਵਰਣ-ਆਸ਼੍ਰਮ ਸੰਨਿਆਸ ਧਰਮ ਲਕਸ਼ ਇੱਕੋ ਦੁਨੀਆਂ ਤਿਆਗ ਦਿਖਾਂਦੇ ਸਨ॥

ਪਰ ਓਨ੍ਹਾਂ ਉਤੇ ਤਰਕ ਰਾਹੀਂ ਇਸੇ ਕਰਮ ਧਰਮ ਪੱਧਰ ਤੇ ਸ਼੍ਰੀ ਵਿਸ਼੍ਵ ਗੁਰੂਜੀ ਨੇ ਆਭਾਸ ਵਾਦ ਮ੍ਰਿਗਤ੍ਰਿਸ਼ਨਾ/ਸੁਪਨੇ ਤਰਕ ਦ੍ਰਿਸ਼ਟਾਂਤ ਰਾਹੀਂ ਵਿਜੈ ਪਾਈ॥ ਸ਼੍ਰੀ ਜਗਤ-ਗੁਰੂ ਨਾਨਕ ਦੇਵਜੀ ਨੇ ਇਸ ਤਰਕ ਰਾਹੀ ਸੰਨਿਆਸ ਦਾ ਮੂੰਹ ਤੋੜ ਜਵਾਬ ਨਿਰਧਾਰਤ ਕੀਤਾ॥ ਇਸੇ ਤਰ੍ਹਾਂ ਸ਼੍ਰੀ ਵਿਸ਼੍ਵ ਗੁਰੂਜੀ ਨੇ ਸ਼ੰਕਰ ਮੱਤ ਅਧਿਆਤਮ ਧਰਮ ਨਿਖੇਦ "ਅ-ਦ੍ਵੈਤ" ਦੀ ਥਾਂ ਵਿਧੀ ਅਧਿਆਤਮ ੧ਓ ਚ '1' ਥਾਪਿ ਦੋਨੋਂ ਹੀ ਪੱਧਰਾਂ ਤੇ ਓਹ ਸਾਰੇ ਨਿਰੁਤ੍ਰ ਕੀਤੇ, ਭਾਵ ਇਹ ਹੈ ਕਿ:-

1. ਕਰਮ ਧਰਮ ਸੰਨਿਆਸ ਲਕਸ਼ ਹੈ ਅਤੇ:

Sri Satguru Jagjit Singh Ji eLibrary NamdhariElibrary@gmail.com

2. ਅਧਿਆਤਮ ਧਰਮ ਨਾ-ਦੋ(ਅਦ੍ਵੈਤ) ਕਹਿਣ'ਚ ਵੀ ਲੇਸ਼ ਮਾਤ੍ਰ ਹਰੇਕ ਮਨ 'ਚ ਦੂਜਾ ਭਾਉ ਦੀ ਸੰਭਾਵਨਾ ਪ੍ਰਗਟ ਹੁੰਦੀ ਹੈ ਪਰ ਸਿੱਧਾ '1'(ਇਕ,ਏਕ,ਹਿੱਕ,ਯਕ ਆਦਿ) ਕਹਿਣ'ਚ ਕੋਈ ਹੋਰ ਕਲਪਨਾਂ ਹੀ ਨਹੀਂ ਹੁੰਦੀ: ਸੋ ਅਦ੍ਵੈਤ/ਨਾ ਦੋ ਕਿਉਂ ਕਹੇ? ਸ਼੍ਰੀਗੁਰੂਬਚਨ: ਸਾਹਿਬੁ ਮੇਰਾ ਏਕੋ ਹੈ॥ ਏਕੋ-ਹੈ ਭਾਈ ਏਕੋ-ਹੈ॥ ਦੂਜਾ ਨਹੀਂ, ਦੂਜਾ ਨਹੀਂ, ਉਤੇ ਜ਼ੋਰ ਨਹੀਂ ਦਿਤਾ॥ ਅਗੇ ਹੋਰ ਅਧਿਆਤਮ ਪੱਧਰ ਦੇ ਕੁਛ ਸੰਖੇਪ ਫਰਕ/ਭੇਦ ਅਗੇ ਦਿਖਾਂਦੇ ਹਾਂ:-

1. ਅ:-ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਨੇ ਵੇਦ-ਕਤੇਬ ਦੇ ਤ੍ਰਿ-ਕਾਂਡ: ਕਰਮ,ਭਗਤੀ ਤੇ ਗਿਆਨ 'ਚ ਆਭਾਸ-ਤ੍ਰੈਬਿੰਬ,ਪ੍ਰਤਿਬਿੰਬ,ਛਾਯਾ ਵਾਦ ਵਿੱਚ ਦੋਨੋਂ ਕ੍ਰਮ ਸਮੁਚੈ ਤੇ ਸਮ ਸਮੁਚੈ ਕਰਮ ਜੋਗ ਗਿਆਨੀ-ਭਗਤ/ਰਾਜਜੋਗ ਅਮਲੀ ਜਾਮੇ 'ਚ ਆਪ ਦਿਖਾ, ਬਰਤ ਸਿੱਧ ਕੀਤੇ॥

ਪਰ ਸੰਨਿਆਸ ਜੋਗ ਅਜਾਤ-ਤ੍ਰੈ ਵਾਦ (ਵਿਵਰਤ ਵਾਦ ਆਦਿ) ਕੇਵਲ ਖੁਸ਼ਕ ਗੌਣ ਤਰਕ ਪਰੋਕਸ਼ ਗਿਆਨ ਰਹਿੰਦਾ ਹੈ ਅਤੇ ਅਪਰੋਕਸ਼ ਗਿਆਨ ਮਰਣ ਪਿਛੋਂ ਫਲਦਾ ਹੈ॥ ਪਰ ਸ਼੍ਰੀ ਜਗਤਗੁਰੂ ਨਾਨਕ ਦੇਵਜੀ ਅਨੁਸਾਰ ਅਪਰੋਕਸ ਗਿਆਨ ਤਤਕਾਲ ਫਲਦਾ ਹੈ:- ਨਾਨਕ: ਘਰਿ ਬੈਠਿਆ ਜੋਗੁ ਪਾਈਐ, ਸਤਿਗੁਰੂ ਕੈ ਉਪਦੇਸਿ; ਮੂਏ ਹੂਏ ਜਉ ਮੁਕਤਿ ਦੇਹੁਗੇ: ਮੁਕਤਿ ਨ ਜਾਨੈ ਕੋਇਲਾ

2. ਹੋਰ ਤ੍ਰਿ-ਕ੍ਰਾਂਤ ਬੋਧੀ ਤੇ ਹਿੰਦੂ ਸ਼ਿਵ-ਸ਼ਾਕਤ (ਦੱਖਣ-ਵਾਮ) ਕਰਾਮਾਤੀ ਸਿੱਧ-ਜੋਗੀਆਂ ਨਾਲ ਚਰਚਾ 'ਚ ਤੰਤ੍ਰ ਵਿਦਿਆਈ ਵਿਜੈ ਕੀਤੇ।

3. ਅੰਤ 'ਚ ਅਰਬ ਇਸਲਾਮ ਸੂਫੀਆਂ'ਚ ਬਹੁਤ ਇਜ਼ਤ ਪਾਈ, ਜਿਨ੍ਹਾ ਕਾਰਣ ਉਦਾਸੀਆਂ ਕੀਤੀਆਂ॥ [ਸ.146]

'1 ਸਤਿ'--ਦੂਜਾ ਭਾਉ ਹੋਂਦਾਂ (ਯਥਾਰਥ)ਸੱਤਾ ਦੇ:ਅਨੇਕ ਪੱਧਰ ਤਰਕ ਅਰਥ ਰੂੜੀ ਗੁਰੁਬਾਣੀ '1' ਕਾਰਣ+ਕਰਣ ਤਰਕ ਸਿੱਧ ਹੈ ਪਰ, ਦੂਜੇ ਭਾਵ ਅੱਡ ਅੱਡ ਮੱਤ ਮਨਦੇ ਹਨ, ਸੋ ਸੰਖੇਪ ਰੂਪ ਦੇਖੋ:-

1.ਕਾਰਣ: ਪੰਜਾਂ ਵਿਚੋਂ ਨਜਾਯ ਦੇ ਤਿਨ ਮੁੱਖ ਹਨ:

1:-ਉਪਾਦਾਨ/ਸੰਮਵਾਈ ਕਾਰਣ(Material causes);

2:-ਨਮਿਤ ਕਾਰਣ(Efficient cause),

3:-ਸ਼ਕਤੀ ਕਾਰਣ(Dynamic cause)

ਕਾਰਣ ਗੁਣ ਬਹੁਤ ਹਨ:-4:-ਰੂਪਕ ਕਾਰਣ (Architect:design,formal-final causes);

5:-ਨਾਮ ਕਾਰਣ(Nomenclature cause)

6:-ਵਿਸ਼੍ਵਕਰਣ ਥਾਪਣ ਕਾਰਣ(Architecture's causes)

2.ਕਾਰਜ (Effects) ਅਨੇਕ ਹਨ:

1:-ਸੰਮਵਾਈ/ਉਪਾਦਾਨ ਕਾਰਜ (Materials forms, names effect);

2:-ਨਮਿਤ ਕਾਰਜ (Efficient tools results),

---

146. ਪੁਨ੍ਹ.ਓ. ਮ:੧. ਪੰਨਾ.੩੫੦:੫ । ਅ.ਪੰ.੧੪੨੦:੧੯। ਏ.ਪੰ.੧੨੯੨:੧੭। ਸ. ਭਾਈ ਗੁਰੁ ਦਾਸ ਵਾਰ: ੧।੨੪।੭ -॥੨੪।1- ॥ ੩੨-੧ - ੩੪-੧ ਕਰਤਾਰਪੁਰ ਦੇਹਰਾ॥ ਆਦਿ ॥

Sri Satguru Jagjit Singh Ji eLibrary NamdhariElibrary@gmail.com

3:-ਸ਼ਕਤੀ ਕਾਰਜ (Dynamic effects),

4. ਕਾਰਣਦੇ ਬਹੁਤ ਅੰਤਮ ਰੂਪ ਹਨ:-:-(Design formal & final causes) ਆਦਿ॥

ਗੁਰੁਸਿੱਖ ਵਿਦ੍ਵਾਨਾਂ ਤੇ ਵਿਸ਼੍ਵਧਰਮ ਖਟ-ਦਰਸ਼ਨ ਧਰਮੀਆਂ ਦੀ ਗੋਸ਼ਟ ਵਿੱਧੀ ਵਿਧਾਨ ਜ਼ਰੂਰੀ ਯਾਦ ਰੱਖਣ ਦੀ ਬਾਤ ਹੈ:- ਅਨਾਦਿ ਕਾਲ ਤੋਂ ਅਨੇਕ ਨਾਸਤਿਕਾਂ ਆਸਤਿਕਾਂ ਤਾਰਕਿਕ ਆਪਸ ਵਿੱਚ ਧਰਮ ਗੋਸ਼ਟਾਂ (ਪ੍ਰਸ਼ਨ-ਉੱਤਰ ਚਰਚਾ) ਧਰਮ ਪਰਵਾਂ, ਮੇਲੇ, ਸੰਗਠਨਾਂ ਉੱਤੇ ਭਾਰਤ ਦੇ ਭਿੰਨ ਭਿੰਨ ਥਾਵਾਂ ਤੇ ਆਪਣੇ ਮਤ ਪ੍ਰਚਾਰ ਲਈ ਅੰਗ੍ਰੇਜ਼ ਰਾਜ ਕਾਲ ਤਕ ਕਰਦੇ ਰਹੇ। ਓਨ੍ਹਾਂ ਤਰਕਾਂਦੇ ਕੁਛ ਨਮੂਨੇ ਜੋ ਗੁਰੁਸਿੱਖ ਗੁਣੀਜਨਾ ਨਾਲ ਹੁੰਦੇ ਰਹੇ ਜਾਣਨੇ ਜ਼ਰੂਰੀ ਹਨ:-

1. ਪ੍ਰਸ਼ਨ: ਪ੍ਰਤੱਖ ਵਿਸ਼੍ਵਸੰਸਾਰ'ਚ ਬ੍ਰਹਮਾਂਡ(Galaxies), ਸੂਰਜ, ਤਾਰੇ, ਪ੍ਰਿਥਵੀ ਸਮੇਤ ਕੀ ਨਿੱਤ ਹਨ ? ਸੱਚੇ ਹਨ ?

ਉੱਤਰ: ਨਹੀਂ॥ ਵਿਸ਼੍ਵ ਸਾਰੇ ਜੀਵਾਂ ਨੂੰ ਸੰਸਾਰ ਸੁਤੈ ਸਿੱਧ ਸੱਚ ਪ੍ਰਤੀਤ ਹੁੰਦਾ ਹੈ ਪਰ ਕਾਲਾਂਤਰ 'ਚ ਚਾਰਦਿਨ, ਸੁਪਨੇ ਦੀ ਭ੍ਰਮ ਤਰ੍ਹਾ ਖਿਣ ਭੰਗਰ ਅਨਿੱਤ ਨਿਸਚੈ ਹੋ ਜਾਂਦਾਹੈ--ਨਿੱਤ ਸੱਤ(Eternal Real) ਨਹੀਂ; ਸ਼੍ਰੀ ਗੁਰੂ ਜੀ ਜਤਾਂਦੇ ਹਨ:-ਸਾਧੋ ! ਰਚਨਾ ਰਾਮ ਬਨਾਈ ॥ ਇਕਿ ਬਿਨਸੈ--ਇਕ ਅਸਥਿਰੁ ਮਾਨੈ: ਅਚਰਜੁ ਲਖਿਓ ਨ ਜਾਈ॥

ਨਿਜਾਯ: ਸੱਤ(ਸਤਿ) ਵੇਦ, ਦਰਸ਼ਨ, ਗੀਤਾਦਿ ਸ਼ਾਸਤ੍ਰ ਤਰਕ ਪਰਿਭਾਸ਼ਾ ਰਹੀ ਹੈ: ਜੋ ਹਸਤੀ ਸਦੀਵੀ ਹੈ:ਕਦੀ ਹੋਂਦ ਤ੍ਰਿ ਕਾਲਾਂ (ਭੂਤ, ਵਰਤਮਾਨ, ਭਵਿਖ) 'ਚ ਨਾ ਮਿਟੇ, ਅਪ੍ਰਤੀਤ ਹੋਵੇ, ਓਹ ਪਰਮ-ਸਤਿ ਹੈ, ਸ਼੍ਰੀ ਗੁਰੁਵਾਕ ਹਨ:-ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਸਭਿ ਧਿਆਵਹੁ ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ ਸਦਾ ਸਦਾ ਸਤੇ, ਜਨੁ ਨਾਨਕੁ ਦਾਸੁ ਦਸੋਨਾ॥ ਸਤਿ ਹੋਤਾ, ਅਸਤਿ ਕਰਿ ਮਾਨਿਆ; ਜੋ ਬਿਨਸਤ ਸੋ ਨਿਹਚਲੁ ਜਾਨਥ॥ ਪਰਕੀ ਕਉ ਅਪਨੀ ਕਰਿ ਪਕਰੀ, ਐਸੇ ਭੂਲ ਭੁਲਾਨਥ॥ [ਸ.147] ਝੂਠਾ ਸੰਸਾਰ ਵੀ ਅਨੁਭਵ ਵ੍ਰਿਤੀ (Epistemic Phenomenon stimulii) ਕਾਰਣ (ਮ੍ਰਿਗਤ੍ਰਿਸ਼ਨਾ, ਰੱਸੀ-ਸਪ ਭਰਮ ਤਰ੍ਹਾਂ) ਸਤਿ ਤਿਨ ਪਧਰਾਂ ਤੇ ਪ੍ਰਤੀਤ ਹੁੰਦਾ ਹੈ:-1. ਆਧਿਭੌਤਿਕ: ਵਿਵਹਾਰਿਕ ਸੱਤਾ, 2.ਆਧੀਦੈਵ ਸੱਤਾਂ(ਗਰਮੀ-ਸਰਦੀ... ਅਤੇ 3. ਆਧੀਯੱਗ ਸੱਤਾ (ਜਾਪ,ਪਾਠ, ਪੂਜਾ, ਦਾਨ ਕਰਮ(Sacrament Service plane) ਤੈਹ ਝੂਠ, ਮਿਥਿਆ ਹਨ-ਪਰ ਪ੍ਰਤੀਤੀ (apparent) ਹੋਣ ਕਾਰਣ ਆਮ ਲੋਕ ਇਨ੍ਹਾਂ 'ਚ ਕੀਤੇ ਕਰਮ ਨੂੰ "ਯਥਾਰਥ/ ਸਤ" ਅਤੇ "ਧਰਮ ਕਰਮ" ਜਾਂ ਠੀਕ ਨਹੀਂ ਕੀਤੇਆਂ ਨੂੰ "ਅਯਥਾਰਥ/ਅਸਤ" ਕਹਾਂਦੇ ਹਨ॥

147. ਪੁਨੈ.ਉ.ਪੰ.੨੧੯:੪,੯; ੧੪੨ਪ:੧੮-੧੯ । ਅ.ਪੰ.੧:੩; ੨੮ਪ:ਪ॥ ਏ. ਸ਼੍ਰੀਭਗਵਦ-ਗੀਤਾ:੨:੧੬"**नासतो विद्यते भावो, नाभावो विद्यते सतः। उभयोरपि दृष्टोऽन्तस्त्वोस्तत्त्वदर्शिभिः॥१६**" "ਤੇ ਤਿਨੋ ਤਾਪ/ਦੁਖ ਰੂਪ ਸੱਤਾਵਾਂ ਅਤੇ ਉਨ੍ਹਾਂ ਵਿੱਚ ਹੋਰ ਸਤਿ-ਅਸਤਿ ਲਖਣ ਦੇਖੋ ਸ਼੍ਰੀਭਗਵਦ ਗੀਤਾ:- 17: ੨੩-੨੮ ਸ." "**ॐतत्सदिति निर्देशो असदित्युच्यते_॥२,ਤੇ" अधिष्ठानं तथा कर्त्ता करणच पृग्विधमू। विविधाश्च पृथक्चेष्टा दैवात्र पञ्चमम्॥१४।१**"। *ਵਿਦਿਆ ਦਾਨ"ਦਾਨ"ਹੈ=ਭਗਵਦ-ਗੀਤਾ:੧੭:20-੨੨" **दातयमिति यद्दां....।** ਇ.ਪੰ.੧੦੦੪:੧੭ ॥ਸ.ਪੰ. ੬੫੮:੧ = +. ਪੰਨੇ. ੩ਪ:੯। +. ਪੰਨੇ. ੧੨ਪ੪:੩। +. ਪੰ.੪੭੭:ਪ;+. ਸਾਂਖਜ ਦਰਸ਼ਨ ਸੂਤ੍ਰ:੧।੧।੧੧੪॥ +. ਪੰ. ੩੩੨:'੧੯।+.ਪੰਨੇ, ੨੧੯:੯; ੨੨ਪ:੧੮; ੬੧ਪ:੩; ੧੪੨ਪ:੧ਪ,+. ਮ:੧ .ਪੰ. ੬੩:੮; ੧੭੯:੯; ੬ਪ੭:੧੪; ਮ: ੯ ਪੰ. ੧੪੨੭:੯। +. ਪੰ. ੪੭੭:ਪ; ਵੈਦਾਂਤ ਦਰਸ਼ਨ ਸੂਤ੍ਰ: ।+. ਪੰ. ੪੭੭:ਪ; ਵੇਦਾਂਤ ਦਰਸ਼ਨ ਸੂਤ੍ਰ: ੨।੨।੨੯॥ ਆਦਿ॥

Sri Satguru Jagjit Singh Ji eLibrary NamdhariElibrary@gmail.com

2. ਪ੍ਰਸ਼ਨ:ਨਿੱਤ ਸੱਤੋਂ ਉਲਟ (contrary:ਉਤਰ-ਦੱਖਨ ਮੇਰੂ ਤਰ੍ਹਾਂ:pole asunder-ਪਰ ਵਿਰੋਧੀ ਸੁਖ-ਦੁਖ, ਗਰਮ-ਸਰਦੀ (ਰੂੜੀ ਭਾਖਾ (Lingua Franca's Contradictory) ਤਰ੍ਹਾਂ) ਸ਼ਬਦ ਨਹੀਂ ਹਨ?

ਉੱਤਰ: ਇਹ ਲੱਖਨ ਪੱਛਮੀ ਭਾਸ਼ਾਂਵਾਂ 'ਚ ਨਹੀਂ, ਕੇਵਲ ਭਾਰਤੀ ਅਧਿਆਤਮ, ਤੇ ਸੂਫੀਆਂ ਦੀਆਂ ਫਾਰਸੀ ਭਾਖਾਵਾਂ 'ਚ ਹੀ ਹਨ॥

3. ਪ੍ਰਸ਼ਨ:ਐਸੀ ਤਰਕ ਵਿਵਸਥਾ ਵਿੱਚ ਸੱਤ(ਸਤਿ) ਉਲਟ ਭਾਰਤੀ-ਵਿਦੇਸ਼ੀ ਮਿਸ਼ਾ''ਰੂੜੀ-ਯੋਗ''ਭਾਸ਼ਾਵਾਂ'ਚ ਸ਼ੱਕਤਜ਼ਰਥ (denotation)ਤੇ ਭਾਵਾਰਥ(connotation) ਤੋਂ ਉਲਟ ਸ਼ਬਦ, ਫੇਰ ਕੀ ਹਨ?

ਉੱਤਰ ਉ:- ਅਸਤਿ(ਨਾ-ਸਤ/ਨ-ਹੱਕ.) ਅਪ੍ਰਸਿੱਧ ਹੈ,ਪਰ ਹਿੰਦੂ-ਸੂਫੀ, ਗੁਰੁਸਿਖਾਂ 'ਚ ਯਥਾਰਥ ਹਨ। ਕਿਉਂ,ਪਰਿਭਾਸ਼ਿਤ ਤਰਕ ਸੱਤ (ਸਤਿ/ਹੱਕ.) ਸ਼ਬਦ ਉਲਟਾ ਤਰਕ ਲੱਖਣ ਅਰਥ ਬਣਦੇ ਹਨ ਜਿਸਦੀ ਤਿੰਨੋਂ ਕਾਲਾਂ 'ਚ ਹੋਂਦ-ਹੀ ਨਹੀਂ(ਸ਼ੂੰਨ)ਹੈ॥

ਨਜਾਯ :ਸੰਸਾਰ'ਚ ਐਸਾ ਸਾਰੇਆਂ ਨੂੰ ਆਮ ਪ੍ਰਤੱਖ ਅਨੁਭਵ ਨਹੀਂ। ਦੁਨੀਆ ਸੱਤ ਉਲਟ "ਝੂਠ" ਜਾਣਦੇ ਹਨ: ਸ਼੍ਰੀਗੁਰੁਬਾਣੀ ਹੈ:-"ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥ ਜੋ ਗੁਰੁ ਦਸੈ ਵਾਟ,ਮੁਰੀਦਾ ਜੋਲੀਐ॥ ਵਿਹਾਰ ਸਤਿ ਜਾਣਦੇ ਨੇ,ਹੋਰ ਨਹੀਂ॥

ਹੋਰ ਉੱਤਰ ਅ: ੧ੴ:ਬਿਨਾ ਟਕਸਾਲੀ ਸਿਖੇ ਅਧਿਆਤਮ ਸੱਤਾ ਅਰਥ'ਚ ਕੇਵਲ ਭੁਲੇਖੇ,ਉਲਟੇ-ਸੁਲਟੇ "ਸੱਚ-ਝੂਠ" ਵਿਵਹਾਰ (Temporal Religious Moral-Ethic life & living level) ਪਧਰ ਸੰਬੰਧੀ ਇਹ ਅਰਥ ਪਰਮਾਰਥ ਪੱਧਰ ਉੱਤੇ ਬਿਲਕੁਲ ਨਹੀਂ ਕਰਦੇ॥ ਗੁਰੁਗਮ ਅਨੁਸਾਰ ਸ਼੍ਰੀ ਗੁਰਬਾਣੀ'ਚ ਕਹੇ ਤਿਨ ਸੰਸਾਰ ਤ੍ਰੈ-ਭਵਨ ਪਧਰ ਉਤੇ ਅਤੇ ਚੌਥੇ ਪਧਰ ਪਰਥਾਇ ਸਹੀ ਚਾਰ ਸਤਿ ਦੇ ਅਰਥ ਕਰਦੇ ਹਨ, ਜਿਵੇ:- ਪੜੀਐ ਗੁਣੀਐ ਕਿਆ ਕਥੀਐ, ਜਾ ਮੁੰਢਹੁ ਘੁਥਾ ਜਾਇ॥ ਸਤਗੁਰਿ ਮਿਲਿਐ,ਤ੍ਰਿਕੁਟੀ ਛੂਟੈ:ਚਉਥੈ ਪਦਿ ਮੁਕਤਿ ਦੁਆਰੁ ॥2॥ ਗੁਰਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ; ਚਉਥੇ ਪਦਮਹਿ ਸਹਜੁਹੈ,ਗੁਰਮੁਖਿ ਪਲੈ ਪਾਇ ਤ੍ਰੈ-ਗੁਣ ਮਾਇਆ ਮੋਹੁਹੈ:ਗੁਰਮੁਖਿ ਚਉਥਾ ਪਦੁ ਪਾਇ॥ [ਸ.148] ੧ੴ ਪ੍ਰਸੰਗ 'ਚ ਓ ਸਾਢੇ-ਤਿਨ ਮਾਤ੍ਰੇ ਦੇ ਚਾਰ ਮੁੱਖ (ਸੰਗੀਤ ਵਿੱਚ ਕਈ ਭਾਵਆਤਮਕ) ਅਰਥ ਗੁਰੁਬਾਣੀ ਦਰਸਾਂਦੀ ਹੈ॥

4. ਪ੍ਰਸ਼ਨ:ਸੰਸਾਰ 'ਚ ਸਾਰੇ ਜੀਵ ਭੌਤਕ ਵਾਦੀ ਅਤੇ ਦ੍ਵੈਤ ਵਾਦੀਆਂ ਤਰ੍ਹਾਂ ਪ੍ਰੱਤਖ ਭਾਸਦੇ ਸੰਸਾਰ ਨੂੰ ਹੀ ਸੱਤ(ਸਤਿ:) ਮੰਨਦੇ ਹਨ। ਪਰ ਗੁਰਬ੍ਹਾਣੀ ਪ੍ਰਮਾਣਤ ਸਿਧਾਂਤ ਕੀ ਹੈ?

ਉੱਤਰ. ਓ: ਸ਼੍ਰੀ ਗੁਰੁਬਾਣੀ ਵਿੱਚ ਸੰਸਾਰ ਸੰਬੰਧੀ ਤਰਕ ਦ੍ਰਿਸ਼ਟੀ ਅਨੇਕ ਪਦ, ਤੁਕ, ਸ਼ਬਦ ਵਰਣਨ ਹਨ, ਜਥਾ:- ਪੂਤ ਮੀਤ ਮਾਇਆ ਮਮਤਾਸਿਉ, ਇਹਬਿਧਿ ਆਪੁ ਬੰਧਾਵੈ॥ ਮ੍ਰਿਗਤ੍ਰਿਸਨਾ ਜਿਉ ਝੂਠੋ ਇਹੁ ਜਗ,ਦੇਖਿਤਾਸਿ ਉਠਿਧਾਵੈ॥

ਆਧਾਰ ਪ੍ਰਥਾਇ: ਇਹ ਰਹਿਸ ਸਮਝਨ ਲਈ ਗੁਰੁ-ਸਿੱਖ ਧਰਮ 'ਚ ਦਸੋ ਸ਼੍ਰੀਵਿਸ਼ੂ ਗੁਰੂਜੀਆਂ ਦੀ ਬਾਣੀ'ਚ ਬੇਅੰਤ ਹਵਾਲੇ ਹਨ, ਮਸਲਨ:- ਸਭ ਤੋਂ ਪਹਿਲਾਂ ਇਹ ਗਿਆਨ ਜੀਵਤ ਅਟੂਟ ਜੀਵਤ ਗੁਰੁਗਮ ਚਲਿਤ ਪ੍ਰਨਾਲੀ ਤੋਂ ਹੀ ਪਾਈ ਜਾ ਸਕਦੀ ਹੈ:-

---

148. ਪੁਨ੍ਹੈ.ਓ.ਪੰ.੪੮੮:੧੫। ਅ.ਪੰ. ੩੩:੧੦-੧੧। ਏ.ਪੰ.68:੧੪। ਸ.ਪੰ.੩੦:੧੩ ॥

Sri Satguru Jagjit Singh Ji eLibrary NamdhariElibrary@gmail.com

ਮ:1: ਭਾਈ ਰੇ! ਗੁਰ ਬਿਨੁ ਗਿਆਨੁ ਨ ਹੋਇ॥ ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥

ਮ:1: ਗੁਰਕੈ ਸਬਦਿ ਤਰੇ ਮੁਨਿ ਕੇਤੇ, ਇੰਦ੍ਰਾਦਿਕ ਬ੍ਰਹਮਾਦਿ ਤਰੇ॥ ਸਨਕ ਸਨੰਦਨ ਤਪਸੀਜਨ ਕੇਤੇ,ਗੁਰਪਰਸਾਦੀ ਪਾਰਿਪਰੇ

ਮ:3: ਗੁਰਮੁਖਿ ਬਸਿਸਟਿ, ਹਰਿ (ਰਾਜਾ ਰਾਮ) ਉਪਦੇਸੁ ਸੁਣਾਈ

ਮ:4: ਗੁਰ-ਸੇਵਾ ਆਪਿ ਹਰਿ ਭਾਵੈ॥ ਕ੍ਰਿਸਨੁ ਬਲਭਦ੍ਰ ਗੁਰਪਗ ਲਗਿ ਧਿਆਵੈ॥ ਨਾਨਕ ਗੁਰਮੁਖਿ ਹਰਿ ਆਪਿ ਤਰਾਵੈ

ਮ:4: ਜਾਤਨਜਾਤਿ ਦੇਖਿ ਮਤ ਭਰਮਹੁ ਸੁਕ, ਜਨਕ-ਪਗੀਂ ਲਗਿ ਧਿਆਵੈਗੋ॥

ਮ:5: ਹਰਿ ਭਗਤਿ ਖਜਾਨਾ ਬਖਸਿਆ, ਗੁਰਿ ਨਾਨਕਿ ਕੀਆ ਪਸਾਉ ਜੀਉ

ਸ਼੍ਰੀ ਵਿਸ਼ਨੂਗੁਰੂ ਨਾਨਕ ਦੇਵਜੀਦੀ ਬ੍ਰਹਮ ਵਿਦਿਆ ਦੇ ਉੱਤਰਾਧਿਕਾਰੀ ਸ਼੍ਰੀਜਗਦਗੁਰੂ ਅੰਗਦ ਦੇਵਜੀਬਾਰੇ ਭੱਟ ਕੱਲ ਪ੍ਰਮਾਣਹੈ :-

ਗੁਰਗੰਮਿ ਪ੍ਰਮਾਣੁ ਤੈ ਪਾਇਓ, ਸਤੁ ਸੰਤੋਖੁ ਗ੍ਰਾਹਜਿ ਲਯੋ॥ ਹਰਿ ਪਰੰਸਿਓ ਕਲੁ ਸਮੁਲ੍ਵੈ, ਜਨ ਦਰਸਨੁ ਲਹਣੇ ਭਯੋ॥

ਓਹੀ ਅਟੁਟ ਲੜੀ ਪੰਚਮ ਸ਼੍ਰੀਜਗਦਗੁਰੂ ਅਰਜੁਨ ਦੇਵਜੀ ਚਲੀ ਬਾਰੇ ਫੇਰ ਭੱਟ ਕੱਲ ਦਾ ਪ੍ਰਮਾਣ ਹੈ:-

ਗੁਰਗਮ ਪ੍ਰਮਾਣਿ ਅਜਰੁ ਜਰਿਓ,ਸਰਿ ਸੰਤੋਖ ਸਮਾਇਯਉ॥ ਗੁਰ ਅਰਜੁਨ,ਕਲੁ ਚਰੈ, ਤੈ ਸਹਜਿ-ਜੋਗੁ,ਨਿਜੁ ਪਾਇਯਉ॥

ਓਹੀ ਚਲੀ ਅਟੁਟ ਲੜੀ ਨੌਮੇ ਸ਼੍ਰੀਜਗਦਗੁਰੂ ਤੇਗ਼-ਬਹਾਦੁਰ ਸਾਹਿਬ ਜੀ ਨੇ ਅਗੇ ਚਲਾਨ ਦਾ ਹੁਕਮ ਦਿਤਾ:-

ਨਾਮੁ ਰਹਿਓ, ਸਾਧੂ ਰਹਿਓ, ਰਹਿਓ ਗੁਰੁ ਗੋਬਿੰਦੁ॥
ਕਹੁ ਨਾਨਕ ਇਹ ਜਗਤਮੈ, ਕਿਨ ਜਪਿਓ ਗੁਰਮੰਤੁ ॥ 56॥"

ਓਹ ਅਟੁਟ ਟਕਸਾਲ ਦਸਮ ਸ਼੍ਰੀਜਗਦ ਗੁਰੂ ਗੋਬਿੰਦ ਸਿੰਘਜੀ ਦੇ ਨਿਰਮਲ ਗੁਰੁਸਿੱਖ ਪੰਥੀ ਦਮਦਮਾ ਅਟੁਟ ਪ੍ਰਧਾਨ ਟਕਸਾਲ ਗੁਰੁਕਾਸ਼ੀ ਸਨ 1707 ਥਾਪੀ (ਤੇ ਹੁਕਮ ਅਨੁਸਾਰ ਭਾਈ ਮਨੀ ਸਿੰਘ ਚਲਾਈ ਅੰਮ੍ਰਿਤਸਰੀ ਉਪ-ਟਕਸਾਲ) ਦੀਆਂ ਅਟੁਟ ਗੁਰੁ ਅਰਥ ਟਕਸਾਲ ਪਰੰਪਰਾ ਤੋ ਪੜ੍ਹੇ, ਸਿੱਖੇ ਹੀ ਜਾਣਦੇ ਹਨ॥ ਉਸੀ ਸੰਨ 1706 ਤੋਂ ਗੁਰੁਕਾਸ਼ੀ ਟਕਸਾਲ ਰਾਜ ਪਟਿਆਲਾ ਪੈਪਸੂ ਸੰਨ 1948 ਤੋਂ ਸੰਨ 1956 ਅੰਤ ਤਕ ਅਟੁਟ ਵਿਦਿਆ ਪ੍ਰਾਪਤ ਰਹੀ ਜਦੋਂ ਸ਼੍ਰੋਮਣੀ ਗੁ. ਪ੍ਰ. ਕਮੇਟੀ 'ਚ ਲੀਨ ਹੋ ਗਈ॥ ਅਜ ਸੱਠ ਸਾਲਾਂ ਪਿੱਛੋਂ ਪੰਜਾਬੀ ਭੁਲੇ ਨਵੇਂ ਆਪ-ਪੜ੍ਹੇ(ਮਨ-ਮੁਖ) ਸਿੱਖ ਵਿਦੇਸ਼ੀ ਪੱਛਮੀ ਸਾਹਿਤ ਪੜ੍ਹੇ ਆਧਾਰ ਵਿਦ੍ਵਾਨ ਲੇਖਿਕ, ਪਰਚਾਰਕ ਵਿਚਾਰਣ: ਓਨ੍ਹਾਂ ਪਾਸ ਓਸ ਸ਼੍ਰੀ ਗੁਰੁ ਪੁਰਾਣੇ ਜੁਗਾਂ ਦੀ ਚਲੀ ਆ ਰਹੀ ਕਹੀ ਸ਼੍ਰੀ ਗੁਰੁਬਾਣੀ, ਬਾਣੀ ਵਜੀ ਚਹੁ ਜੁਗੀ,ਸਚੋਸਚੁ ਸੁਣਾਇ॥ ਬ੍ਰਹਮ ਗਿਆਨ ਹੈ? ਜਾਂ ਪਿਛਲੀ ਸਦੀ ਦੀ ਅੰਗ੍ਰੇਜ਼ੀ ਹੌਮੈ ਕਲਪਿਤ ਬੁਧੀਮਤਾ ਪ੍ਰਤੱਖ ਪੱਥਰ ਜੁਗੀ ਤੋਂ ਸਿੱਖਣ ਦੀ ਲੰਬੀ ਪੌੜੀ ਚੜ੍ਹਨ ਤਰ੍ਹਾਂ (stone age's learning long ladder) ਦਾ ਪ੍ਰਭਾਵ ਨਹੀ? ਇਹ ਕੋਈ ਰੂੜੀ ਗੁਰਬਾਣੀ ਦਰਸ਼ਨ ਵਿਚਾਰ ਪ੍ਰਗਟ ਕਰਨ ਦੀ ਪ੍ਰਥਾ ਹੈ?

Sri Satguru Jagjit Singh Ji eLibrary NamdhariElibrary@gmail.com

ਤਰਕ:ਚਲੋ, ਕੁਝ ਚਿਰ ਲਈ ਮੰਨ ਲਈਏ ਪਰਦੇਸੀ ਭੁਲੇ ਗੁਰੁਸਿਖਾਂ ਨੇ ਤਾਂ ਕੱਚੇ ਪੱਕੇ ਪੱਛਮੀ ਯੋਰਪਿਯਨ(ਅੰਗ੍ਰੇਜ਼ੀ) ਫਿਲਾਸਫੀ ਦੀ ਵੀ ਮਦਦ ਨਾ ਲਿਤੀ, ਕਿ ਪਿਛਲੇ ਦੋ ਹਜ਼ਾਰ ਸਾਲਾਂ ਤੋਂ ਪਛਮੀ ਵਿਦ੍ਵਾਨਾਨੇ ਸਤ-ਅਠ ਵਿਸ਼ੈਆਂ ਨੂੰ ਸਮਝਨ ਤੇ ਜਤਾਨ ਦੇ ਅਨੇਕ ਛੋਟੇ ਬੜੇ ਗ੍ਰੰਥ ਤਾਂ ਲਿਖੇ--ਪਰ ਓਹ ਲਕਸ਼ ਅਜੇ ਤਕ ਪੱਛਮੀ ਵਿਦ੍ਵਾਨ ਸਾਫ ਤੇ ਸਪਸ਼ਟ ਤਰ੍ਹਾਂ ਦੁਬਿਧਾ (un-ambiguous)ਬਿਨਾ ਨਹੀ ਜਤਾ ਸਕੇ ॥ ਇਸ ਦਾ ਇਕੋ ਮਹਾਕਾਰਣ ਰਹਿਆ: ਇਸਾਈ ਮਤ : ਫਿਲੋਸੋਫੀ ਨਹੀਂ ਮੱਨਦੇ, ਥੀਓਲੋਜੀ ਬਰਤਦੇ ਹਨ ॥ ਉਨ੍ਹਾਂ ਨੇ ਸ਼ਾਸਤ੍ਰ ਲਈ ਫਿਲੋਸੋਫੀ ਰੋਕੀ ਹੈ॥ ਪਰ ਅੱਜ ਪੱਛਮੀ ਮੁੱਖ ਭੌਤਕਵਾਦ ਤਰਕ ਫਿਲੋਸੋਫੀ ਅਧਾਰ ਹੀ ਸਾਇੰਸ ਹੈ, ਜੋ ਸਦਾ ਨਿਤ ਹਰੇਕ ਕਦਮ ਤਰੱਕੀ ਲਈ ਦੁਨਿਆਂ, ਵਿਚੇ ਇਸਾਈ ਬਰਤਦੇ ਹਨ, ਅਸਚਰਜ ਨਹੀਂ? ਓਹ ਤਰਕ ਰਾਹ ਬਿਨਾ ਜਾਣੇ-ਸਮਝੇ ਨਵੇ ਸਿੱਖ ਨਕਲ ਕਰ ਸ਼੍ਰੀ ਗੁਰੁਬਾਣੀ ਨੂੰ ਇਸਾਈ ਮਤ ਅਧਾਰ ਦੁਨੀਆ 'ਚ ਸੌ ਸਾਲਾਂ ਤੋਂ ਪ੍ਰਚਾਰ ਦੇ ਹਨ॥

ਅ:- ਦੂਜੇ ਪਾਸੇ, ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀ ਦਾ ਸ਼ੁਰੂ ਤੋਂ ਉਪਦੇਸ਼ ਆਧਾਰ ਇਹ ਰਹਿਆ, ਸੰਖੇਪ ਨਾਲੇ ਦੁਹਰਾਉਂਦੇ ਹਾਂ:ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥ ਨਾਨਕੁ ਆਖੈ ਰਾਹੁ ਏਹੁ, ਹੋਰਿ ਗਲਾਂ ਸੈਤਾਨੁ"

ਭਾਰਤ ਵਿੱਚ 5 ਕੁ ਹਜ਼ਾਰ ਬਰਸਾਂ ਤੋਂ ਮਨੁਖਾਂ ਦੀ ਮਾਨਸਿਕ ਲੋੜ ਕਾਰਣ ਤਾਰਕਿਕਾਂ ਨੇ ਸ਼ਬਦ ਦੁਨਿਆਵੀ ਤੇ ਮਾਨਸ ਲੋੜਾਂ ਅਨੁਸਾਰ ਘੜੇ ਤੇ ਬਰਤੇ ॥ ਉਨ੍ਹਾਂ ਵਿੱਚੋਂ ਸੱਤ (ਸਤਿ) ਦੇ ਮੁੱਖ ਦੋ ਅਰਥ ਬਰਤੋਂ 'ਚ ਆਂਦੇ ਹਨ, ਜਿਵੇਂ:- 1.ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ, ਮੁਰੀਦਾ ਜੋਲੀਐ॥ ਤੇ ਮਾਨਸ ਅਧਿਆਤਮ ਪੱਧਰ ਅਰਥ: 2.ਸਤਿ ਓਹ ਹੈ ਜੋ ਝੂਠੇ ਸੰਸਾਰ ਦਾ ਅਧਿਸ਼ਠਾਨ ਕਹਿ ਚੁਕੇ ਹਾਂ ਅਤੇ ਸ਼੍ਰੀਗੁਰੁਬਾਣੀ ਪ੍ਰਮਾਣ ਹੈ:- ਸਤਿ ਹੋਤਾ,ਅਸਤਿ ਕਰਿ ਮਾਨਿਆ,ਜੋ ਬਿਨਸਤ ਸੋ ਨਿਹਚਲੁ ਜਾਨਥ॥ ਐਸੇ ਭੂਲ ਭੁਲਾਨਥ॥ ਏਸ ਤਰ੍ਹਾਂ ਸਤਿ ਤੋਂ ਉਲਟ ਸ਼ਬਦ ਘੜ ਤਰਕ ਪਰਿਭਾਸ਼ਾ ਇਹ ਦਿਤੀ; ਕਿ, ਸੱਤ (ਸਤਿ) ਸ਼ਬਦ ਉਲਟ ਅਸੱਤ(ਨਾ ਸਤਿ) ਹੈ, ਅਤੇ ਤਾਰਕਿਕ ਨਿਯਾਯ: ਸਤਯ (ਸਤਿ) "ਤ੍ਰਿ-ਕਾਲਾਬਾਧ"(ਤਿਨ ਕਾਲਾਂ'ਚ ਨਾ ਨਾਸ਼ ਹੋਣਵਾਲਾ) ਸਦੀਵੀ ਭਾਸਦਾ ਹੈ॥ ਉਸ ਤੋਂ ਉਲਟ ਤਰਕ ਸਬਦ ਅਸਤਯ (ਅਸਤਿ)ਹੈ ਜਿਸਦਾ ਲਖਣ ਹੈ: ਜੋ 'ਤ੍ਰਿ-ਕਾਲਾਂ 'ਚ ਪ੍ਰਤੀਤੀ "ਬਾਂਝ ਪੁਤ੍ਰ ਤਰ੍ਹਾਂ" ਕਦੀ ਨਹੀ ਹੁੰਦਾ, ਜਥਾ: ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ ॥ ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ॥ ਗ.149

ਪ੍ਰਸ਼ਨ:- ਸੰਸਾਰ ਇਨਾਂ ਦੋਨੋ ਸ਼ਬਦਾਂ ਵਿੱਚੋਂ ਕਿਸ ਲਕਸ਼ਣ ਹੇਠ ਆਂਦਾ ਹੈ?

ਉੱਤਰ:- ਦੋਨੋਂ ਵਿਚੋਂ ਕਿਸੇ ਹੇਠ ਠੀਕ ਨਹੀਂ ਬੈਠਦਾ॥

ਪ੍ਰਸ਼ਨ:- ਫੇਰ, ਐਸੀ ਸੰਸਾਰ ਦੀ ਅਵਸਥਾ ਬਿਆਨ ਕਰਨ ਲਈ ਕੋਈ ਸ਼ਬਦ ਸਚੁ, ਝੂਠ, ਮਿਥਿਆ,ਆਦਿ ਕੋਈ ਰਚਿਆ ਹੈ?

ਉੱਤਰ ਉ:-ਹਾਂ। ਪੁਰਾਣੇ-ਨਵੇਂ ਧਰਮ ਸ਼ਾਸਤ੍ਰਾਂ 'ਚ ਬਹੁਤ ਤਰਕ ਦ੍ਰਿਸ਼ਟਾਂਤ ਤੇ ਨਿਯਾਯਾਂ ਰਾਹੀਂ ਹੋਂਦ ਪਹਿਲਾਂ ਸਿੱਧ ਕਰੀ ਹੈ, ਜਿਵੇ :-

149. ਪੁਨ੍ਹ.ਓ. ਮ:੯. ਪੰ.੨੧੯:੯। ਅ.ਪੰ.੧੨੪੫:੩। ਵ.ਪੰ.੪੯੯:੧੫। ਸ.ਪੰ.੧੦੦੧:੧੨। ਹ.ਪੰ.੪੭੭:੬। ਆਦਿ॥

Sri Satguru Jagjit Singh Ji eLibrary NamdhariElibrary@gmail.com

1. ਬਾਂਝ ਇਸਤ੍ਰੀ ਪੁਤ੍ਰ ਭ੍ਰਮ+ 2. ਸਹੇ, ਜਾਂ ਨਰ ਸਿੰਗ ਭ੍ਰਮ, 3. ਜੇਵਰੀ- ਸੱਪ ਭ੍ਰਮ, 4. ਮ੍ਰਿਗ-ਤ੍ਰਿਸ਼ਨਾ ਜਲ ਭ੍ਰਮ, 5. ਸ਼ੁਪਨਾ ਆਦਿ ਹਨ॥ ਤਰਕ ਰਾਹੀ ਸਿਧੇ-ਉਲਟੇ ਤਰਕ ਸ਼ਬਦ ਹਨ 1.ਸੱਤ(ਸਤਿ) - ਅਸੱਤ (ਅਸਤਿ) ਲੱਖਣ ਵਿਚਾਰਦੇ ਹਾਂ॥ ਦੋਨੋਆਂ ਦੇ ਲਖਣ ਇਕੋ ਜਹੇ ਉਲਟ-ਸੁਲਟ ਹਨ:-1.ਸਤਿ: ਤ੍ਰਿਕਾਲ ਅਬਾਧ ਹੈ ; ਤੇ ਅਸਤਿ: ਤ੍ਰਿ-ਕਾਲ (ਭੂਤ, ਵਰਤਮਾਨ, ਭਵਿਖ) ਵਿੱਚ ਹੈ ਹੀ ਨਹੀਂ॥ ਐਥੇ ਤਕ ਸੰਸਾਰ: ਓਹਨਾ ਨੂੰ ਬਾਂਝ ਪੁਤ੍ਰ ਤਰ੍ਹਾਂ ਨਹੀਂ, ਭਾਵ:- ਜੋ ਨਾ ਥੀ, ਨਾ ਹੈ, ਨਾ ਹੋਵੇਗਾ ਹੈ, ਜੇ ਹੋਇਆ: ਤਾਂ ਮਾਂ ਬਾਂਝ ਨਹੀ ॥ ਕੇਵਲ ਐਸਾ ਗਿਆਨ ਬੁਧੀ ਸੀਮਤਹੈ ਪਰ ਹੋਂਦ(ਵਿੱਦਜਮਾਨ)ਰੂਪ ਕਦੀ ਪ੍ਰਤੀਤੀ ਨਹੀ ਹੁੰਦਾ॥ ਇਸ ਭਾਵ ਦ੍ਰਿਸ਼ਟਾਂਤਾਂ ਦੇ ਅਨੇਕ ਤਰਕ ਰਾਹੀਂ ਸ਼੍ਰੀਗੁਰੂ ਜੀ ਦੇ ਉਪਦੇਸ਼ੇ ਹਨ "ਸਤਿ ਹੋਤਾ,ਅਸਤਿ ਕਰਿ ਮਾਨਿਆ;ਜੋ ਬਿਨਸਤ ਸੋ, ਨਿਹਚਲੁ ਜਾਨਥ॥ ਪਰਕੀ ਕਉ ਅਪਨੀ ਕਰਿ ਪਕਰੀ,ਐਸੇ ਭੁਲਭੁਲਾਨਥ; ਮਿਥਿਆ ਵਸਤੁ ਸਤਿ ਕਰਿ ਮਾਨੀ॥ ਹਿਤੁ ਲਾਇਓ ਸਠ ਮੂੜ ਅਗਿਆਨੀ; ਦੇ ਦ੍ਰਿਸ਼ਠਾਂਤ- ਨਰਪਤਿ(ਜਨਕ) ਏਕੁ ਸਿੰਘਾਸਨਿ ਸੋਇਆ: ਸੁਪਨੇ ਭਇਆ ਭਿਖਾਰੀ। ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥ ਰਾਜ-ਭੁਇਅੰਗ ਪ੍ਰਸੰਗ ਜੈਸੇਹਹਿ, ਅਬ ਕਛੁ ਮਰਮੁ ਜਨਾਇਆ। ਅਨਿਕ ਕਟਕ ਜੈਸੇ ਭੁਲਿਪਰੇ, ਅਬ ਕਹਤੇ ਕਹਨੁ ਨ ਆਇਆ॥ ਸ.150

ਨਜਾਯ: ਐਥੋਂ ਅਗੇ ਪਾਠਕਾਂ ਲਈ ਬਹੁਤ ਲਾਜ਼ਮੀ ਹੈ ਤਰਕ ਵਿਚਾਰ ਵਿਧਾਨਾਂ ਦਾ ਧਿਆਨ ਰੱਖਣ॥ ਸ਼੍ਰੀ ਗੁਰਬਾਣੀ ਅਧਿਆਤਮ ਤਰਕ ਨਜਾਯ ਦ੍ਰਿਸ਼ਟਾਂਤ-ਦਾਰਸ਼ਟਾਂਤਾਂ (analogies) ਰਾਹੀਂ ਸਮਝਣਾ ਬਹੁਤ ਹੀ ਲਾਜ਼ਮੀ(mandatory) ਹੈ ਜਿਵੇ: ਮਿਥਿਆ ਵਸਤੁ ਸਤਿ ਕਰਿ ਮਾਨੀ, ਸ਼੍ਰੀਗੁਰੁਬਾਣੀ 'ਚ ਮਿਥਿਆ, ਭ੍ਰਮ ਪ੍ਰਯਾਯੀ ਹਨ:-1.ਬਾਂਝ ਪੁਤ 2.ਸਹੇ/ਨਰ ਸਿੰਗ 3.ਜੇਵੜੀ/ਰਸੀ-ਸੱਪ ਭ੍ਰਮ 4.ਮ੍ਰਿਗਤ੍ਰਿਸ਼ਨਾ ਜਲ/ਸਿਪੀ'ਚ-ਚਾਂਦੀ ਭ੍ਰਮ 5.ਸੁਪਨੇ ਇ.151 ਭ੍ਰਮ ਆਦਿ ਦ੍ਰਿਸ਼ਟਾਂਤ ਨਜਾਯ ਮਿਥਿਆ ਭ੍ਰਮ ਸਮਝਾਣ ਦੇ ਲਈ ਹੀ ਅਨੇਕ ਦ੍ਰਿਸ਼ਟਾਂਤ ਹਨ ॥

ਨਜਾਯ ਨੇਮ:ਤਾਰਕਿਕ ਸਾਇੰਸ ਦਾ ਨੇਮਹੈ; ਹਰੇਕ ਮਿਥਿਆ ਅਧਿਜਾਸ (phenomenon, illusions) ਭਰਮ ਕੋਈ ਆਪਣੇ ਅਧਿਸ਼ਠਾਨ (sub-stratum, noumenon) ਬਿਨਾ ਕਦੀ ਵੀ ਹੋਣੇ ਸੰਭਵ ਨਹੀਂ॥ ਮਨੁਖ ਮਾਤ੍ਰ ਲਈ ਦੋਨੋਂ ਸੁਤੈ ਸਿੱਧ ਅਨੁਭਵ ਭ੍ਰਮ ਹਨ,ਤੇ ਮਨੋਵਿਗਿਆਨ ਤਰਕ ਪ੍ਰਮਾਣਾਂ ਰਾਹੀ ਸਿੱਧ ਪ੍ਰਸਿਧ ਹਨ, ਅਤੇ ਸ਼੍ਰੀਗੁਰਬਾਣੀ ਦ੍ਰਿਸ਼ਟਾਂਤ "ਰੱਸੀ/ਜੇਵੜੀ-ਸੱਪ ਭਰਮ" ਦੋਨੋਂ"ਚ ਸੰਖੇਪ ਸਮਝਾਏ ਹਨ: 1.ਮਨ ਵਿੱਚ "ਰੱਸੀ/ਜੇਵੜੀ-ਸੱਪ ਭ੍ਰਮ" ਤੋਂ ਪਹਿਲਾਂ ਅਧਿਸ਼ਠਾਨ ਮਨ ਦ੍ਰਸ਼ਟਾ ਸੀ॥ ਇਹ ਭ੍ਰਮ ਵੇਲੇ ਵੀਹੈ,ਅਤੇ ਅੰਤ'ਚ ਭ੍ਰਮ ਮਿਟਣ ਪਿਛੋਂ ਕੇਵਲ 'ਮਨ' ਰੂਪ ਅਧਿਸ਼ਠਾਨ ਭਰਮ ਦਾ ਦ੍ਰਸ਼ਟਾ: ਭ੍ਰਮਦੇ ਤਿਨੋ ਕਾਲਾਂ 'ਚ ਸਥਿਤ ਰਹਿੰਦਾ ਹੈ॥ 2. ਮਨ 'ਚ ਮ੍ਰਿਗਤ੍ਰਿਸ਼ਨਾ ਜਲ ਭ੍ਰਮ ਤੋਂ ਪਹਿਲਾਂ ਅਧਿਸ਼ਠਾਨ ਮਾਰੂ ਭੂਮੀ ਉਤੇ ਮ੍ਰਿਗਤ੍ਰਿਸ਼ਨਾ ਭਰਮ ਸੀ, ਭ੍ਰਮ ਵੇਲੇ ਸੀ, ਅਤੇ ਭ੍ਰਮ ਮਿਟਣ ਪਿਛੋ ਕੇਵਲ ਅਧਿਸ਼ਠਾਨ ਮਾਰੂਭੂਮੀ, ਮ੍ਰਿਗਤ੍ਰਿਸ਼ਨਾ ਭਰਮ ਤਿਨੋਂ ਕਾਲਾਂ 'ਚ ਮੌਜੂਦ ਹੈ॥ ਹੋਰ ਅਨੇਕ

150. ਪੁਨ੍ਹ.ਓ.ਪੰ.੨੭੬:੧੮। ਅ.ਪੰ.੨੭੬:੧੮ ॥ ਆਦਿ ॥
151. ਪੁਨ੍ਹ,ਓ.ਪੰ.੩੩੨:੧੬; ਅ.ਪੰ.੧੪੭:੧੫। ਏ.ਪੰ.੧੪੨੮:੧੬। ਸ.ਪੰ.੧੨੩੬:੩॥

Sri Satguru Jagjit Singh Ji eLibrary NamdhariElibrary@gmail.com

ਦ੍ਰਿਸ਼ਟਾਂਤ ਵੀ ਹਨ, 3.ਮਨ ਅਧਿਸ਼ਠਾਨ'ਚ ਸੁਪਨੇ ਪਹਿਲਾਂ, ਸੁਪਨ ਵੇਲਾ,ਅਤੇ ਸੁਪਨਾਂ ਮਿਣਣ ਤੇ ਤਿਨੋਂ ਕਾਲਾਂ 'ਚ 'ਮਨ' ਦ੍ਰਸ਼ਟਾ ਮੌਜੂਦ ਹੈ॥ ਇਹ ਸਾਰੇ ਨਿਜਾਯ ਸਿੱਧ ਮਨੋਵਿਗਿਆਨ ਸਿਧਾਂਤ ਹੈ; ਤੇ ਧਿਆਨ ਰਹੇ: ਅਧਿਸ਼ਠਾਨ ਬਿਨਾ ਕਦੀ ਕੋਈ ਭ੍ਰਮ ਹੋਂਣਾ ਬਿਲਕੁਲ ਨਾ ਮੁਮਕਿਨ ਹੈ॥

ੴ ਦਾ ਜਗਤ ਬਾਰੇ ਇਸ ਤਰਕ ਆਧਾਰ ਸ਼੍ਰੀਵਿਸ਼ੂਗੁਰੂ ਨਾਨਕ ਦੇਵਜੀਦੀ ਬਾਣੀ ਸਿਧਾਂਤ, ਇਹ ਨਿਸਕਰਸ਼ ਇਲਾਨ ਹਨ:-

ਮਹਲਾ1 :-ਝੂਠਾ ਇਹੁ ਸੰਸਾਰੁ: ਕਿਨਿ ਸਮਝਾਈਐ॥ ਸਚਿ ਨ ਧਰੇ ਪਿਆਰੁ: ਧੰਧੈ ਧਾਈਐ॥
ਮਹਲਾ9:-ਜਗ ਰਚਨਾ ਸਭ ਝੂਠਹੈ ਜਾਨਿ ਲੇਹੁ ਰੇ ਮੀਤ॥ ਕਹਿ ਨਾਨਕ ਥਿਰੁ ਨਾ ਰਹੈ, ਜਿਉ ਬਾਲੂਕੀ ਭੀਤਿ॥

ਪ੍ਰਸ਼ਨ:- ਤਰਕ ਵਿਚਾਰ:-ਜੇ ਦ੍ਰਿਸ਼ ਵਿਸ਼ੂ "ਸਤਿ" ਨਹੀਂ,ਪਰ ਪ੍ਰਤੀਤ ਹੋਣ ਕਾਰਣ "ਅਸਤਿ" ਬਾਂਝ ਪੁਤ ਤਰ੍ਹਾਂ ਵੀ ਨਹੀ ਜਾਂ, ਕੋਈ ਹੋਰ ਕਾਰਣਾਂ,ਵਿਸ਼ੂ ਹੁਣੇ ਵੀ ਇਦੰਤਾ ਅਕੱਥ(ਅਨਿਰਵਚਨੀ) ਪ੍ਰਤੀਤ ਹੁੰਦਾ ਹੈ॥ ਸਾਰੇ ਵਿਸ਼ੂਦੇ ਜੀਵਾਂ ਨੂੰ ਅਨੁਭਵ ਸ੍ਰੈਤੈ ਸਿੱਧ ਹੈ ਅਤੇ ਤਰਕ ਸਿੱਧ ਵੀ ਦੇਖ ਚੁਕੇ ਹਾਂ॥ ਤਾਂ ਪ੍ਰਤੀਤ ਵਿਸ਼ੂ ਠੀਕ ਕਿਵੇਂ ਸਮਝ ਆਵੇ ਕੀ ਹੈ?

ਉੱਤਰ:-ਵਿਸ਼ੂ ਸੰਬੰਧੀ ਗੁਰੂਬਾਣੀ "ਅਕੱਥ-ਕਥਾ" ਵਿਆਖਿਆ (ਅਨਿਰਵਚਨੀਯ ਖ਼ਯਾਤੀ) ਪਰਿਭਾਖਾ ਰਾਹੀਂ ਸਮਝਾਯਾ ਹੈ ਜਿਸ ਦਾ ਪਹਿਲਾਂ ਵਿਸਤਾਰ ਲਿਖ ਚੁਕੇ ਹਾਂ- ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ॥ ਅਨਿਕ ਜੁਗਤਿ ਹੋਵਤ ਬਖਿਆਨ॥ ਅਨਿਕ ਸਰੋਤੇ ਸੁਨਹਿ ਨਿਧਾਨ॥ ਸਰਬ ਜੀਅ ਪੂਰਨ ਭਗਵਾਨ॥ ਸੰਸਾਰ ਮਿਥਿਆ ਲਖਣਾਂ ਵ੍ਰਿਤੀ ਰਾਹੀਂ ਸਪਸ਼ਟ ਕੀਤਾ ਹੈ ਤੇ ਕੋਈ ਮਿਥਿਆ ਵਸਤੁ ਬਿਨਾ ਅਧਿਸ਼ਠਾਨ ਦੀ ਪ੍ਰਤੀਤ ਅਸੰਭਵ ਹੈ, ਤੇ ਤਾਰਕਿਕ ਅਰਥ ਹੈ ਕਿ ਜੀਵ ਮਾਤ੍ਰ ਨੂੰ ਦ੍ਰਿਸ਼ ਵਿਸ਼ੂ ਸੰਸਾਰ ਦੇ ਮਾਨ/ ਮਾਪ:-1. ਲੰਬਾਈ, 2.ਚੌੜਾਈ, 3.ਗਹਿਰਾਈ ਦਾਇਰੇ ਆਪਣੇ ਅਧਿਸ਼ਠਾਨ ਜਿੰਨਾ ਹੋਣਾ ਜ਼ਰੂਰੀ ਹੈ, ਵਿਸ਼ੂ ਵਧ ਤੇ ਕਦੀ ਘਟ ਨਹੀਂ ਹੋ ਸਕਦਾ। ਜਿਵੇਂ ਰਸੀ ਵਿੱਚ ਸੱਪ ਭ੍ਰਮ ਦਿਖਦੀ ਲੰਬਾਈ, ਚੌੜਾਈ, ਗਹਰਾਈ ਅਧਿਸ਼ਠਾਨ ਦਿਖਦੀ ਰੱਸੀ ਸੱਪ ਪ੍ਰਤੀਤ ਹੁੰਦਾ ਹੈ, ਕਦੀ ਬਧ-ਘਟ ਨਹੀਂ॥ ਯਾਦ ਰਹੇ: ਜਿਨਾਂ ਲੰਬੀ ਰਸੀ(ਰਸੇ) ਦਾ ਹਿੱਸਾ ਹੈ ਓਨੇ 'ਚ ਭ੍ਰਮ ਦਿਖਦਾ ਹੈ--ਪਰ ਜੋ ਹਿਸਾ ਦਿਖਦੇ ਦਾਇਰੇ ਬਾਹਿਰ ਹੈ--ਉਸ ਹਿਸੇ 'ਚ ਭ੍ਰਮ ਪ੍ਰਤੀਤ ਨਹੀਂ ਹੋ ਸਕਦਾ, ਕਿਉਂਕਿ ਓਹ ਵ੍ਰਿਤੀ ਗੋਚਰ (not cognative) ਨਹੀਂ ॥ ਇਸ ਤਰ੍ਹਾਂ ਤਰਕ ਸਿੱਧ ਹੋਇਆ:-

ਦਿਖਦਾ ਵਿਸ਼ੂ ਸੰਸਾਰ ਥਿਰ ਨਾ ਹੋਣ ਕਾਰਣ ਹੀ ਮਿਥਿਆ ਹੈ। ਸੋ ਮਿਥਿਆਵਿਸ਼ੂ, ਜਿਨਾ ਹੈ, ਉਤਨਾ ਹੀ ਵਿਆਪਕ ਹੈ, ਜੇ ਵਧ ਅਧਿਸ਼ਠਾਨ ਹੈ, ਪ੍ਰਤੀਤ ਨਹੀਂ ਹੋ ਸਕਦਾ। ਹਰੇਕ ਅਧਿਸ਼ਠਾਨ'ਚ ਮਿਥਿਆ ਵਸਤੁ ਜ਼ਰੂਰੀ ਉਨਾ ਵਿਆਪਕ ਹੈ, ਜਿਸ ਬਿਨਾ: ਮਿਥਿਆ ਅਨੁਭਵ ਤੇ ਤਰਕ ਸਿੱਧ ਨਹੀਂ ਹੋ ਸਕਦਾ,ਜੋ ਸਦਾ ਅਧਿਸ਼ਠਾਨ ਅਭੇਦ ਅਛੇਦ ਇਕ ਯਥਾਰਥ ਸਤਿ'ਚ ਪ੍ਰਤੀਤ ਹੈ ਤੇ ਗੁਰੁਬਾਣੀ ਲੱਖਣ, ਆਦਿ ਸਚੁ,ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀਭੀ ਸਚੁ॥ ਵਿਸ਼ੂਮੁਖ ਦਇਰਾ ਅਧਿਸ਼ਠਾਨ ਨਿੱਤ ਸਤਿ ਤਰਕ ਪਰਿਭਾਸ਼ਿਤ ਸੰਕੇਤਿਤ ਹੈ:"ਪ੍ਰਭੁ ਨੇੜੈ ਹਰਿ-ਦੂਰਿ ਨ ਜਾਣਹੁ: ਏਕੋ ਸ੍ਰਿਸਟਿ ਸਬਾਈ॥ ਏਕੰਕਾਰੁ ਅਵਰੁ ਨਹੀ ਦੂਜਾ

Sri Satguru Jagjit Singh Ji eLibrary NamdhariElibrary@gmail.com

ਨਾਨਕ ਏਕੁ ਸਮਾਈ ॥ ਸ.152 ਇਸ ਵਿੱਚ:'ਏਕੋ ਸ੍ਰਿਸਟਿ ਸਬਾਈ' ਅਰਥਾਤ ਵਿਸ਼੍ਵ ਵਿਆਪਕ ੴ-ਏਕੰਕਾਰ.'। ਅਧਿਸ਼ਠਾਨ ਸਤਿ ਵਿਸ਼੍ਵ ਤੋਂ ਸਵਾਈ 1¼ (Transcend) ਹੈ ॥ ਇਹ 1¼ ਸਿੱਧਾਂਤ ਵੇਦ ਦਰਸ਼ਨਕਾਰ ਨੇ ਦ੍ਰਿਸ਼ਟੀ-ਸ੍ਰਿਸ਼ਟੀ ਵਾਦ ((Transcendent Divine Doctrine) ਨਾਮ ਕਹਿਕੇ ਸੰਬੋਧਨ ਕੀਤਾ ਹੈ॥ ਯਾਦ ਰਹੇ, ਸਾਰੇ ਜੀਵ ਜਨਮਾਂ ਤੋਂ ਦੂਜੇ ਭਾਉ ਵਿਚਾਰ ਕਾਰਣ ਸਮਦੇ ਅਗਿਆਨੀ ਹਨ। ਓਨ੍ਹਾਂ ਨੂੰ ਇਹ ਸੰਸਾਰ ਝੂਠਾ/ਮਿਥਿਆ ਹੋਣ ਦੀ ਅਸਲੀਅਤ ਦਾ ਪਤਾ ਨਹੀ.ਸ਼੍ਰੀਗੁਰੂ ਕਹੇ ਬਚਨਾਂ ਅਨੁਸਾਰ ਐਸਾ ਪ੍ਰਤੀਤ ਹੁੰਦਾ ਹੈ:- ਮਿਥਿਆ ਵਸਤੁ ਸਤਿ ਕਰਿ ਮਾਨੀ॥ ਹਿਤੁ ਲਾਇਓ ਸਠ ਮੂੜ ਅਗਿਆਨੀ॥ ਜਗਤ ਨੂੰ 'ਸਤ' ਮੰਨੀਂ ਜਾਂਦੇ ਹਨ ਪਰ ਅਸਲ ਵਿੱਚ 'ਸਤਿ' ਲਖਣ ਦਾ ਬਿਲਕੁਲ ਬੋਧ ਨਹੀਂ॥ ਇਹ ਗ਼ਲਤੀ ਸਾਰੇ ਜੀਵਾਂ ਨੂੰ ਪਿਛੇ ਲਿਖੇ ਗੁਫਾ ਦ੍ਰਿਸ਼ਟਾਂਤ ਅਨੁਸਾਰ ਸਿਖੇ ਹੀ ਸਮਝ ਆਂਦੀ ਹੈ, ਫੇਰ ਹੀ ਗੁਰੁਬਾਣੀ ਸਮਝਾਏ "ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ॥ ਸਚਿ ਨ ਧਰੇ ਪਿਆਰੁ ਧੰਧੈ ਧਾਈਐ॥ ਦੁਜੈ ਭਾਇ ਕੋ ਨਾ ਮਿਲੈ,ਫਿਰਿ ਫਿਰਿ ਆਵੈ ਜਾਇ॥ ਸਭਮਹਿ ਇਕੁ ਵਰਤਦਾ,ਏਕੋ ਰਹਿਆ ਸਮਾਇ; ਨਿਰੰਕਾਰੁ ਅਛਲ ਅਡੋਲੋ॥ ਜੋਤਿ ਸਰੂਪੀ ਸਭੁਜਗੁ ਮਉਲੋ॥ ਸੋਮਿਲੈ:ਜਿਸੁ ਆਪਿ ਮਿਲਾਏ: ਆਪਹੁ ਕੋਇ ਨ ਪਾਵੈਗਾ ਅਤੇ "ਸਚਾ ਸਾਹਿਬੁ ਸਚੀ ਵਡਿਆਈ॥ ਗੁਰਪਰਸਾਦੀ ਵਿਰਲੈ ਪਾਈ॥ ਨਾਨਕੁ ਏਕ ਕਹੈ ਬੇਨੰਤੀ,ਨਾਮੇ ਨਾਮਿ ਸਮਾਇਆ"ਸ.153 ਫੇਰ ਹੀ ਸਮਝ ਔਂਦੀ ਹੈ॥

ਸਾਵਧਾਨ:- ਹੁਣ ਪਛਮੀ ਭੌਤਿਕ ਵਿਦਿਆ ਅਮਲੀ ਯੰਤ੍ਰ ਤਰੀਕੇ (scientific industrial advancement) ਰਾਹੀਂ ਸਾਰੀ ਪ੍ਰਿਥਵੀ ਉਤੇ ਮੋਟਰ, ਸਮੁੰਦ/ਹਵਾਈ, ਆਦਿ ਅਤਿ ਤੇਜ਼ ਆਮਦ-ਰਫਤਾਂ ਜੰਤ੍ਰਾਂ ਕਾਰੁਣ ਦੁਨੀਆਦੇ ਹਰੇਕ ਪੜਾ ਤੇ ਚੌਬੀਸ ਘੰਟੇ ਅੰਦਰ ਪਹੁੰਚ ਸਕਦੀ ਹੈ। ਇਸ ਕਾਰਣ ਪੱਛਮੀ ਭੋਤਿਕ ਵਾਦ ਦਾ ਬੋਲਬਾਲਾ ਹੈ॥ ਪਰ ਇਨ੍ਹਾਂ ਭੋਤਿਕ ਪੱਖਾਂ ਇਲਾਵਾ ਪੱਛਮੀ ਸੰਸਕ੍ਰਿਤੀ (Occident/West's Culture) ਵਿੱਚ ਪਰਮਾਰਥਕ ਸੱਤ(ਸਤਿ) ਸ਼ਬਦ ਉਲਟ ਕੋਈ ਸ਼ਬਦ ਨਹੀਂ॥ ਪੱਛਮੀ ਬੁਧੀਮਾਨਾਂ ਦੀ 500 ਸਾਲਾਂ ਪਹਿਲਾ ਐਨੀ ਡੂੰਘੀ ਸੋਚ, ਤੇ ਵਿਚਾਰ ਨਹੀਂ ਸੀ ਕਿਉਂਕਿ ਪੁਰਾਣੀ ਪੱਛਮੀ ਸੰਸਕ੍ਰਿਤੀ ਦਾ ਆਧਾਰ ਯੂਨਾਨੀ ਸੰਸਕ੍ਰਿਤੀ ਪ੍ਰਸਿਧ ਵਿਦ੍ਵਾਨ ਸੁਕਰਾਤ ਤੋਂ ਸ਼ੁਰੂ ਹੋਈ ਮਨਦੇ ਹਨ। ਉਸਦਾ ਚੇਲਾ ਅਫਲਾਤੂਨ ਫਿਰ ਅਰਸਤੂ (ਦਸਮ ਸ਼੍ਰੀ ਜਗਦਗੁਰੂ ਜੀਵੀ ਵੇਰਵਾ ਦਿਤਾ ਹੈ) ਚੇਲੇ ਦੀ ਲੜੀ ਅੱਜ ਤਕ ਚਲੀ ਰਹੀਹੈ॥ ਪਹਿਲੋ ਪਹਿਲ (ਈਸਾ ਤੋਂ ਪਹਿਲਾਂ) ਯੂਨਾਨੀ ਧਰਮ ਵਿਵਹਾਰਿਕ ਸਿਸ਼ਟਾਚਾਰ ਵਿਧਾਨ, ਅਤੇ ਮਨੋਵਿਗਿਆਨਿ ਆਦਿ ਅਨੇਕ ਭੋਤਕ ਵਿਦਿਆਵਾਂ ਦੀਆਂ ਲੋੜਾਂ ਅਨੁਸਾਰ ਗ੍ਰੰਥ ਲਿਖੇ, ਰਚੇ; ਜਿਨ੍ਹਾ'ਚ ਅਧਿਆਤਮਿਕ ਅਨੇਕ ਸ਼ਬਦ ਘੜੇ, ਜੋ ਹੁਣ ਤਕ ਪ੍ਰਸਿੱਧ ਹਨ॥ ਯੂਨਾਨੀ ਬਾਦਸ਼ਾਹ ਸਿਕੰਦਰ ਦੇ ਦਰਬਾਰ ਵਿੱਚ ਭਾਰਤ ਵਿੱਚ ਬਹਤ ਧਨ ਸੰਪਤੀ, ਅਤੇ ਤਾਰਕਿਕ ਅਧਿਆਤਮ ਆਦਿ ਅਨੇਕ ਸਾਹਿਤ ਵਿਸ਼ਿਆਂ ਦੀ ਅਤਿ ਪ੍ਰਸਿੱਧ ਪ੍ਰਸੰਸਾ ਪਹੁੰਚੀ ਸੀ ਜਿਸ ਕਾਰਣ ਉਸਦਾ ਉਸਤਾਦ ਅਰਸਤੂ ਭਾਰਤ ਦੀ ਬਰਸੋਂ ਪੁਰਾਣੀ ਸੰਸਕ੍ਰਿਤੀ ਤੋਂ ਬਹੁਤ

---

152. ਪੁਨ੍ਹ.ਓ. ਮ:੧.ਪੰ.੪੯੮:੧੫। ਅ. ਪੰ.੧੪੨੯:੨ । ਏ.ਪੰ. ੧੨੩੬:੩।ਸ.ਪੰ.੧:੩;੨੮੫:੫। ਹ.ਪੰ.੯੩੦:੧੦॥ ਆਦਿ॥

153. ਪੁਨ੍ਹ. ਓ.ਪੰ.੧੪੭:੧੫। ਅ.ਪੰ.੨੭:੫ । ਏ.ਪੰ.੧੦੮੩:੩ । ਸ.ਪੰ.੧੦੬੮:੧ ; ੧੮੬:੧੬; ੨੫੯:੧੯;੭੪੨:੨;੮੯੬: ੪;੧੩੨੯:੫॥ ਆਦਿ

Sri Satguru Jagjit Singh Ji eLibrary NamdhariElibrary@gmail.com

ਪ੍ਰਭਾਵਤ ਸੀ॥ ਓਹੀ ਯੁਨਾਨੀ ਵਿਦਿਆ ਪੀਠ ਪ੍ਰਨਾਲੀ ਸਾਰੇ ਯੋਰਪਿਨ ਪੀਠਾਂ ਸਾਇੰਸ ਵਿਦਿਆ-ਕਲਾ ਪ੍ਰਵਿਰਤ ਇਸ ਵੇਲੇ ਅਧਾਰਸਿਲਾ ਵਿਸ਼੍ਵਪ੍ਰਸਿਧ ਹਨ॥ ਉਸ ਦੋ ਹਜ਼ਾਰ ਸਾਲ ਪੁਰਾਣੀ ਯੋਰਪੀਅਨ ਪ੍ਰਣਾਲੀ ਦਾ ਪ੍ਰਸਿੱਧ ਪਹਿਲਾ ਅੰਗ੍ਰੇਜ਼ ਤਾਰਕਿਕ ਇਮੈਨਯੁਲ ਕਾਂਟ(1724-1804) ਹੋਇਆ। ਉਸਦੇ ਬੁਢੇ ਕਾਲ ਯੋਰਪੀਨ ਸ਼ੋਫਨਹੁਅਰ(1788-1860) ਹੋਇਆ॥ ਓਨ੍ਹਾਂ ਦੋਨੋਆਂ ਨੇ ਕੁਛ ਭਾਰਤ ਅਧਿਆਤਮ ਸਾਹਿਤ ਸੁਣਿਆ, ਤੇ ਉਲਥੇ ਪੜ੍ਹੇ ਸਨ, ਜਿਸ ਕਾਰਣ ਦੋਨੋਆਂ ਦੇ ਮਾਨਸਿਕ ਦ੍ਰਿਸ਼ਟੀਕੋਣਾਂ ਉਤੇ ਕਾਫੀ ਪ੍ਰਭਾਵ ਪਇਆ॥ ਭਾਰਤੀ ਸੰਸਾਰ ਸੰਬੰਧੀ ਵੈਰਾਗ ਸ਼ਬਦ ਪੜ੍ਹਕੇ ਦੋਹਾਂ ਦੇ ਮਨ ਪ੍ਰਭਾਵਿਤ ਹੋਏ॥ ਉਨ੍ਹਾਂ ਪੁਰਾਣੇ ਯੋਰਪੀਯਨ ਸ਼ਬਦਾਂ ਅੰਦਰ ਤਾਰਕਿਕਾਂ ਲਈ ਕਈ ਆਪਣੀ ਕਦੀਮੀ ਦ੍ਰਿਸ਼ਟੀ ਤੋਂ ਵੱਖ ਜਗਤ ਬਾਰੇ ਨਵੇਂ ਸ਼ਬਦ ਘੜੇ॥ ਦੋਹਾਂ ਭਾਰਤੀ ਤਰਕ ਰਾਹੀਂ ਸਮਝਿਆ ਕਿ ਵਾਕਿਆ ਜਗਤ "ਸੱਚਾ" ਪ੍ਰਚਲਿਤ ਪੱਖ ਨਹੀ ਸੀ- ਮਿਥਿਆ ਹੈ; ਇਸੇ ਲਈਂ ਇਲਯੂਜ਼ਨ, ਫਿਨੋਮਿਨੋਨ ਆਦਿ ਅਨੇਕ ਮਨੋਵਿਗਿਆਨਕ ਸ਼ਬਦਿ ਰਚ, ਸਾਇੰਸਦਾਨਾਂ ਨੂੰ ਜਤਾਏ ਪਰ ਧਿਆਨ ਰਹੇ ਓਦੋਂ ਯੋਰਪੀਨ ਅਨੇਕ ਇਸਾਈ ਰਾਜ ਦਿਗ ਵਿਜੈ ਦੇਸ਼(Crusading Countries):- ਫਰਾਂਸ, ਸਪੇਨ, ਅਤੇ ਸਭ ਤੋਂ ਅੱਗੇ ਬ੍ਰਿਟਿਸ਼ ਅੰਗ੍ਰੇਜ਼ਾਂ ਨੇ ਦੁਨੀਆਂ ਅੰਦਰ ਮਹਾਨ ਸਲਤਨਤ ਕੈਮ ਕੀਤੀ॥

ਯੋਰਪੀਅਨ ਅੰਗ੍ਰੇਜ਼ੀ ਸੰਸਕ੍ਰਿਤੀ ਇਸਾਈ ਸੰਪ੍ਰਦਾਇ ਮਿਸ਼੍ਰਿਤ (mixed denominations) ਧਰਮ ਨੇਮਾਂ ਅਧਾਰਤ ਸਾਇੰਸ ਵਿਦ੍ਵਾਨਾਂ ਨੇ ਪੁਰਾਣੇ ਯੋਰਪਿਨ ਯੁਨਾਨੀ ਅਤੇ ਇਟੇਲੀਅਨ(Rome: ਤੁਰਕੀ ਰੂਮ ਨਹੀਂ) ਆਧਾਰ ਸੰਸਕ੍ਰਿਤੀ ਦਾ ਮਹਾਨ ਸਾਹਿਤ ਭੰਡਾਰ ਦਾ ਉਲਥਾ ਕਈ ਯੋਰਪਿਅਨ ਬੋਲੀਆਂ ਵਿੱਚ ਰਾਜਾਂ ਨੇ ਕਰਾਯਾ॥ ਤਦੋਂ ਇਸਾਈ ਧਰਮ ਜ਼ੋਰ ਕਾਰਣ ਪੁਰਾਣੇ ਯਹੂਦੀ-ਇਸਾਈ ਸਾਹਿਤ ਬਲ ਹੋਣ ਕਾਰਣ, ਸਾਇੰਸਦਾਨਾਂ ਘੜੇ ਸ਼ਬਦਾਂ ਅਲਹਿਦਾ ਹੋਰ ਤਤਸਮ ਵਲੈਤੀ ਸਬਦ ਅਰਥਾਂ ਨਾਲ ਘੜ ਲਏ॥ ਪਹਿਲੀ ਅੰਗ੍ਰੇਜ਼ੀ ਇੰਜੀਲ ਬ੍ਰਿਟਿਸ਼ ਬਾਦਸ਼ਾਹ ਜੇਮਜ਼ ਪਹਿਲੇ (1) ਨੇ 1604-1615 ਈਸ੍ਵੀ ਵੇਲੇ ਤਿੰਨ ਵਿਦਿਆ ਪੀਠ: ਵੈਸਟਮਿਨਸਟਰ, ਕੇਂਬ੍ਰਿਜ, ਔਕਸਫੋਰਡ ਯੂਨਿਵਰਸਟੀਆਂ ਦੇ ਪੁਰਾਣੇ ਤੇ ਨਵੇ ਦੋ ਭਾਗ ਦੀਆਂ (ਛੋਟੀਆਂ ਕਿਤਾਬਾਂ ਸਮੂਹ) ਯੋਰਪੀਅਨ ਦੱਖਨ-ਪੂਰਵ ਬੋਲੀਆਂ ਦੇ ਮੂਲ ਗ੍ਰੰਥਾਂ ਦੀਆਂ ਅਨੇਕ ਬੋਲੀਆਂ ਵਿਚ ਉਲਥੇ ਕੀਤੇ, ਜਥਾ ਮੂਲ : ਇਰਮਾਨੀ ਯੁਨਾਨੀ, ਲੈਟਿਨ ਵਿੱਚ ਇਸਾਈ ਧਰਮ ਮਹਾਗਿਰਜੇ ਦੇ ਮਹਾ-ਪੁਜਾਰੀ ਪੋਪ ਨੇ ਸ਼ਾਸਤ੍ਰੀ ਕਰਣ(canonization) ਕਰ ਓਨ੍ਹਾਂ ਰਾਜੇਆਂ ਨੇ ਅਪਣੇ ਅਨੇਕ ਭਾਖਾ 'ਚ ਉਲਥੇ ਕਰਾਏ ਪਰ ਧਿਆਨ ਰਹੇ, ਐਸੇ ਯੋਰਪੀਅਨ ਸਾਇੰਸਦਾਨਾ ਜੋ ਘੜੇ ਸਨ, ਓਨ੍ਹਾਂ ਸਬਦਾਂ ਅਰਥਾਂ ਦੀ ਲੋੜ ਹੁੰਦੇ ਹੋਏ ਵੀ ਨਾ ਅਪਨਾਏ॥ ਕਾਰਣ ਕਿ, ਯੋਰਪ ਵਿੱਚ ਇਸਾਈ ਧਰਮੀ, ਯਹੂਦੀ (ਮੂਸਾਈ) ਕਰਮ ਕਾਂਡ (Dogma) ਆਧਾਰ ਪ੍ਰਧਾਨ ਵਿਚਾਰਧਾਰਾ ਅੱਜ ਦੀ ਤਰ੍ਹਾਂ ਸੀ। ਉਸ ਵੇਲੇ ਕਰੀਬਨ ਸਾਰੇ ਯੋਰਪ ਦੇ ਰਾਜ ਦਰਬਾਰ ਇਸਾਈ ਬਣ ਚੁਕੇ ਸਨ। ਉਸ ਦੇ ਰਾਜ ਜ਼ੋਰ ਡਰ ਕਾਰਣ ਇਨ੍ਹਾਂ ਸਾਇੰਸਦਾਨਾ ਦੇ ਘੜੇ ਸ਼ਬਦ ਉਸ ਵੇਲੇ ਪ੍ਰਸਿਧ ਨਾ ਹੋਇ ਬਲਕੇ ਇਸਾਈ ਆਗੂਆਂ ਦੇ ਸ਼ਬਦਾਂ ਤੋਂ ਅਲਹਿਦਾ ਸ਼ਬਦ ਜੋਂ 3,000 ਸਾਲ ਪੁਰਾਣੇ ਧਰਮ ਆਧਾਰਤ ਦੋ ਕਤੇਬਾਂ: 1.ਤੌਰੇਤ, ਪਿੱਛੋਂ 2.ਜ਼ੰਬੂਰ ਤੇ 3.ਇੰਜੀਲ ਦੋ ਕਿਤਾਬਾਂ 'ਚ ਲਿਖੇ ਪੁਰਾਣੇ ਸਮਕਾਲੀ ਯੁਨਾਨੀ ਧਰਮ ਆਧਾਰ ਨਜ਼ਾਯ(ਤਰਕ) ਸ਼ਬਦਾਂ ਪ੍ਰਯੋਗ ਹਦਾਇਤਾਂ ਕਾਰਣ, ਇਸਾਈਆਂ ਨੇ ਪ੍ਰਧਾਨ ਗਿਰਜੇ ਰੋਮ 'ਚ ਥਾਪੇ ਕਰਮ-ਕਾਂਡ ਅਨੁਸਾਰ ਉਨ੍ਹਾਂ ਦੇ ਸ਼ਬਦ ਬਰਤਨੇ

Sri Satguru Jagjit Singh Ji eLibrary NamdhariElibrary@gmail.com

ਠੀਕ ਨਾ ਸਮਝੇ[ਅ-ਏ.154] ਅਤੇ ਆਪਣੇ ਇਸਾਈ ਧਰਮ ਲਈ ਅਲਹਿਦਾ ਵਲੈਤੀ ਹੋਰ ਹੀ ਸ਼ਬਦਾਵਲੀ ਘੜੀ॥ ਇਸ ਤਰ੍ਹਾਂ ਪੰਦ੍ਰਹਵੀ, ਸੋਲਵੀ ਸਦੀ ਆਰੰਭ 'ਚ, ਇਸਾਈ ਰਾਜਾਂ ਨੇ ਸਾਰੀ ਦੁਨੀਆਂ ਦੇ ਹੋਰ ਧਰਮ ਗ੍ਰੰਥਾਂ ਦੇ ਉਲਥੇ ਆਰੰਭੇ ਅਤੇ ਆਪਣੇ ਵੱਖਰੇ ਸ਼ਬਦ ਘੜੇ ਪਰ ਪੁਰਾਣੇ ਕਾਲੀ ਧਰਮ ਗ੍ਰੰਥਾਂ ਦੇ ਅੱਜ ਤਕ ਓਹੀ ਗਲਤ ਸ਼ਬਦ ਉਲਥੇ ਲਈ ਵਰਤਦੇ ਹਨ ਅਤੇ ਜੋ ਕਾਂਟ, ਸ਼ੋਫਨਹਾਯਰ ਆਦਿਆਂ ਸਾਇੰਸ ਅਧਾਰ ਸ਼ਬਦ ਠੀਕ ਰਚੇ--ਕਦੇ ਨਹੀਂ ਵਰਤੇ॥ ਇਹ ਤਾਂ ਹੁਣ ਤਕ ਪ੍ਰਸਿੱਧ ਹੀ ਹੈ:- ਭਾਰਤੀ : ਨਕਲ ਉਤਾਰਣ ਨੂੰ ਤਾਂ ਬਹੁਤ ਚਤੁਰ ਹਨ, ਅਤੇ ਪੰਜਾਬੀ ਗੁਰੁਸਿੱਖ ਓਨ੍ਹਾਂ ਤੋਂ ਕੋਈ ਵਖਰੇ ਨਹੀਂ॥ ਉਨੀਵੀਂ ਸਦੀ 'ਚ ਬਿਨਾ ਜਾਣੇ, ਸੋਚੇ ਸਮਝੇ-ਇਸਾਈ ਅੰਗ੍ਰੇਜ਼ਾਂ ਦੀ ਨਕਲ ਅਰਥ ਰਹੱਸ ਬਿਨਾ ਜਾਣੇ ਤਿਨੋਂ ਕਤੇਬ ਯੋਰਪੀਅਨ ਬੋਲੀਆਂ 'ਚ ਉਲਥੇ ਕਰ ਭਾਰਤੀ ਹਿੰਦੂ,ਜੈਨ,ਬੋਧ ਤੇ ਸ਼੍ਰੀ ਗੁਰੁਬਾਂਣੀ ਦੇ ਅੰਗ੍ਰੇਜ਼ੀ ਉਲਥਾਕਾਰਾਂ ਦੀ ਨਕਲ, ਅਤੇ ਸਿੱਧਾਂਤਿਕ ਦ੍ਵੈਤ ਵਾਦ ਇਕਦੇਸ਼ੀ ਇਸ਼ਟ ੧ਓ ਮੰਨ ਕੇ ਬਿਲਕੁਲ ਗਲਤ ਅਰਥ ਹੁਣ ਵੀ ਨਕਲੋ ਨਕਲੀ ਕਰੀ ਜਾ ਰਹੇ ਹਨ,ਦੇਖੋ ਗੁਰੁਬਾਣੀ: ਦੇਖਾਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥ ਜਿਨ ਗੁਰਮੁਖਿ ਹਿਰਦਾ ਸੁਧੁਹੈ,ਸੇਵ ਪਈ ਤਿਨ ਥਾਇ॥ [155]

ਪ੍ਰਸ਼ਨ:-19ਵੀ ਸਦੀ ਅੰਗ੍ਰੇਜ਼ ਭਾਰਤ ਰਾਜ 'ਚ ਦੇਸੀ, ਤੇ ਖਾਸਕਰ ਗੁਰੁਸਿੱਖ ਧਰਮ ਪ੍ਰਚਾਰਕਾਂ ਉਲਥੇਆਂ ਤੇ ਕੀ ਪ੍ਰਭਾਵ ਪਇਆ?

ਉਤਰ:-16ਵੀਂ ਸਦੀ ਪੱਛਮ ਭੌਤਿਕ ਇਸਾਈ ਇਕ ਦੇਸ਼ੀ ਆਧਿਦੈਵ ਦੂਜੇ ਭਾਉ (ਦ੍ਵੈਤ ਵਾਦ) ਇੱਕ ਇਸ਼ਟ (Monotheism) ਪਰਿਭਾਖਾ ਦਾ ਜ਼ੋਰ ਪਇਆ,ਅਤੇ ਮੁਢੋਂ ਭੌਤਕ ਵਾਦੀ ਤਾਰਕਿਕ (Materialist *Gnostic*(Phil)Scientist) ਭਾਰਤੀ ਧਰਮ ਇਸਾਈ ਮਤੀ ਸ਼ਬਦਾਂ ਅਨੁਸਾਰ ਮੁੱਖ ਦੇਸੀ ਸਾਰੇ ਧਰਮ ਗ੍ਰੰਥ ਉਲਥੇ ਕਰਾਏ ਪਰ ਯੋਰਪੀਅਨ ਫਿਲੋਸੋਫਰ ਕਾਂਟ, ਸ਼ੋਫਨਹਾਯਰ ਆਦਿ ਰਚੇ ਪਰਿਭਾਸ਼ਿਕ ਠੀਕ ਸ਼ਬਦ ਦੇਸੀ ਧਰਮ ਗ੍ਰੰਥ ਉਲਥੇ ਲਈਂ ਨਹੀਂ ਬਰਤੇ

---

154. ੳ. ਤੌਰੇਤ OT:Genesis:XI:6-9. ;OT.Exodus:VI. 3.Exodus:XX.1(TEN COMMANDMENTS) 17:-5.Though shalt not bow down thyself to them, nor serve them:for I the Lord thy God am (YAHWEH)a jealous God,visiting the iniquity of the fathers upon the fourth generation of them that hate me" ਅਤੇ "Ibid: NT. Gospel: St. Matthew :XI(Lord Jesus continued):-

"33.But whosoever shall deny me before men,him will I also deny before my Father which is in heaven ...

34. Think not that I am come to send peace on earth: I come not to send peace, but a sword.

35.For I am come to set a man at variance against his father, and the daughter against her mother, and the daughter in law against her mother in law. 36.And a man's foes shall be they of his own household" ਕੀ ਐਸਾ ਮੋਨੋਥੀਇਸਮ ਗੁਰੁ ਧਰਮ ਸਿਧਾਂਤ ਹੈ? e. ਪੁਨ੍ਹ ਇੰਜੀਲ.:Holy Bible NT.s) *Acts*:17:18-23.h) *Ibid.Apistle St.Paul to the Colossians* :- "II:8:Beware lest any man spoil you through Gnosis (tr. PHILOSOPHY: *Skt:* Indo-Greco-Roman) and vain deceit,after the tradition of men, after the sacraments of the world, and not after Christ."

155. ਸ਼੍ਰੀਗੁਗ੍ਰੰਜੀ.ਪੰਨੇ. ੨੮:੪; ੧੮੫:੧੬; ੫੨੮:੪; ੧੩੭੧:੧੪, ਆਦਿ ॥

Sri Satguru Jagjit Singh Ji eLibrary NamdhariElibrary@gmail.com

ਬਲਕਿ ਉਨ੍ਹਾਂ ਲਈ ਇਸਾਈ ਮਤ ਪ੍ਰਚਾਰਕਾਂ ਨੇ ਹੋਰ ਹੀ ਸ਼ਬਦ ਬਰਤੇ: ਬੇਸ਼ਕ ਵਿਸ਼ੇ ਸਾਰੇ ਓਹੀ ਹਨ, ਪਰ ਓਹੀ ਵਿਸ਼ਿਆਂ ਦੇ ਹੋਰ ਇੰਡੋ-ਯੋਰਪਿਅਨ ਲਫਜ਼ ਬਰਤ ਸੁਰਗ=ਹੈਵਨ, ਪਰੀਆਂ=ਏਂਜਲਜ਼, ਰਿਸ਼ੀ=ਸੀਅਰ, ਪੈਗੰਬਰ=ਪ੍ਰੋਫਿਟ, ਭਗਤ/ਸ਼ਿਸ਼ਜ = ਅਪੋਸਲ/ਡਿਵੋਟੀ, ਗਿਆਨੀ=ਰੈਬਾਈ/ਮਾਸਟਰ (Rabbi,Master), ਗੁਰਦ੍ਵਾਰੇ/ ਫੌਜੀ ਗਿਆਨੀ=ਚੈਪਲੇਨ, ਕਰਮ ਕਾਂਡ=ਰਿੱਚਯੁਲ, ਡੋਗਮਾ, ਅਧਿਆਤਮ ਕਰਮ=ਸੈਕ੍ਰਮਿੰਟ, ਮਿਥਿਆ ਲਈ ਇਲਯੂਜ਼ਨ ਅਰਥ ਕੀਤਾ--ਨਾਕਿ ਫਿਨੋਮਿਨੋਨ ਅਧਿਸ਼ਠਾਨ ਬ੍ਰਹਮ ਲਈਂ ਨੌਮੋਨੋਨ ਆਦਿ ਨਹੀ ਬਰਤੇ ਬਲਕਿ ਐਸੇ ਸਿਰਲੇਖਾਂ ਹੇਠ ਓਨ੍ਹਾਂ ਵਿਸ਼ਿਆਂ ਦੇ ਹੋਰ ਹੀ ਨਾਮ ਰਖ--ਮਿਥਿਆ/ਝੂਠ ਸ਼ਬਦ:ਮਿਥ, ਪੁਰਾਣਿਕ ਇਤਿਹਾਸ ਤਰ੍ਹਾਂ ਸ਼੍ਰੀਗੁਰੂਜੀਦੀ ਜਨਮ ਸਾਖੀਆਂ ਹੇਗਿਓਗ੍ਰਾਫੀ ਦੀ ਥਾਂ ਮੈਥਾਲੋਜੀ ਆਦਿ ਗਲ਼ਤ ਸਬਦ ਅਰਥ ਪ੍ਰਚਲਿਤ ਕੀਤੇ। ਤਦੋਂ ਈਸ੍ਵੀ 1860-1910 ਤੋਂ ਦੇਖਾ ਦੇਖੀ ਸਿੱਖ, ਹਿੰਦੂ ਲੇਖਕ ਬਰਤਨ ਲਗ ਪਏ ਹਨ॥

ਈਸ੍ਵੀ 1857-8 'ਚ ਬਰਤਾਨਵੀ ਗੋਰਮਿੰਟ ਲੰਡਨ ਨੇ ਪੂਰਵੀ ਭਾਰਤੀ ਕੰਪਨੀ ਮਨਸੂਖ ਕਰ, ਸਾਥ ਹੀ ਪੂਰੇ ਭਾਰਤ ਦ੍ਵੀਪਤੇ ਅਖੰਡ ਰਾਜ(Paramountcy) ਇਲਾਨ ਕੀਤੀ॥ [ਅ.156] ਸਭ ਤੋਂ ਪਹਲਾਂ ਭਾਰਤੀ ਅੰਗ੍ਰੇਜ਼ ਗੋਰਮਿੰਟ ਨੇ ਪ੍ਰੋਫੈਸਰ ਫ੍ਰਿਡਰਿਕ ਮੈਕਸਮੂਲਰ (1823-1900) ਹੇਠ ਸਮਗ ਪੁਰਾਣਾ ਭਾਰਤੀ ਸਾਰੇ ਸਾਹਿਤ ਨੂੰ ਪੁਰਾਣੇ ਯੁਨਾਨੀ ਸਾਹਿਤਕਾਰੀ ਉਲਥੇ ਦੀ ਨੀਵ ਰੱਖੀ॥ ਉਸ ਕੰਮ ਲਈ ਨਵੇਂ ਘੜੇ ਇੰਡੋ-ਯੋਰਪੀਯਨ ਸ਼ਬਦਾਂ ਵਿੱਚ ਉਲਥੇਆਂ ਲਈ ਪੰਜ 'ਕ ਦਰਜਨ ਲਗਭਗ ਯੋਰਪੀਅਨ ਸੰਸਕ੍ਰਿਤ ਭਾਸ਼ਾ ਵਿਦਵਾਨ ਰਖੇ ਕਿ ਇਸਾਈ ਅੰਗ੍ਰੇਜ਼ੀ ਧਰਮ ਨਿਖੇਧੀ ਸਬਦ ਰਾਹੀਂ ਭਾਰਤੀ ਮੁੱਖ ਧਰਮ ਗ੍ਰੰਥ ਸਹਿਤ ਉਲਥੇ ਇਦੰਤਾ ਕਰਕੇ ਕਰਾਏ॥ ਅੰਗ੍ਰੇਜ਼ ਰਾਜ ਦਬਾ ਕਰਕੇ ਕੌਣ ਬੋਲੇ? ਉਨ੍ਹਾਂ ਦੀ ਗਲਤ ਚਾਲ ਦੁਨੀਆਂ ਭਰ ਦੇ ਅੰਗ੍ਰੇਜ਼ੀ ਰਾਜ 'ਚ ਫੈਲਨ ਕਰਕੇ ਯੋਰਪੀਅਨ, ਅਮਰੀਕਨ ਤੇ ਦੇਸੀ ਭਾਰਤੀ ਹਿੰਦੂ, ਮੁਸਲਮਾਨ, ਗੁਰਸਿਖ ਲੇਖਕ ਹੁਣ ਤਕ ਅੰਗ੍ਰੇਜ਼ੀ ਵਿੱਚ ਸੌ ਸਾਲਾਂ ਤੋਂ ਕਰੀ ਜਾ ਰਹੇ ਹਨ, ਐਥੇ ਬਸ ਨਹੀ: ਵੈਸੇ ਦੇਸੀ ਮੂਲ ਸਬਦ ਤਾਂ ਲਿਖਦੇ ਹਨ ਪਰ ਸਾਰੇ ਅੰਗ੍ਰਜ਼ੀ ਉਲਥੇ ਭਾਖਾ ਤੇ ਰੂਹਾਨੀ ਅਰਥਾਂ ਕਰਕੇ ਗਲਤ ਚਲ ਰਹੇ ਹਨ, ਜੋ ਪਿਛੇ ਲਿਖ ਆਏ ਹਾਂ, ਮਸਲਨ:-

1. ਸੰਸਕ੍ਰਿਤ ਮਿਥਿਆ ਸ਼ਬਦ ਅਧਾਰ ਘੜਿਆ ਮਿਥ (myth):-ਦੇਵ, ਸੰਤ ਕਰਮ ਕ੍ਰਿਤ ਇਤਿਹਾਸ ਲਈ ਬਰਤੇ। ਅੰਗ੍ਰੇਜ਼ੀ ਵਿੱਚ ਮਿਥ ਦਾ ਅਰਥ: ਅਸੰਭਵ ਹੋਂਦ, ਨਾ-ਸਤਿ, ਨਾ-ਹੱਕ, ਸ਼ੂੰਨ ਆਦਿ ਹੈ : ਜੋ ਦੇਸੀ ਤਤਸਮ ਅਰਥ ਬਿਲਕੁਲ ਨਹੀਂ।

---

156. ੳ.ਭਾ: ਗੁਰਦਾਸ ਵਾਰ1।੨੦।੭:-"ਕਾਫਰ ਮੁਲਹਦ ਇਰਮਨੀ ਰੂੰਮੀ ਜੰਗੀ...।ਪਾਪੇ ਦਾ ਵਰਤਿਆ ਵਰਤਾਰਾ ॥੭।੨੦।੧"

ਅ. NOTE:- Indian Guru-Sikhs should know of the speach of Lord Macaulay on Feb 2,1835, in British Parliament state in writing:-
"I have travelled across the length and breadth of India and I have not seen one person who is a beggar, who is a thief. Such wealth I have seen in this country, such high moral values, people of such caliber, that I do not think we would ever conquer this country, unless we break the very backbone of this nation, which is her spiritual and cultural heritage, and, therefore, I propose that we replace her old and ancient education system, her culture, for if the Indians think that all that is foreign and English is good and greater than their own, they will lose their self-esteem, their native self-culture and they will become what we want them to be a truly dominated nation."

Sri Satguru Jagjit Singh Ji eLibrary NamdhariElibrary@gmail.com

2. ਦੇਸੀ ਮਿਥਿਹਾਸ ਅੰਗ੍ਰੇਜ਼ੀ ਗ਼ਲਤ ਮਨਘੜ ਸ਼ਬਦ ਹੈ, ਜੋ ਉਨ੍ਹਾਂ ਨੇ ਪਹਿਲਾਂ ਯੂਨਾਨੀ ਸਹਿਤ 'ਚ ਬਰਤੇ ॥

3. ਯੂਨਾਨੀਆਂ ਜਹੀਆਂ ਕਹਾਂਣੀਆਂ ਅੰਗ੍ਰੇਜ਼ਾਂ ਨੇ ਕਤੇਬ(Biblical) ਧਰਮ ਕਲਪਿਤ ਸ੍ਰਿਸਟੀ ਉਤਪਤੀ, ਪੈਗੰਬਰ ਆਦਮ-ਹਵਾ ਆਦੀ ਕਹਾਣੀਆ ਨੂੰ ਮਿਥਿਹਾਸ ਨਹੀ ਕਿਹਾ--ਬਲਕਿ ਫਰਕ ਦਿਖੌਣ ਲਈ ਵਲੈਤੀਆਂ ਨੇ ਐਸੀਆਂ ਅਨੇਕ ਕਹਾਣੀਆਂ ਨੂੰ ਬਿਲਕੁਲ ਮਿਥਿਹਾਸ/ਮਾਈਥੋਲੋਜੀ ਕਿਤੇ ਨਹੀਂ ਲਿਖਿਆ, ਨਾ ਅੱਜ ਤਕ ਕਦੀ ਸੰਬੋਧਨ ਕਰਦੇ ਹਨ--ਬਲਕਿ ਐਸੇ ਕਤੇਬ ਕਹਾਂਣੀਆਂ ਨੂੰ ਇਸਾਈ ਗਿਰਜੇ'ਚ ਆਪਣੇ ਮਜ਼ੂਬ ਘੜੇ ਹੇਗਿਓਗ੍ਰਾਫੀ ਲਫਜ਼, ਵਾਹਿਗੁਰੂ ਭੇਜੇ ਪੈਗੰਬਰਾਂ, ਭਗਤਾਂ ਲਈ ਬਰਤੇ ਹਨ ਪਰ ਹੋਰਾਂ ਲਈ ਮੈਥਾਲੋਜੀ ਬਰਤੀ ਹੈ॥ ਪਿੱਛੋਂ, ਜਦ ਅੰਗ੍ਰੇਜ਼ੀ ਸਲਤਨਤ ਦੇ ਇਸਾਈ ਪ੍ਰਚਾਰਕ ਦੁਨਿਆਂ ਦੇ ਪੂਰਵੀ ਮੁਲਕ: ਅਰਬ, ਇਰਾਨ, ਭਾਰਤ, ਚੀਨਾਦਿ ਤਕ ਫੈਲੇ, ਉਨ੍ਹਾਂ ਅਨੇਕ ਮੁਲਕਾਂ ਦੀਆਂ ਸੰਸਕ੍ਰਿਤੀਆਂ ਦੇ ਧਰਮ ਗ੍ਰੰਥ ਉਲਥੇ ਕਰਾਏ ਤਾਂ ਇਸਾਈ ਧਰਮ ਦੀਆਂ ਕਹਾਣੀਆਂ ਲਈ ਓਨ੍ਹਾਂ ਆਪਣਾ ਸ਼ਬਦ ਹੇਗੀਓਗ੍ਰਫੀ ਬਰਤਿਆ--ਪਰ ਸਾਰੇ ਹੋਰ ਧਰਮਾਂ ਦੇ ਕਿੱਸੇਆਂ ਲਈ ਮੈਥੋਲੋਜੀ ਬਰਤਦੇ ਹਨ॥ ਇਸਾਈਆਂ ਆਪਣੇ ਕਤੇਬਾਂ ਦੀਆਂ ਝੂਠ-ਸੱਚ ਕਹਾਂਣੀਆਂ ਹੇਗੀਓਗ੍ਰਾਫੀ ਬਰਤੀ ਤੇ ਮਿਥਿਹਾਸ ਹੋਰ ਧਰਮ ਕਹਾਣੀਆਂ ਮਾਇਥਾਲੋਜੀ ਸਿਰਲੇਖ ਹੇਠ: ਝੂਠੀਆਂ ਪਰੀਆਂ, ਹਜ਼ਾਰ ਦਾਸਤਾਂ ਆਦੀ ਤਰ੍ਹਾਂ, ਝੂਠੇ ਜਤਾਏ ਹਨ॥ ਧਿਆਨ ਰਹੇ:-ਸੋਲਵੀਂ(16) ਸਦੀ ਇਸਾਈ ਮਿਸ਼ਨ ਨੇ ਜਿਵੇਂ ਅਪਣੇ ਮਜ਼ਹਬ ਦਾ ਨਾਮ ਕ੍ਰਿਸਚਨ ਪੈਗੰਬਰ ਕ੍ਰਾਈਸਟ ਨਾਮ ਪਿਛੇ ਧਰਿਆ ਵੈਸੇ ਹੀ:-

2. ਇਸਲਾਮ ਪੈਗੰਬਰ ਮੁਹੰਮਦ ਸਾਹਿਬ ਨਾਮ ਪਿੱਛੇ ਮੋਹਮੱਡਨਇਜ਼ਮ (Mohammadanism) ਸੰਬੋਧਨ ਕਰਦੇ ਰਹੇ, ਮੁਸਲਮਾਨ ਅੱਜ ਤਕ ਬੁਰਾ ਮਨਾਂਦੇ ਹਨ ਕਿਉਂਕਿ ਓਨ੍ਹਾਂ ਦਾ ਇਸਲਾਮ ਦੀਨ ਹੈ॥ ਜਦ ਇਸਾਈ ਮਿਸ਼ਨ ਫਾਰਸ-ਅਫ਼ਗਾਨਿਸਤਾਨ ਦੇਸ਼ਾਂ 'ਚ ਪਹੁੰਚੇ; ਉਥੇ ਓਨ੍ਹਾਂ ਦਾ ਧਰਮ ਗ਼ੁਬੇਰ (ਜੋ ਜਲਾਲ-ਉਦ ਦੀਨ ਰੂਮੀ ਨੇ ਮਸਨਵੀ 'ਚ ਲਿਖਿਆ ਹੈ) ਦੇਖ--ਜਾਣਕੇ ਆਪਣੇ ਇਸਾਈ ਮਿਸ਼ਨ ਤਰ੍ਹਾਂ ਓਨ੍ਹਾ ਦਾ ਪ੍ਰਸਿਧ ਰਿਖੀ ਜ਼ੋਰੋਅਸਤ੍ਰ (ਜੋ ਮਹਾਂਭਾਰਤ'ਚ ਵਰਣਿਤ ਹੈ ਉਸ) ਨਾਮ ਪਿਛੇ ਜ਼ੋਰਾਸਟ੍ਰਿਨ ਧਰਮੀ ਸਦਨ ਲਗ ਪਏ॥ ਇਸ ਤਰ੍ਹਾਂ ਜਦ ਇਸਾਈ ਮਿਸ਼ਨ ਭਾਰਤ ਦੇਸ਼ ਆਏ, ਓਥੇ ਦੇ ਧਰਮ(Rightousness technically, not Religion) ਨੂੰ ਵੀ 'ਸੰਬੋਧੀ ਆਪਣਾ ਨਾਮ' ਦੇਣਾ ਵਿਚਾਰਿਆ--ਪਰ ਜਦ ਕਈ ਅਨੇਕ ਨਾਸਤਿਕ ਆਸਤਿਕ ਧਰਮ ਸੰਪ੍ਰਧਾਇ ਦੇਖੇ, ਜਿਵੇਂ ਨਾਸਤਿਕ (Non-Vedic Atheists) ਭੌਤਿਕ ਵਾਦੀ 1."ਚਾਰ ਵਾਕ" (Materialist scientists as now(not rationally) believe our cognative Universe originated from NOTHING. It will ultimately disintegrate back to NOTHING: ਅਸਤਿ-ਕਾਰਜ ਵਾਦੀ)॥ ਸਾਰੀ ਦੁਨੀਆਂ ਦੀਆਂ ਵਿਦਿਆਵਾਂ ਦਾ ਗਿਆਨ ਦੋ ਅਧਾਰ ਸਿੱਧਾਂਤਾਂ ਉੱਤੇ ਨਿਰਭਰ ਹੈ:-

1. ਅਸਤ ਕਾਰਜ ਵਾਦ (Doctrine of Nihilism)
2. ਸਤ ਕਾਰਜ ਵਾਦ (Doctrine of Existence)

ਜੈਨ, ਬੋਧੀ ਇਕ ਪਾਸੇ: ਅਤੇ ਆਸਤਿਕ (*Ved* Docritne at the out set rationalize: something can never be produced from nothing so universe logically came from something, which must ever exist:ਸਤਿ-ਕਾਰਜ ਵਾਦੀ)

Sri Satguru Jagjit Singh Ji eLibrary NamdhariElibrary@gmail.com

ਸਨਾਤਨ ਧਰਮ ਦੇ 300 ਤੋਂ ਉੱਤੇ ਸੰਪ੍ਰਦਾਇ ਵਿਦੇਸ਼ੀ ਇਸਾਈਆਂ ਨੇ ਦੇਖ, ਮਿਸ਼ਨ "ਨਾਮ" ਰੱਖਣ 'ਚ ਉਲਝ ਗਏ॥ ਸੋ ਵਿਚਾਰ ਮਗਰੋਂ, ਜੋ ਪ੍ਰਚਲਿਤ ਉੱਤਰ ਭਾਰਤ ਨਾਲ ਮੱਧ ਜੰਬੂ ਦੀਪੀ ਤੁਰਕ(Central Asian Turks: *Turk*astän, *Kazäk*astän, *Maughal*, etc) ਦੇ ਪ੍ਰਸਿੱਧ ਜਾਤੀ ਭੇਦ 1,000-1,600 ਸਾਲਾਂ ਤੋਂ ਚਲ ਰਹੇ ਸੇ, ਆਪਸ 'ਚ ਦ੍ਵੰਦ ਯੁੱਧ ਭੇਦ ਭਾਵ ਦੇਖ, ਭਾਰਤ ਦੇਸੀ ਸਿੰਧੂ/ਹਿੰਦੂ[ਓ.157] ਦੇਸ ਦੇ ਇਤਿਹਾਸ ਜਾਣਨ ਉਤੇ, ਪ੍ਰਸਿੱਧ ਦੋਨੋ ਦੇ ਸੀ-ਵਿਦੇਸੀ: ਹਿੰਦੂ-ਤੁਰਕ ਕੇਵਲ ਜਾਤੀ ਨਾਮਾਂ ਨਾਲ ਧਰਮ ਪੁਕਾਰੇ। ਕਿਉਂਕਿ, ਓਹ ਪਹਿਲਾਂ ਇਸਲਾਮ ਨੂੰ ਮੁਹੱਮਦ ਦੀਨ ਦਾ ਨਾਮ ਦੇ ਚੁਕੇ ਸਨ, ਸੋ ਭਾਰਤੀ ਸਮੂਹਿਕ ਧਰਮ ਨੂੰ ਹਿੰਦੂ ਨਾਮ ਪੁਕਾਰਣਾ ਆਰੰਭਿਆ॥

ਜਦ, ਅੰਗ੍ਰੇਜ਼ੀ ਇਸਾਈ ਮਿਸ਼ਨ ਦਿੱਲੀ ਮੋਗ਼ਲ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ (ਸੰਨ:1720-48) ਉਤੇ ਪਠਾਨ ਅਫ਼ਗਾਨ ਬਾਦਸ਼ਾਹ ਐਹਮਦ ਸ਼ਾਹ ਦਿਲੀ ਉਤੇ ਬਾਰ ਬਾਰ ਹਮਲੇ ਦੇਖੇ, ਤੇ ਉਸ ਦੇ ਪੰਜਾਬ ਵਿਚੋਂ ਲੰਘਣ ਲਈ ਗੁਰੁਸਿਖਾਂ ਨਾਲ ਬਿਨਾ ਜੂਝੇ ਲੰਘਣਾ ਅਸੰਭਵ ਸੀ, ਇਸਾਈਆਂ ਨੇ ਗੁਰੁਸਿਖਾਂ ਨੂੰ, ਸਦੀਆਂ ਗੁਲਾਮ ਹਿੰਦੂਆਂ ਤੋਂ ਅਲੈਹਦਾ ਜਾਣ; ਇਸ ਧਰਮ ਦਾ ਨਾਮ "ਸਿੱਖ ਧਰਮ"(Sikhism) ਪ੍ਰਚਲਿਤ ਕੀਤਾ॥ ਬਿਨਾ ਸੋਚੇ ਸਮਝੇ ਅੰਗ੍ਰੇਜ਼ੀ ਅਨਪੜ੍ਹ ਗੁਰ-ਸਿਖਾਂ ਆਪਣਾਂ 19 ਵੀਂ ਸਦੀ ਤੋਂ ਗੁਰੁਪੰਥ, ਜਾਂ ਗੁਰੁ-ਸਿੱਖ ਸੰਬੋਧਨ ਬਜਾਇ ਸਿੱਖ ਮੰਨਣ ਲਗੇ ॥ ਹੁਣ ਕਿਸੇ ਨਵੇਂ ਸਿੱਖ ਵਿਦਵਾਨ ਨੂੰ ਪੁਛ ਸਿੱਖ ਦਾ ਧਰਮ ਉਸਦੇ ਗੁਰੁ ਦਾ ਹੈ, ਕਿ ਚੇਲੇ/ਸਿੱਖ ਦਾ? ਇਕ ਮਤ ਉੜ੍ਹ ਸਾਰੇ ਦਿੰਦੇ ਹਨ: ਗੁਰੁ [illegible]॥ ਦੱਸੋ ! ਫੇਰ ਸਿਖ ਆਪਣੇ ਧਰਮ, ਸਿਧਾਂਤ, ਪੰਥ ਨੂੰ ਸਿਖ ਧਰਮ(Sikh Religion),ਸਿਖ ਸਿਧਾਂਤ(Sikh Doctrine) ਸਿਖ ਪੰਥ(Sikh Way) ਕਿਉਂ ਸਦਦੇ ਹਾਂ? ਕਾਰਣ ਇਸਾਈ ਅੰਗ੍ਰੇਜ਼ ਨੇ ਨਾਮ ਧਰਿਆ ਸੀ ! ਕੀ ਗੁਰੁਸਿਖ ਧਰਮ ਨਾਮ ਠੀਕ ਹੈ? ਜਾਂ: 1.ਗੁਰੁ ਧਰਮ(*Guru* Religion) ਗੁਰੁ ਸਿਧਾਂਤ ਜਿਵੇ ਪੁਰਾਣੇ ਪ੍ਰਚਾਰਕ 1915 ਤਕ ਕਹਿੰਦੇ ਲਿਖਦੇ ਸਨ, ਸਾਡਾ ਗੁਰੁ ਪੰਥ ਹੈ (*Guru*'s Way/Path); ਜਾਂ 2.ਗੁਰੁ-ਸਿਖ ਧਰਮ (*Guru-Sikh* Rightousness), ਗੁਰੁਸਿਖ ਸਿਧਾਂਤ ਤੇ 3.ਗੁਰੁਸਿਖ ਪੰਥ ਉਨ੍ਹਾਂ ਤੋਂ ਠੀਕ ਨਹੀਂ?

ਗਲ ਤਾਂ ਐਥੋਂ ਚਲੀ ਸੀ: ਇਸਾਈ ਮਤ ਬਿਨਾ ਹੋਰ ਸਾਰੇ ਧਰਮਾਂ ਦੇ ਗ੍ਰੰਥ ਝੂਠੇ ਹਨ ਪਰ ਇਸਾਈ ਮਤ ਕਤੇਬਾਂ ਲਿਖੇ ਮਿਥਿਹਾਸ ਵੀ ਸਵੀਕਾਰ ਕਰਦੇ ਹਨ-ਪਰ ਆਪਣੇ ਦਾਇਰੇ ਵਿੱਚ ਰਹਿਣ ਕਾਰਣ ਸਿਖ ਵਿਦਵਾਨਾਂ ਨੂੰ ਇਸ ਗੁਝੀ ਗਲ ਪਤਾ ਨਹੀਂ; ਜਿਸ ਕਾਰਣ ਕਰਕੇ ਇਸਾਈ ਦੂਜੇ-ਭਾਉ ਪ੍ਰਚਾਰਕਾਂ ਦੀ ਤਰ੍ਹਾਂ ਨਵੀਨ ਸਿਖ ਹੋਰ ਧਰਮਾਂ ਦੀ ਤਰ੍ਹਾਂ ਨਿੰਦਾ ਪ੍ਰਚਾਰਦੇ ਹਨ! ਸ਼੍ਰੀਗੁਰੁਬਾਣੀ ਇਹ ਦਸਦੀ ਹੈ? ਜਾਂ ਉਲਟਾ ਵਿਸ਼ੂਧਰਮ ਦੀ ਅਰਦਾਸ ਹੈ:-

---

157. ਓ.ਸਾਮ ਵੇਦੀ ਛਾਂਦੋਗਯੁਪਨਿਸ਼ਦ: ੫.੨.੧-੨ ॥ਅ.ਸੰਸਕ੍ਰਿਤ ਦਾ ਅਪਭ੍ਰੰਸ਼ ਆਦਿ'ਚ ਭਾਰਗੀਯ ਅਥਰਵ ਵੇਦੀ ਗ਼ੁਬੇਰ ਧਰਮੀ ਹੋਣ ਕਰਕੇ ਫਾਰਸੀ ਬੋਲੀ ਹੈ । ਜਿਵੇਂ ਭਾਰਤੀ ਬੋਲੀ ਦਾ **"ਸਪਤਾ"** ਹੈ, ਓਹੀ ਫਰਸੀ'ਚ **"ਹਫਤਾ"** ਹੈ, ਸੰਸਕ੍ਰਿਤ'ਚ "ਸ" ਤੇ "ਹ" ਆਪਸ'ਚ ਬਦਲਦੇ ਹਨ,ਉਸੀ ਤਰ੍ਹਾਂ ਮੱਧ ਏਸਿਆ ਤੁਰਕ ਸਿੰਧ ਮਹਾਂਨਦੀ ਦੱਖਨ ਦੇਸ਼ ਨੂੰ 'ਹਿੰਦ' ਪੁਕਾਰਦੇ ਹਨ, ਅਤੇ ਓਹੀ ਸਿੰਧ ਮਹਾਂਨਦੀ ਉੱਤਰ ਦੇਸ਼ੀਆ ਨੂੰ 'ਤੁਰਕ' ਪੁਕਾਰਦੇ ਰਹੇ ਹਨ, ਜਿਵੇਂ ਸ਼੍ਰੀਗੁਰੂਗ੍ਰੰਥ ਬਾਣੀ ਦਸਦੀ ਹੈ:- ਪੰਨਾ ੧੧੫੮:੧੦ "ਹਿੰਦੂ ਤੁਰਕ ਕਾ ਸਾਹਿਬੁ ਏਕ" ਅਤੇ ਦਸਮ ਸ਼੍ਰੀਜਗਦਗੁਰੁਜੀ ਚੌਬੀਸ ਅਉਤਾਰ"ਜਾਤੇ ਛੂਟਿ ਗਯੋ ਭ੍ਰਮ ਉਰਕਾ। ਤਿੱਹ ਆਗੈ ਹਿੰਦੂ ਕਿਆ ਤੁਰਕਾ ॥੧੯॥"

Sri Satguru Jagjit Singh Ji eLibrary NamdhariElibrary@gmail.com

ਨਿੰਦਾ ਭਲੀ ਕਿਸੈਕੀ ਨਾਹੀ ਮਨਮੁਖ ਮੁਗਧ ਕਰੰਨਿ॥
ਮੁਹ-ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ
"ਜਗਤੁ ਜਲੰਦਾ ਰਖਿ ਲੈ,ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ, ਤਿਤੈ ਲੈਹੁ ਉਬਾਰਿ"

ਸ਼੍ਰੀ ਗੁਰੁਬਾਣੀ ਵਿੱਚ ਜਿਤੁ ਦੁਆਰੈ ਦਾ ਭਾਵ, ਜਗਤ ਦੇ ਕੋਈ ਭੀ ਧਰਮ ਦ੍ਵਾਰ ਦੇ ਮਨੁਖ, ਜਿਸ ਕਾਰਣ ਚੌਥੇ ਸ਼੍ਰੀਗੁਰੁ ਰਾਮਦਾਸ ਜੀ ਨੇ ਆਦਿ ਵਿਸ਼੍ਵਗੁਰੂ ਨਾਨਕ ਜੀ ਦੇ ਕਥਨ ਕਰਕੇ ਇਲਾਨ ਇਹ ਕਰਨਾ ਪਿਆ:-

ਜਿਸੁ ਘਰਿ ਵਰਤੀ ਸੋਈਜਾਣੈ, ਜਗਤਗੁਰੂ ਨਾਨਕ ਪੂਛਿ ਕਰਹੁ ਬੀਚਾਰਾ॥
ਚਹੁਪੀੜੀ ਆਦਿਜੁਗਾਦਿ ਬਖੀਲੀ ਕਿਨੈ ਨ ਪਾਇਓ ਹਰਿ ਸੇਵਕ ਭਾਇਨਿਸਤਾਰਾ[158].

ਅੰਗ੍ਰੇਜ਼ੀ ਇਸਾਈ ਦੂਜਾ ਭਾਉ/ਦ੍ਵੈਤ ਪਛਮੀ ਸਾਹਿਤ ਗਜ਼ ਮਾਪ ਗੁਰੁਸਿਖ ਧਰਮ ਸ਼ਸਤ੍ਰ (Holy *Gurü* Canon) ਪਰ ਨਿਰਭਰ ਨਹੀਂ? ਪੁਰਾਣੇ-ਨਵੇਂ ਦ੍ਰਿਸ਼ਟਾਂਤ ਸ਼੍ਰੀਗੁਰੂ ਟਕਸਾਲੀ ਬ੍ਰਹਮ ਗਿਆਨ ਦੇ ਉਲਥੇ ਕਰੇ ਸਾਡੇ ਕੋਲ ਗੁਰੁਸਿਖ ਟਕਸਾਲੀ ਟੀਕਾ ਟਿਪਣੀ ਗ੍ਰੰਥ ਕ੍ਰਮ ਵਿਧਾਨ ਅਨੁਸਾਰ ਹਨ,ਜਿਨ੍ਹਾਂ ਦਾ ਪ੍ਰਚਾਰ, ਤਰਕ, ਅਨੇਕ ਸ਼੍ਰੀਗੁਰਬਾਣੀ ਪ੍ਰਮਾਣ ਦ੍ਰਿਸ਼ਟਾਂਤ-ਦਾਰਸ਼ਟਾਂਤਾਂ ਉਤੇ ਹਨ॥

ਪ੍ਰਸ਼ਨ:ਤਰਕ ਅਨੁਸਾਰ ਜੇ ਵਿਸ਼੍ਵ ਨਾ ਸੱਤ ਨਾ ਅਸੱਤ ਦੋਨੋਂਆ ਤੋਂ ਵਿਲਖੱਨ ਹੈ; ਤਾਂ ਸਹਿਜ ਅਕਲ ਤੋਂ ਉੱਚੀ ਬੁਧੀ ਤਰਕ-ਯੋਗ ਦੇ ਪ੍ਰਸ਼ਨ ਹਨ:- ਜੇ ਵਿਸ਼੍ਵ ਨਿੱਤ ਸਤਜ(ਸਤਿ) ਨਹੀਂ, ਨਾ ਅਸੱਤ(ਅਸਤਿ) ਹੈ; ਕੀ ਦੋਨੋਂ ਦਾ ਤਤਕਾਲ ਸੰਬੰਧੀ ਵਿਕਾਸ ਹੋ ਸਕਦਾ ਹੈ?

ਉੱਤਰ:ਨਹੀਂ ॥ ਕਾਰਣ, ਦੋਨੋ ਵਿਵਸਥਾਵਾਂ ਤਰਕ ਵਿਰੁਧ 'ਵਦਤੋ-ਵਿਜ਼ਾਘਾਤ' (self contradictory terms) ਹਨ, ਜਿਨ੍ਹਾ ਦੀ ਅਸੰਭਵ ਵਿਵਸਥਾ ਹੈ (self-contradictory impossible situation) ਹੈ॥

ਪ੍ਰਸ਼ਨ:ਫੇਰ ਦੱਸੋ? ਵਿਸ਼੍ਵ ਨੂੰ ਲਖੌਂਣ(ਬਿਆਨ ਕਰਨ) ਲਈ ਕੀ ਲੱਖਣ ਹੈ ਜਿਸ ਤੋਂ ਹਕੀਕਤ ਜਾਣੀ ਜਾਇ?

ਉਤਰ:ਭਾਰਤ'ਚ ਪੁਰਾਣੇ ਕਾਲ ਤੋਂ ਇਸਦਾ ਲੱਖਣ ਦੋਨੋਂ ਨਾਸਤਿਕ-ਆਸਤਿਕ ਧਰਮ ਗ੍ਰੰਥਾਂ ਵਿੱਚ ਤਾਰਕਿਕ ਰੂਪ ਹੈ॥

ਪ੍ਰਸ਼ਨ:ਜੇ ਤਰਕ ਰਾਹੀਂ ਸੰਸਾਰ ਕਿਸੇ ਕਾਲ ਸਤਿ ਨਹੀਂ, ਨਾ ਕਾਲ ਅਤੀਤ ਹੈ, ਨਿਗਮਾਗਮ ਤਰਕ ਅਨੁਸਾਰ ਦੋਨੋਂ ਤਤਕਾਲ ਸਤਿ-ਅਸਤਿ ਵਿਰੋਧੀ ਸ਼ਬਦ ਹਨ। ਏਸ ਨਜ਼ਾਫ਼ ਅਨੁਸਾਰ ਪੁਰਾਣੇ ਭਾਰਤੀ ਸਾਰੇ ਆਸਤਿਕ-ਨਾਸਤਿਕ ਦਾਰਸ਼ਨਿਕਾਂ ਨੇ ਸੂਖਮ ਬੁੱਧੀ/ਅਕਲ ਬਰਤੀ, ਕਿ ਸਾਂਝੀ ਪਰਿਭਾਸ਼ਾ ਅਨੁਸਾਰ ਐਸੀ ਵਿਸ਼੍ਵਦੀ ਵਿਵਸਥਾ ਬਿਆਨ ਕਰਣ ਦੇ ਸ਼ਬਦ ਘੜੇ ਜਿਨ੍ਹਾਂ ਦ੍ਰਿਸ਼ਟਾਂਤਾਂ ਰਾਹੀਂ ਸੰਸਾਰ: ਮਿਥਿਆ,ਝੂਠ, ਦ੍ਰੋਹ, ਮ੍ਰਿਗਤ੍ਰਿਸ਼ਨਾ ਜਲ/(Miraj) ਵਿਵਰਤ(superimposed) ਗੰਧਰਵ ਨਗਰ(Oasis miraj) ਪ੍ਰਮਾ(Epistemological) ਪ੍ਰਤੀਖ ਆਧਜਾਸ/ਭ੍ਰਮ(apperent illusion) ਦ੍ਰਿਸ਼ਟਾਂਤ ਦਿਖਾਏ ਹਨ॥ ਐਥੇ ਹੀ ਬਸ ਨਹੀ:

158. ਸ਼੍ਰੀਗੁਗ੍ਰੰਜੀ. ੳ.ਪੰ.੭੫੫:੭। ਅ.ਪੰ.੮੫੩:੧੦ । ੲ.੭੩੩:੧੭- ॥ਆਦਿ ॥

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਨੇ ਹੋਰ ਅਨੇਕ ਤੁਲਨਾਤਮਕ ਦ੍ਰਿਸ਼ਟਾਂਤ: ਸੁਪਨਾ ਤੇ ਜਾਗ ਅਵਸਥਾ 'ਚ ਯਾਦ ਤਕ੍ਹਾ ਸੰਸਾਰ ਦਾ ਅਨੇਕ ਕਲਪਿਤ, ਮਨੋਰਾਜ ਆਦਿ ਅਪ੍ਰਮਾ (Ontological) ਅਨੇਕ ਦ੍ਰਿਸ਼ਟਾਂਤ ਦੇਖਦੇ ਹਾਂ ਕਿਉਂਕਿ ਸਮਗ੍ਰ ਤ੍ਰਿ-ਭਵਨ ਜਗਤ ਸਾਂਝਾ ਵਿਸ਼੍ਵਜੀਵਾਂ ਲਈ ਅਨੁਭਵ ਸਿੱਧ ਹੈ॥ ਤਾਰਕਿਕਾਂ ਨੇ ਦ੍ਰਿਸਟਮਾਨ ਨੂੰ ਇਦੰਤਾ ਮਿਥਿਆ (Phenomenal/illusory *per se*) ਤਰਕ ਰਾਹੀਂ ਬਾਂਝ ਦੇ ਪੁਤ੍ਰ ਨਾਲ ਮੁਕਾਬਲਾ ਕੀਤਾ ਹੈ ! ਕੀ ਇਹ ਠੀਕ ਹੈ? ਬਾਂਝ ਪੁਤ੍ਰ, ਸਹੇ/ ਨਰ-ਸਿੰਗ ਕਦੀ ਵੀ ਤਿਨੇ ਕਾਲਾਂ 'ਚ ਕਿਸੇ ਨੇ ਨਹੀਂ ਦੇਖੇ ! ਬੇਸ਼ਕ ਸੰਸਾਰ ਅਸ੍ਥਿਰ, ਖਣਿਕ ਹੋਣ ਕਾਰਣ ਕੇਵਲ ਤਰਕ ਸਿੱਧ ਸੰਨਿਆਸ ਯੋਗ ਦਜੋਤਕ ਹੈ ਪਰ ਤਰਕ ਬੁਧੀ ਯੋਗ(ਰਾਜ ਯੋਗ)[ਅ.159] ਅਨੁਸਾਰ ਸਾਰੇ ਜੀਵ, ਜਗਤ ਨੂੰ ਸੁਤੈ ਸਿੱਧ ਮਨਦੇ ਹਨ॥ ਪਰ ਸਾਵਧਾਨ ਰਹੋ: ਐਸਾ ਤਾਰਕਿਕ ਅਨਵਾਰਜ ਧਿਆਨ ਸਦਾ ਰਖਣਾ ਹੈ ਕਿ ਜਗਤ ਸਦਾ ਮਿਥਿਆ ਹੈ, ਸੋ ਕਾਲਵਸ਼ ਜ਼ਰੂਰੀ ਰਹੇਗਾ, ਵਿਆਖਿਆ ਹੈ:- 1.ਪ੍ਰਮਾ ਗਿਆਨ (Epistemic): ਮ੍ਰਿਗਤ੍ਰਿਖਾ ਜਲ ਆਭਾਸ ਕਦੀ ਆਪਣੇ ਅਧਿਸ਼ਠਾਨ (sub-strata/noumenon) ਰੇਤ (ਮਾਰੂ ਭੂਮੀ) ਨੂੰ ਗਿਲਾ ਕਰਣ 'ਚ ਅਸਮਰਥ ਹੈ, ਨਵੇਂ ਗੁਰੁਸਿਖ ਪ੍ਰਚਾਰਕਾਂ ਲਈ ਨਵਾਂ ਭੌਤਿਕ ਆਧਾਰ ਦ੍ਰਿਸ਼ਟਾਂਤ ਹੈ: 1. ਗਰਮੀਂ'ਚ ਮੋਟਰ(ਹਵਾਈ ਜਹਾਜ਼ ਉਤ੍ਰਦੇ) ਸੜਕ ਉਤੇ ਪਾਣੀ ਦਿਖਦਾ ਹੈ ਪਰ ਓਹ ਸੜਕ ਨੂੰ ਗਿੱਲਾ ਨਹੀਂ ਕਰਦਾ॥ 2.ਇਸੇ ਤਰ੍ਹਾਂ ਸੂਖਮ ਸ਼ਰੀਰੀ ਦ੍ਰਸ਼ਟਾ ਉਪਾਧੀ (adjunct) ਮਨ ਦੋਨੋਂ ਸੁਪਨੇ ਮੁਕਾਬਲੇ ਜਾਗਦੇ ਕਾਲੀ ਇਕੋ ਅਧਿਸ਼ਠਾਨ ਦ੍ਰਸ਼ਟਾ (subtle-micro sub-strata/noumenon) ਇੱਕੋ ਮਨ ਦੇ ਦੋ ਜਾਗ੍ਰਿਤ-ਸੁਪਨਤ, ਦੋ ਅਸਥੂਲ, ਸੂਖਮ ਅਵਸਥਾਵਾਂ ਦਾ ਤਤਕਾਲ ਅਨਭਵ ਕਰਤਾ ਹੈ, ਜਿਸ ਕਾਰਣ ਅਗੇ ਬ੍ਰਹਮ ਗਿਆਨ ਰੂਪ ਅਨੁਭਵ ਰਾਹੀਂ ਧੁਰ ਪੁੱਜਦਾ ਹੈ॥

ਤਰਕ ਵਿਚਾਰ: ਮਨ ਦਾ ਬਾਹਰ ਮਿਥਿਆ ਅਧਿਆਸ (illusions, phenomenons)

ਅਨੁਭਵ ਭ੍ਰਮ(factual deluded experience), ਜਾਂ ਕਲਪਿਤ ਮਨੋਰਾਜ (hallucination) ਮਨ ਵਿੱਚ ਭ੍ਰਮ(Psychologic delusion) ਤਤਕਾਲ (ਇਕੱਠੇ: simultainiously) ਉਤਪਨ ਤੇ ਲੀਨ ਦ੍ਰਿੱਸ਼ ਹੁੰਦੇ ਅਨੁਭਵ ਹੁੰਦੇ ਹਨ । ਇਕੋ ਹੀ ਅਧਿਸ਼ਠਾਨ ਉੱਤੇ ਦੋਨੋ ਬਾਹਰ-ਅੰਦਰ ਭਿੰਨ ਭਿੰਨ ਅਨੁਭਵ ਨਹੀਂ ਹੋ ਸਕਦੇ, ਨਾਂ ਦੋਨੋ ਅਡ ਅਡ ਕਦੀ ਇਕ ਦੂਜੇ ਬਿਨਾ ਅਨੁਭਵ ਹੋ ਸਕਦੇ ਹਨ ॥ ਇਸ ਤੱਥ ਨੂੰ ਸਾਰੇ ਸਾਇੰਸ ਮਨੋਵਿਗਿਆਨ ਆਚਾਰਜ ਹਕੀਕੀ ਸਚਾਈ ਮੰਨਦੇ ਹਨ ਕਿ, ਸਮਸ਼ਟੀ ਬਾਹਰ ਜਗਤ ਅਤੇ ਅੰਦਰ ਸੁਪਨ ਸੰਸਾਰ ਦੋਨੋ ਚਲ (ephemeral) ਹਨ॥ ਦੋਨੋਆਂ ਦਾ ਇਕੋ ਵਿਭ(Omnia) ਚੇਤਨ ਦ੍ਰਸ਼ਟਾ ਅੰਦਰ-ਬਾਹਰ ਸਾਂਝਾ ਅਧਿਸ਼ਠਾਨ(sub-strata,noumenon) ਹੈ॥ ਓਹ ਦ੍ਰਸ਼ਟਾ ਜਾਣੇ ਬਿਨਾ ਦੋਨੋਆਂ ਦੇ ਅਸਲੀਅਤ ਦਾ ਗਿਆਨ ਨਹੀਂ ਹੋ ਸਕਦਾ, ਇਹ ਸੱਚਾਈ, ਤਰਕ ਤੇ ਅਨੁਭਵ ਸਿੱਧ ਯਥਾਰਥ ਵਿਵਸਥਾਹੈ॥ ਤਰਕ ਤੇ ਸਾਇੰਸ ਵਿਭੂ ਦ੍ਰਸ਼ਟਾ ਅਭੇਦ ਅੱਛੇਦ ਦੋਨੋਂ ਮੰਨਦੇ ਹਨ॥ ਪੁਰਾਣੇ ਭਾਰਤੀ ਦਾਰਸ਼ਨਿਕ ਤਾਰਕਿਕ ਐਸੀ ਵਿਵਸਥਾ ਸਮਝਕੇ ਵਿਭੂ ਸਤਿ ਚਿਤ ਗਿਆਤਾ ਸਿੱਧ ਕਰ੧ਓ ਦੇ '1' ਵਿਭੂ ਨੂੰ ਅਭੈਦ-ਤ੍ਰੈ(ਸ੍ਵਜਾਤੀ, ਵਿਜਾਤੀ, ਸ੍ਵਗਤ ਭੇਦ) ਤੇ ਅਛੇਦ-ਤ੍ਰੈ (ਵਸਤੂ, ਕਾਲ, ਦੇਸ਼) ਰਹਿਤ ਤਰਕ ਸਿੱਧ ਕੀਤਾ ਹੈ॥ ਐਸੀ ਤਰਕ ਸਿੱਧ ਅਵਸਥਾ

---

159. ਸ਼੍ਰੀ ਭਗਵਦ-ਗੀਤਾ:੩੧੩; ਰਾਜ-ਕਰਮ ਯੋਗ: ੫:੧-੨; ਬੁਧਿ ਯੋਗ:੨.੩੯-੫੩ ;ਰਾਜ ਯੋਗ ੯:੨,ਸੰਨਿਆਸ ਯੋਗ ਨਿਖੇਦ:੬,ਆਦਿ ॥

Sri Satguru Jagjit Singh Ji eLibrary NamdhariElibrary@gmail.com

ਕਾਰਣ "1 ਅਚੁਤ ਤੇ ਨਿੱਤ ਹੈ" ਜਿਸ'ਚ ਕੋਈ ਅਵੈਵ(conditioning) ਸੰਭਵ ਨਹੀਂ, ਜੇ ਹੋਣ, ਤਾਂ ਤਾਰਕ ਦ੍ਰਿਸ਼ਟੀ ਨਾਲ ਆਪ ਹੀ ਨਾਸ਼ਵਾਨ ਹੋਣ॥ ਇਸੇ ਤਰ੍ਹਾਂ ਇਕੋ '1' ਵਿਭੂ ਅਚੁਤ ਪਾਰਬ੍ਰਹਮ (Eternal Omnia God) ਤਰਕ ਸ੍ਵੈਤੋਂਸਿੱਧ (is automatically logically proven)ਹੈ॥ ਅਸਲ ਵਿੱਚ ਸਮਸ਼ਟੀ(macro) ਵਿਸ਼੍ਵ ਇਕ ਮਹਾਨ ਉਪਾਧੀ(adjunct) ਕਾਇਨਾਤ ਹੈ ਜਿਸ ਅੰਦਰ ਅਨੇਕ ਵਿਜਸ਼ਟੀ ਉਪਾਧੀਆਂ(micro adjuncts) ਦੋਨੋ ਜੜ (innert matter) ਹਨ ਜਿਸ ਵਿੱਚ ਜੀਵ(life) ਮਾਤ੍ਰ ਦੀਆਂ ਬੇਅੰਤ ਉਪਾਧੀਆਂ ਜੀਵ ਮਾਤ੍ਰ 'ਚ ਸ੍ਵੈ ਸਿੱਧ ਭੇਦ ਛੇਦ ਅਨੁਭਵ ਸਿੱਧ ਹਨ, ਉਨ੍ਹਾਂ ਨੂੰ ਹੋਰ ਸਿਧ ਕਰਨ ਲਈ ਕੋਈ ਸਾਧਨਾਂ ਦੀ ਲੋੜ ਨਹੀਂ॥ ਅਚਲ ਜੀਵਮਾਤ੍ਰ ਨੂੰ ਇਹ ਸ੍ਵੈਤੋਂਸਿੱਧ ਦ੍ਰਿਸ਼ਟਮਾਨ ਜਗਤ ਅੰਦਰ-ਬਾਹਰ ਅਚਲ ਕੁਛ ਵੀ ਨਹੀਂ ਐਸੀ ਸਮਝ ਕਾਰਣ ਸਤਜ ਨਹੀਂ; ਏਸ ਕਾਰਣ ਬੁਧੀਮਾਨ ਤਰਕ ਉਠਾਂਦੇ ਹਨ: ਜੇ ਸਮਸ਼ਟੀ-ਵਿਅਸ਼ਟੀ ਵਿਸ਼੍ਵ ਦੀ ਵਿਵਸਥਾ ਹੈ, ਫੇਰ ਸਾਰਾ ਸਮਸ਼ਟੀ(whole) ਵਿਅਸ਼ਟੀ(part) ਬੂੰਦ-ਸਮੁੰਦਰ ਇਕੋ ਜਲ ਹਨ: ਭਿੰਨ ਕਿਵੇ ਹੋ ਸਕਦੇ ਹਨ? ਐਸੇ ਤਰਕ ਅਧਾਰੀ ਸ਼੍ਰੀ ਗੁਰਬਾਣੀ ਅਨੇਕ ਦ੍ਰਿਸ਼ਟਾਂਤ ਹਨ, ਕੁਛ ਸੰਖੇਪ ਪ੍ਰਮਾਣ ਅਗੇ ਦਿੰਦੇ ਹਾਂ: ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ॥ ਕਹੁ ਨਾਨਕ ਭ੍ਰਮ ਕਟੇ ਕਿਵਾੜਾ, ਬਹੁੜਿ ਨ ਹੋਈਐ ਜਉਲਾ ਜੀਉ; ਹਰਿ ਹਰਿ ਅਗਮ ਅਗੋਚਰੁ ਸੁਆਮੀ,ਜਨ ਜਪਿ ਮਿਲਿ ਸਲਲ ਸਲਲੇ; ਇਹੁਪਰਪੰਚੁ ਕੀਆ ਪ੍ਰਭਸੁਆਮੀ,ਸਭੁ ਜਗਜੀਵਨੁ ਜੁਗਣੇ॥ ਜਿਉ ਸਲਲੈ-ਸਲਲ ਉਠਹਿ ਬਹੁ ਲਹਰੀ, ਮਿਲਿ ਸਲਲੈ-ਸਲਲ ਸਮਾਣੇ ਹਰਿਕਾ ਸੇਵਕੁ ਸੋ ਹਰਿ ਜੇਹਾ॥ ਭੇਦੁ ਨ ਜਾਣਹੁ ਮਾਣਸ ਦੇਹਾ॥ ਜਿਉ ਜਲਤਰੰਗ ਉਠਹਿ ਬਹੁਭਾਤੀ,ਫਿਰਿ ਸਲਲੈ ਸਲਲ ਸਮਾਇਦਾ॥ ਸ.160 ਐਥੈ ਤੋਂ ਚਲੇ ਦੂਜੇ ਭਾਉ ਵਿਚਾਰ ਤਰਕ ਬੁਧੀ ਪ੍ਰਸ਼ਨਾਂ ਰਾਹੀਂ ਸੰਖੇਪ ਰੂਪ ਪੂਰੇ ਖੰਡਨ ਹੋਏ ਦੇਖੇ॥ ਹੁਣ ਸ਼੍ਰੀਗੁਰੁਬਾਣੀ ਦੀ ਅਟੁਟ ਗੁਰਗਮ ਪ੍ਰਨਾਲੀ ਤਰਕ ਰੀਤ ਨਾਲ ੧ਓ: ਏਕੇ ਭਾਉ ਦਾ ਸੰਖੇਪ ਅੰਤਿਮ ਲਕਸ਼ ਵਿਚਾਰਣਾ ਰਹਿੰਦਾਹੈ॥

ਪ੍ਰਸ਼ਨ: ਤਰਕ ਵਿਚਾਰ ਦੇਖੇ: ਸਾਰੇ ਗਿਆਤ-ਅਗਿਆਤ ਕਾਰਣ ਵਿਸ਼੍ਵ ਅੰਦਰ ਅਨੰਤ ਅਸਥੂਲ, ਸੂਖਮ ਜ਼ੀਵ-ਜੜ ਕਾਰਣ ਅਸਲ ਸਮਗ੍ਰ ਕਾਰਣ ਵਿਸ਼ ਸ੍ਵਰੂਪ ਹੀ ਹਨ। ਓਹ ਕਦੀ ਭਿੰਨ ਭੇਦੀ ਨਹੀ ਹੋ ਸਕਦੇ॥ ਬੁਧਿਮਾਨ ਤਰਕਵਾਦੀ ਕਹਿੰਦੇ ਹਨ: ਜੇ ਵਿਸ੍ਵਰੂਪ ਕੇਵਲ ੧ਓ ਕਰਤਾ ਪੁਰਖੁ ਹੀ ਹੈ,ਤਾਂ ਉਸ ਬਿਨਾ ਹੋਰ ਕੁਝ ਹੋ ਨਹੀਂ ਸਕਦਾ॥ ਜੇ ੧ਓ ਵਿਸ਼੍ਵ ਦਾ ਇਕੋ ਤ੍ਰੀ-ਕਾਰਣ(ਉਪਾਦਾਨ,ਨਿਮਿਤ,ਸ਼ਕਤੀ ਆਦਿ) ਹੈ, ਤਾਂ ਓਹ ਆਪਣੇ ਅਭਿੰਨ ਕਾਰਣ ਕਾਰਜ ਹੈ ਤੇ ਕਦੀ ਭਿੰਨ ਨਹੀਂ,ਤੇ ਭਾਵ ਹੈ:ਸਾਰੇ ਕਾਰਜ ਇਕੋ ਕਾਰਣ ਦੇ ਵਿਕਾਸ ਹਨ(unfold evolved effects), ਤੇ ਐਸੀ ਤਰਕ ਸਿਧੀ ਦੀ ਮਾਨਤਾ ਵਿੱਚ ਸ਼੍ਰੀ ਗੁਰੁਬਾਣੀ ਪ੍ਰਮਾਣ ਦੇਖਦੇ ਹਾਂ:-

ਉਤਰ: ੧ਓ ਕਰਤਾ ਪੁਰਖੁ ਹੋਣ ਦੇ ਸਿਧਾਂਤ ਸੰਬੰਧੀ ਸ਼੍ਰੀ ਗੁਰੁਬਾਣੀ ਅਨੇਕ ਪ੍ਰਮਾਣ ਪ੍ਰਸਿੱਧ ਹਨ:-੧ਓ ਕਰਤਾ ਬਾਰੇ ਸ਼੍ਰੀਗੁਰੂ ਬਚਨ ਹੈ: ਆਪੇ ਸਕਤੀ-ਸਬਲੁ ਕਹਾਇਆ ਜਿਸਦਾ ਗੂੜ੍ਹ ਭਾਵ ਅਰਥ ਹੈ ਕਿ:-ਓ ਨਮ ਅਖਰ ਸੁਣਹੁ ਬੀਚਾਰੁ॥ ਓ ਨਮ ਅਖਰੁ ਤ੍ਰਿਭਵਣ ਸਾਰੁ ਅਰਥਾਤ ਵੇਦ ਪਰੰਪਰਾ ਅਨੁਸਾਰ ओ३म / > ਵਿਸ਼੍ਵਦਾ ਅਭਿਨ ਨਿਮਿਤ-ਸ਼ਕਤੀ ਤਿਨ ਕਾਰਣ

160. ਪੁਨ੍ਹ.ਪੰਨੇ:ਓ. ਪੰ.੧੦੨:੭; ੪੮੫: ੪; ਅ.੯੭੫:੧੪; ਏ. ੯੭੭:੩; ਪੰ: ੧੧੦੩:੧੫; ਸ.੧੦੭੬:੩, ਆਦਿ ॥

Sri Satguru Jagjit Singh Ji eLibrary NamdhariElibrary@gmail.com

ਹ(Material , Efficient Dynamic Cause)ਏਸ ਨੂੰ ਤਰਕ ਅਧਾਰੀ ਵੇਦ ਸ਼ਾਸਤ੍ਰਾਂ ਕਰਤਾ, ਸ਼ਕਤੀ-ਸਬਲੁ ਜਿਵੇਂ ਮ:5: ਬਿਖਯੰਤ ਜੀਵੰ ਵਸ੍ਮੰਕਰੋਤਿ ਨਿਰਤ੍ਮੰਕਰੋਤਿ ਜਥਾ ਮਰਕਟਹ; ਸਿਰਪਾਉ ਰੇਸਮੀ, ਪਹਿਰਤ...; ਊਰਮ ਧੂਰਮ ਜੋਤਿ ਉਜਾਲਾ॥ ਤੀਨਿ-ਭਵਣਮਹਿ ਗੁਰ-ਗੋਪਾਲਾ॥...ਇਸੁ ਏਕੇ ਕਾ ਜਾਣੈ ਭੇਉ ॥ ਆਪੇ ਕਰਤਾ ਆਪੇ ਦੇਉ" ਇਹ ਆਦਿ ਆਕਾਸ਼ ਬਾਣੀਂ ਕਾਲ ਤੋਂ '1' ਇਕਤ੍ਵ ਸਿੱਧਾਂਤ ਪਦ ਸ਼੍ਰੀਗੁਰਬਾਣੀ ਰੂੜੀਬਾਣੀ ਅੰਦਰ-ਬਾਹਰ ੧ਓ ਵਿਸ਼੍ਵਦੇ ਹਨ: ਭਾਵ ਜੋ ਵਿਸ਼੍ਵਦਾ ਅਭਿਨ ਨਿਮਿਤ ਉਪਾਦਾਨ ਸ਼ਕਤੀ ਕਾਰਣ-ਕਰਣ ਦੇ ਦ੍ਰਿਸ਼ਟਾਂਤ ਹਨ॥ ਮਸਲਿਨ:-੧ਓ ਕਰਤਾ ਪੁਰਖੁ ਪਰਿਭਾਖਾ ਦ੍ਰਿਸ਼ਟਾਂਤ:-

1. ਮਰਕਟ/ਮਕੜੀ, 2. ਰੇਸ਼ਮ ਕੀੜੇ, 3.ਸੁੰਡੀਆਂ (caterpillars) ਜਾਲ ਬੁਣ ਹੋਰ ਰੂਪ 'ਚ ਵਿਕਸਤ(metamorphosis) ਹੋ ਤਿਤਲੀ ਰੂਪ ਧਾਰਦੀਆਂ ਹਨ ਉਸੇ ਤਰ੍ਹਾਂ ੧ਓ ਆਪਣੇ ਬੁਣੇ ਜਾਲ ਦਾ ਇਕੋ ਕਾਰਣ ਕਰਣ ਅਭਿੰਨ ਨਿਮਿਤ ਉਪਾਦਾਨ ਸ਼ਕਤੀ ਹੈ॥ ਇਹ ਦੋਨੋਂ ਦੁਨੀਆਵੀ ਅਨੁਭਵ, ਤਰਕ ਸਪਸ਼ਟ ਉੱਤ੍ਰ ਹਨ, ਗੁਰੁਬਾਣੀ ਬਚਨ ਹਨ:- ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ॥ ਬਟਕ ਬੀਜਮਹਿ ਰਵਿ ਰਹਿਓ, ਜਾਕੋ ਤੀਨਿ ਲੋਕ ਬਿਸਥਾਰ॥ "ਬਨਿ ਤਿਨਿ ਪਰਬਤਿਹੈ ਪਾਰਬ੍ਰਹਮੁ ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿਕਾ ਰੂਪੁਹੈ, ਹਰਿ-ਰੂਪੁ ਨਦਰੀ ਆਇਆ॥ ਗੁਰਪਰਸਾਦੀ ਬੁਝਿਆ; ਜਾ ਵੇਖਾ, ਹਰਿ ਇਕੁਹੈ, ਹਰਿ ਬਿਨੁ ਅਵਰੁ ਨ ਕੋਈ॥ ਕਹੈ ਨਾਨਕੁ ਏਹਿ ਨੇਤ੍ਰ ਅੰਧਸੇ: ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ; ਗੁਪਤੁ-ਕਰਤਾ, ਸੰਗਿ ਸੋਪ੍ਰਭੁ: ਡਹਕਾਵਏ ਮਨੁਖਾਇ॥ ਬਿਸਾਰਿ ਹਰਿਜੀਉ, ਬਿਖੈ ਭੋਗਹਿ ਤਪਤ ਥੰਮ ਗਲਿ ਲਾਇ; ਭਰਪੁਰਿ ਧਾਰਿ ਰਹਿਆ ਨਿਹ-ਕੇਵਲੁ; ਗੁਪਤੁ, ਪ੍ਰਗਟੁ ਸਭ ਠਾਈ ਹੇ[ਛ.161] ; ਹੋਰ ਉਪਦੇਸ਼ ਦੇਖੋ:

ਕੇਤੜਿਆ ਦਿਨ ਗੁਪਤੁ ਕਹਾਇਆ॥ ਕੇਤੜਿਆ ਦਿਨ ਸੁੰਨਿ ਸਮਾਇਆ॥ ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ॥ ਆਪੇ ਸਕਤੀ-ਸਬਲੁ ਕਹਾਇਆ॥ ਆਪੇ ਸੂਰਾ ਅਮਰੁ ਚਲਾਇਆ॥ ਆਪੇ ਸਿਵ ਵਰਤਾਈਅਨੁ ਅੰਤਰਿ ਆਪੇ ਸੀਤਲੁ ਠਾਰੁ ਗੜਾ॥ 13[4]

ਇਸ ਸ਼ਬਦ ਦੇ 12 ਪਦਾਂ 'ਚ ੧ਓ ਕਰਤਾ-ਅਕਾਲ ਪੁਰਖੁ ਸਮਗ੍ਰ ਸੰਸਾਰ ਉਤਪਨ ਕਰਣ 'ਚ ਚਾਰ (4) ਮੰਜ਼ਿਲਾਂ ਦਾ ਦ੍ਰਿਸ਼ਟਾਂਤ ਹੈ, ਜਥਾ:- ਗੁਪਤ-ਪਰਗਟ ਦੇ ਛੇ (6) ਵਿਕਾਸ ਰੂਪ ਹਨ:- 1. ਜਨਮ. 2. ਅਸਤਿਤਾ. 3. ਵ੍ਰਿੱਧੀ, 4. ਵਿਪਰਿਣਾਮ, 5. ਅਪਖਯੈ, 6. ਵਿਨਾਸ਼: ਤੇ ਸਤ ਅਵਸਥਾ ਹਨ:-1. ਸ਼ਿਸੁ, 2. ਕੌਮਾਰ, 3. ਪੌਗੰਡ, 4. ਕਿਸ਼ੋਰ, 5. ਯੋਵਨ (ਜਵਾਨ) 6.ਜਰਾ(ਬੜ੍ਹੇਪਾ),7.ਮ੍ਰਿਤੁ(ਮੌਤ)॥ ਇਨ੍ਹਾ ਨੂੰ ਸੌਖਾ ਸਮਝਣ ਲਈਂ ਸੰਖੇਪ "ਅੰਡਾ-ਮੁਰਗੀ-ਅੰਡ ਦ੍ਰਿਸ਼ਟਾਂਤ" ਹੈ, ਜਿਵੇਂ :-

---

161. ਪੁਨ੍ਹੈ. ਓ.ਪੰ.੧੦੮੨:੧। ਅ.ਪੰ.੯੩੦:੧। ਏ.ਪੰ.੧੩੫੮:੨। ਸ.ਪੰ.੮੧੧;੧੨। ਹ.ਪੰ. ੯੩੦:੧੬ ॥ਸਾਮਵੇਦੀ ਛਾਂਦੋਗਜ ਉਪਨਿਸ਼ਦ: ੫।.।੨॥ '.ਅਥਰਵ ਵੇਦ ਮੁੰਡਕ ਉਪਨਿਸ਼ਦ: ੧।੧॥' ਅਥਰਵ ਵੇਦ ਮੁੰਡਕ ਉਪਨਿਸ਼ਦ:੧।੧॥ ਸ਼੍ਰੀਗੁਗ੍ਰੰਜੀ.ਏ. ਪੰ.੧੩੫੮:੫(ਸਲੋਕ ੪੭ ਮਰਕਟ:)। ਕ.ਪੰ. ੩੪੦:5। ਖ.ਪੰ.੨੯੪:੧;੫੪੫:੧੨। *ਗ, ਪੰ.੯੨੨:੪; ਮ:੫. ਪੰ.੧੦੨੨:੫। 'ਘ. ਮ:੫. ਪੰ.੧੦੦੧:੧੪ ; 'ਛ.ਪੰ. ੧੦੨੨:੫। ਆਦਿ ॥

Sri Satguru Jagjit Singh Ji eLibrary NamdhariElibrary@gmail.com

ਮੁਰਗੀ ਦੇ ਅੰਡਾ ਦੇਣਸਾਰ ਜੇ ਉਸਦਾ ਐਕਸ-ਰੇ(X-Ray, MRI) ਦੇਖੀਏ, ਉਸ ਅੰਦਰ ਜਿਉਂਦਾ ਜੀਵ ਹੈ ਜਾਂ ਨਹੀਂ, ਤਦੋਂ ਗੁਪਤ ਹੈ॥ 2. ਅੰਡੇ ਦੇ ਪਾਲ ਦੋ, ਚਾਰ ਦਿਨ ਪਿੱਛੋਂ ਜੇ ਦੇਖੀਜੇ, ਜੀਵ ਤਾਂ ਪ੍ਰਤੀਤ ਹੁੰਦਾ ਹੈ; ਪਰ ਜੀਵ 'ਚ ਓਦੋਂ ਹਰਕਤ ਪ੍ਰਤੀਤ ਨਹੀਂ ਹੁੰਦੀ, ਸੁੰਨ (ਅਫੁਰ) ਹੁੰਦਾ ਹੈ। 3. ਦਸ ਪੰਦਰਾਂ ਦਿਨਾਂ ਪਿੱਛੋਂ ਜਦ ਉਸੇ ਤਰ੍ਹਾਂ ਦੇਖਦੇ ਹਾਂ, ਜੀਵ ਦਾ ਧੁੰਦਲਾ ਵਿਕਾਸ ਦਿਖਦਾ ਹੈ॥ ਪਾਲ ਪੂਰੇ ਦਿਨਾਂ ਦਾ ਹੋਣ ਉਤੇ; 4.ਬੱਚਾ ਅੰਡੇ ਦਾ ਖੋਲ ਅੰਦਰੋਂ ਫਾੜਕੇ ਪ੍ਰਤੱਖ ਪ੍ਰਗਟ ਹੋ ਨਿਕਲਦਾ ਹੈ। ਇਹ ਮਨੁਖਮਾਤ੍ਰ ਦਾ ਅਨੁਭਵ ਹੈ॥

ਪ੍ਰਸ਼ਨ: ਆਮ ਗੁਰੁਸਿਖ ਸਮਝਦੇ ਹਨ ੧ਓ ਕੇਰਤਾ ਨੇ ਦੁਨੀਆਵਾਂ 'ਚ ਸਾਨੂੰ ਵੱਖ ਵੱਖ ਬਣਾਇਆ; ਕੀ ਇਹ ਵਿਚਾਰ ਠੀਕ ਹੈ?

ਉਤਰ: ਬਿਲਕੁਲ ਨਹੀਂ,ਕਿਉਂਕਿ ਏਹ ਪੱਖ ਦੂਜਾ ਭਾਉ ਹੈ ਜਿਸ ਬਾਰੇ ਗੁਰਬਾਣੀ ਸਿਧਾਂਤ ਦੇ ਅਨੇਕ ਖੰਡਨ ਬਚਨ ਹਨ: ਸਭ ਕਿਛੁ ਆਪੇ ਆਪਿ ਹੈ: ਹਉਮੈ ਵਿਚਿ ਕਹਨੁ ਨ ਜਾਇ॥ ਗੁਰਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ; ਓਇ ਜੁ ਬੀਚ ਹਮ-ਤੁਮ ਕਛੁ ਹੋਤੇ:ਤਿਨਕੀ ਬਾਤ ਬਿਲਾਨੀ॥ ਅਲੰਕਾਰ ਮਿਲਿ ਥੈਲੀ ਹੋਈਹੈ ਤਾਤੇ ਕਨਿਕ ਵਖਾਨੀ॥ ਜਲ ਥਲਮਾਹੇ ਆਪਹਿ ਆਪ॥ ਆਪੈ ਜਪਹੁ ਆਪਨਾ ਜਾਪ॥

ਗੁਰੁਗਮ ਟਕਸਾਲ ਅਧਾਰਿਤ ਤਰਕ ਲੜੀ ਚਲਦੀ ਹੈ, ਕਿ ਦੂਜੇ ਭਾਉ ਮ੍ਰਿਤੂ ਰਹਿਤ ਪਰਮੇਸ਼ਰ੍ ਦੀ ਤਰਕ ਵਿਵਸਥਾ ਸਿੱਧ ਹੀ ਨਹੀਂ, ਜਿਵੇਂ: ਕੋਈ ਮਹਾਨ ਤੋ ਮਹਾਨ ਧਰਮ ਦਾ ਇਸ਼ਟ ਦੇਵ ਵਸਤੁ ਰੂਪ: ਦੇਸ਼, ਕਾਲ, ਕਾਰਣਾ ਤੋਂ ਕਟਿਆ (ਭੇਦਿਆ ਛੇਦਿਆ) ਜਾਵੇ, ਤਾਂ ਸ਼ੁੰਨਤਾ ਤੋੜੀ ਅਵਸਥਾ ਤਕ ਉਸਨੂੰ ਕਟਦੇ ਪਹੁੰਚ ਜਾਈਦਾ ਹੈ, ਇਹ ਬੋਧ ਮਤੀਆਂ, ਅਤੇ ਯੋਗੀਆਂ ਦਾ ਸੁੰਨ ਸਿਧਾਂਤ ਹੈ॥ ਜੇ ਕਰ ਕੁਛ ਚਿਰ ਲਈ ਮੰਨ ਵੀ ਲਈਏ ਕਿ ਵਾਹਿਗੁਰੂ ੧ਓ ਪ੍ਰਿਥਵੀ ਲੋਕ ਤੇ ਨਹੀ ਵਸਦਾ, ਇਸ ਨੂੰ ਛੱਡ, ਕਿਸੇ ਹੋਰ (1 ਤੋਂ 7 ਉਪਰ, ਜਾਂ 7 ਨੀਚਲੇ =14) ਕਿਸੇ ਇਕ ਲੋਕ ਵਿਚ ਬਸਦਾ ਹੈ ਤਾਂ ਨਾਂ ਵਿਆਪਕ ਹੋਣ ਕਾਰਣ, ਪਹਿਲਾਂ ਤਾਂ ਓਹ ਨਿਤ ਨਹੀਂ; ਦੂਜੇ ਭੇਦੇ, ਛੇਦੇ ਹੋਏ ਕਿਸੇ ਲੋਕ 'ਚ ਵਸਦਾ ਹੇ, ਸੋ ਨਿੱਤ ਨਹੀਂ ਹੋ ਸਕਦਾ, ਮਸਲਨ, ਜੇ ਮਹਾਨ ਹਿਮਾਲੈ ਪਰਵਤ ਕੱਟ ਕੇ ਟੁਕੜੇ ਕੀਤੇ ਜਾਣ, ਤਾਂ ਨਾਸ਼ ਹੋ ਸਕਦਾ ਹੈ ॥ ਐਸਾ ਮਹਾਨ ਤੋਂ ਮਹਾਨ ਭੇਦਿਆ-ਛੇਦਿਆ ਸੰਪ੍ਰਦਾਇਕ ਇਸ਼ਟ ਦੇਵ(Monotheist God) ਦਾ ਵੀ ਅੰਤ ਹੋ ਜਾਣਾ ਸੰਭਵ ਹੈ॥ ਯਾਦ ਰਹੇ ਮਾਯਾ ਜੜ(inanimate) ਦਾ ਆਕਾਸ਼ ਤਤ ਵਿਆਪਕ ਹੋਣ ਕਾਰਣ ਕਦੀ ਕਟਿਆ ਨਹੀਂ ਜਾਂਦਾ, ਨਾ ਉਸ 'ਚ ਧੂੰਆਂ ਕੀਤੇ ਕਾਲਾ ਹੁੰਦਾ ਹੈ, ਨਾ ਪਾਣੀ ਭਰੇ ਬੱਦਲ ਉਸਨੂੰ ਗਿੱਲਾ ਕਰ ਸਕਦੇ ਹਨ। ਇਹ, ਤੇ ਹੋਰ ਅਨੇਕ ਕਾਰਣ ਮਾਯਾ ਦਾ ਕਾਰਣ(ਕਾਰਜ) ਆਕਾਸ਼ ਅਭੇਦ ਅਛੇਦ ਤਾਂ ਹੈ ਪਰ ਧਿਆਨ ਰਹੇ:- ਮਾਯਾ ਕਾਰਣ ਤੇ ਉਸਦੇ ਸਾਰੇ ਕਾਰਜ ਜੜ ਹਨ ਚੇਤਨ ਨਹੀਂ॥ ਪਰ ਸ਼੍ਰੀ ਗੁਰੂਬਾਣੀ ਬਚਨ ਕਹ ਚੁਕੇ:-

ਕਰਣ ਕਾਰਣ ਪ੍ਰਭੁ ਏਕੁਹੈ ਦੂਸਰ ਨਾਹੀ ਕੋਇ ॥ ਨਾਨਕ ਤਿਸੁ ਬਲਿਹਾਰਣੈ, ਜਲਿ ਥਲਿ ਮਹੀਅਲਿ ਸੋਇ॥

ਇਕੋ ਸੱਚਿਦਾਨੰਦ ਬ੍ਰਹਮ ਰੂਪ ਸਮਝੌਣ ਲਈ:-੧ਓ ਦੇ ਸ਼ੁਧ ਚੇਤਨ (Pure Animate) ਅਧਿਸ਼ਠਾਨ (Noumenon) ਬ੍ਰਹਮ = ਸਤ-ਚਿਤ-ਆਨੰਦ (Eternal Unbound, Real, Dynamic, Consious, Exprienced Blissful BEING) ਅਨੰਤ ਤਰਕ ਦ੍ਰਿਸ਼ਟਾਂਤ ਹਨ,

Sri Satguru Jagjit Singh Ji eLibrary NamdhariElibrary@gmail.com

ਜਿਵੇਂ, ਸਹਸ ਘਟਾ ਮਹਿ ਏਕੁ ਆਕਾਸੁ॥ ਘਟ ਫੂਟੇ ਤੇ ਓਹੀ ਪ੍ਰਗਾਸੁ॥ ਭ੍ਰਮ ਛੂਟੇ ਤੇ ਏਕੰਕਾਰ ਆਦਿ, ਅਰਥਾਤ: ੧ਓ ਹੀ ਤਰਕ ਸਿੱਧ ਸੱਚਿਦਾਨੰਦ ਬ੍ਰਹਮ ਹੈ ॥

ਨੋਟ:-ਪਰ ਧਿਆਨ ਰਹੇ, ਕਿ ਅਨਾਦੀ-ਅਨੰਤ ੧ਓ ਸਤਿ-ਚਿਤ(ਚੇਤਨ) ਆਨੰਦ ਵਾਹਿਗੁਰੂ ਨੇ ਅਨਾਦਿ-ਸਾਂਤ ਮਾਯਾ-ਜੜ ਵਿਕਾਸ ਆਕਾਸ਼ ਤਤ ਬਾਰੇ ਗੁਰੁਬਚਨ ਹੈ ਪੰਚ-ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ॥ ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥ ਜੜ ਮਾਯਾ ਉਪਾਦਾਨ ਕਾਰਣ ਦਾ ਪੰਜ ਤਤੁ ਚੇਤਨ ਨਹੀਂ ਹਨ ॥ਪਰ ਸਿੱਖ-ਸਿੰਘ ਧਿਆਨ ਰਖਣ, ਜੜ ਆਕਾਸ਼ ਵਿਆਪਕ ਹੋਣ ਕਾਰਣ''ਸਤਚਿਦਾਂਨੰਦ'' ਅਨਾਦਿ-ਅਨੰਤ ੧ਓ ਤਰਾਂ ਹੀ ਹੈ ॥ ਬਾਕੀ ਜੋ ਵੀ ਜੜ ਪਦਾਰਥ ਭੇਦੇ ਛੇਦੇ ਜਾ ਸਕਣ, ਓਨ੍ਹਾਂ ਦਾ ਨਿਸਚੈ ਅੰਤ, ਵਿਕਾਸ-ਨਾਸ ਕਿਸੇ ਕਾਲ ਹੋ ਸਕਦਾ ਹੈ, ਕੋਈ ਬਚ ਹੀ ਨਹੀਂ ਸਕਦਾ॥ ਇਸੇ ਕਾਰਣ ਪਿਛਲੇ ਮੁੱਖ ਤਿਨ ਯੁਗਾਂ ਦੇ ਦੂਜੇ ਭਾਵ ਬਾਰੇ ਸ਼੍ਰੀਗੁਰੂ ਬਾਣੀ ਉਪਦੇਸ਼ ਹਨ:- ਧਰਮ ਰਾਇ ਨੋ ਹੁਕਮੁਹੈ, ਬਹਿ ਸਚਾ ਧਰਮੁ ਬੀਚਾਰਿ॥ ਦੂਜੈ-ਭਾਇ ਦੁਸਟੁ ਆਤਮਾ, ਓਹੁ ਤੇਰੀ ਸਰਕਾਰ॥ ਧਿਆਤਮੀ ਹਰਿਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥ ਤਿਨਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ॥ ਖ.162

ਨੋਟ:-ਅਧਿਆਤਮ ਕਰਮ(sacraments) ਸਮਸ਼ਟੀ(integral) ਅਤੇ ਵਿਸ਼ਟੀ (individual) ਦੋ ਤਰ੍ਹਾਂ ਦੇ ਹਨ:-

1. ਸਮਸ਼ਟੀ ਗੁਰੁਦਾਰੇਆਂ 'ਚ ਸਾਝੇ ਪੰਜ ਕਕੇ ਹਨ:1. ਕੀਰਤਨ 2.ਕਥਾ 3.ਕੜ੍ਹਾਹ ਪ੍ਰਸ਼ਾਦ 4.ਕੜਛਾ/ਲੰਗਰ 5.ਕਵਿ ਦਰਬਾਰ॥
2. ਵਿਸ਼ਟੀ ਗੁਰੁਸਿੱਖ-ਸਿੰਘਾਂ ਦੇ ਪੰਜ ਕਕੇ ਹਨ: 1.ਕੇਸ 2.ਕੰਘਾ 3.ਕੜਾ 4.ਕ੍ਰਿਪਾਨ 5. ਕਛਹਿਰਾ॥

ਦ੍ਰਿਸ਼ਟਾਂਤ: ਇਸੇ ਤਰ੍ਹਾਂ ਦੂਜੈ-ਭਾਇ ਦੁਸਟ ਹੰਕਾਰੀਆ ਦੇ ਅਨੇਕ ਦ੍ਰਿਸ਼ਟਾਂਤ ਉਪਦੇਸ਼ਾਂ ਵਿੱਚੋਂ, ਮੁੱਖ ਦੈਂਤ ਰਾਜ ਹਰਣਾਕਸ ਦਾ ਹੈ॥ ਹਰਣਾਕਸ ਦੇ ਦਰਬਾਰ ਵਿੱਚ ਸ਼ੂੰਨ ਵਿੱਚੋਂ ਨਰ-ਸਿੰਘ ਅਵਤਾਰ ਪ੍ਰਗਟਣਾ ਬੜੇ ਖੁਲਾਸੇ ਨਾਲ ਸਾਰੇ ਗੁਰੂਆਂ ਤੇ ਭਗਤਾਂ ਕੀਤਾ ਹੈ॥ ਬਾਕੀ ਜੁਗਾਂ ਦੇ ਮੁਖ ਅਵਤਾਰਾਂ ਵਿੱਚੋਂ ਦਸ (10) ਪ੍ਰਧਾਨ ਅਵਤਾਰਾਂ ਦਾ ਵਰਣਨ ਜੁਗਾਂ ਪਰਥਾਏ ਹਰਣਾਕਸ, ਰਾਵਣ, ਕੰਸ, ਆਦਿਆਂ ਸੰਬੰਧੀ ਸ਼੍ਰੀ ਵਿਸ਼ੂਗੁਰੂ ਨਾਨਕ ਦੇਵ ਜੀ ਦੇ ਆਪਣੇ ਫਰਮਾਣ ਉਪਦੇਸ਼ ਹਨ: ਹੁਕਮਿ ਉਪਾਏ ਦਸ ਅਉਤਾਰਾ; ਸੁੰਨਹੁ ਉਪਜੇ ਦਸ-ਅਵਤਾਰਾ; ਭਗਤਾਦੀ ਸਦਾ ਤੂ ਰਖਦਾਹਰਿਜੀਉ, ਧੁਰਿ ਤੂ ਰਖਦਾ ਆਇਆ॥ ਪ੍ਰਹਿਲਾਦ੍-ਜਨ ਤੁਧੁ ਰਾਹਿਰਿਜੀਉ: ਹਰਣਾਖਸੁ ਮਾਰਿ ਪਚਾਇਆ ॥ ਗੁਰਮੁਖਾਨੋ ਪਰਤੀਤਿਹੈ ਹਰਿਜੀਉ : ਮਨਮੁਖ ਭਰਮਿ ਭੁਲਾਇਆ ॥1॥''ਏ.163

ਅਵਤਾਰ ਸ਼ਕਤੀ-ਸਬਲ ਹੋਣ ਕਾਰਣ, ਸਦਾ ਮਾਯਾ ਉਤੇ ਹਾਵੀ ਕਾਰਣ, ਓਨ੍ਹਾਂ ਦਰਸ਼ਕ ਮਾਯਾਵੀ ਪ੍ਰਪੰਚਿ (ਪੰਚੀਕਿਰਤ: five elements permute) ਅਸਥੂਲ-ਸ਼ਰੀਰੀ

---

162. ਪੁਨੁ. ਓ.ਪੰ. ੧੦੯੧:੧੯-। ਅ.ਪੰ. ੩੫:੧ । ਏ.ਪੰ. ੬੭੨:੧ । ਸ. ਪੰ. ੩੪੩:੧੨ । ਹ. ਪੰ. ੭੩੬:੪ । ਕ. ਪੰ. ੧੪੨੮:੧੯ ॥ ਖ.ਪੰ.੩੯: ੧੯; ਆਦਿ ॥

163. ਪੁਨੁ.ਮਃ੧: ਓ: ਪੰਨਾ.੧੦੩੭:੪। ਅ:ਪੰ.੧੦੩੯:੪। ਏ. ਪੰ.੬੩੭:੧੩-੧੪; ਆਦਿ ॥ ਦੇਖੋ ਸ਼੍ਰੀਭਗਵਤ-ਗੀਤਾ: ੪੧੬-'੭-'੬੦॥

Sri Satguru Jagjit Singh Ji eLibrary NamdhariElibrary@gmail.com

ਨਹੀਂ, ਬੇਸ਼ਕ ਸਾਰੇਆਂ ਨੂੰ ਪ੍ਰਤੱਖ ਦ੍ਰਿਸ਼ ਪੰਜ ਮਹਾਭੂਤ(non-permute) ਸ਼ਰੀਰ ਮਾਯਾ ਉਪਾਧਿ ਕਾਰਣ "ਪ੍ਰਤੀਤ"ਹੁੰਦੇ ਹਨ। ਓਨ੍ਹਾਂ'ਚੋਂ ਸ਼੍ਰੀ ਵਿਸ਼ਨੂਗੁਰੂ ਨਾਨਕ ਦੇਵਜੀ ਵੀ ਸਨ ਤੇ ਸ਼੍ਰੀਜਗਦਗੁਰੂਬਾਣੀ ਸ਼ਹਾਦਤ ਹੈ: ਮਃ5:ਦੂਜਾ ਨਹੀ ਜਾਨੈ ਕੋਇ॥ ਸਤਗੁਰੁ ਨਿਰੰਜਨੁ ਸੋਇ॥ ਮਾਨੁਖਕਾ ਕਰਿ ਰੂਪੁ ਨ ਜਾਨੁ॥ ਮਿਲੀ ਨਿਮਾਨੇ ਮਾਨੁ॥ ਪ੍ਰਹਿਲਾਦਜਨ ਤੁਧੁ ਰਾਖਿਲਏ ਹਰਿਜੀਉ: ਹਰਣਾਖਸੁ ਮਾਰਿਪਚਾਇਆ॥ ਗੁਰਮੁਖਾਨੋ ਪਰਤੀਤਿਹੈ ਹਰਿਜੀਉ:ਮਨਮੁਖ ਭਰਮਿ ਭੁਲਾਇਆ॥

ਭਾਈ ਬਾਲੇ ਵਾਲੀ ਸ਼੍ਰੀਵਿਸ਼ਨੂਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿੱਚ ਸ਼੍ਰੀਵਿਸ਼ਨੂਗੁਰੂ ਨਾਨਕ ਦੇਵਜੀਦੇ ਅਪੰਚੀਕ੍ਰਿਤ ਸ਼ਰੀਰ ਲੋਪ ਹੋਇ ਤੇ ਗੋਰਖਾਦਿ ਸਿੱਧ ਨਹੀਂ ਢੂੰਡ ਸਕੇ। ਉਸੇ ਕਾਰਣ ਪੰਚਮ ਸ਼੍ਰੀਜਗਦਗੁਰੂ ਅਰਜੁਨ ਦੇਵਜੀ ਪ੍ਰਸਿੱਧ (ਸਹਸ੍ਰਨਾਮ) ਦਾ ਸ਼ਬਦ ਹੈ: ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ॥ ਮਧੁਸੂਦਨ ਦਾਮੋਦਰ' ਸੁਆਮੀ॥

ਬਾਬਾ ਬੁਢਾਜੀ ਉਪਦੇਸ਼ੇ ਭਾਈ ਗੁਰੁਦਾਸ ਦੀ ਸ਼ਹਾਦਤ ਹੈ "ਸਭ ਸਿਧੀਂ ਏਹ ਬੁਝਿਆ ਕਲਿ ਤਾਰਣ ਨਾਨਕ ਅਵਤਾਰਾ॥ ਪਰਿਭਾਸ਼ਾਰਥ, ਮਃ1: ਸੁੰਨਹੁ ਉਪਜੇ ਦਸ-ਅਵਤਾਰਾ ਦੇਖੇ ਹਨ। ਪੰਚਮ ਸ਼੍ਰੀਜਗਦਗੁਰੂ ਬਾਣੀ 'ਚ ਦਾਮੋਦਰ ਅੱਗੇ ਕਿਰਤਮ-ਨਾਮ ਕਥੇ ਤੇਰੇ ਜਿਹਬਾ॥ ਸਤਿਨਾਮੁ ... ਅਤਿ ਸੰਖੇਪ ਅਵਤਾਰ ਅਪੰਚੀਕ੍ਰਿਤ ਸਰੀਰਾਂ ਪਰਥਾਏ ਹਨ॥ ਇਸਦੇ ਪਿਛੋਕੜ ਸੰਸਕ੍ਰਿਤ ਬਾਣੀ ਪਹਿਲਾਂ ਰੂੜੀ ਬਾਣੀ ਸ਼ਬਦ ਦਾਮ, "ਰੱਸੀ" ਹੈ, ਤੇ ਮਿਸ਼੍ਰ-ਸੰਸਕ੍ਰਿਤ ਯੌਗਿਕ ਸ਼ਬਦ ਉਦਰ, ਪੇਟ ਹੈ॥ ਇਸ ਪਦ ਦਾ ਸੰਖੇਪ ਪ੍ਰਸੰਗ ਇਹਸੀ:- 'ਬਾਲ ਰੂਪ ਸ਼੍ਰੀ ਕ੍ਰਿਸ਼ਨ ਦੀ ਪਾਲਕ ਯਸੋਧਾ ਮਾਂ ਖੇਡ ਖੇਡ 'ਚ ਮੱਖਨ ਖਾਣ ਪਿੱਛੇ ਰੋਜ਼ ਤੰਗ ਹੋਈ ਇਕ ਦਿਨ ਔਖੇ ਹੋ ਰੱਸੀ ਲੈਕੇ ਸ਼੍ਰੀ ਕ੍ਰਿਸ਼ਣ ਨੂੰ ਉਖਲ ਨਾਲ ਬਨ੍ਹਣ ਦਾ ਬਹੁਤ ਜਤਨ ਕੀਤਾ; ਪਰ ਰੱਸੀ ਓਨ੍ਹਾਂ ਦੇ ਸ਼ਰੀਰ ਵਿੱਚੋ ਲੰਘ ਜਾਂਦੀ, ਬੰਨ੍ਹ ਨਹੀ ਸਕੀ, ਜਿਵੇਂ ਜਾਦੂਗਰ ਸੁੰਨ ਵਿਚੋ ਬਹੁਤ ਕੁਛ ਪੈਦਾ ਕਰ ਦਿਖਾਂਦੇ ਹਨ॥ ਗੋਪੀਆਂ ਦੀ ਗਲਤ ਕਾਮ ਵਾਸਨਾ ਕਾਰਣ ਸ਼੍ਰੀ ਕ੍ਰਿਸ਼ਣ ਲੋਪ ਹੋਏ ਤੇ ਮਾਫੀ ਦੀਆਂ ਅਰਦਾਸਾਂ ਪਿੱਛੋਂ ਪਰਗਟ ਹੋਇ[ਏ.164] ॥ ਦੱਸਣ ਦਾ ਇਹ ਹੇਤੂ ਹੈ:-ਅਵਤਾਰਾਂ ਦੇ ਅਸਥੂਲ ਸ਼ਰੀਰ ਆਪਣੇ ਜੀਵਾਂ ਵਰਗੇ ਪੰਜ ਤੱਤਾਂ ਦੇ ਪੰਚੀਕ੍ਰਿਤ(permutated) ਨਹੀਂ ਪਰ ਐਸੇ ਭਾਸਦੇ ਜ਼ਰੂਰ ਹਨ। ਓਹ ਆਪਣੇ ਯੁਗਾਂ ਦੇ ਪ੍ਰਧਾਨ ਸ਼ੁਭਕਰਮੀ-ਸਰਵ-ਸ਼ਕਤੀ ਮਾਨ ਦਿੱਸਣ ਕਾਰਣ: ਹੋਰ ਜੀਵਾਂ, ਜੁਗਤ-ਜੋਗੀਆਂ ਆਦਿਆਂ ਨਾਲੋਂ ਜ਼ਿਆਦਾ ਉੱਤਮ ਕਾਰਣ ਪੂਜਨੀ ਹਨ, ਜਥਾ ਗੁਰਬਾਣੀ :- ਜਿਸਹੀ ਕੀ ਸਿਰਕਾਰ ਹੈ, ਤਿਸਹੀ ਕਾ ਸਭੁ ਕੋਇ॥ ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ॥ ਪਰ ਨਾਸਤਿਕ ਭੌਤਕ ਵਾਦੀਆਂ ਦੇ ਵਿਚਾਰ ਹੋਰ ਹੀ ਹਨ:-ਨਵੇਂ ਪਛਮ ਦੀ ਭੌਤਿਕ ਵਿਗਿਆਨ ਦੀ ਰੋਸ਼ਨੀ ਅੰਗ੍ਰੇਜ਼ੀ ਭਾਰਤੀ ਪੰਜਾਬੀ ਸਿਖ ਲੇਖਕਾਂ ਪ੍ਰਚਾਰਕਾਂ 'ਚ ਗੁਪਤ ਇਸਾਈ ਮਤ ਦਾ ਪ੍ਰਭਾਵ ਅਤੇ ਲਕਸ਼ ਪਿਛਲੀ ਸਦੀ ਤੋ ਮੈਕੋਲਿਫ ਤੋਂ ਅੰਗ੍ਰੇਜ਼ੀ ਸਕੂਲ ਕਾਲਜ ਵਿਦਿਆਰਥੀਆਂ ਉਤੇ ਪੈਂਦਾ ਆ ਰਹਿਆ ਹੈ, ਕਿ:- ਪਹਿਲੀ ਵਾਰ ਜੇ ਮਨੁਖ ਨੇ ਰੱਬ ਦੇਖਿਆ ਸੀ ਓਹ ਕੇਵਲ ਯਸੂ, ਰੱਬ ਪੁਤ ਮਸੀਹ (ਅਵਤਾਰ) ਰੂਪ 'ਚ ਦੇਖਿਆ ਸੀ। ਨਾ ਕਦੀ ਹੋਰ ਹੋਇਆ, ਨਾ ਹੋਵੇਗਾ॥ ਇਸ ਇਸਾਈ ਮਤ ਮਾਨਤਾ ਕਾਰਣ, ਜੋ ਵੀ ਹੋਰ

164. ਪੁਨ੍ਹ.ਓ.ਮ:੩.ਪੰ.੬੩੭:੧੩। ਅ.੧੦੮੨:੫-੬; ੧੦੮੩:੧੦"ਕਿਰਤਮ-ਨਾਮ ਕਥੇ ਤੇਰੇ ਜਿਹਬਾ॥ ਸਤਿਨਾਮੁ ਤੇਰਾ ਪਰਾ ਪੂਰਬਲਾ-"। ਏ. ਦਗੁਗ੍ਰੰਜੀ.ਕ੍ਰਿਸ਼ਨ ਅਵਤਾਰ.ਛੰਦ.੪੭੨-੪੭੯, ਅੰਤਰਧਾਨ(ਲੋਪ) ੪੮੦- ਫੇਰ ਪ੍ਰਗਟ ੪੯ ੯...੫੦੧ ॥

Sri Satguru Jagjit Singh Ji eLibrary NamdhariElibrary@gmail.com

ਧਰਮਾਂ ਦੇ ਕਿਸੇ ਰੱਬ ਦੇ ਅਵਤਾਰ ਨੂੰ ਮੰਨਦੇ ਹਨ, ਸਾਡੇ ਸਰੀਕ ਹਨ, ਸਾਰੇ ਹੀ ਬਿਲਕੁਲ ਗਲਤ ਹਨ॥ ਅੰਗ੍ਰੇਜ਼ਾਂ ਨੇ ਸਿਖਾਂ, ਅਤੇ ਖਾਸ ਸਿੰਘ-ਸਿਖਾਂ ਤੇ ਸਨਾਤਨੀ ਹਿੰਦੂਆ 'ਚ ਭੇਦ ਪਾਣਦਾ ਬੜਾ ਗੁਪਤ-ਪ੍ਰਗਟ ਜ਼ੋਰ ਲਾਯਾ॥ ਨਵੇ ਸਿੰਘ ਸਭਾ ਪ੍ਰਚਾਰਕਾਂ ਨੇ ਸ਼੍ਰੀ ਜਗਦ ਗੁਰੂ ਨਾਨਕ ਦੇਵਜੀ ਦੇ ਪਿਛਲੇ ਯੁਗਾਂ 'ਚ ਸ਼੍ਰੀ ਗੁਰੁਬਾਣੀ ਸ਼ਹਾਦਤ ਬਾਵਜੂਦ ਸ਼੍ਰੀ ਰਾਮ, ਸ਼੍ਰੀ ਕ੍ਰਿਸ਼ਣ ਆਦਿ ਅਵਤਾਰ ਹੋਣਾ ਕ੍ਰਮ ਹੈ ਖਾਲਸਾ ਕਾਲਿਜਾਂ ਰਾਹੀ ਨਿਖੇਧੀ ਚਾਲ ਬਿਨਾਂ ਸ਼੍ਰੀਗੁਰੂ ਗ੍ਰੰਥ ਬਾਣੀ ਪ੍ਰਮਾਣਾਂ ਉਲਟ ਚਲਾਈ ॥ ਸੋ ਕੁ ਸਾਲਾਂ ਅੰਦਰ ਗੁਰਬਾਣੀ ਅਨਪੜ ਆਮ ਗੁਰੁਸਿਖਾਂ ਦੇ ਮਨਾਂ ਉਤੇ ਸ਼੍ਰੀਗੁਰੂਜੀਦੇ '1' ਦੇ ਸਿੱਧਾਂਤ ਉਲਟ ਦੂਜੇ ਭਾਉ ਦਾ ਪ੍ਰਭਾਵ ਪੈ ਗਇਆ, ਧਰਮ ਫਾੜ ਨੀਤੀ ਕਰਕੇ ਭਾਰਤ ਦੇ ਟੁਕੜੇ ਹੋਏ, ਸਰਹਦੀ-ਪੰਜਾਬੀ ਗੁਰੁ-ਸਿੱਖ ਘਰੋਂ ਬੇ-ਘਰ ਹੋਇ ਪਰ ਹੁਣ ਤਕ ਗੁਰੁ ਸਿੱਖਾਂ ਕੀ ਸਿਖੇ--ਕਿ ਦੁਨੀਆਂ ਵਿਚ ਅਬਾਦੀ ਸਿੱਖਾਂ ਦੀ ਵਧਦੀ ਜਾ ਰਹੀ ਹੈ॥ ਇਹ ਗੁਰੁਬਾਣੀ ਸ਼ਹਾਦਤ ਉਲਟ ਪ੍ਰਚਾਰ ਦਾ ਕੀ ਉਪਾਇ ਹੈ?

ਉਤਰ ਜੇ ਅੱਜ ਸਿੱਖ-ਸਿੰਘ ਸ਼੍ਰੀਗੁਰੂ ਜੀਆਂ ਨੂੰ ਅਕਾਲ ਪੁਰਖ ਭੇਜੇ ਅਵਤਾਰ, ਪੈਗੰਬਰ ਨਹੀਂ ਮੰਨਦੇ ਫੇਰ ਸ਼੍ਰੀ ਗੁਰੂ ਗ੍ਰੰਥ ਜੀ ਅੱਗੇ ਕਿਉਂ ਸੀਸ ਨਿਵਾਂਦੇ ਹਨ? ਜੇ ਦਸੋ ਸ਼੍ਰੀਗੁਰੂ ਜੀ ਆਪਣੇ ਸਿੰਘਾਂ ਵਰਗੇ ਸਨ। ਓਨ੍ਹਾਂ ਕੀ ਸ਼੍ਰੀਗੁਰੂ-ਸਾਖੀ ਬਚਨ ਨਹੀਂ ਸੁਣੇ:- ਮਃ3:ਨਾਨਕ ਗੁਰ ਤੇ ਗੁਰੁ ਹੋਇਆ, ਵੇਖਹੁ ਤਿਸਕੀ ਰਜਾਇ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥ ਭਾਵਾਰਥ ਹੈ:-ਗੁਰ ਤੇ ਗੁਰੁ (ਅੰਗਦ) ਹੋਇਆ ਹੈ, ਜਿਸ ਦੀ ਜੋਤਿ ਵਿੱਚ ਜੋਤਿ ਮਿਲਨਾ ਹੀ ਅਵਤਾਰ ਦਾ ਪਰਿਭਾਸਿਕ ਲਖਨ ਗੁਰਬਾਣੀ 'ਚ ਹੈ: ਲਹਣੇਦੀ ਫੇਰਾਈਐ, ਨਾਨਕਾ ਦੋਹੀ ਖਟੀਐ ॥ ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥ ਅਤੇ; ਗੁਰ-ਅੰਗਦਦੀ ਦੋਹੀ ਫਿਰੀ, ਸਚੁ ਕਰਤੈ ਬੰਧਿ ਬਹਾਲੀ॥ ਨਾਨਕੁ ਕਾਇਆ ਪਲਟੁ ਕਰਿ, ਮਲਿ ਤਖਤੁ ਬੈਠਾ ਸੈ ਡਾਲੀ ਅਉਤਰਿਆ ਅਉਤਾਰੁ ਲੈ, ਸੋਪੁਰਖੁ ਸੁਜਾਣੁ, ਸਤਿਗੁਰ ਭਾਵਸੀ, ਸੋ ਸਤੇ ਦਾਣੁ॥ ਨਾਨਕ ਹੁੰਦਾ ਛਤ੍ਰ ਸਿਰਿ, ਉਮਤਿ ਹੈਰਾਣੁ॥ ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥ ਤ੍ਰੈਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥ ਦੁਆਪੁਰਿ ਕ੍ਰਿਸਨ ਮੁਰਾਰਿ, ਕੰਸੁ ਕਿਰਤਾਰਥੁ ਕੀਓ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ-ਜਨ ਦੀਓ॥ ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥ ਸ੍ਰੀ ਗੁਰੂਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥ ਨਾਨਕ ਕੁਲਿ ਨਿੰਮਲੁ ਅਵਤਰਿਉ ਅੰਗਦ ਲਹਣੇ ਸੰਗਿਹੁਅ॥ ਗੁਰੂ ਅਮਰਦਾਸ ਤਾਰਣਤਰਣ ਜਨਮ ਜਨਮ ਪਾ ਸਰਣਿ ਤੁਅ॥ ਰਾਮਦਾਸਿ ਗੁਰੂ ਜਗਤਾਰਨ ਕਉ ਗੁਰਜੋਤਿ ਅਰਜੁਨ ਮਾਹਿ ਧਰੀ॥ ਜਗ ਅਉਰੁਨ ਯਾਹਿ ਮਹਾਤਮਮੈ ਅਵਤਾਰੁ ਉਜਾਗਰੁ ਆਨਿਕੀਅਉ॥ ...ਪਰਤਛਿ ਰਿਦੈ ਗੁਰੂ ਅਰਜੁਨ ਕੈ ਹਰਿ ਪੂਰਨ-ਬ੍ਰਹਮਿ ਨਿਵਾਸੁ ਲੀਅਉ॥ [ਗ.165]

ਸ਼੍ਰੀ ਜਗਦਗੁਰੂ ਜੀਆਂ ਦੇ ਸ਼ਾਸਤ੍ਰ ਕ੍ਰਿਤ ਗਿਆਨੀ-ਭਗਤ ਸਿੱਖ-ਮੁਸਲਮਾਨ-ਰਬਾਬੀ ਅਤੇ ਸ਼੍ਰੀਗੁਰੂ ਕੁਲ ਭਟ, ਜੋ ਭੱਟ-ਸਿੱਖ ਹੋਕੇ ਅਵਤਾਰ ਸ਼ਬਦ ਬਰਤਿਆ ਹੈ॥ ਇਹ ਪੁਰਾਣੇ ਯੁਗ ਵੇਦਾਦਿਆਂ ਦਾ ਅਸਲ ਸਿੱਧਾਂਤ ਤੇ ਅਭਿਪ੍ਰਾਯ ਇਦੰਤਾ ਕਰ ਖੁੱਲਕੇ ਸਾਫ ਕਿਹਾ/ਲਿਖਿਆ ਹੈ: ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥ ਇਨ੍ਹਾਂ ਤੁਕਾਂ ਦਾ ਹ.ਪੰ.

165. ਪੁਨ੍ਹੈ.ਓ.ਪੰ ੨੭:੨।ਅ.ਮਃ੩.ਪੰ.੪੯੦:੧੯।ਏ.ਪੰ.੯੬੬:੧੮। ਸ.ਪੰ.੯੬੭:੭। ਹ.ਪੰ. ੯੬੮:੫। ਕ.ਪੰ.੧੩੯੦:੭। ਖ. ਪੰ.੧੩੯੫:੮। ਗ. ਪੰ.੧੪੦੯:੩॥

Sri Satguru Jagjit Singh Ji eLibrary NamdhariElibrary@gmail.com

ਪਿਛਲੀਆਂ ਤੁਕਾਂ ਦੀ ਲੜੀ ਅਤਿ ਸੰਖੇਪ ਭਾਵ ਸ਼੍ਰੀ ਗੁਰੂਜੀਦੇ ਆਪਣੇ ਬਚਨਾਂ ਵਿੱਚ ਇਸ ਪ੍ਰਕਾਰ ਸੰਗਠਿਤ ਹਨ:-

ਮਃ3:- ਬਾਣੀ ਵਜੀ ਚਹੁ ਜੁਗੀ ਸਚੋਸਚੁ ਸੁਣਾਇ''

ਮਃ4:- ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ॥ ਜੁਗਿਜੁਗਿ ਪੀੜੀਚਲੈ ਸਤਿਗੁਰਕੀ ਜਿਨੀ ਗੁਰਮੁਖਿ ਨਾਮੁ ਧਿਆਇਆ॥ ਹਰਿ-ਪੁਰਖੁ ਨ ਕਬਹੀ ਥਿਨੀ ਜਾਵੈ, ਨਿਤ ਦੇਵੈ ਚੜੈ ਸਵਾਇਆ॥

ਮਃ5:-ਜੋਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ॥ ਨਾਨਕ ਕੀ ਬੇਨੰਤੀ ਪ੍ਰਭ ਜੀਉ ਮਿਲੈ ਸੰਤਜਨ ਸੇਵਾ॥

ਦਰਜਨ ਪ੍ਰਮਾਣ ਪਾਠਕ ਖੁਲ੍ਹੇ ਮਨਾ ਨਾਲ ਭਾਵਾਰਥ ਵਿਚਾਰ ਲੈਣ, ਕਾਰਣ ਸ਼੍ਰੀਗੁਰੂਜੀ ਇਹ ਪਹਿਲੀ ਵਾਰ ਜਗਤ ਨਹੀ ਆਏ॥ ਜਿਸ ਕਰਕੇ ਭਾ: ਗੁਰਦਾਸ ਜੀ ਨੇ ਕੁਮਿਕਾ ਵਾਰ । 'ਚ ਸ਼੍ਰੀ ਗੁਰੂਜੀਦਾ ਵਿਸ਼੍ਵ ਦੇ ਆਦਿ ਕਾਲ ਤੋਂ ਓਨ੍ਹਾ ਦੇ ਰਹਿਣ ਦਾ ਪ੍ਰਬੰਧ ਬਝਾ॥

14. ਪ੍ਰਸ਼ਨ: ਵਿਸ਼੍ਵ:ਅਨੁਭਵ ਤੇ ਤਰਕ ਸਿੱਧ, ਤਿੰਨ ਕਾਲ ਵਸ ਹੈ। ਕੀ ਕਥਿ-ਅਕਥਿ ਬਾਣੀ ਸਮਸ਼ਟੀ-ਵਿਅਸ਼ਟੀ ਇਤਿਹਾਸ ਸਤ ਹਨ?

14. ਉਤਰ: ਨਹੀਂ। ਬਾਣੀ ਸਤਿ ਹੈ ਜੋ ਨਿਤ ੧ਓਂ ਸਤਿ ਤ੍ਰਿਕਾਲ ਅਬਾਧ ਗਿਆਨ ਦੇ ਕੇ ਨਿਤ-ਸਤਿ ਅਨੁਭਵ ਦੇ ਮੁਕਤਾ ਕਰਦਾ ਹੈ ਪਰ ਇਤਿਹਾਸ ਅਯਥਰਥ ਹੈ॥ ਸੰਸਕ੍ਰਿਤ ਮੂਲ ਤੋਂ ਸੰਸਾਰ ਦਾ ਅਰਥ ਸਿਰਕਣਾ ਹੈ। ਇਤਿਹਾਸ ਸਦਾ 'ਚਲ' ਹੈ॥ ਜਗਤ ਪੂਜ ਦੇਵ-ਦੇਵੀ, ਰਿਖੀ, ਮੁਨੀ, ਪੈਗੰਬਰ, ਅਵਤਾਰ, ਸ਼੍ਰੀ 10 ਗੁਰੂ ਸੰਸਾਰ ਤੋਂ ਕਦੀ ਵਖਰੇ ਨਹੀ ਸਨ, ਜਥਾ ਸ਼੍ਰੀਗੁਰੂ ਵਾਕ:-

ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥ ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥ 2॥ ਰਾਜ ਬਿਨਾਸੀ ਤਾਮ ਬਿਨਾਸੀ, ਸਾਤਕੁ-ਭੀ ਬੇਨਾਧਾ॥ ਦ੍ਰਿਸਟਿਮਾਨਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥ [ਸ.166]

ਚਾਰ ਵੇਦ,ਖਟ ਦਰਸ਼ਨੀ ਸੰਤ,ਸਾਧੂ ਮਹਾਤਮਾਂ,ਰਾਜ ਜੋਗੀ ਰਾਜੇ, ਜਨਤਾ ਰਾਜ ਚੁਣੇ ਕਰਤੇ ਆਦਿਕ ਕਹਾਣੀਆਂ ਅਨਿੱਤ ਹਨ; ਬੇਸ਼ਕ ਇਤਿਹਾਸਕਾਰ ਲੇਖਕਾਂ ਨੇ ਦੇਖੇ, ਜਾਂ ਨਾ ਦੇਖੇ, ਯਥਾਰਥ ਜਾਣਕੇ ਪ੍ਰਸੰਗ ਲਿਖੇ ਹਨ। ਪਰ ਤਰਕ ਸਿੱਧ ਜਗਤ ਅਯਥਾਰਥ, ਝੂਠਾ ਹੈ, ਤਾਂ ਇਤਿਹਾਸ ਪਰਮਾਰਥ ਸਤ ਕਿਵੇਂ ਹੋ ਸਕਦਾ ਹੈ? ਅਯਥਾਰਥ ਹੈ॥

ਗੁਰੂ ਤਰਕ:- ਤਰਕ ਪਰਭਾਸ਼ਾ ਅਨੁਸਾਰ ਝੂਠ ਦੇ ਤਿਨ ਸੱਤਾ ਕਾਰਣ ਉਸ ਦੇ ਪ੍ਰਯਾਨੀ ਲਕਸ਼ਣ ਬਹੁਤ ਸ਼ਬਦ ਹਨ, ਜਿਵੇਂ:- 1.ਅਧਿਆਸ, 2.ਭ੍ਰਮ/ਭਰਮ, 3.ਭ੍ਰਾਂਤੀ, 4.ਮਿਥਿਆ, 5. ਦ੍ਰੋਹ, 6.ਮਾਇਆ, 7.ਅਵਿਦਿਆ, ਅਗਿਆਨ, ੪.ਪੁਰਿਅਸ਼ਟਕ...॥ ਪਰ ਔਥੇ ਵਿਸਤਾਰ ਦਾ ਥਾਂ ਨਹੀ। ਵਿਸ਼ੈ ਢਕਣ ਲਈ ਤਰਕ ਹਾਹੀਂ ਸੰਸਾਰ ਦਾ ਵਿਸਤਾਰ ਲਿਖ ਚੁਕੇ ਹਾਂ, ਨਿਚੋੜ ਅਰਥ ਹੈ:1.ਜਗਤ ਪ੍ਰਤਿਭਾਸਿਕ ਸੱਤ ਪ੍ਰਤੀਤ ਹੁੰਦਾਹੈ ਪਰ ਨਿਤ, ਅਚਲ, ਸਦੀਵ ਨਹੀਂ ਸੋ ਕਿਸੇ ਤਰ੍ਹਾਂ ਸਤ ਸਿੱਧ ਨਹੀਂ ਹੁੰਦਾ॥ 2.ਜਗਤ ਦ੍ਰਿਸ਼ ਪ੍ਰਤੀਤ

166. ਪੂਨ੍ਹੇ: ਮਃ੩.ਓ. ਪੰ.੩੫:੯ ; ਅ.ਮਃ ੪. ਪੰ.੭੯:੪; ਏ. ਮਃ੫. ਪੰ. ੧੨੧੯:੪। ਸ.ਪੰ.੧੨੦੪:੫-੧੦॥ ਆਦਿ ॥

Sri Satguru Jagjit Singh Ji eLibrary NamdhariElibrary@gmail.com

ਹੋਣ ਕਾਰਣ, ਉਸਤੋਂ ਉਲਟ ਅਦ੍ਰਿਸ਼, ਲੋਪ, ਜੋ ਅਪ੍ਰਤੀਤ ਹੈ ਕਦੀ ਨੇ ਹੀ ਨਹੀਂ ਸਕਦਾ॥ 3.ਜਗਤ ਤਰਕ ਰਾਹੀਂ ਪ੍ਰਤੀਤ ਨਾ ਸਤ, ਨਾ ਅਸਤ ਵਿਰੋਧੀ ਲਖਣ ਕਾਰਣ,ਨਿਤ ਸਤ ਪ੍ਰਤੀਤੀ ਕਦੀ ਨਹੀਂ ਹੋ ਸਕਦਾ; 4.ਜਗਤ ਪ੍ਰਤੀਤ 'ਚ ਓਹੀ ਸ਼੍ਰੀ ਗੁਰੁਬਾਣੀ ਸੰਬੋਧਿਤ ਨਾਮ ਪੁਰਾਣੇ-ਨਵੇ ਭਗਤ ਬਾਣੀ 'ਚ ਨਾਮ ਹਨ ਜੋ ਇਸ ਸ਼੍ਰੀ ਜਪੁ ਨੀਸਾਣ ਤੇ ਟੀਕੇ ਟਿੱਪਣੀਆ ਵਿੱਚ ਕਾਰਣ-ਕਰਣ, ਨਿਰਾਕਾਰ-ਸਾਕਾਰ ਤ੍ਰੈ -ਸਰੂਪ(ਨਿਰਗੁਣ-ਨਿਰਾਕਾਰ, ਨਿਰਗੁਣ-ਸਾਕਾਰ, ਸਗੁਣ-ਸਾਕਾਰ) ਸਮਸ਼ਟੀ-ਵਿਅਸ਼ਟੀ ਤ੍ਰਿਗੁਣ ਮਾਯਾ ਸੰਬੰਧ ਕਾਰਣ ਅਨੇਕ ਨਾਮ:-ਅਗਿਆਨ-ਅਵਿਦਿਆ, ਈਸ਼-ਜੀਵ ਆਦਿ ਸਮਝਾਏ ਹਨ। ਤਫ਼ਸੀਲ ਲਈ ਪਿਛੇ ਗ੍ਰੰਥ 'ਚ ਲਿਖੇ ਸੰਖੇਪ ਪਰਿਭਾਸਿਕ ਗਿਣਤੀਦੇ ਪਰਿਸਿਸ਼ਠ ਦੋਨੋਂ ਸ਼ਬਦ ਕੋਸ਼ ਪਾਠਕ ਦੇਖ ਲੈਣ ॥ ਇਸ ਅੰਤਮ ਚੌਥਾ ਰੂਪ ਹੋਰ ਸਪਸ਼ਟੀਕਰਣ ਮੰਗਦੀ ਹੈ ਕਿਉਂਕਿ ਪੱਛਮੀ 18ਵੀਂ,19ਵੀਂ ਸਦੀ ਅੰਗ੍ਰੇਜ਼ ਪ੍ਰਭਾਵਿਤ ਗੁਰੁਸਿਖ ਧਰਮ ਲੇਖਕਾਂ ਨੇ ਅੰਗ੍ਰੇਜ਼ੀ ਪੁਸਤਕਾਂ ਵਿੱਚ ਹਿੰਦੂ ਸੰਨਿਆਸੀ ਤਿਆਗੀ ਨਿਵ੍ਰਿਤੀ ਮਾਰਗੀਆਂ ਦਾ ਮਿਥਿਆ ਅਰਥ ਗਲਤ ਉਲਥੇ ਜਤਾਏ ਹਨ॥ ਸ਼੍ਰੀ ਭਗਵਤ ਗੀਤਾ ਉਪਦੇਸ਼ ਵਿੱਚ ਸੰਨਿਆਸ ਤੇ ਤਿਆਗ 'ਚ ਫਰਕ ਅੰਗ੍ਰੇਜ਼ੀ 'ਚ ਗਲਤ ਅਰਥ ਕੀਤੇ ਹਨ॥ ਅੰਗ੍ਰੇਜ਼ੀ ਵਿੱਚ ਮਿਥਿਆ ਦੇ ਦੋ (2) ਅਰਥ ਹੰਦੇ ਹਨ ਫਿਨੋਮਿਨੋਨ (phenomenon) ਅਤੇ ਇਲਯੂਜ਼ਨ (illusion)॥ ਨਵੇਂ ਗੁਰੁਸਿਖ ਇਤਿਹਾਸਕਾਰ ਭਾਰਤ-ਪੱਛਮ ਤਰਕ-ਦਰਸ਼ਨ (*Gnostic*:Indo(*Ska*) Greco-Roman Philosophy) ਤੋਂ ਅਗਿਆਤ ਰਹੇ ਇਸ ਕਰਕੇ ਉਨ੍ਹਾਂ ਨਕਲੇ ਨਕਲੀ ਠੀਕ ਅਰਥ ਨਾ ਜਾਣਨ ਕਾਰਣ, ਕਦੀ ਸਹੀ ਤੱਤ ਅਰਥ ਤਕ ਪੁੱਜਣ ਦੀ ਮਿਹਨਤ ਨਹੀਂ ਕੀਤੀ ਕਿ ਸ਼ਕਤ ਤੇ ਵਾਚ ਅਰਥ(literal meaning) ਜਾਂ ਲਕਸ਼ ਅਰਥ (meta-physical meaning) ਦੀ ਲੋੜ ਹੈ॥ ਇਨ੍ਹਾਂ ਨੂੰ ਛੱਡ, ਆਪਣੀ ਮਨ ਮਰਜ਼ੀ ਅਰਥ ਦੁਨੀਆਂ ਨੂੰ ਜਤਾਂਦੇ ਹਨ ਜਿਵੇਂ ਓਨ੍ਹਾਂ ਦੇ ਹੀ ਅਰਥ ਠੀਕ ਨੇ; ਪਰ ਹੁਣ ਸ਼੍ਰੀ ਗੁਰੁਬਾਣੀ ਦੇ ਅਧਿਆਤਮ ਅਰਥ ਪੰਜਾਹ,ਸੱਠ ਸਾਲਾਂ ਤੋਂ ਬਿਨਾ ਪਰਥਾਇ ਜਾਣੇ ਸਾਰੇ ਕਰੀਬ ਗਲਤ ਕਰੀ ਜਾ ਰਹੇ ਹਨ॥

ਨਿਚੋੜ: ਤਿਨੋ ਕਿਸਮ ਦੇ ਭੌਤਿਕ ਸਾਇੰਸ ਰੂਪੀ, ਤਾਰਕਿਕ ਤੇ ਅਧਿਆਤਮ ਅਰਥ ਪਹਿਲਾਂ ਦਸ ਚੁਕੇ ਹਾਂ, ਮੁਖਸਿਰ ਫੇਰ :-1.ਦਿਖਦਾ ਮ੍ਰਿਗਤ੍ਰਿਸ਼ਨਾ ਜਲ ਦਾ ਅਧਿਆਸ ਕਦੇ ਵੀ ਆਪਣੇ ਅਧਿਸ਼ਠਾਨ(sub-strata, noumenon) ਬਿਨਾ, ਨਾਹੀਂ ਉਸਤੋਂ ਵੱਖਰਾ ਹੋ ਸਕਦਾ ਹੈ ॥ 2.ਸੁਪਨਾ, ਮਨ ਦ੍ਰਸ਼ਟਾ ਬਿਨਾ ਅਸੰਭਵ ਹੈ, ਜੇ ਹੈ, ਤਾਂ ਮਨੋਰਾਜ (incognito hallucination) ਹੈ॥ ਇਸ ਤਰਕ ਦਾ ਨਿਚੋੜ ਨਤੀਜਾ ਹੈ, ਕਿ ਭੇਦੇ ਛੇਦੇ ਸੂਖਮ-ਅਸਥੂਲ ਵਸਤੂ ਕਦੀ ਨਿਤ ਨਹੀ ਹੋ ਸਕਦੇ, ਓਹ ਸਾਰੇ ਅਤੀ ਬਰੀਕੀ ਤਕ ਤੋੜ ਸਕਦੇ ਹਾਂ ਕਿ ਉਨ੍ਹਾਂ ਦੀ ਹੋਂਦ ਹੀ ਨਾ ਰਹੇ॥ ਐਸੇ ਤਰਕ ਅਧਾਰਤ ਸ਼੍ਰੀਗੁਰੂ ਵਾਕ ਅਨੇਕ ਹਨ, ਜਿਵੇਂ:- ਮਾਈ! ਸਤਿ ਸਤਿ ਸਤਿ ਹਰਿ, ਸਤਿ ਸਤਿ ਸਤਿ ਸਾਧਾ॥ ਬਚਨੁ ਗੁਰੂ ਜੋ ਪੂਰੈ ਕਹਿਓ, ਮੈ ਛੀਕਿ ਗਾਂਠਰੀ ਬਾਧਾ॥ ਨਿਸਿ ਬਾਸੁਰ ਨਖਿਅਤ੍ਰ ਬਿਨਾਸੀ,ਰਵਿ ਸਸੀਅਰ ਬੇਨਾਧਾ॥ ਗਿਰਿ ਬਸੁਧਾ ਜਲ ਪਵਨ ਜਾਇਗੋ: ਇਕਿ ਸਾਧ ਬਚਨ ਅਟਲਾਧਾ॥ ਅੰਡ ਬਿਨਾਸੀ,ਜੇਰ ਬਿਨਾਸੀ; ਉਤਭੁਜ, ਸੇਤ

Sri Satguru Jagjit Singh Ji eLibrary NamdhariElibrary@gmail.com

ਬਿਨਾਧਾ॥ ਚਾਰਿ ਬਿਨਾਸੀ,ਖਟਹਿ ਬਿਨਾਸੀ: ਇਕਿ ਸਾਧ ਬਚਨ ਨਿਹਚਲਾਧਾ॥ ਦ੍ਰਿਸਟਿਮਾਨਹੈ ਸਗਲ ਬਿਨਾਸੀ: ਇਕਿ ਸਾਧ ਬਚਨ ਆਗਾਧਾ॥

ਇਹ ਅਧਿਆਤਮ ੧ਓ ਦੇ "1" ਇੱਕ/ਅਦ੍ਵੈਤ ਅਤੇ ਦੂਜਾ ਭਾਉ(ਦੈਤ/ਭੇਦ ਵਾਦ) ਦੋਨੋ ਤਾਰਕਿਕ ਸਿੱਧਾਂਤ ਸਪਸ਼ਟ ਕੀਤੇ ਹਨ, ਜਿਸ ਦਾ ਸ਼੍ਰੀ ਗੁਰੁਬਾਣੀ ਪ੍ਰਤਿਸ਼ਠਤ ਆਧਾਰ । ਵਾਹਿਗੁਰੂ ਦਾ ਨਿੱਤ ਵਿਭੂ (ਵਿਆਪਕ) ਅਭੇਦ-ਅਛੇਦ ਰੂਪ ਨਿਤ ਸਤਿ ਰੂਪ ਹੈ ॥ ਏਹੀ '1' ਨੂੰ ਸਾਰੇ ਜਗਤ ਦੇ ਈਸ਼ੂਰਵਾਦੀ ਪੂਰਬ-ਭਾਰਤੀ ਤੇ ਪੱਛਮੀ ਸਾਮੀ ਧਰਮਾਂ ਨੇ ਅਨੇਕ ਭਿੰਨ ਭਿੰਨ ਲੌਕਿਕ-ਪਰਲੋਕਿਕ ਦਿਵਜ ਨਾਮ ਵਾਹਿਗੁਰੂ, ਬ੍ਰਹਮ, ਅੱਲਾਹ (ਗੌਡ, ਯਾਹਵਿਹ) ਆਦਿਆਂ ਨਾਲ ਸੰਬੋਧਨ ਕਰਦੇ ਹਨ ਜੋ ਸ਼੍ਰੀਜਗਦ ਗੁਰੁਬਾਣੀ 'ਚ ਸਾਂਝੇ ਵਰਤੇ ਹਨ॥

ਦੂਜੇ ਪਾਸੇ ੧ਓ ਵਿਆਪਕ ਹੋਣ ਕਾਰਣ ਅਨੰਤ ਨਿਤ ਹੈ। ਭੁਲਕੇ(inadvertently) ਵੀ ਇਹ ਦਿਵਜ '1' ਤੱਤ ((Principle) ਨਾ ਕਦੀ ਸ੍ਰਜਾਤੀ, ਵਿਜਾਤੀ, ਸ੍ਵਗਤ ਭੇਦ (Penetrate) ਨਾਂ ਦੇਸ਼, ਕਾਲ, ਵਸਤੁ ਪ੍ਰਛੇਦ(Split) ਸੰਭਵ ਨਹੀਂ॥ ੧ਓ ਅੱਲਾ: ਗੌਡ ਜਿਵੇ ਕਤਾਬ ਇੰਜੀਲ 'ਚ ਪ੍ਰਿਥਵੀ ਮੰਡਲੋਂ ਅੱਡ ਹੋਰ ਤਬਕ (1-7, ਜਾਂ 1-14 ਲੋਕਾਂ 'ਚ ਇੱਕ) ਦਾ ਵਸਨੀਕ ਹੈ,ਓਹ ਕਦੀ ਵੀ ਨਿੱਤ, ਅਨੰਤ ਨਹੀਂ ਹੋ ਸਕਦਾ॥ ਦੁਨੀਆਂ ਦੇ ਭੌਤਕ ਸਾਰੇ ਤਰਕ ਵਾਦੀ ਜਾਣਦੇ ਹਨ: ਮਹਿਤੀ ਸੁਮੇਰੂ ਪਰਵਤ ਮਹਿਤੀ ਹੁੰਦੇ ਵੀ ਜੇ ਟੁਕੜੇਆਂ ਵਿੱਚ ਟੁਟ ਸਕਦਾ ਹੈ ਓਹ ਸਰਵ ਨਾਸ਼ ਹੋ ਸਕਦਾਹੈ॥ ਜੇ ਗੌਡ, ਅਲਾ, ਪੁਰਾਣਿਕ ਪੰਜ-ਮਹਾ ਦੇਵ (ਵਿਸ਼ਨੁ,ਸ਼ਿਵ,ਸ਼ਕਤੀ,ਗਣੇਸ਼,ਸੂਰਜ) ਆਦਿ ਆਪਣੇਆਂ ਲੋਕਾਂ 'ਚ ਰਹਿੰਦੇ ਹਨ, ਤਾਂ ਕੀ ਸ਼੍ਰੀਵਿਸ਼ੂਗੁਰੂ ਬਾਚਨ ਪੂਰੇ ਨਹੀਂ?

ਇੰਦ੍ ਲੋਕ ਸਿਵ ਲੋਕਹਿ ਜੈਬੋ॥ ਓਛੇ ਤਪ ਕਰਿ, ਬਾਹੁਰਿ ਐਬੋ; ਇੰਦ੍ਪੁਰੀਮਹਿ ਸਰਪਰ ਮਰਣਾ॥ ਬ੍ਰਹਮਪੁਰੀ ਨਿਹਚਲੁ ਨਹੀ ਰਹਣਾ॥ ਸਿਵਪੁਰੀਕਾ ਹੋਇਗਾ ਕਾਲਾ॥ ਤ੍ਰੈਗੁਣ ਮਾਇਆ ਬਿਨਸਿ ਬਿਤਾਲਾ; ਸਿਵ ਸਕਤਿ ਆਪਿ ਉਪਾਇਕੈ,ਕਰਤਾ ਆਪੇ ਹੁਕਮੁ ਵਰਤਾਏ ਇਸੇ ਲਈ ਸ਼੍ਰੀ ਜਗਦਗੁਰੂਜੀਦਾ ਅਖੰਡ ਬਚਨ ਹੈ:- ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰ; ਜੋ ਉਪਜਿਓ, ਸੋ ਬਿਨਸਿਹੈ ਪਰੋ ਆਜੁਕੈ ਕਾਲਿ ਅਟਲ ਬਚਨ ਹਨ॥

ਪ੍ਰਸ਼ਨ:-ਦਿਗਵਿਜੈ ਗੋਸ਼ਟ ਕਰਤਾ ਨਮੂਨੇ ਤਾਰਕਿਕਾਂ ਦਾ ਨਿਚੋੜ ਪ੍ਰਸ਼ਨ ਹੈ:- ਕੀ ਸਾਰੇ ਧਰਮ ਅਤੇ ਉਨ੍ਹਾਂ ਦੇ ਸ਼ਾਸਤ੍ਰਾਂ ਵਿੱਚ ਦੁਨੀਆਂ ਦੇ ਮਨੁਖ, ਜਾਨਵਰਾਂ ਨੂੰ ਸੁਤੈ ਸਿੱਧ ਦੂਜਾ(ਦ੍ਵੈਤ) ਭਾਉ ਅੰਤਿਮ ਲੱਕਸ਼ ਪ੍ਰੱਤਖ ਪ੍ਰਤੀਤ ਨਹੀਂ ਹੁੰਦਾ?

ਉੱਤਰ:- ਜੇ ਸੁਤੇ ਸਿੱਧ ਦੂਜਾ ਭਾਉ ਅੰਤਮ ਲਕਸ਼ ਹੋਵੇ ਤਾਂ ਮਨੁਖ, ਪਸ਼ੂ 'ਚ ਕੀ ਫਰਕ ਹੈ? ਬਾਰ ਬਾਰ ਗੁਰੁਬਾਣੀਦਾ ਉਪਦੇਸ਼ ਹੈ:

ਮ:1:- ਸਤਿਗੁਰਿ ਮਿਲਿਐ ਹੁਕਮੁ ਬੁਝੀਐ, ਤਾਂ ਕੋ ਆਵੈ ਰਾਸਿ ॥ ਆਪਿ ਛੁਟੇ ਨਹ ਛੁਟੀਐ, ਨਾਨਕ ਬਚਨਿ ਬਿਣਾਸੁ॥

ਬਿਨਾ ਗੁਰੁਗਮ ਟਕਸਾਲ ਬਾਣੀ ਸਿੱਖੀ, ਆਪ ਪੜ੍ਹੇ ਅਧਿਆਤਮ ਅਰਥ ਜਾਨਣੇ ਅਸੰਭਵ ਹਨ, ਅਨੇਕ ਪ੍ਰਮਾਣ ਦੇਖੋ:-

ਮਾਰੂ ਮ:1:ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ॥ ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ॥ ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ॥ ,

ਅਤੇ:-

Sri Satguru Jagjit Singh Ji eLibrary NamdhariElibrary@gmail.com

ਆਸਾ ਮਃ1 ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ॥ ਜਲਮਹਿ ਕੇਤਾ ਰਾਖੀਐ ਅਭਅੰਤਰਿ ਸੂਕਾ॥ ਹੋਰ:-

ਮਃ 3:-ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥ ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥ ਅੰਮ੍ਰਿਤੁ ਤਜਿ, ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ॥ ਗੁਰਮੁਖਿ ਵਿਰਲੇ ਸੋਝੀ ਪਾਈ, ਤਿਨਾ ਅੰਦਰਿ ਬ੍ਰਹਮੁ ਦਿਖਾਇਆ॥

ਮਃ4:- ਮਨਮੁਖ ਅਭਿੰਨੁ ਨ ਭਿਜਈ : ਪਥਰੁ ਨਾਵਾਇਆ ॥ ਬਿਖੁਮਹਿ ਅੰਮ੍ਰਿਤੁ ਸਿੰਚੀਐ: ਬਿਖੁਕਾ ਫਲੁ ਪਾਇਆ॥

ਭਗਤ ਨਾਮਦੇਵ- ਜਿਨਕੈ ਭੀਤਰਿ ਹੈ ਅੰਤਰਾ॥ ਜੈਸੇ ਪਸੁ ਤੈਸੇ ਓਇ ਨਰਾ॥ ਜ.167

ਅਫਸੋਸ ਹੈ: ਐਸੇ ਅਨੇਕ ਲੇਖਕ, ਵਿਚਾਰਵਾਨ, ਸ਼ਬਦ ਭਾਵ ਸਮਝੇ ਬਿਨਾ ਦੂਜੇ ਭਾਉ ਦੇ ਭਰਮ-ਗਿਆਨ ਨੂੰ ਬ੍ਰਹਮ ਗਿਆਨ ਦਸੀ ਜਾ ਰਹੇ ਹਨ? ਇਸੇ ਕਰਕੇ ਬਾਰ ਬਾਰ ਸ਼੍ਰੀਗੁਰੂਜੀਅ ਦਸਦੇ ਰਹੇ, ਬੇਦ ਕਤੇਬ ਕਹਹਿ ਕਹ ਬਪੁਰੇ: ਨਹ ਬੂਝਹਿ ਇਕ-ਏਕਾ? ੴ ਸੋਤਿ ਤੱਤ੍ਵ ਸਿਧਾਂਤ ਏਨਾਂ ਪੰਦਰਾਂ ਪ੍ਰਸ਼ਨ-ਉੱਤਰ ਦਿਗਵਿਜੈ ਗੋਸ਼ਟ ਚਰਚਾ ਨਮੂਨੇ ਦ੍ਰਿਸ਼ਟਾਂਤਾਂ 'ਚ ਸਮਝਾਏ ਐਥੇ ਲਈ ਕਾਫੀ ਹਨ॥

ਕੀ ਜੁਗੋਜੁਗੋ ਉੱਤਰੀ ਬਾਣੀ ਕੇਵਲ ਪ੍ਰਭੂ ਉਸਤੁਤਿ ਲਈ ਹੈ ਜਾਂ, ਬ੍ਰਹਮ ਗਿਆਨ ਰਾਹੀਂ ਜੀਵ ਕਲਿਆਨ ਹਿਤ? ਇਸ ਪ੍ਰਸੰਗਿਕ ਸਮੱਸਿਆ ਬਾਰੇ ਸ਼੍ਰੀਜਗਦਗੁਰੂਜੀਦੇ ਅਨੇਕ ਬਚਨ ਹਨ:-

ਮਃ3 ਬਾਣੀ ਵਜੀ ਚਹੁ ਜੁਗੀ, ਸਚੋਸਚੁ ਸੁਣਾਇ॥ ਅਤੇ

ਮਃ4 ਹਰਿ ਜੁਗਹ ਜੁਗੋਜੁਗ ਜੁਗਹਜੁਗੋ ਸਦ ਪੀੜੀ ਗੁਰੂ ਚਲੰਦੀ॥

ਸ਼੍ਰੀ ਅਕਾਲ ਪੁਰਖੁ ਦੀ ਸਤਿ ਬਾਣੀ ਜੁਗੋਜੁਗ ਉੱਤਰਦੀ ਰਹੀ। ਪਰ ਉਸਦਾ ਕੀ ਤਾਤਪਰਜ ਹੈ? ਕੇਵਲ ਪ੍ਰਭੂ ਉਸਤੁਤਿ ਹੈ ? ਜਾਂ; ਬ੍ਰਹਮ ਗਿਆਨ ਰਾਹੀਂ ਸਾਰੇ ਜਗਤ ਦੇ ਜੀਵਾਂ ਦਾ ਕਲਿਆਨ ਹੋਵੇ? ਗੌਰ ਨਾਲ ਵਿਚਾਰੀਏ, ਸ਼੍ਰੀ ਗੁਰੂ ਜੀਦੀ ਬਾਣੀ ਕੀ ਸਮਝਾਂਦੀ ਹੈ :-

ਮਃ1: ਜੇ ਸਭਿ ਮਿਲਿਕੈ ਆਖਣ ਪਾਹਿ॥ ਵਡਾ ਨ ਹੋਵੈ ਘਾਟਿ ਨ ਜਾਇ॥

ਅਨੇਕ ਵਾਕਾਂ ਤੋਂ ਸਪਸ਼ਟਹੈ: ੴ ਕਰਤਾ ਪੁਰਖੁ ਆਪਣੀ ਉਸਤਤਿ ਕਰੌਣ ਜੁਗੋਜੁਗ ਬਾਣੀ ਅਵਤਾਰਾਂ,ਪੈਗੰਬਰਾਂ ਰਾਹੀਂ ਮੁੱਖ ਤਾਤਪਰਜ ਨਹੀਂ ਰਹਿਆ, ਜੋ ਆਮ ਸਮਝਦੇ ਹਨ ॥ ਅਸਲ ਤਾਤਪਰਜਹੈ:-ਬਾਣੀ ਬਿਰਲਉ ਬੀਚਾਰਸੀ, ਜੇਕੋ ਗੁਰਮੁਖਿ ਹੋਇ॥ ਇਹ ਬਾਣੀ ਮਹਾਪੁਰਖਕੀ ਨਿਜ ਘਰਿ ਵਾਸਾ ਹੋਇ॥

ਅਕਾਲ ਪੁਰਖੁ ਦੀ ਦਿਵਜ ਬਾਣੀ ਦਾ ਮੁਖ ਮੰਤੱਬਜ ਹੈ ਕਿ ਗੁਰਮੁਖਿ, ਅਟੂਟ ਗੁਰੁਗਮ ਟਕਸਾਲੀ ਬਿਰਲਾ ਬ੍ਰਹਮ ਗਿਆਨ ਅਧਿਆਤਮ ਵਿਦਿਆ ਪੜ੍ਹਨਾ, ਸੁਣਨਾ, ਮੰਨਨ/ ਸਮਝਨ ਨਾਲ ਸ਼੍ਰੀ ਗੁਰੁਮੁਖ ਵਾਕ ਬੀਚਾਰਨੇ ਹਨ ਜਿਸਤੋਂ ਅੰਤ 'ਚ ਸ਼੍ਰੀ ਗੁਰੂ ਜੀਦੇ ਲਕਸ਼, ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁਰੇ॥

---

167. ਪੁਨ੍ਹ.ਉ. ਪੰ.੧੨੦੪:੫-। ਅ.ਇੰਜੀਲ. ਸੰ.ਮੈਥਿਊ:੬:੯-। ਸ਼੍ਰੀਗੁਗ੍ਰੰਜੀ. ਏ.ਪੰ.੬੭੨:੭। ਸ.ਪੰ. ੨੩੭:੮। ਹ.ਪੰ. ੯੨੦:੧੨ । ਕ.ਪੰ. ੬੩:੧੩। ਖ.ਪੰ.ਹ੪੨੯: ੪ ।ਗ.ਪੰ. ੧੨੮੯:੧੪। ਘ.ਪੰ. ੧੦੦੧:੫-੭।ਛ.ਪੰ. ੪੧੦:੧੦-੪। ਚ.ਪੰ. ੬੪੪:੨-।ਛ.ਪੰ.੧੨੪੪:੩; ਜ,ਪੰ. ੧੧੬੩:੧੫ ॥ਆਦਿ ਸੈਕੜੇ ਸ਼੍ਰੀ ਮੁਖਵਾਕ ਹਨ ॥

Sri Satguru Jagjit Singh Ji eLibrary NamdhariElibrary@gmail.com

ਪੜ੍ਹੇ ਤੇ ਅਪੜਕੇ ਸਦਾ ਲਈ ਜਨਮ-ਮਰਣ ਚਕ੍ਰ ਮੁਕਾਣ॥ ਪਰ ਵਿਸ਼੍ਵਭਰ ਦੀ ਧਰਮੀ ਜਨਤਾ ਸਮਝਦੀ ਹੈ:- ਜਿਵੇਂ ਰਾਜ ਸੱਤਾ ਵਾਲੇ, ਧਨੀ, ਮਹਾਂਜਨ, ਸਾਧੂ, ਸੰਤ ਆਦਿ ਆਪਣੀ ਉਸਤੁਤ, ਸੇਵਾ ਕਰਵਾ ਕੇ ਪ੍ਰਸੰਨ ਹੁੰਦੇ ਹਨ ਉਸੇ ਤਰ੍ਹਾਂ ਵਾਹਿਗੁਰੁ ਵੀ ਦਾਨ ਪੁੰਨ ਲੈ, ਆਪਣੀ ਉਸਤੁਤ ਕਰਾ-ਸੁਣ ਆਦਿ, ਸਰੀਰਿਕ ਤੀਰਥ ਅਸਨ੍ਹਾਨ, ਮਾਨਸਿਕ ਜਾਪ, ਤਾਪ ਸੇਵਾਵਾਂ ਆਦਿਆਂ ਨਾਲ ਪ੍ਰਸੰਨ ਹੋ ਓਨ੍ਹਾਂ ਦਾ ਸਭਤੋਂ ਵਧ ਸ਼ਰੀਰ ਵਿਵਹਾਰ ਪੋੁੜਤਾ ਕਰਕੇ ਸ਼ੋਭਾਯਮਾਨ ਹੁੰਦੇ ਹਨ ॥ ਪਰ ਐਸਾ ਕੇਵਲ ਦੂਜੇ ਭਾਉ ਦੇ ਹੀ ਲੌਕਿਕ ਰੀਤ ਤਰਾਂ ਪਾਰਲੌਕ ਉਸਤੁਤਿ ਤ੍ਰੈ-ਪੁਟੀ(ਤਿਨ) ਰੂਪ 'ਚ ਕਰਣੀ:-ਭਗਤ(subject, devotee), ਭਗਤੀ(devotion) ਤੇ ਭਗਵੰਤ(Object:god/God)[3] ਸੰਪ੍ਰਦਾਈ ਇਸ਼ਟ ਜੋਗੀ, ਵੈਸ਼ਣਵਾਦਿ ਮਨਦੇ ਹਨ, ਓਹ ਕ੍ਰਮ ਸਮੁਚੈ(consecutive) ਪ੍ਰਾਪਤੀ ਤਿਨ ਪੌੜ ਕਾਂਡ: ਕਰਮ, ਭਗਤੀ, ਗਿਆਨ ਵੇਦ ਸ਼ਾਸਤ੍ਰਾਂ 'ਚ ਲਿਖੇ ਮੰਨਦੇ ਹਨ ਪਰ ਤਰਕ ਅਨੁਸਾਰ ਓਹ ਅਨੁਭਵ 'ਚ ਕੇਵਲ ਪਹਿਲੇ ਦੋ ਤਕ ਹੀ ਪੁਜਦੇ ਹਨ ਕਿਉਂਕਿ ਓਨ੍ਹਾਂ ਨੂੰ ਇਕਤ੍ਵ '1' ਬ੍ਰਹਮ ਗਿਆਨ ਦਾ ਅਨੁਭਵ ਕਤਾਈ ਹੀ ਗਿਆਨ ਨਹੀਂ ਹੈ॥

ਦੂਜੇ ਪਾਸੇ ਸੰਨਿਆਸੀਆਂ ਦਾ ਵੀ ਤਿਨੋਂ ਪੌੜੀਆਂ ਗਿਆਨ ਸਿਖਰ ਹੈ, ਕਾਰਣ ਕਿ ਸੰਨਯਾਸ ਯੋਗ ਨਿਸ਼ਠਾ ਸਮ ਸਮੁਚੈ(three simultaneous stages) ਅਜਾਤ ਵਾਦ, ਰੱਸੀ 'ਚ ਸੱਪ ਲੋਪ ਦ੍ਰਿਸ਼ਟਾਂਤ ਕਾਰਣ ਬ੍ਰਹਮ ਗਿਆਨ ਪਿੱਛੋਂ ਕਰਮ, ਭਗਤੀ ਹੀ ਨਹੀਂ॥ ਪਰ ਸ਼੍ਰੀ ਗੁਰੁਬਾਣੀ, ਕਰਮ ਯੋਗ ਨਿਸ਼ਠਾ-ਰਾਜ ਜੋਗ ਸਿਧਾਂਤ ਹੈ ਜਿਸ ਵਿੱਚ ਦੋਨੋਂ ਕ੍ਰਮ ਅਤੇ ਸਮ ਸਮੁਚੈ ਪ੍ਰਦਰਸ਼ਤ ਹੁੰਦੇ ਹਨ, ਮਸਲਨ:-

1. ਪ੍ਰਭੂ ਦਾ ਵੈਸ਼ਣਵਾਦਿ ਦੂਜੇ ਭਾਉ ਤ੍ਰਿਪੁਟੀ ਭਗਤੀ ਇਸ਼ਟ-ਅਵਤਾਰਾਂ ਤਰ੍ਹਾਂ ਰਾਜੇ ਦੇ ਸੇਵਕ ਭਿੰਨ ਰੂਪਾਂ 'ਚ ਸੇਵਾ ਕਰਦੇ ਹਨ:- ਭਗਉਤੀ ਭਗਵੰਤ ਭਗਤਿਕਾ ਰੰਗੁ॥ ਸਗਲ ਤਿਆਗੈ ਦੁਸਟ ਕਾ ਸੰਗੁ॥ ਮਨਤੇ ਬਿਨਸੈ ਸਗਲਾ ਭਰਮੁ॥ ਕਰਿ ਪੂਜੈ ਸਗਲ ਪਾਰਬ੍ਰਹਮੁ''1 ਇਹ ਕ੍ਰਮ ਸਮੁਚੈ:- ਕਰਮ, ਭਗਤੀ, ਗਿਆਨ ਦੀ ਪਹਿਲਾ ਤ੍ਰਿਪੁਟੀ ਦੂਜਾ ਭਾਉ ਪ੍ਰਕਾਰ ਹੈ;
2. ਪ੍ਰਭੂ ਅਵਤਰਿਤ ਅਵਤਾਰ ਰਾਜੇ, ਸੰਤ ਸਭਾ 'ਚ ਪੂਜਾ, ਮਾਨ ਪ੍ਰਤਿਸ਼ਠਾ ਆਦਿ ਤ੍ਰਿਪੁਟੀ ਦੂਜਾ ਭਾਉ ਪ੍ਰਕਾਰ ਇਹ ਹੈ:- ਭਗਉਤੀ[1] ਭਗਵੰਤ ਭਗਤਿਕਾ ਰੰਗੁ॥ ਸਗਲ ਤਿਆਗੈ ਦੁਸਟਕਾ ਸੰਗੁ॥ ਮਨਤੇ ਬਿਨਸੈ ਸਗਲਾ ਭਰਮੁ॥ ਕਰਿ ਪੂਜੈ ਸਗਲ ਪਾਰਬ੍ਰਹਮੁ॥ ਸਾਧਸੰਗਿ ਪਾਪਾਮਲੁ ਖੋਵੈ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ॥ ਭਗਵੰਤ ਕੀ ਟਹਲ ਕਰੈ ਨਿਤਨੀਤਿ॥ ਮਨੁ ਤਨੁ ਅਰਪੈ ਬਿਸਨ ਪਰੀਤਿ॥ ਹਰਿ ਕੇ ਚਰਨ ਹਿਰਦੈ ਬਸਾਵੈ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥ ਐਸਾ ਵਿਅਸ਼ਟੀ ਆਤਮ ਅਨੁਭਵ ਪ੍ਰਗਟ ਹੁੰਦਾਹੈ, ਇਹ ਕਿ: ਜਲ ਥਲ ਮਾਹੇ ਆਪਹਿ ਆਪ॥ ਆਪੈ ਜਪਹੁ ਆਪਨਾ ਜਾਪ, ਅੰਤ ਵਿੱਚ;
3. ਸਰਵ ਵਿਆਪੀ ੧ਓ =ਆਤਮਾ-ਪਰਮਾਤਮਾ 1 ਪ੍ਰਭੂ ਗਿਆਨ- ਆਤਮਮਹਿ ਪਾਰਬ੍ਰਹਮੁ ਲਹੰਤੇ॥ ਮਹਾਮੰਤ੍ਰਦਾ ਗਿਆਨ ਹੋ ਜਾਂਦਾ ਹੈ: ਗੁਰਾ ਇਕ ਦੇਹਿ ਬੁਝਾਈ॥ ਸਭਨਾ

Sri Satguru Jagjit Singh Ji eLibrary NamdhariElibrary@gmail.com

ਜੀਆਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ਦਾ ਪਰਮਾਰਥ ਅਨੁਭਵ ਸਮਝ ਕਿ "ਸੋ" ਵਿਆਪਕ ਸਮੁੰਦਰ ਉਪਾਧੀ ਦ੍ਰਿਸ਼ਟਾਂਤ ਤਰ੍ਹਾਂ "ੴ ਅੰਦਰ "ਮੈਂ" ਅੰਸ਼ ਬੂੰਦ ਜੀਵ ਉਪਾਧੀ ਵਸਤੂ ਦੇਸ਼, ਕਾਲ ਕਾਰਣਾਂ ਕਰਕੇ "ਵਿਸਰਿ", ਅਲੈਹਦਾ (ਭੇਦੇਆ ਛੇਦੇਆ: ਕੱਟਿਆ) ਨਹੀਂ ਹੋ ਸਕਦਾ; ਸਾਰੇ ਬੂੰਦਾਂ ਸਮੁੰਦ੍ ੴ ਰੂਪ ਹਨ, ਹਰਿ-ਰੂਪੁ ਨਦਰੀ ਆਇਆ॥ ਗੁਰਪਰਸਾਦੀ ਬੁਝਿਆ ਜਾ ਵੇਖਾ, ਹਰਿ ਇਕੁਹੈ, ਹਰਿ ਬਿਨੁ: ਅਵਰੁ ਨ ਕੋਈ॥ ਕਹੈ ਨਾਨਕੁ ਏਹਿ ਨੇਤ੍ਰ ਅੰਧਸੇ: ਸਤਿਗੁਰਿ ਮਿਲਿਐ ਦਿਬ-ਦ੍ਰਿਸਟਿ ਹੋਈ॥ ਆਦਿ, ਹੋਰ ਬਹੁਤ ਸ਼ਬਦ ਪ੍ਰਮਾਣ ਹਨ॥

ਭਾਰਤੀ ਅਧਿਆਤਮ ਸੰਸਕ੍ਰਿਤੀ ਅਧਾਰ ਪੁਰਾਣੇ ਟਕਸਾਲੀ ਗੁਰੁਸਿੱਖਾਂ ਦੀ ਗੁਰੁਬਾਣੀ ਅਰਥ ਪ੍ਰਣਾਲੀ

ਸ਼੍ਰੀ ਜਗਦਗੁਰੂ ਅਮਰ ਦਾਸ ਬਚਨ ਹੈ:-ਇਹੁ ਜਗੁ ਜਨਮਿਆ ਦੂਜੈ ਭਾਇ॥ ਜੀਵ ਮਾਤ੍ ਦੂਜੇ ਭਾਉ 'ਚ ਜੰਮਦੇ, ਜਿੰਦਗੀ ਨਿਭਾ, ਮਰਦੇ ਹਨ॥ ਇਹ ਦੂਜੈ ਭਾਉ ਭੁਲੇਖਾ ਮਿਟਾਣ ਲਈ ੴ ਦੇ ਠੀਕ ਅਰਥ ਲਈ ਗੁਰੁਗਮ ਗੁਰੁਬਾਣੀ ਟਕਸਾਲੀ ਵਾਚਕ ਅਰਥ ਕਰਤਾ ਜ਼ਬਾਨੀ, ਜਾਂ ਲਿਖਤੀ, ਛਪੇ-ਅਨਛਪੇ ਗ੍ਰੰਥਾਂ, ਟੀਕੇਆਂ ਰਾਹੀ ਹੀ ਪਰਭਾਸ਼ਿਕ ਸਮਝ ਔਂਦੀ ਹੈ, ਪਿਛੇ ਗੁਰੁਬਾਣੀ ਅਨੇਕ ਪ੍ਰਮਾਣ ਲਿਖ ਚੁਕੇ ਹਾਂ- ਐਥੇ:

ਸਤਿਗੁਰਿ ਮਿਲਿਐ ਹੁਕਮੁ ਬੁਝੀਐ, ਤਾਂ ਕੋ ਆਵੈ ਰਾਸਿ॥ ਆਪਿ ਛੁਟੇ ਨਹ ਛੁਟੀਐ, ਨਾਨਕ ਬਚਨਿ ਬਿਣਾਸੁ॥ ਹੈ ਨਾਹੀ ਕੋਊ ਬੂਝਨ ਹਾਰੋ, ਜਾਨੈ ਕਵਨੁ ਭਤਾ॥ ਸਿਵ, ਬਿਰੰਚਿ ਅਰੁ ਸਗਲ ਮੋਨਿ-ਜਨ, ਗਹਿ ਨ ਸਕਾਹਿ ਗਤਾ॥ ਪ੍ਰਭਕੀ ਅਗਮ, ਅਗਾਧਿ ਕਥਾ॥ ਸੁਨੀਐ ਅਵਰ, ਅਵਰ ਬਿਧਿ ਬੁਝੀਐ, ਬਕਨ, ਕਥਨ, ਰਹਤਾ॥ ਆਪੇ ਭਗਤਾ,ਆਪਿ ਸੁਆਮੀ,ਆਪਨ ਸੰਗਿ ਰਤਾ॥ ਨਾਨਕ ਕੋ ਪ੍ਰਭੁ ਪੂਰਿ ਰਹਿਓਹੈ, ਪੇਖਿਓ ਜਤ੍ ਕਤਾ॥

ਗੁਰੁਗਮ ਪਰੰਪਰਾ ਅਨੁਸਾਰ ਘਟੋਘਟ ਉੱਤਮ-ਤਮ ਤੱਤ (ਨਿਚੋੜ) ਅਰਥ ਸਮਝਣ ਲਈ ਸੰਖਿਪਤ ਤਰਕ ਸਿੱਧ ਇਹ ਦਸ ਸਿਧਾਂਤ ਪਦਾਂ ਦੇ ਅਰਥ ਗਿਆਨ ਅਤਿ ਜ਼ਰੂਰੀ ਸਹਾਇਕ ਹੋਣਗੇ ਕਿਉਂਕਿ 500 ਸਾਲਾਂ 'ਚ ਜੋ ਬੋਲੀ ਦਾ ਭਾਸ਼ਾ, ਤੇ ਗਿਆਨ-ਵਿਗਿਆਨ ਨਿਘੰਟੂ/ਕੋਸ਼, ਵਿਆਕਰਣ, ਨਿਆਇ(Maxims), ਭਾਖਾ-ਅਲੰਕਾਰ(Figures of Speech), ਕਾਵਜ-ਛੰਦ (Prosody), ਦ੍ਰਿਸ਼ਟਾਂਤ-ਦਾਰਸ਼ਟਾਂਤ (Parables) ਆਦਿ ਜੋ ਵੇਲੇ ਵੇਲੇ ਬਦਲਦੇ ਰਹੇ ਜਿਨ੍ਹਾਂ ਕਰਕੇ ਟੀਕੇ ਅਰਥਾਂ 'ਚ ਫਰਕ ਪੈਂਦੇ ਦੇਖੇ ਜਾਦੇ ਹਨ- ਠੀਕ ਸ਼੍ਰੀਗੁਰੂਗ੍ਰੰਥ ਬਾਣੀ ਸਿਧਾਂਤ ਉਪਦੇਸ਼ ਸਮਝ ਆ ਸਕਣ; ਇਸੇ ਕਾਰਣ ਇਨ੍ਹਾਂ ਨੂੰ ਜਾਨਣ ਲਈ ਮੁੱਖ ਉਪਦੇਸ ਹੈ:-

ਤੁਰਕ ਤਰੀਕਤਿ ਜਾਨੀਐ, ਹਿੰਦੂ ਬੇਦ ਪੁਰਾਨ ॥ ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ॥ ਓਅੰਕਾਰ ਆਦਿ ਮੈ ਜਾਨਾ॥ ਕ.169

---

168. ਪੁਨ੍ਹ. ਓ.ਪੰ.੩੫ :੯। ਅ.ਪੰ.੭੯:੪। ਏ.ਪੰ. ੩੪੯:੯। ਸ.ਪੰ. ੯੩੫:੧੨; ਹ.ਪੰ. ੨੨੦:੧੫। ਕ.ਪੰ. ੨੨੪:੧੦।ਖ.੩੪੩:੧੨। ਗ.੨:੧੩। ਘ. ਸ਼੍ਰੀਮਦਭਾਗਵਤ ਮਹਾਪੁਰਾਣ: ੧੧।੨੦ "श्रीभगवानुवाच॥ योगस्त्रयो मया प्रोक्ता, नृणा श्रेयोविधित्सया। ज्ञानं कर्मञ्च भक्तिचनोपायोशस्ति कुत्रचित्॥ ६"

169. ਪੁਨ੍ਹ. ਓ. ਭਗਤ ਕੀਬੀਰ ਜੀ ਪੰ. ੩੪੦:੮। ਅ.ਪੰ. ੧੨੯੯:੧੪। ਏ.ਪੰ. ੪੯੮:੭ ॥ ਆਦਿ ॥

Sri Satguru Jagjit Singh Ji eLibrary NamdhariElibrary@gmail.com

ਇਨ੍ਹਾਂ ਕਾਰਣਾ ਇਹ ਲਿਖਨਾ ਜ਼ਰੂਰੀ ਬਣਦਾ ਹੈ ਕਿ ਕੇਵਲ ਨਿਰਮਲ ਸ਼੍ਰੀਮਹੰਤ, ਪੰਡਿਤ[170] ਤਾਰਾ ਸਿੰਘ ਨਰੋਤਮ ਨੇ ਸ਼੍ਰੀ ਜਪੁ ਭਾਵਾਰਥ ਸਟੀਕ ਆਰੰਭ ਵਿੱਚ ਸਾਫ ਲਿਖਿਆ: ਇਸ ਟੀਕੇ ਦਾ ਪਾਠ ਕਰਣ ਤੋਂ ਪਹਿਲਾਂ ਬਣਾਇਆ ਬੜਾ ਪਰਿਭਾਖਾ "ਗੁਰਮਤ ਨਿਰਣੈ ਸਾਗਰ" ਗ੍ਰੰਥ ਵਿਚਾਰ ਕੇ ਫੇਰ ਹੀ ਇਹ ਸ਼੍ਰੀ ਗੁਰੂ ਗ੍ਰੰਥ ਜੀ ਦੀ ਟੀਕਾ ਪੜ੍ਹਨ, ਤਾਂਕੇ ਵਿਧੀ ਅਨੁਸਾਰ ਠੀਕ ਬ੍ਰਹਮ ਗਿਆਨ ਪਾਠਕ ਸਮਝ ਸਕਨ॥ ਸੁਰਗਵਾਸ ਪਿੱਛੋਂ ਇਨ੍ਹਾਂ ਦੇ ਹੀ ਛੋਟੇ ਗੁਰਭਾਈ ਨਿਰਮਲ ਸ਼੍ਰੀਮਹੰਤ ਬਾਬਾ ਸਾਧੂ ਸਿੰਘ (ਪਟਿਆਲੇ ਵਾਲੇਆਂ) ਨੇ ਇਨ੍ਹਾਂ ਦਾ ਰਾਵਲਪਿੰਡੀ ਇਹ ਗ੍ਰੰਥ ਛਪਾਇਆ ਅਤੇ ਆਪਣੇ ਕਈ ਛੋਟੇ ਗ੍ਰੰਥਾਂ ਤੋਂ ਇਲਾਵਾ ਦੋ ਗ੍ਰੰਥ ਪ੍ਰਸਿੱਧ ਸ਼੍ਰੀਗੁਰੂ ਕ੍ਰਮ ਸਿਖਿਆ ਪ੍ਰਭਾਕਰ, ਤੇ ਸ਼੍ਰੀ ਗੁਰੁ ਸਿਧਾਂਤ ਜਜੋਤੀ, ਚਸ਼ਮੇ ਨੂਰ ਪਥਰ ਛਾਪ ਪ੍ਰੈਸ ਅੰਮ੍ਰਿਤਸਰ ਛਾਪੇ॥ ਹੁਣ (ਤਿਨੋ) ਗ੍ਰੰਥ ਦੁਰਲਭ ਹਨ ਜੋ ਕੁਝ ਪੁਰਾਣੇ ਨਿਰਮਲੇ ਸੰਤਾਂ ਦੇ ਡੇਰੇ ਪੰਜਾਬ, ਯੂਪੀ 'ਚ ਹਨ ਅਤੇ ਪਟਿਆਲੇ ਦੇ ਪੰਜ ਪੁਸਤਕਾਲੇਆਂ 'ਚ ਤੇ ਪੰਜਾਬੀ ਯੂਨੀਵਰਸਟੀ ਦੇ ਵੈਦ ਮੋਹਨ ਸਿੰਘ, ਭਾਈ ਕਾਨ੍ਹ ਸਿੰਘ ਪੁਸਤਕਾਲੇਆਂ ਵਿੱਚ, ਤੇ ਲਾਹੌਰ ਅੰਮ੍ਰਿਤਸਰ ਪੁਸਤਕਾਲਿਆਂ 'ਚ ਸੁਰਖਤ ਹਨ॥ ਇਹ ਭਾਈ ਵੀਰ ਸਿੰਘ ਲੈਬਰੇਰੀ, ਦੇਹਰਾਦੂਨ, ਤੇ ਮਹਾਰਾਜਾ ਪਟਿਆਲਾ ਮਹਿਲ, ਤੇ ਮੇਰੀ ਲਾਇਬ੍ਰੇਰੀ 'ਚ ਹਨ, ਪਰ ਹੁਣ ਜਨਤਾ ਨੂੰ ਦੁਰਲਭ ਹਨ, ਤੇ ਪੜ੍ਹਨ ਦਾ ਸ਼ੌਕ ਵੀ ਘਟ ਹੋ ਗਿਆ ਹੈ॥

ਏਹੀ ਇਕ ਘਾਟ ਸਾਰੇ ਟੀਕਿਆਂ ਵਿੱਚ ਹੈ॥ ਨੈਬ ਨਿਰਮਲ ਸ਼੍ਰੀਮਹੰਤ ਸੰਤ ਪੰ. ਤਾਰਾ ਸਿਘ ਨਰੋਤਮ ਟੀਕੇ ਦੀ ਭੂਮਿਕਾ 'ਚ ਕੇਵਲ ਵੇਰਵਾ ਮਾਤ੍ਰ ਹੀ ਰਿਹਾ। ਜੇ ਉਨ੍ਹਾਂ ਦੇ ਬੜੇ ਗ੍ਰੰਥ ਲਈ ਥਾਂ ਨਹੀਂ ਸੀ; ਤਾਂ ਘਟੋਘਟ ਸੰਖੇਪ 'ਚ ਪਦਾਰਥ ਵੀ ਉਸ ਵੇਲੇ ਦੀ ਰੀਤ ਅਨੁਸਾਰ ਲਿਖਨੇ ਰਹ ਗਏ ਅਤੇ ਹੁਣ ਵੀ ਓਹ ਇਤਨੇ ਛਪੇ ਵਡੇ ਗ੍ਰੰਥ ਆਮ ਲੋਕਾਂ ਨੂੰ ਉਪਲਬਧ ਨਹੀਂ ॥

ਬਾਕੀ ਹੋਰ ਸਾਰੇ ਟੀਕੇਕਾਰਾਂ ਨੇ ਐਸਾ ਅਤਿ ਸੰਖੇਪ ਕ੍ਰਮ ਵਿਧੀ ਬ੍ਰਹਮ ਗਿਆਨ ਗ੍ਰੰਥ, ਨਾ ਆਪਣੇ ਟੀਕਾ ਦੀ ਭੂਮਿਕਾ ਵਿੱਚ ਲਿਖਿਆ ਪਰ ਟੀਕਾਵਾਂ ਵਿੱਚ ਪਰਿਭਾਸ਼ਾ ਪਦਾਰਥ ਜ਼ਰੂਰ ਬਰਤੇ ਹਨ, ਮਸਲਨ:- ਜਹਿਤੀ, ਅਜਹਿਤੀ, ਭਾਗਤਜਾਗ ਲੱਖਣਾ ਆਦਿ॥

ਪ੍ਰਤੀਤ ਹੁੰਦਾ ਹੈ: ਪੁਰਾਣੇ ਟੀਕਾਕਾਰ ਸਮਝਦੇ ਸਨ ਕਿ ਜਿਵੇਂ ਓਨ੍ਹਾਂ ਦੇ ਵੇਲੇ ਕੁਛ ਵਿਰਲੇ ਪੜ੍ਹਨ ਪੜ੍ਹਾਨ ਵਾਲੇ ਵਿਰਲੇ ਬ੍ਰਹਮ ਗਿਆਨ ਵਿਦਿਆ ਪਰਿਕ੍ਰਿਆ ਸਿੱਖਾਂ ਪਾਸ ਸਿਖਣ ਜਾਂਦੇ ਸਨ ਅਤੇ ਉਸ ਵੇਲੇ ਕੇਵਲ ਟਕਸਾਲੀ ਪੜ੍ਹਿਆਂ ਪਾਸ ਹੱਥ ਲਿਖਤ ਗ੍ਰੰਥ ਸਨ, ਛਾਪਾ ਨਹੀਂ ਸੀ ਸੋ ਅੱਜ ਦੀ ਤਰ੍ਹਾਂ ਪਾਠਕ ਆਪ ਪਠਿਤ ਬਿਲਕੁਲ ਹੀ ਨਹੀਂ ਸਨ, ਓਹੀ ਪਰਿਭਾਖਾ ਜਾਣਦੇ ਸਨ, ਅੱਜ ਤਕ ਕੋਈ ਹੋਰ ਨਹੀਂ ਜਾਣਦੇ॥

ਇਸੇ ਕਾਰਣ ਇਸ ਭੂਮਿਕਾ ਵਿੱਚ ਅਤਿਸੰਖੇਪ ਰੂਪ ਅਤਿਸੰਖੇਪ ਪਰਿਭਾਖਾ ਪਰਿਕਿਰਿਆਂਵਾਂ ਪੂਰੀਆਂ ਕਰਣੀਆ ਜ਼ਰੂਰੀ ਸਮਝੀਆਂ॥ ਇਨ੍ਹਾਂ ਨੂੰ ਜਾਣਨ ਨਾਲ ਪਾਠਕਾਂ ਦੇ ਮਨ ਵਿੱਚ ਅਗੇ ਨੂੰ ਕੋਈ ਦੁਭਦਾ(ਸੰਸ਼ੈ-ਵਿਪਰਜੈ) ਨਾ ਰਹਿਣ; ਸੰਖੇਪ ਦਸ ਪਦਾਰਥ ਸਿਰਲੇਖ ਹਨ:

170. ਨੋਟ:-ਤਾਰਾ ਸਿੰਘ'ਨਰੋਤਮ' (ਈਸ੍ਵੀ ੧੮੨੨-ਪਟਿਆਲਾ ੫੯-੯੧) ਜਨਮਦੇ ਜਟ ਜ਼ਿਮੀਦਾਰ ਸੇ॥ ਓਨ੍ਹਾਂਨੂੰ ਨਿਰਮਲੇ ਮਹੰਤ ਸੰਤ ਗੁਲਾਬ ਸਿੰਘ ਗਿਰਵੜੀਨੇ ਵਿਦਿਆ ਦਿਤੀ, ਕਾਸ਼ੀ ਭੇਜ ਸੰਸਕ੍ਰਿਤ ਸਿੱਖੀ। ਗੁਰੁਸਿਖਾਂ ਤੇ ਹਿੰਦੂ ਵਿਦ੍ਵਾਨਾਂ ਵਿੱਚ ਬਹੁਤ ਮਾਨ ਪਾ ਭਗਵਦ ਗੀਤਾ ੨:੧੧ ਅਨੁਸਾਰ ਪੰਡਿਤ ਕਹਾਇ॥ ਉਸ ਕਾਲ ਵਿੱਚ ਅੰਗ੍ਰੇਜ਼ੀ ਤਾਲੀਮ ਦਾ ਉੱਤਰ ਭਾਰਤ ਅੰਦਰ ਵਿਸ਼ੁਵਿਦਜਾਲਾ ਨਹੀ ਸੀ। ਜਨਮਦੇ ਬ੍ਰਾਹਮਣ ਤੇ ਪੰਡਤ ਵਿੱਚ ਇਹੀ ਭੇਦ/ਫਰਕਹੈ। ਅੱਜਵੀ ਜਨਮਦਾ ਬ੍ਰਾਹਮਣ,ਸ਼ਰਮਾ,ਮਿਸ਼੍ਰ, ਵਿਪ੍ਰ ਸੰਬੋਧਿਤ ਹਨ;ਪਰਕੇਵਲ ਵਿਦ੍ਵਾਨ ਲਈ"ਪੰਡਤ"ਹੈ। ਜਿਵੇਂਅੰਗ੍ਰੇਜ਼ੀ ਵਿਦ੍ਵਾਨ ਨੂੰ ਮਾਨਾਰਥ ਪ੍ਰੋਫੈਸਰ ਸੰਭੋਧਦੇ ਹੈ। ਵੈਸੇ ਆਮ ਜਨਮਦੇ ਬ੍ਰਾਹਮਨ ਨੂੰ ਮਾਨਾਰਥ"ਪੰਡਤ"ਕਹਿੰਦੇ

Sri Satguru Jagjit Singh Ji eLibrary NamdhariElibrary@gmail.com

राज जोग दी गुरुगम संखेप परिभाखा

ਪੰਚਮ ਸ਼੍ਰੀ ਜਗਦਗੁਰੂ ਬਚਨ ਹੈ: ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ॥ ਇਸਹਿ ਮਾਰਿ ਰਾਜ ਜੋਗੁ ਕਮਾਵੈ॥ ਟਕਸਾਲੀ ਗੁਰੁਗਮ ਅਨੁਸਾਰ ਰਾਜ ਜੋਗ ਦੇ ਮੁਖ ਦੋ ਸੂਰ ਹਨ:

1. ਸਰੀਰਕ: ਸੰਸਾਰ ਵਿਵਹਾਰਕ ਚਾਰ ਪਦਾਰਥ: ਧਰਮ, ਅਰਥ, ਕਾਮ, ਮੋਖ, ਸਮੂਹਕ/ਸਮਸ਼ਟੀ(integral) ਅਤੇ ਇਕੱਲੇ/ਵਿਅਸ਼ਟੀ(individual) ਸਾਰੇ ਮਨੁਖਾਂ ਲਈ ਹੈ, ਅਤੇ;
2. ਮਾਨਸਿਕ ਹਰੇਕ ਜੀਵ ਦੇ ਤਿੰਨ ਦੋਸ਼ਾਂ ਦਾ ਨਾਸ਼ ਕਰਣ ਦੇ ਮੂਲ ਸਮੂਹਕ ਤਿਨੋਂ ਜੋਗਾਂ ਦਾ ਕ੍ਰਮ ਨਾਲ ਉਪਯੋਗ ਇਹ ਹਨ:-

* ਲੋਕ ਸਰੀਰਿਕ ਕਰਮ (ਜਾਗਣਾ, ਨ੍ਹਾਉਣਾ, ਖਾਣਾ-ਪੀਣਾ, ਸੌਣਾ) ਬਿਨਾ ਨਹੀਂ ਰਹਿ ਸਕਦੇ॥ ਮਨੁਖ ਤੇ ਪਸ਼ੂਆਂ ਵਿੱਚ ਕੇਵਲ ਸਰੀਰਕ ਕਰਮ ਸਾਂਝੇ ਹੋਣ ਕਾਰਣੇ ਤਿਨ-ਚਾਰ ਤਰ੍ਹਾਂ ਦੇ ਇਛਾ, ਵਾਸਨਾਵਾਂ ਦੇ ਫਲਾਂ ਦੇ ਭਾਗੀ ਨਹੀਂ ਅਸਥੂਲ ਸ਼ਰੀਰ ਬਿਨਾ ਸੂਖਮ-ਕਾਰਣ ਸ਼ਰੀਰ ਜਨਮਾਂ ਦੇ ਚਕ੍ਰਾਂ 'ਚ ਭੋਗਦੇ ਹਨ ਤੇ ਜਨਮ ਚਕ੍ਰ ਕੇਵਲ ਬ੍ਰਹਮ ਗਿਆਨ ਰਾਹੀਂ ਹੀ ਮਿਟ ਸਕਦੇ ਹਨ; ਜਿਨ੍ਹਾਂ ਦੀ ਵਿਧੀ ਪ੍ਰਕ੍ਰਿਯਾ ਇਸ ਤਰ੍ਹਾਂ ਵਿਧਾਨਿਤ ਹੈ:-

* ਜਨਮ ਤੋਂ ਹਰੇਕ ਜੀਵ ਦੇ ਮਨ ਵਿੱਚ ਤਿਨ ਦੋਸ਼ (ਮੈਲ) ਹੁੰਦੇ ਹਨ: ੳ. ਕਰਮ-ਮੈਲ, ਅ. ਚੰਚਲ-ਮੈਲ, ਤੇ: ੲ. ਅਗਿਆਨ-ਮੈਲ ਹੈ; ਗੁਰੁਬਾਣੀ: ਜਗਿ ਹਉਮੈ-ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥ ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀਆਇ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ", ਸ਼੍ਰੀਗੁਰੂਜੀਨੇ ਦਿਸ਼ਟਾਂਤਾਂ ਰਾਹੀ ਸੌਖਾ ਸਮਝਾਯਾ ਹੈ:- ਪੁਹਪ-ਮਧਿ ਜਿਉ ਬਾਸੁ ਬਸਤੁਹੈ; ਮੁਕਰ ਮਾਹਿ ਜੈਸੇ ਛਾਈ॥ ਤੈਸੇ ਹੀ ਹਰਿ ਬਸੇ ਨਿਰੰਤਰਿ, ਘਟਹੀ ਖੋਜਹੁ ਭਾਈ॥ ਦ੍ਰਿਸ਼ਟਾਂਤ ਮੁਕਰ (ਸ਼ੀਸੇ) ਨੂੰ ਮਨ ਦ੍ਰਿਸ਼ਟਾਂਤ ਦੇ ਤਿਨ ਦੋਸ਼ਾਂ ਨੂੰ ਦੂਰ ਕਰਣ ਦਾ ਸੰਕੇਤ ਹੈ ; ਖੁਲਾਸਾ ਇਹ ਹੈ:-

* ਸ਼੍ਰੀ ਗੁਰੁ ਬਾਣੀ, ਤੇ ਹੋਰ ਵਿਦਿਆਵਾਂ, ਕਲਾਂ ਸਿਖਣ ਦੇ ਮੁੱਖ ਦੋ ਮਾਰਗ ਹਨ:- ੳ. ਆਪਣੀ ਮਨ ਮਰਜ਼ੀ ਨਾਲ ਬਿਨਾ ਵਿਧੀ ਸਿੱਖੇ ਸ਼੍ਰੀਗੁਰੁਬਾਣੀ ਮਨ-ਮੁਖ ਸੰਬੋਧਨ ਕਰਦੀ ਹੈ, ਅਤੇ; ਅ. ਸ਼੍ਰੀਗੁਰੂਜੀਥਾਪੀ ਗੁਰੁਗਮ ਅਟੂਟ ਟਕਸਾਲੀ ਵਿਧੀ ਸਿਖਿਆ ਗੁਰੁ-ਮੁਖ ਬੋਧਨ (learnt systematically) ਹੈ॥

* ਸ਼੍ਰੀਗੁਰੁਬਾਣੀ ਸਦੀਵੀ ਆਮ ਦੁਨੀਆਂ ਉਧਾਰ ਸੰਬੰਧਿਤ ਹੈ, ਮਸਲਨ: ਸਭ ਜਾਣਦੇ ਹਨ, ਨਜ਼ਾਯ(ਕਾਨੂਨ) ਵਿਧਾਨ ਅਨੁਸਾਰ ਨਿਜ਼ਾਯਲੈ ਵਿੱਚ ਲੋਗਾਂ ਦੇ ਸ਼ੁਭ ਅਸ਼ੁਭ ਕਰਮਾਂ ਦੇ ਨਿਰਣੈ ਹੁੰਦੇ ਹਨ॥ ਮਨੁਖਾਂਦੇ ਚੰਗੇ-ਮੰਦੇ ਕਰਮ ਦੇਖੇ/ਕਹੇ ਪ੍ਰਮਾਣ (Valid Evdence)

---

171. ਸ਼੍ਰੀਗੁਗ੍ਰੰਜੀ:ੳ.ਪੰ. 237:'19 ਦੇਖੋ ਭਾ.ਗੁ.ਵਾ:11।27॥ ਭਾ.ਮਨੀ ਸਿੰਘ ਟੀਕਾ ਸਾਖੀ:12, 21, 23,'102 ਆਦਿ। ਅ.ਸ਼੍ਰੀਮਦ ਭਾਗਵਦ ਮਹਾਪੁਰਾਣ:11: 20:6 **"योगस्त्रयो मया प्रोक्ता नृणां श्रेयो विधित्सया। ज्ञानं कर्म च भक्तिश्चशन्योऽस्ति कुत्रचित्।६।"**; "ਸ਼੍ਰੀ ਕ੍ਰਿਸ਼ਨ ਜੀ ਬੋਲੇ" ਮੈਨੇ ਲੋਕਮਾਤ੍ਰ ਦੇ ਕਲਿਆਨ(ਸ਼੍ਰੇਯ) ਲਈਂ ਤਿਨ ਜੋਗ ਵਿਧਾਨ ਕੀਤੇ ਹਨ । ਗਿਆਨ, ਕਰਮ ਤੇ ਭਗਤੀ, ਇਨਾਂ ਬਿਨਾਂ ਹੋਰ ਕੋਈ ਉਪਾਏ ਕਿਤੇ ਹੈ ਹੀ ਨਹੀਂ"।ੲ.ਪੰ. 39:5- । ਸ.ਪੰ. 684:16 ॥

Sri Satguru Jagjit Singh Ji eLibrary NamdhariElibrary@gmail.com

ਨਿਆਇ ਆਧੀਸ਼ੂਰ ਨਿਰਣੈ ਕਰਦੇ ਹਨ॥ ਕਰਮਾਂ ਦੇ ਨਿਰਣੈਆਂ ਲਈਂ ਛੇ ਮੁਖ ਸਾਧਨ ਹਨ: ਕਈ ਦੋ ਜੋੜਕੇ ਅੱਠ ਮਨਦੇ ਨੇ 1. ਪ੍ਰਤੱਖ (Perseption), 2. ਅਨੁਮਾਨ (Inference), 3. ਉਪਮਾਨ (Comparison), 4. ਸ਼ਬਦ (Verbal/Canon's Testimony), 5. ਅਰਥਾਪੱਤੀ (Presumption), 6. ਅਭਾਵ (Non-Existence/Absence), 7.ਸੰਭਵ (Probable), 8.ਐਤਿਹੇਜ/ਰੀਤ (Tradition) ਸਾਰੇ ਕਰਮਾਂ ਦੀ ਗਵਾਹੀ ਦੀ ਨਿਰਨੈ ਲਈ ਤਿਨੋਂ (3) ਦੁਬਿਧਾ (ਸੰਸ਼ੇ) ਮਿਟੌਣ ਲਈ ਪਹਿਲਾਂ ਦੱਸੇ ਗੁਰੁ ਬਚਨ ਹਨ: ਸੁਣਿਆ, ਮੰਨਿਆ, ਮਨਿ ਕੀਤਾ ਭਾਉ; ਤੇ ਪ੍ਰਮੇਯ (object of valid knowledge) ਸਾਰੇ ਨਿਜਿਤ ਸਾਧਨ ਜੁਗ ਜੁਗਾਂਤਰ ਪਰੰਪਰਾ 'ਚ ਸ਼੍ਰੀਗੁਰੁਬਾਣੀ ਚਾਰ ਤਿਜ਼ਾਬੀ ਸੱਚੀ ਟਕਸਾਲ ਘੜੇ ਸ਼ਬਦ ਠੀਕ-ਗਲਤ ਸਿੱਧ ਹਨ॥

1 ਸਤਿ, 2.ਮਾਯਾ ਮਿਥਿਆ ਦੇ ਤਿਨ(3) ਅਨਾਦਿ ਭੇਦਾਭੈਦ 6-8 ਰੂਪ, ਤੇ ਤਰਕ ਸਿੱਧ 5-7 ਅੰਤ ਵਿਵਸਥਾਵਾਂ॥

- ਸਤਿ ਕੇਵਲ ਅਨਾਦਿ ਅਨੰਤ ਹੈ॥
- ਸ਼ਕਤ ਅਰਥ ਅਰੰਭ ਕਰ, ਅਰਥ ਨਾ ਬਣੇ ਤਾਂ ਲਕਸ਼ ਅਰਥ (3+3=6) ਦੇ ਗਿਆਨ ਬਿਨਾ '1' ਬ੍ਰਹਮ ਗਿਆਨ ਅਸੰਭਵਹੈ॥
- ਕਰਤਾ ਪੁਰਖ ਤੇ ਜੀਵ ਦੇ ਪੰਜ ਭੇਦ/ਵੰਡ ਮੰਨਣੇ ਦੂਜਾ ਭਾਉ ਹੈ॥
- ਪੰਜ ਭ੍ਰਮ ਪ੍ਰਕਾਰਾਂ ਦੇ ਗਿਆਨ ਜ਼ਰੂਰੀ ਹਨ, ਅਤੇ ਅਖੀਰ ਵਿੱਚ ;
- ਪੰਜ (5) ਤੱਤਾਂ ਦਾ ਮੇਰੂਖੰਡ (Permutations combinations) ਪਚੀਸ ਗੁਣ ਜਾਣਨੇ ਜ਼ਰੂਰੀ ਹਨ॥

1. ਮੈਲਾ ਮਨ: ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥
2. ਚੰਚਲ ਮਨ: ਕਹੈ ਨਾਨਕੁ ਮਨ ਚੰਚਲ,ਚਤੁਰਾਈ ਕਿਨੈ ਨ ਪਾਇਆ॥
3. ਅਗਿਆਨੀ ਮਨ: ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ॥ ਮਨ ਸਮਝਾਵਨ ਕਾਰਨੇ ਕਛੂਅਕਪੜੀਐ ਗਿਆਨ॥
4. ਸਮੂਹ: ਪੁਹਪ-ਮਧਿ ਜਿਉ ਬਾਸੁ ਬਸਤੁਹੈ, ਮੁਕਰਮਾਹਿ ਜੈਸੇ ਛਾਈ ॥ ਤੈਸੇਹੀ ਹਰਿ ਬਸੇ ਨਿਰੰਤਰਿ, ਘਟਹੀ ਖੋਜਹੁ ਭਾਈ॥ [ਸ.172] ਮਨ ਰੂਪ ਮੁਕਰ (ਸ਼ੀਸੇ) ਦ੍ਰਿਸ਼ਟਾਂਤ ਰਾਹੀਂ ਸਮਝਾਇਆ ਹੈ:-ਦੋਨਾਂ 'ਚ ਸੰਕੇਤ ਤਿਨ ਦੋਸ਼ਾਂ ਦਾ ਉਪਾਇ ਹੈ ਜਥਾ:- ਜਿਸਨੇ ਅੰਬ,ਸੇਓ,ਅੰਮ੍ਰਿਤਫਲ(ਨਾਸਪਾਤੀ)ਕਦੀ ਦੇਖੇ ਹੀ ਨਹੀਂ, ਜੇ ਉਸ ਨੂੰ ਕਹੋ ਅੰਬ ਦਾ ਧਿਆਨ, ਸਿਮਰਨ ਕਰ, ਓਹ ਕਿਵੇਂ ਕਰੇਗਾ? ਜਿਸ ਨੇ ਆਪਣਾ ਚੇਹਰਾ ਹੀ ਨਹੀਂ ਦੇਖਿਆ: ਆਪਣੀ ਸ਼ਕਲ ਜਾਣ ਸਕਦਾ ਹੈ? ਇਸੇ ਤਰ੍ਹਾਂ ਜਿਸਨੂੰ ਵਾਹਿਗੁਰੂ ਅਨੁਭਵ ਨਹੀਂ: ਕੀ ਦਸੇਗਾ?

ਮਃ1:-ਅਦਿਸਟੁ ਦਿਸੈ ਤਾ ਕਹਿਆ ਜਾਇ॥ ਬਿਨੁ ਦੇਖੇ ਕਹਣਾ ਬਿਰਥਾ ਜਾਇ॥ ਗੁਰਮੁਖਿ ਦੀਸੈ ਸਹਜਿ ਸੁਭਾਇ

172. ਪ੍ਰਭੂ,ਓ.ਪੰ. ੨੬੭:੧੧ । ਅ.ਪੰ. ੧੦੦੯:੪ ।ਏ.ਪੰ. ੩੪੦ :੮। ਸ.ਪੰ. ੬੮੪:੧੭ ॥

Sri Satguru Jagjit Singh Ji eLibrary NamdhariElibrary@gmail.com

ਮਃ5:-ਬਿਨੁ ਪੇਖੇ ਕਹੁ ਕੈਸੋ ਧਿਆਨੁ? ਇਸੇ ਕਾਰਣ ਗੁਰੁਬਾਣੀ ਕੁੰਜੀ ਰਾਹ ਦਸਦੀ ਹੈ:-

ਭਾ.ਗੁਰਦਾਸ: ਗਜਾਨ ਧਜਾਨ ਸਿਮਰਣ ਜੁਗਤਿ ਕੁੰਜ ਕੁਰਮ ਹੰਸ ਵੰਸ ਨਵੇਲਾ॥

ਗੁਰੁਗਮ ਅਣਜਾਣ, ਜੋ ਕੁੰਡਲੀ/ਹੱਠਯੋਗਾਦਿ ਦਸਦੇ ਹਨ: ਕੀ ਸ਼੍ਰੀ ਵਿਸ਼ਨੂੰਗੁਰੂਜੀ ਗੋਰਖ ਨਾਥ ਦੇ ਚੇਲੇ ਸੇ?ਓਨ੍ਹਾਂ ਭਾ.ਗੁਰੁਦਾਸ ਕੁੰਜੀ ਨਹੀਂ ਪੜ੍ਹੀ- ਸ਼ਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ

1:- ਜਦ ਤਕ ਮਨੁਖ ਆਪਣਾ ਚੇਹਰਾ ਨਹੀਂ ਦੇਖਦਾ, ਤਦ ਤਕ ਆਪਣੇ ਮੂੰਹ ਦੀ ਸ਼ਕਲ ਤੋਂ ਅਗਿਆਨੀ ਰਹਿੰਦਾ ਹੈ॥ ਜਦ ਕਿਸੇ ਨੇ ਦਸ ਪਾਈ, ਸ਼ੀਸ਼ੇ ਵਿੱਚ ਮੂੰਹ ਦੇਖੋ; ਤਾਂ ਜਾਕੇ ਸ਼ੀਸਾ ਲਿਜਾਜਾ। ਪਰ ਸ਼ੀਸਾ ਗੰਦਾ ਸੀ, ਉਸ ਵਿੱਚ ਛਾਯਾ ਤਕ ਨਹੀਂ ਪੈਦੀ ਸੀ॥ ਸ਼ੀਸ਼ੇ ਨੂੰ ਸਾਫ ਕੀਤਾ ਤਾਂ ਮੂੰਹ ਦਿਖਿਆ, ਜੋ ਪਹਿਲੀ ਪੌੜੀ ਸੀ॥ ਇਹ ਧਰਮ ਸ਼ਾਸਤ੍ਰਾਂ ਦੀ ਕੇਵਲ ਸ਼ਰੀਰਿ ਕਰਮ ਮੇਹਨਤ ਲਕਸ਼ ਪੌਣ ਲਈ ਕੀਤੀ ਜਾਂਦੀ ਹੈ॥ ਇਸ ਕਰਮ ਕਾਂਡ ਰਾਹੀਂ ਮਨ ਨੂੰ ਸੋਧਨ ਦੀ ਪਹਿਲੀ ਕ੍ਰਿਯਾ ਹੈ॥ ਜਦ ਤਕ ਮਨ ਮੈਲਾ (ਅਸ਼ੁਭ ਕਰਮੀ, ਪਾਪੀ) ਹੈ: ਤਦ ਤਕ ਗਿਆਨ ਕਿਤੇ ਦੂਰ ਰਹਿਆ: ਕਰਮ ਧਰਮ ਵੀ ਸਾਰਾ ਨਿਹਫਲ ਹੈ, ਇਦੰਤਾ ਗੁਰਬਾਣੀ ਪੁਕਾਰ ਹੈ: ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ; ਜਨਮ ਜਨਮ ਕੀ ਇਸੁ ਮਨਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥ ਖੰਨਲੀ ਧੋਤੀ ਉਜਲੀ ਨ ਹੋਵਈ, ਜੇ ਸਉ ਧੋਵਣਿ ਪਾਹੁ॥ ਗੁਰਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ...॥ ਮਨ ਰੂਪ ਸ਼ਾਫ ਸ਼ੀਸ਼ੇ ਤਰ੍ਹਾ ਗੁਰਬਾਣੀਦਾ ਕਰਮ ਧਰਮ ਹੈ ਜੋ ਮਨ ਨੂੰ ਸ਼ੁਧ ਸਾਫ ਕਰਦਾ ਹੈ। ਫੇਰ ਵੀ ਉਸ 'ਚ ਦੋ ਦੋਸ਼ ਹੋਰ ਰਹਿੰਦੇ ਹਨ॥

2:- ਜਿ ਮਨ ਸ਼ੀਸ਼ਾ ਕਰਮ ਰਾਹੀਂ ਸਾਫ ਹੋ ਵੀ ਗਇਆ ਪਰ ਕਾਰਣ ਬਸ ਹਿਲਦਾ ਰਹੇ ਫੇਰ ਵੀ ਇਸ ਦੋਸ਼ ਕਾਰਣ ਆਪਣਾ ਚੇਹਰਾ ਠੀਕ ਨਜ਼ਰ ਨਹੀ ਆਂਦਾ। ਸ਼੍ਰੀ ਗੁਰੁਬਾਣੀ ਦੇ ਇਸ ਦੋਸ਼ ਹਟਾਣ ਬਾਰੇ ਅਨੇਕ ਬਚਨ ਹਨ:- ਕਹੈ ਨਾਨਕੁ ਮਨ ਚੰਚਲ,ਚਤੁਰਾਈ ਕਿਨੈ ਨ ਪਾਇਆ; ਇਹੁ ਮਨੁ ਚੰਚਲੁ ਵਸਿ ਨ ਆਵੈ॥ ਦੁਬਿਧਾ ਲਾਗੈ ਦਹ ਦਿਸਿ ਧਾਵੈ॥ ਬਿਖੁਕਾ ਕੀੜਾ ਬਿਖੁਮਹਿ ਰਾਤਾ, ਬਿਖੁਹੀ ਮਾਹਿ ਪਚਾਵਣਿਆ[ਗ.173] ਬਾਵਜੂਦ ਸ਼ੀਸਾ ਸਾਫ ਕਰਣ ਦੇ: ਜੇ ਹਿਲਦਾ ਰਹੇ, ਚੇਹਰਾ ਤਾਂ ਵੀ ਕਦੀ ਸਾਫ ਨਹੀਂ ਦਿਖਦਾ॥ ਇਸੇ ਤਰ੍ਹਾਂ ਜੀਵ ਦੇ ਇਹ ਦੋ ਸਰੀਰਿਕ ਅਤੇ ਮਾਨਸਿਕ ਕਰਮ ਨਿਹਫਲ ਹੀ ਰਹਿਣਗੇ॥ ਇਸੇ ਲਈ ਮਨ ਥਿਰ ਕਰਣ ਦਾ ਉਪਾਇ ਜ਼ਰੂਰੀ ਹੈ ਜਿਸ ਕਾਰਣ ਆਪਣਾ ਚੇਹਰਾ ਠੀਕ ਦਿਖੇ॥ ਏਹ ਦ੍ਰਿਸ਼ਟਾਂਤ ਧਰਮ ਸ਼ਾਸਤ੍ਰਾਂ ਦੀ ਦੂਜੀ ਪੌੜੀ ਭਗਤੀ, ਮਾਨਸ ਕਰਮ ਭਗਤੀ ਕਾਂਡ ਰਾਹੀਂ ਚੰਚਲ/ਵਿਖਿਪਤ ਮਨ ਦੀ ਦੁਬਿਧਾ/ਡਾਵਾਂਡੋਲ ਕਾਰਣ, ਦੂਜਾ ਭਾਉ ਅਗਿਆਨ ਬਣਿਆ ਰਹਿੰਦਾ ਹੈ॥

3:- ਮਨ ਸ਼ੀਸ਼ੇ ਦੇ ਦੋ ਦ੍ਰਿਸ਼ਟਾਂਤ ਦੇਖੇ, ਪਹਿਲੀ ਪੌੜੀ ਮਨ ਸੰਕਲਪਿਤ ਸਰੀਰਿਕ ਕਰਮ(ਇਸਨਾਨ,ਨਾਮ,ਦਾਨ,ਕਿਰਤ ਕਰਨੀ,ਵੰਡ ਛਕਨਾ ਆਦਿ)ਰਾਹੀਂ ਸਾਫ, ਸ਼ੁਧ ਮਨ ਧਰਮੀ ਹੋਕੇ ਲੋਕਾਂ ਵਿੱਚ ਮਾਨ ਪ੍ਰਤਿਸ਼ਠਾ ਪ੍ਰਾਪਤ ਕਰਦਾ ਹੈ, ਦੂਜੀ ਪੌੜੀ ਮਨ ਸੰਬੰਧੀ ਦੋਨੋਂ ਅਸਥੂਲ-ਸੂਖਮ ਸ਼ਰੀਰ, ਮਨ ਤੇ ਪੰਜ/ਦਸ ਗਿਆਨ/ ਕਰਮ ਇੰਦ੍ਰੀਆਂ ਰਾਹੀਂ ਪਿੱਛੇ ਕਹੇ ਦੋਨੋਂ ਕਰਮ ਕਾਂਡ ਤੇ ਮਾਨਸ ਚੌਦਾਂ(14) ਭਗਤੀ ਕਾਂਡ ਦੀਆਂ ਅਮਲੀ ਸੂਖਮ ਕਰਮ ਪੌੜੀਆਂ ਦਾ ਉਪਯੋਗ ਕਰੇ;

173. ਪੁਨ੍ਹੈ.ਓ.ਪੰ. ੨੨੨:੧੨। ਅ.ਪੰ. ੧੧੪੦:੧੫। ਏ.ਭਾ,ਗੁ.ਵਾ:॥ ੩।੨੦।੭/੧-੪।੨੨।੨੪; ਸ.੧।੩੧।੭॥ ਸ਼੍ਰੀਗੁਰੂੰਜੀ ਹ.ਪੰ. ੩੯:੮। ਕ.ਪੰ. ੬੫੧:੧। ਖ.ਪੰ. ੯੧੭: ੬।ਗ.ਪੰ. ੧੭੭:੧੧॥

Sri Satguru Jagjit Singh Ji eLibrary NamdhariElibrary@gmail.com

ਅਰਥਾਤ: ਭਗਤੀ ਦੀਆਂ ਪਹਿਲੀਆਂ ਚਾਰ(4) ਨੀਚਲੀਆਂ ਭਗਤੀਆਂ ਛੱਡਕੇ, ਅੰਤਮ ਦਸ਼ਧਾ(10/14) ਪ੍ਰੇਮਾ ਭਗਤੀ-ਗਿਆਨ (ੴ'1'ਏਕਤ੍ਵ ਭਾਉ/ ਅਦ੍ਵੈਤ) ਅਨੁਭਵ ਕਰਣ ਉੱਤੇ ਨਾ ਪਹੁੰਚ ਸਕਨ ਕਾਰਣ, ਵਿਚਕਾਰ ਪ੍ਰਸਿੱਧ ਨਵਧਾ ਭਗਤੀ ਪੌੜੀ ਵਿੱਚ ਸਾਰੇ ਦੂਜੇ ਭਾਉ ਵਾਲੇ ਰਹਿ ਗਏ॥ ਇਸ ਪ੍ਰਸਿਧ '1' 'ਚ ਨਵਧਾ (9) ਭਗਤੀ[174] ਕਰਣ ਦਾ ਪੂਰਾ ਜਤਨ ਕਰੇ ਤਾਂ ਅਮਲ 'ਚ ਸਾਫ ਮਨ-ਸ਼ੀਸ਼ਾ ਟਿਕ ਜਾਵੇਗਾ, ਉਪਦੇਸ਼ ਹੈ:

ਕਬੀਰਜੀ: ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ॥ ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥

ਮ:5: ਜੈਸੇ ਪਵਨੁ-ਬੰਧ ਕਰਿ ਰਾਖਿਓ,ਬੂਝ ਨ ਆਵਤ-ਜਾਵਤ॥ ਜਾਕਉ ਰਿਦੈ-ਪ੍ਰਗਾਸੁ ਭਇਓ ਹਰਿ,ਉਆਕੀ ਕਹੀ ਨ ਜਾਇ ਕਹਾਵਤ॥ 2॥ ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ ਪਾਵਤ॥ ਅਚਿੰਤ-ਲਾਲੁ ਗ੍ਰਿਹ ਭੀਤਰਿ ਪ੍ਰਗਟਿਓ, ਅਗਮ ਜੈਸੇ ਪਰਖਾਵਤ॥ 3.ਅ.175 ਜਿਵੇਂ ਆਪਣਾ ਚੇਹਰੇ ਬਿੰਬ ਦਾ ਪ੍ਰਿਤਿਬਿੰਬ ਸਾਫ, ਟਿਕੇ ਸ਼ੀਸ਼ੇ 'ਚ ਆਪੇ ਨਜ਼ਰ ਔਂਦਾ,ਇੱਕਦਮ ਚਿਹਰਾ ਦਿਖਾਈ ਦੇਣ ਨਾਲ ਉਸਦਾ ਗਿਆਨ ਹੁੰਦਾ ਹੈ॥ ਏਸ ਵੇਲੇ ਆਪਣਾ ਮੁਖਾਰਬਿੰਦ, ਬਿੰਬ ਦੇਖਣ ਵਾਲਾ ਗਿਆਤਾ ਸਮਝਦਾ ਹੈ, ਉਸ ਨੂੰ ਆਪਣੇ ਚਿਹਰੇ ਦਾ ਪੂਰਾ ਅਨੁਭਵ ਹੋ ਗਇਆ: ਬਸ,ਅਗੇ ਹੋਰ ਕੀ ਰਹਿਆ? ਪਰ ਹੁਣ ਉਸਨੂੰ ਪੂਰਾ ਸਹੀ ਅਯਥਾਰਥ ਗਿਆਨ ਹੀ ਹੈ॥

4:- ਕਿਉਂ? ਐਥੇ ਅੰਤ 'ਚ ਸਾਫ ਦਸਣਾ ਬਣਦਾ ਹੈ। ਮੰਨਿਆ ਬਿਲਕੁਲ ਸ਼ੀਸ਼ਾ ਸਾਫ, ਥਿਰ ਦੋਨੋ ਤਰ੍ਹਾਂ ਹੈ, ਆਪਣਾ ਅਕਸ/ਪ੍ਰਤਿਬਿੰਬ ਬਿਲਕੁਲ ਠੀਕ ਦਿਖਦਾ ਹੈ ਪਰ ਯਥਾਰਥ

174. ਪੁਨ੍ਹ.ਪੰ.ਪ.੧੦੯੦:੧:ਤਤਸਮ ਲਕਸ਼ਣ ਹੈ **ਸ਼੍ਰੀਮਦ੍ਭਗਵਦ੍ ਮਹਾਪੁਰਾਣ:੭।੫।੨੩॥ – ਸ਼੍ਰਵਣਾ[1] ਕੀਰ੍ਤਨ[2] ਵਿਸ਼੍ਣੋ:ਸ੍ਮਰਣ[3] ਪਾਦਸੇਵਨਮ੍[4]। ਅਰ੍ਚਨ[5] ਵਨ੍ਦਨ[6] ਦਾਸ੍ਯ[7] ਸਖ੍ਯ[8] ਆਤ੍ਮਨਿਵੇਦਨਮ੍[9]॥੨੩"** ਤਤਸਮ ਸ਼੍ਰੀਗੁਰੂ ਗ੍ਰੰਥ:ਮਾਰੂ ਮਃਪ:- "ਪ੍ਰਭ ਸਮਰਥ ਸਰਬ-ਸੁਖ ਦਾਨਾ॥ ਸਿਮਰਉ ਨਾਮੁ ਹੋਹੁ ਮਿਹਰਵਾਨਾ ॥ ਹਰਿਦਾਤਾ: ਜੀਅ ਜੰਤ ਭੇਖਾਰੀ,ਜਨੁ ਬਾਂਛੈ ਜਾਚੰਗਨਾ ॥੧॥ ਮਾਗਉ ਜਨ ਧੂਰਿ ਪਰਮਗਤਿ ਪਾਵਉ ॥ ਜਨਮ ਜਨਮਕੀ ਮੈਲੁ ਮਿਟਾਵਉ ॥ ਦੀਰਘ-ਰੋਗ ਮਿਟਹਿ ਹਰਿ ਅਉਖਧਿ, ਹਰਿ ਨਿਰਮਲਿ ਰਾਪੈ ਮੰਗਨਾ ॥੨॥ ਸ੍ਰਵਣੀ ਸੁਣਉ[1] ਬਿਮਲ ਜਸੁ ਸੁਆਮੀ॥ ਏਕਾ ਓਟ: ਤਜਉ ਬਿਖੁ ਕਾਮੀ ॥ ਨਿਵਿ ਨਿਵਿ ਪਾਇ-ਲਗਉ ਦਾਸ ਤੇਰੇ, ਕਰਿ ਸੁਕ੍ਰਿਤੁ ਨਾਹੀ ਸੰਗਨਾ ॥੩॥ਰਸਨਾ ਗੁਣ ਗਾਵੈ[2] ਹਰਿ ਤੇਰੇ ॥ ਮਿਟਹਿ ਕਮਾਤੇ ਅਵਗੁਣ ਮੇਰੇ ॥ ਸਿਮਰਿ ਸਿਮਰਿ ਸੁਆਮੀ[3] ਮਨੁ ਜੀਵੈ: ਪੰਚ ਦੂਤ ਤਜਿ ਤੰਗਨਾ ॥੪॥ ਚਰਨ-ਕਮਲ ਜਪਿ[4] ਬੋਹਿਥਿ ਚਰੀਐ ॥ ਸੰਤਸੰਗਿ ਮਿਲਿ ਸਾਗਰੁ ਤਰੀਐ ॥ ਅਰਚਾ[5] ਬੰਦਨ[6] ਹਰਿ ਸਮਤ ਨਿਵਾਸੀ, ਬਾਹੁੜਿ ਜੋਨਿ ਨ ਨੰਗਨਾ ॥੫॥ ਦਾਸ[7] ਦਾਸਨਕੋ ਕਰਿ ਲੇਹੁ ਗੁੋਪਾਲਾ ॥ ਕ੍ਰਿਪਾਨਿਧਾਨ ਦੀਨ ਦਇਆਲਾ ॥ ਸਖਾ[8] ਸਹਾਈ ਪੂਰਨ ਪਰਮੇਸੁਰ ਮਿਲੁ, ਕਦੇ ਨ ਹੋਵੀ ਭੰਗਨਾ ॥੬॥ ਮਨੁ ਤਨੁ ਅਰਪਿ[9] ਧਰੀ ਹਰਿ ਆਗੈ ॥ ਜਨਮ ਜਨਮਕਾ ਸੋਇਆ ਜਾਗੈ॥ ਜਿਸਕਾ ਸਾ, ਸੋਈ ਪ੍ਰਤਿਪਾਲਕੁ; ਹਤਿ ਤਿਆਗੀ: ਹਉਮੈ ਹੰਤਨਾ ॥੭॥ਜਲਿ ਥਲਿ ਪੂਰਨ ਅੰਤਰਜਾਮੀ ॥ ਘਟਿ ਘਟਿ ਰਵਿਆ ਅਛਲ ਸੁਆਮੀ ॥ ਭਰਮ ਭੀਤਿ: ਖੋਈ ਗੁਰਿਪੂਰੈ, ਏਕੁ ਰਵਿਆ ਸਰਬੰਗਨਾ ॥੮॥ ਜਤ ਕਤ ਪੇਖਉ ਪ੍ਰਭ ਸੁਖ-ਸਾਗਰ॥ ਹਰਿ ਤੋਟਿ ਭੰਡਾਰ ਨਾਹੀ ਰਤਨਾਗਰ ॥ ਅਗਹ ਅਗਾਹ ਕਿਛੁ ਮਿਤਿ ਨਹੀ ਪਾਈਐ, ਸੋ ਬੂਝੈ ਜਿਸੁ ਕਿਰਪੰਗਨਾ ॥੯॥ ਛਾਤੀ ਸੀਤਲ ਮਨੁ ਤਨੁ ਠੰਢਾ॥ ਜਨਮ ਮਰਣਕੀ ਮਿਟਵੀ ਡੰਝਾ ॥ ਕਰੁ ਗਹਿ ਕਾਢਿ ਲੀਏ ਪ੍ਰਭਿ ਅਪੁਨੈ, ਅਮਿਓ ਧਾਰਿ ਦ੍ਰਿਸਟੰਗਨਾ ॥੧੦॥ ਏਕੋਏਕੁ ਰਵਿਆ ਸਭ ਠਾਈ ॥ ਤਿਸੁ ਬਿਨੁ: ਦੂਜਾ: ਕੋਈ ਨਾਹੀ ॥ ਆਦਿ ਮਧਿ ਅੰਤਿ ਪ੍ਰਭੁ ਰਵਿਆ: ਤ੍ਰਿਸਨ ਬੁਝੀ ਭਰਮੰਗਨਾ ॥੧੧॥ਗੁਰੁਪਰਮੇਸਰੁ ਗੁਰੁ ਗੋਬਿੰਦੁ ॥ ਗੁਰੁਕਰਤਾ ਗੁਰੁਸਦ ਬਖਸੰਦੁ ॥ ਗੁਰਜਪੁ ਜਾਪਿ ਜਪਤ ਫਲੁ ਪਾਇਆ, ਗਿਆਨ ਦੀਪਕੁ ਸੰਤ ਸੰਗਨਾ ॥੧੨॥ਜੋ ਪੇਖਾ, ਸੋ ਸਭੁ ਕਿਛੁ ਸੁਆਮੀ ॥ ਜੋ ਸੁਨਣਾ, ਸੋ ਪ੍ਰਭਕੀ ਬਾਨੀ ॥ ਜੋ ਕੀਨੋ, ਸੋ ਤੁਮਹਿ ਕਰਾਇਓ, ਸਰਣਿ ਸਹਾਈ ਸੰਤਹ ਤਨਾ ॥੧੩॥ਜਾਚਕੁ ਜਾਚੈ ਤੁਮਹਿ ਅਰਾਧੈ ॥ ਪਤਿਤ ਪਾਵਨ ਪੂਰਨ-ਪ੍ਰਭ ਸਾਧੈ ॥ ਏਕੋ ਦਾਨੁ ਸਰਬ ਸੁਖ ਗੁਣਨਿਧਿ: ਆਨ ਮੰਗਨ ਨਿਹ-ਕਿੰਚਨਾ ॥੧੪॥ਕਾਇਆ ਪਾਤ੍ਰ ਪ੍ਰਭੁ ਕਰਣੈਹਾਰਾ ॥ ਲਗੀ ਲਾਗਿ ਸੰਤ ਸੰਗਾਰਾ ॥ ਨਿਰਮਲ ਸੋਇ: ਬਣੀ ਹਰਿਬਾਣੀ, ਮਨੁ ਨਾਮਿ ਮਜੀਠੈ ਰੰਗਨਾ ॥੧੫॥ ਸੋਲਹ-ਕਲਾ ਸੰਪੂਰਨ ਫਲਿਆ॥ ਅਨਤ-ਕਲਾ ਹੋਇ ਠਾਕੁਰੁ ਚੜਿਆ ॥ ਅਨਦਬਿਨੋਦ ਹਰਿ-ਨਾਮਿ ਸੁਖ ਨਾਨਕ,ਅੰਮ੍ਰਿਤਰਸੁ ਹਰਿਭੁੰਚਨਾ॥੧੬॥੨॥੯॥

175. ਪੁਨ੍ਹ.ਓ.ਪੰ.੩੪੦:੮।ਅ. ਪੰ. ੧੨੦੫:੪-੬+ **ਸ਼੍ਰੀਮਦ੍ਭਗਵਦ੍ਗੀਤਾ: ੬:- ਯਥਾ ਦੀਪੋ ਨਿਵਾਤਸ੍ਥੋ, ਨੇਙ੍ਗਤੇ ਸੋਪਮਾ ਸ੍ਮ੍ਰਤਾ। ਯੋਗਿਨੋ ਯਤਚਿਤ੍ਤਸ੍ਯ, ਯੁਞ੍ਜਤੋ ਯੋਗਮਾਤ੍ਮਨ: ॥੧੬॥**

Sri Satguru Jagjit Singh Ji eLibrary NamdhariElibrary@gmail.com

ਵਿੱਚ ਸਾਰੇ ਪ੍ਰਿਤੀਬਿੰਬ ਦੇਖਨ ਵਾਲਿਆਂ ਦੇ ਮਨਾਂ 'ਚ ਆਪਣੇ ਸੱਚੇ ਬਿੰਬ ਦਾ ਭੁਲੇਖਾ ਹੈ:- 1.ਆਪਣੇ ਬਿੰਬ ਦਾ ਪ੍ਰਤੀਬਿੰਬ ਮੂੰਹ ਸਿੱਧਾ ਨਹੀ, ਪੁਠਾ ਦਿਖਦਾਹੈ। ਸ਼ੀਸੈ'ਚ ਸੱਜਾ ਖੱਬਾ; ਖੱਬਾ, ਸੱਜਾ ਹੈ। ਜੇ ਬਿੰਬ ਪੂਰਬ ਮੁਖ ਹੈ, ਤਾਂ ਸ਼ੀਸ਼ਾ'ਚ ਪ੍ਰਿਤਿਬੰਬ ਪੱਛਮ ਮੁਖ ਆਦਿ ਹੈ। ਆਮ ਇਨ੍ਹਾਂ ਗਲਾਂ ਦਾ ਧਿਆਨ ਕੋਈ ਨਹੀ ਕਰਦਾ॥ ਇਸੇ ਤਰ੍ਹਾਂ ਆਤਮ-ਪਰਾਤਮ ਬ੍ਰਹਮ ਗਿਆਨ ਵੀ ਪ੍ਰਤਿਬਿੰਬ-ਬਿੰਬ ਹਨ, ਅਤੇ 2. ਜਿਵੇਂ ਅੱਖਾਂ ਬਾਹਰ ਦੇਖਦੀਆਂ ਹਨ, ਆਪਣੇ ਆਪ ਨੂੰ ਨਹੀਂ ਦੇਖਦੀਆਂ, ਦੋਨੋਂ ਜਗ ਦੇ ਸੁਪਨ ਵਿਵਸਥਾਵਾਂ ਦਾ ਉਪਦੇਸ਼, ਬਾਹਰਿ ਭੀਤਰਿ ਏਕੋ ਜਾਨਹੁ, ਇਹੁ ਗੁਰਗਿਆਨੁ ਬਤਾਈ॥ ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮਕੀ ਕਾਈ॥ ਕੇਤੇ ਗੁਰ-ਚੇਲੇ ਫੁਨਿ ਹੂਆ॥ ਕਾਚੇ ਗੁਰਤੇ ਮੁਕਤਿ ਨ ਹੂਆ ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ-ਗਿਆਨੀ ਪਰ ਸਤਿਗਿਆਨ ਉਲਟ ਦੂਜੇ ਭਾਉ ਨਿਖੇਦ ਭ੍ਰਮ ਗਿਆਨ ਅਨੇਕ ਵਾਕਾਂ ਦਾ ਧਿਆਨ ਵੀ ਰਖਨਾ ਲਾਜ਼ਮੀ ਹੈ, ਪਰ ਬਿਨਾ 3. ਜੁਕਤਿ ਜੋਗੇਸੁਰ, ਕਾਰਕਾਂ ਪੁਰਖ[ਹ.176] ਜਨਮ ਬਿਨਾ ਜੀਵ ਹਨ, ਜਨਮੇ ਜੀਵ ਦੂਜੇ-ਭਾਵ/ਦ੍ਵੈਤ ਵਾਦੀ ਹਨ ਜੋ ਜਨਮ ਤੋਂ ੧ਓ ਸਰਵ ਵਿਆਪੀ ਭੁਲੇ ਸਾਰੀ ਉਮਰ ੧ਓ ਨੂੰ ਬਾਹਰ ਹੀ ਖੋਜਦੇ ਹਨ। ਉਨ੍ਹਾ ਸੰਬੰਧੀ ਸ਼੍ਰੀਗੁਰੂਜੀ ਦੇ ਵਚਨ ਹਨ:- ਗਿਆਨੀ-ਗੁਰ ਬਿਨੁ ਭਗਤਿ ਨ ਹੋਈ॥ ਕੋਰੈ ਰੰਗੁ ਕਦੇ ਨ ਚੜੈ: ਜੇ ਲੋਚੈ ਸਭੁ ਕੋਈ॥ ਜਪੁ ਤਪ ਸੰਜਮ ਵਰਤ ਕਰੇ ਪੂਜਾ, ਮਨਮੁਖ ਰੋਗੁ ਨ ਜਾਈ॥ ਅੰਤਰਿ ਰੋਗੁ, ਮਹਾ-ਅਭਿਮਾਨਾ ਦੂਜੈ ਭਾਇ ਖੁਆਈ॥ ਬਾਹਰਿ ਭੇਖ,ਬਹੁਤੁ ਚਤੁਰਾਈ, ਮਨੂਆ ਦਹਦਿਸਿ ਧਾਵੈ॥ ਹਉਮੈ ਬਿਆਪਿਆ:ਸਬਦੁ ਨ ਚੀਨੈ: ਫਿਰਿ ਫਿਰਿ ਜੂਨੀ ਆਵੈ॥ ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ॥ ਗੁਰਪਰਸਾਦੀ ਏਕੋ ਬੂਝੈ; ਏਕਸੁ-ਮਾਹਿ ਸਮਾਏ॥ ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ॥ ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ॥ ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ॥ ਤੇ ਬਾਹਰ ਢੂੰਡਣ ਨਿਖੇਦ ਸ਼੍ਰੀ ਗੁਰੁਜੀਦੇ ਵੀ ਅਨੇਕ ਬਚਨ ਹਨ: ਘਰ ਹੀ ਮਹਿ ਅੰਮ੍ਰਿਤੁ ਭਰਪੂਰੁਹੈ ਮਨਮੁਖਾ ਸਾਦੁ ਨ ਪਾਇਆ॥ ਜਿਉ ਕਸਤੂਰੀ ਮਿਰਗੁ ਨ ਜਾਣੈ, ਭ੍ਰਮਦਾ ਭਰਮਿ ਭੁਲਾਇਆ॥ ਅੰਮ੍ਰਿਤੁ ਤਜਿ, ਬਿਖੁ ਸੰਗ੍ਰਹੈ: ਕਰਤੈ ਆਪਿ ਖੁਆਇਆ॥ ਗੁਰਮੁਖਿ ਵਿਰਲੇ ਸੋਝੀ ਪਈ,ਤਿਨਾ ਅੰਦਰਿ ਬ੍ਰਹਮੁ ਦਿਖਾਇਆ॥ ਸਭਕਿਛੁ ਘਰਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥ ਗੁਰਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ॥ ਬਾਹਰਿ ਢੂਢਨਤੇ ਛੂਟਿਪਰੇ,ਗੁਰਿ ਘਰਹੀਮਾਹਿ ਦਿਖਾਇਆਥਾ॥ ਅਨਭਉ ਅਚਰਜਰੂਪੁ ਪ੍ਰਭ ਪੇਖਿਆ, ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ॥ ਅਤੇ ਅਨੇਕ ਦੁਰਲਭ(ਅਪੂਰਵ)ਵਾਕ ਹਨ:-ਸੋ ਮਿਲੈ,ਜਿਸੁ ਆਪਿ ਮਿਲਾਏ: ਆਪਹੁ ਕੋਇ ਨ ਪਾਵੈਗਾ॥ ਸਤਿਗੁਰਿ ਮਿਲਿਐ ਹੁਕਮੁ ਬੁਝੀਐ, ਤਾਂਕੋ ਆਵੈ

---

176. ਪੁਨ੍ਹੈ. ਓ.ਪੰ.੬੮੪:੧੭। ਅ.ਪੰ. ੯੩੨:੧੧।ਏ.ਪੰ. ੬੧੫:੧੮।ਸ.ਪੰ. ੧੩੮੯:੧੫; ਗੀਤਾ: ੬:੨੯;੭:੧੭...॥ ਹ.ਪੰ. ੭੪੯:੨:- "ਜਨਮ ਮਰਣ ਦੁਹਹੂ -ਮਹਿ ਨਾਹੀ : ਜਨ-ਪਰਉਪਕਾਰੀ ਆਏ॥ ਜੀਅ ਦਾਨੁਦੇ ਭਗਤੀ ਲਾਇਨਿ, ਹਰਿ-ਸਿਉ ਲੈਨਿ ਮਿਲਾਏ ॥੨॥

Sri Satguru Jagjit Singh Ji eLibrary NamdhariElibrary@gmail.com

ਰਾਸਿ॥ ਆਪਿ ਛੁਟੇ ਨਹ ਛੁਟੀਐ ਨਾਨਕ ਬਚਨਿ ਬਿਣਾਸੁ॥ ਅਤੇ, ਸਚੈ ਸਬਦਿ ਸਚੀ ਪਤਿ ਹੋਈ॥ ਬਿਨੁ ਨਾਵੈ ਮੁਕਤਿ ਨ ਪਾਵੈ ਕੋਈ॥ ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈਹੇ॥ ਗ.177 ਇਹ ਕੁਛ ਗੁਰੁਗਮ ਪ੍ਰਮਾਣ ਕਾਫੀ ਹਨ॥

ਤਰਕ ਸਿੱਧ ਦਸ ਅਨਾਦਿ ਪਦਾਰਥ ਸਿਧਾਂਤ

(NON-ORIGINATION DOCTRINE)

1. ਸਤਿ 2. ਅਸਤਿ 3. ਮਾਯਾ(ਮਿਥਿਆ) ਰੂਪ : 6-8/10 ਅਨਾਦਿ ਵਿਵਸਥਾਵਾਂ॥

ਪਿੱਛੇ ਲਿਖੇ ਬ੍ਰਹਮ ਗਿਆਨ ਦੇ ਸਤਿ ਤੇ ਝੂਠ ਸੰਗਿਆਂ ਉਤੇ ਕੁਛ ਪ੍ਰਸ਼ਨ-ਉੱਤਰ ਵਿਚਾਰ ਦੇਖ ਚੁਕੇ ਹਾਂ॥ ਹੁਣ ਬ੍ਰਹਮ ਵਿਦਿਆ ਸਮਝਣ ਲਈ ਪਾਠਕਾਂ, ਜਾਂ ਵਿਦਿਆਰਥੀਆਂ ਦੇ ਜ਼ਰੂਰੀ ਜਾਣਨੇ ਜੋਗ ਦੋ ਅਧਾਰ ਸੱਤ ਪਦਾਰਥ ਦੀਆਂ ਪਰਿਕਿਰਿਆਵਾਂ ਸਮਝਣ ਉਤੇ ਵਿਚਾਰ ਕਰਦੇ ਹਾਂ। ਕਾਰਣ ਅਸਲ ਵਿੱਚ ਇਨ੍ਹਾਂ ਬਿਨਾ ਬਿਲਕੁਲ ਪੂਰਾ ਬ੍ਰਹਮ ਗਿਆਨ ਸਮਝਨਾ ਅਸੰਭਵ ਹੈ ਜਿਵੇਂ ਪੰਚਮ ਸ਼੍ਰੀਗੁਰੂ ਅਰਜੁਨ ਦੇਵਜੀਦੇ ਆਧਾਰਿਤ ਦੋ ਸ਼ਬਦ ਉਪਦੇਸ਼ ਜਾਣਨੇ ਅਤਿ ਜ਼ਰੂਰੀ ਹਨ, ਜਥਾ:-

ਕਰਣ ਕਾਰਣ ਪ੍ਰਭੁ ਏਕੁਹੈ ਦੂਸਰ ਨਾਹੀ ਕੋਇ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥

ਸ਼੍ਰੀਗੁਰੂਜੀ ਸਿਧਾਂਤ ਅਨੁਸਾਰ ਕੇਵਲ ੧ਓਂ ਹੀ ਕਰਣ ਕਾਰਣ ਪ੍ਰਭੁ ਏਕੁਹੈ ਹੈ ਹੋਰ ਕੁਝ ਹੈ ਵੀ ਨਹੀਂ॥ ਇਸੇ ਕਾਰਣ ਸ਼੍ਰੀ ਗੁਰੂਜੀ ਫਰਮਾਯਾ- 2. ਗੋਂਡ ਮ: 5:-

ਅਚਰਜ ਕਥਾ ਮਹਾ-ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ ਰਹਾਉ॥ ਨਾ ਇਹੁ ਬੂਢਾ,ਨਾ ਇਹੁ ਬਾਲਾ॥ ਨਾ ਇਸੁ ਦੂਖੁ ਨਹੀ ਜਮ ਜਾਲਾ॥ ਨਾ ਇਹੁ ਬਿਨਸੈ ਨਾ ਇਹੁ ਜਾਇ॥ ਆਦਿ ਜੁਗਾਦੀ ਰਹਿਆ ਸਮਾਇ॥ ਨਾ ਇਸੁ ਉਸਨੁ ਨਹੀ ਇਸੁ ਸੀਤੁ॥ ਨਾ ਇਸੁ ਦੁਸਮਨੁ, ਨਾ ਇਸੁ ਮੀਤੁ॥ ਨਾ ਇਸੁ ਹਰਖੁ,ਨਹੀ ਇਸੁ ਸੋਗੁ॥ ਸਭੁ ਕਿਛੁ ਇਸਕਾ,ਇਹੁ ਕਰਨੈ ਜੋਗੁ॥ ਨਾ ਇਸੁ ਬਾਪੁ,ਨਹੀ ਇਸੁ ਮਾਇਆ॥ ਇਹੁ ਅਪਰੰਪਰੁ ਹੋਤਾ ਆਇਆ॥ ਪਾਪ ਪੁੰਨਕਾ ਇਸੁ ਲੇਪੁ ਨ ਲਾਗੈ॥ ਘਟਘਟ ਅੰਤਰਿ ਸਦਹੀਜਾਗੈ॥ ਤੀਨਿ ਗੁਣਾ ਇਕ ਸਕਤਿ ਉਪਾਇਆ॥ ਮਹਾਮਾਇਆ ਤਾਕੀ ਹੈ ਛਾਇਆ॥ ਅਛਲ ਅਛੇਦ ਅਭੇਦ ਦਇਆਲ॥ ਦੀਨ ਦਇਆਲ ਸਦਾ ਕਿਰਪਾਲ॥ ਤਾਕੀ ਗਤਿ ਮਿਤਿ ਕਛੂ ਨ ਪਾਇ॥ ਨਾਨਕ ਤਾਕੈ ਬਲਿ ਬਲਿ ਜਾਇ॥ 178

ਇਹ ਦੋਨੋਂ ਆਧਾਰ ਸ਼ਬਦ ਇੱਕੋ ੧ਓਂ ਉਤੇ ਜ਼ੋਰ ਜਿਤਾਂਦੇ ਹਨ ਕਿ ਇਕ ਅਕਾਲ ਪੁਰਖੁ ਬਿਨਾ ਕੁਛ ਨਹੀ॥ ਇਹ ਤਤ ਪੂਰੀ ਤਰ੍ਹਾਂ ਸਮਝਣ ਲਈ ਸਮੁਦ੍-ਬੂੰਦ, ਜਾਂ ਮਹਾਂ-ਆਕਾਸ, ਘਟ ਜਲਾਕਾਸ ਦੇ ਚਾਰ ਪੰਜ ਉਪਾਧੀਆਂ ਬਣੇ ਇਕੋ ਆਕਾਸ਼ ਆਦਿਕਾਂ ਦੀ ਬਰਤੋਂ ਅਰਥ ਸਾਫ ਹੈ॥ ਖੁਸ਼ਕ ਤਰਕ ਰਾਹੀਂ ਸਮਸ਼ਟੀ ਸਮੁੰਦਰ ਜੇ ਅਨਾਦੀ ਹੈ ਤਾਂ ਉਸੇ ਦੇ ਵਿਅਸ਼ਟੀ ਸਮੁੰਦ੍ ’ਚ ਤਰੰਗ, ਬੂੰਦ ਓਸੇ ਦੇ ਹੀ ਭਾਗ ਕਾਰਜ ਅਨਾਦੀ ਕਿਵੇਂ ਨਹੀ ਹਨ? ਇਸ ਤਰ੍ਹਾਂ ਦੇ ਤਰਕ ਅਧਾਰ ਦ੍ਰਿਸ਼ਟਾਂਤ ਅਗੇ ਵਿਸਤਾਰ ਨਾਲ ਵਿਚਾਰਾਂਗੇ॥

177. ਸ਼੍ਰੀ ਗੁਰੁ ਗ੍ਰੰਥਜੀ:ਉ.ਪੰ.੭੩੨:੬।ਅ. ਪੰ. ੧੦੦੯:੪; ਏ.ਪੰ. ੬੪੪:੨। ਸ.ਪੰ. ੧੦੨:੩। ਹ.ਪੰ ੧੦੦੨:੩। ਕ.ਪੰ.੮੪੧:੧੪। ਖ.ਪੰ.੧੨੮੬:੧੪। ਗ.੧੦੪੬:੧੦॥

178. ਪੁਨ੍ਹੈ, ਪੰ, ੮੬੯:੧-॥

Sri Satguru Jagjit Singh Ji eLibrary NamdhariElibrary@gmail.com

1> ਸਤਿ...ਅਨਾਦਿ ਤਰਕ ਸਿੱਧ ਹਨ ॥ '1' ਪਿੱਛੋਂ ਪ੍ਰਣਵ '> ਦਾ ਵਿਸ਼ਲੇਸ਼ਣ ਤਰਕ ਵੀ ਦੇਖ ਆਏ ਹਾਂ; ਸੱਤ (ਸਤਿ) ਦੀ ਹੋਂਦ ਤ੍ਰਿਕਾਲ ਅਬਾਧ/ ਅਵਿਨਾਸ਼ੀ, ਸਦੀਵੀ ਹੈ, ਓਸਦੀ ਕਦੀ ਅਪ੍ਰਤੀਤ, ਜਾਂ ਨਾਸ਼(ਬਾਦ) ਨਹੀਂ ਹੁੰਦਾ। ਇਸ ਕਾਰਣ ਸਤਿ ਅਨਾਦਿ ਅਨੰਤ ਅਲੌਕਿਕ ਸ੍ਵਰੂਪ ਤਰਕ ਸਿੱਧ ਹੈ; ਇਹੀ ਵਿਲੱਖਨ ਅਤਿ-ਸੰਖੇਪ ਹੋਰ ਵੀ ਵਿਆਖਿਆਵਾਂ ਸਤਿ ਦੀਆਂ ਹਨ, ਮਸਲਨ:

ਸਤਿ/ਸਚੁ ਤਰਕ ਰਹੀਂ ਪਰਿਭਾਸ਼ਿਕ ਲਕਸ਼ ਅਰਥ ਕਹ ਆਏ, ਜਿਸਦੀ ਹੋਂਦ ਕਦੀ ਅਭਾਵ ਨਾਸ਼ ਨਹੀਂ ਬਲਕਿ ਅਟਲ, ਅਚਲ, ਅਚੁਜਤ ਨਿਰਵਿਕਾਰ ਹੋਣ ਕਾਰਣ ਉਤਪਤੀ ਨਹੀਂ, ਨਾਂ ਉਤਪਨ ਕਰੇ, ਕਾਰਣ ਉਤਪੱਤੀ ਵਿਕਾਸ ਵਿਕਾਰ ਕਿਰਿਆ ਬਿਨਾ ਨਹੀ ਹੋ ਸਕਦੀ॥

ਦੂਜੇ ਪਾਸੇ ਇਕ ਅੱਚਲ ਸਤਿ/ਸਚੁ ਦਾ ਅੰਤ ਵੀ ਅਸੰਭਵਹੈ ਕਿਉਂਕਿ ਅੰਤ ਦਾ ਤਾਰਕਿਕ ਅਰਥ ਕੋਈ 1.ਸਥੂਲ-ਸੂਖਮ ਵਸਤੂਦਾ 2.ਦੇਸ਼, 3.ਕਾਲ, 4.ਕਿਰਿਆ, 5. ਕਰਮ ਆਦਿਆਂ ਕਾਰਣ ਕਦੀ ਕੱਟੇ(ਭੇਦੇ ਛੇਦੇ) ਤੋੜ ਕੇ ਅਣੂ/ਪ੍ਰਮਾਣੂ (Monad: can be divided to an enth point: beyond any more division) ਕੱਟ ਬਢਕੇ ਜ਼ਰੇਜ਼ਰੇ ਬਿੰਦੀ/ਸ਼ੁੰਨ ਤਕ ਪਹੁੰਚਕੇ ਨਾਸ਼ ਹੋ ਜਾਂਦਾ ਹੈ। ਐਸੀ ਪਰਿਭਾਸ਼ਾ ਸਤਿ ਲਈ ਨਾ ਮੁਮਕਿਨ ਹੈ। ਜੇ ਐਸਾ ਹੋਵੇ, ਹੋਂਦ ਸਤਿ ਨਹੀਂ ਹੋ ਸਕਦੀ॥ ਪਰਿਭਾਸ਼ਿਕ ਸਤਿ/ਸਚੁ ਨਿੱਤ, ਸਦੀਵੀ, ਅਨਾਦਿ ਅਨੰਤ '1' ਵਿਸ਼੍ਵਦਾ ਨਿੱਤ ਅਧਿਸ਼ਠਾਨ ਸ੍ਵਰੂਪਹੈ ਪਰ ਸੰਸਾਰ ਭ੍ਰਮ ਰੂਪ ਦੇ ਅਨੇਕ ਗੁਰਬਾਣੀ ਪ੍ਰਮਾਣ ਅਤੇ ਦਿਸ਼ਟਾਂਤ ਦੇਖੇ ਜਾਂਦੇ ਹਨ, ਜਿਵੇਂ: 1.ਸੱਪ ਭ੍ਰਮ ਦਾ ਅਧਿਸ਼ਠਾਨ ਰੱਸੀ, 2.ਮ੍ਰਿਗਤ੍ਰਿਖਾ ਜਲ ਦਾ ਅਧਿਸ਼ਠਾਨ ਮਾਰੂਭੂਮੀ; 3.ਸੁਪਨੇ ਦਾ ਅਧਿਸ਼ਠਾਨ ਮਨ ਆਦਿ ਸਾਰੇ ਵਿਸ਼੍ਵ ਜੀਵਾਂ ਦੇ ਅਨੁਭਵ ਸ਼੍ਰੀ ਗੁਰੁਬਾਣੀ ਪ੍ਰਮਾਣ ਦੇਖੇ ਹਨ॥ ਇਹ ਧਿਆਨ ਰਹੇ : ਕੋਈ ਵੀ ਮਿਥਿਆ ਅਨੁਭਵ ਦ੍ਰਿਸ਼ਟਾਂਤ ਆਪਣੇ ਭੌਤਕ ਅਧਿਆਸ(illusionary) ਅਧਿਸ਼ਠਾਨ (sub-strata) ਤੋਂ ਕਦੀ ਅਲੈਹਦਾ ਨਹੀਂ ਹੈ, ਨਾ ਮਾਪ(dimensions) ਹੋ ਸਕਦਾ ਹੈ॥

ਨੋਟ 1:ਆਗਮ-ਨਿਗਮ ਤਰਕ ਬਾਰੇ ਸਾਵਧਾਨ ਕਰਣਾ ਜ਼ਰੂਰੀ ਹੈ; ਕਿ ਵਿਅਸਟੀ ਮਿਥਿਆ ਜੀਵ ਮਨੁਖ ਦੇ ਸੁਪਨੇ ਦਾ ਅਧਿਸ਼ਠਾਨ ਮੁਕਾਬਲੇ ਵਿੱਚ ਪੰਜ ਤੱਤਾਂ ਬਣੇ ਸਤੋ ਗੁਣ ਅੰਸ ਮਨ (ਨੀਂਦ) ਹੈ,ਜੋ ਤ੍ਰਿ-ਕਾਲ 'ਚ ਸੁਪਨੇ ਦਾ ਦਰਸ਼ਟਾ ਯਥਾਰਥ-ਸਤਜ ਪਰਤੀਤ ਹੁੰਦਾ ਹੈ ਪਰ ਅਸਲ ਵਿੱਚ ਤਿਨੋਂ ਅਸਥੂਲ ਤਮੋਗੁਣੀ ਦੇਹ, ਰਜੋਗੁਣੀ ਸੁਪਨਾ ਅਤੇ ਸਤੋਗੁਣੀ ਮਨ ਸਾਰੇ ਹੀ ਜੜ ਮਿਥਿਆ ਮਾਯਾ ਦੇ ਪੰਜ ਤੱਤ ਜਾਮੇ ਹਨ: ਗੁਰੁਬਾਣੀ ਪ੍ਰਮਾਣ ਬਹੁਤ ਹਨ, ਜਥਾ: ਇਹੁ ਮਨੁ ਕਰਮਾ, ਇਹੁ ਮਨੁ ਧਰਮਾ॥ ਇਹੁ ਮਨੁ ਪੰਚ ਤਤੁ ਤੇ ਜਨਮਾ॥ ਸਾਕਤੁ ਲੋਭੀ ਇਹੁ ਮਨੁ ਮੂੜਾ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ; ਭ੍ਰਮੇ ਆਵੈ ਭ੍ਰਮੇ ਜਾਇ॥ ਇਹੁ ਜਗੁ ਜਨਮਿਆ ਦੂਜੈ ਭਾਇ॥ ਮਨ-ਮੁਖਿ ਨ ਚੇਤੈ ਆਵੈ ਜਾਇ॥ ਇਹੁ ਮਨੁ ਪੰਚਤਤ ਕੋ ਜੀਉ॥ ਇਸ ਤੋਂ ਡੂੰਘਾ ਤਿਨ ਸ਼ਰੀਰਾਂ ਦਾ ਕਾਰਣ ਆਤਮ-ਦ੍ਰਸ਼ਟਾ ਅਧਿਸ਼ਠਾਨ(noumonon) ਹੈ, ਜਿਵੇਂ ਬੂੰਦ-ਸਮੁੰਦ੍ਰ ਜਾਂ ਘਟਾਕਾਸ਼-ਮਹਾਂਕਾਸ਼ ਸਮਗ੍ਰ ਸ੍ਰਿਸ਼ਟੀ ਦ੍ਰਸ਼ਟਾ ਅਧਿਸ਼ਠਾਨ ਇਕ '1' ਪਾਰਬ੍ਰਹਮ ਕਰਤਾ ਪੁਰਖੁ ਹੈ॥

Sri Satguru Jagjit Singh Ji eLibrary NamdhariElibrary@gmail.com

ਨੋਟ 2-ਬਹੁਤ ਜ਼ਰੂਰੀ ਹੈ: ਧਿਆਨ ਰਹੇ ਕਿ ਸਮਸ਼ਟੀ ਵਿਸ਼ੂ ਦ੍ਰਿਸ਼ਟਾ ਅਧਿਸ਼ਠਾਨ ੧ਓ ਸਤਿ...ਮੁਕਾਬਲੇ ਵਿੱਚ ਵਿਜਸ਼ਟੀ ਮਿਥਿਆ ਤ੍ਰਿ-ਗੁਣ ਅਵਿਦਿਆ ਦਾ ਅਧਿਸ਼ਠਾਨ ਹੈ, ਜੋ ਦ੍ਰਿਸ਼ਟਾਂਤ ਬੂੰਦ-ਸਮੁੰਦ੍ਰ, ਜਾਂ ਘਟਾਕਾਸ਼-ਮਹਾਕਾਸ਼ ਅੰਦਰ ਤ੍ਰਿਤਮ, ਰਜ, ਸਤ ਸ਼ਰੀਰ; ਜਾਗ੍ਰਿਤ, ਸੁਪਨ ਸ਼ਖੁਪਤੀ ਸੰਸਾਰੀ ਅਵਸਥਾਵਾਂ ਵਿੱਚ ਸਤਿ ਪ੍ਰਤੀਤ ਹੁੰਦੇ ਹਨ ਅਤੇ ਐਸੇ ਹੀ ਰਹਿਣਗੇ॥ ਵਿਸ਼ੇਸ ਧਿਆਨ ਰਹੇ, ਪਰਮ ਸਤਿ ੧ਓ ਸਤਿ ਹੈ ਜਿਸ ਨੂੰ ਸ਼੍ਰੀ ਵਿਸ਼ੂਗੁਰੂ ਨਾਨਕ ਦੇਵਜੀ ਸਪਸ਼ਟ ਕਿਹਾ ਹੈ: ਓਨਮ ਅਖਰ ਸੁਣਹੁ ਬੀਚਾਰੁ॥ ਓਨਮ ਅਖਰੁ ਤ੍ਰਿਭਵਣ ਸਾਰੁ॥ ਜਿਸ ਨੂੰ ਅੰਗ੍ਰੇਜ਼-ਕ੍ਰਿਸਚਨ ਦਾ ਇਕ ਦੇਸੀ ਗੌਡ ਜੋ ਥੀਓਲਿਜਿਕ ਮੋਨੋਥੀਇਜ਼ਮ ਸੰਗਿਆ ਬਿਲਕੁਲ ਅਸੰਗਤ ਹੈ। ੧ਓ ਦੇ ਅਨੇਕ ਤਰਕ ਸਿੱਧ ਅਰਥ ਗੁਰੁਬਾਣੀ 'ਚ ਹਨ, ਏਥੇ ਲਿਖਣ ਥਾਂ ਘਟ ਹੈ॥

2. ਅਸੱਤ:-ਸਤਿ ਤੋਂ ਉਲਟ ਅਸੱਤ (ਅਸਤਿ) ਤਰਕ ਸਿੱਧ ਲੱਖਣ, ਜੋ ਤ੍ਰਿਕਾਲ (ਭੂਤ, ਵਰਤਮਾਨ, ਭਵਿਖ) 'ਚ ਕਦੀ ਹੈ ਹੀ ਨਹੀ॥

3. ਮਾਯਾ: ਸ਼੍ਰੀਗੁਰੂ ਬਚਨਹੈ "ਅਪਨੀ ਮਾਇਆ ਆਪਿ ਪਸਾਰੀ:ਆਪਹਿ ਦੇਖਨਹਾਰਾ॥ ਨਾਨਾ ਰੂਪੁ ਧਰੇ ਬਹੁ ਰੰਗੀ ਸਭਤੇ ਰਹੈ ਨਿਆਰਾ, ਮਹਲਾ 1 :-ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ॥ ਸਚਿ ਨ ਧਰੇ ਪਿਆਰੁ ਧੰਧੈ ਧਾਈਐ

ਮਹਲਾ 9: ਜਗ ਰਚਨਾ ਸਭ ਝੂਠਹੈ ਜਾਨਿ ਲੇਹੁ ਰੇ ਮੀਤ॥ ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂਕੀ ਭੀਤਿ॥ ਪੂਰਾ ਵਿਸ਼ੂ ਹੀ ਤਰਕ ਸਿੱਧ ਝੂਠ ਹੈ॥ ਝੂਠੀਆਂ ਵਸਤੂਆਂ ਸਦਾ ਅਧਿਸ਼ਠਾਨ ਅਧਾਰਿਤ ਹਨ, ਬਿਨਾ ਉਸ ਆਭਾਸਿਤ ਹੀ ਨਹੀਂ ਹੋ ਸਕਦੇ॥ ਸਤਿ-ਝੂਠ ਬਿਨਾ ਇੰਦ੍ਰੀ ਗੋਚਰ ਤੀਜੀ ਵਸਤੂ ਹੈ ਹੀ ਨਹੀਂ, ਨਾ ਤਾਰਕਿਕ ਵਸਤੂ ਕੋਈ ਹੈ॥ ਇਨ੍ਹਾਂ ਦਾ ਸਾਮੂਹਿਕ ਤਰਕ ਮੇਰੂ ਖੰਡ ਅਨੇਕ ਰੂਪੀ ਹਨ ਇਸ ਦਾ ਇਕ ਸੰਖੇਪ ਵਿਸਤਾਰ ਰੂਪ ਇਸ ਤਰ੍ਹਾਂ ਹੈ:-

੧ਓ ਵਿਸ਼ੂਕਰਤਾ ਮਾਯਾਸਥਲ ਅਭਿੰਨ ਨਿਮਿਤ ਉਪਾਦਾਨ ਸ਼ਕਤੀ ਕਾਰਣ ਤਰਕ ਸਿੱਧ ਅਨਾਦਿ-ਅਨੰਤ ਹੈ॥

1. ੧ਓ ਸਤਿ: ਤਰਕ ਸਿੱਧ ਅਨਾਦੀ ਅਨੰਤ(ਨਾ-ਅੰਤ) ਦੇਖ ਚੁਕੇ ਤੇ ਵਿਸਤਾਰ ਨਾਲ ਵਿਚਾਰ ਚੁਕੇ ਹਾਂ॥
2. ਮਾਯਾ ਤਰਕ ਸਿੱਧ ਅਨਾਦੀ, ਸਾਂਤ (ਸ-ਅੰਤ = ਅੰਤ ਵਾਲਾ) ਹੈ ਜਿਸਦੇ ਸੰਖੇਪ ਹੇਤੂ ਵਿਚਾਰਣ ਯੋਗ ਹਨ:-1.ਸਮਸ਼ਟੀ ਮਾਯਾ ਆਭਾਸ ਆਪਣੇ ਸਤਿ ਅਧਿਸ਼ਠਾਨ ਦੇ ਮਾਨ (ਲੰਬਾਈ, ਚੌੜਾਈ, ਗਹਰਾਈ) ਭਿੰਨ ਕਦੀ ਵੀ ਨਹੀਂ॥ ਉਸ ਬਿਨਾ ਓਸ ਹੀ ਦੀ ਸਥਿਤੀ ਸੰਭਵ ਨਹੀਂ॥ 2. ਸਮਸ਼ਟੀ ਮਾਯਾ ਆਪਣੇ ਸਤਿ ਅਧਿਸ਼ਠਾਨ ਤੋਂ ਨਾ ਪੈਦਾ, ਨਾ ਵਿਕਸਤ ਹੋ ਸਕਦਾਹੈ, ਕਯੁੰਕਿ ਸੱਤਜ ਦਾ ਲਖਣ ਨਿਰਵਿਕਾਰ ਹੈ ਅਤੇ ਵਿਕਾਰ ਬਿਨਾ ਉਤਪਤੀ ਨਹੀਂ ਹੋ ਸਕਦੀ, ਜੇ ਹੋਵੇ ਤਾਂ ਅਟਲ ਨਿਤ ਸਤਿ ਹੀ ਨਹੀ ਹੈ॥
3. ਅਸਤਿ, ਸੁੰਨ, ਅਣਹੋਂਦ ਕਾਰਣ ਹੈ ਹੀ ਨਹੀਂ; ਓਸ ਦੀ ਹੋਂਦ ਤ੍ਰਿਕਾਲ ਅਸੰਭਵ ਹੈ॥
4. ੳ. ਮਾਯਾ ਜੜ ਹੈ, ਸੋ ਆਪਣੇ ਆਪ ਕਿਵੇਂ ਵੀ ਉਤਪੰਨ ਨਹੀਂ ਹੋ ਸਕਦੀ। ਇਨ੍ਹਾਂ ਕਾਰਣਾਂ ਮਾਯਾ ਤਰਕ ਸਿੱਧ ਅਨਾਦਿ ਹੈ॥ ਅ. ਤਰਕ ਸਿੱਧ ਹੋਰ: ਮਾਯਾ ਬਿਨਾ ਸਤਿ ਅਧਿਸ਼ਠਾਨ ਹੋਂਦ ਅਸੰਭਵ ਹੈ। ਜਿਸਦੇ ਦ੍ਰਿਸ਼ਟਾਂਤ ਮ੍ਰਿਗਤ੍ਰਿਸ਼ਨਾ ਜਲ ਮਰੂਥਲ ਬਿਨਾ

Sri Satguru Jagjit Singh Ji eLibrary NamdhariElibrary@gmail.com

ਹੋਣਾ ਨਾ ਮੁਮਕਿਨਹੈ॥ ਜਿਵੇਂ ਬੂੰਦ-ਸਮੁੰਦ੍ਰ, ਦਰਖਤ-ਜੰਗਲ, ਝੂਠਾ ਸੱਪ ਵਿਵਰਤ ਰੱਸੀ ਆਦਿ ਦ੍ਰਿਸ਼ਟਾਂਤ ਏਕੱਤ੍ਰ(one unit) ਹੀ ਹਨ॥ ਇਨ੍ਹਾਂ ਦੇ ਅਨੁਯਾਈ ਮਾਯਾ ਵਿਵਰਤ/ ਆਭਾਸ ਤੇ ਅਧਿਸ਼ਠਾਨ ਸਤਿ ਏਕਤ੍ਵ ਸੰਬੰਧ ਹੈ ਕਿਉਂਕਿ ਤਰਕ ਰਾਹੀਂ ਦੇਖ ਚੁਕੇ, ਕਿ ਸਤਿ ਤੇ ਮਾਯਾ ਦੋਨੋਂ ਅਨਾਦੀ ਹਨ, ਤੇ ਇਨ੍ਹਾਂ ਦੀਆਂ ਉਪਾਧੀਆਂ (adjuncts) ਸਮਗ੍ਰ ਏਕਤ(within a unit: unity in diversity) ਸਭ ਤੋਂ ਉੱਚਾ ਅਨਾਦੀ ਸਤੋ ਗੁਣੀ ਗਿਆਨ ਹੈ॥ ਮਾਯਾ ਅੰਸ਼ੀ ਹੈ ਤੇ ਉਸਦੇ ਅਨੇਕ ਅਵਿਦਿਅ ਪ੍ਰਮਾਣੂ ਅੰਸ ਜੀਵ ਨੂੰ ਅਪਸ 'ਚ ਜੁੜਨ ਤੋਂ ਬਚਾਣ ਦੀਆਂ ਸ਼ਕਤੀਆਂ: ਦੇਸ਼ (Space, place) ਤੇ ਕਾਲ ਭੇਦ ਵੀ ਅਨਾਦੀ ਹਨ॥ ਏਹ ਸਾਰੇਆਂ ਤੋਂ ਪੁਰਾਣੇ ਵਿਸ਼ੂ ਧਰਮ ਗ੍ਰੰਥ ਵੇਦ ਦਰਸ਼ਨ ਪਰਿਭਾਸ਼ਾ ਅਨੁਸਾਰ ਅਨਾਦੀ ਸੰਗਿਆ: ੴ ਬ੍ਰਹਮ, ਕਰਤਾ ਪੁਰਖੁ, ਈਸ੍ਵਰ ਹੈ[ਝ.179] ਸਾਮੀ ਧਰਮ ਕਤੇਬਾਂ ਵਿੱਚ: ਯਾਹਵੇਹ, ਗੌਡ, ਅੱਲਾਹ, ਵਾਹਿਗੁਰੂ ਉਸੇ '1'(Principle) ਦੇ ਅਨੇਕ ਨਾਮ ਹਨ , ਜਥਾ:-

ਪਾ.10:ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ ਦੂਸਰੋ ਨ ਭੇਦ ਕੋਈ, ਭੂਲ ਭਰਮ ਮਾਨਬੋ।
ਏਕ ਹੀ ਕੀ ਸੇਵ ਸਭ ਹੀ ਕੋ ਗੁਰੁਦੇਵ ਏਕ; ਏਕ ਹੀ ਸਰੂਪ ਸਭੈ ਏਕੈ ਜੋਤਿ ਜਾਨਬੋ॥

5. ਤਰਕ ਸਿੱਧ ਅੰਸ਼ੀ ਅਨੇਕ ਅੰਸ ਜੀਵ ਤੇ ਮਾਯਾ-ਅਵਿਦਿਆ ਜੜ ਪ੍ਰਮਾਣੂਆਂ ਦੇ ਬਾਹਰੋਂ ਜੁੜਨ ਤੋਂ ਬਚਾਣ ਸ਼ਕਤੀਆਂ: ਦੇਸ਼ ਅਤੇ ਕਾਲ (Tri-Time) ਇਸੇ ਤਰਕ ਕਾਰਣ ਅਨਾਦੀ ਹਨ॥

6. ਤਰਕ ਸਿੱਧ ਅਨਾਦੀ ੧ੴ ਦਰਖਤ-ਜੰਗਲ, ਅਨੇਕ ਦ੍ਰਿਸ਼ਟਾਂਤਾਂ ਰਾਹੀਂ ਹੀ ਮਾਯਾ ਉਪਾਧੀ ਜੀਵ-ਈਸ਼ ਲਕਸ਼ ਸਪਸ਼ਟ ਹੁੰਦਾ ਹੈ: ਸਤਿ-ਮਾਯਾ ਸਮਗ੍ਰ ਏਕਤ੍ਵ ਅਨਾਦਿ ੧ੴ ਕਰਤਾ ਪੁਰਖ ਤਾਂ ਸਿੱਧ ਹੀ ਹੈ। ਪਰ ਚਲਦੇ ਤਰਕ ਅਨੁਸਾਰ: ੧ੴ ਦੇ ਦ੍ਰਿਸ਼ਟਾਂਤ ਵਿੱਚ ਸਮਗ੍ਰ ਮਾਯਾ ਉਪਾਧੀ ਜੰਗਲ ਤੁਲ ਸਮਝੋ। ਜੰਗਲ ਤਾਂ ਕੇਵਲ ਦਰਖਤਾਂ ਦਾ ਸਮੂਹ ਹੀ ਹੈ॥ ਦ੍ਰਿਸ਼ਟਾਂਤ: ੧ੴ ਕਰਤਾ ਪੁਰਖੁ ਜੰਗਲ ਦਾਇਰੇ ਨੂੰ ਮਾਯਾ ਉਪਾਧੀ ਸਮਝੋ। ਉਸ ਅੰਦਰ "ਇਕ ਦਰਖਤ" ਸਾਰੀ ਮਾਯਾ ਉਪਾਧੀ 'ਚ ਅਵਿਦਜ ਯਾ ਉਪਾਧੀ ਨਾਮ ਹੈ, ਉਸੇ ਅੰਸ਼ ਦਾ ਜੀਵ ਨਾਮ ਹੈ॥ ਇਸ ਤਰਕ ਅਨੁਸਾਰ, ਅਸਲ ਵਿੱਚ ਮਾਯਾ-ਅੰਸ਼ ਅਵਿਦਿਆ ਉਪਾਧੀ ਕੇਵਲ ਇਕੋ ਵਸਤੂ ਦੇ ਦੋ ਬੜੇ-ਛੋਟੇ ਰੂਪ ਹਨ, ਜਿਨ੍ਹਾਂ ਦਾ ਸ਼੍ਰੀਗੁਰੁਬਾਣੀ 'ਚ ਕਈ ਵਾਰ: ਇਕ ਆਕਾਸ਼-ਘਟ ਦ੍ਰਿਸ਼ਟਾਂਤ: ਘਟਾ ਆਕਾਸ਼, ਮਠ ਆਕਾਸ਼, ਬਾਹਰ ਮਹਾ ਆਕਾਸ਼ ਨਾਮਾਂ ਨਾਲ ਪੁਕਾਰੇ ਹਨ॥ ਇਸੇ ਦ੍ਰਿਸ਼ਟਾਂਤ ਅਨੁਸਾਰ ੧ੴ ਬ੍ਰਹਮ ਅਭਿੰਨ ਨਮਿਤ ਉਪਾਦਾਨ ਸ਼ਕਤੀ ਵਿਸ਼ੂਕਰਤਾ ਕਰਮ ਫਲ ਦਾਤਾ ਤੇ ਉਸੇ ਦਾ ਜੀਵ ਅੰਸ਼ ਕਰਮ ਕਰਤਾ, ਭੋਗਤਾ ਸੰਬੋਧਿਤ ਹੈ॥ ਅਸਲ 'ਚ ਦੋਨੋ ਹੀ ਬੜੀ ਮਾਯਾ ਅਤੇ ਛੋਟੀ ਅਵਿਦਿਆ ਰੂਪਾਂ ਕਾਰਣ ਮਿਥਿਆ, ਝੂਠੇ

---

179. ਪੁਨ੍ਹ.ਉ.ਮਃ੧ ਪੰ.੪੧੫:੧੦। ਅ.ਪੰ.੧੬੧:੪। ਏ. ਪੰ. ੪੧੫:੧੦। ਸ.ਪੰ. ਪ੩੭:੯ ।ਹ. ਪੰ. ੪੭੭:੫। ਕ.ਪੰ.੪੭੭:੫। ਖ.ਪੰ. ੩੩੨:੧੯; ੬੫੮: 1 । ਗ.ਪੰ. ੨੨੫:੧੮;...; ੧੪੨੫:੧੫। ਘ.ਪੰ. ਪ੨੬:੧੩...।ਙ.ਪੰ. ਪ੩੭:੯। ਚ.ਪੰ. ੧੪੭:੧੫। ਛ.ਪੰ. ੧੪੨੮:੧੬। ਜ.ਭਗਵਦ ਗੀਤਾ: ੧੮:੨੦-੨੨: "सर्व भूतेषु येनैकं भावमण ययमीक्षते। अविभक्तं तज्ज्ञानं विद्धि सात्त्विकम्॥२०" ਝ. ਵੇਦਮੁੰਡਕ ਉਪਨਿਸ਼ਦ "ਵਿਸ਼ੂਸਜਕਰਤਾ ਭੁਵਨਸਜ ਗੋਪਤਾ।੧।੧।੧॥

Sri Satguru Jagjit Singh Ji eLibrary NamdhariElibrary@gmail.com

ਹਨ ॥ ਇਨ੍ਹਾਂ ਦੋ ਉਪਾਧੀਆਂ ਕਾਰਣ ਬ੍ਰਹਮ--ਜੀਵ ਦੋਨਾਂ 'ਚ ਬੜੇ ਛੋਟੇ ਸਮਝੌਣ ਲਈ ਮਾਯਾਵੀ ਗੁਣਾ ਨਾਮਾਂ ਕਾਰਣ ਧਰੇ ਹਨ ਪਰ ਦੋਨੋਆਂ ਦੇ ਰੂਪ ਅਤੇ ਨਾਮ ਅਸਥਿਰ ਹੋਣ ਕਾਰਣ ਮਾਯਾ-ਅਵਿਦਿਆ, ਝੂਠ, ਮਿਥਿਆ ਦੇ ਨਾਮ ਹਨ ਪਰ ਅਧਿਸ਼ਠਾਨ ਅਭਿੰਨ ੧ੳ ਅਨਾਦੀ ਇਕਤ੍ਵ '1' ਅਭੇਦ ਹੈ:- ਡੂੰਗਰਿ ਜਲਾ ਥਲਾ ਭੂਮਿ ਬਨਾਫਲ ਕੰਦਰਾ॥ ਪਾਤਾਲਾ ਆਕਾਸ ਪੂਰਨੁ ਹਭ ਘਟਾ॥ ਨਾਨਕ ਪੇਖਿਜੀਓ ਇਕਤੁ ਸੂਤਿ ਪਰੋਤੀਆ॥

8. ਅਨਾਦੀ ੧ੳ ਦੇ ਅਨੇਕ ਤਰਕ ਸਿੱਧ ਦ੍ਰਿਸ਼ਟਾਂਤ ਜੰਗਲ-ਦਰਖਤ ਮਾਯਾ ਅਨਾਦੀ ਉਪਾਧੀ ਜੀਵ-ਈਸ਼ ਦੇ ਹਨ। ਮਾਯਾ ਅੰਸ਼ੀ ਤੇ ਅਵਿਦਿਆ ਅੰਸ਼: ਅੰਸ-ਅੰਸ਼ੀ ਇਕੋ ਵਸਤੂ ਅਸਲੋਂ ਭਿੰਨ ਭਿੰਨ ਝੂਠੇ/ਮਿਥਿਆ ਬਨੇ ਇਕੋ ਵਸਤੂ ਹੋਣ ਕਾਰਣ ਅਨਾਦੀ ਹੈ॥

9. ਅੰਸ-ਅੰਸ਼ੀ-ਵਸਤੂ ਤਰਕ ਸਿੱਧ ਭੇਦ ਮਿਥਿਆ ਹੈ॥ ਅੰਸ਼ੀ-ਅਨੇਕ ਅੰਸ ਜੀਵਾਂ ਦੇ ਅਵਿਦਿਆ ਜੜ ਪ੍ਰਮਾਣੂ ਦੇ ਵਿਚਾਲੇ ਦੇਸ਼ place, space, direction) ਅੱਡ ਰਖਣ ਵਾਲੀ ਸ਼ਕਤੀ ਅਨਾਦੀ ਤਰਕ ਸਿੱਧ ਹੋਵੇਗੀ॥ ਦਿਸ਼ਾ ਸ਼ਕਤੀ ਸ਼੍ਰੀਗੁਰੁਬਾਣੀ ਪ੍ਰਮਾਣ ਹੈ: ਚਤੁਰ ਦਿਸਾ ਕੀਨੋ ਬਲੁ ਅਪਨਾ, ਸਿਰ ਊਪਰਿ ਕਰੁ ਧਾਰਿਓ॥ ਅ.180 ਇਹੀ ਪ੍ਰਸਿੱਧ ਪਰਿਭਾਸ਼ਾ ਵੈਸ਼ੇਸ਼ਿਕ ਤੇ ਪ੍ਰਸਿਧ ਸਾਇੰਸ ਦੀ ਦੇਸ਼-ਕਾਲ ਏਕਤ੍ਵ (Time Space Continuum) ਅੰਦਰ ਸ਼ਕਤੀ ਕਾਰਣ ਹੀ ਭਿੰਨ ਹੈ॥

10. ਅਨਾਦਿ ੧ੳ ਦੀ ਸ਼ਕਤੀ ਸਬਲ ਦੀ ਦੇਸ ਸ਼ਕਤੀ(centrifugal force) ਇਸੇ ਕਾਰਣ ਅਨਾਦਿ ਹੀ ਤਰਕ ਸਿੱਧ ਹੈ॥ ਅਨਾਦਿ ੧ੳ ਦੀ ਸ਼ਕਤੀ ਸਬਲ ਦੀ ਕਾਲ ਸ਼ਕਤੀ (centripetal force) ਇਸੇ ਕਾਰਣ ਅਨਾਦਿ ਤਰਕ ਸਿੱਧ ਹੈ॥ ਅਨਾਦਿ ੧ੳ ਦੇ ਸ਼ਕਤੀ ਸਬਲ ਜੀਵ ਕਰਮ ਸ਼ਕਤੀਆਂ(Causation Powers) ਵੀ ਅਨਾਦਿ ਤਰਕ ਸਿੱਧ ਹਨ ਜਿਨਾਂ ਕਾਰਣਾਂ ਕਰਕੇ ਅਨੇਕ ਜੋਨੀਆਂ ਦੇ ਜਨਮ-ਮਰਣ ਚਕਰ ਫੇਰੇ ਰੋਕ ਕੇ ਮਨੁਖ ਜੋਨ ਤੋਂ ਮੁਕਤੀ, ਵਿਰਲਤਾ ਪਾ ਸਕਦਾ ਹੈ, ਆਦਿ॥ ਬ੍ਰਹਮ ਗਿਆਨ ਹੁੰਦੇ ਹੀ ਮਿਥਿਆ ਮਾਯਾ ਤੂਲਾ(minor nacence) ਮੂਲਾ ਅਵਿਦਿਆ (major *Mäyä*) ਦੇ 5 ਭ੍ਰਮ ਨਾਸ ਹੁੰਦੇ ਹਨ॥

ਮਾਯਾ-ਅਵਿਦਿਆ(ਮਿਥਿਆ) ਦੇ 9-10 ਅੰਤ(ਸਾਂਤ/ਸਾ-ਅੰਤ) ਵਿਵਸਥਾਵਾਂ॥

1. ੧ੳ ਸਤਿ ਹੀ ਤਰਕ ਸਿੱਧ ਕੇਵਲ ਅਨਾਦਿ ਅਨੰਤ (ਅ/ਨ-ਅੰਤ ਮਰਣ ਬਿਨਾ) ਹੈ, ਹੋਰ ਕੋਈ ਨਾਸ਼ ਬਿਨਾ ਨਹੀਂ॥

2. ਅਨਾਦਿ ਮਾਯਾ/ਅਗਿਆਨ ਤੇ ਅੰਸ਼ ਅਵਿਦਿਆ ਤਰਕ ਸਿੱਧ ਹਨ ਜੋ ਸੱਪ ਰਸੀ ਭ੍ਰਮ ਆਦਿ ਦੀ ਤਰ੍ਹਾਂ ਅਧਿਸ਼ਠਾਨ ਦੇ ਗਿਆਨ ਤੇ ਸ਼ਕ, ਭ੍ਰਮ ਮਿਟ ਜਾਂਦਾਹੈ, ਉਸੇ ਤਰ੍ਹਾਂ ਸ਼੍ਰੀ ਗੁਰੁਬਾਣੀ ਰਾਹੀਂ ਵਾਚਕ (ਪਰੋਕਸ਼) ਬ੍ਰਹਮ ਗਿਆਨ (Mediate Mystic Divine Knowledge) ਹੀ ਨਹੀਂ--ਬਲਕਿ ਅਮਲੀ ਅਨੁਭਵ ਬ੍ਰਹਮ ਗਿਆਨ(Immediate Mystic Divine Experience of) ੧ੳ ਪ੍ਰਸਾਦਿ ਹੋ ਜਾਣਤੇ ਮਾਯਾ-ਅਵਿਦਿਆ ਸਦਾ ਲਈਂ ਅੰਤ(ਸਾ-ਅੰਤ) ਹੁੰਦਾ ਹੈ॥

180. ਸ਼੍ਰੀ. ਗ੍ਰੰਥਜੀ. ੳ. ਮਃ ੧.ਪੰ. ੧੧੦੧:੧੬॥ ਅ.ਪੰ. ੬੮੧:੧੭ ॥

Sri Satguru Jagjit Singh Ji eLibrary NamdhariElibrary@gmail.com

3. ਤਰਕ ਸਿੱਧ ਸਤਿ ਤੇ ਮਾਯਾ ਅਨਾਦਿ ਏਕਤ੍ਵ ਸੰਬੰਧ ਬ੍ਰਹਮ ਗਿਆਨ ਅਨੁਭਵ ਤੇ ਮਾਯਾ-ਅਵਿਦਿਆ ਸਦਾ ਅੰਤ(ਸਾ-ਅੰਤ) ਹੈ॥

4. ਤਰਕ ਸਿੱਧ ੧ਓ ਮਾਯਾ ਵਿਸਿਸ਼ਟ ਕਰਤਾ ਤਟਸਥ(Stand by) ਬੀਜ-ਫਲ ਪ੍ਰਗਟਾਵੇ/ ਵਿਕਾਸ ਦਾ ਗਿਆਨ ਹੁੰਦਾਹੈ॥

5. ਅਨੁਭਵ ਬ੍ਰਹਮ ਗਿਆਨ ਪ੍ਰਾਪਤ ਤੇ ਮਾਯਾ-ਅਵਿਦਿਆ ਦੇ ਪੰਜ:ਈਸ਼ ਜੀਵ ਭੇਦ ਸਦਾ ਲਈ ਅੰਤ (ਸਾਂਤ) ਹੋ ਜਾਂਦੇ ਹਨ॥

6. ਦ੍ਵੈਤਵਾਦ ਦੇ ਮੁੱਖ ਪੰਜ ਭੇਦ ੧ਓ ਬ੍ਰਹਮ ਗਿਆਨ ਵਿੱਚ ਨਿਖੇਧ:-1.ਈਸ਼-ਜੀਵ ਭੇਦ 2.ਈਸ਼-ਜੜ ਭੇਦ, 3. ਜੀਵ-ਜੀਵ ਭੇਦ, 4.ਜੀਵ-ਜੜ ਭੇਦ, 5.ਜੜ-ਜੜ ਭੇਦ

7. ਦ੍ਵੈਤਵਾਦ ਦੇ ਮੁੱਖ ਪੰਜ ਭ੍ਰਮ ੧ਓ ਬ੍ਰਹਮ ਗਿਆਨ ਤੇ ਦਸੋ ਅਧਿਆਸ ਅੰਤ॥

ੳ. 1. ਬਿੰਬ-ਪ੍ਰਤਿਬਿੰਬ/ਜੋਤਿ-ਮਨ; 2.ਬਾਜੀਗਰ-ਨਟ/ਅੱਗ-ਧਾਤੁ; 3.ਘਟ-ਮਠ ਆਕਾਸ਼; 4.ਬਟ-ਬੀਜ; 5.ਸੋਨਾ-ਕੜਾ ਆਦਿ ਭ੍ਰਮ: (1.ਭੇਦ ਭ੍ਰਮ;2.ਕਰਤ੍ਰਿਤ੍ਵ ਭ੍ਰਮ ;3.ਸੰਗ ਭ੍ਰਮ;4.ਵਿਕਾਰ ਭ੍ਰਮ; 5. ਸਤਜ ਭਰਮ ਨਾਮ ਹਨ।)ਇਸ ਤਰ੍ਹਾਂ ਤਰਕ ਸਿੱਧ ਅਨੁਭਵ ਬ੍ਰਹਮ ਗਿਆਨ ਪ੍ਰਾਪਤ ਤੇ ਮਾਯਾ-ਅਵਿਦਿਆ, ਦੇਸ਼ ਭੇਦ ਸਦਾ ਲਈ ਅੰਤ ਹੋ ਜਾਂਦੇ ਹਨ॥

ਅ. ਤਰਕ ਸਿੱਧ ਅਨੁਭਵ ਬ੍ਰਹਮ ਗਿਆਨ ਪ੍ਰਾਪਤ ਤੇ ਮਾਯਾ-ਅਵਿਦਿਆ, ਕਾਲ ਭੇਦ ਸਦਾ ਲਈ ਅੰਤ ਹੋ ਜਾਂਦਾ ਹੈ॥

ੲ. ਤਰਕ ਸਿੱਧ ਅਨੁਭਵ ਬ੍ਰਹਮ ਗਿਆਨ ਪ੍ਰਾਪਤ ਤੇ ਮਾਯਾ-ਅਵਿਦਿਆ, ਕਰਮ ਭੇਦ ਸਦਾ ਲਈ ਸਾਂਤ ਹੋ ਜਾਂਦਾ ਹੈ॥

ਸ. ਤਰਕ ਸਿੱਧ ਅਨੁਭਵ ਬ੍ਰਹਮ ਗਿਆਨ ਅਵਸਥਾ ਵਿਚ ਮਾਯਾ-ਅਵਿਦਿਆ ਦੇ ਪ੍ਰਾਰਬਧ ਕਰਮ ਜੀਵਨ ਮੁਕਤ ਰਹਿੰਦਾ ਹੈ॥

8. ਪੰਜ ਤਤਾਂ ਦਾ ਅਤਿ ਸੰਖੇਪ ਅਦਜਾਰੋਪ (Postulate) ਅਪਵਾਦ(Reveke) ਤਾਰਕਿਕ ਸਿੱਧੀ ਤਤ੍ਵ ਨਾਮ ਇਹ ਹਨ: 1. ਆਕਾਸ਼, 2. ਵਾਯੂ, 3. ਅਗਨੀ, 4. ਜਲ, 5. ਪ੍ਰਿਥਵੀ+ਅੰਤਹਕਰਣ ਚਾਰ (4)=1. ਮਨ, 2. ਬੁੱਧੀ, 3. ਚਿੱਤ, 4.ਹੰਕਾਰ ਹਨ॥ ਗਿਆਨ ਕਰਣ/ਇੰਦਰੀ:-1. ਕੰਨ=ਸ਼ਬਦ; 2.ਚੰਮ= 3 ਸਪਰਸ਼, 3.ਅੱਖਾਂ=7 ਰੂਪ; 4. ਜੀਵ = ਛੈ ਰਸ; 5. ਨੱਕ =3 /6 ਗੰਧ; 9.ਉ.ਪੰਜ ਤਤਾਂ (Elements) ਅਸਥੂਲ ਸ਼ਰੀਰ-ਪੰਜੀ ਮੇਰੂਖੰਡ ਜਾਂ 72 ਅਨੇਕ ਰੂਪ-ਗੁਣ ਹਨ; ਦੇਖੋ ਇਦੰਤਾ ਸ਼੍ਰੀਗੁਰੁਬਚਨ:- ਪੰਚ-ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ,ਕੋਈ ਛੇਵਾ ਕਰਿਉ, ਜੇ ਕਿਛੁ ਕੀਤਾ ਹੋਵੈ॥ ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ (modus operandi/vivendi) ਇਕਿ ਮਨਮੁਖਿ ਕਰਹਿ ਸਿ ਰੋਵੈ॥

1. 5 ਗੁਣਾ5=25, ਪਾਂਚ ਪਚੀਸ ਮੋਹ ਮਦਮਤਸਰ ਆਡੀ ਪਰਬਲ ਮਾਇਆ॥ ਜਨ ਗਰੀਬਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ॥

---

181. ਪੁਨ੍ਹ.ਪੰਨੇ.੭੩੬:੪;੮੭੦:੧੩;੮੮੪:੧੭; ੯੦੭:੧੭; ੯੯੯:੧੭, ਆਦਿ ॥

Sri Satguru Jagjit Singh Ji eLibrary NamdhariElibrary@gmail.com

2. ਅਤੇ:-ਗਜ ਨਵ, ਗਜ ਦਸ, ਗਜ ਇਕੀਸ ਪੁਰੀਆ,ਏਕ ਤਨਾਈ॥ ਸਾਠ ਸੂਤ, ਨਵ ਖੰਡ, ਬਹਤਰਿ ਪਾਟੁ ਲਗੋ ਅਧਿਕਾਈ...॥

9.ਅ. ਪੰਜ ਲੋਕ (ਪੰਚ ਕੋਸ਼) ਸਾਰੇ ਤਿੰਨ ਸ਼ਰੀਰਾਂ ਦੇ: ਅਸਥੂਲ, ਸੂਖਮ ਤੇ ਕਾਰਣ ਸ਼ਰੀਰ ਹਨ ਜਥਾ ਸ਼੍ਰੀਗੁਰੁਬਚਨ:-

ਦੇਹੀ ਨਗਰੀ ਊਤਮ ਥਾਨਾ॥ ਪੰਚ ਲੋਕ ਵਸਹਿ ਪਰਧਾਨਾ॥ ਊਪਰਿ ਏਕੰਕਾਰੁ ਨਿਰਾਲਮੁ, ਸੁੰਨ ਸਮਾਧਿ ਲਗਾਇਆ॥ [ਗ.231] ਇਹ ਪੰਜ ਤੈਹਾਂ ਮੋਤੀਆਂ ਦੇ ਛਿਲਕੇਆਂ ਤਰ੍ਹਾਂ ਬਾਹਰੋਂ ਅੰਦਰ ਨੂੰ ਇਕ ਦੂਜੇ ਅੰਦਰ ਸੰਖੇਪ ਨਾਲ ਇਸ ਤਰ੍ਹਾਂ ਹਨ:-

1. ਸਥੂਲ ਸ਼ਰੀਰ ਤਮੋਗੁਣ ਅੰਨਮੈ ਲੋਕ(ਕੋਸ਼/ਮਿਯਾਨ ਤਰ੍ਹਾਂ) ਅੰਨ-ਪਾਣੀ ਬਿਨਾ ਨਹੀਂ ਜਿਉਂ ਸਕਦਾ ਤੇ 10 ਇੰਦ੍ਰੀਆ ਕੰਮ ਨਹੀ ਕਰ ਸਕਦੀਆਂ;
2. ਸੂਖਮ ਸ਼ਰੀਰ ਰਜੋਗੁਣ ਅੰਸ ਪ੍ਰਾਣ ਕ੍ਰਿਆ ਬਿਨਾ ਦੋਨੋਂ ਸਥੂਲ-ਸੂਖਮ ਕਾਰਜ ਨਹੀਂ ਹੋ ਸਕਦੇ, ਸੋ ਪ੍ਰਾਣਮੈ ਲੋਕ (ਕੋਸ਼) ਹੈ।
3. ਸੂਖਮ ਸ਼ਰੀਰ ਸਤੋਗੁਣ ਸੰਕਲਪ-ਵਿਕਲਪ ਮਨ ਬਿਨਾ ਕੋਈ ਕਾਰਜ ਨਹੀਂ ਹੋ ਸਕਦਾ, ਸੋ ਮਨੋਮੈ ਲੋਕ(ਕੋਸ਼) ਹੈ।
4. ਸੂਖਮ ਸ਼ਰੀਰ ਸਤੋਗੁਣ ਚੇਤਨ ਹੋਣ ਕਰਕੇ ਨਿਸਚੈ ਕਰਣ ਦੀ ਕੋਈ ਕ੍ਰਿਯਾ, ਨਾ ਸੁਪਨਾ ਹੋ ਸਕਦਾ ਹੈ, ਸੋ ਵਿਗਿਆਨਮੈ ਲੋਕ(ਕੋਸ਼) ਹੈ ਅਤੇ;
5. ਕਾਰਣ ਸ਼ਰੀਰ ਅਵਿਦਿਆ-ਮਾਯਾ ਵ੍ਰਿਤੀ ਬੀਜ ਬਿਨਾ ਸੂਖਮ-ਸਥੂਲ ਦੇ ਸ਼ਰੀਰ ਫੁਲ-ਫਲ ਵਿਗਸ ਨਹੀਂ ਸਕਦੇ, ਸੋ ਆਨੰਦ ਲੋਕ(ਸੁਖਪਤੀ) ਹੈ॥
10. ਬਿਨਾ ਤਿਨ(3) ਸ਼ਕਤਿ, ਤਿਨ(3) ਲਕਸ਼ ਅਰਥਾਂ(ਛੇਆਂ ਦੇ) ਪੂਰਣ ੧ਓ ਦਾ ਬ੍ਰਹਮ ਗਿਆਨ ਅਸੰਭਵ॥

ਸਾਰੇ ਭਾਸ਼ਾਵਾਂ ਦੇ ਵਾਚ/ਸ਼ਕਤ ਸਿੱਧੇ ਅਰਥ ਕਰਨੇ, ਖਿੱਚ ਕੇ ਅਰਥ ਨਹੀਂ ਕਰਣੇ:-

0. ਜੋ ਪਦ, ਵਾਕ, ਸ਼ਬਦ ਸਮਝ ਨਾ ਆਵੇ ਓਹ ਅਸ਼ਕਤ ਸ਼ਬਦ, ਸ਼ਬਦ ਅਰਥ ਦੇਣ ਦੀ ਸ਼ਕਤੀ ਨਹੀ ਰਖਦਾ; ਓਪਰੀ ਕਹੀ ਹੈ॥
1. ਜੋ ਪਦ, ਵਾਕ, ਸ਼ਬਦ ਆਮ ਲੋਕ ਬੋਲੀ (ਰੂੜੀ) ਮੂਲ ਧਾਤੂ ਦਾ ਪਤਾ ਨਾ ਚਲੇ, ਰੂੜੀ ਬਾਣੀ ਹੈ॥

---

231. ਪੁਨ੍ਹ. ਉ.ਪੰ. ੭੩੬:੪; ਅ.ਪੰ. ੧੧੬੧:੧੩; ਏ.ਪੰ. ੩੩੫:੩॥ ਭਾਈ ਗੁਰਦਾਸ,ਵਾਰ ਅ:੧।੨।੫॥ ਸ਼੍ਰੀਗੁਰੁ ਸਿਖਿਆ ਪ੍ਰਭਾਕਰ ਪੰਨੇ. ੯੬-੯੭: ਸ਼੍ਰੀਨਿਰਮਲ ਅਖਾੜਾ ਸ਼੍ਰੀ ਮਹੰਤ ਬਾਬਾ ਸਾਧੂ ਸਿੰਘ (ਪਟਿਆਲੇ ਵਾਲੇ) ਪਥਰ ਛਾਪ ਚਸ਼ਮੇਨੂਰ ਪ੍ਰਸ, ੧੯੯., ਅੰਮ੍ਰਿਤਸਰ ।ਹ.ਪੰ. ੧੦੩੯:੧੬-੧੯; =ਸਾਮਵੇਦੀ ਛਾਂਦੋਗਜ ਉਪਨਿਸ਼ਦ: "ਲੋਕੇਧੁ ਪਗਚਵਿਧਾਂ'ਸਾਮੋਪਾਸੀਤ ਪਨ੍ਹੀਥਿਵੀ..."੧।੩।੨। ਇਹ ਵੇਦ ਸ਼ਬਦ ਨਾ ਲੇ ਸ਼ੰਕਰਾਚਾਰਯ ਨੇ "ਪੰਚੀਕਰਣ" ਛਾਤ੍ਰਾਂ ਲਈਂ ਕਿਤਾਬ ਲਿਖੇ ਕਾਰਨ ਹੁਣ ਪ੍ਰਸਿੱਧੀ ਕਰਕੇ ਸਾਰੇ "ਪੰਜ ਕੋਸ਼" ਰਾਹੀ ਓਹੀ ਗਿਆਨ ਸਮਝਦੇ ਹਨ, ਇਸ ਕਰਕੇ ਇਹ ਵੀ ਪਰਿਭਾਖਾ ਸ਼ਬਦ ਬਰਤਿਆ ਹੈ ॥ ਨੋਟ:-ਇਸ ਨੂੰ ਭਾਈ ਵੀਰ ਸਿੰਘ ਕਲਪਿਤ "ਪੰਜ ਖੰਡ" ਨਹੀਂ ਸਮਝਨੇ, ਨਾ ਓਨ੍ਹਾਂ ਨਾਲ ਸਮਨ੍ਹੈ ਹੋਸਕਦੇ ਹਨ, ਕਾਰਣ ਕਿ ਇਹ ਵਿਰਾਟ ਪੁਰਖ ਕਰਤਾ ਤੇ ਸਮਸ਼ਟੀ-ਵਿਅਸ਼ਟੀ ਸ਼ਰੀਰਾਂ ਦੇ ਭੇਦ ਹਨ--ਨਾ ਕਿ ਸ੍ਰਿਸ਼ਟੀ ਦੇ "ਪੰਜ ਭੇਦ" ਜਿਨ੍ਹਾ ਵਿਚੋਂ ਭਾਈ ਵੀਰ ਸਿੰਘ ਨੇ ੧ਓ...ਕਰਤਾ ਪੁਰਖੁ "ਸਚਖੰਡ ਬਸੇ ਨਿਰੰਕਾਰ" ਦੇਸ਼, ਕਾਲ, ਵਸਤੂ ਵੰਡਿਆ ਅਰਥ ਕੀਤਾ ਹੈ--ਪਰ ਅਸਲ ਅਰਥ "ਖੰਡ" ਦਾ "ਵਿਸ਼ੇਸ਼" ਹੈ, ਭਾਵ"ਅਧਿਸ਼ਠਾਨ (Noumenon) ਵਿਸ਼ੇਸ਼ 'ਤ੍ਰਿਕਾਲ ਸਤਿ'ਨਿਰਾਕਾਰ ਬ੍ਰਹਮ ਹੈ--ਜਿਸ ਉਤੇਮਿਥਿਆ ਵਿਵਰਤ (Phenomenon) ਸੰਸਾਰ ਹੈ ॥

Sri Satguru Jagjit Singh Ji eLibrary NamdhariElibrary@gmail.com

2. ਜੋ ਪਦ, ਵਾਕ, ਸ਼ਬਦ ਪੜ੍ਹੇ ਲੋਕ ਬੋਲੀ ਸਮਝ ਆਵੇ, ਅਤੇ ਜਿਸ ਦੇ ਮੂਲ ਧਾਤੂਆਂ ਦਾ ਪਤਾ ਲਗੇ, ਓਹ ਯੌਗਿਕ ਬਾਣੀ ਹੈ,ਤੇ:

3. ਜੋ ਪਦ, ਵਾਕ, ਸ਼ਬਦ ਦੋਨੋਂ ਬਿਨਾ ਧਾਤੂਆਂ ਦੇ ਤੇ ਧਾਤੂਆਂ ਦੇ ਆਮ ਪੜ੍ਹੇ ਲੋਕਾਂ ਦਾ ਮਿਸ਼੍ਰ ਹੈ ਓਹ ਯੋਗ-ਰੂੜੀ ਬਾਣੀ ਹੈ॥ ਅਧਿਆਤਮ ਗਿਆਨ ਭਾਸ਼ਾ ਦੇ ਬੁਝਣ ਲਈ ਲਕਸ਼ ਪ੍ਰਧਾਨ ਤਿਨ ਪ੍ਰਧਾਨ ਰੂਪ ਅਧਾਰ ਵਿਧਾਨ ਹਨ: ਤੁਕ, ਪਦ ਪਹਿਲਾਂ ਸ਼ਕਤ ਅਰਥ ਵਿਚਾਰੋ: ਜੇ ਅਰਥ ਠੀਕ ਨਾ ਬਣੇ: ਤਾਂ ਸ੍ਰੀ ਗੁਰੂ ਜੀਦੀ ਆਗਿਆ ਹੈ:-

ਪ੍ਰਭਕੀ ਅਗਮ ਅਗਾਧਿ ਕਥਾ॥ ਸੁਨੀਐ ਅਵਰ ਅਵਰ ਬਿਧਿ ਬੁਝੀਐ, ਬਕਨ ਕਥਨ ਰਹਤਾ॥ ਆਪੇ ਭਗਤਾ[1],ਆਪਿ ਸੁਆਮੀ[2], ਆਪਨ ਸੰਗਿ ਰਤਾ[3]॥ ਨਾਨਕ ਕੋ ਪ੍ਰਭੁ ਪੂਰਿ ਰਹਿਓ ਹੈ ਪੇਖਿਓ ਜਤ੍ਰ ਕਤਾ[4]॥ 2[17]॥ [18]

ਜੇ ਵਾਕ ਦਾ ਸ਼ਕਤ ਅਰਥ ਠੀਕ ਨਾ ਲਗੇ,ਪਹਿਲਾਂ ਜਹਤੀ ਲਖਣਾਂ ਬਰਤੋ। ਉਦਾਹਰਣ ਇਹ ਹੈ: ਭਾਈ ! ਕਿਥੇ ਰਹਿੰਦਾ ਹੈਂ?

ਉਤਰ: ਅੰਮ੍ਰਿਤਸਰ! ਤਾਰਕਿਕ:-ਸ਼ਕਤਜ਼ਰਥ ਠੀਕ ਨਹੀ ਹੈ। ਕਿਉਂਕਿ, ਅੰਮ੍ਰਿਤ ਸਰੋਵਰ ਵਿੱਚ ਆਦਮੀ (ਮਛੀ ਤਰਾਂ ਨਹੀਂ) ਰਹਿੰਦਾ, ਜੋ ਨਾ ਮੁਮਕਿਨ ਹੈ॥

ਦਸੋ, ਫੇਰ ਤਿਨ ਲਕਸ਼ਾਰਥਾਂ ਵਿੱਚੋਂ ਕੇੜ੍ਹਾ ਠੀਕ ਅਰਥ ਬੇਠੇਗਾ, ਤਿਨ ਲਕਸ਼ਾਰਥ ਇਹ ਹਨ:-

1. ਜਹਿਤੀ ਲਖਣਾ: ਸਰੋਵਰ ਕਿਨਾਰੇ ਨਗਰ ਵਿੱਚ ਰਹਿੰਦਾਹੈ! ਬਿਲਕੁਲ ਸਾਰਾ ਸ਼ਕਤ ਅਰਥ ਛਡ ਕੇ ਹੋਰ ਅਰਥ ਕਰਨਾ ਹੈ॥

2. ਅਜਹਤੀ ਲਖਣਾ: ਮਾਲਕਨ ਬਾਹਿਰ ਜਾਂਦੀ ਨੌਕਰਣੀ ਨੂੰ ਹੁਕਮ ਦਿਤਾ: ਦੁਧ ਬਿਲੀ ਤੋਂ ਬਚਾਈਂ॥ ਮਾਲਕਿਨ ਮੁੜਕੇ ਆਈ: ਦੇਖਿਆ ਦੁਧ ਨਹੀਂਹੈ॥ ਪੁਛਿਆ? ਉੱਤਰ: ਜੀ, ਕੁੱਤਾ ਪੀ ਗਇਆ। ਨੌਕਰਾਣੀ ਆਗਜਾ ਠੀਕ ਨਹੀਂ ਸਮਝੀ, ਗਲਤ ਨਤੀਜਾ ਹੋਯਾ॥ ਅਜਹਤੀ ਲਖਣਾਂ ਵਾਕ ਦਾ ਸਾਰਾ ਸ਼ਕਤ ਅਰਥ ਲੈਣਾ ਹੈ, ਆਪਣੀ ਬੁੱਧੀ ਵੀ ਬਰਤਨੀ ਹੈ॥ ਜਹਿਤੀ ਵਿੱਚ ਸਾਰਾ ਵਾਕ ਹੀ ਤਿਆਗਿਆ ਸੀ ਪਰ ਇਹਦੇ ਵਿੱਚ ਸਾਰਾ ਸ਼ਕਤਾਰਥ ਭੀ ਲੈਣਾਹੈ: ਦੁਧ ਬਿਲੀ ਤੋਂ ਬਚਾਣਾ ਤੇ ਆਪਣੀ ਬੁੱਧੀ ਬਰਤਕੇ ਕੁਤੇ ਆਦਿਕਾਂ ਤੋਂ ਵੀ ਬਚਾਉਣਾ ਹੈ॥ ਇਹ ਫਰਕ ਜਹਿਤੀ ਤੇ ਅਜਹਿਤੀ ਲਖਨਾ ਦੇ ਹਨ॥ ਅੱਗੇ ਹੋਰ ਰੂਪ:-

3. ਭਾਗ-ਤਿਆਗ ਲਖਣਾ: ਕਿਸੇ ਕਿਹਾ, ਇਹ ਬੰਦਾ, ਓਹ ਬੰਦਾਹੈ॥ ਸ਼ਕਤ ਵਾਕ ਠੀਕ ਨਹੀਂ ਜਾਪਦਾ, ਇਹ ਤੀਜਾ ਜਹਤਜ਼ ਜਹਤੀ ਹੈ:-

1. ਇਹ ਸ਼ਕਤ ਪਦ ਅੰਮ੍ਰਿਤਸਰ ਬੋਧਕ ਹੈ,1.ਓਹ ਸ਼ਕਤ ਪਦ ਪਟਿਆਲਾ ਬੋਧਕ ਹੈ।
2. ਇਹ ਵਰਤਮਾਨ ਕਾਲ ਹੈ, 2. ਓਹ ਭੂਤ ਕਾਲ ਹੈ, ਅੰਮ੍ਰਿਤਸਰ ਦੇਖਿਆ ਬੰਦਾ ਹੈ॥
3. ਇਹ ਹੁਣ ਮਿਲੇ ਬੰਦੇ ਦਾ ਬੋਧਕ ਹੈ, 4. ਓਹ ਭੂਤ ਕਾਲ ਹੈ, ਪਹਿਲਾਂ ਦੇਖਿਆ ਬੰਦਾ ਹੈ॥

ਪਹਿਲੀਆਂ ਦੋ ਤੁਕਾਂ ਕੀਤੇ ਅਰਥ ਭਿੰਨ ਦੇਸ, ਕਾਲ ਕਾਰਣ ਠੀਕ ਅਰਥ ਪ੍ਰਤੀਤ ਨਹੀਂ ਹੁੰਦੇ ॥ ਤੀਜੇ ਵਾਕ ਵਿੱਚ ਕਹੇ ਦੋ ਬੰਦੇ ਪ੍ਰਤੀਤ ਹੁੰਦੇ ਹਨ। ਜਦ ਜਾਂਚ ਕੀਤੀ, ਕੇਵਲ ਕਹਿਣ ਨੂੰ ਦੋ ਬੰਦੇ ਲਗੇ: ਪਰ ਅਸਲ ਵਿੱਚ ਇਕੋ ਹੀ ਬੰਦਾ ਹੈ॥ ਇਸ ਤੁਕ ਵਿੱਚ ਵਿਰੋਧੀ ਦਾ ਤਿਆਗ

Sri Satguru Jagjit Singh Ji eLibrary NamdhariElibrary@gmail.com

ਅਤੇ ਸਾਂਝੇਆਂ ਦੀ ਏਕਤਾ ਦਾ ਅਰਥ ਠੀਕ ਬਣਦਾ ਹੈ॥ ਬੰਦੇ ਦੋ ਪ੍ਰਤੀਤ ਹੁੰਦੇ ਹਨ ਪਰ ਬੰਦਾ ਇਕੱਲਾ ਹੀ ਹੈ; ਜਿਸ ਕਾਰਣ ਸ਼੍ਰੀਗੁਰੂ ਸਿਧਾਂਤ ਕਾਰਣ-ਕਰਣ '।' ਹੀ ਹੈ ॥ ਪਰ ਅਗਲੀ ਤੁਕ ਵਿਚ ਇਸੇ ਤਰ੍ਹਾਂ ਦੋ ਕੇਵਲ ਪ੍ਰਤੀਤ ਹੁੰਦੇ ਹਨ, ਜਿਵੇਂ:- ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ਇਹ ਸਿਧਾਂਤ ਸਿਧ ਇਉਂ ਹੁੰਦਾਹੈ 'ਸੋ' ਪ੍ਰਭੂ ਅਤੇ 'ਮੈ' ਗੁਰੂ ਨੇ ਇਕੁ ਬੁਝਾ ਦਿਤਾ: ਦੋਨੋਂ--ਵਿਸਰੇ (ਅੱਡ/ਭਿੰਨ) ਨਹੀਂ ਹਨ॥ ਇਸ ਤਰ੍ਹਾਂ ਜੀਵਆਤਮਾ ਤੇ ਕਰਤਾ-ਪੁਰਖੁ ਪਰਮਾਤਮਾ ਦੀ ਏਕਤਾ ਭਾਗ-ਤਿਆਗ ਲਖਣਾ ਤੋਂ ਸਮਝੀ ਜਾਂਦੀ ਹੈ, ਸ਼੍ਰੀਗੁਰੂ ਉਪਦੇਸ਼ ਹੈ:

ਆਤਮਾ ਪਰਮਾਤਮਾ ਏਕੋ ਕਰੈ॥ ਅੰਤਰ ਕੀ ਦੁਬਿਧਾ ਅੰਤਰਿ ਮਰੈ॥ ...ਪ੍ਰਮਾਤਮਾ ਪਾਰਬ੍ਰਹਮ-ਕਾ ਰੂਪੁ...[ਦ.182]

ਇਸੇ ਤਰ੍ਹਾਂ ੧ਓ ਦੇ ਬ੍ਰਹਮ ਗਿਆਨ, ਬ੍ਰਹਮ ਵਿਗਿਆਨ ਕਾਲ 'ਚ ਵਿਦ੍ਵਾਨਾਂ ਦੀ ਸ਼੍ਰਧਾ ਬਾਰੇ ਸਪਸ਼ਟ ਪਰਥਾਇ ਸੰਬੰਧੀ ਲਿਖ ਚੁਕੇ, ਕਿ ਓਨ੍ਹਾਂ ਨੂੰ ਬਿਲਕੁਲ ਕਿਸੇ ਦ੍ਵੈਤ ਵਾਦ ਵਿਦਿਆ, ਕਲਾ, ਰਾਜਨੀਤੀ, ਧਨ ਕਾਮਨਾਦਿਆਂ ਕਾਰਣ ਕੋਈ ਦਬਾ ਨਹੀਂ; ਸ਼੍ਰੀਗੁਰੂਬਚਨ ਹਨ:-

ਤਿਨ ਚੂਕੀ ਮੁਹਤਾਜੀ ਲੋਕਨਕੀ ਹਰਿਪ੍ਰਭੁ ਅੰਗੁਕਰਿ ਬੈਠਾ ਪਾਸਿ॥
ਜਾਂ ਕਰਤਾ ਵਲਿ, ਤਾ ਸਭੁਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ[4]॥

ਪੱਛਮੀ ਭੌਤਕ ਸੰਸਕ੍ਰਿਤੀ ਅਧਾਰ ਨਵੇਂ ਸਿੱਖ ਖੋਜੀਆਂ ਦੀ ਸੁਤੰਤ੍ਰ ਨਵੀਂ ਸ਼੍ਰੀ ਗੁਰੁਬਾਣੀ ਅਰਥ ਖੋਜ ਸਾਇੰਸ ਅਸੱਤਕਾਰਵਾਦੀ ਬਿਨਾ ਈਸ਼੍ਵਰ ਵਿਸ਼੍ਵ ਪ੍ਰਸਿੱਧ ਮੰਨਿਆਂ ਬੁੱਧੀ ਅਨੁਭਵੀ (intelligent experience) ਹੈ॥ ਉਨ੍ਹਾਂ ਭਾਣੇ ਮਨੁਖ ਨੇ ਕਈ ਜੁਗ ਜੰਗਲੀ ਹੈਵਾਨਿਯਤ ਤੋਂ ਇਨਸਾਨੀਯਤ ਬਣਨ ਵਿੱਚ ਲਗਾਏ॥ ਇਨਸਾਨੀਅਤ ਵਧਨ ਫੁਲਣ 'ਚ ਬਦਲਦੇ ਬਹੁਤ ਜੁਗ ਲਗੇ॥ ਇਸ ਕਾਲ ਸਮੇ 'ਚ ਅਨੇਕ ਰੂਪਾਂ ਦੀਆਂ ਸੰਸਕ੍ਰਿਤੀਆਂ 'ਚ ਅਨੇਕ ਕਲਾ ਕੌਸ਼ਲ ਉਤਪੰਨ ਕੀਤੇ॥ ਉਨ੍ਹਾਂ ਵਿੱਚ ਚੌਦਾਂ(14) ਮੁੱਖ ਵਿਦਿਆਵਾਂ ਅਤੇ ਚੌਂਹਠ ਕਲਾ ਦੇ ਵਿਕਾਸ ਹੋਏ॥ ਇਕ ਇਕ ਵਿਦਿਆ, ਕਲਾ ਦੇ ਵਿਕਾਸ ਦੀਆਂ ਬੜੇ ਲੰਬੇ ਕਾਲ 'ਚ ਅਨੇਕ ਅਨੇਕ ਪੌੜੀਆਂ ਲੰਘਕੇ ਮਨੁੱਖ ਹੁਣ ਦੇ ਕਾਲ 'ਚ ਅਨੇਕ ਵਿਦਿਆਵਾਂ, ਕਲਾਂ ਵਿਕਸਤ ਕਰਦਾ ਚਲਾ ਆ ਰਹਿਆ ਹੈ॥

ਅੱਜ ਦੇ ਕਾਲ ਹਰ ਵਿਦਿਆ ਕਲਾ ਦਾ ਸੰਬੰਧ ਵਿਚਾਰਣ ਜੋਗ ਹੈ:-ਜੇ ਅਸੀਂ ਅੱਜ ਮਹਾਨ ਵਿਕਸਿਤ ਸਇੰਸ ਦੀ ਦੁਨੀਆਂ ਵਿੱਚ ਪੁਰਾਣੀ ਜੰਗਲ-ਕਾਲੀ ਵਿਕਾਸ ਦੇ ਸਹੀ-ਗਲਤ ਮੁਢੋਂ ਤਰੀਕੇ(stone age trial-error) ਖੋਜ ਹਰੇਕ ਵਿਦਿਆ ਫੇਰ ਆਰੰਭੋਂ ਕਰੀਏ, ਗੱਲ ਬਿਲਕੁਲ ਸਾਫ ਹੈ, ਅੱਜ ਕਿਸੇ ਮਨੁਖ ਪਾਸ ਐਨੀ ਲੰਬੀ ਉਮਰ ਨਹੀਂ--ਓਨੇ ਹਜ਼ਾਰਾਂ ਬਰਸਾਂ 'ਚ ਲਭੇ ਤੱਥ, ਆਪਣੀ ਛੋਟੀ ਮਨੁਖੀ ਉਮਰ ਵਿੱਚ ਸਿਰੇ ਦੇ ਰਹੱਸ ਉਤੇ ਅੱਪੜ ਕੇ, ਜਾਣ ਸਕੇ॥ ਇਹ ਪ੍ਰਤੱਖ ਪ੍ਰਸਿੱਧ ਵਿਸ਼੍ਵਮੈ ਅਨੁਭਵ ਸਿੱਧ ਹੈ॥ ਅੱਜ ਦੁਨੀਆਂ ਦੇ ਸਾਰੇ ਮਹਾਦੀਪਾਂ 'ਚ ਅਨੇਕ ਦੇਸ਼ਾਂ 'ਚ ਸਕੂਲਾਂ, ਕਾਲਿਜਾਂ, ਯੂਨੀਵਰਸਟੀਆਂ 'ਚ ਪੱਛਮੀ ਸੰਸਕ੍ਰਿਤੀ ਦੋ, ਤਿੰਨ ਹਜ਼ਾਰ ਸਾਲਾਂ ਦੀਆਂ ਅਨੇਕ ਕਲਾਵਾਂ ਕੁਸ਼ਲਤਾਈਆਂ ਸਿਖਰ ਉੱਤੇ ਪਹੁੰਚੇ ਗਿਆਨਵਾਨਾਂ ਦੇ ਪ੍ਰਤੱਖ ਹਨ॥ ਓਹੀ ਹਜ਼ਾਰਾਂ ਸਾਲਾਂ, ਵਿਦਿਆ ਕਲਾ ਨੂੰ ਅੱਜ ਸਕੂਲਾਂ, ਕਾਲਜਾਂ 'ਚ ਕੇਵਲ ਪੰਜ, ਸੱਤ;

---

182. ਉ.ਵੈਦੀਯ ਪੂਰਵ ਮਿਮਾਂਮਸਾ ਦਰਸ਼ਨ: ੧।੧।੫-੨੬;/੨।੨੧/੪।੧॥ ਅ.ਸ਼੍ਰੀਗੁਗ੍ਰੰਜੀ.ਪੰ. ੨:੧੦।
ਦ.ਪੰਨਾ: ਧਨਾਸਰੀ ਮ:੧.੬੬੧:੧੧:

Sri Satguru Jagjit Singh Ji eLibrary NamdhariElibrary@gmail.com

ਹੱਦ ਦਸ, ਬਾਰਾਂ ਸਾਲਾਂ 'ਚ "ਊੜੈ ਤੋਂ ੜਾੜੇ" ਸਾਰੀਆਂ ਪੌੜੀਆਂ ਚੜ੍ਹ, ਬਿਨਾਂ ਗਲਤੀ, ਸਿਖਰਾਂ ਉਤੇ ਅੱਪੜਦੇ ਹਨ॥

ਪਰ ਅਚਰਜ ਗੱਲ ਦੇਖਦੇ ਹਾਂ, ਅੱਜ ਐਨੀ ਭੌਤਕ ਤਰੱਕੀ ਹੋਣ ਦੇ ਬਾਵਜੂਦ, ਪੱਛਮੀ ਨਵੀਂ ਵਿਦਿਆ ਦਾ ਹਰੇਕ ਸਿੱਖੇ ਵਿਧਾਨ, ਰੀਤ, ਸਕੂਲਾਂ, ਕਾਲਜਾਂ 'ਚ ਸਿੱਖਦੇ ਹਨ, ਜੋ ਬਿਨਾ ਕਿਸੇ ਹੀਲ ਹੁੱਜਤ ਅਨੇਕ ਵਿਦਿਆ, ਕਲਾਵਾਂ ਨੂੰ ਸਹੀ ਤਰਕ ਸਿੱਧ ਜਾਣ ਕੇ ਕਬੂਲ ਕਰਦੇ ਹਨ, ਐਸੀ ਮਾਨਤਾ ਉਨ੍ਹਾਂ ਦੀ ਧਰਮ ਬਾਰੇ ਦੇਖਣ 'ਚ ਨਹੀ ਆਂਦੀ; ਕਿਉਂ? ਸੰਖੇਪ ਉੱਤਰ ਹੈ :- ਪੱਛਮੀ ਇਸਾਈ ਧਰਮ ਸੰਸਕ੍ਰਿਤੀ ਕਾਰਨ ਨਵੇਂ ਸਿੱਖ ਟਕਸਾਲੀ ਸ਼੍ਰੀਗੁਰੁਬਾਣੀ ਅਰਥ ਪਰਿਭਾਖਾ ਤੋਂ ਟੁਟੇ ਹਨ॥

ਸੰਕੇਤ ਹੋ ਚੁਕਾ, ਅੰਗ੍ਰੇਜ਼ ਸਲਤਨਤ ਦੁਨੀਆ ਭਰ ਦੇ ਮੁਲਕਾਂ ਦੀ ਰਾਜਨੀਤੀ ਨੀਹ ਸਦਾ ਇਸਾਈ ਇੰਜ਼ੀਲ ਲਿਖੇ ਅਧਾਰ ਭੇਦ ਭਾਵ; ਵੰਡ ਨੀਤੀ ਉਤੇ ਰਹੀ॥ ਬੇਸ਼ਕ ਸਮੇ ਸਮੇ ਉਤੇ ਅੰਗ੍ਰੇਜ਼ ਅਧਿਕਾਰੀ ਬਦਲਦੇ ਰਹੇ ਪਰ ਜੇ ਨੀਤੀ ਦੀ ਇਕ ਗਲ ਪੂਰੀ ਨਾ ਹੋਈ, ਉਸਦੇ ਉਤਰਾਧਿਕਾਰੀ ਓਹੀ ਜਾਰੀ ਰਖਦੇ ਜਦ ਤਕ ਓਹ ਟੀਚਾ ਹਾਸਿਲ ਨਾ ਕਰਦੇ॥

ਭਾਰਤ ਦਾ ਜੋ ਇਕੋ ਅੰਗ੍ਰੇਜ਼ ਗਵਰਨਰ ਜਨਰਲ ਇਨ ਕੌਨਸੁਲ ਪੱਛਮ ਅਰਬ ਸਮੁੰਦਰੀ ਅਦਨ ਸ਼ੈਹਰ ਤੋਂ ਦੱਖਣ ਲੰਕਾ ਅਗੇ ਪੂਰਵ ਬਰਮਾਂ/ਮੁਮਯਰ, ਅਗੇ ਸਿੰਘਾਪੁਰ ਤਕ ਰਾਜ ਕਰਦਾ ਸੀ, ਓਸੇ ਰਾਜ ਦੇ ਅੱਜ ਕਿਤਨੇ ਟੋਟੇ ਬਣੇ? ਗਿਣਤੀ ਦਿਖੌਨਣ ਦੀ ਲੋੜ ਨਹੀਂ॥ ਅੰਗ੍ਰੇਜ਼ ਰਾਜ ਦੀ ਦੂਹਰੀ ਕੁਟਲ ਨੀਤੀ ਹਰ ਜਗਾ ਦੀ, ਪਰ ਖਾਸ ਕਰ ਭਾਰਤ ਦੀ ਰਹੀ: ਰਾਜ ਤੇ ਧਰਮ ਸੰਪ੍ਰਦਾਈ ਵੰਡ ਰਾਹੀਂ ਧਰਮਾਂ 'ਚ ਵਿਰੋਧ ਪਾਕੇ ਰਾਜ ਕਰਨਾ ਸੀ(Divide Politically & Religious Denominationally Split to Rule)॥ ਇਸ ਪਿਛੋਕੜ ਅਨੁਸਾਰ ਪੰਜਾਬੀ ਗੁਰੁਸਿੱਖ ਪੰਥ ਦੀ ਵੀ ਦਸ਼ਾ ਹੈ॥

ਪ੍ਰਚਾਰਕ ਬਿਨਾ ਪਰਿਭਾਖਾ ਸਿਖੇ ਫੁਟਕਾਲ ਗੁਰੁ-ਭਗਤ ਬਾਣੀ ਦੇ ਮੰਜੀਦਾਰ, ਪੀੜੇਦਾਰ ਪ੍ਰਚਾਰਕ ਅਰਥ ਕਰਦੇ ਰਹੇ॥ ਹੁਣ ਇਸ ਮਹਾਨ ਪੋਥੀ ਦੀ ਅਧਿਆਤਮ ਥਾਪਨਾ ਕਾਰਣ, ਸ਼੍ਰੀ ਗੁਰੁ ਅਰਜੁਨ ਦੇਵ ਜੀ ਨੇ ਇੱਕ ਹੋਰ ਸੰਪੂਰਣ ਸ਼੍ਰੀ ਗੁਰੁ ਬਾਣੀ ਦੇ ਹਰੇਕ ਸ਼ਬਦ ਦੀ ਉਥਾਨਕਾ ਪੋਥੀ ਭਾਈ ਗੁਰਦਾਸ ਜੀ ਤੋਂ ਲਿਖਵਾਈ ਜਿਸ ਕਰਕੇ ਅਗੇ ਨੂੰ ਪ੍ਰਚਾਰਕ ਹਰੇਕ ਤੁਕ, ਸ਼ਬਦ, ਬਾਣੀ ਪਰਥਾਏ ਅਨੁਸਾਰ ਵਿਧੀ ਕ੍ਰਮ ਅਨੁਸਾਰ ਗੁਰੁਗਮ ਟਕਸਾਲੀ ਅਰਥ ਆਪਣੇ ਤੇ ਭਾਈ ਗੁਰਦਾਸ ਤੋਂ ਸਿੱਖਣ॥ ਇਹ ਰੀਤ ਦਸਵੇਂ ਸ਼੍ਰੀ ਜਗਦਗੁਰੂ ਰਾਜ ਕਾਲ ਤਕ ਚਲਦੀ ਰਹੀ, ਅਤੇ ਮੰਜੀਦਾਰ,ਪੀੜੇਦਾਰ, ਮਸੰਦ,ਪੰਜੋ ਸੰਗਤਾਂ ਦੇ ਆਗੂ ਸ਼੍ਰੀਗੁਰੁਬਾਣੀ ਅਰਥ ਕਰਦੇ ਰਹੇ॥

ਜਦ ਦਸਮ ਸ਼੍ਰੀਗੁਰੂ ਜੀਦੇ ਹੁਕਮ ਅਨੁਸਾਰ ਆਪਣੇ ਪ੍ਰਧਾਨ ਨਿਰਮਲ ਸੰਤ ਪੰ. ਕਰਮ ਸਿੰਘ ਦੇ ਵਿਦਿਆ ਚੇਲੇ ਸ਼੍ਰੀਗੁਰੂ ਦਰਬਾਰੀ ਵਿਦਵਾਨ ਗਿਆਨੀ ਭਾ: ਮਨੀ ਸਿੰਘ (ਸ਼ਹੀਦ) ਨੂੰ ਸੰਨ 1699 ਦੇ ਮਹਾਨ ਵੈਸਾਖੀ ਪਰਵ ਪਿਛੇ ਗੁਰੂਕੇ ਚੱਕ ਅੰਮ੍ਰਿਤਸਰ ਆਈ ਸੰਗਤ ਦੀ ਫਰਯਾਦ ਉਤੇ ਰਾਮਦਾਸਪੁਰ ਅੰਮ੍ਰਿਤਸਰ ਦਾ ਮਹੰਤ ਥਾਪ ਪੰਜ ਸਿੰਘ ਸਿੰਘ:-1.ਭਾਈ ਭੂਪਤ ਸਿੰਘ, 2.ਗੁਲਜ਼ਾਰ ਸਿੰਘ, 3.ਕੋਇਰ ਸਿੰਘ, 4.ਦਾਨ ਸਿੰਘ, ਤੇ 5.ਕੀਰਤ ਸਿੰਘ, ਸ਼੍ਰੀਗੁੰਥਜੀਕੀ ਬੀੜ ਨਾਲ ਅਸੀਸ ਦੇ ਅੰਮ੍ਰਿਤਸਰ ਭੇਜੇ॥ ਇਸ ਇਤਿਹਾਸ ਦਾ ਖੁਲਾਸਾ ਵਿਸਤਾਰ ਨਾਲ ਦੋਨੋ ਪੌਂਟਾ ਸਾਹਿਬ ਤੇ ਦਮਦਮਾ ਸਾਹਿਬ ਸ਼੍ਰੀਗੁਰੂਕੀ ਕਾਸੀ (GURU Established Guru-

Sri Satguru Jagjit Singh Ji eLibrary NamdhariElibrary@gmail.com

Sikh seminary)ਪ੍ਰਸੰਗ 'ਚ ਵਰਣਨ ਹੈ, ਪਾਠਕ ਜਨ ਵਿਚਾਰ ਲੈਣ[ਏ.183] ॥ ਭਾਰਤੀ ਅੰਗ੍ਰੇਜ਼ੀ ਪੰਜਾਬ 'ਚ ਕਦੀਮੀ ਅਟੂਟ ਗੁਰਸਿਖੀ ਸੰਨ 1925 ਤਕ ਸੀ॥ ਉੱਤਰ ਪੰਜਾਬ ਮਹਾਰਾਜਾ ਰਣਜੀਤ ਸਿੰਘ ਪਿੱਛੇ ਨੂੰ ਝਾਤ ਮਾਰਣੀ ਪੈਂਦੀ ਹੈ, ਮੁਢੋਂ ਜਿਨ੍ਹਾਂ ਅੰਗ੍ਰੇਜ਼ਾਂ ਸਿੱਖਾਂ ਨਾਲ ਨਵੇਕਲੀ ਰਾਜਨੀਤੀ ਚਲਾਈ॥

ਉੱਤਰ ਪੰਜਾਬ(ਮਏ ਸਿਰਹੱਦੀ ਸੂਬੇ) ਮਹਾਰਾਜਾ ਰਣਜੀਤ ਸਿੰਘ ਦਾ ਰਾਜਨੀਤਕ ਬਲ, ਕਲਕੱਤੇ ਤੇ ਮੋਂਗਲ ਦਿਲੀ ਦਰਬਾਰ ਅੰਦਰ ਘੁਸੇ ਅੰਗ੍ਰੇਜ਼ ਜਸੂਸ ਗੌਰ ਨਾਲ ਗੁਰੁ-ਸਿਖਾਂ ਦੀ ਵਿਸ਼ੂ ਧਰਮ ਨਿਸ਼ਠਾ ਅਧਾਰ ਰਾਜਨੀਤੀ ਦੇਖਦੇ ਰਹੇ। ਜਿਸ ਕਾਰਣ ਸੰਨ 1809 ਵਿੱਚ ਪਟਿਆਲਾ ਫੂਲਕੀਆਂ ਮਿਸਲ, ਅਤੇ ਲਾਹੌਰ ਦਰਬਾਰ ਨਾਲ ਖਾਨਦਾਨੀ ਰਿਸ਼ਤੇ ਦੇ ਬਾਵਜੂਦ ਤਿਨਾਂ ਦੇ ਲਿਖਤੀ ਇਕਰਾਰ ਨਾਮ੍ਹੇ ਹੋਏ॥

ਅੰਗ੍ਰੇਜ਼ੀ ਕਾਨੂਨਨ ਹੱਦ ਬਾਹਰ ਦੇਸੀ ਪਟਿਆਲਾ ਮਹਾਰਾਜਾ ਨਰੇਂਦ੍ਰ ਸਿੰਘ (ਸੰ.1823-45-62) ਨੇ 1859 'ਚ ਗੁਰੁ-ਸਿਖ ਧਰਮ ਪੰਥ ਦਾ ਵਿਧੀ ਅਨੁਸਾਰ ਸੰਪੂਰਣ ਗ੍ਰੰਥਾਂ ਦੇ ਉਲਥੇ ਕਾਰਜ ਨਿਰਮਲ ਪੰਚੈਤੀ ਅਖਾੜੇ ਨੈਬ ਸ਼੍ਰੀ ਮਹੰਤ ਪੰਡਿਤ (ਭਗਵਦ ਗੀਤਾ scholar) ਤਾਰਾ ਸਿੰਘ 'ਨਰੋਤਮ' ਦਮਦਮੇ ਸ੍ਰੀਗੁਰੁ ਕਾਸ਼ੀ ਮਹਾ ਟਕਸਾਲੀ(Original Great Seminary) ਸੰਤ ਮੰਡਲੀ ਗੁਰੁਸਿੱਖ-ਸਿੰਘ ਪੰਥ ਥੰਮ, ਧਰਮ ਧ੍ਵਜਾ, ਪ੍ਰਧਾਨ ਕੇਂਦ੍ਰ, ਪਟਿਆਲਾ ਨਗਰੀ 'ਚ ਥਾਪ, ਓਥੇ ਕੰਮ ਸ਼ੁਰੂ ਕੀਤਾ ਹੋਇਆ ਸੀ॥ ਜਿਸ ਕੰਮ ਦੀ ਸਹੂਲਿਅਤ ਲਈ ਲੱਖ, ਸਵਾ-ਲੱਖ ਗ੍ਰੰਥ ਕਸ਼ਮੀਰੀ ਲੇਖਕਾਂ ਤੋਂ ਨਕਲ, ਅਸਲ ਗ੍ਰੰਥ ਤੋਂ ਕਰਾਣਾ ਪਹਿਲਾਂ ਤੋਂ ਹੀ ਸ੍ਵਰਗੀਯ ਮਹਾਰਾਜਾ ਕਰਮ ਸਿੰਘ (ਸੰ.1798-1813-45) ਰਾਜ ਪੁਸਤਿਕਾਲੇ ਲਈ ਬਣਵਾਏ। ਹੁਣ ਓਸ ਪੁਸਤਕਾਲੇ ਦੀਆਂ ਪੰਜ ਸ਼ਾਖਾਂ ਪਟਿਆਲਾ ਅੰਦਰ ਬਣ ਗਈਆਂ ਜੋ ਸਰਕਾਰੀ ਮੁਹਾਫਿਜ਼ ਖਾਨੇ (archives) ਵਿੱਚ ਇਸਤੇਮਾਲ ਲਈ ਸਨ॥ ਹੋਰ ਇਸ ਕਾਰਜ ਦੀ ਪੂਰਤੀ ਲਈ ਸਾਲਾਨਾ ਖਜ਼ਾਨੇ 'ਚ ਰਕਮ ਕੈਮ ਦਾ ਹੁਕਮ ਕਰ ਗਏ ਸੀ ਕਿ ਚਿੰਤਾ ਨਾ ਰਹੇ॥ ਅਚਨਚੇਤ ਪਟਿਆਲਾ ਮਹਾਰਾਜਾ ਨਰੇਂਦ੍ਰ ਸਿੰਘ(ਸੰ.1862) ਕਲਕਤੇ ਸ੍ਵਰਗਵਾਸ ਹੋ ਗਏ। ਪਿੱਛੇ ਉਨ੍ਹਾਂ ਦੇ ਪੰਜ ਸਾਲ ਦੇ ਬਾਲਕ ਮਹਾਰਾਜਾ ਮਹੇਂਦ੍ਰ ਸਿੰਘ (ਸੰ.1852-62-76) ਲਈ ਅੰਗ੍ਰੇਜ਼ਾਂ ਕੌਂਸਲ ਓਫ ਰੀਜੈਨਸੀ ਕੈਮ ਕਰੀ॥

ਇਹ ਦੇਖ ਫਰੀਦਕੋਟ ਰਾਜਾ ਵਜ਼ੀਰ ਸਿੰਘ ਨੇ ਨਿਰਮਲ ਪੰਚੈਤੀ ਅਖਾੜੇ ਦੇ ਨੈਬ ਸ਼੍ਰੀਮਹੰਤ ਤਾਰਾ ਸਿੰਘ ਨਰੋਤਮ ਨੂੰ ਉਠ, ਹਾਥੀ ਤੇ ਸ੍ਵਾਰ ਕਰ ਫਰੀਦਕੋਟ ਨਗਰ 'ਚ ਫੇਰ, ਦਿਵਾਨ ਲਗਾਕੇ ਮਿਲੇ। ਟੀਕਾ ਉਨ੍ਹਾਂ ਦੀ ਸਰਪ੍ਰਸਥੀ ਹੇਠ ਕਰਨ ਨੂੰ ਕਿਹਾ, ਜੋ ਇਸ ਦਸ ਟੀਕਾ-ਟਿੱਪਣੀ ਦੀ ਭੂਮਿਕਾ ਵਿੱਚ, ਤੇ ਹਰੇਕ ਟੀਕਾ ਕਰਤਾ ਭੂਮਿਕਾ 'ਚ ਵਿਸਤਾਰ ਨਾਲ ਲਿਖਿਆ ਹੈ॥

ਭਾਰਤੀ ਅੰਗ੍ਰੇਜ਼ੀ ਪੰਜਾਬ (British India Pañjäb of late HH Ranjït Singh) ਪਿਛੇ ਅੰਗ੍ਰੇਜ਼ੀ ਰਾਜਨੀਤੀ ਨੇ ਖੁਲਮਖੁਲਾ ਸ਼੍ਰੀ ਗੁਰਬਾਣੀਦਾ ਉਲਥਾ ਬੰਦ ਕਰ ਦਿਤਾ ਤਾਂ ਗੁਪਤ

183. ਉ.ਸ਼੍ਰੀ ਗੁਰੂ ਤੀਰਥ ਸੰਗ੍ਰਹ ਪੰ:੨੭੨; ਅ.ਗੁਰੁਕੀ ਸਾਖੀਆਂ, ਸਾਖੀ: ਪਏ; ਏ.ਸਾਖੀ:੬੦ ਰਾਮ ਰਾਇ ਦੇ ਪੁਤ੍ਰ ਰਾਮਚੰਦ (ਔਰੰਗਜ਼ੇਬ ਹੁਕਮ ਨਾਲ'ਕਿਲਾ ਰਣਥੰਭੌਰ ਕੈਦ)। ਪੋਤਾ ਭਾਗ ਮੱਲ ਪ੍ਰਸੰਗ ਬਕਾਲਾ ਛੱਡ ਕਰਤਾਰਪੁਰ ਮੁੜੇ॥ ਬੀੜ ਨਾਲ ਸੁਧਾਈ ਲਈਂ ਭਾਈ ਮਨੀ ਸਿੰਘ ਭੇਜੇ॥ ਦੇਖੋ ਮਹਾਨ ਕੋਸ਼:ਕਰਤਾਰਪੁਰ,ਜਲੰਧਰ॥

Sri Satguru Jagjit Singh Ji eLibrary NamdhariElibrary@gmail.com

ਬਣੌਣ ਦੀ ਮਦਦ ਆਰੰਭ ਕਰਨ ਦਾ ਕੰਮ ਰਚਿਆ॥ ਮੈਕਾਲਿਫ ਨੇ ਪਹਿਲਾਂ ਇਕ ਦੋ ਗੁਰੁਸਿਖ ਇਤਿਹਾਸ ਤੇ ਸਿੱਧਾਂਤਾਂ ਉਤੇ ਪਰਚੇ ਲਿਖ ਕਲਕਤੇ ਵਿੱਚ ਪੜ੍ਹੇ ਤੇ ਛਾਪੇ॥ ਫੇਰ ਉਸਨੇ ਸਿੱਖਾਂ ਲਈ ਸਰਵੱਸਵ ਅਰਪਣ ਕਰਣ ਲਈ ਆਪਣੀ ਮਹਾਨ ਡਿਵਿਜ਼ਨਲ ਜੱਜ ਪਦਵੀ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ, ਜਿਸ ਤੇ ਸਿੱਖਾਂ ਵਿੱਚ ਧੰਨ ਧੰਨ ਉਦੋਂ ਹੀ ਨਹੀਂ, ਅੱਜ ਤਕ ਹੋ ਰਹੀ ਹੈ॥

ਇਕ ਪਾਸੇ ਭਾਰਤ ਦੇਸੀ ਪੰਜਾਬ(Indian Pañjäb States) ਦੇ ਗੁਰੁਸਿੱਖ ਤਟਸਤ ਮੈਕਾਲਿਫ ਦਾ ਭਾਰਤ ਅੰਗ੍ਰੇਜ਼ੀ ਪੰਜਾਬੀ ਸਿੱਖਾਂ ਲਈ ਦੂਜਾ ਭਾਉ ਮਾਯਾ ਦੀ ਨੀਵ ਧਰੀ ਗਿਆ: ਉਸ ਨੀਤੀ ਨੇ ਇਹ ਘਮਸਾਨ ਪਾਯਾ, ਸ਼੍ਰੀਗੁਰ ਵਾਕ: ਗੁਰੂਦੁਆਰੈ ਹੋਇ, ਸੋਝੀ ਪਾਇਸੀ॥ ਏਤੁ ਦੁਆਰੈ ਧੋਇ ਹਛਾ ਹੋਇਸੀ ਅੰਗ੍ਰੇਜ਼ਾਂ ਦੀ ਨੀਤੀ ਕਈ ਗੁਰੁਸਿੱਖ ਨਾ ਸਮਝੇ ਕਿ ਸ਼੍ਰੀ ਗੁਰੁਬਾਣੀਦੇ ੧ਓ ਬ੍ਰਹਮ ਦੀ ਸੋਝੀ ਕਿਵੇਂ ਪੌਣੀ ਹੈ॥ ਸਾਰਿਆਂ ਨੂੰ ਅੰਗ੍ਰੇਜ਼ ਵੇਲੇ ਤੋਂ ਗੁਰਦੁਆਰੇਆਂ ਦੇ ਮਾਯਾ-ਜ਼ਹਿਰ ਦੀ ਸੋਝੀ ਜ਼ਰੂਰ ਬਰ ਜ਼ਰੂਰ ਇਲੈਕਸ਼ਨ ਕਾਰਣ ਹੋਈ॥

ਸ਼੍ਰੀਗੁਰੁਬਾਣੀ ਉਪਦੇਸ਼ ਮੰਤਵਜ ਕੀ ਹੈ ਨਵੇ ਸਿੱਖ ਪ੍ਰਚਰਕ ਮੰਨੇ-ਪਰਮੰਨੇ ਵਿਦ੍ਵਾਨ ਕਹਾਣ ਵਾਲੇ ਨਹੀਂ ਵਿਚਾਰ ਸਕੇ ਕਿਉਂਕਿ ਗੁਰਗਮ ਸਿਖਿਆ ਨਹੀਂ॥ ਪਹਿਲੋ ਪਹਿਲ ਮਾਤਾ ਪਿਤਾ, ਸਖਾ ਸੰਬੰਧੀ ਦੇਖਾ ਦੇਖੀ ਗੁਰਦ੍ਵਾਰੇ ਦੁਨੀਆਂਦਾਰੀ ਸਭ ਚਲਦੇ ਹਨ: ਜਿਸ ਸੰਬੰਧੀ ਸ਼੍ਰੀਗੁਰੁ ਬਚਨ ਹੈ:

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥ ਜਿਨ ਗੁਰਮੁਖਿ ਹਿਰਦਾ ਸੁਧੁਹੈ, ਸੇਵ ਪਈ ਤਿਨ ਥਾਇ॥ ਹਰਿ ਗੁਣ ਗਾਵਹਿ,ਹਰਿ ਨਿਤ ਪੜਹਿ,ਹਰਿ ਗੁਣ ਗਾਇ ਸਮਾਇ॥ ਨਾਨਕ:ਤਿਨਕੀ ਬਾਣੀ ਸਦਾ ਸਚੁਹੈ,ਜਿ ਨਾਮਿ ਰਹੇ ਲਿਵ ਲਾਇ; ਅਤੇ, ਦੇਖਾ ਦੇਖੀ ਸ੍ਵਾਂਗੁ ਧਰਿ, ਭੂਲੇ ਭਟਕਾ ਖਾਹਿ॥ '[ਸ.184]

ਸ਼੍ਰੀ ਗੁਰੂ ਗ੍ਰੰਥ ਸਾਹਿਬ ਮਹਾਪ੍ਰਬੰਧ ਦੇ ਅੰਗ ਹਰ ਪਾਠਕ ਨੂੰ ਜਾਨਣੇ ਜ਼ਰੂਰੀ

1. ਸ਼੍ਰੀ ਗੁਰੂ ਗ੍ਰੰਥ ਸਾਹਿਬ ਅਕਾਲ ਬਾਣੀ ਦੇ ਮੁੱਖ ਅੰਗ ਅਪੈਨਡਿਕਸ:-1.
2. ਦਿਵਜ ਅਕਾਲ ਰੂੜੀ ਬਾਣੀ ਪਰਿਭਾਸ਼ਾ ਅੰਕ ਗਣਿਤ ਸ਼ਬਦਾਵਲੀ Numeric Hermeneutics): ਅਪੈਨਡਿਕਸ:-2
3. ਅਕਾਲ ਪੁਰਖੀ ਦਿਵਜ ਰੂੜੀ ਬਾਣੀ (Holy Canon's Languages, Sub-Languages): ਅਪੈਨਡਿਕਸ:-2.
4. ਨੌ(9)/ਚੌਦਾ(14)ਕਾਵਜ/ਭਗਤੀ ਅਧਮ, ਮੱਧਮ,ਉਤਮ ਰਸ ਵਿਨਜੋਕਤੀਆਂ (Temporal+Divine Emotions):- ਨੀਚ:1.ਪੁਤ੍ਰ/ਪੁਤ੍ਰੀ ਵਾਤਸਲਜ/ਭਗਤ-ਵਛਲ, 2. ਮਾਤਾ/ਪਿਤਾ, ਭਗਤ; 3. ਕਾਮ ਭਗਤੀ; 4. ਵੈਰ ਭਗਤੀ॥ 4+9+1=14, ਮੱਧ:1. ਸ਼੍ਰਿੰਗਾਰ, 2. ਵੀਰ, 3. ਕਰੁਣ, 4. ਅਦਭੁਤ, 5. ਹਾੱਸ, 6. ਰੌਦ੍ਰ, 7. ਭਯਾਨਕ, 8. ਵਿਭਤਸ, 9. ਸ਼ਾਂਤ+ਉੱਤਮ 10. ਪ੍ਰੇਮ ਭਗਤੀ:-
5. ਸੰਗੀਤ ਮਾਰਗ+ਦੇਸ਼ੀ ਆਧਾਰ (Indic Divine & Secular Music) ਅਪੈਨਡਿਕਸ:3

184. ਪੁਨ੍ਹ.ਉ. ਪੰਨਾ ੭੫੫:੭। ਅ.ਪੰ.੪੭੦:੮।ਏ.ਪੰ. ੧੩੫੦:੪ । ਸ.ਪੰ. ੨੮:੪; ੧੭੫:੧੬; ੫੨੮:੪;' ੧੩੭੧:੧੩ ॥

Sri Satguru Jagjit Singh Ji eLibrary NamdhariElibrary@gmail.com

6. ਗੱਦ-ਪਦ ਛੰਦ ਤਿਨ ਮੁੱਖ ਸ਼ੈਣੀਆਂ (Indic Prose & Prosody): ਅਪੈਨਡਿਕਸ:-4.

7. ਨਿਆਏ (Maxims) 60+ਆਦਿ ਜੋ ਭਾਈ ਸੰਤੋਖ ਸਿੰਘ "ਗਰਬ ਗੰਜਨੀ" ਟੀਕਾ 'ਚ ਵਰਤੇ:-ਅਪੈਨਡਿਕਸ:-5.

8. ਭਾਸ਼ਾ ਅਲੰਕਾਰ 60+(Figures of speech) ਆਦਿ ਪੁਰਾਣੇ ਟੀਕਾਕਾਰਾਂ ਬਰਤੇ ਹਨ- ਅਪੈਨਡਿਕਸ:-6

ਭਾਖਾ ਧਾਤੂਆ ਅਧਾਰ ਪਰਥਾਇ ਅਨੁਸਾਰ ਪਦ/ਸ਼ਬਦ ਅਰਥ ਹੁੰਦੇ ਹਨ॥

1. ਇਕੋ ਸ਼ਬਦ ਅਨੇਕ ਸ਼ਾਸਤ੍ਰ ਪਰਥਾਇ ਬਹੁਤ ਅਰਥ ਕੋਸ਼ਾਂ 'ਚੋਂ ਜਾਣੀ ਦੇ ਹਨ ॥

2. ਇਕ ਸ਼ਬਦ ਇੱਕ ਵਿਸ਼ੈ 'ਚ ਇਕੋ ਹੀ ਪਰਿਭਾਸ਼ਿਕ ਅਰਥ ਰਖਦਾਹੈ। ਜ਼ਿਆਦਾ ਭ੍ਰਮਕਾਰੀ ਹੋ ਜਾਂਦੇ ਹਨ ਤੇ ਸਿੱਧਾਂਤ ਝੋਲਾ, ਦੁਭਿਧਾ ਅਰਥਕ ਹੋਣ ਕਾਰਣ ਸਿੱਧਾਂਤ ਸਹੀ ਨਤੀਜੇ ਤੇ ਨਹੀਂ ਪਹੁੰਚਾ ਸਕਦਾ॥

3. ਇਕ ਪਦ ਜਦ ਹੋਰ ਪਦ ਨਾਲ ਜੁੜਵਾਂ ਸ਼ਬਦ ਬਣਦਾ ਹੈ ਜੋ ਦੋਨਾਂ ਤੋਂ ਅਲੈਹਦਾ ਆਪਣੇ ਪਰਥਾਇਆਂ ਅੱਡ ਅੱਡ ਅਰਥੀ ਨਹੀ ਰਹਿੰਦੇ ਬਲਕਿ ਦੋਨੋਂ ਅੱਡ ਜੁੜੇ ਇੱਕ ਨਵੇਂ ਸ਼ਬਦ ਬਣਕੇ ਹੋਰ ਹੀ ਅਰਥ ਬਣ ਜਾਂਦਾ ਹੈ, ਮਸਲਿਨ:- ਪੀਲੇ ਰੰਗ ਨੂੰ ਲਾਲ ਨਾਲ ਮਿਲਾਏ: ਅੰਬਰਸੀ,ਅੰਬਰੀ, ਕੇਸਰੀ ਹੋਰ ਰੰਗ ਹੀ ਬਣਦੇ ਹਨ; ਜਾਂ ਪੀਲੇ ਰੰਗ ਨੂੰ ਨੀਲੇ ਨਾਲ ਮਿਲਾਏ: ਅੰਗੂਰੀ, ਜ਼ਮੁਰਦੂ, ਹਰਾ, ਧਾਨੀ, ਆਦਿ ਰੰਗ ਬਣਦੇ ਹਨ॥ ਇਸੇ ਤਰ੍ਹਾਂ ਸ਼ਬਦਾਂ ਦੇ ਵੀ ਭਿੰਨ ਭਿੰਨ ਅਰਥ ਜੁੜੇ ਕਾਰਣ ਹੋਰ ਸ਼ਬਦ ਅਰਥ ਹੋ ਜਾਂਦੇ ਹਨ; ਜਿਵੇਂ:-ਗੁਰੁ ਨਾਲ ਜੁੜੇ ਸ਼ਬਦਾਂ ਦੇ ਅਨੇਕ ਅਰਥ ਦੇਖਦੇ ਹਾਂ:-ਗੁਰਕੂ=ਗੁਰੂਲਣੀ; ਗੁਰੇਛਾ/ਭਾਣਾਂ; ਗੁਰੁਗਮ=ਮਾਰਗ, ਗਿਆਨ, ਗਮਨ, ਪ੍ਰਾਪਤਿ ਤਿਨੋਂ ਅਰਥ ਬੋਧ ਸੰਸਕ੍ਰਿਤ ਪਿਛੋਕੜ 'ਚ ਹੈ: ਹੋਰ ਤਰ੍ਹਾਂ ਨਹੀਂ॥ ਸ਼੍ਰੀਗੁਰ ਪ੍ਰਮਾਣ:- ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ; ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ[ਏ.185] ਇਸੇ ਤਰ੍ਹਾਂ:- ਗੁਰੁ+ਗੋਪਕ; ਗੁਰੁ+ਦੋਖੀ; ਗੁਰੁ+ਮੁਖ; ਮਨ+ਮੁਖ, ਮਨ+ਮਤ, ਬੇ-ਮੁਖ ਆਦਿ, ਅਨੇਕ ਸ਼੍ਰੀਗੁਰੂ ਪ੍ਰਮਾਣ ਦੇਖਦੇ ਹਾਂ॥ ਇਹ ਜ਼ਰੂਰੀ ਗਲ ਯਾਦ ਰਹੇ: ਇਕੱਲੇ ਸ਼ਬਦ ਦੇ ਅਰਥ ਤੋਂ ਬਣੇ ਜੁੜਵੇ ਸ਼ਬਦ ਹੋਰ ਸ਼ਬਦ ਬਣਕੇ ਹੋਰ ਅਰਥੀ ਹੋ ਜਾਂਦੇ ਹਨ; ਜਿਵੇਂ ਧਾਤੂ ਅਗੇਤ੍ਰ/ਪਛੇਤ੍ਰ ਜੋੜਨ ਨਾਲ ਸਾਰੇ ਸ਼ਬਦਾਂ ਦੇ ਅਰਥ ਬਦਲ ਜਾਂਦੇ ਹਨ, ਮਸਲਨ :-

1. ਮਾਨ ਦਾ ਅਰਥ: ਮਿਣਤੀ ਹੈ, ਪਰ ਦੋਖੋ ਪਦ:- ਅਪਮਾਨ, ਅਨੁਮਾਨ, ਸੰਮਾਨ, ਪ੍ਰਮਾਨ...; ਇਸ ਅਧਾਰ ਤੀਜੇ ਸ਼੍ਰੀਜਗਦਗੁਰੂ ਜੀਨੇ ਦ੍ਰਿੜ ਨਿਸਚੈ ਕਰਾਣ ਲਈ ਇਸ ਸ਼ਬਦ ਰਾਹੀਂ ਸਿਖਿਆ ਉਪਦੇਸੀ:-
ਅਗਮ ਨਿਗਮੁ(ਰਾਹੀਂ) ਸਤਿਗੁਰੂ ਦਿਖਾਇਆ॥

2. ਇਸ ਤਰ੍ਹਾਂ ਤਰਕ ਰਾਹੀਂ ਅਗਲੇ ਸ਼ਬਦ ਨਿਸਚੈ ਕਰਕੇ ਸਰਵਭੋਮ ਮਾਨਜ ਪ੍ਰਤੱਖ ਪ੍ਰਸਿੱਧ ਅਰਥ ਹਨ:-

185. ਸ਼੍ਰੀਗੁਗ੍ਰੰਜੀ:ਪ.੧੨੯੩:੪"ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥ ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥੨॥" ਅ.ਮ:1. ਪੰਨਾ. ੬੧:੧੭, । ਏ.ਮ:੧. ਪੰਨਾ. ੧੧੨੩:੮, ਆਦਿ ॥

Sri Satguru Jagjit Singh Ji eLibrary NamdhariElibrary@gmail.com

ਅਸਤ(ਅਨਹੋਂਦ) ਵਿੱਚੋਂ ਹੋਂਦ ਪ੍ਰਗਟ ਹੋਣੀ ਨਾ-ਮੁਮਕਿਨ ਹੈ॥ ਐਸੇ ਤਰਕ ਦ੍ਰਿਸ਼ਟਾਂਤ ਸ਼੍ਰੀਗੁਰੁਬਾਣੀ ਵਿੱਚ ਬਹੁਤ ਹਨ, ਜਥਾ: ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ ਭਾਵ, ਬਾਂਝ ਇਸਤ੍ਰੀ ਪੁਤ੍ਰ ਹੋਂਦ ਅਸੰਭਵ ਹੈ, ਜੇ ਓਹਦੇ ਪੁਤ੍ਰ ਹੋਵੇ ਤਾਂ ਓਹ ਬਾਂਝ ਨਹੀਂ ਸੀ ॥ ਹੋਰ ਤਰਕ ਉਦ੍ਹਾਰਣ ਦੇਖੋ:-

3. ਅਣਹੋਂਦ (ਸੁੰਨ) ਵਿੱਚੋਂ ਹੋਂਦ (existence) ਪ੍ਰਗਟ ਨਾ ਮੁਮਕਿਨ ਹੋਵੇ ਤਾਂ ਓਹ ਕੇਵਲ ਸੂਖਮ ਰੂਪ ਤੋਂ ਅਸਥੂਲ (evident, telescopic) ਪ੍ਰਤੱਖ ਰੂਪ ਦਿਖਾਈ ਹੈ ਪਰ ਇਹ ਕਦੀ ਨਹੀਂ, ਅਣਹੋਂਦ 'ਚੋਂ ਹੋਂਦ ਹੋਵੇ॥ ਦੁਨੀਆਂ ਭਰਦੇ ਕਿਸੇ ਮਹਾਦ੍ਵੀਪ, ਦੀਪ, ਟਾਪੂ, ਦੇਸ ਦੀ ਸੰਸਕ੍ਰਿਤੀ ਕਦੀ ਵੀ ਸ਼ੁੰਨਜ ਵਿੱਚੋਂ ਪ੍ਰਗਟ ਨਹੀਂ ਹੋ ਸਕਦੀ, ਕਾਰਣ ਕਿ, ਇਹ ਸਰਵ ਮਾਨ ਤਰਕ ਪ੍ਰਸਿੱਧ ਹੈ:-ਕਾਰਣ ਬਿਨਾ ਕਾਰਜ ਨਹੀਂ ਹੁੰਦਾ ਜਿਸ ਕਰਕੇ ਕਾਰਣ-ਕਾਰਜ ਵਾਦ(Scientific Doctrime of Cause-Effect) ਪ੍ਰਗਟ ਅਟੁਟ ਵਿਗਿਆਨ ਨੇਮ ਹੈ; ਜਿਸ ਤਰਕ ਸਿੱਧ ਸਿਧਾਂਤ ਆਧਾਰ ਕਰਕੇ ਸ਼੍ਰੀਵਿਸ਼੍ਵਗੁਰੂ ਨਾਨਕ-ਸ਼੍ਰੀਜਗਦਗੁਰੂ ਗੋਬਿੰਦ ਸਿੰਘ ਜੀ ਸੰਬੋਧਿਤ ਬੇਦ-ਕਤੇਬ ਧਰਮੀ ਭਗਤਾਂ ਦੀ ਅਟੁਟ ਪਰੰਪਰਾ ਦ੍ਰਿੜ ਕਰਾਣ ਲਈ ਇਹ ਪ੍ਰਮਾਣ ਸ਼੍ਰੀ ਪੰਚਮ ਜਗਦਗੁਰੂਬਚਨ ਹਨ:-

ਜੋ ਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ॥ ਨਾਨਕ ਕੀ ਬੇਨੰਤੀ ਪ੍ਰਭਜੀਉ, ਮਿਲੈ ਸੰਤਜਨ ਸੇਵਾ॥

ਇਸੇ ਸਿਧਾਂਤ ਅਧਾਰ, ਚੌਥੇ ਸ਼੍ਰੀਜਗਦਗੁਰੂ ਰਾਮਦਾਸ ਜੀ ਪ੍ਰਸਿੱਧ ਨਿੱਤ ਪੜੀ ਇਹ ਸ਼ਹਾਦਤ ਹੈ:-

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮਰਾਜੇ॥ ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥ ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥ ਜਨ ਨਾਨਕ ਐਸਾ ਹਰਿ ਸੇਵਿਆ,ਅੰਤਿ ਲਏ ਛਡਾਇਆ॥

ਇਸ ਸ਼ਬਦ 'ਚ ਦੋਨੋਂ ਪੁਰਾਣੇ ਸਤ ਜੁਗੀ ਗਿਆਨੀ-ਭਗਤ ਪ੍ਰਹਲਾਦ ਤੇ ਨਵੇਂ ਕਲਿਜੁਗੀ ਗਿਆਨੀ ਭਗਤ ਨਾਮਦੇਵ ਨਾਲ ਤੁਲਨਾ ਦਿਖਾਈ ਹੈ॥ ਇਹ ਅਨਾਦੀ ਬ੍ਰਹਮ ਵਿਦਿਆ ਲੰਬੀ ਬ੍ਰਹਮ ਗਿਆਨ ਪੌੜੀ ਲੋਪ ਹੋਈ, ਇਸ ਜੁਗ 'ਚ ਸ਼੍ਰੀਵਿਸ਼੍ਵਗੁਰੁ ਨਾਨਕ ਦੇਵ-ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਫੇਰ ਚਲਾਈ ਜੋ ਪ੍ਰਪਾਟੀ ਵਿਰਲੇ ਮੁੱਖ ਦਮਦਮੇ, ਤੇ ਗੌਣ ਅੰਮ੍ਰਿਤਸਰ ਟਕਸਾਲੀ ਸਿਖਾਣ ਦੇ ਸੰਤਾਂ, ਗਿਆਨੀਆਂ ਭਾਈਆਂ ਰਾਹੀਂ ਪ੍ਰਾਪਤ ਹੈ।

ਗੁਰੂ ਗ੍ਰੰਥ ਸ਼ਾਸਤ੍ਰ ਹੈ ਜਿਸ ਦੇ ਸਿਧਾਂਤ 'ਚ ਬਿਲਕੁਲ ਕਦੀ ਕੋਈ ਗਲਤ ਫਹਿਮੀ ਨਾ ਰਹੇ: 1 ਅੰਕ ਨਾਲ ਪ੍ਰਾਰੰਭ ਹੁੰਦਾਹੈ । ਐਸੀ ਅਨੋਖੀ ਦੇਣ ਮਿਲਨੇ ਤੇ ਵੀ ਪੱਛਮੀ ਅੰਗ੍ਰੇਜ਼ ਨੀਤੀ ਨੇ ਏਕਤਾ(ਏਕਤ੍ਵ) ਸਮਝ ਨਾਸ਼ ਆਪਣਾ ਪਹਿਲਾ ਲਿਖਿਆ (fn.190) ਅੰਜੀਲ ਦੂਜਾ ਭਾਉ ਮੱਤ ਠੋਸ '1' ਸਿਧਾਂਤ ਗੁਰੁਮਤ ਗਿਆਨ ਭੁਲਾ, ਨੀਤੀ ਚਲਾ ਫੁਟ ਪਾਈ ਜਾਵੇ, ਨਾਸ਼ ਹੋ ਜਾਣਗੇ॥ ਇਹ ਸਿਖਿਆ ਇਸਾਈ ਮਤ ਬਾਨੀ ਯਸੂ ਮਸੀਹ ਨੇ ਪਹਿਲੇ ਕਹੀ ਤੋਂ ਵਧਰੀ ਇਉਂ ਕਹੀ: **Holy Bible St.Matt XII (LORD Jesus said) :- 25....Every kingdom divided against itself is brought to desolation and every city or house divided against itself shall not stand.**

Sri Satguru Jagjit Singh Ji eLibrary NamdhariElibrary@gmail.com

ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨੇ ਸੰਸਕ੍ਰਿਤ ਮੰਗਲ ਪਹਿਲਾਂ ਦਰਜ ਕੀਤਾ ਸੀ ਪਰ ਬਾਦ ਵਿਚ ਨਹੀਂ ਛਾਪਿਆ॥

ਮਹਾਭਾਰਤ ਇਤਿਹਾਸਿਕ ਸੱਤ ਹੈ, ਉਸ ਕਾਲ ਦੇ ਰਾਜਾ ਕਾਲ ਦਾ ਯਵਨ(ਯਮਨ) ਦੇਸੀ ਅਰਬ ਰਾਜੇ ਨਾਲ ਯੁੱਧ ਹੋਇਆਸੀ: ਪਰ ਭਾਰਤ ਸਮਰਾਟਤਾ ਉਤੇ ਕੋਈ ਪ੍ਰਭਾਵ ਨਹੀਂ ਹੋਯਾ, ਅਤੇ ਫੇਰ ਯੁਨਾਨੀ ਬਾਦਸ਼ਾਹ ਸਿਕੰਦਰ(ਪੂਰਵ ਈਸ੍ਵੀ 356-336-323) ਆਕੇ ਪੰਜਾਬ-ਸਿੰਧ ਦੇਸ ਤੋਂ ਮੁੜ ਗਇਆ॥ ਭਾਰਤੀ ਕਿਸੇ ਪਰਦੇਸੀ ਦੇ ਬੰਦੀ ਨਹੀ ਹੋਏ॥

ਪਹਿਲੀ ਵਾਰ ਸੰਨ 720 'ਚ ਭਾਰਤ ਦੇਸ਼ ਅੰਦਰ ਅਰਬੀ ਧਾਵੇ ਨਾਲ ਸਿੰਧ ਦੇਸ਼ ਗੁਲਾਮ ਬਣਿਆ॥ ਉਸ ਪਿੱਛੋਂ ਓਥੋਂ ਯਾਵਨੀ ਉੱਤਰੀ ਤੁਰਕੀ ਪਾ/ਫਾਰਸੀ ਅਤੇ ਪਠਾਨ ਜ਼ਬਰਨ ਮੁਸਲਮਾਨ ਬਣਾਏ॥ ਆਖਰ ਸ਼੍ਰੀ ਵਿਸ਼੍ਵਗੁਰੂ ਨਾਨਕ-ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀ ਪ੍ਰਗਟੇ ਜਿਨ੍ਹਾਂ ਵਹਿਗੁਰੂ ਅਗੇ ਅਰਦਾਸ ਕਰ ਭਾਰਤੀਆਂ ਨੂੰ ਬ੍ਰਹਮ ਗਿਆਨ ਤ੍ਰਿਕਾਂਡ ਦੋਨੋ ਕ੍ਰਮ ਤੇ ਸਮ ਸਮੁਚੇ ਸਮਨ੍ਹੈ ਗਿਆਨ ਉਪਦੇਸ ਮਰਗ ਦਿਖਾਇਆ:-

ਮਃ 1 ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ

ਮਃ 5:-ਬ੍ਰਹਮਗਿਆਨੀ ਕੈ ਗਰੀਬੀ ਸਮਾਹਾ॥

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥

ਮਃ1:-ਜਉ ਤਉ ਪ੍ਰੇਮ ਖੇਲਣਕਾ ਚਾਉ॥ ਸਿਰੁ ਧਰਿ ਤਲੀ,ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ: ਕਾਣਿ ਨ ਕੀਜੈ॥ [ਅ.186]

ਬਾਰ ਬਾਰ ਦੁਹਰਾ ਸੱਮਗ੍ਰ ਸ਼੍ਰੀਗੁਰੂ(6ਵੇਂ ਸ਼੍ਰੀਜਗਦਗੁਰੂ ਜੀ ਥਾਪੇ 2200 ਖਾਲਸਾ ਸੰਗਤ 'ਚ ਫੌਜ ਮਨਸੂਖ)ਉਸ ਤੋਂਵੀ ਚੜ੍ਹਦੀ ਕਲਾ ਦਸਮ ਪਾਤਸ਼ਾਹ ਜੀ ਨੇ ਗੁਰੂਸਿੰਘ 1699 ਬੈਸਾਖੀ ਦਿਨ 'ਚ ਪਹਿਲੇ ਪੰਜ ਪਿਆਰੇਆਂ ਦੀਆਂ ਪੰਜ ਪੰਜ ਦੀਆਂ ਟੋਲੀਆਂ ਬਣਾ 20,000 ਆਤਮ-ਸਪਰਪਣ ਸਿੰਘ ਸਾਜੇ॥ ਅੰਗ੍ਰੇਜ਼ ਨੇ ਜਾਂਚਿਆ:- ਗੁਰੁਸਿਖ ਧਰਮ ਸ਼ਾਸਤ੍ਰਾਂ ਦੀ ਸਿਖਿਆ ਹੋਰ ਸਾਰੇ ਭਾਰਤੀ ਧਰਮ ਸਿਧਾਂਤਾਂ ਤੋਂ ਅੱਡ ਹੈ॥ ਇਸ ਧਰਮ ਦੀ ਖੋਜ ਪ੍ਰੋਫੈਸਰ ਮੈਕਸਮੂਲਰ ਦੇ ਭਾਰਤੀ ਸੰਸਕ੍ਰਿਤੀ ਖੋਜ ਵਿਭਾਗ ਸਪੁਰਦ ਨੀਤੀ ਅਨੁਸਾਰ ਕਰਣੀ ਠੀਕ ਨਹੀਂ ਰਹੇਗੀ: ਕਿਉਂਕਿ ਇਹ ਨਵਾਂ ਚੜ੍ਹਦੀਕਲਾ ਦਾ ਧਰਮ ਹੈ॥ ਇਹ ਗੁੰਝਲ ਸਭਤੋਂ ਪਹਿਲਾਂ ਅੰਗ੍ਰੇਜ਼ੀ ਸਮਗ੍ਰ ਪੰਜਾਬ ਦੀ (1905 ਵਿਚ, ਵੰਡੋਂ ਪਹਿਲਾਂ) ਮੈਕਾਲਫ ਨੇ ਹੀ ਸਮਝਿਆ ਕਿ ਗੁਰੁਸਿਖਾਂ ਨੇ ਸ਼੍ਰੀਗੁਰੁਬਾਣੀ ਦੇ ਮਨਮਰਜ਼ੀ ਓਪਰੇ ਅੰਗ੍ਰੇਜ਼ੀ ਇਸਾਈ ਅਰਥ ਕਦੀ ਨਹੀਂ ਮੰਨਣੇ, ਕਿਉਂ ਓਦੋਂ ਤਕ ਟਕਸਾਲੀ ਗੁਰੁਗਮ ਰੀਤ ਪੜ੍ਹੇ ਸੰਤ-ਗਿਆਨੀਆਂ ਅਧਾਰੀ ਉਪਦੇਸ਼ਾਂ ਉਤੇ ਸਾਰੇ ਸਿੱਖ ਚਲਦੇ ਸਨ॥ ਸਾਰੇ ਅੰਗ੍ਰੇਜ਼ੀ ਪੰਜਾਬੀ ਇਲਾਕੇ ਇਤਿਹਾਸਿਕ ਗੁਰਦ੍ਵਾਰੇ ਵਿੱਚੋਂ ਇਹ ਗੁਰੁਆਂ ਥਾਪੇ ਮਹੰਤਾਂ ਦੀਆਂ ਲੜੀਆਂ ਕੱਢੀਆ ਜਾਣ, ਓਨ੍ਹਾਂ ਦੀ ਥਾਂ ਅਪਣੇ ਪੜ੍ਹਾਏ ਨਵੇ ਸਿਖ ਗਿਆਨੀ ਰਖੇ ਜਾਣ ਤਾਂ ਕਾਬੂ ਔਣਗੇ॥ ਅੰਗ੍ਰੇਜ਼ੀ ਭਾਰਤ ਗੌਰਮਿੰਟੀ ਇਸਾਈ ਇੰਜੀਲ ਕਿਤਾਬੀ ਰਾਜ ਨੀਤੀ ਗੁਰੁ-ਸਿਖ ਪੰਥੀ ਸਹਿਜਧਾਰੀ ਸਿਖ ਤੇ ਸਿੰਘ ਸਿਖਾਂ ਦੀ ਏਕਤਾ ਵਿੱਚ ਫਾੜ ਪਾਈ॥

ਮੈਕਾਲਫ ਨੇ ਓਸ ਵੇਲੇ ਆਪਣੇ ਸਾਮ੍ਹਣੇ ਜੋ ਅਟੂਟ ਇਤਿਹਾਸਿਕ ਗੁਰੁਸਿੱਖ ਪੰਥ ਸਿਖਿਆ ਦੀਆਂ ਲੜੀਆਂ ਦੇਖੀਆਂ ਸਨ; ਉਨ੍ਹਾਂ ਬਾਰੇ 1909 ਵਿੱਚ ਆਪਣੀ ਛਪੀ 3/6 ਭਾਗ

186. ਪੁਨ੍ਹੈ.ਓ.ਪੰਨਾ:੧੪੫:੨॥ ਅ.ਪੰਨਾ:੧੪੧੨:੨-੩॥

Sri Satguru Jagjit Singh Ji eLibrary NamdhariElibrary@gmail.com

ਕਿਤਾਬ ਵਿੱਚ ਇਹ ਰੂਪ ਵਰਣਨ ਕੀਤਾ ਹੈ:-"ਸਿਖਾਂ ਅੰਦਰ ਦੋ ਬੜੇ ਭਾਗ ਹਨ, ਸਹਿਜਧਾਰੀ ਅਤੇ ਸਿੰਘ, ਸਿੰਘਾਂ ਵਿੱਚ ਨਿਰਮਲੇ ਤੇ ਨਿਹੰਗ ਹਨ, ਅਤੇ ਸਹਿਜਧਾਰੀਆਂ ਅੰਦਰ ਉਦਾਸੀ..."[187]॥

ਜਾਣ ਕੇ ਗਲਤ ਵਰਣਨ ਕੀਤਾ: ਖੰਡੇ ਪਹੁਲੀ ਆਮ ਸਿੰਘ (ਸਫੇਦ/ਕੇਸਰੀ ਰੰਗੀ:lay reserve warrior Singhs) ਦੋਨੋਂ ਨਿਹੰਗ ਸਿੰਘ (ਪੀਲੇ ਨੀਲੇ ਰੰਗੀ: ever ready warrior Singhs) ਦੇ ਉਪਦੇਸ਼ਟਾ ਨਿਰਮਲੇ ਸਿੰਘ(ਸ੍ਵੇਤਾਂਬਰ/ਪਿਆਜ਼ੀ ਬ੍ਰਹਮਚਾਰੀ ਰੰਗ ਬਸਤ੍ਰੀ) ਸਾਰੇ ਖੜਗ ਪਾਹੁਲੀ ਹਨ॥

ਬਿਨਾ ਖੰਡੇ ਪਹੁਲ ਆਮ ਸਹਿਜਧਾਰੀ ਸਿਖਾਂ ਦੇ ਉਪਦੇਸ਼ਟਾ ਉਦਾਸੀ ਹਨ ਜੋ ਦਸ ਨਾਮ ਉਦਾਸੀ:- ਛੇਵੇਂ ਸ਼੍ਰੀਜਗਦਗੁਰੂ ਜੀਦੇ ਚਾਰ ਧੂਣੇ: 7,9,10ਵੇਂ ਤਿਨ ਸ਼੍ਰੀਜਗਦਗੁਰੂ ਜੀਆਂ ਦੇ ਛੇ ਬਖਸ਼ੀਸ਼ਾਂ ਮਿਲਾ 10 ਨਾਮ ਉਦਾਸੀ (ਮਜੀਠੇ ਰੰਗੀ) ਸਾਧੂ ਸਹਿਜਧਾਰੀ ਸਿੱਖਾਂ ਦੇ ਦੀਖਕ ਹਨ ਅਤੇ ਧਿਆਨ ਰਹੇ, ਕੇਵਲ ਨਿਰਮਲੇ ਸਿੰਘ ਖੰਡੇ ਪਾਹੁਲੀ ਹੋਣ ਕਾਰਣ ਹੋਰ ਧਰਮੀਆਂ ਨੂੰ, ਜਾਂ ਸਹਜਧਾਰੀ ਸਿੱਖਾਂ ਨੂੰ ਸਿੰਘ ਸਜਾ ਸਕਦੇ ਹਨ ਪਰ ਬਿਨਾ ਖੜਗ, ਪਾਹੁਲ ਉਦਾਸੀ ਨਹੀ ਦੇ ਸਕਦੇ॥ ਨਿਰਮਲੇ ਸਿੰਘ ਸਾਧੂ ਸਾਰੇਆਂ ਸਹਿਜਧਾਰੀ ਸਿੱਖਾਂ ਅਤੇ ਸਿੰਘਾਂ ਦੇ ਸਾਂਝੇ ਉਪਦੇਸ਼ਕ ਦੀਖਕ ਹਨ॥ [188]

ਸ਼੍ਰੀ ਗੁਰੂਜੀਆਂ ਨੇ ਆਪ ਗੁਰੂਸਿਖ ਪੰਥ ਸੰਪ੍ਰਦਾਇ ਪ੍ਰਚਾਰ ਲਈ ਰਚਿਆ

ਸ਼੍ਰੀ ਗੁਰੂ ਪੰਥ ਦੇ ਭਾਰਤ ਅਨੇਕ ਪਹਿਲੇ ਜੁਗਾਂ ਦੇ ਵਰਣ-ਆਸ਼੍ਰਮ-ਅਧਰਮ ਉਪਦੇਸ਼ ਦੇਣ ਲਈ ਸਮੈ ਸਮੈ ਭਿੰਨ ਭਿੰਨ ਸ਼੍ਰੇਣੀਆਂ ਦੇ ਪ੍ਰਚਾਰਕ ਛਾਂਟੇ ਜੋ ਸ਼੍ਰੀ ਗੁਰੁ ਪੰਥ ਮਹਿਲ ਥੰਮਾਂ ਦੇ ਸੰਪ੍ਰਦਾਇ ਬਣੇ ਕਿ ਓਹ ਸਾਂਝੇ ਸ਼੍ਰੀ ਗੁਰੁਬਾਣੀ ਅਰਥ ਪ੍ਰਚਾਰਣ, ਇਸ ਪਿਛੋਕੜ ਦੇ ਸੰਖੇਪ ਇਤਿਹਾਸ ਦ੍ਰਿਸ਼ਟਾਂਤ ਪਿਛੇ ਕਾਫੀ ਦੇ ਆਏ ਜੋ ਸ਼੍ਰੀ ਗੁਰੂ ਬਚਨਾਂ ਅਨੁਸਾਰ ਥਾਪੇ ਸਨ॥

---

187. *The Sikh Religion*.Vol. I. Intro: p.lii. Macauliffe(1880-1910-13)true covert Founder of "Sikh Religious" *Sigh Sabhä* Movement" spread Brit west educated Pañjäb neo-Sikh preachers. On the other hand, could not overlook evident living history dubiously stated "There are two great divisions of Sikhs, the *Sahijdhäris* and *Singhs*...In the *Singhs* are included the *Nirmaläs* and *Nihangs*, the *Sahijdhäris* include the *Udäsis*..."He"dubious" mischievously purports already the SCHISM existed.Yet,last Holy Guru left the Singh's Founding Fort Keshgarh incharge of Udäsi Monk Bhäd' Gubax:as no Home-front's without a (Singhs) forefront! Bible John XIV did not ORD Jesus say"2.In my father's house are many mansions:if it were not so,I would have told you".From Indian castes so Gurus selected preachers as "Unity in diversity". Also Jesus said: Matt: XII: 25 "Every kingdom divided against itself is brought to desolation;and every city or house divided against itself shall not stand:" cf.li Infact Macauliffe" covertly 1883 "Schism of *"Singh Sabha* (Movement)".

188. ਮਹਾਰਾਜਾ ਨਰੇਂਦ੍ਰ ਸਿੰਘ(੧੮੭੩-੪੫-੬੭ ਈਸ੍ਵੀ) ਦਾ ਧਰਮ ਧ੍ਵਜਾ ਪਟਿਆਲਾ ਵਿੱਚ ਨਿਰਮਲ ਪੰਚੈਤੀ ਅਖਾੜਾ ਥਾਪਣਦੀ ਉਸਕਾਲਦੀ ਤਸਵੀਰ॥ ਸ਼੍ਰੀ ਗੁਰੂ ਗ੍ਰੰਥਜੀ.ਓ.ਪੰ. ੫੭:੮=" ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥ ਹਾਟ ਪਟਣ ਗੜ ਕੋਠੜੀ, ਸਚੁ ਸਉਦਾ ਵਾਪਾਰ..."॥ ਅ. ਪੰਨੇ: ੫੮.੭;੨੭:੧੪; ੨੮:੧੨; ੩੨:੭;੬੪:੧;* ੫੯੦:੭;੧੩੬੫:੮,੧੧;੧੪੦੯:੬ ਆਦਿ॥ਭਾਈ ਗੁਰਦਾਸ ਵਾਰ: ੧।੪੫।੪॥ਆਦਿ

Sri Satguru Jagjit Singh Ji eLibrary NamdhariElibrary@gmail.com

ਕੀ ਘਰ ਇੱਕ ਕੰਧ ਦਾ ਹੋ ਸਕਦਾ ਹੈ? ਘਟੋ ਘਟ ਤਿੰਨ, ਨਹੀਂ ਚਾਰ ਦਿਵਾਰਾਂ ਜਰੂਰੀ ਹਨ, ਜਾਂ ਓਹ ਕੋਟ ਚੱਕ੍ ਰੂਪ ਹੁੰਦਾ ਹੈ ਅਤੇ ਜੇ ਕੋਟ ਗੜ੍ਹ ਮਹਿਲ ਅੰਦਰ ਦਿਵਾਨਖਾਨਾ ਹੋਵੇ ਤਾਂ ਓਹ ਮਹਿਲ ਇੱਕ ਥੰਮ੍ਹ ਉੱਤੇ ਛੱਤ ਨਹੀਂ ਖੜੀ ਹੋ ਕਦੀ; ਉਸ ਲਈ ਵੀ ਅਨੇਕ ਥੰਮ੍ਹਾਂ ਉਤੇ ਹੀ ਮਹਾਨ ਛੱਤ ਖੜੀ ਰਹਿਣੀ ਸੰਭਵ ਹੈ॥

ਇਸੇ ਤਰ੍ਹਾਂ ਧਰਮ ਗੜ ਦੇ ਇੱਕ ਥਾਪਕ ਰੱਖਕ/ਪ੍ਰਚਾਰਕ ਕਦੀ ਇੱਕ ਨਹੀਂ ਹੋਏ। ਈਸਾ ਮਸੀਹ ਦੇ ਬਾਰਾਂ (12) ਅਪੋਸਲ ਸਨ, ਇਸੇ ਤਰ੍ਹਾਂ ਸਭਤੋਂ ਪਹਿਲਾਂ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਨੇ ਅੱਠ (8) ਮੰਜੀਦਾਰ ਥਾਪੇ॥ ਐਥੇ ਹੀ ਬਸ ਨਹੀਂ: ਛੇਵੇਂ ਸ਼ੀ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਸ਼੍ਰੀ ਚੰਦ ਜੀ ਦੀ ਵਿਨਮ੍ ਬੇਨਤੀ ਪਰਵਾਨ ਕਰ ਬੜੇ ਸਾਹਿਬਜ਼ਾਦਾ ਗੁਰਦਿਤਾ ਜੀ ਜੋ ਸੱਤਵੇਂ ਸ਼੍ਰੀਗੁਰੂਜੀਦੇ ਪਿਤਾ ਸਨ ਉਦਾਸੀ ਪਦਵੀ ਬਾਬਾ (Patriarch) ਪ੍ਰਦਾਨ ਕਰਾਈ॥ ਉਸ ਵੇਲੇ ਤਕ ਸ਼੍ਰੀ ਵਿਸ਼੍ਵਗੁਰੂਜੀ ਦੀ ਕ੍ਰਿਪਾ ਤੋਂ ਓਦੋਂ ਕਾਲ ਤਕ ਪਰਾਇ-ਲੁਪਤ ਉਦਾਸੀ-ਸਿੱਖ ਸੰਪ੍ਰਦਾਇ ਥੀ ਜੋ ਉਸ ਵੇਲੇ ਅਸੀਸਾਂ ਰਾਹੀਂ ਪ੍ਰਚਲਿਤ ਕੀਤੀ ਅਤੇ ਓਹੀ ਛੇਵੇਂ ਤੋਂ ਦਸਵੇਂ ਸ਼੍ਰੀਗੁਰੂ ਗੋਬਿੰਦ ਸਿੰਘ ਜੀ ਦੀਆਂ ਅਸੀਸਾਂ ਤੋਂ ਚਾਰ ਧੂਣੇ ਤੇ ਛੇ ਬਖਸ਼ੀਸ਼ਾਂ, ਦਸ ਨਾਮ ਉਦਾਸੀ ਸਿੱਖ ਸੰਪ੍ਰਦਾਇ ਥਾਪੀ॥[189] ਇਨ੍ਹਾਂ ਤੋਂ ਵੱਖਰੇ,7, 9 ਤੇ 10ਵੇਂ ਸ਼੍ਰੀਗੁਰੂਜੀਦੇ ਭਾਈ ਕਨ੍ਹਈਆ (ਸੇਵਾ ਪੰਥੀ) ਹਨ॥

1686 ਈਸ੍ਵੀ ਵਿੱਚ 15 ਸੰਤ ਸਿੱਖ ਕਾਸ਼ੀ ਵਿਦਿਆ ਪੁਰਸਕਾਰ/ਵਜ਼ੀਫੇ ਤੇ ਭੇਜੇ ਅੱਗੇ ਗੁਰਬਾਣੀ ਅਰਥਕਾਰ ਨਿਰਮਲੇ ਸਿੱਖ-ਸਿੰਘ ਸੰਤ-ਗਿਆਨੀ ਟਕਸਾਲੀ ਵਿਦਵਾਨ ਹਨ॥ ਇਸ

189. ਦਸ਼ ਨਾਮ ਸੰਨਿਆਸੀਆਂ ਦੇ ਮੁਕਾਬਲੇ ਵਿੱਚ ਸ਼੍ਰੀ ਗੁਰੂ ਨਾਨਾਕ ਦੇਵਜੀਦੇ(ਕੇਵਲ ਬਾਬਾ ਸ਼੍ਰੀ ਚੰਦਜੀ ਹੀ ਨਹੀਂ ਸਨ!) ਸ਼੍ਰੀਗੁਰੁਬਾਣੀ ਪ੍ਰਮਾਣ ੯੯੨:੧੭:- "ਊਪਰਿ ਗਗਨੁ,ਗਗਨ ਪਰਿ ਗੋਰਖੁ,ਤਾਕਾ ਅਗਮੁ ਗੁਰੂ ਪੁਨਿ ਵਾਸੀ ॥ ਗੁਰਬਚਨੀ ਬਾਹਰਿ-ਘਰਿ ਏਕੋ: ਨਾਨਕੁ ਭਇਆ ਉਦਾਸੀ॥੫॥੧੧॥"
ਜੇ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀਦੇ ਬੜੇ ਪੁਤ੍ਰ ਬਾਬਾ ਸ਼੍ਰੀ ਚੰਦਜੀ ਹਨ ਨਿਰੰਕਾਰੀ ਹੋਕੇ ਪਹਿਲਾਂ ਚੌਥੇ ਸ਼੍ਰੀ ਜਗਦਗੁਰੂ ਰਾਮਦਾਸ ਤੋਂ ਖਿਮਾ ਮੰਗੀ,ਸ਼੍ਰੀਗੁਗ੍ਰੰਜੀ.ਪੰ:੩੦੭:੧੩-੧੯। ਫੇਰ ਪੰਜਵੇ ਅਤੇ ਛਟੇ ਸ਼੍ਰੀਜਗਦਗੁਰੂ ਹਰਿਗੋਬਿੰਦ ਸਾਹਿਬਾਂ ਨੂੰ ਮਿਲਦੇ ਰਹੇ ਤੇ ਛਟੇ ਸ਼੍ਰੀਜਗਦਗੁਰੂਜੀਤੋਂ ਦੀਨਤਾ ਨਾਲ ਸ਼੍ਰੀਵਿਸ਼੍ਵਗੁਰੁਪਿਤਾਜੀ ਦੇ ਵਰ ਪੂਰਤੀ ਕਰਣੀ ਨਾਂ ਮੰਗਦੇ ਅੱਜ ਓਨ੍ਹਾਂ ਨੂੰ ਅਤੇ ਕਿਸ ਨੂੰ ਗੁਰੁਸਿਖ ਉਦਾਸੀ ਸੰਪ੍ਰਦਾਇ ਜਾਣਨੀ ਸੀ? ਅਰਥਾਤ॥ ਦਸ ਨਾਮ ਉਦਾਸੀ ਅਤਿ ਸੰਖੇਪ ਨਾਲ ਇਹ:-
੧. ਸ਼੍ਰੀਵਿਸ਼੍ਵਗੁਰੂ ਨਾਨਾਕ ਦੇਵ ੨. ਬੜੇ ਸ਼ਾਹਿਬਜ਼ਾਦਾ ਬਾਬਾ ਸ਼੍ਰੀ ਚੰਦਜੀ (੧ ਬਾਬਾ=Ist Patriarch) ੩. ਸ਼੍ਰੀ ਜਗਦਗੁਰੂ ਹਰਿਗੋਬਿੰਦ ਸਾਹਿਬਜੀ ਦੇ ੪. ਬੜੇ ਸ਼ਾਹਿਬਜ਼ਾਦਾ (੨ ਬਾਬਾ ਉਪਾਧੀ) ਗੁਰਦਿੱਤਾ ਜੀ ਸ਼੍ਰੀ ਪੰਚਮ ਗੁਰੂ ਜੀਦੀ"ਪੋਥੀ:ਗੁਰੁਬਾਣੀ ਮਨਣੀ" ਚਾਰ ਧੂਣੇ ਛੇ ਬਖਸ਼ੀਸਾ ਇਸ ਤਰ੍ਹਾਂ ਹਨ: ਚਾਰ ਧੂਣੇ:-੧.ਧੂਣਾ ਬਾਲ੍ਹ ਹਸਨਾ; ੨. ਧੂਣਾ ਅਲਮਸਤ; ੩.ਧੂਣਾ ਫੂਲ ਸ਼ਾਹ ਤੇ, ੪. ਧੂਣਾ ਗੋਂਦਾ/ਗੋਂਵਿਦਾ ਜੀ ਕਰਣੀ ਸ਼ਾਧੂ 6.ਛੈ ਗੁਰੂ ਸਾਹਿਬਾਂ ਦੀਆਂ ਬਖਸ਼ੀਸਾਂ:-(ਪਹਿਲਾਂ) ਇਨ੍ਹਾਂ ਦੇ ਸਾਰੇ ਸਾਧੂ ਕੇਸ਼ਾਧਾਰੀ, ਮਜੀਠਾਰੰਗ ਚੋਲਾ, ਕਾਲੀਸੇਲੀ,ਉਚੀ ਟੋਪੀਹੈ,ਰਖਦੇ ਹਨ--ਹੁਣ ਕਿਤ ਕਈ ਰੂਪੀ ਹਨ
7. ਸ਼੍ਰੀ ਜਗਦਗੁਰੂ ਹਰਿ ਰਾਇ ਸਾਹਿਬ ਜੀ ਦੀ ਬਖਸ਼ਿਸ਼- ੧ :- ਬਖਸ਼ਿਸ਼ ਸਾਧੂ: ਸੁਥਰਾ ਸ਼ਾਹ ਦੇ ਸੁਥਰੇਸ਼ਾਹੀ
੨:- ਬਖਸ਼ਿਸ਼ ਸਾਧੂ: ਸੰਗਤ ਸਾਹਿਬ ਦੇ ਸੰਗਤ ਸਾਹਿਬੀਏ
੩:- ਬਖਸ਼ਿਸ਼ ਸਾਧੂ: ਭਗਤ ਭਗਵਾਨ ਦੇ ਭਗਤ-ਭਗਵਾਨੀਏ
੮* ਸ਼੍ਰੀਗੁਰੂ ਹਰਿ ਕਿਸ਼ਨ ਸਾਹਿਬਜੀ ਤਕ ਰਾਜਪੂਤਾਨੇ ਦੇ ਰਾਘਵ ਦਾਸ ਸ਼੍ਰੀਵਿਸ਼੍ਵਗੁਰੂ ਨਾਨਕਦਾ ਉਦਾਸੀ ਪੰਥ ਲਿਖਿਆਹੈ: ਭਗਤ ਮਾਲਾ,ਰਾਜਸਥਾਨ ਯੂਨੀ: ਜੋਧਪੁਰ
੯. ਸ਼੍ਰੀਜਗਦਗੁਰੂ ਤੇਗਬਹਾਦੁਰ ਸਾਹਿਬਜੀਦੀ ਬਖਸ਼ੀਸ਼ ੪:- ਬਖਸ਼ਿਸ਼ ਸਾਧੂ: ਮੀਹਾਂ ਸ਼ਾਹ ਦੇ ਮੀਹਾਂਸ਼ਾਹੀ
੧੦. ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀ ਦੀ ਬਖਸ਼ੀਸ਼ ੫ :-ਬਖਸ਼ਿਸ਼ ਸਾਧੂ: ਜੀਤ ਮੱਲ(6ਵੇਂ ਗੁਰੂ ਪੁਤ੍ਰੀ ਬੀਬੀ ਵੀਰੋ ਪਤੀ) ਦੇ ਜੀਤ ਮੱਲੀਏ
੬:- ਬਖਸ਼ਿਸ਼ ਸਾਧੂ: ਬਖਤ ਮੱਲ ਦੇ ਬਖਤ ਮਲੀਏ ਅਤੇ+ਬਖਸ਼ਿਸ਼ ਸਾਧੂ:ਸੰਗਤ ਸਾਹਿਬ ਦੁੱਵਾਰ ਬਖਸ਼ੇ+ਉਪ-ਸੰਪ੍ਰਦਾਇ: ਗਿਆਨੀ ਗਜਾਨ ਸਿੰਘ ਦੇ ਪੰਥ ਪ੍ਰਕਾਸ਼ ਤੇ ਤ੍ਵਾਰੀਖ॥

Sri Satguru Jagjit Singh Ji eLibrary NamdhariElibrary@gmail.com

ਸਾਰੀ ਪ੍ਰਥਾ ਦੀ ਜਰੀਕਤ ਮੋਕਾਲਫ ਜਾਣਦੇ ਹੋਏ, ਆਪ ਪਹਿਲਾਂ ਅਪ੍ਰਤੱਖ, ਫੇਰ ਪ੍ਰਤੱਖ ਰੂਪ ਵਿੱਚ ਇਸਾਈ ਅੰਜੀਲ ਕਿਤਾਬ ਅਧਾਰਤ ਰਾਜ-ਧਰਮ ਨੀਤੀ ਰਾਹੀਂ ਦੁਨੀਆਂ ਭਰ ਵਿੱਚ ਫੈਲੀ ਬ੍ਰਿਟਿਸ਼ ਸਲਤਨਤ ਵਿੱਚ ਸਾਰੇ ਧਰਮਾਂ ਵਿੱਚਕਾਰ ਫਾੜ ਨੀਤੀ ਚਲਾਈ, ਜਥਾ:- ਤਿਨ ਜਹੂਦੀਆਂ ਦੇ, ਸੌ ਤੋਂ ਉੱਪਰ ਇਸਾਈਆਂ ਦੇ, ਇਸਲਾਮ ਦੇ ਬਹੱਤਰ (72) ਤੋਂ ਉੱਪਰ ਮਿਲਮਿਲੇਆਂ ਵਿੱਚ ਪ੍ਰਧਾਨ ਦੇ: ਸੁੰਨੀ ਤੇ ਸ਼ੀਅੱਹ ਫਿਰਕੇ 'ਚ ਆਪਣੀ ਇੰਜੀਲ ਕਿਤਾਬ ਆਇਤ ਅਧਾਰਾਂ ਦੇ ਨਮੂਨੇ ਤੇ ਅੱਡ-ਅੱਡ ਤਿਨੇ ਦੀਨ-ਇਮਾਨਾਂ ਦੇ ਸ਼ਰੀਅਤ (ਕਰਮ ਕਾਂਡ: Dogma) ਅਧਾਰਾਂ ਉਤੇ ਮੁਲਕ, ਲੋਕ ਵੰਡੇ ਜਾਣ॥ ਐਸੀ ਨੀਤੀ ਕਾਰਨ ਅੱਜ ਤਕ ਯੋਰਪ ਦੇ ਮੁਲਕ ਲੜਦੇ ਦੇਖਦੇ ਹਾਂ; ਤੇ ਹਰੇਕ ਮੁਲਕ ਵਿੱਚ ਅੰਗ੍ਰੇਜ਼ ਆਪਣੀ ਰਾਜਨੀਤੀ ਸਫਲ ਕਰਦੇ ਰਹੇ॥ ਗੁਰਸਿੱਖ ਧਰਮ ਵਿੱਚ ਵੀ ਓਹੀ ਵੰਡ ਨੀਤੀ ਅੰਗ੍ਰੇਜ਼ ਰਾਜ ਨੀਤੀ ਫੈਲਾਵਟ ਲਈ ਜ਼ਰੂਰੀ ਸਮਝੀ॥ ਇਸੇ ਨੀਤੀ ਤੇ ਅਧਾਰਿਤ ਸਹਿਜਧਾਰੀ ਸਿੱਖਾਂ ਤੋਂ ਵਖਰੀ ਸਿੰਘ ਸਭਾ ਅੰਮ੍ਰਿਤਸਰ, ਲਾਹੌਰ ਕੈਮ ਕਰ, ਨਵੇਂ ਗੁਰਦਵਾਰੇ ਰਚ ਅੰਦੋਲਨ ਚਲਾ ਸਾਰੇ ਗੁਰੁਸਿਖ ਪੰਥ ਨੂੰ ਜਮਹੂਰਿਅਤ ਰਾਜ ਦੇਣ ਬਹਾਨੇ ਅੰਗ੍ਰੇਜ਼ ਗੌਰਮਿੰਟ ਨੇ ਮਤੋਹਤ ਕਰ ਲਿਆ॥

ਅੰਗ੍ਰੇਜ਼ ਇਸਾਈ ਮਜ਼ਹਬੀ ਗਿਆਨ 'ਚ ਦਰਸ਼ਨ ਤਰਕ ਗਿਆਨ

(Indo(*Skt*)Greek *gnosis* Phil) ਨਿਖੇਧ

ਸ੍ਰੀ ਗੁਰੁਬਾਣੀ ਅਕਲ, ਬੁਧੀ ਰਾਹੀਂ ਆਗਮ-ਨਿਗਮ ਤਰਕ ਉਤੇ ਜ਼ੋਰ ਦਿੰਦੀ ਹੈ॥ ਪਰ ਇਸਾਈਆਂ ਦੀ ਅੰਜੀਲ ਨੇ ਬਾਰ ਬਾਰ ਸਾਰੀ ਦੁਨੀਆਂ ਦੇ ਲੋਕਾਂ ਨੂੰ ਇਸ ਤਰ੍ਹਾਂ ਕਰਣ ਤੋਂ ਰੋਕਣ ਦੀ ਹਦੈਤ ਕੀਤੀ ਹੈ ਜੋ ਇਪੀਕੁਰੀਅਨ ਅਤੇ ਸਟੋਇਕ ਫਿਲੋਸਿਫੀ ਆਦਿਆਂ ਨਾਲ, ਇਸਾਈ ਪ੍ਰਚਾਰਕ: ਸੰਤ ਪੀਟਰ ਤੇ ਪਾਲ ਦੀਆਂ ਗੋਸਟਾਂ ਹੋਈਆ ਸਨ ਸੰਤ ਪਾਲ ਦੇ ਨਵੇਂ ਇੰਜੀਲ ਸ਼ਾਸਤ੍ਰ 'ਚ ਲਿਖਿਆ ਹੈ:-

ਖਬਰਦਾਰ, ਕੋਈ ਆਦਮੀ ਤੁਹਾਨੂੰ(ਸੰਸਕ੍ਰਿਤ-ਯੂਨਾਨੀ ਗਿਆਨ ((Indo(*Skt*) Greek *gnosis*), ਫਿਲਾਸਫੀ ਦਾਰਸ਼ਨਿਕ ਤਰਕ ਰਾਹੀ ਫਜ਼ੂਲ ਦੁਨੀਆਂ ਦੇ ਲੋਗਾਂ ਦੇ ਧੋਖੇ, ਅਤੇ ਰਿਵਾਜਾਂ ਰਾਹੀਂ ਖਰਾਬ ਨਾ ਕਰੇ, ਅਤੇ ਦੁਨੀਆਂ ਦੇ ਵਿਹਾਰਾਂ ਪਿੱਛੇ ਨਾ ਤੋਰਣ ਕਿ ਤੁਸੀਂ ਮਸੀਹ(ਪੈਗੰਬਰ) ਪਿਛੇ ਨਾ ਚਲੋ॥ ਅ.190

---

190. ੳ. ਤੌਰੇਤ OT:Genesis:XI:6-9.;OT.Exodus:VI.3.Exodus:XX.1(TEN COMMANDMENTS)17:- 5.Though shalt not bow down thyself to them, nor serve them: for I the Lord thy God am (YAWY) a jealous God, visiting the iniquity of the fathers upon the fourth generation of them that hate me" Ibid: NT.Gospel:St. Matthew :XI (Lord Jesus continued):-"33.But whosoever shall deny me before men,him will I also deny before my Father which is in heaven ...34.Think not that I am come to send peace on earth:I come not to send peace,but a sword 35.For I am come to set a man at variance against his father, and the daughter against her mother, and the daughter in law against her mother in law.
36.And a man's foes shall be they of his own household" ਓਹੋ ! ਕੀ ਇਹ ਸ੍ਰੀ ਗੁਰੂ ਧਰਮ ਸੋਨੋ-ਥੀਇਸਮ ਸਿਧਾਂਤ ਹੈ?
ਏ. ਪੂਨ ਅੰਜੀਲ:-Holy Bible NT.s)Acts:17:18-23 h)Ibid.Apistle St.Paul to the Colossians: "II:8.Beware lest any man spoil you through gnosis(PHILOSOPHY)and vain deceit,after the tradition of men,after the sacraments of the world,and not after Christ."

Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਦਰਸ਼ਨ ਵਿਚਾਰ ਉਤੇ ਪਾਬੰਦੀ ਲਾਈ ਹੈ, ਅਤੇ ਉਸਦੀ ਥਾਂ ਰੱਬ ਦਾ ਇਤਿਹਾਸ'ਚ ਦਖਲ(Theology)ਤੇ ਦਿਲਚਸਪੀ ਦੇ ਵਿਸ਼ੇ ਉਤੇ ਜ਼ੋਰ ਦਿਤਾ। ਇਹ ਜ਼ਰੂਰੀ ਵਿਸ਼ੇ ਦੇ ਪਰਿਭਾਸ਼ਿਕ ਸਬਦ ਸੰਖੇਪ ਨਾਲ ਅੱਗੇ ਬਿਆਨ ਕੀਤੇ ਜਾਣਗੇ॥

ਸ਼੍ਰੀ ਗੁਰੁਪੰਥ ਲਈ ਗੁਰਬਾਣੀ ਤਰਕ-ਦਰਸ਼ਨ ਬ੍ਰਹਮ-ਗਿਆਨ ਲਈ ਮੁੱਖ ਆਧਾਰ ਤੇ ਕਰਮ-ਧਰਮ ਦੀ ਗੌਣਤਾ॥

ਸ਼੍ਰੀ ਵਿਸ਼ੂਗੁਰੂ ਜੀਦੇ ਅਨੇਕ ਹਿੰਦੂ-ਮੁਸਲਮਾਨ ਦੂਜੇ ਭਾਉ (ਦ੍ਵੈਤ ਵਾਦੀ) ਫਿਰਕੇਆਂ ਸੰਬੰਧੀ ਉਪਦੇਸ਼ ਹਨ:-'1'ਬ੍ਰਹਮ/ਅੱਲਾਹ ਦੇ ਅਸਲ ਗਿਆਨ/ਮਾਅਰਫਤ ਦਾ ਹਕੀਕਤ(ਅਨੁਭਵ) ਬਿਨਾ ਕੇਵਲ ਕਰਮ ਧਰਮ (ਸ਼ਰੀਯਤ) ਰਾਹੀਂ ਪਾਰਬ੍ਰਹਮ/ਅੱਲਾਹ ਨਹੀਂ ਪਾ ਸਕਦੇ॥ ਸੋ ਇਸ ਉਪਦੇਸ਼ ਰਾਹੀਂ ਹਿੰਦੂ ਦ੍ਵੈਤਵਾਦੀ ਸਮਝਾਏ: ਕਰਮ-ਧਰਮ ਪਾਖੰਡ ਜੋ ਦੀਸਹਿ,ਤਿਨ ਜਮੁ ਜਾਗਾਤੀ ਲੂਟੈ...; ਤੇ ਸਾਰੇ ਦੂਈਆਂ ਲਈ: ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ॥ ਬੰਦੇਂ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥ ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ॥ ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹ-ਕਾਰੁ... ॥ ਅ191

ਇਸਤ੍ਰਾਂ ਆਦਿ-ਅੰਤ ਦਸੋ(10) ਸ਼੍ਰੀ ਵਿਸ਼ੂਗੁਰੂਜੀਦਾ ਸਿੱਧਾਂਤ ਗੌਣ ਫੋਕਟ ਕਰਮ ਸ੍ਰੁਵੱਤ੍ਰ ਲਿਖੇ ਹਨ; ਕੇਵਲ ਮੁੱਖ ਤਾਤਪਰਜ ਬ੍ਰਹਮ-ਗਿਆਨ ਰਾਹੀਂ ਜੀਵਨ ਮੁਕਤੀ-ਨਿਰਵਾਣ ਪਦ ਪ੍ਰਾਪਤ ਹੈ। ਇਸੇ ਕਾਰਣ ਸਾਰੇ ਪੁਰਾਣੇ ਗੁਰੁਸਿੱਖ ਸਿੰਘ ਅਨੇਕ ਸੌ ਸਾਖੀ ਆਦੀ ਗ੍ਰੰਥਾਂ ਤੋਂ ਲਿਤੇ ਗੁਰੁ ਪ੍ਰਤਾਪ ਸੂਰਜ ਦੀ ਦਸਮ ਸ਼੍ਰੀ ਜਗਦਗੁਰੂਜੀ ਦੇ ਪਹਿਲਾਂ ਖੜਗ ਪਹੁਲ ਦੇਣ ਵੇਲੇ ਦੀ ਵਿਸ਼ੇਸ਼ ਸੀਖ ਸਾਰੇ ਗੁਰੂ-ਸਿੱਖ-ਸਿੰਘ ਜ਼ਰੂਰੀ ਯਾਦ ਰਖਨ:-

ਦੋਹਿਰਾ॥ ਇਸ ਬਿਧਿ ਪੰਚਹੁੰ ਸਿੰਘਕੋਂ ਖੰਡੇ ਪਾਹੁਲ ਦੀਨਿ ।
ਬਾਹਿਰ ਭੇਖ, ਉਰ ਗਜਾਨ ਦੇ, ਅਪਨੇ ਸਮ ਸੋ ਕੀਨਿ॥" 192

ਸ਼੍ਰੀ ਦਸ਼ਮ ਜਗਦਗੁਰੂਜੀ ਨੇ ਪੰਜ-ਪਿਆਰਿਆਂ ਨੂੰ ਕੇਵਲ ਭੇਖ ਦੇ ਆਪਣੇ ਬਰਾਬਰ ਨਹੀਂ ਕੀਤੇ: ਬਲਕੇ ਮੁੱਖ ਗੱਲ ਇਹ ਸੀ:- ਉਰ ਗਜਾਨ ਦੇ, ਅਪਨੇ ਸਮ, ਸੋ ਕੀਨਿ, ਦਾ ਭਾਵਾਰਥ ਹੈ :-ਪੰਜੇ ਪਿਆਰਿਆਂ ਦੇ ਮਨ(ਉਰ) 'ਚ ਅਧਿਆਤਮ ਕਰਮ ਬ੍ਰਹਮ ਗਿਆਨ ਦੇ ਕੇ ਦ੍ਰਿੜ ਕਰਕੇ ਪੰਜਾਂ ਨੂੰ ਅਪਨੇ ਸਮ ਬਣਾਯਾ: ਸ਼੍ਰੀਗੁਰੁਬਾਣੀ ਬਚਨ ਹਨ- ਜਿਨੀ ਜਾਤਾ ਸੋ ਤਿਸ-ਹੀ ਜੇਹਾ; ਜਬ ਇਸਤੇ ਸਭ ਬਿਨਸੇ ਭਰਮਾ॥ ਭੇਦੁ ਨਾਹੀਹੈ ਪਾਰਬ੍ਰਹਮਾ॥ ਏ.193 ਪੰਜੇ

---

191. ਸ਼੍ਰੀ.ਗੁਗ੍ਰੰਜੀ.ਓ.ਪੰ:੭੪੭:੧੪; ਅ.ਪੰ.੪੬੫:੧੭-; ਬਾਕੀ ਦੇਖੋ:ਪੰਨੇ:-੩੮੦:੨;ਫੋਕਟ:੪੧੭:੧੮; ਪ੫੧:੩; ਫੋਕਟ:੮੩੬:੧੦;+੯੮੩:੧;੧੦੦੧:੧੧;੧੩੪੩:੮, ਅਦਿ॥ ਦਸਮ ਸ਼੍ਰੀ ਗ੍ਰੰਥ ੩੩ ਸਵੈਯੇ :੧੮-੨੧ ਆਦਿ॥

192. ਸ਼੍ਰੀ ਗੁਰੁ ਪ੍ਰਤਾਪ ਸੂਰਜ.੪ਪ:ਅੰਸੁ ੧੯॥ ਰਿਤੁ ੩, ਜਿਲਦ ੧੨; ਅਤੇ ਸ਼੍ਰੀ ਗੁਰੁ ਤੀਰਥ ਸੰਗ੍ਰੈ ਪੰਨਾ.

193. ਪੁਨ੍ਹ.ਪੰਨੇ:੨੨੩:੯ ਮ:੧:ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ?॥੧॥"; ਪੰ.੬੩੫:੯:ਸੁਣਿ! ਕਰਮਾ ਕਾਰੀ ॥ ਜਿਤੁ ਕਰਮਿ ਸੁਖੁ ਊਪਜੈ, ਭਾਈ! 'ਸੁ "ਆਤਮ ਤਤੁ" ਬੀਚਾਰੀ'॥ ਹਹਾਊ ॥..." ਦੇਖੋ ਭਗਵਦ ਗੀਤਾ:- ੨।੧੩॥ ਮ:੧: ਓ. ਪੰਨਾ:੯੩੧:੩ ...; ਅ. ਪੰਨੇ:- ੨੩੫: ੧੬; ੨੭੩:੧੩; ੨੭੪:੧।ਏ.ਪੰ.੫੫੬:੯ ॥ ਆਦਿ ॥

Sri Satguru Jagjit Singh Ji eLibrary NamdhariElibrary@gmail.com

ਪਿਆਰੇ ਕਾਬਲ ਬ੍ਰਹਮ ਗਿਆਨੀ ਬਣਾਕੇ, ਫੇਰ ਹੀ ਆਪ ਖੰਡੇ ਪਾਹੁਲ ਲਿਤੀ॥ ਕੀ, ਗੁਰੁ-ਸਿਖ ਧਰਮ ਭੇਖ ਅਧਾਰੀ ਹੈ ਜਾਂ ਬ੍ਰਹਮ-ਗਿਆਨ ਅਧਾਰੀ?

ਪ੍ਰਾਇ ਲੁਪਤ ਪ੍ਰਾਚੀਨ ਭਾਰਤੀ ਗੁਰੁਗਮ ਬ੍ਰਹਮ ਵਿਦਜਾ ਪ੍ਰਥਾ: ਵਿਸ਼੍ਸ਼੍ਰੀਗੁਰੂਨਾਨਕ ਦੇਵ ਜੀ ਦੀ ਵਿਸ਼ੇਸ਼ ਦੇਣ

ਭਾਰਤੀ ਸਨਾਤਨੀ ਧਰਮੀ ਦਾ ਸ਼੍ਰੀਵਿਸ਼੍ਗੁਰੂ ਨਾਨਕ ਦੇਵ ਜੀਦੇ ਕਾਲ ਤਕ ਵੇਦ ਚੱਲੀ ਬ੍ਰਹਮ-ਗਿਆਨ ਗੁਰੁਗਮ ਬੀਜ ਨਾਸ ਤਾਂ ਨਹੀਂ ਹੋਇਆ, ਦੁਰਲਭ ਜ਼ਰੂਰ ਹੋ ਚੁਕਾਸੀ, ਸ਼੍ਰੀਵਿਸ਼੍ਗੁਰੂ ਬਚਨ, ਮ:1: ਹਿੰਦੂ ਮੂਲੇ ਕੁਲੇ:ਅਖੁਟੀ ਜਾਂਹੀ;

ਰਾਗੁ ਆਸਾ ਮਹਲਾ ੧ ॥ਆਪੁ ਵੀਚਾਰੈ ਸੁ ਪਰਖੇ ਹੀਰਾ॥ ਏਕ ਦ੍ਰਿਸਟਿ ਤਾਰੇ ਗੁਰ ਪੂਰਾ॥ ਗੁਰੁ ਮਾਨੈ ਮਨ ਤੇ ਮਨੁ ਧੀਰਾ॥ ਐਸਾ ਸਾਹੁ ਸਰਾਫੀ ਕਰੈ॥ ਸਾਚੀ ਨਦਰਿ ਏਕ ਲਿਵ ਤਰੈ॥ ਪਰ ਦੁਰਲਭ ਗਿਆਨੀ ਭਗਤ ਨਾਮਦੇਵ, ਕਬੀਰ ਜੀਆਂ ਜ਼ੋਰ ਨਾਲ ਕਹਿਆ: ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹ ਰਹਾ ਸਮਾਈ॥ ਗੁਪਤਾ ਹੀਰਾ ਪ੍ਰਗਟ ਭਇਓ ਜਬ, ਗੁਰਗਮ ਦੀਆ ਦਿਖਾਈ[ਏ.194]॥ ਇਸ ਤੋਂ ਗੱਲ ਸਾਫ ਹੋ ਜਾਂਦੀ ਹੈ, ਬੀਜ ਨਾਸ ਨਹੀਂ ਹੋਯਾ॥

ਰਾਜ ਪਟਿਆਲਾ ਤੇ ਪੈਪਸੂ ਰਾਜ ਦਾ ਪੰਜਾਬ ਲੀਨਤਾ ਪਿੱਛੋਂ ਸੰਤ ਚਨਣ ਸਿੰਘ ਪ੍ਰੈਜ਼ਿਡੰਟ ਸ਼੍ਰੋਮਣੀ ਗੁਰਦ੍ਵਾਰਾ ਕਮੇਟੀ,ਅੰਮ੍ਰਿਤਸਰ ਅਤੇ ਸੰਤ ਫਤ੍ਹੇ ਸਿੰਘ ਦੋਨਾ ਨੇ ਦਮਦਮਾ ਸ਼੍ਰੀਗੁਰੂ ਕਾਸ਼ੀ ਮਹਤਾ ਨਾ ਸਮਝ ਤਖਤ ਵਿਦਜਾ ਕੇਂਦ੍ਰ ਦੀ ਥਾਂ : ਜੁਧ ਕੇਂਦ੍ਰ ਏਲਾਨ ਕੀਤਾ, ਜੋ ਬਿਲਕੁਲ ਗਲਤ ਹੈ। ਇਸ ਲੇਖਕ ਨੇ ਦੋਨੋ ਸੰਤਾਂ ਨੂੰ ਬਹੁਤ ਸਮਝਾਣ ਦੀ ਕੋਸ਼ਿਸ ਕੀਤੀ, ਕਿ ਇਸਤਰ੍ਹਾਂ ਕਰਣ ਨਾਲ ਧਰਮ ਦੇ ਦੋ ਅਪਰਾਧ ਹੁੰਦੇ ਹਨ:-

1. ਤਖਤ ਇਲਾਨ ਕਰਨ ਨਾਲ ਸ਼੍ਰੀ ਜਗਦਗੁਰੂਗੋਬਿੰਦ ਸਿੰਘ ਜੀ ਦੀ ਹੁਕਮ ਅਦੂਲੀ ਹੈ॥
2. ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਨੇ ਆਪ ਸ਼੍ਰੀ ਗੁਰੁ ਕਾਸ਼ੀ ਵਿਦਿਯਾ ਪੀਠ(Holy *Gurü*'s Seminary) ਥਾਪੀ ਕਿ ਗੁਰੁਗਮ ਟਕਸਾਲੀ ਵਿੱਦਿਆਂ ਪਰਪਾਟੀ ਦੀਆਂ ਮੁੱਖ, ਅਤੇ ਗੌਣ ਟਕਸਾਲਾਂ ਚਲਾਈਆਂ ਜਾਣ॥ ਹੁਣ ਤੁਸੀਂ ਕਿਉਂ ਨਹੀਂ ਓਥੋਂ ਦੇ ਗ੍ਰੰਥੀ, ਗਿਆਨੀ, ਰਾਗੀ ਆਦਿਆਂ ਨੂੰ ਬੀ.ਏ., ਐਮ.ਏ., ਪੀਐਚ.ਡੀ. ਦੇ ਧੁਰੰਦਰ ਵਿਦਵਾਨ ਬਣਾਕੇ ਸਾਰੇ ਗੁਰਦਵਾਰੇਆਂ ਵਿੱਚ ਸੇਵਾ ਕਰਨ ਲਈ, ਅਤੇ ਗੁਰੁਸਿਖੀ ਫੈਲਾਨ ਦਾ ਪ੍ਰਯਾਸ ਕਰਨ ਲਈ ਹੋਰ ਧਰਮਾਂ ਦੇ ਮੁਕਾਬਲੇ 'ਚ ਰਾਸ਼ਟਰੀ ਤੇ ਅੰਤਰ-ਰਾਸ਼ਟ੍ਰੀ ਪਧਰ ਤੇ ਉਦਮ ਕਰਦੇ? ਉਨ੍ਹਾਂ ਦੋਨਾ ਨੂੰ ਇਹ ਗੱਲ ਸਮਝ ਨਹੀ ਆਈ: ਗੁਰੁ ਕਾਸ਼ੀ ਵਿਦਿਆ ਪੀਠ (Spiritual Seminary) ਦਾ ਨਾਮ ਹੈ ਅਤੇ ਤਖਤ(Temporal Throne) ਜੁਧ ਕੇਂਦ੍ਰ ਦਾ ਨਾਮ ਹੈ, ਐਸਾ ਨਾਮ ਰੱਖਣ ਤੇ ਪੁਕਾਰਨ 'ਚ ਬਹੁਤ ਫਰਕ ਹੈ॥ ਫੇਰ ਵੀ ਬੁਹੁਤ ਸਮਝਾਂਣ ਦੀ ਕੋਸ਼ਿਸ਼ ਕੀਤੀ ਕਿ ਥੋਡੇ ਰਾਜ ਬਲ, ਧਨ (ਤਨਖਾਹ) ਬਲ ਆਦਿਆਂ ਕਾਰਣ ਸਾਰੇ ਮੰਨਣਗੇ, ਤੁਸੀਂ ਮੂਲ ਨੂੰ ਨਾ ਬਗਾੜੋ ਪਰ ਦੋਨੋ ਹੀ ਗਲਾਂ ਨਾ ਮੰਨ ਉਨ੍ਹਾਂ: ਪੈਪਸੂ (ਇਤਹਾਸਿਕ ਅਖੀਰਲਾ ਸਮਗ੍ ਗੁਰੁਸਿੱਖ ਮਿਸਲ ਰਾਜ) ਖਤਮ ਕੀਤਾ, ਅਤੇ; ਸ਼੍ਰੀਗੁਰੂ ਕਾਸ਼ੀ ਸੰਬੰਧੀ ਦੋਨੋਂ ਮੂੰਹ ਦੇ ਬਹੁਤ ਮਿਠੇ ਰਹੇ, ਪਰ ਕਰੀ ਆਪਣੀ ਮਨਮਤ॥

---

194. ਪੁਨ੍ਹੈ.ਉ.ਪੰ.ਪਪਏ:੯। ਉ.ਪੰ.੪੧੩:੧੬। ਉ.ਪੰ. ੪੮੩:੧੬।

Sri Satguru Jagjit Singh Ji eLibrary NamdhariElibrary@gmail.com

ਐਸੀ ਹਕੀਕਤ ਪਟਿਆਲਾ ਰਾਜ ਭਾਗ ਦਾ ਈਸ੍ਵੀ 1947-8 ਤਕ, ਤੇ ਪੈਪਸੂ ਰਾਜ 'ਚ ਪੁਰਾਣੀ ਅਟੂਟ ਰਹੁਰੀਤ ਆਪਣੇ ਸਾਮ੍ਹਣੇ ਚਲਦੀ ਰਹੀ॥ ਉਸ ਵਿੱਚ ਹੋਰ ਵੀ ਵਾਕੇ ਆਪਣੇ ਸ੍ਹਾਮਣੇ ਦਮਦਮੇ ਟਕਸਾਲ ਦੇ ਜਿੱਦੀ ਮਹੰਤ ਸਾਥ ਜਾਗੀਰਦਾਰ ਸਰਦਾਰ ਸ਼ਹਿਜ਼ਾਦਪੁਰ(ਜਿਨ੍ਹਾਂ ਦਾ ਦੋਨੋਂ ਮਹਾਰਾਜਾ ਪਟਿਆਲਾ ਤੇ ਰਾਜੇ ਫਰੀਦਕੋਟ ਪਰਵਾਰਾਂ ਨਾਲ ਘਣੀ ਰਿਸ਼ਤੇਦਾਰੀ ਹੈ) ਕੋਲ ਦੋਨੋ ਸੰਤਾਂ ਨੇ ਬਾਬਾ ਦੀਪ ਸਿੰਘ ਦਾ ਬੁਰਜ ਸਰਦਾਰ ਸਾਹਿਬ ਤੋਂ ਪੈਪਸੂ ਪਿਛੋਂ 1967-8 ਸ਼੍ਰੋਮਣੀ ਕਮੇਟੀ ਪ੍ਰੈਜ਼ੀਡੰਟ ਸੰਤ ਚੰਨਣ ਸਿੰਘ ਤੋਂ ਅਰਦਾਸ ਕਰਾ ਦਿਤਾ॥ ਪਟਿਆਲੇ ਰਾਜਕੀਯ ਦਮਦਮਾ ਸ਼੍ਰੀ ਗੁਰੂ ਕਾਸ਼ੀ ਮੁੱਖਜ-ਟਕਸਾਲੀ ਅਣਟੂਟ ਕੁਰਸੀ ਨਾਮੇ ਦੀਆਂ ਸਾਰੇ ਨਿਰਮਲੇ ਸ਼ਾਖ ਮਹੰਤ, ਸੰਤ, ਗਿਆਨੀ ਪਟਿਆਲਾ ਰਾਜ ਦਰਬਾਰ ਵਿੱਚੋਂ ਲੜੀਦਾਰ ਚਲੇ ਆ ਰਹੇ ਹਨ ਜੋ ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀ ਆਪ ਦਮਦਮਾ ਸ਼੍ਰੀ ਗੁਰੁ ਕਾਸ਼ੀ ਗੁਰੁਬਾਣੀ ਮੁੱਖਜ--ਟਕਸਾਲੀ ਥਾਪ ਦੇ ਅਟੂਟ ਰਾਜਗੁਰੁ ਧਰਮ ਮੰਤ੍ਰੀ ਸਨ। ਉਨ੍ਹਾ ਦੇ ਅਧਿਕਾਰ ਅਧੀਨ ਰਾਜ ਦੇ ਇਤਿਹਾਸਿਕ ਤੇ ਰਾਜ ਥਾਪੇ ਗੁਰਦ੍ਵਾਰੇ ਸਨ। ਓਨ੍ਹਾ ਤੋਂ ਹੀ ਸਾਰੇ ਰਾਜ ਵੰਸ਼ੀ ਮਹਾਰਾਜੇ, ਰਾਜਕੁਮਾਰ/ਰਾਜਕੁਮਾਰੀਆਂ ਸਾਰੇਆਂ ਨੇ ਅਟੂਟ ਸ਼੍ਰੀ ਗੁਰੁਬਾਣੀ ਵਿਦਜਾ ਸੰਨ 1970 ਤਕ ਸਿਖੀ, ਜਿਨਾਂ 'ਚੋਂ ਇਹ ਲੇਖਕ ਵੀ ਸੀ॥ ਸ਼੍ਰੀ ਗੁਰੂਕਾਸ਼ੀ ਮੁੱਖ ਟਕਸਾਲ ਕ੍ਰਮ ਵਿਦਜਾ ਪਰਨਾਲੀ ਪਟਿਆਲਾ ਰਾਜ ਰਾਹੀ ਪ੍ਰਵ੍ਰਿਤ ਹੁੰਦੀ ਰਹੀ॥

ਇਹ ਦਸ ਟੀਕਾ ਟਿਪਣੀਆਂ ਸੰਗ੍ਰਹ ਗ੍ਰੰਥ ਦਾ ਲੰਬਾ ਪਿਛੋਕੜ ਹੈ॥ ਪਾਠਕਾਂ ਨੂੰ ਰੂੜੀ ਗੁਰੁਬਾਣੀ ਭਾਖਾ ਪਾਠ ਕੋਸ਼ ਬਿਨਾ ਮੂਲ ਟੀਕੇ ਗੁਰੁਬਾਣੀ ਅਰਥ ਸਮਝਣੇ ਮੁਸ਼ਕਿਲ ਹਨ॥ ਪੁਰਾਣੇ ਵੇਦ,ਸੰਸਕ੍ਰਿਤ, ਅਪਭ੍ਰੰਸ਼, ਪ੍ਰਾਕ੍ਰਿਤ, ਪੁਰਾਣੀ ਦੇਸੀ ਪ੍ਰਾਂਤੀ ਰੂੜੀ ਭਾਖਾ ਕੋਸ਼ ਪ੍ਰਾਪਤ ਨਹੀਂ। ਇਸੇ ਕਾਰਣ ਪ੍ਰਸਿੱਧ ਨਾਭਾ ਰਾਜਗੁਰੁ ਭਾਈ ਕਾਨ੍ਹ ਸਿੰਘ ਨੇ ਮਹਾਨ ਕੋਸ਼ 'ਚ ਲਿਖਿਆ, ਬਿਨਾ ਪਟਿਆਲੇ ਨੈਬ ਸ਼੍ਰੀ ਮਹੰਤ ਨਿਰਮਲ ਸੰਤ ਪੰ.ਤਾਰਾ ਸਿੰਘ ਨਰੋਤਮ(ਦੇ ਅਨੇਕ ਸੰਸਕ੍ਰਿਤ,ਫਾਰਸੀ,ਅਰਬੀ, ਭਾਰਤੀ ਰੂੜੀ ਭਾਖਾ ਕੋਸ਼ ਰਾਜ ਦਰਬਾਰ ਦੇ ਹਨ...ਤੋਂ ਬਣਾਏ ਗੁਰੁਗਿਰਾਰਥ ਕੋਸ਼ ਅਤੇ ਹਿੰਦੀ ਸ਼ਬਦ ਸਾਗਰ ਦੀ) ਮਦਦ ਬਿਨਾ ਨਹੀਂ ਬਣਾ ਸਕਦੇ ਸਨ॥ ਪਾਠਕਾਂ ਦੇ ਸਰਵੇਖਣ ਲਈ ਸਾਹਮਣੇ ਰਖੇ ਸੰਖੇਪ ਵਰਣਨ ਸ਼੍ਰੀ ਗੁਰੁਸਿੱਖ ਪੰਥਦੇ ਸੰਪੂਰਣ ਸ਼੍ਰੀਗੁਰੁਬਾਣੀ ਟੀਕਾ ਸੰਗ੍ਰਹ ਕੀਤਾ॥

ਆਦਿ ਤੋਂ ਸ਼੍ਰੀਗੁਰੁਬਾਣੀ ਗੁਰੁਗਮ ਸਿਖਿਆ ਵਿਧਾਨ

ਉਥਾਨਕਾ ਦਾ ਉਪਕ੍ਰਮ

ਪੰਚਮ ਸ਼੍ਰੀ ਗੁਰੂ ਅਰਜੁਨ ਦੇਵਜੀ ਦੀ ਭਾਈ ਗੁਰਦਾਸ ਜੀ ਨੂੰ ਬਖਸ਼ੀ ਕੁੰਜੀ ਵਾਰ ਬਾਣੀ ਪ੍ਰਮਾਨ:-

ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀਦੇ ਸ਼੍ਰੀ ਵਿਸ਼੍ਵਗੁਰੂ ਟਿੱਕਾ ਉਪਾਧਿਤ ਸ਼੍ਰੀ ਬਾਬਾ ਬੁਢਾ ਜੀ ਤੋਂ ਸਿੱਖੇ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦੇ ਪਹਿਲੇ (ਚਾਰ) ਸ਼੍ਰੀ ਗੁਰੂਦੇਵਾਂ ਦੀਆਂ ਸਾਖੀਆਂ ਆਧਾਰ ਪ੍ਰਮਾਣ ਲਿਖੇ ਲੇਖ:-

ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ (ਸ਼੍ਰੀ ਜਗਤਗੁਰੂ ਨਾਨਕ ਦੇਵਜੀਨੇ ਦਿਵਜ) ਮੰਤ੍ਰ ਸੁਨਾਯਾ॥ ਭਵਜਲ-ਵਿੱਚੋਂ ਕੱਢਕੇ, ਮੁਕਤਿ ਪਦਾਰਥ-ਮਾਂਹਿ ਸਮਾਯਾ॥ ਜਨਮ-ਮਰਨ ਭਉ ਕੱਟਿਆ, ਸੰਸਾ ਰੋਗ ਵਿਜੋਗ ਮਿਟਾਯਾ॥

ਭਾਈ ਗੁਰਦਾਸ ਜੀਦਾ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀ ਦਾ ਪ੍ਰਿਥਵੀ ਉਤੇ ਪ੍ਰਕਾਸ਼ ਦਾ ਪ੍ਰਮਾਣ ਹਰੇਕ ਸਿੱਖ ਜ਼ਰੂਰੀ [illegible]

Sri Satguru Jagjit Singh Ji eLibrary NamdhariElibrary@gmail.com

ੴ ਪਾਰਬ੍ਰਹਮ ਕਰਣ-ਕਾਰਣ ਅਕਾਲ-ਪੁਰਖ ਦੇ ਨਿਰਗੁਣ-ਸਗੁਣ ਮੁੱਖ ਤਿਨ (3) ਰੂਪ ਹਨ:-

1. ਨਿਰਾਕਾਰ ਨਿਰਗੁਣ ਵਿਆਪਕ ਅਛੇਦ ਅਭੇਦ ਸ਼ੁੱਧ ਸ੍ਵਰਪ;
2. ਨਿਰਾਕਾਰ ਸਗੁਣ ਵਿਆਪਕ ਅਛੇਦ ਅਭੇਦ ਮਾਯਾ/ਸ਼ਕਤੀ-ਸਬਲ[ਅ.195] ਸ੍ਵਰੂਪ, ਅਤੇ ;
3. ਸਾਕਾਰ ਸਗੁਣ ਵਿਆਪਕ ਅਛੇਦ ਭੇਦਾਭੇਦ ਵਿਸ਼੍ਵ/ਈਸ਼ਾਵਤਾਰ/ਕਾਰਕ ਪੁਰਖ ਸ੍ਵਰੂਪ॥ [196]

ਇਸ ਸਿਧਾਂਤ ਦਾ ਅਧਾਰ ਭਾਈ ਗੁਰਦਾਸ ਜੀਦੇ ਛੰਦ 344 'ਚ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਦੇ ਵਜਾਪਕ 1.ਨਿਰਾਕਾਰ,ਨਿਰਗੁਣ ਅਛੇਦ ਅਭੇਦ ਸ੍ਵਰੂਪ ਇਹ ਹੈ: ਨਿਰੰਕਾਰ ਨਿਰਾਧਾਰ ਨਿਰਾਹਾਰ ਨਿਰਬਿਕਾਰ,ਅਜੋਨੀ ਅਕਾਲ ਅਪਰੰਪਰ ਅਭੇਵਹੈ। ਨਿਰਮੋਹ ਨਿਰਬੈਰ ਨਿਰਲੇਪ ਨਿਰਦੋਖ ਨਿਰਭੈ,ਨਿਰੰਜਨ ਪਰਮ ਅਤੇਵ ਹੈ॥ ਅਬਿਗਤਿ ਅਗਮ ਅਗੋਚਰ ਅਗਾਧਿ ਬੋਧਿ, ਅਚੁਤ ਅਲਖ ਅਤਿਅਛਲ ਅਚੇਵਹੈ। ਬਿਸਮੈ ਬਿਸਮ, ਅਸਚਰਜੈ-ਅਸਚਰਜਮੈ, ਅਦਭੁਤ ਪਰਮ ਅਦਭੁਤ ਗੁਰਦੇਵ ਹੈ॥

ਚਲਦੇ ਪ੍ਰਸੰਗ ਅਨੁਸਾਰ ਸ਼੍ਰੀਗੁਰੂ ਨਾਨਕ ਦੇਵਜੀ ਵਿਆਪਕ ਅਛੇਦ ਭੇਦਾਭੇਦ ਸ੍ਵਰੂਪ ਦੇ ਤਿੰਨ ਸਾਕਾਰ, ਸਗੁਣ ਪ੍ਰਕਾਸ਼ ਛੰਦ 345 ਚਾਨਣ ਪਾਂਦਾ ਹੈ:

ਕਾਰਤਕ ਮਾਸ ਰੁਤਿ ਸਰਦ ਪੂਰਨਮਾਸੀ, ਆਠ ਜਾਮ ਸਾਠਿ ਘਰੀ ਆਜੁ ਤੇਰੀ ਬਾਰੀ ਹੈ। ਅਉਸਰ ਅਭੀਚ ਬਹੁ-ਨਾਇਕ ਕੀ ਨਾਇਕਾ ਹੁਇ, ਰੂਪ ਗੁਨ ਜੋਬਨ ਸਿੰਗਾਰ ਅਧਿਕਾਰੀ ਹੈ॥ ਚਾਤਿਰ ਚਤੁਰ ਪਾਠ,ਸੇਵਕ ਸਹੇਲੀ ਸਾਠਿ,ਸੰਪਦਾ ਸਮਗ੍ਰੀ ਸੁਖ ਸਹਜ ਸਚਾਰੀ ਹੈ॥ ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ, ਜੀਵਨ ਜਨਮ ਧੰਨਿ ਪ੍ਰੀਤਮ ਪਿਆਰੀ ਹੈ ॥345॥

ਭਾਈ ਗੁਰਦਾਸ ਜੀ ਪ੍ਰਮਾਣ ਸ਼੍ਰੀ ਜਗਤਗੁਰੂ ਨਾਨਕ ਦੇਵਜੀ ਦਾ ਵਿਸ਼੍ਵਧਰਮ ਥਾਪਣਾ ਵਰਣਨ:-

ਸੁਣੀ ਪੁਕਾਰ ਦਾਤਾਰ ਪ੍ਰਭ; ਗੁਰ ਨਾਨਕ ਜਗਮਾਂਹਿੰ ਪਠਾਯਾ॥...ਕਲਿਜੁਗ ਬਾਬੇ ਤਾਰਿਆ, ਸੱਤਨਾਮ ਪੜ੍ਹਮੰਤ੍ਰ ਸੁਣਾਯਾ॥ ਕਲਿਤਾਰਣ ਗੁਰਨਾਨਕ ਆਯਾ॥ 23॥

ਅੱਗੇ ਭਾਈ ਸਾਹਿਬ ਲਿਖਿਆ, ਅਕਾਲ ਪੁਰਖੁ ਦੀ ਆਗਿਆ ਵਿੱਚ ਵਿਸ਼੍ਵ-ਧਰਮਾਂ 'ਚ ਏਕਤਾ ਦਿਖੌਂਣ ਲਈ ਦਿਗਵਿਜੈ ਲਈ ਨਿਕਲੇ:

ਪਹਿਲਾਂ ਬਾਬੇ ਪਾਯਾ ਬਖਸ਼ ਦਰ,ਪਿਛੋਂ ਦੇ ਫਿਰ ਘਾਲ ਕਮਾਈ॥...ਬਾਬਾ ਦੇਖੇ ਧਿਆਨ ਧਰ, ਜਲਤੀ ਸਭ ਪ੍ਰਿਥਵੀ ਦਿਸ ਆਈ॥ ...ਬਾਝਹੁ ਗੁਰੂ ਗੁਬਾਰਹੈ, ਹੈ ਹੈ ਕਰਦੀ

---

195. ਪੁਨੈ.ਓ.ਵਾਰ ੧।੧।੧-ਞ॥ ਸ਼੍ਰੀਗੁਗ੍ਰੰਜੀ.ਅ.ਪੰਨਾ. ਪ੧:੨; ੨੭੬:੧੮; ੮੮ਪ:੬; ੮੮੬:੧੬: ੮੬੪:੧੪...।ਏ.ਪੰਨਾ.੧੦੮੨:੧-੨॥ ਆਦਿ॥

196. ਪੁਨ੍ਹ:ਪੰਨਾ. ਪ੮੩:ਪ= "...ਸਤਿਗੁਰਿ ਕਾਰਕੁਨੀ ਦੀਈ; ਅਤੇ "ਅਉਤਾਰ" ਪੰਨੇ:-"...ਅਉਤਰਿਆ ਅਉਤਾਰੁ ਲੈ , ਸੋ ਪੁਰਖੁ ਸੁਜਾਣੁ...ਨਾਨਕੁ ਤੂ ਲਹਣਾ, ਤੂਹੈ ਗੁਰੁ-ਅਮਰੁ, ਤੂ ਵੀਚਾਰਿਆ ॥ ਗੁਰੂ ਡਿਠਾ, ਤਾਂ ਮਨੁ-ਸਾ-ਧਾਰਿਆ ॥੭॥" ਆਦਿ ਬਹੁਤ ਪੁਤਖ ਲਿਖਤ ਸ੍ਰੀ ਗੁਰੂਜੀਆਂ ਸੰਬੰਧੀ ਪ੍ਰਮਾਣ ਦੇਖੀਦੇ ਹਨ॥

Sri Satguru Jagjit Singh Ji eLibrary NamdhariElibrary@gmail.com

ਸੁਣੀ ਲੁਕਾਈ॥ ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤ ਚਲਾਈ॥ ਚੜ੍ਹਿਆ ਸੋਧਨ ਧਰਤ ਲੁਕਾਈ॥ [197]

ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਆਪਣੇ ਬਾਰੇ ਵੀ (ਦੋ ਅਰਥਕ) ਲਿਖਿਆ ਹੈ:-

ਗੁਰਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥

ਸ਼੍ਰੀ ਜਗਤਗੁਰੂ ਨਾਨਕ ਦੇਵਜੀ ਦਾ ਉਦਾਸੀ ਕ੍ਰਮਣ

ਭਾਰਤ: ਬਾਬਾ ਆਇਆ ਤੀਰਥੀਂ, ਤੀਰਥ ਪੁਰਬ ਸਭੇ ਫਿਰ ਦੇਖੈ॥ ਪੂਰਬ ਧਰਮ ਬਹੁਕਰਮ ਕਰ; ਭਾਉ ਭਗਤਿ ਬਿਨ ਕਿਤੇ ਨ ਲੇਖੈ...॥ ਅ.198

ਮੱਧ ਏਸ਼ੀਆ: ਬਾਬੇ ਡਿਠੀ ਪਿਰਥਮੀ,ਨਵੈ ਖੰਡ ਜਿਥੈ ਤਕ ਆਹੀ॥ ਫਿਰ ਜਾ ਚੜੇ ਸੁਮੇਰ ਪਰ, ਸਿਧ ਮੰਡਲੀ ਦ੍ਰਿਸ਼ਟੀ ਆਈ॥ ਚੌਰਾਸੀਹ ਸਿਧ, ਗੋਰਖਾਦਿ ਮਨ ਅੰਦਰ ਗਣਤੀ ਵਰਤਾਈ॥ ਅ.199

ਪੱਛਮ ਏਸੀਆ: ਬਾਬਾ ਫਿਰ ਮੱਕੇ ਗਯਾ, ਨੀਲ ਬਸਤ੍ਰ ਧਾਰੇ ਬਨਵਾਰੀ॥ ਆਸਾ ਹੱਥ ਕਿਤਾਬ ਕੱਛ, ਕੂਜਾ ਬਾਂਗ ਮੁਸੱਲਾ ਧਾਰੀ॥ ...ਟੰਗੋਂ ਪਕੜ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ[200]॥ ਹੋਇ ਹੈਰਾਨ ਕਰੇਨ ਜੁਹਾਰੀ ॥ ਪੁਛਨ ਗਲ ਈਮਾਨ ਦੀ ਕਾਜ਼ੀ ਮੁਲਾਂ ਇਕਠੇ ਹੋਈ॥ ...ਪੁਛਣ ਖੋਲ ਕਿਤਾਬ-ਨੂੰ ਵਡਾ ਹਿੰਦੂ ਕਿ ਮੁਸਲਮਾਨੋਈ॥ ਬਾਬਾ ਆਖੇ ਹਾਜ਼ੀਆਂ, ਸ਼ੁਭ ਅਮਲਾਂ ਬਾਝੋ ਦੋਵੇਂ ਰੋਈ॥ ਹਿੰਦੂ ਮੁਸਲਮਾਨ ਦੋਇ ਦਰਗਹਿ ਅੰਦਰ ਲੈਣ ਨ ਢੋਈ॥ ਕਰਨ ਬਖੀਲੀ ਆਪ ਵਿਚ ਰਾਮ ਰਹੀਮ ਕੁਥਾਇ ਖਲੋਈ॥ ਧਰੀ ਨਿਸ਼ਾਨੀ ਕੌਸਦੀ, ਮਕੇ ਅੰਦਰ ਪੂਜ ਕਰਾਈ॥ ਜਿਥੇ ਜਾਈ ਜਗਤ ਵਿਚ, ਬਾਬੇ ਬਾਝ ਨ ਖਾਲੀ ਜਾਈ॥ ...ਜਗ ਅੰਦਰ ਕੁਦਰਤ ਵਰਤਾਈ॥

197. ਭਾਈ ਗੁਰਦਾਸ ਜੀ. ਛੰਦ:੩੪੪-੩੪੫ ਨੋਟ:"ਆਜ ਤੇਰੀ ਵਾਰੀਹੈ" ਦੇ ਗੁਰਗਮ ਰੀਤਦੇ ਦੋ ਅਰਥ ਹਨ: ੧. ਕਬਿਤ ਰਚਨਦਾ ਦਿਨ ਕਤਕ ਪੂਰਮਾਸੀਹੈ, ਤੇ. ੨.ਜਾਪਦਾਹੈ ਕਿ ਓਸੇ ਦਿਨ ਸ਼੍ਰੀ ਜਗਤਗੁਰ ਨਾਨਕ ਦੇਣਜੀ ਦਾ ਪ੍ਰਕਾਸ਼ ਪਰਵ ਵੀ ਸੀ ॥ ਅ.ਪੁਨੂ ਦੇਖੋ ਵਾਰ ੧:੨੪:੧-੮॥ ਏ. ਜੋ ਰੂੜੀ ਉੱਤਰ ਭਾਰਤੀ(ਹਿੰਦੀ) ਬੋਲੀ ਨਹੀ ਜਾਣਦੇ ਓਨ੍ਹਾਂਨੂੰ ਇਨ੍ਹਾ ਛੰਦਾ ਦਾ ਪਤਾ ਹੀ ਨਹੀ, ਅਤੇ ਅਗਿਆਨਤਾ ਕਰਕੇ ਭਾ.ਗੁਰਦਾਸ ਵਾਰ ੧।੨੭।੬॥ ਦਾ ਇਹ ਗਲਤ ਆਰਥ"ਘਰ ਘਰ ਅੰਦਰ ਧਰਮ ਸਾਲ ਹੋਵੈ ਕੀਰਤਨ ਸਦਾ ਵਿਸੋਆ"ਪ੍ਰਮਾਣ ਕਰਕੇ ਕਹਿੰਦੇ ਹਨ॥ ਜਿਸਦਾ ਸਿੱਧਾ ਅਰਥ ਸਿੱਖਾਂ ਦੇ ਘਰਾਂ ਘਰਾਂ ਵਿੱਚ ਵਾਹਿਗੁਰੂ ਦਾ ਸਦਾ ਕੀਰਤਨ ਸਦਾ ਵਸਦਾ(ਵਿਸੋਆ),ਭਾਵ ਹੁੰਦਾਹੈ॥ ਕੇਵਲ ਮਾਝੇਦੀ ਬੋਲੀ'ਚ "ਵਸੋਏ:ਦਾ ਅਰਥ ਬੈਸਾਖੀ ਹੈ, ਜੋ ਕਰਦੇ ਹਨ, ਓਹ,ਸਾਰੇ ਹੀ ਰੂੜੀ ਬਾਣੀ ਪ੍ਰਕਿਰਿਆ ਤੋਂ ਅਣਜਾਣ ਹਨ !॥

198. ਸ਼੍ਰੀ.ਗੁ.ਗ੍ਰੰ.ਜੀ:ਓ. ਪੰ: ੯੯੨:੧੭॥ ਅ.ਭਾਈ ਗੁਰਦਾਸ ਵਾਰ ੧:੨੫:੧-੮॥

199. ਪੁਨੂਓ ਛੰਦ: ੩੬੦ ਤੇ"ਜੈਸੇ ਸਰਿ ਸਰਿਤਾ ਸਕਲ ਮੈ ਸਮੁੰਦ੍ਰ ਬਡੋ ਮੇਰ ਮੈ ਸੁਮੇਰ ਬਡੋ ਜਗਤੁ ਬਖਾਨ ਹੈ... ॥੩੭੬" ਤੋ ਸ਼੍ਰੀ ਭਗਵਤ ਗੀਤਾ:੧੦:੨੩-੪॥ ਨੋਟ:-ਸੰਸਕ੍ਰਿਤ'ਮੇਰੂ,ਸਮੇਰੂ ਆਦਿ ਬਹਤ ਵਿਸ਼ੈ ਹਨ, ਜਿਵੇਂ:- ੧. ਮਾਲਾ ਮਣਕੇ ਮੇਰੂ ਹਨ, ਤੇ ਸ਼ਿਖਰ ਮਣਕਾ ਸੁਮੇਰੂ ਹੈ। ੨.ਧਰਤੀ ਉੱਤਰ/ਦੱਖਣ ਸੁਮੇਰੁ (N/S Poles) ੩. ਪਹਾੜ ਸ਼੍ਰਿੰਖਲਾ (range) ਮੇਰੂ ਹਨ,ਸਭਤੋਂ ਉੱਚਾ(ਪੂੱਜ)ਪਹਾੜ ਸੁਮੇਰੂਹੈ। ੪. ਮਨੁਖ ਰਚੇ ਤੁੰਗ (Pyramids) ਮੇਰੂ ਹਨ;ਸਭ ਤੋਂ ਉੱਚਾ ਸੁਮੇਰੂ ਹੈ। ੫.ਅੰਕ ਸੰਖਿਆ ਵਿੱਧੀ "ਮੇਰੂ ਖੰਡ" (Mathematic's permutation combination) ਹੈ, ਤੇ ੬.ਸੰਬੰਧੀ: ਛੰਦ ਗਣਾਦਿ ਵੀ ਹਨ,ਤੇ, ੭. ਸੰਗੀਤ ਵਿਦਿਆ "ਸੁਰ,ਰਾਗ" ਸੰਖਿਆ ਕ੍ਰਮ"ਮੇਰੂ ਖੰਡ" ਆਦਿ ਅਨੇਕ ਅਰਥ ਹਨ॥ ਅ.ਭਾ.ਗੁਰਦਾਸ ਵਾਰ ੧:੨੯-੩੧:੧-੮,ਤੇ ਵਾਰ: ੩੩:੨੬:੧ "ਬਾਲਜਤੀਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ।"

200. ਸ਼੍ਰੀਗੁਰੂਵਾਕ"ਪ੍ਰਗਟ ਕਲਾ ਪ੍ਰਦਰਸ਼ਨ"ਦੇ ਬਹੁਤ ਪ੍ਰਮਾਣ ਹਨ:ਪੰ: 306:15"ਨਾਨਕ ਵੀਚਾਰਹਿ ਸੰਤਜਨ ਚਾਰਿਵੇਦ ਕਹੰਦੇ॥ ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥ ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥ ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥ ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ" ਦੇਖੋ ਪੰਨੈ: ੮੦੯:੧੭; ੯੧੪:੭;੧੧੬੨:੨-੫;੧੧੬੭:-੧-੧੯-; ਭ; ਨਾਮਦੇਵਜੀ ਤੇ ਭਾ:ਗੁਰਦਾਸਜੀ ਨੇ ਸਾਰੇ ਭਗਤਾਂਦੀਆਂ ਕਰਮਾਤਾਂ:ਵਾਰ:੧੦, ਪੌੜੀਆਂ ੧੦-੧੬ ਆਦਿ

Sri Satguru Jagjit Singh Ji eLibrary NamdhariElibrary@gmail.com

ਬਾਬਾ ਗਿਆ ਬਗਦਾਦ ਨੂੰ, ਬਾਹਰ ਜਾਇ ਕੀਆ ਅਸਥਾਨਾ॥ ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ॥...ਪੁਛਿਆ ਫਿਰ ਦਸਤਗੀਰ,ਕੌਨ ਫਕੀਰ? ਕਿਸਕਾ ਘਰਾਨਾ?॥ ਨਾਨਕ ਕਲਿ ਵਿਚ ਆਇਆ,ਰਬ-ਫਕੀਰ ਇਕ ਪਹਿਚਾਨਾ॥ ... ਗੜ੍ਹ ਬਗਦਾਦ ਨਿਵਾਇਕੈ ਮਕਾ ਮਦੀਨਾ ਸਭ ਨਿਵਾਯਾ॥ ਸਿਧ ਚੌਰਾਸੀਹ ਮੰਡਲੀ, ਖਟ ਦਰਸ਼ਨ ਪਾਖੰਡ ਜਣਾਯਾ॥ ...ਜਿੱਤੀ ਧਰਤੀ ਜਗਤ ਸਬਾਯਾ॥ ਜਿਤੀ ਨਵਖੰਡ ਮੇਦਨੀ ਸਤਨਾਮ ਕਾ ਚਕ੍ ਫਿਰਾਯਾ॥ ਹਿੰਦੂ ਮੁਸਲਮਾਨ ਨਿਵਾਇਆ॥ 37॥ 1''[201]

ਸ਼੍ਰੀ ਗੁਰੂਜੀ ਦੇ ਨਵੇ ਬਣਵਾਏ ਸ਼੍ਰੀ ਕਰਤਾਰਪੁਰ, ਮਹਾਂ ਨਦੀ ਐਰਾਵਤੀ (ਰਾਵੀ) ਕਿਨਾਰੇ ਪੱਕੀ ਅਸਥਿਤੀ:-

ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥
ਪਹਿਰ ਸੰਸਾਰੀ ਕਪੜੇ, ਮੰਜੀ ਬੈਠ ਕੀਆ ਅਵਤਾਰਾ॥

ਬੜੇ ਸਾਹਿਬਜ਼ਾਦੇ ਸ਼੍ਰੀ ਚੰਦਜੀ ਦੀ ਮਾਨ ਪ੍ਰਥਾਏ ਸੰਖੇਪ ਕਥਾ

ਪੱਛਮੀ ਅਰਬ ਦੇਸ਼ਾਂ ਦੀ ਯਾਤਰਾ ਕਰਦੇ ਵਿਸ਼ਵਸ਼੍ਰੀਜਗਤਗੁਰੂ ਜੀ ਅਖੀਰ ਕੁਸਤੁਨਤੁਨੀਆ (ਇਸਤਮਬੋਲ/ ਰੂਮ) ਅੰਕਾਰਾ ਤੋਂ ਦੱਖਣ ਦਰਿਆ ਰਾਹੀਂ ਮੁੜ ਬਗ਼ਦਾਦ ਰਹੇ। ਫੇਰ ਉੱਤਰ 'ਚ, ਦੱਖਣੀ ਮੱਧ ਏਸ਼ੀਆ ਕਜ਼ਾਕਸਤਾਨ, ਤੁਖਾਰਸਤਾਨ, ਕਾਫਰਸਤਾਨ 'ਚ ਪੰਦੇਜ਼ ਦਰਿਆ ਕਿਨਾਰੇ ਚਲਿਤ ਦਿਖਾ, ਕਾਫਰਸਤਾਨ 'ਚ ਨਾਨਕ ਸ਼ਾਹੀ-ਸਿੱਖ ਬਣਾਏ॥ ਓਥੋਂ ਉਪਦੇਸ਼ ਦਿੰਦੇ ਬਲਖ, ਬੁਖਾਰੇ ਹੁੰਦੇ ਅਫ਼ਗਾਨਿਸਤਾਨ ਕਾਬੁਲ, ਜਲਾਲਾਬਾਦ ਉੱਤਰ ਦੇ ਭਾਰਤ ਰੁਹਤਾਸ ਲੰਘ ਮਦ੍ ਦੇਸ਼ (ਪੰਜਾਬ) 'ਚ ਨਵੇ ਬਸਾਏ ਕਰਤਾਰਪੁਰ ਆਪਣੇ ਪਰਿਵਾਰ ਨੂੰ ਮਿਲੇ ॥ ਓਥੇ ਸਤਿਸੰਗ ਵੇਲੇ ਸੰਗਤ 'ਚ ਪਰਵਾਰ ਮਹਾਨ ਇਕੱਠੀ ਸਿੱਖ ਸੰਗਤ ਨੂੰ ਜਤਾਣ ਲਈਂ ਸ਼੍ਰੀ ਵਿਸ਼੍ਵਗੁਰੂ ਨਾਨਾਕ ਦੇਵ ਜੀ ਨੇ ਅਪਣੇ ਕੁਲ ਧਰਮ ਮਰਜਾਦਾ ਅਨੁਸਾਰ ਅਖੀਰੀ ਉਦਾਸੀ (ਦਿਗ ਵਿਜੈ)ਦੇ ਅੰਤ 'ਚ ਆਪਣੇ ਜੇਠੇ ਪੁਤ੍ਰ ਸਾਹਿਬਜ਼ਾਦਾ ਸ਼੍ਰੀ ਚੰਦ ਨੂੰ ਬਾਬਾ ਬੁਢਾਜੀ ਦਸੇ ਮੁਤਾਬਿਕ ਭਾਈ ਗੁਰਦਾਸ ਜੀ ਨੇ ਇਹ ਲਿਖਿਆ:-

ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ॥

ਓਥੇ ਬੜੇ ਪੁਤ੍ਰ ਸ਼੍ਰੀਚੰਦ ਨੂੰ ਬੁਲਾ ਆਪਣੇ ਉਦਾਸੀ ਭੇਖ ਦੇ ਦੋ ਚਿੰਨ੍ਹ ਪ੍ਰਦਾਨ ਕੀਤੇ:-

1. ਉਦਾਸੀ ਚੋਲੇ ਨਾਲ ਦੀ ਉੱਚੀ ਟੋਪੀ ਅਤੇ 2. ਇਕ ਕਾਲੀ ਉਨੀ ਮਾਲਾ॥

ਦੋਨੋਂ ਪੂਜਜ ਵਸਤੂਆਂ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀਨੇ ਬੜੇ ਸ਼ਾਹਿਬਜ਼ਾਦੇ(ਉਦਾਸੀ ਸੰਪ੍ਰਦਾਈ ਬਾਬਾ(Patriarch) ਸ਼੍ਰੀ ਚੰਦਜੀ ਜੀ ਨੂੰ ਪ੍ਰਦਾਨ ਕੀਤੀਆਂ॥ ਪਿੱਛੋਂ ਜਦ ਸਾਹਿਬਜ਼ਾਦਾ ਸ਼੍ਰੀ ਚੰਦ 150 ਸਾਲ ਦੇ ਸਨ, ਸ਼੍ਰੀ ਮੀਰੀ-ਪੀਰੀ ਜਗਦਗੁਰੂ ਹਰਿਗੋਬਿੰਦ ਸਾਹਿਬ ਜੀਦੀ ਇਛਾ ਅਨੁਸਾਰ ਕੀਰਤਪੁਰ ਨਗਰੀ ਦੀ ਨੀਂਹ ਧਰੀ ਤੇ ਉਸ ਨਗਰੀ ਉਸਾਰਣ ਪ੍ਰਸੰਗ ਵਿੱਚ ਛੇਵੇਂ ਸ਼੍ਰੀਜਗਦਗੁਰੂ ਤੋਂ ਪੂਜ ਪਿਤਾ ਦੀ ਬਖਸ਼ਿਸ਼ ਪੂਰੀ ਕਰਨੀ ਮੰਗੀ, ਜਿਸਦਾ ਵਰਣਨ ਕਦੀਮੀ ਸ਼੍ਰੀ ਗੁਰੂਜੀ ਵੰਸ਼ੀ ਪਾਂਡਿਆਂ ਦੀਆਂ ਬਹੀਆਂ 'ਚ ਲਿਖੀ ਇਤਿਹਾਸਿਕ ਸ਼ਹਾਦਤ ਮਿਲਦੀ ਹੈ:[202]

---

201. ਭਾਈ ਗੁਰਦਾਸ ਵਾਰ ੧:੩੩-੩੭:੧-੮॥
202. ਸ਼੍ਰੀ ਗੁਰੁਪ੍ਰਤਪ ਸੂਰਜ: ਰਾਸਿ ੬: ਅੰਸੁ: ੫੫:੨੨-੪੩-੪੫., ਪੰਨੇ. ੩੦੧੭-'੧੮-੧੯.

Sri Satguru Jagjit Singh Ji eLibrary NamdhariElibrary@gmail.com

ਬਹੁਰ ਜਹਾਂ ਸ਼੍ਰੀ ਨਾਨਕ ਨੰਦ ਪਹੁੰਚੇ ਤਹਿੰ ਸ਼੍ਰੀ ਹਰਿਗੋਬਿੰਦ ਉਤਰਿ ਤੁਰੰਗ ਤੇ ਲੇ ਸੁਤ ਚਾਰਿ। ਸਿਰੀਚੰਦ ਦਰਸੇ ਤਪਧਾਰਿ॥ ਚਰਨਕਮਲ ਪਰ ਬੰਦਨ ਕੀਨੀ। ਪੁਨ ਕਰ ਜੋਰਿ ਸਮੁਖ ਆਸੀਨੀ॥ ਪਰਮ-ਬ੍ਰਿੱਧ ਜੋਗੇਸ਼ੂਰ ਹੇਰਾ। ਸ਼੍ਰੀ ਬਾਬੇ ਸੁਤ ਕਹਿ ਤਿਸ ਬੇਰਾ॥ "ਕਹੁ ਪੁਰਖਾ ਕੇਤਕ ਹੈਂ ਨੰਦ?"। ਤਬਿ ਬੋਲੇ: ਸ਼੍ਰੀ ਹਰਿਗੋਬਿੰਦ ॥ "ਪੰਚਹੁਤੇ, ਇਕਭਾ ਪਰਲੋਕਹਿ। ਚਤੁਰ ਆਪਕੋ ਦਰਸ ਬਿਲੋਕਹਿੰ"॥ ਕਹਜੋ ਸ਼੍ਰੀ ਚੰਦ, "ਇਕ ਹਮ ਦੇਹੋ। ਅਪਰ ਆਪਨੇ ਸੰਗ ਰਖੇਹੋ"॥ ਸੁਨਕਰਿ ਗੁਰੁ ਸ਼੍ਰੀ ਹਰਗੋਵਿੰਦ॥ ਬਡ-ਸੁਤ ਅਰਪਜੋ ਤਬਿ ਸ਼੍ਰੀ ਚੰਦ॥ ਸ਼ਸਤ੍ਰ ਬਸਤ੍ਰ ਪਹਿਰਾਇ ਨਵੀਨ। ਢਿਗ ਬਿਠਾਇ ਕਰ ਬੰਦਨ ਕੀਨ॥ ਸ਼੍ਰੀ ਨਾਨਕ ਸੁਤ ਭਣੋ ਪ੍ਰਸਨ।" ਧਰਹੁ ਨਮ੍ਰਤਾ, ਯਾਤੇ ਧੰਨ॥ ਸਭਿ ਕਿਛੁ ਲੀਨੋ ਪੂਰਬ ਤੁਮੈ। "(ਚੋਲਾ)ਟੋਪੀ" ਰਹੀ {ਹਤੀ} ਇਹ ਸਮੈ"॥ ਸੋਪਿ ਲਈ ਤੁਮ ਜਤਿ ਬਡਿਆਈ। ਤੁਮਰੀ ਕ੍ਰਿੱਤ ਤੁਮੈ ਬਨਿਆਈ॥ ਇਮ ਕਹਿ ਟੋਪੀ ਸਿਰਤੇ ਲੀਨਿ। ਗੁਰਦਿੱਤੇ ਕੇ ਸਿਰ ਧਰ ਦੀਨਿ ॥ ਅਪਰ ਪੁੱਤ੍ਰ ਗੁਰਕੇ ਲਖਿ ਚਿੱਤਾ। ਭਣੋ ਸੁ ਬਾਬੇ ਕੋ ਗੁਰਦਿੱਤਾ। ਇਹੀ ਬਿਸ਼ੇਸਨ ਸਭਜਗ ਲਹੈ। ਸ਼੍ਰੀ ਬਾਬਾ ਗੁਰਦਿੱਤਾ ਕਹੈ॥ ਨਿੱਧਿ-ਸਿੱਧਿ ਤਪਬਲ ਤੇ ਭਰੀ। ਟੋਪੀ ਗੁਰਦਿੱਤੇ ਸਿਰਧਰੀ॥ ਕੇਤਿਕ ਦਸੋਸ ਰਹੇ ਤਿਨ ਪਾਸ। ਸੁਨੇ ਭਨੇ ਬਚ ਬਿਬਧ ਬਿਲਾਸ॥ 16॥ "[203]

ਉਦਾਸੀਨ ਬਾਬਾ ਸ਼੍ਰੀ ਚੰਦ ਜੀ ਦੀ ਭਾਵਨਾ ਦੀ ਬੇਨਤੀ ਸ੍ਵੀਕਾਰ ਕਰ ਆਪਨੇ ਬਖਸ਼ਿਸ਼ ਰੂਪੀ ਬੜੇ ਸਾਹਿਬਜ਼ਾਦਾ ਗੁਰਦਿੱਤਾ ਜੀ ਨੂੰ ਬਾਬਾ ਸ਼੍ਰੀ ਚੰਦਜੀ ਉਤ੍ਰਾਧਿਕਾਰੀ ਲਈ ਮੰਗੇ; ਸਾਰੀ ਇਕੱਠੀ ਸੰਗਤ ਵਿੱਚ ਬਖਸ਼ ਦਿਤੇ॥ ਬਾਬਾਜੀ ਨੇ ਸ੍ਰੀ ਪਿਤਾ ਗੁਰੂ ਜੀ ਤੋਂ ਸ਼ੁਭ ਟਿੱਕਾ ਦਿਵਾ, ਫੇਰ ਆਪ ਆਪਣੇ ਪੂਜਯ ਸ਼੍ਰੀ ਪਿਤਾ ਵਿਸ਼੍ਵਗੁਰੂਜੀ ਪ੍ਰਦੱਤ ਉਦਾਸੀ ਭੇਖ ਕ੍ਰਮਣ ਕਾਲ ਦੀਆਂ ਦੋਨੋਂ ਪੂਜ ਵਸਤੂਆਂ ਸਾਹਿਬਜ਼ਾਦਾ ਗੁਰਦਿੱਤਾ ਜੀ ਨੂੰ ਓਹੀ ਦੋਨੋਂ:-

1 ਚੋਲਾ-ਟੋਪੀ +1 ਕਾਲੀ ਸੇਲੀ ਪ੍ਰਦਾਨ ਕਰ; ਤਿੰਨ(3) ਹੋਰ ਸ਼੍ਰੀ ਗੁਰੂ ਪ੍ਰਦਾਨ ਪੰਜ ਪੂਜ ਵਸਤੂਆਂ (4 ਧੂਣੇਆਂਨੂੰ ਨਹੀ) ਬਲਕੇ ਆਪਣੇ ਛੋਟੇ ਪੋਤ੍ਰੇ(ਬਣਨਹਾਰ: ਸਤਵੇਂ ਸ਼੍ਰੀ ਜਗਦਗੁਰੂ) ਹਰਿ ਰਾਇ ਜੀ ਨੂੰ ਦਿਤੇ। ਉਨ੍ਹਾਂ ਅਗੇ ਸਪੁਤ੍ਰੀ ਬੀਬੀ ਰੂਪ ਕੁਇਰ ਦੇ ਵਿਆਹ(ਸੰ:1719 ਮਘਰ ਸੁਦੀ 3) ਪਸਰੂਰ ਦੇ ਭਾਈ ਪੈੜਾ ਮੱਲ ਪੁਤ੍ਰ ਖੇਮ ਕਰਨ ਨਾਲ ਭੱਟ ਬਹੀਆਂ 'ਚ ਇਹ ਤਫਸੀਲ ਦਿਤੀ ਹੈ॥ ਭੱਟ ਬਹੀਆਂ ਲਿਖੀ ਤਫਸੀਲ ਪੰਜਾਬੀ ਯੂਨਿਵਰਸਟੀ 'ਚ ਸ਼੍ਰੀਗੁਰੂ ਹਰਿਰਾਇਜੀਦੇ ਬੀਬੀਜੀਦੀ ਇਹ ਲਿਖੀ ਹੈ:-

'ਡੋਲੀ ਵਿਦਿਆ ਕਰਨੇ ਸਮੇ ਦਾਦੀ ਬੱਸੀ ਨੇ ਜਿੱਥੇ ਹੋਰ ਦਾਜ ਦਾਵਨ ਦੀਆ, ਓਥੇ ਪਾਂਚ ਪਾਵਨ ਪੂਜਨੀਕ ਵਸਤੂ ਦੇਕੇ ਕਹਾ:-

---

203. ਸ਼੍ਰੀ ਗੁਰੁਪ੍ਰਤਪ ਸੂਰਜ:ਓ: ਪੋਥੀ ੮॥ ਰਾਸ ੭ ਅੰਸ਼ੁ: ੯: ੯-੧੬/੨੨-੪੩-੪੫= ਓ:ਸ਼੍ਰੀ ਪੂਜਯ ਪਿਤਾ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀਦਾ"ਵਰਦਾਨ:- ਤੇਰੀ ਸੰਪ੍ਰਦਾਇ ਬਾਬੇ ਬਣਨਤੇ ਚਲੇਗੀ"ਹੁਣ ੧੫੦ ਸਾਲ ਯੋਗ ਅਧਿਕਾਰੀ ਨਹੀ ਮਿਲਿਆ,ਤੇ ਪ੍ਰਸ਼ਨ ਫਰਯਾਦ ਕੀਤਾ ॥ਅ:ਪ੍ਰਸੰਗਤੋਂ ਦੋ ਗਲਾਂ ਸਾਫ ਹਨ:੧.ਸ਼੍ਰੀ ਗੁਰੂਜੀ ਸਪੁਤ੍ਰ ਗ੍ਰਿਹਸਤੀ ਸੰਨਿ--ਪਰਿਵਰਾਜਕ (ਸੰਨਿਆਸੀ) ਨਹੀਂ,ਨਾਂਹੀ"'ਚਾਰ ਧੂਣੇ"--ਜੋ ੧੯੧੫-੨੫ ਗੁਰਦ੍ਵਾਰਾ ਲੈਹਰ ਤੋਂ ਜਤਾਇਆ ਗਿਆਹੈ। ੨. ਉਦਾਸੀ'ਟਿੱਕੇ'ਚਾਰੇ ਧੂਣੇ ਤੇ ਅੱਗੇ ੭, ੯, ੧੦ ਸ਼੍ਰੀ ਗੁਰੂਜੀਆਂਦੀਆਂਦੇ "ਛੇ ਬਖਸ਼ੀਸਾਂ"="ਦਸ਼(10)ਨਾਮ ਉਦਾਸੀ"--"ਦਸ਼ ਨਾਮ ਸੰਨਿਆਸੀਆਂ ਵੱਖਰੀ ਸ਼੍ਰੀ ਗੁਰੂਜੀਆਂ ਨੂੰ ਮਨਣਵਾਲੀ" ਗੁਰੂ- ਸਿੱਖ ਸੰਪ੍ਰਦਾਇ"ਬਣੀ ਜੋ ਦਸੋ ਸ਼੍ਰੀ ਗੁਰੂਜੀਂ ਤੇ" ਟਿੱਕੇ"ਸ਼੍ਰੀ ਗੁਰੂ ਗ੍ਰੰਥ ਸ਼ਾਹਿਬਜੀ ਨੂੰ ਇਸ਼ਟ ਮੰਨਦੇ ਹਨ;ਦੇਖੋ ਪੰਨੇ. ੩੦੮੮-੮੯:੧-੬੪,ਤੇ ਪੋਥੀ: ਗੁਰੂਕੀ ਸਾਖੀਆਂ: ਅੰਤਿਕਾ ਪਨਾ. ੨੦੩; ਤੇ ਅਨੇਕ ਗ੍ਰੰਥ:-"ਉਦਾਸੀ ਮਤ ਦਰਪਨ", ਗਜਾਨੀ ਗਿਆਨ ਸਿੰਘ"ਪੰਥ ਪ੍ਰਕਾਸ਼",ਅਨੇਕ ਸ਼੍ਰੀ ਗੁਰੂ ਕੋਸ਼ਾਂ'ਚ ਲਿਖੇ ਵਿਸਤਾਰ ਦੇਖੋ ॥

Sri Satguru Jagjit Singh Ji eLibrary NamdhariElibrary@gmail.com

ਪ੍ਰਿਥਮੇਂ ਸੇਲੀ ਤੇ ਟੋਪੀ ਗੁਰੁ ਨਾਨਕ ਜੀ ਕੀ, ਏਕ ਕਟਾਰ ਗੁਰੂ ਹਰਗੋਬਿੰਦ ਜੀ ਕੀ ਗਾੜ੍ਹੇ ਕੀ, ਏਕ ਪੋਥੀ ਗੁਰੂ ਜੀ ਕੇ ਮੁਹਿ ਕੀਆਂ ਸਾਖੀਆਂ,ਪਾਂਚਮੀ ਰੇਹੇਲ, ਜਿਸਤੇ ਪੋਥੀ ਜੀ ਕਾ ਪ੍ਰਕਾਸ ਹੋਤਾ ਹੈ ਸੀ। ਸੇਲੀ ਤੇ ਟੋਪੀ--ਦੋਮੇਂ ਗੁਰੂ ਨਾਨਾਕ ਜੀ ਨੇ ਬਾਵਾ ਸ਼੍ਰੀ ਚੰਦ ਜੀ ਕੋ ਦਈਸੀ, ਆਗੇ ਇਨੈ ਬਾਬਾ ਗੁਰਦਿੱਤਾ ਜੀਕੋ ਦੇਕੇ ਨਿਵਾਜਿਆ। ਸਵਾ ਪਹਿਰ ਦਿਹੁੰ ਚਢੇ ਮਾਤਾ ਬੱਸੀ ਨੇ ਬੀਬੀ ਰੂਪ ਕੁਇਰ ਕੀ ਰਵਾਨਗੀ ਪਾਰ ਹੋਇਕੇ ਪਸਰੂਰ ਨਗਰੀ ਜਾਇ ਪਹੁੰਚੀ॥[204]

ਇਸਤਰ੍ਹਾਂ ਸ਼੍ਰੀ ਵਿਸ਼੍ਵਗੁਰੂ ਨਾਨਕਦੇਵਜੀ ਦਾ ਬਚਨ "ਗੁਰਬਚਨੀ ਬਾਹਰਿ-ਘਰਿ ਏਕੋ: ਨਾਨਕੁ ਭਇਆ ਉਦਾਸੀ॥ ਪੂਜ ਦੋਨੋਂ ਵਸਤੂਆਂ ਬੜੇ ਸਾਹਿਬਜ਼ਾਦੇ ਬਾਬਾ ਗੁਰਦਿਤਾਜੀ ਪਿੱਛੋਂ, ਛੋਟੇ ਪੁਤ੍ਰ ਸ਼੍ਰੀ ਜਗਦਗੁਰੂ ਹਰਿ ਰਾਇ ਸਾਹਿਬਜੀ ਪਾਸ ਰਹੀਆਂ,ਤੇ ਅਗੇ ਪੰਜ ਵਸਤੂਆਂ ਪ੍ਰਦਾਨ ਕੀਤੀਆਂ॥

ਸ਼੍ਰੀ ਵਿਸ੍ਵਗੁਰੂ ਨਾਨਕ ਦੇਵ ਜੀ ਨਿਰਮਲ ਪੰਥ ਸਥਿਤੀ ਤੇ ਵਿਕਾਸ

ਬਾਬਾ ਬੁਢਾਜੀ ਅਧਾਰ ਭਾਈ ਗੁਰਦਾਸਦੀ ਕੁੰਜੀ ਸ਼੍ਰੀ ਜਗਦਗੁਰੂ ਨਾਨਕ ਦੇਵਜੀਦੀ ਸਾਖੀ, ਸ਼੍ਰੀ ਜਗਦਗੁਰੂਨਾਨਕ ਦੇਵ ਜੀਦੇ ਨਵੇ ਬਣੇ ਮਹਾ ਨਦੀ ਐਰਾਵਤੀ (ਰਾਵੀ) ਕਿਨਾਰੇ ਸ਼੍ਰੀ ਕਰਤਾਰਪੁਰ ਵਿੱਚ ਪੰਥ ਦਾ ਥਾਪਨ:-

ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥ ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ॥ ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉਪਰ ਧਾਰਾ॥ ਪੁਤ੍ਰੀਂ ਕੌਲ ਨ ਪਾਲਿਆ ਮਨ ਖੋਟੇਆ ਕੀਨ ਸਿਆਰਾ॥ ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ॥ ਗਿਆਨ ਗੋਸ਼ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਕਾਰਾ॥ ਸੋਦਰ[1], ਆਰਤੀ[2] ਗਾਵੀਐ ਅੰਮ੍ਰਿਤ ਵੇਲੇ ਜਾਪੁ[3] ਉਚਾਰਾ॥ ਗੁਰਮੁਖ ਭਾਰ ਅਥਰਬਣ ਧਾਰਾ॥

ਨੋਟ:-ਪੁਤ੍ਰੀਂ ਕੌਲ ਨ ਪਾਲਿਆ, ਮਨ ਖੋਟੇਆ ਕੀਨ ਸਿਆਰਾ, ਭਾਵ ਉਸ ਵੇਲੇ ਚਲਾਕ ਗਿਦੜਾਂ ਤਰ੍ਹਾਂ ਮਨਾਂ 'ਚ ਸ਼੍ਰੀ ਗੁਰੁ ਅਮਾਨਤ ਦੀ ਕਹਾਣੀ ਤੇ ਵਿਸ਼੍ਵਾਸ ਨਾ ਕਰ ਸੰਸਾਰਿਕ ਬਰਤਾਵਾ ਕੀਤਾ ਪਰ ਜਦ ਚੌਥੀ ਪੀੜੀ 'ਚ ਅਮਾਨਤ ਵਾਪਸ ਦੇਣੀ ਸਫਲ ਹੋਈ, ਇਹੀ ਨਹੀਂ ਕਿ ਇਨ੍ਹਾਂ ਦੋਨਾਂ ਭੁਲ ਬਖਸ਼ਾਈ, ਪਰ ਇਨ੍ਹਾਂ ਦੀ ਤਰਹਾਂ ਦੂਜੇ ਤੇ ਤੀਜੇ ਸ਼੍ਰੀ ਜਗਦਗੁਰੂ ਜੀਆਂ ਦੇ ਬੜੇ ਪੁਤ੍ਰਾਂ ਨੇ ਵੀ ਏਸ ਕਥਾ ਤੇ ਵਿਸ਼੍ਵਾਸ ਨਾ ਕਰਨ ਕਾਰਣ ਦੂਰ ਵਿਹਾਰ ਕੀਤੇ ਪਰ ਪਿਛੋਂ ਚੌਥੇ, ਪੰਜਵੇ ਸ਼ੀ ਜਗਦਗੁਰੂ ਜੀ ਪਾਸੋਂ ਆਕੇ ਸ਼੍ਰੀ ਚੰਦ ਆ ਭੁਲਾਂ ਬਖਸ਼ਾਈਆਂ॥ ਸਾਹਿਬਜ਼ਾਦਾ ਦਾਤਾ ਜੀ ਦੀ ਟੰਗ ਦਰਦ ਬੰਦ ਹੋਈ ਤੇ ਸਾਹਿਬਜ਼ਾਦਾ ਮੋਹਨ ਜੀ ਇਉਂ ਬਖਸ਼ੇ "ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥ ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ"(ਪੰ.248:10), ਤੇ ਛੇਵੇਂ ਜਗਦਗੁਰੂਜੀ ਅਪਣੇ ਸਪੁਤ੍ਰ ਸਾਹਿਬਜ਼ਾਦਾ ਗੁਰਦਿਤਾ ਜੀ ਨੂੰ "ਅਸੀਸ" ਦੇ ਬਾਬਾ ਸ਼੍ਰੀ ਚੰਦ ਤੋ "ਟਿਕਾ" ਕਰਾ, ਗੁਰੁਸਿੱਖ ਉਦਾਸੀ ਸੰਪ੍ਰਦਾਇ ਥਾਪਿਆ, ਨਹੀਂ ਇਨ੍ਹਾਂ ਸਾਹਿਬਜ਼ਾਦੇ ਬਾਵੇ ਸਾਹਿਬਾਂ ਤੇ ਉਦਾਸੀਆਂ ਕਿਨ ਜਾਨਣੇ ਸਨ?

ਚਲਦਾ ਪ੍ਰਸੰਗ: ਸ਼੍ਰੀ ਵਿਸ਼੍ਵਗੁਰੂ ਨਾਨਕਜੀ ਬਾਰੇ ਭਾਈ ਗੁਰੁਦਾਸ ਜੀ ਨੇ ਬੁਹਤ ਸੰਖੇਪ ਇਹ ਦਸਿਆ ਹੈ :-

ਜ਼ਿਆਰਤ ਕਰ ਮੁਲਤਾਨ ਦੀ ਫਿਰ ਕਰਤਾਰਪੁਰੇ ਨੂੰ ਆਯਾ॥ ਚੜ੍ਹੇ ਸਵਾਈ ਦਹਦਿਹੀ ਕਲਿਜੁਗ ਨਾਨਕ ਨਾਮ ਧਿਆਯਾ॥ ਵਿਣ ਨਾਵੈ ਹੋਰ ਮੰਗਣਾ ਸਿਰ ਦੁਖਾਂ ਦੇ ਦੁਖ ਸਬਾਯਾ॥ ਮਾਰਿਆ

---

204. ਗੁਰੁਕੀ ਸਾਖੀਆਂ: ਸਾਖੀ.੧੫ ਪਨਾ.੫੯-੬੦.

Sri Satguru Jagjit Singh Ji eLibrary NamdhariElibrary@gmail.com

ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ[4] ਚਲਾਯਾ॥ ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਯਾ॥ ਜੋਤੀ ਜੋਤ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ॥ ਲਖ ਨ ਕੋਈ ਸਕਈ: ਆਚਰਜੇ, ਆਚਰਜ ਦਿਖਾਯਾ॥ ਕਾਯਾਂ ਪਲਟ ਸਰੂਪ ਬਣਾਯਾ॥ ਸੋ ਟਿਕਾ ਸੋ ਛਤ੍ਰ ਸਿਰ ਸੋਈ ਸਚਾ ਤਖਤ ਟਿਕਾਈ॥ ਗੁਰ ਨਾਨਕ ਹੁੰਦੀ ਮੋਹਰ ਹਥ, ਗੁਰ ਅੰਗਦ ਦੀ ਦੋਹੀ ਫਿਰਾਈ॥ ਦਿੱਤਾ ਛੱਡ ਕਰਤਾਰਪੁਰ ਬੈਠ ਖਡੂਰੇ ਜੋਤਿ ਜਗਾਈ॥ ਜੰਮੇ ਪੂਰਬ ਬੀਜਿਆ ਵਿਚ ਵਿਚ ਹੋਰ ਕੂੜੀ ਚਤਰਾਈ॥ ਲਹਿਣੇ ਪਾਈ ਨਾਨਕੋਂ ਦੇਣੀ ਅਮਰਦਾਸ ਘਰ ਆਈ॥ ਗੁਰ ਬੈਠਾ ਅਮਰ ਸਰੂਪ ਹੋ ਗੁਰਮੁਖ ਪਾਈ ਦਾਤ ਇਲਾਹੀ॥ ਫੇਰ ਵਸਾਯਾ ਗੋਂਦਵਾਲ ਅਚਰਜ ਖੇਲ ਨ ਲਖਿਆ ਜਾਈ॥ ਦਾਤਿ ਜੋਤ ਖਸਮੈ ਵਡਿਆਈ॥ ਦਿੱਚੇ ਪੂਰਬ ਦੇਵਣਾ ਜਿਸ ਦੀ ਵਸਤ ਤਿਸੈ ਘਰ ਆਵੈ[5]॥ ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥ ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ॥ ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ ਸਮਾਵੈ॥ ਦਿਤਾ ਲਈਏ ਆਪਣਾ[5]: ਅਣਦਿਤਾ ਕਛ ਹਥ ਨ ਆਵੈ॥ ਫਿਰ ਆਈ ਘਰ ਅਰਜਨੇ ਪੁਤ ਸੰਸਾਰੀ ਗੁਰੂ ਕਹਾਵੈ॥ ਜਾਨ ਨ ਦੇਸਾਂ ਸੋਢੀਓਂ ਹੋਰਸ ਅਜਰ ਨ ਜਰਿਆ ਜਾਵੈ॥ ਘਰ ਹੀ ਕੀ ਵੱਥ, ਘਰੇ ਰਹਾਵੈ॥ ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥ ਅਰਜਨ ਕਾਇਆਂ ਪਲਟਕੈ ਮੂਰਤ ਹਰਿਗੋਬਿੰਦ ਸਵਾਰੀ॥ ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥ ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ॥ ਪੁਛੱਨ ਸਿੱਖ ਅਰਦਾਸ ਕਰ ਛੇ ਮਹਿਲਾਂ ਤਕ ਦਰਸ ਨਿਹਾਰੀ॥ ਅਗਮ ਅਗੋਚਰ ਸਤਿਗੁਰੂ, ਬੋਲੇ ਮੁਖਤੇ ਸੁਣਹੁ ਸੰਸਾਰੀ॥ ਕਲਿਜੁਗ ਪੀੜ੍ਹੀ ਸੋਢੀਆਂ ਨਿਹਚਲ ਨੀਵ ਉਸਾਰ ਖਲ੍ਹਾਰੀ॥ ਜੁਗ ਜੁਗ ਸਤਿਗੁਰ ਧਰੇ ਅਵਤਾਰੀ[6]॥ [205]

ਸ਼੍ਰੀ ਜਗਦਗੁਰੂਨਾਨਕ ਦੇਵ ਜੀ ਦਾ ਨਿਰਮਲ ਪੰਥ ਸਭ ਤੋਂ ਪਹਿਲਾ ਹੋਣਾ

ਸ਼੍ਰੀਗੁਰੁ ਬਾਣੀ ਪ੍ਰਮਾਣਹੈ, ਸ਼੍ਰੀ ਤੀਜੇ ਜਗਦਗੁਰੂ ਅਮਰਦਾਸ ਜੀ ਦੇ ਬਹੁਤ ਸ਼ਬਦਾ ਵਿੱਚੋ ਗੁਰੁ-ਸਿੱਖਾਂ ਲਈ ਨਿਰਮਲ ਪਦ ਵਰਣਨ ਹੈ:-

ਮ:3: ਭਗਤ ਜਨਾ ਕਉ ਆਪਿ ਤੁਠਾ ਮੇਰਾ ਪਿਆਰਾ;ਆਪੇ ਲਇਅਨੁ ਜਨਲਾਇ॥ ਪਾਤਿਸਾਹੀ ਭਗਤਜਨਾ ਕਉ ਦਿਤੀਅਨੁ,ਸਿਰਿ ਛਤੁ ਸਚਾ ਹਰਿਬਣਾਇ॥ ਸਦਾ ਸੁਖੀਏ ਨਿਰਮਲੇ

---

205. ਨੋਟ:1.ਇਹ ਪਹਿਲੇ ਤਿਨ ਅੰਕ ਸ਼੍ਰੀਵਿਸ਼ੂਗੁਰੂ ਨਾਨਕ ਦੇਵ ਜੀ ਨਿਜਤ "ਨਿਤ ਨੇਮ ਬਾਣੀਆਂਦੇ ਉਸ ਵੇਲੇ ਛੋਟੇ ਰੂਪਾਂਦੇ ਦੋ ਪਿਛਲੀਆਂ ਬਾਣੀਆਂ ਸਨ। ਇਨ੍ਹਾਦਾ ਹੋਰ ਵਰਣਨ ਤਫਸੀਲ ਨਾਲਹੈ,ਵਾਰਾਂ:-੬।੩।੧੭॥; ੧੨।੨।੩॥ ੨. ਉਸ ਕਾਲ ਸ਼ਾਮਦੇ ਸੋਦਰ ਮ:੧ ਦੇ ਤਿਨ ਸ਼ਬਦ ਸਨ; ੩.ਰਾਤੀ ਸੋਹਿਲਾ ਮ:੧ ਦੇ ਤਿਨ ਸ਼ਬਦ ਸਨ॥ ੪. ਬ੍ਰਹਮ ਅੰਮ੍ਰਿਤਵੇਲੇ"ਸ਼੍ਰੀ ਜੁਪੁ ਨੀਸਾਣ"ਦੇਮੂਲ ਮੰਤ੍ਰਤੇ ੪੦ ਪੌੜੀਆਂ ਹਨ॥ ਪ.ਇਹ ਸਾਫ ਪਿਛਲੇ ਜਨਮਦੇ ਵਰਦਾਨਦਾ ਸੰਕੇਤਹੈ ਜੋ ਵਿਸਤਾਰ ਇਤਿਹਾਸ ਸ਼੍ਰੀ ਦਸ਼ਮ(੧੦)ਜਗਦ- ਗੁਰੂ ਗੋਬਿੰਦ ਸਿੰਘ ਜੀਦੇ ਸ਼੍ਰੀਗੁਰੂ ਬੰਸ (੨੪ ਅਵਤਾਰ ਤੋਂ ਭਿੰਨ) ਬਚਿਤਰ ਨਾਟਕ ਅਧਿਆਏ ੨ ਤੋਂ ੫ ਵਿੱਚ ਵਿਸਤਾਰ ਨਾਲ ਦਿੱਤਾਹੈ॥ ਤੇ ਸ਼੍ਰੀਗੁਰੂ ਗ੍ਰੰਥਜੀ ਪੰਨੇ ੧੪੧:੧੯ ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿਬੰਛਹਿ ਜਾਕੀ ਸਰਨੈ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾਕੀ ਸ੍ਰੀ ਰਾਮਦਾਸੁ ਤਾਰਣ ਤਰਣੈ॥ 2॥ "ਭੱਟ ਬਾਣੀ ੧੦੦ ਬਰਸ ਦਸਮ ਗ੍ਰੰਥੋਂ ਪਹਿਲਾਂ ਸਪਸ਼ਟ ਲਿਖਿਆ ਹੈ,ਅਤੇ ਉਸੇ ਕਾਲ ਭਾ:ਗੁਰਦਾਸਜੀ ਵਾਰ:੧।੪੭।੧-੩"ਦਿੱਚੇ ਪੂਰਬ ਦੇਵਣਾ..." ਲਿਖਿਆ;ਦੇਖੋ ਵਾਰ 24॥ ੬. ਸਾਰੇ ਹੁਣ ਜਾਣਦੇ ਹਨ ਕੇਵਲ ੧੦ ਸ਼੍ਰੀਗੁਰੂ ਅਵਤਾਰ ਸਨ।ਪਰ ਛੇਵੇ ਸ੍ਰੀ ਜਗਦਗੁਰੂਜੀ ਵੇਲੇ ੧੦੦ ਸਾਲ ਪਹਿਲਾਂ ਸਿੱਖਾਂਦੀ ਭਾਵਨਾ ਦੇਖ;"ਜੁਗ"ਸ਼ਬਦ ਦੋ ਵਾਰ ਰੂੜੀ ਅਰਥੀ ਬਰਤੇ:"ਜੁਗ"ਦਾ ਅਰਥ ਸੰਸਕ੍ਰਿਤ'ਚ 'ਜੁਕ''ਦੋ'(2) ਅਰਥਕ ਹੈ॥ ਸੋ ਗੁਰੁਗਮ ਟਕਸਾਲੀ "ਜੁਗ ਜੁਗ"੨+੨=੪ ਅਤੇ ਪਹਿਲੇ ੬+੪ =੧੦ ਸ਼੍ਰੀ ਗੁਰੂ ਅਵਤਾਰ ਭਵਿਸ਼ਜਵਾਕ ਸਿਮ੍ਰਿਤੀ (ਸਕੰਧ ਪੁਰਾਣ) ਭਵਿਸ਼ਜ ਪੁਰਾਣ ਸੰਕੇਤ; ਸ਼੍ਰੀਗ੍ਰੰਜੀ ਪੰ.੧੧੭:੨-੬ ਦੇਖੋ:"ਗੁਰੁਸਤਿਗੁਰੁ ਗੁਰਗੋਵਿਦੁ ਪੂਛਿ?ਸਿਮ੍ਰਿਤਿ [illegible]

Sri Satguru Jagjit Singh Ji eLibrary NamdhariElibrary@gmail.com

ਸਤਿਗੁਰਕੀ ਕਾਰ ਕਮਾਇ॥ ਰਾਜੇ ਓਇ ਨ ਆਖੀਅਹਿ, ਭਿੜਿ ਮਰਹਿ ਫਿਰਿ ਜੂਨੀਪਾਹਿ॥ ਆਦਿ ॥

ਭਾਈ ਗੁਰਦਾਸ ਜੀ ਦਾ ਵੀ ਪ੍ਰਮਾਣ ਬਚਨ ਹੈ: ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ[4] ਚਲਾਯਾ॥ ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਯਾ॥ ਜੋਤੀ ਜੋਤ ਮਿਲਾਇਕੈ...॥ ਭੱਟ ਵਾਕ: ਕਲਿ ਸਮੁਦ੍ਭਏ ਰੂਪ ਪ੍ਰਗਟਿ ਹਰਿਨਾਮ ਉਧਾਰਨੁ॥ ਬਸਹਿ ਸੰਤ ਜਿਸੁ ਰਿਦੈ ਦੁਖ ਦਾਰਿਦ੍ ਨਿਵਾਰਨੁ॥ ਨਿਰਮਲ ਭੇਖ ਅਪਾਰ ਤਾਸ ਬਿਨੁ ਅਵਰੁ ਨ ਕੋਈ॥ ਮਨ ਬਚ ਜਿਨਿ ਜਾਣਿਅਉ ਭਜਉ ਤਿਹ ਸਮਸਰਿ ਸੋਈ॥ ਧਰਨਿ ਗਗਨ ਨਵ ਖੰਡਹਿ ਜੋਤਿਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੁਹਰਿ॥

ਸ਼੍ਰੀਜਗਦਗੁਰੂ ਕਰਤਾਰਪੁਰ ਰਾਵੀ ਆਪਣਾ ਗੁਰੁਪੰਥ ਰਚਿਆ-ਪਰ ਨਾਮ ਕਰਣ ਨਹੀਂ ਕੀਤਾ॥ ਸੰਸਥਾ ਤਿੰਨ ਤਰ੍ਹਾਂ ਦੇ ਰਚੇ ਜਾਂਦੇ ਹਨ:-

1. ਨਿਜਿਤ ਨਾਮ, ਵਿਧਾਨ ਨਾਲ।
2. ਨਾਮ ਨਾਲ, ਪਰ ਸ਼ੁਰੂ 'ਚ ਬਿਨਾ ਨੇਮਾਂ; ਅਤੇ
3. ਵਿਧਾਨ ਨੇਮਾਂ ਨਾਲ ਪਰ ਬਗੈਰ ਨਾਮ ਧਰੇ ॥

ਤੀਜਾ ਰੂਪ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀਦਾ ਸੀ॥ ਦੁਨੀਆਂ ਦੇ ਹੋਰ ਧਰਮਾਂ ਮੁਕਾਬਲੈ ਨਿਰਮਲੇ ਸੰਗਿਆ ਰਾਹੀਂ ਪ੍ਰਸਿੱਧ ਕੀਤਾ॥ ਧਰਮਸਾਲ ਰਚੀ; ਦੈਨਿਕ ਟਹੋਲੇ:-ਜਾਪ, ਸੋਦਰ, ਕੀਰਤਨ-ਸਤਸੰਗ, ਲੰਗਰ, ਸਰਾਇ 'ਚ ਤਿਥੀ-ਅਤਿਥੀ ਸਤਕਾਰ ਰਹਿੰਦਾ ਸੀ॥ ਭਾਈ ਗੁਰਦਾਸ ਜੀ ਪਹਿਲੇ ਲਿਖ ਚੁਕੇ ਆਦਿ ਵਿਸ਼੍ਵਗੁਰੂਜੀ ਕਰਤਾਰਪੁਰ ਰਾਵੀ'ਚ ਥਾਪੀ ਮਰਜਾਦਾ ਪ੍ਰਮਾਣ : 6।3।1-8 :-

ਅੰਮ੍ਰਿਤ ਵੇਲੇ ਉਠ ਕੇ ਜਾਇ ਅੰਦਰ ਦਰਯਾਇ ਨ੍ਹਵੰਦੇ॥ ਸਹਜ ਸਮਾਧ ਅਗਾਧ ਵਿਚ ਇਕ ਮਨ ਹੋ ਗੁਰ ਜਾਪੁ ਜਪੰਦੇ॥ ਮਥੇ ਟਿਕੇ ਲਾਲ ਲਾਇ ਸਾਧ ਸੰਗਤ ਚਲ ਜਾਇ ਬਹੰਦੇ॥ ਸ਼ਬਦ ਸੁਰਤਿ ਲਿਵਲੀਨ ਹੋਇ ਸਤਿਗੁਰ ਬਾਣੀ ਗਾਵ: ਸੁਨੰਦੇ॥ ਭਾਇ ਭਗਤ ਭੈ ਵਰਤਮਾਨ ਗੁਰਸੇਵਾ ਗੁਰ ਪੁਰਬ ਕਰੰਦੇ॥ ਸੰਝੈ ਸੋਦਰ ਗਾਵਣਾ ਮਨ ਮੇਲੀ ਕਰ ਮੇਲ ਮਿਲੰਦੇ॥ ਰਾਤੀ ਕੀਰਤਨ ਸੋਹਿਲਾ ਕਰ ਆਰਤੀ ਪਰਸਾਦ ਵੰਡੰਦੇ॥ ਗੁਰਮੁਖ ਸੁਖਫਲ ਪਿਰਮ ਚਖੰਦੇ॥

ਇਹ ਜਪੁ ਸਮੇਤ ਆਦਿਸ਼੍ਰੀ ਵਿਸ਼ਗੁਰੂ ਜੀ ਦੇ ਤਿਨ ਸ਼ਬਦਾਂ ਦੀ ਸ਼ਾਮ ਤੇ ਰਾਤ ਦੀ ਮਰਯਾਦਾ ਤੀਜੇ ਸ਼੍ਰੀ ਜਗਦਗੁਰੂ ਜੀ ਤਕ ਰਹੀ,ਤੇ; ਸ਼੍ਰੀ ਚੌਥੇ ਜਗਦਗੁਰੂ ਰਾਮ ਦਾਸ ਜੀ ਅੰਮ੍ਰਿਤਸਰ ਪ੍ਰਚਲਿਤ ਮਰਜਾਦਾ ਪ੍ਰਮਾਣ:-

ਮ: 4॥ ਗੁਰ-ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ,ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥ ਉਪਦੇਸਿ ਗੁਰੂਹਰਿ ਹਰਿਜਪੁ ਜਾਪੈ; ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿਚਤੈਦਿਵਸੁ ਗੁਰਬਾਣੀ ਗਾਵੈ;ਬਹਦਿਆ ਉਠਦਿਆ ਹਰਿਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿਹਰਿ;ਸੋ ਗੁਰਸਿਖੁ ਗੁਰੂਮਨਿਭਾਵੈ॥ ਜਿਸਨੋ ਦਇਆਲੁਹੋਵੈ ਮੇਰਾ ਸੁਆਮੀ,ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥

Sri Satguru Jagjit Singh Ji eLibrary NamdhariElibrary@gmail.com

ਜਨੁ ਨਾਨਕੁ ਪੂੜਿਮੰਗੈ ਤਿਸੁਗੁਰਸਿਖਕੀ,ਜੋ ਆਪਿ ਜਪੈ ਅਵਰਹ ਨਾਮੁ ਜਪਾਵੈ''ਦ.206

ਸ਼੍ਰੀਗੁਰੁ ਪੰਥ ਕਰਤਾਰਪੁਰ'ਰਾਵੀ' ਤੋਂ ਅੰਮ੍ਰਿਤਸਰ ਸ਼੍ਰੀ ਛੇਵੇਂ ਜਗਦਗੁਰੂ ਤਕ ਧਰਮ ਪ੍ਰਚਾਰਕ: ਮੰਜੀਆਂ. ਪੀੜ੍ਹੇ, ਸੰਗਤਾਂ ਦੀ ਮਰਜਾਦਾ–

1. ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਧਰਮ ਰਾਜ ਦਿਗਵਿਜੈ ਕਾਲ:–ਕਿਤਾਬ ਲਿਖੀ; 8 ਮੰਜੀਆਂ ਤਖਤ ਇਲਾਨ ਕਰੇ ਤੇ ਕਰਤਾਰਪੁਰ ਰਾਵੀ ਕੇਂਦ੍ਰ ਥਾਪਿਆ॥

2. ਸ਼੍ਰੀ ਜਗਦਗੁਰੂ ਅੰਗਦ ਦੇਵਜੀ ਧਰਮ ਰਾਜ ਕਾਲ:–ਆਦਿਸ਼੍ਰੀਗੁਰੁ ਬਖਸੀ ਕਿਤਾਬ ਗੁਰਮੁਖੀ ਪੈੜੇ ਮੋਖੇ ਭਾ.ਬਾਲਾ ਜਨਮ ਸਾਖੀ ਖਡੂਰ ਕੇਂਦ੍ਰ ਲਿਖੀ॥

3. ਸ਼੍ਰੀ ਜਗਦਗੁਰੂ ਅਮਰਦਾਸਜੀ ਧਰਮ ਰਾਜ ਕਾਲ:–ਗੋਵਿੰਦਵਾਲ ਲੇਖਸ਼ਾਲਾ।8 ਤੋਂ ਵਧਾ 22 ਮੰਜੀਆਂ, 52 ਪੀੜ੍ਹੇ ਸ਼ਾਹ ਅਕਬਰ ਦੇ 22 ਸੂਬੇ 'ਚ ਕੈਮ॥

4. ਸ਼੍ਰੀ ਜਗਦਗੁਰੂ ਰਾਮਦਾਸਜੀ ਧਰਮ ਰਾਜ ਕਾਲ:–22 ਮੰਜੀਆਂ,52 ਪੀੜ੍ਹੇਦੇ 55 ਮਸੰਦਾਂ ਦਾ ਧੁਰਾ ਅੰਮ੍ਰਿਤਸਰ ਕੇਂਦ੍ਰ ਕੈਮ ਕੀਤਾ ॥

5. ਸ਼੍ਰੀ ਜਗਦਗੁਰੂ ਅਰਜੁਨ ਦੇਵਜੀ ਧਰਮ ਰਾਜ 4(ਕੱਚੀ, ਪੱਕੀ, ਛੋਟੀ, ਬੜੀ (Ordained) ਸੰਗਤ ਕਾਲ: ਮੰਜੀਦਾਰ,ਪੀੜੇਦਾਰ, ਮਸੰਦਾਂ ਭਰਤੀ

6. ਸ਼੍ਰੀ ਜਗਦਗੁਰੂ ਹਰਿਗੋਬਿੰਦ ਜੀ ਧਰਮ ਰਾਜ ਕਾਲ:ਗੁਰੂ ਮਹਿਲ ਵਧਾ''ਅਕਾਲ ਬੁੰਗਾ/ਤਖਤ ਰਚ, ਪੰਜਵੀ ਖਾਲਸਾ ਸੰਗਤ ਥਾਪੀ॥[207] ਉਸ ਕਾਲ 'ਚ ਧਰਮਸਾਲ (ਗੁਰੁਦ੍ਵਾਰੇ) ਦੇ ਮੁੱਖ ਪੰਜ ਅੰਗ:1. ਕੀਰਤਨ, 2.ਕਥਾ, 3.ਕੜ੍ਹਾ ਪ੍ਰਸ਼ਾਦ (ਪੰਚਾਮ੍ਰਿਤ)ਅ.208 4.ਕੜਛਾ(ਲੰਗਰ) ਤੇ ਪੀਰੀ-ਮੀਰੀ ਜਗਦਗੁਰੂ ਖਾਲਸਾ ਸੰਗਤ ਲਈ ਵੀਰ ਰਸੀ, 5.ਕਾਵਜ ਦਰਬਾਰ/ਢਾਡੀ ਵਾਰਾਂ ਦੀ ਰੀਤ ਥਾਪੀ ਜੋ ਵਿਸ਼੍ਵਭਰ ਵਿੱਚ ਫੈਲ ਗਈ॥

ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀਦੇ ਸ਼੍ਰੀ ਜਗਦਗੁਰੂ ਗੱਦੀ, ਟਿੱਕਾ ਨਿਜਿਤ ਪ੍ਰਸੰਗ ਆਦਿ ਪਿਛਲੇ ਚਲਦੇ ਪ੍ਰਸੰਗ ਅਨੁਸਾਰ ਸੰਖੇਪ ਸ਼੍ਰੀ ਗੁਰੂ–ਸਿੱਖ ਧਰਮ ਪੰਥ ਦੇ ਹਰ ਸਿਖ ਨੂੰ ਜਾਣਨੇ ਜ਼ਰੂਰੀ ਹਨ, ਜਥਾ:–

ਚੌਪਈ॥ ਹਾਥ ਬੰਦਕੈ ਕੀਨ ਪ੍ਰਣਾਮੰ। ਲੈ ਨਿਜ ਸੰਗ ਚਲੇ ਸੁਖਦਾਮੰ॥ ਸਾਲਮਹਿ ਆਨਿ ਬਿਰਾਜੈ। ਜੋ ਸਿੱਖਨਕੇ ਸਭਿ ਸੁਖ ਛਾਜੇ॥ ਲਹਿਣੇਕੋ ਬਿਠਾਇ ਤਿਹ ਕਾਲਾ। ਸੰਗਤ ਸਰਬ ਬੁਲਾਇ

---

206. ਸ਼੍ਰੀ ਗੁਰੂ ਗ੍ਰੰਥਜੀ.ਓ.ਪੰਨਾ: ੫੯੦:੬ । ੨੭:੧੪। ੨੮:੧੨। ੩੨:੨। ੪੨੬:੧੯। ੫੧੫:੫;ਆਦਿ ਹਨ॥ ਭੱਟਾ ਬਾਣੀ: ਪੰਨੇ.ਓ: ੧੩੯੫:੬-੧੨ "ਨਾਨਕ ਕੁਲਿ ਨਿੰਮਲੁ ਅਵਤਰਿਅਉ ਅੰਗਦ ਲਹਣੇ ਸੰਗਿ ਹੁਅ ਗੁਰੂ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਭੁਅ ॥੨॥੧੬॥... ਗੁਰੂ ਗਉਹਰੁ ਦਰੀਆਉ ਪਲਕ ਡੁਬੰਤਜਹ ਤਾਰੈ ॥ ਨਾਨਕ ਕੁਲਿ ਨਿੰਮਲੁ ਅਵਤਰਿਅਉ ਗੁਣ ਕਰਤਾਰੈ ਉਚਰੈ ॥ ਗੁਰੂ ਅਮਰਦਾਸੁ ਜਿਨ "ਸੇਵਿਅਉ ਤਿਨ" ਦੁਖੁ ਦਰਿਦ੍ਰੁ ਪਰਹਰਿ ਪਰੈ ॥੩॥੧੭॥" ਅਤੇ,ਪੰਨਾ ਅ:੧੪੦੯:੯ ਇਹ ਕਾਫੀ ਅਕਾਟ ਸ਼੍ਰੀ ਗੁਰੂ ਗ੍ਰੰਥ ਸਾਹਿਬਜੀ ਦੇ ਪ੍ਰਮਾਣ ਹਨ ॥ ਦ.ਪੰ. ੩੦੫:੧੭-੧੯- ॥

207. ਜ਼ਰੂਰੀ ਨੋਟ:੧੦ਵੇ ਸ਼੍ਰੀਗੁਰੂਜੀ "ਸਿੰਘ"ਸਾਜੇ ਸੰਨ--ਖਾਲਸਾਨਹੀਂ॥ ਛੇਵੇ(੬)ਸ਼੍ਰੀਜਗਦਗੁਰੂ ਜੀਨੇ ਪੰਜਵੀ"ਖਾਲਸਾ"(ਨਚੋਂ)ਸੰਗਤ ਨਾਲ ੨,੨੦੦ ਯੋਧੇ (ਫੋਜ)ਆਂ ਦੀ ਫੋਜੀ"(**ਅਕ੍ਸ਼ੌਣੀ ਸੇਨਾ**) ਸਾਜੀ।ਉਸ ਦਾ ਬਕਸ਼ੀ (C in C),ਜਥੇਦਾਰ (Brig, Gen) ਆਦਿ ਸਾਜੇ;ਦੇਖੋ ਡਾ:ਗੰਡਾ ਸਿੰਘ ਗ੍ਰੰਥ: "ਹੁਕਮਨਾਮੇ" =6ਵੇਂ ਸ਼੍ਰੀਗੁਰੂਜੀ ਖਾਲਸਾ ਅੰਕ.੩। ੯ਵੇਂ ਸ਼੍ਰੀਗੁਰੁਜੀ ਖਾਲਸਾ ਅੰਕ.੮। ੧੦ਵੇਂ ਸ਼੍ਰੀਗੁਰੂਜੀ ਸਿੰਘ ਸਜਾਂਣ ਪਹਿਲਾਂਅੰਕ:੪੬;੪੮,ਤੇ ੧੦ਵੇਂ ਸ਼੍ਰੀ ਗੁਰੂਜੀ ਸਿੰਘ ਸਜਣ ਪਿੱਛੋਂ: ਅੰਕ. ੪੯;੫੫:ਭਾਈ ਮਿਹਰ ਚੰਦ ਧਰਮ ਚੰਦ"ਖਾਲਸਾ"ਅੰਕ.੫੮;੫੯...।ਤੇ ਸ਼ਮਸ਼ੇਰ ਸਿੰਘ'ਅਸ਼ੋਕ' ਸ਼ਰੋ.ਕਮੇਟੀ,ਅੰਮ੍ਰਿਤਸਰ ਵੀ ਛਾਪੀ ॥

208. ਉ.ਅਧਿਆਤਮ ਕਰਮ"ਪੰਜ ਕੱਕੇ"।ਅ.ਭਾ.ਗੁਰਦਾਸ ਪੰਚਾਮ੍ਰਿਤ ਛੰਦ"ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ, ਪੰਚ ਮਿਲਿ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ...੧੨੪"

Sri Satguru Jagjit Singh Ji eLibrary NamdhariElibrary@gmail.com

ਬਿਸਾਲਾ॥ ਦੋਨੋ ਸੁਤ ਕੋ ਨਿਕਟ ਹਕਾਰਾ। ਆਇ ਤਬੈ ਸਾਲ ਮਝਾਰਾ॥ ਲਹਿਣੇਕੋ ਕਰੁਨਾ-ਯੁਤ ਹੇਰਾ। ਲਿਜ ਪੰਚ-ਪੈਸੇ ਇਕ ਨਲਿਯੇਰਾ॥ ਕੀਨ ਪ੍ਰਦੱਛਨ ਤੀਨ ਚੁਫੇਰੇ। ਕਰਤੇ ਧਰਕੇ ਭੇਟ ਅਗੇਰੇ॥ ਹਾਥ ਜੋਰਿਕੈ ਸੀਸ ਨਿਵਾਯੋ। ਲਹਿਨਾ ਪਿਖਿ ਡਰਿਓ ਬਿਸਮਾਯੋ॥ ਉਰਬਿਚਾਰਿ ਬਿੱਪ੍ਰੀਤ ਮਹਾਨਾ। ਤਿਹਬਿਨ ਇਹਬਿਧਿ ਬਚਨ ਬਖਾਨਾ॥ ਤੁਮ ਕਰਤਾਰ, ਸਰਬ ਸਿਰਤਾਜਾ। ਪਰਮਪ੍ਰਮੇਸ਼ੁਰ ਸ਼੍ਰੀ ਮਹਾਰਾਜਾ॥ ਜਿਸਤਨ ਕੋ ਤੁਮਨੈ ਸਿਰਨਜਾਯੋ। ਉਚਿਤ ਬਢੇ ਦੁਖ ਮੈਂ ਲਖ ਪਾਯੋ॥

ਦੋਹਰਾ॥ ਸੁਨਕੈ ਸ਼੍ਰੀਗੁਰ ਤਬ ਕਹਯੋ ਕ੍ਰਿਪਾ ਰਸੀਲੈ ਨੈਨ। ਪੁਰਖਾ ! ਬਸ, ਤੂਸ਼ਨਿ ਕਰਹੁ, ਬਹੁਰ ਨ ਬੋਲਹੁ ਬੈਨ॥ ਚੌਪਈ॥ ਅੰਗਦ ਨਾਮ ਆਜਤੇ ਹੋਹਿ। ਨਿਜ ਅੰਗਨਤੇ ਕੀਨੋ ਤੋਹੀ॥ ਮੇਰਨ ਸਤਨਾਮ ਪ੍ਰਗਟਾਵੋ। ਜਹਿੰ ਤਹਿੰ ਸਿੱਖੀ ਰੀਤਿ ਚਲਾਵੋ॥ ਜੇਕੋ ਹ੍ਵੈ ਮੇਰੋ ਅਨੁਸਾਰੀ। ਨਮੋ ਕਰਹਿ ਪਦਪਰ ਸਿਰ ਧਾਰੀ॥ ਮਮ ਸਰੂਪ ਕੋ ਜੈਸਾ ਜਾਨੈਂ। ਤਿਸੀ ਪ੍ਰਕਾਰੁ ਇਸੈ ਮਨ ਮਾਨੈ॥ ਸੁਨਿ ਰਜਾਇ ਸਤਿਗੁਰਕੀ ਤਬਹੀ। ਬੁਢੇਤੇ ਆਦਿਕ ਸਿੱਖ ਸਭਹੀ॥ ਰੁਖ ਬਿਲੋਕਿ ਕੈ ਦੇਖ ਨਿਕੰਦਨ। ਉਠ ਤਤਕਾਲ ਕੀਨ ਸਭਿ ਬੰਦਨ॥ ਜੁਗਲ ਆਤਮਜ ਉਠੇ ਨ ਕੋਈ। ਬੈਠੇ ਰਹੇ ਮਾਨਭਰ ਸੋਈ॥ ਸ਼੍ਰੀ ਗੁਰੁ ਤਿਨਕੋ ਗਿਰਤ ਅਲਾਈ। "ਤੁਮਭੀ ਉਠਿ ਬੰਦੋ ਸਿਰ ਨਜਾਈ"॥ ਕਹਤਿ ਭਏ ਇਹ ਦਾਸ ਤਿਹਾਰਾ। ਹਮ ਸੁਤ ਊਰਧ ਪਦ ਅਦਿਕਾਰਾ॥ ਕੈਸੇ ਬਨੈ ਬੰਦਨਾ ਕਰਨੀ। ਹਮਤੇ ਕਰ ਨ ਜਾਇ ਅਕਰਨੀ॥ 90॥ ਇਹਕਹਿ ਅਪਨੇਸਦਨ ਸਿਧਾਰੇ। ਪਿਤ ਕਰਤਬ ਕੁਛੁ ਰਿਦੇ ਨ ਧਾਰੇ॥ ਮਹਿਮਾ ਲਖਿਕੈ ਕਹਯੋ ਨ ਮਾਨਯੋ। ਤਿਹਛਿਨ ਸ਼੍ਰੀਗੁਰੁਕਛੁ ਨ ਬਖਾਨਯੋ"[209]

ਇਹੀ ਅਟੁਟ ਪ੍ਰਪਾਟੀ ਦੀ ਪਹਿਲੇ ਉੱਤਰਾਧਿਕਾਰੀ ਸ਼੍ਰੀ ਗੁਰੂ ਅੰਗਦ ਦੇਵਜੀ ਨੂੰ ਸਾਫ ਨਿਰਧਾਰਤਿ ਪਰੰਪਰਾ ਭੱਟ ਕਲ ਨੇ ਸਾਫ ਲਿਖੀ ਹੈ:-

ਗੁਰਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੋ॥ ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੋ॥

ਓਹੀ ਅਟੁਟ ਲੜੀਦੀ ਪਰੰਪਰਾ ਸ਼੍ਰੀ ਪੰਚਮ ਗੁਰੂ ਅਰਜੁਨ ਦੇਵਜੀ ਬਾਰੇ ਸਪਸ਼ਟ ਪ੍ਰਮਾਣ ਫੇਰ ਭੱਟ ਕਲ ਨੇ ਲਿਖਿਆਹੈ:-

ਗੁਰਗਮ ਪ੍ਰਮਾਣਿ ਅਜਰੁ ਜਰਿਓ, ਸਰਿ ਸੰਤੋਖ ਸਮਾਇਯਉ॥
ਗੁਰ ਅਰਜੁਨ ਕਲਜੁਚਰੈ ਤੈ ਸਹਜਿ-ਜੋਗੁ ਨਿਜੁ ਪਾਇਯਉ॥

ਨੋਟ:-ਇਹ ਅਨੇਕ ਪ੍ਰਮਾਣ ਲਿਖਣਾ ਮੰਤਵ ਇਹ ਹੈ ਕਿ, ਇਤਹਾਸ ਵਿੱਚ ਸੰਪੂਰਣ ਸ਼੍ਰੀ ਗੁਰੂ ਬਾਣੀ ਸ਼ਬਦਾਂ ਦੇ ਨਾ ਇਤਿਹਾਸਿਕ ਵਰਣਨ ਅੜੇ ਨਾਂ ਉਨ੍ਹਾਂ ਸਾਰੇਆਂ ਦੇ ਪਰਥਾਇ ਲਿਖੇ

---

209. ਓ.ਵੇਦ'ਚ ਪੁਤ੍ਰ ਅੰਗਦ ਨਾਮ ਮੱਖਣ:-**ਕੌ.ਬ੍ਰ: ੨।੧੬ "ਅਜ੍ਞੇਤਮਾਸ਼ੀਰ੍ਮਨ੍ਤ ਪਠਨ੍ਤਿ ਅਙ੍ਗਦ ਅਙ੍ਗਾਤ੍ਸਂਭਸਿ ਹ੍ਰਦਯਾਦਾਧਿਜਾਯਸੇ । ਆਤ੍ਮਾ ਵੈ ਪੁਤ੍ਰ ਨਾਮਾਸਿ ਸ ਜੀਵ ਸ਼ਰਦ: ਸ਼ਤਮੇਤਿ।੩॥"** ਸ਼੍ਰੀ ਨਾਨਕ ਪ੍ਰਕਾਸ਼ ਉਤਰਾਰਧ: ਓ. ਪ੨:੭੭ **(ਅਥਰ੍ਵੇਦ ੧੦।੧੭ "ਯੇ ਅਰ੍ਵਾਙ੍ ਗਥ੍ਯੇ ਤੁਤ ਵਾ ਪੁਰਾਣਂ ਵੇਦਂ ਵਿਦ੍ਵਾਁਸਮਭਿਤੋ ਵਦਨ੍ਤਿ।)**-ਦ੨: ੮੭-੮੮,੮੯-੯੧। ਅ.ਪੰ.੧੦੨੧:੯।ਇ.ਪੰ.੧੭੯੨:੭। ਸ.ਪੰ.੧੪੦੮:੭ ।ਹ.ਪੰ.੧੨੨੬:੭" ਸਾਰਗ ਮਹਲਾ ੫॥ ਪੋਥੀ ਪਰਮੇਸਰਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥।"।ਕ. ਪੰ.੧੨੧੯:੪॥ ਖ.ਪੰਨੇ. ੧੪੦੧:੧੯-੧੪੦੨:੧"ਪਿਛੋ" ਰੁਘੁਵੰਸੀ:ਲਵ ਤੇ ਕੁਸ਼ ਦੋਨੋਂ ਕੁਲਾਂਦੇ ਉੱਤਰ-ਦੱਖਨ "ਮਦ੍ ਦੇਸ਼ੀ" (ਪੰਜਾਬੀ) ਪ੍ਰਸਿੱਧ ਰਾਜ ਬੀਸ ਸਨ ॥

Sri Satguru Jagjit Singh Ji eLibrary NamdhariElibrary@gmail.com

ਹਨ - ਇਸੇ ਕਰਕੇ ਸ਼੍ਰੀ ਪੰਚਮ ਗੁਰੂ ਜੀ ਨੇ ਸ਼੍ਰੀ ਗੁਰੁ ਬਾਣੀ ਪੋਥੀ ਸ਼ਾਸਤ੍ਰ ਬਣਾਕੇ ਅਲੈਹਿਦਾ ਫੇਰ ਇਕ ਉਥਾਨਕਾ ਪੋਥੀ ਭਾਈ ਗੁਰਦਾਸ ਜੀ ਤੋਂ ਲਿਖਵਾਈ ਜੋ ਕਰੀਬਨ ਸੌ ਸਾਲਾਂ ਪਿਛੋਂ ਉਸੇ ਵਿੱਚ ਸ਼੍ਰੀ ਗੁਰੁਬਾਣੀ ਵਿੱਚ ਸ਼੍ਰੀ ਨੌਮੇ ਗੁਰੁਜੀਦੇ ਅਤੇ ਆਪਣੀ ਬਾਣੀ ਦੇ ਵਾਧੇ ਕਾਰਣ ਉਸੇ ਸ਼੍ਰੀ ਗੁਰੁਬਾਣੀ ਉਥਾਨਕਾ ਪੋਥੀ ਵਿੱਚ ਜੋੜ ਬੜ੍ਹਾਕੇ, ਦਸਮ ਸ਼੍ਰੀ ਜਗਦਗੁਰੂਜੀ ਨੇ ਭਾਈ ਮਨੀ ਸਿੰਘ ਤੋਂ ਲਿਖਵਾਈ, ਜਿਸ ਵਿੱਚ ਨੌਵੇਂ ਸ਼੍ਰੀ ਗੁਰੂਜੀ ਦੇ ਤੇ ਆਪਣੀ ਸਾਰੀ ਬਾਣੀਦੇ ਪਰਥਾਏ ਲਿਖੇ ਹਨ॥

ਇਹ ਸ਼੍ਰੀ ਗੁਰੁ ਗ੍ਰੰਥ ਸਾਹਿਬ ਦੇ ਪ੍ਰਮਾਣ ਕਰੀਬਨ ਸੌ (100) ਸਾਲ ਪਹਿਲਾਂ ਦਸਮ ਸ਼੍ਰੀ ਗੁਰੂ ਗੋਬਿੰਦ ਸਿੰਘ ਜੀਦੇ ਭਾਰਤੀ ਕੁਲ ਪਰੰਪਰਾ ਦੇ ਸ਼੍ਰੀ ਗੁਰੁ ਬੰਸੀ ਭੱਟ ਸਿੱਖ ਤੇ ਮਿਰਾਸੀਆਂ ਦੀਆਂ ਅਨੇਕ ਪੁਰਾਤਨ ਲਿਖਤੀ ਬਹੀਆਂ 'ਚ ਅੰਕਿਤ ਬੰਸਾਵਲੀਆਂ (ਸ਼ਜਰੇਆਂ) ਦੀ ਸ਼ਹਾਦਤ ਹੈ ਜੋ ਉਨ੍ਹਾਂਦੇ ਪੁਰਾਤਨ ਇਤਿਹਾਸਿਕ ਬੰਸੀ ਹਰਿ ਭਗਤ ਸ਼੍ਰੀ ਗੁਰੁਬਾਣੀ 'ਚ ਅਨੇਕ ਬਾਰ(ਦਸਮ ਸ਼੍ਰੀ ਜਗਦਗੁਰੂਜੀ ਬਚਿਤ੍ਰਨਾਟਕ 'ਚ) ਲਿਖੇ ਹਨ, ਜਥਾ:- ਜੋ ਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ॥ ਨਾਨਕ ਕੀ ਬੇਨੰਤੀ ਪ੍ਰਭਜੀਉ, ਮਿਲੈ ਸੰਤ-ਜਨ ਸੇਵਾ॥

ਏਸ ਉਸਤੁਤ ਆਰੰਭ 'ਚ ਭੱਟ-ਸਿੱਖ ਕਵਿ ਕਲ ਪੁਰਾਣੇ ਭਾਰਤ ਇਤਿਹਾਸ ਅਵਧ ਦੇਸ਼ੀ ਸੂਰਜ ਬੰਸੀ ਰਘੁਕੁਲ ਮਹਾਰਾਜਾ ਦਸਰਥ ਤਿਲਕ (ਟਿੱਕਾ) ਸ਼੍ਰੀ ਰਾਮ ਚੰਦ੍ਰ ਘਰਾਣੇ ਦੇ ਠਾਕੁਰ ਹਰਿਦਾਸ ਸੋਢੀ ਪੁਤ੍ਰ(ਚੌਥੇ ਸ਼੍ਰੀ ਸਤਿਗੁਰੁ) ਰਾਮਦਾਸ (ਜੇਠੇ/ਇਕਲੌਤੇ ਪੁਤ) ਸਨ ॥ ਇਸੇ ਸ਼੍ਰੀ ਗੁਰੂ ਬੰਸ ਦੀ ਸਚਾਈ ਸੰਬੰਧੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਪੱਕੀ ਬਾਣੀ 'ਚ ਦੁਨੀਆ ਸਾਹਮਣੇ ਪ੍ਰਤੱਖ ਪਾਠ ਹੈ :-

"ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾਕੀ ਸਰਣੰ ॥ ਸਤਿਗੁਰੁ ਗੁਰੁਸੇਵਿ ਅਲਖਗਤਿ ਜਾਕੀ ਸ੍ਰੀ ਰਾਮਦਾਸੁ ਤਾਰਣਤਰਣੰ॥ 2॥

ਸ੍ਰੀ ਗੁਰਬਾਣੀ ਪ੍ਰਮਾਣ ਪੁਰਾਣੇ ਭਾਰਤ ਰਾਮਾਯਣ ਇਤਿਹਾਸ ਸੁਰਖਿਅਤ ਬਹੀਆਂ (Preserved PUP files) ਜੋ ਸ਼੍ਰੀ ਜਗਦ ਗੁਰੂ ਬੰਸਾਵਲੀ ਬਹੀਆਂ(Holy *Gurü*'s Destiny Chronicles) ਬੰਦੀਜਨ ਭਟ ਬੰਸੀ(chronologists) ਸ਼੍ਰੀ ਗੁਰੂ ਗ੍ਰੰਥ ਵਿੱਚ ਬਾਣੀ ਸ਼ਾਸਤ੍ਰਕਾਰ (canonized authors) ਲੇਖਕ ਹੋਣ ਦਾ ਮਾਨ ਦਿਤਾ ॥ ਅੱਗੇ ਇਨ੍ਹਾ ਦੇ ਪੜੋਤੇ ਮਤੀ ਦਾਸ, ਸਤੀ ਦਾਸ ਸ਼੍ਰੀ ਜਗਦਗੁਰੂ ਤੇਗ਼ ਬਹਾਦੁਰ ਜੀ ਨਾਲ ਦਿਲੀ ਸ਼ਹੀਦ ਹੋਇ ਸਨ॥ ਅ.210 ਐਸੇ ਵੇਰਵੇ ਸ਼੍ਰੀ ਜਗਦਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਥਾਂਵਾਂ ਤੇ ਫੁਟਕਲ ਤੁਕਾਂ 'ਚ ਦੇਖਣ 'ਚ ਆਂਦੇ ਹਨ। ਉਨ੍ਹਾਂ ਦੇ ਖੁਲਾਸੇ ਲਈ ਸਮੇ ਅਨੁਸਾਰ ਸ਼੍ਰੀ ਗੁਰੂਜੀਆਂ ਨੇ ਪੁਰਾਣੇ ਇਤਿਹਾਸ ਗ੍ਰੰਥਾਂ ਦੇ ਉਲਥੇ ਕਰ ਕਰਾ ਕੇ ਮਾਨ ਦਿਤਾ ॥

210. ਨੋਟ:-(ਮਾਰਵਾੜ ਦੇਸ਼: ਚਿਤੌੜ/ਉਦੇਪੁਰ ਰਾਜੇ ਕਛਵਾਹੇ ਬੰਸੀ ਮਹਾਰਾਣੇਂਦਾ ਪੁਰਾਣਾ ਇਤਿਹਾਸ ਰਾਜਾ ਦਸ਼ਰਥ ਪੁਤ੍ਰ ਮਹਾਰਾ ਰਾਮ ਚੰਦ੍ਰ ਦੋ ਜੌੜੇ ਪੁਤ੍ਰਾਂ ਤੋਂ ਆਪਣਾ ਬੰਸ ਦਾ ਨਿਕਾਸ ਭੱਟ/ਰਾਜ ਬੰਸੀ ਲਿਖਿਆਹੈ॥ ਅਤੇ ਸ਼੍ਰੀ ਗੁਰੂ ਗ੍ਰੰਥ ਸ਼ਾਹਿਬ ਭੱਟ ਵਹੀਆਂ ਤੋਂ ਇਹ ਪ੍ਰਮਾਣ ਲਿਖਿਆ ਹੈ:"ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾਕੀ ਸਰਣੰ ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੨॥..." ਉਦੇਪੁਰੀ ਉਸੇ ਤਰ੍ਹਾਂ ਸ਼੍ਰੀ ਜਗਦ ਗੁਰੂਜੀਦੀ ਲਵਵੰਸੀ(ਲਾਹੌਰ)ਰਾਜ ਸ਼ਾਖ ਮਨਦੇ ਹਨ॥ ਉਨ੍ਹਾਂ ਦੇ ਪੁਰਾਣੇ ਵੇਲੇਦੇ ਦੋਨੋਂ ਬੰਨਸਾਂ ਵਿੱਚ ਕਈ ਜੰਗ ਹੋਏ, ਜਿਨ੍ਹਾਂ ਬਾਰੇ ਦਸ਼ਮ ਸ਼੍ਰੀਗੁਰੂਜੀ ਦਾ ਲੇਖ ਹੈ:"ਕਾਲਕੇਤੁ ਭਣੋ ਬਲੀ ਅਪਾਰਾ । ਕਾਲਰਾਇ ਜਿਨ ਨਗਰੁ ਨਕਾਰਾ॥ ਭਾਜ ਸਨੌਢ ਦੇਸਤੇ ਗਏ । ਤਹੀ ਭੁਪਜਾ ਬਿਆਹਤ ਭਏ ॥੨੮॥ ਤਿਹਤੇ ਪੁਤ੍ਰ ਭਣੋ ਜੋ ਧਾਮਾ। ਸੋਢੀਰਾਇ ਧਰਾ ਤਿਹਿ ਨਾਮਾ। ਬੰਸ ਸਨੌਢ ਤ-ਦਿਨਤੇ ਥੀਆ। ਪਰਮਪਵਿਤ੍ਰ ਪੁਖਤ੍ਰ ਕੀਆ॥੨੯॥ ਤਾਤੇ ਪੁਤ੍ਰ-ਪੌਤ੍ਰਹੋਇਆਇ। ਤੇ"ਸੋਢੀ"ਸਭ ਜਗਤ ਕਹਾਏ ॥ ਜਗਮੈ ਅਦਿਕ ਸੁਭਏ ਪ੍ਰਸਿੱਧਾ। ਦਿਨ ਦਿਨ ਤਿਨਕੋ ਧਨਕੀ ਬ੍ਰਿਧਾ॥ ੩੦॥...॥ ੨॥"

Sri Satguru Jagjit Singh Ji eLibrary NamdhariElibrary@gmail.com

ਫੁੱਟਨੋਟ 210 ਦਾ ਬਾਕੀ

"ਭੁਜੰਗ॥ ਲਵੀ ਸਰਬ ਜੀਤੇ,ਕੁਸੀ ਸਰਬ ਹਾਰੇ। ਬਚੇਜੇ ਬਲੀ ਪ੍ਰਾਨ ਲੈਕੇ ਸਿਧਾਰੇ॥ ਚਤੁਰਬੇਦ ਪਠਿਯੋ ਕੀਓ ਰਾਸੀ ਬਾਸੰ। ਘਨੇਬਰਸ ਕੀਨੋ ਤਹਾਂ ਨਿਵਾਸੰ॥ ਪ੨॥ ੩॥"

"ਚੌਪਈ॥ ਜਿਨੈ ਬੇਦ ਪਠਿਓ ਸੁਬੇਦੀ ਕਹਾਏ। ਤਿਨੈ ਕੈ ਕਰਮ ਨੀਕੇ ਚਲਾਏ॥ ਪਠੇ ਕਾਗਦੰ ਮੰਦ੍ਰ ਰਾਜਾ ਸੁਧਾਸੰ। ਅਧੋਆਪਨੋ ਬੈਰਬਾਂਵੰ ਬਿਸਾਰੰ॥ ੧॥ ਨ੍ਰਿਪੰ ਮੁਕਲਯੰ ਦੂਤ ਸੋ ਕਾਂਸੀ ਆਯੰ। ਸਭੈ ਬੇਦੀਅੰ ਬੇਦ-ਭਾਖੰ ਸੁਨਾਯੰ॥ ਸਭੈ ਬੇਦਪਾਠੀ ਚਲੇ ਮਦ੍ਰਦੇਸੰ। ਪ੍ਰਣਾਮੰ ਕੀਓ ਆਨਕੈ ਕੈਨਿਰੇਸੰ॥ ੨॥ ਪੁਨੰ ਬੇਦਕੀ ਭੂਪ ਤਾਤੇ ਕਰਾਈ। ਸਭੈ ਪਾਸ ਬੈਠੇ ਸਭਾ ਬੀਚ ਬਾਂਈ॥ ਪੜੇ ਸਾਮਬੇਦੰ, ਜਜੁਰਬੇਦ ਕੱਥੰ। ਰਿਗੰਬੇਦ ਪਠਿਅੰ ਕਰੈ ਭਾਵ ਹੱਥੰ॥ ੩॥

ਰਸਾਵਲ॥ ਅਥਰਬੇਦ ਪੱਠਿਅੰ । ਸੁਣੇ ਪਾਪ ਨੱਠਿਅੰ॥ ਰਹਾ ਰੀਝ ਰਾਜਾ । ਦੀਆ ਸਰਬ ਸਾਜਾ॥ ੪॥
ਲਯੋ ਬਨ ਬਾਸੰ। ਮਹਾਪਾਪ ਨਾਸੰ॥ ਰਿਖੰ ਭੇਸ਼ ਕੀਯੰ। ਤਿਸੈ ਰਾਜ ਦੀਅੰ॥ ੫॥
ਰਹੁ ਹੇਰ ਲੋਗੰ। ਤਜੇ ਸਰਬ ਸੋਗੰ ॥ ਧਨੰ ਧਾਮ ਤਿਆਗੇ । ਪ੍ਰਭੂੰ ਪ੍ਰੇਮ ਪਾਗੇ ॥ ੬॥

ਅੜਿਲ॥ ਬੇਦੀਭਯੋ ਪ੍ਰਸੰਨ,ਰਾਜਕਹ ਪਾਇਕੈ। ਦੇਤਭਯੋ ਬਰਦਾਨ,ਹੀਐਹੁਲਸਾਇਕੈ॥ ਜਬ ਨਾਨਕ ਕਲਿਮੈ ਹਮਆਨ ਕਹਾਇਹੈ। ਹੋ ਜਗਤਪੂਜਕਰ,ਤੋਹਿ ਪਰਮਪਦਪਾਇਹੈਂ॥ ੭

ਦੋਹਰਾ॥ ਲਵੀ ਰਾਜਦੈ ਬਨ ਗਏ, ਬਾਦੀਅਨ ਕੀਨੋ ਰਾਜ । ਭਾਤਿ ਭਾਤਿ ਤਿਨ ਭੋਗੀਅੰ ਭੂਅਕੇ ਸਕਲ ਸਮਾਜ॥ ੮॥

ਚੌਪਈ॥ ਤ੍ਰਿਤੀਯ ਬੇਦ ਸੁਨਬੋ ਤੁਮ ਕੀਯਾ । ਚਤੁਰ ਬੇਦ ਸੁਨ,ਭੂਅਕੋ ਦੀਆ ॥ ਤੀਨ ਜਨਮ ਹਮਹੂੰ ਜਬ ਧਰਹੈ। ਚੌਥੇ ਜਨਮ ਗੁਰੂ ਤੁਹਿ ਕਰਹੈ॥ ੯॥...॥ ੪॥

ਦੋਹਰਾ॥ ਤਿਨ ਬੇਦੀਯਨਕੀ ਕੁਲ ਬਿਕੈ, ਪ੍ਰਗਟੇ ਨਾਨਕ ਰਾਇ । ਸਭ ਸਿਖਨਕੋ ਸੁਖ ਦਏ, ਜਹ ਤਹ-ਭਏ ਸਹਾਇ॥ ੪॥

ਚੌਪਈ॥ ਤਿਨ ਇਜ ਕਲਿਮੈ ਚਲਾਯੋ। ਸਭ'ਸਾਦਨਕੋ'ਰਾਹੁ ਬਤਾਯੋ ॥ ਜੋ ਤਾਕੇ ਮਾਰਗਮਹਿ ਆਏ। ਤੇ ਕਬਹੂੰ ਨਹੀ ਪਾਪ ਸੰਤਾਏ॥ ੫॥... ਨਾਨਕ ਅੰਗਦਕੋ ਬਪੁ ਧਰਾ। ਪ੍ਰਚੁਰ ਇਹਜਗਮੋਂ ਕਰਾ॥ ਅਮਰਦਾਸਿ ਪੁਨਿ ਨਾਮੁ ਕਹਾਯੋ। ਜਨ 'ਦੀਪਕਤੇ ਦੀਪ ਜਗਾਯੋ ॥ ੭॥ ਜਬ ਬਰਦਾਨ ਸਮੈ ਵਹੁ ਆਵਾ। ਰਾਮਦਾਸ ਤਬ ਗੁਰੂ ਕਹਾਵਾ ॥ ਤਿਹ ਬਰਦਾਨਿ ਪੁਰਾਤਨਿ ਦੀਆ। ਅਮਰਦਾਸ ਸੁਰਪੁਰਿ ਮਗੁਲੀਆ॥ ੮॥...॥ ੫॥"

"ਦੀਪਕਤੇ ਦੀਪ ਜਗਾਯੋ"ਗੁਰਗਮ ਸਿੱਧਾਂਤਦੇ ਸਭਤੋਂ ਪਹਿਲੇ ਸੁਭਾਵਕ ਸਾਖੀ ਹੋਣੇ ਤੀਜੇ ਸ਼੍ਰੀਗੁਰੂ ਅਮਰ ਦਾਸ ਜੀ ਸਨ ਜਿਨ੍ਹਾਂ ਇਹ ਅਨੁਭਵ ਸਿਧਾਂਤ ਪ੍ਰਦਰਸ਼ਨ ਕੀਤਾ:

(ਸ਼੍ਰੀ.ਗੁ.ਗ੍ਰੰਥਜੀ.ਪੰ.੪੯੦:੧੯)"ਨਾਨਕ ਗੁਰਤੇ ਗੁਰੂ (ਅੰਗਦ) ਹੋਇਆ, ਵੇਖਹੁ ਤਿਸਕੀ ਰਜਾਇ॥ ਇਹੁ ਕਾਰਣੁ ਕਰਤਾ ਕਰੇ, ਜੋਤੀ ਜੋਤਿ ਸਮਾਇ॥ ੪॥ ੩॥ ੫॥"

ਇਸੇ ਇਤਿਹਾਸਿਕ ਪੁਰਾਤਨ"ਬਰ"ਵਾਰਤਾ ਦਸ਼ਮ ਸ਼੍ਰੀਗੁਰੂਜੀਤੋਂ ੧੦੦ ਸਾਲ ਪਹਿਲਾਂ ਇਹੀ ਸ਼੍ਰੀ ਗੁਰੂ ਜੋਤਿ ਸਿੱਧਾਂਤ ਸਿਖਿਆ ਕਦੀਮੀ ਸ਼੍ਰੀਗੁਰੂ ਵੰਸੀ ਬੰਦੀਜਨ ਬ੍ਰਾਹਮਣ: ਮੁਸਲਮਾਨ ਬਣੇ"ਡੂਮ-ਰਬਾਬੀ" ਭਾਈ ਬਲਵੰਡ, ਸਤੇ ਨੇ ਅਪਣੀ ਪੱਕੀਬਾਣੀ ਰੂਪੀ ਸਿੱਧਾਂਤ ਲਿਖਿਆ (ਸ਼੍ਰੀ.ਗੁ.ਗ੍ਰੰ.ਜੀ.ਪੰ.੯੬੬-੯੬੮):-

"ਨਾਨਕਿ ਰਾਜੁ ਚਲਾਇਆ,ਸਚੁ-ਕੋਟੁ ਸਤਾਣੀ ਨੀਵ੍ਹਦੈ॥ ਲਹਣੇ ਧਰਿਓਨੁ ਛਤ੍ਰ ਸਿਰਿ, ਕਰਿ ਸਿਫਤੀ ਅੰਮ੍ਰਿਤੁ ਪੀਵ੍ਹਦੈ ॥ ਮਤਿ ਗੁਰਆਤਮ ਦੇਵ੍ਹਦੀ, ਖੜਗਿ ਜੋਰਿ ਪਰਾਕੁਇ ਜੀਅ੍ਹਦੈ ॥ ਗੁਰਿ ਚੇਲੇ ਰਹਰਾਸਿ ਕੀਈ, ਨਾਨਕਿ ਸਲਾਮਤਿ ਥੀਵ੍ਹਦੈ ॥ ਸਹਿ ਟਿਕਾ ਦਿਤੋਸੁ ਜੀਵ੍ਹਦੈ ॥ 1॥ ਲਹਣੇਦੀ ਫੇਰਾਈਐ ਨਾਨਕਾ, ਦੋਹੀ ਖਟੀਐ ॥ ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥... ...ਅਉਤਰਿਆ ਅਉਤਾਰੁ ਲੈ , ਸੋ ਪੁਰਖੁ ਸੁਜਾਣੁ ॥ ਝਖੜਿ ਵਾਉ ਨ ਡੋਲਈ, ਪਰਬਤੁ ਮੇਰਾਣੁ॥ ਜਾਣੈ ਬਿਰਥਾ ਜੀਅਕੀ, ਜਾਣੀ ਹੂ ਜਾਣੁ॥ ਕਿਆ ਸਾਲਾਹੀ ਸਚੇ-ਪਾਤਿਸਾਹ, ਜਾਂ ਤੂ ਸੁਘੜੁ ਸੁਜਾਣੁ ॥ ਦਾਨੁ ਜਿ ਸਤਿਗੁਰ ਭਾਵਸੀ, ਸੋ "ਸਤੇ" ਦਾਣੁ ॥ ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ ॥ ਸੋ ਟਿਕਾ, ਸੋ ਬੈਹਣਾ, ਸੋਈ ਦੀਬਾਣੁ ॥ ਪਿਯੂ ਦਾਦੇ ਜੇਵਿਹਾ, ਪੋਤ੍ਰਾ ਪਰਵਾਣੁ ॥ ੬॥

ਧੰਨੁਧੰਨੁ ਰਾਮਦਾਸ - ਗੁਰੁ, ਜਿਨਿ ਸਿਰਿਆ, ਤਿਨੈ ਸਵਾਰਿਆ॥ ਪੂਰੀ ਹੋਈ ਕਰਾਮਾਤਿ ; ਆਪਿ ਸਿਰਜਣਹਾਰੈ ਧਾਰਿਆ ॥ ਸਿਖੀ ਅਤੈ ਸੰਗਤੀ, ਪਾਰਬ੍ਰਹਮੁ ਕਰਿ ਨਮਸਕਾਰਿਆ॥ ਅਟਲੁ ਅਥਾਹੁ ਅਤੋਲੁ ਤੂ, ਤੇਰਾ ਅੰਤੁ ਨ ਪਾਰਾਵਾਰਿਆ ॥ ਜਿਨ੍ਹੀ ਤੂੰ ਸੇਵਿਆ ਭਾਉ ਕਰਿ,ਸੇ ਤੁਧੁ ਪਾਰਿ ਉਤਾਰਿਆ ॥ ਲਬੁ ਲੋਭੁ ਕਾਮੁ ਕ੍ਰੋਧੁ ਮੋਹੁ, ਮਾਰਿ ਕਢੇ ਤੁਧੁ ਸਪਰਵਾਰਿਆ॥ ਧੰਨੁ ਸੁ-ਤੇਰਾ ਥਾਨੁਹੈ, ਸਚੁ ਤੇਰਾ ਪੈਸਕਾਰਿਆ ॥ ਨਾਨਕੁ ਤੂ ਲਹਣਾ, ਤੂਹੈ ਗੁਰੁ-ਅਮਰੁ, ਤੂ ਵੀਚਾਰਿਆ॥ ਗੁਰੂ ਡਿਠਾ, ਤਾਂ ਮਨੁ-ਸਾ-ਧਾਰਿਆ ॥ 7॥"

ਉਸ ਪੁਰਾਣੇ ਬਰਦਾਨ ਦੀ ਵਾਰਤਾ ਨੂੰ ਭਾਈ ਗੁਰਦਾਸ ਜੀ ਨੇ ਵੀ ਇਉਂ ਲਿਖਿਕੇ ਦਸਿਆ ਹੈ

(ਵਾਰ:॥ 1॥ ੪੭॥ ੧-੩;-

ਦਿੱਚੇ ਪੂਰਬ ਦੇਵਣਾ ਜਿਸਦੀ ਵਸਤ ਤਿਸੈ ਘਰ ਆਵੈ॥ ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥ ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ॥ ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ ਸਮਾਵੈ॥ ਦਿਤਾ ਲਈਏ ਆਪਣਾ ਅਣਦਿਤਾ ਕਛ ਹਥ ਨ ਆਵੈ॥...॥ ੪੭॥ ੧॥"

Sri Satguru Jagjit Singh Ji eLibrary NamdhariElibrary@gmail.com

ਟਕਸਾਲੀ ਗੁਰੁਗਮ ਪਰਥਾਇ:ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀ ਪੁਤ੍ਰਾਂ ਭਵਿਸ਼ਜ ਗੁਰੁਤਾ ਮੋੜ ਦਸਣੀ: ਪੁਤ੍ਰਾਂ ਦੀ ਅਸ਼੍ਰਧਾ ਫੇਰ ਮਾਫ

ਪਿਛੇ ਲਿਖੇ ਸ਼੍ਰੀ ਗੁਰੂਜੀਦੇ ਸ਼੍ਰੀ ਗੁਰਤਾ ਪ੍ਰਦਾਨ ਕਰਨਦੀ ਇਤਿਹਾਸਿਕ ਘਟਨਾ ਭਾਈ ਸੰਤੋਖ ਸਿੰਘ ਦੇ ਇਹ ਪੱਖ ਹਨ, ਪੁਨ੍ਹ:-

ਲਹਿਣੇ ਕੋ ਬਿਠਾਇ ਤਿਹ ਕਾਲਾ। ਸੰਗਤ ਸਰਬ ਬੁਲਾਇ ਬਿਸਾਲਾ॥ ਦੋਨੋ ਸੁਤਕੋ ਨਿਕਟ ਹਕਾਰਾ। ਆਇ ਤਬੈ ਸਾਲ ਮਝਾਰਾ॥ 78॥ ...”

ਦੋਨੋਂ ਪੁਤ੍ਰ:-1. ਸ਼੍ਰੀ ਚੰਦ ਅਤੇ 2. ਲਖਮੀ ਦਾਸ ਸੰਗਤ ’ਚ ਬੈਠੇ ਨੂੰ ਪੂਜਜ ਪਿਤਾ ਸ਼੍ਰੀਵਿਸ਼੍ਵਗੁਰੁ ਨਾਨਕ ਦੇਵ ਜੀਨੇ ਪਿਛਲੇ ਜੁਗ ਦਿਤੇ ਸ਼੍ਰੀ ਗੁਰੁਪਦ ਲੁਟੌਣ ਦੀ ਸੰਪੂਰਣ ਕਥਾ ਦੱਸੀ (ਜੋ ਦਸਮ ਸ਼੍ਰੀਜਗਦਗੁਰੂ ਗੋਬਿੰਦ ਸਿੰਘ ਜੀ ਅਤੀ ਸੰਖੇਪ ਟਿੱਪਣੀ ਦੇਖੋ)[211] ਸੁਣ ਦੋਨੋਂ ਸਾਹਿਬਜ਼ਾਦੇ : -

1. ਸ਼੍ਰੀ ਚੰਦ ਤੇ 2.ਲਛਮੀ ਦਾਸ ਦੀ ਸ਼ਰਧਾ ਨਹੀਂ ਬਝੀ, ਅਤੇ ਇਉਂ ਸੋਚਿਆ:-ਪੂਜਜ ਪਿਤਾਜੀ ਆਪਣੇਆਂ ਨੂੰ ਇਹ ਅਤਿ ਉਤਮ ਭਾਰਤ ’ਚ ਹੁਣ ਸਾਰੇ ਸੰਪ੍ਰਦਾਇਆਂ ਪ੍ਰਫੁਲਤ ਮਹਾਂਪਦਵੀ ਨਹੀਂ ਦੇਣਾਂ ਚਹੁੰਦੇ॥ ਇਸ ਕਾਰਣ ਚੌਥੀ ਪੀੜੀ’ਚ ਗਦੀ ਲੌਟੌਣ ਦੀ ਮਨਘੜੀ ਕਹਾਣੀ ਸਾਨੂੰ ਚੁਪ ਕਰਉਣ ਲਈ ਬਣਾ ਕੇ ਦਸੀ ਹੈ॥

ਉਸ ਵੇਲੇ ਦੇ ਗਵਾਹ ਭਾਈ ਤਾਰੂ ਪੋਪਟ(ਬਾਬਾ ਬੁਢਾ) ਜੀ ਤੋਂ ਛੇਵੇਂ ਸ਼੍ਰੀ ਜਗਦਗੁਰੂਜੀ ਤਕ ਸ਼੍ਰੀਗੁਰੁ ਟਿੱਕਾ ਦੇਣ ਵਾਲੇ ਸ਼੍ਰੀ ਗੁਰੁ ਜੀ ਦੀਆਂ ਸਾਖੀਆਂ ਸਿੱਖ ਸੰਗਤਾਂ ਨੂੰ ਸੁਣਾਂਦੇ ਰਹਿੰਦੇ ਸਨ[ਓ-ਅ.212] ਓਨ੍ਹਾਂ ਦੀ ਸ਼ਹਾਦਤ ਪਿਛੋਂ ਮੰਜੀਦਾਰਾਂ,ਪ੍ਰਚਾਰਕਾਂ ਨੇ ਪ੍ਰਚਾਰਾਰਥ ਸ਼੍ਰੀ ਗੁਰੁਬਾਣੀ ਦੇ ਛੋਟੇ ਗੁਟਕੇ, ਮੱਧਮ ਗ੍ਰੰਥੀਆ, ਬੜੀ ਪੋਥੀਆਂ ਅੰਦਰ ਤੇ ਬਾਹਰ ਭਾਇ ਗੁਰਦਾਸਜੀ ਆਪਣੀ ਕੁੰਜੀ ਬਾਣੀ ਤੇ ਭਾ. ਬਾਲਾ ਕਹੀ ਪੈੜੇ ਮੋਖੇ ਲਿਖਤ ਸ਼੍ਰੀ ਗੁਰੂ ਨਾਨਕਜੀ ਦੀ ਜਨਮ ਸਾਖੀ ਇਤਿਹਾਸਿ ਆਦਿਆਂ ਵੇਰਵੇਆਂ ਵਿੱਚ ਬਾਰ ਬਾਰ ਸੰਕੇਤ ਕੀਤੇ ਹਨ॥

ਸ਼੍ਰੀਵਿਸ਼੍ਵਗੁਰੂ ਬੰਸੀ ਭਟ ਨਾਮ ਰਚਿਤ ਪੱਕੀਆਂ ਬਾਣੀਆਂ ਵਿੱਚ ਸਾਫ ਦੇਖੀਦੇ ਹਨ॥ ਪਿੱਛੋਂ ਬਾਹਰ ਹੋਰ ਰਚੇ ਗ੍ਰੰਥਾਂ ਵਿੱਚ ਵੀ ਲਿਖੇ ਹਨ ॥

ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਪਹਿਲੇ ਜੁਗਦੇ ਆਪਣੇ ਵੰਸ਼ ਦੀਆਂ ਜੁੱਧਾਂ, ਜੋ ਵਾਰਾਂ ਰੂਪ ਕਥਾ ਦੋਨੋਂ ਪੁਤ੍ਰਾਂ ਤੇ ਸੰਗਤ ਸਾਹਮਣੇ ਦਸੀਆਂ, ਤੇ ਸਾਰੇ ਸਿੱਖਾ ਦੀਆਂ ਪਰੀਖਿਆਵਾਂ ਲਿਤੀਆਂ, ਜਿਨ੍ਹਾਂ ਵਿੱਚੋਂ ਸਭ ਸਿੱਖਾਂ ’ਚ ਉੱਤਮ ਭਾਈ ਲਹਿਣਾ ਜੀ ਨਿਕਲਨ ਕਾਰਣ ਉਨ੍ਹਾਂ ਤਰਫ ਇਸ਼ਾਰਾ

---

211. ਸ਼੍ਰੀ ਦਸਮ ਗੁਰੂਜੀਦੇ ਗ੍ਰੰਥਜੀ ਸ਼੍ਰੀ ਗੁਰਵਤਾਰ “ਬਚਿਤ੍ਰ ਨਾਟਕ” ਗ੍ਰੰਥ ਵਿੱਚੋਂ ਪ੍ਰਮਾਣ ਅਧਿਆਏ ਦੋ(੨)ਤੋਂ ਪੰਜ ਤਕ ਇਹ ਹਨ:-
ਤੁਮਰੀ ਪ੍ਰੇਮ-ਭਗਤਿ ਜਬ ਗਹਿਹੋ । ਛੋਰ ਕਥਾ ਸਭਹੀ ਤਬ ਕਹਿਹੋ॥ ਅਬਮੈ ਕਹੌਸੁ‘ਅਪਨੀ ਕਥਾ’। ਸੋਢੀਬੰਸ ਉਪਜਿਆ ਜਥਾ॥੮॥ ॥੨॥...
ਤਿਨਕੇ ਬੰਸ ਵਿਖੇ ਰਘੁ ਭਣੋ । ਰਘੁਬੰਸਹਿ ਜਿਹ ਜਗਤਿ ਚਲਿਯੋ॥ ਤਾਤੇ ਪੁਤ੍ਰ ਹੋਤ ਭਣੋ ਅਜ ਬਰ। ਮਹਾਰਥੀ ਅਰ ਮਹਾਧਨੁਰਦਰ॥੨੦॥ ਜਬ ਤਿਨ ਭੇਸ਼ ਜੋਗਕੋ ਲਯੋ। ਰਾਜਪਾਟ ਦਸਰਥਕੋ ਦਯੋ॥ ਹੋਤ ਭਯੋ ਵਹ ਮਹਾਂਧਨੁਰਧਰ । ਤੀਨ ਤ੍ਰਿਆਨ ਬਰਾ ਜਿਹ ਰੁਚਿ ਕਰ ॥੨੧॥ ਪ੍ਰਿਥਮ ਜਣੀ ਤਿਹ ਰਾਮ ਕੁਮਾਰਾ। ਭਰਤ, ਲਛਮਨ, ਸ਼ਤ੍ਰੁ ਬਿਦਾਰਾ॥ ਬਹੁਤ ਕਾਲ ਤਿਨ ਰਾਜ ਕਮਾਯੋ। ਕਾਲਪਾਯ ਸੁਰਪੁਰਿ ਸਿਧਾਯੋ॥੨੨॥ ਸ਼ੀਅ ਸੁਤ ਬਹੁਰਿ ਭਏ ਦੁਇ ਰਾਜਾ। ਰਾਜਪਾਟ ਉਨਹੂਕਉ ਛਾਜਾ॥...ਤਹੀ ਤਿਨੇ ਭਾਦੇ ਦੁਇ ਪੁਰਵਾ। ਏਕ ਕਸੂਰ ਦੂਤਿਅ ਲਾਹੁਰਵਾ॥...॥੨੩॥੨॥ (ਚਲਦਾ)

212. ਭਾਈ ਗੁਰਦਾਸ ਵਾਰ ਉ:੧੧॥੧੩॥ 1:‘ਗੁਰਗਮ’ਪਰਥਾਇ ਅਰਥ:ਭਾਈ ਮਨੀ ਸਿੰਘਜੀਦੀ“ਸਿਖਾਂਦੀ ਭਗਤ ਮਾਲ” ਭਾ:ਵੀਰ ਸਿੰਘਜੀ ਛਾਪੀ। ਤੇ; ਅ: ਪੁਨ੍ਹ,ਰਾਸਿ ੩:ਅੰਸੁ: ੪੯:੧-੪੪,ਪੰਨੇ. ੨੯੯੨-੫॥

Sri Satguru Jagjit Singh Ji eLibrary NamdhariElibrary@gmail.com

ਕਰਿਆ: ਅਧਿਆਤਮ (ਬ੍ਰਹਮ) ਕਰਮ[213] ਵਿਧੀ ਨਾਲ ਓਨ੍ਹਾਂ ਨੂੰ ਆਪਣੀ ਸ਼੍ਰੀਵਿਸ਼ੂ ਗੁਰੁਤਾ ਉੱਤਰਾਧਿਕਾਰੀ ਰੂਪ'ਚ ਇਸ ਤਰ੍ਹਾਂ ਦਿਤੀ:[214]

ਸ਼੍ਰੀਅੰਗਦ ਸੁਨਿ ਪੁਨ ਸਮਝਾਇਵਾ। ਬਿਨਾ ਚਹਤ ਇਹ ਸਭਿ ਢਿਗ ਆਇਵਾ॥ ਕਰਨਹਾਰ ਆਗਿਜਾ ਨਿਤਤੇਰੀ। ਸਗਲ ਭਾਤਿ ਇਨ ਸ਼ਕਤਿ ਬਡੇਰੀ॥ ਚਹਹੁ ਕਹਹੁ, ਨਹਿੰ ਚਹਹੁਮ ਕਹੀਅਹਿ। ਏ ਸਭਿ ਨਿਕਟ ਆਪਨੇ ਲਹੀਅਹਿ॥ ਸਕਲ ਜਗਤਕੋ ਤੁਝ ਗੁਰਕੀਨਾ। ਰਾਜਜੋਗ ਸਿੰਘਾਸਨ ਦੀਨਾ॥ ਸੱਤਜਨਾਮਕੋ ਸਿਮਰਨ ਸਾਰੇ। ਉਪਦੇਸ਼ਹ ਹੁਇ ਭਗਤ ਉਦਾਰੇ॥ ਨਰਨ ਹਜ਼ਾਰਨਿ ਕੋ ਕਲਜਾਨ। ਕਰੇ ਆਪ ਦੇਕਰਿ ਉਰ ਗਿਆਨ॥ ਪ੍ਰੇਮ ਭਗਤਿ ਮੈ ਹੇਰਿ ਤੁਮ੍ਹਾਰੀ। ਬਸਹ੍ਵੈ ਦਈ ਸਮ੍ਰਿੱਧੀ ਸਾਰੀ॥ ਪੈਸੇ ਪੰਚ ਨਾਲੀਅਰ ਏਕ। ਲੇ ਬੁਢੇ ਤੇ ਜਲਧ ਬਿਬੇਕ॥ ਠਾਂਢੇ ਭਏ ਪ੍ਰਦੱਛਨ ਦੀਨੀ। ਸ਼੍ਰੀ ਗੁਰਘਰਕੀ ਰੀਤ ਸੁ ਕੀਨੀ॥ ਪੈਸੇ ਪੰਚ ਅਗਾਰੀ ਧਰੇ। ਝੋਲੀਮਹਿ ਨਲੇਰ ਧਰਿ ਖਰੇ॥ ਕਰਿ ਬੰਦਨ ਸਿੰਘਾਸਨ ਦੀਨਾ। ਸਭਿਸੋਂ ਬਾਕ ਉਚਾਰਨ ਕੀਨਾ॥ ਮੇਰ ਸਿੱਖ ਪੁਤ੍ਰਕੈ ਦਾਸ। ਅੰਤ ਸਮੈ ਜੋ ਚਹਿ ਮਮ ਪਾਸ॥ ਸੋ ਸਭਿ ਉਠਹੁ ਬੰਦਨ ਠਾਨਹੁ। ਨਹੀਂ ਅਪਰ ਬਿਧਿ ਮਨਮਹਿ ਆਨਹੁ॥ ਸੁਨਕਰ ਬੁਢਾ ਸਭਿਨਿ ਅਗਾਰੀ । ਖਰੋ ਹੋਇ ਪਗ ਬੰਦਨ ਧਾਰੀ॥ ਤਿਸ ਪੀਛੇ ਸਿੱਖ ਸੰਗਤਿ ਸਾਰੇ। ਕਰੀ ਨਮਹਿੰ ਸ਼੍ਰੀ ਅਮਰ ਅਗਾਰੇ॥ ਸ਼੍ਰੀ ਅੰਗਦ ਨਿਜ ਸੁਤ ਦਿਸ ਦੇਖਾ। ਉਠਿਜੋ ਨ ਮਨਮਹਿੰ ਗਰਬ ਬਿਸੇਖਾ॥ ਦਾਸੂ ਸਾਥ ਭਨਜੋ ਗੁਰਨਾਥ। ਉਠਿ ਤੁਮਭੀ ਟੇਕੋ ਨਿਜ ਮਾਥ॥ ਸੁਨਹ ਪਿਤਾ ਇਹੁ ਦਾਸ ਹਮਾਰਾ। ਇਕਤੋਂ ਲੀਨਸਿ ਮਮ ਅਧਿਕਾਰਾ॥ ਦੁਤੀਏ ਉਠ ਕਰਿ ਸੀਸ ਨਿਵਾਵ੍ਵੈਂ। ਇਹਤੋਂ ਹਮਤੇ ਨਹਿੰ ਨਨਿ ਆਂਇਵੈ॥ ਨਿਜ ਸਥਾਨ ਪਰ ਇਹੀ ਟਿਕਾਏ। ਹਮਕੋ ਚੂਛੇ ਰਾਖਿ ਸਿਧਾਏ॥ ਹੁਮਸੋਂ ਕਿਜਾ ਬਸ ਚਲਹਿ ਹਮਾਰੋ। ਕਿਜੋ

---

213. ਸ਼੍ਰੀ.ਗੁ.ਗ੍ਰੰ.ਜੀ:ਅਧਿਆਤਮ ਕਰਮ: ਪੰਨੇ.੩੩:੮; ੩੮:੧੯; ੨੨੩:੯; ੧੦੩੯:੪; ਬ੍ਰਹਮ ਕਰਮ.ਪੰਨੇ. ੪੭੦:੧੮; ੧੩੫੩:੮; ਆਦਿ.

214. ਨੋਟ:-ਯਾਦ ਰਹੇ,ਸ਼੍ਰੀ ਬਾਬਾ ਬੁਢਾਂਜੀ, "ਸ਼ਰੀ ਗੁਰੁ ਗਦੀ ਟਿਕਾ ਕਰਤਾ" ਸ਼ਹਾਦਤ ਛੇਵੇਂ ਸ਼੍ਰੀਗੁਰੁ ਰਾਜਕਾਲ ਤਕ ਰਹੀ ॥ ਸਾਰੇ ਮੰਜੀਦਾਰ ਮੁਢ ਪ੍ਰਚਾਰਕ ਸਾਖੀ (witness) ਸੇ ਜਿਨ੍ਹਾ ਤੋਂ ਭਾਈਗੁਰਦਾਸ ਜੀ ਆਦਿ ਬਾਣੀ ਤੇ ਸਾਖੀਆਂਦੀਆਂ ਤਸੱਲੀ ਕਰਦੇ ਰਹੇ। ਸਾਰੇ ਮੁੱਖ ਗ੍ਰੰਥ ਅਧਾਰ ਬਾਬਾ ਬੁਢਾਜੀਦੇ ਵੰਸ਼ੀ; ਅਖੀਰੀ"ਤਿਲਕ ਕਰਤਾ"ਭਾਈ ਰਾਮ ਕੋਇਰ/ਗੁਰਬਖਸ਼ ਸਿੰਘ ਬੁਢੇਕੇ'ਰੰਧਾਵੇ ਪਾਸ ਬਿਕ੍ਰਮੀ ੧੭੭੬ ਵਿੱਚ ਡੇਢ-ਦਰਜ਼ਨ ਪ੍ਰਸਿੱਧ ਨਿਰਮਲ ਸਿੰਘੇ ਸੰਤ ਗੁਰਸਿਖ:-੧.ਸੰਤ ਕਰਮ ਸਿੰਘ, ੨.ਭਾ:ਦੀਪ ਸਿੰਘ ਮਹੰਤ ਦਮਦਮਾ ਸਾਹਿਬ, ੩.ਸੰਤ ਗੰਡਾ ਸਿੰਘ, ੪.ਸੰਤ ਰਾਮ ਸਿੰਘ, ੫.ਸੰਤ ਬੀਰ ਸਿੰਘ, ੬.ਸੰਤ ਚੰਦਨ ਸਿੰਘ, ੭.ਸੰਤ ਦਰਬਾਰਾ ਸਿੰਘ, ੮.ਸੰਤ ਸੈਣ ਸਿੰਘ, ੯.ਸੰਤ ਸੇਵਾ ਸਿੰਘ, ੧੦.ਸੰਤ ਸਮੀਰ ਸਿੰਘ, ੧੧.ਸੰਤ ਚਾਨਣ ਸਿੰਘ, ੧੨. ਸੰਤ ਪੰਜਾਬ ਸਿੰਘ, ੧੩. ਸੰਤ ਮੁਹਰ ਸਿੰਘ, ੧੪. ਸੰਤ ਮੋਹਨ ਸਿੰਘ, ਆਦਿਆਂ ਨੂੰ ਸ਼੍ਰੀ ਗੁਰੁਬਾਣੀ ਬ੍ਰਹਮ ਗਿਆਨ ਅਤੇ ਸਾਰੇ ਸ਼੍ਰੀ ਗੁਰੁਜੀਆ ਦੀਆਂ ਸਾਖੀਆਂ ਉਪਦੇਸ ਕਈ ਸਾਲ ਦਿੰਦੇ ਰਹੇ; (ਨਿਰਮਲ ਪੰਥ ਪ੍ਰਦੀਪਕਾ:-ਅਥ'ਪਹਿਲੀ' ਸਾਖੀ ਪ੍ਰਸੰਗ ਲਿਖਜਤੇ)॥ ਐਥੇ ਦੱਸਣਾ-ਲਿਖਨਾ ਭੀ ਲਾਜ਼ਮੀ ਹੈ,"ਸ਼੍ਰੀ ਗੁਰੁਜੀਆਂ ਤਿਲਕ ਕਰਤਾ" ਮਾਨਯੋਗ ਸ਼੍ਰੀ ਭਾਈ ਰਾਮ ਕੋਇਰ/ਗੁਰਬਖਸ਼ ਸਿੰਘ'ਬੁਢੇਕੇ'ਰੰਧਾਵੇ'ਹੁੰਦੇ,ਓਨ੍ਹਾਂਦੇ ਪੁਤ੍ਰ ਭਾਈ ਮੋਹਰ ਸਿੰਘਦੇ ਪੁਤ੍ਰ (ਭਾਈ ਰਾਮ ਕੋਇਰ ਜੀ ਦੇ ਪੋਤ੍ਰੇ) ਭਾਈ ਸ਼ਜਾਮ ਸਿੰਘ ਰੰਧਾਵਾ ਪਟਿਆਲੇ ਰਾਜ ਬਾਨੀ ਮਹਾਂਰਾਜਾ ਆਲਾ ਸਿੰਘਜੀ ਦੀ ਸਪੁਤ੍ਰੀ ਰਾਜਕੁਮਾਰੀ ਬੀਬੀ ਪ੍ਰਧਾਨ ਕੌਰ ਨੂੰ ਬਿਆਹੇ ਗਏ॥ ਭਾਈ ਸ਼ਾਮ ਸਿੰਘ ਤੇ ਪੰਜ ਬਰਸੀ ਪੁਤ੍ਰ ਅਡੈ ਸਿੰਘ ਦੋਨਾਂ ਦਾ ਇਕਠੇ ਦਿਹਾਂਤ ਹੋਂਣ ਕਰਕੇ-ਮਹਾਰਾਜਕੁਮਾਰੀ ਵਿਧਵਾ ਸਰਦਾਰਨੀ ਪ੍ਰਧਾਨ ਕੌਰ ਮੁੜ ਪਿਤਾ ਘਰ ਰਹਿਣ ਲਗੇ॥ ਉਨ੍ਹਾਂ ਦੇ ਸੁਰਗਵਾਸੀ ਪਤੀਦੇ ਸਾਰੇ ਗ੍ਰੰਥ ਪਟਿਆਲੇ ਮਹਾਰਾਜਾਦੇ ਪੁਸਤਕਾਲੈ ਆਯੇ ॥ ਪਿਛੋਂ ਅਨੇਕ ਗ੍ਰੰਥਾਂਦੀਆਂ ਸਾਖੀਆਂ ਭਾਈ ਸੰਤੋਖ ਸਿੰਘ ਨੇ'ਸ਼੍ਰੀ ਗੁਰਪ੍ਰਤਾਪ ਸੂਰਜ ਗ੍ਰੰਥ''ਕਾਵ੍ਯ ਰਚਿਆ। ਇਨਾਂਦੇ ਸ਼ਾਥੀ ਕਵੀ ਨਿਹਾਲ ਸਿੰਘ 'ਧੋਹਾ'ਵੀ ਦਰਬਾਰੀ ਸਨ॥ ਪਰ ਰਾਜਦਰਬਾਰ ਦੇ ਪਹਿਲੇ ਨਿਜਿਤ ਖੋਜੀ ਨੈਬ ਸ਼੍ਰੀ ਮਹਤ ਪੰਡਿਤ ਤਾਰਾ ਸਿੰਘ'ਨਰੋਤਮ'ਅਤੇ ਛੋਟੇ ਗੁਰਭਾਈ ਸ਼੍ਰੀਮਹੰਤ ਬਾਬਾ ਸਾਧੂਸਿੰਘ ਤੇ ਚੇਲੇ ਗਜਾਨੀ ਗਿਆਨ ਸਿੰਘ ਪਟਿਆਲੇ ਦਰਬਾਰ ਦੇ ਪੁਸਤਕਾਲੈ 'ਚ ਖੋਜ ਕਰਕੇ ਅਨੇਕ ਹਵਾਲੇ ਗ੍ਰੰਥ ਰਚੇ ॥

Sri Satguru Jagjit Singh Ji eLibrary NamdhariElibrary@gmail.com

ਪੰਥ ਸਭਿ ਜਗਤੇ ਨਜਾਰੇ॥ ਜਿਮ ਤੁਮ ਦਾਸ ਹੋਇ ਕਰਿ ਪਾਈ॥ ਤਿਮ ਅਬਿ ਦਈ ਦਾਸ ਬਡਿਆਈ॥

ਇਸੇ ਪਰਥਾਇ ਅੱਗੇ ਪੰਚਮ ਸ਼੍ਰੀਗੁਰੂਜੀ ਟਿੱਕੇ ਬਾਰੇ ਕੁਛ ਅਸਾਵਧਾਨੀ 'ਚ ਕ੍ਰਮ ਹੋਰ ਲਿਖਿਆ॥ ਪਰ ਗੁਰਗਮ ਟਕਸਾਲੀ ਤੇ ਪੁਰਾਣੀ ਭਾਰਤੀ ਰਾਜ, ਤੇ ਧਰਮ ਸੰਪ੍ਰਦਾਇ ਪਰੰਪਰਾ ਅਨੁਸਾਰ ਜਿਉਂ ਦੇਖੀ, ਸਾਖੀ ਠੀਕ ਰੀਤ ਲਿਖਦੇ ਹਾਂ, ਜਥਾ:-

- ਪ੍ਰਥੰਡ ਵਿੱਚ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਆਪਣੇ ਸ਼੍ਰੀ ਵਿਸ਼੍ਵਗੁਰੂ ਆਸਨ ਤੋਂ ਉੱਠ ਪਾਸੇ ਖੜੇ ਹੋਏ ।
- ਫੇਰ ਭਾਈ'ਲਹਿਣੇ'(ਅੰਗਦ) ਨੂੰ ਉੱਠ ਕੇ ਆਪਣੇ ਸਿੰਘਾਸਣ ਉਤੇ ਬੈਠਣ ਦਾ ਹੁਕਮ ਦਿੱਤਾ।
- ਅਤੇ ਸਿੱਖ ਭਾਈ ਤਾਰੂ ਪੋਪਟ/ਪਿਆਰੇ:ਬਾਬਾ ਬੁਢਾ, ਰੰਧਾਵਾ ਜੱਟ ਅਗਿਆ ਦਿਤੀ: ਲਹਿਣੇ ਮੱਥੇ ਉਤੇ ਕੌਲ 'ਚੋਂ ਚੰਦਨ ਟਿਕਾ ਕਰੇ (ਓਹ ਟਿੱਕੇ ਦਾ ਮਾਨ ਓਨ੍ਹਾ ਛੇਵੇ ਸ਼੍ਰੀਜਗਦਗੁਰੂ ਹਰਿਗੋਬਿੰਦਜੀ ਤਕ ਰਿਹਾ; ਪਿਛੋਂ ਏਨ੍ਹਾਂ ਦੀ ਸੰਤਾਨ 'ਚ ਰਿਹਾ॥ ਦਸਮੇ ਸ਼੍ਰੀਜਗਦਗੁਰੂ ਗੋਬਿੰਦ ਸਿੰਘਜੀ ਦੇ ਹੁਕਮ ਨਾਲ ਸ਼੍ਰੀਗੁਰੂ ਗ੍ਰੰਥ ਸਾਹਿਬਜੀ ਨੂੰ ਟਿੱਕਾ-ਗੱਦੀ ਅਧਿਆਤਮ ਕਰਮ ਰਾਹੀਂ ਭਾ.ਰਾਮਕੋਇਰ ਪ੍ਰਦਾਨ ਕਰਨ ਦਾ ਮਾਨ ਪਾਯਾ) ਆਦਿ 'ਚ:

1. ਸ਼੍ਰੀ ਵਿਸ਼੍ਵ ਗੁਰੂ ਨਾਨਕ ਦੇਵਜੀ ਆਪ ਸਿੱਖ ਭਾਈ ਲਹਿਣੇ ਪੱਲੇ ਵਿੱਚ ਨਾਲਿਯੇਰ (ਸ਼ਗਨ ਰੂਪ ਗੋਦ) ਪਾ ਕੇ, ਫੇਰ;
2. ਸ਼੍ਰੀ ਜਗਦਗੁਰੂ ਨਾਨਕ ਦੇਵਜੀ ਆਪ ਸਿੱਖ ਭਾਈ ਲਹਿਣੇ ਦੋਨੋਂ ਜੁੜੇ ਹੱਥਾਂ ਵਿੱਚ ਪੰਜ ਤਾਂਬੇ ਦੇ ਪੈਸੇ ਰੱਖੇ, ਫੇਰ;
3. ਸ਼੍ਰੀ ਜਗਦਗੁਰੂ ਨਾਨਕ ਦੇਵਜੀ ਆਪ ਸਿੱਖ ਭਾਈ ਲਹਿਣੇ ਜੁੜੇ ਹੱਥਾਂ ਵਿੱਚ ਸਫੈਦ ਉੱਨ ਦੀ ਮਾਲਾ ਦਿਤੀ । ਅੱਗੇ ਫੇਰ;
4. ਸ਼੍ਰੀ ਜਗਦਗੁਰੂ ਨਾਨਕ ਦੇਵਜੀ ਆਪ ਸਿੱਖ ਭਾਈ ਲਹਿਣੇ ਸਿਰ ਉਤੇ ਪੀਲਾ ਸਾਫਾ/ਪਗੜੀ ਬੰਨਿਆ ਅਤੇ ਅੰਤ ਵਿੱਚ
5. ਸ਼੍ਰੀ ਜਗਦਗੁਰੂ ਨਾਨਕ ਦੇਵਜੀ ਆਪ ਸਿੱਖ ਭਾਈ ਲਹਿਣੇ ਪੱਲੇ: ਮੰਜੀ ਬੈਠੇ ਆਪਣੀ ਦ੍ਵਿਜਬਾਣੀ ਪੋਥੀ ਮੋਹਰ[215] ਪ੍ਰਦਾਨ ਕੀਤੀ, ਫੇਰ:-

ਬੈਠੇ ਸ਼੍ਰੀ ਭਾਈ ਲਹਿਣੇ ਨੂੰ ਦਹਿਣੇ ਹੱਥ ਰੱਖ ਤਿਨ ਪਰਿਕ੍ਰਮਾਂ ਕੀਤੀਆਂ। ਹਰੇਕ ਚਕ੍ਰ ਸਾਮਣੇ ਆਉਣ ਤੇ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀ ਸਿੱਖ ਭਾ. ਲਹਿਣੇ ਦੇ ਚਰਣਾਂ ਦੇ ਅੰਗੂਠੇ ਉਤੇ ਸਿਰਧਰ, ਮਥਾ ਟੇਕਿਆ। ਤੀਜੀ ਡੰਡੌਤ ਤੇ ਸ਼੍ਰੀਵਿਸ਼੍ਵਗੁਰੂ ਨਾਨਕਜੀਦੀ ਦਿਵ੍ਯ ਜੋਤਿ ਲਹਿਣਾ ਦੀ ਜੋਤ 'ਚ ਸਮਾ ਇਕ ਜੋਤਿ ਹੋ ਗਈ, ਜੋ ਗੁਰਗਮ ਸਿਧਾਂਤ ਦੀਪਕ

215. ਦ੍ਰਿ.ਸ਼੍ਰੀ ਗੁਰੂਪ੍ਰਤਾਪ ਸੂਰਜ: ਰਾਸਿ ੧: ਅੰਸੁ: ੨੨: ੧੬-੨੬।ਅ. ਇਹੀ ਮਾਲਾ-ਪੋਥੀ ਸਾਹਿਬਜ਼ਾਦਾ ਪ੍ਰਿਥੀ ਚੰਦ"ਮੀਣੇ" ਚੋਰੀ ਕੀਤੀ॥ ਏ.ਅੰਤੰਮ ਉਦਾਸੀ ਚੋਲਾ-ਟੋਪੀ, ਕਾਲੀ ਮਾਲਾ ਸਾਹਿਬਜ਼ਾਦਾ ਸ਼੍ਰੀਚੰਦ ਨੂੰ ਦਿਤੀਆਂ ਸਨ:ਭਾਰਤੀ ਪਰੰਪਰਾ ਅਨੁਸਾਰ ਟੋਪੀ ਦੀ ਬਜਾਏ ਸ਼੍ਰੀਗੁਰੂ ਅੰਗਦ ਦੇਵਜੀ ਨੂੰ ਪੱਗ-ਸਫੈਦ ਮਾਲਾ ਦਿਤੀਆਂ॥ ਸ. ਇਹੀ ਪੋਥੀ-ਮਾਲਾ ਸਾਹਿਬਜ਼ਾਦਾ ਪ੍ਰਿਥੀ ਚੰਦ"ਮੀਣੇ"ਚੋਰੀ ਕੀਤੀ; ਹੁਣ ਗੁਰਹਰਸਿਹਾਏ ਪਿੰਡ ਫਿਰੋਜ਼ਪੁਰ ਰਾਈਸ'ਸੋਢੀ'ਸਰਦਾਰ ਸਾਹਿਬ ਦੇ ਘਰ ਹੈ ॥

Sri Satguru Jagjit Singh Ji eLibrary NamdhariElibrary@gmail.com

ਤੇ ਦੀਪ ਜਗਾਯੋ ਸਭ ਤੋਂ ਪਹਿਲੇ ਸਾਖੀ ਤੀਜੇ ਸ਼੍ਰੀ ਜਗਦਗੁਰੂ ਅਮਰ ਦਾਸਜੀ ਇਸ ਸ਼ਬਦ ਰਾਹੀਂ ਦ੍ਰਿੜਤਾ ਕਰੀ:-

ਨਾਨਕ ਗੁਰਤੇ ਗੁਰੂ(ਅੰਗਦ)ਹੋਇਆ,ਵੇਖਹੁ ਤਿਸਕੀ ਰਜਾਇ॥ ਇਹੁ ਕਾਰਣੁ ਕਰਤਾ ਕਰੇ, ਜੋਤੀ ਜੋਤਿ ਸਮਾਇ॥ [216]

***** ਅੰਤੇ, ਸ਼੍ਰੀ ਵਿਸ਼ਗੁਰੂ ਨਾਨਕਦੇਵਜੀ ਬਾਬਾ ਬੁਢਾ ਅੱਗੇ ਕਰ ਸਾਰੀ ਸੰਗਤ ਨੂੰ ਸ਼੍ਰੀ ਜਗਦਗੁਰੂ ਅੰਗਦ ਦੇਵ ਦੇ ਚਰਣਾਂ ਉਤੇ ਡੰਡੌਤ ਕਰਨ ਦਾ ਹੁਕਮ ਦਿਤਾ॥ ਇਹ ਭਾਰਤ 'ਚ ਨਵੀਂ ਰੀਤ ਸ਼੍ਰੀ ਜਗਦਗੁਰੂਗ੍ਰੰਥਜੀ ਦੇ ਸ਼੍ਰੀ ਜਗਦਗੁਰੂ ਟਿੱਕੇ ਸ਼੍ਰੀ ਗੁਰੂ ਗਦੀ ਨਸ਼ੀਨੀ ਹੋਣ ਤਕ ਅਟੂਟ ਜਾਰੀ ਰਹੀ ॥

ਸ਼੍ਰੀ ਦਮਦਮਾ ਟਕਸਾਲ ਪਰੰਪਰਾ ਅਨੁਸਾਰ ਸ੍ਰੀਗੁਰੂ ਨਾਨਕ ਦੇਵ ਜੀ ਬਰਦਾਨ ਪਰਥਾਏ ਚੌਥੇ ਸ਼੍ਰੀ ਗੁਰੂਜੀਦਾ ਸ਼ਬਦ॥ ਪਿਛਲੇ ਜੁਗ ਇਤਿਹਾਸ ਬਰਦਾਨ ਸ੍ਰੀ ਗੁਰੁਬਾਣੀ 'ਚ ਸ਼੍ਰੀਵਿਸ਼ੁਗੁਰੂ ਨਾਨਕ ਦੇਵਜੀਦੀ ਘਟਨਾ ਆਰੰਭ ਕਰ ਆਪਣੇ ਚੌਥੇ ਸ਼੍ਰੀਜਗਦਗੁਰੂ ਗਦੀ ਅਸਥਾਨ ਪਿਛਲੇ ਤ੍ਰੇਤਾ ਜੁਗੀ ਲਵਪੁਰ(ਲਹੌਰ)ਰਾਜੇ ਜਨਮੇ ਸੋਢੀ(ਰਾਮਦਾਸ) ਹੁਣ ਪ੍ਰਗਟ ਹੋਏ ਸਨ ਜਿਨ੍ਹਾ ਸੰਬੰਧ'ਚ ਤੀਜੇ ਸ਼੍ਰੀਵਿਸ਼ੁਗੁਰੂ ਅਮਰ ਦਾਸ ਜੀ ਕਿਹਾ:

ਮ:3: ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥ ਗੁਰਕਾ ਸਬਦੁ ਗੁਰ ਥੈ ਟਿਕੈ, ਹੋਰ ਥੈ ਪਰਗਟੁ ਨ ਹੋਇ..॥

ਇਹੀ ਪਿਛਲੇ ਯੁਗ ਜਨਮ ਦਿੱਤੇ ਵਰਦਾਨ, ਹੁਣ ਇਮਾਨਤ, ਕਲਿਜੁਗ ਵਿੱਚ ਕਰਾਮਾਤ ਰੂਪ 'ਚ ਪੂਰਾ ਕੀਤਾ। ਇਸ ਬਾਰੇ ਗੁਰੁ ਘਰ ਦੇ ਰਬਾਬੀਆਂ, ਮਿਰਾਸੀਆਂ ਰਚੀ ਸ਼ਾਸਤ੍ਰਤਾ ਬਖਸ਼ੀ ਟਿੱਕੇ ਦੀ ਵਾਰ 'ਚ ਇਸ ਤਰ੍ਹਾਂ ਬਿਆਨ ਕੀਤੀ ਹੈ:-

ਧੰਨੁਧੰਨੁ ਰਾਮਦਾਸ-ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥ ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥ ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥

ਇਸੇ ਬਰਦਾਨ ਘਟਨਾ ਦੀ ਸ਼ਹਾਦਤ ਚੌਥੇ ਸ਼੍ਰੀ ਜਗਦਗੁਰੂ ਰਾਮਦਾਸਜੀਨੇ ਆਪਣੀ ਬਾਣੀ ਵਿੱਚ ਵੀ ਲਿਖੀ ਹੈ, ਜੋ ਪ੍ਰਤੱਖ ਸ਼੍ਰੀ ਜਗਦਗੁਰੂ ਗ੍ਰੰਥ ਜੀਦੇ ਸਿਰਲੇਖ ਮਹਲਾ 4 ਲਿਖਿਆ ਹੈ- ਤੇ ਜੋ ਸਾਰੀ ਇਬਾਰਤ ਮੱਧਮ ਪੁਰਖ 'ਚ ਲਿਖੀ ਹੈ ਪਰ ਧਿਆਨ ਰਹੇ ਪੱਛਮੀ ਨਜ਼ੂ-ਜ਼ੀਲੈਂਡ ਇਸਾਈ ਵਿਦ੍ਵਾਨ (Apostate Minister research scholar) ਡਾ. ਮੈਕਲੌਡ ਨੇ ਲਿਖਿਆ ਹੈ ਕਿਸੇ ਗੁਰੁਨੇ ਮਧਮ/ਅਨਜ ਪੁਰਖ (2nd/3rd person) ਵਿੱਚ ਨਹੀ ਲਿਖਿਆ: ਸਾਰੇ ਉਤਮ ਪੁਰਖ ਬਰਤਦੇ ਸਨ॥ [217]

ਐਸੇ ਵਿਚਾਰ ਵਾਲਿਆਂ ਨੇ ਐਸੇ ਪਾਠ ਦੇਖੇ ਵਿਚਾਰੇ ਹੀ ਨਹੀਂ, ਸਮਝਣ ਦੀ ਗੱਲ ਤਾਂ ਬਿਲਕੁਲ ਅੱਡ ਹੀ ਰਹੀ! ਇਸ ਕਾਰਣ, ਟਕਸਾਲੀ ਸ਼੍ਰੀ ਗੁਰੁਬਾਣੀ ਅਰਥ ਹਰੇਕ ਗੁਰੁਸਿੱਖ ਨੂੰ ਸਿੱਖਣੇ ਜ਼ਰੂਰੀ ਹਨ। ਪਾਠਕ ਇਸ ਟਕਸਾਲੀ ਗੁਰੁਬਾਣੀ ਗੁਰਗਮ ਪਰਥਾਇ ਦੇ ਇਕ ਇਕ ਤੁਕ ਦਾ ਅਰਥ ਵਿਚਾਰ ਲੈਣ, ਏਹ ਸੰਖੇਪ ਮਿਸਾਲ ਇਕ ਇਸ ਪ੍ਰਥਾਇ ਉੱਤਮ ਸ਼ਬਦ ਦੀ ਹੈ:-

---

216. ਸ਼੍ਰੀ.ਗੁ.ਗ੍ਰੰ.ਜੀ: ਪੰਨਾ.੪੯੦:੧੯

217. *Gurū Nānak & The Sikh Religion* by Dr. Mcleod.

Sri Satguru Jagjit Singh Ji eLibrary NamdhariElibrary@gmail.com

ਸਲੋਕ ਮ:4 ॥ ਧੁਰਿ ਮਾਰੇ ਪੂਰੈ-ਸਤਿਗੁਰੂ, ਸੇਈ ਹੁਣਿ ਸਤਿਗੁਰਿ ਮਾਰੇ ॥ ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ ॥ ਸਤਸੰਗਤਿ ਢੋਈ ਨਾ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੇ ॥ ਕੋਈ ਜਾਇ ਮਿਲੈ ਹੁਣਿ ਓਨਾਨੋ ਤਿਸੁ ਮਾਰੇ ਜਮੁ ਜੰਦਾਰੇ ॥ ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ ॥ ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ ॥ ਗੁਰੁ ਚਉਥੀਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ ॥ ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂਕੀ, ਤਿਸੁ ਕਾਰਜ ਸਭਿ ਸਵਾਰੇ ॥ ਜੋ ਇਛੈ ਸੋਫਲੁ ਪਾਇਸੀ,ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ ॥ ਸਭਿ ਨਿਧਾਨ ਸਤਿਗੁਰੂ ਵਿਚਿ ਜਿਸੁ ਅੰਦਰਿ ਹਰਿ ਉਰਧਾਰੇ ॥ ਸੋ ਪਾਏ ਪੂਰਾਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ ॥ ਜਨੁ ਨਾਨਕੁ ਮਾਗੈ ਧੂੜਿਤਿਨ,ਜੋ ਗੁਰਸਿਖ ਮਿਤ ਪਿਆਰੇ ॥ ੪. 218

ਇਸ ਸਲੋਕ ਮ:4 ਦੇ ਪਰਥਾਇ ਅਨੁਸਾਰ ਇਹ ਵੰਡ ਹੈ:-

ਪਰਥਾਏ 1:-ਪੂਰੈ-ਸਤਿਗੁਰੂ ਨਾਨਕਦੇਵਜੀ ਦੇ ਪੁਤਾਂ, ਸੰਤ ਰੇਣੁ ਆਦਿ ਸਿੱਖਾਂ ਨੂੰ ਤਾੜ ਭੰਡਿਆ, ਜੋ ਸ਼੍ਰੀ ਚੌਥੇ ਸਤਿਗੁਰੁਜੀ ਲਿਖਿਆ ਹੈ;-

ਮ:4:-ਧੁਰਿ ਮਾਰੇ ਪੂਰੈ-ਸਤਿਗੁਰੂ(ਨਾਨਕ), ਸੇਈ ਹੁਣਿ ਸਤਿਗੁਰਿ(ਅੰਗਦ)ਮਾਰੇ ॥ ਜੇ ਮੇਲਣ ਨੋ ਬਹੁਤੇਰਾ ਲੋਚੀਐ, ਨ ਦੇਈ ਮਿਲਣ ਕਰਤਾਰੇ ॥ ਸਤਸੰਗਤਿ ਢੋਈ ਨਾ ਲਹਨਿ, ਵਿਚਿ ਸੰਗਤਿ ਗੁਰਿ(ਬ੍ਰਹਮ) ਵੀਚਾਰੇ ॥ ਕੋਈ ਜਾਇ ਮਿਲੈ ਹੁਣਿ ਓਨਾ ਨੋ, ਤਿਸੁ ਮਾਰੇ ਜਮੁ ਜੰਦਾਰੇ ॥

ਪਰਥਾਏ 2:-ਗੁਰਿ ਬਾਬੈ(ਨਾਨਕ) ਫਿਟਕੇ ਸੇ ਫਿਟੇ, ਗੁਰਿ ਅੰਗਦਿ ਕੀਤੇ ਕੂੜਿਆਰੇ ॥

ਪਰਥਾਏ 3:-ਗੁਰਿ ਤੀਜੀ ਪੀੜੀ (ਅਮਰ ਦਾਸ) ਵੀਚਾਰਿਆ ਕਿਆ ਹਥਿ ਏਨਾ ਵੇਚਾਰੇ ॥

ਪਰਥਾਏ 4:-ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ ॥ ਕੋਈ ਪੁਤੁ(ਸ਼੍ਰੀਚੰਦ ਆਦਿ) ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ ॥ ਜੋ ਇਛੈ, ਸੋ ਫਲੁ ਪਾਇਸੀ ਪੁਤੁ ਧਨੁ ਲਖਮੀ,ਖੜਿ ਮੇਲੇ ਹਰਿ ਨਿਸਤਾਰੇ ॥ ਸਭਿ ਨਿਧਾਨ ਸਤਿਗੁਰੂ ਵਿਚਿ ਜਿਸੁ ਅੰਦਰਿ ਹਰਿ ਉਰਧਾਰੇ ॥

ਪਰਥਾਏ 5:-ਸੋ ਪਾਏ ਪੂਰਾ ਸਤਿਗੁਰੂ(1-10)ਜਿਸੁ ਲਿਖਿਆ ਲਿਖਤੁ ਲਿਲਾਰੇ ॥ ਜਨੁ ਨਾਨਕੁ ਮਾਗੈ ਧੂੜਿ ਤਿਨ ਜੋ ਗੁਰਸਿਖ ਮਿਤ ਪਿਆਰੇ ॥ 261

---

218. ਸ਼੍ਰੀਗੁਰੂ ਗ੍ਰੰਥ ਜੀ.ਉ.ਪੰ.੧੨੪੯:੮।ਅ.ਪੰ.੯੬੮:੮।ਏ. ਪੰਨਾ. ੩੦੭:੧੩-੧੯+ ॥੧॥ ਮ: ੪ ॥ ਜਿਨਕਉ ਆਪਿ ਦੇਇ ਵਡਿਆਈ, ਜਗਤੁ-ਭੀ ਆਪੇ ਆਣਿ ਤਿਨਕਉ ਪੈਰੀ ਪਾਏ ॥ ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ, ਸਭੁ ਕਰਤਾ ਆਪਣੀ ਕਲਾ ਵਧਾਏ ॥ ਦੇਖਹੁ ਭਾਈ:ਏਹੁ ਅਖਾੜਾ ਹਰਿ-ਪ੍ਰੀਤਮ ਸਚੇ ਕਾ,ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ ॥ ਆਪਣਿਆ ਭਗਤਾਕੀ ਰਖ ਕਰੇ,ਹਰਿ-ਸੁਆਮੀ:ਨਿੰਦਕਾ ਦੁਸਟਾਕੇ ਮੁਹਕਾਲੇ ਕਰਾਏ ॥ ਸਤਿਗੁਰਕੀ ਵਡਿਆਈ ਨਿਤਚੜੈ ਸਵਾਈ,ਹਰਿਕੀਰਤਿ ਭਗਤਿ ਨਿਤਆਪਿ ਕਰਾਏ ॥ ਅਨਦਿਨੁ ਨਾਮੁ ਜਪਹੁ ਗੁਰਸਿਖਹੁ, ਹਰਿ-ਕਰਤਾ ਸਤਿਗੁਰੁ ਘਰੀ ਵਸਾਏ ॥ ਸਤਿਗੁਰਕੀ ਬਾਣੀ ਸਤਿ, ਸਤਿ ਕਰਿ ਜਾਣਹੁ ਗੁਰਸਿਖਹੁ; ਹਰਿ ਕਰਤਾ ਆਪਿ ਮੁਹਹੁ ਕਢਾਏ ॥ ਗੁਰਸਿਖਾਕੇ ਮੁਹ ਉਜਲੇ ਕਰੇ ਹਰਿਪਿਆਰਾ, ਗੁਰਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥ ਜਨੁ ਨਾਨਕੁ ਹਰਿਕਾ ਦਾਸੁਹੈ, ਹਰਿ ਦਾਸਨਕੀ ਹਰਿ ਪੈਜ ਰਖਾਏ ॥੨॥

ਪਉੜੀ ॥ ਤੂ ਸਚਾ ਸਾਹਿਬੁ ਆਪਿਹੈ, ਸਚੁ ਸਾਹ ਹਮਾਰੇ ॥ ਸਚੁ ਪੂਜੀ ਨਾਮੁ ਦ੍ਰਿੜਾਇ ਪ੍ਰਭ, ਵਣਜਾਰੇ ਥਾਰੇ ॥ ਸਚੁ ਸੇਵਹਿ, ਸਚੁ ਵਣੰਜਿ ਲੈਹਿ, ਗੁਣ ਕਥਹ ਨਿਰਾਰੇ ॥ ਸੇਵਕ, ਭਾਇ, ਸੇ ਜਨ ਮਿਲੇ; ਗੁਰ-ਸਬਦਿ ਸਵਾਰੇ ॥ ਤੂ ਸਚਾ ਸਾਹਿਬੁ ਅਲਖੁਹੈ, ਗੁਰ-ਸਬਦਿ ਲਖਾਰੇ ॥੧੪॥

Sri Satguru Jagjit Singh Ji eLibrary NamdhariElibrary@gmail.com

ਇਸੇ ਪਰਥਾਏ ਭਾਈ ਗੁਰਦਾਸ ਜੀ ਕੁੰਜੀ-ਬਾਣੀ ਵਿੱਚ ਵੀ ਅਨੇਕ ਪ੍ਰਮਾਣ ਹਨ, ਵਾਰ 1:-

ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ॥ ਥਾਪਿਆ ਲਹਿਣਾ ਜੀਂਵਦੇ, ਗੁਰਿਆਈ ਸਿਰ ਛਤ੍ਰ ਫਿਰਾਯਾ॥ ਜੋਤੀ ਜੋਤ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ॥ ਲਖ ਨ ਕੋਈ ਸਕਈ ਆਚਰਜੇ ਆਚਰਜਦਿਖਾਯਾ॥ ਕਾਯਾਂ ਪਲਟ ਸਰੂਪ ਬਣਾਯਾ॥ 45॥

ਇਸ ਪਰਥਾਇ ਅਨੁਸਾਰ ਅਤਿ ਸੰਖੇਪ ਨਾਲ ਬਾਵਾ ਮਿਹਰਬਾਨ, ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦੇ ਭਾ.ਲਹਿਣੇ ਉਤ੍ਰਾਧਿਕਾਰੀ ਥਾਪਣ ਬਾਰੇ ਲਿਖਿਆ: ਤਿਤ ਮਹਲਿ ਜੋ ਸ਼ਬਦ ਹੋਆ; ਸੋ ਪੋਥੀ, ਜੁ ਬਾਨਿ, ਗੁਰੁ ਅੰਗਦ ਜੋਗ ਮਿਲੀ॥ [ਅ.219]

ਸ਼੍ਰੀਵਿਸ਼੍ਵਗੁਰੁ ਨਾਨਕ ਅਧਿਆਤਮ ਕਰਮ ਰਾਹੀਂ ਭਾਈ ਲਹਿਣਾ ਉਤ੍ਰਾਅਧੀਕਾਰੀ ਸ਼੍ਰੀਗੁਰੁ ਥਾਪੇ॥ ਇਸੇ ਪਰਥਾਏ ਭਾਈ ਗੁਰਦਾਸ ਕੁੰਜੀ-ਬਾਣੀ 'ਚ ਬਹੁਤ ਪ੍ਰਮਾਣ ਵਾਰਾਂ 'ਚ ਹਨ:-

ਸੋ ਟਿਕਾ, ਸੋ ਛਤ੍ਰ ਸਿਰ, ਸੋਈ ਸਚਾ ਤਖਤ ਟਿਕਾਈ॥ ਗੁਰ ਨਾਨਕਹੁੰਦੀ ਮੋਹਰ ਹਥ, ਗੁਰ ਅੰਗਦ ਦੀ ਦੋਹੀ ਫਿਰਾਈ॥ ਦਿੱਤਾ ਛੱਡ ਕਰਤਾਰਪੁਰ: ਬੈਠ ਖਡੂਰੇ ਜੋਤਿ ਜਗਾਈ॥ ਜੰਮੇ ਪੂਰਬ ਬੀਜਿਆ ਵਿਚ ਵਿਚ ਹੋਰ ਕੂੜੀਚਤਰਾਈ॥ [220]

[221]ਭਾਈ ਲਹਿਣੇ, ਸ਼੍ਰੀ ਗੁਰੂ ਅੰਗਦ ਦੇਵ ਨਾਮ ਦਾ ਮਹਾਮਾਨ: ਤ੍ਰਿ-ਜਗਤ ਗੁਰੁ ਪਦ ਪ੍ਰਦਾਨਤਾ :-ਸ਼੍ਰੀ ਜਗਦਗੁਰੂ ਗ੍ਰੰਥਜੀ 'ਚ ਸਿੱਖ-ਭਟ ਕਲ(ਕਲਸਹਾਰ) ਇਸ ਤਰ੍ਹਾਂ ਕੀਰਤੀ ਪੱਕੇ ਸ਼ਾਸਤ੍ਰੋਕਤਿ ਬਾਣੀ 'ਚ ਸਾਖੀ ਬਚਨ ਲਿਖਦਾ ਹੈ:-

ਜਗੁ ਜੀਤਉ ਗੁਰਦੁਆਰਿ, ਖੇਲਹਿ ਸਮਤ ਸਾਰਿ, ਰਥੁ ਉਨਮਨਿ ਲਿਵ ਰਾਖਿ, ਨਿਰੰਕਾਰਿ॥ ਕਹੁ ਕੀਰਤਿ ਕਲਸਹਾਰ, ਸਪਤ-ਦੀਪ ਮਝਾਰ, ਲਹਣਾ ਜਗਤ੍ਰ-ਗੁਰੁ, ਪਰਸਿ ਮੁਰਾਰਿ॥ [222]

ਭਾਈ ਗੁਰਦਾਸ ਜੀ ਦੀ ਪਹਿਲੀ ਵਾਰ 'ਚ ਦੱਸੀ ਸੰਖੇਪ ਭਾਰਤੀ ਪਿਛੋਕੜ ਇਤਿਹਾਸ ਗੁਰੁਸਿੱਖ ਵਿਕਸਤ ਸ਼੍ਰੀ ਗੁਰੁਬਾਣੀ ਪ੍ਰਿਥਾਇ ਕ੍ਰਮ ਵਿਧੀ ਅਨੁਸਾਰ ਸੰਗਠਨ ਲਿਖਤ ਜਾਣੇ ਪਿੱਛੋਂ ਹੀ ਆਮ ਸਿੱਖਾਂ ਅਤੇ ਸ਼੍ਰੀ ਗੁਰੂ ਨਿਰਮਲ ਪੰਥਦੇ ਉਦਾਸੀ-ਨਿਰਮਲੇ-ਸਿੰਘ ਸਾਧੂਆਂ, ਮਹੰਤਾਂ, ਸੰਤਾਂ, ਗਿਆਨੀਆਂ ਨੂੰ ਇਹ ਸਮਝ ਆਈ; ਸਾਰੇ ਲਿਖੇ ਗੁਰੁ-ਸਿੱਖ ਇਤਿਹਾਸਾਂ ਅੰਦਰ ਪੱਕੀ ਸ਼੍ਰੀ ਗੁਰੁਬਾਣੀ ਦੇ ਅਰਥ ਕਰਨ 'ਚ ਵੇਰਵੇ ਸਾਧਾਰਣ ਰੂਪ ਸਹਾਇਕ ਤਾਂ ਹਨ ਪਰ ਵਿਸ਼ੇਸ਼ ਗਿਆਨ, ਵਿਗਿਆਨ, ਬ੍ਰਹਮ-ਗਿਆਨ ਪ੍ਰਦਾਨ ਕਰਤਾ ਨਹੀ॥ ਬਲਕੇ ਓਹ ਕੇਵਲ ਸ਼੍ਰੀ ਦਸਮ ਜਗਦਗੁਰੂਜੀ ਆਪ ਪ੍ਰਦਾਨ ਗੁਰਗਮ ਦਮਦਮੀ ਮੁਖ ਟਕਸਾਲ ਅਤੇ ਉਪ-ਟਕਸਾਲੀ ਅਮ੍ਰਿਤਸਰ

---

219. ਓ.ਭਾਈ ਗੁਰਦਾਸ ਵਾਰ:-੧॥੪੫॥੪-੮॥; ੧॥੪੬॥੧-੪॥...॥ ਅ.ਗੋਸ਼ਟਿ ਸ਼੍ਰੀ ਮਿਹਰਵਾਨ ਜੀਕੀ ਭਾਗ ੧, ਪੰਨਾ ੧੩੨, ਕ੍ਰਿਤ ਪੁਤ੍ਰ ਹੋਰਿਜੀ ਸੋਢੀ.

220. ਭਾਈ ਗੁਰਦਾਸ ਵਾਰ:-੧॥੪੫॥੪-੮॥; ੧॥੪੬॥੧-੪॥...॥

221. ਵੇਦਦੇ ਕੌਸ਼ੀਤਕੀ ਬ੍ਰਹਮਣ:੨।੧੬ ਵਿੱਚ ਅੰਗਦ ਸ਼ਬਦਦਾ ਇਹ ਪ੍ਰਮਾਣ ਹੈ:-"अत्रेतमाशीर्मन्त्र पठन्ति 'अङ्गद अङ्गात्संभवसि हृदयादधिजायसे। आत्मा वै पुत्र नामासि स जीव शरदः शतमेति ।१६।" ਅਰਥ:-"ਐਥੇ ਪਿਤਾ ਦੇ ਅਸੀਸ ਦੇਣਦਾ ਮੰਤ੍ਰ ਪੜਦੇ ਹਾਂ:'ਹੇ ਪੁਤ੍ਰ! ਤੂ ਮੇਰੇ ਅੰਗਹੈਂ,ਅੰਗ ਤੋਂ ਪੈਦਾ ਹੈ,ਮੇਰੇ ਹਿਰਦੇ ਤੋਂ ਪ੍ਰਗਟ ਹੋਇਆ ਹੈਂ; ਤੂੰ ਨਿਸਚੈ ਮੇਰਾ ਆਤਮਾ ਹੀ ਹੈਂ, ਤੂੰ ਸੌ ਬਰਸ ਜੀਵੇਂ॥੧੬॥ ਸ਼ਲੋਕ ਅਧਿਆਇ 2 ਵਿੱਚੋਂ ॥"

222. ਸ਼੍ਰੀਗੁ.ਗ੍ਰੰਜੀ:ਪੰਨਾ.੧੩੯੧:੪-੫॥

Sri Satguru Jagjit Singh Ji eLibrary NamdhariElibrary@gmail.com

ਦੋ ਪ੍ਰਣਾਲੀਆਂ 'ਚ ਸਿੱਖੇ ਅਰਥ ਜਾਣੇ ਬਿਨਾ ਮੁਸ਼ਕਿਲ ਹੀ ਨਹੀਂ: ਬਿਲਕੁਲ ਅਸੰਭਵ ਹਨ॥ ਦੁਨਿਆਵੀ ਸੁਭਾਓ ਹੈ ਜੋ ਸ਼੍ਰੀ ਜਗਦਗੁਰੂ ਕਿਹਾ ਹੈ, ਜਥਾ; ਮ: 1: ਸਭੁਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥ [223] ਭਾਵਾਰਥ: ਬਿਨਾ ਗੁਰਗਮ ਗਾਡੀ ਰਾਹ ਬ੍ਰਹਮ ਗਿਆਨ ਸਿਖੇ ਬਿਨਾ--ਆਪਣੇ ਮਨ ਤਰਫ ਮੁਹ ਕਰੇ(ਮਨਮੁਖ) ਆਪਨੂੰ ਪੂਰਾ ਬ੍ਰਹਮ ਗਿਆਨੀ ਮਨਦੇ ਹਨ? ਕੋਈ ਵੀ ਘੱਟ ਕਹਾਣ ਨੂੰ ਤਿਆਰ ਨਹੀ! ਇਹ ਸ਼੍ਰੀ ਜਗਦਗੁਰੂਜੀਦਾ ਸਿਧਾਂਤ ਹੈ॥ ਪਰ,ਸਚੀ ਸਿਫਤ ਓਹ ਹੁੰਦੀ ਹੈ ਜੋ ਆਪਣੇ ਧਰਮ ਸ਼ਾਸਤ੍ਰ ਤੁਲਨਾਤਮਕ ਧਰਮਾਂ ਦੇ ਘਟੋ ਘਟ ਹੋਰ ਇੱਕ, ਦੋ, ਜਾਂ ਕਈ ਧਰਮੀ ਪੂਰੇ ਵਿਦ੍ਵਾਨ, ਨਿਰਪੱਖ ਸੱਚੇ ਮਨ ਨਾਲ ਹੋਰ ਧਰਮ ਲੇਖਕ ਵਕਤਾਵਾਂ ਦੀ ਸ਼ਲਾਘਾ ਕਰਨ॥ ਹੁਣ ਆਪ ਆਪਣੀ ਸਿਫਤ ਸ਼ਲਾਘਾ ਕਰੋ: ਇਹ ਪੱਛਮੀ ਰੀਤ ਪਿਛਲੀ ਸਦੀ ਤੋਂ ਚਲੀ ਹੈ॥

ਭਾਰਤੀ ਧਰਮ ਦਿਗਵਿਜੈ ਰੀਤ ਪਛਮੀ ਰੀਤ ਕਰਕੇ ਕਰੀਬ ਲੋਪ ਹੋ ਗਈ॥ ਹਰੇਕ ਆਪਣਾ ਬੋਲ, ਜਾਂ ਲਿਖ ਕੇ ਸ਼ਲਾਘਾ ਪਰਿਚੈ ਦਿੰਦੇ ਹਨ॥ ਦੇਖੀਏ ਸ਼੍ਰੀ ਗੁਰੁ ਸਿੱਧਾਂਤ ਕੀ ਲਿਖਦਾ ਹੈ:-

ਹਉਮੈ ਨਾਵੈ ਨਾਲਿ ਵਿਰੋਧੁ ਹੈ,ਦੁਇ ਨ ਵਸਹਿ ਇਕ ਠਾਇ॥ ਹਉਮੈ ਵਿਚਿ ਸੇਵਾ ਨ ਹੋਵਈ, ਤਾ ਮਨੁ ਬਿਰਥਾ ਜਾਇ॥ ਹਰਿ ਚੇਤਿ ਮਨ ਮੇਰੇ, ਤੂ ਗੁਰਕਾ ਸਬਦੁ ਕਮਾਇ॥ ਹੁਕਮੁ ਮੰਨਹਿ, ਤਾ ਹਰਿ ਮਿਲੈ; ਤਾ ਵਿਚਹੁ ਹਉਮੈ ਜਾਇ॥ ਰਹਾਉ॥

ਮ:3 ਮੋਹੁ ਗੁਮਾਨੁ ਗੁਰ ਸਬਦਿ ਜਲਾਏ॥ ਪੂਰੇ ਗੁਰਤੇ ਸੋਝੀ ਪਾਏ॥ ਅੰਤਰਿ ਮਹਲੁ ਗੁਰਸਬਦਿ ਪਛਾਣੈ॥ ਆਵਣਜਾਣੁ ਰਹੈ ਥਿਰੁ ਨਾਮਿ ਸਮਾਣੇ॥ ਅ.[224]

ਇਹ ਸ਼੍ਰੀ ਜਗਦਗੁਰੂ ਸੀਖ ਅਨੁਸਾਰ ਪਿੱਛੋਂ ਹੁਣ ਤਕ ਗੁਰਮੁਖ ਮਨਮੁਖ ਰੀਤਾਂ ਪਰਥਾਇ ਅਨੁਸਾਰ ਗ੍ਰੰਥ ਸੰਗ੍ਰਹ ਦੇਖੇ ਹਨ॥

ਇਤਿਹਾਸਿਕ ਪੱਕੇ ਕੱਚੇ ਗ੍ਰੰਥਾਂ ਅੰਦਰ ਕਚੀ ਪੱਕੀ ਬਾਣੀ ਸਿਧਾਂਤ

ਸਭਤੋਂ ਪਹਿਲੀ ਗੁਰਮੁਖੀ[225] ਲਿਪੀ ਅਸਲ ਪੋਥੀ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਹੱਥ ਲਿਖਤ ਕਿਤਾਬ ਹੈ ਜਨਮ ਸਾਖੀ ਨਹੀਂ॥ ਆਰੰਭ ਵਿੱਚ ਐਥੇ ਇੱਕ ਸੱਚੀ ਇਤਿਹਾਸਿਕ ਸਾਖੀ ਦਸਣੀ ਅਤਿ ਜ਼ਰੂਰੀ ਬਣਦੀ ਹੈ:-

ਸਭਤੋਂ ਪਹਿਲਾਂ ਗੁਰਮੁਖੀ ਲਿਪੀ ਲਿਖੀ ਕਿਤਾਬ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਨੇ ਆਪ ਰਚੀ, ਜਿਸ ਵਿੱਚ ਅਕਾਲ ਪੁਰਖੁ ਦੀ ਸਮੇ ਸਮੇ ਤੇ ਆਈ ਆਕਾਸ ਬਾਣੀ ਅਸਥਾਪਣੀ ਹੱਥ ਲਿਖੀ ਕਿਤਾਬ 'ਚ ਲਿਖੇ ਓਹ ਹੁਣ ਵੀ ਕਿਤਾਬ (ਗੁਪਤ ਰੂਪ ਵਿੱਚ) ਮੌਜੂਦ ਹੈ ਜਿਸ ਦੇ ਕੁਛ ਸ਼ਬਦਾਂ ਦੀਆਂ ਨਕਲਾਂ ਬਣਾਏ ਲੇਖਾਂਦੇ ਮੰਦਰ 'ਚ ਚਾਰ ਪੈੜੇ ਮੋਖੇ; ਆਦਿ ਲਿਖਾਰੀਆਂ ਲਿਖਵਾ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਉਦਾਸੀ ਦਿਗ ਵਿਜੈਆਂ 'ਚ ਥਾਪੀ ਅੱਠ ਦਿਸ਼ਾ'ਚ ਮੰਜੀਦਾਰਾਂ ਨੂੰ ਪ੍ਰਚਾਰ ਲਈ ਬਖਸ਼ੀਆਂ॥

ਉਸ ਕਿਤਾਬ ਦਾ ਸਭ ਤੋਂ ਪਹਿਲਾਂ ਲਿਖਤੀ ਵਰਣਨ ਭਾਈ ਗੁਰਦਾਸ ਜੀ ਨੇ ਸ਼੍ਰੀਵਿਸ਼੍ਵਗੁਰੂ ਨਾਨਕ ਦੇਵ ਜੀ ਦੇ ਉਦਾਸੀ ਦਿਗਵਿਜੈ ਕ੍ਰਮਣਾਂ ਵਿੱਚ ਸਾਫ ਲਿਖਿਆ ਹੈ; ਜੋ ਕਿਤਾਬ ਸ਼੍ਰੀ

---

223. ਸ਼੍ਰੀਗੁਰੂਗ੍ਰੰਥਜੀ.ਮ:੧:ਪੰ.੪੬੮:੪ ਆਦਿ॥
224. ਸ਼੍ਰੀਗੁਰੂਗ੍ਰੰਥਜੀ.ਓ. ਮ:੩:ਪੰ.੫੬੦:੧੨, ਅ.ਪੰ.੫੬੦:੧੩, ਆਦਿ॥
225. ਨੋਟ:-"ਗੁਰੁਮੁਖੀ"ਸ਼ਬਦ ਬੁਹੁਤ ਪੁਰਾਣਾਹੈ,ਦੇਖੋ ਸ਼੍ਰੀਮਦ ਭਾਗਵਦ ਮਹਾਪੁਰਾਣ:-
"गुरूणैवं प्रतिप्रोक्तो भूय आहासुरः सुतम्। न चेद् 'गुरुमुखीयं' ते कुतो भद्रासतो मतिः।२६।५।७॥"ਆਦਿ॥

Sri Satguru Jagjit Singh Ji eLibrary NamdhariElibrary@gmail.com

ਵਿਸ਼੍ਵਗੁਰੂ ਨਾਨਾਕ ਦੇਵ ਜੀ ਨੇ ਉਤਾਰਾ ਕਰਵਾ ਅਧਿਕਾਰੀ ਭਾਈ ਲਹਿਣਾਜੀ ਨੂੰ ਅਧਿਆਤਮ ਕਰਮ ਤਿਲਕ-ਸਿੰਘਾਸਨ ਪ੍ਰਦਾਨ ਕਰਦੇ ਵੇਲੇ ਭਾਰਤੀ ਪ੍ਰਥਾ ਅਨੁਸਾਰ ਦਿਵਜ ਨਾਰੀਏਲ ਸ਼ਗਨ ਸਮਗ੍ਰੀ ਆਦਿ ਪ੍ਰਦਾਨ ਕਰਦੇ ਵੇਲੇ ਸਭਤੋਂ ਉੱਤਮ ਦਿਵਜ ਵਸਤੁ ਇਹੀ ਕਿਤਾਬ ਪ੍ਰਦਾਨ ਕੀਤੀ, ਜੋ ਚੌਥੇ ਸ਼੍ਰੀ ਜਗਦਗੁਰੂ ਰਾਮ ਦਾਸ ਜੀ ਤੇ ਪੰਜਵੇਂ ਸ਼੍ਰੀ ਜਗਦਗੁਰੂ ਜੀਨੂੰ ਟਿਕਾ-ਗੱਦੀ ਦੇਣ ਤਕ ਕੋਲ ਪੂਰੀਆਂ ਕੈਮ ਰਹੀਆਂ, ਜਿਨ੍ਹਾਂ ਦਾ ਵਰਣਨ ਭਾਈ ਗੁਰੁਦਾਸਜੀ ਤੇ ਵਿਰੋਧੀ ਬਖੀਲੀ ਮੀਣੇ ਗ੍ਰੰਥਾਂ ਵਿੱਚ ਸਾਫ ਇਕਰਾਰ ਹਨ॥

ਇਸ ਪਿੱਛੋਂ ਪੰਚਮ ਸ਼੍ਰੀਜਗਦਗੁਰੂ ਅਰਜੁਨ ਦੇਵ ਜੀ ਦੇ ਤਿਲਕ ਸਿੰਘਾਸਨ ਪ੍ਰਦਾਨ ਵੇਲੇ ਤਕ ਦੋ ਪੂਜ ਵਸਤਅੂੰ ਬੜੇ ਸਾਹਿਬਜ਼ਾਦਾ ਪ੍ਰਿਥੀ ਚੰਦ ਨੇ ਆਪਣੇ ਸ਼੍ਰੀਪੂਜਜ ਪਿਤਾ ਚੌਥੇ ਸ਼੍ਰੀਸਤਿਗੁਰੂ ਰਾਮ ਦਾਸ ਜੀਦੇ ਤੋਸ਼ੇਖਾਨੇ ਵਿੱਚੋਂ ਚੋਰੀ ਕਰੀਆਂ॥ ਜਿਸ ਕਾਰਣ ਚੌਥੇ ਪੂਜਜ ਸ਼੍ਰੀ ਜਗਦਗੁਰੂ ਪਿਤਾਜੀ ਨੇ ਮੀਣਾ ਸ਼ਬਦ ਕਹਿ ਭੰਡਿਆ॥ ਜਿਸ ਕਾਰਣ ਗੁਰੁਸਿੱਖਾਂ 'ਚ ਸੰਬੋਧਨ ਉਪਾਧੀ ਹੋਈ (ਅਸਲ ਮੁਖ ਗੁਰੁਗਮ ਕਥਾਹੈ--ਛੋਟੇ ਸਾਹਿਬਜ਼ਾਦੇ ਅਰਜੁਨ ਦੇਵਜੀ ਦੀਆਂ ਚਿੱਠੀਆਂ ਪ੍ਰਸੰਗ ਗੌਣ ਹੈ; ਤਦੋਂ ਗੁਰੁਸਿਖ ਪ੍ਰਿਥੀ ਚੰਦ ਬੰਸੀ, ਅਤੇ ਉਨ੍ਹਾਂ ਦੇ ਚਾਟੜੇਆਂ ਦੀ ਅੱਲ ਮੀਣਾ ਕੈਮ ਹੋਈ॥ [226]

ਚੋਰੀ ਮੌਕੇ ਤਕ: ਆਦਿ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀਦੀ ਨੀਂਵ ਪੋਥੀ ਤੋਂ ਅੱਠੋ ਮੰਜੀਦਾਰ ਤਿਨ ਚਾਰ ਨਿਜਤ ਲਿਖਾਰੀ ਅਤੇ ਭਿੰਨ ਭਿੰਨ ਪ੍ਰਚਾਰਕ ਉਤਾਰੇ ਗੁਟਕੇਆ ਰਾਹੀਂ ਪਰਚਾਰ ਕਰਦੇ ਰਹੇ॥ ਓਸ ਕਿਤਾਬ'ਚ ਬਹੁਤ ਸ਼ਬਦ ਵੇਦ-ਕਤੇਬ ਗਲਤ ਚਲੀਆਂ ਸੰਪ੍ਰਦਾਇਆਂ ਆਰਥ: ਤਰਕ ਰਾਹੀ ਗਲਤੀਆਂ ਠੀਕ ਕੀਤੀਆਂ (ਪਿਛੋਂ ਸ਼੍ਰੀ ਗੁਰੂ ਪਰਵਾਂ ਲਈ) ਉਸੇ ਪੋਥੀ ਤੋਂ ਗੁਰੁ ਬਾਣੀ ਨਿਤਨੇਮ ਅਧਾਰ ਧਰਮ ਸਿੱਧਾਂਤ ਗੁਟਕੇ ਪ੍ਰਚਾਰ ਲਈ ਕੁਛ ਸ਼ਬਦ ਉਤਾਰੇ, ਪ੍ਰਚਾਰਕ ਪ੍ਰਚਾਰ ਕਰਦੇ ਰਹੇ॥

ਇਸੇ ਆਦਿ ਰੀਤ ਅਨੁਸਾਰ ਸ਼੍ਰੀ ਜਗਦਗੁਰੂ ਅੰਗਦ ਦੇਵਜੀਨੇ ਫੇਰ ਭਾਈ ਬਾਲੇ ਕਹੀ ਸਾਖੀਆਂ ਦੋ ਲਿਪੀਆਂ (ਦੇਵ ਨਾਗਰੀ ਤੇ ਗੁਰਮੁਖੀ) ਗਿਆਤਾ ਪੈੜੇ ਮੋਖੇ ਤੋਂ "ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ" ਲਿਖਵਾਈ ॥

ਗੁਰੁਸਿਖ ਧਰਮ ਵਿੱਚ ਪੱਕੀ ਤੇ ਕੱਚੀ ਬਾਣੀ ਵਿਵਸਥਾ

ਜ਼ਰੂਰੀ ਦੋ ਗੱਲਾਂ ਲਿਖਣੀਆਂ ਜੋਗ ਹਨ ਜੋ ਹਰੇਕ ਨੂੰ ਜਾਣਨੀਆਂ ਲਾਜ਼ਮੀ ਹਨ:-

1.ੳ. ਤੀਜੇ ਸ਼੍ਰੀ ਜਗਦਗੁਰੂ ਜੀ ਧਰਮ ਰਾਜ ਵੇਲੇ ਅੱਠੋ ਮੰਜੀਆਂ ਵਧਾ ਮੁਗਲ ਸਲਤਨਤ ਦੇ ਬਾਈ(22) ਸੂਬੇ ਰਾਜ-ਧਾਨੀਆਂ 'ਚ 22 ਮੰਜੀਆਂ, 52-72 ਪੀੜੇ ਪ੍ਰਚਾਰਕਾਂ ਲਈ ਕੇਂਦ੍ਰ ਥਾਪੇ॥ ਦੋਨੋਂ:- ਆਦਿ ਅਤੇ ਦੂਜੇ ਸ਼੍ਰੀ ਜਗਦਗੁਰੂ ਪੰਥ ਧਰਮ ਜਾਲ(Holy *Guru* Mission's Network) ਨਿਤ ਵਧਣ ਲਗਾ॥ ਯਾਦ ਰਹੇ ਹਰੇਕ ਦਰਿਆ ਦਾ ਸੋਮਾ ਸ਼ੁੱਧ ਜਲਦਾ ਦਾ ਦੇਖੀਂਦਾ ਹੈ ਪਰ ਅਗੇ ਚਲਕੇ ਬਹੁਤ ਕੂੜਾ ਕਰਕਟ ਰਲ ਜਾਂਦਾ ਹੈ॥ ਏਹੀ ਹਰੇਕ ਧਰਮ ਦਾ ਹਾਲ ਚਲਿਆ ਆ ਰਹਿਆ ਹੈ॥ ਸ਼੍ਰੀ ਵਿਸ਼੍ਵਗੁਰੂ ਕਾਲ 'ਚ ਦ੍ਵੈਸੀ,

---

226. ੳ.ਟਿੱਪਣੀਆਂ.੧੫,੪੯੧-੯੯ ਦੇਖੋ।ਅ.ਇਸ ਆਦਿ ਕਤਾਬ/ਪੋਥੀ ਦੇ ਉਤਾਰੇ ਤੇ ਪ੍ਰਚਾਰ ਦਾ ਜ਼ਿਕਰ ਭਾ.ਮਨੀ ਸਿੰਘ ਨੇ ਭਾ.ਗੁਰਦਾਸ ਵਾਰ:੧੧ ਸਾਖੀਆਂ:੭;੨੬,੪੦ ਆਦਿ 'ਚ ਅਤੇ ਉਪਰਲੇ ਪਰਥਾਏ ੪ ਸ਼੍ਰੀਸਤਿਗੁਰ ਰਾਮ ਦਾਸਜੀਦੇ ਸਾਹਿਬਜ਼ਾਦਾ ਪ੍ਰਿਥੀ ਚੰਦ ਪੂਜਜ ਪਿਤਾ ਤੋਸ਼ੇਖਾਨੇ 'ਚੋਰੀ.ਪ੍ਰਸੰਗ 'ਚ ਹੈ॥

Sri Satguru Jagjit Singh Ji eLibrary NamdhariElibrary@gmail.com

ਈਰਖਾਲੂ, ਸ਼ਰੀਕ, ਗੁਰੁ-ਗੋਪਕ, ਬੇਮੁਖ, ਮਨਮੁਖ ਸਿੱਖਾਂ ਦਾ ਵਰਣਨ ਚੌਥੇ ਸ਼੍ਰੀਜਗਦ ਗੁਰੂਜੀਨੇ ਸਪਸ਼ਟ ਕੀਤਾ ਹੈ ਜੋ ਉਨ੍ਹਾਂਦੇ ਸੰਖੇਪ ਰਾਜ ਕਾਲ 'ਚ ਸਨ॥ ਐਸੇ ਦ੍ਰੋਹੀ ਆਪਣੇ ਕੁ-ਧਰਮ, ਕੁ-ਸਿੱਧਾਂਤ, ਕੱਚੀ ਬਾਣੀ ਪ੍ਰਚਾਰ ਗੁਟਕੇ ਲਿਖਵਾ ਵਿਦ੍ਰੋਹ ਸ਼ੁਰੂ ਤੋਂ ਹੀ ਕਰਦੇ ਰਹੇ ਜਿਸ ਕਾਰਣ ਤੀਜੇ ਸ਼੍ਰੀਜਗਦਗੁਰੂ ਅਮਰਦਾਸ ਜੀ ਮੁਸਤਕਿਲ ਹੁਕਮ ਦਿਤਾ:-

ਹਰ ਸਾਲ ਬੈਸਾਖੀ ਤੇ ਦਿਵਾਲੀ ਦੇ ਧਰਮ ਮੇਲੇਆਂ ਉਤੇ ਸ਼੍ਰੀਗੁਰੂ ਦਰਬਾਰ 'ਚ ਸਾਰੇ ਮੰਜੀਦਾਰ,ਪੀੜ੍ਹੇਦਾਰ ਆਪਣੇ ਆਪਣੇ ਪ੍ਰਚਾਰ ਰਾਹੀ ਕੀਤੇ ਧਰਮ ਦੇ ਵਾਧੇ ਦਾ ਪਤਾ ਦੇਣ, ਫਲ ਪ੍ਰਾਪਤੀ ਦਸਣ; ਕਿ ਅੱਗੇਨੂੰ ਸ਼੍ਰੀ ਜਗਦਗੁਰੂਜੀ ਹੋਰ ਨਵੇਂ ਵਧਾਨ ਅਗਲੇ ਛੇ ਮਹੀਨੇਆਂ ਲਈ ਹੁਕਮ ਪ੍ਰਾਪਤ ਕਰਣ॥

ਹੁਕਮ ਅਨੁਸਾਰ ਬੈਸਾਖੀ ਸੰਗ੍ਰਾਂਦ ਦੇ ਧਰਮ ਮੇਲ ਗੋਵਿੰਦਵਾਲ ਇਕੱਠ 'ਚ ਸ਼੍ਰੀ ਜਗਦਗੁਰੂ ਅਮਰ ਦਾਸ ਜੀਦੀ ਅਨੰਦ ਬਾਣੀ ਵੰਡੇ ਗੁਟਕੇ ਰੀਤ ਅਨੁਸ਼ਾਰ ਮੰਜੀ, ਪੀੜ੍ਹੇ ਪਰਚਾਰਕਾਂ ਇਹ ਤੁਕਾਂ ਪੜ੍ਹੀਆਂ "ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ"[227] ਹੁਕਮ ਸੁਣ, ਪੜ੍ਹਨ ਸਾਰੇ ਮੰਜੀਦਾਰ, ਪੀੜ੍ਹੇਦਾਰ, ਪ੍ਰਚਾਰਕਾਂ ਤੀਜੇ ਸ਼੍ਰੀ ਸਤਿਗੁਰੂਜੀ ਨੂੰ ਬੇਨਤੀ ਕੀਤੀ:- ਹੇ ਸਤਿਗੁਰੂਜੀ! ਤਿਨ ਪੀੜ੍ਹੀਆਂ ਤੋਂ ਆਪਜੀਦੇ ਸ਼੍ਰੀ ਗੁਰੁਦ੍ਵਾਰੇ ਦਿੱਤੇ ਗੁਟਕੇਆਂ ਵਿੱਚ ਭਗਤ ਕਬੀਰ, ਨਾਮਦੇਵ, ਭਗਤਾਂ ਦਿਆਂ ਬਾਣੀਆਂ ਆਪਜੀ ਦੇ ਹੁਕਮ ਨਾਲ ਆਪ ਉਚਾਰੀ ਪੱਕੀ ਬਾਣੀ ਨਾਲ ਸਮਨ੍ਹੈ ਕਰ ੧ਓ ਸਿਧਾਂਤ ਮਿਲੇ ਪ੍ਰਚਾਰ ਕਰਦੇ ਰਹੇ ਹਾਂ ਜੀ ।ਅੱਗੇ ਲਈ ਸਾਡੇ ਸਾਰੇਆਂ ਲਈ ਕੀ ਹੁਕਮ ਹੈ ਜੀ?

ਅ. ਉਸੇ ਬੈਸਾਖੀ ਇਕੱਠ 'ਚ ਤਤਕਾਲ ਤੀਜੇ ਸ੍ਰੀ ਜਗਦਗੁਰੂ ਸਤਿਗੁਰੂ ਜੀ ਉੜ 'ਚ ਆਗਿਆ ਦਿਤੀ:- ਨਾਮਾ ਛੀਬਾ ਕਬੀਰੁ ਜੁਲਾਹਾ ਪੂਰੇ-ਗੁਰਤੇ ਗਤਿ ਪਾਈ॥ ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥ ਸੁਰਿ ਨਰ ਤਿਨਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥ 3 ॥[228]

2. ਉਸੇ ਸਭਾ ਅੰਤ 'ਚ ਇਸੇ ਕਾਰਣ ਦੋਨੋਂ ਪੱਕੇ--ਕੱਚੇ ਗੁਰੁ-ਸਿਖ ਧਰਮ ਗ੍ਰੰਥ ਪ੍ਰਮਾਣਿਤ ਟੀਕੇ ਇਸ ਸੰਗ੍ਰੈਹ 'ਚ ਆਪਣੇ ਥਾਵਾਂ ਤੇ ਆਮ੍ਹੋ ਸ੍ਹਾਮਣੇ ਰਖੇ; ਜਿਸ ਕਰਕੇ ਵਿਚਾਰਵਾਨ ਪਾਠਕਾਂ ਦੇ ਮਨਾਂ ਵਿੱਚ ਕੋਈ ਸੰਸ਼ੇ ਨਾਂ ਰਹਿਣ॥ ਮੁੱਖ ਪੱਕੇ ਸਿੱਧਾਂਤ ਇਤਿਹਾਸਿਕ ਪ੍ਰਮਾਣ ਲਿਖੇ ਹਨ, ਤੇ ਕੱਚੇ ਅ-ਸਿੱਧਾਂਤ ਇਤਿਹਾਸਿ ਵਾਰਤਾਵਾਂ ਯਥਾ ਤਥਾ ਵੀ ਦਿੱਤੇ ਹਨ॥

ਯਾਦ ਰਹੇ, ਐਥੇ ਪੱਕੇ ਸਿੱਧਾਂਤ ਇਤਿਹਾਸਿਕ ਗਲਾਂ ਬਾਵਜੂਦ, ਆਦਿ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀ ਧਰਮਰਾਜ ਕਾਲ ਵਿੱਚ ਭਾਰਤ ਪ੍ਰਸਿੱਧੀ ਹੋ ਚੁਕੀਸੀ ਜਿਸ ਕਾਰਣ ਬਹੁਤ ਸ਼ਰੀਕ ਸੰਤ ਮੰਡਲੀਆਂ ਵਿਰੋਧੀ ਪੈਦਾ ਹੋਏ ਅਤੇ ਸ਼੍ਰੀ ਜਗਦਗੁਰੂ ਅੰਗਦ ਦੇਵਜੀਦੇ ਸ਼੍ਰੀਗੁਰੂਰਾਜ ਕਾਲ ਦੇ ਕਾਫੀ ਪਿਛੋਂ ਤਕ ਜਾਰੀ ਰਹੇ॥ ਮਸਲਨ: ਸ਼੍ਰੀ ਆਦਿ ਗੁਰੂ ਨਾਨਕ ਦੇਵਜੀਦੇ ਬਾਲਪਨ ਸਚੇ ਸੌਦੇ

---

227. ਸ਼੍ਰੀ.ਗੁ.ਗ੍ਰੰਜੀ:੯੨੦:੬-੯. ਤੋ ਪੰ.੩੦੪:੧੫-੧੯ਗਉੜੀ ਵਾਰ ਮ:੪॥ ਪਉੜੀ ॥... ਸਤਿਗੁਰਕੀ ਬਾਣੀ ਸਤਿ ਸਰੂਪੁਹੈ ਗੁਰਬਾਣੀ ਬਣੀਐ ॥ ਸਤਿਗੁਰਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥ ਓਨਾ ਅੰਦਰਿ ਹੋਰੁ ਮੁਖਿ ਹੋਰੁਹੈ ਬਿਖੁ ਮਾਇਆਨੋ ਝਖਿ ਮਰਦੇ, ਕੜੀਐ ॥੯॥ ਆਦਿ॥

228. ਸ਼੍ਰੀ.ਗੁ.ਗ੍ਰੰਜੀ:੬੭:੧੩-੧੫; ਦੇਖੋ ਟਿੱਪਣੀ ੨੮੮ ।

Sri Satguru Jagjit Singh Ji eLibrary NamdhariElibrary@gmail.com

ਸਾਖੀ ਪ੍ਰਥਾਏ ਵਿਰਕਤ ਸੰਤ ਰੇਣ ਮੰਡਲੀ[229] ਸ਼ਰੀਕਾ ਕਰਦੀ ਰਹੀ॥ ਇਸੇ ਤਰ੍ਹਾਂ ਉੱਤਰ ਭਾਰਤੀ ਰਥਕ੍ਰਾਂਤ ਤਾਂਤ੍ਰਿਕ, ਸਿੱਧ-(12 ਪੰਥੀ) ਜੋਗੀ (10 ਨਾਮ) ਸੰਨਿਆਸੀ, ਰਾਮਾਨੁਜੀ ਬੈਸ਼ਨੋਂ (ਬੜ੍ਹਦੇ ਚਾਰ, ਪੰਜ ਬੈਰਾਗੀ ਸੰਪ੍ਰਦਾਇ) ਆਦਿ ਚੌਥੇ ਸ਼੍ਰੀ ਜਗਦਗੁਰੂ ਰਾਮ ਦਾਸਜੀਦੇ ਧਰਮ ਰਾਜ ਕਾਲ ਤਕ ਬਹੁਤ ਜ਼ੋਰ ਨਾਲ ਟਾਕਰੇ ਲੈਂਦੇ ਰਹੇ॥ ਪਹਿਲੇ ਤਿਨ ਸ਼੍ਰੀਗੁਰੂ ਰਾਜਾਂ ਦੇ ਅਰਸੇ 'ਚ ਤਿਨ ਹੰਕਾਰੀ ਤੇ ਮੁਸਲਮਾਨ ਸਰਵਰ ਸ਼ੇਖ ਪੈਰੋਕਾਰੀ ਨੇ ਬਾਹਲਾ ਦ੍ਵੈਸ਼ ਵੈਰ ਕਰਕੇ ਇਲਾਕਾ ਖਰਾਬ ਕੀਤਾ॥

ਸ਼੍ਰੀ ਤੀਜੇ ਸ਼੍ਰੀ ਜਗਦਗੁਰੂਜੀ ਦੇ ਬਿਰਧ ਅਵਸਥਾ ਵਿੱਚ ਉਨ੍ਹਾਂ ਦੇ ਮਸੰਦ ਹਿੰਦਾਲ ਪੁਤ੍ਰ ਬਿਧੀ ਚੰਦ(ਥਾਪਕ ਨਿਰੰਜਨੀ ਅਖਾੜਾ: ਜੰਡਿਆਲਾ/ਹਰਿਦ੍ਵਾਰ) ਬੇ-ਮੁਖ ਹੋਏ ਨੇ:ਦੂਜੇ ਸ਼੍ਰੀ ਜਗਦਗੁਰੂਜੀ ਦੀ ਮੂਲ ਜਨਮਸਾਖੀ ਭ੍ਰਸ਼ਟ ਕਰੀ, ਜਿਸਦਾ ਸੰਖੇਪ ਇਤਿਹਾਸ ਇਹ ਹੈ:- ਚੌਪਈ॥ ਤਿਹ ਸਾਕਤ ਐਸੀ ਉਰ ਧਾਰੀ। ਜਾਨ ਪਿਤਰ ਨਿਜ ਲਿਖਾ ਸੁਧਾਰੀ॥ ਗੁਰਕੇ ਸਿੱਖ ਹੋਹਿ ਅਧਿਕਾਈ। ਹਮਰੀ ਸੇਵ ਕਰਹਿੰ ਮਨ ਲਾਈ॥ ਹਮਕੋ ਮਾਨਹਿੰਗੇ ਬਹੁ ਮਾਨਵ। ਲਿਖੀ ਅਧਿਕਤਾ ਉਰ ਇਹ ਆਨਵ॥ ਪੂਰਬ ਪੋਥੀ ਹੁਤਿ ਜੁ ਸੋਈ। ਦਈ ਬਿਪਾਸਾ (ਬਿਆਸ) ਬੀਚ ਡਬੋਈ॥ ਪੰਨੇ ਛੇਦੇ ਦਏ ਬਹਾਈ। ਜੋ ਸ਼੍ਰੀ ਗੁਰ ਅੰਗਦ ਲਿਖਵਾਈ॥ ਤਿਹਕੋ ਤਾਤਪਰਜ ਸਭਿ ਚੀਨੇ। ਅਧਿਕ ਬਚਨ ਅਪਨੇ ਲਿਖਿ ਦੀਨੇ॥ ਦੋਹਰਾ॥ ਪੋਥੀ ਲਿਖੀ ਜੁ ਅਨਤ ਗਤਿ, ਸੁਨਿ ਸਰੋਤਾ ਮਨ ਲਾਇ। ਤਿਹਤੇ ਪੋਥੀ ਸਭਿ ਲਿਖੀ, ਸਾਕਤ ਜੌਨ ਬਨਾਇ ॥

ਚੌਪਾਈ ॥ ਜੇ ਸਾਕਤਕੀ ਕਹੀ ਕੁਸਾਖੀ। ਖੀਰ ਬੀਚ ਸੋ ਜਾਨਹੁ ਮਾਖੀ॥ ਕਾਢਹਿ ਮਾਖੀ ਦੁਖਹਿ ਜੋਊ। ਪੀਵਹਿ ਪਾਇ ਮਿਸ਼ਟ ਸਿਖ ਸੋਊ॥ ਦੇਖ ਬੂਝ ਮਾਖੀ ਜੋ ਖਾਵੇ। ਸ਼ਰਮ ਹੋਵੈ ਤਨ ਪੈ ਨ ਪਚਾਵੈ॥ ਕੀਰਤ ਨਿਰਮਲ ਜੋ ਉਰ ਧਾਰਹਿ। ਕਰੀ ਕੁਸਾਖੀ ਸੋ ਨਿਰਵਾਰਹਿ॥ ਸ਼੍ਰੀ ਨਾਨਕ ਇਤਿਹਾਸ ਪੁਨੀਤਾ। ਗ੍ਰੰਥ ਅਨੁਸਾਰ ਕਥੀਮੈ ਰੀਤਾ ॥67॥ ਪੁਨ ਗੁਰਦਾਸ ਭਯੋ ਜੋ ਭਾਈ। ਕਛੁਅਕ ਕੀਨਿ ਜਿ ਗੁਰੂ ਵਡਾਈ॥ ਸ਼੍ਰੀ ਅਰਜਨਕੀ ਰਹਿਤ ਹਜੂਰਾ। ਸਿੱਖੀ ਅਧਿਕ ਪ੍ਰੇਮ-ਬ੍ਰਤ ਪੂਰਾ॥ ਸੁਨਿ ਗੁਰੁ ਅਰਜਨ ਜਿਹਕੀ ਬਾਨੀ। ਬਰ ਦੀਨੋ ਅਸਬਿਧ ਗਤ ਦਾਨੀ॥ ਪਢਹਿ ਪ੍ਰੇਮ ਕਰਕੈ ਸਿਖ ਜੋਊ। ਸਿਖੀ ਕੋ ਪ੍ਰਾਪਤ ਹ੍ਵੈ ਸੋਊ॥ ਤਿਹ ਅਨੁਸਾਰ ਕਥੀ ਮੈ ਗਾਥਾ। ਤਿਹਕੀ ਸਾਖ ਸੁਨਹੁ ਹਿਤ ਸਾਥਾ॥ ਸ਼੍ਰੀ ਗੁਰੁ ਗੋਬਿੰਦ ਸਿੰਘ ਹਦੂਰੀ। ਮਨੀ ਸਿੰਘ ਭਯੋ ਗਤਿ ਰੂਰੀ॥ ਸਿਰਲੌ ਸਾਖੀ ਲੋ ਨਰਬਾਹੀ। ਤਿਹ ਅਨੁਸਾਰ ਕਥਾ ਮੈ ਪ੍ਰਾਹੀ॥ ਪ੍ਰਿਥਮੈ ਸੁਨਹੁ ਗ੍ਰੰਥਕੀ ਸਾਖੀ। ਹਿਰਦੈ ਮਹਿੰ ਸ਼ਰਧਾ ਦਿਢ ਰਾਖੀ॥ ੲ.230

ਦੂਜੇ ਸ਼੍ਰੀ ਜਗਦਗੁਰੂਜੀ ਦੇ ਧਰਮ ਰਾਜ 'ਚ ਇਕ ਤਪਾ ਸ਼ਰੀਕ ਹੋਇਆ ਅਤੇ ਤੀਜੇ ਸ਼੍ਰੀਜਗਦਗੁਰੂ ਧਰਮ ਰਾਜ 'ਚ ਹੋਰ ਕਈ ਬਣੇ॥ ਚੌਥੇ ਸ਼੍ਰੀਜਗਦਗੁਰੂ ਧਰਮ ਰਾਜ 'ਚ ਸਾਹਿਬਜ਼ਾਦਾ ਮੋਹਨ ਹੋਇ; ਤੇ ਪੰਜਵੇ, ਛੇਵੇਂ ਸ਼੍ਰੀ ਜਗਦਗੁਰੂ ਜੀਆਂ ਦੇ ਧਰਮੀ ਰਾਜਾਂ 'ਚ ਮੀਣਾ ਬਾਵਾ ਮਿਹਰਬਾਨ ਪੁਤ੍ਰ ਸਮੇਤ ਹਰਿਜੀ ਲਿਖੇ ਕੱਚੀ ਬਾਣੀ ਗ੍ਰੰਥ ਫੈਲਾਏ॥

229. ਸ਼੍ਰੀ ਗੁਰੂ ਗ੍ਰੰਥਜੀ:ਪੰਨਾ:੧੦੩੯:੧੯ ਮਾਰੂ ਸੋਲਹੇ ਮ:੧="ਨਾਨਕ ਰੇਣ ਸੰਤ ਜਨ ਸੰਗਤਿ ਹਰਿ ਗੁਰਪਰਸਾਦੀ ਪਾਇਆ ॥੫॥-॥੧॥੧੮॥" ਉਸ ਸੰਪ੍ਰਦਾਏ ਦੇ ਐਸੇ ਸ਼ਬਦਾਂ ਦੇ ਗਲਤ ਅਰਥ ਕਰ,ਆਪਣੇ ਮੋਢੀ ਸੰਕੇਤਿਤ ਕਰਦੇ ਹਨ -- ਪਰ ਓਹ ਤੁਕਾਂ ਸਾਰੇ ਸੱਚੇ ਸੰਤਾਂ ਨੂੰ ਸੰਬੋਧਤ ਹਨ ॥

230. ਸ਼੍ਰੀ ਨਾਨਾਕ ਪ੍ਰਕਾਸ਼: ਪੂਰਬਾਰਧ ਓ. ਅਧਜਾਯ ੩੭: ੨੬-੨੯। ਅ.ਅਧਜਾਯ ੩੭:੩੪-੩੫। ੲ.ਅਧਜਾਯ

Sri Satguru Jagjit Singh Ji eLibrary NamdhariElibrary@gmail.com

ਇਹ ਸਾਰੇ ਸ਼੍ਰੀ ਵਿਸ਼੍ਵਗੁਰੂ ਦਰਸ਼ਨ ਸਿਧਾਂਤ ਤੋਂ ਅਣਜਾਣ ਸਨ ਜਿਨ੍ਹਾਂ ਬਾਰੇ ਅਨੇਕ ਲਿਖਤ ਗਵਾਹੀਆਂ ਹਨ॥ ਉਨ੍ਹਾਂ ਭੁਲਾਵੇ ਪੌਣ ਦੇ ਬਹੁਤ ਜਤਨ ਕੀਤੇ ਪਰ ਅਸਲੀ ਲਿਖੇ ਮੂਲ ਗ੍ਰੰਥ ਲੋਪ ਨਹੀਂ ਕਰ ਸਕੇ ਜਿਨ੍ਹਾਂ ਸੰਬੰਧੀ ਚੌਥੇ ਸ਼੍ਰੀ ਜਗਦਗੁਰੂ ਰਾਮ ਦਾਸ ਜੀ ਪੱਕੀਬਾਣੀ ਬਹੁਤ ਸੰਕੇਤ ਹਨ ਪਾਠਕਾਂ ਨੂੰ ਸ਼੍ਰੀਗੁਰੁ ਸ਼ਬਦ ਦਮਦਮੀ ਟਕਸਾਲੀ ਗੁਰਗਮ ਪਰਥਾਏ ਅਨੁਸਾਰ ਇਤਿਹਾਸਿਕ ਗਵਾਹੀ ਠੀਕ ਅਰਥ ਜਾਣਨੇ ਜ਼ਰੂਰੀ ਹਨ॥

2. ਸ਼੍ਰੀ ਜਗਦਗੁਰੂ ਅੰਗਦ ਦੇਵਜੀ ਦਾ ਅਧਿਆਤਮ-ਰਾਜ ਜੋਗ ਧਰਮ ਕਾਲ ਭਾਈ ਗੁਰਦਾਸਜੀ ਦੀ ਕੁੰਜੀ ਬਾਣੀ ਗਵਾਹ ਹੈ: ਜਾਹਰ ਪੀਰੁ ਜਗਤੁਗੁਰੂ ਬਾਬਾ॥ ਅੰਗਹੁ ਅੰਗੁ ਉਪਾਇਓਨੁ ਗੰਗਹੁ ਜਾਨੁ ਤਰੰਗੁ ਉਠਾਇਆ॥ ਗਹਿਰ ਗੰਭੀਰੁ ਗਹੀਰੁ ਗੁਣੁ ਗੁਰਮੁਖਿ ਗੁਰੂ ਗੋਬਿੰਦੁ ਸਦਾਇਆ॥ ਦੁਖ ਸੁਖ ਦਾਤਾ ਦੇਣਿਹਾਰੁ ਦੁਖ ਸੁਖ ਸਮਸਰਿ ਲੇਪੁ ਨ ਲਾਇਆ॥ ਗੁਰਚੇਲਾ ਚੇਲਾਗੁਰੂ ਚੇਲੇ ਪਰਚਾ ਪਰਚਾਇਆ॥ ਬਿਰਖਹੁ ਫਲੁ ਫਲਤੇ ਬਿਰਖੁ ਪਿਉ ਪੁਤਹੁ ਪੁਤੁ ਪਿਉ ਪਤੀਆਇਆ॥ ਪਾਰਬ੍ਰਹਮੁ ਪੂਰਨੁਬ੍ਰਹਮੁ ਸਬਦੁ ਸੁਰਤਿ ਲਿਵ ਅਲਖ ਲਖਾਇਆ॥ ਬਾਬਾਣੇ ਗੁਰ ਅੰਗਦੁ ਆਇਆ॥ ਪਾਰਸੁ ਹੋਆ ਪਾਰਸਹੁ ਸਤਿਗੁਰ ਪਰਚੇ ਸਤਿਗੁਰੁ ਕਹਣਾ॥ ਚੰਦਨੁ ਹੋਇਆ ਚੰਦਨਹੁ ਗੁਰ ਉਪਦੇਸ ਰਹਤ ਵਿਚਿ ਰਹਣਾ॥ ਜੋਤਿ ਸਮਾਣੀ ਜੋਤਿ ਵਿਚਿ[47] ਗੁਰਮਤਿ ਸੁਖੁ ਦੁਰਮਤਿ ਦੁਖ ਦਹਣਾ॥ ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਸਮਹਣਾ॥ ਅਪਿਉ ਪੀਅਣ ਨਿਝਣੁ ਅਜਰੁ ਜਟਣੁ ਅਸੀਅਣੁ ਸਹਣਾ॥ ਸਚੁ ਸਮਾਣਾ ਸਚੁ ਵਿਚਿ ਗਾਡੀਰਾਹੁ(ਗੁਰਗਮ) ਸਾਧਸੰਗਿ ਵਹਣਾ॥ ਬਾਬਾਣੈ ਘਰਿ ਚਾਨਣੁ ਲਹਣਾ॥

ਬਾਵਾ ਮਿਹਰਬਾਨ ਸੋਢੀ ਨੇ ਲਿਖਿਆਹੈ:-ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਨੇ ਭਾਈ ਲਹਿਣਾਜੀ ਉਤ੍ਰਾਧਿਕਾਰੀ ਦੂਜੇ ਸ਼੍ਰੀਵਿਸ਼੍ਵਗੁਰੂ ਥਾਪੇ: ਤਬ ਗੁਰੁ ਬਾਬਾ ਨਾਨਕਜੀ ਗੁਰੁ ਅੰਗਦਕਉ ਸ਼ਬਦ ਕੀ ਥਾਪਨਾ ਦੇ ਕਰ ਸੰਮਤ 1515 ਅਸੂ ਵਦੀ ਦਸਮੀ ਕਉ ਆਪ ਸਚੇ ਖੰਡ ਸਿਧਾਰੇ॥ [ਅ. 231]

3. ਸ਼੍ਰੀ ਜਗਦਗੁਰੂ ਅਮਰ ਦਾਸ ਜੀ ਦਾ ਅਧਿਆਤਮ-ਰਾਜ ਜੋਗ ਧਰਮ ਕਾਲ ਦੂਜੇ ਸ਼੍ਰੀ ਜਗਦਗੁਰੂ ਅੰਗਦ ਦੇਵ ਜੀ ਸੰਬੰਧੀ ਹੋਰ ਮਹਾਨਤਾ ਕੀ ਕਹੀਏ- ਤੀਜੇ ਸ਼੍ਰੀਜਗਤਗੁਰੂ ਅਮਰ ਦਾਸ ਜੀ ਬਾਣੀ 'ਚ ਪ੍ਰਵੇਸ਼-ਅਵਤਾਰ ਕਿਹਾ ਹੈ: ਨਾਨਕ ਗੁਰਤੇ ਗੁਰੂ(ਅੰਗਦ) ਹੋਇਆ, ਵੇਖਹੁ ਤਿਸਕੀ ਰਜਾਇ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ

ਭਾਵਾਰਥ: ਜੋਤੀ ਜੋਤਿ ਸਮਾਇ ਦਾ ਪਰਿਭਾਸ਼ਿਕ ਅਰਥ ਅਵਤਾਰ ਹੈ॥ ਇਸੇ ਪਰਥਾਇ ਭਾਈ ਗੁਰਦਾਸਦੇ ਕੁੰਜੀ-ਬਾਣੀ ਪ੍ਰਮਾਣ ਹਨ:- ਲਹਿਣੇ ਪਾਈ ਨਾਨਕੋਂ ਦੇਣੀ ਅਮਰਦਾਸ ਘਰ ਆਈ॥ ਗੁਰ ਬੈਠਾ ਅਮਰ ਸਰੂਪਹੋ, ਗੁਰਮੁਖ ਪਾਈ ਦਾਤ ਇਲਾਹੀ॥ ਫੇਰ ਵਸਾਯਾ ਗੋਂਦਵਾਲ ਅਚਰਜ ਖੇਲ ਨ ਲਖਿਆ ਜਾਈ॥ ਦਾਤਿ ਜੋਤ ਖਸਮੈ ਵਡਿਆਈ॥ ਗੁਰੁ ਅੰਗਦੁ ਗੁਰੁ ਅੰਗੁਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ॥ ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ॥ ਹੀਰੈ ਹੀਰਾ ਬੇਧਿਆ ਛਲੁ ਕਰਿ ਅਛੁਲੀ ਅਛਲੁ ਛਲਿਆ॥ ਕੋਇ ਬੁਝਿ ਨ ਹੰਘਈ ਪਾਣੀ ਅੰਦਰਿ ਪਾਣੀ ਰਲਿਆ॥ ਸਚਾ ਸਚੁ ਸੁਹਾਵੜਾ ਸਚੁ ਅੰਦਰਿ ਸਚੁ ਸਚਹੁ ਢਲਿਆ॥ ਨਿਹਚਲੁ ਸਚਾ ਤਖਤੁਹੈ ਅਬਿਚਲ ਰਾਜ ਨ ਹਲੈ ਹਲਿਆ॥ ਸਚ ਸਬਦੁ ਗੁਰਿ ਸਉਪਿਆ ਸਚ

231. ਉ.ਭਾਈ ਗੁਰਦਾਸਜੀ ਵਾਰ:੨੪॥੪-੬॥ ਅ.ਗੋਸ਼ਟਿ ਸ਼੍ਰੀ ਮਿਹਰਵਾਨ ਜੀਕੀ ਭਾਗ ੨ ਪੁਤ ਹੋਰਿਜੀ ਸੋਢੀ.

Sri Satguru Jagjit Singh Ji eLibrary NamdhariElibrary@gmail.com

ਟਕਸਾਲਹੁ ਸਿਕਾ ਚਲਿਆ॥ ਸਿਧ ਨਾਥ ਅਵਤਾਰ ਸਭ ਹਥ ਜੋੜਿਕੈ ਹੋਏ ਖਲਿਆ॥ ਸਚਾ ਹੁਕਮੁ ਸੁ ਅਟਲੁ ਨ ਟਲਿਆ॥

ਸ਼੍ਰੀ ਜਗਦਗੁਰੂ ਅਮਰ ਦਾਸਜੀ ਬਸਾਇ ਗੋਵਿੰਦਵਾਲ'ਚ ਆਪਣੇ ਜੀਵਨ ਅੰਤ ਕੋਈ ਪਿਤਾ ਬਾਲ ਮ੍ਰਿਤੁ ਨਹੀਂ ਦੇਖਣ ਦਾ ਬਰ॥ ਜਮਕੋ ਠਾਕ ਦਿਯੋ ਤਿਸਕਾਲ। ਜੋ ਸਭ ਜੀਵਨ ਕਰਤੇ ਕਾਲ॥ ਗੋਵਿੰਦਵਾਲ ਬਿਖੇ ਨਹੀਂ ਆਵਹੁ। ਕਿਸਕੇ ਪ੍ਰਾਨ ਨਹੀਂਬਿਨਸਾਵਹੁ॥ ਦੋਇ-ਬੀਸ ਸੰਮਤਿ ਲੌ ਸਤਿਗੁਰ। ਲੈ ਗਾਦੀਕੋ ਬਸਤ ਭਏ ਪੁਰਿ॥ ਤਬਲੌ ਇਸਤ੍ਰੀ ਪੁਰਖ ਆਨੰਦੇ। ਕਿਸਕੇ ਨਹਿੰ ਜਮੁ ਪ੍ਰਾਨ ਨਿਕੰਦੇ॥ 30॥

ਓਥੇ ਇਕ ਬਹੁਤ ਅਚਰਜ ਗੱਲ ਹੋਈ; ਗੋਵਿੰਦਵਾਲ ਵਿੱਚ ਸ਼੍ਰੀ ਗੁਰੂਜੀ ਸਾਹਮਣੇ ਜਵਾਈ ਭਾਈ ਜੇਠਾ ਜੀ ਦੇ ਪੂਰੇ ਹੋਣ ਸਮਾ ਆਯਾ॥ ਇਕ ਦਿਨ ਮੱਜਨ ਕਰਿ ਗੁਰ ਥਿਰੇ। ਭਾਨੀ ਆਇ ਦਰਸਕੋ ਕਰੇ॥ ਪਿਖਿ ਤਨੁ ਜਾ ਪਰ ਪਰਮ-ਕ੍ਰਿਪਾਲ। ਸ਼੍ਰੀ ਮੁਖਤੇ ਬੋਲੇ ਤਿਸ ਕਾਲ॥ ਰਾਮਦਾਸ ਅਬਿ ਤਨ ਪਰਹਰੈ। ਕਹੁ ਪੁਤ੍ਰੀ ਕਜਾ ਤਬਿ ਤੂੰ ਕਰੈ॥ ਛਿੰਨ-ਭੰਗਰ ਸਭਿ ਅਹੈਂ ਸਰੀਰ। ਬਿਨਸਤਿ ਤੁਤ ਨ ਕਰੀਹੀਂ ਧੀਰ॥

ਸੁਨਿ ਸ਼੍ਰੀ ਸਤਿਗੁਰ ਬਾਕ ਬਖਾਨੇ। ਹੇ ਪੁਤ੍ਰੀ ਸੁਮਤਿ ਮਹਾਂਨੇ॥ ਤਨਕੋ ਰਾਖਿ, ਭਜੋ ਜਗਦੀਸ਼। ਅਬਿਮੈ ਕਰਿਹੌਂ ਤੁਮ ਬਖਸ਼ੀਸ਼॥ ਰਾਮਦਾਸ ਕੀ ਬਯ ਅਬਿ ਨਾਂਹੀ। ਪੂਰਨ ਅਵਧਿ ਆਜ ਦਿਨ ਮਾਂਹੀ॥ ਤਿਨ ਜੀਵਨਕੌਂ ਆਨਿ ਉਪਾਇ। ਨਹੀਂ ਹੋਤਿ ਨਿਸ਼ਚੈ ਇਮ ਲਜਾਇ॥

ਗੋਇੰਦਵਾਲ 'ਚ ਜਵਾਈ ਜੇਠੇ ਰਾਮਦਾਸ ਮ੍ਰਿਤੂ॥
ਸ਼੍ਰੀ ਗੁਰੂਜੀ ਜੀਵਨ ਦਾਨ ਦੇਕੇ ਸ਼੍ਰੀਗੁਰੂ ਟਿੱਕਣਾ॥

ਅਪਨ ਆਰਬਲਾ ਅਬਿ ਮੈਂ ਦੇਵੌਂ। ਹਿਤ ਪਰਲੋਕ ਗਮਨ ਸੁਭ ਮੇਵੌਂ॥ ਇਮਿ ਕਹਿ ਰਾਮਦਾਸ ਬੁਲਵਾਇਵ। ਨਿਕਟ ਬਿਠਾਇ ਭਲੇ ਸਮਝਾਇਵ॥ ਹੇ ਸੁਤ! ਤੇਰੀ ਅਵਧਿ ਬਿਤਾਈ। ਮੈ ਅਬਿ ਜਾਨ ਲੀਨਿ ਅਗਵਾਈ॥ ਇਕ ਸ਼ਤ ਸੰਮਤ ਆਠਰ+ਚਾਰੀ(112), ਆਰਬਲਾ ਹਮਰੇ ਤਨ ਸਾਰੀ॥ ਅਬ ਖਟ(6)ਬਰਖ ਇਕਾਦਸ਼(11) ਮਾਸ। ਦਜੋਸ ਅਸਟ-ਦਸ਼(18)ਸ਼ੇਸ਼ ਰਹਾਸਿ॥ ਸੋ ਅਪਨੀ ਹਮ ਤੁਮਕੋ ਦੀਨਸਿ। ਪ੍ਰੇਮ-ਭਗਤਿਮੈ ਲੀਨ ਪ੍ਰਬੀਨਸਿ॥ 13॥ ਤੋਹਿ ਮੋਹਿਮੈ ਭੇਦ ਨ ਰਹਜੋ। ਇਕ ਸਰੂਪਤਾ ਦੋਨਹੁੰ ਲਹਜੋ॥ ਜਲਕੋ ਭਰਜੋ ਹੋ ਘਟ ਜੈਸੇ। ਪਿਰੈ ਉਦਧਿ ਲਹਿੰ ਰਿਕਤਾ ਤੈਸੇ॥ [232] ਦ.232

ਸਿੱਖ ਸੇਵਕ ਬੱਲੂ ਨੂੰ ਟਿਕੇ ਦੀ ਸਾਮਗ੍ਰੀ ਲਿਆਣ ਦਾ ਹੁਕਮ ਦਿਤਾ। ਭਾਈ ਰਾਮਦਾਸ ਜੇਠਾ ਅਸਨਾਨ ਬਾਦ ਨਵੇਂ ਬਸਤ੍ਰ ਪਹਿਨ ਸੰਗਤ ਵਿੱਚ ਆ ਬੈਠੇ। ਓਥੇ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਚਲਾਈ ਰੀਤ ਅਨੁਸਾਰ ਬਾਬਾ ਬੁਢਾਜੀ ਨਾਲ ਆਰੰਭ: ਅਧਿਆਤਮ ਕਰਮ ਤਿਲਕ (ਟਿੱਕਾ) ਦਵਾ ਪਹਿਲੀ ਰੀਤ ਅਨੁਸਾਰ ਪੰਜ (1.ਨਾਲਜਰ, 2.ਪੰਜ ਪੈਸੇ, 3. ਨਵੀਂ ਪੱਗ, ਅਤੇ ਦੋ ਪੁਰਾਣੀ 4.ਮਾਲਾ ਤੇ 5.ਸ਼੍ਰੀਵਿਸ਼੍ਵ ਗੁਰੂ ਨਾਨਕ ਦੇਵ ਜੀਦੀ ਪੋਥੀ ਸਮਗ੍ਰੀ ਓਨ੍ਹਾਂ ਪੱਲੇ ਪਾਕੇ, ਸ਼੍ਰੀਜਗਦਗੁਰੂ ਥਾਪੇ॥ ਭਾਈ ਗੁਰਦਾਸ ਜੀ ਦੀ ਕੁੰਜੀ ਬਾਣੀ ਦਾ ਪ੍ਰਮਾਣ ਹੈ:-

ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ॥ ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ॥ ਖੋਲਿ ਖਜਾਨਾ ਸਬਦੁ ਦਾ ਸਾਧਸੰਗਤਿ ਸਚੁ ਮੇਲਿ

232. ਓ.ਸ਼੍ਰੀ ਗੁਰੁਪ੍ਰਤਪ ਸੂਰਜ ਪੋਥੀ ਪ:-ਅ.ਰਾਸ ੧. ਅੰਸ਼.੬੩:੨੯-੩੦. ਪੰਨਾ. ੧੬੦੨। ਏ.ਰਾਸ ੧. ਅੰਸ਼. ੬੭:੪-੫,੯-੧੦ ਪੰਨਾ. ੧੬੧੯/ ਅੰਸ਼ੁ. ੧੧-੧੪; ਪੰਨਾ ੧੬੨੦॥

Sri Satguru Jagjit Singh Ji eLibrary NamdhariElibrary@gmail.com

ਮਿਲਾਇਆ॥ ਗੁਰਚੇਲਾ ਪਰਵਾਣੁ ਕਰਿ ਚਾਰਿ ਵਰਨ ਲੈ ਪੈਰੀ ਪਾਇਆ॥ ਗੁਰਮੁਖਿ ਇਕੁ ਧਿਆਈਐ ਦੁਰਮਤਿ ਦੂਜਾ ਭਾਉ ਮਿਟਾਇਆ॥ ਕੁਲਾ ਗੁਰਸਿਖ ਸਭ, ਮਾਇਆ ਵਿਚਿ ਉਦਾਸੁ ਰਹਾਇਆ ਪੂਰੇ ਪੂਰਾਥਾਟੁ ਬਣਾਇਆ॥

ਬਾਵਾ ਮਿਹਰਬਾਨ ਸੋਢੀ ਨੇ ਲਿਖਿਆ; ਤੀਜੇ ਭਾਈ ਅਮਰ ਦਾਸ ਨੂੰ ਉੜ੍ਹਾਧਿਕਾਰੀ ਸ਼੍ਰੀ ਵਿਸ਼੍ਵਗੁਰੂ ਕਰਕੇ ਥਾਪਣਾ ਲਿਖਿਆ ਹੈ:-

ਤਬ ਗੁਰੁ ਅੰਗਦ ਜੀ ਕੀ ਪੀਛੇ ਬਾਈ (22) ਬਰਸ, ਪੰਜ(5) ਮਹੀਨੇ ਯਾਰਾਂ (11) ਦਿਨ ਗੁਰੂ ਅਮਰ ਦਾਸ ਸੰਸਾਰਕੇ ਵਿਖੇ ਭਗਤਿ ਕਮਾਈ ਅਤੇ ਸ਼ਬਦਕੀ ਥਾਪਨਾ ਗੁਰੁ ਰਾਮ ਦਾਸ ਜੀ ਕਉ ਦੇ ਕਰਿ ਆਪ ਸਚੇ ਖੰਡਕਉ ਸਿਧਾਰੇ। [ਅ.233]

4. ਸ਼੍ਰੀ ਜਗਦਗੁਰੂ ਰਾਮ ਦਾਸ ਜੀ ਦਾ ਅਧਿਆਤਮ-ਰਾਜ ਜੋਗ ਧਰਮ ਕਾਲ

ਸ਼੍ਰੀ ਵਿਸ਼੍ਵਗੁਰੂਤਾਦੇ ਪਰਥਾਏ ਸ਼੍ਰੀ ਭਾਈ ਗੁਰਦਾਸ ਕੁੰਜੀ-ਬਾਣੀਦੇ ਪ੍ਰਮਾਣ ਹਨ:-

ਦਿੱਚੇ ਪੂਰਬ ਦੇਵਣਾ ਜਿਸਦੀ ਵਸਤ ਤਿਸੈ ਘਰ ਆਵੈ॥ ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥ ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ॥ ਉਲਟਾ ਖੇਲ ਖਸੰਮਦਾ ਉਲਟੀ ਗੰਗ ਸਮੁੰਦ ਸਮਾਵੈ॥ ਦਿਤਾ ਲਈਏ ਆਪਣਾ ਅਣਦਿਤਾ ਕਛ ਹਥ ਨ ਆਵੈ॥ ਇਤਜਾਦਿ॥ [234] ਅਤੇ ਸ਼੍ਰੀ ਜਗਦਗੁਰੂ ਗ੍ਰੰਥ 'ਚ:-

ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ॥ ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥ ਜਾਣੈ ਬਿਰਥਾ ਜੀਅਕੀ ਜਾਣੀ ਹੂ ਜਾਣੁ॥ ਕਿਆ ਸਾਲਾਹੀ ਸਚੇਪਾਤਿਸਾਹ ਜਾ ਤੂ ਸੁਘੜੁ ਸੁਜਾਣੁ॥ ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ॥ ਨਾਨਕ ਹੰਦਾ ਛਤ੍ਰ ਸਿਰਿ ਉਮਤਿ ਹੈਰਾਣੁ॥ ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥ ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥ 6॥ ਧੰਨੁਧੰਨੁ ਰਾਮਦਾਸ-ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥ ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥ ਸਿਖੀ ਅਤੈ ਸੰਗਤੀ, ਪਾਰਬ੍ਰਹਮੁ ਕਰਿ ਨਮਸਕਾਰਿਆ॥ ਦਿੱਚੇ ਪੂਰਬ ਦੇਵਣਾ ਜਿਸਦੀ ਵਸਤ ਤਿਸੈ ਘਰ ਆਵੈ॥ ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥ ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ॥ ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ ਸਮਾਵੈ॥ ਦਿਤਾ ਲਈਏ ਆਪਣਾ ਅਣਦਿਤਾ ਕਛ ਹਥ ਨ ਆਵੈ॥

ਪਿਛੇ ਦੂਜੇ ਸ਼੍ਰੀਗੁਰ ਰਾਜ ਧਰਮ ਕਾਲ 'ਚ ਬੇਮੁਖ, ਸੰਤ ਰੇਣ, ਤਪੇ ਆਦਿ ਬਾ਼ਗੀ ਦੇਖ, ਤੀਜੇ ਸ਼੍ਰੀਗੁਰੂਜੀਦੇ ਬੜੇ ਸਾਹਿਬਜ਼ਾਦਾ ਮੋਹਨ ਚੰਦ ਨੇ ਓਸੇ ਤਰ੍ਹਾਂ ਚੌਥੀ ਸ਼੍ਰੀਜਗਦ ਗੁਰਤਾ ਪ੍ਰਦਾਨ

---

233. ੳ.ਭਾਈ ਗੁਰਦਾਸ ਵਾਰ:- ੨੪॥ ॥ ਅ.ਗੋਸ਼ਟਿ ਸ਼੍ਰੀ ਮਿਹਰਵਾਨ ਜੀਕੀ ਭਾਗ ੨, ਪੰਨਾ ੬,ਪੁਤ ਹਰਿਜੀ ਸੋਢੀ ਕ੍ਰਿਤ॥

234. ਭਾ:ਗੁਰਦਾਸ ਵਾਰ:੨੪॥੧॥ ਬਹੁਤ ਜ਼ਰੂਰੀ ਨੋਟ:-ਥਾਂ ਦੀ ਥੁੜ ਕਾਰਣ ਅਤਿ ਸੰਖੇਪ ਲਿਖਦੇ ਹਾਂ:- ੳ.ਅਟੁਟ ਗੁਰਗਮ ਰੀਤ ਅਨੁਸਾਰ:ਸ਼੍ਰੀ ਅੰਮ੍ਰਿਤਸਰ (ਰਾਮਦਾਸ ਸਰੋਵਰ) ਮਹਾਤਮ ਸਾਰੇ ਗੁਰੁਤੀਰਥਾਂ ਤੋ ਉੱਚਤਮ ਸ਼੍ਰੀ ਗੁਰੁਬਾਣੀ 'ਚ ਅਨੇਕ ਲੇਖ ਹਨ, ਕਾਰਣ ਕਿ:ਪਿਛਲੇ ਜੁਗ 'ਚ ਲਹੌਰ ਸੋਢੀ ਰਾਜਾ ਪਰਲੋਕ ਪੌਣ ਲਈਂ ਓਨ੍ਹਾਂ ਬਨਵਾਸ ਲੈ ਇਸੇ ਜੰਗਲ'ਚ ਰਿਖੀ ਬਾਲਮੀਕ ਰਾਮਸਰ ਆਸ਼੍ਰਮ ਪਹੁੰਚੇ ਜਿਥੇ ਛੱਪੜ ਅਮ੍ਰਿਤਸਰ: ਰਾਮਦਾਸ ਸਰ) ਸੀ।ਉਸਦੇ ਮੱਧ--ਜਿਥੇ ਹੁਣ ਹਰਿ ਦੀ ਪੌੜੀਹੈ, ਰੋਜ਼ ਖੜ ਤਪ-ਜਾਪ ਕਰਦੇ ਸਨ ਕਿ ਯੁਗਤ-ਜੋਗੇਸ਼੍ਵਰ ਬਣਨ॥ਓਸ ਤਪ ਤੇ ਬਰਦਾਨ ਦਾ ਫਲ ਪੂਰਾ ਹੋਇਆ, ਜਦ ਇਸ ਕਲਿਜੁਗ ਵਿੱਚ ਓਹੀ ਸੋਢੀ ਰਾਜੇ ਦੀ ਜੀਵਾਤਮਾ ਚੌਥੇ ਸ਼੍ਰੀ ਜਗਦਗੁਰੂ ਰਾਮ ਦਾਸ'ਸੋਢੀ' ਆਕੇ ਮੁੜ ਕੇਵਲ ਇਸ ਦੁਨੀਆਂ ਦਾ ਰਾਜ ਨਹੀਂ ਦੋਨੋਂ ਦੀਨ-ਦੁਨੀ ਦੇ ਬਾਦਸ਼ਾਹ ਬਣੇ ॥

Sri Satguru Jagjit Singh Ji eLibrary NamdhariElibrary@gmail.com

ਵੇਲੇ ਕਨਾਰੇਕਸੀ ਕੀਤੀ॥ ਉਸੇ ਕਾਰਣ ਤੀਜੇ ਸ਼੍ਰੀ ਸਤਿਗੁਰੁ ਜੀ ਨੇ ਭਾਈ ਬੁਢਾ ਜੀਤੋਂ ਟਿੱਕਾ ਕਰਾ,ਪੰਜੋ ਅਧਿਆਤਮ ਵਸਤੂਆਂ ਸ਼੍ਰੀਰਾਮਦਾਸ ਪ੍ਰਦਾਨਕਰ, ਛੋਟੇ ਸੁਪੁਤ੍ਰ ਸਾਹਿਬਜ਼ਾਦਾ ਮੋਹਰੀ ਜੀ ਮੂਹਰੇ ਕਰ, ਲੋਕਾਚਾਰ ਸ਼ੁਰੂ ਕਰਿਆ॥ [ਭ.235]

ਓਸੇ ਤਰ੍ਹਾਂ ਚੌਥੀ ਪੀੜ੍ਹੀ 'ਚ ਸ਼੍ਰੀਜਗਦਗੁਰੁਤਾ ਪਿਛਲੇ ਤ੍ਰੇਤਾਜੁਗ ਵਰਦਾਨ ਅਨੁਸਾਰ ਸ਼੍ਰੀ ਜਗਦਗੁਰੂ ਰਾਮ ਦਾਸ ਨੂੰ ਪ੍ਰਦਾਨ ਹੋਇਆ ਸੁਣਕੇ ਬੁਢੇ ਸੰਤ ਰੇਣ,ਤਪੇ,ਸਾਹਿਬਜ਼ਾਦਾ ਸ਼੍ਰੀਚੰਦਜੀ ਆਦਿਆਂ ਨੇ ਪੂਜਜ ਸ਼੍ਰੀਪਿਤਾ ਜਗਦਗੁਰੂ ਨਾਨਕ ਦੇਵ ਜੀ ਦੇ ਬਚਨ ਪੂਰੇ ਹੋਏ ਦੇਖ, ਤਸੱਲੀ ਕਰਨ ਲਈ ਆਪ ਮਿਲਣ ਅੰਮ੍ਰਿਤਸਰ ਆਏ, ਜਿਸ ਦਾ ਸੰਖੇਪ ਵਰਣਨ ਇਹ ਹੈ: ਇਕ ਦਿਨ ਸ਼੍ਰੀ ਚੰਦਜੀ ਮਨਮਹਿ ਕਰਤ ਬਿਚਾਰ। ਰਾਮਦਾਸ ਅਬਿ ਗੁਰਭਏ ਹਮਸੋਂ ਕੈਸੇ ਪਜਾਰ॥ ਚੌਪਈ॥ ਐਸੇ ਮਨਮਹਿ ਕਰਤਿ ਬਿਚਾਰੀ। ਚਲੇ ਗੁਦੜੀਏ ਕਰ ਅਸਵਾਰੀ॥ ਸੁਨਕੈ ਰਾਮਦਾਸ ਗੁਰਪੂਰੇ। ਤੂਰਨ ਚਲੇ, ਪ੍ਰੇਮ ਭਰਪੂਰੇ ॥ 74॥ ਹਾਥ-ਜੋਰਿ ਕਰਿ ਕਰੀ ਪ੍ਰਨਾਮੂ। ਆਨੇ ਘਰਮਹਿੰ ਬਿਨੈ ਬਖਾਨੂ॥ ਏਕਸੁ ਹਜ ਪੰਜ-ਸਤ ਰੁਪੱਯਾ। ਦੀਨਿ ਭੇਟ ਬਹੁ ਸੇਵ ਕਮੱਯਾ॥ 75॥ ਏਕਜਾਮ ਦਿਨ ਜਬੈ ਰਹਾਇਓ। ਆਇ ਰਬਾਬੀ ਕੀਰਤਨ ਗਾਇਓ॥ ਉਚ ਸਥਾਨ ਸ਼੍ਰੀਚੰਦ ਬਿਠਾਏ। ਆਪ ਨਿਮ੍ਰਿਕਰਿ ਤਰੇ ਤਕਾਏ॥ 76 ਸਿਰੀ ਚੰਦ ਬੋਲੇ ਤਤਕਾਲੂ। ਕਰਤ ਪਰਖਣਾ ਪ੍ਰੇਮ ਦਿਆਲੂ॥ ਇਤਨਾ ਦਾੜਾ ਕੇਸ ਬਧਾਯੋ। ਸੁਨਿਕੈ ਸਤਿਗੁਰ-ਭੇ ਨਿੰਮ੍ਰਾਯੋ॥ ਚਰਨ ਗਹੇ ਕਰਿ ਪ੍ਰੇਮਸੋਂ, ਪੂਛਹਿੰ ਬਾਰ ਬਾਰ। ਇਸਹੀ ਹੇਤੁ ਵਧਾਤਿ-ਭੇ, ਸੁਨੀਏ ਗੁਰ ਦਜਾਰ॥ ਦੇਖ ਨਿੰਮ੍ਰਿਤਾ ਗੁਰੂ ਕੀਨ, ਸ਼੍ਰੀ ਚੰਦ ਭਏ ਪ੍ਰਸੰਨ। ਅੰਗਦ ਲੀਨੀ ਸੇਵ ਕਰ ਤੁਮਰੋ ਪ੍ਰੇਮ ਅਨੰਨ॥ ਤੁਮਰੀ ਮਹਿਮਾ ਅਧਿਕਹੈ, ਸਹੀਏ ਕਾਹਿ ਬਨਾਇ। ਤੁਮਰੇ ਸਰਮੈ ਜੋ ਮਜਹਿ ਪਾਪੀ-ਭੀ ਗਤਿ ਪਾਇ॥ ਐਸੇ ਬਰ ਦੈ ਚਲਤਿ-ਭੇ, ਜਹਿੰ ਪੁਰਿ ਸ਼੍ਰੀ ਕਰਤਾਰ। ਅਪਨ ਥਾਨ ਸ਼੍ਰੀ ਪ੍ਰਭੁ ਆਏ, ਪਤਿਤ ਉਧਾਰਨ ਹਾਰ॥

ਗੁਰੁਗਮ ਨਾ ਸਿਖੇ ਪਰਚਾਰਕ ਬਾਬਾ ਸ਼੍ਰੀ ਚੰਦਜੀ ਦੀ ਗਲਤ ਕਥਾ ਦਸਦੇ ਹਨ:

ਪੰਚਮ ਸ਼੍ਰੀਜਗਦਗੁਰੂ ਜੀ ਓਨ੍ਹਾ ਕੋਲ ਰੋਗ ਦੂਰ ਕਰਾਣ ਗਏ ਪਰ, ਸਾਹਿਜ਼ਾਦਾ ਮੋਹਨ ਤਰ੍ਹਾ ਸੱਚ ਬਿਲਕੁਲ ਉਲਟ ਹੈ; ਗੁਰਗਮ ਟਕਸਾਲ ਅਨੁਸਾਰ ਇਸ ਤਰ੍ਹਾਂ ਹੈ:-

ਸਮੈ ਪਾਕੇ ਦੋਨੋਂ ਵਾਰਤਾਂ ਦਾ ਪਤਾ ਸ਼੍ਰੀਵਿਸ਼੍ਵਗੁਰੂ ਨਾਨਕ ਚੰਦ ਜੀਦੇ ਬੜੇ ਬਾਲਜਤੀ ਪੁਤ੍ਰ ਬਾਬਾ ਸ਼੍ਰੀ ਚੰਦ ਜੀ ਤਕ ਇਹ ਗੱਲ ਪਹੁੰਚੀ, ਸ਼੍ਰੀ ਜਗਦਗੁਰੂ ਅਰਜੁਨ ਦੇਵ ਜੀ ਸੰਪੂਰਣ ਸ਼੍ਰੀ ਵਿਸ਼੍ਵਗੁਰੂਜੀ ਦੀਆਂ ਬਾਣੀਆਂ ਲਿਖਵਾ ਰਹੇ ਹਨ, ਤ ਛਾਂਟੇ ਇਕਤ੍ਰ ਸਿਧਾਂਤੀ ਹਿੰਦੂ, ਮੁਸਲਮਾਨ, ਸਿੱਖ ਭਗਤ ਬਾਣੀਆਂ ਇਕਠੀ ਕਰ, ਪੁਰਾਣੇ ਯੁਗ ਸ਼ਾਸਤ੍ਰਾਂ ਤਰ੍ਹਾਂ ਸ਼ਾਸਤ੍ਰ ਬਣਾ,ਕਲਿਜੁਗ ਕਲਿਆਨ ਲਈਂ ਨਵਾਂ ਸ਼ਾਸਤ੍ਰ ਰਚ ਰਹੇ ਹਨ, ਜਿਸ ਬਾਰੇ ਸ਼੍ਰੀ ਵਿਸ਼੍ਵਗੁਰੂ ਗ੍ਰੰਥ ਦਾ ਇਹ ਪ੍ਰਮਾਣ ਦਰਜ ਹੈ:-

ਚਾਰੇਜਾਗੇ ਚਹੁਜੁਗੀ,ਪੰਚਾਇਣੁ ਆਪੇ ਹੋਆ॥ ਆਪੀਨੈ੍ ਆਪੁ ਸਾਜਿਓਨੁ,ਆਪੇ-ਹੀ ਥੰਮ੍ਹਿ ਖਲੋਆ॥ ਆਪੇ ਪਟੀ ਕਲਮ ਆਪਿ, ਆਪਿ ਲਿਖਣਹਾਰਾ ਹੋਆ ... ਤਖਤ ਬੈਠਾ ਅਰਜਨ ਗੁਰੁ ਸਤਿਗੁਰਕਾ ਖਿਵੈ ਚੰਦੋਆ॥ [ਅ.236]

---

235. ਸ਼੍ਰੀ ਗੁਰੁ ਗ੍ਰੰਥਜੀ'ਚ ਮੋਹਰੀ ਪੁਤ੍ਰ ਬਾਬਾ ਸੁੰਦਰਜੀਦੀ "ਸਦੁ": ਪੰਨੇ:੯੨੭-੯੨੮:੨ ਤੇ "... ਮੋਹਰੀ ਪੁਤ੍ਰ ਸਨਮੁਖ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥ ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥ ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ ...॥੬॥੧॥"

236. ਸ਼੍ਰੀਗੁਗ੍ਰੰਜੀ.ਓ.ਪੰ. ੨੪੮:੧੧- । ਅ.ਪੰ.੯੬੮:੧੫ ॥

Sri Satguru Jagjit Singh Ji eLibrary NamdhariElibrary@gmail.com

ਬਾਬਾ ਸ਼੍ਰੀ ਚੰਦ ਜੀ ਮਿਲਾਪ ਲਈ ਅੰਮ੍ਰਿਤਸਰ ਗੁਰੁ ਚੱਕ ਆਏ॥ ਉਸ ਵੇਲੇ ਲੋਕਾਂ 'ਚ ਸਰੀਰਕ ਮਹਾਮਾਰੀ, ਕੋੜ੍ਹ ਰੋਗ ਨਹੀਂ, ਪਲੇਗ ਲਾਗ ਰੋਗ ਫੈਲ ਰਿਹਾ ਸੀ। ਸੰਗਤ ਨੇ ਬਾਬਾ ਬੁਢਾਜੀ ਨੂੰ ਮੂਹਰੇ ਕਰ ਭਾਈ ਗੁਰਦਾਸਜੀ ਸਮੇਤ ਬੇਨਤੀ ਕੀਤੀ 'ਮਹਾਰਾਜ ਜੀ! ਦੁਨਿਆਂ ਰੋਗ ਤੋਂ ਤ੍ਰਾਹੀ ਤ੍ਰਾਹੀ ਕਰ ਉਠੀ ਹੈ, ਹੇ ਗੁਰਦੇਵ! ਬਚਾਓ!'। ਫਰਿਆਦ ਸੁਣ, ਸ੍ਰੀ ਜਗਦਗੁਰੁਜੀ ਬਚਨ ਉਚਾਰਿਆ- ਸਰਬ ਰੋਗ ਕਾ ਅਉਖਦੁ ਨਾਮੁ ਕਿਹਾ:-ਤਿਨੋਂ ਤਾਪ ਹਟਾਣ ਲਈ ਸੁਖਮਨੀ ਬਾਣੀ ਪ੍ਰਕਾਸ਼ ਰਹੇ ਹਾਂ॥ ਜਦ ਅਠਾਰਵੀ ਅਸਟਪਦੀ ਪੂਰੀ ਹੋਈ, ਤਾਂ ਬਾਬਾ ਸ਼੍ਰੀ ਚੰਦ ਜੀ ਆਏ॥ ਸ਼੍ਰੀ ਜਗਦਗੁਰੁ ਜੀ ਉਠਕੇ, ਆਪਣੇ ਪਿਤਾ ਜੀ ਦੀ ਰੀਤ ਤਰ੍ਹਾਂ ਨਜ਼ਰ, ਦੁਸ਼ਾਲਾ, ਘੋੜੀ ਪੇਸ਼ ਕਰ ਅਹੋਭਗਤਿ ਕਰ, ਜਲ, ਫਲ, ਭੋਜ ਅਰਪੇ॥ ਸਿਸ਼ਟਾਚਾਰ ਪਿਛੋਂ ਬਾਬਾਜੀ ਨੇ ਪੰਚਮ ਸ਼੍ਰੀ ਜਗਤਗੁਰੂ ਜੀ ਨੂੰ ਪੁਛਿਆ- ਏਸ ਤਲਾਓ (ਰਾਮ ਸਰ) ਕੰਢੇ ਕੀ ਕਰਦੇ ਹੋ? ਸ਼੍ਰੀ ਜਗਦਗੁਰੂਜੀ ਉਤ੍ਰ ਦਿਤਾ; 'ਬਾਬਾ ਜੀ! ਬਾਣੀ ਪ੍ਰਕਾਸ਼ੀ ਹੈ, ਆਪ ਦੇਖੋ!' ਬਾਬਾ ਸ਼੍ਰੀ ਚੰਦ ਅਠਾਰਾਂ (18) ਅਸਟਪਦੀਆਂ ਦੇਖੀਆਂ ਸੁਣੀਆਂ ॥

ਪ੍ਰਸੰਨ ਹੋਕੇ ਬਾਬਾ ਸ਼੍ਰੀ ਚੰਦਜੀ ਕਿਹਾ: ਦਿਨ-ਰਾਤ ਮਨੁਖ 24,000 ਸਾਸ ਲੈਂਦੇ ਹਨ(ਸਾਸ ਸਾਸ ਸਿਮਰੋ ਗੋਬਿੰਦ) ਚੰਗਾ ਹੋਵੇ ਇਕ ਹਜ਼ਾਰ 1,000 ਸਾਹ ਲਈ ਇੱਕ ਇੱਕ ਅਸਟਪਦੀ ਹੁੰਦੀ॥ ਸ੍ਰੀ ਜਗਦਗੁਰੂ ਅਰਜੁਨ ਦੇਵਜੀ ਉੱਤ੍ਰ ਦਿੱਤਾ- ਬਾਬਾਜੀ! ਇਸ ਵੇਲ ਸਾਡੀ ਉਪਜ(ਊਹਾਂ) ਬੰਦ ਹੈ; ਆਪਜੀ ਹੀ ਸ਼ਬਦ ਉਚਾਰੋ॥ ਉਸ ਵੇਲੇ ਤਕ ਬਾਬਾ ਸ਼੍ਰੀ ਚੰਦ ਜੀ ਵੀ ਆਪਣੇ ਟੀਕੇ, ਬਾਣੀ ਰਚ ਰਹੇ ਸਨ॥ ਦੂਰ ਦੀ ਸੋਚਕੇ ਬਹੁਤ ਨਿੰਮ੍ਰ ਹੋਕੇ ਬਾਬਾ ਜੀ ਕਿਹਾ: ਅਸੀ ਸਾਰੇ ਕੱਚੀ ਬਾਣੀ ਰਚਨਹਾਰ ਹਾਂ: ਬਾਣੀ ਅਧਿਕਾਰ ਨਹੀਂ, ਅਧਿਕਾਰ ਕੇਵਲ ਟਿੱਕੇ ਸ਼੍ਰੀਵਿਸ਼੍ਵਗੁਰੂਆਂ ਨੂੰ ਹੈ॥ ਤੁਸੀਂ ਹੋਰ ਛੇ ਅਸਟਪਦੀਆਂ ਰਚੋ॥

ਸ੍ਰੀ ਜਗਦਗੁਰੂ ਅਰਜੁਨ ਦੇਵਜੀ ਨਿਮ੍ਰ ਹੋ ਫੇਰ ਬੇਨਤੀ ਕੀਤੀ: ਬਾਬਾਜੀ ਕੁਛ ਤਾਂ ਸਬਦ ਕਹੋ। ਬਾਬਾਜੀ ਨੇ ਫੇਰ ਓਹੀ ਉਤ੍ਰ ਦਿਤਾ॥ ਅੰਤ, ਤੀਜੀ ਵਾਰ ਸ੍ਰੀ ਵਿਸ਼੍ਵਗੁਰੂ ਅਰਜੁਨ ਦੇਵਜੀ ਬਲ ਨਾਲ, ਪਰ ਅਤਿ ਵਿਨਿਮ੍ਰ ਬੇਨਤੀ ਕਰੀ- "ਬਾਬਾਜੀ ਕੋਈ ਤਾਂ ਸਬਦ ਕਹੋ, ਜਿਸ ਕਰਕੇ ੧ਓ ਤੋਂ ਉਪਜ ਵਿਗਾਸੇ॥ ਐਸੀ ਬੇਨਤੀ ਤੇ ਬਾਬਾਜੀ ਦੇਖਿਆ ਓਨ੍ਹਾਂ ਦੀ ਪਰੀਖਿਆ ਦਾ ਵੇਲਾ ਹੈ(ਓਨ੍ਹਾਂ ਟੀਕੇ ਆਦਿ ਕੱਚੀ ਬਾਣੀ ਰਚੀ ਹੈ)॥

ਬੇ-ਵਸ ਹੋਏ; ਮੰਨਕੇ, ਕਿਤੇ ਹੋਰ ਕਚੀ ਬਾਣੀ ਅਨਅਧਿਕਾਰ ਪ੍ਰਵ੍ਰਿਤ ਨਾ ਕਰਾਂ-ਉਤ੍ਰ 'ਚ ਬਿਨਾ ਮਾਨ(ਆਪਣੇ ਸ਼੍ਰੀਪੂਜਯ ਪਿਤਾਜੀ ਉਪਦੇਸ਼ੇ ਅਕਾਲਪੁਰਖ ਪ੍ਰਦਾਨ ਸ਼੍ਰੀ ਗੁਰਦਰਸ਼ਨ/ਜਪੁ ਨੀਸਾਣ ਬਾਣੀ ਦਾ ਸਰੂਪ-ਲੱਖਣ ਮੰਗਲਾਚਰਣ) ਬੋਲੇ:-

ਸਲੋਕੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥

ਸ਼ਲੋਕ ਉਚਾਰਣ ਵਿੱਚ ਬਾਬਾ ਸ਼੍ਰੀ ਚੰਦਜੀਨੇ ਆਪਨਾ ਅਧਿਕਾਰ ਮਨਸੂਖ ਮੰਨਿਆ॥ ਸਾਰੀ ਇਜ਼ਤ ਸ਼੍ਰੀਗੁਰੂ ਬਾਣੀਦੀ ਰਖ: ਆਦਿ ਮੰਗਲ ਉਚਾਰਣ ਪਰੀਖਿਆ 'ਚ ਪੂਰੇ ਉਤਰੇ, ਜਿਸ ਕਰਕੇ "ਭੀ" ਦੀ ਦੋ ਵਾਰ 'ਰ੍ਰਸ੍ਵ ਸਿਜ਼ਾਰੀ (ਿ) ਮਾਤ੍ਰਾ "ਭਿ" ਜਾਣਕੇ ਵਿਨਮ੍ਰ ਭਵਨਾ'ਚ ਉਚਾਰੀ॥ ਸ਼੍ਰੀ ਗੁਰਦਰਸ਼ਨ ਜਪੁ ਨੀਸਾਣੁ ਚ ਤਾਂ ਦੀਰਘ ਈਕਾਰ (ੀ) ਬਿਹਾਰੀ ਦੀ ਮਾਤ੍ਰਾ ਦੋਨੋਂ ਵਾਰ ਹੈ: ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

Sri Satguru Jagjit Singh Ji eLibrary NamdhariElibrary@gmail.com

ਉਚਾਰਣ/ਲਿਖਤ ਦਾ ਪ੍ਰਤੱਖ ਵਿਨਿਮ੍ਰ ਭਾਵਨਾ ਦਾ ਪ੍ਰਗਟ ਫਰਕ ਹੈ, ਬੇਸ਼ਕ ਦੋਨੋ ਪਦਾਂ ਦਾ ਅਧਿਆਤਮਕ ਅਰਥ ਨਿਸਚਿਤ ਹੀ ਇਕੋ ਸਿੱਧਾਂਤ ਹੈ॥ ਅੰਤ'ਚ ਸ਼੍ਰੀਵਿਸ਼੍ਵਗੁਰੂ ਅਰਜੁਨ ਦੇਵ ਜੀ ੧ੴ ਦੇ ਵਾਪਸ ਆਵੇਸ਼ ਉਤੇ ਛੇ ਅਸਟਪਦੀਆਂ ਬਾਬਾ ਸ਼੍ਰੀ ਚੰਦ ਜੀ ਦੇ ਕਹੇ ਹੋਰ ਬਾਣੀ ਮਾਨ ਰਖਣ ਲਈ ਚੌਬੀਸ ਪੂਰੀਆਂ ਕੀਤੀਆਂ॥ ਐਥੇ ਪਿੱਛੇ ਹੋਈ ਸਾਖੀ ਪ੍ਰਥਾਇ ਦੱਸਣਾ ਜ਼ਰੂਰੀ ਬਣਦਾ ਹੈ:-

ਜਦ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਭਾ. ਲਹਿਣੇ ਨੂੰ ਤਿਲਕ ਕਰਾ ਗਦੀ ਦਿੱਤੀ; ਉਸ ਵੇਲੇ (ਬਾਬਾ) ਸ਼੍ਰੀ ਚੰਦ,ਤੇ ਲਖਮੀ ਦਾਸ ਸੰਗਤ ਬਾਹਰ ਨਿਕਲਦੇ ਭਾ.ਲਹਿਣੇ ਨੂੰ ਕੋਸ(ਸ਼ਾਪ) ਦੇ ਗਏ,ਜਿਸ ਕਰਕੇ ਪਿਛੋਂ ਓਨ੍ਹਾਂ ਦੇ ਪੈਰ ਦਾ ਅੰਗੂਠਾ ਰਸਨ ਲਗ ਪਿਆ॥ ਜਦ ਦੂਜੀ ਪੀੜ੍ਹੀ ਵਿੱਚ ਭਗਤ ਭਾਈ ਅਮਰ ਦਾਸ ਬਿਨਾ ਗੁਰੁ ਬਣੇ, ਤੇ ਦੂਜੇ ਸ਼੍ਰੀ ਗੁਰੁਜੀ ਦੇ ਪੈਰਦਾ ਅੰਗੂਠਾ ਚੂਸਕੇ ਰਾਜੀ ਕਰ ਦਿਤਾ,ਤਾਂ ਸ਼੍ਰੀਜਗਦਗੁਰੂਜੀ ਕਿਹਾ : ਠੀਕ ਨਹੀਂ ਕੀਤਾ॥ ਅਜੇ ਵੇਲਾ ਨਹੀਂ ਆਯਾ॥ ਇਹੀ ਰੋਗ ਪੰਜਵੀਂ ਗੁਰੁ ਪੀੜੀ ਤਕ ਬਾਬਾ ਸ਼੍ਰੀ ਚੰਦ ਦੇ ਹੰਕਾਰ ਭੰਗ ਤਕ ਰਿਹਾ॥ ਜਦ ਕਿ ਹੁਣ ਬਾਬਾ ਸ਼੍ਰੀ ਚੰਦ ਅਤੀ ਵਿਨਿਮ੍ਰ ਨਿਰਹੰਕਾਰ ਹੋ ਫੇਰ ਖਿਮਾ ਮੰਗੀ, ਸ਼੍ਰੀ ਜਗਦਗੁਰੂ ਜੀ ਸੁਖਮਨੀ ਬਾਣੀ ਪੂਰੇ ਹੁੰਦੇ ਹੀ ਪੈਰ ਦਾ ਅੰਗੂਠਾ ਨਿਰੋਗ ਹੋਇਆ॥ ਸੰਗਤ ਬਾਣੀ ਪ੍ਰਭਾਵ ਦੇਖ ਮੰਨੀ, ਮਹਾਮਾਰੀ ਬੰਦ ਹੋਵੇਗੀ ਤੇ ਅੱਗੇ ਸਿੱਖਾਂ ਨੂੰ ਨਿਰੋਗ ਹੋਣ ਦਾ ਰਾਹ ਮਿਲਿਆ॥ (ਪੰ.196 ਦੇਖੋ 6 ਸ਼੍ਰੀ ਜਗਦਗੁਰੂ)

ਪੰਚਮ ਸ਼੍ਰੀਜਗਦਗੁਰੂਜੀਦੀ ਪੋਥੀ ਬੀੜ ਕਰਤਾਰਪੁਰ ਪ੍ਰਥਾਇ

ਪੰਚਮ ਸ਼੍ਰੀ ਜਗਦਗੁਰੂ ਅਰਜੁਨ ਦੇਵਜੀ ਦੀ ਪੋਥੀ ਬੀੜ ਕਰਤਾਰਪੁਰ ਸਾਹਿਬ, ਜਲੰਧਰ ਬਾਰੇ ਨੌਵੇਂ, ਦਸਵੇਂ ਸ਼੍ਰੀ ਜਗਦਗੁਰੂ ਜੀਆਂ ਦੇ ਇਤਿਹਾਸਿਕ ਕਾਫੀ ਗਲਤ ਫਹਿਮੀਆਂ ਹੁਣੇ ਵੀ ਜਾਰੀ ਹਨ, ਜੋ ਸੰਖੇਪ ਵਰਣਨ ਲਿਖੇ ਹਨ॥

ਨੋਟ:-ਇਹ ਲਿਖਨਾ ਜ਼ਰੂਰੀ ਹੈ: ਪੰਚਮ ਸ਼੍ਰੀ ਗੁਰੂ ਅਰਜੁਨ ਦੇਵਜੀ ਕਰਤਾਰਪੁਰੀ ਬੀੜਦੇ ਦਰਸ਼ਨ ਕਿਨ੍ਹਾਂ ਪਟਿਆਲਾ ਮਹਾਰਾਜਾ ਤੇ ਪਰਵਾਰ ਦੇਆਂ ਕੀਤੇ, ਲਿਖਨੇ ਅਨਵਾਰਜ ਹੈ:-

1. ਮਹਾਰਾਜਾ ਕਰਮ ਸਿੰਘ ਸੰਨ(1798-1813-45);
2. ਮਹਾਰਾਜਾ ਨਰੇਂਦ੍ਰ ਸਿੰਘ ਸੰਨ (1823-45-62);
3. ਮਹਾਰਾਜਾ ਮਹੇਂਦ੍ਰ ਸਿੰਘ ਸੰਨ(1852- 62 -76);
4. ਮਹਾਰਾਜਾ ਰਾਜੇਂਦ੍ਰ ਸਿੰਘ ਸੰਨ(1871-76-1900);
5. ਮਹਾਰਾਜਾ ਭੁਪੇਂਦ੍ਰ ਸਿੰਘ ਸੰਨ(1891-1901-38);
6. ਮਹਾਰਾਜਾ ਯਾਦਵੇਂਦ੍ਰ ਸਿੰਘ ਸੰਨ(1913-38-48/74);
7. ਰਾਜਾ ਮ੍ਰਿਗੇਂਦ੍ਰ ਸਿੰਘ ਸੰਨ(1928)

ਇਨ੍ਹਾਂ ਦੀ ਅਤੇ ਮਾਂਗਟ ਬੀੜ ਦੀਆਂ ਨਕਲਾਂ ਲਿਖ੍ਵਾ ਕੇ ਹਾਥੀ ਉਤੇ ਫੌਜ ਸਮੇਤ ਸ਼ਾਹੀ ਮਾਨ ਨਾਲ ਪਟਿਆਲੇ ਲਿਆਏ॥

ਸ਼੍ਰੀ ਕਰਤਾਰਪੁਰ ਸਾਹਿਬ ਬੀੜ, ਜਲੰਧਰੀ ਦੀ ਕੁਛ ਅਲੋਚਨਾ ਪੜ੍ਹੋ:-

1, 2/1 ਖਾਲੀ, 2/2 ਦੋ ਕੋਲਮ 2/2 ਪਹਿਲੇ ਖਾਨਾ =ਸੂਚੀ ਪਤ੍ਰ ਪੋਥੀਕਾ ਤਤਕਰਾ

ਬਾਕੀ ਦਾ(ਦੋਨੋਂ ਕਾਲਮ ਸਿਆਹੀ ਹੋਰ ਹਨ):

Sri Satguru Jagjit Singh Ji eLibrary NamdhariElibrary@gmail.com

41 ਜੋਤੀ ਜੋਤਿ ਸਮਾਵਣੇਕਾ ਚਲਿਤ੍ਰ ਸੰਮਤ 1661 ਮਿਤੀ ਭਾਦਉ ਵਦੀ ਏਕਮ 1 ਪੋਥੀ ਲਿਖੀ ਪਹੁਚੇ॥

45 ਨੀਸਾਣੁ ਗੁਰੂਜੀਉ ਕੇ ਦਸਖਤ ਮ:5

46 ਜਪੁ ਗੁਰੂ ਰਾਮ ਦਾਸ ਜੀਉ ਕਿਆ ਦਸਤਖਤਾ ਕਾ ਨਕਲ

50 ਸੋ ਦਰ ਪੰਚ ਸਬਦ (ਸੋ ਪੁਰਖੁ ਰਾਗ ਆਸਾਦੇ ਦੂਜੇ ਸਬਦ ਨਾਲ ਜੀਉ ਪੌੜੀ ਨਾਲੋਂ ਫਰਕਹੈ, ਚਾਰ ਸ਼ਬਦ ਨਹੀ ਹਨ)

52 ਸੋਹਿਲਾ ਆਰਤੀ ਪੰਚ ਸ਼ਬਦ

53 ਰਾਗ ਸਿਰੀ ਰਾਗ ...126. ਮਾਝ..., 162.ਗਉੜੀ... 281,381, 412, 423, 435, 461, 499, 420, 428,533, 534, ਆਸਾ...

540. ਨੀਸਾਣੁ ਸ਼੍ਰੀ ਗੁਰੂਜੀਉਕੇ ਦਸਖਤ ਮਹਲਾ 6

541. ਸੂਹੀ, 593, 654, 665, 736. 742.

745. ਮਾਰੂ ੧ਓ ਸੇਤਿ...ਗੁਰਪ੍ਰਸਾਦਿ

811. ਤੁਖਾਰੀ. 816. 824, 843 ਬਸੰਤ ਹਿੰਡੋਲ. 859. 886. 904. 917. 921. ਬਿਭਾਸ ਪ੍ਰਭਾਤੀ, ਜੈਜੈਵੰਤੀ ਨਹੀਂ ਹੈ॥

934. ਸਲੋਕ ਸਹਸਕ੍ਰਿਤੀ. 937. ਗਾਥਾ. 938. ਫੁਨਹੇ. 940. ਸ਼ਲੋਕ ਕਬੀਰ ਜੀਉਕੇ.

945. ਸ਼ਲੋਕ ਸੇਖ ਫਰੀਦ ਕੇ

947 ਸਵਯੇ ਸ਼੍ਰੀਮੁਖ ਬਾਕ.

949. ਸਵਯੇ ਕਲ ਤਥਾ ਹੋਰਨਾ ਕੇ

966. ਸਲੋਕ ਵਾਰਾਂਤੋ ਵਧੀਕ

974. ਰਾਗ ਮਾਲਾ ਤਥਾ ਸਿੰਘਲ ਦੀਪ ਕੀ ਸਿਵ ਨਾਭ ਰਾਜੇ ਕੀ ਬਿਧਿ, ਐਥੇ ਤਕ ਦਸਤਖਤ, ਕਲਮ ਅਤੇ ਸਿਆਹੀ ਇਕੋ ਹੈ॥ ਹੋਰ ਕਲਮ ਤੇ ਸਿਆਹੀ ਨਾਲ ਅੱਗੇ ਲਿਖਿਆਹੈ:-

ਥਤਕਰਾ ਤਤਕਰੇਆਂ ਦੇ:-

3. ਸਿਰੀਰਾਗ ਤਥਾ ਮਾਝ ਤਥਾ ਗਉੜੀ, 6.ਆਸਾ ਤਥਾ ਗੂਜਰੀ ਦੇਵਗੰਧਾਰੀ

9. ਬਿਹਾਗੜਾ ਵਡਹੰਸ ਸੋਰਠ, 10.ਧਨਾਸਰੀ ਜੈਤਸਰੀ ਟੋਡੀ ਬੈਰਾੜੀ ਤਿਲੰਗ

12. ਸੂਹੀ ਬਿਲਾਵਲੁ ਗੌਂਡ ਰਾਮਕਲੀ, 15.ਨਟ ਮਾਲੀਗਉੜਾ, ਮਾਰੂ, ਤੁਖਾਰੀ,ਕੇਦਾਰਾ

17. ਭੈਰਉ ਬਸੰਤ ਸਾਰੰਗ ਮਲਾਰ ਕਾਨੜਾ, 20.ਕਲਿਆਣ ਤਥਾ ਬਿਭਾਸ ਪ੍ਰਬਾਤੀ

23. (ਬਸੰਤ ਕੀ ਵਾਰ (ਇਕਲਾ ਇਸ ਪੜ੍ਹੇ ਉਤੇ ਹੈ)

24. (ਮਲਾਰ ਮਹਲਾ 5 ਸਬਦ 18 ਦਾ ਪ੍ਰਤੀਕ "ਪ੍ਰਭਕੋ ਭਗਤ-ਬਛਲ"ਤਤਕਰੇ ਵਿਚ ਨਹੀਂ,ਇਹ ਪੜ੍ਹੇ ਦਾ ਅੰਤਲਾ ਸਬਦਹੈ)

25. (ਕਾਨੜਾ ਮਹਲਾ 5 ਸਬਦ 43 ਮਗਰੋਂ : "ਤਾਤੇ ਜਾਪਿ ਮਨ ਹਰਿ-ਜਾਪ" ਦੀ ਤਤਕਰੇ ਵਿਚ ਪ੍ਰਤੀਕ ਨਹੀਂ ਹੈ)

Sri Satguru Jagjit Singh Ji eLibrary NamdhariElibrary@gmail.com

ਤਤਕਰਾ ਸਬਦਾ ਕਾ ਸਿਰੀ ਰਾਗ ਚਉਪਦੇ ਮਹਲਾ 1 ਪਤਿ 53

1. ਮੋਤੀ-ਤ ਮੰਦਰ ਊਸਰਹਿ...2. ਕੋਟੀ ਕੋਟਿ ਮੇਰੀ ਆਰਜਾ...ਆਦਿ॥

ਸ਼੍ਰੀ ਜਗਦਗੁਰੂ ਹਰਿਗੋਬਿੰਦਜੀ ਦਾ ਅਧਿਆਤਮ ਪੀਰੀ-ਮੀਰੀ ਰਾਜ ਧਰਮ ਵਿਵਸਥਾ

ਪੰਜਵੇਂ ਸ਼੍ਰੀ ਗੁਰੂ ਰਾਜਜੋਗ-ਧਰਮ ਪਿੱਛੋਂ ਬਾਬਾ ਸ਼੍ਰੀ ਚੰਦਜੀ ਛੇਵੇਂ ਸ਼੍ਰੀ ਗੁਰੂਜੀ ਨਾਲ ਕਈ ਵਾਰ ਮਿਲਨ ਵਿੱਚੋਂ ਅਖੀਰਲੀ ਉਮਰ ਵਿੱਚ ਤਿਨ ਮਹਾਨ ਪਰਮਾਰਥੀ ਵਾਕ ਹੋਇ ਜਿਨ੍ਹਾਂ ਦੀਆਂ ਸੰਖੇਪ ਸਾਖੀਆਂਦੇ ਵੇਰਵੇ ਇਸ ਤਰ੍ਹਾਂ ਹਨ:-

2. ਚੌਥੇ ਸ਼੍ਰੀ ਗੁਰੂ ਰਾਮ ਦਾਸ ਜੀ ਨੂੰ ਸ਼੍ਰੀ ਤ੍ਰੀ-ਜਗਤ ਗੁਰੂ ਪ੍ਰਾਪਤਿ ਪਿੱਛੋਂ ਅਸੀਂ ਦੇਖ ਚੁਕੇਹਾਂ:-ਬਾਬਾ ਸ਼੍ਰੀ ਚੰਦਜੀ ਚੌਥੇ ਤੇ ਪੰਚਮ ਸ਼੍ਰੀ ਗੁਰੂਜੀਆਂ ਨੂੰ ਕਈ ਵਾਰ ਮਿਲੇ ਸਨ॥ ਹਰੇਕ ਵਾਰ ਸ਼੍ਰੀ ਗੁਰੁਜੀਆਂ ਨੇ ਭਾਰਤੀ ਸਿਸ਼ਟਾਚਾਰ ਅਨੁਸਾਰ ਉਨ੍ਹਾਂ ਨੂੰ ਰਾਜ ਰੀਤ ਅਨੁਸਾਰ ਨਜ਼ਰ (ਭੇਟ) ਪੰਜਸੌ ਰੁਪਯੇ, ਦੁਸ਼ਾਲਾ, ਘੋੜਾ/ਘੋੜੀ ਪੇਸ਼ ਕਰਦੇ ਰਹੇ॥ ਇਸੀ ਤਰ੍ਹਾਂ ਸਾਹਿਬਜ਼ਾਦਾ ਹਰਿਗੋਬਿੰਦਜੀ ਦਾ ਜਦ(ਪਹਿਲਾ) ਵਿਆਹ ਹੋਇਆ, ਆਪਣੇ ਨਾਨਕੇ ਤੀਜੇ ਸ਼੍ਰੀ ਜਗਦਗੁਰੂ ਭੱਲੇ ਗੋਤ ਪੁਤ੍ਰ, ਸਾਹਿਬਜ਼ਾਦਾ ਮੋਹਰੀ ਜੀ ਦੇ ਪਰਿਵਾਰ,ਤੇ ਆਪਣੇ ਸੋਢੀ ਸੰਬੰਧੀ ਨਿਮੰਤ੍ਰਿਣ ਕੀਤੇ ਅਤੇ ਬਾਬਾ ਸ਼੍ਰੀ ਚੰਦਜੀ ਨਾਲ ਵੀ ਚਲਦਾ ਬਰਤਾਰਾ ਰਖਿਆ। ਪਰ ਓਨ੍ਹਾਂ ਦੇ ਸਮੇ ਕਾਰਣ; ਗ੍ਰਿਹਸਤ ਕਾਰਜਾਂ 'ਚ ਨਿਮੰਤ੍ਰਣ ਨਾਂ ਕੀਤੇ; ਪਰ, ਇਸ ਤਿਉਵਾਰ ਦੀ ਖੁਸ਼ੀ ਵਿੱਚ ਰਸਮੀ ਦੁਗਨੀ ਖਿਲਤ ਧਨਵਾਦ ਕਰਣ ਲਈ ਵਿਰਕਤ ਸੇਵਕ ਕਮਲਿਏ ਨੂੰ ਸਮਝਾ ਕੇ ਭੇਜਿਆ॥[237]

3. ਇਸੇ ਤਰ੍ਹਾਂ ਛੇਵੇਂ ਪੀਰ-ਮੀਰ ਸ਼੍ਰੀ ਜਗਦਗੁਰੂ ਹਰਿਗੋਬਿੰਦਜੀ ਦੇ ਰਾਜ-ਧਰਮ ਕਾਲਦਾ ਸੰਖੇਪ ਉਤਮ ਪ੍ਰਸੰਗ ਇਹਹੈ:-ਚੌਪਈ॥ ਨਿਜ ਡੇਰੇਕੋ ਪੁਨ ਹਟਿ ਆਏ। ਕਰਤ ਬਾਟਿ ਜਿਮ ਦੁਸ਼ਟ ਖਪਾਏ॥ ਭਾਨਾ ਸਾਹਿਬ ਜਿਸਅਸਥਾਨ। ਉੜ੍ਹੇ ਆਇ ਗੁਰੂਭਗਵਾਨ ॥ ਇਮ ਸਤਿਗੁਰੁ ਹਿੰਦਿਵਸ ਬਿਤਾਏ। ਬ੍ਰਿਧਅ ਪ੍ਰਸੰਗ ਗੁਰਨਿਕਟਿ ਸੁਨਾਏ॥ ਸ਼੍ਰੀਕਰਤਾਰਪੁਰੇ ਸ਼੍ਰੀਨਾਨਕ। ਜਗੇ ਭਾਗ ਇਹ ਗਏ ਅਚਾਨਕ॥ 19॥ ਇਮ ਕਹਿ ਸ਼੍ਰੀਗੁਰਕੀਨ ਪਜਾਨਾ। ਅਪਨੇ ਸੰਗ ਲੀਨਿ ਤਬਿ ਭਾਨਾ॥ ਬਿਧੀਚੰਦ ਆਦਿਕ ਭਟਾ ਜੇਈ। ਨਾਥ ਸਾਥ ਪ੍ਰਸਥਾਨੇ ਤੇਈ ॥21॥ ਐਰਾਵਤੀ ਉਲੰਘਤਿ ਗਏ। ਸ਼੍ਰੀ ਕਰਤਾਰਪੁਰਾ ਦਰਸਏ॥ ...ਨਹੀਂ ਦੇਹੁਰਾ ਅਬਿ ਇਸਥਾਨ। ਸਕਲ ਭੇਵ ਤਬਿ ਕੀਨ ਬਖਾਨ॥ ਰਾਵੀ ਇਹਾਂ ਬੇਗਕਰਿ ਆਈ। ਸੋ ਅਵਿਨੀ ਜਲ ਬਿਖੇ ਵਹਾਈ ॥25॥ ਪਾਰ ਸਥਾਨ ਜਇ ਅਬਿ ਕਰਜੋ। ਗੁਰਕੋ ਬੰਸ ਤਹਾਂਹੀ ਥਿਰਜੋ॥ ਧਰਮਚੰਦ ਸ਼੍ਰੀ ਨਾਨਕ ਪੋਤਾ। ਜਿਸਤੇ ਬੇਦਨਿ ਬੰਸ ਉਦੋਤਾ॥ 28॥ ਤਿਹ ਸੁਧਿਭਈ ਗੁਰੁ ਚਲਿ ਆਏ। ਸਭਿ ਕੁਟੰਭ ਜੁਤਿ ਆਨੰਦਪਾਏ॥ ਏਕ-ਸਹਸ੍ਰ ਰਜਤਪਨ ਲਯੋ। ਅੱਗ੍ਰ ਦੇਹੁਰੇ ਕੇ ਧਰਿਦਯੋ॥ ਕੰਚਨਕੇ ਕੰਕਨ ਮੰਗਵਾਇ। ਕੋਸ਼ਪ ਤਬਿ ਆਨੇ ਸਹਿਸਾਇ॥ 30॥ ਮਿਹਰਚੰਦ, ਮਾਣਕਚੰਦ ਦੋਊ। ਪਹਿਰਾਏ ਕਹਿ ਸਾਦਰ ਸੋਊ॥ ਧਰਮਚੰਦ ਕਰਿਵਾਯਹ ਡੇਰਾ। ਜਥਾਜੋਗ ਥਲ ਦੀਨਿ ਬਸੇਰਾ॥ 33॥ ਬੈਠੇ ਸਨਮੁਖ ਮੋਦ ਉਪਾਇ। ਸਿਰੀਚੰਦ ਬੋਲੇ ਸਤਿਭਾਇ॥ ਕਹੁ ਪੁਰਖਾ, ਹੈ ਕੁਸ਼ਲ ਤੁਮਾਰੇ?। ਕਰਜੋ

---

237. ਸ਼੍ਰੀ ਗੁਰੁਪ੍ਰਤਪ ਸੂਰਜ:ਓ:ਪੋਥੀ ੭॥ ਰਾਸ ੪ ਅੰਸ਼ੁ:੨੮ ਪੰ.੨੩੩੯-੪੧॥ ਅ:ਪੋਥੀ ੯.ਰਾਸ਼ ੬: ਅੰਸ਼ੁ ੫੫ ਪੰ.॥ ਏ:ਪੋਥੀ ੯, ਰਾਸ ੭.ਅੰਸ਼ ੯,...

Sri Satguru Jagjit Singh Ji eLibrary NamdhariElibrary@gmail.com

ਨਿਵੇ ਪਾਪ ਦਾਸਦਾਸ ਮਾਰੇਨਾ ॥ ੧੭ ॥ ਤਤਖਿਨ ਆਇ ਬ੍ਰਿਖ ਦੇ ਗ੍ਰਾਮੁ। ਡੇਰਾ ਕਰਤਭਏ ਸੁਖਧਾਮੁ ॥
ਮਾਨਸ ਲੋਕ ਮਹਿਮਾ ਜਗਿਓ ਨਾਵੈ'। ਅਤਿਹੁਰਾਨਕੋਵ ਮਰਮ ਸਮਝਾਵੈ ॥ ੧੮''''

ਪ੍ਰੋਫੈਸਰ ਸਾਹਿਬ ਸਿੰਘ ਜੀ ਵਿਦ੍ਵਾਨ ਨਾਨਕ ਦੇਵ ਜੀ ਦਾ ਸ਼ਬਦ ''ਗੁਰਸਬਦੀ ਸਾਚਰਿ ਘਰਿ ਏਕੋ: ਨਾਨਕ ਕਾਇਆ ਫੇਰਿਆ'''''' ਮੂਲ ਦੋਨੋਂ ਵਸਤੂਆਂ ਸਣੇ ਸਾਹਿਬਜ਼ਾਦੇ ਬਾਬਾ ਗੁਰਦਿਤਾਜੀ ਪੋਛੇ ਛੋਟੇ ਮੁਤੂ ਸ੍ਰੀਚਰਣਾਰਬਿੰਦ ਰਾਜਿਰਾਮਿ ਸਾਹਿਬ ਜੀ ਪਾਸ ਰਹੀਆਂ, ਤੇ ਅਗੇ ਪੰਜ ਵਸਤੂਆਂ ਪ੍ਰਦਾਨ ਕੀਤੀਆਂ ॥

ਪ੍ਰੇਮ ਭਰੂਾਂ ਮੰਜਵੇਂ ਸ੍ਰੀ ਗੁਰੂ ਰਾਮ ਧਰਮ ਕਾਲ ਵਿੱਚ ਬਾਬਾ ਸ੍ਰੀ ਚੰਦਜੀ ਨੂੰ ਬਾਰ ਮੁਤੂ ਆਪਣਾ ਵੇਸ,''''' ਸਾਹਿਬਜ਼ਾਦੇ ਦਾਤਾ ਜੀ''' ਅਤੇ ਸਾਹਿਬਜ਼ਾਦਾ ਮੋਹਨ ਚੰਦ ਦੋਨੋਂ ਆ ਕੇ ਪੇਸ਼ ਮੈਂਗੀ, ਮੈਂ ਪਿਛਲੀਆਂ ਅਨਿਭਅਨਤਾਵਾਂ ਸਮਯੋਜਨ ਆਏ ਪਰ ਸ੍ਰੀਜਗਦਗੁਰੂ ਅਰਜਨ ਦੇਵ ਜੀ ਨਦੀ ਵੀ ਉਨ੍ਹਾਂ ਨੇੜੇ ਨਹੀ ਗਏ, ਨਾਂ ਉਨ੍ਹਾਂ ਨੂੰ ਜਾਣਦੀ ਹਲਤ ਦੇ ਆਦੇਸ਼ਕੋਨ ਅਤੇ ਮਲਕਦੇ ਆਧਿਦੈਵਿਕ ਦੀ--ਕਿਉਂਕਿ ਉਹ ਸਦਾ ਨਿਤ-ਅਧਜਾਤਮ ਦਾਦ ਆਤਮਦੇਵ 'ਚ ਆਪਣੀ ਸਾਰੀਆਂ ਵਿਭੂਤਿਆਂ ਦੇ ਮਾਲਕ ਸਦਾ-ਮੁਕਤ ਸਨ॥ ਇਹੋ ਵੇਦਾਂਤੀਆਂ ਤੁੱਲਾਂ ਸ੍ਰੀਗੁਰਸ਼ਾਨੀ ਕੁਲੇ ਕਰਿੰਦੇ ਲਿਖਦੇ ਨੇ॥

ਪ੍ਰੇਮਤਿਰਾਮ ਵਿੱਚ ਆਪ ਧਾਸ ਕੋਈ ਵੈਰੀ ਮੀਣੇਆਂ ਕੀ ਜਾਣਾ ਸੀ, ਕਦੀ ਨਹੀ ਸੁਣੇ: ਭੁਲਦੇ ਭਾਈ ਗੁਰਦਾਸਜੀ ਮੀਣਿਆਂ ਦੇ ਭੰਡਨ ਦੀ ਵਾਰ ਲਿਖੀ ਹੈ, ਜਿਸ ਦੀਆਂ ਦੋ(2) ਪ੍ਰਸਿੱਧ ਪੌੜੀਆਂ ਵਿਚਾਰਨ ਜੋਗ ਹਨ:-

ਕੋਇਲ ਕਾਂਉ ਰਲਾਈਅਨਿ ਕਿਉ ਹੋਵਨਿ ਇਕੈ? ਤਿਉ ਨਿੰਦਕ ਜਗ ਜਾਣੀਅਨਿ: ਏਨੇ ਬੋਲਨਿ ਫਿਕੈ ॥ ਬਗੁਲੇ ਹੰਸੁ ਬਰਾਬਰੀ: ਕਿਉ ਮਿਕਨਿ ਮਿਕੈ॥ ਤਿਉ ਬੇਮੁਖੁ ਚੁਣਿ ਜਢੀਅਨਿ, ਮੁਹਿ ਕਾਲੈ ਟਿਕੈ॥ ਕਿਆ ਨੀਸਾਣੀ ਮੀਣਿਆ? ਖੋਟੁਸਾਲੀ ਸਿਕੈ॥ ਸਿਰਿ ਸਿਰਿਪਾਹੁਣੀ

---

238. ਸ੍ਰੀ ਗੁਰੂਪ੍ਰਤਾਪ ਸੂਰਜ:ਓ: ਪੋਥੀ ੮॥ ਰਾਸ ੬ ਅੰਸੂ: ੫੫ ਪੰ.੩੦੧੬-੧੯:-ਓ.ਭਾਈ ਤਾਰੂ ਪੋਪਟ(ਬਾਬਾ ਬੁਢਾ ਥੰਮਵਾਦਾ) ਪੁਤ੍ਰ: ੭ਵੇਂ ਗੁਰੂਜੀਨੂੰ ਟਿੱਕਿਆ॥ ਅ.ਬਾਬਾ ਬੁਢਾ॥ ਏ.ਜੋਧੇ॥ ਸ. ਪਹਿਲਾਂ ਰਾਵੀ ਨਦੀ ਨੇ ਨਗਰੀ ਵਿਨਾਸ਼ ਕਰਦਿਤੀਸੀ ਜਿਸ ਕਰਕੇ ਦੂਜੇ ਕੰਢੇ ਦੇਹਰਾ ਬਸਾਇਆ॥ ਫੇਰ ਆਪਣੇ ਸਮੇ ਈਸ੍ਵੀ ੧੯੧੯ ਵਿੱਚ ਭਾਈ ਵੀਰ ਸਿੰਘਨੇ ਇਸ ਪੰਨੇ ੩੦੧੮-੯ਦੀ ਟਿੱਪਣੀ ਵਿੱਚ ਇਹ ਅੰਕਿਤ ਕੀਤਾਹੈ:-"ਰਾਵੀ ਪਰ ਸ੍ਰੀਹਰਿਗੁਰ ਨਾਨਾਕ ਦੇਵਜੀਦਾ ਅਸਥਾਨ ਤਾਂ ਉੱਜੇ ਖੜ੍ਹਾਹੈ, ਪਰ ਇਸਦੇ ਪਾਸ ਨਗਰੀ ਨਹੀਂਹੈ, ਉਰਾਰ ਡੇਰਾ ਬਾਬਾ ਨਾਨਕ ਤੇ ਨਗਰੀਹੈ, ਤੇ ਬੇਦੀਆਂਦਾ ਟਿਕਾਣਾਹੈ । ਗੁਰਦ੍ਵਾਰਾ ਜੋ ਪਾਰ ਹੁਣਤਕ ਮੌਜੂਦਹੈ, ਇਸਪਰ ਰਾਵੀਦਾ ਹਾਵਾ ਹੋਣ ਲੱਗਾ ਸੀ, ਸ਼ੁਰੂ ਦਿਸੰਬਰ ਸੰਨ ੧੯੧੯ ਤੋਂ ਚੀਫ ਖਾਲਸਾ ਦੀਵਾਨ ਨੇ ਆਪਤੇ (ਅੰਗ੍ਰੇਜ਼ੀ ਪੰਜਾਬੀ ਸਿਖ) ਸੰਗਤਾਂਨੂੰ ਪ੍ਰੇਰਕੇ ਬੰਨ੍ਹ ਬਨਾਵਣਦਾ ਕੰਮ ਆਰੰਭ ਕਰ ਦਿਤਾ। ਫਿਰ ਚੀਫ ਖਾਲਸਾ ਦੀਵਾਨ ਨੇ (ਅੰਗ੍ਰੇਜ਼ੀ ਪੰਜਾਬ) ਸਰਕਾਰ ਪਾਸੋਂ ਦੋ(੨) ਇੰਜਨੀਅਰਾਂ ਦੀ ਖਿਦਮਤ ਇਸ ਸ਼ੁਭ ਕਾਜ ਲਈ ਮੁਫਤ ਪ੍ਰਾਪਤ ਕੀਤੀ ॥ ਓਧਰ (ਭਾਰਤੀ ਪੰਜਾਬਦੇ ਸੁਤੰਤ੍ਰ) ਮਹਾਰਾਜਾ ਭੂਪੇਂਦ੍ਰ ਸਿੰਘ ਸਾਹਿਬ ਪਟਿਆਲਾਨੂੰ ਪ੍ਰੇਰਿਆ, ਜਿਨ੍ਹਾਂ ਨੇ ਆਪਣੇ ਵੱਡੇ ਇੰਜਨੀਅਰ ਨੂੰ ਲਗਾਇਆ ਅਰ ੧,੦੧,੬੦੦) ਦੀ ਭਾਰੀ ਰਕਮ ਬੰਨ੍ਹ ਪਰ ਖਰਚ ਕੀਤੀ । ਇਸੋਂ ਅਗਲੇ ਮਹਾਰਾਜਾ ਸਾਹਿਬ ਵੱਲੋਂ ਜੋ ਰਕਮ ਲੱਗੀ, ਉਸਦਾ ਪਤਾ ਨਹੀ ਹੈ। ਅੰਤ ਨੂੰ ਇਹ ਕਾਜ ਮਹਾਰਾਜਾ ਸਾਹਿਬ ਜੀ ਦੇ ਹਥੀਂ ਹੀ ਸਮਾਪਤੀ ਨੂੰ ਅੱਪੜਿਆ। ਹੁਣ ਰਾਵੀ ਇਸ ਬੰਨ੍ਹ ਦੇ ਕਾਰਨ ਗੁਰਦ੍ਵਾਰੇ ਵਲ ਨਹੀ ਆਉਂਦੀ।

239. ਸ੍ਰੀ ਭਾਈ ਗੁਰਦਾਸਜੀ ਵਾਰ ੩੬:

240. ਸ੍ਰੀ ਗੁਰੂ ਪ੍ਰਤਾਪ ਸੂਰਜ: ਜਿਲਦ ੭, ਰਾਸ. ੩. ਅੰਸੂ: ੩੭-੮ ਪੰਨੇ. ੨੦੬੩-*੨੩

Sri Satguru Jagjit Singh Ji eLibrary NamdhariElibrary@gmail.com

ਮਾਰੀਅਨਿ: ਓਇ ਪੀਰ ਫਿਟਿਕੈ॥

ਪ੍ਰਿਥੀਚੰਦ ਬਾਰੇ ਸ਼੍ਰੀ ਗੁਰੂ ਪੁਤ ਹੁੰਦੇ ਵੀ ਇਦੰਤਾ ਨਿਗੁਰੇਦਾ ਸੰਕੇਤ: ਮੀਣਾ ਹੋਆ ਪਿਰਥੀਆ ਕਰਿ ਕਰਿ ਤੋਢਕ ਬਰਲੁ ਚਲਾਇਆ॥ 33। 26

ਅਤੇ:-ਪਹਿਨੈ ਪੰਜੇ ਕਪੜੇ, ਪੁਰਸਾਵਾਂ ਵੇਸੁ॥ ਮੁਛਾਂ ਦਾੜ੍ਹੀ ਸੋਹਣੀ, ਬਹੁ ਦੁਰਬਲ ਵੇਸੁ॥ ਸੈ ਹਥਿਆਰੀ ਸੂਰਮਾ, ਪੰਚੀਂ ਪਰਵੇਸੁ ॥ ਮਾਹਰੁ ਦੜ ਦੀਬਾਣ ਵਿਚਿ, ਜਾਣੈ ਸਭੁ ਦੇਸੁ॥ ਪੁਰਖੁ ਨਗਣਿ ਪੁਰਖ ਤੁਵਿਣੁ:ਕਾਮਣਿ ਕਿ ਕਰੇਸੁ॥ ਵਿਣੁਗੁਰ ਗੁਰੁ ਸਦਾਇਦੇ: ਕਉਣ ਕਰੈ ਆਦੇਸੁ॥

1. ਮੁਗਲ ਸਲਤਨਤ. 2. ਬਰਤਾਨਵੀ ਸਲਤਨਤ ਅਤੇ 3. ਆਪਣੀ ਭਾਰਤੀ ਸਲਤਨਤ 1947-8 ਤਕ ਅੰਗ੍ਰੇਜ਼ਾਂ ਪਾਏ ਕੱਚੀ ਬਾਣੀ ਦੇ ਕੁ-ਪ੍ਰਮਾਣ ਭੁਲੇਖੇ ਅੰਗ੍ਰੇਜ਼ੀ ਪੰਜਾਬੀ (ਸੁਦੇਸ਼ੀ ਪੰਜਾਬ ਨਹੀਂ) ਸਿਧੇ ਸਾਦੇ ਗੁਰੁਸਿਖਾਂ 'ਚ ਪਾਏ ਦੋ ਸਦੀਆਂ ਬੀਤੀਆਂ॥ ਓਹੋ! ਦਸੋ! ਇਨ੍ਹਾਂ ਪ੍ਰਮਾਣਾਂ ਤੋਂ ਸਿੱਧ ਨਹੀਂ:-ਗੁਰਤਾ ਪ੍ਰਦਾਨ ਵੇਲੇ ਪੰਜ ਦਿੱਵਜ ਪ੍ਰਦਾਨ ਵਸਤੂਆਂ 'ਚੋਂ ਸ਼੍ਰੀ ਗੁਰੁਬਾਣੀ ਪੋਥੀ(ਆਂ)ਸ਼ਾਮਲ ਸੀ,ਫੇਰ ਆਦਿ ਤੋਂ ਲਿਖੇ ਪ੍ਰਮਾਣਾਂ ਪਿਛੋਂ ਪੰਜਵੇ ਸ਼੍ਰੀ ਜਗਦਗੁਰੂ ਜੀ ਨੂੰ ਪੱਕੀ ਸ਼੍ਰੀ ਗੁਰਬਾਣੀ ਖੋਜਣਦੀ ਕੋਈ ਲੋੜ ਸੀ?

ਖਟ ਦਰਸ਼ਨ ਦੇਸ-ਵਿਦੇਸ ਧਰਮ ਭੇਖਾਂ ਦੀ ਤਫਸੀਲ

ਤੀਜੇ ਸ਼੍ਰੀ ਜਗਦਗੁਰੂ ਅਮਰ ਦਾਸਜੀ ਦਾ ਇਲਾਨਹੈ:-

ਹਰਿ ਦਰਸਨੁ ਪਾਵੈ ਵਡਭਾਗਿ॥ ਗੁਰਕੈ ਸਬਦਿ ਸਚੈ ਬੈਰਾਗਿ॥ ਖਟੁ ਦਰਸਨੁ ਵਰਤੈ ਵਰਤਾਰਾ॥ ਗੁਰਕਾ ਦਰਸਨੁ ਅਗਮ ਅਪਾਰਾ॥ ਗੁਰਕੈ ਦਰਸਨਿ ਮੁਕਤਿ ਗਤਿ ਹੋਇ॥ ਸਾਚਾ ਆਪਿ ਵਸੈ ਮਨਿ ਸੋਇ॥ ਰਹਾਉ॥ ਗੁਰ-ਦਰਸਨਿ ਉਧਰੈ ਸੰਸਾਰਾ॥ ਜੇ ਕੋ ਲਾਏ ਭਾਉ ਪਿਆਰਾ॥ ਭਾਉ ਪਿਆਰਾ ਲਾਏ ਵਿਰਲਾ ਕੋਇ॥ ਗੁਰਕੈ ਦਰਸਨਿ ਸਦਾ ਸੁਖੁ ਹੋਇ॥ ਗੁਰਕੈ ਦਰਸਨਿ ਮੋਖ ਦੁਆਰੁ॥ ਸਤਿਗੁਰੁ ਸੇਵੈ ਪਰਵਾਰ ਸਾਧਾਰੁ॥ ਨਿਗੁਰੇ ਕਉ ਗਤਿ ਕਾਈ ਨਾਹੀ॥ ਅਵਗਣਿ ਮੁਠੇ ਚੋਟਾ ਖਾਹੀ॥ ਗੁਰਕੈ ਸਬਦਿ ਸੁਖੁ ਸਾਂਤਿ ਸਰੀਰ॥ ਗੁਰਮੁਖਿ ਤਾਕਉ ਲਗੈ ਨ ਪੀਰ॥ ਜਮਕਾਲੁ ਤਿਸੁ ਨੇੜਿ ਨ ਆਵੈ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥ ੪.241

ਪਲਤ-ਹਲਤ: ਪੀਰੀ-ਮੀਰੀ ਰਾਜ ਜੋਗ

ਵਿਸ਼ੂ ਦੇ ਸਾਰੇ ਧਰਮ ਦੇ ਆਦਿ ਤੋਂ ਮੁੱਖ ਤਿੰਨ ਭਾਗ ਹਨ:-

1. ਦੁਨੀਆਵੀ ਵਿਹਾਰ/ਹਲਤ ਪੱਧਰ, 2.ਅਧਿਦੈਵ(ਪਾਠ,ਜੱਗਾਦਿ) ਪੱਧਰ, ਤੇ 3. ਅਧਿਆਤਮਕ (ਰੂਹਾਨੀ) ਪਲਤ ਪੱਧਰ ॥

ਸ਼੍ਰੀ ਜਗਦਗੁਰੂ ਵਾਕਹੈ:-ਹਲਤਿ ਸੁਖੁ , ਪਲਤਿ ਸੁਖੁ, ਨਿਤ ਸੁਖੁ; ਸਿਮਰਨੋ ਨਾਮੁ ਗੋਬਿੰਦਕਾ ਸਦਾ ਲੀਜੈ॥

ਦੂਜਾ ਭਾਗ:- ਰਾਜ ਜੋਗ

---

241. ੳ.ਸ਼੍ਰੀਗੁਰੂਜੀ:ਪੰਨਾ:੭੫੭:੫-੬॥ ਅ.ਭਾਈ ਗੁਰਦਾਸਜੀ ਵਾਰ:੨੪:ਦੇਖੋ ਪੁਰਾਣੀ ਰਾਜਾ ਭਰਤਰੀ ਨੀਤੀ ਸ਼ਤਕ:੧੩"काक:कृष्ण: पिक: कृष्ण: कोभेद: पिककाकयो:। वसन्तसमये प्राप्ते काक: काक: पिक: पिक: ॥੧੩;"हँस: श्वेत: को भेदो बकहँसयो:। नीरक्षीरविभाग तु हांसी सँसो बको बक:॥" ੲ.ਪੰ. ੩੬੦: ੧੯॥

Sri Satguru Jagjit Singh Ji eLibrary NamdhariElibrary@gmail.com

ਸ਼੍ਰੀ ਵਿਸ਼੍ਵਗੁਰੂਜੀ ਦੇ ਭਾਰਤੀ ਮੱਧ ਕਾਲ ਧਰਮ ਪਰੰਪਰਾ ਖਟ ਦਰਸ਼ਨ ਸੰਪ੍ਰਦਾਇ ਦੇ ਸਿਧਾਂਤ ਸੰਕੇਤ[242]

I. **ਸੱਤਕਾਰਜ ਵਾਦ** 2. **ਅਸੱਤਕਾਰਜ ਵਾਦ** (INDIC DOCTRINES OF I. SOMETHIG II. NOTHING)

ਸੱਤਕਾਰਜ ਵਾਦ, ਅਸੱਤਕਾਰਜ ਵਾਦ, briefly mean doctines of existence, nihilism. ਈਸ਼੍ਵਰ ਵਾਦੀ, ਅਨੀਸ਼੍ਵਰ ਧਰਮ briefly mean doctines of theism, atheism.

ਵੇਦਕ ਆਸਤਕ ਧਰਮ, ਨਾਸਤਕ ਚਾਰਵਾਕ, ਜੈਨ, ਬੌਧ ਧਰਮ briefly mean Indic orthodox, heterodox.

1. ਓ. ਆਸਤਿਕ ਈਸ਼੍ਵਰ ਵਾਦੀ ਸੰਪ੍ਰਦਾਇ: I.a. Indic Theist Orthodox Denominations:

1. ਹਰਿ ਪਾਰਬ੍ਰਹਮ ਵਿਸ਼੍ਨੂ ਕਰਤਾ: ਵਿਸ਼ਣ ਸ਼ਿਵ ਸ਼ਕਤੀ (Indic-Esoteric) ਸਨਕਾਦਿ ਨਾਰਦ ਇੰਦ੍ਰ ਆਦਿ॥

2. ਗੋਰਖਾਦਿ: ਤੰਤ੍ਰਿਕ ਤਿਨ ਕ੍ਰਾਂਤ ਇਸ਼ਟ ਦੇਵ:-ਸ਼ਿਵ-ਸ਼ਕਤੀ ਉਪਾਸਕ: 84 ਸਿੱਧ, 8 ਜਤੀ, 9 ਨਾਥ, 12 ਪੰਥੀ(ਹੱਠ ਜੋਗੀ)

3. ਦਸ (10) ਨਾਮ ਸੰਨਿਆਸੀ(Esoteric 10 Ascetic *S'ankar's* denomination) ਗੌੜ-ਸ਼ੰਕਰਾਚਾਰਜਦੀ ਸੰਪ੍ਰਦਾਇ[ਗ243]

4. **ਵੈਸ਼ਣਵ**: (*Vaisnav*'s 4/5+denominations) ਆਦਿ ਨਾਥ:ਰਾਮਾਨੁਜ ਚਾਰ ਪੰਜ ਆਚਾਰਜ ਆਦਿ ਸੰਪ੍ਰਦਾਇ॥ [244]

242. ਵੇਦ ਦੇ ਤ੍ਰਿ ਵਾਦੀ (ਅਦ੍ਵੈਤ,ਦ੍ਵੈਤਾਦ੍ਵੈਤ,ਦ੍ਵਤ)ਪ੍ਰਿਥਾ:-ਸਿਮ੍ਰਿਤੀ, ਪੁਰਾਣ-ਤਾਂਤ੍ਰਿਕਾਂ ਦੇ ਕੇਵਲ ਪੰਜ ਮੁੱਖ ਦੇਵ ਹਨ:-੧.ਗਣੇਸ਼ (ਅਦ੍ਵੈਤ: ਸਾਰੇ ਵਿਸ਼੍ਵ ਦੇ ਗਣਾਂਦਾ ਈਸ਼ ਇਕੋ ਪਾਰੰਬ੍ਰਹਮਹੀ ਹੈ); ੨.ਵਿਸ਼ਣੁ (ਅਦ੍ਵੈਤ: ਵਿਸ਼੍ਵ ਸ਼ਸ਼ਟੋਂ ਤੇ ਅਣੁ ਰੂਪ ਇਕੋ ਪਾਰਬ੍ਰਹਮ); ੩. ਸ਼ਿਵ (ਅਦ੍ਵੈਤ: ਕਲਿਆਣ ਮੁਕਤੀ ਦਾਤਾ ਇਕੋ ਪਾਰਬ੍ਰਹਮ); ੪. ਸ਼ਕਤੀ (ਅਦ੍ਵੈਤ: ਕਰਤਾ ਸ਼ਕਤੀ ਸਬਲ: ਅਭਿੰਨ ਨਿਮਿਤ ਉਪਾਦਾਨ ਸ਼ਕਤੀ ਵਿਸ਼੍ਵਦਾ ਕਰਣ-ਕਾਰਜ ਰੂਪ ਇਕ ਪਾਰਬ੍ਰਹਮ) ; ਪ.ਸੌਰਯ (ਅਦ੍ਵੈਤ: ਉਪਹਿਤ ਸਮਸ਼ਟੀ ਚੇਤਨ ਪਾਰਬ੍ਰਹਮ ਜਪ ਸਰਵ ਵਿਆਪਕ ਜੋਤਿਹੈ, ਤੇ ਵਿਸਿਸ਼ਠ ਸੂਰਜਾਦਿ ਅਗਨੀ ਅਨੇਕ ਜੋਤੀਆਂ:"ਮ:੧:ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ" ਆਦਿ॥ ਪੁਨ੍ਹ.ਪੰਨੇ:੬੭:੧੭; ਪ੧੩:੧੦; ੯੪੧:੧੯, ਆਦਿ॥ ਭਾ:ਗੁਰਦਾਸ.ਵਾਰ:੨॥੧੪॥;੬॥੬;੮॥੧੩;ਆਦਿ

243. ਪੁਨ੍ਹ.ਓ.ਪੰਨੇ:੬੭:੧੬; ੪੭੬:੮;੧੧੧੬:੧੨; ੧੩੩੨: ਪ, ਆਦਿ॥ ਭਾਈ ਗੁਰਦਾਸ.ਵਾਰ: ੨੬॥੧੮॥੪॥; ੨੮॥੧੯॥੩॥;੩੮॥੧੦॥੩॥ ਆਦਿ ਅ.ਪੰਨੇ: ੭੬੩:੭;੭੮੧:੧੦; ੧੦੯੪:੧੨, ਆਦਿ॥ ਭਾਈ ਗੁਰਦਾਸ.ਵਾਰ:੧॥੨੪॥੩॥; ੪॥੨੧॥੧॥;੧੦॥੯॥ਪ-੧੦॥ਆਦਿ॥ ਏ.ਪੰਨੇ:੨੭੪:੭;੧੩੨੨:੧੩ ਆਦਿ॥ ਭਾਈ ਗੁਰਦਾਸ.ਵਾਰ:੧॥੮॥੨॥; ੩॥੧॥੮॥; ੭॥੩॥੧॥; ੮॥੬॥੪ ਆਦਿ॥ ਸ.ਪੰਨੇ: ੨੧੪:੮;੨੩੭:੯; ੧੨੧੯:੩;੧੪੦੪:੨ ਆਦਿ ॥ ਭਾਈ ਗੁਰ ਦਾਸ.ਵਾਰ:੧॥੪੨॥ਪ;੨॥ ੧੯॥੪॥;੧੩॥੧੭॥੬॥;੧੪॥੪॥ਪ ਆਦਿ ॥ ਹ. ਪੰਨੇ: ੧੬੩:੮; ੮੭੩: ੧੪; ੧੦੭੭:੨;੧੦੫੬:੧੨, ਆਦਿ॥ ਭਾਈ ਗੁਰ ਦਾਸ ਵਾਰ: ਪ॥੭॥੭॥; ੭॥੧੪॥੭॥ ਆਦਿ ॥ ਕ. ਪੰਨੇ: ੪੭੮: ਪ;ਪ੦੭:੧; ੧੧੭ਪ:੯; ੧੧੬੪:੧੬; ੧੭੩੭:੧ਪ ਆਦਿ॥ਭਾਈ ਗੁਰਦਾਸ.ਵਾਰ: ੧॥੮॥੨॥; ੩॥੧੭॥ ੬; ੧੬॥੨੦॥੪ ਆਦਿ ॥ ਖ.ਪੰਨੇ: ੨੬੮:੨; ੮੮ਪ:ਪ; ੧੧੦੩:੯, ਆਦਿ॥ ਭਾਈ ਗੁਰਦਾਸ.ਵਾਰ:੧॥੧੧॥੭॥; ੧੦॥੧॥੯॥; ੧੭॥੧੧॥੧॥;੧੪॥੪॥੬ ਆਦਿ॥ ਗ.ਪੰਨੇ: ੨੬੮:੭;੮੮ਪ:ਪ;੧੧੦੩:੯,ਆਦਿ॥ ਭਾਈ ਗੁਰਦਾਸ.ਵਾਰ:੧॥੧੧॥੭॥; ੧੦॥੧॥੯॥; ੧੭॥੧੧॥੧॥;੧੪॥੪॥੬ ਆਦਿ॥ ਘ. ਪੰਨੇ: ੨੬੮:੭; ੮੮ਪ: ਪ; ੧੧੦੩:੯,ਆਦਿ॥ ਭਾਈ ਗੁਰਦਾਸ.ਵਾਰ:੧॥੧੧॥੭॥; ੧੦॥੧॥੯॥; ੧੭॥੧੧॥੧॥;੧੪॥੪॥੬ ਆਦਿ॥.

244. ਪੁਨ੍ਹ.ਪੰਨੇ:੬੭:੧੬;੮੮੬:੧ਪ;੬੩੮:੬-; ੧੦੧੭:੧੪;੧੧੬੦:੧੪; ੧੩੮੮:੧੩...॥ ਭਾ:ਗੁਰਦਾਸ.ਵਾਰ: ੧)੧੯॥੭॥; ੧॥੨੭॥ਪ॥;੧॥੨੮॥੭॥

Sri Satguru Jagjit Singh Ji eLibrary NamdhariElibrary@gmail.com

ਨਾਸਤਿਕ ਅਨੀਸ਼੍ਵਰਵਾਦੀ ਸੰਪ੍ਰਦਾਇ, ੳ.ਨਾਸਤਿਕ:ਅਨੀਸ਼੍ਵਰਵਾਦੀ:ਆਮ ਸਰਾਵਗ ਅਤੇ ਦੋ ਜੈਨ ਦਿਗਾਂਬਰ ਤੇ ਸ੍ਵੇਤਾਂਬਰ, ਅ.ਨਾਸਤਿਕ: ਅਨੀਸ਼੍ਵਰਵਾਦੀ:ਆਮ ਬੋਧੀ ਤੇ ਤਿਨੋ ਬੋਧੀ ਸੰਪ੍ਰਦਾਇ, ਆਸਤਿਕ ਅਨੀਸ਼੍ਵਰ ਵਾਦੀ ਸੰਪ੍ਰਦਾਇ:- ਸਾਂਖ, ਜੋਗ ਸਾਮੀ 6= ਤਿਨ ਇਮਾਨ/ਮਜ਼ੁਬ (ਧਰਮ/ਰਿਲਿਜਨ):-ਇਸਲਾਮੀ ਸ਼ਰਅਈ ਇਸਲਾਮ ਦੇ 72 ਫਿਰਕੇ/ਮੁਸਲਮ ਸੂਫੀ ਸਿਲਸਲੇ। ਇਨ੍ਹਾਂ ਅੰਦਰ ਚਾਰ(4) ਕਤੇਬੀ ਮਜ਼ੁਬਾਂ'ਚ ਇਸਾਈ ਦਰਜਨਾਂ ਪੁਰਾਣੇ-ਨਵੇਂ ਸੰਪ੍ਰਦਾਏ ਹਨ ਯਹੂਦੀ ਸਭਤੋਂ ਪੁਰਾਣੇ ਮੂਸਾਈ ਭਾਰਤ ਗੁਜਰਾਤ, ਮਹਾਂਰਾਸ਼ਟਰ ਅਤੇ ਪੱਛਮੀ ਦੇਸ਼ ਪੁਰਾਣੇ ਦੋ, ਨਵੇ ਮਿਲਾਕੇ ਹੁਣ ਤਿਨ ਸੰਪ੍ਰਦਾਏ ਪ੍ਰਸਿੱਧ ਹਨ॥

ਸ਼੍ਰੀਗੁਰਬਾਣੀ ਵਿੱਚ ਬ੍ਰਹਮ ਗਿਆਨ ਦੇ ਪਰਿਭਾਸ਼ਿਕ ਦੇਸੀ-ਪੱਛਮੀ ਵਿਸ਼੍ਵਧਰਮਾਂਦੀ ਸ਼ਬਦਾਵਲੀ

ਸ਼੍ਰੀਗੁਰੁਬਾਣੀ ਵਿਧੀ ਆਗਿਆ/ਹੁਕਮ ਪਰਥਾਏਆਂ ਸੰਬੰਧੀ ਹੈ-

ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ॥ ਕਿਰਪਾਤੇ ਸੁਖੁ ਪਾਇਆ ਸਾਚੇ ਪਰਥਾਈ

ਅਤੇ: ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ

1. ਆਸਤਿਕ, ਨਾਸਤਿਕ ਵਾਦੀ ॥
2. ਈਸ਼੍ਵਰ, ਅਨੀਸ਼੍ਵਰ ਵਾਦੀ ॥
3. ਏਕੰਕਾਰ, ਏਕ ਅਦ੍ਵਿਤੀਯ ਬ੍ਰਹਮ ਵਾਦ ॥
4. ਸਨਾਤਨ ਪੂਰਬ ਬੇਦ, ਪੱਛਮ ਕਤੇਬ ਸ਼ਾਸਤ੍ਰ[245]
5. ਸਮਾਰਤ, 64 ਗੁਣਾ 3=192 ਤੰਤ੍ਰ ਸ਼ਾਸਤ੍ਰਦੇ 300 + ਸੰਪ੍ਰਦਾਇ
6. ਸ਼ੈਵ: ਗੌੜ-ਸ਼ੰਕਰ ਸੰਨਿਆਸ ਅਦੈਤ ਵਾਦ

ਨੋਟ:-ਇਹ ਪੁਰਾਣੇ ਵਾਦ ਦੀ ਵਿਸ਼ੇਸ਼ ਮਹੱਤਾ ਇਹ ਹੈ ਕਿ ਵਿਸ਼੍ਵ ਧਰਮਾਂ ਦਾ ਤੁਲਨਾਤਮਕ ਅੰਤਮ ਸਿਧਾਂਤਕ ਨਿਰਣੈ ਇਸ ਅਧਾਰਤੇ ਰਹਿਆ ਹੈ॥ ਸ਼੍ਰੀ ਵਿਸ਼੍ਵਗੁਰੂ ਨਾਨਕ-ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀ ਸਾਰੇ ਭਾਰਤੀ-ਸਾਮੀ ਧਰਮ ਸ਼ਾਸਤ੍ਰਾਂ ਦੇ ਅੰਤ ਵਿੱਚ ਆਣ ਕਾਰਣ ਹੀ ਉਨ੍ਹਾਂ ਸਾਰੇਆਂ ਨੂੰ ਦੇਖ/ਘੋਖ[246] ਕੇ ਸਾਰੇਆਂ ਦੇ ਤੱਤ ਦਾ ਨਿਰਣੈ ਕਰਕੇ ਦਸਣ ਦੇ ਪੂਰਣ ਅਧੀਕਾਰੀ ਸਨ॥ ਓਹ ਨਿਰਣਾ ਐਥੇ ਤਿਨ ਪਉੜੀਆਂ ਵਿੱਚ ਵਿਚਾਰਦੇ ਹਾਂ 1. ਦੂਜਾ ਭਾਉ/ਦ੍ਵੈਤ ਪਸ਼ੂਆਂ ਤੇ ਮਨੁਖਾਂਨੂੰ "ਅਨੁਭਵ ਸੁਤੈ ਸਿੱਧ ਹੈ" ਸਾਬਤ ਕਰਨ ਹੋਰ ਪਦਾਰਥਾਂ ਦੀ ਕੋਈ ਲੋੜ ਨਹੀਂ। ਸਿੱਧੀ ਹੋਰ ਗਵਾਹੀ ਨਹੀਂ ਮੰਗਦੀ॥ ਫੇਰ ਪਸ਼ੂ ਤੇ ਮਨੁਖ ਵਿਚਕਾਰ ਕੀ ਭੇਦ ਰਿਹਾ? ਇਸ ਕਰਕੇ ਹੋਰ ਵਿਚਾਰ ਕਰੀਏ॥ 2. ਇਹ ਵੀ ਮਨੁਖ-ਪਸ਼ੂਆਂ ਨੂੰ "ਸੁਤੈਸਿੱਧ ਅਨੁਭਵਹੈ" ਸੰਸਾਰ ਅਨਿੱਤ ਹੈ॥ ਜੋ ਦੀਸੈ ਸੋ ਚਲਸੀ, ਕੂੜਾ ਮੋਹੁ ਨ ਵੇਖੁ॥ ਵਾਟਵਟਾਊ ਆਇਆ ਨਿਤ ਚਲਦਾ ਸਾਥੁਦੇਖੁ॥ ਜੇ ਸੰਸਾਰ ਨਿੱਤ ਨਹੀਂ, ਅਕਲਵਾਂਨ ਸੁਭਾਵਕ ਪੁੱਛਦਾਹੈ: ਤਾਂ ਕੀ ਹੈ?

3. ਵਿਸ਼੍ਵਸੰਸਾਰ "ਨਿਗਮਨ ਤਰਕ" ਰਾਹੀ ਇਸਤਰ੍ਹਾਂ ਨਿਰਧਾਰਤ ਹੁੰਦਾਹੈ:-

ੳ. ਵਿਸ਼੍ਵ ਜੀਵ ਮਾਤ੍ਰ ਅਨੁਭਵ ਸਿੱਧ "ਅਨਿੱਤ" ਹੈ, "ਨਿੱਤ ਸਤਿ" ਨਹੀਂ॥

245. ਪੁਨ੍ਹ.ਪੰਨੇ:1153:15="ਬੇਦ ਕਤੇਬ ਕਰਹਿ ਕਹ ਬਪੁਰੇ: ਨਹ ਬੂਝਹਿ ਇਕ-ਏਕਾ॥6॥" ਤੇ ਪੰਨੇ: ੨੫੪:੫;੮੬੭:੧੦; ੮੮੬:੪ ਆਦਿ

246. ਪੁਨ੍ਹ.ਪੰਨਾ:੨੪੫:੫= "ਸਲੋਕੁ॥"ਘੋਖੇ" ਸਾਸਤ੍ਰ ਬੇਦ ਸਭ: ਆਨ ਨ ਕਥਤਉ ਕੋਇ ॥ ਆਦਿ ਜੁਗਾਦੀ ਹਰਿ ਹੋਵਤ ਨਾਨਕ ਏਕੈ ਸੋਇ ॥੧॥-॥੨੦"

Sri Satguru Jagjit Singh Ji eLibrary NamdhariElibrary@gmail.com

ਅ. ਵਿਸ਼੍ਵ ਕੀ ਫੇਰ "ਨਿੱਤ ਸਤਿ" ਤੋਂ ਉਲਟ ਹੈ? ਨਹੀਂ, ਕਿਉਂ?

ਏ. ਤਰਕ ਸਿੱਧ "ਸਤਿ" ਦਾ ਲਖਣਹੈ: ਜੋ ਅਨੁਭਵ ਭਾਵ ਤ੍ਰਿਕਾਲਾਬਾਧ ਰਹੇ। ਅਰਥਾਤ. ਜੋ ਸਦਾ ਪ੍ਰਤੀਤ ਰਹੇ, ਕਦੀ ਘਟੇ-ਬਧੇ ਨਾਂ, ਨਾਂ ਲੋਪ ਹੋਵੇ, ਜਥਾ: ੧ਓ ਆਦਿ ਸਚੁ, ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥[247] ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ॥ ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ

ਸ. ਤਰਕ ਰਾਹੀਂ ਨਿਤ ਸਤਿ ਤੋਂ ਉਲਟ ਵੀ ਨਹੀਂ ਹੋ ਸਕਦਾ, ਕਿਉਂਕਿ;

ਹ. ਨਿਤ ਸਤਿ ਪ੍ਰਤਖ, ਪ੍ਰਤੀਤ ਹੁੰਦਾਹੈ, ਉਸਤੋਂ ਉਲਟ ਅਪ੍ਰਤੱਖ ਪ੍ਰਤੀਤ ਕਿਸੇ ਕਾਲ ਵੀ ਨਹੀਂ ਹੈ, ਸ਼੍ਰੀ ਗੁਰੁਬਾਣੀ ਦ੍ਰਿਸ਼ਟਾਂਤ ਬੰਸਕੋ ਪੂਤੁ ਬੀਆਹਨ ਚਲਿਆ ਜਿਸਦੀ ਤ੍ਰਿਕਾਲ ਵਿੱਚ ਪ੍ਰਤੀਤੀ ਕਦੇਵੀ ਕਿਸੇਨੂੰ ਨਹੀਂ ਹੁੰਦੀ॥ ਪਰ:-

ਕ. ਸੰਸਾਰ ਸਰਵਤ੍ਰ ਪ੍ਰਤੀਤ ਤੇ ਅਨੁਭਵ ਸਿੱਧਹੈ! ਤਾਰਕਿਕ ਸਿੱਧਹੀ ਨਹੀਂ॥

ਖ. ਫੇਰ ਕੀ ਇਹ ਦੋਨੋ ਸਤਿ-ਅਸਤਿ ਹੈ? ਬਿਲਕੁਲ ਹੀ ਨਹੀਂ। ਕਿਉਂ? ਅਕਲ ਤੇ ਉਚੀ ਤਰਕ ਅਨੁਸਾਰ ਦੋਨੋ ਵਿਰੋਧੀ ਭਾਵ ਹਨ ਇਸ ਲਈਅਸੰਭਵਹੈ॥

ਗ. ਫਰ ਧਰਮ ਸ਼ਾਸਤ੍ਰ ਸੰਸਾਰ ਨੂੰ ਕਿਨ੍ਹਾਂ ਨਾਮ ਲਖਣਾ ਨਾਲ ਸੰਬੋਧਨ ਕਰਦੇ ਹਨ?

ਘ. ਪੁਰਾਤਨ-ਨਵਤਨ ਸਾਰੇ ਧਰਮ ਸ਼ਾਸਤ੍ਰ ਹੋਰ ਨਾਮਾਂ ਨਾਲ ਸੰਬੋਧਨ ਕਰਦੇ ਹਨ, ਓਹ ਚਲਦੀ ਲੜੀਦੇ ਸਾਰੇ ਸ਼ਬਦ ਸ਼ਿੰਖਲਾ ਦੇ ਸ਼ਬਦਾਂ ਤੋਂ ਭਿੰਨ ਅਰਥਕ ਹਨ?

ਛ. ਵੇਦਾਦਿ ਸੰਸਕ੍ਰਿਤ ਭਾਖ ਸ਼ਬਦ:-ਅਸਤ,ਕੂੜ,ਛਲ,ਮਾਯਾ,ਭ੍ਰਮ,ਮਿਥਿਆ ਆਦਿ ਹਨ ਤੇ ਹੀਬਰੂ-ਅਰਬੀ/ਫਾਰਸੀ ਭਾਖਾਦੇ ਸ਼ਬਦ: ਝੂਠ, ਦਰੋਹ (ਧੋਹ),ਆਦਿ ਲਖਣਾਦੇ ਹਨ॥

ਚ. ਸਾਵਧਾਨੀ ਨੋਟ:-ਧਰਮ ਸ਼ਾਸਤ੍ਰਾਂ ਨੇ ਬਹੁਤ ਦਾਰਸ਼ਨਿਕ ਸ਼ਬਦ ਦਿਤੇ ਹਨ ਜਿਨਾਂ ਨੂੰ ਪਭਿਾਸਿਕ ਤਰੀਕੇ ਨਾਲ ਸਮਝਣਾ ਜ਼ਰੂਰੀ ਹੈ, ਜਥਾ:-ਤਰਕ ਦ੍ਵਾਰਾ ਇਹ ਸਿੱਧਹੈ, ਕਿ, ਜੋਭੀ ਮਿਥਿਆ/ਝੂਠੀ ਵਸਤੁ ਹੁੰਦੀਹੈ ਓਹਦੀ ਹੋਂਦ ਬਿਨਾ ਅਧਿਸ਼ਠਾਨ ਦੇ ਕਦੀ ਨਹੀਂ॥ਅਸੱਤ/ਹਸਤੀ ਹੀ ਨਹੀਂ ਰਖਦੀ,ਮਿਸਾਲ:ਮਾਰੂ ਭੂਮੀ/ਰੇਗਸਤਾਨ ਦੇ ਰੇਤ ਬਿਨਾ ਮ੍ਰਿਗ-ਤ੍ਰਿਸ਼ਨਾਂ ਜਲ ਨਹੀਂ ਹੁੰਦਾ; ਜਾਂ ਤਿਨੇ ਕਾਲਾਂ ਵਿੱਚ ਸਮ ਸ੍ਵਰੂਪ ਵਿੱਚ ਥਿਤ ਹੁੰਦਾ ਹੈ, ਜਿਵੇਂ: ਦ੍ਰਸ਼ਟਾ ਸੁਪਨੇ ਤੋਂ ਪਹਿਲਾਂ ਸੀ, ਸੁਪਨਾ ਦੇਖਨ-ਅਨੁਭਵ ਵੇਲੇਹੈ ਤੇ ਜਾਗ੍ਰਿਤ ਸੁਪਨ ਅੰਤਕਾਲ ਵਿੱਚ ਸਿਮਰਣ ਰੂਪ ਨਾਲ ਬਿਆਨ ਕਰਦਾਹੈ। ਦ੍ਰਸ਼ਟਾਂ ਮਨ ਬਿਨਾ ਸੁਪਨਾਂ ਨਹੀਂ। ਤੈਸੇ, ਹਰੇਕ ਝੂਠੀ/ਮਿਥਿਆ ਹੋਂਦ ਆਪਣੇ ਅਧਿਸ਼ਠਾਨ ਦ੍ਰਸ਼ਟਾ ਬਿਨਾ ਨਹੀਂ ਹੋ ਸਕਦਾ॥ ਮਿਥਿਆ/ਝੂਠੀ ਵਸਤੁਦੀ ਹੋਂਦ ਦੀ ਲੰਬਾਈ,ਚੌੜਾਈ,ਗਹਰਾਈ ਆਪਣੇ ਅਧਿਸ਼ਠਾਨਤੋਂ ਭਿੰਨ ਹੋਂਦ ਹੀ ਨਹੀ ਨਾ ਘਟ-ਵਧ ਹੋਹੀ ਨਹੀ ਸਕਦੇ॥ ਅਖੀਰੀ: ਪੁਰਾਤਨ-ਨਵਤਨ ਸ਼ਾਸਤ੍ਰ ਵਿਸ਼੍ਵਸੰਸਾਰ ਨੂੰ ਬਾਰ ਬਾਰ ਮਿਥਿਆ, ਝੂਠਾ ਇਲਾਨ ਕਰਦੇ ਹਨ ਇਸ ਕਾਰਣ ਆਪਣ

247. ਪੁਨੁ.ਪੰਨੇ ੧:੨; ੨੮ਪ:ਪ।ਓ.ਪੰ. ੨੪ਪ:ਪ॥ ਤੇ ਸ਼੍ਰੀਮਦ-ਭਗਵਦ-ਗੀਤਾ: ੨।੧੬= ="नास्तो विद्यते भावो, नाभावो विद्यते मतः।..."

Sri Satguru Jagjit Singh Ji eLibrary NamdhariElibrary@gmail.com

ਮਾਨ/ਮਾਪ ਲੰਬਾਈ,ਚੌੜਾਈ,ਗਹਰਾਈ ਅਨੁਸਾਰ ਵਿਸ਼੍ਵ ਆਪਣੇ ਤ੍ਰਿਕਾਲ ਦ੍ਰਸ਼ਟਾ ਅਨੁਸ਼ਠਾਨਤੋ ਭਿੰਨ ਅਕਲ/ਤਰਕ ਦ੍ਵਾਰਾ ਅਸੰਭਵ ਹੈ॥ ਤੱਤ ਸਿਧਾਂਤ ਸਾਰੇ ਤਰਕ ਦਾ ਨਿਕਲਿਆ ਸਿੱਧ ਹੈ:

ਝੂਠੇ ਵਿਸ਼੍ਵ-ਸੰਸਾਰਦਾ ਤ੍ਰਿਕਾਲਾਬਾਦ ਅਧਿਸ਼ਠਾਨ ਸਤਿ-ਚਿਤ-ਆਨੰਦ ਬ੍ਰਹਮਹੈ॥ ਅਹੰਕਾਰ ਰੋਗੀ ਖਟ ਦਾਰਸ਼ਨੀ ਤ੍ਰਿਕਾਲਾਬਾਦ ਸਤਿ-ਚਿਤ-ਆਨੰਦ ਬ੍ਰਹਮ ਨਾ ਸਮਝੇ॥ ਐਸੇ ਭਾਰਤੀ-ਸਾਮੀ ਸ਼ਾਸਤ੍ਰਦੇ ਮੰਨਣ ਵਾਲੇ ਅਨੇਕ ਸੰਪ੍ਰਦਾਏ ਕਰਤਾ ਦੀ ਇਹ ਤੱਤ ਸਮਝੋਂ ਬਾਹਰ ਹੋਣ ਕਾਰਣ ਇਹ ਮੂਲ ਸ਼ਾਸਤ੍ਰਾਂ ਦੇ ਸਿਧਾਂਤ ਛੱਡਕੇ ਆਪਣੇ ਅਹੰਕਾਰ ਰੋਗ ਭਰੀ ਬੁਧਿ-ਮਨ ਘੜਤੇ ਪੂਰਵ-ਪਛਮ ਸਾਰੇ ਸ਼ਾਸਤ੍ਰਾਂ ਦੇ ਅੰਤਿਮ ਲੱਖਸ ਦਾ ਸਿੱਧਾਂਤ ਕਰਕੇ ਜਤਾਣ ਲਗੇ। ਇਸਤਰ੍ਹਾਂ ਆਪਣੇ ਹੰਕਾਰ ਰੋਗੀ ਭ੍ਰਮਿਤ ਮਨ-ਬੁਧੀ ਨੂੰ ਸਭ ਤੋਂ ਉੱਤਮ ਸਮਝਕੇ ਹੋਰਾਂ ਨਾਲ ਕਈ ਕਾਰਣਾਂ ਵਸ ਈਰਖਾ, ਦ੍ਵੇਸ਼, ਮਦ, ਮਤਸਰ ਕਾਰਣ ਗਲਤ ਸਿੱਧਾਂਤ ਜਤਾਏ॥

ਸ਼੍ਰੀਗੁਰੁਬਾਣੀ ਆਧਾਰ: ਗੁਰੁਸਿਖ ਘਰੇਲੂ ਫੌਜ ਬਾਬਤ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵਜੀ ਦਾ ਇਲਾਨ ਹੈ: ਅਸੁਰ ਸੰਘਾਰਣ ਰਾਮੁ ਹਮਾਰਾ॥ ਘਟਿਘਟਿ ਰਮਈਆ ਰਾਮੁ ਪਿਆਰਾ॥ ਇਸ ਕਾਰਣ ਇਹ ਉਪਦੇਸ ਦਿੱਤਾ: ਖੜ੍ਹੀ ਸੋ ਜੁ ਕਰਮਾ ਕਾ ਸੂਰੁ॥ ਪੁੰਨ ਦਾਨਕਾ ਕਰੈ ਸਰੀਰੁ॥ ਖੇਤੁ ਪਛਾਣੈ ਬੀਜੈ ਦਾਨੁ॥ ਸੋ ਖੜ੍ਹੀ ਦਰਗਹ ਪਰਵਾਣੁ॥ ਲਬੁ ਲੋਭੁ ਜੇ ਕੂੜੁ ਕਮਾਵੈ॥ ਅਪਣਾ ਕੀਤਾ ਆਪੇ ਪਾਵੈ॥ [ਓ.248]

ਬਿਨਾ ਜੰਗੀ ਗਿਆਨ ਕਾਰਣ ਨਵੇਂ ਵਿਅਖਿਆਕਾਰਾਂ ਦੋ ਪ੍ਰਧਾਨ ਵਸਤੂਆਂ ਦਾ ਵਰਣਨ ਕਦੇ ਨਹੀ ਕੀਤਾ: ਓਹ ਦੋ ਵਸਤੂਆਂ ਇਹ ਸਨ: 1. ਘਰੇਲੂ ਫੌਜ/ਰਸਾਲਾ ਸਿੱਖਕ: ਹਥਿਆਰ, ਅਸਲਾ, ਤੋਪਾਂ, ਘੋੜੇ, ਖੱਚਰ, ਊਠ, ਬੈਲਗਡੇ, ਲੰਗਰ ਪ੍ਰਬੰਧ ਤੇ 2. ਮੈਦਾਨ-ਏ ਜੰਗ ਦੀ ਫੌਜ, ਰਸਾਲਾ, ਤੋਪਖਾਨਾਂ ਚਤੁਰੰਗਣੀ ਸੈਨਾ, ਪੂਰੇ ਜੁਧਕਲਾ 'ਚ ਤਿਆਰ ਬਰ ਤਿਆਰ ਜੋਧੇਆਂ ਦੀ॥ ਮੁਢਲਾ ਪੜਾ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਤੋਂ ਛੇਵੇ ਸ਼੍ਰੀ ਜਗਦਗੁਰੂ ਹਰਿਗਬਿੰਦ ਸਾਹਿਬ ਦਾ ਸੀ, ਤੇ ਦੂਜਾ ਪੜਾ ਸਤਵੇਂ ਤੋਂ ਦਸਮੇ ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਦਾ; ਅਤੇ ਤੀਜਾ ਪੜਾ, ਅੰਗ੍ਰੇਜ਼ਾਂ ਵੱਲੋਂ ਪੁਰਾਣੀ ਰੀਤ ਢਾ, ਆਪਣੀ 1925 ਈਸ੍ਵੀ ਪਿੱਛੋਂ ਨਵੀਂ ਰੀਤ ਚਲਾਈ ਜੋ ਹੁਣ ਤਕ ਜਾਰੀ ਹੈ॥

ਕੋਈ ਅਚਰਜ ਨਹੀਂ, ਵਿਦੇਸ਼ੀ ਤੁਰਕਾਂ ਤਾਤਾਰਾਂ, ਮੋਂਗਲਾਂ, ਪਠਾਨਾਂ ਲਈ ਸਾਰੇ ਨਾਸਤਕ, ਆਸਤਿਕ ਇਕਸਾਰ ਸਨ, ਜਿਸ ਕਾਰਣ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਉਸੇ ਪਰਥਾਇ ਸ਼ਹਾਦਿਤ ਲਿਖੀ:-ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥ ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ॥

ਭਾਵ:-ਓਹਨਾ(ਮੋਂਗਲਾਂ) ਨੂੰ ਆਪਣੀਆਂ ਸ਼ਕਲਾਂ ਵਰਗੇ ਮਿਚੀਆਂ ਅੱਖਾਂ ਵਾਲੇਆਂ ਦੀ ਕੇਵਲ ਪਹਿਚਾਨ ਸੀ-ਪਰ ਹੋਰ ਭਾਰਤੀ ਤੇ ਮੱਧ ਏਸ਼ਿਆਈ ਧਰਮੀ, ਤੁਰਕ ਜੋਧੇ ਨਵਾਬ ਬੇਗ਼ਮਾਂ (ਭਟਿਆਣੀ); (ਭਾਰਤੀ) ਰਾਜੇ-ਰਾਣੀਆਂ (ਠਕੁਰਾਣੀ) ਦਾ ਕੋਈ ਫਰਕ ਦਾ ਪਤਾ ਨਹੀ ਸੀ। ਉਨ੍ਹਾਂ ਭਾਰਤੀ ਮੁਸਲਮਾਨ ਤੀਵੀਆਂ ਦੇ ਵੀ ਸਿਰ ਤੋ ਪੈਰ ਤਕ ਕਪੜੇ ਜਬਰਨ ਪਾੜੇ ਤੇ ਦੂਜੇ ਪਾਸੇ ਹਿੰਦੂ ਇਸਤ੍ਰੀਆਂ ਦੀ ਓਹੀ ਗਤਿ ਕਰ ਮਾਰ ਦਿਤੀਆਂ; ਇਹ ਹਾਲ ਸਾਂਝੇ ਭਾਰਤੀ ਹਿੰਦੂ-ਮੁਸਲਮਾਨ ਦੋਨਾਂ ਦਾ ਹੁੰਦਾ ਰਿਹਾ॥

Sri Satguru Jagjit Singh Ji eLibrary NamdhariElibrary@gmail.com

ਭਾਰਤੀ ਉੱਤਰ ਪੰਜਾਬ ਉਸ ਵੇਲੇ ਸਿੱਧਾ ਕਾਬਲ ਅਧੀਨ ਹੋ ਚੁਕਾ ਸੀ ਪਰ ਦੱਖਣੀ ਪੰਜਾਬ (ਮਾਲਵਾ: ਸਤਲੁਜ-ਜਮਨਾ ਮੱਧ ਇਲਾਕਾ) ਦਿੱਲੀ ਤਕ ਦੋਨੋਂ ਤਰਫੋਂ ਦਰੜਿਆ ਜਾ ਰਹਿਆ ਸੀ, ਅਰਥਾਤ:-

1. ਮੁਗ਼ਲ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ(ਸੰਨ:1719/20-48) ਦੀ ਫੌਜ ਅਤੇ 2.ਸ਼੍ਰੀ ਜਗਦਗੁਰੂ ਹਰਿਗੋਬਿੰਦ ਸਾਹਿਬ ਜੀ ਉਪਦੇਸ਼ੇ ਗੁਰੁ-ਸਿੱਖ ਮਿਸਲ ਗਿਆਨ ਸਿੱਖਸਤ ਮਰ੍ਹਾਠਾ ਸ੍ਵਾਮੀ ਸਮਰਥ ਰਾਮਦਾਸ ਛਤ੍ਰਪਤਿ ਸ਼ਿਵਾਜੀ ਨੂੰ ਸ਼੍ਰੀ ਜਗਦਗੁਰੂਜੀ ਦੀ ਸੀਖ ਉਤੇ ਮਰਾਠਾ ਮਿਸਲ ਬਣਾਈ ਜਿਥੇ ਮਰਾਠੇਆਂ ਨੇ ਕੇਵਲ ਵਿਦੇਸ਼ੀਆਂ ਨਾਲ ਜੂਝਨਾ ਸੀ, ਰਾਜ ਲਾਲਚ: ਧਰਮ ਅਨਭਿਗਜਤਾ ਕਾਰਣ ਗੁਰੁਸਿੱਖ-ਸਿੰਘਾਂ ਨਾਲ ਵੀ ਜੂਝੇ, ਤੇ ਕਦੀ ਮਿਲ ਵੀ ਪੈਂਦੇ॥

ਪਟਿਆਲਾ ਰਾਜ ਬਾਨੀ ਮਹਾਰਾਜਾ ਆਲਾ ਸਿੰਘਨੇ ਅਫਗ਼ਾਨ ਸ਼ਾਹ ਐਹਮਦ ਸ਼ਾਹ ਦੁਰਾਨੀ ਦੇ ਪੰਜਵੇ ਹਮਲੇ 'ਚ ਹੋਲਕਰ ਰਾਜ ਫੌਜ ਦੇ ਲੰਗਰ ਪਾਣੀ ਦੀ ਦੁਰਦਸ਼ਾ ਦੇਖ ਅਤੇ ਸਹਾਇਤਾ ਮੰਗਣ ਕਾਰਣ, ਮਦਦ ਦੇਣ ਉਤੇ ਮਰ੍ਹਾਠੇ ਬਚ ਗਏ॥ ਇਹ ਮਦਦ ਐਹਮਦ ਸ਼ਾਹ ਦੇ ਮਨ ਘਰ ਕਰ ਗਈ॥ ਛੇਵਾਂ ਹਮਲਾ ਐਹਮਦ ਸ਼ਾਹ ਦਾ ਤਾਰੀਖਨਿਵਾਜ਼ ਕਾਜ਼ੀ ਨੂਰ ਦੀਨ ਲਿਖਦਾ ਹੈ; ਬਦਲੇ ਲਈ ਸ਼ਾਹ ਮਲੇਰਕੋਟਲੇ ਨਵਾਬ ਦਾ ਮਹਿਮਾਨ ਹੋਆ; ਤੇ ਕੋਟਲੇ ਤੋਂ ਉਸਨੇ ਸਿੱਧਾ ਹਮਲਾ ਨਜ਼ਦੀਕ ਬਰਨਾਲੇ ਰਾਜਧਾਨੀ ਉਤੇ ਮਹਾਰਾਜਾ ਆਲਾ ਸਿੰਘ ਦੇ ਦੋ ਪਿੰਡਾਂ ਕੁਪ ਤੇ ਰਹੀੜੇ ਜੁਧ ਖੇਤ ਧਰਤੀ ਬਣਾ ਇਤਿਹਾਸਿਕ ਵਡਾ ਘਲੂਘਾਰਾ ਹੋਇਆ ਜਿਸ ਵਿੱਚ 30,000 ਸਿੰਘ ਸ਼ਹੀਦ ਹੋਇ; ਉਸੇ ਵਿੱਚ ਮਹਾਰਾਜਾ ਆਲਾ ਸਿੰਘਦੇ ਬੜੇ ਪੁਤ੍ਰ ਟਿੱਕਾ ਸਰਦੂਲ ਸਿੰਘ ਅਤੇ ਉਨ੍ਹਾਂ ਦੀ ਇਕਲੌਤੀ ਭੈਣ ਰਾਜਕੁਮਾਰੀ ਪ੍ਰਧਾਨ ਕੌਰ ਦੇ ਪਤੀ ਭਾਈ ਸ਼ਾਮ ਸਿੰਘ ਬੁਢੇਕੇ ਤੇ ਪੰਜ ਬਰਸ ਪੁਤ੍ਰ ਅਭੈ ਸਿੰਘ ਸ਼ਹੀਦ ਹੋਏ॥

ਰਾਜਕੁਮਾਰੀ ਪ੍ਰਧਾਨ ਕੌਰ ਵਿਧਵਾਪਨ ਵੈਰਾਗ ਅਸਹ ਹੋਣ ਕਾਰਣ ਮਹਾਰਾਜਾ ਆਲਾ ਸਿੰਘ ਨੇ ਆਪਣੇ ਰਾਜ-ਗੁਰੂ ਨਿਰਮਲੇ ਸੰਤ ਧਰਮ ਸਿੰਘ ਛੋਟਿਆਂ ਨਾਲ ਸਲਾਹ ਕੀਤੀ। ਓਨ੍ਹਾਂ ਦੀ ਰਾਇ ਉਤੇ ਕਾਸ਼ੀ (ਬਨਾਰਸ) ਦੇ ਸਰਵ ਮਾਨਜ ਕਥਾਵਾਚਕ ਨਿਰਮਲ ਸੰਤ ਨਿੱਕਾ ਸਿੰਘ ਨਿਮੰਤ੍ਰਤ ਕੀਤੇ ਕਿ ਓਹ ਸ਼੍ਰੀ ਗੁਰੁਬਾਣੀ ਦੇ ਸਮਨ੍ਵੈ ਨਾਲ ਬਾਲਮੀਕ ਰਿਖੀ ਕ੍ਰਿਤ ਯੋਗ ਵਸਿਸ਼ਠ ਪੁਰਾਣ ਇਲਾਕੇ ਦੇ ਲੋਕਾਂ ਨੂੰ ਸੁਣਾਨ॥ ਸੰਤਜੀ ਥੋੜੇ ਮਹੀਨੇ 'ਚ ਪੱਛਮ ਜਾਂਦੇ ਟਾਂਡੇ 'ਚ ਕਾਸ਼ੀ ਤੋਂ ਪੰਜਾਬ ਜੰਗਲ ਬਰਨਾਲੇ (ਕੁਰੂ-ਜਾਂਗਲ/ਬਠਿੰਡੇ ਪਾਸ ਪੁਰਾਣੀ ਪਟਿਆਲਾ ਰਾਜਧਾਨੀ) ਪਹੁੰਚੇ ॥

ਮਹਾਰਾਜਕੁਮਾਰੀ ਪ੍ਰਧਾਨ ਕੌਰ ਨੇ ਸਾਰੀ ਸੰਗਤ ਵਿੱਚ ਬੈਠ ਸਾਲ ਭਰ ਸ਼੍ਰੀ ਗੁਰੁਬਾਣੀ ਸਮੰਨ੍ਵਿਤ ਯੋਗ ਵਸਿਸ਼ਠ ਪੁਰਾਣ ਕਥਾ ਸੁਣੀ ਅਤੇ ਅਲਹਿਦਾ ਗੁਰਮੁਖੀ-ਸੰਸਕ੍ਰਿਤ ਪੜ੍ਹਕੇ ਆਪ ਧੁਰੰਦਰ ਵਿਦ੍ਵਾਨ ਬਣ ਆਪਣੇ ਪਿਤਾ ਮਹਾਰਾਜਾ ਆਲਾ ਸਿੰਘ ਤੋਂ 30 ਪਿੰਡਾਂ ਦਾ ਪਟਾ ਬਰਨਾਲੇ ਡੇਰੇ ਲਈ ਮਾਫੀ ਲਿਖਵਾਯਾ। ਤਿਆਗੀ ਸੰਤਾਂ ਨੇ ਮੂੰਹ ਰਖਣ ਲਈ ਇੱਕ ਪਿੰਡ ਡੇਰੇ ਨਾਮ ਰਖ, ਬਾਕੀ ਲੈਣ ਤੋਂ ਜਵਾਬ ਦੇ ਦਿਤਾ ॥

ਗੁਰੁ-ਸਿੱਖ-ਸਿੰਘ ਘਰੇਲੂ (HOMEFORNT) ਤੇ ਜੁੱਧ ਖੇਤ੍ਰ ਫੌਜ(FOREFRONT)

ਮ:5- ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ॥

ਬਿਪਰੀਤ ਬੁਧਸੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ॥

ਮਹਾਰਾਜਾ ਆਲਾ ਸਿੰਘ ਜੀ (ਸੰਨ:1691-1714-65)ਬਰਨਾਲੇ ਰਾਜਧਾਨੀ 'ਚ ਨਿਰਮਲ

Sri Satguru Jagjit Singh Ji eLibrary NamdhariElibrary@gmail.com

ਸੰਤ ਨਿੱਕਾ ਸਿੰਘ ਨੇ ਸ਼੍ਰੀਗੁਰੁਬਾਣੀ ਦੇ ਚਾਰ ਪਦਾਰਥ, ਧਰਮ,ਅਰਥ,ਰਾਜਜੋਗ ਨੀਤੀ,ਕਾਮ, ਮਖ, ਵਿਦਿਆਵਾਂ ਦੀ ਸਿਖਿਆ ਗੁਰੁਪੰਥ ਧਰਮ ਜੁਧ ਅਰਥ ਸਮਝਾਏ॥ ਉਨ੍ਹਾਂ ਨੇ ਸਾਰੇ ਗੁਰੁ ਸਿੱਖ ਪੰਥੀ ਰਾਜੇ, ਸਰਦਾਰਾਂ 'ਚ ਨਵੀਂ ਰੂਹ ਥਾਪੀ॥ ਪੁਰਾਣੀ ਰੀਤ ਦਾਨ ਸੁਮਾਰਤ ਧਰਮ ਅਨੁਸਾਰ ਕੇਵਲ ਬ੍ਰਾਹਮਣ, ਸੰਨਿਆਸੀ, ਬੈਰਾਗੀ ਗਰੀਬਾਂ ਨੂੰ ਹੀ ਦਿਤਾ ਜਾਂਦਾ ਸੀ, ਇਕ ਦਮ ਸੰਨਿਆਸੀ, ਬੈਰਾਗੀ ਉਸ ਨੂੰ ਫੇਰ ਛੇੜਨ ਤਕ ਨਹੀਂ ਦਿੰਦੇ ਸਨ; ਓਹ ਓਨ੍ਹਾਂ ਦੀ ਹੋਈ ਪਰ ਹੁਣ ਐਥੇ ਗੱਲ ਨਹੀਂ ਮੁਕੀ -- ਜਦ ਮਹਾਰਾਜਾ ਆਲਾ ਸਿੰਘਜੀ ਨੇ ਨਿਰਮਲੇ ਸੰਤਾਂਨੂੰ 30 ਪਿੰਡ ਦਾਨ ਕੀਤੇ-ਤੇ ਓਨ੍ਹਾਂ ਇਕੋ ਹੀ ਦਾਨ ਲਿੱਤਾ, ਤਾਂ ਸ਼੍ਰੀਵਿਸ਼੍ਗੁਰੂਜੀਦਾ ਭੋਗ ਜਾਣਕੇ ਸਾਰੀ ਸੰਗਤ ਨੂੰ ਭੋਗ ਰੂਪ'ਚ ਓਥੇ ਛਾਦਨ, ਭੋਜਨ ਅਰਥ ਭਾਗ ਬਰਤਾ ਦੇਣਾ ਠੀਕ ਜਾਣ, ਚੌਥੇ ਸ਼੍ਰੀ ਜਗਦਗੁਰੂ ਬਚਨ ਅਨੁਸਾਰ ਅਮਲੀ ਰੂਪ'ਚ ਕਰਣਾ ਠੀਕ ਸਮਝਿਆ,ਜਥਾ ਮਲਾਰ ਮਹਲਾ 4:-

"ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ,ਹਰਿ ਹਰਿਕਥਾ ਸੁਣਾਵੈ॥ ਤਿਸੁ ਗੁਰਕਉ ਛਾਦਨ ਭੋਜਨ ਪਾਟ ਪਟੰਬਰ,ਬਹਬਿਧਿ ਸਤਿਕਰਿ ਮੁਖਿਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥ 4॥ "[249]

ਉਸ ਵੇਲੇ, ਅਤੇ ਹੁਣ ਵੀ ਸਾਰੇ ਭਾਰਤ ਹਿੰਦੂ ਮੰਦਰਾਂ 'ਚ ਦੇਵਾਂ ਨੂੰ ਭੋਗ ਲਗਿਆ ਵੀ ਖਰੀਦਨਾ ਪੈਂਦਾ ਹੈ--ਮੁਫਤ ਭੰਡਾਰ ਦੀ ਗੱਲ ਤਾਂ ਕੀ ਹੋਣੀ ਸੀ; ਅਤੇ ਸੂਫੀ ਖਾਨਗਾਹ ਲੰਗਰਾਂ ਲਈ ਸਾਰੇ ਦਾਨ ਜਿਨਾ ਮਰਜ਼ੀ ਕੋਈ ਵੀ ਧਰਮੀ ਦੇ ਸਕਦਾ ਹੈ, ਓਹ ਫਟ ਲੈ ਲੈਂਦੇ ਹਨ--ਪਰ ਮੁਸਲਮਾਨ ਬਿਨਾ ਕੋਈ ਲੰਗਰ 'ਚ ਖਾ ਨਹੀ ਸਕਦਾ,(ਅਤੇ ਯਹੂਦੀ, ਇਸਾਈਆਂ ਦੇ ਗਿਰਜੇਆਂ ਸਭ ਖਰੀਦ ਕੇ ਖਾ ਸਕਦੇ ਹਨ--ਮੁਫਤ ਕੁਛ ਨਹੀਂ)॥

ਇਕੋ ਇਕ ਸ਼੍ਰੀ ਗੁਰੁਸਿੱਖ ਲੰਗਰ ਸਾਰੀ ਦੁਨਿਆਂ 'ਚ ਹਨ, ਜਿਥੇ ਭੋਗ ਤੇ ਲੰਗਰ ਭੰਡਾਰੇ ਖੁਲ੍ਹੇ ਗਫੇ ਮੁਫਤ ਬਰਤਾਂਦੇ ਹਨ ॥ ਇਹੀ ਕਾਰਣ ਸੀ ਉਦਾਸੀ-ਨਿਰਮਲੇ ਆਸ਼੍ਰਮਾ'ਚ ਦਾਨ ਦੇਣ 'ਚ ਦੋਨੋਂ ਗੁਰੂਦੀ ਘਰੇਲੂ ਫੌਜ ਲਈ, ਤੇ ਖਾਸ਼ ਕਰ ਨਿਰਮਲੇ ਸੰਤ ਆਸ਼੍ਰਮਾਂ 'ਚ ਸਦਾ ਸ਼ੁਰੂ ਤੋਂ ਛਾਦਨ, ਲੰਗਰ ਅਤੇ ਜੁੱਧ ਸਿਖਿਆ ਥਾਂ ਜੁੱਧ ਖੇਤ੍ਰ ਫੌਜੀ ਅਖਾੜੇ ਬਣੇ ਸਨ॥ ਸੰਨਿਆਸੀ, ਬੈਰਾਗੀਆਂ ਆਦਿਆਂ ਨੂੰ ਓਦੋਂ ਦਾਨ ਦੇਣੇ ਨਿਸ਼ਫਲ ਲਗੇ ॥ ਐਸਾ ਦਾਨ ਫਲ ਦੇਖ ਹੋਰ ਜਿਨੇ ਵੀ ਧਰਮ ਸੰਸਥਾਵਾਂ ਥੀਆਂ-ਸਾਰੇ ਉਦਾਸੀ-ਨਿਰਮਲੇਆਂ ਦਾ ਧਰਮ ਪ੍ਰਚਾਰ ਦੇਖ ਧੰਨ ਕਰਕੇ ਈਰਖਾ, ਦ੍ਵੇਖ ਕਰਦੇ, ਜਲਦੇ, ਲੜਦੇ ਮੌਕਾ ਤਕਦੇ ਰਹਿੰਦੇ, ਇਸ ਦਾ ਅਗੇ ਸੰਖੇਪ ਵਰਣਨ ਹੈ॥

ਮਹਾਰਾਜਾ ਆਲਾ ਸਿੰਘ ਜੀ ਪਟਿਆਲਾ ਰਾਜਧਾਨੀ ਬਣਾਦੇ ਬਸਾਂਦੇ ਦੇਹਾਂਤ ਹੋ ਗਿਆ, ਉਸ ਮੌਕੇ ਉਤੇ ਬਰਨਾਲੇ ਮਹਾਰਾਜਕੁਮਾਰੀ ਪ੍ਰਧਾਨ ਕੌਰ ਨੇ ਸਭਤੋਂ ਪਹਿਲਾਂ ਪਟਿਆਲੇ, ਇੱਕ ਬਰਸ ਪਿੱਛੋਂ ਬਰਨਾਲੇ ਪਹਿਲੀ ਬਰਸੀ ਮਨੌਣ ਲਈਂ ਨਿਰਮਲ ਸੰਤ ਨਿੱਕਾ ਸਿੰਘ, ਬਰਨਾਲਾ ਅਤੇ ਰਾਜ ਗੁਰੁ ਸੰਤ ਧਰਮ ਸਿੰਘ ਛੋਟੇ ਦੇ ਚਾਟੜੇ ਨੈਬ-ਮਹੰਤ ਠੋਕਰੀਵਾਲ ਸੰਤ ਧਰਮ ਸਿੰਘ ਦੀ ਸਲਾਹ ਨਾਲ ਪਹਿਲਾ ਗੁਰੁਸਿਖ ਵਿਦ੍ਵਾਨ ਸਮੇਲਨ (*Guru Sikh* Education Conference) ਵਿਚਾਰਿਆ,ਅਗਲੇ ਬਰਸ ਸੰਨ 1767 ਜੋ ਪੌਂਟੇ ਤੋਂ ਪਹਿਲੇ ਪੰਦਰਾਂ ਕਾਸ਼ੀ ਨਿਰਮਲ ਸੰਤ ਕਰਮ ਸਿੰਘ, ਚੰਦਨ ਸਿੰਘ ਦੇ ਉੱਤਰਾਧਿਕਾਰੀ ਸ਼੍ਰੀ ਗੁਰੁਬਾਣੀ ਦਾ ਉਪਦੇਸ਼ ਦੇਣ ਨਿਮੰਤ੍ਰਿਤ ਕੀਤੇ:-

249. ਪੁਨ੍ਹ,ਓ,ਪੰ.੧੩ਪਏ:੫; ਅ. ਪੰ. ੧੨ਏ੪:੪; ਦੇਖੋ: ਛਾਦਨ ਭੋਜਨ... ਪੰਨੇ: ੧੪੦:ਏ; ਪ੧੩:੧੧; ਏ੮ਪ:੧੮; ੭੭੯:੧੨; ੧੦੧੩:੧੨; ਆਦਿ॥

Sri Satguru Jagjit Singh Ji eLibrary NamdhariElibrary@gmail.com

1. ਨਿਰਮਲ ਸੰਤ ਕੁਇਰ ਸਿੰਘ, ਅੰਮ੍ਰਿਤਸਰ ਨਿਰਮਲ ਬੁੰਗੇਵਾਲੇ; 2.ਨਿਰਮਲ ਸੰਤ ਸਮੀਰ ਸਿੰਘ, ਹਰਿਗੋਬਿੰਦਪੁਰੀ-ਫਤੇਆਬਾਦੀ; 3. ਨਿਰਮਲ ਸੰਤ ਮਿਲਾਪ ਸਿੰਘ, 5.ਮੇਲਾ ਸਿੰਘੀਏ ਸਾਧੁ; 6.ਨਿਰਮਲ ਸੰਤ ਬਿਸ਼ਨ ਸਿੰਘ, ਬਹਾਲ ਸਿੰਘ ਸਾਧੂ; 7.ਨਿਰਮਲ ਸੰਤ ਲੋਚਾ ਸਿੰਘ, ਖਡੂਰੀ ਸਾਧੂ; 8.ਨਿਰਮਲ ਸੰਤ ਰਾਮ ਸਿੰਘ, ਅੰਮ੍ਰਿਤਸਰੀਏ ਦਿਆਲ ਸਿੰਘ ਜੀ ਕੇ ਸੰਤ; 9.ਨਿਰਮਲ ਸੰਤ ਦੀਪ ਸਿੰਘ, ਜਿਨ੍ਹਾਂ ਦੇ ਖੁਦਾ ਬਕਸ਼ ਸਿੰਘ ਦੇ ਸ਼ਿਸ਼ ਹਨ; 10.ਨਿਰਮਲ ਸੰਤ ਗੁਲਾਬ ਸਿੰਘ (ਮੋਖ ਪੰਥ ਕਰਤਾ), ਸ਼ਿਸ਼ ਗਰਜਾ ਸਿੰਘ ਕਨਖਲ ਕਪਾਲਮੋਚਨ ਵਾਲੇ;ਤੇ ਪ੍ਰਸਿੱਧ 11.ਨਿਰਮਲ ਸੰਤ ਸਦਾ ਸਿੰਘ ਨੂੰ ਪ੍ਰਧਾਨ ਥਾਪ, ਹੋਰ ਬਹਤ ਨਿਮੰਤ੍ਰਣ ਕੀਤੇ, ਤੇ ਬਹੁਤ ਸੁਨਕੇ ਆਪੇ ਸਤਸੰਗ 'ਚ ਆਏ॥ ਉਸ ਕਾਲ ਡੇਰਾ ਬਰਨਾਲਾ, ਡੇਰਾ ਠੀਕਰੀਵਾਲ ਨਿਰਮਲ ਸੰਤ ਸਦਾ ਸਿੰਘ ਸਪੁਰਦ ਗੁਰਮੁਖੀ ਵਿੱਦਿਯਾ 'ਚ ਗੁਰਬਾਣੀ ਸਾਰੇ ਇਲਾਕੇ ਦੇ ਬੱਚਿਆਂ ਤੇ ਲੋਕਾਂ 'ਚ ਮੁਫਤ ਪੜ੍ਹੌਣ ਦੀ ਜੁਮੇਵਾਰੀ ਲਾਈ॥ [250]

ਇਸ ਪਿਛੋਂ ਪਟਿਆਲਾ ਰਾਜ ਦੇ ਕੋਹਿਸਤਾਨ(ਹਿਮਾਚਲ ਦਾ ਬਹੁਤਾ ਇਲਾਕਾ), ਬਾਂਗਰ (ਹਰਿਆਨਾ ਮੁਖ ਇਲਾਕੇ ਰਾਜਸਥਾਨ ਹੱਦ ਤਕ) ਸਾਰੀ ਸਰਕਾਰੀ ਕਾਰਵਾਈ ਗੁਰੁਮੁਖੀ ਅੱਖਰਾਂ 'ਚ ਹੋਣ ਕਾਰਣ ਸਭ ਪਹਾੜੀ, ਬਾਂਗਰੂ ਗੁਰੁਸਿੱਖੀ ਦੇ ਗੁਟਕਿਆਂ ਤੋਂ ਪਾਠ ਕਰਦੇ ਰਹੇ॥

ਦੂਜੇ ਪਾਸੇ ਅੰਗ੍ਰੇਜ਼ ਰਾਜ ਦਾ ਭਾਰਤ ਵਿੱਚ ਦਬ ਦਬਾ ਕਰਕੇ ਮੋਗ਼ਲ ਸਲਤਨਤ ਦਾ ਜਜ਼ੀਆ[251] ਖਤਮ ਹੋਯਾ, ਜਿਸ ਕਰਕੇ ਤੀਰਥਾਂ ਤੇ ਬਹੁਤ ਇਕੱਠ ਹੋਣ ਲਗ ਪਿਆ॥ ਬੇਧੜਕ ਧਨਾਡ, ਸੇਠ, ਰਾਜੇ, ਰਾਣੇ, ਮਹਾਰਾਜੇ ਆਪਣੀਆਂ ਫੌਜਾਂ ਨਾਲ ਆਣ ਜਾਣ ਲਗੇ ॥ ਜਿਵੇਂ ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਕਪਾਲਮੋਚਨ ਤੀਰਥ ਜਾਕੇ 50-100 ਹਿੰਦੂ ਰਾਜੇਆਂ ਨੂੰ ਸਿਰੋਪਾਓ ਬਖਸੇ[252] ਉਸੇ ਮਰਜਾਦਾ ਅਨੁਸਾਰ ਪੰਜਾਬੀ ਗੁਰੁਸਿੱਖ ਧਨਾਡ, ਸਰਦਾਰ, ਰਾਜੇ, ਮਹਾਰਾਜੇ ਵੀ ਨਜ਼ਦੀਕੀ ਦੋਨੋ ਗੁਰੁਸਿੱਖ ਅਤੇ ਹਿੰਦੂ ਤੀਰਥਾਂ ਉਤੇ ਜਾ ਸਾਧ ਸੰਤਾਂ ਦੇ ਦਰਸ਼ਨ ਪਰਸ਼ਨ ਕਰਨ ਲਗੇ। ਸਾਧੂ ਸੰਤ ਮੰਡਲੀਆਂ 'ਚ ਜਾ ਕੇ ਅਨੇਕ ਉਪਦੇਸ ਸੁਣ ਆਪਣਾ ਜੀਵਨ ਉਨ੍ਹਾਂ ਸਿਖਿਆ ਉਤੇ ਅਮਲ ਕਰ ਜੀਵਨ ਸੁਫਲ ਕਰਦੇ॥ ਅਸਲ ਤੀਰਥ (ਪਵਿਤ੍ਰ ਕਰਤਾ) ਪਾਣੀ ਨਹੀਂ; ਸਾਧੂ ਤੋਂ ਮਿਲਿਆ ਬ੍ਰਹਮ ਗਿਆਨ ਉਪਦੇਸ਼ ਹੈ, ਜਥਾ ਸ਼੍ਰੀ ਗੁਰੁ ਵਾਕ ਮਲਾਰ ਮਃ4:-ਗੰਗਾ ਜਮੁਨਾ ਗੋਦਾਵਰੀ ਸਰਸੁਤੀ,ਤੇ ਕਰਹਿ ਉਦਮੁ ਧੂਰਿ ਸਾਧੂਕੀ ਤਾਈ॥ ਕਿਲਵਿਖ ਮੈਲੁਭਰੇ ਪਰੇਹਮਰੈ ਵਿਚਿ,ਹਮਰੀ ਮੈਲੁ ਸਾਧੂਕੀ ਧੂਰਿ ਗਵਾਈ॥ ਤੀਰਥਿ ਅਠਸਠਿ ਮਜਨੁ ਨਾਈ॥ ਸਤਸੰਗਤਿ ਕੀ ਧੂਰਿ ਪਰੀ ਉਡਿ ਨੇੜੀ,ਸਭ ਦੁਰਮਤਿ ਮੈਲੁ ਗਵਾਈ॥ [253]

ਭਾਵ, ਹੰਕਾਰ ਰਹਿਤ ਸਤਸੰਗ ਕਰ ਰਾਜ ਹੰਕਾਰ ਰਹਿਤ: ਸਤਸੰਗਤ 'ਚ ਨਿਮਾਣੇ ਹੋਕੇ ਅਮਲੀ ਬ੍ਰਹਮ ਗਿਆਨ ਪ੍ਰਾਪਤ ਕਰਦੇ॥ ਇਸ ਤਰ੍ਹਾਂ ਅਨੇਕ ਗੁਰੁਸਿੱਖ ਸਰਦਾਰ, ਰਾਜਾ

---

250. ਸ਼੍ਰੀ ਗੁਰੁ ਤੀਰਥ ਸੰਗ੍ਰਹ. ਪੰ.੨੭੩ ਤੁਕ ੩ -੧੭ ਆਦਿ ॥

251. ਨੋਟ:- ਇੱਕ ਹਰਿਦ੍ਵਾਰ ਤੀਰਥ ਬਿਨਾ ਕਰ (ਜਜ਼ਿਆ)ਬੰਦ ਸੀ. ਅੰਗ੍ਰੇਜ਼ਨੇ ਗੰਗ(ਹਰਿ)ਦ੍ਵਾਰਦਾ ਮਹਾਤਮ ਸਮਝਕੇ ਉਥੇ ਲਖਾਂ ਯਾਤ੍ਰੀਆਂਦੇ ਇਕਠ ਕਰਕੇ ਭਾਰਤਦੇ ਹਰ ਕੋਨੇ ਕਲਕਤੇ, ਮਦਰਾਸ, ਮੁਬਈ ਆਦਿ ਹਰਿਦ੍ਵਾਰਦੇ ਰੇਲਵੇ ਟਿਕਟ ਵਿੱਚ ਪਹਿਲਾਹੀ ਕਰ ਜੋੜ ਦਿਤਾ ਸੀ, ਜੋ ਹੁਣ ਤਕ ਪ੍ਰਚਲਿਤਹੈ ॥

252. ਸ਼੍ਰੀ ਦਸ਼ਮ ਗ੍ਰੰਥ ਚਿਰਿਤ੍ਰ ਉਪਾਖਿਆਨ: ਦੇਖੋ, ਗੁਰੁ ਪ੍ਰਤਾਪ ਸੂਰਜ, ਮਹਾਨ ਕੋਸ਼:

253. ਪੁਨ੍ਹ. ਪੰ.੧੨੬੩:੫; ਆਦਿ ॥ ਦੇਖੋ .. ਪੁਰਾਣ:-ਸਾਧਨਾਂ ਦਰਸ਼ਨਂ ਪੁਨ੍ਯਂ, ਤੀਰ੍ਥ ਸੁਰਵਨ੍ਤਿ ਸਾਧਵਾ: ਤੀਰ੍ਥ ਕੁਰ੍ਵੰਨ੍ਤਿ ਤੀਰ੍ਥਾਨਿ ਸ੍ਵਾਨ੍ਤਸ੍ਤੇਨ ਗਦਾਵ੍ਰਤ॥"

Sri Satguru Jagjit Singh Ji eLibrary NamdhariElibrary@gmail.com

ਫਰੀਦਕੋਟ, ਮਹਾਰਾਜਾ ਰਣਜੀਤ ਸਿੰਘ, ਲਾਹੌਰ, ਮਹਾਰਾਜਾ ਪਟਿਆਲਾ ਆਦਿ ਸੰਤਾਂ ਦੇ ਦਰਸ਼ਨ ਕਰਨ ਤੀਰਥਾਂ ਨੂੰ ਜਾਂਦੇ ਰਹੇ॥

ਪਟਿਆਲਾ ਮਹਾਰਾਜਾ ਅਮਰ ਸਿੰਘ(ਸੰਨ:1748-65-81) ਰਾਜ ਕਾਲ 'ਚ ਰਮਤ ਉਦਾਸੀ ਨਿਰਵਾਣ ਪ੍ਰੀਤਮ ਦਾਸ ਸੰਨ 1779 ਵਿੱਚ ਗੁਰੁਸਿਖਾਂ ਦਾ ਪ੍ਰਚਾਰ ਕੁਛ ਠੀਕ ਇੰਤਜ਼ਾਮ ਨਾ ਹੋਣਾ, ਭੋਜਨ ਲਈ ਲੰਗਰ ਠੀਕ ਨਾ ਚਲਨ ਆਦਿ ਕਾਰਣ, ਸੰਨਿਆਸੀ ਤੇ ਵੈਸ਼ਣਵ-ਵੈਰਾਗੀ ਅਖਾੜੇਆ ਤਰ੍ਹਾਂ ਘਾਟ ਹੋਣ ਕਾਰਣ ਪ੍ਰਚਾਰ ਢਿਲਾ ਪਇਆ॥ ਉਦਾਸੀ ਪ੍ਰੀਤਮ ਦਾਸ ਨੇ ਸ਼ੁਧ ਧਰਮ ਸੰਕਲਪ ਦੱਖਣ ਹੈਦਰਾਬਾਦ ਰਾਜ ਦੇ ਜਾਗੀਰਦਾਰ ਨਾਨਕ ਚੰਦ ਦਾ ਚਾਚਾ, ਜੋ ਉਸ ਕਾਲ ਵਜ਼ੀਰ-ਇ ਆਜ਼ਮ ਚੰਦੂ ਲਾਲ ਦਾ ਮਨ ਪ੍ਰੇਰਿਆ; ਉਸ ਨੇ ਉਦਾਸੀ ਗੁਰੁਸਿੱਖ ਨਿਰਵਾਣ ਪ੍ਰੀਤਮਦਾਸ ਨੂੰ ਸੱਤ ਲੱਖ ਰੁਪਯੇ ਭੇਟ ਕੀਤੇ॥ ਨਿਰਵਾਣ ਪ੍ਰੀਤਮਦਾਸ ਨੇ ਤੀਰਥਰਾਜ ਪ੍ਰਯਾਗਰਾਜ ਤ੍ਰਿਵੈਣੀ 'ਚ ਲਿਆਕੇ ਦਸਨਾਮ ਉਦਾਸੀਨ ਗੁਰੁਸਿਖ ਸਾਧੂ ਸਮਾਜ ਸਾਹਮਣੇ ਰੱਖੇ, ਤੇ ਸ਼੍ਰੀਗੁਰੂ ਉਦਾਸੀ ਅਖਾੜੇ ਥਾਪਣ ਦਾ ਸੰਕਲਪ ਪ੍ਰਗਟ ਕੀਤਾ॥ ਉਨ੍ਹਾ ਦੀ ਭਾਵਨਾ ਅਨੁਸਾਰ ਉਸੇ 1779 ਸੰਨ 'ਚ ਪੰਚੈਤੀ ਉਦਾਸੀ ਅਖਾੜਾ ਸੰਨਿਆਸੀ, ਬੈਰਾਗੀ ਮੁਕਾਬਲੇ ਮਹੰਤ, ਸੰਤ ਚਾਰੇ ਕੁੰਭਾਂ ਤੇ ਜ਼ਮੀਨ ਲੈ ਉਦਾਸੀ ਅਖਾੜੇ ਥਾਟ ਨਾਲ ਲੰਗਰ ਆਸ਼੍ਰਮ ਆਦਿ ਥਾਪੇ॥

ਕੁਛ ਚਿਰ ਪਿੱਛੋਂ ਉਦਾਸੀ ਅਖਾੜੇ ਸ਼੍ਰੀ ਗੁਰੁਸਿੱਖ ਭਾਈ ਫੇਰੂ ਸੰਗਤ ਸਾਹਿਬ ਸੰਪ੍ਰਦਾਈ ਸਾਧੂ: ਸੰਤੋਖ ਦਾਸ,ਹਰਿਨਾਰਾਯਣ ਦਾਸ, ਸੂਰ ਦਾਸ ਆਦਿਆਂ ਦਾ ਆਪਸ ਵਿਗਾੜ ਹੋਣ ਤੇ ਸ਼੍ਰੀ ਗੁਰੁ ਉਦਾਸੀ ਨਯਾ ਅਖਾੜਾ ਬਣਾਇਆ। ਓਹ ਛੋਟਾ ਉਦਾਸੀ ਅਖਾੜਾ ਨਾਂ ਪ੍ਰਸਿਧ ਹੈ, ਤੇ ਸਾਰੇ ਤੀਰਥਾਂ ਉਤੇ ਸੋਹਣਾ ਇੰਤਜ਼ਾਮ ਹੈ॥ ਫੂਲਕੀਆਂ ਰਿਯਾਸਤ ਪਟਿਆਲੇ, ਨਾਭਾ, ਜੀਂਦ 'ਚ ਉਦਾਸੀ ਧੂਣੇ ਦੋਨੋਂ ਅਖਾੜੇ ਡੇਰੇ ਹਨ॥

ਦਖਣੀ ਪੰਜਾਬ ਪਟਿਆਲਾ ਦੇ ਤੀਜੇ ਮਹਾਰਾਜਾ ਸਾਹਿਬ ਸਿੰਘ (ਸੰਨ:1773-81-1813) ਰਾਜ ਵੇਲੇ ਤਕ ਗੁਰੁਪੰਥ ਉਦਾਸੀ-ਨਿਰਮਲੇ ਦੋਨੋ ਇਕੱਠੇ ਸੰਤਸੰਗ ਕਰ ਮੁਕਤੀ ਸਾਧਨ ਬ੍ਰਹਮ ਗਿਆਨ ਵਿਚਾਰ ਬਰਾਬਰ ਰਾਜਜੋਗ ਭੁਕਤੀ ਮੁਕਤੀ ਸਾਧਨ ਚਲਾਂਦੇ ਰਹੇ॥

ਉੱਤਰੀ ਪੰਜਾਬ (ਲਾਹੌਰ 'ਚ) ਮਹਾਰਾਜਾ ਰਣਜੀਤ ਸਿੰਘ ਜੀ ਸ਼੍ਰੀਗੁਰੂ ਪੰਥਦੇ ਬੜੇ ਸ਼੍ਰਧਾਲੂ ਸਨ॥ ਦਸਮ ਸ਼੍ਰੀਗੁਰੂਜੀਦੇ ਮਰ੍ਹਾਜ-ਫੂਲ ਨਾਨਕਾ ਮਿਸਲ ਰਾਜ, ਜੋ ਸਤਲੁਜ-ਜਮੁਨਾ ਮੱਧ ਸ਼੍ਰੀ ਗੁਰੂ ਵਰ-ਅਸੀਸ ਪਾਏ ਰਾਜ ਦੀ ਪੂਰੀ ਇਜ਼ਤ ਕਰਦੇ ਰਹੇ, ਕਾਰਣ ਕਿ ਓਨ੍ਹਾ ਦੇ ਪਿਤਾ ਅਤੇ ਚਾਰ ਹੋਣਹਾਰ ਹੋਰ ਛੇ ਮਿਸਲਾਂ ਦੇ ਬਾਨੀ ਬਜ਼ੁਰਗ ਬਾਬਾ ਦੀਪ ਸਿੰਘ (ਸ਼ਹੀਦ) ਨਾਲ ਜੁੜਕੇ ਬਰਨਾਲੇ ਜੁਧ 'ਚ ਮਹਾਰਾਜਾ ਆਲਾ ਸਿੰਘਜੀ ਦੀ ਮਦਦ ਲਈ ਜੁੜ ਕੇ ਵਿਜੈ ਪਾਈ।[254] ਉਸਦੀ ਧਾੜ ਸ਼ੋਹਰਤ ਪੰਜਾਬ ਭਰ ਵਿੱਚ ਫੈਲੀ ਸੀ॥ ਮਹਾਰਾਜਾ ਰਣਜੀਤ ਸਿੰਘ ਦੀ ਪਰਵਿਰਤੀ ਕੇਵਲ ਜੁਧ ਬਲ ਭੁਕਤੀ ਤਰਫ ਸਦਾ ਰਹੀ, ਜਿਸ ਕਾਰਣ ਉੱਤਰ ਸਤਲੁਜ ਪਾਰ

254. ਨੋਟ:-ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਆਲਾ ਸਿੰਘ ਦੀ ਸਕੀ ਰਿਸ਼ਤੇਦਾਰੀ ਸੀ॥ ਓਹ ਉਨ੍ਹਾਂ ਦੇ ਸਕੇ ਭਾਇਆਂ ਦੇ ਪੋਤੇ ਦੇ ਭਾਣਜੇ ਸਨ। ਆਪਸ ਵਿੱਚ ਨਜ਼ਦੀਕੀ ਬਰਤਵਾਰਾ ਰਿਹਾ॥ ਅੱਗੇ ਮਹਾਰਾਜਾ ਰਣਜੀਤ ਸਿੰਘ ਦੇ ਪੋਤੇ ਮਹਾਰਾਜਾ ਨੌਨਿਹਾਲ ਸਿੰਘ ਦੀ ਮਹਾਰਾਣੀ ਚੰਦ ਕੌਰ ਪਟਿਆਲੇ ਮਹਾਰਾਜਾ ਸਾਹਿਬ ਸਿੰਘ ਦੀ ਸਕੀ ਭੈਣ ਮਹਾਰਾਜਕੁਮਾਰੀ ਬੀਬੀ ਸਾਹਿਬ ਕੌਰ ਸਕੀ ਨਾਨੀ ਸਨ ॥ ਜਿਨ੍ਹਾਂਦੀ ਯੂਪੀਦੀ ਸ਼ਾਖ ਸੰਤਾਨ ਮਹਾਰਾਨਾ ਧੌਲਪੁਰ ਬਿਆਹਣ ਕਰਕੇ ਸੰਨ ੧੯੪੭-੬੦ ਤਕ ਨਾਲ ਪੂਰਾ ਬਰਤਵਾਰਾ ਪਟਿਆਲੇ ਰਹਿਆ ਤੇ ਆਣਾ ਜਾਣਾ ਰਹਿਆ॥

Sri Satguru Jagjit Singh Ji eLibrary NamdhariElibrary@gmail.com

ਜੁਧ ਕਰ, ਫਤ ਪਾਂਦੇ ਉਮਰ ਨਿਕਾਲ ਦਿਤੀ॥ ਉਨ੍ਹਾਂ ਕੋਲ ਕੋਈ ਸੰਤ ਵਿਦਵਾਨ ਉਪਦੇਸ਼ਟਾ ਸਾਥ ਨਾ ਰਹਿਣ ਕਾਰਣ ਮੁਕਤੀ ਮਾਰਗ ਲਾਂਭੇ ਹੀ ਰਹਿਆ॥ ਬੇਸ਼ਕ ਉਨ੍ਹਾਂ ਦੇ ਧਰਮ ਮੰਤ੍ਰੀ ਨਿਰਮਲ ਗਿਆਨੀ ਸੰਤ ਸਿੰਘ (ਭਾਈ ਮਨੀ ਸਿੰਘ ਵਾਲੀ ਟਕਸਾਲ ਹਰਿਮੰਦਿਰ ਸਾਹਿਬ ਅੰਮ੍ਰਿਤਸਰ ਦੇ ਮਹੰਤ) ਸਨ ਅਤੇ ਬੰਧੂ ਉਦਾਸੀ ਸਾਧੂ ਬ੍ਰਹਮ ਬੂਟਾ ਤੇ ਅਕਾਲੀ ਨਿਹੰਗ ਫੂਲਾ ਸਿੰਘ ਦੋਨਾਂ ਦੀ ਮਹਾਰਾਜਾ ਰਣਜੀਤ ਸਿੰਘ ਜੀ ਪੂਰੀ ਇਜ਼ਤ ਕਰਦੇ ਸਨ; ਕਾਰਣ ਕਿ, ਓਹ ਜਾਣਦੇ ਸਨ: ਉਦਾਸੀ ਗੁਰੁਸਿੱਖ ਤਪਸਿਆ ਪ੍ਰਧਾਨ ਹਨ, ਅਨਪੜ੍ਹ ਨਿਹੰਗ ਸਿੰਘ ਜੋਧੇ ਪ੍ਰਧਾਨ ਹਨ, ਦੋਨਾਂ ਦੀ ਪੜ੍ਹਨ 'ਚ ਪਰਵਿਰਤੀ ਘਟਹੈ॥ ਕੇਵਲ ਨਿਰਮਲੇ ਸਿੰਘ ਅਮਲੀ ਵਿਦਿਆ ਪ੍ਰਧਾਨ ਹਨ। ਨਿਰਮਲ ਸੰਤ ਨਿਹਾਲ ਸਿੰਘ ਕਾਸ਼ੀ ਦੇ ਨੇ ਸ਼੍ਰੀ ਜਪੁ ਨੀਸਾਨੁ ਗ੍ਰੰਥੀ ਪਹਿਲੀ ਸੰਸਕ੍ਰਿਤ ਟੀਕਾ ਲਿਖੀ, ਤੇ ਨਕਲ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਅੰਮ੍ਰਿਤਸਰ ਦਿਤੀ, ਜਿਸ ਕਾਰਣ ਉਨ੍ਹਾ ਦੇ ਨਾਮ ਮਹਾਰਾਜਾ ਜੀ ਨੇ ਜਾਗੀਰ ਲਿਖ ਦਿਤੀ[255] ਪਰ ਓਹਨਾ ਵਿਰਕਤ ਹੋਣ ਕਾਰਣ ਨਾ ਲਿਤੀ। ਮਹਾਰਾਜਾ ਸਾਹਿਬ ਨੇ ਵਾਪਸ ਲੈਣੀ ਮੁਨਾਸਬ ਨਾ ਸਮਝ, ਉਥੇ ਬੈਠੇ ਉਦਾਸੀ ਡੇਰੇ ਨੂੰ ਦੇ ਦਿਤੀ, ਜੋ ਹੁਣ ਓਥੇ ਉਨ੍ਹਾ ਪਾਸ ਹੈ॥

ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਜੀ ਦਰਬਾਰ ਸਾਹਿਬ ਰਾਗੀਆਂ ਤੋਂ ਕੀਰਤਨ ਕਰਦੇ ਸੁਣਨ ਕਾਰਣ ਨਿਰਮਲ ਸੰਤ ਬਾਬਾ ਮਿਸ਼੍ਰਾ ਸਿੰਘ ਕੀਰਤਨੀਏ ਨੂੰ ਗੁਰਮਤ ਸੰਗੀਤ ਲਿਖਨ ਦੀ ਪ੍ਰੇਰਣਾ ਕੀਤੀ। ਓਹ ਗ੍ਰੰਥ ਪਿਛੋਂ ਮਹੰਤ ਗੱਜਾ ਸਿੰਘਨੇ ਪਟਿਆਲਾ ਮਹਾਰਾਜਾ ਭੂਪੇਂਦ੍ਰ ਸਿੰਘ ਸਮੇ ਪੂਰਾ ਕੀਤਾ ਜੋ ਹੁਣ ਮੁਹਾਫਿਜ਼ਖਾਨੇ 'ਚ ਹੈ॥ ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਧਰਮ ਮੰਤ੍ਰੀ ਨਿਰਮਲ ਗਿਆਨੀ ਸੰਤ ਸਿੰਘ ਦੀ ਸ਼ੁਭ ਸਲਾਹ ਤੇ ਦਰਬਾਰ ਸਾਹਿਬ ਉਤੇ ਸੋਨੇ ਚੜ੍ਹਾਨ ਦੀ ਪ੍ਰੇਰਨਾ ਕਾਰਣ ਅੱਜ ਸ਼੍ਰੀ ਹਰਿਮੰਦਿਰ, ਸ੍ਵਰਣ ਮੰਦਿਰ ਨਾਂ ਨਾਲ ਪ੍ਰਸਿੱਧ ਹੈ॥ ਧਰਮ ਮੰਤ੍ਰੀ ਨਿਰਮਲ ਗਿਆਨੀ ਸੰਤ ਸਿੰਘ ਸਾਥੀ ਤਾਂ ਨਾ ਰਹੇ, ਅੰਮ੍ਰਿਤਸਰ ਵਾਸ ਟਕਸਾਲੀ ਗੁਰਗਮ ਸਿਖਿਆ ਸਿੱਖਾਂ ਨੂੰ ਪੜ੍ਹਾਂਦੇ ਰਹੇ॥

ਅਸਲ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਚਾਰ ਪਦਾਰਥਾਂ 'ਚੋਂ ਦੋ ਪਦਾਰਥ ਅਰਥ ਤੇ ਕਾਮ ਰੂਪ ਰਾਜਨੀਤੀ ਪਦਾਰਥ ਇਸ਼ਟ ਸਨ, ਮੋਖ ਪ੍ਰਾਪਤੀ, ਅਧਿਆਤਮ ਬ੍ਰਹਮ ਗਿਆਨ, ਵਿਦਿਆ ਲਈ ਸਮਾ ਘਟ ਨਿਕਾਲ ਸਕੇ॥ ਭਾ.ਸੰਤ ਸਿੰਘ ਧਰਮ ਮੰਤ੍ਰੀ ਸਨ ਪਰ ਦੂਰ ਰਹਿਣ ਕਰਕੇ ਡੋਗਰੇ ਰਾਜੇਆਂ ਦੇ ਕਰਮ ਕਾਂਡੀ ਪੰਡਿਤਾਈ ਦਾ ਦਰਬਾਰ 'ਚ ਪ੍ਰਭਾਵ ਰਹਿਆ। ਓਨ੍ਹਾਂ ਦੀ ਰਾਇ ਕਾਰਣ ਮਹਾਰਾਜਾ ਰਣਜੀਤ ਸਿੰਘ ਹਿੰਦੂ ਤੀਰਥਾਂ ਤੇ ਪੁੰਨ ਦਾਨ ਕਰਦੇ ਰਹੇ॥ ਜਦ ਸੰਨ 1807 ਵਿੱਚ ਹਰਿਦ੍ਵਾਰ ਗਏ ਤਾਂ ਤੀਸਰੇ ਸ਼੍ਰੀਜਗਦਗੁਰੂ ਅਮਰ ਦਾਸਜੀ ਦੇ ਕਨਖਲ ਗੁਰਦ੍ਵਾਰੇ ਨਿਰਮਲੇ ਬਾਬਾ ਦਰਗਾਹ ਸਿੰਘ ਡੇਰੇ ਦੀ ਕੰਧ ਨਾਲ ਲਗਦੀ ਪਟਿਆਲਾ ਹਵੇਲੀ 'ਚ ਕੁਛ ਦਿਨ ਸਤਸੰਗ ਦਾਨ ਪੁਨ ਆਦਿ ਕਰਦੇ ਰਹੇ ॥

255. ਨੋਟ:- ਨਿਰਮਲ ਸੰਤ ਨਿਹਾਲ ਸਿੰਘ ਪ੍ਰਸਿਧ ਦੋ ਹੰਨ:1.ਪਹਿਲੇ "ਕਾਸ਼ੀ"ਦੇ "ਜਪੁ ਨੀਸਾਨੁ" ਸੰਸਕ੍ਰਿਤ ਟੀਕਾਕਾਰ ਹਨ,ਜੋ ਟੀਕਾ(ਹਥ ਲਿਖਤ ਨਕਲ ਮੇਰੇ ਪਾਸਹੈ)ਆਧਾਰ ਸ਼੍ਰੀਮਹੰਤ ਸੰਤ ਪੰ.ਤਾਰਾ ਸਿੰਘ'ਨਰੋਤਮ' ਉਲਥਾ ਗੁਰੁਭਾਵ ਦੀਪਕਾ ਟੀਕਾਦਾ ਪੰਨੇ ੨੭੨ ਤੇ ਸੁਵੀਕਾਰਹੈ;ਅਤੇ: ੨. ਨਿਰਮਲ ਕਵੀ ਨਿਹਾਲ ਸਿੰਘ'ਥੋਹਾ' (ਲਾਹੌਰ) ਪਟਿਆਲੇ ਮਹਾਰਾਜਾ ਕਰਮ ਸਿੰਘਦੇ ਦਰਬਾਰੀ ਕਵੀ ਸਨ।ਉਨ੍ਹਾਦਾ ਪ੍ਰਸਿੱਧ ਸ਼੍ਰੀ ਜਗਦਗੁਰੁ ਗੋਬਿੰਦ ਸਿੰਘਜੀਦੇ"ਜਾਪ ਸਾਹਿਬ:"ਚਕ੍ਰਧਰ ਚਾਰੂ ਚੰਦ੍ਰਿਕਾਟੀਕਾਹੈ" (ਮੇਰੇ ਕੋਲ ਛਪਿਆ ਗ੍ਰੰਥਹੈ) ਅਤੇ ਅਨੇਕ ਹੱਥ ਲਿਖਿਤ-ਚਿਤ੍ਰਿਤ ਗ੍ਰੰਥ ਮਹਾਰਾਜਾ ਸਾਹਿਬਦੇ ਪੁਸਤਕਾਲੇ'ਚ ਹਨ,ਤਦੋਂ ਭਾਈ ਸੰਤੋਖ ਸਿੰਘ ਗੁਣੀਜਨ ਖਾਨੇਵੀ ਸ਼ਾਮਲ ਸਨ॥

Sri Satguru Jagjit Singh Ji eLibrary NamdhariElibrary@gmail.com

ਕਨਖਲ ਪਟਿਆਲਾ ਹਵੇਲੀ ਬਹੁਤ ਬੜਾ ਥਾਂ ਹੈ ਜਿਥੇ ਹਾਥੀ, ਰਥ, ਘੋੜਖਾਨੇਆਂ ਲਈ ਤੇ ਸ੍ਹਾਮਣੇ ਕਾਫੀ ਖੁਲ੍ਹਾ ਮੈਦਾਨ ਹੈ॥ ਬਾਬਾ ਦਰਗਾਹ ਸਿੰਘ ਡੇਰੇ ਮਹੰਤ ਆਦਿ ਕੁੰਭ ਮੇਲੇ ਲਈ ਅਗਿਆ ਲੈ ਨਿਰਮਲ ਛੌਣੀ ਥਾਪੀ; ਓਥੇ ਗੁਰੁਸਿਖ ਸਰਦਾਰਾਂ ਬੜੀ ਸੇਵਾ ਕਰੀ, ਗੁਰੁ ਸਿਖ-ਸਿੰਘ ਸਜਾਂਦੇ ਰਹੇ॥

ਇਹ ਦੇਖ ਸੰਨਿਆਸੀ ਨਾਂਗੇ ਅਖਾੜੇ ਜਰ ਨਾ ਸਕੇ॥ ਉਥੇ ਤਾਂ ਨਹੀ, ਪਰ ਜਾਕੇ ਉਦਾਸੀ ਅਖਾੜੇ ਦਾ ੧ਓ ਨਿਸ਼ਾਨ ਸਾਹਿਬ ਫੂਕ ਦਿਤਾ॥ ਐਥੇ ਬਸ ਨਹੀਂ, ਪ੍ਰਕਾਸ਼ੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਤਲਵਾਰਾਂ ਮਾਰੀਆਂ॥ ਪਟਿਆਲਾ ਮਹਾਰਾਜਾ ਸਾਹਿਬ ਸਿੰਘ, ਨਿਰਮਲੇ ਸਰਦਾਰ ਕਰਮ ਸਿੰਘ ਸ਼ਾਹਾਬਾਦੀ; ਸਰਦਾਰ ਰਾਇ ਸਿੰਘ, ਸਰਦਾਰ ਨਾਨੂ ਸਿੰਘ ਬੂੜੀਏ ਵਾਲੇ, ਸਰਦਾਰ ਦਸੌਂਦਾ ਸਿੰਘ ਸਢੌਰਾ, ਸਰਦਾਰ ਬਘੇਲ ਸਿੰਘ ਮਲੌਂਦ, ਰਾਜਾ ਜੋਧ ਸਿੰਘ ਕਲਸੀਆ, ਸਰਦਾਰ ਭੂਪ ਸਿੰਘ ਰੋਪੜ ਆਦਿ ਬੜੇ ਛੋਟੇ ਸਰਦਾਰ ਕੁੰਭ ਸਨਾਨ ਸਤਸੰਗ ਲਈ ਆਏ, ਸ਼੍ਰੀ ਗੁਰੂ ਗ੍ਰੰਥ ਜੀ ਦੇ ਨਿਸ਼ਾਨ ਬੇਅਦਬੀ ਨਾ ਸਹਾਰ ਸਕੇ॥ ਪਟਿਆਲੇ ਦੇ ਮਹਾਰਾਜਾ ਸਾਹਿਬ ਸਿੰਘ ਦੀ ਫੌਜ ਨਾਲ ਰਲਕੇ ਦਕਸ਼-ਪ੍ਰਜਾਪਤਿ ਪਾਸ ਸੰਨਿਆਸੀਆਂ ਦਾ ਅਖਾੜਾ ਤੱਹਿਸ ਨਹਿਸ ਕਰ, ਜੰਜੀਰਾ ਦੇ ਬਹੁਤ ਨਾਂਗੇ ਜ਼ਖਮੀ ਕੀਤੇ। ਜੋ ਸਨਿਆਸੀ ਸਵਾ ਰੁਪਯਾ ਸਿਰ ਮੁੰਨਣ ਦਾ ਲੈਂਦੇ ਸੇ ਸਦਾ ਲਈ ਬੰਦ ਕਰੇ॥ ਦਸ ਨਾਮ ਗੁਰੁ ਉਦਾਸੀ ਪੰਥ ਪ੍ਰਧਾਨ 4 ਧੂਣੇ, 6 ਬਖਸ਼ੀਸ਼ਾਂ 'ਚੋਂ ਪਟਿਆਲੇ ਮਗ਼ਨੀ ਰਾਮ ਛੱਤੇ ਦੇ ਸ਼੍ਰੀਗੁਰੂ ਗ੍ਰੰਥ ਜੀ ਤਲਵਾਰਾਂ ਮਾਰੀਆਂ ਕਾਰਣ ਮਹਾਰਾਜਾ ਸਾਹਿਬ ਸਿੰਘ ਸ਼੍ਰੀਗੁਰੂ ਗ੍ਰੰਥਜੀ ਨਾਮ ਦੋ ਪਿੰਡ ਝੰਡੀ, ਭੈਣੀ ਮਾਫੀ ਪਟਾ ਉਦਾਸੀ ਡੇਰੇ ਨਾਮ ਕੀਤਾ॥

ਪਟਿਆਲਾ ਦੇ ਚੌਥੇ ਮਹਾਰਾਜਾ ਕਰਮ ਸਿੰਘ(ਸੰਨ:1798-1813-45) ਸਨ 1819 ਰਾਜ ਤਕ ਗੁਰੁਸਿਖ ਉਦਾਸੀ ਸ਼੍ਰੀ ਗੁਰੂਜੀ ਦੇ ਝੰਡੇ, ਕੁੰਭਾਂ ਉਤੇ ਝੂਲਾਂਦੇ ਰਹੇ॥ ਹਰਿਦ੍ਵਾਰ ਈ.1831 ਕੁੰਭ ਤੇ ਗੁਰੁਸਿਖ ਉਦਾਸੀਆਂ ਸ਼੍ਰੀ ਜਗਦਗੁਰੂ ਨਾਨਕ ਦੇਵ ਜੀਦੇ ਬਡੇ-ਛੋਟੇ ਅਖਾੜਿਆਂ 'ਚ ਝੰਡੇ ਚੜ੍ਹਾਏ ਤੇ ਪਹਿਲੀ ਵਾਰ ਨਿਰਮਲੇ ਸਿੰਘਾਂ ਨੇ ਛੌਣੀ ਬਣਾਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੀਲੇ ਰੇਸ਼ਮੀ ਤ੍ਰਿਕੋਣ ਝੰਡੇ ਉਤੇ ਕੇਸਰੀ ੧ਓ ਨਿਸ਼ਾਨ ਸਾਹਿਬ ਸਜਾਯਾ॥ ਪਿਛਲੇ ਕੁੰਭ ਆਏ, ਨਿਰਮਲੇ ਸਾਧ ਤੇ ਚੜ੍ਹਦੀ ਕਲਾ ਸਿੱਖ ਸੰਗਤਾਂ ਆਈਆਂ। ਸਰਦਾਰਾਂ ਤੇ ਰਾਜੇਆਂ ਦੇ ਅਤੁਟ ਲੰਗਰ ਬਰਤੇ। ਤਦੋਂ ਸੰਨਿਆਸੀ, ਵੈਰਾਗੀ ਨਾ ਕੁਸਕੇ; ਜਬਰਨ ਮੁੰਡਨ ਦਾ ਨਾਮ ਨਿਸ਼ਾਨ ਨਾਂ ਰਹਿਆ॥

ਨੋਟ: ਸਾਰੇ ਧਰਮਾ ਦੇ ਸ਼ਾਸਤ੍ਰ ਨਿਜਿਤ ਤੀਰਥ ਹੁੰਦੇ ਹਨ॥ ਓਹ ਥਾਂ ਐਸੇ ਹਨ ਜਿਥੇ ਸਾਰੇ ਸ੍ਰਧਾਲੂ ਬਿਨਾ ਨਿਮੰਤ੍ਰਣ ਹਜ਼ਾਰਾਂ, ਲਖਾਂ ਅਨੇਕ ਪਰਵਾਂ ਉਤੇ ਆਪੇ (ਨ੍ਹਾਉਣ) ਕਠੇ ਹੁੰਦੇ ਹਨ। ਨਿਜਿਤ ਕਾਲ ਤੋਂ ਅਗੇ ਪਿਛੇ ਮਹਾਤਮਾਦੇ ਦਰਸ਼ਨ, ਪਰਸਨ ਸਿਖਿਆ ਸਤਸੰਗ ਕਰਦੇ ਹਨ॥ ਸੰਨ 1909 ਵਿੱਚ ਮਕੈਲਿਫ ਨੇ ਛੇ ਭਾਗ ਗ੍ਰੰਥ ਦੀ ਭੂਮਿਕਾ ਵਿੱਚ ਅੰਗ੍ਰੇਜ਼ ਵੰਡ ਨੀਤੀ ਅਨੁਸਾਰ ਸਿਖਾਂ ਨੂੰ, ਅਤੇ ਖਾਸ ਕਰ ਸਿੰਘਾਂ ਲਈ ਬਹੁਤ ਲਿਖਿਆ: ਗੰਗਾ ਨ੍ਹਾਣ ਨਾਲ ਕਈ ਸ਼ਰੀਰਿ ਰੋਗ, ਹੈਜਾ ਆਦਿ ਬਿਮਾਰੀਆਂ ਦਾ ਡਰ ਹੈ, ਹਿੰਦੂ ਤੀਰਥਾਂ ਤੇ ਨਾ ਜਾਓ॥ ਇਹ ਛੋਟੇ ਵਿਚਾਰ ਛਡੋ। ਅਸਲ ਗਲ ਉਸ ਵੇਲੇ ਗੁਰਸਿੱਖਾਂ ਦੇ ਗੁਰਦ੍ਵਾਰੇ ਐਨੇ ਨਹੀ ਸੇ॥ ਹਿੰਦੂ ਤੀਰਥਾਂ ਦੇ ਇਕੱਠਾਂ ਬਿਨਾ ਹਿੰਦੂਆਂ ਦੇ

Sri Satguru Jagjit Singh Ji eLibrary NamdhariElibrary@gmail.com

ਘਰਾਂ 'ਚ ਉਦਾਸੀ ਸਿਖ, ਨਿਰਮਲ ਸਿੰਘ ਮਹੰਤ, ਸੰਤ, ਗਿਆਨੀ ਕਿਵੇਂ ਉਪਦੇਸ਼ ਦਿੰਦੇ? ਕਿਵੇਂ ਸਿਖ/ਸਿੰਘ ਸਜਾਂਦੇ? ਘਰ ਘਰ ਫਿਰਣਾ ਨਾ ਮੁਮਕਿਨ ਸੀ॥ ਪਰਵਾਂ ਮੇਲੇ ਸਤਸੰਗ ਸਮਾਗਮਾਂ ਤੇ ਸੈਂਕੜੇ, ਹਜ਼ਾਰਾਂ ਸ਼੍ਰੀਵਿਸ਼੍ਵਗੁਰੂ ਨਾਨਕ ਦੇਵਜੀ-ਸ਼੍ਰੀਜਗਦਗੁਰੂ ਗੋਬਿੰਦ ਸਿੰਘ ਜੀ ਦੇ ਗੁਰਗਮ ਉਪਦੇਸੇ ਮੰਜੀਦਾਰ ਪ੍ਰਚਾਰਕ ਉਦਾਸੀ ਤੇ ਨਿਰਮਲ ਸਾਧੂ/ਗਿਆਨੀ ਹੁਣ ਤਕ ਗੁਰੂਸਿੱਖ/ਸਿੰਘ ਸਾਜਦੇ ਹਨ॥ [256]

ਚੌਥੇ ਪਟਿਆਲਾ ਮਹਾਰਾਜਾ ਕਰਮ ਸਿੰਘ(ਸੰਨ:1798-1813-45)ਨੇ ਪੰਜਾਬ ਮਾਲਵੇ ਵਿੱਚ ਏਲਾਨ ਕੀਤਾ:-ਸਾਨੂੰ ਕਦੀਮੀ ਪਤਾਹੈ ਪਹਿਲੇ, ਛੇਵੇਂ, ਸੱਤਵੇਂ, ਨੌਵੇਂ ਅਤੇ ਦਸਵੇਂ ਸ਼੍ਰੀ ਸਤਿਗੁਰੁਜੀ ਮਾਲਵੇ ਬਹੁਤ ਥਾਂਵ ਰਹੇ॥ ਜਿ ਕਿਸੇ ਨੂੰ ਪਤਾਹੈ ਫਲਾਂਣੀ ਥਾਂ ਸ਼੍ਰੀ ਗੁਰੂਜੀ ਆਏ ਤੇ ਓਹ ਸਾਨੂੰ ਨਾ ਦਸੇ, ਓਹ ਸ਼੍ਰੀਗੁਰੂਜੀ ਦਾ ਸੱਚਾ ਸਿੱਖ ਨਹੀਂ॥ ਪਰ ਸਾਨੂੰ ਦੱਸਣ ਉਤੇ; ਪੂਰੀ ਸ਼ਹਾਦਤ ਮਿਲਨ ਉਤੇ, ਮੈ ਓਥੇ ਸ਼੍ਰੀ ਗੁਰੁਦ੍ਵਾਰਾ ਨਾਂ ਬਣਾਵਾਂ ਤਾਂ ਮੈ ਸ੍ਰੀਗੁਰੂਜੀ ਦਾ ਸਚਾ ਸਿੱਖ ਨਹੀਂ॥

ਇਸ ਤਰ੍ਹਾਂ ਸਾਰੇ ਮਾਲਵੇ ਨਗਰਾਂ, ਪਿੰਡਾਂ ਵਿੱਚ ਓਨ੍ਹਾਂ ਦੇ ਰਾਜਕਾਲ ਤੋਂ ਇਤਿਹਾਸਿਕ ਗੁਰਦ੍ਵਾਰੇ ਬਣਨ ਲਗੇ ਤੇ ਓਨ੍ਹਾਂ ਨਾਲ ਜਾਗੀਰਾਂ ਲਾਈਆਂ(ਮਹਾਨ ਕੋਸ਼ ਦੇਖੋ ਇਤਿਹਾਸਿਕ ਗੁਰੁਦ੍ਵਰੇਆਂ ਦੇ ਨਾਮ)॥ ਪਟਿਆਲਾ ਮਹਾਰਾਜਾ ਕਰਮ ਸਿੰਘ ਨੇ ਨਵਾਬ ਸੈਫਖਾਂਨ ਦਾ ਸੈਫਾਬਾਦ ਗੜ੍ਹ ਕੱਚੇ ਨੂੰ ਪੱਕੇ ਕੋਟ ਅੰਦਰ ਮੁਗਲਾਂ ਦੀ ਤਰਾਂ ਬਣਵਾਇਆ, ਜਿੱਥੇ ਨੌਂਵੇ ਸ਼੍ਰੀ ਜਗਦਗੁਰੂ ਤੇਗ ਬਹਾਦੁਰ ਸਾਹਿਬ ਚਤੁਰ ਮਾਸ ਗੁਜ਼ਾਰਿਆਸੀ, ਅੰਦਰ ਨਵਾਬ ਸੈਫ ਖਾਂਨ ਦੇ ਮਿਲਨ ਦੀ ਥਾਂ, ਅਤੇ ਬਾਹਿਰ ਜਿਥੇ ਰਹੇ, ਉਨ੍ਹਾ ਥਾਵਾਂ, ਸ਼ੀਸ਼-ਮਹਿਲ ਗੁਰਦ੍ਵਾਰਾ ਬਣਵਾਇਆ॥ ਓਸ ਪਿਛੋਂ ਮੋਤੀਬਾਗ ਮਹਿਲ ਓਨ੍ਹਾਂ ਦੇ ਫਰਜ਼ੰਦ ਮਹਾਰਾਜਾ ਨਰੇਂਦ੍ਰ ਸਿੰਘ ਨੇ ਫਾਰਸੀ ਕਾਰੀਗਰੀਆਂ ਤੋਂ ਗੁਰੁਦ੍ਵਾਰਾ ਓਹਾ ਜਿਹਾ ਤੁੰਗ ਉੱਤੇ ਅਨੇਕ ਚਿਤ੍ਰਕਾਰੀ ਨਾਲ ਬਣਵਾਇਆ॥

ਇਹ ਗੁਰਦ੍ਵਾਰੇ 1970 ਪਿਛੋਂ ਅਨਪੜ੍ਹ, ਸੁਖਮ ਚਿਤ੍ਰਕਲਾ ਅਗਿਆਨੀ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਬੇਮਰਜਾਦਾ, ਅਤੇ ਗੁਰਦ੍ਵਾਰੇ ਸੰਵਿਧਾਨੋਂ ਬੇ-ਕਾਨੂੰਨ ਦੋਨੋਂ ਬੇ-ਜੋੜ ਗੁਰਦ੍ਵਾਰੇ ਢਵਾਕੇ ਨਵੇਂ ਸਾਜੇ, ਤੇ ਮੋਤੀਬਾਗ ਦਾ ਪੂਰਬ ਦਿਸ਼ਾ-ਦ੍ਵਾਰ ਉੱਤਰ ਮੁਖ ਬਦਲ ਦਿਤਾ॥ ਸੈਫਾਬਾਦ ਕਿਲੇ ਦਾ ਨਾਮ ਬਦਲਕੇ ਬਹਾਦੁਰਗੜ੍ਹ ਰਖਿਆ॥ ਓਥੇ ਹਰ ਸਾਲ ਚੌਮਾਸੇ (ਸੌਣ 'ਚ) ਸਾਧੂ ਨਿਮੰਤ੍ਰਣ ਕਰ, ਮਹੀਨਾ ਭਰ ਰੋਜ਼ ਮਹਾਰਾਜਾ ਸਤਸੰਗ ਸਦਾ-ਬਰਤ ਕਰਾਂਦੇ ਜੋ ਮਹਿਕਮਾ ਡਿਓਢੀ ਮੌਲਾ, ਨੈਬ ਡਿਓਢੀ "ਗੁਰੁ ਗੋਲਕ ਉਪ-ਮਹਿਕਮੇ ਰੀਤ" ਸਾਡੇ ਵੇਲੇ ਸੰਨ 1947-8 ਤਕ ਅਟੁਟ ਰਹੀ॥

ਮਹਾਰਾਜਾ ਕਰਮ ਸਿੰਘ (1798-1813-45)ਰਾਜ ਤਕ ਗੁਰੁਸਿੱਖ ਧਰਮ ਦੇ ਉਦਾਸੀ, ਨਿਰਮਲੇ ਸਾਧੂ ਗਿਆਨੀ, ਰਾਗੀ ਸੁਤੰਤ੍ਰ ਰਮਦੇ, ਪਰਚਾਰ ਤੀਰਥਾਂ ਉਤੇ ਕਰਦੇ ਸਨ॥ ਮਹਾਰਾਜਾ ਸਾਹਿਬ ਤੀਰਥਾਂ ਉਤੇ ਸਾਧ ਸੰਗਤਾਂ ਨੂੰ ਮਿਲਦੇ, ਗੋਸ਼ਟ ਚਰਚਾ ਕਰਦੇ, ਕੀਰਤਨ ਸੁਣਦੇ ਅਤੇ ਅਨੰਤ ਦਾਨ ਦਿੰਦੇ ਰਹਿੰਦੇ। ਇਹ ਪੁਰਾਣੀ ਰੀਤ ਮਹਾਰਾਜਾ ਭੂਪੇਂਦ੍ਰ ਸਿੰਘ(ਸੰ.1891-1900-38) ਤਕ ਜਾਰੀ ਰਹੀ॥

256. ਨੋਟ:-ਗੁਰੁਸਿੱਖ ਸੰਤ-ਗਿਆਨੀ'ਚ ਐਨਾ ਫਰਕ ਹੈ:-ਸੰਤ ਬਿਨਾ ਬਿਆਹੇ ਕਾਰਣ ਪ੍ਰਚਾਰ ਕਰਨਨੂੰ ਸੁਤੰਤ੍ਰ ਫਿਰਦੇ ਸਨ ॥ ਗਿਆਨੀ ਗ੍ਰਿਹਸਤਦੇ ਬੰਦਿਸ਼ਾਂ ਕਾਰਣ ਸੁਤੰਤ੍ਰ ਨਹੀਂ ਸਨ।ਤੀਜੇ ਗ੍ਰੀਹਸਤੀ ਗਿਆਨੀ (Army Chaplain) ਜੋ ਫੌਜ ਨਾਲ ਜੁੜੇ ਹਨ ਫੌਜ ਵਿਧਾਨ ਅਨੁਸਾਰ ਰਹਿੰਦੇ ਹਨ ॥

Sri Satguru Jagjit Singh Ji eLibrary NamdhariElibrary@gmail.com

ਪਹਿਲੀ ਵਾਰ ਗੁਰੁਸਿੱਖ ਇਤਿਹਾਸ ਵਿੱਚ ਪਟਿਆਲਾ ਮਹਾਰਾਜਾ ਨਰੇਂਦ੍ਰ ਸਿੰਘ ਨੇ ਗੁਰੁਸਿਖ ਪੰਥ ਸੰਗਠਿਤ ਸੰਸਥਾ ਥਾਪੀ॥ ਰਾਜ ਪਟਿਆਲਾ ਦੇ ਪੰਜਵੇਂ ਮਹਾਰਾਜਾ ਨਰੇਂਦ੍ਰ ਸਿੰਘ(1823-45-62) ਪੁਰਾਣੀ ਅਟੂਟ ਕੁਲ ਰੀਤ ਅਨੁਸਾਰ ਰਾਜਸੀ ਕਾਰਣਾਂ ਸਦਕਾ ਅੰਗ੍ਰੇਜ਼ੀ ਸਲਤਨਤ ਦਰੁਖਲਾਫ(ਰਾਜਧਾਨੀ) ਕਲਕੱਤੇ ਸਫਰ ਕਰਦੇ ਰਹਿੰਦੇ॥ ਰਸਤੇ 'ਚ ਔਂਦੇ ਜਾਂਦੇ ਤੀਰਥਾਂ ਉਤੇ ਸਾਧੂ ਮਹਾਤਮਾਂ ਦੇ ਦਰਸ਼ਨ, ਗੋਸ਼ਟ ਕਰਦੇ ਰਹਿੰਦੇ, ਸ਼੍ਰੀਵਿਸ਼੍ਵਗੁਰੂ ਅਤੇ ਵੇਦ ਸ਼ਾਸਤ੍ਰ ਤੀਰਥਾਂ ਤੇ ਰੁਕਦੇ॥ ਉੱਤਰ 'ਚ ਪਹਾੜੀ ਗੰਗਾ ਦੇ ਮਾਹਾਂਤੀਰਥ ਬਦ੍ਰੀ-ਨਾਰਾਯਣ, ਰਿਖੀਕੇਸ, ਪੰਚ ਨਗਰੀ ਹਰਿਦ੍ਵਾਰ, ਕਨਖਲ(ਕੌਨ ਖਲ? ਐਥੇ ਕੌਣ ਮੂਰਖਹੈ? ਭਾਵ ਕੋਈ ਨਹੀਂ: ਸਭ ਵਿਦ੍ਵਾਨ ਹੀ ਹਨ), ਮਹਾਕੁੰਭ ਤੇ ਅਰਧ ਕੁੰਭਾਂ ਤੇ ਜਾਂਦੇ॥ ਉਨ੍ਹਾਂ ਤੀਰਥਾਂ ਤੇ ਅਨੇਕ ਮਹਾਤਮਾਂ ਦੇ ਦਰਸ਼ਨ, ਤੇ ਗੋਸ਼ਟ ਕਰਦੇ ਸਨ॥ ਮਹਾਰਾਜਾ ਨਰੇਂਦ੍ਰ ਸਿੰਘ ਸੰ:1912/1958 ਹਰਿਦ੍ਵਾਰ ਮਹਾਕੁੰਭ ਪਿਛੋਂ ਬਦ੍ਰੀ-ਨਾਰਾਯਣ ਯਾਤ੍ਰਾ ਤੋਂ ਮੁੜਦੇ ਆਪਣੇ ਰਾਜਕੀ ਛੌਨੀ (ਅਕਸ਼ੌਣੀ/अक्षौणी Armed Force) 2,000, ਰਕਸ਼ਕ, ਮੰਤ੍ਰੀ ਮੰਡਲ ਅਤੇ ਰਾਜਗੁਰੂ ਮੰਤ੍ਰੀ ਠੀਕਰੀਵਾਲ/ਪਟਿਆਲਾ ਨਿਰਮਲ ਮਹੰਤ ਤੋਤਾ ਸਿੰਘ ਆਦਿ ਸੰਤ ਮੰਡਲੀ ਨਾਲ ਮਹਾਰਾਜਾ ਸਾਹਿਬ ਰਿਖੀਕੇਸ਼ ਰੁਕੇ॥ ਉਥੇ ਨਾਮੀ ਤਿਆਗ ਮੂਰਤੀ ਨਿਰਮਲ ਸਾਧੂ ਬਾਬਾ ਮਹਿਤਾਬ ਸਿੰਘ ਕਲਾਸਵਾਲੇ ਕਾਲੀ ਕੰਬਲੀ ਸੰਤਾਂ ਦੇ ਦਰਸ਼ਨ, ਤੇ ਗੋਸ਼ਟ ਕਰ, ਬਹੁਤ ਪ੍ਰਸੰਨ ਹੋਏ[257]। ਰਾਜਗੁਰੂ ਮੰਤ੍ਰੀ ਨਿਰਮਲ ਮਹੰਤ ਤੋਤਾ ਸਿੰਘ ਠੀਕਰੀਵਾਲ, ਪਟਿਆਲਾ ਨੇ ਮਹਾਰਾਜਾ ਸਾਹਿਬ ਨੂੰ ਪਿਛਲੇ ਕੁੰਭਦਾ ਹਾਦਸਾ ਦਸਿਆ, "ਸੰਨਿਆਸੀ ਤੇ ਵੈਸ਼ਣਵ ਵੈਰਾਗੀਆਂ ਨੇ ਸ਼੍ਰੀ ਵਿਸ਼੍ਵਗੁਰੂ ਨਾਨਕ ਦੇਵ ਜੀ ਦੇ ਉਦਾਸੀ ਅਖਾੜਾ ਪ੍ਰਚਾਰ ਨਾ ਸਹਿ ਉਦਾਸੀ ਅਖਾੜੇ ਦੀ ਦੁਰਦਸ਼ਾ ਕੀਤੀ॥ ਆਪ ਜੀਦੇ ਸ੍ਵਰਗੀ ਬਾਬਾਜੀ ਨੇ ਮੌਕਾ ਸੰਭਾਲ, ਉਦਾਸੀ ਧੂਣੇ ਦੇ ਸ਼੍ਰੀਗੁਰੂ ਗ੍ਰੰਥਜੀ ਬੀੜ ਦੇ ਤਲਵਾਰਾਂ ਮਾਰੀਆਂ ਕਾਰਣ ਧੂੰਣੇ ਨਾਮ ਦੋ ਪਿੰਡ ਮਾਫੀ ਦਿਤੇ॥ਪਰ ਮਹਾਰਾਜਾ ਸਾਹਿਬ: ਉਦਾਸੀ ਜੋਧੇ ਨਹੀਂ। ਨਿਰਮਲੇ ਸਿੰਘ ਹੀ ਬੜੇ ਜੋਧੇ ਹਨ॥ ਨਿਰਮਲ ਅਖਾੜਾ ਬਣੇ ਬਿਨਾ ਗੁਰੁਸਿੱਖ ਧਰਮ ਪ੍ਰਚਾਰ ਸ਼ਾਂਤਿ ਨਾਲ ਕਦੀ ਸਾਰੇ ਕੁੰਭਾਂ, ਤੀਰਥਾਂ ਤੇ ਨਹੀਂ ਹੋਣਾ॥ ਤਿਆਗ ਮੂਰਤੀ ਨਿਰਮਲ ਸਾਧੂ ਬਾਬਾ ਸੰਤ ਮਹਿਤਾਬ ਸਿੰਘ ਹਾਮੀ ਭਰ ਚੁਪ ਰਹੇ॥" ਸੁਣਕੇ ਮਹਾਰਾਜਾ ਨਰੇਂਦ੍ਰ ਸਿੰਘ ਜੀ ਕਿਹਾ, "ਇਹ ਸਾਂਝੇ ਗੁਰੁਪੰਥਦਾ ਕੰਮਹੈ, ਮੰਤ੍ਰੀ ਮੰਡਲ ਨਾਲ ਪਟਿਆਲੇ 'ਚ ਸੋਚ ਸਲਾਹ ਕਰਕੇ ਹੱਲ ਲਭਾਂਗੇ॥

ਮਹਾਰਾਜਾ ਨਰੇਂਦ੍ਰ ਸਿੰਘ ਜੀ ਨੇ ਪਟਿਆਲੇ ਪਹੁੰਚ ਕੇ ਮੰਤ੍ਰੀ ਮੰਡਲ ਨਾਲ ਸਲਾਹ ਕੀਤੀ। ਸਾਰੇਆਂ ਦੀ ਜਿਵੇ ਸਾਂਝੀ ਰਾਇ ਹੋਈ ਕਿ ਪਹਿਲਾਂ ਚਾਰ, ਅਤੇ ਫੇਰ ਜਿਵੇਂ ਤਿਨੋਂ ਫੂਲਕੀਆਂ ਮਿਸਲ ਰਾਜਿਆਂ ਦੇ ਦਸਤੂਰ-ਉਲ-ਅਮਲ 1, 2 ਪਟਿਆਲਾ ਰਾਜ ਸਾਂਝੇ ਮੁਕਾਮ ਭਵਾਨੀਗਢ ਉਤੇ ਮਹਾਰਾਜਾ ਕਰਮ ਸਿੰਘ ਜੀ ਪਹਿਲਾਂ ਸਾਰੇ ਫੂਲਕੀਆਂ ਰਾਜੇ, ਸਰਦਾਰ,

257. ਦੇਖੋ ਨਿਰਮਲ ਪੰਥ ਪ੍ਰਦੀਪਕਾ ੧੯੪੮/੧੯੯੧ ਅੰਤਮ ਨਿਰਮਲ ਅਖਾੜੇ ਦੇ ੫-੭ ਪਤ੍ਰੇ;ਤੇ ਨਿਰਮਲ ਪੰਥ ਦਰਸ਼ਨ ੧-੪ ਭਾਗਦਾ ਭਾਗ 1॥ਮਹਾਨ ਕੋਸ਼: ਅਖਾੜਾ। ਨੋਟ 1:-ਐਥੇ ਭਾਈ ਕਾਨ੍ਹ ਸਿੰਘ ਲਿਖਦੇ ਵੇਲੇ ਦੋ ਟਪਲੇ ਖਾਦੇ ਸਨ:੧ .ਸ਼੍ਰੀ ਗੁਰੂ ਗੋਬਿੰਦ ਸਿੰਘਜੀ ਨੇ ਸਿਰਫ ਪੰਜ(੫) ਸਿੱਖ ਕਾਸ਼ੀ ਨਹੀਂ ਭੇਜੇ: ਸ਼੍ਰੀ ਗੁਰੂ ਗੋਬਿੰਦ ਸਿੰਘਜੀ ਨੇ ਪੰਦਰਾਂ (੧੫) ਭੇਜੇ ਸੇ,ਜਿਨਾ ਦਾ ਵਣਨ ਸ਼੍ਰੀ ਮਹੰਤ ਪੰਡਿਤ ਤਾਰਾ ਸਿੰਘ'ਨਰਤਮ' ਨੇ ਆਪਣੇ ਸ਼੍ਰੀ ਗੁਰੂ ਤੀਰਥ ਸੰਗ੍ਰਹ (ਸੰ:੧੯੩੮/੧੯੯੧ ਸੰਨ) ਵਿਚ ਪਥਰ ਛਾਪ'ਚ ਲਿਖੇ ਹਨ; ਅਤੇ ਤਫਸੀਲ ਉਨ੍ਹਾਂਦੇ ਚੇ ਲੇ ਗਿ: ਗਿਆਨ ਸਿੰਘ ਨੇ "ਕੁਰਸੀ ਨਾਮੇ"ਵਿੱਚ ਲਿਖੇ ਹਨ ਤੇ ਮਹੰਤ ਹਾਕਮ ਸਿੰਘਨੇ ਨਿਰਮਲ ਪੰਥ ਦਰਸ਼ਨ ਵਿਚ ਛਾਪੇ ਸਨ। ਇਨ੍ਹਾਂ ਅਖਾੜਾਂ ਦੇ ਮਹੰਤ, ਸੰਤਾ ਦੇ ਨਾਮ ਪਤੇ ਸੰਖੇ

Sri Satguru Jagjit Singh Ji eLibrary NamdhariElibrary@gmail.com

ਜਾਗੀਰਦਾਰ ਇਕੱਠੇ ਕਰ ਪਹਿਲਾ ਦਸਤੂਰ-ਉਲ-ਅਮਲ ਜੇਠ 13, ਬਿਕ੍ਰਮੀ ਸੰਮਤ 1891; ਸੰਨ 1834 'ਚ ਫੂਲ ਬੰਸੀ ਦਸਤੂਰਾਂ ਦਾ ਲਿਖਤੀ ਸੰਵਿਧਾਨ ਬਣਾਇਆ॥ ਉਸ ਵੇਲੇ ਅੰਗ੍ਰੇਜ਼ ਸਲਤਨਤ ਦੇ ਇੱਕ ਰਾਜ ਕੈਂਥਲ ਅੰਗ੍ਰੇਜ਼ੀ ਇਲਾਕੇ 'ਚ ਮਿਲਾਨ ਕਾਰਣ ਦੂਸਰੀ ਤਰਮੀਮ ਦਸਤੂਰ-ਉਲ-ਅਮਲ ਬਿਕ੍ਰਮੀ ਸੰਮਤ ਅਸੂ 2, 1917 ਸੰਨ 1860 'ਚ ਕੀਤਾ॥ ਉਸੇ ਤਰ੍ਹਾਂ ਤੀਜੀ ਵਾਰ ਸ਼੍ਰੀ ਗੁਰੂ ਪੰਥ ਦਸਤੂਰ-ਉਲ-ਅਮਲ ਬਿਕ੍ਰਮੀ ਸੰਮਤ ਭਾਦੋਂ ਵਦੀ 12,1918; ਸੰਨ 1862 ਸਾਂਝਾ ਜ਼ਰੂਰੀ "ਗੁਰੂ ਪੰਥ" ਸੰਗਠਨ ਕਾਰਜ ਕਰਿਆ (ਦੇਖੋ ਮਹਾਨ ਕੋਸ਼: ਅਖਾੜਾ) ॥

ਪਟਿਆਲਾ ਰਾਜ ਦੀ ਸ਼੍ਰੀ ਗੁਰੂ ਕਾਸ਼ੀ ਟਕਸਾਲ, ਦਮਦਮਾ ਸਾਹਿਬ ਦੂਰ ਜੰਗਲ ਇਲਾਕੇ ਵਿੱਚ ਹੈ: ਓਥੇ ਕਾਰਜ ਨਹੀ ਹੋ ਸਕਦਾ ਇਸ ਲਈ ਐਥੇ ਪਟਿਆਲੇ ਓਹ ਸ਼੍ਰੀ ਦਸ਼ਮ ਗੁਰੂਜੀ ਥਾਪੀ ਗੁਰਗਮ ਟਕਸਾਲ ਅਟੂਟ ਮਰਜਾਦਾ ਅਧਾਰ ਸ਼੍ਰੀ ਗੁਰੁਬਾਣੀ ਕ੍ਰਮ ਸਿਖਿਆ ਅਨੁਸਾਰ ਪਹਿਲੋ ਪਹਿਲ ਸੰਗਠਨ ਕਰ ਨਿਰਮਲ ਸਿੱਖ-ਸਿੰਘ ਸੰਸਥਾ ਜ਼ਰੂਰੀ ਥਾਪਣੀ ਹੈ॥ ਉਸ 'ਚ ਮੁੱਖ ਦੋ, ਤਿਨੋ ਕਾਰਜ ਨਿਜਿਤ ਕਰ, ਚਲਾਣੇ ਚਾਹੀਦੇ ਹਨ, ਜੋ ਇਹ ਹਨ:-

ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀ ਦੇ ਹੁਕਮ ਅਨੁਸਾਰ ਤਿੰਨ ਵਰ੍ਹੇ ਦੀ ਗੁਰਗਮ ਕ੍ਰਮ ਸਿਖਿਆ:-1. ਬੁੱਧੀਮਾਨੀ, 2. ਵਿਦ੍ਵਾਨੀ ਤੇ 3. ਗਿਆਨੀ ਸ਼੍ਰੀ ਗੁਰੁਬਾਣੀ ਵਿੱਧੀ ਪੂਰਵਕ ਸੰਪੂਰਣ ਕ੍ਰਮ ਵਿਦਿਆ ਸਿਖਿਆ ਖੁਲ੍ਹਾ ਗੁਰੁਸਿੱਖ ਵਿਦਿਆਰਥੀਆਂ ਨੂੰ ਵਿਦਵਾਨ ਪ੍ਰਚਾਰਕ ਬਣਾਨ ਲਈ ਐਥੇ ਹੀ ਕਾਰਜ ਆਰੰਭਿਆ ਜਾਵੇ ਤੇ ਘਟੋ ਘਟ ਇਕ ਧਰਮ ਸੰਸਥਾ ਵੀ ਦੋ ਫੰਘਾਂ ਦੀ ਕੈਮ ਕਰਨ ਦੀ ਲੋੜ ਹੈ:

1. ਦਸ਼ਮ ਸ਼੍ਰੀਗੁਰੂਜੀਦਾ ਨਿਰਮਲ ਗੁਰੁਸਿਖ ਅਖਾੜਾ ਥਾਪਿਆ ਜਾਵੇ, ਅਤੇ;
2. ਸ਼੍ਰੀ ਗੁਰੁਬਾਣੀ ਕ੍ਰਮਸਿਖਿਆ ਸਿਖਾਣ ਦਾ ਕੇਂਦਰ ਥਾਪਿਆ ਜਾਵੇ:-ਸੰਨ. 1859, ਪਟਿਆਲੇ-ਸੰਮਤ 1918 ਭਾਦੋਂ ਸੁਦੀ 12 ਨੂੰ ਧਰਮਧ੍ਵਜਾ ਸ਼੍ਰੀ ਗੁਰੂ ਗੋਬਿੰਦ ਸਿੰਘਜੀ ਦੇ ਪੰਥ ਪੰਚੈਤੀ ਨਿਰਮਲ ਅਖਾੜਾ ਸੰਸਥਾ ਤੋਪਖਾਨੇ ਮਾਰਗ, ਪਟਿਆਲੇ ਨਗਰ ਨਵੀਂ ਹਵੇਲੀ ਧਰਮ ਧ੍ਵਜਾ ਅੱਜ ਦਾਨ ਕਰ ਸੰਸਥਾ ਕੈਮ ਕੀਤੀ ਜਾਵੇ॥

ਨੋਟ:- ਉਸ ਦਰਬਾਰ ਵਿੱਚ ਨੌਂ ਦਫੇਆਂ ਦਾ ਦਸਤੂਰ-ਉਲ-ਅਮਲ ਸਭਾ ਸਵੀਕਾਰ ਕੀਤਾ॥ ਪਟਿਆਲਾ ਦਿਵਾਨ ਨੇ ਹਸਤਾਖਰ ਕਰ ਸਾਰੇ ਰਾਜਿਆਂ, ਸਰਦਾਰਾਂ ਤੇ ਨਵੇਂ ਸ਼੍ਰੀ ਮਹੰਤ ਸਾਹਿਬਾਨ ਨੂੰ ਨਕਲਾਂ ਦਿਤੀਆਂ॥ ਨਾਭੇ ਰਾਜਗੁਰੁ ਭਾ:ਕਾਨ੍ਹ ਸਿੰਘ ਨੇ ਮਹਾਨ ਕੋਸ਼ 'ਚ ਆਪ ਬਣਾਏ 30 ਦਫੇ ਲਿਖੇ॥ ਅਸੀਂ ਸ੍ਵਰਗੀ ਮਹਾਰਾਜ ਨਾਭਾ ਪ੍ਰਤਾਪ ਸਿੰਘ ਜੀ ਪਾਸ ਤਿਨੋਂ ਦਸਤੂਰੁਲ ਅਮਲਾਂ ਦੀਆਂ ਨਕਲਾਂ ਦੇਖੀਆਂ ਜੋ ਬਿਲਕੁਲ ਪਟਿਆਲੇ ਮੁਹਾਫਜ਼-ਖਾਨੇ ਅਸਲ ਦੀ ਨਕਲ ਹਨ॥ ਉਸੇ ਦਿਨ ਪਟਿਆਲਾ ਸਰਕਾਰੀ ਸ਼ਾਹੀ-ਮੁਗਲ ਮਸੱਵਰ ਰੰਗੀਨ ਚਿੱਤ੍ਰ ਬਣਾਇਆ, ਰੰਗੀਨ ਫੋਟੋ ਸਾਮਣੇ ਪੰਨੇ ਤੇ ਹੈ[258]॥

---

258. ਬਹੁਤ ਜ਼ਰੂਰੀ ਨੋਟ ਆਦਤ ਤੋਂ ਮਜ਼ਬੂਰ ਭਾ:ਕਾਨ੍ਹ ਸਿੰਘ ਰਾਜਗੁਰੁ ਨਾਭਾ ਮਹਾਂਨ ਕੋਸ਼ ਵਿੱਚ ਅਖਾੜੇ ਸ਼ਬਦ ਹੇਠ ਦੋ(2)ਨਿਰਮਲ ਅਖਾੜੇਦੇ ਭਾਰੀ ਦੋਖ: ਅਸਲ ਪਟਿਆਲੇ ਸਰਕਾਰੀ ਮੁਹਾਫਿਜ਼ ਖਾਨੇ(Archives) ਤਿਨੇ "ਦਸਤੂਰ-ਉਲ-ਅਮਲ" ਉੜਦੂ ਵਿੱਚ ਹਨ: ੧. ਅਸਲ ਮ: ਕਰਮ ਸਿੰਘਦੇ ੩੦ ਦਫੇ ਵਾਲਾ। ੨. ਮ: ਨਰੇਦ੍ਰ ਸਿੰਘ ਤਰਮੀਮ 'ਚ ੩੦ ਦਫੇਵਾਲਾ (ਫੋਟੋ ਨਕਲਹੈ)।੩. ਇਸ'ਚ ਕੇਵਲ ਨੌ (੯) ਦਫੇ ਹੈ-੩੦ ਨਹੀ॥ ਨਿਰਮਲ ਪੰਥ ਦਰਸ਼ਨ ਭਾਗ 1 ਸੰ: ੨੦੦੯

ਨੋਟ:- ਭਾ:ਕਾਨ੍ਹ ਸਿੰਘ ਨੇ ਆਪੇ 30ਦਫੇ ਬਣਾ ਲਿਖੇ!? ਮੈ ਸ੍ਵਰਗੀ ਮਹਾਰਾਜ ਪ੍ਰਤਾਪ ਸਿੰਘ ਨਾਭੇ ਪਾਸ ਨਕਲਾਂ ਦੇਖੀਆਂ ਸਨ,ਬਿਲਕੁਲ ਸਾਰੇ ਪਟਿਆਲੇ ਤਰਾਂ ਹੀ ਹਨ।

Sri Satguru Jagjit Singh Ji eLibrary NamdhariElibrary@gmail.com

ਇਹੋ ਜਹੇ ਸਿੱਖ, ਏਹੀ ਨਹੀਂ ਜਾਣਦੇ:- ਓਨ੍ਹਾਂਦਾ(ਬੰਸ) ਕਦ ਸਿੱਖ ਬਣਿਆ; ਕਿਸ ਕੋਲੋਂ ਬਾਣੀ ਤੇ ਅਰਥ ਸਿਖੇ॥ ਅੱਗੇ ਐਸੇ ਹੋਰ ਵੀ ਸਿੱਖ ਬੰਸੀ ਹਨ, ਜਿਨ੍ਹਾਂ ਦੀ ਸ਼੍ਰੀ ਗੁਰੂ ਬਾਣੀ ਵਿੱਚ ਇਹ ਲੱਖਣ ਜ਼ਿੰਦਗੀ ਦੇ ਰਹਿਣੀ ਸੰਬੰਧੀ ਹਨ:-

3. ਬੇ-ਮੁਖ ਲੱਖਣ:-ਓਹ ਸਿੱਖ ਬਣਕੇ ਫੇਰ ਮੁਕਰਨ, ਬੇਦਾਵੇ ਤੋਂ ਪਹਿਲੇ ਸਿਖ ਸਨ, ਜਿਵੇਂ:-ਜਿਹ ਪ੍ਰਭੂ ਬਿਸਾਰਿ: ਗੁਰਤੇ ਬੇਮੁਖਾਈ: ਤੇ ਨਰਕ ਘੋਰਮਹਿ ਪਰਿਆ ॥3॥

ਜੋ ਬੇਮੁਖ ਗੋਬਿੰਦ ਤੇ ਪਿਆਰੇ ਤਿਨ ਕੁਲਿ ਲਾਗੈ ਗਾਲਿ ॥ ਹੋਦੀ ਵਸਤੁ ਨ ਜਾਤੀਆ,ਪਿਆਰੇ ਕੂੜੁ ਨ ਚਲੀ ਨਾਲਿ॥ [261]

ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਸ੍ਵਾਨਉਮਰੀ ਬਚਿਤ੍ਰ ਨਾਟਕ 'ਚ ਅਖੀਰੀ ਮਝੈਲਾਂ ਬੇਦਾਵੇ ਤੋਂ ਪਹਿਲਾਂ ਬੇਮੁਖ ਸਿੱਖਾਂ ਬਾਰੇ ਲਿਖਜ਼ਾ:-

ਤਬ ਅਉਰੰਗ ਜੀਅ ਮਾਝ ਸਿਧਾਏ॥ ਏਕ ਅਹਿਦੀਆ ਈਹਾਂ ਪਠਾਏ॥ ਹਮਤੇ ਭਾਜ ਬਿਮੁਖ ਜੇ ਗਏ। ਤਿਨਕੇ ਧਾਮ ਗਿਰਾਵਤ ਭਏ॥ ਜੇ ਅਪਨੇ ਗੁਰਤੇ ਮੁਖ ਫਿਰਹੈ॥ ਈਹਾਂ ਊਹਾਂ ਤਿਨਕੇ ਗ੍ਰਿਹ ਗਿਰਿਹੈ॥ ਈਹਾਂ ਉਪਹਾਸ ਨ ਸੁਰਪੁਰ ਬਾਸਾ। ਸਭ ਬਾਤਨਤੇ ਰਹੇ ਨਿਰਾਸਾ॥ ਦੂਖ ਭੂਖ ਤਿਨਕੋ ਰਹੈ ਲਾਗੀ॥ ਸੰਤ ਸੇਵਤੇ ਜੋਹੈ ਤਿਆਗੀ॥ ਜਗਤ ਬਿਖੈ ਕੋਈ ਕਾਮ ਨ ਸਰਹੀ॥ ਅੰਤਹ ਕੁੰਡ ਨਰਕ ਹੀ ਪਰ ਹੀ॥ ਤਿਨਕੋ ਸਦਾ ਜਗਤ ਉਪਹਾਸਾ॥ ਅੰਤਹਿ ਕੁੰਡ ਨਰਕ ਕੀ ਬਾਸਾ॥ ਗੁਰ-ਪਗ ਤੇ ਜੋ ਬੇਮੁਖ ਸਿਧਾਰੇ॥ ਈਹਾਂ ਊਹਾਂ ਤਿਨਕੇ ਮੁਖ ਕਾਰੇ॥ ਪੁਤ੍ਰ ਪਉਤ੍ਰ ਤਿਨਕੇ ਨਹੀ ਫਰੈ॥ ਦੁਖ ਦੈ ਮਾਤ ਪਿਤਾਕੋ ਮਰੈ॥ ਗੁਰ-ਦੋਖੀ ਸਗ ਕੀ ਮ੍ਰਿਤੁ ਪਾਵੈ॥ ਨਰਕ ਕੁੰਡ ਡਾਰੇ ਪਛੁਤਾਵੈ॥ 8॥ "[262]

ਨੋਟ:-ਧਿਆਨ ਰਹੇ, ਪਿਛੋਂ ਆਨੰਦਪੁਰ ਸਾਹਿਬ ਦੇ ਤਿਆਗ ਕਾਲ ਮਝੈਲਾਂ ਦਾ ਬੇਦਾਵਾ ਲਿਖਨਾ ਵੱਖਰਾ ਇਤਹਾਸ ਹੈ॥

ਇਸ ਪਰਥਾਇ:- ਆਨੰਦਪੁਰ ਇਲਾਕੇ ਪਹਾੜੀ ਰਾਜੇਆਂ ਤੋਂ ਬਾਦਸ਼ਾਹ ਔਰੰਗਜ਼ੇਬ ਨੇ ਵਲੀਅਹਦ(ਬਹਾਦਰ ਸ਼ਾਹ) ਮੁਗਲ ਸਲਤਨਤ ਮਹਿਸੂਲ ਲੈਣ ਭੇਜਿਆ ਸੀ॥ ਬਿਨਾਂ ਟਕਸਾਲੀ ਗਿਆਨ ਦੇ ਸ਼੍ਰੀਗੁਰੂ ਬਾਣੀ ਪਰਿਭਾਸ਼ਿਕ ਲਕਸ਼ਣਾਂ ਅਨੁਸਾਰ ਕੇਵਲ ਭੇਖੀ ਸਿੱਖ, ਜਾਂ ਮਨਮੁਖ ਹਨ। ਐਥੇ ਤਕ ਓਨ੍ਹਾਂ ਨੂੰ ਨਿਗੁਰਾ ਸ਼੍ਰੀਗੁਰੁਬਾਣੀ ਦਸਦੀ ਹੈ। ਸੰਖੇਪ ਸ਼੍ਰੀ ਗੁਰੂ ਪ੍ਰਮਾਣਾ ਦੀ ਲੜੀ ਇਸਤਰ੍ਹਾਂ ਹੈ:-

3. ਮਨਮੁਖ ਉਪਦੇਸ਼ਕ ਲੱਖਣ: ਕਹਾਂਦੇ(ਤਾਂ)ਸਿੱਖ ਹਨ,ਪਰ ਮੂੰਹ ਆਪਣੇ ਮਨ ਤਰਫ ਕਾਰਣ, ਮਨਮਾਨੀ ਅਰਥ ਕਰਦੇ ਹਨ:-

ਧ੍ਰਿਗੁ ਏਹ ਆਸਾ ਦੂਜੇ ਭਾਵ ਕੀ, ਜੋ ਮੋਹਿ-ਮਾਇਆ ਚਿਤੁ ਲਾਏ॥ ਹਰਿ ਸੁਖੁ ਪਲ੍ਰਿ ਤਿਆਗਿਆ, ਨਾਮੁ ਵਿਸਾਰਿ ਦੁਖੁ ਪਾਏ॥ ਮਨਮੁਖ ਅਗਿਆਨੀ ਅੰਧੁਲੇ, ਜਨਮਿ-ਮਰਹਿ ਫਿਰਿ ਆਵੈ-ਜਾਏ॥ ਕਾਰਜ ਸਿਧਿ ਨ ਹੋਵਨੀ, ਅੰਤਿ ਗਇਆ ਪਛੁਤਾਏ॥

ਹੋਰ ਮਾਇਆ ਦੁਖਿ ਮੋਹਿਆ,ਹਉਮੈ ਰੋਹਿਆ,ਮੇਰੀਮੇਰੀ ਕਰਤ ਵਿਹਾਵਏ॥ ਜੋ ਪ੍ਰਭੁ ਦੇਇ, ਤਿਸੁ ਚੇਤੈ ਨਾਹੀ;ਅੰਤਿ ਗਇਆ ਪਛੁਤਾਵਏ॥

---

261. ਪੁਨ੍ਹ: ਓ. ਪੰਨਾ: ੩੦੪:੧; ਅ.ਪੰਨਾ: ੩੧੪:੧੧ ; ਦ.ਮ: ੪: ਪੰਨੇ: ੬੫੧:੧੪; ਸ. ਪੰਨੇ: ੬੧੩:੨; ਹ. ਪੰਨੇ: ੬੪੧:੯॥

262. ਸ੍ਰੀ ਦਸਮ ਗ੍ਰੰਥ, ਸ੍ਰੀ ਗੁਰਅਵਤਾਰ ਬਚਿਤ੍ਰ ਨਾਟਕ: ਅਧਿਆਏ.੧੩:੪-੮॥

Sri Satguru Jagjit Singh Ji eLibrary NamdhariElibrary@gmail.com

ਫੇਰ:- ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ॥ ਆਪਿ ਡੁਬੇ ਕੁਟੰਬ ਸਿਉ,ਸਗਲੇ ਕੁਲ ਡੋਬੰਨਿ ॥ 5॥ ਨਿੰਦਾ ਭਲੀ ਕਿਸੈਕੀ ਨਾਹੀ,ਮਨਮੁਖ ਮੁਗਧ ਕਰੰਨਿ ॥ ਮੁਹ-ਕਾਲੇ ਤਿਨ ਨਿੰਦਕਾ,ਨਰਕੇ-ਘੋਰਿ ਪਵੰਨਿ॥ 6॥

ਮ: 5:ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ॥ ਪਾਰਬ੍ਰਹਮਕਾ ਕਰਹਿ ਵਖਿਆਣ॥ ਜੋਗੀ ਜਤੀ ਬੈਸਨੋ ਰਾਮਦਾਸ ॥ ਮਿਤਿ ਨਾਹੀ ਬ੍ਰਹਮ ਅਬਿਨਾਸ

6. ਗੁਰਮੁਖ ਲੱਖਣ: ਮ:5 ਗੁਰਮੁਖਿ ਸੁਖੀਆ: ਮਨਮੁਖਿ ਦੁਖੀਆ॥ ਗੁਰਮੁਖਿ ਸਨਮੁਖ: ਮਨਮੁਖਿ ਵੇਮੁਖੀਆ॥ ਗੁਰਮੁਖਿ ਮਿਲੀਐ: ਮਨਮੁਖਿ ਵਿਛੁਰੈ-[263]

ੴ ਦੀ 1 ਏਕੰਕਾਰ ਅਤੇ ਰਾਮਕਲੀ ਮ: 1 ਸਿਰਫ "ਓਅੰਕਾਰੁ" ਬਾਣੀ ਵਿੱਚ ਪਰਿਭਾਖਾ ਇਹ ਹੈ, ਜਥਾ:-

ਮ:1:- ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥ ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ॥ ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ: ਏਕੋ ਸ੍ਰਿਸਟਿ ਸਬਾਈ॥ ਏਕੰਕਾਰੁ: ਅਵਰੁ ਨਹੀ ਨਾਨਕ ਏਕੁ ਸਮਾਈ॥ 5॥

ਭਾਵਾਰਥ:1 ਏਕੰਕਾਰ (ਓਅੰਕਾਰ ਨਹੀ)ਦਾ ਅੰਤ ਨਹੀਂ,ਅਰਥਾਤ:-ਦੇਸ਼, ਕਾਲ, ਵਸਤੁ, ਕਰਮਾਦਿ ਕਾਰਣ ਅੰਤ ਵੰਡਿਆ ਨਹੀ ਜਾ ਸਕਦਾ॥ ਇਹ ਸਾਰੇ ਘਟ(ਅਭਾਸ ਵਾਦ),ਪਟ(ਵਿਵਰਤ ਵਾਦ) ਉਪਾਧੀਆਂ ਅੰਦਰ-ਬਾਹਿਰ ਅਭੇਦ ਅਛੇਦ ਅਰਥ ਤਰਕ ਤੇ ਅਨੁਭਵ ਸਿੱਧ ਨਿੱਤ ਸਤਿ ਰਹਿਸਜ ਸ਼੍ਰੀ ਆਦਿ ਗੁਰੂਜੀ ਤੋਂ ਦਸ਼ਮ ਸ਼੍ਰੀ ਗੁਰੂਜੀ ਸਾਰੇਆਂ ਨੇ ਬਾਰ ਬਾਰ ਦ੍ਰਿੜਾਰਥ ਇਸ ਤਰ੍ਹਾਂ ਦਰਸਾਇ ਹਨ, ਜਥਾ:-

ਮ:1:- ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥

ਮ:5:- ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲਹੁ ਪਾਰਬ੍ਰਹਮ॥

ਸ਼੍ਰੀ 10 ਗੁਰੂਜੀ ਜਾਪੁ- ਨਮਸਤੰ ਸੁ ਏਕੈ॥ ਨਮਸਤੰ ਅਨੇਕੈ॥ ਅਕਾਲਹੈਂ॥ ਅਜਾਲਹੈਂ॥ 37॥ ਅਲਾਹ ਹੈਂ। ਅਜਾਹਹੈਂ॥ ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਈ : ਦੂਸਰੋ ਨ ਭੇਦ[2] ਕੋਈ, ਭੂਲ ਭ੍ਰਮ[3] ਮਾਨਬੋ॥ ਏਕ ਹੀ ਕੀ ਸੇਵ, ਸਭਹੀ ਕੋ ਗੁਰਦੇਵ ਏਕ, ਏਕ-ਹੀ ਸਰੂਪ ਸਭੈ ਏਕੈ ਜੋਤਿ ਜਾਨਬੋ॥

ਇਸੇ "1" ਇੱਕ ਨੂੰ ਸ਼੍ਰੀ ਦਸੋ ਵਿਸ਼ੂਗੁਰੂਜੀਆਂਨੇ:-ਪਾਰਬ੍ਰਹਮ, ਅੱਲ੍ਹਾ, ਰਾਮ,ਵਾਹਿਗੁਰੂ ਆਦਿ ਵਿਸ਼ੂਧਰਮਾਦੇ ਅਨੰਤ ਦਿਵਜ ਨਾਮ ਕਹੇ ਪਰ ਦੂਜੇ-ਭਾਉ ਬਾਰੇ ਸਾਰੇ ਹੀ ਸ਼੍ਰੀਗੁਰੂਜੀ ਤੇ ਮਾਨਜਵਰ ਜਨਮਦੇ: ਹਿੰਦੂ, ਮੁਸਲਮਾਨ ਤੇ ਗੁਰੂਸਿੱਖ ਬ੍ਰਹਮ ਗਿਆਨੀਆਂ ਦੀਆਂ ਬਾਣੀਆਂ ਬਾਰ ਬਾਰ ਭੰਡਦੇ ਹਨ॥

ਸ਼੍ਰੀ ਗੁਰੂ ਬਾਣੀ ਵਿੱਚ ਕਈ ਵਿਚਾਰਣ ਯੋਗ ਵਸਤੂਆਂ ਦੇ ਕਈ ਪਹਿਲੂ ਧਿਆਨ ਰੱਖਣ ਲਾਇਕ ਹਨ:-ਸ਼੍ਰੀ ਗੁਰਬਾਣੀ ਪਰਮ ਸਿੱਧਾਂਤ ਅਣਜਾਣ, ਇੱਕੋ ਵਿਧੀ ਜਾਂ ਨਿਖੇਦ ਪੱਖ ਹੀ ਸਿੱਧਾਂਤ ਜਣਾਂਦੇ ਹਨ; ਕਿਉਂ ਆਮ ਹਰੇਕ ਵਸਤੂ ਦੇ ਦੋ ਪਹਿਲੂ ਹੀ ਜਾਣਦੇ ਹਨ। ਇਹ ਓਨ੍ਹਾਂ ਦੀ ਸਭਤੋਂ ਬੜੀ ਭੁੱਲ ਤੇ ਅਗਿਆਨਤਾ ਕਾਰਣ ਹੈ ॥ ਜਦ ਕਿਸੇ ਨੂੰ ਪੁਛੋ "ਸੋਨੇ ਮੋਹਰ,ਜਾਂ ਚਾਂਦੀ

263. ਸ਼੍ਰੀਗੁਗ੍ਰੰਥਜੀ:ਓ.ਪੰਨਾ.੮੫੦:੧੯ ।ਅ.ਪੰਨਾ.੬੯੦:੧੬॥ ੨੨੯:੭; ੩੦੧:੫; ੩੧੪:੬; ੩੬੪:੪; ੧੦੪੯:੧੭। ਦ.ਪੰਨਾ. ੭੫੫:੬ ।ਸ.ਪੰਨੇ: ੧੩੧:੧੦॥

Sri Satguru Jagjit Singh Ji eLibrary NamdhariElibrary@gmail.com

ਰੁਪਜੇ ਦੇ ਕਿਨੇ "ਪਾਸੇ" ਹਨ? ਆਮ ਉੱਤਰ "ਦੋ" ਸੁਣੀਦਾ ਹੈ: ਵਿਰਲੇ ਨੂੰ "ਤਿਨ" ਪਾਸੇਆਂਦੀ ਸੂਝ ਹੁੰਦੀ ਹੈ; ਜੋ"ਪਤਲਾ ਕਿਨਾਰਾ ਹੈ! ਧਿਆਨ ਰਹੇ:ਕੇਵਲ ਤੀਜੇ ਪਹਿਲੂ ਉਤੇ ਖੜੇ ਹੀ ਯਕਲਖਤ ਪੂਰੇ ਵਿਰੋਧੀ ਦੋਨੋਂ ਪਾਸੇ ਦਿਖਦੇ ਹਨ ਜਿਸ ਨੂੰ ਅਨੈ ਕਹਿੰਦੇ ਹਨ ॥ ਇਕਲਖਤ "ਦੋਨੋਂ" ਪਾਸੇ ਦਿਖਣ ਕਾਰਣ ਸਮਨੈ ਰੂਪ "ਏਕਤਾ" ਪ੍ਰਗਟ ਹੁੰਦੀ ਹੈ ॥ ਕਿਨਾਰੇ ਉਤੇ ਖੜੇ ਬਿਨਾ ਵਿਰੋਧੀ ਪਾਸੇ ਪ੍ਰਤੱਖ ਨਜ਼ਰ ਨਹੀ ਹੁੰਦੇ ਤੇ "ਦੂਜੇ ਭਾਉ" ਭਾਵਨਾ ਬਣੀ ਰਹਿੰਦੀ ਹੈ॥ ਇਸੇ ਕਾਰਣ 1 ਏਕੰਕਾਰ ਦ੍ਰਿਸ਼ਟਾਂਤ-ਦਾਰਸ਼ਟਾਂਤ ਨਿਰਧਾਰਿਤ ਕਰੇ ਹਨ॥

ਦੂਜੇ, ਗੁਰਗਮ ਅਨਜਾਣ,ਇਸ ਕਾਰਣ ਇੱਕ ਤੁਕ ਦੇ ਇਕੋ ਪੱਖ ਉਤੇ ਜ਼ੋਰ ਦਿਖਾਂਦੇ ਹਨ॥ ਅਨੇਕ ਉਧਾਰਣ ਸ਼੍ਰੀਗੁਰੁ ਬਾਣੀ ਪਰਿਭਾਸ਼ਿਕ ਸ਼ਬਦ ਸਪਸ਼ਟਾਰਥ ਲਿਖੇ, ਜਿਨ੍ਹਾਂ ਸਮੂਹਾਂ 'ਚ ਅਧਿਆਤਮ ਬ੍ਰਹਮ-ਗਿਆਨ ਦੇ ਤਿਨ ਵਿਸ਼ੇਸ ਮਹੱਤ ਪ੍ਰਮਾਣ ਮੂਲਮੰਤ੍ਰ ੴ ਬੀਜਮੰਤ ਤਤ੍ਰ '1'+ਪੂਰਣ ਅਧਿਆਤਮ-ਕਰਮ ਪੂਰਾ ਸਿੱਧਾਂਤ ਅਨੁਭਵ (Immediate Divine Mystic Experience) ਸਪਸ਼ਟ ਹੈ॥ ਇਸ ਤੋਂ ਉਲਟ ਦੂਜਾ ਭਾਉ ਹੈ ਜਿਨ੍ਹਾਂਦੇ ਪਰਿਭਾਸਿਕ ਲੱਖਣਾਂਵਾਦੀ ਅਗਿਆਨਤਾ ਦੂਰ ਕਰਣ ਲਈ ਬਾਰ ਬਾਰ ਦੁਰਲਭ ਮਨੁਖੀ ਜੀਵਨ ਲਈ ਸ਼੍ਰੀ ਗੁਰੁਬਾਣੀ 'ਚ ਸਾਫ ਉਪਦੇਸ਼ ਦਾ ਤਾਤਪਰਜ ਹੈ:-

ਮ:1:ਨਿਹਫਲੰ ਤਸ੍ "ਜਨਮਸ੍" ਜਾਵਦ ਬ੍ਰਹਮ ਨ ਬਿੰਦਤੇ॥ ਸਾਗਰੰ ਸੰਸਾਰਸ੍", ਗੁਰਪਰਸਾਦੀ ਤਰਹਿਕੇ॥ ਕਰਣ ਕਾਰਣ ਸਮਰਥੁਹੈ,ਕਹੁ ਨਾਨਕ ਬੀਚਾਰਿ॥ ਕਾਰਣੁ(ਕਰਮ) ਕਰਤੇ ਵਸਿਹੈ, ਜਿਨਿ ਕਲ ਰਖੀ ਧਾਰਿ॥ 2॥

ਸਮੂਹ ਸੰਪੂਰਣ ੴ ਕਾਰਣ-ਕਰਣ ਵਿਸ਼੍ਵ ਮਹਾਉਪਾਧੀ 'ਚ ਅਨੇਕ ਵਿਅਸ਼ਟੀ-ਉਪਾਧੀਆਂ '1' ਕਾਰਣ-ਕਰਣ ਹੀ ਹਨ, ਜਿਵੇਂ: ਸ਼੍ਰੀਗੁਰੁ ਵਾਕ ਹਨ:-

ਗੁਰਪਰਸਾਦੀ ਮੁਖੁ-ਊਜਲਾ ਜਪਿ ਨਾਮੁ ਦਾਨੁ ਇਸਨਾਨੁ;

ਸੁਣਿ ਪੰਡਿਤ ਕਰਮਾ ਕਾਰੀ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ॥

ਅੰਤ 'ਚ ਜਹ ਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ; ਵਿਣੁ ਗੁਰ-ਪੀਰੈ ਕੋ ਥਾਇ ਨ ਪਾਈ॥ ਰਾਹੁ ਦਸਾਇ ਓਥੈ ਕੋ ਜਾਇ॥ ਕਰਣੀ ਬਾਝਹੁ ਭਿਸਤਿ ਨ ਪਾਇ॥ ਕਰਣੀ ਬਾਝਹੁ, ਤਰੈ ਨ ਕੋਇ ॥ ਸਚੋਸਚੁ ਵਖਾਣੈ ਕੋਇ॥

ਧਿਆਨ ਰਹੇ:- ਅਧਿਆਤਮ ਕਰਮ ਧਰਮ, ਕਰਮ ਕਾਂਡ ਨਹੀਂ॥ ਕਿਰਤ ਕਰਣੀ, ਧਰਮਾਰਥ ਦਸਵੰਦ ਗਰੀਬਾਂ ਦੇ ਭਲੇ ਲਈਂ ਦਾਨ ਵੰਡ ਛਕਣਾ-ਛਕੌਣਾ, ਸ਼੍ਰੀਗੁਰੁ ਪੀਰੀ-ਮੀਰੀ ਹਲਤ ਪਰੰਪਰਾ ਹੈ ਜਥਾ:- ਲੰਗਰਿ ਦਉਲਤਿ ਵੰਡੀਐ[ਬ.264]

ਇਨ੍ਹਾਂ ਪ੍ਰਤੱਖ ਅਧਾਰ ਕ੍ਰਿਆਵਾਂ ਸਾਂਸਕ੍ਰਿਤਿਕ ਬਹੁਲਤਾ ਭੇਦ ਛੇਦ ਹੋਰ ਸਾਰੇ ਕਰਦੇ ਹਨ: ਪਰ ਸਾਧ ਸੰਗਤ'ਚ ਵੀ ਕੀਤੇ ਜਾਂਦੇ ਹਨ-- ਸੋ ਇਹ ਹਲਤ-ਪਲਤ ਏਕਤਾ ਲਿਔਣ ਦੇ ਅਧਿਆਤਮ ਸਾਧਨ ਹਨ॥

---

264. ਪਨ੍ਹ.ਓ.ਪੰ.੪੬:੫। ਅ.ਪੰ. ੩੬੫:੯। ਏ.ਪੰ. ੨੫:੪ । ਸ.ਪੰ. ੯੫੨:੧,੩। ਹ.ਭਾਈ ਗੁਰਦਾਸ ਵਾਰ: ੩।੧੨।੫। ਕ. ਪੰ. ੯੬੯:੯ ॥ ਅਦਿ॥

Sri Satguru Jagjit Singh Ji eLibrary NamdhariElibrary@gmail.com

ਨਿਚੋੜ

ਸ਼੍ਰੀ ਜਗਦਗੁਰੂ ਜੀ ਦੀ ਆਗਿਆ (ਹੁਕਮ) ਹੈ:- ਅਕਲ ਨਾਲ ਆਗਮ-ਨਿਗਮ ਤਰਕ ਰਾਹੀਂ ਅਕਾਲ ਪੁਰਖ ਦੀ ਅਗੰਮ ਬਾਣੀ ਦੇ ਅਰਥ ਸਮਝੋ। ਏਹੀ ਗੁਰੁਗਮ ਸਿਧਾਂਤ ਸਮਝਣ ਦੀ ਟਕਸਾਲੀ ਪ੍ਰਥਾ ਹੈ, ਤੇ ਇਸ ਟੀਕਾ ਸੰਗ੍ਰਹੈ ਦਾ ਅਸਲ ਨਿਚੋੜ ਨਿਕਾਲਨ ਦੀ ਵਿਧੀ ਹੈ ਜਿਸ ਤੇ ੧ਓ ਨਿਰਾਕਾਰ-ਨਿਰਗੁਣ; ਸਾਕਾਰ-ਸਗੁਣ ਬੀਜ ਦਾ ਗਿਆਨ ਅਤੇ ਮੂਲ ਮੰਤ੍ਰ 'ਚ ਵਿਰਲੇ ਭਾਸ਼ਯ, ਟੀਕੇ ਟਿੱਪਣੀਕਾਰਾਂ ਦੇ ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ॥ 170 ਟੀਕੇਆਂ ਵਿੱਚੋਂ ਵਿਰਲੇਆਂ 'ਚ ਦੇਖਣ ਨੂੰ ਮਿਲੇ ਹਨ॥ ਪੁਰਾਣੇ-ਨਵੇਂ ਟੀਕੇਆਂ 'ਚ ੧ਓ ਮਹਾਮੰਤ੍ਰ(ਮਹਾਵਾਕ) ਦਾ ਪਰਿਭਾਸ਼ਿਕ ਸ੍ਵਰੂਪ-ਰੂਪ ਦੋਨੋਂ ਅਰਥ ਵਿਰਲੇ ਕੀਤੇ ਹਨ॥ ਉਨ੍ਹਾਂ ਰਾਹੀਂ ਅਸਲ ਗੁਰੁਗਮ ਟਕਸਾਲੀ ਅਰਥ ਨੁਚੜਿਆ ਹੈ॥ ਸੱਚ ਪੁਛੋ:ਉਸ ਬਿਨਾ ਸ਼੍ਰੀਵਿਸ਼ਗੁਰੁਜੀਦਾ ੧ਓ ਸਿਧਾਂਤ ਸਾਫ ਨਿਗਮ ਆਗਮ ਤਰਕ ਤੋਂ ਸਿੱਧ ਨਹੀਂ ਹੁੰਦਾ ॥ ਟੀਕੇ ਪੜਨ ਵਿਚਾਰਣ ਤੇ ਗੱਲ ਸਾਫ ਹੋ ਜਾਵੇਗੀ--ਸੋ ਇਸ ਤੇ ਹੋਰ ਵਿਚਾਰ ਐਥੇ ਕਰਣੀ ਰਹਿਣ ਦਿੰਦੇ ਹਾਂ ॥

ਇਤਨਾ ਦਸਨਾ ਠੀਕ ਹੋਵੇਗਾ, ਭਾਰਤੀਆਂ ਕਈ ਬੋਲੀਆਂ ਵਿੱਚ ਜਪੁ ਨੀਸਾਣੁ ਨਿਰਮਲ ਸੰਤ ਨਿਹਾਲ ਸਿੰਘ(ਕਾਸ਼ੀ) ਤੇ ਨੈਬ ਸ਼੍ਰੀ ਮਹੰਤ ਸੰਤ ਪੰ.ਤਾਰਾ ਸਿੰਘ ਨਰੋਤਮ ਪਿਛੋਂ ਪੂਰੇ ਸ਼੍ਰੀ ਜਗਦਗੁਰੁ ਗ੍ਰੰਥ ਦਰਬਾਰ ਸਾਹਿਬ ਜੀਦੀ ਨਿਰਮਲ ਸੇਖਵਾਂ ਗਿ.ਬਦਨ ਸਿੰਘ ਰਾਜ ਦਰਬਾਰ ਫਰੀਦਕੋਟ ਟੀਕਾ ਪਿੱਛੋਂ ਬਹੁਤ ਟੀਕੇ, ਉਲਥੇ ਹੋਇ ਹਨ, ਜਿਵੇਂ:1.ਗਿ.ਬਿਸ਼ਨ ਸਿੰਘ ਕੀਤਾ ਦੂਜੇ ਭਾਉ 'ਚ ਟੀਕਾ ਇਸਦਾ ਭ੍ਰਸ਼ਟ ਰੂਪ ਹੀ ਹੈ॥

2. ਅੰਮਿਤਸਰ ਟਕਸਾਲ ਦੇ ਭਾਈ. ਕਰਤਾਰ ਸਿੰਘ ਨੇ 10 ਭਾਗਾਂ 'ਚ ਟੀਕਾ ਛਾਪਿਆ ਜੋ ਗਿਆਨੀ ਅਮੀਰ ਸਿੰਘ ਜੀ ਦੇ ਸੀਨੇ-ਬਸੀਨੇ ਕਈ ਸੰਪ੍ਰਦਾਈ ਵਿਲਖਨ ਅਰਥ ਜਾਨਣੇ, ਸਮਝਨੇ ਜੋਗ ਹਨ ॥

3. ਸਿੰਧੀ ਕੀਰਤਨਕਾਰ ਲਛਮਨ ਚੇਲਾ ਰਾਮ ਭਾਰਤੀ ਕਈ ਭਾਖਾਵਾਂ 'ਚ ਪੂਰਾ ਟੀਕਾ ਪ੍ਰਕਾਸ਼ਿਤ ਕਰ ਰਹੇ ਹਨ ਪਰ ਉਨ੍ਹਾਂ 'ਚ ਪ੍ਰਥਾਇਆਂ ਦੀ ਕਮੀ ਰਹੀ ਹੈ॥ ਜੇ ਪਾਠਕ ਪੁਰਾਣੇ ਭਾਈ ਮਨੀ ਸਿੰਘ, ਪੰ.ਤਾਰਾ ਸਿੰਘ ਨਰੋਤਮ(ਸਸਕ੍ਰਿਤ ਵੈਯਾਕਰਣ ਆਚਾਰਜ), ਨਿਰਮਲ ਸੰਤ ਅਰਜੁਨ ਸਿੰਘ ਮੁਨੀ ਕਾਸ਼ੀ ਹਿੰਦੀ ਅਨੁਵਾਦ, ਸ਼੍ਰੀ ਮਹੰਤ ਸਾਧੂ ਸਿੰਘ ਆਦਿਆਂ ਦੇ ਫੁਟਕਲ ਟੀਕੇ, ਪਰਿਭਾਸ਼ਿਕ ਗ੍ਰੰਥ ਪੜ੍ਹਨ ਤੇ ਸਮਝ ਸਕਣ; ਓਨ੍ਹਾ ਨੂੰ ਕਈ ਅਧਿਆਤਮ ਗੱਲਾਂ ਹੋਰ ਅਨੁਭਵ ਹੋਣਗੀਆਂ॥ ਦੂਜੇ ਪਾਸੇ ਪੱਛਮੀ ਦ੍ਰਿਸ਼ਟੀਕੋਣ ਦੇ ਵੀ ਕਈ ਵਿਦੇਸ਼ੀ ਬੋਲੀਆਂ'ਚ ਟੀਕੇ ਹਨ, ਜਥਾ:-

ਅੰਗ੍ਰੇਜ਼ੀ'ਚ ਈ.ਟ੍ਰੰਪ, ਐਮ.ਏ.ਮੈਕੋਲਿਫ, ਡੰਨਕਿਨ ਗ੍ਰੀਨਲੀਜ਼, ਹਿਊ ਮੈਕਲੌਡ ਦੇ ਦੂਜੇ-ਭਾਉ ਉਲਥੇ ਹਨ॥ ਪੂਰੇ ਸ਼੍ਰੀ ਗੁਰੂ ਗ੍ਰੰਥ ਸਹਿਬ ਦੇ ਅੰਗ੍ਰੇਜ਼ੀ 'ਚ ਡਾ.ਗੋਪਾਲ ਸਿੰਘ ਦਰਦੀ ਬਿਨਾ ਪਰਥਾਇ ਚਾਰ ਭਾਗ ਦੂਜੇ ਭਾਉ ਉਲਥੇ ਦੀ ਚਾਲ ਚਲਾਈ। ਵਕੀਲ ਮੋਹਿੰਦਰ ਸਿੰਘ ਤਿਨ ਬੋਲੀਆਂ: ਪੰਜਾਬੀ,ਹਿੰਦੀ,ਅੰਗ੍ਰੇਜ਼ੀ ਟੀਕਾ ਹੈ। ਅਮਰੀਕਨ ਸੰਤ ਸਿੰਘ ਖਾਲਸਾ ਪ੍ਰਸਿੱਧ ਕੰਪਜ਼ੂਟਰ ਸੀ.ਡੀ ਹੈ। ਕੈਨੇਡਾ ਦੇ ਡਾ. ਜਰਨੈਲ ਸਿੰਘ ਤਿੰਨ ਯੋਰਪਿਅਨ ਬੋਲੀਆਂ: 1. ਫਰੈਂਚ, 2. ਜਰਮਨ, 3. ਸਪੈਨਿਸ਼ 'ਚ ਉਸੇ ਸਮਝ ਲੀਹੇ ਕੀਤੇ ਨੇ॥ ਇਨ੍ਹਾਂ ਦਾ ਵਰਣਨ ਇਸ ਕਾਰਣ ਕੀਤਾ, ਕਿਉ ਇਹ ਸੰਪੂਰਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਟੀਕੇ ਹਨ,ਜੋ ਸੁਭਾਵਕ ਪਹਿਲੀ ਬਾਣੀ ਸ਼੍ਰੀ

Sri Satguru Jagjit Singh Ji eLibrary NamdhariElibrary@gmail.com

ਜਪੁ ਨੀਸਾਣੁ ਟੀਕੇ ਵੀ ਹਨ ਪਰ ਇਨ੍ਹਾਂ 'ਚ ਵਿਲੱਖਣਤਾ ਕੋਈ ਨਹੀਂ; ਕੇਵਲ ਮੱਖੀ ਨਾਲ ਮੱਖੀ ਮਾਰਨ ਵਾਲੀ ਗਲ, ਸਾਰੇ ਦੂਜੇ-ਭਾਉ ਅੰਗ੍ਰੇਜ਼ੀ ਕਾਲ ਪ੍ਰਭਾਵਤ ਅਰਥ ਹੀ ਹਨ॥

ਸ਼੍ਰੀਵਿਸ਼੍ਰੁਗੁਰੂ ਗ੍ਰੰਥ ਸਾਹਿਬ ਦੀ ਪੂਜਾ ਪ੍ਰਤਿਸ਼ਠਾ ਕੀ ਅਤੇ ਕਿਉਂ ਹੈ? ਸੰਗ੍ਰੈਹ ਕਰਤਾ ਨੇ ਡਾ. ਮੈਕਲੌਡ ਨੂੰ 1972 'ਚ ਯੇਲ ਯੂਨੀਵਰਸਟੀ, ਅਮਰੀਕਾ ਤੋਂ ਲਿਖਿਆ; 10 ਸ਼੍ਰੀ ਵਿਸ਼੍ਰੁਗੁਰੂਜੀ ਦੇ ਪੂਜਨ(ਮਾਨ) ਤੇ ਸ਼੍ਰੀਗੁਰੂਗ੍ਰੰਥ ਮਾਨ-ਪੂਜਾ ਮੂਰਤੀ ਪੂਜਨ ਰੂਪ ਕਦੀ ਨਹੀਂ ਥੀ, ਨਾ ਸਮਝਣੀ ਚਾਹੀਦੀ ਹੈ, ਇਸਦੇ ਸ਼੍ਰੀਗੁਰੁਬਾਣੀ ਪ੍ਰਮਾਣ ਹਨ:

ਮ:5:-ਪੋਥੀ ਪਰਮੇਸਰਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ (ੴ) ਬ੍ਰਹਮ ਗਿਆਨੁ ਇਹ ਸਿਧਾਂਤ ਹੋਰ ਸਪਸ਼ਟ ਪੰਚਮ ਸ਼੍ਰੀਜਗਦਗੁਰੂ ਅਰਜੁਨ ਦੇਵ ਜੀ ਨੇ ਸਾਫ਼ ਸ਼ਬਦ ਇਸ ਦੇ ਮੂਰਤੀ ਪੂਜਨ ਵਿਰੁੱਧ ਲਿਖਿਆ ਹੈ, ਜਥਾ:-

ਮਹਲਾ 5॥ ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥ ਠਾਕੁਰੁ ਹਮਰਾ ਸਦ ਬੋਲੰਤਾ॥ ਸਰਬ ਜੀਆਕਉ ਪ੍ਰਭੁ ਦਾਨੁ ਦੇਤਾ॥ ...ਨ ਪਾਥਰੁ ਬੋਲੈ ਨਾ ਕਿਛੁ ਦੇਇ॥ ਫੋਕਟ ਕਰਮ ਨਿਹਫਲ ਹੈ ਸੇਵ॥

ਇਸ ਸ਼ਬਦ 'ਚ "ਠਾਕੁਰੁ ਹਮਰਾ ਸਦ(ਬ੍ਰਹਮ ਗਿਆਨ)ਬੋਲੰਤਾ॥ ਸਰਬ ਜੀਆ ਕਉ ਪ੍ਰਭੁ(ਬ੍ਰਹਮ ਗਿਆਨ) ਦਾਨੁ ਦੇਤਾ" ਦ੍ਰਿਸ਼ਟਾਂਤ ਸਪਸ਼ਟ ਹੈ:-

1. ਸੰਗਤ ਜੇ ਸ੍ਹਾਮਣੇ ਹੋਵੇ ਤਾਂ ਪ੍ਰਬਚਨ ਰਾਹੀਂ ਦਸਿਆ ਜਾਂਦਾ ਹੈ: ਪਰ ਜੇ;2.ਦੂਰ ਹੋਵੇ ਤਾਂ ਚਿੱਠੀ ਪਤ੍ਰ ਆਦਿ ਰਾਹੀਂ ਓਹੀ ਨਾਮ ਦਾਨ ਗਿਆਨ ਉਪਦੇਸ਼ ਦਿੱਤਾ, ਤੇ ਸਮਝਾਇਆ ਜਾਂਦਾ ਹੈ ॥ ਹੋਰ ਧਿਆਨ ਰਹੇ; ਕੀ ਸਾਰੇ ਭਾਰਤੀ ਸੰਸਕ੍ਰਿਤੀ ਅਨੁਸਾਰ ਆਪਣੇ ਮਾਤਾ, ਪਿਤਾ, ਬਜ਼ੁਰਗਾਂ, ਸੰਬੰਧੀਆਂ ਨੂੰ ਮਥਾ ਨਹੀਂ ਟੇਕਦੇ? ਕੀ ਓਹ ਮੂਰਤੀ ਪੂਜਾ ਹੈ? ਬਲਕਿ ਸ਼ੁਭ ਭਾਵਨਾਵਾਂ ਕਾਰਣ ਮਾਨ ਹੈ! ਬਿਨਾ ਭਾਵਨਾ ਮਾਨ:ਮੱਥਾ ਕੌਣ ਟੇਕਦਾ ਹੈ? ਇਸੇ ਤਰ੍ਹਾਂ ਜਦ ਦਸੋ (10) ਸ਼੍ਰੀਵਿਸ਼੍ਰੁਗੁਰੂਜੀ ਸਨਮੁਖ ਸਨ,ਲੋਕ ਉਨ੍ਹਾ ਦੇ ਉਪਦੇਸ ਸੁਣਨ ਆਂਦੇ ਸਨ, ਕੇਵਲ ਦੇਹ ਨੂੰ ਮੂਰਤੀ ਜਾਣ ਮਥਾ ਨਹੀਂ ਟੇਕਦੇ ਸਨ ਬਲਕਿ ਅਸਲ 'ਚ ਦਸੋ ਸ਼੍ਰੀ ਵਿਸ਼੍ਰੁਗੁਰੂ ਜੀਦੀ ਮਹੱਤਾ ਸਰੀਰਿਕ ਪੂਜਾ ਕਰਕੇ ਕਦੀ ਨਹੀਂ ਹੋਈ, ਨਾ ਓਨ੍ਹਾ ਕਰਣ ਦਿਤੀ--ਜਿਵੇਂ ਜੈਨ,ਬੁੱਧ,ਤੇ ਹੁਣ ਹਿੰਦੂ ਧਰਮਾਂ 'ਚ ਹੈ ॥ ਬਲਕਿ ਜੋ ਓਨ੍ਹਾਂ ਰਾਹੀਂ ੴ ਅਕਾਲ ਤੋਂ ਬ੍ਰਹਮ ਗਿਆਨ-ਵਿਗਿਆਨ ਬਾਣੀ ਪ੍ਰਗਟ ਹੋਈ,ਉਸੇ ਕਾਰਣ ਦੁਨੀਆ ਪੂਜਜ ਸੇ ਜੋ ਸ਼੍ਰੀ ਵਿਸ਼੍ਰੁਗੁਰੂ ਗ੍ਰੰਥ ਜੀ ਬਨਣ ਤੋਂ ਵੀ ਪਹਿਲਾਂ ਅਕਾਲ ਬਾਣੀ ਵਿਸ਼੍ਰੁਗੁਰੂ ਰਹੀ ਤੇ ਪ੍ਰਚਾਰ ਕਾਰਣ ਦਸੋਂ ਗੁਰੂ ਪੂਜਜ ਹੋਏ ਤੇ ਉਸ ਬਿਨਾ ਓਨ੍ਹਾਂ ਦੀ ਕੋਈ ਵੀ ਵੁਕਤ ਨਹੀ ਸੀ, ਨਾ ਹੈ, ਨਾ ਹੋਵੇਗੀ,ਕਿਉਂਕਿ ਸ਼੍ਰੀ ਜਗਦਗੁਰੂ ਬਚਨ ਹੈ:

ਮ:4:-ਬਾਣੀ ਗੁਰੂ ਗੁਰੂਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁਬਾਣੀ ਕਹੈ ਸੇਵਕੁ-ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ॥

ਸਪਸ਼ਟ ਹੈ ਸ਼੍ਰੀਵਿਸ਼੍ਰੁਗੁਰੂ ਨਾਨਕ-ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀਦੀ ਗੁਰੂਤਾ ਗੁਰੁਬਾਣੀ ਸੀ-ਨਾਕਿ ਸਰੀਰ,ਜੋ ਪ੍ਰਥਾਏ ਭਗਤ ਰਵਿਦਾਸ ਬਚਨ ਹੈ:

"ਤਰ ਤਾਰਿ ਅਪਵਿਤ੍ਰ ਕਰਿ ਮਾਨੀਐ; ਰੇ ਜੈਸੇ ਕਾਗਰਾ ਕਰਤ ਬੀਚਾਰੰ॥ ਭਗਤਿ ਭਾਗਉਤੁ ਲਿਖੀਐ ਤਿਹ ਉਪਰੇ, ਪੂਜੀਐ ਕਰਿ ਨਮਸਕਾਰੰ॥

ਤਾੜ ਦਰਖਤ ਪਵਿਤ੍ਰ ਨਹੀਂ, ਉਸ ਦੇ ਪੱਤੇ ਬਣੇ ਗ੍ਰੰਥ ਪਵਿਤ੍ਰ, ਪੂਜ ਨਹੀ-ਕੇਵਲ

Sri Satguru Jagjit Singh Ji eLibrary NamdhariElibrary@gmail.com

"ਬਾਣੀ ਵਜੀ ਚਹੁ ਜੁਗੀ॥ ੧ਓ ਉੱਤਰੀ ਲਖੀ ਬਾਣੀ ਕਾਰਣ ਗ੍ਰੰਥ ਪੂਜਯ ਹਨ! ਇਹੀ ਕਾਰਣ ਦਸੋ ਸ਼੍ਰੀਗੁਰੂਆਂ ਦੀ ਗੁਰੁਤਾ ਥੀ ਜਿਸ ਕਾਰਣ ਕਿਹਾ ਸ਼੍ਰੀ ਗੁਰੁਜੀ ਸ਼ਬਦ ਪ੍ਰੌੜਤਾ ਉਪਦੇਸਿਆ॥ ਇਨ੍ਹਾਂ ਵਿਸ਼ਿਆਂ ਬਾਰੇ ਬਹੁਤ ਲਿਖਿਆ ਜਾ ਸਕਦਾ ਹੈ ਪਰ ਸਾਡੇ ਅਲਪਗਾਂ ਲਈ ਇੰਨਾਂ ਹੀ ਕਹਿਣਾ ਲਿਖਣਾ ਠੀਕ ਹੈ॥

ਸ਼੍ਰੀ ਵਿਸ਼ੂਗੁਰੂ ਗ੍ਰੰਥ ਸਾਹਿਬ ਦੀ ਰਾਜ ਜੋਗ ਪਲਤ-ਹਲਤ ਮਹੱਤਾ

ਸ਼੍ਰੀ ਵਿਸ਼ੂਗੁਰੂ ਨਾਨਕ-ਸ਼੍ਰੀ ਜਗਦਗੁਰੂ ਗੋਬਿੰਦ ਸਿੰਘਦੀ ਗੁਰੁਤਾ ਜਿਵੇਂ ਗੁਰੁਬਾਣੀ ਕਾਰਨ ਪੂਜਤਾ ਸੀ, ਸ਼੍ਰੀ ਵਿਸ਼ੂਗੁਰੂ ਗ੍ਰੰਥ ਸਾਹਿਬ ਵੀ ਕੇਵਲ ਗੁਰੁਬਾਣੀ ਕਾਰਨ ਹੀ ਪੂਜ ਸਤਕਾਰਤ ਗੁਰੁ ਹਨ ਜਿਸ ਕਾਰਣ ਰੀਤ ਸਾਫ ਹੈ--ਬਿਨਾ ਗੁਰੁਬਾਣੀ ਸਿਖਿਆ--ਮੂਰਤੀ ਤਰ੍ਹਾਂ ਮਥੇ ਟੇਕਣਾ ਪੂਜਨਾ ਕਦੀ ਨਹੀਂ ਰਿਹਾ॥ ਜਿਵੇਂ ਭਾਰਤੀ ਸੰਸਕ੍ਰਿਤੀ ਅਨੁਸਾਰ ਬੁਜ਼ੁਰਗਾਂ ਦਾ, ਸਾਧੂ ਮਹਾਤਮਾ, ਮਹੰਤ, ਸੰਤਾਂ ਦਾ ਸਤਕਾਰ, ਪੂਜਨ ਚਲਿਆ ਰਿਹਾ ਹੈ, ਉਸੇ ਰੀਤੀ ਅਨੁਸਾਰ ਸ਼੍ਰੀ ਗੁਰੁਬਾਣੀ ਉਪਦੇਸ਼ ਹੈ, ਸਾਰੇ ਸ਼੍ਰੀ ਵਿਸ਼ੂਗੁਰੁ ਜੀ ਆਪ ਨੂੰ ਸਦਾ ਸੰਤ ਸੰਬੋਧਨ ਕਰਦੇ ਸਨ,ਜਿਸ ਕਾਰਣ ਸਾਰੇ ਪੂਜਯ ਸਨ॥ ਮ:5:-ਸੰਤਾ ਕੇ ਕਾਰਜਿ ਆਪਿ ਖਲੋਇਆ,ਹਰਿ ਕੰਮੁ ਕਰਾਵਣਿ ਆਇਆ ਰਾਮ॥ ਦਸਮ(10) ਸ਼੍ਰੀਜਗਦਗੁਰੂ ਬਚਨ:- ਚੌਪਈ: ਇਹ ਬਿਧ ਤਿਨ ਭਯੋ ਉਪਹਾਸਾ। ਸਭ ਸੰਤਨ ਮਿਲ ਲਖਯੋ ਤਮਾਸਾ॥ ਸੰਤਨ ਕਸ਼ਟ ਨ ਦੇਖਨ ਪਾਯੋ। ਆਪ ਹਾਥਦੈ ਨਾਥ ਬਚਾਯੋ॥

ਸਦਾ ਲਈ ਰਾਜ ਜੋਗ ਪਲਤ-ਹਲਤ ਮਰਜਾਦਾ ਥਾਪਨੀ

ਅਸੀਂ ਸ਼੍ਰੀ ਗੁਰੁਵਾਕ ਦੇਖ ਚੁਕੇ "ਬਾਣੀ ਵਜੀ ਚਹੁ ਜੁਗੀ ਸਚੋਸਚੁ ਸੁਣਾਇ";

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ॥ ਜੁਗਿ ਜੁਗਿ ਪੀੜੀ ਚਲੈ ਸਤਿਗੁਰਕੀ ਜਿਨੀ ਗੁਰਮੁਖਿ ਨਾਮੁ ਧਿਆਇਆ॥ ਹਰਿ-ਪੁਰਖੁ ਨ ਕਬਹੀ ਬਿਨਸੈ ਜਾਵੈ, ਨਿਤ ਦੇਵੈ ਚੜੈ ਸਵਾਇਆ"; "ਜੋਜੋ ਤਰਿਓ ਪੁਰਾਤਨੁ ਨਵਤਨੁ ਭਗਤਿ; "ਜੁਗਹ ਜੁਗਹਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ"; "ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ ॥ ਗੁਰ ਸਬਦੇ ਮਨੁ ਮਾਨਿਆ ਅਪਤੀਜੁ ਪਤੀਣਾ॥ ਗੁਰੁ ਨਾਨਕੁ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ"॥ ਆਦਿ॥

ਅਨਾਦਿ ਭਾਰਤੀ ਪਰੰਪਰਾ ਪ੍ਰਿਥਾ ਅਨੁਸਾਰ ਪਹਿਲੇ ਪੰਜ ਸ਼੍ਰੀਵਿਸ਼ੂਗੁਰੂ ਸੰਤ/ਪੀਰੀ ਨਿਰਮਲ ਪੰਥ ਸੰਤ ਰਾਜ ਜੋਗੀ ਸਨ ॥ ਛੇਵੇਂ ਤੋ ਦਸਵੇ ਸ਼੍ਰੀਵਿਸ਼ੂਗੁਰੂਜੀ ਦੋਨੋਂ ਪੀਰੀਮੀਰੀ ਰਾਜ ਜੋਗੀ ਸੰਤ ਰਾਜੇ ਸਨ; ਜੁਸ ਕਾਰਣ ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀ ਨੇ ਅਖੀਰ 'ਚ ਸ਼੍ਰੀਗੁਰੂਗ੍ਰੰਥ ਸਾਹਿਬ ਜੀ ਨੂੰ ਏਸ ਪੁਰਾਣੀ ਰੀਤ ਗੁਰੁਤਾ ਹੁਣ ਕਲਿਯੁਗ ਅੰਦਰ ਸ਼੍ਰੀ ਵਿਸ਼ੂਗੁਰੂ ਨਾਨਕ ਦੇਵ ਜੀ ਚਲਾਈ ਰੀਤਿ ਅਨੁਸਾਰ, ਬਾਬਾ ਬੁਢਾਜੀ ਟਿੱਕਾ ਦੇਣ ਨਾਲ ਆਰੰਭ ਕਰਕੇ ਥਾਪੀ॥ ਇਸ ਪਰੰਪਰਾ ਅਨੁਸਾਰ ਬਾਬਾ ਬੁਢਾ ਬੰਸ ਪਰੰਪਰਾ ਬੰਸੀ ਭਾ.ਰਾਮ ਕੋਇਰ (ਗੁਰਬਖਸ਼ ਸਿੰਘ ਬੁਢੇਕੇ) ਤੋਂ ਸ਼੍ਰੀ ਜਗਦਗੁਰੂ ਗੋਬਿੰਦ ਸਿੰਘਜੀ ਨੇ ਸ਼੍ਰੀ ਗ੍ਰੰਥ ਜੀ ਨੂੰ ਵਿਸ਼ੂਗੁਰੂ ਹੋਣ ਦਾ ਟਿਕਾ ਕਰਾ,ਉਸੇ ਪ੍ਰਥਾ ਅਨੁਸਾਰ ਚਾਰ ਦਿਵਜ ਪਦਾਰਥ, ਪੰਜਵੇਂ ਦਿਵਜ ਪਦਾਰਥ ਪੋਥੀ ਜੀ ਨੂੰ ਸ਼੍ਰੀ ਗੁਰੁ ਗ੍ਰੰਥ ਜੀ ਸਾਹਿਬ ਇਲਾਨ ਪੁਰਾਣੇ ਰਾਜਜੋਗੀ/ਰਾਜਰਿਸ਼ੀ ਰਾਜੇ, ਮਹਾਰਾਜੇਆਂ ਤ੍ਹਰ੍ਹਾਂ ਗਦੀ ਨਸ਼ੀਨ ਕੀਤੇ॥ ਇਸ ਇਕੋ ਪੁਰਾਣੀ ਰੀਤ ਰਾਹੀਂ ਦੋ (2) ਪੁਰਾਣੀ ਕ੍ਰਿਯਾ ਰਾਹੀਂ ਸਦਾ ਲਈ ਕੈਮ ਕਰੀਆਂ:-

1. ਪਹਿਲੀ ਰਾਜ ਰਿਖੀ ਪਰੰਪਰਾ: ਰਾਜ ਰਿਖੀ ਧਰਮ/ਦਰਬਾਰ ਦੀ ਮੰਜੀ/ਤਖਤ ਉਤੇ ਸਿੰਘਾਸਣ ਵਿਛਾ ਚੰਦੋਆ, ਛਤ੍ਰ, ਚੌਰ, ਹੇਠ ਜਨਤਾ/ਸੰਗਤ ਸਨਮੁਖ ਬੈਠ, ਨਦਰ (Tribute) ਪੇਸ਼ ਲੈਣੀ, ਅਤੇ ਦਰਬਾਰ/ਰਾਜੇ ਤਰਫੋਂ ਸਿਰੋਪਾਓ (Robe of Honor) ਦਿੱਤਾ ਜਾਂਦਾ, ਧੰਨਵਾਦ ਕਰਕੇ ਪ੍ਰਾਪਤ ਹੁੰਦਾ ਹੈ, ਆਦਿ ॥ ਇਹ ਪੱਧਤੀ ਚਾਰ ਪਦਾਰਥ: ਧਰਮ, ਅਰਥ, ਕਾਮ, ਮੋਕਸ਼ ਵਿੱਚੋਂ, ਦੂਜੇ "ਅਰਥ" ਪਦਾਰਥ ਵਿਸ਼ੇਸ਼ ਛੇ ਅੰਗਾਂ ਅੰਦਰੋਂ ਰਾਜਨੀਤੀ ਦੇ ਚਾਰ ਅੰਗ:1.ਸਾਮ, 2.ਦਾਮ, 3.ਭੇਦ ਤੇ 4.ਦੰਡ ਹਨ॥ ਪਰ ਇਨ੍ਹਾਂ ਵਿੱਚੋਂ 3 ਧਰਮਾਚਾਰ ਉਲਟ ਕਾਰਣ ਬਰਨਾ ਨਿਖੇਦ ਹੈ; ਪਰ, 4 ਦੁਸ਼ਟ ਸੋਧਨਾਂ ਲਈ ਹੈ ਜੋ ਪ੍ਰਜਾ (ਸੰਗਤ) ਲਈ ਸ਼ੁਭ ਕਰਮ "ਧਰਮ" ਦੀ ਥਿਰਤਾ ਲਈ ਚਲਦੀ ਰਹਿਣ ਦਿਤੀ, ਅਤੇ ;

2. ਦੂਜੇ ਪਾਸੇ ਅਨਾਦਿ ਕਾਲ ਭਾਰਤੀ ਸਨਾਤਨ ਧਰਮ ਪਰੰਪਰਾ ਮਿਲੀ (ਹਿੰਦੂ) ਦੋਨੋ ਆਸਤਿਕ-ਨਾਸਤਿਕ: ਭੌਤਕ ਵਾਦੀ ਚਾਰ ਵਾਕ, ਜੈਨੀ, ਬੌਧੀ ਧਰਮ ਸਾਧੂ ਸੰਸਥਾ ਉਪਜੋਗੀ ਪਰੰਪਰਾ ਗਣਤੰਤ੍ਰ, ਪੰਚੈਤੀ ਧਰਮ ਰਾਜ ਜੋ ਕੇਵਲ ਧਰਮ ਪੰਥੀ ਸੰਘ ਲਈ ਹੀ ਉਪਜੋਗੀ ਹੈ ਪਰ ਸ਼ੁਭ-ਅਸ਼ੁਭ, ਜਾ ਅਨਪੜ੍ਹ, ਜਾਂ ਦੁਸ਼ਟਾਂ ਸ਼ਾਸਕਾਂ ਦੇ ਦੋਸ਼ਾਂ ਕਾਰਣ ਉਪਯੁਕਤ ਨਹੀਂ, ਸ਼੍ਰੀ ਗੁਰੂ ਧਰਮਪੰਥ-ਖਾਲਸਾ ਰਾਜ ਸਮਗ੍ਰ ਰੂਪ 'ਚ ਮਿਲਾ ਕੇ ਚਲਦਾ ਰਹਿਣ ਦਿੱਤਾ॥

ਇਹ ਅਨੋਖਾ ਨਵਾਂ ਰਾਜ ਜੋਗ ਪੰਥ ਕਲਜੁਗੀਆਂ ਦੇ ਕਲਿਆਨ ਲਈ ਚਲਦਾ ਰਹਿਣ ਦਿਤਾ॥ ਦੋ ਕਿਸਮ ਦੀਆਂ ਸੰਸਥਾਂ ਇਕੋ ਸੰਸਥਾ ਹੋਣ ਸੰਬੰਧੀ ਸ਼੍ਰੀ ਭਾਈ ਗੁਰੁ ਦਾਸ ਜੀ ਕੂੰਜੀ ਵਾਰ ਬਾਣੀ '1' ਵਿੱਚ ਵਿਰੋਧਾਭਾਸ ਉਪਦੇਸ਼ ਸਿਖਿਆ ਦਿਤੀ ਹੈ:-

ਇਕਤੁ ਥੇਕੈ ਦੁਇ ਖੜਗੁ ਦੁਇ ਪਤਿਸਾਹ ਨ ਮੁਲਕਿ ਸਮਾਣੈ। ਵੀਹ ਫਕੀਰ ਮਸੀਤਿ ਵਿਚਿ ਖਿੰਥ ਖਿੰਧੋਲੀ ਹੇਠਿ ਲੁਕਾਣੈ॥ ਜੰਗਲ ਅੰਦਰਿ ਸੀਹ ਦੁਇ: ਪੋਸਤ ਡੋਡੇ ਖਸਖਸ ਦਾਣੈ। ਸੂਲੀ ਉਪਰਿ ਖੇਲਣਾ ਸਿਰਿ ਧਰਿ ਛਤ੍ਰ ਬਜਾਰ ਵਿਕਾਣੈ॥ 16.4।25॥

ਇਹ ਰਾਜ ਤੇ ਜੋਗ ਪਰੰਪਰਾ ਦੋਨੋਂ ਮਰਜਾਦਾ ਸਦਾ ਲਈ ਇਕੋ ਸ਼੍ਰੀ ਜਗਦਗੁਰੂ ਰਾਜ ਜੋਗ ਧਰਮ ਰਾਜ ਕੈਮ ਕੀਤੀ ॥

ਅੰਤ ਵਿੱਚ ਸ਼੍ਰੀਜਗਦਗੁਰੂ ਗੋਬਿੰਦ ਸਿੰਘਜੀ ਸਾਰੀ ਸਮੂਹ ਸੰਗਤ ਨੂੰ ਹੁਕਮ ਦਿਤਾ, ਜੋ ਪ੍ਰਸਿਧ ਪਟਿਆਲਾ ਦਰਬਾਰੀ ਇਤਿਹਾਸਕਾਰ ਕਵੀ ਗਿਆਨੀ ਗਜਾਨ ਸਿੰਘ ਨੇ ਛੰਦ 'ਚ ਸ਼੍ਰੀਜਗਦਗੁਰੂ ਗੋਬਿੰਦ ਸਿੰਘਜੀ ਦੇ ਮੁਖਾਰਬਿੰਦੋਂ ਕਹਾਇਆ:-

ਦੋਹਰਾ: ਗੁਰੂ ਗ੍ਰੰਥਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹਿ।
ਜਾਕਾ ਹਿਰਦਾ ਸ਼ੁੱਧ ਹੈ{ਜੋ ਪ੍ਰਭਕੋ ਮਿਲਬੋ ਚਹੇ} ਖੋਜ ਸ਼ਬਦ ਮਹਿ ਲੇ॥ ਛ.265

ਅਰਥ ਸਮਝਣ ਲਈ ਸੰਖੇਪ ਤਰਕ ਸਿੱਧ ਸਿਧਾਂਤਕ ਪਦ ਅਰਥ ਜਾਣਨੇ, ਸਮਝਨੇ ਅਤਿ ਜ਼ਰੂਰੀ ਹਨ ਜੋ ਟੀਕਾਕਾਰਾਂ ਨੇ ਬਰਤੇ ਹਨ, ਕਿ ਪਾਠੀਆਂ ਨੇ ਸਾਧੂਆਂ, ਸੰਤਾਂ ਤੋਂ ਗੁਰੁਦ੍ਵਾਰੇਆਂ ਪਾਠਸ਼ਾਲੇਆਂ 'ਚ ਸਿਖਿਆ ਪ੍ਰਾਪਤ ਕਰਕੇ ਸਿਖੇ ਪਰ ਅੰਗ੍ਰੇਜ਼ ਕਾਰਨ ਸੰਨ 1925 ਤੋਂ ਸਾਰੇ

265. ਪੁਨ੍ਹੈ.ਓ.ਪੰ.੭੮੩:੧੫। ਅ.ਪੰ. ਦਗੁਗ੍ਰੰਜੀ.ਬਚਿਤਰ ਨਾਟਕ: ੧੩।੨੩। ਏ.ਸ਼੍ਰੀਗੁਗ੍ਰੰਜੀ. ਪੰ. ੩੫:੯। ਸ.ਪੰ. ੭੯:੪-੬। ਹ.ਪੰ. ੧੨੧੯:੪। ਕ.ਪੰ. ੪੨੩: ੬। ਖ.ਪੰ. ੧੪੦੭:੬-੮ । ਗ. ਸ਼੍ਰੀਮਦ-ਭਾਗਵਤ ਮਹਾ-ਪੁਰਾਣ: ੧੦:੪੫:੩੪; ਵ੍ਰਿਹਸਪਤੀ/ਵਿਦੁਰ ਨੀਤੀ, ਸ਼ੁਕ੍/ਚਾਣਕਜ਼ ਨੀਤੀ ੩ ਅਧਿਆਏ। ਘ.ਪੰ. ੩੦੪:1"ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀਂ"ਪੰਚਹੁ"ਓਨਿ ਲਾਹਾ ਮੂਲੁ ਸਭੁ ਗਵਾਇਆ"। ਛ. ਪੰਥ ਪ੍ਰਕਾਸ਼: ਪਹਿਲੀ ਛਾਪ; ਬਦਲੀ ਪ ਛਾਪ. ਪੰ. ੨੮੩:੧੧; ਤੇ ਗੁਰੁ ਕੀ ਸਾਖੀਆਂ: ਸਾਖੀ. ੧੧੨॥

Sri Satguru Jagjit Singh Ji eLibrary NamdhariElibrary@gmail.com

ਇਤਿਹਾਸਿਕ ਗੁਰਦ੍ਵਾਰੇ ਕੇਵਲ ਪੂਜਾ ਦੀ ਥਾਂ ਰਹਿ ਗਏ, ਓਨ੍ਹਾਂ ਅੰਦਰ ਪਾਠਸ਼ਾਲੇ ਆਪੇ ਬੰਦ ਹੋ ਗਏ ਜਦ ਪਾਠਕਾਂ ਨੂੰ ਨੌਕਰੀ ਗੌਰਮਿੰਟ ਸਕੂਲ ਵਿਚ ਪੜ੍ਹੇ ਬਿਨਾਂ ਨਹੀ ਮਿਲਦੀ ਸੀ ਅਤੇ ਗੁਰੁਦ੍ਵਾਰੇ ਦੀ ਕਮੇਟੀ ਲਈ ਕੋਈ ਪੜ੍ਹਾਈ ਚੋਣਾਂ ਲਈ ਨਹੀਂ ਰੱਖੀ, ਨਾ ਗ੍ਰੰਥੀ, ਕੀਰਤਨੀਏ, ਜਥੇਦਾਰ, ਜਾਂ ਸੇਵਕਾਂ ਲਈ ਵਿਧਾਨ ਬਣਿਆ ਹੈ॥ ਦੋਨੋ ਹਾਕਮ ਅਤੇ ਸੇਵਾਦਾਰ, ਪੜ੍ਹੇ ਅਨਪੜ੍ਹੇ ਧਰਮ ਸੰਸਥਾ ਚਲਾਣ ਲਈ ਇਕੋ ਜਹੇ ਧਰਮ ਅਧਰਮ ਜਾਣੇ ਬਿਨਾ ਕਾਰਜਰਤ ਹਨ॥ ਬਿਚਾਰੇ ਗੁਰੁਸਿੱਖਾਂ 'ਚ ਜੋ 500 ਸਾਲਾਂ 'ਚ ਪ੍ਰਚਲਿਤ ਗੁਰੁਬਾਣੀ ਪਰਿਭਾਖਾ ਸੀ, ਏਨ੍ਹਾਂ ਅਨੇਕ ਕਾਰਣਾਂ ਸਦਕਾ ਹੌਲੀ ਹੌਲੀ ਭੁਲਨ ਲਗ ਗਏ॥

ਏਹੀ ਅੰਗ੍ਰੇਜ਼ ਰਾਜ ਨੀਤੀ ਮੈਕੌਲੀ ਆਦਿਆਂ ਨੇ ਪਾਰਲਿਮੈਂਟ ਲੰਡਨ'ਚ ਬਾਰ ਬਾਰ ਲਿਖਤ ਦ੍ਰਿੜਾਈ, ਜੋ ਸਾਰੇ ਭਾਰਤੀ ਰਿਕਾਰਡ ਦੇਖ ਸਕਦੇ ਹਨ, ਕਿ ਸਾਰੇ ਭਾਰਤੀ, ਬੇਸ਼ਕ ਰੰਗ ਕਣਕਵੰਨਾ, ਕਾਲਾ ਹੋਵੇ, ਸਾਰੇਆਂ ਨੂੰ ਆਪਣੀ ਸੰਸਕ੍ਰਿਤੀ ਅਤੇ ਧਰਮ ਭੁਲਾਕੇ ਅੰਗ੍ਰੇਜ਼ੀ ਯੋਰਪੀਅਨ ਧਰਮ ਤੇ ਰਹਿਣੀ ਬਹਣੀ ਸੰਸਕ੍ਰਿਤੀ ਹੀ ਬਦਲ ਦੇਣੀ ਹੈ, ਭਾਰਤੀ ਸੰਸਕ੍ਰਿਤੀ ਤੇ ਧਰਮ ਮੁਕਾਣੇ ਹਨ॥ ਅੱਜ 60 ਸਾਲਾਂ ਪਿਛੋਂ ਓਹੀ ਹਾਲਤ ਓਨ੍ਹਾਂ ਦੀ ਥਾਪੀ ਪਛਮੀ ਸੰਸਕ੍ਰਿਤੀ ਤੇ ਸਭਿਅਤਾ ਨੇ ਭਾਰਤ 'ਚ ਕਰ ਦਿਤੀ ਹੈ॥

Sri Satguru Jagjit Singh Ji eLibrary NamdhariElibrary@gmail.com

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
॥ ਜਪੁ ॥
ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ॥ ਨਾਨਕ ਹੋਸੀ ਭੀ ਸਚੁ॥੧॥

ਨੰ.1 ਪ੍ਰਥਾਏ ਸ੍ਰੀ 'ਜਪੁਜੀ' ਸਾਹਿਬ ਦਾ ਪਰਮਾਰਥ'

ਤਬ ਫੇਰਿ ਸਿਖਾਂ ਗੁਰੂ ਅੰਗਦ ਪਾਸਿ ਬੇਨਤੀ ਕੀਤੀ ਜਿ, ਜੀ ਤੂ ਬਾਬੇ ਦਾ ਹਜੂਰੀ ਹੈ, ਨਿਕਟਿਵਰਤੀ ਮਹਲੀਂ ਹੈ, ਅਤੇ ਜੀ ਤੁਧ ਉਤੇ ਗੁਰੂ ਬਾਬੇ ਦੀ ਮਿਹਰ ਹੈ। ਜਿ ਜੇ ਤੁਧਿ ਭਾਵੇ, ਤਾਂ ਹੁਣੁ ਮਿਹਰ ਕਰਿ ਕਰਿ, ਏਸੁ ਜਪ ਦਾ ਅਰਥੁ ਅਸਾਨੋ ਸਮਝਾਈਐ ਜੀ। ਜੋ ਅਸੀਂ ਅਰਥ ਸਮਝੇ ਹੋਏ, ਸੁਧੁ ਭੀ ਪੜਹਿਗੇ ਅਤੇ ਜੀ, ਅਰਥ ਸਮਝੇ ਬਿਨਾਂ ਚਿਤੁ ਭੀ ਨਾਹੀ ਠਹਰਾਂਵਦਾ। ਜੀ, ਚਿਤੁ ਓਸੇ ਵਸਤੁ ਨਾਲਿ ਲਗਦਾ ਹੈ, ਜਿਸ ਦਾ ਅਰਥੁ ਸਮਝੀਦਾ ਹੈ ਜੀ, ਜੋ ਕੋਈ ਕਮਾਵੇਗਾ, ਸਿ ਪਾਵੇਗਾ।" ਤਬੁ ਗੁਰੂ ਅੰਗਿਦ ਕਹਿਆ ਜਿ, "ਭਾਈ ਜੀ, ਏਸੁ ਅਰਥ ਜਪ ਦੇ ਨੋ ਸੋਈ ਜਾਣੈ, ਜਿਸ ਦਾ ਏਹੁ ਜਪੁ ਹੈ। ਮੇਰੀ ਕਿ ਕੁਦਰਤ[1] ਹੈ ਜਿ ਹਉ ਅਰਥੁ ਕਰਿ ਸਕਾਂ। ਪਰੁ ਤੁਹਾਡੇ ਮੁਹੁ ਬੇਣਤੀ ਗੁਰੂ ਬਾਬੇ ਪਾਸਿ ਆਖਿ ਸੁਣਾਈਗਾ। ਜਿ ਕਿਛੁ ਹੁਕਮੁ ਹੋਵੇਗਾ, ਸੁ ਤੁਸੀ ਭਿ ਸੁਣਿਹੁਗੇ।" ਤਬ ਗੁਰੂ ਅੰਗਦ ਗੁਰੂ ਬਾਬੇ ਪਾਸਿ ਵਖਤੁ[2] ਪਾਇ ਕਰਿ ਬੇਨਤੀ ਕੀਤੀ ਕਿ, "ਜਿ ਮਿਹਰਵਾਨ। ਜੇ ਤੁਧਿ ਭਾਵੇ ਤਾਂ ਮਿਹਰ ਕਰਿ ਕਰਿ, ਏਸੁ ਜਪ ਦਾ ਅਰਥ ਸਿਖਾਂ ਨੋ ਸੁਣਾਇਐ ਜੀ, ਸਿਖ ਬੇਨਤੀ ਕਰਦੇ ਹੈਨਿ"। ਤਬ ਗੁਰੂ ਬਾਬੇ ਆਖਿਆ ਜਿ, "ਪੁਰਖਾ। ਤੈ ਭਲੀ ਆਖੀਆ। ਤੂ, ਮੈਂ ਥੀ ਅਰਥੁ ਸਮਝਿ ਲੈ। ਪੁਰਖਾ। ਏਸ ਦੇ ਅਰਥ ਦੀ ਗੋਸਟ ਅਗੇ ਹੋਈ ਹੈ, ਸਿਧਾ ਨਾਲਿ[3] ਜਦ ਗੋਸਟ ਹੋਈ ਹੈ, ਸ੍ਰੀ ਗੋਰਖ, ਭਰਥਰੀ, ਈਸਰ ਨਾਥ, ਚਰਪਟ ਗੋਪੀ ਚੰਦ ਨਾਲਿ। ਜਦਿ ਮੇਲਾ ਹੋਆ ਹੈ, ਤਦਿ ਓਥੈ ਓਨਾ ਨਾਲਿ ਅਰਥ ਦਾ ਵੀਚਾਰੁ ਹੋਆ ਸੀ। ਹੁਣੁ ਫੇਰਿ ਤੂ ਸਮਝਿ ਲੈ। ਪੁਰਖਾ। ਜਦਿ ਸਿਧਾਂ ਨਾਲਿ ਹੋਰ ਗਿਆਨ ਦੀ ਗੋਸਟ ਬਹੁਤ ਹੋਈ, ਤਾਂ ਫੇਰਿ ਗੋਰਖ ਨਾਥ, ਭਰਥਰੀ ਨੇ ਆਖਿਆ, ਜਿ, "ਭਰਥਰੀ। ਤੂ ਨਾਨਕ ਕਉ ਆਖੁ, ਜਿ ਦਰਸਨੁ ਲੇਹਿ ਅਰੁ ਮੁੰਦ੍ਰਾ ਪਹਿਰੁ।" ਤਬ ਭਰਥਰੀ ਅਸਾਨੋ ਆਖਿਆ ਜਿ, "ਜਿ,

---

1. ਤਾਕਤ।
2. ਸਮਾ।
3. ਸ੍ਰੀ ਜਪੁ ਜੀ ਸਾਹਿਬ ਦੀਆਂ ਅੰਤਮ ਯਾਰਾਂ ਪਉੜੀਆਂ ਦੇ ਪ੍ਰਮਾਰਥ, ਵੇਖੋ ਅੰਤਮ ਪਉੜੀਆਂ ਦੇ ਪ੍ਰਮਾਰਥ ਪੰਨਾ 1251 ਸਲੋਕ "ਪਵਣ ਗੁਰੂ ਪਾਣੀ ਪਿਤਾ" ਲਈ ਪੰਨਾ 1351 ਜਪੁ ਜੀ ਸਾਹਿਬ ਦੀਆਂ ਪਉੜੀਆਂ ਨੰਬਰ 21 ਤੋਂ 26 ਤਕ ਦੇ ਪ੍ਰਮਾਰਥ ਪੰਨਾ 167.

Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੋਰਖਾ ਨਾਥ ਜੀ, ਈਉ ਕਹਤਾ ਹੈ, ਜਿ ਤੁਮ ਦਰਸਨੁ ਲੇਹੁ ਮੁੰਦ੍ਰਾ ਪਹਿਰਹੁ। ਦਰਸਨ ਮੁੰਦ੍ਰਾਂ ਕਾ ਅਰਥੁ ਏਹੁ, ਜਿ ਸ੍ਰੀ ਗੋਰਖ ਨਾਥ ਕੇ ਪੰਥ ਮਹਿ ਆਵਹੁ, ਸਿਖ ਹੋਵਹੁ।" ਤਬ ਸ੍ਰੀ ਪਾਰਬਹ੍ਮ ਕੀ ਆਗਿਆ ਸਾਥ, ਜਿ ਕਿਛੁ ਅਸਾ ਥਾਵਹੁ ਪਰਮੇਸੁਰ ਅਖਾਇਆ, ਸੁ ਅਸਾਂ ਸਿਧਾਂ ਨੋ ਆਖਿਆ। ਜਿ ਸਿਧਹੁ ਜੀ। "ਮੈ ਦਰਸਨ ਲੀਆ ਹੈ, ਮੁੰਦ੍ਰਾਂ ਪਹਿਰੀਆਂ ਹੈ।" ਤਬ ਸਿਧਹੁ ਕਹਿਆ ਜੀ,"ਤੈ ਦਰਸਨੁ ਲੀਆ, ਸੁ ਕਿਸੁ ਕਾ ਲੀਆ ਹੈ ? ਅਰੁ ਤੂ ਸਿਖੁ ਕਿਸੁ ਕਾ ਹੂਆ ਹੈ ?" ਤਾਂ ਅਸਾਂ ਆਖਿਆ ਜੀ, "ਮੈ ਸਿੱਖੁ ਸਚ ਕਾ ਹੁਆ ਹੈ।" ਤਬ ਸਿਧਹੁ ਕਹਿਆ ਜਿ, "ਨਾਨਕ। ਸਚੁ ਜਿ ਹੈ, ਸਿ ਕਦਿ ਕਾ ਹੈ ? ਜਾ ਤੂ ਸਚ ਕਾ ਸਿਖੁ ਹੈ।" ਤਬ ਅਸਾਂ ਆਖਿਆ ਜਿ : ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ॥ ਨਾਨਕ ਹੋਸੀ ਭੀ ਸਚੁ॥ ਤਬ ਸਿਧਹੁ ਕਹਿਆ ਜਿ, "ਨਾਨਕ, ਸੋ ਸਚੁ ਕਵਨੁ ? ਕਿਸ ਕਾ ਨਾਮੁ ਸਚੁ ਕਹੇ ਜੀ।"ਸਤਿਨਾਮੁ ਕਰਤਾ ਪੁਰਖੁ॥ ਕਹੇ, "ਨਾਨਕ। ਉਸ ਕਾ ਗੁਣ ਕਿਆ? ਜਉ ਪੁਰਖੁ ਹੂਆ, ਤਉ ਭੈ ਮਹਿ ਪੜਿਆ।" ਤਬ ਅਸਾਂ ਕਹਿਆ ਜੀ, "ਜੀ ਓਹੁ :- ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ॥ ਕਹੈ, "ਨਾਨਕ। ਓਹੁ ਪਾਈਐ, ਸੁ ਕਿਉ ਕਰਿ ਪਾਈਐ ?" ਸਤਿਗੁਰ ਪ੍ਰਸਾਦਿ ॥1॥ਜੀ, "ਓਹੁ ਸਤਿਗੁਰੂ ਕੈ ਪਰਸਾਦਿ ਪਾਈਐ।" ਕਹੇ, "ਨਾਨਕ। ਕਿਤੇ ਸੋਚ ਵੀਚਾਰਿ ਕਰਿ ਕਰਿ ਭੀ ਪਾਈਐ?"

ਨੰ. 2 ਪ੍ਰਥਾਏ

ਰਾਗੁ ਰਾਮਕਲੀ ਮਹਲਾ ੧ :-ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੇ ਲੋਕੁ ਸੁਣੇ ॥ ਪਤੁ ਝੋਲੀ ਮੰਗਣ ਕੈ ਤਾਈਂ ਭੀਖਿਆ ਨਾਮੁ ਪੜੇ ॥ ੧ ॥ ਬਾਬਾ ਗੋਰਖੁ ਜਾਗੈ ॥ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ ॥ ੧ ॥ ਰਹਾਉ ॥ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦ ਸੂਰਜੁ ਮੁਖਿ ਦੀਏ ॥ ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ ॥ 2॥ ਸਿਧ ਸਾਧਿਕ ਅਰੁ ਜੋਗੀਜੰਗਮ ਪੀਰੁ ਪੁਰਸ ਬਹੁਤੇਰੇ ॥ ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁਸੇਵ ਕਰੇ ॥ 3॥ ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ ॥ ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮ ਕਿਆ ਕਰੈ ॥ 4 ॥ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥ 4 ॥

ਤਿਸਕਾ ਪਰਮਾਰਥ- ਮੇਰੀ ਜੋ ਗੁਰਾਂ ਦੇ ਸ਼ਬਦ ਵੱਲ ਸੁਰਤਿ ਹੈ ਸੋ ਸਿੰਙੀ ਵਜਦੀ ਹੈ ਅਰ ਜੋ ਅਨਾਹਦ ਦਾ ਸ਼ਬਦ ਹੈ ਸੋ ਮੈਂ ਨਾਦ ਸੁਣਦਾ ਹੈਂ ਅਰ ਆਤਮਾ ਜੋਤ ਵੇਖਦਾ ਹੋਂ ਅਰਜੇ ਹੋਰ ਕੋਈ ਚਾਹੇ ਤਾਂ ਉਸਕੋ ਭੀ ਦਿਖਾਇ ਦੇਤਾ ਹੈ ਅਰ ਆਪਣੀ ਪਤਿ ਜੋ ਗੁਰਾਂ ਦੇ ਬਚਨਾਂ ਨਾਲ ਰੱਖੀ ਹੈ ਸੋ ਮੈਂ ਝੋਲੀ ਕੀਤੀ ਹੈ ਅਰ ਸਤਿਗੁਰਾਂ ਪਾਸੋਂ ਨਾਮ ਦੀ ਭਿੱਖਿਆ ਮੰਗਤਾ ਹੋਂ ਕਯੋਂ ਕਿ ਮੇਰਾ ਗੋਰਖ ਹੋਰ ਹੈ ਜੋ ਜਿਸਨੇ ਗੋਰੂੱਪੀ ਬ੍ਰਹਮੰਡ ਉਤਪਤਿ ਕੀਆ ਹੈ ਅਰ ਪਾਲਨਾ ਕਰਦਾ ਹੈ ਅਰ ਗੋ ਰੂੱਪੀ ਇੰਦ੍ਰੀਆਂ ਦੀ ਰੱਖਿਆ ਕਰਦਾ ਹੈ ਅਰ ਜਿਸਨੂੰ ਜਗਤ ਦੇ ਉਤਪਤ ਅਰ ਪਰਲੈ ਕਰਨੇ ਮੈਂ ਬਾਰ ਨਹੀਂ ਲਗਦੀ ॥ ੧ ॥ ਅਰ ਜਿਸਨੇ ਜਲ ਵਿੱਚ ਧਰਤੀ ਬੰਧ ਰੱਖੀ ਹੈ ਅਰ ਜੀਆਂ ਦੇ ਵਰਤਣ ਵਾਸਤੇ ਪ੍ਰਾਣਾਂ ਨੂੰ ਸਰੀਰ ਵਿਚ ਬੰਧ ਰੱਖਿਆ ਹੈ ਅਰ ਚੰਦ੍ਰਮਾ ਸੂਰਜ ਪ੍ਰਕਾਸ਼ ਵਾਸਤੇ ਦੀਵੇ ਰਚ ਦੀਏ ਹਨ ਅਰ ਮਰਣ ਜੀਵਣ ਦੇ ਭੋਗ ਵਾਸਤੇ ਧਰਤੀ ਰਚ ਦਈ ਹੈ। ਸੋ ਐਸੇ ਮਹਾਰਾਜ ਦੇ ਗੁਣ ਅਸਾਂ ਵਿਸਾਰ ਦਿੱਤੇ ਹਨ ਅਤੇ ਓਹ ਅਸਾਡੇ ਅਉਗਣਾਂ ਵੱਲ ਨਹੀਂ ਦੇਖਦਾ ਤਾਂ ਤੇ ਉਸ ਗੋਰਖਨਾਥ ਦੇ ਅਸੀਂ ਚੇਲੇ ਹਾਂ। ॥ 2 ॥ ਅਰ ਹੋਰ ਜੋ ਅਸੀਂ ਸਿੱਧਾਂ ਨੂੰ ਅਰ ਸਾਧਕਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਅਤੇ ਜੋਗੀਆਂ ਨੂੰ ਅਰ ਜੰਗਮਾਂ ਨੂੰ ਅਤੇ ਪੀਰਾਂ ਅਰ ਪੁਰਸ਼ਾਂ ਨੂੰ ਮਿਲਦੇ ਹਾਂ ਸੋ ਉਸ ਗੋਰਖ ਦੇ ਕੀਰਤਨ ਸੁਣਨ ਅਤੇ ਆਖਨ ਵਾਸਤੇ ਮਿਲਦੇ ਹਾਂ ਅਰ ਅਸਾਡਾ ਜੋ ਮਨ ਹੈ ਸੋ ਸੰਤਾਂ ਨੂੰ ਮਿਲਕੇ ਸੇਵਾ ਕਰਦਾ ਹੈ ॥ 3 ॥ ਅਰ ਜੈਸੇ ਕਾਗਤ ਅਤੇ ਲੂਣ ਘ੍ਰਿਤ ਨਾਲ ਚੋਪੜਿਆਂ ਹੋਇਆ ਪਾਣੀ ਵਿੱਚ ਤੁਰੰਤ ਨਹੀਂ ਗਲਦਾ ਤੈਸੇ ਸੰਤਾਂ ਦੇ ਉਪਦੇਸ਼ ਸੁਣਿਆਂ ਹੋਇਆ ਪ੍ਰਾਨ ਬਿਰਥੇ ਨਹੀਂ ਜਾਂਦੇ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਤੁਸਾਂ ਨੂੰ ਆਪਣੇ ਗੁਰੂ ਦੇ ਜਸ ਸੁਣਨ ਵਾਸਤੇ ਆ ਮਿਲੇ ਹਾਂ ਅਰ ਜੈਸੇ ਪਾਣੀ ਸੇ ਕਮਲ ਨਿਰਾਲਾ ਰਹਿੰਦਾ ਹੈ ਤੈਸੇ ਸੰਤ ਜਗਤ ਥੀਂ ਨਿਰਾਲੇ ਰਹਿੰਦੇ ਹਨ ॥ 4॥ ਪਉੜੀ ਅਠਾਈਸਵੀਂ ਚਲੀ–ਬਾਬੇ ਦੇਖੀ ਪਿਰਥਮੀ ਨਵੇਂ ਖੰਡ ਜਿਥੇ ਤਕ ਆਹੀ ॥ਫਿਰ ਜਾਇ ਚੜ੍ਹਿਆ ਸੁਮੇਰ ਪਰ ਸਿੱਧ ਮੰਡਲੀ ਦ੍ਰਿਸ਼ਟੀ ਆਈ ॥ ਚਉਰਾਸੀਹ ਸਿੱਧ ਗੋਰਖਾਦਿ ਮਨ ਅੰਤਰਿ ਜਣਤੀ ਵਰਤਾਈ ॥ ਸਿੱਧ ਪੁਛਨ ਸੁਣ ਬਾਲਿਆ ਕਉਣ ਸ਼ਕਤਿ ਤੁਹਿ ਏਥੇ ਲਿਆਈ ॥ ਹਉਂ ਜਪਿਆ ਪਰਮੇਸ਼ਰੋ ਭਾਉ ਭਗਤਿ ਸੰਗ ਤਾੜੀ ਲਾਈ ॥ ਆਖਣ ਸਿਧ ਸੁਣਿ ਬਾਲਿਆ ਅਪਣਾ ਨਾਉਂ ਤੂ ਦੇਹੁ ਬਤਾਈ ॥ ਬਾਬਾ ਆਖੈ ਨਾਥ ਜੀ ਨਾਨਕ ਨਾਮ ਜਪੈ ਗਤਿ ਪਾਈ ॥ ਨੀਚ ਕਹਾਇ ਊਚ ਘਰਿ ਆਈ ॥ 28 ॥ ਪਉੜੀ ॥ਫਿਰ ਪੁਛਨ ਸਿੱਧ ਨਾਨਕਾ ਮਾਤ ਲੋਕ ਵਿਚ ਕਿਆ ਵਰਤਾਰਾ ॥ ਸੁਣ ਬਾਬਾ ਆਖੈ ਨਾਥ ਜੀ ਸਚ ਚੰਦ੍ਰਮਾ ਕੂੜ ਅੰਧਾਰਾ॥ਕੂੜ ਅਮਾਵਸਿ ਵਰਤਿਆ ਹਉਂ ਭਾਲਨ ਚੜ੍ਹਿਆ ਸੰਸਾਰਾ ॥ ਸਭ ਸਿਧੀਂ ਇਹ ਬੁਝਿਆ ਕਲ ਤਾਰਨ ਨਾਨਕ ਅਵਤਾਰਾ ॥ ਪਾਪ ਗਿਰਾਸੀ ਪਿਰਥਮੀ ਧਉਲ ਖੜਾ ਧਰ ਹੇਠ ਪੁਕਾਰਾ॥ ਸਿਧ ਛੁਪ ਬੈਠੇ ਪਰਬਤੀਂ ਕਉਣ ਜਗਤ ਕਉ ਪਾਰ ਉਤਾਰਾ ॥ਜੋਗੀ ਗਿਆਨ ਵਿਹੂਣਿਆ ਨਿਸਦਿਨ ਅੰਗ ਲਗਾਇਨਿ ਛਾਰਾ ॥ ਬਾਝ ਗੁਰੂ ਡੁਬਾ ਜਗ ਸਾਰਾ ॥ 29 ॥ ਪਉੜੀ ॥ ਕਲ ਆਈ ਕੁਤੇ ਮੁਹੀ ਖੋਜ ਹੋਆ ਮੁਰਦਾਰ ਗੁਸਾਈਂ ॥ ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ॥ ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤ ਮੁਖੋਂ ਆਲਾਈ ॥ਚੇਲੇ ਸਾਜ ਵਜਾਇਦੇ ਨਚਨ ਗੁਰੂ ਬਹੁਤ ਬਿਧ ਭਾਈ ॥ਸੇਵਕ ਬੈਠਨ ਘਰਾਂ ਵਿੱਚ ਗੁਰ ਉਠ ਘਰੀਂ ਤਿਨਾੜੇ ਜਾਈ ॥ ਕਾਜ਼ੀ ਹੋਏ ਰਿਸ਼ਵਤੀ ਵਢੀ ਲੈਕੇ ਹਕ ਗਵਾਈ ॥ ਇਸਤ੍ਰੀ ਪੁਰਖੈ ਦਾਮ ਹਿਤ ਭਾਂਵੈ ਆਇ ਕਿਥਾਊ ਜਾਈ ॥ਵਰਤਿਆ ਪਾਪ ਸਭਸ ਜਗ ਮਾਹੀਂ ॥ 30 ॥

ਤਿਸਦਾ ਵੀਚਾਰ– ਬਾਬਾ ਜੀ ਨੇ ਨਉਂ ਖੰਡ ਅਤੇ ਸਤ ਦੀਪ ਪ੍ਰਿਥਮੀ ਡਿਠੀ ਅਰ ਫੇਰ ਸੁਮੇਰ ਤੇ ਜਾਇ ਚੜ੍ਹੇ ਅਰ ਜਾਕਰ ਸਿਧਾਂ ਦਾ ਦਰਸ਼ਨ ਕੀਆ, ਤਾਂ ਗੋਰਖ ਥੀਂ ਆਦਿ ਚੋਰਾਸੀ ਸਿਧ ਜੋ ਆਹੇ ਤਿਨਾਂ ਦੇ ਮਨ ਗਿਣਤੀ ਆਈ ਜੋ ਏਹ ਬਾਲਾ ਸੁਮੇਰ ਪਰਬਤ ਤੇ ਕਿਉਂ ਕਰ ਆਇਆ ਅਤੇ ਜਦ ਓਨਾਂ ਬਾਬੇ ਤੋਂ ਪੁਛਿਆ ਜੋ ਤੂੰ ਕਉਨਸੀ ਸ਼ਕਤ ਕਰ ਈਹਾਂ ਆਇਆ ਹੈ ਕਿਉਂਕਿ ਅਸੀਂ ਹਜ਼ਾਰਾਂ ਬਰਸ ਸਮਾਧਾਂ ਲਾਇਦੇ ਹਾਂ ਤਾਂ ਈਹਾਂ ਪਹੁੰਚਤੇ ਹੈਂ, ਤਾਂ ਬਾਬੇ ਕਹਿਆ ਮੈਂ ਪਰਮੇਸ਼ਰ ਦਾ ਜਾਪ ਜਪਿਆ ਹੈ ਅਰ ਭਾਉ ਭਗਤਿ ਦੀ ਸਮਝ ਲਾਈ ਹੈ, ਤਾਂ ਫਿਰ ਸਿਧਾਂ ਕਹਿਆ ਬਾਲੇ ਨੂੰ ਆਪਣਾ ਨਾਉਂ ਦਸ, ਤਾਂ ਬਾਬੇ ਕਹਿਆ ਮੇਰਾ ਨਾਉਂ ਨਾਨਕ ਹੈ ਅਰ ਨਾਮ ਜਪਕਰ ਗਤ ਪਾਈ ਹੈ ਅਰ ਆਪ ਨੂੰ ਨੀਚ ਕਹਿਆ ਹੈ ਤਾਂ ਊਚ ਘਰ ਆਇਆ ਹੋਂ ॥ 28 ॥ ਤਾਂ ਫਿਰ ਸਿਧ ਪੁੱਛਣ ਲੱਗੇ ਹੈ ਨਾਨਕ ਜੀ ਮਾਤ ਲੋਕ ਦਾ ਕੀਹ ਵਰਤਾਰਾ ਹੈ ਅਰ ਫਿਰ ਸਭਨਾਂ ਸਿੱਧਾਂ ਨੇ ਮਛਿੰਦ੍ਰਨਾਥ ਨੂੰ ਅਤੇ ਗੋਰਖਨਾਥ ਨੂੰ ਪੁੱਛਿਆ ਕਿ ਮਹਾਰਾਜ ਜੀ ਤੁਸੀਂ ਜੋ ਆਖਦੇ ਸੇ ਕਿ ਕਲਜੁਗ ਵਿੱਚ ਮਹਾਰਾਜ ਨਾਨਕ ਅਵਤਾਰ ਧਾਰਨਗੇ ਸੋ ਓਹ ਨਾਨਕ ਜੀ ਏਹੋ ਹੈਂ? ਤਾਂ ਬਾਬੇ

Sri Satguru Jagjit Singh Ji eLibrary NamdhariElibrary@gmail.com

ਆਖਿਆ ਸੁਣ ਹੋ ਨਾਥ ਜੀ ਕਲਜੁਗ ਵਿੱਚ ਸੱਚ ਅਮਾਵਸ ਦੇ ਚੰਦ੍ਰਮਾ ਦੀ ਨਿਆਈਂ ਛਪ ਗਇਆ ਹੈ ਅਤੇ ਕੂੜ ਦਾ ਅੰਧੇਰਾ ਅਮਾਵਸ ਦੀ ਨਿਆਈਂ ਪਸਰ ਰਹਿਆ ਹੈ ਅਰ ਮੈਂ ਸੱਚ ਦੇ ਭਾਲਣ ਵਾਸਤੇ ਆਇਆ ਹਾਂ ਕਯੋਂਕਿ ਪਾਪ ਜੋ ਹੈ ਸੋ ਸਾਰੀ ਪ੍ਰਿਥਮੀ ਵਿੱਚ ਵਿਆਪ ਰਹਿਆ ਹੈ ਅਰ ਧੌਲ ਜੋ ਧਰਮ ਹੈ ਸੋ ਪ੍ਰਿਥਮੀ ਦੇ ਹੇਠ ਭਾਰ ਸਹਾਰ ਨਹੀਂ ਸਕਿਆ ਅਰ ਉਸਨੇ ਮਹਾਰਾਜ ਅੱਗੇ ਪੁਕਾਰ ਆਨ ਕੀਤੀ ਜੋ ਸਿੱਧ ਪਰਬਤਾਂ ਤੇ ਛਪ ਬੈਠੇ ਹਨ ਤਾਂਤੇ ਜਗਤ ਨੂੰ ਗਿਆਨ ਦੇਕਰ ਕੌਣ ਉਧਾਰੇਗਾ, ਅਰ ਜੇੜ੍ਹੇ ਜੋਗੀਅਰ ਸਨਿਆਸੀ ਜਗਤ ਵਿੱਚ ਹੈਨ ਸੋ ਸਰੀਰਾਂ ਨੂੰ ਬਿਭੂਤ ਮਲਦੇ ਹੈਨ ਅਰ ਗਿਆਨ ਧਿਆਨ ਨਹੀਂ ਜਾਣਦੇ ਤਾਂਤੇ ਗੁਰਾਂ ਦੇ ਬਿਨਾਂ ਸਾਰਾ ਸੰਸਾਰ ਡੁੱਬਾ ਹੋਇਆ ਹੈ ॥ 29 ॥ ਕੁਤਿਆਂ ਦੇ ਮੂੰਹ ਵਿੱਚ ਕਲ ਆਈ ਹੈ ਅਰ ਖਾਜ ਜੋ ਹੋਇਆ ਹੈ ਸੋ ਮੁਰਦਾਰ ਅਰ ਹਰਾਮ ਹੋਇਆ ਹੈ ਅਰ ਕੋਈ ਕਿਸੇ ਨਾਲ ਵੰਡ ਨਹੀਂ ਖਾਂਵਦਾ ਅਰ ਰਾਜੇ ਜੋ ਹੈਨ ਸੋ ਪਾਪ ਕਮਾਂਵਦੇ ਹੈਨ ਜੋ ਉਲਟੀ ਵਾੜ ਖੇਤ ਨੂੰ ਖਾਵਣ ਲੱਗੀ ਹੈ ਅਰ ਪਰਜਾ ਜੋ ਹੈ ਸੋ ਗਿਆਨ ਤੋਂ ਬਿਨ ਅੰਧੀ ਹੈ ਜੋ ਕੂੜ ਅਤੇ ਕੁਸੱਤ ਬੋਲਦੇ ਹਨ ਅਤੇ ਚੇਲੇ ਸਾਜ ਬਜਾਂਵਦੇ ਹਨ ਅਰ ਗੁਰੂ ਨੱਚਦੇ ਹਨ ਅਰ ਸੇਵਕ ਘਰਾਂ ਵਿੱਚ ਬੈਠਤੇ ਹਨ ਤੇ ਗੁਰ ਉਲਟੇ ਓਨਾਂ ਦੇ ਘਰ ਵਿੱਚ ਮੰਗਣ ਜਾਂਦੇ ਹਨ, ਅਰ ਕਾਜ਼ੀ ਜੋ ਹੈਨ ਸੋ ਵੱਢੀ ਖੋਰੇ ਹੋ ਗਏ ਹੈਨ ਜੋ ਵੱਢੀ ਲੈਕਰ ਸੱਚੇ ਨੂੰ ਝੂੱਠਾ ਕਰਦੇ ਹਨ ਅਰ ਝੂਠੇ ਨੂੰ ਸੱਚਾ ਕਰਦੇ ਹਨ ਅਰ ਇਸਤ੍ਰੀ ਪੁਰਖ ਦਾ ਮਾਇਆ ਨਾਲ ਹੀ ਪਿਆਰ ਹੈ ਸੋ ਪੁਰਖ ਭਾਵੇਂ ਆਵੇ ਅਤੇ ਭਾਵੇਂ ਜਾਵੇ, ਸੋ ਅਬ ਸਾਰੇ ਜਗਤ ਵਿੱਚ ਕੂੜ ਹੀ ਵਰਤ ਰਹਿਆ ਹੈ ਅਰ ਸਭ ਕੋਈ ਝੂਠ ਨੂੰ ਹੀ ਪਸੰਦ ਕਰਦਾ ਹੈ ॥ 30 ॥

ਪਉੜੀ ਇਕੱਤਵੀਂ ਚੱਲੀ– ਸਿਧੀ ਮਨ ਵੀਚਾਰਿਆ ਕਿਵੇਂ ਦਰਸ਼ਨ ਲੈਵੇ ਏਹ ਬਾਲਾ ॥ ਐਸਾ ਜੋਗੀ ਕਲੀ ਮਹਿਂ ਹਮਰੇ ਪੰਥ ਕਰੇ ਓਜਾਲਾ॥ ਖਪਰ ਦਿਤਾ ਨਾਥ ਜੀ ਪਾਣੀ ਭਰ ਲੈਣ ਉਠ ਚਾਲਾ ॥ਬਾਬਾ ਆਇਆ ਪਾਣਐ ਡਿੱਠੇ ਰਤਨ ਜਵਾਹਰ ਲਾਲਾ ॥ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝੱਲੇ ਗੁਰ ਦੀ ਝਾਲਾ ॥ ਫਿਰ ਆਇਆ ਗੁਰ ਨਾਥ ਥੇ ਪਾਣੀ ਠਉੜ ਨਹੀਂ ਉਸ ਤਾਅਲਾ ॥ਸ਼ਬਦ ਦਿੱਤੀ ਸਿੱਧ ਮੰਡਲੀ ਕੀਤਾ ਸੁਆਪਣ ਪੰਥ ਨਿਰਾਲਾ ॥ ਕਲਜੁਗ ਨਾਨਕ ਨਾਮ ਸੁਖਾਲਾ ॥ 31 ॥

ਤਾਂ ਸਿੱਧਾਂ ਮਨ ਵਿਚ ਵੀਚਾਰਿਆ ਕਿ ਕਿਵੇਂ ਏਸ ਬਾਲੇ ਨੂੰ ਦਰਸ਼ਨ ਦੇਵੀਏ ਕਿਯੋਂਕਿ ਜੇ ਇਜੇਹਾ ਜੋਗੀ ਸਾਡੇ ਪੰਥ ਵਿਚ ਹੋਵੇਗਾ ਤਾਂ ਸਾਰੇ ਪੰਥ ਨੂੰ ਉਜਾਲਾ ਕਰੇਗਾ ਜੈਸੇ ਬਾਵਨ ਚੰਦਨ ਸਾਰੇ ਬਨ ਨੂੰ ਚੰਦਨ ਕਰਦਾ ਹੈ, ਤਾਂ ਫਿਰ ਗੋਰਖਨਾਥ ਨੇ ਖੱਪਰ ਦਿੱਤਾ ਅਰ ਕਹਿਆ ਕਿ ਜਾਇਕਰ ਇਸਨੂੰ ਜਲ ਦਾ ਭਰ ਲਿਆਉ, ਜਾਂ ਬਾਬਾ ਪਾਣੀ ਭਰਨ ਗਇਆ ਤਾਂ ਅੱਗੇ ਜਾਕਰ ਕਿਆ ਦੇਖੇ ਜੋ ਅਨੇਕ ਲਾਲ ਅਰ ਰਤਨ ਅਰ ਜਵਾਹਰ ਪਏ ਹਨ, ਤਾਂ ਬਾਬਾ ਫੇਰ ਗੋਰਖ ਪਾਸ ਆਇਆ ਅਰ ਆਕਰ ਕਹਿਆ ਕਿ ਏਹ ਜੋ ਤੁਸਾਡੇ ਲਾਲ ਅਰ ਜਵਾਹਰ ਅਤੇ ਰਤਨ ਹੈਨ ਸੋ ਪੱਥਰਾਂ ਦੇ ਹੈਨ ਅਤੇ ਅਸਾਡੇ ਪਾਸ ਨਾਮ ਰੂੱਪੀ ਲਾਲ ਜਵਾਹਰ ਹੈਨ ਜੋ ਇਸ ਲੋਕ ਵਿੱਚ ਭੀ ਅਰ ਪਰਲੋਕ ਵਿੱਚ ਭੀ ਕਦੇ ਨਹੀਂ ਨਿਖੂਟਦੇ, ਤਾਂ ਫਿਰ ਜਪੁਜੀ ਦੀ ਗੋਸਟ ਕਰਕੇ ਸਾਰੀ ਸਿੱਧ ਮੰਡਲੀ ਨੂੰ ਜਿੱਤਿਆ ਅਰ ਆਪਣਾ ਪੰਥ ਨਿਰਾਲਾ ਕੀਤਾ ਕਯੋਂ ਜੋ ਕਲਜੁਗ ਦੇ ਵਿੱਚ ਜਪ ਅਰ ਤਪ ਖਰੇ ਕਠਨ ਹੈਨ ਅਰ ਨਾਮ ਸੁਖਾਲਾ ਹੈ ਤਾਤੇ ਨਾਮ ਹੀ ਦ੍ਰਿੜ੍ਹਾਇਆ ਨੇ ਕਯੋਂ ਜੋ ਭਾਂਵੇ ਗ੍ਰਿਹਸਤ ਵਿੱਚ ਹੋਵਨ ਅਰ ਭਾਵੇਂ ਫਕੀਰੀ ਵਿੱਚ ਹੋਵਨ ਸੋ ਨਾਮ ਹੀ ਕਲਿਆਣ ਕਰਦਾ ਹੈ ॥

Sri Satguru Jagjit Singh Ji eLibrary NamdhariElibrary@gmail.com

ਨੰ. 4 ਪ੍ਰਥਾਏ

ਤਤ ॥ ਸਵਸਤ ॥

ੴ ਸ੍ਰੀ ਸਤਿਗੁਰ ਪ੍ਰਸਾਦਿ ॥ ੴ ਨੇਮੋ ਸ਼੍ਰੀ ਗਣੇਸਾਯਨਮਯ:ਮਗਲਾਚਰਣੰ। ਕਬਿਤੁ॥ ਵਿਘਨ ਕੇ ਹਰੀਲੇ ਕਰੀਲੇ ਸਭ ਮੰਗਲ ਕੇ, ਨਾਮ ਕੇ ਰਸੀਲੇ ਰੰਗੀਲੇ ਹਰਿ ਨਾਮ ਕੇ ॥ ਨਾਮ ਕੇ ਜਗੀਲੇ ਸਵੀਲੇ ਹਰਿ ਨਾਮ ਹੂ ਕੇ, ਨਾਮ ਕੇ ਉਠੀਲੇ ਬੈਠੀਲੈ ਹਰਿ ਨਾਮ ਕੇ। ਨਾਮ ਕੇ ਲਿਖੀਲੇ ਪਠੀਲੇ ਹਰਿ ਨਾਮ ਹੂ ਕੇ, ਨਾਮ ਕੇ ਦਸੀਲੇ ਛਬੀਲੇ ਹਰਿ ਨਾਮ ਕੇ, ਐਸੇ ਗੁਰ ਹੀਏ ਧਾਰ ਖਟ ਗੁਰ ਕੋ ਸੰਵਿਚਾਰ, ਆਨੰਦਘਨ ਕਹੇ ਸਾਰ ਰਾਮ ਰਾਮ ਨਾਮ ਕੇ ॥ ੧

ਅਥ ਨਾਮ ਮਰਮਾ ॥

ਐਸੋ ਨਾਮ ਪ੍ਰਕਾਸ, ਵਿਘਨ ਹਰਿਨ ਮੰਗਲ ਕਰਨ।
ਔਰ ਕਰਨ ਸੁਖਵਾਸ, ਦੁਖ ਦਾਰਿਦ੍ ਸੰਕਟ ਹਰਨ ॥ ੧ ॥
ਔਰ ਕਰਨ ਜਗ ਦ੍ਾਸ, ਸੰਤ ਸੰਗ ਸੁਖ ਸੋ ਭਰਨ।
ਔਰ ਹਰਨ ਯਮ ਤ੍ਾਸ, ਮੁਕਤਿ ਕਰਨ ਪਾਤਕ ਹਰਨ।

ਗੁਰ ਨਾਨਕ ਅਰਥ :

ਕਵਿਤੁ :

ਪਾਪ ਹੂੰ ਤੇ ਮੋੜਨ ਅਰ ਜੋੜਨ ਹਰਿ ਨਾਮ ਹੂੰ ਮੋ, ਲੋੜਨ ਸਤਸੰਗ ਤਬੀ ਗੁਰੂ ਨਾਮ ਪਾਏ ਹੈ। ਫੋੜਨ ਭ੍ਰਮ ਜਾਲ ਅਰ ਮੋੜਨ ਮਹਾ ਮੋਹ ਹੂੰ ਕੇ, ਤੋੜਨ ਤੋ ਅਨਕ ਤਬੀ ਨਾਨਕ ਕਰਾਏ ਹੈ। ਜੋੜਨ ਸੁਭ ਕਰਮ ਮੋ ਵਿਛੋੜਨ ਅਪ ਕਰਮ ਹੂੰ ਤੇ, ਬੋੜਨ ਪਾਖੰਡ ਤਬੀ ਸੰਤ ਮਨ ਭਾਏ ਹੈ। ਕਹਿਤ ਹੈ ਆਨੰਦ ਘਨ ਸਮਝ ਬੂਝ ਦੇਖੋ ਮਨ, ਐਸੇ ਗੁਰ ਨਾਨਕ ਤਬ ਜਪ ਜੀ ਬਠਾਏ ਹੈ।

ਸਾਸਤ੍ਰ ਬਚਨੀ ॥ ਗੁਰੂ ਸਤੁ ਕੋਹਿਤੁ ਤੋ ਉਪਦੇਸਟਾ ॥ ਗੁਰੂ ਕੌਣ ਹੈ : ਤਿਸ ਕਾ ਉਤਰ– ਜੋ ਹਿਤ ਕਾ ਉਪਦੇਸ ਕਰੈ ਸੋਈ ਗੁਰੂ। ਪਾਪ ਤੇ ਮੋੜਨਾ, ਹਰਿ ਨਾਮ ਮੇ ਜੋੜਨਾ, ਸਤ–ਸੰਗ ਕੋ ਲੋੜਨਾ, ਹਿਤ ਤੋ ਸਿਖ ਕੀ ਇਸੀ ਮੋ ਹੈ। ਐਸਾ ਉਪਦੇਸ ਕਰਣ ਤੇ ਗੁਰੂ ਨਾਮ ਪਾਇਆ।

'ਮੇਦਨੀ ਕੋਸ' ਮੇ ਲਿਖਾ ਹੈ– 'ਅਨਕ' ਜੋ ਸ਼ਬਦ ਹੈ ਤਿਹ ਕਾ ਅਰਥ 'ਪਾਪ ਭੀ ਹੈ ਅਰੁ 'ਕੁਤਸਾ' ਭੀ ਹੈ। 'ਕੁਤਸਾ' ਨਾਮ ਹੈ ਨਿਖਿਧ ਕਰਮ ਕਾ। ਨਹੀ ਅਨਕ ਜਿਸ ਕੇ ਸੋਕ ਹੀਏ ਨਾਨਕ; ਜਿਸ ਕੇ ਪਾਪ ਭੀ ਨਹੀ ਅਰ ਨਿਖਿਧ ਕਰਮ ਭੀ ਨਹੀਂ; ਇਹ ਨਾਨਕ ਕਾ ਅਰਥ ਜਗਤ ਮੋ ਪ੍ਰਸਿਧ ਹੈ, ਨਾਨਕੇ ਘਰ ਜਿਸ ਕਾ ਜਨਮ ਹੋਤਾ ਹੈ ਤਿਸ ਕਾ ਨਾਮ ਲੋਕ ਨਾਨਕ ਧਰਤੇ ਹੈ। ਬਾਬਾ ਨਾਨਕ ਕਾ ਜਨਮ ਤੋ ਪਿਤਾ ਕੇ ਘਰ ਹੂਆ, ਨਾਨਕੇ ਘਰ ਤੋਂ ਨਹੀਂ ਹੂਆ, ਫੇਰਿ ਨਾਨਕ ਨਾਮ ਕੈਸਾ? ਅਰ ਜੋ 'ਅਨਕ' ਸ਼ਬਦ ਕੋ ਭਾਖਾ ਮਾਨੀਏ ਤੋ ਭੀ 'ਨਿਰਦੋਖ' ਅਰਥ ਹੋਵੇਗਾ।

'ਅਨਕ' ਨਾਮ ਹੇ ਅਨੇਕ ਕਾ। 'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ', ਜਬ ਬ੍ਰਹਮ ਹੀ ਦੇਖਾ ਸੁਣਾ ਤਬ ਅਨੇਕ ਕਹਾਂ ਰਹਾ। ਇਸ ਤੋ ਭੀ ਅਨਕ ਟੂਟਾ। ਭ੍ਰਮ, ਮੋਹ ਕੇ ਹੋਤੇ ਤੇ ਕਿਸੀ ਕਾ ਅਨਕ ਟੂਟਤਾ ਨਹੀਂ। ਪ੍ਰਥਮ ਮੋਹ, ਭ੍ਰਮ ਤੋੜ ਤਬੀ ਤੋ ਅਨਕ ਟੂਟਾ, ਨਾਨਕ ਨਾਮ ਸ਼ਾਰਥਕ ਭਾਇਆ।

ਅਬ ਪਾਖੰਡ ਕੋ ਡੁਬਾਵਤੇ ਹੈ।

ਪੜ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੀ ॥
ਦੁਇ ਧੋਤੀ ਵਸਤ੍ ਕਪਟਿ ॥ ਗਲਿ ਮਾਲਾ ਤਿਲਕ ਲਿਲਾਟਿ ॥

Sri Satguru Jagjit Singh Ji eLibrary NamdhariElibrary@gmail.com

ਪੜਤੇ ਨੇ ਪੁਸਤਕ ਅਰ ਸੰਧਿਆ ਭੀ ਕਰਣ ਸਿਖਾ, ਅਰ ਵਾਦ ਪਖ ਭੀ ਸਿਖਾ। ਯੁਕਤਿ, ਪ੍ਰਮਾਣ, ਦ੍ਰਿਸ਼ਟਾਂਤ ਦਵਾਰਾ ਆਪਣੇ ਮਤ ਕੋ ਪ੍ਰਤਿਪਾਦਨ ਕਰਣਾ ਅਰ ਦੂਸਰੇ ਮਤ ਕੋ ਖੰਡਨ ਕਰਣਾ- ਇਸ ਕਾ ਨਾਮ 'ਵਾਦ' ਹੈ। ਅਰ ਸਿਲ ਕੀ ਤੈਨੇ ਪੂਜਾ ਕਰੀ, ਸਾਲਗਰਾਮ ਕੀ ਪੂਜਾ ਕਰੀ ਅਥਵਾ ਸਿਵ-ਲਿੰਗ ਕੀ ਪੂਜਾ ਕਰੀ ਅਥਵਾ ਦੇਵੀ-ਦੇਵਤਾ ਕੀ ਪ੍ਰਤਿਮਾ ਪੂਜੀ, ਅਰ ਦੋ ਧੋਤੀਆ ਭੀ ਤੈਨੇਂ ਰਖੀਆਂ- ਏਕ ਸੋ ਸਨਾਨ ਕਰਣਾ, ਏਕ ਪਹਿਰਣੀ। ਅਰ ਵਸਤ੍ਰ ਕਾ ਪੜਦਾ ਭੀ ਤੈਨੇ ਆਗੇ ਖੜਾ ਕੀਆ ਮੇਰੇ ਕਰਮ ਕੋ ਕੋਈ ਨਾ ਦੇਖੇ। ਮਾਲਾ ਭੀ ਤੈਨੇ ਪਹਰੀ ਅਰ ਮਸਤਕ ਤਿਲਕ ਭੀ ਲਗਾਇਆ। ਇਹ ਤੋ ਸਭੀ ਬਾਤੇ ਤੇਰੀਆਂ ਹਛੀਆਂ ਹੈਂ, ਪਰੰਤੂ ਏਕ ਬਾਤਿ ਜੋ ਤੇਰੇ ਮੋ ਖੋਟੀ ਹੈ, ਤਿਸ ਨੇ ਤੇਰੀਆਂ ਸਭੀ ਬਾਤੈ ਖੋਟੀਆਂ ਕਰ ਡਾਰੀਆਂ। ਨਨੁ- ਤੁਮ ਨੇ ਕਉਣ ਸੀ ਬਾਤ ਮੇਰੇ ਮੋ ਖੋਟੀ ਦੇਖੀ ?

ਤਿਸ ਕਾ ਉਤਰ ਕਹਿਤ ਹੈ- 'ਬਗੁਲ ਸਮਾਧਿ ਮਾਲਾ ਪਕੜ ਕਰ ਪੜਦਾ ਬਾਧ ਕਰ ਤੂੰ ਚੌਕੇ ਭੀਤਰ ਨਿਸਪੰਦ ਹੋਇ ਬੈਠਾ; ਜੈਸੇ ਬਗੁਲਾ ਜਲ ਵਿਖੇ ਨਿਸਪੰਦ ਹੋਇ ਕਰ ਖੜਾ ਰਹਿਤਾ ਹੈ, ਜਰਾ ਭੀ ਨਹੀਂ ਡੋਲਤਾ, ਮਨ ਤੋ ਲਗਾ ਹੁਆ ਹੈ ਮਛੀ ਮੋ। ਤੈਸੇ ਹੀ ਤੇਰਾ ਮਨ ਭੀ ਤੋ ਜਗਤ ਪਦਾਰਥੋਂ ਮੇ ਹੀ ਲਗਾ ਹੈ। ਲੋਕ ਭਲਾ ਮਾਨ ਕਰ ਮੇਰੀ ਪੂਜਾ ਕਰੇ- ਇਹੀ ਬਾਤਿ ਤੇਰੇ ਮੋ ਖੋਟੀ ਹੈ।

ਨਨੁ- ਤੁਮ ਨੇ ਕੈਸੇ ਜਾਣਾ ਇਸ ਕਾ ਮਨ ਜਗਤ ਪਦਾਰਥੋ ਮੋ ਲਗਾ ਹੈ ?

ਤਿਸੀ ਕਾ ਉੱਤਰ ਕਹਿਤੇ ਹੈ- 'ਮੁਖਿ ਝੂਠ ਬਿਭੂਖਣ ਸਾਰੰ- ਮੁਖ, ਕਿਹਾ ਕਹੀਏ, ਪ੍ਰਧਾਨਤਾ ਤੋ ਤੇਰੇ ਝੂਠੁ ਕੀ ਹੈ ਅਰ 'ਵਿਭੂਖਣ ਸਾਰੰ' ਕਿਆ ਕਹੀਏ, ਬਾਹਰ ਸੋ ਸੁਭਾਇਮਾਨ ਬਾਤੇ ਤੋ ਸਾਰ ਕੀਆਂ ਕਰਤਾ ਹੈ- ਇਸ ਦਾਨ ਦਾ ਇਹ ਫਲ ਹੋਤਾ ਹੈ, ਬ੍ਰਤ ਕਾ ਇਹ ਫਲ ਹੋਤਾ ਹੈ, ਯਗ ਕਾ ਇਹ ਫਲ ਹੋਤਾ ਹੈ, ਤਪ ਕਾ ਇਹ ਫਲ ਹੋਤਾ ਹੈ, ਇਸ ਤੇ ਲੇ ਕਰਿ ਮਨ ਤੋ ਇਸੀ ਮੋ ਲਗਾ ਹੈ ਲੋਗ ਪੰਡਿਤ ਮਾਨ ਕਰ ਮੇਰੀ ਪੂਜਾ ਕਰੈ। ਨਨੁ - ਤੁਮ ਨੇ ਕੈਸੇ ਜਾਣਾ ਪ੍ਰਧਾਨਤਾ ਇਸ ਕੇ ਝੂਠ ਕੀ ਹੈ?

ਤਿਸੀ ਕਾ ਉਤਰ ਕਹਿਤੇ ਹੈ- ਤ੍ਰੈਪਾਲ ਤਿਹਾਲ ਬਿਚਾਰੰ, ਤ੍ਰਿਗੁਣਾਤਮਕ ਜੋ ਸਰੀਰ ਹੈ ਤਿਸੀ ਕੀ ਪਾਲਨਾ ਵਿਖੇ ਤੋ ਤੂੰ ਮਗਨ ਹੈ। ਹਾਲ ਤੋ ਬਾਹਰ ਸੋ ਵੀਚਾਰ ਕੀਆ ਬਾਤੈ ਕਰਤਾ ਦ੍ਰਿਸਟਿ ਆਵਤਾ ਹੈ- ਜਗਤ ਮਿਥਿਆ ਹੈ, ਏਕ ਪਰਮਾਤਮਾ ਹੀ ਸਤ ਹੈ, ਸੋ ਆਪਣਾ ਆਪ ਹੀ ਹੈ; ਮਨੁ ਲਗਾ ਹੈ ਸਰੀਰ ਕੀ ਪਾਲਨਾ ਮੋ। ਨਨੁ- ਤੁਮ ਨੇ ਕੈਸੇ ਜਾਣਾ ਇਹ ਸਰੀਰ ਕੀ ਪਾਲਨਾ ਵਿਖੇ ਮਗਨ ਹੈ, ਬਾਹਰ ਸੇ ਵੀਚਾਰ ਕੀਆ ਬਾਤੈ ਕਰਤਾ ਹੈ?

ਤਿਸੀ ਕਾ ਉਤਰ ਕਹਿਤੇ ਹੈਂ- 'ਜੇ ਜਾਣਸਿ 'ਬ੍ਰਹਮੰ' ਕਰਮੰ॥ ਸਭਿ ਫੋਕਟ ਨਿਸਚਉ ਕਰਮੰ। ਜੇਤਾ ਕਰਮ, ਧਰਮ ਹੈ, ਸੋ ਬ੍ਰਹਮ ਕੇ ਜਾਨਣੇ ਕੇ ਨਿਮਿਤਿ ਹੈ ॥ ਜੋ ਤੈਨੇ ਬ੍ਰਹਮ ਹੀ ਨਹੀਂ ਜਾਣਾ ਤੇ ਤੇਰਾ ਸਭ ਕਰਮ, ਧਰਮ ਫੋਕਟ ਹੀ ਹੈ। 'ਫੋਕਟ' ਨਾਮ ਹੈ ਥੋਥੇ ਕਾ, ਜੈਸੇ ਥੋਥਾ ਜੋ ਧਾਨ ਹੋਤਾ ਹੈ, ਸੋ ਦੇਖਣੇ ਮੈਂ ਤੋ ਧਾਨ ਹੀ ਦ੍ਰਿਸਟਿ ਆਵਤਾ ਹੈ ਪਰੰਤੂ ਉਸ ਮੋਂ ਦਾਣਾ ਨਹੀਂ ਹੋਤਾ ਤਾਂ ਤੇ ਉਹ ਕਿਸੀ ਕਾਮ ਕਾ ਹੀ ਨਹੀਂ। ਤੈਸੇ ਹੀ ਬ੍ਰਹਮ ਕੇ ਜਾਣੇ ਬਿਨਾਂ ਕਰਮ, ਧਰਮ ਭੀ ਕਿਸੀ ਕਾਮ ਕਾ ਹੀ ਨਹੀਂ। ਇਹੀ ਮੈਨੇ ਬੀਜ ਪਾਇਆ, ਇਸੀ ਤੇ ਜਾਣਾ ਇਹ ਸਰੀਰ ਕੀ ਪਾਲਨਾ ਮੋ ਮਗਨ ਹੈ।

Sri Satguru Jagjit Singh Ji eLibrary NamdhariElibrary@gmail.com

'ਚਾਹ ਚਮਾਰੀ ਚੂਹਰੀ ਅਤਿ ਨੀਚਨ ਤੇ ਨੀਚ।
ਆਪੇ ਪੂਰਨ ਬ੍ਰਹਮ ਥਾ ਜੋ ਏਹ ਨ ਹੋਤੀ ਬੀਚ।

ਬ੍ਰਹਮ ਤੋ ਤੇਰਾ ਆਪਣਾ ਆਪ ਥਾ, ਆਪਣੇ ਆਪ ਤੇ ਤੂੰ ਤਬੀ ਤੋ ਭੂਲਾ ਜੋ ਤੇਰੈ ਤਾਂਈ ਚਾਹ ਥੀ। ਜਿਸ ਨੇ ਅੰਮ੍ਰਿਤ ਪਾਨ ਕੀਆ ਸੋ ਮਦ ਪੀਵਣੇ ਕੀ ਇਛਾ ਨਹੀਂ ਕਰਤਾ, ਕਹਿਤਾ ਹੈ- ਮੈ ਨੇ ਅੰਮ੍ਰਿਤ ਪਾਨ ਕੀਆ। ਅਰ ਮਦ ਪੀਤਾ ਭੀ ਦ੍ਰਿਸਟਿ ਆਵਤਾ ਹੈਂ ਤਿਸ ਨੇ ਅੰਮ੍ਰਿਤ ਨਾਹੀਂ ਪਾਨ ਕੀਆ, ਝੂਠ ਕਹਿਤਾ ਹੈਂ। ਬ੍ਰਹਮ ਜਿਸ ਨੇ ਜਾਣਾ ਹੈ ਤਿਸ ਕੋ ਜਗਤ ਪਦਾਰਥੋ ਕੀ ਇਛਾ ਕਥੀ ਨਾ ਹੋਵੇਗੀ, ਇਹੀ ਬ੍ਰਹਮ ਜਾਨਣੇ ਕਾ ਲਖਣ ਹੈ ਮਨ ਵਿਖੇ ਕਛੁ ਔਰ ਹੈ, ਬਾਹਰ ਸੋਂ ਕਛੁ ਔਰ ਬਣ ਕਰ ਦਿਖਲਾਵਤਾ ਹੈ, ਇਸੀ ਕਾ ਨਾਮ 'ਪਾਖੰਡ' ਹੈ। 'ਛੋਡੀਲੇ ਪਾਖੰਡਾ। ਨਾਮਿ ਲਇਐ ਜਾਹਿ ਤਰੰਦਾ'। ਛੋਡ ਦੇ ਪਾਖੰਡ ਕੋ, ਪ੍ਰਮੇਸਵਰ ਕਾ ਨਾਮ ਗ੍ਰਹਣ ਕਰ, ਭਵ ਸਾਗਰ ਕੋ ਤਰਤਾ ਹੂਆ ਚਲਾ ਜਾਏਗਾ। ਜੋ ਜਗਤ ਪਦਾਰਥੋ ਸੋ ਵੇਮੁਖ ਹੈ, ਭਜਨ ਮੋ ਤਤਪਰ ਹੈ ਸੋਈ 'ਗਿਆਨੀ' ਹੈ। ਮਨ ਤੋ ਚਾਹਤਾ ਹੈ ਪਦਾਰਥੋ ਕੋ ਅਰ ਬਾਹਰ ਸੋ ਗਿਆਨ ਕੀਆ ਬਾਤੇ ਕਰਤਾ ਹੈ ਸੋ ਗਿਆਨ ਕੀਆ ਬਾਤੇ ਕੈਸੀਆ ਹੈ ਜੈਸੇ ਕੰਗਾਲ ਧਨ ਕੀਆਂ ਬਾਤੇ ਕਰਤੇ ਹੈ, ਇਸੀ ਕਾ ਨਾਮ 'ਪਾਖੰਡ' ਹੈ। ਪਾਖੰਡ ਕੋ ਡੁਬਾਇਆ ਤਬੀ ਸੰਤੋ ਕੇ ਮਨ ਭਾਇਆ, ਤਬੀ ਜਪ ਜੀ ਬਨਾਇਆ।

ਸੋਰਠਾ :- ਸ੍ਰੀ ਗੁਰੂ ਰਾਮ ਦਇਆਲ, ਚਿਤਾਨੰਦ ਕਰਣਾਰਣਵ।
ਤਾ ਚਰਨਨ ਉਰਧਾਰ, ਆਨੰਦ ਘਨ ਵਰਨਨ ਕਰੇ।

ਦੋਹਿਰਾ ॥ ਗੁਰੂ ਨਾਨਕ ਜਪੁ ਜੀ ਕੀਓ, ਨਿਜ ਮਤ ਕੋ ਨਿਰਧਾਰ ॥
ਆਨੰਦ ਘਨ ਟੀਕਾ ਕਰੇ, ਤਾ ਕੋ ਅਰਥ ਵਿਚਾਰ॥

ਚਤੁਖ ਪਦਾ ॥ ਅੜ ਬੰਗੀਤੋ ਢੇਰ ਦੀ ਸਤ ਹੈ ਯਾ ਪੰਥਮੋ ॥ ਕਰਹ ਏਰਅਰਫੇ ਰਸ ਸਬਦਾਅਰਥ ਬੂਝ ਹਿਨ ਹੀ ॥ ਸਬਦ ਅਰਥ ਹੈ ਸਾਰ ਅੜਬੰਗੀ ਨਹੀ ਕਾਮ ਕੋ। ਤਾਤੇ ਕਹੋ ਵਿਚਾਰ ਪ੍ਰਸਨ ਜਾਲ ਗੁਰ ਵਚਨਲੇ ॥ ਦੋਹਿਰਾ ॥ ਸੂਝ ਬੂਝ ਜਾਤੇ ਪਰੇ ਪ੍ਰਸੰਨ ਜਾਲ ਹੈ ਸਾਰ ॥ ਅੜਬੰਗੀ ਕੇ ਦਮਨ ਕੋ ਡਾਰੋ ਤਿਹ ਸਿਰ ਭਾਂਗ ॥ ਸੋਚਣਾ ॥ ਨਿਜ ਮਤ ਕੋ ਨਿਰਧਾਰ ਗੁਰ ਨਾਨਕ ਖਟ ਗੁਰ ਕਹੇ ॥ ਤਾਕੋ ਕਹੋ ਵਿਚਾਰ ਦੁਰਜਨ ਮੁਖ ਚਪੈਟਕ ॥ ਸੋਰਠਾ ॥ ਗੁਰੂ ਨਾਨਕ ਗੁਰ ਕੌਣ ਭਾਂਗ ਪਚੀ ਹੈ ਕੂਪ ਸੋ ਨਿਸਦਿਨ ਪਰਤੇ ਜੌਨਤਨ ਕਾ ਅਰਥ ਬੂਝ ਹਿਨ ਹੀ ॥ ਕਿਸੀ ਨੇ ਪ੍ਰਸਨ ਕੀਆ। ਗੁਰੂ ਨਾਨਕ ਕਾ ਗੁਰੂ ਕੌਣ ਹੈ ॥ ਤਿਸੁ ਕਾ ਉਤਰ ॥ ਖੂਹੇ ਮੋ ਭਾਂਗ ਪੜੀ ॥ ਖੂਹੇ ਮੋ ਭਾਂਗ ਪੜੀ ਕਿ ਆਜੇ ਤੋ ਭਾਂਗ ਪੜਤੀ ਲੋਟੇ ਮੋ ਤੌਏ ਕਦੁ ਇਆਦਮੀ ਪਾਠ ਕਰਤੇ ਤਿਜ ਕੋ ਹੀ ਚੜਤੀ ਅਰ ਜੋ ਘੜੇ ਮੋ ਪੜਤੀ ਤੌ ਦਸ ਬੀਸ ਪਾਠ ਕਰਤੇ ਤਿਨ ਕੋ ਹੀ ਚੜਤੀ ॥ ਭਾਂਗ ਤੇ ਪੜੀ ਖੂਹੇ ਮੋ ਸ੍ਰਬ ਗ੍ਰਾਮ ਜਨੋ ਨੇ ਪਾਨ ਕਰੀ ਸਰਬ ਕੋ ਹੀ ਚੜੀ ॥ ਗ੍ਰਾਮ ਜਨ ਕੌਣ ਮੇ ਚਾਰ ਪ੍ਰਕਾਰ ਕੇ ਸਾਹਿਬਜਾਦੇ ॥ ਬੇਦੀ ਤਿਹੁਣ ਭਲੇ ਸੋਢੀ ॥ ਸਿਖ ਅਰੁ ਉਦਾਸੀ ॥ ਇਹੀ ਤੋ ਗੁਰ ਨਾਨਕ ਕਾ ਗ੍ਰਾਮ ਹੈ। ਇਹ ਸਭੀ ਗੁਰੂ ਨਾਨਕ ਕੀ ਬਾਣੀ ਦਿਨ ਰਾਤ ਪੜਤੇ ਹੈ' ॥ ਬਾਣੀ ਮੋ ਕਿਆ ਲਿਖਤਾ ਹੈ ॥ ਪ੍ਰਮੇਸਵਰ ਕੇ ਨਾਮ ਕੀ ਮਹਮਾ ਅਰੁ ਗੁਰੂ ਕੀ ਮਹਮਾ ॥ ਤਿਸ ਪਰ ਭੀ ਜੋ ਕੋਈ ਪੂਛੇ ਗੁਰ ਨਾਨਕ ਕਾ ਗੁਰੂ ਕੌਣ ਹੈ ॥ ਤਬ ਸਭੀ ਪੰਥ ਕੇ ਲੋਕ ਲੜਾਈ ਕਰਣਾ ਕੋ ਉਦੇ ਹੋਤੇ ਹੈ ॥ ਇਸ ਕਾ ਨਿਰਨੈ ਕੋਈ ਨਹੀ ਕਰਤਾ ॥ ਅਰ ਜੋ ਕੋਈ ਬਲ ਇਕਰ ਪੂਛੇ ਸੰਪੂਰਨ ਗ੍ਰੰਥ ਮੋ

Sri Satguru Jagjit Singh Ji eLibrary NamdhariElibrary@gmail.com

ਜੋ ਬਾਬਾ ਨਾਨਕ ਨੇ ਗੁਰੋ ਕੀ ਮਹਮਾ ਕਹੀ ਹੈ॥ ਸੋ ਆਪਣੇ ਗੁਰੂ ਕੀ ਮਹਮਾ ਕਹੀ ਹੈ ॥ ਵਾਕਿ ਸੋ ਕੇ ਗੁਰੂ ਕੀ ॥ ਵਾ ਆਪਣੇ ਆਪ ਕੋ ਗੁਰੂ ਮਾਨ ਕਰ ਆਪਣੀ ਮਹਮਾ ਕਹੀ ਹੈ। ਆਪਣੀ ਮਹਮਾ ਤੋ ਆਪਣੇ ਮੁਖ ਤੇ ਕਿਸੀ ਕੀ ਨਹੀਂ ਬਣਤੀ ॥ ਅਰੁ ਬਾਬਾ ਨਾਨਕ ਤੋ ਆਪਣੇ ਆਪ ਕੋ ਇਹੀ ਮਾਨਤੇ ਰਹੇ ਹੈ। ਨਾਨਕ ਦਾਸ ਨਾਨਕ ਗਰੀਬ ਨਾਨਕ ਨਿਮਾਣਾ ਨਾਨਕ ਵਿਚਾਰਾ ॥ ਅਪਣੇ ਮੁਖ ਤੇ ਤੋਂ ਆਪਣੀ ਮਹਮਾ ਕਹਣੇ ਵਾਲੇ ਓਹ ਨਹੀਂ ਥੇ ॥ ਅਰੁ ਕਿਸੀ ਕੇ ਗੁਰੂ ਬਾਥ ਕਿਸੀ ਕੋ ਕਿਆ ਹੈ ॥ ਜੋ ਉਸ ਕੀ ਮਹਮਾ ਕਹੇਗਾ। ਜੇ ਕੋਈ ਮਹਮਾ ਕਹੇਗਾ ਆਪਣੇ ਹੀ ਗੁਰੂ ਕੀ ਕਰੇਗਾ। ਤਾਤੇ ਕਹੋ ਬਾਬਾ ਨਾਨਕ ਕਾ ਗੁਰੂ ਕੌਣ ਹੈ ਐਸਾ ਕਹਣੇ ਤੇ ਭੀ ਸਰਬ ਪੰਥ ਕੇ ਲੋਕ ਲੜਾਈ ਕਰਨੇ ਕਉ ਹੀ ਉਦੈ ਹੋਤੇ ਹੈ॥ ਪੜਤੇ ਤੋ ਹੈ ਦਿਨ ਰਾਤ ਅਰੁ ਸਮਝਤੇ ਨਹੀਂ ਇਹੀ ਤੁ ਭਾਂਗ ਪੀਣੇ ਕੇ ਲਖਣ ਹੋਤੇ ਹੈ॥ ਔਰ ਭਾਂਗ ਪੀਣ ਕੇ ਸਿਰ ਪਰ ਸਿੰਗ ਤੋ ਨਹੀਂ ਹੋਤੇ ਅਬ ਜੋ ਇਸੀ ਪੰਥ ਮੋ ਬੁਧਿਮਾਨ ਹੈ ॥ ਜਬ ਤਿਨ ਕੋ ਪੂਛੀਤਾ ਹੈ॥ ਤਬ ਓਹ ਕਹਤੇ ਹੈ ਬਾਬਾ ਨਾਨਕ ਸਵਯੰ ਸਿਧ ਭਏ॥ ਤਿਨ ਕੋ ਹਮ ਕਹਤੇ ਹੈ ਸਤ ਹੈ ਇਸ ਮੋ ਕੁਛ ਸੰਦੇ ਨਹੀਂ ਬਾਬਾ ਨਾਨਕ ਸਵਯੰ ਸਿਧ ਹੀ ਭਏ ॥ ਪਰੰਤੂ ਜਿਸ ਕੋ ਜਪੁ ਜੀ ਕਾ ਅਰਥ ਆਵਤ ਹੈ ਜੋ ਸਵਯੰ ਸਿਧ ਕਹੇਗਾ ਤਬ ਤਿਸ ਕਾ ਕਹਣਾ ਬਣੇਗਾ ॥ ਅਰੁ ਜਿਸ ਕੋ ਜਪੁਜੀ ਕਾ ਅਰਥ ਨਹੀਂ ਆਵਤਾ ਅਰੁ ਸਵਯੰ ਸਿਧ ਕਹਤਾ ਹੈ ॥ ਤਾਤੇ ਸਵਯੰ ਸਿਧ ਕਹਣੇ ਵਾਲੇ ਕੇ ਸਿਰ ਪਰ ਪਾਚ ਦੂਖਣ ਪੜੇਗੇ ਪਹਾੜੋ ਕੇ ਤੁਲ ਭਾਰੀ ਸਵਯੰ ਸਿਧ ਕਹਣੇ ਵਾਲਾ ਤਲੇ ਹੀ ਦਬ ਮਰ ਜਾਏਗਾ ॥

ਅਬ ਦੂਖਣ ਵਰਨਨੀ ॥ ਬਲਿਹਾਰੀ ਗੁਰ ਆਪਣੇ ਦਿਉਹਾਰੀ ਸਦ ਵਾਰ ॥ ਜਿਨਿ ਮਾਨਸ ਤੇ ਦੇਵਤਾ ਕੀਏ ਕਰਤ ਨ ਲਾਗੀ ਵਾਰ ॥ ਅਬ ਸਵਯੰ ਸਿਧ ਕਹਣੇ ਵਾਲੇ ਕੋ ਹਮ ਪੂਛਤੇ ਹੈ ॥ ਇਹ ਬਚਨ ਜੋ ਬਾਬਾ ਨਾਨਕ ਕਾ ਹੈ ਇਸ ਕੋ ਤੂੰ ਸੱਚਾ ਮਾਨਤਾ ਹੈ ਵਾ ਝੂਠਾ ॥ ਜੋ ਸਚਾ ਮਾਨਤਾ ਹੈ ਤਬ ਤੇਰੇ ਸੋ ਹਮ ਇਹ ਪੂਛਤੇ ਹੈ ਜੋ ਆਪਣਾ ਗੁਰੂ ਬਾਬਾ ਨਾਨਕ ਕਾ ਹੈ ਜਿਸ ਪਰ ਰੋਜ ਸੌ ਵਾਰ ਕੁਰਬਾਨ ਹੋਤੇ ਹੈ ॥ ਅਰੁ ਜਿਸ ਕੀ ਕ੍ਰਿਪਾ ਤੇ ਮਾਨੁੱਖ ਤੇ ਦੇਵਤਾ ਭਏ ਸੋ ਕੌਣ ਹੈ ਕਹੁ ਅਰੁ ਜੋ ਝੂਠਾ ਮਨੇਗਾ ਤਬ ਜਿਨ ਕਾ ਗੁਰੂ ਹੀ ਝੂਠਾ ਠਹਰ ਤਿਸ ਕੇ ਸਿਖੋ ਕੋ ਸਤ ਕੀ ਪਰਾਪਤਿ ਕਹਾਂਤੇ ਹੋਵੇਗੀ। ਸਤ ਕੀ ਪ੍ਰਾਪਤਿ ਬਿਨਾ ਕਿਸੀ ਕੀ ਕਲਿਆਣ ਨਹੀਂ ॥ ਤਾਤੇ ਸੰਪੂਰਨ ਪੰਥ ਹੀ ਅਕਲਯਾਨ ਮੋ ਗਇਆ ॥ ਇਹ ਦੂਖਣ ਕਾ ਗੜ ਤੇਰੇ ਸਿਰਪਰ ਪੜਾ ਰੇ ਜਪੁਜੀ ਕੇ ਸਮਝੇ ਬਿਨਾ ਸਵਯੰ ਸਿਧ ਕਹਣੇ ਵਾਲੇ ॥ ੧ ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ਕਾਹੇ ਤੇ ਸੂਰਜ ਚੰਦ੍ਰਮਾ ਜੋ ਪ੍ਰਕਾਸ ਕਰੇਗੇ ਸੋਤੋ ਬਾਹਰ ਪ੍ਰਕਾਸ ਕਰਹਿਗੇ ॥ ਇਸ ਕੇ ਅੰਤ:ਕਰਨ ਵਿਖੇ ਜੋ ਅਗਯਾਨ ਰੂਪੀ ਅੰਧਕਾਰ ਕੌ ਨਾਸ ਕਰਨੇ ਵਾਲੇ ਹੈ ॥ ਤਾਤੇ ਹਜਾਰੋ ਚੰਦ੍ ਸੂਰਯੋ ਤੇ ਅਧਕ ਪ੍ਰਕਾਸ ਮਾਨਾ ਬਾਬਾ ਨਾਨਕ ਨੇ ਗੁਰੋ ਕੇ ਵਚਨੋ ਕਾ ॥ ਜੋ ਗੁਰੂ ਬਾਬਾ ਨਾਨਕ ਕਾ ਕੋਈ ਹੈ ਗੁਰੁ ਕੇ ਵਚਨ ਪਾਏ ਹਜਾਰੋ ਚੰਦ੍ ਸੂਰਯੋ ਤੇ ਅਧਕ ਪਰਕਾਸ ਪਾਇਆ ਹੈ ਸਤ ਹੈ ॥ ਅਰ ਜੋ ਗੁਰੂ ਉਨ ਕਾ ਤੁਮ ਕੋਈ ਮਾਨਤੇ ਹੀ ਨਹੀਂ ਸਵਯੰ ਸਿਧ ਮਾਨਤੇ ਹੋਤੇ ਉਨ ਕਾ ਹੀ ਬਚਨ ਹੈ ॥ ਗੁਰੂ ਬਿਨ ਘੋਰ ਅੰਧਾਰਾ ॥ ਤੌਕਿਆ ਤੁਮ ਬਾਬਾ ਨਾਨਕ ਕੋ ਘੋਰ ਅੰਧਾਰ ਮਾਨੋਗੇ ॥ ਜਿਨ ਕਾ ਗੁਰੂ ਹੀ ਘੋਰ ਅੰਧਾਰ ਮਾਨੋਗੇ, ਜਿਨ ਕਾ ਗੁਰੂ ਹੀ ਘੋਰ ਅੰਧਾਰ ਮੋ ਪੜਾ ਤਿਸ ਕੇ ਸਿਖੋ ਕੇ ਪਰਕਾਸ ਕਹਾ ਤੇ ਹੋਵੇਗੀ ॥ ਇਹ ਦੂਸਰਾ ਪਹਾੜ ਤੇਰੇ ਸਿਰ ਪਰ ਪੜਾ ਰੇ ਸਮਝੇ ਬਿਨਾਂ ਹੀ ਬਕਬਾਦ ਕਰਨੇ ਵਾਲੇ ॥2 ॥

Sri Satguru Jagjit Singh Ji eLibrary NamdhariElibrary@gmail.com

ਨਾਨਕ ਗੁਰੂ ਨ ਚੇਤਨੀ ਮਨਿ ਆਪਣੇ ਸੁਚੇਤ॥ ਛੁਟੇ ਤਿਲ ਬੁਆੜ ਜਿਉ ਸੁੰਞੇ ਅੰਦਰਿ ਖੇਤ ॥ ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਹੁ ਨਾਹ ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿੱਚ ਸੁਆਹਾ ॥ ਬਾਬਾ ਨਾਨਕ ਕਹਤੇ ਹੈ ਜਿਨ ਕਉ ਗੁਰੂ ਆਪਣੇ ਉਪਦੇਸ ਦਵਾਰਾ ਨਹੀਂ ਚੇਤਨ ਕਰਤੇ ॥ ਗੁਰੂ ਉਪਦੇਸ ਬਿਨਾਂ ਹੀ ਸੁਖ ਲੀਆ ਭਾਖਾ ਕੀ ਆਪੋ ਬੀਆ ਦੇਖ ਦੇਖ ਜੋ ਅਪਣੇ ਮਨ ਤੇ ਹੀ ਸੁਚੇਤ ਬਣ ਬੈਠੇ ਹੈ ॥ ਓਹੁ ਪੁਰਖ ਕੈਸੇ ਹੈ : ਤਿਨ ਪਰ ਦ੍ਰਿਸਟਾਂਤ ਕਹਤੇ ਹੈ ॥ ਛੁਟੇ ਹੂਏ ਜੋ ਹੈ ਬੁਆੜ ਤਿਲ, ਜਿਨ ਕੋ ਨਿਕੰਮੇ ਮਾਨਕਰ ਸਭ ਕਿਸੀ ਨੇ ਛੋਡ ਦੀਆ ਹੈ ॥ ਉਹੁ ਤਿਲ ਖੇਤ ਵਿਖੇ ਨਿਖਸਮੇ ਹੀ ਹੈ ॥ ਤਿਨ ਕਾ ਮਾਲਕ ਕੋਈ ਭੀ ਨਹੀਂ ॥ ਜੋ ਉਨੋ ਤਿਲੋ ਕੇ ਮਰਮ ਕੋ ਜਾਣਤੇ ਹੈ ॥ ਸੋ ਤੋ ਉਨ ਕੋ ਛੂਹਤੇ ਭੀ ਨਹੀਂ ॥ ਅਰੁ ਜੋ ਕੋਈ ਪ੍ਰਦੇਸੀ ਆਏ ਉਨੋ ਨੇ ਦੇਖ ਇਹੁ ਖੇਤ ਨਿਖਸਮਾ ਹੀ ਤੋ ਹੈ ॥ ਇਸ ਕਾ ਫਲ ਹਮ ਹੀ ਲਏਗੇ ਉਸ ਖੇਤ ਮੋ ਛੁਟੇ ਫਲ ਲੈਣੇ ਕੇ ਨਮਿਤ॥ ਬਾਬਾ ਨਾਨਕ ਕਹਤੇ ਹੈ ॥ ਸੋ ਜੋ ਉਸ ਖੇਤ ਕਾ ਫਲ ਹੈ ਸੋ ਉਨ ਕੋ ਨਹੀ ਪ੍ਰਾਪਤ ਹੋਵੇਗਾ ॥ ਕਾਹੇ ਤੇ ਉਹ ਨਖਿਸ ਮੇ ਤਿਨ ਫਲ ਤੇ ਫੁਲਤੇ ਹੋਤੇ ਹੈ ॥ ਪਰੰਤੂ ਉਨ ਕੇ ਵੀਚ ਰਾਖ ਹੀ ਤੋ ਹੋਤੀ ਹੈ। ਦਾਣਾ ਹੋਤਾ ਨਹੀਂ ॥ ਤਾਤੇ ਉਸ ਖੇਤ ਮੋ ਜਾਣਾ ਨਿਖਫਲ ਹੀ ਹੈ ॥ ਤੈਸੇ ਹੀ ਜਿਨੋ ਗੁਰੂ ਉਪਦੇਸ ਬਿਨਾ ਗਿਆਨ ਪਾਇਆ ਹੈ ॥ ਤਿਨ ਕਾ ਗਿਆਨ ਭੀ ਨਿਖਫਲ ਹੈ : ਸਫਲ ਗਿਆਨ ਸੋਈ ਹੈ ਜੋ ਗੁਰੂ ਉਪਦੇਸ ਦੁਆਰਾ ਪਾਇਆ ਹੈ ॥ ਅਬ ਸਵਯੰ ਸਿਧ ਕਹਣੇ ਵਾਲੇ ਕੋ ਹਮ ਕਹਤੇ ਹੈ ॥ ਤੁਮ ਗੁਰੂ ਬਾਬਾ ਨਾਨਕ ਕਾ ਕੋਈ ਗੁਰੂ ਮਾਨਤੇ ਹੀ ਨਹੀਂ ॥ ਸਵਯੰ ਸਿਧ ਹੀ ਮਾਨਤੇ ਹੋ ॥ ਕਿਆ ਸਵਯੰ ਸਿਧ ਮਾਨ ਕਰ ਬਾਬਾ ਨਾਨਕ ਕੋ ਨਿਖਫਲ ਮਾਨੋਗੇ ॥ ਜਿਨ ਕਾ ਗੁਰੂ ਹੀ ਨਿਖਫਲ ਹੂਆ ॥ ਤਿਸ ਕੇ ਸਿਖੋ ਕੋ ਫਲ ਕੀ ਪ੍ਰਾਪਤਿ ਕਹਾ ਤੇ ਹੋਵੇਗੀ ॥ ਇਹੁ ਤੀਸਰਾ ਪਹਾੜ ਤੇਰੇ ਸਿਰ ਪਰ ਪੜਾ ਰੇ ਬੇਬੂਝ ॥ ੧ ॥ ਇਤਿ ਪ੍ਰਸ਼ਨ ਉਤਰ ॥

ਨੰ. 5 ਪ੍ਰਥਾਇ

ਸ੍ਰੀ ਜਪੁ ਸਾਹਿਬ ਗਰਬ ਗੰਜਨੀ ਟੀਕਾ

ਦੋਹਰਾ ॥ ਸ੍ਰੀ ਅਸਿਧੁਜ ਸੁ ਬਿਲਾਸ ਭੁਜ ਉਤਭੁਜ ਜੰਗਮ ਜੋਇ ॥ਸਰਬ ਮਈ ਕਰਤਾ ਪੁਰਖੁ ਨਮੋ ਬੰਦਿ ਕਰ ਦੋਇ॥ ੧ ॥(ਦਸਾਂ ਗੁਰੂ ਸਾਹਿਬਾਂ ਦਾ ਮੰਗਲ)

ਕਬਿਤ ॥ ਬੇਦ ਬੇਦ ਨਿਰਾਕਾਰ ਜਾਂਕੋ ਕਹੇ ਖੇਦ ਬਿਨੁ, ਸੋਊ ਹੋਵ ਅਕਾਰ ਗੁਰੂ ਨਾਨਕ ਅਨੰਦ ਮੈ॥ ਅੰਗਦ, ਅਮਰਦਾਸ, ਰਾਮਦਾਸ, ਅਰਜੁਨ, ਸ੍ਰੀ ਹਰਿਗੋਬਿੰਦ ਭਏ ਸੋਊ ਸੁਖਕੰਦ ਮੈ॥ ਗੁਰੂ ਹਰਿਰਾਇ, ਹਰਿ ਕ੍ਰਿਸ਼ਨ ਪਰਮ ਜੋਤਿ, ਤੇਗ ਕੇ ਬਹਾਦੁਰ ਬਿਸ਼ਾਰਦ ਮੁਕੰਦ ਮੈ ॥ ਸ੍ਰੀ ਗੋਬਿੰਦ ਸਿੰਘ ਲੌ ਪਦਾਰਥ ਬਿੰਦ ਸਭਨ ਕੇ ਬੰਦੋ ਬ੍ਰਿੰਦ ਦੁੰਦ-ਹਾਰ ਦੁੰਦ ਹਾਥ ਬੰਦ ਮੈ ॥ 3 ॥

(ਸ੍ਰੀ ਕਲਗੀਧਰ ਪਾਤਸ਼ਾਹ ਜੀ ਦੀ ਤਲਵਾਰ ਦੀ ਮਹਿਮਾ) ਸ੍ਰੀ ਗੁਰੂ ਜੀ ਕੀ ਤਲਵਾਰ ਕੋ ਬਰਨਨ। ਕਬਿਤ ॥ਨਿਕਸਤ ਮਯਾਨ ਤੈ ਹੀ, ਛਟਾ ਘਨ ਮਯਾਨ ਤੈ ਹੀ ਕਾਲ ਜੀਹ ਲਹਿ ਲਹਿ ਹੋਇ ਰਹੀ ਹਲਿ ਹਲਿ। ਲਾਗੈ ਅਰਿ ਗਰ, ਗੇਰੇ ਧਰ ਪਰਿ ਧਰ ਸਿਰ, ਧਰਤਿ ਨ ਧੀਰ ਚਾਰੋਂ ਚੱਕ ਪਰੈ ਚਲਿ ਚਲਿ। ਕੌਨ ਰਹੈ ਠਾਂਢੋ ਸ੍ਰੀ ਗੁਬਿੰਦ ਸਿੰਘ ਆਪਿ ਆਗੈ ? ਜਲ ਥਲ ਉਥਲ ਪੁਥਲ ਹੋਇ ਥਲਿ ਥਲਿ। ਭਾਜੈ ਬਿਨ ਦੇਰ ਨੇਰਿ ਕਰੈਂ ਨ ਸੰਤੋਖੁ ਸਿੰਘ, ਹੈਰਿ ਸ਼ਮਸ਼ੇਰ ਸ਼ਮਸ਼ੇਰ ਤੇਰੀ ਪਲ ਪਲ ॥ 4 ॥

Sri Satguru Jagjit Singh Ji eLibrary NamdhariElibrary@gmail.com

(ਕਲਗੀਧਰ ਜੀ ਦਾ ਸਰੂਪ ਦਰਸ਼ਨ)

ਦੋਹਰਾ ॥ ਧਨੁਖ ਪਾਨ, ਉਰ ਗਯਾਨਘਨ, ਕਟ ਸੋਂ ਤੇਗ ਨਿਖੰਗ। ਮੁਕਤਾ ਮਾਲ ਬਿਸਾਲਗਰ, ਕਲਗੀ ਸੀਸ ਉਤੰਗ ॥ 5 ॥ ਜਗਮਗਾਤ ਕਲਗੀਨਿ ਕੇ ਜਰੇ ਜਵਾਹਰੁ ਜੋਇ। ਜਨੁ ਸਤਿਗੁਰ ਕੇ ਤੇਜ ਨੇ ਤਾਰੈ ਤੋਰਿ ਪਰੋਇ ॥ 6 ॥ (ਵਿਦਯਾ ਦਾਤਾ ਜੀ ਨੂੰ ਪ੍ਰਨਾਮ) ਸ੍ਰੀ ਮਤਿ ਮੁਰ ਗੁਰ ਭਜਨ ਮੈਂ ਦਯਾ ਧਾਮ ਅਭਿਰਾਮ। ਤਿਨ ਕੇ ਪਗਨ ਪ੍ਰਨਾਮ ਹੈਵ, ਸੰਤ ਸਿੰਘ ਸ਼ੁਭ ਨਾਮ ॥ 7 ॥

(ਕੈਥਲ ਰਾਜ ਵੰਸ਼ ਦਾ ਸੰਖੇਪ ਹਾਲ)

ਕਬਿਤ ॥ ਸਿੱਧੂ ਕੁਲ ਤਾਲ ਮੈ ਪ੍ਰਫੁੱਲਤ ਕਮਲ ਕਲ ॥ ਗੋਤ ਹੁਲਹਰੀਏ ਮੇ ਦੇਹਿ ਉਤਪਤਿ ਕੀ। ਸਤਿਗੁਰੂ ਅਰਜੁਨ ਸਿਰਜਿਤ ਸੁਧਾਸਰ ਜਾਇ ਸੇਵ ਲਾਗਯੋ ਕਰਿ ਲਾਲਸਾ ਸੁ ਗਤਿ ਕੀ। ਰਾਜ਼ੀ ਹੈਵ ਰਜਾਇ ਮੇ ਰਿਝਾਇ ਹਰੰਖਾਇ ਉਰ ਪਾਯੋ ਮਨ ਭਾਯੋ ਬਰ ਗਯਾਨਵਾਨ ਮਤਿ ਕੀ। ਸਕਲ ਜਗਤ ਮੇ ਬਿਦਤ ਦਿਨਪ੍ਰਤਿ ਅਤਿ ਕੀਰਤਿ ਭਗਤਿ ਭਾਈ ਭਗਤੁ ਭਗਤ ਕੀ ॥ 8 ॥

ਕਬਿਤ ॥ ਤਿਨ ਕੋ ਤਨੁਜ ਗੌਰਾ ਬੀਰਨਿ ਮੇ ਬੀਰ ਗੌਰਾ ਤੇਜ ਤੁਰਕਾਨਿ ਤੋਰਾ ਦਲ ਮੋਰਾ ਮਾਰਿਕੈ। ਜੰਗ ਮੇ ਨਿਸੰਗ ਬੀਰ ਰੰਗ ਮੇ ਸੁਰੰਗ ਭਯੋ ਬਹੁ ਕਰਿ ਵਾਰ ਕਰਵਾਰੁ ਕੋ ਪ੍ਰਹਾਰਿਕੈ। ਪੋਖ ਸੰਭਾਰਿਕੈ ਸੰਘਾਰਿਕੈ ਸਮੂਹ ਸ਼ਤ੍ਰੂ ਹੋਯੋ ਰਖਵਾਰ ਸੰਗਿ ਗੁਰ ਪਰਵਾਰ ਕੈ। ਤਾਂਕੋ ਸੁਤ ਦਯਾਲਦਾਸ ਜਗ ਮੈਂ ਪ੍ਰਕਾਸ਼ ਕੀਨ

ਪ੍ਰੇਮ ਰਸ ਭੀਨ ਸਦਾ ਅਗਮ ਅਪਾਰ ਕੈ ॥ 9 ॥ ਦੋਹਰਾ ॥ ਤਿਨ ਕੋ ਸੁਤ ਗੁਰਬਖਸ਼ ਸਿੰਘ ਤਤਵੈਤਾ ਮਤਿ ਧੀਰ। ਤਿਨ ਤੇ ਦੇਸੂ ਸਿੰਘ ਭਏ ਦੇਸ਼ ਪਤੀ ਬਰ ਬੀਰ ॥ 10 ॥

ਸਾਠ ਸਊਰਨਿ ਸੰਗ ਲੈ ਕਪਿਥਲ ਲੀਨ ਛੁਰਾਇ। ਤਹਾਂ ਪਠਾਨ ਜਿ ਪੰਚ ਸੇ ਹਤਿ ਕਰਿ ਦਏ ਭਜਾਇ ॥ 11 ॥ਲਾਲ ਸਿੰਘ ਤਿਨ ਕੇ ਤਨੁਜ ਮਤਿ ਆਪਰ ਗੁਨਵੰਤ। ਸਭ ਦੇਸ਼ੰਨ ਮੈ ਬਿਦਤ ਬਹੁ ਕੁਲਦੀਪਕ, ਜਸਵੰਤ ॥ 12 ॥ਕਬਿਤ ॥ ਤਾਂਕੋ ਸੁਤ ਉਦੋ ਸਿੰਘ ਜੈਸੇ ਉਦੇ ਸਿੰਘ ਭਯੋ ਰਿਦੇ ਕੋ ਮ੍ਰਿਦੁਲ ਧੀਰ ਧਾਰਿਬੇ ਕੋ ਧਰ ਸੇ। ਗੁਨ ਗ੍ਰਾਹ, ਗੁਨ ਗਾਹ, ਗੁਨ ਗ੍ਰਿਹ, ਗੁਨ ਗੌਰ, ਗੁਰੂ ਗਿਰਾ ਗੇਯ ਗਤਿ ਗਮਯ ਗਾਰ ਗਿਰ ਮੇ। ਦਸੋ ਦਿਸ਼ ਦੌਰੇ ਜਸੁ ਦਾਨ ਦੈਬੋ ਦਿਨ ਦਿਨ ਦਾਰਿਦ ਦੁਰਦ ਦਰਿਬੇ ਕੋ ਸ਼ੇਰ ਦਰਸੇ। ਸਾਲ ਬੈਸ ਬਪੁ ਮੇ ਬਿਲੋਕਿ ਲੋਕ ਬਿਸਮਤਿ ਬ੍ਰਿੰਧਨਿ ਸੀ ਬੁਧਿ ਮੁਖ ਬਾਰਿਜ ਸਦਰਸੇ ॥ 13 ॥ (ਟੀਕਾ ਰਚਨ ਦੀ ਵਿਥਯਾ)

ਚੌਪਈ ॥ ਉਦੈ ਸਿੰਘ ਬਡ ਭੂਪ ਬਹਾਦੁਰ। ਕਵਿ ਬੁਲਾਇ ਰਾਖਯੋ ਢਿਗ ਸਾਦਰ। ਸ੍ਰੀ ਗ੍ਰੰਥ ਸਾਹਿਬ ਗੁਰਬਾਨੀ। ਸਰਬ ਸ਼ਿਰੋਮਨਿ ਜਪੁਜੀ ਜਾਨੀ ॥ 14 ॥ਅਰਥ ਗੰਭੀਰ ਮਹਾਨ ਮਹਾਨੇ। ਅਸ ਲਖਿ ਕਵਿ ਸੋਂ ਬਚਨ ਬਖਾਨੇ। ਅਲੰਕਾਰ ਯੁਤ ਟੀਕਾ ਰਚੀਏ। ਨਿਰਨੈ ਅਰਥ ਧਰਹੁ ਮਤਿ ਖਚੀਏ ॥ 15 ॥ ਹੋਤ ਅਸੰਕਾ ਯਾ ਮਹਿ ਜੇਤੀ। ਬੁਧਿ ਬਲ ਕਰਹੁ ਹਰਹੁ ਅਬ ਤੇਤੀ। ਸੁਨਿ ਕਰਿ ਬਚਨ ਨ੍ਰਿਤਿਕੋ ਨੀਕਾ। ਕਵੀ ਨੇ ਰੁਚਿਕ ਰਚਯੋ ਜਪੁ ਟੀਕਾ ॥16 ॥ਦੋਹਰਾ॥ਸ੍ਰੀ ਜਪੁਜੀ ਕੇ ਅਰਥ ਪਰਿ ਪਰਬਰਤੋਂ ਹਿਤ ਸਾਥ। ਕਥੋ ਤਥਾ ਹੈ ਜਥਾ ਮਤਿ, ਬਿਘਨ ਮਥਹਿਂ ਗੁਰੂ ਨਾਥ॥ 17 ॥ਸ੍ਰੀ ਨਾਨਕ ਮਾਨਿਕ ਸਰਸ ਉਰ ਧਾਰ ਦੁਤਿ ਪਾਇ। ਜਿਨ ਕੇ ਸਬਦ ਸੁ ਸਿੰਧ ਮੈ ਅਰਥ ਸੁਧਾ ਦਰਸਾਇ ॥ 18 ॥ਜਹਾ ਪ੍ਰਸ਼ਨ ਸੰਸੈ ਸਨੈ ਹਨਿਹੋਂ ਉੱਤਰ ਲੇਖ ॥ਦੂਖਨ ਦੇਉਂ ਦਿਖਾਇਕੈ ਭੂਰਨ ਹੈਂਵ ਸੁ ਬਿਸ਼ੇਖ ॥ 19 ॥ਗੁਰ ਸ਼ਰਧਾ ਉਰ ਊਰਜੈ ਸੁਨਤ ਸਪੂਰਨ ਹੋਇ। ਬਹੁਰ ਨ ਸੰਸੈ ਸੋਚਹੀਂ ਪਠਹਿਂ ਗੁਨਹਿਂ ਇਹ ਜੋਇ ॥ 20 ॥ਬਯੰਗ ਲੱਛਨਾ ਬਹੁਰ ਧੁਨਿ ਨੀਕੇ ਦੇਉਂ

Sri Satguru Jagjit Singh Ji eLibrary NamdhariElibrary@gmail.com

ਦਿਖਾਇ। ਅਲੰਕਾਰ ਸਭ ਤੁਕਨਿ ਕੇ ਲਿਖਹੋਂ ਪਰਖਿ ਬਨਾਇ ॥ 21 ॥ਏਕ ਦੋਇ ਤ੍ਰੈ ਚਾਰ ਤੇ ਫੁਰੈਂ ਅਰਥ ਮਤਿ ਜੋਇ। ਜੇ ਸਿਖਯਨ ਤੇ ਸ਼ਤ ਸੁਨੇ ਸਰਬ ਲਿਖੋਂ ਮੈਂ ਸੋਇ ॥ 22 ॥ਸ੍ਰੀ ਗੁਰਬਾਨੀ ਕੇ ਬਿਖੈ ਕਾਵਯ ਰੀਤਿ ਸਭਿ ਆਹਿ। ਕਿਨਹੁ ਪਰਗਟ ਨਾ ਕਰੀ ਜਗਿਅਸ ਮਮ ਭਈ ਚਾਹਿ ॥ 23 ॥ਧਰਨੀ ਹੀਰਨਿ ਕੀ ਸਰਸ ਗੁਰਬਾਨੀ ਮਤਿ ਮੋਲ ਖਨਵਾਰੀ ਜਯੋਂ ਖੋਜਿ ਕੈ ਅਰਥ ਦਿਖਾਊਂ ਅਮੋਲ ॥ 24 ॥

(ਜਪੁਜੀ ਮਹਿਮਾ ਤੇ ਮਹਾਤਮ)

ਦੋਹਰਾ ॥ ਸ੍ਰੀ ਜਪੁਜੀ ਮਹਿਮਾ ਮਹਾਂ ਬਰਨਿ ਸਕੈ ਕਹੁ ਕੌਨ। ਮਨ ਬਾਂਛਤ ਫਲ ਦਾਇਨੀ ਚਤੁਰ ਪਦਾਰਥ ਭੰਨ ॥ 25 ॥ਬਿਧਿ ਸਿਧਿ ਨਵ ਨਿਧਿ ਜੇ ਸਭ ਬਿਧਿ ਕੀ ਦਾਤਾਰੁ ॥ ਨਮਸਕਾਰ ਕਰ ਜੋਰਿ ਕਰਿ ਧਰ ਪਰ ਸਿਰ ਕਹੁ ਧਾਰਿ ॥ 26 ॥ਜਿਸ ਤੇ ਚਾਹਤ ਮੁਕਤਿ ਕੋ ਸੁਰ ਗਨ ਹੈਵ ਗੁਰ ਸਿਖਯ। ਸ੍ਰੀ ਜਪੁ ਸਦਾ ਜਿ ਸੇਵਹੀਂ ਧੰਨ ਸਿ ਨਰ ਜਗ ਦਿਖਯ ॥ 27 ॥ਬਿਧਿ ਪ੍ਰਪੰਚ ਮੇ ਜੇਅ ਹੈਂ ਊਚ ਨੀਚ ਸੁਰ ਪ੍ਰੇਤ। ਜਪ ਸੇਵਕੁ ਕੇ ਬਿਘਨ ਕੋ ਕਰਿ ਨ ਸਕੈਂ ਕਛੁ ਹੇਤ ॥ 28 ॥ਇਸ ਤੇ ਊਪਰ ਔਰੁ ਨਹਿਂ ਸਭ ਮੰਤ੍ਰਨਿ ਸਿਰਮੌਰ। ਜਪੋ ਸੇਵਕੁ ਦੈਵ ਲੋਕ ਮੈਂ ਸਨਮਾਨਤ ਸਭ ਠੌਰ ॥ 29 ॥ਪਠਨਿ ਸੁਨਨਿ ਫਲੁ ਜਾਹਿਂ ਕੋ ਸਭ ਤੇ ਊਚ ਮਹਾਨ। ਇਸ ਕੇ ਸਮ ਨਹਿਂ ਔਰ ਮੈਂ ਖੋਜਿਯ ਸਰਬ ਜਹਾਨ ॥ 30 ॥ਨਰਨਿ ਉਧਾਰਨਿ ਕਾਰਨੇ ਕਲਿ ਮੈਂ ਗੁਰੂ ਪ੍ਰਬੀਨ। ਹਾਨ ਅਗਯਾਨਹਿ ਗਯਾਨ ਦਾ ਮਹਾਂ ਮੰਤ੍ਰ ਯਹ ਕੀਨ ॥ 31 ॥ਥਿਰੁ ਮਨ, ਰੋਕਿ ਰਿਖੀਕ ਕੋ ਨਿਤਪ੍ਰਤਿ ਜਪੁਜੀ ਜਾਪ। ਫਲ ਪ੍ਰਾਪਤਿ ਹੁਇ ਮਹਾਂ ਪਦ ਹਰਿ ਕਰਿ ਤੀਨਹੁ ਤਾਪ ॥ 32 ॥ਨਾਮ ਧਰਯੋ ਗੁਰਸਿਖਯ ਨਿਜ, ਜਪੁਜੀ ਕੰਠ ਨ ਕੀਨ। ਤੰਦੁਲ ਬਿਨ ਤੁਖ ਕਾਜ ਕਿਹ, ਨਿਸਫਲ ਇਸ ਬਿਧਿ ਚੀਨ ॥ 33 ॥ਅਬ ਆਗੇ ਪਰਗਟ ਕਰੋਂ ਅਰਥ ਗਯਾਨ ਕੇ ਧਾਮ ॥ਨਿਸਚੇ ਕਰਿ ਪਾਠਿ ਜੇ ਸੁਨਹਿਂ ਮਨ ਪਾਵਹਿਂ ਬਿਸ੍ਰਾਮ ॥ 34 ॥

ਨੰ. 6 ਪ੍ਰਥਾਏ

ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।

ਸਵਤੇ ਸਿੱਧ ਸੁੱਧ ਬੁੱਧ ਨਿੱਤਯ ਨਿਰਵਿਕਾਰ ਰੂਪ ਨਿੱਰਜੁਰ ਨਿਰੀਹ ਨਿਰਦੋਖ ਨਿਰਾਕਾਰ ਹੈ। ਅਜੈ ਅਬਿਨਾਸੀ ਆਦਿ ਅੰਤ ਸੋ ਬਿਹੀਨ ਰੂਪ ਅਲਖ ਅਪਾਰ ਪਾਰ ਨਿਖਲ ਪਸਾਰ ਹੈ। ਏਕ ਰੂਪ ਏਕ ਜੋਤਿ ਏਕ ਸੁਖ ਏਕ ਓਤ ਏਕ ਨਿਧੀ ਏਕ ਦੇਵ ਏਕਾ ਏਕੰਕਾਰ ਹੈ। ਵਹੀ ਨਿਜ ਮਾਯ ਮੇ ਪਸਾਰ ਜੋਤਿ ਤੀਨ ਰੂਪ ਧਾਰਕੇ ਕਹਾਯੋ ਗਿਰਾ ਸਾਰ ਓਂਕਾਰ ਹੈ। ਤਾਂ ਕੇ ਰਚੇ ਮਾਯਕ ਪ੍ਰਪੰਚ ਵਪੁ ਥੂਲ ਮਾਹ ਜਬੀ ਜਬੀ ਵੇਦਕ ਪ੍ਰਚਾਰ ਹੋਤ ਹਾਨੀਆ। ਤਬੀ ਤਬ ਕਾਂਹੂ ਕਾਂਹੂ ਰੂਪ ਕੋ ਬਨਾਯ ਸੁਭ ਆਵੇਂ ਜਗ ਰੱਛ ਕਾਜ ਬਿਸੁ ਸਿਵ ਗਯਾਨੀਆ।

ਯਾਤੇ ਕੁਲਬ ਕਾਲੁਖ ਦਬਾਈ ਧਰਾ ਸੋਰ ਸੁਨ ਧਾਰਯੋ ਹਰਿ ਨਾਨਕ ਗੁਰੂ ਕੋ ਵਪੁ ਜਾਨੀਆ। ਆਇ ਜਾਇ ਪੂਛੇ ਪਰ ਕੀਨੋ ਉਪਦੇਸ ਬੇਸ ਕਾਟਕ ਕਲੇਸ ਦੁਖ ਸੁਖੁ ਦਮਹਾਨੀਆ। ਤਾਹੀ ਉਪਦੇਸ ਕੇ ਅਸੇਖ ਮੈਂ ਪ੍ਰਕਾਸ ਹੇਤ ਰਚੈ ਅੰਕ ਦੂਜੇ ਗੁਰੁ ਗੁਰਮੁਖੀ ਸੁਨਾਮ ਹੈ। ਦੀਨੋ ਉਪਦੇਸ ਲੇਸ ਕਾਟਕ ਕਲੇਸ ਬੇਸ ਜਾਹ ਕੋਨ ਪ੍ਰੇਮ ਰੰਗ ਮਾਹ ਧਨਧਮ ਹੈ। ਕੀਨੀ ਅਤਿ ਸੇਵ ਦੇਵ ਭੇਵ ਕੀ ਪਛਾਨ ਹੇਤ ਨੇਤ ਗੁਰੂ ਈਸਵਰ ਨੇ ਛੋਡ ਆਨ ਕਾਮ ਹੈ। ਕੀਨੋ ਤਪ ਭਾਰੀ ਤਪ ਭਾਰੀ ਕੋ ਮਿਟਾਨ ਵਾਰ ਖਿਮਾ ਕੇ ਪਹਾਰ ਗਰ ਅੰਗਦ ਸੁਨਾਮ ਹੈ।

Sri Satguru Jagjit Singh Ji eLibrary NamdhariElibrary@gmail.com

ਵਹਿ ਉਪਦੇਸ ਦੇਸ ਦੇਸ ਮੈਂ ਪ੍ਰਕਾਸ ਹੇਤ ਦੀਨੋ ਗੁਰੂ ਤੀਜੇ ਸਾਥ ਬਖਸਾ ਸਿਧਾਨ ਕਾ॥ ਜਾ ਕੋ ਪਾਇ ਜਹਾਂ ਕਹਾਂ ਜਗ ਮੈ ਸੁਨਾਮੀ ਭਏ ਗੰਗੁ ਸਾਹੀ ਆਦਿ ਪੁਜੇ ਸਭੀ ਸਾਥ ਮਾਨ ਕੇ ॥ ਪੁੱਤ੍ਰੀ ਪਤਿ ਠਾਨ ਗੁਰੁ ਨਿਗਾਸੇ ਨਿਹਾਲ ਕੀਨੋ ਚੌਥੋ ਪਤਿਸਾਹ ਜਾਯ ਆਪਨੀ ਸੁਰਾਨਕੇ। ਰਚੋ ਬਰ ਤੀਰਥ ਤਰਾਨ ਕੋਨਿ ਖਲ ਜੀਵ ਆਗਾ ਦਯੀ ਅਮਰ ਅਗਾਮੀ ਸਭ ਜਾਨਕੇ॥ ਤਾਹੀ ਉਪਦੇਸ ਵਾਰੇ ਜਨੋ ਕੋ ਦਿਖਾਨ ਹੇਤ ਅਦਭੁਤ ਬਿਭੂਤ ਦਿੱਬਯ ਦਿਬ ਜਾਂਹ ਤਾਂਹ ਕੀ। ਅੰਮ੍ਰਿਤ ਸਰੋਵਰ ਸਵਾਰਯੋ ਗੁਰੁ ਰਾਮਦਾਸ ਆਸਰਾ ਸਪੂਰਕ ਗਰੀਬ ਨਰ ਨਾਰ ਕੀ। ਬਾਂਧਯੋ ਹੈ ਬਿਧਾਤੇ ਯਾਤੇ ਦੂਸਰੋ ਨ ਤਾਹ ਸਮ ਦੇਖਨੈ ਮੈ ਆਯੋ ਗੁਰੁ ਊਪ ਗ੍ਰੰਥ ਮਾਹ ਕੀ ॥ ਕੁਸਟੀ ਕਲੰਕ ਕੁਸਟ ਕਾਕ ਕਾਰੋ ਪਨ ਪੁਨਾ ਨਾਯ ਧੋਯ ਖੋਯ ਬੈਠੇ ਉਪਮਾ ਸੁਵਾਹ ਕੀ॥ ਕਹੀ ਉਪਦੇਸ ਕੁਲ ਕਾਟਕ ਕਲੇਸ ਜਾਨ ਜਗ ਮੇ ਠਰਾਨ ਹੇਤ ਅਨਯ ਮਤ ਰੀਤਿ ਸੋ। ਨਾਮ ਸੇ ਮਹਾਨ ਪੋਤ ਬਾਧਯੋ ਗੁਰੂ ਗ੍ਰੰਥ ਜਾਹ ਦੇਖਤ ਹੀ ਪਾਪ ਪੁੰਜ ਭਾਗੇ ਜਨ ਚੀਤ ਸੋ। ਬਾਂਧੀ ਮਰਯਾਦ ਰਾਗ ਬਾਨੀ ਮੇ ਗਵੱਈਯੋ ਹਿਤ ਜਾ ਕੋ ਸੁਨ ਸਭੀ ਜਨ ਆਵੈਂ ਪਾਲ ਮੀਤ ਸੋ। ਪ੍ਰਾਤ ਜਾਪ ਲਾਯੰ ਜਪ ਸੈਨ ਜਪ ਤੀਨੋ ਕਹੇ ਔਰ ਸਭ ਰੀਤਿ ਬਿਰ ਕਰੀ ਲੋਹ ਭੀਤਿ ਸੋ ॥ ਤਾਹੀ ਉਪਦੇਸ ਮਾਹ ਚਿੱਤਾਥਿਤ ਵਾਰਨ ਕੋ ਕਾਰਕ ਵਿਧਨ ਜਨ ਸਿਖਾ ਅਤਿ ਦੈਬੇ ਕੋ ॥ ਬਾਂਧੀ ਤਰ ਵਾਰ ਮੀਰੀ ਪੀਰੀ ਕਸ ਕਟ ਮਹ ਕਾਟਕ ਕੁਲਾਨ ਦੁਸਟ ਬਦਲਾ ਸੁਨੇਬੇ ਕੋ ॥ ਕੀਨੋ ਘਮਸਾਨ ਰਾਮ ਰਵਨ ਕ ਦਲ ਸਾਮ ਕਾਕ ਗ੍ਰਿਧ ਜੋਗਨ ਕੈ ਜੂਥਨ ਅਘੇਬੇ ਕੋ ॥ ਦੂਸਟਨ ਖਪਾਨੋ ਔਂ ਤਰਾਨੋ ਸੁਭ ਸੰਤਨ ਕੋ ਯੇਹੀ ਬਰ ਕਾਮ ਗੁਰੂ ਹਰਿ ਗੋਬਿੰਦ ਹੈਬੇਕੋ ॥ ਤਾਹੀ ਉਪਦੇਸ ਵਾਰ ਸਾਰ ਸਾਰ ਸੇਵਦਾਰ ਜਾਂ ਜਨਨ ਕੋਦੇ ਬੇ ਹਿਤ ਰਾਜ ਕਾਜ ਰੀਤਿ ਪੁਰ ਜੰਗਲ ਮੇ ਮੰਗਲ ਕਹਾਵਤ ਸਫਲ ਹੇਤ ਕੀਨੀ ਜਬ ਯਾਤ੍ਰਾ ਸੁ ਦਾਤਾ ਹਰਿਰਾਇ ਗੁਰਾ ਫੂਲ ਬੰਸਫਲ ਮੇ ਲੌਨੇ ਫਲ ਲਾਵਨ ਕੋ ਹਾਥ ਮੈਂ ਸੰਭਾਰੀ ਗੁਰੁ ਬਰਛੀ ਸੁਮਹਾਂ ਖੁਰਾ ॥ ਰਾਜਤ ਬਤਾਵਤ ਸੁ ਸਿਖਾ ਸਭ ਸਿਖਨ ਕੋ ਜੈਸ ਕਬਿ ਰਾਜੇ ਸੁਰ ਸਭਾ ਮੈ ਸੁਰਾਨ ਗੁਰਾ॥ ਸੋਈ ਉਪਦੇਸ ਲੇਸ ਚਿੱਤ ਮੇ ਪ੍ਰਵੇਸ ਜਿਨੇ ਤਿਨਹੀ ਕੇ ਬੋਧਨ ਕੇ ਹੇਤ ਅਸ ਗਯਾਨ ਕੋ। ਦੀਪ ਸਿਖਾਨ ਦੀਜਲ ਭੂਤ ਸਿਖੀ ਮੇਘ ਛਾਯ ਸਾਮ ਸਭੋ ਚਿਤ ਮਾਹ ਰਾਖੋ ਅਸ ਧਯਾਨ ਕੋ ॥ ਘਰ ਧਨ ਸੁਤ ਭ੍ਰਿਤ ਨਾਰੀ ਆਦਿ ਸਭੀ ਲਖੋ ਆਪਨੀ ਸਮੇਤੇ ਦੇਹ ਬਿੱਜ ਲਸਕਾਨ ਕੋ ॥ ਚਲ ਰੂਪ ਸਭੀ ਸੂਚ ਅਚਲ ਮਹਾਨ ਸੂਚ ਯੋਧੇ ਏਕ ਹੀ ਸਰੂਪ ਹਰਿ ਕ੍ਰਿਸ਼ਨ ਭਗਵਾਨ ਕੋ ॥ ਤਾਹੀ ਉਪਦੇਸ ਲੇਸ ਵਾਰਨ ਕੋ ਬਾਰ ਬਾਰ ਮਾਯਕ ਸਮਾਨ ਜਗ ਭਾਖਯੋ ਸੁਨ ਦੀਬੇਗਾ। ਦੋਖ ਕੇ ਦਿਖਾਯੋ ਭਲ ਸਾਥ ਮਤ ਗ੍ਰੰਥਨ ਕੇ ਨੀਕੀ ਭਾਂਤ ਜਗ ਕੋ ਬਤਾਯੋ ਸਾਮ ਭੀਤਰੇਗਾ। ਸਾਧਨ ਸੰਜੋਗੀ ਜਨ ਈਸ ਕੀ ਕ੍ਰਿਪਾ ਹਵਾਰ ਗੁਰ ਕੀ ਕ੍ਰਿਪਾ ਸੇ ਕਹਯੋ ਨੀਕੇ ਚਿੱਤ ਜਾਨ ਲੇਗਾ ॥ ਕ੍ਰਿਪਾ ਜਲ ਬਾਦਰ ਬਰਖ ਬਰ ਨੀਕ ਕਹਯੋ ਸਾਦਰ ਬਹਾਦਰ ਸੁ ਗੁਰੁਵਰ ਵਾਕਤੇਗ ॥ ਕਹੇ ਉਪਦੇਸ ਵਾਰੇ ਸਭੀ ਗੁਰੁ ਪਯਾਰੇ ਭਾਰੇ ਕੋਮਲ ਚਿਤ ਐਸੇ ਪੇਖੇ ਗੁਰੂ ਵਰ ਜਗ ਮੇ ॥ ਰਾਖੀਏ ਧਰਮ ਹਿੰਦ ਕਾਟੀਏ ਯਵਨ ਕੁਲ ਜਾਪੀਏ ਪੁਰਾਨੋ ਜਾਪ ਚਾਲ ਜਾਹ ਮਗਮੇ ॥ ਭਖਯੋ ਹਮ ਚਿਰੀ ਮ੍ਰਿਗਵੇਤੋ ਸਮ ਬਾਜ ਸਿੰਘ ਕੈਸੇ ਮਾਰ ਲੇਹ ਹਮ ਕੁਹਾਰੋ ਨਿਜ ਪਗ ਮੇ ॥ ਅੰਮ੍ਰਿਤ ਦੇ ਕੀਨੇ ਜਿਹ ਸਭੀ ਜਨ ਬਾਜ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਬੰਦੇ ਪਗ ਲਗ ਮੈ ॥ ਤਾਹੀ ਉਪਦੇਸ ਕੋ ਪ੍ਰਕਾਸ ਪੁੰਜ ਗ੍ਰੰਥ ਗੁਰੂ ਬੋਧਕ ਤਿ ਕਾਡਨ ਮੈ ਭਗਤਿ ਗਯਾਨ ਅਤਿਹੀ॥ ਸਾਧਨ ਸਮੂਹ ਔਰ ਮਹਿਮਾ ਸਤ ਸੰਗਤ ਕੀ ਈਸ ਭਕਤਿ ਗੁਰੂ ਭਕਤਿ ਸਾਸਤ੍ਰ ਮਤ ਸਤਹੀ॥ ਮਾਨੁਖ ਜਨਮ ਦੁਰਲੰਭ ਸਭ ਜੋਨਨ ਮੈ

Sri Satguru Jagjit Singh Ji eLibrary NamdhariElibrary@gmail.com

ਪਾਇ ਮਤ ਖੋਵੋਮਨ ਲਈ ਜਤ ਕਤ ਹੀ॥ ਏਕ ਈਸ ਦਸੋ ਗੁਰੂ ਬਾਰਵੋ ਗ੍ਰੰਥ ਪੰਥ ਤੇਰਵੋ ਬਿਮੇਖ ਬੰਦੇ ਸਭੀ ਦਾਯ ਗਤਿ ਹੀ॥ ਦੋਹਰਾ। ਜਿਨ ਸੁਗੰਧ ਉਪਦੇਸ ਦੇ ਸੇਵਕ ਕ੍ਰਮਰ ਆਨੰਦ॥ ਕੀਨੇ ਸ੍ਰੀ ਗੁਲਾਬ ਹਰਿ ਗੁਰ ਵਰਤਿਨ ਪਦ ਬਦਾ॥ ਗੁਰੁਮਤ ਆਰਯ ਲੋਕ ਜੋ ਮਨੀ ਸਿੰਘ ਲੋ ਆਹ॥ ਤਿਨ ਕੀ ਰਚੀ ਪੁਰਾਤਨੀ ਗਹ ਆਲੰਬ ਬਰ ਤਾਹ। ਅੰਪੁਨ ਵੇਦਕੂ ਅਰਥ ਕੀ ਨਿਰਣੈ ਰੀਤੀ ਜੋਨਾ॥ ਜੈਮੁਨਿ ਮੁਨਿ ਪੁਨ ਬਯਾਸ ਜੂ ਭਾਖੀ ਮਗ ਲੇ ਤੌਲਾ॥ ਜੋ ਜੋ ਸਾਕਰ ਆਦਿਕਨ ਭਾਸਯ ਬਨਾਏ ਗ੍ਰੰਥ। ਲੌ ਇਤਿਹਾਸ ਪੁਰਾਣ ਕੀ ਟੀਕਾ ਕੋ ਜੋ ਪੰਥ॥ ਗੁਰੁਮਤ ਨਿਰਣੇ ਗ੍ਰੰਥ ਮੋ ਲਿਖ ਕਰ ਸਭ ਤਿਨ ਰੀਤਿ॥ ਅਬ ਈਹਾਂ ਤਿਹ ਸੂਚਨਾ ਭਾਖੋ ਰਾਖੋ ਚੀਤ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਟੀਕਾ ਸੇ ਪਹਲੇ ਟੀਕਾ ਕਾ ਪਰਮ ਸਹਾਈ ਗੁਰੁਮਤ ਨਿਰਣੇ ਸਾਗਰ ਗ੍ਰੰਥ ਬਨਾਯਾ ॥ ਉਸ ਕੇ ਪਹਲੇ ਅਧਯਾਯ ਮੇਂ ਗੁਰੁ ਗ੍ਰੰਥ ਜੀ ਮੇਂ ਕਹਯਾ ਗੁਰੁਮਤ ਕਾ ਸਿਧਾਂਤ ਭਕਤੀ ਪੂਰਬਕ ਗਯਾਨ ਲਿਖਯਾ ॥ ਦੂਸਰੇ ਮੇਂ ਗ੍ਰੰਥ ਜੀ ਕੀ ਬਾਣੀ ਕੋ ਪ੍ਰਮਾਣਤ ਔ ਪੁੰਨਯ ਜਨਕਤ ਸਿਧਕਰੀ। ਤੀਸਰੇ ਮੇ ਵੇਦਾਂਦਿਕੋ ਵਤ ਇਸ ਕੀ ਟੀਕਾ ਅਵਸਯ ਚਾਹੀਯੇ ਯਹ ਸਿਧ ਕੀਆ। ਚੌਥੇ ਮੇ ਟੀਕਾ ਕੇ ਰਚਨ ਕੀ ਰੀਤਿ ਲਿਖੀ। ਪਾਂਚਵੇ ਮੇਂ ਗੁਰੂ ਨਾਨਕ ਜੀ ਕੇ ਗੁਰੂ ਕਾ ਨਿਰਣੈ ਲਿਖਾ ਹੈ। ਛਠੇ ਮੇਂ ਗੁਰੁ ਪਰਮੇਸਵਰ ਕਾ ਅਵਤਾਰ ਸਿੰਘ ਕੀਯੇ। ਸਾਤਵੇਂ ਮੇਂ ਅਵਤਾਰ ਹੋਨੇ ਕਾ ਬੀਜ ਲਿਖਾ ਹੈ। ਆਠਵੇ ਮੇਂ ਵੇਦ ਕੇ ਮਾਰਗ ਕਾ ਚਲਾਵਨ ਲਿਖਾ ਹੈ। ਨੌਵੇਂ ਮੇ ਗੁਰਮੁਖ ਕੇ ਇਸਟ ਦੇਵ ਕਾ ਨਿਰਣੈ ਲਿਖਾ ਹੈ ਇਤਨਾ ਉਸ ਕਾ ਪ੍ਰਥਮ ਖੰਡ ਹੈ ॥

ਦੂਸਰੇ ਖੰਡ ਕੇ ਚਲਤੇ ਦਸਵੇ ਅਧਯਾਯ ਮੇ ਪਾਖਾਣ ਪੂਜਾ ਕਰਨੇ ਯੋਗਯ ਨਹੀਂ, ਯੁਗਲ ਉਪਾਸਨਾ ਕੀ ਆਵਸਯਕਤਾ ਨਹੀਂ, ਭਕਤੀ ਗੁਰੂਮਤ ਮੇ ਅਨਨਯ ਹੈ ਯਹ ਲਿਖਾ ਹੈ। ਗਯਾਰਵੇਂ ਮੇ ਸਭ ਮਤ ਸੰਮਤ ਭਕਤੀ ਕੀ ਰੀਤਿ ਸਿਧ ਕਰੀ ਹੈ। ਬਾਰਵੇਂ ਮੇ ਭਕਤੀ ਕਾ ਭਕਤੀ ਗ੍ਰੰਥੋ ਕੇ ਅਨੁਸਾਰ ਪੂਰਾ ਪ੍ਰਕਾਰ ਲਿਖਾ ਹੈ। ਤੇਰਵੇਂ ਮੇ ਸਾਮਗ੍ਰੀ ਸਾਹਿਤ ਰਸੋ ਕਾ ਸਵਰੂਪ ਨਿਰਣੇ ਕਰ ਸਾਂਤ ਰਸ ਮੇ ਸਭ ਸਾਸਤ੍ਰ ਕਾ ਤਾਤਪਰਯ ਲਿਖਾ ਹੈ। ਚੌਦ੍ਹਵੇਂ ਮੇਂ ਬਾਤਸਲਯਾਦਿ ਪਾਂਚ ਰਸੋ ਕੇ ਸਵਰੂਪ ਨਿਰਣੇ ਕਰ ਭਕਤੀ ਕੋ ਬਿਚਾਰ ਕੀ ਸਮਾਪਤੀ ਕਰੀ ਹੈ ॥ ਪੰਦ੍ਰਵੇਂ ਮੇ ਦੂਸਰੇ ਭਾਵ ਕੇ ਨਿਰਣੇ ਮੇ ਵਿਵੇਕਾਦਿਕ ਚਾਰ ਸਾਧਨੋ ਕੇ ਸਵਰੂਪ ਲਿਖੇ ਹੈ। ਸੋਲਵੇਂ ਮੇ ਗੁਰੂ ਸਮੀਪ ਜਾਕਰ ਸ੍ਰਵਣਾਦਿਔਂ ਪਦੋ ਮੇਂ ਸ਼ਕਤੀ ਲਖਣਾ ਕੇ ਬਿਚਾਰ ਲਿਖੇ ਹੈ। ਸਤਾਰਵਾਂ ਮੈ ਪਦੋ ਸੇ ਔਰ ਵਾਕਯਨ ਸੇ ਜੈਸਾ ਅਰਥ ਗਯਾਨ ਹੋਤਾ ਹੈ ਔ ਤਿਸ ਗਯਾਨ ਸੇ ਜੋ ਮੁਕਤੀਆਂ ਹੋਤੀ ਹੈ ਉਸ ਕੇ ਸਰੂਪੋ ਕਾ ਵਿਚਾਰ ਲਿਖਾ ਹੈ ਇਤਨਾ ਉਸਕਾ ਦੂਸਰਾ ਖੰਡ ਹੈ ॥ ਤੀਸਰੇ ਖੰਡ ਕੇ ਚਲਤੇ ਅਠਾਰਵੇਂ ਧਸਾਯ ਮੇ ਗੁਰੂ ਕੇ ਬਚਨੋ ਵਿਖੇ ਉਤਪਤੀ ਮੇ ਬਿਰੋਧ ਕੇ ਪਰਿਹਾਰ ਕੀ ਰੀਤਿ ਚਲਾ ਕਰ ਤਾਮੇ ਮਾਯਾਦਿਕੋ ਕੇ ਸਵਰੂਪ ਲਿਖੇ ਹੈ ॥ ਉਨੀਸਵੇਂ ਮੈ ਸੰਨੀਆਸੀਯੋ ਕੇ ਮੂਲ ਪਾਠ ਪੰਚੀਕਰਣ ਭਾਸਯ ਔ ਪੰਚੀਕਰਣ ਵਾਰਤਕ ਲਿਖੇ ਹੈ ਬੀਸਵੇ ਮੇ ਬੈਸ਼ਨਵੋ ਕੇ ਮਤ ਕਾ ਮੂਲ ਗ੍ਰੰਥ ਤਤਵ ਤ੍ਰਯ ਲਿਖਾ ਹੈ। ਇਕੀਸਵੇ ਮੈਂ ਪਰਮੇਸ਼ਵਰ ਸੇ ਬਿਨਾਂ ਅਨਯ ਦੇਵਨ ਕੇ ਮਾਨਨੇ ਕਾ ਨਿਖੇਧ ਲਿਖਾ ਹੈ ॥ ਬਾਈਸਵੇ ਮੇ ਬਿਗੜੇ ਸ਼ਬਦੋ ਕੋ ਨਿਰਦੋਖਤਾ ਪੁਨਾ ਅਰਥੋ ਕੀ ਔ ਪਦੋ ਕੀ ਪੁਨਰੁਕ੍ਤੀ ਕਾ ਪਰਿਹਾਰ ਪ੍ਰਕਾਰ ਲਿਖਾ ਹੈ। ਤੇਈਸਵੇ ਮੇ ਰਾਗੋ ਕੋ ਭਲਾ ਬੁਰਾ ਚਿਤਨ ਮੇ ਰਾਗਮਾਲਾ ਗੁਰੂ ਕੀ ਬਣਾਈ ਨਹੀਂ ਯਹ ਲਿਖਾ ਹੈ। ਚੌਵੀਸਵੇ ਮੇਂ ਜਗਾ ਜਗਾ ਮੇਂ ਏਕ ਵਸਤ

Sri Satguru Jagjit Singh Ji eLibrary NamdhariElibrary@gmail.com

ਕੇ ਨਾਮ ਚੁਨ ਚੁਨ ਕੇ ਕੋਸ਼ ਲਿਖਾ ਹੈ। ਪਚੀਸਵੇ ਮੇਂ ਹਜਾਰੇ ਸਬਦੋਂ ਵਤ ਲਖ ਕਰੋੜੇ ਕਿਯੁ ਨਾ ਲਿਖੇ ਇਤਯਾਦਿਕ ਗਯਾਰਾਂ ਪ੍ਰਸ਼ਨੋਂ ਕੇ ਉਤਰ ਲਿਖੇ ਹੈ ਯਹ ਉਸਕਾ ਤੀਸਰਾ ਖੰਡ ਹੈ-

ਚੌਥੇ ਖੰਡ ਕੇ ਚਲਤੇ ਹੀ ਛਬੀਸਵੇਂ ਅਧਯਾਯ ਮੇ ਦਸ ਪ੍ਰਸ਼ਨੋਂ ਕਾ ਉਤਰ ਲਿਖਾ ਹੈ ॥ ਸਤਾਈਸਵੇਂ ਮੇ ਸਤ ਸੂਦ੍ਰੋਂ ਕੋ ਬ੍ਰਾਹਮਣਾਦਿ ਕੋ ਵਤ ਵੇਦ ਵਿਦਯਾ ਕਾ ਅਧਿਕਾਰ ਲਿਖਾ ਹੈ। ਅਠਾਈਸਵੇਂ ਮੇ ਸੇਖ ਰਹੇ ਪ੍ਰਸ਼ਨੋਂ ਕਾ ਉਤਰ ਲਿਖਾ ਹੈ। ਉਨਤੀਸਵੇਂ ਮੇ ਗਿਨਤੀ ਵਾਲੀ ਤੁੱਕਾਂ ਮੇ ਵਸਤੁਓ ਕੀ ਗਿਨਤੀ ਪੂਰੀ ਕਰਨੀ ਲਿਖੀ ਹੈ। ਤੀਸਵੇ ਮੇ ਵੇਦਾਦਿ ਨਿਖਲ ਸਤ ਸਾਸਤ੍ਰੋ ਕਾ ਏਕ ਮੇ ਤਾਤਪਰਯਾ ਲਿਖਾ ਹੈ। ਇਕਤੀਸਵੇਂ ਮੇ ਵੇਦਾਦਿ ਕੋ ਵਤ ਗ੍ਰੰਥ ਸਾਹਿਬ ਪਰਮੇਸਵਰ ਕੀ ਬਾਣੀ ਸਿਧ ਕੀਆ ਹੈ ॥ ਯਹ ਉਸ ਗੁਰੁਮਤ ਨਿਰਣਯ ਸਾਗਰ ਕਾ ਚੌਥਾ ਖੰਡ ਹੈ- ਇਸ ਕੇ ਸਮਾਨ ਏਕ ਔਰ ਭੀ ਗੁਰੂਓਂ ਗੁਰਸਿਖੋ ਕੀ ਬਾਣੀ ਕੀ ਪ੍ਰਮਾਣ ਅਪ੍ਰਮਾਣਪਨ ਕੀ ਪਰੀਖਯਾ ਕਾ ਪ੍ਰਕਾਰ ਲਿਖਾ ਹੈ, ਸੋ ਭੀ ਟੀਕਾ ਕਾ ਪ੍ਰਮਾਣ ਦੇਨੇ ਯੋਗਯ ਬਾਣੀਯੋ ਕੇ ਨਿਰਣੈ ਕਰਣੇ ਸੇ ਪ੍ਰਮ ਸਹਾਈ ਹੈ ਯਾਤੇ ਟੀਕਾ ਪੜਨੇ ਸੁਣਨੇ ਕੀ ਇੱਛਾ ਵਾਲੇ ਗੁਰੁਮਤ ਕੇ ਸੱਜਨ ਲੋਕ ਇਨ ਕੋ ਪਹਲੇ ਅਵਸਯ ਪੜ ਸੁਨ ਲਿਆ ਕਰੇ ਤਬ ਉਨ ਕੋ ਮੂਲ ਟੀਕਾ ਦੇਖਨੇ ਪਰਮ ਸੁਗਮ ਹੋਗੇ ਅਰ ਮਤ ਮਤਾਤਰੋ ਕਾ ਭੀ ਯਥਾਰਥ ਗਯਾਨ ਹੋਗਾ ਅਰ ਬਾਣੀ ਕੇ ਯਥਾਰਥ ਅਯਥਾਰਥ ਅਰਥ ਕੀ ਭੀ ਪੂਰੀ ਪਰੀਖਯਾ ਹੋਗੀ। ਯਾਤੇ ਅਵੱਸਯ ਪਹਲੇ ਦੇਖ ਲੇਵੇਂ ਅਰ ਏਤੀ ਵਾਰਤਾ ਈਹਾਂ ਔਰ ਭੀ ਜਾਨ ਲੇਵੇਂ ਇਤਿਹਾਸ ਪੁਰਾਣੋ ਮੇ ਜੋ ਅਰਥ ਪਰਬ ਵਾ ਸਕੰਧ ਸੰਕਧ ਮੇ ਕਹਯਾ ਹੋਤਾ ਹੈ ਆਦਿ ਵਿਖੇ ਵਾ ਅੰਤ ਵਿਖੇ ਤਿਸ ਕੀ ਸੂਚੀ ਹੋਤੀ ਹੈ ਅਰ ਜੋ ਅਰਥ ਅਧਿਯਾਯ ਅਧਿਯਾਧ ਵਿਖੇ ਹੋਵੇ ਤਿਸ ਕੀ ਭੀ ਸੂਚੀ ਹੋਤੀ ਹੈ ਯਾਤੇ ਗ੍ਰੰਥ ਸਾਹਿਬ ਮੇ ਭੀ ਜੋ ਅਰਥ ਗੁਰੋ ਨੇ ਰਾਗ ਰਾਗ ਮੇਂ ਲਿਖਯਾ ਹੈ ਤਿਸਕੀ ਔਰ ਜੋ ਅਰਥ ਰਾਗੋ ਮੇ ਸਬਦ ਵਿਖੇ ਲਿਖਯਾ ਹੈ ਤਿਸ ਕੀ ਸੂਚੀ ਲਿਖਨੀ ਉਚਿਤ ਹੈ ਪਰੰਤੁ ਈਹਾਂ ਗੁਰੋ ਨੇ ਜੋ ਅਰਥ ਏਕ ਰਾਗ ਮੇ ਲਿਖਯਾ ਹੈ ਵਹੀ ਸਭ ਮੇ ਲਿਖਯਾ ਹੈ ਅਰ ਜੋ ਏਕ ਸ਼ਬਦ ਮੇ ਲਿਖਯਾ ਹੈ ਵਹੀ ਸਭ ਸੰਗ ਮਹਿਮਾ ਨਾਮ ਮਹਿਮਾ ਦੀ ਬਹੁਤ ਕਰ ਅਨਯ ਸ਼ਬਦੋਂ ਮੇ ਲਿਖਯਾ ਹੈ ਜੈਸੇ ਵੇਦ ਮੇ ਜੋ ਅਰਥ ਏਕ ਏਕ ਸਾਖ ਮੇ ਔ ਸਾਖਾ ਕੇ ਪ੍ਰਪਾਠਕੋ ਮੇ ਲਿਖਯਾ ਵਹੀ ਬਹੁਤ ਕਰ ਅਨਯ ਸਾਖਾ ਪ੍ਰਪਾਠਕੋ ਮੇ ਲਿਖਯਾ ਹੈ। ਯਾਤੇ ਤਾਕੀ ਇਤਿਹਾਸ ਪੁਰਾਣੋ ਕੇ ਪਰਬ ਸਕੰਧ ਅਧਯਾਯ ਵਤ ਵੈਦੋ ਕੇ ਆਦਿ ਵਿਖੇ ਵਾ ਅੰਤ ਵਿਖੇ ਸੂਚੀ ਨਹੀਂ ਲਿਖੀ ਤੈਸੇ ਗ੍ਰੰਥ ਸਾਹਿਬ ਕੇ ਆਦਿ ਅੰਤ ਵਿਖੇ ਨਹੀਂ ਲਿਖੀ ਯਾਤੇ ਟੀਕਾ ਮੇਂ ਭੀ ਨਹੀਂ ਲਿਖ ਤੇ ਕਿੰਤੁ ਯਹ ਤੋ ਲਿਖਤੇ ਹੈ ਜੈਸੇ ਵੇਦ ਮੇ ਈਸ਼ਵਰ ਵੇਦ ਬ੍ਰਿਛ ਦਾ ਮੂਲ ਲਿਖਯਾ ਹੈ ਅਰ ਕਰਮ ਉਪਾਸਨਾ ਗਯਾਨ ਕੇ ਪ੍ਰਤਿਪਾਦਕ ਬਚਨ ਤਾਕੋ ਤੀਨ ਸਕੰਧ ਲਿਖੇ ਹੈ ਅਰ ਸਕੰਧੋ ਮੈ ਕਰਮਾਦਿਕੋ ਕੇ ਅਵਾਂਤਰ ਭੇਦੋ ਕੇ ਪ੍ਰਤਿਪਾਦਕ ਬਚਨ ਤਿਨ ਸਕੰਧੋ ਕੀਆਂ ਸਾਖਾ ਲਿਖੀਆ ਹੈ ਅਰ ਸਾਖਾ ਸਾਖਾ ਮੇ ਕਰਮਾਦਿਕੋ ਕੇ ਕਰਤਾ ਕਰਣਾਦਿ ਰੂਪ ਅੰਗੋ ਕੇ ਪ੍ਰਤਿਪਾਦਕ ਬਚਨ ਪੜ੍ ਸੂਚਨ ਕੀਜੇ ਹੈਂ ਅਰਥਵਾਦ ਬਚਨ ਪੁਸਪ ਸੂਚਨ ਕੀਜੇ ਹੈ, ਅਰਥਵਾਦ ਰੋਚਕ ਬਚਨੋ ਕਾ ਨਾਮ ਹੈ ਕਰਮਾਦਿਕੋ ਕੇ ਸਵਰੂਪ ਕੋ ਪੂਰਾ ਪ੍ਰਗਟ ਕਰਨੇ ਵਾਲੇ ਬਚਨ ਫਲਾ ਰੂਪ ਸੂਚਨ ਕੀਜੇ ਹੈ। ਯਾਹੀ ਤੇ ਭਾਗਵਤ ਕੇ ਆਦਿ ਮੇ ਭਾਗਵਤ ਕੋ ਨਿਗਮ ਤਰੁ ਕਾ ਪੱਕਾ ਫਲ ਲਿਖਯਾ ਹੈ ਤੈਸੇ ਈਹਾਂ ਭੀ ਪਰਮੇਸ਼ਵਰ ਔ ਗੁਰੂ ਤੋ ਇਸ ਕਾ ਮੂਲ ਹੈ ਅਰ ਕਰਮਾਦਿਕੋ ਕੇ ਪ੍ਰਤਿਪਾਦਕ ਬਚਨ ਇਸ ਕੇ ਸਕੰਧ ਹੈ, ਦਾਨ ਸ ਨਾਨਾਦਿਕ ਕਰਮੋ ਕੇ ਕਰਤਾ ਕਰਣਾਦਿ ਰੂਪ ਅੰਗੋ ਕੇ ਬੋਧਕ ਬਚਨ

Sri Satguru Jagjit Singh Ji eLibrary NamdhariElibrary@gmail.com

ਇਸ ਕੇ ਪਤ੍ਰ ਹੈ, ਰੋਚਕ ਬਚਨ ਇਸ ਕੇ ਫੂਲ ਹੈ, ਭਕਤੀ ਗਯਾਨ ਕੇ ਸਵਰੂਪ ਕੋ ਪੂਰਾ ਪ੍ਰਗਟ ਕਰਨੇ ਵਾਲੇ ਬਚਨ ਇਸ ਕੇ ਫਲ ਹੈ, ਐਸਾ ਯਹ ਗੁਰੂ ਗ੍ਰੰਥ ਸਾਹਿਬ ਰੂਪ ਵੱਡਾ ਉੱਤਮ ਬ੍ਰਿਛ ਹੈ। ਨਿਖਲ ਜਨੋ ਕੋ ਧਰਮ ਅਰਥ ਕਾਮ ਰੂਪ ਛਾਯਾ ਹੇਤ ਔਰ ਮੁਕਤੀ ਰੂਪ ਫਲ ਹੇਤ ਸਦਾ ਸੇਵਨਾ ਉਚਿਤ ਹੈ ਯਾਤੇ ਮੇ ਭੀ ਇਸ ਕੋ ਸਰਬਦਾ ਸੇਵਨਾਰਥ ਇਸ ਕੇ ਪਰਮ ਸੂਲ ਪਰਮੇਸ਼ਵਰ ਗੁਰੂ ਕਾ ਚਿਤ ਮੇ ਧਯਾਨ ਕਰ ਆਦਿ ਮੇਂ ਲਿਖੇ ਏਕਿ ਅੰਕ ਸਹਿਤ ਓ ਸੇ ਬਿਵਰਣ ਕਰਤਾ ਹੋ।

ਈਹਾਂ ਪ੍ਰਥਮ ਯਹ ਗਾਥਾ ਹੈ : ਜਬ ਜਬ ਸੰਸਾਰ ਮੇ ਅਧਰਮ ਕੀ ਬ੍ਰਿਧੀ ਔ ਧਰਮ ਕੀ ਨਯੂਨਤਾ ਹੋ ਜਾਵੇ ਹੈ ਤਬ ਤਬ ਉਤੱਮ ਲੋਕੀਂ ਕੀ ਰਖਯਾ ਹੇਤ ਔ ਦੁਸਟੋ ਕੇ ਬਿਨਾਸ ਹੇਤ ਪਰਮੇਸ਼ਵਰ ਕਾ ਅਵਤਾਰ ਹੋਨੇ ਕਾ ਨਿਮਿਤ ਹੈ ਸੋ ਪੁਰਾਣੋ ਮੇ ਸਰਬਤ੍ਰ ਲਿਖੇ ਹੈ ਅਰ ਇਸ ਮਤ ਮੇ ਭੀ ਵਡੇ ਮਹਾਨ ਭਾਈ ਗੁਰਦਾਸ ਜੀ ਨੇ ਲਿਖਾ ਹੈ : "ਸੁਣੀ ਪੁਕਾਰ ਦਾ ਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ" ਗ੍ਰੰਥ ਸਾਹਿਬ ਜੀ ਮੇ ਪਹਲੀ ਪਾਤਸ਼ਾਹੀ ਕੇ ਬਰਣਨ ਮੇ ਛਠੇ ਸਵੈਯੇ ਮੇਂ ਕੱਲ ਭੱਟ ਨੇ ਲਿਖਾ ਹੈ "ਸਤਜੁਗ ਤੇ ਮਾਣਿਓ ਛਲਯੋ ਬਲਿ ਬਾਵਨ ਪਾਇਓ" ਸ੍ਰੀ ਮੁਖਵਾਕ ਸਵੈਯੇ ਮੇਂ ਗੁਰੂ ਅਰਜਨ ਦੇਵ ਜੀ ਲਿਖੇ ਹੈ "ਹਰਿ ਗੁਰੂ ਨਾਨਕ ਜਿਨ ਪਰਸਿਓ ਸਿ ਜਨਮ ਮਰਣ ਦੁਹੁ ਥੇ ਰਹਿਓ"। ਭਵਿਖਯਤ ਪੁਰਾਣ ਕੇ ਪੈਤੀਸਵੇ ਅਧਯਾਯ ਮੇ ਲਿਖਯਾ ਹੈ "ਜਬ ਅਧਰਮੀ ਰਾਜ ਲੋਕੋ ਕੇ ਪ੍ਰਭਾਵ ਸੇ ਧਰਮ ਕਾ ਨਾਸ ਹੋ ਜਾਵੇਗਾ ਤਿਸ ਕਾਲ ਮੇ ਧਰਮ ਕੀ ਰਖਾ ਔ ਮਲੇਛ ਲੋਕੋ ਕੇ ਨਾਸ ਹੇਤ ਬੇਦੀ ਬੰਸ ਵਿਖੇ ਪਛਮ ਦੇਸ ਮੋ ਖੱਤ੍ਰੀਯੋ ਕੀ ਕੁਲ ਵਿਖੇ ਨਾਨਕ ਨਾਮ ਵਾਲਾ ਬਿਸਨੁ ਕਾ ਅਵਤਾਰ ਹੋਵੇਗਾ, ਲੋਗਨ ਕੋ ਬ੍ਰਹਮ ਗਯਾਨ ਕਾ ਉਪਦੇਸ ਕਰੇਗਾ ਔ ਤਿਨਕੇ ਧਰਮ ਕੀ ਰਛਾ ਕਰੇਗਾ। ਸਲੋਕ ਭਵਿਖਯਤ ਪਰਾਣ ਕੇ ਜੁਦੇ ਛਪਵਾਏ ਜਾਵੇਂਗੇ ਔ ਗੁਰੁਮਤ ਨਿਰਣੇ ਮੇ ਲਿਖ ਦੀਏ ਹੈ ਇਸ ਵਾਸਤੇ ਈਹਾਂ ਨਹੀਂ ਲਿਖੇ। ਗੁਰਦਾਸ ਬਚਨ ਸੇ ਲੇ ਕਰ ਪੀਛੇ ਸਮਗ੍ਰ ਲਿਖੇ ਕਾ ਭਾਵ ਯਹ ਹੈ ਕਲਿਜੁਗ ਮੇ ਸੰਪੂਰਣ ਲੋਕੋ ਕੇ ਧਰਮ ਕੀ ਰੱਛਾ ਹੇਤ ਬਿਸਨੁ ਭਗਵਾਨ ਨੇ ਪੂਰਬ ਅਵਤਾਰੋ ਵਤ ਗੁਰੂ ਨਾਨਕ ਅਵਤਾਰ ਧਾਰਯਾ। ਗੁਰੂ ਨਾਨਕ ਜੀ ਨੇ ਪ੍ਰਿਥਵੀ ਲੋਕ ਮੇ ਆਕਰ 28 ਬਰਸ ਦੋ ਮਹੀਨੇ ਕੀ ਅਵਸਥਾ ਪ੍ਰਯੰਤ ਜਹਾਂ ਤਹਾਂ ਬਿਚਰ ਕੇ ਲੋਗਨ ਕੋ ਉਪਦੇਸਨ ਕੀਆ ਇਸ ਲੀਏ ਭਗਵਾਨ ਨੇ ਸੀਘ ਉਪਦੇਸ ਕਰਾਵਨੇ ਹੇਤ ਅਪਨੇ ਅਵਤਾਰ ਕੋ ਯਾਦ ਕੀਆ, ਤਬ ਗੁਰੂ ਜੀ ਆਪਣੇ ਅਵਤਾਰੀ ਬਿਸਨੁ ਭਗਵਾਨ ਕੋ ਯਾਦ ਕਰਨੇ ਸੇ ਨਦੀ ਮੇ ਸਨਾਨ ਕਰਨੇ ਕੇ ਮਿਸ ਸਰਜੂ ਮੇ ਪ੍ਰਵੇਸ ਕਰ ਰਾਮ ਚੰਦ੍ਰ ਜੀਵਤ ਨਿਜ ਧਾਮ ਖੀਰ ਸਾਗਰ ਮੇ ਬਿਸਨੁ ਪਰਮੇਸ਼ਵਰ ਕੇ ਸਮੀਪ ਗਏ ਜੈਸੇ ਅਰਜਨ ਕ੍ਰਿਸ਼ਨ ਜੀ ਗਏ ਥੇ ਉਸ ਕਾਲ ਮੇ ਨਿਜ ਰੂਪ ਭਗਵਾਨ ਨੇ ਆਗਯਾਂ ਦੇਈ ਤੁਮ ਜਨੋ ਕੋ ਉਪਦੇਸ ਕਰੋ ਜਿਸ ਗਯਾਨ ਭਗਤੀ ਕੇ ਉਪਦੇਸ ਹੇਤ ਮੈਨੇ ਤੁਮਾਰਾ ਸਵਰੂਪ ਧਾਰਨ ਕੀਆ ਹੈ। ਗੁਰੂ ਜੀ ਨੇ ਕਹਯਾ ਹੇ ਭਗਵਾਨ* ਗੁਰੋ ਸੇ ਉਪਦੇਸ ਲੇਕਰ ਆਗੇ ਸਿਖਯਨ ਕੋ ਉਪਦੇਸ ਕਰਨ ਕੀ ਪੁਰਾਤਨ ਮਰਯਾਦਾ ਹੈ ਯਾਂਤੇ ਜੈਸੇ ਆਪਣੇ ਪੂਰਬ ਕਾਲ ਮੇ ਬ੍ਰਹਮਾ ਕੋ ਉਪਦੇਸ ਕੀਆ ਬ੍ਰਹਮਾ ਨੇ ਆਗੇ ਨਾਰਦ ਕੋ ਨਾਰਦ ਨੇ ਬਯਾਸ ਕੇ ਕੀਆ ਬਯਾਸ ਜੀ ਨੇ ਇਤਿਹਾਸ ਪੁਰਾਣ ਰਚ ਕੇ ਨਿਖਲ ਭਾਰਤ ਖੰਡ ਮੇ ਕੀਆ ਤੈਸੇ ਹਮ ਭੀ ਜਿਸ ਉਪਦੇਸ ਕੋ ਆਗੇ ਸੰਪ੍ਰਦਾਯ ਚਲਾ ਕਰ ਪ੍ਰਾਬ੍ਰਿਤ ਕਰੇ ਐਸਾ ਨਿਖਲ ਵੇਦ ਕਾ ਰਹਸਯ ਰੂਪ ਉਪਦੇਸ ਕਰੋ। ਸੁਨ ਕਰ ਬਿਸਨੁ ਭਗਵਾਨ ਨੇ ਏਕਓ ਸੇ ਲੈ ਪ੍ਰਸਾਦਿ ਪ੍ਰਯੰਤ ਉਪਦੇਸ ਕੀਆ ਅਰ ਉਪਦੇਸ ਕਰ ਕੀਰਤਨ ਭਕਤੀ ਕੀ ਕਲਜੁਗ ਮੇ ਸੁਖਯਤਾ ਪ੍ਰਗਟ ਕਰਨੇ

Sri Satguru Jagjit Singh Ji eLibrary NamdhariElibrary@gmail.com

ਹੇਤ ਕਹਾ। ਇਸ ਪੂਰਬ ਕੀਯੇ ਉਪਦੇਸ ਕੋ ਜਪੁ। ਯਹ ਜਪਨ ਕੀ ਆਗਯਾ ਕੋ ਸੁਨ ਕਰ ਸ੍ਰੀ ਗੁਰੂ ਨਾਨਕ ਜੀ ਨਿਖਲ ਕੋ ਜਪਾਵਨੇ ਹੇਤ ਆਪ ਉਸ ਜਾਪ ਕੋ ਜਪ ਤੇ ਹੁਯੇ ਇਸ ਭਾਰਤ ਭੂਮੀ ਮੇ ਸੁਲਤਾਨਪੁਰ ਨਗਰ ਵਿਖੇ ਆਏ। ਆ ਕਰ ਉਸ ਕਾ ਬਿਸਤਾਰ ਕੀਆ।

ਨੰ.7 ਪ੍ਰਥਾਏ

ਪ੍ਰਸ਼ਨ: ਆਪਨੇ ਜੋ ਸਤਨਾਮਾਦਿ ਵਿਸੇਖਨੋ ਸੇ ਵਿਸੇਖਜ ਬ੍ਰਹਮ ਕਹਾ ਹੈ ਸੋ ਸੱਤ ਥਾ ਵਾ ਹੈ ਵਾ ਹੋਗਾ॥ ਉੱਤਰ:

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ॥ ਨਾਨਕ ਹੋਸੀ ਭੀ ਸਚੁ ॥੧॥

ਆਦਿ ਕਹੀਏ ਸਰਬ ਕੀ ਉਤਪਤੀ ਸੇ ਪਹਿਲੇ ਭੀ ਵਹੁ ਪੁਰਖੁ ਸਚੁ ਹੀ ਥਾ ਜਬ ਸੂਖਮੁ ਔਰ ਅਸਥੂਲੁ ਪਰਪੰਚੁ ਹੋ ਗਜਾ ਪਰੰਤੂ ਸਤਜੁਗ ਆਦਿਕੋਂ ਕੇ ਧਰਮ ਕਾ ਵਿਸਤਾਰੁ ਨਹੀਂ ਹੂਆ ਥਾ ਉਸ ਕਾਲ ਕਾ ਨਾਮੁ ਜੁਗਾਦਿ ਹੈ ਤਿਸ ਕਾਲ ਮੈ ਭੀ ਸੱਚੁ ਹੀ ਥਾ (ਹੈਭੀਸਚੁ) ਹੁਣ ਸਾਰੇ ਜਗਤ ਕੀ ਇਸਥਿਤੀ ਕਾਲ ਮੇ ਭੀ ਸੱਚੁ ਹੈ। ਸ੍ਰੀ ਗੁਰੂ ਨਾਨਕ ਜੀ ਕਹਤੇ ਹੈਂ (ਹੋਸੀ ਭੀ ਸਚੁ) ਅੱਗੇ ਨੂੰ ਸਾਰੇ ਜਗਤ ਕੇ ਪ੍ਰਲਯ ਕਾਲ ਮੇ ਭੀ ਸੱਚੁ ਹੀ ਹੋਵੇਗਾ ॥੧॥ ਪੁਨਾ ਜਗਜਾਸੂਓਂ ਕੇ ਸੁਖੇਨ ਬੋਧ ਨਮਿੱਤ ਸੰਕੋਚ ਕਰ ਇਸ ਮੰਤ੍ਰ ਕਾ ਅਰਥੁ ਕਹਤੇ ਹੈਂ॥ ਏਕ ਜੋ (ਓਂ) ਮੰਗਲ ਰੂਪੁ ਪਰਮਾਤਮਾ ਹੈ ਸੋ (ਸਤਿ) ਤੀਨ ਕਾਲ ਮੈ ਨਾਸ ਸੇ ਰਹਤ ਹੈ ਨਾਮੁ ਕਹੀਏ ਨਾਮੁਰੂਪੁ ਜੋ ਜਗਤੁ ਹੈ ਤਿਸ ਕਾ ਕਰਤਾ ਹੈ (ਪੁਰਖੁ) ਸਰਬ ਸਰੀਰੋਂ ਰੂਪੀ ਪੁਰੀਆਂ ਕੇ ਬੀਚ ਬੀਰਾਜਮਾਨੁ ਹੈ (ਨਿਰਭਉ) ਭੈ ਤੇ ਰਹਤ ਹੈ ਔਰ (ਨਿਰਵੈਰੁ) ਕਿਸੀ ਸੇ ਤਿਸ ਕਾ ਵੈਰੁ ਨਹੀਂ ਹੈ ਪੁਨਾ ਅਕਾਲ ਮੂਰਤਿ ਕਹੀਏ ਤਿਸ ਕਾ ਸਰੂਪ ਮ੍ਰਿਤੂ ਤੇ ਰਹਤ ਹੈ ਮ੍ਰਿਤੂ ਤੇ ਰਹਤ ਹੋਣੇ ਮੈ ਹੇਤੁ ਕਹਤੇ ਹੈਂ ਕਿ ਸੋ ਹਰੀ (ਅਜੂਨੀ) ਮਾਤਾ ਕੇ ਗਰਬ ਮੈ ਪ੍ਰਾਪਤਿ ਨਹੀਂ ਹੋਤਾ ਹੈ ਔਰ (ਸੈਭੰ) ਸੁਤੇ ਪਰਕਾਸ ਰੂਪੁ ਹੈ ਸੋ ਐਸਾ ਪਰਮੇਸ੍ਵਰ (ਗੁਰਪ੍ਰਸਾਦਿ) ਗੁਰਾਂ ਦੀ ਕ੍ਰਿਪਾ ਤੇ ਵਾ ਪ੍ਰਸਿੰਨਤਾ ਤੇ ਜਾਣੀਤਾ ਹੈ (ਜਪੁ) ਹੇ ਅੰਗਦ ਜੀ ਇਸ ਮੰਤ੍ਰ ਕੋ ਜਪੁ ਭਾਵ ਸੇ ਜਪਾਵਨਾ ਭੀ ਆਇਆ ਕਿ ਆ ਜਪੁ ਇਸੀ ਪਦਕੇ ਸੰਬੰਧ ਸੇ ਮੰਤ੍ਰ ਕਾ ਨਾਮੁ ਭੀ ਜਪੁ ਹੋਤਾ ਭਯਾ ਹੈ॥

ਨੰ. 8 ਪ੍ਰਥਾਏ ਉਥਾਨਿਕ

ਉਤਿਕਸ਼ਟਾ ਸਰਵ ਦੇਵੇ ਭਯੋ ਵਾਗਧਿਕਸਠ ਤ੍ਰਿਦੇਵਤਾਂ ॥ਨਿਯੰਤ੍ਰੀ ਸਰਬ ਸੱਤਵ ਨਾਂਨਸਸਿਕ੍ਰਤ ਯਕ ਰੋਮ ਯਹੀ॥ ਗੁਰੂ ਗ੍ਰੰਥ ਪ੍ਰਦੀਪਾਖ ਯੰਵਯਾਖਯਾਨ ਸ੍ਰਤਤਿ ਸੰਮਤਮ ਮੁਮੁਕਸੁਭਿ ਸਦਾਸੇਵਯਪ੍ਰਯਤਨੇਨ ਮੁਹੁੰਮੁਹ: ॥ 2॥

ਜੋ ਪਰਮਾਤਮਾ ਵਾਕ ਕਾ ਵਾਕ ਅਰ ਚਕਸੁਕਾ ਚਕਸੁ ਇਤਯਾਦੀ ਸਵਰੂਪ ਮੇ ਵਾਗਾਦਿਕੋ ਕਾ ਅਦਿਸ਼ਨਾਤਾ ਸਰਵ ਸੋ ਉਤਕਰਸ਼ਟ ਪਰੇਰਕ ਰੂਪ ਸੇ ਪ੍ਰਸਿੱਧ ਹੈ ਔਰ ਸਰਵ ਪਦਾਰਥੋ ਕਾ ਨਿਯੰਤਾ ਅਤੇ ਵਿਧਾਰਕ ਹੈ ਉਸ ਕੋ ਪ੍ਰਨਾਮ ਕਰਕੇ ਸੁਤੀ ਸਿਮ੍ਰਿਤੀ ਸੰਮਤ ਗੁਰੂ ਗ੍ਰੰਥ ਪ੍ਰਦੀਪ ਨਾਮਕ ਵਯਾਖਾਨ ਕੋ ਕਰਤਾ ਹੂੰ ਸੋ ਵਯਾਖਾਯਾਨ ਪ੍ਰਯਤਨ ਕਰਕੇ ਮੁਮੁਕਸ਼ ਪੁਰਖੋ ਕੋ ਵਾਰੰਵਾਰ ਸਦਾ ਸੇਵਨ ਕਰਨਾ ਚਾਹੀਯੇ।

ਸਚਿਤ ਸੁਖ ਸ਼ਰੀਰ ਰਾਏ ਸਰਵਸਤਾ ਪ੍ਰਦਯਿਨੇ॥ ਜਗਦੁਦ੍ਵਾਰਕ ਸ਼ਾਯਕਹਮਾਣੇਗੁਰਵੇਨਮ;
ਗੁਰੂ ਗੋਬਿੰਦ ਸੰਕਵਗਾਯ ਧਰਮ ਰਕਸ਼ਾ ਵਿਧਾਇਨੇ॥
ਧਰਮੰਕੰਟਕ ਨਾਸ਼ਾਯ ਸਿੰਹ ਰੁਪਯਤੇਨਮ ॥3॥

Sri Satguru Jagjit Singh Ji eLibrary NamdhariElibrary@gmail.com

ਅਰਥ॥ ਬ੍ਰਹਮ ਸਵਰੂਪ ਸ੍ਰੀ ਗੁਰੂ ਨਾਨਕ ਦੇਵ ਕੋ ਨਮਸਕਾਰ ਹੋ ਜੋ ਗੁਰੂ ਨਾਨਕ ਦੇਵ ਜਗਤ ਦੇ ਉਧਾਰ ਕਰਨੈ ਮੇ (ਦਕਸ਼) ਅਤਿਅੰਤ ਚਤੁਰ ਹੈ ਔਰ ਸਰਬਨਾਮ ਰੂਪ ਪਰਪੰਚ ਕੋ ਸਤਾ ਸਫੁਰਤੀ ਕੇ ਦੇਨੈ ਵਾਲੈ ਹੈ। ਭਾਵ ਪਰਪੰਚ ਆਪਣੀ ਸਵਤੰਤ੍ਰ ਸਤਾ ਰਹਿਤ ਹੈ ਔਰ ਬ੍ਰਹਮ ਸਵ੍ਰੂਪ ਸਤਾ ਮੇ ਸਤ ਪ੍ਰਤੀਤੀ ਹੋਤਾ ਹੈ ਜੈਸੇ ਭ੍ਰਮ ਸਿਧ ਸਰਪਾਦੀ ਰਜੂਕੀ ਸਤਾ ਸੇ ਸਤ ਪ੍ਰਤੀਤ ਹੋਤੇ ਹੈਂ ਇਸ ਪ੍ਰਕਾਰ ਬ੍ਰਹਮ ਮੇਂ ਆਰੋਪਿਤ ਆਕਾਸ਼ਾਦਿ ਰੂਪ ਜਗਤ ਸ੍ਰਤੰਤਰ ਸਤਾ ਸ੍ਰਨਯ ਬ੍ਰਹਮਸਤਾ ਮੇ ਸਤ ਪ੍ਰਤੀਤ ਹੋਤਾ ਹੈ ਔਰ ਗੁਰੂ ਨਾਨਕ ਦੇਵ ਕਾ ਸਰੀਰ ਸਚਿਦਾਨੰਦ ਸ੍ਰਰੂਪ ਹੈ ਕਿਉਂਕਿ ਬ੍ਰਹਮ ਕੀ ਹੀ ਵਿਚਿਤ੍ਰ ਸ਼ਕਤੀ ਕੇ ਬਲ ਸੇ ਅਵਤਾਰੋ ਕੇ ਸ਼ਰੀਰ ਰੂਪ ਸੇ ਪ੍ਰਤੀਤੀ ਹੋਤੀ ਹੈ ਜੈਸੇ ਜਲ ਹੀ ਸ਼ੀਤਤਾ ਤਥਾ ਔਖਦ ਕੇ ਬਲ ਸੇ ਗਡੇਸਰਬਫ ਰੂਪ ਸੇ ਪ੍ਰਤੀਤ ਹੋਤੇ ਹੈ। ਇਸੀ ਪ੍ਰਕਾਰ ਸਚਿਦਾਨੰਦ ਮਾਤ੍ਰ ਬ੍ਰਹਮ ਹੀ ਅਵਤਾਰ ਸ਼ਰੀਰਾਦਿਰੂਪ ਮੇ ਵਵਿਤ੍ਰ ਮਾਯਾ ਕੇ ਬਲ ਮੇ ਪ੍ਰਤੀਤ ਹੋਤਾ ਹੈ। ॥ ।॥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋ ਧਰਮ ਕੀ ਰਕਸ਼ਾ ਕਰਨੇ ਵਾਲੈ ਹੈ ਉਨ ਕੇ ਪ੍ਰਤੀ ਨਮਸਕਾਰ ਹੋ ਕਿਉਂਕਿ ਜੋ ਧਰਮ ਕੇ (ਕੰਟਕ) ਵਿਰੁਧਿ ਹੈ ਤਿਨ ਕਾ ਨਾਸ ਵਾਸਤੇ ਹੀ ਸਿੰਹ ਰੂਪ ਕੋ ਜਿਨੋ ਨੇ ਧਾਰਣਕਰਾ ਹੈ ਜੈਸੇ ਧਰਮ ਕਾ ਵਿਰੋਧਿ ਜੋ ਹਿਰਨਯਕਸ਼ਿਪੁ ਦੈਤਯ ਤਿਸ ਕੇ ਨਾਸ ਵਾਸਤੇ ਵਿਸ਼ਨੁ ਨੇ ਨਰਸਿੰਘ ਰੂਪ ਧਾਰਨੁ ਕਰਾਯਾ, ਤੈਸੇ ਹੀ ਕਲਿਕਾਲ ਕੇ ਧਰਮ ਵਿਰੋਧਿ ਮਲੇਛੋ ਕੇ ਨਾਸ ਵਾਸਤੇ ਗੋਬਿੰਦ ਸਿੰਘ ਰੂਪ ਧਾਰਨ ਕਰਾ ਹੈ ਇਸ ਪ੍ਰਕਾਰ ਅਯਾਤ ਗੁਰੂ ਕੋ ਨਮਸਕਾਰ ਕਰਨੇ ਮੇ ਸਰਬਪਾਦ ਰਸਿਤ ਕੇ ਪਾਦ ਮੇ ਅੰਤਰ ਭੂਤ ਹੈ। ਇਸ ਨਯਾਸਤੇ ਵਿਦਯਾ ਗੁਰੂ ਸੰਪਰਦਾਯੇ ਪ੍ਰਦ ਗੁਰੂ ਮਾਤਾ ਪਿਤਾ ਆਦਿ ਸਰਬ ਕੋ ਨਮਸਕਾਰ ਜਾਨਨਾ ਯੋਗਯ ਹੈ।

ਸ੍ਰੀ 'ਜਪੁ ਜੀ' ਦਾ ਮਹਾਤਮ

ਜਦਿ ਏਹੁ ਜਪੁ ਸੰਪੁਰਨ ਕੀਆ, ਬੰਧੇਜੁ ਪਉੜੀਆ ਕਾ, ਤਬ ਗੁਰੂ ਬਾਬਾ ਨਾਨਕੁ ਜੀ ਫੇਰਿ ਸ੍ਰੀ ਠਾਕੁਰ ਜੀ ਪਾਸਿ ਗੈਆ। ਤਬ ਆਗਿਆ ਸ੍ਰੀ ਪਾਰਬ੍ਰਹਮ ਕੀ ਹੋਈ, ਜਿ, "ਏ ਨਾਨਕ। ਤੁਝ ਕਉ ਮੈ ਆਗਿਆ ਕਰੀ ਥੀ, ਜਪੁ ਕਰਣੇ ਕੀ। ਸੁ ਤੈ ਜਪੁ ਕਾ ਬੰਧੇਜੁ ਕੀਆ।" ਕਹੇ, "ਜੀ, ਸ੍ਰੀ ਮਹਾਰਾਜ, ਤੇਰੀ ਆਗਿਆ ਸਾਥਿ ਜਿ ਕਿਛੁ ਤੋ ਕਰਵਾਇਆ, ਸੁ ਕੀਆ ਹੈ ਜੀ।" ਤਬ ਸ੍ਰੀ ਪਾਰਬ੍ਰਹਮ ਕੀ ਆਗਿਆ ਹੋਈ ਜਿ, "ਏ ਨਾਨਕ ਤੂ ਜਿ ਮੇਰਾ ਜਪੁ ਕਰਿ ਲੈ ਆਇਆ ਹੈ, ਸੁ ਤੂ ਪੜੁ, ਮੁਝ ਕਉ ਸੁਨਾਇ।" ਤਬ ਗੁਰੂ ਬਾਬੇ ਨਾਨਕ ਜੀ, ਸ੍ਰੀ ਪਾਰਬ੍ਰਹਮ ਕੇ ਆਗੇ ਏਹੁ ਜਪੁ ਪੜਿਆ। ਤਬ ਸ੍ਰੀ ਮਹਾਰਾਜ, ਬਹੁਤੁ ਖੁਸੀ ਹੋਇ ਕੇ ਦਿਆਲ ਭਏ। ਕਹਿਆ ਜਿ, "ਏ ਨਾਨਕ। ਏਹੁ ਜਿ ਜਪੁ ਤੇ ਮੇਰਾ ਕੀਆ ਹੈ; ਸੁ ਭਲਾ ਕੀਆ ਹੈ। ਸੰਸਾਰ ਮੁਕਤਾ ਨ ਸੋ ਹੋਂਦਾ, ਕਲਿਜੁਗੁ ਮਹਾ ਕਠਨੁ ਥਾ। ਪਰੁ ਨਾਨਕ ਏਹੁ ਜਪੁ ਤੈਂ ਜੁ ਕੀਆ ਹੈ, ਮੇਰੀ ਸਿਫਤਿ, ਸੁ ਜਿ ਕੋਈ ਏਸੁ ਜਪ ਕਉ ਪੜੇਗਾ, ਸੁ ਮੁਕਤਾ ਹੋਇਗਾ ਨਿਸੰਦੇਹ[4]। ਨਾਨਕ ਮੇਰੀ ਏਹ ਆਗਿਆ ਹੈ। ਇਸ ਮਹਿ ਸੰਦੇਹੁ ਕਿਛੁ ਨਾਹੀ। ਭਾਵੈ ਤੇਸਾ ਪਾਪੀ ਜੀਉ ਹੋਵੇ, ਜਿ ਕੋਈ ਇਸਿ ਜਪੁ ਕਉ ਪੜੈਗਾ, ਸੁ ਉਸ ਕਉ ਮੁਕਤਾ ਕਰਉਗਾ।" ਤਬ ਗੁਰੂ ਬਾਬੇ ਨਾਨਕ ਜੀ, ਨਮਸਕਾਰੁ, ਡੰਡਉਤ ਕਰ ਕਹਿਆ ਜਿ, "ਸਤਿ ਜੀ, ਸਤਿ। ਪਾਰਬ੍ਰਹਮ, ਤੇਰੀ ਜਿ ਆਗਿਆ

4. ਬਿਨਾ ਕਿਸੇ ਸ਼ੰਕ ਦੇ।

Sri Satguru Jagjit Singh Ji eLibrary NamdhariElibrary@gmail.com

ਹੋਈ ਸਿ ਸਤਿ।" ਤਬ ਫੇਰਿ ਸ੍ਰੀ ਪਾਰਬ੍ਰਹਮ ਕਹਿਆ ਜਿ, "ਹਾਂ ਅਬ ਤੂ ਜਾਹਿ। ਨਾਨਕ। ਏਸੁ ਜਪ ਕਉ ਸੰਸਾਰ ਮਹਿ ਪ੍ਰਗਟਿ ਕਰਿ, ਜਿ ਲੋਕ ਕਿਰਤਾਰਥ[5] ਹੋਵਹਿ।" ਤਬ ਗੁਰੂ ਬਾਬਾ ਨਾਨਕੁ ਜੀ, ਸ੍ਰੀ ਪਾਰਬ੍ਰਹਮ ਕੀ ਆਗਿਆ ਲੈ ਕਰਿ, ਜਗਤ ਨਿਸਤਾਰਨ ਕਉ, ਸੰਸਾਰ ਕੇ ਵਿਖੇ ਆਏ। ਤਬ ਅੰਗਦ ਸਿਖ ਕਉ ਬੁਲਾਇ ਕਰਿ, ਏਹ ਬਾਤ ਕਹਿ ਸੁਨਾਈ। ਜਿ ਪੁਰਖਾ ਅੰਗਦਾ। ਏਹ ਏਵ ਪਾਰਬ੍ਰਹਮ ਕੀ ਆਗਿਆ ਹੋਈ ਹੈ, ਜਿ ਇਸਿ ਜਪੁ ਉਪਰਿ ਸ੍ਰੀ ਪਾਰਬ੍ਰਹਮ ਬਹੁ ਦੈਆਲੁ ਹੋਇਆ ਹੈ। ਸ੍ਰੀ ਪਾਰਬ੍ਰਹਮ ਆਗਿਆ ਕੀਤੀ ਹੈ, ਜਿ ਨਾਨਕ, ਜਿ ਕੋਈ ਜੀਉ ਏਹੁ ਜਪੁ ਮੇਰਾ ਪੜੇਗਾ, ਸੁ ਹੰਉ ਤਿਸ ਕੀ ਮੁਕਤਿ ਕਰਉਗਾ ਪੁਰਖਾ ਅੰਗਦਾ। ਏਹਾ ਪਾਰਬ੍ਰਹਮ ਦੈਆਲੁ ਹੋਆ ਹੈ। ਪਰੁ ਪੁਰਖਾ। ਏਸੁ ਜਪ ਨੋ, ਏਹੁ ਸੰਜਮਿ ਪੜਨਾ। ਜਾ ਪਹੁਰੁ ਰਾਤਿ ਆਇ ਰਹੇ, ਤਾਂ ਉਠੀ ਕਰਿ ਇਸਨਾਨੁ ਕਰਣਾ। ਤਦਿ ਏਹੁ ਜਪੁ ਚਿਤੁ ਲਾਇ ਕਰਿ, ਗੁਰੂ ਦੇ ਦਰਸਨ ਨਾਲਿ, ਹੋਰਤ ਧਿਰਹੁ ਮਨੁ ਦੂਰਿ ਕਰਿ ਕਰਿ ਹਟਾਵਣਾ। ਇਸ ਹੀ ਜਪ ਕਾ ਧਿਆਨੁ ਕਰਿ ਕਰਿ ਪੜ੍ਹਨਾ ਜੇ ਪਹਰ ਰਾਤਿ ਨਾਵਿ ਨ ਸਕੀ, ਤਾਂ ਤ੍ਰੈ ਘੜੀਆਂ ਰਾਤਿ ਦੀ ਰਹਦੀ ਨੋ ਪਿਛਲੀ ਨੂ ਨਾਇ ਕੇ ਪੜੈ। ਜੇ ਤ੍ਰਿਹੁ ਘੜੀਏ ਭੀ ਉਠਿ ਕੈ ਨਾਇ ਨ ਸਕੇ, ਤਾਂ ਇਕਸੁ ਘੜੀ ਰਾਤਿ ਦੀ ਰਹਦੀ ਨੋ ਨਾਵਿ ਕੇ ਪੜੈ। ਜੇ ਘੜੀ ਨੋ ਭੀ ਨਾਇ ਨਾ ਸਕੀ ਤਾਂ ਦਿਨ ਉਸੀਰੀ[6] ਦੇ ਨਾਲਿ ਨਾਵੈ, ਜਪੁ ਪੜੈ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਪੁਰਖਾ ਅੰਗਦਾ। ਜਿ ਮੇਰਾ ਸਿਖੁ, ਪਹਰ ਰਾਤਿ ਰਹਦੀ ਨਾਵਿ ਕੈ, ਜਪੁ ਪੜੈਗਾ, ਸੁ ਮੈਨੂ ਆਇ ਮਿਲੇਗਾ। ਜਿ ਤ੍ਰਿਹੁ ਘੜੀਏ ਰਾਤਿ ਦੀਏ ਨਾਵੈਗਾ, ਜਪੁ ਪੜੈਗਾ ਸੁਸੰਗਤਿ ਨੂੰ ਆਇ ਮਿਲੈਗਾ ਅਤੇ ਪੁਰਖਾ। ਜਿ ਕੋਈ ਘੜੀ ਰਾਤਿ ਦੀ ਰਹਦੀ ਨਾਵੈਗਾ, ਏਸੁ ਜਪ ਨੂੰ ਪੜੈਗਾ, ਜੋ ਜਮ ਕੀ ਸਾਸਨਾ[7] ਤੇ ਛੂਟੇਗਾ। ਅਤੇ ਪੁਰਖਾ, ਜਿ ਕੋਈ ਦਿਨ ਉਸੀਰਦੇ ਨਾਲਿ ਨਾਵਿ ਕੈ ਪੜੈਗਾ, ਸੁ ਮੇਰੀ ਪੁਰੀ ਵਿਚਿ ਵਾਸਾ ਪਾਵੈਗਾ। ਅਰੁ ਪੁਰਖਾ, ਜਿ ਕੋਈ ਮੇਰੀ ਬਾਣੀ ਸਾਥਿ ਰਚੈਗਾ, ਮੇਰਾ ਕੀਰਤਨੁ ਕਰੈਗਾ, ਅਰੁ ਮੇਰੇ ਹੀ ਧਿਆਨ ਸਿਮਰਨ ਮਹਿ ਰਹੈਗਾ ਸੁ ਪੁਰਖਾ, ਉਸ ਕਾ ਮੈ ਅਧੀਨ ਹੋਵਉਗਾ। ਜਿ ਕਿਛੁ ਓਹੁ ਕਰੈਗਾ, ਸੁ ਮੈ ਮਾਨਿ ਲੇਉਗਾ। ਉਸ ਕਉ ਮੈ ਆਪਣੇ ਮਹਲ ਉਪਰਿ ਬਾਸਾ ਦੇਵਉਗਾ। ਓਹ ਮੇਰਾ ਨਿਕਟਿ ਵਰਤੀ ਹੋਵੇਗਾ। ਪੁਰਖਾ। ਏਹੀ ਮੰਤ੍ਰ, ਏਹੀ ਬਾਣੀ, ਏਹੀ ਦਿੜ੍ਹਤਾ ਦਿੜ੍ਹਾਵਣੀ, ਮੇਰੀ ਬਾਣੀ ਕੀ। ਸੰਸਾਰ ਕਉ ਏਹੀ ਉਪਦੇਸੁ ਕਰਣਾ।" ਤਬ ਰਾਵੀ ਨਦੀ ਕੇ ਕਿਨਾਰੇ, ਕਰਤਾਰ ਪ੍ਰਤਿ, ਏਹੁ ਜਦਿ ਅੰਗਦ ਸਿਖ ਕਉ ਏਹੁ ਮੰਤ੍ਰ ਗੁਰੂ ਬਾਬੇ ਨਾਨਕ ਜੀ ਦਿੜਾਇਆ ਤਬ ਫੇਰਿ ਗੁਰੂ ਅੰਗਦ ਬੇਨਤੀ ਕੀਤੀ ਜਿ, "ਜੀ, ਬਾਬਾ ਪਾਤਿਸਾਹ ਸਲਾਮਤਿ। ਮੰਤ੍ਰ ਜਿ ਮਹਾਦੇਵ ਕੀਤੇ ਹੈਨਿ ਸੇ ਸੰਸਾਰ ਵਿਚਿ ਫੁਰਦੇ ਹੈਂ? ਚਲਾਏ ਚਲਦੇ ਹੈਨਿ। ਬਾਬਾ ਜੀ ਸਲਾਮਤਿ। ਏਹੁ ਜਿ ਤੇਰਾ ਜਪੁ ਮੰਤ੍ਰ ਹੈ, ਸੁ ਤਿਸੁ ਕੀ ਗਲ ਕਿਉਕਰਿ ਹੈ ਜੀ? ਜਿਵ ਹੈ, ਤਿਉ ਮਿਹਰ ਕਰਿ ਕੈ ਸਮਝਾਈਐ ਜੀ।" ਤਬ ਗੁਰੂ ਬਾਬੇ ਜੀ ਕਹਿਆ ਜਿ, "ਪੁਰਖਾ। ਮਹਾਦੇਵ, ਲੋਣਾ ਚਮਾਰੀ ਜਿਨਿ ਕਿਨੇ ਮੰਤ੍ਰ ਕੀਏ ਹੈਨਿ, ਸੁ ਏਹਾ ਇਕੁ ਕੋ ਮੰਤ੍ਰ ਕਿਨੇ ਨਾਹੀ

5. ਨਿਹਾਲ।
6. ਦਿਨ ਦਾ ਚੜਨਾ।
7. ਤਾੜਨਾ, ਦੰਡ, ਸਜ਼ਾ।

Sri Satguru Jagjit Singh Ji eLibrary NamdhariElibrary@gmail.com

ਕੀਆ, ਜਿ ਸਭਨਾ ਰੋਗਾਂ ਉਤੇ, ਸਭਨਾਂ ਮਖਸੂਦਾਂ[8] ਉਤੇ, ਇਕੋ ਹੀ ਕੋਈ ਮੰਤ੍ਰ ਫੁਰਦਾ। ਪੁਰਖਾ, ਓਇ ਜਿ ਮਹਾਦੇਵ ਮੰਤ੍ਰ ਕੀਏ ਹੈਨਿ ਸੁ ਆਪੋ ਆਪਣੀ ਰੋਗੀ, ਆਪੋ ਆਪਣੀ ਮਖਸੂਦੇ ਫੁਰਦੇ ਹੈਨਿ। ਅਤੇ ਪੁਰਖਾ, ਏਹੁ ਜਿ ਜਪੁ ਸਿਫਤਿ ਪਰਮੇਸੁਰ ਕੀ ਹੈ ਸੁ ਪਰਮੇਸੁਰ ਦੀ ਆਗਿਆ ਹੈ, ਏਹੁ ਸਭਨਾ ਰੋਗਾ ਦਾ ਹਰਤਾ[9] ਹੈ। ਅਤੇ ਏਸ ਤੇ ਸਭ ਮਖਸੂਦ ਹੋਦੇ ਹੈਨਿ, ਕਿਉਜਿ ਏਹੁ ਪਰਮੇ ਸੁਰ ਕੀ ਆਗਿਆ ਸਾਥਿ ਹੋਇਆ ਹੈ।" ਤਬ ਗੁਰੂ ਅੰਗਦ ਬੇਨਤੀ ਕੀਤੀ ਜਿ, "ਬਾਬਾ ਮਿਹਰਵਾਨ ਸਲਾਮਤਿ। ਕਿਰਪਾ ਕਰਿ ਕਰਿ, ਏਸ ਜਪ ਦੀ ਵਿਧਿ ਜਿਉ ਹੈ, ਤਿਉ ਸਮਝਾਈਐ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਣਿ ਪੁਰਖਾ ਅੰਗਦਾ। ਮੰਤ੍ਰ ਭਿ ਤਦੇ ਫੁਰਦੇ ਹੈਨਿ ਕਿ ਨਾ ਜਦਿ ਮੰਤ੍ਰਾਂ ਦੀ ਕੋਈ ਰਹਤ ਰਹਦਾ ਹੈ। ਏਵ ਤਾਂ ਉਚਿ ਮੰਤ੍ਰ ਭੀ ਨਾਹੀ ਫੁਰਦੇ। ਜਾਂ ਓਨਾਂ ਮੰਤ੍ਰਾਂ ਦੀ ਜੁਗਤਿ ਕਮਾਈਐ, ਤਾਂ ਫੁਰਨਿ। ਸੁ ਪੁਰਖਾ, ਏਸੁ ਮੰਤ੍ਰ ਜਪ ਦੀ ਵਿਧਿ[10] ਇਉ ਹੈ, ਜਿ ਕੋਈ ਏਸੁ ਜਪ ਨੋ ਚਿਤੁ ਲਾਇਕੈ ਪੜੇ ਸੋ ਮੋਖ ਪਦਵੀ ਪਾਏ, ਅਤੇ ਜੇ ਕੋਈ ਏਸੁ ਜਪ ਦਾ ਅਰਥੁ ਸਮਝਿ ਕੈ ਪੜੇ, ਅਤੇ ਏਸ ਦੀ ਕਰਤੂਤਿ[11] ਕਮਾਵੇ, ਸੁ ਮੇਰਾ ਰੂਪ ਹੋਵੇ। ਜਿ ਕੋਈ ਏਸੁ ਜਪ ਦੀ ਟੇਕ ਕਰਿ ਕਰਿ, ਜਿਤੁ ਕਿਤੁ ਅਵਸਰਿ, ਜਿਤਿ ਕਿਤਿ ਰੋਗਿ, ਅਰੁ ਹਰਿ ਕਿਤੀ ਮੁਖਸੂਦਿ ਏਹੁ ਜਪੁ ਪੜੈ, ਏਸੇ ਦੀ ਟੇਕ ਰਾਖੇ, ਤਾ ਜਿ ਕਿਛੁ ਉਸਦੇ ਕਾਰਜ, ਉਸਦੇ ਹੋਵਨਿ ਸੁ ਸਭ ਓਸਦੇ ਸਵਰਨਿ, ਕਾਰਜ ਸਭਿ ਰਾਸਿ ਹੋਵਨਿ । ਪੁਰਖਾ। ਓਹ ਮੰਤ੍ਰ ਸੰਸਾਰ ਦੇ ਮਖਸੂਦਿ ਕਰਦੇ ਹੈਨਿ, ਰੋਗ ਭਿ ਗਵਾਇਦੇ ਹੈਨਿ, ਪਰੁ ਓਨੀ ਮੰਤ੍ਰੀ ਪੜੀ ਮੋਖ ਪਦਵੀ ਨਾਹੀ ਪਾਈਦੀ। ਅਤੇ ਪੁਰਖਾ, ਏਹੁ ਜਿ ਜਪੁ ਹੈ, ਪਰਮੇਸੁਰ ਕਾ ਭੇਜਿਆ ਹੋਆ, ਤਿਸਿ ਕਰਿ ਕਰਿ, ਏਸ ਦਾ ਇਥਹੁ ਓਥਹੁ ਦੀ, ਦੀਨ ਦੁਨੀਆ ਦਾ ਕਾਰਜੁ ਸਵਾਰਦਾ ਹੈ। ਜਿ ਕਿਛੁ ਚਿਤਵੇ, ਸੁ ਹੋਵੈ। ਜੋ ਏਸੁ ਚੋ ਕਰਤੂਤਿ ਕਮਾਵੇ।" ਤਬ ਗੁਰੂ ਅੰਗਦ ਗੁਰੂ ਬਾਬੇ ਦੇ ਵਚਨ ਨਾਲਿ ਜਿ ਕੋਈ ਸਿਖੁ ਹਜੂਰਿ ਸੀ, ਤਿਨਾ ਸਭਨਾ ਨੋ ਜਪੁ ਪੜਿ ਸੁਣਾਇਆ। ਅਤੇ ਜਿਉ ਜਿਉ ਬਾਬੇ ਦਾ ਹੁਕਮੁ ਸੀ, ਉਤੈ ਜਪ ਦੀ ਉਸਤਤਿ ਆਖਿ ਸੁਣਾਈ। ਤਬ ਸਿਖ ਸਭਿ ਸਰਸੇ[12] ਹੋਏ। ਗੁਰੂ ਅੰਗਦ ਦੇ ਪੈਰੀਂ ਪਏ। ਕਹਣ ਲਗੇ ਜਿ ਜੀ, ਤੈ ਅਸੀ ਸਭਿ ਨਿਹਾਲੁ ਕੀਤ। ਤੈ ਅਸਾ ਨੋ ਵਡਾ ਜੀ ਦਾਨੁ ਦਿੱਤਾ, ਅਸਾਂ ਨੋ ਏਹੁ ਜਪੁ ਭੈਜਲ ਸੰਸਾਰ ਤਾਰਣ ਨੋ। ਏਸੁ ਗੁਰੂ ਬਾਬੇ ਦੇ ਵਚਨ ਦਾ ਭਰਵਾਸਾ ਹੋਆ ਜੀ। ਅਸੀਂ ਜੀਵੇ ਨਿਹਾਲੁ ਹੋਏ।

ਮੂਲ-ਮੰਤ੍ਰ : 1

ਟੀਕਾਕਾਰਾਂ ਦੀਆਂ ਟਿੱਪਣੀਆਂ ਲਈ ਸੰਕੇਤ

1. ਬਾਬਾ ਮਿਹਰਬਾਨ ਜੀ
2. ਭਾਈ ਮਨੀ ਸਿੰਘ ਜੀ ਸ਼ਹੀਦ

---

8. ਮਕਸਦ, ਮਨੋਰਥ।
9. ਦੂਰ ਕਰਨ ਵਾਲਾ।
10. ਵਿਧੀ, ਪੜ੍ਹਨ ਦਾ ਤਰੀਕਾ,
11. ਇਸ ਵਿਚ ਦਸੀ ਕਰਣੀ।
12. ਪਰਸੰਨ।

Sri Satguru Jagjit Singh Ji eLibrary NamdhariElibrary@gmail.com

3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ)
4. ਸਾਧੂ ਅਨੰਦਘਨ ਜੀ (ਉਦਾਸੀਨ - ਪੁਰਾਣ ਕਥਾ ਵਾਚੀ)
5. ਭਾਈ ਸੰਤੋਖ ਸਿੰਘ ਜੀ ਕਵੀਚੂੜਾਮਣੀ (ਖਾਲਸੇ)
6. ਸੰਤ ਪੰਡਿਤ ਤਾਰਾ ਸਿੰਘ ਜੀ ਨਰੋਤਮ (ਨਿਰਮਲੇ-ਖਟਦਰਸ਼ਨੀ)
7. ਸੰਪ੍ਰਦਾਈ ਫਰੀਦਕੋਟੀ ਟੀਕਾ
8. ਸੰਤ ਪੰਡਿਤ ਸਾਧੂ ਸਿੰਘ ਜੀ ਪੀਲੀਭਤਿ (ਨਿਰਮਲੇ- ਵੇਦਾਂਤੀ)
9. ਪੰਡਿਤ ਹਰਿਪ੍ਰਸਾਦ ਜੀ ਉਦਾਸੀਨ (ਵੈਦਿਕ ਮੁਨੀ)
10. ਭਾਈ ਵੀਰ ਸਿੰਘ ਜੀ (ਆਧੁਨਿਕ)

ਸਾਰੇ ਟੀਕਿਆਂ ਦੇ ਟਿੱਪਣੀ ਕਰਤਾ ਕੰਵਰ ਮ੍ਰਿਗੇਂਦ੍ਰ ਸਿੰਘ ਪਟਿਆਲਾ

'੧' ਅਤੇ 'ਓਂ' ਦਾ ਉਚਾਰਣ ਅਤੇ ਦਾਰਸ਼ਨਿਕ ਮਹੱਤਾ॥

ਹਰੇਕ ਜਪੁ ਭਾਸ਼, ਵਾਰਤਿਕ, ਟੀਕਾ, ਟਿੱਪਣੀ ਆਦਿ ਵਿੱਚ ਵਿਸਤਾਰ ਨਾਲ ਜਾਂ ਸੰਖੇਪ ਨਾਲ ਵਿਸ਼ੇਸ਼ ਕਰਕੇ '੧ਓ' ਦੇ ਸਰੂਪ ਅਤੇ ਉਚਾਰਣ ਸੰਬੰਧੀ ਵਿਚਾਰ ਪ੍ਰਗਟ ਹੋਏ ਦੇਖੇ ਗਏ ਹਨ, ਅਤੇ ਅੱਜ ਵੀ ਵਿਚਾਰ ਵਿਮਰਸ਼ਣੀ ਪ੍ਰਸਤੁਤ ਹੈ॥ ਇਥੇ ਅਸੀਂ '੧ਓ' ਦੇ ਮੁਖ ਪਹਿਲੂਆਂ ਉਤੇ ਸੰਖੇਪ ਵਿਚਾਰ ਕਰਣਾ ਜ਼ਰੂਰੀ ਸਮਝਦੇ ਹਾਂ॥ ਪਹਿਲੂੰ ਅਸੀਂ ਪੰਜ ਵਿਭਾਗਾਂ ਵਿਚ ਵੰਡਦੇ ਹਾਂ :-

1. 'ਓਂ' ਕੀ ਸਮਸਤ ਪਦ ਹੈ? ਜੇ ਨਹੀਂ, ਤਾਂ
2. '੧' ਤੋਂ ਕੀ ਤਾਤਪਰਜ ਹੈ, ਅਤੇ
3. 'ਓਂ' ਤੋਂ ਕੀ ਤਾਤਪਰਜ ਹੈ॥
4. 'ਓਂ' ਦੇ ਵਿਆਕਰਣਕ, ਛਾਂਦਸ, ਨਿਰੁਕਤ ਆਦਿ ਪੱਖ, ਅਤੇ
5. 'ਓਂ' ਦੇ ਦਾਰਸ਼ਨਿਕ ਪੱਖ ਜੋ ਸ਼੍ਰੀ ਗੁਰੁਮਤ ਅਨੁਕੂਲ ਸਪ੍ਰਮਾਣਿਕ ਹੋਵੇ॥

ਉਪਰ ਇਕਤ੍ਰਿਤ 10 ਟੀਕਾਵਾਂ ਵਿਚ 'ਓਂ' ਸੰਬੰਧੀ ਭਿੰਨ ਭਿੰਨ, ਉਚਾਰਣ, ਦਾਰਸ਼ਨਿਕ ਵਿਚਾਰ ਪ੍ਰਤਖ ਹਨ॥ ਪਰ ਏਥੇ ਅਸੀਂ ਇਨ੍ਹਾਂ ਤੋਂ ਇਲਾਵਾ ਦੋ ਹੋਰ ਆਲੋਚਨਾਂਵਾਂ ਦੇ ਵਿਚਾਰ ਮਿਲਾ ਕੇ 12 ਟੀਕਾਵਾਂ ਉੱਤੇ ਝਾਤੀ ਮਾਰਣਾ ਜ਼ਰੂਰੀ ਸਮਝਦੇ ਹਾਂ ਕਿ ਇਸ ਬੀਜ ਮੰਤ੍ਰ ਰੂਪ 'ਓਂ' ਦੀ ਕੀ ਮਹੱਤਾਵਾਂ ਹਨ ਜਿਸ ਕਰਕੇ ਸਾਰੇ ਇਤਨਾ ਜ਼ੋਰ ਦਿੰਦੇ ਹਨ॥

ਉਪਰ ਤੋਂ ਪ੍ਰਤਖ ਹੈ ਕਿ ਬਾਬਾ ਮੇਹਰਬਾਨ, ਪੰਡਿਤ ਤਾਰਾ ਸਿੰਘ ਨਰੋਤਮ (ਨਿਰਮਲੇ), ਪੰ: ਹਰਿਪ੍ਰਸਾਦਿ ਵੈਦਿਕ ਮੁਨਿ (ਉਦਾਸੀਨ) ਏਕੇ '੧' ਨੂੰ 'ਓਂ' ਤੋਂ ਵੱਖਰਾ ਕਰਕੇ ਵਿਸ਼ੇਸ਼ ਸੰਕੇਤ ਅਤੇ ਸੰਗਿਆ ਵਿਸ਼ੇਸ਼ਣ ਸੰਬੰਧ ਭਾਵ ਨਾਲ ਪ੍ਰਤੀਪਾਦਨ ਕਰਦੇ ਹਨ॥ ਪਰ ਭਾਈ ਵੀਰ ਸਿੰਘ ਜੀ ਇਸ ਨੂੰ ਸਮਸਤ ਸੰਗਿਆ ਰੂਪ ਵਿਚ '੧ਓ' ਨੂੰ ਏਕੋਂਕਾਰ ਪ੍ਰਤਿਪਾਦਨ ਕਰ ਰਹੇ ਹਨ॥ ਇਨ੍ਹਾਂ ਤੋਂ ਪਿਛੋਂ ਜੋ ਇਥੇ ਟੀਕੇ ਅੰਕਿਤ ਨਹੀਂ ਹਨ, ਆਧੁਨਿਕ ਸ੍ਰੀ ਗੁਰਮਤ ਵਿਆਕਰਣ ਦੇ ਮਹਾਨ ਲੇਖਕ ਭਾਈ ਸਾਹਿਬ ਸਿੰਘ ਅਤੇ ਪੰਡਿਤ ਕਰਤਾਰ ਸਿੰਘ ਦਾਖਾ ਦੇ ਵਿਚਾਰ ਭੀ ਮਹੱਤਾ ਰਖੱਣ ਦੇ ਕਾਰਣ ਅਲੋਚਨੀਯ ਹਨ॥ ਉਪਰਲੇ ਦਸ ਟੀਕਾਵਾਂ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਇਥੇ ਭਾ. ਸਾਹਿਬ ਸਿੰਘ ਦੇ ਨਿਗਮਨ- ਤਰਕ (deductive Logic) ਪੂਰਵਕ ਵਿਚਾਰ ਉਧਰਿਤ ਕਰਦੇ ਹਾਂ; ਭਾ. ਸਾਹਿਬ ਆਪਣੇ 'ਜਪੁ ਸਾਹਿਬ ਸਟੀਕ' ਵਿਚ ਵਿਸ਼ੇਸ਼

Sri Satguru Jagjit Singh Ji eLibrary NamdhariElibrary@gmail.com

ਵਿਆਕਰਣ ਦੇ ਨਿਗਮਨ- ਨੇਮ ਆਪ ਕੱਢਣ ਦਾ ਪ੍ਰਯਤਨ ਕਰਦੇ ਹਨ ਅਤੇ '੧ੴ' ਦਾ ਉਚਾਰਣ 'ਇਕ ਓਂਕਾਰ' ਨਿਹਿਤ ਕਰਦੇ ਹਨ॥ ਉਨ੍ਹਾਂ ਦੀ ਨਿਗਮਨ ਤਰਕ ਵਿਧੀ ਦਾ ਉਲੇਖ ਇਸ ਤਰ੍ਹਾਂ ਹੈ:-

੧ੴ; ਉਚਾਰਣ ਵੇਲੇ ਇਸ ਦੇ ਤਿੰਨ ਹਿਸੇ ਕੀਤੇ ਜਾਂਦੇ ਹਨ- ੧, ਓ ਅਤੇ ੱ ਇਸ ਦਾ ਪਾਠ ਹੈ 'ਇਕ ਓਅੰਕਾਰਾ'॥ ਤਿੰਨ ਹਿਸੇ ਵੱਖੋ ਵੱਖਰੇ ਉਚਾਰਿਆਂ ਇਉਂ ਬਣਦੇ ਹਨ :-

੧, ਇਕ । ਓ, -ਓਅੰ । ੧ੴ, - ਕਾਰ ॥

'ਓਅੰ' ਸੰਸਕ੍ਰਿਤ ਦਾ ਸ਼ਬਦ ਹੈ॥ ਅਮਰ ਕੋਸ਼ ਅਨੁਸਾਰ ਇਸ ਦੇ ਤਿੰਨ ਅਰਥ ਹਨ :-

(1) ਵੇਦ ਆਦਿ ਧਰਮ-ਪੁਸਤਕਾਂ ਦੇ ਆਰੰਭ ਅਤੇ ਅਖ਼ੀਰ ਵਿਚ, ਅਰਦਾਸ ਜਾਂ ਕਿਸੇ ਪਵਿਤ੍ਰ ਧਰਮ-ਕਾਰਜ ਦੇ ਆਰੰਭ ਵਿਚ ਅਖਰ 'ਓ' ਪਵਿਤ੍ਰ ਅਖਰ ਜਾਣ ਕੇ ਵਰਤਿਆ ਜਾਂਦਾ ਹੈ।

(2) ਕਿਸੇ ਹੁਕਮ ਜਾਂ ਪ੍ਰਸ਼ਨ ਆਦਿਕ ਦੇ ਉਤਰ ਵਿਚ ਆਦਰ ਅਤੇ ਸਤਕਾਰ ਨਾਲ 'ਜੀ ਹਾਂ' ਆਖਣਾ॥ ਸੋ 'ਓ' ਦਾ ਅਰਥ ਹੈ 'ਜੀ' ਹਾਂ।

(3) 'ਓਅੰ' , - ਬ੍ਰਹਮ ॥

ਇਨ੍ਹਾਂ ਵਿਚੋਂ ਕੇਹੜਾ ਅਰਥ ਇਸ ਸ਼ਬਦ ਦਾ ਇਥੇ ਲਿਆ ਜਾਣਾ ਹੈ - ਇਸ ਨੂੰ ਦ੍ਰਿੜ੍ਹ ਕਰਨ ਲਈ ਸ਼ਬਦ 'ਓ' ਦੇ ਪਹਿਲਾ (੧) ਲਿਖ ਦਿਤਾ ਹੈ ॥ ਇਸ ਦਾ ਭਾਵ ਇਹ ਹੈ ਕਿ ਇਥੇ 'ਓ' ਦਾ ਅਰਥ ਹੈ, ਉਹ ਹਸਤੀ ਜੋ ਇਕ ਹੈ, ਜਿਸ ਵਰਗਾ ਹੋਰ ਕੋਈ ਨਹੀਂ ਹੈ ਅਤੇ ਜਿਸ ਵਿਚ ਇਹ ਸਾਰਾ ਜਗਤ ਸਮਾ ਜਾਂਦਾ ਹੈ॥"

ਤੀਜਾ ਹਿਸਾ ੧ੴ ਹੈ, ਜਿਸ ਦਾ ਉਚਾਰਨ ਹੈ 'ਕਾਰ'। 'ਕਾਰ' ਸੰਸਕ੍ਰਿਤ ਦਾ ਇਕ ਪਿਛੇਤਰ, ਹੈ॥ ਆਮ ਤੌਰ ਤੇ ਇਹ ਪਿਛੇਤਰ 'ਨਾਂਵ' ਦੇ ਅਖ਼ੀਰ ਵਿੱਚ ਵਰਤਿਆ ਜਾਂਦਾ ਹੈ॥ ਇਸ ਦਾ ਅਰਥ ਹੈ "ਇਕ ਰਸ, ਜਿਸ ਵਿੱਚ ਤਬਦੀਲੀ ਨਾਹ ਆਵੇ॥"

ਇਸ 'ਪਿਛੇਤਰ' ਦੇ ਲਾਣ ਨਾਲ 'ਨਾਵ' ਦੇ ਲਿੰਗ ਵਿੱਚ ਕੋਈ ਫ਼ਰਕ ਨਹੀਂ ਪੈਂਦਾ; ਭਾਵ, ਜੇ 'ਨਾਵ', ਪਹਿਲਾਂ ਪੁਲਿੰਗ ਹੈ, ਤਾਂ ਇਸ 'ਪਛੇਤਰ' ਦੇ ਲਗਾਇਆ ਭੀ ਪੁਲਿੰਗ ਹੀ ਰਹਿੰਦਾ ਹੈ, ਜੇ ਪਹਿਲਾਂ ਇਸਤ੍ਰੀ ਲਿੰਗ ਹੋਵੇ ਤਾਂ ਇਸ ਪਿਛੇਤਰ ਦੇ ਸਮੇਤ ਭੀ ਇਸਤ੍ਰੀ ਲਿੰਗ ਹੀ ਰਹਿੰਦਾ ਹੈ; ਜਿਵੇਂ,

ਪੁਲਿੰਗ :-

ਨੰਨਾਕਾਰੁ ਨ ਕੋਇ ਕਰੇਈ॥ ਰਾਖੈ ਆਪਿ ਵਡਾਈ ਦੇਈ॥2॥2॥ (ਗਉੜੀ ਮ : ੧)

ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਣੇ॥

ਜੈਜੈਕਾਰੁ ਕਰਹਿ ਤੁਧੁ ਭਾਵਹਿ ਗੁਰਕੈ ਸਬਦਿ ਅਮੁਲਣੇ॥9॥2॥5॥ (ਸੂਹੀ ਮ : ੧)

ਸਹਜੇ ਰੁਣਝੁਣਕਾਰ ਸੁਹਾਇਆ॥ ਤਾਂ ਕੈ ਘਰਿ ਪਾਰਬ੍ਰਹਮੁ ਸਮਾਇਆ ॥7॥3॥

(ਗਉੜੀ ਮ : 5)

ਇਸਤ੍ਰੀ ਲਿੰਗ :-

Sri Satguru Jagjit Singh Ji eLibrary NamdhariElibrary@gmail.com

ਮੇਘ ਸਮੈ ਮੋਰ ਨਿਰਤਿਕਾਰ ॥ ਚੰਦੁ ਦੇਖਿ ਬਿਗਸਹਿ ਕਉਲਾਰ ॥8॥2॥

(ਬਸੰਤ ਮ:5)

ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ
ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ॥1॥6॥(ਸਵਾਈਏ ਮਹਲੇ ਚਉਥੇ ਕੇ)

ਇਸ ਪਿਛੇਤਰ ਦੇ ਲੱਗਣ ਨਾਲ ਇਹਨਾਂ ਸ਼ਬਦਾਂ ਦੇ ਅਰਥ ਇਉਂ ਕਰਨੇ ਹਨ :- ਨੰਨਾਕਾਰੁ, - ਇਕਰਸ ਇਨਕਾਰ, ਸਦਾ ਲਈ ਇਨਕਾਰ। ਜੈਜੈਕਾਰੁ, - ਲਗਾਤਾਰ 'ਜੈ ਜੈ' ਦੀ ਗੂੰਜ। ਨਿਰਤਕਾਰ, - ਇਕ ਰਸ ਨਾਚ, ਝਨਤਕਾਰ, - ਇਕ ਰਸ ਸੋਹਣੀ ਆਵਾਜ਼॥

ਪਿਛੇਤਰ 'ਕਾਰ' ਦੇ ਲਾਣ ਤੋਂ ਬਿਨਾਂ ਅਤੇ ਲਗਾਣ ਨਾਲ ਦੋਹਾਂ ਤਰ੍ਹਾਂ ਦੇ ਸ਼ਬਦਾਂ ਦੇ ਅਰਥਾਂ ਵਿੱਚ ਫ਼ਰਕ ਹੇਠ ਲਿਖੇ ਪ੍ਰਮਾਣ ਤੋਂ ਸਪਸ਼ਟ ਹੋ ਜਾਂਦਾ ਹੈ :-

"ਘਰ ਮਹਿ ਘਰੁ ਦਿਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥1॥27॥

ਧੁਨਿ, - ਆਵਾਜ਼॥ ਧੁਨਿਕਾਰ - ਲਗਾਤਾਰ ਨਾਦ, ਅਤੁੱਟ ਆਵਾਜ਼॥ ਇਸੇ ਤਰ੍ਹਾਂ :-

ਮਨੁ ਭੁਲੋ ਸਿਰਿ ਆਵੈ ਭਾਰੁ॥ ਮਨ ਮਾਨੇ ਹਰਿ ਏਕੰਕਾਰੁ ॥2॥2॥

(ਗਉੜੀ ਮ : ੧)

ਏਕੰਕਾਰੁ-ਏਕ ਓਅੰਕਾਰ; ਉਹ ਇਕ ਓਅੰ ਜੋ ਇਕ-ਰਸ ਹੈ, ਜੋ ਹਰ ਥਾ ਵਿਆਪਕ ਹੈ॥

ਸੋ '੧ਓ' ਦਾ ਉਚਾਰਨ ਹੈ "ਇਕ (ਏਕ) ਓਅੰਕਾਰ" ਅਤੇ ਇਸ ਦਾ ਅਰਥ ਹੈ "ਇਕ ਅਕਾਲਪੁਰਖ, ਜੋ ਇਕਰਸ ਵਿਆਪਕ ਹੈ॥"

ਇਸੇ ਤਰ੍ਹਾਂ ਪੰਡਿਤ ਕਰਤਾਰ ਸਿੰਘ ਦਾਖਾ (ਨਿਰਮਲੇ) ਨੇ ਇਕ ਛੋਟਾ ਲੇਖ "ਓਮ, ਓਅੰ, ਓਅੰਕਾਰ ਤੇ ਓਨਮ ਦਾ ਨਿਰਣਾ" ਲਿਖਿਆ ਹੈ॥ ਇਸ ਲੇਖ ਦਾ ਅਕਾਰ ਕੋਈ 47 ਪਤ੍ਰੇਆਂ ਦਾ ਹੈ॥ ਇਥੇ ਅਸੀਂ ਕੇਵਲ ਇਨ੍ਹਾਂ ਦੇ ਗੁਰਮਤ ਸੰਬੰਧੀ ਵਿਚਾਰ, ਸਾਰਾ ਵੇਦਿਕ ਪਿਛੋਕੜ ਆਦਿ ਅਤੇ ਆਦਿ, ਦਸਮ ਗ੍ਰੰਥਾਂ ਦੇ ਪ੍ਰਮਾਣ ਤੇ ਭਾਈ ਗੁਰਦਾਸ ਜੀ ਦੀ ਛੰਦ ਅਤੇ ਵਾਰ ਬਾਣੀ ਦੇ ਪ੍ਰਮਾਣ ਆਦਿ ਛੱਡ ਕੇ ਉਨ੍ਹਾਂ ਦੇ ਅਤਿ ਮੁਖਸਿਰ ਭਾਵ ਉਨ੍ਹਾਂ ਦੇ ਸ਼ਬਦਾਂ ਵਿੱਚ ਹੀ ਉਧਰਤ ਕਰਦੇ ਹਾਂ :-

ਗੁਰਮਤਿ ਵਿੱਚ :

1. ਗੁਰਮਤਿ ਵਿੱਚ ਓਮ ਦਾ ਅਰਥ ਨਾਂ ਆਲਾਪ ਹੈ, ਨਾ ਸ੍ਵੀਕਾਰ (ਹਾਂ) ਕਦੇ ਹੋਇਆ ਹੈ। ਕਿੰਤੂ ਪਰੰਪਰਾ ਕਾਲ ਤੋਂ ਚਲੇ ਆਉਂਦੇ, ਸਗੋਂ ਵੈਦਿਕ ਜੁਗ ਤੋਂ ਵੀ ਪਹਿਲਾਂ ਦਾ ਈਸ਼ੂਰ ਜਾਂ ਵਿਰਾਟ ਦਾ (ਸਰਗੁਣ) ਰੂਪ ਦਾ ਨਾਉਂ *ਓਅੰ* ਹੈ। ਜਿਸ ਦੀ ਬਣਤਰ ਅੱਖਰਾਂ ਦੇ ਮੇਲ ਤੋਂ ਨਹੀਂ ਬਣੀ। ਕਿੰਤੂ ਕਲਿਆਣ ਰੂਪ ਸੁਧਾਖਰੁ ਦਾ ਮੂਲ ਓ ਸ੍ਵਰ (ਅਨਾਹਦ ਨਾਦ) ਆਪਣੇ ਆਪ ਤੋਂ ਹੀ ਪ੍ਰਗਟ ਅਤੇ ਨਾਦ ਰੂਪ ਕਲਾ (ਮਾਇਆ ਦੇ ਥਾਂ) ਮ ਜਾਂ ਬਿੰਦੀ ਉਸ ਦੇ ਨਾਲ ਅਵਿਅਤ ਤੋਂ ਵਿਅਕਤ ਹੋਈ ਹੈ। ਸੋ ਕਲਾ ਅਤੇ ਕਲਾਵਾਨ ਦਾ ਮੁਖ ਸਾਮਾਨਾਧਿਕਰਣ ਅਰਥ ਮੁਖ ਅਭੇਦ ਹੋਣ ਤੇ ਓਅੰ ਸ਼ਬਦ, ਸਰਗੁਣ ਬ੍ਰਹਮ ਦੀ ਅਨੇਕ ਰੂਪਤਾ ਅਰਥਾਤ ਵਿਸ਼੍ਵ-ਰੂਪ ਵਿੱਚ ਪ੍ਰਗਟ ਹੋਏ ਦਾ ਨਾਉਂ ਹੈ। ਆਪ ਤੋਂ ਆਪ ਪ੍ਰਗਟ ਹੋਣ ਕਰਕੇ ਉਸ ਨੂੰ "ਆਪੇ ਨਿਰਗੁਣ ਸਰਗੁਣ ਭੀ ਓਹੀ। ਕਲਾਧਾਰ ਜਿਨ ਸਗਲੀ ਮੋਹੀ" ਆਖਿਆ ਗਿਆ ਹੈ। ਇਸ ਲਈ ਵੈਦਿਕ ਧਰਮ ਦਾ ਉਪਾਸ਼ਯ

Sri Satguru Jagjit Singh Ji eLibrary NamdhariElibrary@gmail.com

ਅਤੇ ਸਾਰਭੂਤ ਓਮ ਤਾਂ ਪ੍ਰਕਿਰਤੀ ਅਤੇ ਉਸ ਦੇ ਕਾਰਯ ਰੂਪ ਸੰਸਾਰ ਦਾ ਹੀ ਨਾਉਂ ਹੈ, ਪਰ ਗੁਰਮਤਿ ਨਾਮ (ਓਅੰ) ਪ੍ਰਕ੍ਰਿਤੀ ਤੋਂ ਓਸੇ ਦੇ ਕਾਰਯ ਦਾ ਨਾਉਂ ਹੁੰਦਾ ਹੋਇਆ, ਸੰਸਾਰ ਤੋਂ ਨਿਰਲੇਪ ਅਤੇ ਓਸ ਵਿੱਚ ਜਾਨ ਰੂਪ ਤੇ ਰਹਿਣ ਵਾਲਾ 'ਆਤਮ ਰਾਮ' ਦਾ ਭੀ ਨਾਉਂ ਹੈ।

2. ਦੂਜੇ ਓਮ ਦੀ ਵਰਤੋਂ ਜਦੋਂ ਕਿਸੇ ਹੋਰਸ ਪਦ ਨਾਲ ਕਰਨੀ ਪਵੇ, ਤਾਂ 'ਮ' ਦੀ ਬਿੰਦੀ ਬਣਦੀ ਹੈ ਅਤੇ ਉਸ ਦੇ ਸਪਸ਼ਟ ਉਚਾਰਨ 'ਅ' ਹੇਠ ਲਗ ਕੇ 'ਓਅੰ' ਇਉਂ ਬਣ ਜਾਂਦਾ ਹੈ। ਇਸ ਲਈ ਓਅੰ ਇਹ ਸ਼ੁੱਧ ਪਦ ਈਸ਼੍ਵਰ ਦੇ ਦ੍ਰਿਸ਼ਟਮਾਨ ਸਰੀਰ ਜਾਂ ਰੂਪ ਦਾ ਹੋਣ ਕਰਕੇ ਕਿਸੇ ਦੇਵਤੇ ਦਾ ਵਾਚਕ ਜਾਂ ਬੋਧਕ ਨਹੀਂ ਅਤੇ ਜਿਵੇਂ ਉਹ ਨਿਰਗੁਣ ਹੁੰਦਾ ਭੀ, ਆਪਣੇ ਅੰਗਾਂ ਤੋਂ ਬਿਨਾਂ ਅਚਰਜ ਕਲਾ ਨਾਲ 'ਅਨਿਕ ਭਾਂਤਿ' ਵਿੱਚ ਪਸਰ ਜਾਂਦਾ ਹੈ, ਤਿਵੇਂ ਹੀ ਨਿਰਗੁਣ ਅਵਸਥਾ ਵਿੱਚ ਭੀ ਰੱਖਿਆ ਕਰ ਸਕਦਾ ਹੈ। ਇਸ ਲਈ ਓਸੇ ਦਾ ਜਾਪ ਜਾਂ ਕੀਰਤਨ ਕਰਨ ਦਾ ਉਪਦੇਸ਼ ਗੁਰਮਤਿ ਵਿੱਚ ਹੈ। ਸੋ ਓਅੰ ਗੁਰਮੁਖਿ ਕੀਓ ਅਕਾਰਾ। ਏਕੈ ਸੂਤ ਪਰੋਵਨਹਾਰਾ।" ਅਨੁਸਾਰ ਗੁਰਮੁਖਿ (ਅਕਾਲ ਪੁਰਖ) ਨੇ ਓਅੰ ਦਾ ਆਕਾਰ ਧਾਰਨ ਕ਼ੀਤਾ ਜਿਸ ਦੇ ਤੁਲ ਵੇਦਾਂ ਵਾਲਿਆਂ ਦਾ ਨਾਂਉ ਓਮ ਹੈ, ਜੋ "ਦ੍ਰਿਸ਼ਟਮਾਨ ਹੈ ਸਗਲ ਮਿਥੇਨਾ" ਏਸ ਮਹਾਂ ਵਾਕ ਅਨੁਸਾਰ ਓਅੰ ਅਤੇ ਓਮ (ਦ੍ਰਿਸ਼ਟਮਾਨ) ਉਤਪਤੀ ਨਾਸ ਵਾਲੇ ਅਥਵਾ ਸਾਮਾਯਕ ਰੂਪ ਹਨ।

ਓਅੰ ਅਤੇ ਓਅੰਕਾਰ :

3. ਵੈਦਿਕ ਧਰਮ ਵਿੱਚ 'ਓਅੰ' ਪਦ ਦੇ ਨਾਲ 'ਕਾਰ' ਅਵਯਯ ਦਾ ਰੂਪ ਹੈ, ਜੋ ਵਿਆਕਰਣ ਅਤੇ ਸ਼ਬਦ-ਸ਼ਾਸਤ੍ਰ ਦੀ ਮਰਯਾਦਾ ਤੋਂ ਵਿਰੁਧ ਹੈ, ਕਿਉਂਕਿ ਇਸ ਪ੍ਰਕਾਰ ਦਾ ਅਵੱਯਯ ਵਰਣਾਂ ਨਾਲ ਜੋੜਿਆ ਜਾਂਦਾ ਹੈ, ਪਦਾਂ ਨਾਲ ਨਹੀਂ ਜੈਸਾ 'ਕ' ਨਾਲ ਲਾਇਆ ਕਕਾਰ ਅਤੇ 'ਮ' ਨਾਲ ਲਾਇਆ ਮਕਾਰ ਆਦਿ।

4. ਗੁਰਮਤਿ ਵਿੱਚ ਓਮ ਜਾਂ ਓਅੰ ਭੀ ਪਦ ਹੈ ਅਤੇ ਕਾਰ ਭੀ ਪਦ ਹੈ, ਅਵਯਯ ਨਹੀਂ ਅਤੇ ਕਾਰ ਦਾ ਅਰਥ 'ਕ੍ਰਿ' ਧਾਤੁ ਤੋਂ ਕਰਤਾ ਜਾਂ ਕਰਨਹਾਰ ਹੈ। ਜੈਸੇ ਗ੍ਰੰਥ ਕਰਤਾ ਗ੍ਰੰਥਕਾਰ ਅਤੇ ਰਥ ਬਣਾਉਣ ਵਾਲਾ ਰਥਕਾਰ ਹੁੰਦਾ ਹੈ, ਏਵੇਂ ਓਅੰ ਜਾਂ ਓਮ ਦਾ ਕਰਨਹਾਰਾ 'ਓਅੰਕਾਰ' ਹੈ, ਜੋ ਕਲਾਧਾਰੀ ਮੰਡਲ ਵਿੱਚ ਆ ਕੇ ਆਪ ਆਪਣਾ ਅਨੇਕ ਰੂਪ ਓਮ ਦਾ ਰੂਪ ਧਾਰਨ ਕਰਦਾ ਹੈ। ਸੋ 'ਓਅੰਕਾਰ' ਓਮ ਜਾਂ ਓਅੰ ਦਾ ਕਰਤਾ ਹੈ ਅਤੇ ਇਕ ਕੋਟੀ ਉਪਰ ਹੈ ਅਤੇ ਉਸ ਤੋਂ ਉਪਰ ਨਿਰਗੁਣ ਅਵਸਥਾ ਵਾਲਾ 'ਇਕ' ਹੈ ਜਿਸ ਨੂੰ ਏਕ ਓਂਕਾਰ ਜਾਂ ਏਕੰਕਾਰ ਆਖਿਆ ਗਿਆ ਹੈ।

ਏਸ ਕਥਨ ਦਾ ਸਿਟਾ ਇਹ ਹੈ ਕਿ (ਓ) ਵੇਦਾਂ ਵਾਲਿਆਂ ਨੂੰ ਓਮ ਜਾਂ ਓਂਕਾਰ 'ਅਵਾ' ਧਾਤੂ ਤੋਂ ਬਣਿਆ ਮੰਨਣਾ ਪਿਆ, ਜੋ ਪਹਿਲਾਂ ਅਲਾਪ ਮਾਤਰ ਦੇ ਅਰਥ ਵਿੱਚ ਸੀ। ਫੇਰ ਭੀ ਸੰਪ੍ਰਦਾਈਆਂ ਦਾ ਮੰਨਿਆ ਹੋਇਆ ਅਵਯਯ ਸ੍ਵੀਕਾਰ ਕਰਕੇ ਇਹਦੇ ਨਾਲ 'ਕਾਰ' ਨਿਰਾਰਥਕ ਅਵਯਯ ਲਾ ਕੇ ਓਂਕਾਰ ਪੜ੍ਹਿਆ ਗਿਆ। ਮਗਰ ਗੁਰਮਤਿ ਵਿੱਚ ਓ + ਮ ਉਕਾ ਹੀ ਨਹੀਂ ਮੰਨਿਆ ਗਿਆ। ਕਿੰਤੂ ਉਸ ਦੇ ਥਾਂ 'ਓਅੰ' ਮੰਨਿਆ ਗਿਆ ਹੈ, ਜੋ ਓ + ਅੰ ਦੇ ਜੋਗ ਤੋਂ ਬਣਦਾ ਹੋਣ ਕਰਕੇ ਯੋਗਿਕ ਹੈ, ਓਮ ਵਾਂਗ ਅਪਸ਼ਬਦ ਜਾਂ ਬਿਅਰਥ ਅਲ ਮਾਤ੍ਰ ਨਹੀਂ।

(ਅ) ਓਮ ਅਤੇ ਓਂਕਾਰ ਦਾ ਸਮਾਨ ਉਚਾਰਨ ਕਰਨਾ ਅਸ਼ੁਧ ਹੈ।

(ਏ) ਗੁਰਮਤਿ ਦਾ ਓਂਕਾਰ ਜਾਂ ਓਅੰਕਾਰ ਦਾ ਅੰਤਿਮਕਾਰ ਅਵਯ ਨਹੀਂ, ਕਿੰਤੂ 'ਕਰਤਾ' ਅਰਥ ਦਾ ਵਾਚਕ ਹੋਣ ਕਰਕੇ ਸਾਰਥਕ ਹੈ। ਤਾਂਤੇ ਓਮ ਜਾਂ ਓਂਕਾਰ ਨਾਲੋਂ ਏਸਦਾ

Sri Satguru Jagjit Singh Ji eLibrary NamdhariElibrary@gmail.com

(ਸ) ਵੈਦਿਕ ਓਮ ਜਾਂ ਓਂਕਾਰ ਵਾਂਗ ਗੁਰਮਤਿ ਦਾ ਓਮ ਹਜ਼ਾਰ ਅਰਥ ਵਾਲਾ ਜਾਂ ਕਰੋੜਾਂ ਦੇਵਤਿਆਂ ਦਾ ਬੋਧਕ ਜਾਂ ਵਾਚਕ ਅਥਵਾ ਅ + ਉ + ਮੁ ਦੇ ਯੋਗ ਤੋਂ ਨ ਬਣਕੇ ਬ੍ਰਹਮਾ, ਵਿਸ਼ਨੂੰ, ਸ਼ਿਵ ਤੇ ਸ਼ਕਤੀਆਂ ਦਾ ਵਾਚਕ ਨਹੀਂ।

(ਹ) ਗੁਰਮਤਿ ਦਾ ਓਂਕਾਰ ਜਾਂ ਓਅੰਕਾਰ, ਵੈਦਿਕ ਓਮੁ ਅਤੇ ਗੁਰਮਤਿ ਦੇ 'ਉਅੰ' ਦਾ ਕਰਤਾ, ਓਸਦਾ ਮੂਲ ਅਤੇ ਉਸ ਦਾ ਪਿਓ ਹੈ। ਤਾਂਤੇ ਸਪਸ਼ਟ ਭੇਦ ਹੈ। ੧ਓ ਅੰਕਾਰ ੧ਓ ਜਾਂ ਏਕੰਕਾਰ।

(ਕ) ਓਂਕਾਰ ਤੋਂ ਪਹਿਲੀ ਅਵਸਥਾ ਵਾਲਾ (ਨਿਰਗੁਣ, ਅਵਿਅਕਤ) ਹੋਣ ਕਰਕੇ ਨਾਨਾ ਰੂਪੀ ਅਨਿਕ ਭਾਂਤੀ, ਏਕਓਅੰਕਾਰ ਜਾਂ ਏਕੰਕਾਰ ਦਾ ਮੂਲ ਹੋਣ ਕਰਕੇ ਓਅੰ ਜਾਂ ਵੈਦਿਕ ਓਮ ਦਾ ਭੀ ਦਾਦਾ ਹੈ।

(ਖ) ਗੁਰਬਾਣੀ ਵਿੱਚ ਲਿਖਿਆ ਹੈ- "ਈਘੈ ਨਿਰਗੁਣ ਉਘੈ ਸਰਗੁਣ ਕੇਲਿ ਕਰਤ ਵਿੱਚ ਸੁਆਮੀ ਮੇਰਾ" ਅਰਥਾਤ ਨਿਰਗੁਣਤਾ ਅਤੇ ਸਰਗੁਣਤਾ ਦੋਵੇਂ ਪਰਮ ਤ੍ਰਤ (ਮੂਲ) ਦੀਆਂ ਅਵਸਥਾਂ ਹਨ। ਉਹ ਉਨ੍ਹਾਂ ਦਾ ਧਰੁਵ (ਠਿਕਾਣਾ ਜਾਂ ਮੂਲ) ਹੈ ਅਤੇ ਉਹ ਅਵਸਥਾ ਆਪਸ ਵਿਚੀਂ ਇਕ ਦੂਜੇ ਦੀ ਅਪੇਖਿਆ ਕਰਕੇ ਹਨ, ਇਸ ਕਰਕੇ ਸੁਤੰਤਰ ਤੇ ਉਨ੍ਹਾਂ ਦਾ ਮੂਲ ਮੇਰਾ ਸੁਆਮੀ ਅਰਥਾਤ ਉਪਾਸ਼ਯ ਦੇਵਤਾ, ਦੋਹਾਂ ਤੋਂ ਭਿੰਨ ਪਰ ਦੋਹਾਂ ਵਿੱਚ ਕੇਲ ਕਰਨ ਵਾਲਾ ਹੈ ਉਹ ਵਾਹਿਗੁਰੂ ਹੈ। ਸੋ ਓਮ ਜਾਂ ਓਅੰ ਦਾ ਪੜਦਾਦਾ ਅਥਵਾ ਚਾਰ ਕੋਟੀਆਂ ਉਪਰ ਹੈ,ਇਹ ਹੈ ਗੁਰਮਤਿ ਦੇ ਨਾਵਾਂ ਦੀ ਵਿਸ਼ੇਸ਼ਤਾ। ਓਨਮ: ਓਮ ਨਮ= (ਵੇਦਕਾਂ ਦਾ ਨਾਉਂ)

ਇਹ ਵਾਕ ਬ੍ਰਾਹਮਣੀ ਮਤ ਵਿੱਚ ਸ੍ਰਸਤੀ- ਵਾਚਕ ਹੈ, ਅਰਥਾਤ ਖੁਸ਼ੀ ਦੇ ਆਨੰਦ ਦਾ ਵਾਚਕ ਹੈ) ਅਤੇ ਹਰ ਕੰਮ ਕਰਨ ਲਗਿਆਂ ਨਮਸਕਾਰ ਰੂਪੀ ਮੰਗਲ ਹੈ, ਜੋ ਓਂ ਨਮ: ਏਸ ਵਾਕ ਤੋਂ 'ਸਤਿ ਸ੍ਰੀ ਅਕਾਲ' ਦੀ ਤਰਾਂ ਪਦ ਬਣ ਗਿਆ ਹੈ। ਏਸਦਾ ਅਰਥ ਹੈ ਓਮ ਨੂੰ ਨਮਸਕਾਰ ਹੈ। ਇਹ ਸੰਖੇਪ ਰੂਪ ਓਨਮ ਕਰਕੇ ਵਰਤਿਆ ਜਾਣ ਲਗਾ, ਫੇਰ 'ਨਮਸਕਾਰ ਜੋਗ' ਓਮ ਅਰਥ ਵਿੱਚ ਬਦਲ ਗਿਆ ਸੋ ਓਮ ਜਾਂ ਓਨਮ ਇਕੋ ਅਰਥ ਦੇ ਬੋਧਕ ਹਨ। (ਪੰ: ਕਰਤਾਰ ਸਿੰਘ ਦਾਖਾ)

ਨੋਟ- *ਪੰਜਾਬੀ ਰਤਨ* ਲੁਧਿਆਣਾ 22 ਜੁਲਾਈ 1955 ਦੇ ਪਰਚੇ ਵਿੱਚ ਏਹ ਲੇਖ ਛਪਿਆ ਸੀ। ਉਦੋਂ ਸ: ਹਰਿਮਿੰਦਰ ਸਿੰਘ ਜੀ ਅਲੈਗਜ਼ੈਡਰੀਆ (ਮਿਸਰ) ਦੇ ਭਾਰਤ ਦੇ ਦੂਤ ਘਰ ਵਿੱਚ ਕੰਮ ਕਰਦੇ ਸਨ।

ਉਤਲੇ ਕਹੇ 12 ਟੀਕੇਕਾਰਾਂ ਦੀ ਵਿਚਾਰਧਾਰਾ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ :-

1. ਉਹ ਜਿੜ੍ਹੇ '੧' ਅਤੇ '੧ਓ' ਦੋਹਾਂ ਨੂੰ ਵੱਖ ਵੱਖ ਦਾਰਸ਼ਨਿਕ ਮਾਨਤਾਵਾਂ ਕਾਰਨ ਭਿੰਨ-ਭਿੰਨ ਭਾਵਾਰਥਕ ਪ੍ਰਤਿਪਾਦਨ ਕਰਦੇ ਹਨ, ਜਿਵੇਂ ਬਾਬਾ ਮੇਹਰਬਾਨ, ਸੰਤ ਪੰਡਿਤ ਤਾਰਾ ਸਿੰਘ ਨਿਰੋਤਮ (ਨਿਰਮਲਾ), ਪੰ. ਹਰਿਪ੍ਰਸਾਦ (ਉਦਾਸੀਨ), ਆਦਿਕ ਜਿੜ੍ਹੇ ਅਦ੍ਵੈਤਵਾਦੀ ਹੁੰਦੇ ਹੋਏ ਵੀ ਭਗਤੀ, ਕਰਮਯੋਗ, ਰਾਜਯੋਗ, ਆਦਿ ਭਿੰਨ-ਭਿੰਨ ਨਿਸ਼ਠਾਵਾਂ ਤੇ ਪ੍ਰਤਿਪਾਦਕ ਹਨ॥

2. ਉਹ ਜੇੜ੍ਹੇ ੧ਓ ਨੂੰ ਏਕ-ਅਕਸ਼ਰ ਰੂਪ ਵੇਦਿਕ-ਗੀਤਾ ਦੀ ਵੇਦਾਂਤਿਕ (monistic) ਦੀ ਪ੍ਰਥਾ ਅਨੁਸਾਰ ਮੰਨਦੇ ਹਨ ਅਤੇ ਵੇਦਾਂਤਿਕ (monism) ਪ੍ਰਣਾਲੀ ਅਨੁਸਾਰ ਭਾਵਾਰਥ ਪ੍ਰਤਿਪਾਦਨ ਕਰਦੇ ਹਨ, ਜਿਵੇਂ ਭਾ: ਰਾਮ ਕਿਸ਼ਨ, ਸ੍ਵਾਮੀ ਅਨੰਦਘਨ, ਭਾ: ਸੰਤੋਖ ਸਿੰਘ, ਆਦਿ।

Sri Satguru Jagjit Singh Ji eLibrary NamdhariElibrary@gmail.com

3. ਉਹ ਹਨ ਜਿੜ੍ਹੇ ਆਧੁਨਿਕ ਪੱਛਮੀ ਸੰਸਕ੍ਰਿਤੀ ਤੋਂ ਪ੍ਰਭਾਵਿਤ ਵਿਅਕਤੀ ਭਾਰਤੀ ਸੰਸਕ੍ਰਿਤ ਤੋਂ ਛੁਟ ਨਵੀਨ ਪੱਧਤੀ ਦੇ ਹਨ, ਅਤੇ ਜਿੜ੍ਹੇ ੧ਓ ਨੂੰ ਇਕ ਸਮਸਤ ਰੂਪ ਮੰਨ ਕੇ ਇਕ ਅਕਾਲਪੁਰਖੁ, ਇਕ ਵਾਹਿਗੁਰੂ, ਇਕ ਪਰਮਾਤਮਾ, ਇਕ ਈਸ਼ੁਰ, ਇਕ ਰੱਬ, One God, (Semetic Religions) ਸਾਮੀ ਤੇ ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ (Monotheistic) ਅਰਥ ਕਰਣ ਲਗ ਪਏ ਹਨ॥ ਜਿਵੇਂ ਭਾ: ਵੀਰ ਸਿੰਘ, ਭਾਈ ਸਾਹਿਬ ਸਿੰਘ, ਭਾ: ਜੋਧ ਸਿੰਘ, ਪ੍ਰਿ: ਤੇਜਾ ਸਿੰਘ ਆਦਿ॥

ਇਨ੍ਹਾਂ ਤਿੰਨ ਸ਼੍ਰੇਣੀਆਂ ਦੀ ਜੇ ਨਿਗਮਨ-ਆਗਮਨ ਤਰਕ ਰਾਹੀਂ ਆਲੋਚਨਾ ਕੀਤੀ ਜਾਵੇ ਤਾਂ ਸੰਖੇਪ ਨਾਲ ਸਿੱਟਾ ਨਾਲ ਇਹ ਨਿਕਲਦਾ ਹੈ :-

1. '੧' ਤੇ '੧ਓ' ਕੀ ਸਮਸਤ ਰੂਪ ਹਨ?

ਸ਼ਾਸਤ੍ਰ ਪ੍ਰਮਾਣ ਦੋ ਤਰ੍ਹਾਂ ਦੇ ਹੁੰਦੇ ਹਨ:- ੧ ਬਾਹਰਲੀ ਗਵਾਹੀ ਪ੍ਰਮਾਣ (external evidence) ਅਤੇ, 2: ਅੰਦਰਲੀ ਗਵਾਹੀ ਪ੍ਰਮਾਣ (internal evidence)॥ ਪਹਿਲਾਂ ਅਸੀਂ ਬਾਹਰਲੀ ਗਵਾਹੀ ਨਾਲ ਆਰੰਭ ਕਰਕੇ ਫੇਰ ਅੰਦਰਲੀ ਗੁਰਬਾਣੀ ਦੀ ਆਪਣੀ ਗਵਾਹੀ ਅਲੋਚਾਂਗੇ॥

ਬਾਹਰਲੀ ਗਵਾਹੀ ਨਾਲ ਆਰੰਭ ਕਰਨ ਦੇ ਦੋ ਮੁਖ ਕਾਰਣ ਹਨ:-

1. ਪਹਿਲਾ ਇਹ ਕਿ ਭਾਈ ਗੁਰਦਾਸ ਜੀ ਦੀ ਬਾਹਰਲੀ ਗਵਾਹੀ ਤਾਂ ਬੇਸ਼ਕ ਹੈ ਪਰ ਇਨ੍ਹਾਂ ਦੀ ਬਾਣੀ ਸ੍ਰੀ ਗੁਰੂ ਅਰਜੁਨ ਦੇਵ ਜੀ ਰਾਹੀਂ ਪਰੰਪਰਾ ਤੋਂ ਮਹੱਤ ਹੈ, ਅਤੇ ਸ੍ਰੀ ਗੁਰੂਬਾਣੀ ਦੀ 'ਕੁੰਜੀ' ਕੇਵਲ ਕਹਿਣ ਮਾਤ੍ਰ ਹੀ ਨਹੀਂ- ਬਲਕਿ ਅਸਲ ਵਿੱਚ ਹੀ 'ਕੁੰਜੀ' ਹੈ ਜਿੜ੍ਹੇ ਕੇ ਗੁਰੂਬਾਣੀ ਰੂਪਕ ਦੇ ਅਨੇਕ ਗੂੜੇ ਭਾਵਾਂ ਨੂੰ ਸੁਖੈਨ ਨਾਲ ਖੋਲ੍ਹ ਕੇ ਭਾਵਾਂ ਨੂੰ ਪ੍ਰਤੱਖ ਤੇ ਅਨੁਭਵੀ ਰੂਪ ਵਿੱਚ ਦ੍ਰਿਸ਼ਟ ਕਰਾ ਦਿੰਦੀ ਹੈ॥

2. ਦੂਜੇ, ਇਹ ਕਿ; ਜੰਦਾ (ਤਾਲਾ) ਤਾਂ ਸਦਾ 'ਨਿਧੀਂ' (ਖਜਾਨੇ) ਦੇ ਦਰ (ਦਰਵਾਜ਼ੇ) ਨੂੰ ਹੀ ਲਗਾ ਹੁੰਦਾ ਹੈ, ਪਰ ਕੁੰਜੀ ਤਾਂ ਸਦਾ ਆਪਣੇ ਪਾਸ ਬੜੀ ਸੁਰਖਿਆ ਨਾਲ ਰੱਖੀਂਦੀ ਹੈ; ਕਿਉਂਕਿ ਉਸ ਬਿਨਾਂ ਤਾਂ ਨਾ ਜੰਦਾ ਸੁਖੈਨ ਖੁਲ੍ਹ ਹੀ ਸਕਦਾ ਹੈ, ਅਤੇ ਹੋਰ ਢੰਗ ਨਾਲ ਤਾਲੇ ਨੂੰ ਤੋੜਨ ਤੋਂ ਘੱਟ ਗੱਲ ਨਹੀਂ; ਜਿੜ੍ਹੀ ਕਿ ਸ੍ਰੀ ਗੁਰੂ ਬਾਣੀ ਦੇ ਦ੍ਰਿਸ਼ਟਾਂਤ ਵਿੱਚ ਸ੍ਰੀ ਗੁਰੂਬਾਣੀ ਦਾ ਅਪਮਾਨ, ਨਰਾਦਰੀ ਤੋਂ ਘੱਟ ਨਹੀਂ ਕਿਹਾ ਜਾ ਸਕਦਾ॥ ਇਸੇ ਕਰਕੇ ਅਸੀਂ ਪਹਿਲਾਂ ਬਾਹਰਲੀ ਗਵਾਹੀ ਜੋ ਭਾਈ ਗੁਰਦਾਸ ਜੀ ਦੀ ਹੈ ਉਸ ਨਾਲ ਪਰਖਦੇ ਹਾਂ ਕਿ '੧' ਅਤੇ '੧ਓ' ਇਕ ਜਾਂ ਵੱਖ ਵੱਖ ਭਾਵਾਰਥ ਰੱਖਦੇ ਹਨ? '੧' ਅਤੇ '੧ਓ' ਦੋਂ ਕੀ ਤਾਤਪਰਜ ਹਨ॥

ਭਾਈ ਗੁਰਦਾਸ ਜੀ, ਇਹ ਵੀ ਯਾਦ ਰਹੇ ਕਿ ਮੂਲ ਆਦਿ ਗ੍ਰੰਥ ਦੇ ਪਹਿਲੇ ਲੇਖਕ ਵੀ ਹਨ, ਉਨ੍ਹਾਂ ਦੀ ਇਸ ਸੰਬੰਧ ਵਿੱਚ ਗਵਾਹੀ, ਪ੍ਰਥਾ, ਇਤਿਹਾਸ ਆਦਿ ਦੇ ਅਨੇਕ ਦ੍ਰਿਸ਼ਟੀਕੋਣਾਂ ਤੋਂ ਵੀ ਆਪਣੇ ਆਪ ਵਿੱਚ ਅਨੋਖੀ ਮਹੱਤਤਾ ਰੱਖਦੀ ਹੈ, ਆਪ '੧ਓ' ਦੇ ਸੰਬੰਧ ਵਿਚ ਲਿਖਦੇ ਹਨ:-

(1) *ਏਕਾ ਏਕੰਕਾਰ ਲਿਖ ਦਿਖਾਲਿਆ॥ ਊੜਾ ਓਅੰਕਾਰ ਪਾਸ ਬਹਾਲਿਆ॥*

(ਵਾਰ 3॥ 15)

(2) *ਨਿਰਾਧਾਰ ਨਿਰੰਕਾਰ ਨ ਅਲਖ ਲਖਾਇਆ॥*

Sri Satguru Jagjit Singh Ji eLibrary NamdhariElibrary@gmail.com

ਹੋਆ ਏਕੰਕਾਰ ਆਪਿ ਉਪਾਇਆ
ਓਅੰਕਾਰ ਅਕਾਰ ਚਲਿਤ ਰਚਾਇਆ॥

(ਵਾਰ 22॥ 1)

(3) *ਨਿਰੰਕਾਰ ਏਕੰਕਾਰ ਹੋਇ ਓਅੰਕਾਰ ਅਕਾਰ ਪਸਾਰਾ*

(ਵਾਰ 21॥ 19)

(4) *ਏਕੰਕਾਰ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ॥*

(ਵਾਰ 39॥ 1)

(5) *ਨਿਰੰਕਾਰੁ ਅਕਾਰ ਕਰਿ ਏਕੰਕਾਰੁ ਅਪਾਰ ਸਦਾਇਆ॥*
ਓਅੰਕਾਰੁ ਅਕਾਰ ਕਰਿ ਇਕੁ ਕਵਾਉ ਪਸਾਉ ਕਰਾਇਆ॥ (ਵਾਰ 39॥ 2)
ਆਦਿ ॥

ਕਹੇ ਪ੍ਰਮਾਣਾਂ ਤੋਂ ਸਪਸ਼ਟ ਹੈ ਕਿ '੧' ਲਈ ਏਕੰਕਾਰ ਪਦ ਪ੍ਰਯੋਗ ਕੀਤਾ ਜਾ ਰਿਹਾ ਹੈ ਜੋ ਨਿਰਾਕਾਰ ਨਿਰਗੁਣ ਅਵਸਥਾ ਦਾ ਵਾਚਯਾਰਥ ਤੇ ਲਖਾਇਕ ਵੀ ਹੈ ਅਤੇ '੧ਓ' ਪਦ ਲਈ ਓਅੰਕਾਰ ਪਦ ਬਾਰ ਬਾਰ ਪ੍ਰਯੋਗ ਹੋ ਰਿਹਾ ਹੈ ਜਿਤ੍ਰਾ ਸਗੁਣ ਨਿਰਾਕਾਰ ਅਤੇ ਸਗੁਣ-ਸਾਕਾਰ ਦੋਹਾਂ ਰੂਪਾਂ ਲਈ ਵਾਚਿ ਅਤੇ ਲਖ਼ਾਰਥ ਪ੍ਰਤਿਪਾਦਿਤ ਹੈ॥

ਇਸ ਗੱਲ ਨੂੰ ਹੋਰ ਵੀ ਸਪਸ਼ਟ ਕਰਨ ਲਈ ਅਸੀਂ ਇਉਂ ਕਹ ਸਕਦੇ ਹਾਂ ਕਿ ਅਨਾਦਿ ਕਾਲ ਤੋਂ ਮਨੁਖ 'ਅਕੱਥ' ਨੂੰ 'ਕਥਨ' ਕਰਣ ਦਾ ਪ੍ਰਯਤਨ ਕਰਦਾ ਆਇਆ ਹੈ, ਉਸ ਕਥਨ ਲਈ ਅਨੇਕ ਢੰਗ ਉਸ ਨੇ ਰਚੇ :- ਕਿਤੇ ਸੰਕੇਤ, ਕਿਤੇ ਅਕਸ਼ਰ, ਕਿਤੇ ਅਕਸ਼ਰਾਂ ਦਾ ਸਮੂਹ ਪਦ, ਕਿਤੇ ਪਦਾਂ ਦਾ ਸਮੂਹ ਵਾਕ ਅਤੇ ਕਿਤੇ ਵਾਕਾਂ ਨੂੰ ਵਾਚਯਾਰਥ ਤੇ ਕਿਤੇ ਲਕਸ਼ਾਰਥ ਕਰਕੇ ਅੰਕਿਤ ਕੀਤੇ ਹਨ॥ ਪਰ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਮਨੁਖ ਫੇਰ ਵੀ ਵਾਚਯਾਰਥ ਰਾਹੀਂ ਸ਼ਕਤੀਵ੍ਰਿਤੀ ਕਰਕੇ ਅਕਥ ਨੂੰ ਕਥਨ ਅੱਜ ਤਕ ਨਾ ਕਰ ਸਕਿਆ॥ ਹੁਣ ਵੀ ਜਿਵੇਂ ਮਨੁਖ ਸਦਾ ਕਰਦਾ ਆਇਆ ਹੈ, ਜੇ ਲੋੜ ਦਾ ਜ਼ੋਰ ਪੈ ਵੀ ਜਾਵੈ ਕਿ ਅਕੱਥ ਨੂੰ ਕਥਨ ਕਰਨਾ ਜ਼ਰੂਰੀ ਹੈ, ਤਾਂ ਸਭ ਤੋਂ ਸੋਹਣਾ ਬਿਆਨ ਕਰਣ ਦਾ ਢੰਗ ਉਸ ਪਾਸ ਕੇਵਲ ਸੰਕੇਤ ਜਾਂ ਚਿੰਨ੍ਹ ਹੀ ਹੈ॥ ਇਹੋਂ ਕੁਝ ਸਾਡੇ ਦੇਖਣ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਆਉਂਦਾ ਹੈ ਕਿ ਉਨ੍ਹਾਂ ਨੇ ਧਰਮ ਵਿੱਚ ਅਕਥ ਦੇ ਕਥਨ ਦੀ ਲੋੜ ਨੂੰ '੧' ਦੇ ਸੰਕੇਤ ਰੂਪ ਚਿੰਨ੍ਹ ਰਾਹੀਂ ਸੰਕੇਤਿਤ ਕੀਤਾ ਹੈ॥ ਇਹ ਪਹਿਲੀ ਵਾਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੋਈ ਅਕਸ਼ਰ, ਪਦ, ਵਾਕਿ ਆਦਿ ਦਾ ਪ੍ਰਯੋਗ ਧਰਮ ਲਈ ਵਿਸ਼ੇ ਦੇ ਸਾਰੇ ਧਰਮਾਂ ਵਿੱਚ ਮੂਲ-ਆਧਾਰ ਬਣਾ ਕੇ ਸਥਾਪਨ ਨਹੀਂ ਕੀਤਾ ਹੈ, ਬਲਕੇ ਆਪ ਨੇ ਇਕ ਅੰਕ ਦਾ ਚਿੰਨ੍ਹ ਆਪਣੇ ਸਿਧਾਂਤ ਦਾ ਆਧਾਰਿਕ ਸੰਕੇਤ ਨਿਜਿਤ ਕਰ ਦਿਤਾ ਹੈ॥ ਚਿੰਨ੍ਹ ਦੋ ਤਰ੍ਹਾਂ ਦੇ ਹਨ :- ੧. ਪ੍ਰਤੀਕ (symbols) ਅਤੇ ੨. ਸੰਕੇਤ (ਇਸ਼ਾਰੇ Signals)।

1. ਪ੍ਰਤੀਕ :- ਅਜੇਹੀਆਂ ਵ੍ਰਿਤੀਆਂ (ਪ੍ਰੇਰਕ) ਹਨ ਜੋ ਕਿਸੇ ਵਸਤੂ ਦਾ ਸੰਬੋਧਕ ਸੁਝਾਉ ਦੇਣ॥ ਜਿਵੇਂ: ਨਾਵ ਕਿਸੇ ਵਿਅਕਤੀ, ਸਥਾਨ ਜਾਂ ਵਸਤੂ ਦਾ ਬੋਧਕ ਹੁੰਦਾ ਹੈ; ਜਾਂ, ਸ਼ਬਦ ਕਿਸੇ ਨਿਆਏ-ਸ਼ਬਦ, ਨਿਆਏ-ਵਾਕਿ ਅਤੇ ਕਿਸੇ ਪ੍ਰਮੇਯ ਵਸਤੂ ਦਾ ਬੋਧਕ ਹੁੰਦਾ ਹੈ॥ ਪ੍ਰਥਮ ਪ੍ਰਤੀਕ ਦੀ ਚੋਣ ਸ੍ਵੈ-ਇੱਛਿਤ ਹੀ ਹੁੰਦੀ ਹੈ; ਪਰ ਲਗਾਤਾਰ ਵਰਤੋਂ ਤੇ ਪ੍ਰਯੋਗ ਨਾਲ ਅਸੀਂ

Sri Satguru Jagjit Singh Ji eLibrary NamdhariElibrary@gmail.com

ਇਸ ਦਾ ਅਰਥ ਇਸ ਦਾ ਸੰਬੰਧ ਐਨੀ ਪੂਰੀ ਤਰ੍ਹਾਂ ਸਮਝ ਲੈਂਦੇ ਹਾਂ, ਕਿ ਇਸ ਸੰਸਕਾਰ ਦੀ ਪਰਪੱਕਤਾ ਉਤੇ ਦੋਵੇਂ ਦੀ 'ਏਕਤਾ' ਕੁਦਰਤੀ ਹੀ ਪ੍ਰਤੀਤ ਹੋਣ ਲਗ ਪੈਂਦੀ ਹੈ॥

2. ਸੰਕੇਤ (ਇਸ਼ਾਰੇ) :- ਦੂਜੇ ਪਾਸੇ, ਆਗਮਨਿਕ-ਛਲਾਂਗ **(inductive leep)** ਰਾਹੀਂ ਸੰਕੇਤ ਆਪਣੇ ਸੰਬੰਧੀ ਨਾਲ ਜ਼ਿਆਦਾ ਯਥਾਰਥਬਧ ਹੁੰਦਾ ਹੈ, ਅਤੇ ਦੋਨਾਂ ਦਾ ਸ੍ਵਭਾਵਕੀ ਸੰਬੰਧੀ-ਅਰਥ ਵੀ ਯਥਾਰਥ ਸੰਬੰਧ ਹੁੰਦਾ ਹੈ॥ ਪ੍ਰਤੱਖ ਪ੍ਰਮਾਣ ਰਾਹੀਂ ਅਨੁਮਾਨਿਤ ਸੰਕੇਤਿਕ ਵਸਤੂ ਦਾ ਆਪਣੇ ਪ੍ਰਣਾਮੀ ਨਾਲ ਸੰਬੰਧ ਭਾਵੇਂ ਉਹ ਪ੍ਰਤੱਖ ਨਾ ਵੀ ਹੋਵੇ ਫੇਰ ਵੀ ਇਕ ਵਸਤੂ-ਵਿਸ਼ੇਸ਼ ਆਪਣੇ ਆਧਾਰ ਦਾ ਹੈ ਜਿਸ ਤੋਂ ਉਸ ਦੀ ਵ੍ਰਿਤੀ ਪ੍ਰਾਪਤ ਹੁੰਦੀ ਹੈ॥ ਇਸ ਸੰਬੰਧੀ ਦਾਰਸ਼ਨਿਕ ਦ੍ਰਿਸ਼ਟਾਂਤ ਭਾਰਤੀ ਦਰਸ਼ਨ ਵਿੱਚ ਪ੍ਰਸਿੱਧ ਹੈ, ਜਿਵੇਂ:- "ਧੂਆਂ ਅਗਨੀ ਦਾ ਸੰਕੇਤ ਹੈ"॥ ਜਾਂ ਆਦਿ ਗ੍ਰੰਥ ਵਚਨ ਹੈ:-

"ਦੀਵਾ ਬਲੇ ਅੰਧੇਰਾ ਜਾਏ॥ ਵੇਦ ਪਾਠ ਮਤਿ ਪਾਪਾ ਖਾਇ॥
ਉਗਵੈ ਸੂਰ ਨਾ ਜਾਪੈ ਚੰਦ॥ ਜਿਹ ਗਿਆਨ ਪ੍ਰਕਾਸ਼ ਅਗਿਆਨ ਮਿਟੰਤ"॥

ਜਾਂ

ਜਿਹ ਮੰਦਰ ਦੀਪਕ ਪਰਗਾਸਿਓ ਅੰਧਕਾਰ ਭਇਆ ਨਾਸ"॥

ਇਸ ਤੋਂ ਅੱਗੇ ਚਿੰਨ੍ਹ ਦੋ ਸ਼੍ਰੇਣੀਆਂ ਵਿੱਚ ਵੰਡ ਸਕਦੇ ਹਾਂ; ੧:- ਨਿਖਰੇ-ਸੰਕੇਤ (reduced cites) ਅਤੇ, ੨:- ਅਸਪਸ਼ਟ।

ਮੂਲ ਮੰਤ੍ਰ ਦਾ ਏਕੰਕਾਰ '੧' ਇਕ ਨਿਖਰਿਆ ਸੰਕੇਤ ਹੈ॥ ਇਸ ਵਿੱਚ ਅਸਪਸ਼ਟਤਾ ਤਾਂ ਸੰਭਵ ਹੀ ਨਹੀਂ॥ ਅਗੇ ਇਸ '੧' ਨਿਖਰੇ ਸੰਕੇਤ ਦੀ ਅਲੋਚਨਾ ਦਾ ਯਤਨ ਕਰਦੇ ਹਾਂ:-

ਦੇਖਿਆ ਜਾਂਦਾ ਹੈ ਕਿ ਕਰੀਬਨ ਸਾਰੇ ਟੀਕਾਕਾਰ ਭਾਈ ਗੁਰਦਾਸ ਜੀ ਦੀ ਬਾਣੀ ਦਾ ਪ੍ਰਮਾਣ ਮੰਨ ਕੇ ਦਿੰਦੇ ਹੋਏ '੧' ਤੋਂ ਏਕੰਕਾਰ, ਅਤੇ 'ਓ' ਤੋਂ '੧ਓ' ਪੈਂਤੀ ਤੋਂ ਵੱਖਰੇ ਅਕਸ਼ਰ ਮੰਨਦੇ ਹਨ॥ ਅਗੇ 'ਓ' ਦੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਰੂਪ ਮਿਲਦੇ ਹਨ, ਜਿਵੇਂ:

1. ਪੰਨੇ '੧' ਉਤੇ - ੧ਓ ਮੂਲ ਮੰਤ੍ਰ ਦੇ ਪ੍ਰਾਰੰਭ ਵਿੱਚ ਹੈ॥
2. ਓਨਮ - ਰਾਮਕਲੀ ਓਅੰਕਾਰ ਮ: ੧ - ਪੰਨਾ 930, ਅਤੇ, ਭਾਈ ਗੁਰਦਾਸ ਛੰਦ: ੧,੨ ਅਤੇ ੩
3. ਉਨਮੋ - ਰਾਮਕਲੀ ਮ : 5: - ਰਹਾਉ 45 ॥੩੫॥ ਪੰਨਾ 897॥
4. ਓਅੰ - ਗਉੜੀ ਬਾਵਨ ਅਖਰੀ ਮ: 5 - ੧ ॥ਪੰਨਾ 250॥
5. ਓਅੰਕਾਰ - ਗਉੜੀ ਕਬੀਰ ਜੀ - 92 ॥6॥ ਪੰਨਾ 340॥
6. ਓਅੰਕਾਰਿ - ਰਾਮਕਲੀ ਓਅੰਕਾਰ - ਮ : ੧ - ੧॥੧॥ ਪੰਨਾ 930॥
7. ਓਅੰਕਾਰੁ - ਰਾਮਕਲੀ ਓਅੰਕਾਰੁ -ਮ :੧ - ॥੧॥ ਪੰਨਾ 930॥

ਆਦਿ॥ ਜੇ ਇਸ ਤਰ੍ਹਾਂ ਹਠ ਪੂਰਬਕ ਉਚਾਰਣ ਦਾ ਫੈਸਲਾ ਕਿਸੇ ਕਰਣ ਹੋਵੇ, ਤਾਂ ਮੇਰੁਖੰਡ (permutation & conciliation) ਦੇ ਰੂਪ ਬਣਾ ਕੇ ਕੀ ਫੈਸਲਾ ਕਰ ਸਕੇਗਾ, ਕਿਉਂਕੇ ਰੂਪ ਤਾਂ ਦੇਖੇ ਕੀ ਰੂਪ ਧਾਰਣਗੇ, ਜਿਵੇਂ :- '੧ਓ'

1. ਏਕੰਕਾਰ ਓਅੰਕਾਰ
2. ਇਕ ਓਅੰਕਾਰ

Sri Satguru Jagjit Singh Ji eLibrary NamdhariElibrary@gmail.com

3. ਏਕ ਓਅੰਕਾਰ
4. ਇਕ ਓਅੰ
5. ਏਕ ਓਅੰ
6. ਇਕ ਓਂ
7. ਏਕ ਓਂ

ਆਦਿ॥ ਪਰ ਇੱਕ ਗਲ ਤਾਂ ਬਿਨਾਂ ਹੀਲ ਹੁੱਜਤ ਸਾਰੇ ਹੀ ਮੰਨਦੇ ਹਨ ਕਿ '੧' ਏਕੰਕਾਰ ਅਤੇ 'ਓ' ਓਅੰਕਾਰ ਦੋਨੋ ਹੀ ਸੰਸਕ੍ਰਿਤ ਅਧਾਰੀ ਸ਼ਬਦ ਹਨ, ਅਤੇ ਰਾਮਕਲੀ ਰਾਗ ਦੀ ਓਅੰਕਾਰ ਬਾਣੀ ਵਿੱਚ ਵੀ ਪਾਂਡੇ ਦੇ ਪ੍ਰਥਾਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਬਾਣੀ ਉਸੇ ਸੰਸਕ੍ਰਿਤੀ ਨੂੰ ਸਾਹਮਣੇ ਰੱਖਦੇ ਹੋਏ ਉਚਾਰੀ ਹੈ॥ ਜੇ ਇਹ ਗਲ ਹੈ ਕਿ 'ਕਾਰ' ਇਕ ਸੰਸਕ੍ਰਿਤ ਵਿਆਕਰਣ ਨਿੱਜਿਤ ਪਛੇਤਰ (ਪ੍ਰਤਯਯ) ਬਿਨਾ ਹੀਲ ਹੁੱਜੁਤ ਸਾਰੇ ਮੰਨਦੇ ਹਨ; ਤਾਂ ਉਨ੍ਹਾਂ ਲਈ ਅਤੇ ਸਾਡੇ ਲਈ ਕੋਈ ਵੀ ਚਾਰਾ ਨਹੀਂ ਰਹਿ ਜਾਂਦਾ ਕਿ ਅਸੀਂ ਸੰਸਕ੍ਰਿਤ ਦੇ ਵਿਆਕਰਣ ਦੇ ਨੇਮਾਂ ਨੂੰ ਨਾ ਅਪਨਾਈਏ॥ ਸੰਸਕ੍ਰਿਤ ਵਿਆਕਰਣ ਦੀ ਪਰੀਭਾਖਾ 'ਕਾਰ' ਪ੍ਰਤਯਯ ਸੰਬੰਧੀ ਇਹ ਹੈ :-

ਓਂ ਦਾ ਵਿਆਕਰਣਕ, ਛਾਂਦਸ, ਨਿਰੁਕਤ ਆਦਿ ਪੱਖ॥

ਪਾਣਿਨੀਯ ਅਸ਼ਟਾਧਯਾਯੀ ਵਿੱਚ:- 'ਅਨੁਦਿਤਯਵਰਣਸਯ ਚਾਪ੍ਰਤਯਯ: ॥੧॥੧॥69॥ ਸੂਤ੍ਰ ਹੈ॥ ਇਸ ਦਾ ਅਰਥ ਵਾਰਤਿਕਕਾਰ ਸ੍ਰੀ ਭੱਟੋਜੀ ਦੀਕਿਸ਼ਤ ਇਸ ਤਰ੍ਹਾਂ ਕਰਦੇ ਹਨ:- ਪ੍ਰਤੀਯਤੇ ਵਧੀਯਤੇਤਿ ਪ੍ਰਤਯਯ:॥ ਅਰਥਾਤ ਪ੍ਰਤਯਯ ਉਹ ਹੈ ਜਿਤ੍ਰਾ ਪ੍ਰਤਯਿਤ ਭਾਵ ਵਿਧਾਨ ਕਰਕੇ ਵਿਆਕਰਣ ਨੇ ਹੀ ਕੀਤਾ ਹੋਵੇ॥

ਪਾਣਿਨੀਯ ਨੇ, ਅਤੇ ਉਨ੍ਹਾਂ ਦੇ ਗ੍ਰੰਥ ਦੇ ਭਾਸ਼ਕਾਰ ਪਾਤੰਜਲੀ ਨੇ 'ਕਾਰ' ਪ੍ਰਤਯਯ ਦੇ ਸੰਬੰਧ ਵਿੱਚ ਇਹ ਸੂਤ੍ਰ ਤੇ ਅਰਥ ਦਿਤੇ ਹਨ:-

ਰੋਗਾਖਯਾਯਾਂ ਣ੍ਵੁਲਬਹੁਲੰ॥੩॥੩॥108॥ ਇਸ ਸੰਬੰਧੀ ਤੱਤਬੋਧਨੀ ਟੀਕਾਕਾਰ ਇਹ ਲਿਖਦਾ ਹੈ- ਇਸ ਸੂਤ੍ਰ ਰਾਹੀਂ ਰੋਗ ਦਾ ਨਾਮ ਨਿਰਮਾਣ ਕਰਨ ਵਿੱਚ 'ਣ੍ਵੁਲ' ਪ੍ਰਤਯਯ ਬਹੁਲਤਾ ਨਾਲ ਹੁੰਦਾ ਹੈ॥ ਇਸਤ੍ਰੀ ਲਿੰਗ ਸ਼ਬਦ 'ਪ੍ਰਚਛੂਰਦਿਕਾ, 'ਪ੍ਰਣਾਹਿਕਾ', 'ਵਿਚਰਚਿਕਾ' ਆਦਿ ਅਨੇਕ ਸ਼ਬਦ ਬਣਦੇ ਹਨ॥ ਬਹੁਲਤਾ ਦੇ ਕਾਰਣ ਕਿਤੇ-ਕਿਤੇ ਨਹੀਂ ਵੀ ਹੁੰਦਾ ਜਿਵੇਂ : 'ਅਰਦ' ਸ਼ਬਦ, ਸਿਰਦਰਦ ਦਾ ਵਾਚੀ ਹੈ॥ ਇਸ ਵਿੱਚ 'ਣ੍ਵੁਲ' ਪ੍ਰਤਯਯ ਨਹੀਂ ਹੈ॥ ਇਸੇ ਲਈ 'ਸ਼ਿਰੋਕਤਿ' ਰੂਪ ਬਣਦਾ ਹੈ॥ ਅਤੇ ਇਸ ਤੋਂ ਮਗਰੋਂ ਰਿਖੀ ਕਾਤਯਾਯਨ ਦਾ ਪਾਣਿਨੀਯ ਦੇ ਸੂਤ੍ਰ ਉਤੇ ਇਹ ਆਕਸ਼ੇਪ ਵਾਰਤਿਕ ਸੂਤ੍ਰ ਹੈ :- ਧਾਤ੍ਵਰਥ ਨਿਰਦੇਸ਼ੈ ਣ੍ਵੁਲ੍ਤ੍ਰੁਲਵਯ॥ ਵਾਰਤਿਕ 2225॥ ਅਰਥ- ਧਾਤੁ ਦਾ ਅਰਥ ਹੀ ਨਿਰਦੇਸ਼ ਕਰਣ ਉਤੇ ਵੀ 'ਣ੍ਵੁਲ' ਪ੍ਰਤਯਯ ਬਹੁਲਤ ਨਾਲ ਹੁੰਦਾ ਹੈ ਜਿਵੇਂ 'ਆਸ ਅਪਵੈਸ਼ਨੇ' ਧਾਤੁ ਤੋਂ 'ਆਸਿਕਾ' (ਬੈਠਨਾ), 'ਸ਼ਿਪ-ਸ਼ਯਤੇ' ਧਾਤੁ ਤੇ ਸ਼ਾਯਿਕਾ (ਸ਼ੈਨ ਕਰਣਾ, ਸੌਣਾ) ਆਦਿ ਸ਼ਬਦ ਬਣਦੇ ਹਨ, ਇਸੀ ਤਰ੍ਹਾਂ ਅੱਗੇ :-

ਇਕ ਸ਼ਿਤਪੌਂ ਧਾਤੁ ਨਿਰਦੇਸ਼ ॥ ਵਾਰਤਿਕ 2226॥ ਇਹ ਹੈ॥ ਪਰ ਇਥੇ ਇਸ ਦੇ ਅਰਥਾਂ ਦੀ ਲੋੜ ਨਹੀਂ ॥ ਇਸ ਤੋਂ ਅਗੇ 'ਕਾਰ' ਪ੍ਰਤਯਯ ਸੰਬੰਧੀ ਵਾਰਤਿਕ ਸੂਤ੍ਰ ਇਹ ਹੈ :- ਵਰਣਾਤਕਾਰ :॥ ਵਾਰਤਿਕ 2227॥ ਇਹ 'ਨਿਰਦੇਸ਼' ਸੂਤ੍ਰ ਹੈ॥ ਇਸ ਦਾ ਭਾਵ ਇਹ ਹੈ ਕਿ, ਅ, ਏ, ਓ, (ਓ, ਅ, ਏ) ਆਦਿ ਵਰਣਾ ਦੇ ਨਿਰਦੇਸ਼ ਦੇ ਅਨੁਕਰਣ ਨਾਲ ਪ੍ਰਤਿਪਾਦਕ

Sri Satguru Jagjit Singh Ji eLibrary NamdhariElibrary@gmail.com

ਸ਼ਬਦ ਆਪਣੇ ਹੀ ਅਰਥ ਵਿੱਚ 'ਕਾਰ' ਪ੍ਰਤਯਯ ਬਹੁਲਤਾ ਨਾਲ ਹੁੰਦੇ ਹਨ॥ ਜਿਵੇਂ ਅਕਾਰ, ਇਕਾਰ, ਉਂਕਾਰ, ਓਂਕਾਰ, ਕਕਾਰ, ਖਕਾਰ, ਆਦਿ ਸ਼ਬਦ ਬਣਦੇ ਹਨ॥ ਇਥੇ ਤੱਤ੍ਵ ਬੋਧਿਨੀਕਾਰ ਲਿਖਦਾ ਹੈ:- ਵਰਣਾਦਿਤਿ-ਵਰਣਾਨੁਕਰਣਦਿਤਯਰਥ, ਨ ਤੁ ਵਰਣਾ ਦੁੱਚਚਾਰਯਮਾਣਾਦਿਤਿ॥ ਤਥਾਹਿ ਸਤਯੰਕਾਰ ਇਤਯਾਖਾਵੈਵ ਸਯਾਂਨਤੁ ਕਕਾਰ ਇਤਯਾਦਿ ਅਬ ਹਿ ਸੰਬਾਤਸਯੋਚਚਾਰਣਾਤ॥ ਅਨੁਕਾਰਯਕਿਤ੍ਵਹ ਵਰਣਮਾਤ੍ਰੰ॥ ਅਕਾਰਸਯੋਚਚਾਰਣਾਰਥਵ੍ਵਤ ॥

ਅਰਥਾਤ - ਇਥੇ ਵਰਣ ਨਿਰਦੇਸ਼ ਸ਼ਬਦ ਤੋਂ ਵਰਣਾਨੁਕਰਣ ਅਰਥ ਹੈ॥ ਉਚਾਰਯਮਾਣ (ਉਚਾਰਣ ਹੋਣ ਵਾਲਾ) ਵਰਣ ਦਾ ਅਰਥ ਨਹੀਂ ਹੈ॥ ਜਿਵੇਂ:- 'ੴ = ਓਅੰ ਸ਼ਬਦ ਦੇ ਅਨੁਕਰਣਾਰਥ ਵਿੱਚ ਹੀ ਓਂਕਾਰ ਸ਼ਬਦ ਬਣਦਾ ਹੈ॥ ਕੇਵਲ 'ੴ= ਓਅੰ ਹੀ ਉਚਾਰਯਮਾਣ (ਉਚਾਰਣ ਯੋਗ) ਸ਼ਬਦ ਹੈ॥ ਇਸੇ ਲਈ ਮਾਂਡੂਕਯੋਪਨਿਸ਼ਦ ਵਿੱਚ ਦੋਨੋਂ ਰੂਪ 'ੴ = ਓਅੰ ਅਤੇ 'ਓਅੰਕਾਰ' = ਓਂਕਾਰ ਲਿਖੇ ਤੇ ਪ੍ਰਯੋਗ ਹੋਏ ਦੇਖੇ ਜਾਂਦੇ ਹਨ॥ ਜਿਵੇਂ ਪਹਿਲਾ ਮੰਤਰ ਇਹ ਹੈ:-

"ੴ ਇਤਯੇਤਦਕਸ਼ਰਮਿੰਦ ਸਰਵੰ ਤਸਯੋਪਖਯਾਨੰ
ਭੂਤੰ ਭਵਿਦਿਭਵਿਖ਼ਯਦਿਤਿ ਸਰਵੰ *ਓਂਕਾਰ* ਏਵ।"

ਬਹੁੱਲਤਾ ਦੇ ਕਾਰਣ ਕਿਤੇ ਸੰਘਾਤ ਆਦਿ ਅਰਥ ਵਿੱਚ ਵੀ 'ਕਾਰ' ਪ੍ਰਤਯਯ ਹੁੰਦਾ ਹੈ॥ ਜਿਵੇਂ 'ਸਤਯੰਕਾਰ', ਏਵੰਕਾਰ, ਨਮਸਕਾਰ, ਵਖਟਕਾਰ, ਝਨਤਕਾਰ, ਆਦਿ ਸ਼ਬਦ ਬਣਦੇ ਹਨ॥ ਪਰ 'ੴ ਤੋਂ 'ਓਂਕਾਰ' ਇਸ ਨੇਮ ਨਾਲ ਨਹੀਂ ਬਣ ਸਕਦਾ, ਕਿਉਂਕੇ ਸੰਘਾਤ ਦੇ ਅਰਥ ਵਿੱਚ ਇਹ ਨਹੀਂ ਹੈ॥ ਇਸੇ ਤਰ੍ਹਾਂ ਅਗੇ :-

ਰਾਦਿਫ॥ ਵਾਰਤਿਕ ਸੂਤ੍ਰ : 2228॥ 'ਰ' ਵਰਣ ਦੇ ਨਿਰਦੇਸ਼ ਵਿੱਚ 'ਇਫ' ਪ੍ਰਤਯਯ ਦੀ ਬਹੁਲੱਤਾ ਕਰਕੇ ਹੁੰਦਾ ਹੈ, ਜਿਵੇਂ- ਰੇਫ॥ ਬਹੁਲੱਤਾ ਦੇ ਕਾਰਣ ਕਿਤੇ ਨਹੀਂ ਭੀ ਹੁੰਦਾ, ਜਿਵਂ- ਰਕਾਰ॥ ਮਸਲਨ- "ਰਕਾਰਾਨਿ ਨਾਮਾਨਿ ਸ੍ਰਿੰਣਤੋ ਮਮ ਪਾਰਵਤੀ" ਇਸ ਵਾਕਿ ਵਿੱਚ ਦੇਖਿਆ ਜਾਂਦਾ ਹੈ।

ਪਰ ਜਿਵੇਂ ਭਾਈ ਸਾਹਿਬ ਸਿੰਘ ਲਿਖ ਗਏ ਕਿ, ਰਤਿਕਾਰ, ਧ੍ਵਨਿਕਾਰ, ਸਿਮ੍ਰਿਤਿਕਾਰ, ਸੂਤ੍ਰਕਾਰ, ਕਲਾਕਾਰ ਆਦਿ ਅਨੇਕ ਸ਼ਬਦਾਂ ਵਿੱਚ ਕਾਰ- ਅਨੁਕਰਣਾਰਥਕ ਪ੍ਰਤਯਯ ਹੈ, ਸੋ-ਕਾਰ ਪ੍ਰਤਯਯ ਐਸਾ ਨਹੀਂ ਹੈ, ਬਲਕਿ ਉਹ ਇਥੇ ਤਾਂ ਤਨਾਦਯ 'ਕ੍ਰਿ' ਧਾਤੁ (ਜਿਸ ਸੰਬੰਧੀ ਸ੍ਰੀ ਸ਼ੰਕਰਾਚਾਰਯ ਦਾ ਅਤਿਪ੍ਰਸਿਧ ਚਰਪਟ ਪੰਜਰਿਕਾ ਸਤੋਤ੍ਰ ਵਿੱਚ) ਦੇ ਡੁਕ੍ਰਿਕਰਣੇ ਧਾਤੁ ਵਿੱਚ ਆਪਣੇ ਹੀ ਅਰਥ ਵਿੱਚ 'ਅਣ੍' ਪ੍ਰਤਯਯ 'ਣਿਤ੍ਵਾਤ' ਵ੍ਰਿੱਦ੍ਧਿ ਹੋ ਕੇ 'ਕਰੋਤਿ ਇਤਿਕਾਰ 'ਸ਼ਬਦ ਬਣ ਕੇ ਕ੍ਰਿਯਾ ਵਾਚੀ ਹੈ, ਜਿਵੇਂ:- 'ਰੀਤੰ ਕਰੋਤਿ ਇਤਿ ਰਤਿਕਾਰ', 'ਧ੍ਵਨਿੰ ਕਰੋਤਿ ਇਤਿ ਧਯਨਿਕਾਰ', ਕੰਭਕਾਰ, ਆਦਿ ਅਨੇਕ ਸ਼ਬਦ ਹਨ॥ ਪਰ ਜੈਜੈਕਾਰ, ਝਨਤਕਾਰ, ਆਦਿ ਕ੍ਰਿਯਾ ਦੇ ਵਿਸ਼ੇਸ਼ਣ ਰੂਪ ਨਾਲ ਕ੍ਰਿਤ੍ਰਿਮਤਾ ਦੀ ਵਿਸ਼ੇਸ਼ਤਾ ਪ੍ਰਤਿਪਾਦਨ ਕਰਦੇ ਹਨ॥ ਪਰ 'ਓਅੰ ਕਰੋਤਿ ਇਤਿ ਓਅੰਕਾਰ' ਦਾਰਸ਼ਨਿਕ ਅਰਥਾਂ ਦੀ ਨਿਰੁਪਯੁਕਤਿਤਾਂ ਕਰਕੇ ਵਿਆਕਰਣ ਅਨੁਸਾਰ ਸਰਵਥਾ ਅਸੰਗਤ ਹੈ॥ ਇਸ ਤਰ੍ਹਾਂ ਨਾਲ ਤਰਕ ਰਾਹੀਂ ਸਿੱਧ ਕਰਣਾ ਸਾਰੇ ਵਿਆਕਰਣ ਪ੍ਰੇਮੀਯਾ, ਵਿਦਵਾਨਾਂ ਆਕਿਆਂ ਤੋਂ ਅਮਾਨਯਤ ਹੋਗਾ, ਸੰਮਾਨਤ ਨਹੀਂ॥ ਨਾਹੀਂ, ਪੰ ਹਰਿਪ੍ਰਸਾਦ ਜੀ ਦਾ

Sri Satguru Jagjit Singh Ji eLibrary NamdhariElibrary@gmail.com

ਕਥਨ '੧ੑ' ਅਤੇ ਓਂਕਾਰ ਦਾ ਅਰਥ ਇੱਕੋ ਨਹੀਂ, ਕਿਸੇ ਵੀ ਵਿਆਕਰਣ ਪਰਿਭਾਸ਼ਾ ਦੇ ਨੇਮ ਉਤੇ ਉਤਾਰੂ ਨਹੀਂ ਹੁੰਦਾ ਹੈ ਨਾ ਹੀ ਇਹ ਤਰਕ ਸਿੱਧ ਹੈ।

5:- ੧ੑ ਦਾ ਦਾਰਸ਼ਨਿਕ ਪੱਖ

ਅਸੀਂ ਪਿਛੇ ਲਿਖ ਆਏ ਹਾਂ ਕਿ '੧' ਨਿਰਾਕਾਰ-ਨਿਰਗੁਣ ਅਵਸਥਾ ਦਾ ਵਾਚਯ ਤੇ ਲਖਾਇਕ ਹੈ ਅਤੇ '੧ੑ' ਸਗੁਣ-ਨਿਰਾਕਾਰ, ਸਗੁਣ-ਸਾਕਾਰ ਦੋਹਾਂ ਰੂਪਾਂ ਲਈ ਵਾਚਯ ਤੇ ਲਕਸ਼ ਰੂਪ ਨਾਲ ਸ੍ਰੀ ਗੁਰਬਾਣੀ ਵਿੱਚ ਪ੍ਰਯੋਗ ਹੋਇਆ ਦੇਖਿਆ ਗਇਆ ਹੈ॥ ਪਹਿਲਾਂ ਅਸੀਂ ਇਹ ਵਿਚਾਰ ਕਰਨਾ ਹੈ ਕਿ 'ਉੜੇ' ਤੋਂ ਇਹ ਬਣਾਇਆ '੧ੑ' ਅਕਸ਼ਰ ਉ, ਊ, ਓ, ਇਨ੍ਹਾਂ ਮਹਾਰਨੀਆਂ ਦੇ ਰੂਪ ਤੋਂ ਵੱਖ ਰੂਪ ਹੈ, ਜਾਂ ਨਹੀਂ ॥ ਅਤੇ ਜੇ ਹੈ, ਤਾਂ ਇਸ ਦਾ ਸਭ ਤੋਂ ਮਿਲਦਾ ਜੁਲਦਾ ਨਜ਼ਦੀਕ ਰੂਪ 'ਓ' ਹੈ, ਜਿਸ ਨਾਲ ਇਕ ਲਕੀਰ '੧ੑ' ਹੋਰ ਉਤੇ ਜੋੜ ਕੇ '੧ੑ' ਦਾ ਰੂਪ ਬਣਾਇਆ ਹੈ॥ ਇਸ ਵਿੱਚ ਕੀ ਹੇਤੂ ਹੋ ਸਕਦਾ ਹੈ? ਭਾਈ ਸਾਹਿਬ ਸਿੰਘ ਜੀ ਦਾ ਹੇਤੂ ਤਾਂ ਤੁਸੀਂ ਦੇਖ ਹੀ ਲਿਆ, ਪਰ ਅਸਲ ਹੇਤੂ ਤਾਂ ਹੋਰ ਹੀ ਹੈ॥ ਉਹ ਇਹ ਕਿ, ਸੰਸਕ੍ਰਿਤ ਸਾਹਿਤ ਵਿੱਚ ਵੀ 'ਓ' ਦਾ ਨਵੇਕਲਾ ਥਾਂ ਹੈ॥ ਇਸ ਲਈ ਪਾਣਿਨੀਯ ਨੇ ਇਸ ਦੇ ਸੰਬੰਧ ਵਿੱਚ ਵੈਦਕੀ-ਪ੍ਰਕ੍ਰਿਯਾ ਵਿੱਚ ਨਵੇਕਲੇ ਰੂਪ ਵਿੱਚ ਇਉਂ ਲਿਖਿਆ ਹੈ।

"੧ੑ ਭੇਯਾਦਾਨੇ ॥ 8॥ 2॥ 87॥ ਭਟੋਜੀ ਇਸ ਦਾ ਅਰਥ ਇਉਂ ਲਿਖਦੇ ਹਨ :-

੧ੑ ਸ਼ਬਦ ਪ੍ਰਤਸਯਾਦਾਰੰਭੇ॥ ਓ ਅਗਿਨਮੀਲੇ ਪੁਰੋਹਿਤੰ...॥ ਰਿਗਵੇਦ॥੧॥੧॥੧॥

ਅਭਯਾਦਾਨੇ ਕਿੰ ? ੧ੑ ਇਤਿ ਅਕਸ਼ਰ॥"

ਅਰਥਾਤ - ੧ੑ ਸ਼ਬਦ ਪਲੁਤ ਹੋਵੇ ਅਤੇ ਆਰੰਭ ਵਿੱਚੋਂ ਪ੍ਰਯੋਗ ਹੋਵੇ॥ ਜਿਵੇਂ ਰ੍ਰਿਗ ਵੇਦ ਦੇ ਪਹਿਲੇ ਮੰਤ੍ਰ ਦੇ ਸਾਹਮਣੇ '੧ੑ' ਵਰਤ ਕੇ ਹੀ ਉਸ ਦਾ ਪ੍ਰਯੋਗ ਕੀਤਾ ਜਾਵੇ॥ (ਕਿਉਂਕਿ ਮੰਤ੍ਰਾ ਦੇ ਸ੍ਹਾਮਣੇਂ ਨਾਂ ਪ੍ਰਣਵ (੧ੑ), ਨਾ ਵਿਯਾਹ੍ਰਤੀਆ ਹੁੰਦੀਆਂ ਹਨ)

ਅਤੇ ਅਭਯਾਦਾਨ ਕਿਉਂ ਕਿਹਾ ਹੈ ? '੧ੑ' ਕਿਉਂਕੇ ਅਕਸਰ ਹੈ ॥ ਅਗਲਾ ਸੂਤ੍ਰ ਇਸ ਸੰਬੰਧੀ ਹੀ ਹੈ:-

"ਯੇ ਯਕਵ ਕਰਮਣਿ॥ 8॥ 2॥ 88॥ ਯੇ ੩ ਯਜਾਮਹੇ॥ ਯਕਵੇਤਿ ਕਿੰ? ਯੇ ਯਜਾਮਹੇ॥"

ਅਰਥਾਤ- 'ਯੇ' ਨੂੰ ਯੱਗਾਦਿ ਕਰਮ ਵਿੱਚ ਪੁਲਤ-੩ ਮਾਤ੍ਰਾ ਦਾ ਉਚਾਰਣ ਕਰੋ॥ ਜਿਵੇਂ, 'ਯੇਤ ਯਜਾਮਹੇ'॥ ਯੱਗਾਕਿ ਕਿਉਂ ਕਿਹਾ? ਉਹ ਵੇਦ ਵਿੱਧਿ ਰੂਪ ਵਚਨ ਹੈ॥ ਅਗੇ ਵਿਸਤਾਰ ਕਾਫੀ ਹੈ -----॥ ਅਗਲਾ ਸੂਤ੍ਰ ਹੈ :- "ਪ੍ਰਣਵ ਖੇ! ॥8॥2॥89॥ ਯਕਵ ਕਰਮਣਿ ਟੇ ੧ੑ ਇਤਿ ਆਦੇਸ਼ ਸਯਾਤ ਅਪਾਂ ਚੈਤਾਂਸਿ ਜਿੰਬਤੋ ੩ ਮ ॥ ਟੇਕਿੰ? ਛਲੰਤੇ ਅੰਤਸਯ ਮਾਮੂਤ॥"

ਅਰਥਾਤ - ਯੱਗ - ਕਰਮ ਵਿੱਚ ਟੇ ੧ੑ ਵਿੱਚ ਆਦੇਸ਼ ਹੋਵੇ॥ ਜਿਵੇਂ -

'ਅਪਾਂ ਰੇਤਾਸਿ ਜਿੰਬਤੋ ੩ ਮ' = (ਜਿੰਬਤ-੧ੑ)

ਟੇ ਕਿਉਂ? ਹਲੰਤ ਵਿੱਚ ਅੰਦ ਵਾਲਾ ਨਹੀਂ ਹੁੰਦਾ॥

ਇਸ ਤਰ੍ਹਾਂ '੧ੑ' ਸੰਸਕ੍ਰਿਤ ਦਾ ਅਕਸ਼ਰ ਹੈ ਅਤੇ ਪਲੁਤ (ਤਿੰਨ ਮਾਤ੍ਰਾ) ਸੰਗਿਕ ਹੈ॥ ਪਰ 'ਓ' ਕੇਵਲ ਦੋ ਮਾਤ੍ਰਾ ਦਾ ਹੀ ਵਿਆਕਰਣ ਅਨੁਸਾਰ ਹੁੰਦਾ ਹੈ, ਇਸੇ ਨੂੰ ਤਿੰਨ ਮਾਤ੍ਰਾਵਾਂ ਦਾ

Sri Satguru Jagjit Singh Ji eLibrary NamdhariElibrary@gmail.com

ਪ੍ਰਤੀਕ-ਚਿੰਨ੍ਹ ਕਰਣ ਲਈ 'ਊੜੇ' ਦੇ ਮਹਾਰਨੀ ਦੇ 'ਓ' ਦੇ ਦੋ ਮਾੜ੍ਹੇ ਦੇ ਰੂਪ ਨੂੰ ੜਿਮਾੜ੍ਹਾ ਰੂਪ ਪਲੁਤ ਕਰਣ ਲਈ ਹੀ ਸ੍ਰੀ ਗੁਰੂ ਜੀ ਨੇ ਇਕ ਮਾੜ੍ਹਾ ਹੋਰ ਵਧਾਉਣ ਲਈ ਇਕ ਲਕੀਰ ਦੋ ਮਾੜ੍ਹ ਦੇ 'ਓ' ਉੱਤੇ ਲਾ ਕੇ ਤਿੰਨ ਮਾਤੇ ਦਾ 'ਓ' ਇਕ ਨਵਾਂ ਅਕਸ਼ਰ ਨਿਜਿਤ ਕਰ ਦਿਤਾ॥

6:- ਕੀ ਗੁਰਮਤ ਵਿੱਚ ੧ਓ ਦਾ ਪਲੁਤ ਹੋਣ ਵਿੱਚ ਕੋਈ ਦਾਰਸ਼ਨਿਕ ਮਹੱਤਾ ਹੈ?

ਇਤਨਾ ਸਿੱਧ ਹੋਣ ਤੋਂ ਪਿਛੋਂ ਇਹ ਵਿਚਾਰਣ ਯੋਗ ਗਲ ਰਹਿ ਜਾਂਦੀ ਹੈ; ਕਿ, ਕੀ ਹਿੰਦੂ ਦਰਸ਼ਨ ਸਿਧਾਂਤ ਅਨੁਸਾਰ ਗੁਰਮਤ ਸਿਧਾਂਤ ਵਿੱਚ ਵੀ '੧ਓ' ਦੇ ਤਿੰਨ ਮਾੜ੍ਹੇਆਂ ਦੇ ਨਿਰਧਾਰਣ ਰੂਪਾਂ ਦੀ ਲੋੜ ਹੈ? ਕਿ, ਕੇਵਲ ਇਹ 'ਇਕ ਵਾਹਿਗੁਰੂ' ਦਾ ਕਿਓਤਿਕ ਹੋਣ ਕਰਕੇ ਇਸ ਦੀਰਘ ਸੂੜ੍ਹੀ ਤਰਕ ਤੋਂ ਬਿਨ੍ਹਾਂ (ਜਿਵੇਂ ਅੱਜਕਲ ਪ੍ਰਚਲਿਤ ਹੈ) ਮੰਨ ਲੈਣਾਂ ਚਾਹੀਦਾ ਹੈ॥ ਇਥੇ ਗਲ ਮੁਕਾਉਣ ਦੀ ਚਾਹ ਹੁੰਦੇ ਵੀ ਮੁੱਕ ਨਹੀਂ ਰਹੀ, ਕਿਉਂਕੇ :-

ਜਿਵੇਂ ਓ, ਅ, ੲ, ਆਦਿ ਅਕਸ਼ਰ ਹਨ, ਇਸੇ ਤਰ੍ਹਾਂ '੧ਓ' ਵੀ ਇਕ ਅਕਸ਼ਰ ਹੈ, ਯਥਾ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:-

ਓਨਮ ਅਖਰ ਸੁਣਹੁ ਬੀਚਾਰੁ॥ ਓਨਮ ਅਖਰ ਤ੍ਰਿਭਵਣ ਸਾਰੁ॥੧॥
ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ॥

(ਰਾਮਕਲੀ ਓਅੰਕਾਰ ਮ : ੧-੧॥ ਪੰਨਾ 930)

ਅਤੇ ਇਥੇ ਸ੍ਰੀ ਗੁਰੂ ਜੀ ਤਿੰਨ ਭੁਵਨਾਂ ਨੂੰ ਚਿੰਨ੍ਹਤ ਕਰਣ ਵਾਲਾ '੧ਓ' ਅਕਸ਼ਰ ਕਹਿ ਰਹੇ ਹਨ॥ ਜਿਵੇਂ ਸੰਸਕ੍ਰਿਤ ਵਿੱਚ 'ਕਾਰ' ਪ੍ਰਤਯਯ, ਵਰਣ ਵਿੱਚ ਉਪਦੇਸ਼ਾਰਥ ਲਗਦਾ ਹੈ, ਅਤੇ ਉਚਾਰਣ ਨਹੀਂ ਹੁੰਦਾ, ਇਸੀ ਤਰ੍ਹਾਂ ਭਾਸ਼ਾ ਵਿੱਚ ਊੜਾ, ਆੜਾ, ਆਦਿ 'ੜਾ' ਪ੍ਰਤਯਯ ਹੈ, ਅਤੇ ਕਕਾ, ਖਖਾ, ਗਗਾ, ਆਦਿ ਆਪਣੇ ਹੀ ਵਰਣ ਦੇ ਪ੍ਰਤਯਯ ਹਨ, ਜਿੜ੍ਹੇ ਉਪਦੇਸ਼ਾਰਥ ਹੁੰਦੇ ਹੋਏ ਵੀ ਪ੍ਰਯੋਗਾਰਥ ਨਹੀਂ ਹਨ, ਜਿਵੇਂ ਕਿਹਾ ਜਾਏ ਕਿ 'ਅਮ੍ਰਿਤ' ਸ਼ਬਦ ਦੇ ਭਿੰਨ ਭਿੰਨ ਵਰਣ-ਛੇਕ (ਹਿਜੇ-Spelling) ਕਰੋ ਤਾਂ ਸੰਸਕ੍ਰਿਤ ਵਕਤਾ :- ਅਕਾਰ, ਮਕਾਰ, ਰ਼ਿਕਾਰ, ਇਕਾਰ, ਤਕਾਰ ਕਹੇਗਾ॥ ਪੰਜਾਬੀ ਵਕਤਾ :- ਆੜਾ, ਮਮਾ, ਪੈਰ ਵਿੱਚ ਹਾਹਾ, ਸਿਹਾਰੀ, ਤਤਾ ਕਹੇਗਾ॥ ਪਰ ਜਦ ਉਪਦੇਸ਼ ਤੋਂ ਭਿੰਨ ਵਿਵਹਾਰ ਵਿੱਚ ਲਿਖੇਗਾ ਜਾਂ ਬੋਲੇਗਾ, ਤਾਂ :-

'ਅ ਮ ਰ਼ਿਤ = ਅੰਮ੍ਰਿਤ'

ਹੀ ਲਿਖੇਗਾ ਜਾਂ ਬੋਲੇਗਾ॥ ਇਸੇ ਤਰ੍ਹਾਂ ਅਖਰ ਵੀ ਤਿੰਨ ਮਾੜ੍ਹਾਵਾਂ ਦੇ ਹੁੰਦੇ ਹਨ, ਜਿਵੇਂ :-

ਇਸ ਤਰ੍ਹਾਂ ਦੇ ਪਲੁਤ ਸੰਗਿਕ '੧ਓ' ਦਾ ਜਿੜ੍ਹਾ ਅਨੁਸ੍ਵਾਰਿਕ ਪੱਖ ਹੈ ਉਸਦਾ ਸਮਰਥਨ ਪਾਣਿਨੀਯ ਦਾ ਸੂਤ੍ਰ ਰਾਹੀਂ ਇਸ ਤਰ੍ਹਾਂ ਹੁੰਦਾ ਹੈ :-

ਮੋਨੁਸ੍ਵਾਰ ॥8॥8॥23॥ ਮਾਂਤਸਯ ਪਦਸਯਾਨੁਸ੍ਵਾਰ ਸਯਾਛਲਿ॥

ਅਰਥਾਤ-ਹਲ ਪਰੇ ਹੋਣ ਤੇ ਅੰਤ ਵਿੱਚ 'ਮ' ਪਦ ਨੂੰ ਅਨੁਸ੍ਵਾਰ (ੰ) ਂ = ਬਿੰਦੀ ਹੋਵੇ॥ ਇਸੇ ਰਾਹੀਂ 'ਓ ੩' ਦਾ ਅਤੇ '੧ਓ ੩' ਦੇ ਅਕਸ਼ਰਾਂ ਵਿੱਚ ਭੇਦ ਸਿੱਧ ਹੋ ਜਾਂਦਾ ਹੈ ॥

ਗਲ ਰਹੀ ਹੁਣ ਇਨ੍ਹਾਂ ਤਿੰਨ ਮਾੜ੍ਹਾਵਾਂ ਦੇ ਦਾਰਸ਼ਨਿਕ ਅਰਥਾਂ ਦੀ, ਸੋ ਤਾਂ ਟੀਕੇਕਾਰਾਂ ਦੇ ਟੀਕੇਆਂ ਤੋਂ ਤਾਂ ਸਪਸ਼ਟ ਹੀ ਹੈ, ਪਰ ਇਥੇ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਗੁਰੂ ਵਚਨ ਦੀ ਆਲੋਚਨਾ ਕਰਕੇ ਹੀ ਇਸ ਵਿਸ਼ੇ ਨੂੰ ਸਮਾਪਤ ਕਰਾਂਗੇ॥

Sri Satguru Jagjit Singh Ji eLibrary NamdhariElibrary@gmail.com

ਸੰਸਕ੍ਰਿਤ	ਗੁਰਮੁਖੀ
ਹ੍ਰਸ੍ਵ ਦੀਰਘ ਪੁਲਤ ਲਘੁ ਗੁਰੂ ੧ ੨ ੩	ਲਘੁ ਗੁਰੂ ੧ ੨
ਸ੍ਵਰ:- ਅ, ਇ, ਉ, ਰਿ ਅ+ਅ = ਆ+ਅ = ਆ ੩ ਇ+ਇ = ਈ+ਇ= ਈ ੩ ਉ+ਉ = ਊ+ਉ = ਊ ੩ ਰਿ੍ + +ਰਿ੍ ੩	ਉ, ਅ, ੲ ਅ+ਅ = ਆ ਇ+ਇ = ਈ ਉ+ਉ = ਊ - - -
ਅ+ਇ = ਏ+ = ਏ ੩ ਅ+ਉ = ਓ = ਓ ੩ - - - - - - - - - - - - - - - ਅ+ਏ = ਐ = ਐ ੩ ਅ+ਓ = ਐ = ਔ ੩	ਅ+ਇ = ਏ ਅ+ਉ = ਓ - - - - - - - - - - - - - - - ਅ+ਏ = ਐ ਅ+ਓ=ਔ
ਅ+ਉ = ਓ+੩+ਮ =ਓ੩ਮ੍	ਅ+ਉ= ਓ+ਅ+ੰ (ਮ)= ਓਅੰ= ੧੐

Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪ੍ਰਮੁਖ ਅਮ੍ਰਿਤ ਦੀ ਬਾਣੀ ਸ੍ਰੀ ਜਾਪੁ ਸਾਹਿਬ ਵਿੱਚ ਲਿਖਦੇ ਹਨ:-

ਓਅੰ ਆਦਿ ਰੂਪੈ ॥ ਅਨਾਦਿ ਸਰੂਪੈ॥
ਅਨੰਗੀ ਅਨਾਮੈ॥ ਤ੍ਰਿਭੰਗੀ ਤ੍ਰਿਨਾਮੈ॥128॥

ਭਾਵਾਰਥ ਇਹ ਹੈ ਕਿ, ਪਹਿਲੀਆਂ ਸਤਰਾਂ ਤਾਂ ਸਪਸ਼ਟ ਹੀ ਹਨ, ਮਗਰਲੀਆਂ ਦਾ ਭਾਵ ਹੈ ਕਿ, '੧' ਨਿਰਗੁਣ ਨਿਰਾਕਾਰ ਨਿਸ਼ਫੁਰ ਸ੍ਵਰੂਪ ਹੈ॥ ਆਪਣੇ ਇਸ ਪਰਮਾਦਿ ਅਵਸਥਾ ਅਨੰਤਰ ਉਹੀ :-

"ਸਰਗੁਣ ਨਿਰਗੁਣ ਦੋਨੋਂ ਨਾਉ"।

ਸਗੁਣ ਸਫ਼ੁਰ ਨਿਰਾਕਾਰ ਅਤੇ ਸਗੁਣ ਸਫ਼ੁਰ ਸਾਕਾਰ ਸ੍ਵਰੂਪਾਂ ਸ਼ਕਤੀਸਬਲ ਅਨਾਦਿ ਸ੍ਵਰੂਪ ਹੈ॥ ਪਰ ਅਨਾਦਿ ਤੇ ਆਦਿ ਸ੍ਵਰੂਪਾਂ ਵਿੱਚ ਓਹ 'ਅਨੰਗੀ' ਅੰਗ ਰਹਿਤ, ਅਤੇ 'ਅਨਾਮੈ' ਨਾਮ ਰਹਿਤ ਹੈ॥ ਪਰ ਸ੍ਰਿਸ਼ਟੀ ਕਾਲ ਵਿੱਚ ਓਹੀ 'ਤ੍ਰਿਭੰਗੀ' ਤਿੰਨ ਥਾਵਾਂ ਤੋਂ ਭੇਦ-ਪਰਿਛੇਦ ਵਾਲਾ ਅਤੇ 'ਤ੍ਰਿਕਾਮੈ' ਤਿੰਨ ਸਤੋ, ਰਜੋ, ਤਮੋ ਗੁਣਾਂ ਦੀ ਕਾਮਨਾ ਵਾਲਾ ਵੀ ਹੈ॥ ਇਸੇ ਕਰਕੇ '੧ੑ' ਦਾ ਪਲੁਤ ਰੂਪ ਹੋਣਾ ਹੀ ਇਸ ਦੀ ਦਾਰਸ਼ਨਿਕ ਸ਼ਰਤਾਂ ਦੀ ਪੁਸ਼ਟੀ ਕਰਣ ਵਿੱਚ ਸਮਰਥ ਹੋਣਾ ਸੰਭਵ ਹੋ ਸਕਦਾ ਹੈ॥ ਇਸੇ ਗੱਲ ਨੂੰ ਸਾਹਮਣੇ ਅਨੁਭਵ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ:-

"ਓਨਮ ਅਖਰ ਸੁਣਹੁ ਬੀਚਾਰੁ॥ ੧ੑਓਨਮ ਅਖਰ ਤ੍ਰਿਭਵਣ ਸਾਰੁ॥"

ਕਿਹਾ ਹੈ॥

ਇਸ ਤਰ੍ਹਾਂ ਗੁਰਮਤ ਵਿੱਚ ਵੀ '੧ੑਓ' ਦਾ ਤ੍ਰਿ-ਮਾਤ੍ਰਾ ਰੂਪ, ਤ੍ਰਿ-ਵਰਣ ਰੂਪ,

ਤ੍ਰਿ-ਭਵਣ = ਜਾਗ੍ਰਿਤ, ਸੁਪਨ, ਸੁਖੁਪਤੀ; ਸਥੂਲ, ਸੂਖਮ, ਕਾਰਣ ਆਦਿ ਅਨੇਕ ਤ੍ਰਿਪੁਟੀ ਦੇ ਪਹਿਲੂ ਚਿਨ੍ਹਿਤ ਰੂਪ ਨਾਲ ਸੰਕੇਤਿ ਹੋ ਜਾਂਦੇ ਹਨ, ਅਤੇ ਬਾਕੀ ਕੁਝ ਵੀ ਨਹੀਂ ਰਹਿ ਜਾਂਦਾ॥ ਇਸ ਦੀ ਸਮਝ ਬਿਨਾਂ ਸਭ ਕੁਝ ਹੀ ਰਹਿ ਜਾਂਦਾ ਹੈ॥ ਕਿਉਂਕੇ ਸ੍ਰੀ ਗੁਰੂ ਵਚਨ ਹੈ:-

"ਅਵਰਿ ਸਭਿ ਮੂਲੈ ਕ੍ਰਮਤ ਨ ਜਾਨਿਆ॥
ਏਕੁ ਸੁਧਾਖਰੁ ਜਾਕੈ ਹਿਰਦੈ ਬਸਿਆ ਤਿਨਿ ਬੇਦਹਿ ਤਤੁ ਪਛਾਨਿਆ॥ ੧॥ ਰਹਾਉ॥
(ਸਾਰੰਗ ਮ : 5 -11॥1॥ ਪੰਨਾ 1205)

ਸੋ ਵੇਦਿਕ ਪ੍ਰਥਾ ਵਿੱਚ ਇਹ ਕਿਵੇਂ ਹੈ, ਸੰਖੇਪ ਨਾਲ ਅਗੇ ਲਿਖਦੇ ਹਾਂ :-

ਸਰਵ ਭੂਤ ਸਿਥਤੰ ਯੋ ਮਾਂ ਭਜ ਤਯੇਕਤ੍ਵਮਾਸਿਥਤ :॥
ਸਰਵਥਾ ਵਰਤਮਾਨੋ ਅਪਿ ਸ ਯੋਗੀ ਮਯਿ ਵਰਤਤੇ॥ (ਗੀਤਾ ॥੩੧॥)
ਤੇਸ਼ੰ ਗਿਆਨੀ ਨਿਤਯਯੁਕਤ ਏਕ ਭਕਿਤਰ ਵਿਸ਼ਿਖ਼ਯਤੇ॥
ਪ੍ਰਿਯੋ ਹਿ ਗਿਆਨਿਨੋਅਤਯਰਥਮਹੰ ਸ ਚ ਮਮ ਪ੍ਰਿਯ: (ਗੀਤਾ 7/17)
੧ੑਇਤਿ ਏਕ ਅਕਸ਼ਰੰ ਬ੍ਰਹਮ---॥(ਗੀਤਾ ॥8॥13)
ਯਵਾਨਯਵੇਨ ਚਾਪੰ ਗਾਯ: ਯਜੰਤੋ ਮਾਮਪਾਸਤੇ॥ (ਗੀਤਾ 9॥15॥)
ਏਕਤ੍ਵੇਨ ਪ੍ਰਿਥਕਤ੍ਵੇਨ ਬਹੁਧਾ ਵਿਸ਼੍ਵਤੋਮੁਖੰ॥
ਏਕੋ ਵਸ਼ੀ ਨਿਖ੍ਰਯਾਣਾਂ ਬਰੂਨਾਂ ਏਕੰ ਬੀਜੰ ਬਹੁਧਾ ਯ : ਕਰੋਤਿ॥
ਤਮਤਾਸਥੰ ਯੇ ਅਨੁਪਸ਼ਯੰਤਿ ਧੀਰਾ : ਤੇਖਾਂ ਸੁੰਖੰ ਸ਼ਾਸ਼੍ਵਤੰ ਨੇਤਰੇਖਾਂ॥
(ਸ੍ਵੇਤਾਸ਼ਭਰੋਪਨਿਸ਼ਦ॥੬॥੧੨)

Sri Satguru Jagjit Singh Ji eLibrary NamdhariElibrary@gmail.com

ਮਹਰਖੀਣਾਂ ਕ੍ਰਿਗੁਰਹੰ ਗਿਰਾਮਸਮਯੇ ਕਮਕਸ਼ਰੰ॥' (ਗੀਤਾ ॥੧੦॥25)
ਇਹੇਕਸਕੰ ਜਗਤ੍ਰਿਤਯੰ--॥ (ਗੀਤਾ ॥11॥7, 13, 20, 42)
ਯਦਾ ਭੂਤ ਪ੍ਰਿਥਕ ਭਾਵਮੇਕਸਥੰ ਅਨੁਪਸ਼ਯਤਿ॥
ਤਤ ਏਵ ਚ ਵਿਸਤਾਰੰ ਬ੍ਰਮ ਸੰਪਦਸਤੇ ਤਦਾ ॥ (ਗੀਤਾ ॥੧੩॥੩੦॥)
ਸਰਵ ਭੂਤੇਖੁ ਯੇਨੈਕੰ ਭਾਵਮਵਯਮ ਮੀਕਸ਼ਤੇ॥
ਅਵਿਭਕਤੰ ਮ੍ਰਿਤਯੁੰ ਸਾਤ੍ਵਿਕੰ॥ (ਗੀਤਾ ॥18॥੨੦॥)
ਮਨਸੈਵੇਦਮਾਪ੍ਤਵਯੰ ਨੇਹ ਨਾਨਾਸ੍ਤਿ ਕਿੰਚਨ॥
ਮ੍ਰਿਤਯੋ: ਸ ਮ੍ਰਿਤੰ ਗਚਛਤਿ ਯ ਇਹ ਨਾਨੇਵ ਪਸ਼ਯਤਿ॥ (ਕਠੋਪਨਿਸ਼ਦ ॥੨॥੧॥11)

ਆਦਿ:- ਇਸ ਤਰ੍ਹਾਂ '੧' ਦੀ ਮਹੱਤਾ ਅਨੇਕ ਥਾਵਾਂ ਉਤੇ ਲਿਖੀ ਮਿਲਦੀ ਹੈ॥ ਇਥੇ ਤਕ ਕਿ ਕੱਠ-ਉਪਨਿਸ਼ਦ ਕਹਿ ਰਿਹਾ ਹੈ ਕਿ ਜਿਤ੍ਰਾ ਵੀ ਦ੍ਵੈਤ (ਦੂਜਾ ਭਾਉ) ਵਾਲਾ ਹੈ ਓਹ ਮ੍ਰਿਤੂ ਤੋ ਹੋਰ ਮ੍ਰਿਤੂ-ਭਾਵ ਜਨਮ ਮਰਣ ਦੇ ਚਕ੍ਰ ਵਿੱਚ ਸਦਾ ਭ੍ਰਮਦਾ ਹੈ॥ ਅਤੇ '੧' ਦਾ ਗਿਆਤਾ ਹੀ ਇਸ ਜਨਮ-ਮਰਣ ਬੰਧ ਨੂੰ ਕੱਟਣ ਵਿੱਚ ਸਮਰਥ ਹੈ॥

ਇਸ ਤਰ੍ਹਾਂ ਸ੍ਰੀ ਸੰਕਰਾਚਾਰਯ ਤੋਂ ਲੈ ਕੇ ਹਿੰਦੂ ਧਰਮ ਵਿੱਚ ਇਕ ਪ੍ਰਥਾ ਜਹੀ ਚੱਲੀ ਦਿਖਦੀ ਹੈ ਕਿ ਜਿਥੇ ਗੀਤਾ ਵਿੱਚ 'ਏਕ ਅਕਸ਼ਰ' (ਗੀਤਾ ੧੦॥25) ਆਦਿ ਥਾਵਾਂ ਉਤੇ ਲਿਖਿਆ ਮਿਲਦਾ ਹੈ, ਸਾਰੇ ਹੀ ਟੀਕਾਕਾਰਾਂ ਨੇ ਗੀਤਾ ਦੇ '੧ੑ' ਇਤਿ ਏਕ ਅਕਸ਼ਰੰ ਬ੍ਰਹਮ ---(ਗੀਤਾ: 8॥13) ਕਰਕੇ ਹੀ ਅੱਜ ਤਕ ਅਰਥ ਕਰਦੇ ਆਏ ਹਨ॥ '੧ੑ' ਦੇ ਸੰਬੰਧ ਵਿੱਚ ਵੀ ਗੀਤਾ ਵਿੱਚ ਪੰਚ ਥਾਵਾਂ ਉਤੇ ਇਹ ਪ੍ਰਮਾਣ ਲਿਖੇ ਮਿਲਦੇ ਹਨ :-

ਪ੍ਰਣਵ : ਸਰਵ ਵੇਦੇਖੁ (7 : 8)
੧ੑ ਇਤਿ ਏਕ ਅਕਸ਼ਰੰ ਬ੍ਰਹਮ (8 : 13)
ਵੇਦਯੰ ਪਵਿਤ੍ਰੰ ਓਂਕਾਰ ਰ੍ਰਿਕਸਾਮ ਯਜੁਰੇਵ ਚ (9 : 17)
੧ੑ ਤਤਸਦਿਤਿ ਨਿਰਦੇਸ਼ੋ ਬ੍ਰਹਮਣਸ੍ਤਿਰਵਿਧ: ਸਿਮ੍ਰਤ: (17-23)
ਤਆਚ ੧ੑ ਇਤਿ ਓਦਾਕ੍ਰਿਤਜ (17-24)

ਇਸ ਤਰ੍ਹਾਂ ੧ੑ ਨੂੰ ੧ੑ ਅਤੇ ਓਂਕਾਰ ਦੋਨੋਂ ਰੂਪ ਵਿੱਚ ਪ੍ਰਯੋਗ ਕੀਤਾ ਮਿਲਦਾ ਹੈ, ਜਿਸ ਨੂੰ ਇਕ ਅਕਸ਼ਰ ਵੇਦ ਦਾ ਤਾਤ੍ਵਿਕ ਅਕਸ਼ਰ ਸ਼ਬਦ ਹੋਣ ਕਰਕੇ ਸਰਵੋਪਰਿ ਮਹੱਤਾ ਰੱਖਦਾ ਹੈ, ਅਤੇ ਜੋ ਇਸ ਇਕ ਅਕਸ਼ਰ ਨੂੰ ਸਮਝ ਕੇ ਅਨੁਭਵੀ ਹੋ ਜਾਂਦੇ ਹਨ, ਸ੍ਰੀ ਗੁਰੂ ਜੀ ਨੇ ਇਸੇ ਲਈ ਹੀ ਕਿਹਾ ਹੈ :-

"ਏਕ ਸੁਧਾਖਰ ਜਾ ਕੇ ਹਿਰਦੇ ਵਸਿਆ ਤਿਨਕੇ ਦਰਿ ਤਤ ਪਛਾਣਿਆ"

ਮੂਲ-ਮੰਤ੍ਰ : 2

ਤਾਂ ਫਿਰ ਸਿੱਖਾਂ ਪ੍ਰਸਨ ਕੀਤਾ ਜੀ, "*ਜਪੁ ਕੀ ਗੋਸ਼ਟ* ਕਿਸ ਪ੍ਰਕਾਰ ਹੈ?" ਸੋ ਭਾਈ ਜੀ ਕਥਨ ਕਰੇ ਹੈਂ, ਕਿ ਓਨਾਂ ਸਿੱਧਾਂ ਨੇ ਪੁੱਛਿਆ ਕਿ ਤੁਸੀ ਤਾਂ ਬਾਂਲੇ ਹੋ, ਅਰ ਏਥੇ ਕਿਸ ਦੇ ਬਲ ਕਰਕੇ ਆਏ ਹੋ, ਤਾਂ ਬਾਬੇ ਕਹਿਆ :-

ਇਕ ਓਂਅੰਕਾਰ "੧ੑ"
ਤਿਸਕਾ ਵੀਚਾਰ :-

Sri Satguru Jagjit Singh Ji eLibrary NamdhariElibrary@gmail.com

ਇਕ ਜੋ ਵਾਹਿਗੁਰੂ ਪ੍ਰਮਾਤਮਾ ਹੈ ਸੋ ਉਸ ਨੇ ਚਾਹਿਆ ਕਿ ਮੈਂ ਏਕ ਤੇ ਅਨੇਕ ਹੋਵਾਂ ਤਾਂ ਉਸ ਆਪਣੀ ਧੁਨਿ ਕੀਤੀ ਤਾਂ ਅਰਧ 'ਚੰਦ੍ਰਕਾ ਮਾਇਆ' ਹੋਈ, ਤਾਂ ਮਾਇਆ ਸੇ ਤ੍ਰਿੰਨ ਦੇਵਤੇ ਹੂਏ, ਜੋ 'ਉੜੇ' ਵਿੱਚੋਂ 'ਬ੍ਰਹਮਾ' ਹੋਇਆ, ਅਰ 'ਆਇਤੇ' ਵਿੱਚੋਂ 'ਵਿਸ਼ਨੂੰ' ਹੋਇਆ ਅਰ 'ਮੰਮੇ' ਵਿੱਚੋਂ 'ਮਹਾਂਦੇਵ' ਹੋਇਆ॥ ਤਾਂ ਬ੍ਰਹਮੇ ਨੂੰ 'ਰਾਜਸ-ਗੁਣ' ਦੇਕਰ ਜਗਤ ਦੇ 'ਉਤਪਤਿ' ਕਰਣ ਵਿੱਚ ਲਾਇਆ; ਅਰ 'ਵਿਸ਼ਨ' ਨੂੰ 'ਸਾਤਕ-ਗੁਣ' ਦੇਕਰ ਜਗਤ ਦੇ 'ਪਾਲਣ' ਵਿੱਚ ਲਾਇਆ, ਅਰ 'ਮਹਾਂਦੇਵ' ਨੂੰ 'ਤਾਮਸ-ਗੁਣ' ਦੇਕਰ 'ਸੰਘਾਰ' ਕਰਨ ਵਿੱਚ ਲਾਇਆ॥ ਸੋ ਜਿਸ ਨੇ ਸਭ ਨੂੰ ਧੰਧੇ ਲਾ ਛੱਡਿਆ ਹੈ, ਤਿਸਦੇ ਬਲ ਕਰਕੇ ਅਸੀਂ ਆਇ ਪਹੁੰਚੇ ਹਾਂ॥ ਤਾਂ ਓਨਾਂ ਪੁੱਛਿਆ ਉਸ ਦਾ ਨਾਉਂ ਕੀ ਹੈ? ਅਰ ਰੂਪ ਕੀ ਹੈ? ਤਾਂ ਬਾਬੇ ਕਹਿਆ,

"ਸਤਿਨਾਮੁ ਕਰਤਾ ਪੁਰਖੁ"

ਜੋ ਸੱਤ ਉਸ ਦਾ ਨਾਮ ਹੈ, ਅਰ ਜਗਤ ਦਾ ਕਰਤਾ ਹੈ॥ ਅਤੇ ਸਰਬ ਪੂਰਿਆ ਹੋਇਆ ਹੈ; ਸੋ 'ਪੁਰਖ' ਕੇ ਤਿੰਨ ਅਰਥ ਹੈਂ; ਕਿ ਜਿਤਨੇ ਜੋ ਸਰੀਰ ਹਨ ਸੋ ਪੁਰੀਆਂ ਹਨ, ਸੋ ਏਨਾਂ ਸਭਨਾਂ ਪੁਰੀਆਂ ਵਿੱਚ ਮਹਾਰਾਜ ਕੀ ਜੋਤ ਇਸਥਿਤ ਹੈ॥ ਦੂਸਰਾ ਪੁਰਖ ਪੂਰਨ ਕਾ ਭੀ ਨਾਉਂ ਹੈ॥ ਅਰ 'ਪੁ' ਨਾਮ ਹੈ ਨਰਕਾਂ ਦੇ ਸੋ ਤਿਸ ਤੋਂ ਜੋ 'ਰੱਖਿਆ' ਕਰੇ ਸੋ 'ਪੁਰਖ' ਕਹੀਐ।

ਤਾਂ ਸਿਧਾਂ ਕਹਿਆ ਕਿ 'ਨਾਮ' ਅਤੇ 'ਰੂਪ' ਤਾਂ ਮਾਇਆ ਕਰਕੇ ਕੀਤੇ ਹੋਏ ਹਨ, ਅਰ ਏਹ ਤਾਂ ਦੋਵੇਂ ਝੂਠੇ ਅਰ ਮਿਥਿਆ ਹਨ, ਤਾਂਤੇ ਏਸ ਕਰਕੇ ਕੀਹ ਸਿੱਧ ਹੋਵਣਾ ਹੈ? ਅਰ ਜੇ ਤੁਸੀ ਕਹੋਗੇ ਕਿ ਸੱਚੇ ਹਨ, ਤਾਂ ਵੇਦਾਂ ਸ਼ਾਸਤ੍ਰਾਂ ਨਾਲ ਤੁਸਾਡਾ ਵਿਰੋਧ ਹੋਵੇਗਾ, ਤਾਂ ਗੁਰੂ ਨਾਨਕ ਜੀ ਬੋਲੇ ਕਿ, "ਜੋ ਮਿਥਿਆ ਹੁੰਦਾ ਹੈ ਸੋ ਅਧਾਰ ਦੇ ਆਸਰੇ ਹੁੰਦਾ ਹੈ, ਜੈਸੇ ਸਰਪ ਜੋ ਭਾਸਤਾ ਹੈ ਤਾਂ ਰੱਸੀ ਦੇ ਆਸਰੇ ਭਾਸਦਾ ਹੈ, ਅਰ ਰੂਪਾ ਜੋ/ਭਾਸਦਾ ਹੈ ਸੋ ਸਿੱਪੀ ਦੇ ਆਸਰੇ ਭਾਸਤਾ ਹੈ, ਅਰ ਰੜੇ ਵਿੱਚ ਜੋ ਜਲ ਭਾਸਤਾ ਹੈ ਸੋ ਸੂਰਜ ਦੀਆਂ ਕਿਰਣਾਂ ਦੇ ਆਸਰੇ ਭਾਸਦਾ ਹੈ; ਤੈਸੇ ਹੀ ਮਿੱਥਿਆ ਆਧਾਰ ਦੇ ਉਪਰ ਭਾਸਤਾ ਹੈ॥ ਸੋ ਕਰਤਾਰ, ਅਕਾਲ-ਪੁਰਖ ਜੋ ਹੈ, ਸੋ ਸਭਸੇ ਦਾ ਆਧਾਰ ਹੈ, ਅਰ ਜੋ ਕਰਤੇ ਨੂੰ ਨਹੀਂ ਜਾਣਤੇ ਅਤੇ ਜਗਤ ਦਾ 'ਨਾਮ' ਭੀ ਅਰ 'ਰੂਪ' ਭੀ ਜਾਣਤੇ ਹਨ, ਸੋ ਜਗਤ ਭੀ ਝੂਠ ਹੈ, ਅਰ 'ਨਾਮ' ਤੇ 'ਰੂਪ' ਭੀ 'ਝੂਠ ਹੈ'; ਅਰ ਜੋ ਕਰਤਾਰ ਹੈ ਤਿਸਦਾ 'ਨਾਮ' ਭੀ 'ਸੱਚ' ਹੈ ਅਤੇ 'ਰੂਪ' ਭੀ 'ਸੱਚ' ਹੈ॥ ਜੈਸੇ ਰੜੇ ਦਾ ਜਲ ਤਾਂ ਮਿੱਥਿਆ ਹੈ ਪਰ 'ਰੜਾ' ਤਾਂ ਸੱਤ ਹੈ; ਤੈਸੇ ਜਗਤ ਦਾ 'ਨਾਮ', 'ਰੂਪ' ਤਾਂ 'ਮਿੱਥਿਆ' ਹੈ, ਪਰ 'ਕਰਤਾਰ' ਤਾਂ 'ਸੱਤ' ਹੈ, ਅਰ ਜੇ ਤੁਸੀਂ ਕਹੋਗੇ ਕਿ 'ਕਰਤਾਰ' ਦਾ 'ਨਾਮ' ਅਰ 'ਰੂਪ' ਮਿੱਥਿਆ ਹੈ ਤਾਂ 'ਕਰਤਾਰ' ਦਾ ਅਧਾਰ-ਭੂਤ ਕੌਣ ਠਹਿਰਾਂਵੋਗੇ? ਅਰ ਤੁਸੀਂ, ਜੋ ਅਧਾਰ-ਭੂਤ ਠਹਿਰਾਵੋਗੇ, ਸੋਈ ਅਸੀਂ 'ਕਰਤਾਰ' ਠਹਿਰਾਵਾਂਗੇ; ਤਾਂਤੇ 'ਕਰਤਾਰ' ਦਾ 'ਨਾਮ' ਭੀ 'ਸੱਤ' ਹੈ ਅਰ 'ਰੂਪ' ਭੀ 'ਸੱਤ' ਹੈ॥

"ਨਿਰਭਉ ਨਿਰਵੈਰੁ"

ਓਹ ਨਿਰਭਉ ਹੈ ਉਸ ਨੂੰ ਕਿਸੀ ਦਾ 'ਭੈ' ਨਹੀਂ ਅਰ 'ਨਿਰਵੈਰੁ' ਹੈ, ਉਸ ਨੂੰ ਕਿਸੇ ਨਾਲ 'ਵੈਰ' ਨਹੀਂ; ਕਯੋਂਕਿ 'ਭਉ' ਅਰ 'ਵੈਰ' ਆਪ ਸੇ ਦੂਸਰੇ ਨਾਲ ਹੁੰਦਾ; ਸੋ ਵਾਹਿਗੁਰੂ ਤੋਂ ਬਿਨਾਂ ਤਾਂ ਕੋਈ ਹੋਰ ਹੋਇਆ ਹੀ ਨਹੀਂ।

"ਅਕਾਲ ਮੂਰਤਿ"

Sri Satguru Jagjit Singh Ji eLibrary NamdhariElibrary@gmail.com

'ਅਕਾਲ' ਤਿਸਦੀ 'ਮੂਰਤਿ' ਹੈ,

ਤਾਂ ਸਿੱਧਾਂ ਕਹਿਆ, "ਸਰਗੁਨ ਰੂਪ ਅਕਾਲ ਕਹਿੰਦੇ ਹੋ ਕਿ ਨਿਰਗੁਣ ਰੂਪ ਅਕਾਲ ਕਹਿੰਦੇ ਹੋ? ਤਾਂ ਬਾਬੇ ਕਹਿਆ, "ਸਰਗੁਣ ਭੀ ਅਕਾਲ ਹੈ ਅਰ ਨਿਰਗੁਨ ਭੀ ਅਕਾਲ ਹੈ॥" ਤਾਂ ਸਿੱਧਾਂ ਕਹਿਆ ਕਿ, "ਜੋ ਸਰਗੁਣ ਮੂਰਤਾਂ ਹੈਂ ਸੋ ਤਾਂ ਬਿਨਸਤੀਆਂ ਹੈਂ॥" ਤਾਂ ਬਾਬੇ ਕਹਿਆ ਕਿ, "ਜੇ 'ਸਰਗੁਨ' ਰੂਪ ਦੂਰ ਹੁੰਦਾ ਹੈ ਪਰ ਸੰਤ ਜਨਾਂ ਦੇ ਰਿਦੇ ਵਿੱਚੋਂ ਤਾਂ ਦੂਰ ਨਹੀਂ ਹੁੰਦਾ॥ ਅਰ ਜੋ 'ਨਿਰਗੁਨ' ਰੂਪ ਹੈ, ਸੋ ਉਸ ਕੀ ਤੋ ਮੂਰਤ ਹੀ ਕੋਈ ਨਹੀਂ, ਅਰ ਜੋ 'ਕਾਲ' ਅਰ 'ਵਸਤੁ' ਅਰ 'ਦੇਸ' ਤੇ ਰਹਿਤ ਹੈ ਸੋ 'ਅਕਾਲ ਮੂਰਤੀ' ਕਹੀਤਾ ਹੈ॥"

"ਅਜੂੰਨੀ ਸੈਭੰ"

ਅਰ 'ਅਜੂੰਨੀ' ਉਸ ਨੂੰ ਕਹਿੰਦੇ ਹਨ ਜੋ ਮਾਤਾ ਦੇ ਗਰਭ ਵਿਖੇ ਨਹੀਂ ਆਇਆ॥" ਤਾਂ ਉਨਾਂ ਕਹਿਆ, ਅਵਤਾਰ ਜੋ ਹੋਏ ਹਨ ਸੋ ਤਾਂ ਜੂਨ ਵਿੱਚੋਂ ਹੀ ਉਤਪਤਿ ਹੋਏ ਹਨ॥" ਤਾਂ ਬਾਬ ਕਹਿਆ,

"ਸੈਭੰ"

"ਹੋਰ ਜੋ ਜੀਵ ਹਨ ਸੋ ਕਰਮਾਂ ਦੇ ਬਧੇ ਹੋਏ, ਪਰ ਅਵਤਾਰ ਕੇ ਏਹ ਲਖਣ ਹੈਂ, ਜੋ ਆਪਣੀ ਇੱਛਾ ਕਰਕੇ ਹੈ; ਅਰ ਸੰਸਿਆਂ ਦੇ ਭੰਗਨ ਕਰਨ ਵਾਲਾ ਹੋਵੇ, ਅਰ 'ਅਭੰਗ' ਹੋਵੇ, ਅਰ ਜੋ 'ਨਾਸ ਤੋਂ ਰਹਿਤ' ਹੋਵੇ ਜੋ 'ਅਜੂੰਨੀ-ਸੈਭੰ' ਕਹਿਤਾ ਹੈ॥" ਤਾਂ ਓਨਾਂ ਆਖਿਆ, "ਹੋਰ ਸਭ ਕਿਛ ਦ੍ਰਿਸ਼ਿਟ ਆਵਤਾ ਹੈ, ਅਤੇ ਵਾਹਿਗੁਰੂ ਕਯੋਂ ਨਹੀਂ ਦ੍ਰਿਸ਼ਟ ਆਵਤਾ॥" ਤਾਂ ਬਾਬ ਆਖਿਆ॥

"ਗੁਰ ਪ੍ਰਸਾਦਿ"

"ਗੁਰਾਂ ਦੀ ਕਿਰਪਾ ਕਰਕੇ ਨਜ਼ਰ ਆਂਵਦਾ ਹੈ ਜੈਸੇ ਨੇਤ੍ਰਾਂ ਦੀਆਂ ਜੋ ਪੁਤਲੀਆਂ ਹੈਂ ਸੋ ਸਾਰੇ ਜਗਤ ਨੂੰ ਵੇਖਦੀਆਂ ਹਨ, ਅਤੇ ਆਪ ਨੂੰ ਨਹੀਂ ਵੇਖਦੀਆਂ, ਪਰ ਜੇ ਆਰਸੀ ਅੱਗੇ ਰੱਖੀਏ ਤਾਂ ਆਪ ਨੂੰ ਨਹੀਂ ਵੇਖਦਾ॥ ਪਰ ਜੇ ਗੁਰਾਂ ਦੇ ਸ਼ਬਦ ਨੂੰ ਅੱਗੇ ਰੱਖਦਾ ਹੈ ਤਾਂ ਆਪ ਨੂੰ ਬੀ ਦੇਖਦਾ ਹੈ॥" ਤਾਂ ਫਿਰ ਸਿੱਧਾਂ ਨੇ ਪ੍ਰਸ਼ਨ ਕਰਿਆ ਕਿ, "ਜਦ ਜਗਤ ਨਹੀਂ ਸੀ ਕਰਿਆ, ਤਾਂ ਉਸਦਾ ਨਾਮ ਸੱਤਿ ਹੋਵੇਗਾ, ਪਰ ਜਦ ਜਗਤ ਨੂੰ ਕੀਤਾ, ਅਤੇ 'ਕਰਤਾ' 'ਭੁਗਤਾ' ਹੋਇਆ, ਤਦ ਤੋਂ ਸਤਿ ਨ ਹੋਵੇਗਾ, ਜੈਸੇ ਦੁੱਧ ਮੈਂ ਦਹੀਂ ਹੋਤਾ ਹੈ, ਅਤੇ ਜਬ ਦੁੱਧ ਕੀ ਦਹੀਂ ਹੋ ਜਾਵੇ ਤੇ ਫੇਰ ਦੁਧ ਨਹੀਂ ਹੋਤਾ, ਅਰ ਜੈਸੇ ਕਣਕ ਤੇ ਆਟਾ ਹੁੰਦਾ ਹੈ, ਅਰ ਫੇਰ ਆਟੇ ਤੇ ਕਣਕ ਨਹੀਂ ਹੁੰਦੀ॥ ਤੈਸੇ ਬ੍ਰਹਮ ਥੀਂ ਜੋ ਈਸ਼ਵਰ ਹੋਵਗਾ ਫੇਰ ਬ੍ਰਹਮ ਨ ਹੋਵੇਗਾ?" ਤਾਂ ਬਾਬੇ ਕਹਿਆ ਕਿ, "ਈਹਾਂ ਕਿ ਜੈਸੇ ਜਲ ਤੇ ਤਰੰਗ ਨਹੀਂ ਹੋਏ, ਤਬ ਭੀ ਜਲ ਹੈ; ਅਰ ਜਬ ਤਰੰਗ ਉਪਜੇ ਹੈਂ ਤਉ ਭੀ ਜਲ ਹੈ; ਅਰ ਜਬ ਤਰੰਗ ਕਲੋਲ ਕਰਤੈ ਹੈਂ ਤਉ ਭੀ ਜਲ ਹੈ, ਅਰ ਜਬ ਬਿਨਸ ਜਾਵੇਗੇ ਤਉ ਭੀ ਜਲ ਹੈ।

ਮੂਲ-ਮੰਤ੍ਰ : 3

ਇਸ ਕਾ ਅਰਥ॥

ਸਤਿਨਾਮੁ ਕਰਤਾ ਪੁਰਖੁ॥ ਯਹ ਨਾਮ ਪ੍ਰਮਾਤਮਾ ਕਾ ਹੈ। ਸਤਿ ਕਹੀਯੇ-ਜਾਗ੍ਰਤ, ਸ੍ਵਪਨ, ਸੁਖੋਪਤਿ; ਯਹ ਤੀਨ ਅਵਸਥਾ ਕੇ ਪ੍ਰਣਾਮ ਬਿਖੇ ਜੋ ਸਨ ਮਾਤ੍ਰ ਜਿਉਂ ਕਾ ਤਿਉਂ ਤੀਨੋ

Sri Satguru Jagjit Singh Ji eLibrary NamdhariElibrary@gmail.com

ਕਾਲ ਬਿਖੇ ਸਾਖੀ ਸਰੂਪ ਅਬਿਨਾਸੀ ਹੈ। ਅਰੁ ਕਰਤਾ ਕਹੀਜੇ, ਮਾਯਾ ਕਾ ਆਸ੍ਰੇ ਸਥਾਨ। ਅਰ ਜੋ ਅਪਨੀ ਚੈਤੰਨ ਸੱਤਾ ਕਰਿ ਕੇ ਮਾਯਾ ਦ੍ਵਾਰੇ ਵਾਰਵਾਰ ਜਗਤ ਰਚੇ ਹੈਂ। ਇਸ ਪਰ ਭਗਵਾਨ ਵਾਕ ਹੈ।

ਸਲੋਕ ॥ ਪ੍ਰਕ੍ਰਿਤਿੰ ਸ੍ਵਾਮ ਵਸ੍ਯ ਭਜਵਿ ਸ੍ਰਿਜਾਮਿ ਪੁ ਨ:
ਭੂਤ ਗ੍ਰਾਮ ਮਿ ਸੰ. ਕ੍ਰਿਤ ਸ੍ਵ ਮ ਵਸਯੰ ਪ੍ਰਕ੍ਰਿਤੇਰ ਵ ਸਾਤੁ॥੧॥

ਅਰਥ॥ ਅਪਨੀ ਮਾਯਾ ਕੇ ਆਸ੍ਰੇ ਭੂਤ ਹੋ ਕੇ ਵਾਰੰਵਾਰ ਸ੍ਰਿਜੋਹੇ। ਯਹ ਸੰਪੂਰਣ ਭੂਤ-ਗ੍ਰਾਮ ਅਰਮਵਸਯ ਪ੍ਰਕ੍ਰਿਤਿ ਕੇ ਵਾਸਤੇ ਰਚੇ ਹੋ। ਤਾ ਤੇ ਮਾਯਾ ਦ੍ਵਾਰੇ ਕਰਤਾ ਕਹੀਜੇ ਹੈ। ਅਰੁ ਪੁਰਖ ਕਹੀਜੈ। ਪੁਰ ਪੁਰ ਬਿਖੇ ਜਿਸ ਕਾ ਸ਼ੈਨ ਹੋਇ, ਤਿਸ ਬਯਾਪਕ ਸਰੂਪ ਕੋ ਪੁਰਖ ਕਹੀਜੈ। ਇਸ ਪਰ ਗੀਤਾ ਪ੍ਰਮਾਣ ਕਹੇ ਹੈ:-

ਮੱਤ: ਪਰਤਰੰਨਾਨਯਤ ਕਿੰਚਿਦ ਸ੍ਤਿ ਧਨੰਜਯ॥
ਮਯਿ ਸਰਬਮਿਦੰ ਪ੍ਰੋਤੰ ਸੁਤ੍ਰੇਮਣਿ ਗਣਾਇਵ॥੧॥

ਅਰਥੁ॥ ਹੇ ਧਨ ਜਬ ਮੇਰੇ ਸੇ ਅਤਿਸਯ ਪਰੇ, ਭਿੰਨ ਕਿੰਚਿਤ ਭੀ ਅੰਨ ਨਹੀਂ ਹੈ। ਜੈਸੇ ਮਣਿਕਿਓ ਕੇ ਸੰਬੁਹ ਏਕ ਸੂਤ੍ਰ ਬਿਖੇ ਪਰੋਏ ਹੈਂ, ਤਿਸ ਕੀ ਨਿਆਈ ਯਹ ਸਰਬ ਮੇਰੇ ਬਿਖੇ ਪਰੋਏ ਹੈਂ। ਸੋ ਸੂਤ੍ਰ ਕੀ ਨਿਯਾਈ ਏਕ ਹੀ ਅਭੇਦ ਬਯਾਪਕ ਸਰੂਪ ਕੋ ਸੱਤਾ ਹੈ, ਸੋ ਪੁਰੁਖ ਕਹੀਐ ਤਾ ਤੈਂ। 'ੴ ਸਤਿਨਾਮੁ ਕਰਤਾ ਪੁਰਖੁ' ਯਹ ਕੇਵਲ 'ਸੁਧ-ਬ੍ਰਹਮ' ਕਾ ਨਾਮੁ ਹੈ। ਇਸ ਪਰ ਗੀਤਾ ਪ੍ਰਮਾਣ ਹੈ॥

ੴ ਤਤ ਸਦਿਤਿ ਨਿਰਦੇਸ਼ੋ ਬ੍ਰਹਮਣ ਸ੍ਤ੍ਰਿਵਿਧ : ਸਿਮ੍ਰਤ: ॥

ੴ ਅਰਥੁ। ੴ ਅਰਥਾਤ ਤਥਾ ਸਤੇ॥

ਯਹ ਜੋ ਤੀਨ ਪ੍ਰਕਾਰ ਉਚਾਰਨ ਹੈ। ਸੋ ਕੇਵਲ ਬ੍ਰਹਮ ਹੀ ਕਾ ਕਹਾ ਹੈ।

ਸ਼ੰਕਾ॥ ਜੋ ਸਰਬ ਬਿਖੇ ਏਕ ਹੀ ਬਯਾਪਨ ਹੈ ਤੋਂ ਯਹ ਏਕ ਨਾ ਭਯ ਅਰ ਏਨ ਵੈਰ ਭਾਵ ਅਰ ਕਾਲ ਪਾਇ ਪ੍ਰਣਾਮੀ ਅਰੁ ਏਕ ਜਨਮਤੇ ਹੈ ਅਰੁ ਏਕ ਮਰਤੇ ਹੈ॥ ਸੋ ਐਸੇ ਪ੍ਰਸੰਗ ਬਿਖੇ ਏਕ ਕੈਸੇ ਹੈ?

ਇਸ ਦਾ ਉੱਤਰੁ ਯਹ ਹੈ। ਜੈਸੇ ਏਕ ਹੀ ਅਕਾਸ ਬਿਖੇ ਘਟ ਮਟਾਦਿਕ ਹੈ। ਤਿਨ ਕੌ 'ਭੋ' ਅਰੁ 'ਵੈਰੁ' ਅਰੁ ਪ੍ਰਣਾਮ ਅਰੁ ਉਤਪਤਿ-ਪ੍ਰਲਯ ਭਿੰਨ-ਭਿੰਨ ਸਭ ਹੈ। ਅਰੁ ਅਕਾਸ਼ ਸਦਾ ਨਿਰਬਿਕਾਰ ਬਯਾਪਕ ਜਿਉਂ ਕਾ ਤਿਉਂ ਹੈ। ਤੈਸੇ ਹੀ ਸਤਿ-ਸਰੂਪ ਨਾਰਾਯਣ ਹੈ। ਕੈਸੇ ਹੈ? ਸੋ ਅਬ ਕਹੇ ਹੈਂ। 'ਨਿਰਭਉ ਨਿਰਵੈਰ'॥ ਨ ਕਿਸੀ ਸੋਂ 'ਭਯ' ਹੈ, ਨ 'ਵੈਰ' ਹੈ। ਅਕਾਲ ਮੂਰਤਿ-ਤੀਨੋ ਕਾਲ ਬਿਖੇ ਪ੍ਰਣਾਮ ਰਹਤ, ਜਿਉਂ ਕੇ ਤਿਉਂ ਅਬਿਨਾਸੀ ਹੈ। 'ਅਜੋਨੀ ਸੈਭੰ' 'ਜੋਨੀ-ਸੈਂ' ਅਰੁ 'ਭੰ' ਨਾਮ ਨਾਸ ਸੈ ਰਹਤ ਹੈ। ਸੋ ਯਹ ਸਰੂਪ ਕੀ ਅਨਭਉ ਕੈਸੇ ਹੋਇ, ਸੋ ਕਹੇ ਹੋ, 'ਗੁਰੂ ਪ੍ਰਸਾਦਿ' ਸੋ ਕੇਵਲ ਗੁਰੂ ਕੀ ਕ੍ਰਿਪਾ ਤੇ ਹੋਵੇ ਹੈ॥ ਸ਼੍ਰੁਤਿ ਪ੍ਰਮਾਣ

ਤਤ੍ਰ ਗਯਾਨਾਰਥਮ ਸਭਿ ਗੁਰੂਮੇਵਾਭਿ ਗ੍ਰਛੇਤ॥
ਸਮਿਤ ਪਾਣੀ ਸ੍ਰੋਤ੍ਰਿਯੰ ਬ੍ਰਹਮ ਨਿਸੰਨੰ॥

ਅਰਥੁ॥

ਦਾਤੁਨ ਆਦਿ ਹਾਥਹੁ ਮਹਿ ਲੀਏ ਜਿਗਯਾਸੁ ਗੁਰੁ ਕੇ ਸਮੀਪ ਪ੍ਰਾਪਤਿ ਹੋਇ॥ ਗੁਰੁ ਕੇ ਸੇ ਹੋਹਿ? ਬੇਦ ਸਾਸਤ੍ਰ ਕੇ ਸ੍ਰੋਤਾ। ਅਰੁ ਬ੍ਰਹਮਨਿਸ੍ਠੀ॥ ਐਸੇ ਗੁਰੋ ਕੇ ਸਰਬ ਓਰ ਤੇ ਇਕਾਗ੍ਰ-ਚਿਤ

Sri Satguru Jagjit Singh Ji eLibrary NamdhariElibrary@gmail.com

ਕਰਕੇ ਭਗਵਤ ਤਤ੍ਵ-ਗਯਾਨਾਰਥ ਪ੍ਰਾਪਤਿ ਹੋਇ। ਸੋ ਕੇਵਲ ਗੁਰੂ ਕੇ ਪ੍ਰਸਾਦਿ ਕਰਿ ਯਹ ਅਨਭਉ ਪ੍ਰਾਪਤਿ ਹੋਵੇ ਹੈ। ਯਹੀ ਸਰਬ ਸ਼ਾਸਤ੍ਰੋਂ ਕਾ ਸਿਧਾਂਤ ਹੈ॥

ਮੂਲ-ਮੰਤ੍ਰ : 4

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਜੈਸੇ ਜਲਾਸ਼ੈ ਮੋਂ ਅਨੇਕ ਜੀਵ ਗਏ, ਜਲ ਕੇ ਨਿਮਿਤਿ; ਜੇਤਾ ਜੇਤਾ ਜਿਸ ਕੋ ਹਿਤ ਹੂਆ, ਤੇਤਾ ਤੇਤਾ ਸਭ ਨੇ ਗ੍ਰਹਣ-ਕੀਆ। ਜਲਾਸ਼ੈ ਕੋ ਕੋਈ ਨਾ ਉਠਾਇ ਸਕਾ। ਤੈਸੇ ਹੀ 'ਸਤਿਨਾਮੁ' ਕੀ ਮਹਿਮਾ ਕੇ ਕਹਿਨੇ ਕੋ ਅਨੇਕ ਭਕਤ ਜਨ ਪ੍ਰਵਰਤੇ। ਜੇਤਾ ਜੇਤਾ ਜਿਸ ਕੋ (ਹਿਤ ਹੂਆ) ਇਸ਼ਟ ਹੂਆ, ਤੇਤਾ ਤੇਤਾ ਸਭ ਨੇ ਕਹਾ। 'ਸਤਿਨਾਮੁ' ਕੀ ਮਹਿਮਾ ਕੇ ਪਾਰ ਕੋ ਕੋਈ ਭੀ ਨ ਪ੍ਰਾਪਤਿ ਹੂਆ। ਕਾਹੇ-ਤੇ, ਸਤਿਨਾਮ ਤੋ ਅਪਾਰ ਹੈ, ਅਪਾਰ ਕੋ ਕਰਾ ਸੋ ਪਾਵੇਗਾ। ਤਾਂ ਤੇ ਜੇਤਾ ਹਮ ਕੋ ਇਸ਼ਟ ਹੈ, ਤੇਤਾ ਹਮ ਭੀ ਕਹਿਤੇ ਹੈਂ।

'ਸਤਿ' ਜੋ ਨਾਮ ਹੈ ਸੋ 'ਕਰਤਾ-ਪੁਰਖ-ਪ੍ਰਮੇਸਵਰ' ਕਾ ਹੀ ਹੈ, ਔਰ ਸਭੀ ਨਾਮ ਝੂਠੇ ਹੈਂ॥ ਕਾਹੇ-ਤੇ, ਜੋ ਕਰਤਾ ਪੁਰਖ ਕਾ ਨਾਮ 'ਸੰਤ' ਹੈ ਤਬੀ ਤੋ ਜਾਪਕ ਕੋ 'ਸਤਿ' ਪਦ ਕੀ ਪ੍ਰਾਪਤੀ ਕਰ ਦੇਤਾ ਹੈ। ਔਰ ਨਾਮ ਝੂਠੇ ਹੈਂ, ਤਬੀ ਤੋ ਝੂਠੇ ਜਗਤ ਮੋਂ ਡਾਰਤੇ ਹੈਂ। ਹਮ ਕੋ ਏਤਾ ਹੀ ਇਸ਼ਟ ਹੈ। ਕਾਹੇ-ਤੇ, ਜੋ ਬਹੁਤੁ ਸੋ ਬਹੁਤੁ ਭੀ ਵਰਨਨ ਕਰੀਏਗਾ ਤੋ ਭੀ ਅੰਤ ਵਿਖੇ ਜਾਇ ਕਰ ਇਹੀ ਸਿਧ ਹੋਵੇਗਾ- ਸਤਿਨਾਮੁ ਕੇ ਜਪਣੇ ਵਾਲੇ ਕੋ ਸਤਿ ਪਦ ਕੀ ਪ੍ਰਾਪਤੀ ਹੋਤਿ ਹੈ। ਇਸ ਤੇ ਪਰੇ ਤੋ ਔਰ ਕਛੁ ਭੀ ਨਹੀ। ਸੋ 'ਕਰਤਾ-ਪੁਰਖ' ਕੇ ਦੋ ਰੂਪ-ਏਕ ਨਿਰਗੁਣ, ਏਕ ਸਰਗੁਣ। ਯਦਯਪਿ ਵੇਦਾਂਤੀ ਕੇ ਮਤ ਵਿਖੇ 'ਨਿਰਗੁਣ' ਨਾਮ, ਰੂਪ ਤੇ ਰਹਿਤ ਵਰਨਨ ਕੀਆ ਹੈ, ਤਥਾਪਿ ਜਗਿਆਸੀ ਕੇ ਜਣਾਵਲੇ ਕੇ ਨਿਮਿਤਿ ਨਿਰਾਕਾਰ, ਨਿਰਵਿਕਾਰ, ਨਿਰੀਹ, ਨਿਰੰਜਨ, ਗੁਣਾਤੀਤ, ਮਾਇਆਤੀਤ, ਅਵਿਨਾਸੀ, ਆਤਮਾ, ਪਰਮਾਤਮਾ, ਚਿਦਾਤਮਾ, ਬ੍ਰਹਮ ਇਸ ਤੇ ਲੈ ਕਰ 'ਨਿਰਗੁਣ' ਕੇ ਨਾਮ ਭੀ ਤੋ ਕਹੇ ਹੀ ਹੈ। ਤੇ ਸਭੀ ਨਾਮ ਪਤਿਤ-ਪਾਵਨ, ਮੁਕਤਿ ਕੇ ਦਾਤਾ ਹੀ ਤੋ ਹੈਂ। ਅਰ 'ਸਰਗੁਣ' ਕਰਤਾ ਕੇ ਤੀਨ ਰੂਪ ਉਤਪਤਿ ਕਰਤਾ-ਬ੍ਰਹਮਾ, ਪਾਲਨ ਕਰਤਾ-ਵਿਸ਼ਨੂੰ, ਸੰਹਾਰ ਕਰਤਾ-ਰੁਦ੍ਰ। ਆਗੇ ਇਨ ਤੀਨੋਂ ਕੇ ਅਨੇਕ ਅਵਤਾਰ। ਅਵਾਤਰੋ ਸੰਯੁਕਤ ਜੇਤੇ ਇਨ ਕੇ ਨਾਮ ਹੈਂ ਤੇ ਸਭੀ ਪਤਿਤ-ਪਾਵਨ, ਮੁਕੁਤਿ ਕੇ ਦਾਤਾ ਹੀ ਤੋ ਹੈਂ। ਅਬ ਇਨ ਪਰ ਅਨੇਕ ਪ੍ਰਮਾਣ ਕਹਿਤੇ ਹੈਂ।

ਬ੍ਰਹਮਪੁਰਾਣੇ॥
ਚਪਰਮਾਣੇ ਚਯੰਨਾਮੇ ਸਿਮਰਣੇ ਨਰਣਾਂ॥
ਸਦਯੋਨਿ ਸੰਯਤਿ ਪਾਪਉਘੋਨਮਸੁਸ ਸੋ ਚਿਦਾਤਮਨਿ॥

ਬ੍ਰਮ ਪੁਰਾਣ ਮੋਂ ਲਿਖਾ ਹੈ-ਪ੍ਰਮਾਣ ਵਿਖੇ ਅਥਵਾ ਅਪਰਮਾਣ ਵਿਖੇ, ਜਿਸ ਕਾ ਨਾਮ ਸਿਮਰਣ ਕੀਏ ਹੂਏ ਤਾਤਕਾਲ ਹੀ ਪਾਪੋ ਕਾ ਸੰਮੂਹ ਨਾਸ ਹੋ ਜਾਤਾ ਹੈ। ਤਿਸ ਚਿਦਾਤਮਾ ਨਿਰਗੁਣ ਬ੍ਰਹਮ ਕੇ ਤਾਈ ਹਮਾਰਾ ਨਮਸਕਾਰ ਹੋਵੇ।

'ਵਸਿਸਟ ਤੰਤ੍ਰ' ਮੋਂ ਲਿਖਾ ਹੈ - ਜਿਸ ਨੇ ਹਰਿ ਕਾ ਚਿਦਾਤਮਕ ਨਾਮ ਏਕ ਵਾਰ ਭੀ ਉਚਾਰਣ ਕੀਆ ਹੈ ਤਿਸ ਕਾ ਫਲੁ ਕਹਿਣੇ ਕੋ ਸਹਸ੍ਰ ਮੁਖ ਬ੍ਰਹਮਾ ਭੀ ਸਮਰਥ ਨਹੀਂ।

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ਪੁਰਾਣ ਮੋਂ ਲਿਖਾ ਹੈ ਬ੍ਰਹਮਾ ਜੀ ਕਹਿਤੇ ਹੈਂ- ਨਿਰੰਤਰ ਜੋ ਮੇਰੇ ਨਾਮ ਕੋ ਜਪਤਾ ਹੈ, ਅਥਵਾ ਕੀਰਤਨੁ ਕਰਤਾ ਹੈ, ਬੜਾ ਭੀ ਜੋ ਜਿਸ ਨੇ ਪਾਪ ਕੀਆ ਹੈ ਤਿਸ ਪਾਪ ਤੇ ਮੈ ਤਿਸਕਾ ਉਬਾਰ ਕਰਤਾ ਹੋਂ। (ਸੋ ਸਤਿ ਕਹਿਤਾ ਹੈ) ਇਸ ਮੇ ਕਛੂ ਸੰਦੇਹ ਹੀ ਨਹੀਂ।

'ਵਿਸਨੁ ਰਹਸਿ' ਮੋ ਲਿਖਾ ਹੈ- ਜੇ ਪੁਰਖ ਅੰਤਹ-ਕਰਣ ਸੁਧ ਹੋ ਕਰ ਸਦਾ ਹੀ ਵਿਸਨੂੰ ਕੋ ਸਿਮਰਣ ਕਰਤੇ ਹੈਂ ਤੇ ਪੁਰਖ ਭੈ ਕੋ ਤਿਆਗ ਕਰ ਦੁਖ ਤੇ ਰਹਤ ਜੋ ਹਰਿ ਲੋਕ ਹੈ ਤਿਸ ਕੋ ਪ੍ਰਾਪਤੀ ਹੋਤੇ ਹੈਂ।

'ਭਵਿਖਜ ਪੁਰਾਣੇ' ॥ *"ਕਾਏਨ ਮਨਸਾ ਵਾਚਾ ਸੁਮਹ ਦੁਕ੍ਰਿਤੰ ਕ੍ਰਿਤੰ॥ ਰਾਮ ਰਾਮੇ ਤੀ ਸੰਕੀਰਤਿ ਸਦਿਆਸਖਾਤਮੁਚਤੇ॥"*

ਭਵਿਖਜ ਪੁਰਾਣ ਮੋ ਲਿਖਾ ਹੈ॥ ਮਨ ਬਾਣੀ ਸਰੀਰ ਕਰ ਕਰ ਕਰਤਾਤ ਕਾ ਲਈ ਤਿਸ ਤੇ ਮੁਕਤਿ ਹੋਤਾ ਹੈ॥ ਬ੍ਰਹਮ ਰਹੱਸੇ॥ ਸਕ੍ਰਦੁਚਾਰਯੇਤ ਯਤੁ ਜਗਨ ਨਾਥੇ ਤਿਹੇ ਲਿਆ।

'ਬ੍ਰਹਮ ਰਹਸਿ' ਮੋ ਲਿਖਾ ਹੈ- ਸਵਭਾਵਕ ਭੀ ਜੋ 'ਜਗਨ ਨਾਥ' ਇਸ ਨਾਮ ਕੋ ਏਕ ਵਾਰ ਭੀ ਉਚਾਰਣ ਕਰਤਾ ਹੈ ਸੋ ਪੁਰਖ ਬ੍ਰਹਮ ਹਤਿਆ ਤੇ ਲੈ ਕਰ ਜੋ ਹੈਂ ਪਾਪ ਤਿਨ ਤੇ ਮੁਕਤਿ ਹੋਤਾ ਹੈ।

ਭਾਰਤਬਿਭਾਗੇ॥ *"ਮਾਤ੍ਰਿਹਾ ਪਿਤ੍ਰਹਾਂਗੇ ਘਨੋ ਬ੍ਰਹਮਾਚਾਰਯ ਹਾਪ੍ਰਿਵਾ॥ ਸੁਆ ਦਾ ਪੁਲਕਸ ਕੋ ਵਪਿ ਸੁਧੇਰਨ ਕ੍ਰਿਸਨ ਕੀ ਰਤਨਾਤਾ ਭਾਰਤ ਵਿਭਾਗ ਮੋਲਿਆ ਹੈ॥"*

ਮਾਤ੍ਰਿ ਹਤਿਆ, ਪਿਤ੍ਰ ਹਤਿਆ, ਗੋ ਹਤਿਆ, ਬ੍ਰਹਮ ਹਤਿਆ, ਗੁਰ ਹਤਿਆ- ਇਨ ਪਾਪੋਂ ਕੇ ਕਰਣੇ ਵਾਲਾ ਭੀ ਹੈ, ਕੂਕਰ ਕਾ ਮਾਸ ਖਾਣੇ ਵਾਲਾ ਚੰਡਾਲ ਭੀ ਹੈ, ਸੋ ਭੀ ਮੁਕਤ ਹੋਤਾ ਹੈ 'ਕ੍ਰਿਸਨ' ਨਾਮ ਕੇ ਕੀਰਤਨੁ ਕਰਣੇ ਤੇ।

ਕ੍ਰਿਸਨ ਬਚਨੀ। *'ਸਰਬ ਲੱਖਨ ਹੀਨੋ ਪੀ ਯੁਕਤੁ ਵਾਸਰਬਪਾਤ ਕਈ॥ ਸਰਬੰਨੁਚਤਿਤਤ ਪਾਪੰ ਭਾਵਜ ਛਿਵਿਮਾਲਨਾ॥* ਕ੍ਰਿਸਨ ਮਹਾਰਜ ਕਹਤੇ ਹੈਂ ਸਰਬ ਸੁਭ ਲਖਣੋ ਕਰ ਕਰ ਹੀਨ ਭੀ ਹੈ, ਸਰਬ ਪਾਪੋਂ ਕਰ ਕਰ ਯੁਕਤ ਭੀ ਹੈ ਸੋ ਪੁਰਖ ਸਰਬ ਪਾਪੋਂ ਕੋ ਤਿਆਗਤਾ ਹੈ, ਅੰਤ : ਕਰਣ ਵਿਖੇ ਸਿਵ ਭਾਵਨਾ ਕੁਰਤਾ ਹੂਆ।

'ਸਤਿਨਾਮ' ਪਰ ਪ੍ਰਣਾਮ ਕਹੇ। ਜਿਸ ਕਾ ਨਾਮ 'ਸਤ' ਪਦ ਕੀ ਪ੍ਰਾਪਤਿ ਕਰੇ ਹੈ

ਨਿਰਭਉ, ਨਿਰਵੈਰੁ॥

ਨਾ ਕਿਸੀ ਕਾ ਤਿਸ ਕੋ ਭੈ ਹੀ ਹੈ॥ ਨਾ ਕਿਸੀ ਸਾਥ ਵੈਰ ਹੀ ਹੈ॥ ਫੇਰ ਕਰਤਾ ਪੁਰਖ ਕੈਸਾ ਹੈ॥

ਅਕਾਲ ਮੂਰਤਿ ਅਜੂਨੀ ਸੈਭੰ ॥

ਅਕਾਲ ਮੂਰਤ ਹੈ ਜਿਸ ਕਾ ਤੀਨ ਕਾਲ ਮੋ ਨਾਸ ਨਹੀ ਹੋਤਾ॥ ਅਯੋਨੀਯੋਨ ਮੋਂ ਨਹੀਂ ਆਵਤਾ॥ ਰਾਮ ਕ੍ਰਿਸਨਾਦਿਕ ਜੋ ਅਵਤਾਰ ਹੂਏ ਸੋ ਲੀਲਾ ਮਾਤ੍ਰ ਹੂਏ ਹੈ॥ ਜੈਸੇ ਵੰਧਿਆ ਕੋ ਸਵਪਨ ਮੋਂ ਧਰਤੀ ਹੋਇਮੋ ਕੋ ਪੁਤ੍ਰ ਜਨਮਾ ਹੈ॥ ਤੈਸੇ ਹੀ ਕੌਸਲਯਾਦਿ ਕੋ ਭੀ ਪਰਤੀਤ ਹੂਈ ਹੈ॥ ਰਾਮ ਕ੍ਰਿਸਨਾਦਿਕ ਯੋਨ ਮੋ ਨਹੀਂ ਆਏ॥ ਫੇਰ ਕਰਤਾ ਪੁਰਖ ਕੈਸਾ ਹੈ॥ 'ਸੈਭੰ' ਸਵੰਭ ਆਪਣੇ ਆਪ ਤੇ ਆਪ ਹੀ ਹੈ॥ ਕਿਸੀ ਕਾ ਕੀਆ ਹੂਆ ਨਹੀਂ॥ ਤਬੀ ਤੋ ਅਵਿਨਾਸੀ ਹੈ ਯਦ੍ਵਾ 'ਸੈ' ਨਾਮ ਸੈਕੜੇ ਕਾ ਭੀ ਹੈ॥ ਅਸੰਖ ਕਾ ਭੀ ਹੈ॥ 'ਭਾ' ਨਾਮ ਰੂਪ ਕਾ ਭੀ ਹੈ॥ ਤੇਜ਼

Sri Satguru Jagjit Singh Ji eLibrary NamdhariElibrary@gmail.com

ਕਾ ਭੀ ਹੈ, ਪਰਕਾਸ ਕਾ ਭੀ ਹੈ॥ 'ਸੋਭੰ' ਅਨੰਤ ਰੂਪੰ ਸੋਭੰ, ਅਨੰਤ ਤੇਜ, ਸੋਭੰ ਅਨੰਤ ਪ੍ਰਕਾਸਿ॥ ਐਸਾ ਜੋ ਪ੍ਰਮੇਸਵਰ ਹੈ ਤਿਸ ਕੀ ਪ੍ਰਾਪਤਿ ਕੈਸੇ ਹੋਵੈ? ਸੋਈ ਕਹਤੇ ਹੈਂ॥ *"ਗੁਰ ਪ੍ਰਸਾਦਿ॥"* ਜੋ ਗੁਰ ਕ੍ਰਿਪਾ ਕਰੇ ਤਬੀ ਤੋ ਪ੍ਰਮੇਸਵਰ ਕੀ ਪ੍ਰਾਪਤਿ ਹੋਵੈ॥ ਬਿਨਾ ਗੁਰ ਪ੍ਰਮੇਸਵਰ ਕੀ ਪ੍ਰਾਪਤਿ ਨਹੀ॥ ਅਬ 'ਸਵਯੰ-ਸਿਧ' ਕਰਣੇ ਵਾਲੇ ਕੋ ਹਮ ਪੂਛਤੇ ਹੈਂ॥ ਬਾਬਾ ਨਾਨਕ ਕੋ ਪ੍ਰਮੇਸਵਰ ਕੀ ਪ੍ਰਾਪਤਿ ਹੂਈ, ਵਾ ਨ ਹੂਈ? ਜੋ ਕਹੇ ਹੂਈ, ਤੋ ਉਨ ਕਾ ਹੀ ਵਚਨ ਹੈ 'ਗੁਰ ਪ੍ਰਸਾਦਿ'॥ ਕਹੋ ਕੌਣ ਉਨ ਕਾ ਗੁਰ ਹੈ, ਜਿਸ ਕੇ ਪ੍ਰਸਾਦਿ ਤੇ ਉਨ ਕਉ ਪ੍ਰਮੇਸਵਰ ਕੀ ਪਰਾਪਤਿ ਹੂਈ?। ਅਰ ਜੋ ਕਹੇ ਨਹੀਂ ਹੂਈ॥ ਤੋ ਜਿਨ ਕੇ ਗੁਰੂ ਕੋਂ ਹੀ ਨਹੀਂ ਪਰਮੇਸਵਰ ਕੀ ਪ੍ਰਾਪਤਿ ਹੂਈ॥ ਤਿਸ ਕੇ ਸਿੱਖਾਂ ਕੋ ਕਹਾ ਤੇ ਹੋਵੇਗੀ? ਤਾਤੇ ਉਸ ਕਾ ਸਿੱਖ ਹੋਣਾ ਵਿਅਰਥ ਹੂਆ॥ ਇਹ *ਹੌਥਾ ਪਹਾੜ* ਤੇਰੇ ਸਿਰ ਪਰ ਪੜਾ ਰੇ ਬੇਸਮਝ॥ 18॥

ਪੰਚਮ ਅਰ ਭੀਲੇ

ਛੇ ਗੁਰ ਛੇ ਘਰ ਛੇ ਉਪਦੇਸ॥ ਗੁਰ ਗੁਰ ਏਕੋ ਵੇਸ ਅਨੇਕ॥

ਉਨੋ ਨੇ ਛੇ ਗੁਰ ਮਾਨੇ ਹੈ, ਤੁਮ ਏਕ ਭੀ ਨਹੀ ਕਰ ਸਕਤੇ॥ ਸਪੂਰਨ ਪੰਥ ਸਾਥ ਹੀ ਹਮਾਰਾ ਅੜੰਗਾ ਲਗਾ, ਕਿਸੀ ਕੋ ਕਛੁ ਆਵਤਾ ਹੈ ਤੇ ਕੋਈ ਕੁਛ ਕਹੋ॥ ਜੋ ਪੰਥ ਕੋ ਲੋਕ ਕਹੇ, ਭਲੇ ਤੁਮ ਸਾਧ ਹੂਏ॥ ਅਰ ਭਲੀ ਵਿਦਿਆ ਪੜੀ, ਸੰਪੂਰਨ ਪੰਥ ਸਾਥ ਹੀ ਕਜੀਆ ਬਾਧ ਬੈਠੇ ਹੋ॥ ਗਿਆਨ ਗੁਰੂ ਸਿਉ ਸਿਖਿਆ, ਝਗੜੇ ਦਰਿ ਤੁਮਾਰੀ ਵਿਦਯਾ, ਹਮ ਤਬ ਮਾਨਤੇ ਜੋ ਕਿ- ਸੀ ਕੋ ਸੁਮਾਰਗ ਲਗਾਵਤੇ॥ ਏਕ ਦੋ ਸਾਥ ਭੀ ਨਹੀਂ, ਸੰਪੂਰਨ ਪੰਥ ਹੀ ਸਾਥ ਝਗੜਾ ਬਾਧ ਬੈਠੇ ਹੋ॥ ਤਿਸ ਕਾ ਉਤਰ॥ ਸੁਣੋ ਤੋ ਭਾਈ ਪੰਥ ਕਿਓ ਲੋਕੋ, ਜੋ ਪ੍ਰਸਨ ਮੈਨੇ ਕੀਏ ਹੈਂ॥ ਜੋ ਇਹੀ ਪ੍ਰਸਨ ਤੁਮ ਕੋ ਕੋਈ ਦੂਸਰੇ ਮਤ ਕੀ ਸਭਾ ਵਿਖੇ ਕਰੇ, ਤਬਇ ਕਾ ਉਤਰ ਤੁਮ ਕੋਂ ਕਛੁ ਭੀ ਨ ਆਵੇ॥ ਅਰ ਬਡੀ ਤੇ ਬਡੀ ਤੁਮ ਕੋ ਸਰਮਿੰਦਗੀ ਹੋਵੇ॥ ਅਰ ਆਪਣੇ ਪੰਥ ਕੋ ਹੀ ਲਜਾਵੋ॥ ਜਬ ਜੋ ਕੋਈ ਇਸ ਕੋ ਪੜੇ ਸੁਣੇਗਾ ਸੋ ਆਪਣੇ ਮਤ ਮੋ ਤੋ ਸਾਵਧਾਨ ਹੋ ਜਾਵੇਗਾ॥ ਕਿਸੀ ਤੇ ਠਗਾਵੇ ਵਿਚ ਨਹੀਂ ਆਵੇਗਾ।

ਮੂਲ-ਮੰਤ੍ਰ : 5

ਟੀਕਾ ਏਕ ਜੋ ਮਾਯਾਸਬਲ ਪੁਰਖ ਹੈ ਸੋ 'ਓਅੰ' ਉਚਾਰਨ ਕਰਤ ਭਯੋ। ਤਿਸ ਓਅੰ ਕੇ ਕਹਿਨ ਤੇ ਸਰਬ ਜੋ ਜਗਤ ਬਿਸਥਾਰ ਕੋ ਪ੍ਰਾਪਤ ਭਯੋ। ਪ੍ਰਸ਼ਨ-ਏਦ ਸ਼ਾਸਤ੍ਰ ਪੁਰਾਨ, ਇਨ ਕੇ ਬਿਖੈ ਇਕਾਂਗ ਨਹੀਂ ਲਿਖਤ ਹੈਂ, ਗੁਰੂ ਜੀ ਨੇ ਓਅੰ ਕੇ ਆਦਿ ਇਕਾਂਗ ਲਿਖਯੋ, ਜੇਹ ਕੌਨ ਕਾਰਨ? ਉੱਤਰ- ਗੁਰੂ ਨਾਨਕ ਜੀ ਜੋ ਸਰਬਗਯ ਹੈਂ, ਆਪਨੀ ਬਾਨੀ ਮੈਂ ਸਰਬ ਬੇਦ ਕੀ ਸ਼ੁਤੀ ਕੋ ਹੀ ਅਰਥ ਰਾਖਯੋ। ਪੁਰਬ ਜੋ ਵੈਦ ਹੈਂ ਸੋ ਭੀ ਤਿਨ ਕੋ ਹੀ ਮਤ ਹੁਤੋ। ਅਬ ਕਲਿਜੁਗ ਕੋ ਸਮਾ ਦੇਖ ਕਰਿ, ਮੰਦ ਬੁਧੀ ਲੋਕਨ ਕੀ ਜਾਨ ਕਰਿ ਤਿਸ ਬੇਦ ਕੋ ਹੀ ਅਬ ਦੇਸ਼ ਭਾਖਾ ਮੈਂ ਬਨਾਇ ਸਿੱਖਯਨ ਕੋ ਉਪਦੇਸ਼ ਦੀਉ। ਧਰਮ ਕੀ ਸਥਿਰਤਾ ਕੇ ਹਿਤ ਜਗਤ ਕੇ ਉਧਾਰਬੇ ਹਿਤ ਜੋ ਸ਼ੁਤਿ 'ਏਕ ਓਅੰਕਾਰ' ਮੈ ਰਾਖੀ ਹੈ, ਸੋਈ ਕਹਤ ਹੈਂ। ਜਥਾ ਸ਼ੁਤੀ:- "ਏਕੋਹੰ ਬੋਹੁ ਸ਼ਯਾਮ॥" ਜਬ ਮਾਯਾਸਵਲ ਬ੍ਰਹਮ ਭਯੋ, ਤਥ ਕਰਤਾ ਪੁਰਖ ਰੂਪ ਪ੍ਰਗਟਯੋ। 'ਏਕੋਹੰ' ਏਕ ਜੋ ਮੈਂ ਸੋ ਬੋਹੁ ਹੋਵੇ। ਇਸਕਹਿਨ ਤੇ ਬਿਸਤਾਰ ਕੋ ਜਗਤ ਪ੍ਰਾਪਤਿ ਹੋਤ ਭਯੋ। 'ਏਕੋਹੰ', ਇਸ ਕਹਿਨ ਤੇ ਪ੍ਰਿਥਮ ਇਹ ਭੀ ਕਹਿਨਾ ਨਹੀ ਬਨਤ ਹੁਤੋ। 'ਏਕੋਹੰ' ਇਨ ਅਖਯਰਨ ਤੇ 'ਏਕ ਓਅੰਕਾਰ' '੧ਓ' ਬਨਯੋ ਸੋ ਕਹਿਤ ਹੈਂ। 'ਏਕੋਹ', 'ਏਕੋ' ਕੇ ਕਕਾਰ, ਤੇ ਉਕਾਰ ਨਿਕਾਸਯੋ।

Sri Satguru Jagjit Singh Ji eLibrary NamdhariElibrary@gmail.com

'ਹੰ' ਕੇ ਬੀਰ ਤੇ ਅਕਾਰ ਸਵਰ ਅਰ ਮਕਾਰ ਕੀ ਜੋ ਬਨੀ ਬਿੰਦੀ, ਸੋ ਦੇਊ ਨਿਕਾਸੇ, ਤੀਨ ਅਖਯਰ ਹੋਤ ਭਏ: ਉਕਾਰ, ਅਕਾਰ, ਮਕਾਰ। ਤੀਨੋਂ ਅਛਰੋਂ ਤੇ 'ਓਅੰ' ਬਨਯੋ। ਸੋ 'ਇਕ ਓਅੰਕਾਰ ਅਰਥ ਭਯੋ। ਯਾਤੇ ਗੁਰੁ ਜੀ ਨੇ ਬੇਦੁ ਕੀ ਸ਼੍ਰੁਤਿ ਰਾਖੀ ਹੈ। ਨਹੀਂ ਤੋਂ ਬੇਦ ਭੀ ਤਿਨਕੇ ਹੀ ਸਾਵਸ ਰੂਪ ਥੇ ਤਿਨ੍ਹੋ ਸੇ ਬਿਰੁਧ ਜੇ ਕਹਿਤੇ ਬਾਨੀ, ਤੋ ਅਪਨੇ ਮਤਮੇਂ ਬਿਰੋਧ ਪਰਤੋ। ਯਾਂਤੇ ਸੋਈ ਬਾਨੀ ਮੈ ਕਹਯੋ ਹੈ ਜੋ ਪੂਰਵ ਬੇਦ ਮੇਂ ਆਪੀ ਬਰਨਨ ਕਰਯੋ ਹੈ। ਸਰਬ ਜੋ ਜਗਤ ਓਅੰਕਾਰ ਮਾਤ੍ਰ ਹੈ। ਸਭ ਹੀ ਜਗਤ ਓਅੰਕਾਰ ਕੋ ਵਾਚਯ ਹੈ। ਓਅੰਕਾਰ ਇਸ ਕੋ ਵਾਚਕ ਹੈ, ਅਰ ਇਹ ਜੋ ਓਅੰਕਾਰ ਨਾਮ ਹੈ, ਅਰੁ ਜਗਤ ਨਾਮੀ ਹੈ। ਯਾਂਤੇ ਜਗਤ ਓਅੰਕਾਰ ਰੂਪ ਹੀ ਹੈ। ਨਾਮ ਅਰੁ ਨਾਮੀ ਅਗਯਾਨ ਕਰਕੇ ਦੇਇ ਰੂਪ ਹੋਇ ਕਰਿ ਫੁਰਤੇ ਹੈਂ, ਗਯਾਨ ਭਏ ਤੇ ਨਾਮ ਨਾਮੀ ਏਕ ਹੋਇ ਜਾਤ ਹੈਂ।

ਤੀਨ ਅਖਯਰ ਕਹੀਏ, ਮਾਤ੍ਰਾ ਕਹੀਏ, ਤੀਨ ਪਦ ਕਹੀਏ, ਚੌਥੋ ਨਾਦ ਹੈ, ਅਕਾਰ ਧਿਸ਼ਟਾਨ ਜੀਵ ਕੋ ਜੋ ਵਿਸ਼ਵ ਹੈ, ਈਸ਼ਰ ਕੋ ਜੋ ਵੈਸ਼ਵਾਨਰ, ਤਿਸ ਕੋ ਅਧਿਸ਼ਟਾਨ ਹੈ। ਜਾਗ੍ਰਤਕੋ ਅਭਿਮਾਨੀ ਉਕਾਰ ਜੋ ਹੈ, ਤੈਜਸ ਜੀਵ ਕੋ ਹਿਰੰਨਗਰਭ ਈਸ਼ਰ ਕੋ ਧਿਸ਼ੰਟਾਨ ਹੈ, ਸੁਪਨ ਕੋ ਭੋਗਤਾ ਹੈ। ਮਕਾਰ ਪ੍ਰਾਗ ਜੀਵ ਕੋ ਅਬਯਾਕ੍ਰਿਤ ਈਸ਼ਰ ਇਨ ਕੋ ਧਿਸ਼ਟਾਨ ਹੈ। ਸੁਖੋਪਿਤਿ ਕੋ ਭੋਗਤਾ ਹੈ। ਚੌਥੇ ਜੋ ਨਾਦ ਹੈ ਸੋ ਤੁਰੀਆ ਹੈ। ਅਰਧ ਮਾਤ੍ਰਾ ਰੂਪ ਜੋ ਪਰਮਾਤਮਾ ਹੈ ਤਿਸਹੀ ਤੇ ਮਾਯਾ ਬਿਖੇ ਫੁਰਨੋ ਭਯੋ ਹੈ, ਤਾਂਤੇ ਸਭ ਮਾਯਾ ਹੀ ਰੂਪ ਹੈ; ਦੈਵਤ ਪਰਪੰਚੁ ਸਭ। ਤਾਂਤੇ ਏਹ ਜੋ ਮਾਯਾ ਰੂਪ ਰਚਨਾ ਹੈ ਸੋ ਪਰਮ ਬ੍ਰਹਮ ਹੀ ਰੂਪ ਹੋ ਕਰਿ ਪ੍ਰਕਾਸ਼ਤੀ ਹੈ। ਹੋਰੁ ਦ੍ਵੈਤ ਭਿੰਨ ਕੁਛ ਵਸਤੂ ਨਹੀਂ। ਇਤਨੇ ਕਹਿਨ ਕਰ ਇਹ ਸਿਧ ਭਯਾ: ਜੋ ਓਅੰਕਾਰ ਹੀ ਅਕਾਰ, ਉਕਾਰ, ਮਕਾਰ, ਅਰਧ ਮਾਤ੍ਰਾ ਰੂਪ ਹੈ: ਸੋਈ ਇਹ ਪਰਪੰਚ ਹੈ। ਓਅੰਕਾਰ ਤੇ ਭਿੰਨ ਹੋਰੁ ਕੁਛ ਵਸਤੂ ਪਰਪੰਚੁ ਨਹੀਂ ਪਾਈਤਾ; ਜੈਸੇ ਜਲ ਤੇ ਭਿੰਨ ਸਮੁੰਦ੍ਰ ਕਾ ਰੂਪ ਕੁਛ ਨਹੀਂ ਪਾਈਤਾ। ਫੁਰਨੇ ਤੇ ਬਿਨਾ ਵਾਉ ਕੋ ਰੂਪ ਹੋਰ ਕੁਛ ਨਹੀਂ। ਸਯਾਮਤਾ ਕੇ ਬਿਨਾਂ ਕੱਜਲ ਕੋ ਰੂਪ ਹੋਰ ਨਾਹੀ। ਓਅੰ ਪਰਮਾਤਮਾ ਕੋ ਨਾਮ ਸੁਭਾਵਕੁ ਹੈ। ਜੈਸੇ ਸੂਰਜ ਕੋ ਨਾਮ ਉਸ਼ਨ ਸੁਭਾਵਕੁ ਹੈ। ਤਾਂਤੇ ਓਅੰਕਾਰ ਕੀ ਉਪਾਸਨਾ ਮੁਖਯ ਹੈ। ਹੋਰ ਉਪਾਸਨੋ ਕੀ ਪਰਮਪਰਾ ਕਰ ਬ੍ਰਹਮ ਕੀ ਉਪਾਸਨਾ ਹੋਤੀ ਹੈ। ਓਅੰਕਾਰ ਕੀ ਉਪਾਸਨਾ ਸਾਖਯਾਤ ਬ੍ਰਹਮ ਕੀ ਉਪਾਸਨਾ ਹੈ; ਤਾਂਤੇ ਸਭਨਿ ਮੈਂ ਸ੍ਰੈਸ਼ਟ ਓਅੰਕਾਰ ਹੀ ਹੈ। ਸੋ ਓਅੰਕਾਰ ਬ੍ਰਹਮ ਰੂਪ ਹੈ।

ਏਕ ਸ਼ਬਦ ਬ੍ਰਹਮ ਹੈ, ਏਕ ਪਰਮ ਬ੍ਰਹਮ ਹੈ। ਜੋ ਕਿਛੁ ਦ੍ਰਿਸ਼ਟਿ-ਸ੍ਰਵਨਾਦਿਕੋਂ ਮੈਂ ਹੈ ਸੋ ਸਭ ਸ਼ਬਦ ਬ੍ਰਹਮ ਕੇ ਅੰਤਰਗਤਿ ਹੈ। ਜੋ ਪਰਮ ਬ੍ਰਹਮ ਹੈਂ ਸੋ ਮਨ ਬਾਨੀ ਤੇ ਪਰੇ ਹੈ। ਇਸੀ ਹੇਤ ਤੇ ਸਭਨ ਕੇ ਆਦਿ ਓਅੰਕਾਰ ਲਿਖਯਤਿ ਹੈ। ਜਿਸੁ ਮੰਤ੍ਰ ਕੇ ਆਦਿ ਓਅੰਕਾਰ ਹੋਤਾ ਹੈ ਸੋ ਮੰਤ੍ਰ ਭੀ ਓਅੰਕਾਰ ਰੂਪ ਹੋ ਜਾਤ ਹੈ। ਸਰਬ ਉਪਨਿਖਦੋਂ ਮੇਂ, ਅਰ ਸ਼ਾਸਤ੍ਰੋਂ ਮੇਂ, ਪੁਰਾਨੋਂ ਮੇਂ, ਓਅੰਕਾਰ ਕੀ ਉਪਾਸਨਾ ਕੋ ਪ੍ਰਤਿਪਾਦਨ ਕਰਯੋ ਹੈ।

ਸਪਤ ਮਤ ਜੋ ਸੰਪੂਰਨ ਹੈਂ, ਤਿਨ ਸਪਤੋਂ ਨੇ ਨੌ ਨੌ ਪ੍ਰਕਾਰ ਕੋ ਬਰਨਨ ਕਰਯੋਂ ਹੈ। ਇਸ ਦੇ ਭੇਦ ਤ੍ਰੈਸਠ ਓਅੰਕਾਰ ਕੇ ਹੋਤ ਹੈਂ। ਸੋ ਓਅੰਕਾਰ ਸਗੁਣ ਸਥੂਲ ਰੂਪ ਭੀ ਹੈ। ਸੋਈ ਜੋ ਸਪਤ ਮਤ ਹੈਂ ਤਿਨਕੋ ਭੀ ਸੰਖੇਪ ਕਰਿ ਕਹਤ ਹੈਂ। ਬਿਸਥਾਰ ਜੇ ਕਰੀਏ ਤੋਂ ਬਹੁਤ ਅਧਿਕ ਗ੍ਰੰਥ ਬਧਤ ਹੈ। ਪ੍ਰਥਮ ਸਿਧਾਂਤ ਹਿਰੰਨਗਰਭੋਂ ਕਾ ਬ੍ਰਹਮਾ ਜੀ ਕਾ ਕਹਿਆ ਹੋਆ; ਓਅੰਕਾਰ ਕੇ ਨਵਰੂਪ ਹੈ:- ਤ੍ਰਿਮਾਤ੍ਰਾ ਰੂਪ, ਤ੍ਰਿਬ੍ਰਹਮ ਰੂਪ, ਤ੍ਰਿਅਖਰ ਰੂਪ। ਪਤੰਜਲੀਓਂ ਕਾ ਮਤ ਭੀ

Sri Satguru Jagjit Singh Ji eLibrary NamdhariElibrary@gmail.com

ਐਸੇ ਹੈ, ਕਪਲ ਮੁਨਿ ਜੀ, ਸਾਂਖ ਸ਼ਾਸਤ੍ਰ ਕੇ ਕਰਤਾ, ਸੋ ਕਹਤ ਹੈ: ਤ੍ਰਿਗਯਾਨ ਰੂਪ, ਤ੍ਰਿਗੁਨ ਰੂਪ, ਤ੍ਰਿਕਾਰਨ ਰੂਪ। ਤੀਸਰੇ ਅਪਤ੍ਰ ਮੁਨਿ ਐਸੇ ਕਹਤ ਹੈ : ਤ੍ਰਿਮੁਖ ਰੂਪ, ਤ੍ਰਿਦੇਵਤਾ ਰੂਪ, ਤ੍ਰਿਪੁਯੋਜਨ ਰੂਪ। ਸਕਯਾਤ ਜੀ ਕੋ ਮਤਿ ਭੀ ਐਸੇ ਹੈ। ਚੌਥੇ ਸਨਤ ਕੁਮਾਰੋਂ ਕੇ ਮਤ ਕਾ ਸਿਧਾਂਤ ਓਅੰਕਾਰ ਕੀ ਉਪਾਸਨਾ ਕੋ ਐਸੇ ਹੈ:- ਤ੍ਰਿਕਾਲ ਰੂਪ, ਤਿਲਿੰਗ ਰੂਪ, ਤ੍ਰਿਸੰਗਯਾ ਰੂਪ। ਪੰਚਮੇ ਬ੍ਰਹਮਨਿਸ਼ਟੋਂ ਕੇ ਮਤ ਕਾ ਸਿਧਾਂਤ ਏਹ:- ਤ੍ਰਿਸਥਾਨ ਰੂਪ, ਤ੍ਰਿਪਦ ਰੂਪ, ਤ੍ਰਿਪ੍ਰਗਯਾ ਰੂਪ। ਖਸ਼ਟਮੋ ਸ਼ਿਵ ਕੋ ਸਿਧਾਂਤ, ਸੋ ਕਹਿਤ ਹੈ:- ਤ੍ਰੈਅਵਸਥਾ ਰੂਪ, ਤੰਭੋਗ ਰੂਪ, ਤ੍ਰੈਭੈ ਤਾ ਰੂਪ। ਸਪਤਮੋ ਬੈਸ਼ਨਵ ਕੋ ਮਤ, ਪੰਚਰਾਤ੍ਰ ਨਾਰਦ ਕੋ ਸਿਧਾਂਤ ਐਸੇ:- ਤ੍ਰਿਆਤਮਤਾ ਰੂਪ, ਤ੍ਰਿਸੁਭਾਵ ਰੂਪ, ਤ੍ਰਿਬਯੂਹ ਰੂਪ। ਸਪਤ ਵਾਰ ਨੌ ਕੇ ਕਰਨ ਕਰਿ ਤ੍ਰੈਹਟ ਰੂਪ ਓਅੰਕਾਰ ਸਗੁਨ ਸਥੂਲ ਕੇ ਹੋਤ ਹੈ। ਚੌਸਠਵੇਂ ਰੂਪ ਸੂਖਮ ਨਿਰਗੁਨ ਨਿਹਕਲਹ ਹੈ। ਇਤਨੇ ਕਹਨ ਮੈਂ ਸਿਧ ਭਯਾ? ਜੋ ਬ੍ਰਹਮ ਹੈ ਤਿਸ ਕੋ ਭੀ ਆਪੋ ਆਪਨੇ ਅਨੁਭਵ ਕਰਿ ਔਰ ਔਰ ਕੀਯੇ ਹੈ। ਤੈਸੇ ਹੀ ਓਅੰਕਾਰ ਕੋ ਭੀ ਆਪੋ ਆਪਨੇ ਅਨੁਭਵ ਅਨੁਸਾਰ ਹੈ। ਜੈਸੇ ਸਰਬ ਕੋ ਪਰਾ ਬ੍ਰਹਮ ਹੈ ਤੈਸੇ ਓਅੰਕਾਰ ਬੀ ਸਰਬ ਕੇ ਕਸ ਦਸ ਨਾਮ ਹੈ, ਸੋ ਸਰਬ ਹੀ ਸਾਰਥ ਹੈ, ਸੋਭੀ ਸਰਬ ਬਯਾਪੀ, ਅਨੰਤ, ਤਾਰ, ਸੁਕਲ, ਵੈਦਯੁਤ, ਹੰਸ ਹੈ। ਸਰਬ ਨਾਮੋ ਕੇ ਅਰਥ ਰੀਏ ਤੋਂ ਭੀ ਗ੍ਰੰਥ ਤਿਸ ਕੋ ਹੀ ਅਰਥ ਕਰਤੇ ਹੈ। ਓਅੰਕਾਰ ਮਸਤਕ ਪ੍ਰਯੰਤ ਸਭ ਸਰੀਰ ਕੋ ਊਚਾ ਹੈ। ਓਅੰਕਾਰ ਕੇ ਕਹਿਨੇ ਕਰਿਪਾਨ ਊਰਧ ਪ੍ਰੋ ਪ੍ਰਾਪਤਿ ਹੋਵੇ ਹੈ। ਓਅੰਕਾਰ ਕੇ ਉਚਾਰ ਤੇ ਹੈ। ਅਰੁ ਓਅੰਕਾਰ ਦੇ ਪਾਲਨ ਔ ਰਖਾ ਹੋਯਾ ਤਿਸਦੇ ਕਰਨੇ।

ਸਾਥ, ਜੋ ਜਗਯਾਸੀ ਹੈ ਤਿਸ ਕੀ ਗਯਾਨ ਭੂਮਿਕਾ ਦਵਾਰਾ, ਜੋ ਗਯਾਨ ਭੂਮਿਕਾ ਨਹੀਂ ਪ੍ਰਾਪਤਿ, ਤਿਸ ਕੀ ਪ੍ਰਾਪਤਿ ਕਰ ਦੇਤ ਹੈ, ਅਰੁ ਜੋ ਪ੍ਰਾਪਤਿ ਹੈ ਤਿਸ ਕੀ ਕਾਮਾਦਿਕਾਂ ਤੇ ਰਖਯਾ ਕਰਤਾ ਹੈ; ਯਾਂਤੇ ਇਸ ਦਾ ਨਾਮ ਓਅੰਕਾਰ ਹੈ। ਓਅੰਕਾਰ ਕੇ ਔਰ ਭੀ ਅਰਥ ਹੈਂ:- ਅੰਗੀਕਾਰ ਕਰਨਾ। ਅੰਗੀਕਾਰ ਕਾ ਏਹ ਅਰਥ ਹੈ: ਜੋ ਇਸ ਕਾ ਭਜਨ ਕਰਨੇਹਾਰੇ ਹੈਂ ਤਿਨਕਾ ਬਚਨ ਕਹਿਆ ਹੋਆ ਸਰਬ ਦੇਵਤਾ ਵਰ ਸ਼ਾਪ ਅੰਗੀਕਾਰ ਕਰ ਲੈਤੇ ਹੈਂ। ਉਨ ਕੀ ਆਗਯਾ ਫੇਰਤੇ ਨਹੀਂ। ਓਅੰਕਾਰ ਕੋ ਅਰਥ ਬ੍ਰਹਮ ਕੈ ਭੀ ਹੈ। ਜੋ ਓਅੰਕਾਰ ਕੇ ਉਚਾਰਨ ਕਰਤ ਹੈ ਤਿਸ ਕੋ ਅਪਨਾ, ਜੋ ਬ੍ਰਹਮ ਸਰੂਪ ਹੈ, ਸੋ ਕਰ ਲੈ ਹੈਂ। ਏਕ ਹੀ ਜੋ ਓਅੰਕਾਰ ਨਾਮ ਹੈ ਇਤਨੇ ਤਿਸ ਕੇ ਹੀ ਅਰਥ ਭਏ। ਅਗਾਰੀ ਔਰ ਜੋ ਨਾਮ ਹੈਂ ਰਹੇਨੰ, ਤਿਨ ਕੋ ਅਰਥ ਨਹੀਂ ਕਰਤੇ; ਕਿਉਂ ਜੋ ਗਿੰਥ ਬਢਬੇ ਕੇ ਕਾਰਨ ਤੇ। ਪੂਰਬ ਜੋ ਤ੍ਰੈਹਠ ਰੂਪ ਸਪਤ ਮਤ ਕੇ ਕਹੇ ਹੈਂ ਤਿਨ ਕਾ ਭੀ ਅਰਥ ਨਹੀਂ ਬਿਸਤਾਰ ਸੋ ਕਹਯੋ ਇਸੀ ਹੇਤੁ ਹੈ।

ਜ਼ਾਗਵਲਕ ਜੀ ਜੋ ਹੈਂ ਸੋ ਓਅੰਕਾਰ ਕੋ ਅਮਾਤ੍ਰਾ ਰੂਪ ਜਾਨ ਕਰ ਉਪਾਸਨਾ ਕਰੀ ਹੈ। ਕੇ ਈਕ ਅਰਧ ਮਾਤ੍ਰਾ ਰੂਪ ਕਰ ਸੇਵਤੇ ਹੈਂ। ਕੇਈਕ ਇਸ ਕੋ ਏਮਾਤ੍ਰਾ ਜਾਨ ਕਰ, ਕੋਈ ਦੋ ਮਾਤ੍ਰਾ ਰੂਪ ਕਰ, ਕੋਈ ਤੀਨ ਮਾਤ੍ਰਾ ਕਰਕੇ, ਕੋਈਕ ਚਾਰ ਮਾਤ੍ਰਾ ਜਾਨ ਕਰ। ਵਸ਼ਿਸ਼ਟ ਜੀ ਸਾਢੇ ਚਾਰ ਮਾਤ੍ਰਾ ਜਾਨ ਕਰ ਕਰੀ ਹੈ। ਇਸ ਕਹਿਣੇ ਤੇ ਸਿਧ ਇਹ ਭਯਾ: ਓਅੰਕਾਰ ਜੋ ਹੈ ਪਾਰਬ੍ਰਹਮ ਰੂਪ ਹੈ। ਅਮਾਤ੍ਰ ਭੀ ਹੈ, ਅਨੰਤ ਮਾਤ੍ਰਾ ਰੂਪ ਭੀ ਹੈ। ਜੈਸਾ ਇਸ ਕੋ ਰੂਪ ਕਿਸੀ ਕੋ ਜਾਨਬੇ ਮੈਂ ਆਯ ਹੈ, ਗੁਰੂ ਦਵਾਰਾ, ਬੁਧਿ ਦਵਾਰਾ, ਕਿਵਾ ਸ਼ਾਸਤ੍ਰ ਦਵਾਰਾ; ਸੋਈ ਰੂਪ ਜਾਨ ਕਰ ਸੇਵਤ ਹੈ, ਸੋ ਸਭਨੋਂ ਕਾ ਸਫਲ ਹੈ। ਜੈਸੇ ਬ੍ਰਹਮ ਕੋ ਨਿਰੂਪਨ ਕੀਓ ਹੈ ਅਨਿਕ ਰੀਤਿ ਸੋ ਸਰਬ ਬਨਤ ਹੈ,

Sri Satguru Jagjit Singh Ji eLibrary NamdhariElibrary@gmail.com

ਤੈਸੇ ਹੀ ਓਅੰਕਾਰ ਮੈਂ ਸਰਬ ਬਨਤ ਹੈ। ਏਕ ਦੋ ਮਾਤ੍ਰਾ ਰੂਪ ਜਾਨਿ ਜੋ ਬਜਤੇ ਹੈਂ ਸੋ ਕਿਸ ਗਤਿ? ਏਕ ਦੋ ਆਦਿ ਮਾਤ੍ਰਾ ਜਾਨਤ ਹੈਂ, ਇਸ ਕਹਿਬੇ ਮੈਂ ਗ੍ਰੰਥ ਬਧਤ ਹੈ ਯਾਤੇ ਨਹੀਂ ਕਹਯੋ: ਅਰਥ ਏਹ ਜੁ ਸਰਬ ਅੱਛਰ ਹੈਂ ਸੋ ਓਅੰਕਾਰ ਹੀ ਰੂਪ ਹੈਂ; ਜੋ ਬ੍ਰਹਮੰਡ ਮੈਂ ਨਾਮ ਰੂਪ ਬੋਲਨ ਮੈਂ ਆਵਤ ਹੈਂ; ਸੋ ਸਰਬ ਅੱਖਰੋਂ ਹੀ ਮੈਂ ਹੈਂ, ਅਖਰੋਂ ਤੇ ਬਿਨਾਂ ਕੁਛ ਭੀ ਨਹੀਂ ਹੋਇਗਾ; ਯਾਂਹੀ ਤੇ ਸਿਧ ਭਯੋ, ਜੋ ਜਗਤ ਕੇ ਬਨਾਉ ਸਰਬ ਓਅੰਕਾਰ ਹੀ ਰੂਪ ਹੈ। ਓਅੰਕਾਰ ਤੇ ਸ਼ੇਸ਼ ਔਰ ਕੁਛ ਭੀ ਨਹੀਂ ਰਹਤ ਹੈ।

'ਏਕੋਹੰ ਬਹੁ ਸ਼ਯਾਮ' ਇਸ ਸ਼੍ਰੁਤੀ ਤੇ ਜੋ ਓਅੰਕਾਰ ਨਿਕਾਸਯੋ ਹੈ ਸੋ ਜਗਤ ਕੇ ਰਚਿਬੇ ਕੋ ਹੈ, ਅਨਕੇ ਨਾਨੰਤਵ ਉਤਪਤਿ ਹੋਤ ਹੈ। ਜੇ ਜਗਤ ਕੋ ਲੈ ਕਰਬੇ ਮੈਂ ਅਰਥ ਕਰੀਏ ਤੋਂ 'ਮੁੰਹ' ਤੇ 'ਓਅੰ' ਨਿਕਸਤਿ ਹੈ। ਦੇਵਤ ਹੈ ਲੈ ਕਰਬੇ ਹਿਤ। 'ਸਕਾਰ' ਤੋ 'ਉਕਾਰ' ਨਿਕਸਤ ਹੈ, 'ਹਕਾਰ ਤੇ ਅਕਾਰ' ਔਰ ਬਿੰਦੀ ਕੋ 'ਮਕਾਰ' ਨਿਕਾਸੇ 'ਓਅੰ' ਹੋਤ ਹੈ। ਤੀਨੋਂਸ ਅਖਰ ਕੇ ਹਕਾਰ ਬਿੰਜਨ ਹੋ ਕਰਿ ਲੋਪ ਹੋ ਜਾਤਾ ਹੈ। ਜੈਸੇ 'ਸੋਹੰ' ਤੇ 'ਏਕ੧ਓਂ' ਹੋ ਜਾਤ ਹੈ, ਤੈਸੇ ਹੀ ਜਗਤ ਕੀ ਦੈਵਤ ਤੋਂ ਏਕਤਾ ਹੋ ਜਾਤ ਹੈ। ਅਰਥ ਓਅੰਕਾਰ ਕੋ ਏਕ ਬੀਜ ਮਾਤ੍ਰ ਭਯੋ ਹੈ। ਇਤਨੇ ਹੀ ਅਰਥ ਤੇ ਬਿਸਥਾਰ ਸ਼ਾਸਤ੍ਰ ਮੈਂ ਅਨੇਕ ਗ੍ਰੰਥ ਰਚੇ ਹੈਂ, ਮੂਲ ਯਹੀ ਹੈ। ਪ੍ਰਥਮ ਮੰਗਲਾ ਚਰਨ 'ਏਕ ਓਅੰਕਾਰ' ਕੋ ਕਰਿਕੇ ਅਗਾਰੀ ਬਹੁਰ ਕਹਤ ਹੈਂ:-

ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਭੂਤ, ਭਵਿੱਖ, ਵਰਤਮਾਨ ਜੋ ਤ੍ਰਿਕਾਲ ਹੈ ਇਸ ਮੇਂ ਜੋ ਅਬਾਧ ਹੋਇ, ਸੋ 'ਸਤਿ'॥ ਕਿੰਵਾ ਜਾਗ੍ਰਤ, ਸੁਪਨ, ਸੁਖੋਪਤਿ, ਇਨ ਤੀਨ ਅਵਸਥਾ ਕੇ ਪਰਿਣਾਮ ਵਿਖੇ ਜੋ ਏਕ ਰਸ ਰਹੈ, ਸੋ ਸਤਿ। (ਸਤੰਯਮਚਾਸਾ-ਊਨਾਮ) ਸਤਿਨਾਮ। ਸਤਿਨਾਮ-ਸਤਿ ਸਰੂਪ ਜਿਸ ਕੋ ਹੋਇ, ਸਤਯ ਹੀ ਨਾਮ ਹੋਇ, ਸੋ 'ਸਤਿਨਾਮ'।

ਪ੍ਰਸ਼ਨ:- ਸਤਿ ਕੋ ਜੋ ਤਕਾਰ ਹੈਂ ਤਿਸ ਕੋ ਇਕਾਰ ਔਰ ਗ੍ਰੰਥਨ ਮੈਂ ਨਹੀਂ ਹੈ, ਸ੍ਰੀ ਸਤਿਗੁਰੂ ਜੀ ਕੀ ਬਾਨੀ ਮੇਂ ਤਕਾਰ ਮੇਂ ਇਕਾਰ ਹੋਤ ਹੈ, ਯਹ ਕੋਨ ਕਾਰਨ?

ਉਤਰ:- ਸਹੰਸਕ੍ਰਿਤਿ ਮੇਂ ਤਕਾਰ ਕੋ ਯਕਾਰ ਹੋਤ ਹੈ, ਪ੍ਰਮਾਨ: 'ਸਤਸੰ ਗਯਾਨਮਨੰਤੰ ਬ੍ਰਹਮ'। ਯਕਾਰ ਜੋ ਹੈ ਭਾਖਾ ਮੇਂ ਇਕਾਰ ਹੋ ਜਾਤ ਹੈ। ਜੈਸੇ 'ਜਯ ਜਯ' ਸਹੰਸਕ੍ਰਿਤੀ ਮੇਂ ਹੈ, ਭਾਖਾ ਮੇਂ 'ਜੈ ਜੈ' ਹੋ ਜਾਤ ਹੈ। ਸਹੰਸਕ੍ਰਿਤਿ ਕੇ ਪਦ ਜਯ ਤੇ ਆਦਿ ਔਰ ਭੀ ਐਸੇ ਹੈਂ; ਜੇ ਭਾਖਾ ਮੈਂ ਇਕਾਰ ਨਾ ਬਨਾਵੋ ਇਸੀ ਰੀਤਿ ਸੋਂ, ਤੋਂ ਦੋਖ ਹੋਤ ਹੈ। ਯਾਂਹੀ ਤੇ ਸਤਿਗੁਰ ਸਰਬਗਯ ਨੀਕੀ ਰੀਤਿ ਸੋਂ ਲਿਖਾਇ ਗਏ ਹੈਂ, ਐਸੇ। ਜੋ ਸਤਿ ਚਿਦਾਨੰਦ ਬ੍ਰਹਮ, ਸੋ ਮਾਯਾ ਸਵਲ ਹੋ ਕਰਿ ਕਰਤਾ ਪੁਰਖੁ ਸਨਯੋ, ਮਾਯਾ ਕੋ ਆਸ੍ਰੇ ਸਥਾਨ॥ ਆਪਨੀ ਚੇਤੰਨ ਸੱਤਾ ਕਰਿਕੈ ਮਾਯਾ ਦ੍ਵਾਰੇ ਵਾਰੰਵਾਰ ਜਗਤ ਕੋ ਰਚਤ ਹੈ, ਸੋਈ ਜੋ ਸਤਿ ਹੈ; ਮਾਯਾ ਸਵਲ ਤੇ ਕਰਤਾ ਨਾਮ ਭਯੋ। ਕਰਤੱਤ ਕੋ ਜੋ ਕਰੇ ਸੋ ਕਰਤਾ ਪੁਰਖ॥ ਪੁਰਖੁ ਕੋ ਅਰਥ 'ਪੁਰਖੁ ਹੈ, ਇਸਤ੍ਰੀ ਯਾ ਨਿਪੁੰਸਕ ਨਹੀਂ ਹੈ। ਵਾ ਪੁਰ ਪੁਰ ਬਿਖੇ ਜਿਸ ਕਾ ਸੈਨ ਹੋਇ, ਸਰਬ ਬਯਾਪੀ, ਤੇ ਪੁਰਖੁ ਕਹੀਐ॥ ਜਿਸ ਕੋ ਕਿਸੀ ਦੂਸਰੇ ਕਾ ਭਉ ਤ੍ਰਾਸ ਨਹੀਂ ਹੋਇ ਸੋ 'ਨਿਰਭਉ'; ਵਾ 'ਭਵ' ਨਾਮ ਜਗਤ ਕੋ ਜਨਮ ਮਰਨ ਕੋ, ਜੋ ਇਸ ਤੇ ਬਿਨਾਂ ਹੋਇ, ਸੋ 'ਨਿਰਭਉ'; ਵਾ 'ਭਵ' ਨਾਮ ਜਗਤ ਕੋ ਜਨਮ ਮਰਨ ਕੋ, ਜੋ ਇਸ ਤੇ ਬਿਨਾਂ ਹੋਇ ਸੋ 'ਨਿਰਭਉ'॥ ਜਿਸ ਕੋ ਕਿਸੀ ਸਾਥ ਬੈਰ ਨਹੀਂ

Sri Satguru Jagjit Singh Ji eLibrary NamdhariElibrary@gmail.com

ਹੋਇ, ਕਿਆ? ਸਮਾਨ ਹੈ ਸਰਬ ਕੋ, ਸੋ 'ਨਿਰਵੈਰੁ'॥ ਜਿਸ ਕੀ ਮੂਰਤਿ ਅਕਾਲ ਹੈ। ਮਾਰਨ ਵਾਰੋ ਔਰ ਜਿਸ ਕੋ ਨਹੀਂ ਹੋਇ, ਸੋ ਅਕਾਲ-ਮੂਰਤਿ ਵਾ ਕਾਲ ਨਾਮ ਸਮੇਂ ਕੋ, ਤਿਸ ਸਮੇਂ ਕਰਕੇ ਜੋ ਬਾਲ, ਜੁਵਾ ਬ੍ਰਿਧ ਹੋਨ ਮੈਂ ਨਹੀਂ ਆਵੇ, ਸੋ ਵਾ ਏਕਾਖਰੀ ਕੋਸ਼ ਮੇਂ 'ਅਕਾਰ' ਬਿਸ਼ਨੂ, 'ਕਾ' ਬ੍ਰਹਮੇਂ ਕੋ, ਲੈ-ਕਰਨ ਤੇ 'ਲਕਾਰ' ਤੇ ਨਾਮ ਸ਼ਿਵ ਕੋ, 'ਕਰਤਾ ਪੁਰਖੁ 'ਤੀਨ ਮੂਰਤਿ ਬਨਿ ਬੈਠਯੋ, ਯਾਂਤੇ ਅਕਾਲ ਮੂਰਤਿ॥ ਜੂਨਿ ਜੋ ਚੌਰਾਸੀ ਹੈ ਤਿਨੋਂ ਮੈਂ ਜੋ ਨਹੀਂ ਹੋਇ, ਸੋ 'ਅਜੂਨੀ'। ਵਾ ਅਜ ਨਾਮ ਤੀਨੋਂ ਦੇਵਨ ਕੋ ਭੀ ਹੈ, ਸੋ ਜਿਸ ਤੈ ਉਨ ਹੋਇ ਸੋ॥ 'ਸੈਭੰ' ਸ੍ਵੰਭੂ ਕੇ ਸੈਭੰ ਪਾਠ ਹੈ। ਆਪ ਹੀ ਤੇ ਜੋ ਭਯੋ ਹੋਇ, ਸੋ ਸੈਭੰ। ਵਾ ਸੈਂਕਰੇ ਸੰਸੇ ਕੋ ਨਾਸ਼ ਕਰਨਹਾਰਾ ਹੋਇ, ਸੋ॥ ਐਸੇ ਸਰੂਪ ਪਾਰਬ੍ਰਹਮ ਕਰਤਾ ਪੁਰਖ ਕੋ ਚਿਤ ਮੇਂ ਕੈਸੇ ਬਸੈ? ਵਾ, ਐਸੇ ਸਰੂਪ ਕੋ ਜਾਨੈ ਕਿਸ ਰੀਤਿ? ਵਾ, ਐਸੇ ਸਰੂਪ ਪ੍ਰਸੰਨ ਹੋਇ ਕਰ ਦਰਸ਼ਨ ਕੈਸੇ ਦੇਇ? ਇਨ ਪ੍ਰਸ਼ਨ ਕੋ ਲੀਏ ਹੂਏ ਸ੍ਰੀ ਨਾਨਕ ਜੀ ਕਹਤ ਹੈਂ: 'ਗੁਰਪ੍ਰਸਾਦਿ'॥ ਸਤਿਗੁਰ ਸੇਵਨ ਤੇ ਪ੍ਰਸੰਨ ਜੋ ਹੋਵੇ ਤੋ ਪੂਰਬ ਕਹਨੇ ਸਰਬ ਹੋਤ ਹੈ। ਵਾ, ਸਤਿਗੁਰੂ ਸਿੱਖ ਕੋ ਦੁਖੀ ਦੇਖ ਕਰਿ ਦਯਾ ਕਰਹਿ ਤਬ ਹੋਇ। 'ਪ੍ਰਸਾਦਿ' ਨਾਮ ਪ੍ਰਸੰਨਤਾ ਕੋ ਭੀ ਹੈ, ਦਯਾ ਕੋ ਭੀ ਹੈ। 'ਗੁਰ' ਕੋ ਅਰਥ:- 'ਗੋ' ਨਾਮ ਅੰਧੇਰੇ ਕੋ, ਤਿਸ ਤੇ ਅਗਯਾਨ ਕੋ ਅਰਥ। 'ਰੁ' ਨਾਮ ਪ੍ਰਕਾਸ਼ ਕੋ, ਤਿਸ ਤੇ ਗਯਾਨ ਕੋ ਅਰਥ। ਅਗਯਾਨ ਕੋ ਨਸ਼ਟ ਕਰਿ ਜੋ ਗਯਾਨ ਦੇਇ ਸੋ 'ਗੁਰੁ'।

ਇਹ ਪ੍ਰਥਮ ਸ਼ਲੋਕ ਮੰਗਲਾਚਰਨ ਕੋ ਸਤਿਗੁਰੁ ਸ੍ਰੀ ਨਾਨਕ ਜੀ ਨੇ ਬਨਾਯੋ। ਗੁਰੂ ਅਰਜਨ ਪ੍ਰਯੰਤ ਮੰਗਲਾਚਰਨ ਅਪਨੀ ਬਾਨੀ ਮੇਂ ਇਸੀ ਸ਼ਲੋਕ ਕੋ ਕਰਤ ਰਹੇ ਹੈਂ। ਕੈਸਾ ਇਹ ਸ਼ਲੋਕ ਹੈ? ਜੋ ਇਸ ਕੋ ਸੇਵਤੇ ਹੈਂ ਤਿਨ ਕੋ ਅਲਭ ਪਦਾਰਥ ਮੁਕਤਿ ਤੇ ਆਦਿ ਕੋਈ ਭੀ ਨਹੀਂ ਹੈ। ਹਮੇਸ਼ ਤਿਸ ਕੇ ਮੰਗਲ ਹੀ ਰਹਤ ਹੈਂ। ਸ੍ਰੀ ਨਾਨਕ ਜੀ ਕੋ ਧਯਾਨ ਧਾਰਿਕੈ ਉਚਾਰਨੋ। ਅਬ ਅਰ ਮੰਤ੍ਰ ਸ਼ਿਵ ਜੀ ਕੇ ਠਾਕੇ ਹੋਏ ਹੈਂ ਸਫੁਰਨ ਨਹੀਂ ਹੋਤੇ। ਇਹ ਸਫੁਰਨਹੋਤ ਹੈ।

ਮੰਗਲਾਚਰਨ ਗ੍ਰੰਥਨ ਮੇਂ ਤੀਨ ਪ੍ਰਕਾਰ ਕੋ ਹੋਤ ਹੈ। ਜਹਾਂ ਨਮਸਕਾਰ ਕਰਤ ਹੈਂ ਸੋ 'ਨਮਸਕਾਰਾਤਮਦ' ਹੋਤ ਹੈ। ਔਰ ਜਹਾਂ ਆਪਨੇ ਇਸ਼ਟ ਕੋ 'ਜੈ ਪਦ' ਕਹਯੋ ਹੋਇ, ਸੋ? 'ਔਰੀਬਾਦਾਤਮਕ' ਨਾਮ ਹੈ। ਤੀਸਰੋ 'ਵਸਤੂ ਨ੍ਰਿਦੇਸ਼', ਸੋ ਹੈ ਜਹਾਂ ਅਪਨੇ ਇਸ਼ਟ ਕੋ ਸਰੂਪ ਵਾ ਗੁਨ ਵਰਨੀਏ ਹੈ।

ਪ੍ਰਥਮ ਗ੍ਰੰਥ ਮੇਂ ਅਪਨੇ ਇਸ਼ਟ ਕੋ ਬਰਨਨ, ਤਿਸ ਕੋ ਨਾਮ ਮੰਗਲਾਚਰਨ। ਕਾਰਨ ਯਾਂਕੋ ਇਹ: ਨ੍ਰਿਬਿਘਨ ਸਮਾਪਤੀ ਗ੍ਰੰਥ ਕੀ। ਈਹਾਂ ਜਪੁਜੀ ਮੇਂ ਵਸਤੂ ਨ੍ਰਿਦੇਸ਼ ਮੰਗਲਾਚਰਨ ਹੈ। ਸ਼ਲੋਕ ਮੇਂ ਨਾਮ ਕਹੇ ਹੈਂ. ਤਿਨ ਨਾਮੋਂ ਕੇ ਅਰਥ ਕਰਨੇ ਕਰਿ ਸਰੂਪ ਅਰ ਗੁਨ ਪਾਰਬ੍ਰਹਮ ਕੇ ਨਿਰੂਪਨ ਹੋਤੇ ਹੈਂ, ਯਾਂਤੇ ਵਸਤੂ ਨ੍ਰਿਦੇਸ਼। ਅਸ਼ੀਰਵਾਦ ਤਮਕ ਅਰ ਨਮਸਕਾਰ ਰਾਤਮਕ ਏ ਦੋਨੋਂ ਜੋ ਮੰਗਲਾਚਰਨ ਹੈਂ ਟਕਲੇ ਏਕਲੇ ਨਹੀ ਹੋਤ ਹੈਂ, ਵਸਤੂ ਨ੍ਰਿਦੇਸ਼ ਕੋ ਲੈਕਹਿ ਹੋਤ ਹੈ। ਜੋ ਅਰੁ ਨਾਮੋਂ ਕੇਵਲੁ ਕੈਸੇ ਬਨੈ? ਪੂਰਬ ਨਾਮ ਵਾ ਗੁਨ ਵਾ ਸਰੂਪ ਕਹਿਕੇ ਕਹਿਬੋ ਬਨਤ ਹੈ। ਅਰੁ ਵਸਤੂ ਨ੍ਰਿਦੇਸ਼ ਏਕ ਭੀ ਹੋਤ ਹੈ, ਜੈਸੇ ਗੁਰੂ ਜੀ ਨੇ ਇਹ ਸ਼ਲੋਕੁ ਬਨਾਯੋ ਹੈ; ਐਸੇ ਜਾਨਿਯੈ। ਗੁਰਪ੍ਰਸਾਦਿ ਮੇਂ ਗੁਰੋਂ ਕੇ ਗੁਨ ਕਹਿਕੇ, ਜੋ ਪਰਮੇਸ਼ਰ ਕੀ ਪ੍ਰਾਪਤੀ ਕਰ ਦੇਤ ਹੈਂ ਤਿਨ ਕੋ ਮੰਗਲਾਚਰਨ ਕਹਯੋ, ਜਗਤ ਕੀ ਮ੍ਰਿਜਾਦਾ ਹੇਤ। ਅਰੁ ਤਿਨਕੋ ਨਾਮ ਲੇਨੇ ਕਰ ਤੇਂ ਅਨੇਕ ਬਿਘਨ ਨਾਸ਼ ਹੋਤ ਹੈਂ। ਇਤਯਰਥ॥

Sri Satguru Jagjit Singh Ji eLibrary NamdhariElibrary@gmail.com

'ੴ ਇਸ ਮੇਂ ਤੋ ਬਿਸ਼ੇਖਾਲੰਕਾਰ ਹੈ।

ਲਛਨ-- ਜਹਾਂ ਏਕ ਕੋ ਬਾਨ ਅਨਕੇ।
ਬਰਨੋਂ, ਸੋਇ 'ਬਿਸ਼ੇਖ' ਬਿਬੇਕ।

ਈਹਾਂ ਏਕ ਹੀ ਓਅੰਕਰ ਸਰਬ ਥਾਨ ਮੇਂ ਬਿਸਥਰਯੋ ਹੈ, ਯਾਤੇ ਬਿਸ਼ੇਖਾਲੰਕਾਰ। ਵਾ ਉਲੇਖਾਲੰਕਾਰ ਭੀ ਓਅੰਕਾਰ ਮੇਂ ਬਨਤ ਹੈ:-

ਇਕ ਕੋ ਬਹੁਤ ਰੀਤਿ ਕਹਿ ਜਹਾਂ।
ਅੰਲਕਾਰ 'ਉਲੇਖ' ਤਹਾਂ।

ਏਕ ਓਅੰਕਾਰ ਕੋ ਸਪਤ ਮਤ ਨੇ ਔਰ ਔਰ ਰੀਤਿ ਸੋ ਜਾਨਯੋ, ਯਾਂਤੇ ਉਲੇਖਾ। ਅਗਲੇ ਸ਼ਲੋਕ ਮੇਂ ਸਰੂਪ ਬਰਨਨ, ਤੇ ਅਕਾਲ ਮੂਰਤਿ ਅਰੁ ਸੰਤ ਯਹਿ ਜਾਤੀ, ਨਿਰਭਉ ਨਿਰਵੈਰ ਯਹ ਸੁਭਾਵ, ਯਾਂਤੇ ਜਾਤਿ ਸੁਭਾਵੋਕਤਿ ਅੰਲਕਾਰ ਲਛੱਨ ਜਹਿਂ ਸਰੂਪ ਸੁ ਤਹਾਂ ਬਿਚਰੀਏ। ਜਹਿ ਸੁਭਾਵ ਕੋ ਬਰਨਨ ਹੋਇ। ਤਹਾਂ 'ਸੁਭਾਵੋਕਤ' ਲਖਿ ਸ਼ੋਇ। ਗੁਰਪ੍ਰਸਾਦਿ ਮੇਂ ਪ੍ਰਸੰਖਯਾਲੰਕਾਰ ਹੋਤਾ ਹੈ। ਔਰ ਸਰਬ ਸਥਾਨ ਤੇ ਬੂਝ ਕੋ ਹਟਾਇ ਕਰ ਏਕ ਗੁਰਪ੍ਰਸਾਦਿ ਮੇਂ ਠਹਿਰਾਯੋ, ਯਾਂਤ ਪ੍ਰਸੰਖਯਾ।

ਲੱਛਨ-- ਇਕ ਬਲ ਬਰਜ ਦੁਤਿਯ ਬਲ ਮਾਹੀ।
ਕਛੁ ਠਹਿਰਾਇਂ 'ਪ੍ਰਸੰਖਯਾ' ਕਹਾਈ।

ਮੂਲ-ਮੰਤ੍ਰ : 6

ਵੈਦ ਰੂਪ ਉਪਦੇਸ ਮੇਂ 'ੴ ਕੇ ਆਦਿ ਮੇਂ 'ਏਕ-ਅੰਗ ਨਹੀ ਕਹਯਾ ਅਰ ਈਹਾਂ ਕਹਯ ਹੈ॥ ਤਿਸ ਕਾ ਯਹ ਤਾਤਪਰਯ ਹੈ॥ ਸਭ ਕੋ ਪ੍ਰਤੀਤ ਹੋ ਜਾਵੇ ਜੋ ਸਿਧਾਂਤ ਵਸਤੂ 'ਅਦ੍ਵੈਤ' ਹੈ, ਦੇਵਤ ਨਹੀਂ॥ ਯਾਂਤੇ ਜੀਵ-ਈਸ਼ 'ਏਕ' ਰੂਪ; ਏ ਬੇਰਾਗੀਯੋਂ ਕੇ ਮਤ ਵਤ 'ਦੋ' ਨਹੀਂ॥

ਕੋਈ, 'ਏਕ-ਅੰਗ' ਆਦਿ ਮੇਂ ਕਹਨੇ ਕਾ ਬੀਜ ਯਹ ਕਹਤੇ ਹੈਂ, ਜੋ ਯਹ ਉਪਦੇਸ਼ ਪੁਰਖ-ਬ੍ਰਿਤੀ ਮਾਤ੍ਰ ਕੋ ਸਾਂਝਾ ਹੈ॥ ਅਰ ਵੇਦ ਮੇਂ ਤੀਨ ਵਰਣੋਂ ਕੇ ਪੁਰਖੋਂ ਬਿਨਾ ਨਿਖਲ-ਵਰਣੋਂ ਕੀ ਇਸਤਰੀਆਂ ਅਰ ਪੁਰਖੋਂ ਕੋ 'ੴ ਕੇ ਮੁਖ ਮੇਂ ਉਚਾਰਣ ਕਰਨ ਕੀ ਆਗਯਾ ਨਹੀਂ॥ ਯਾਂਤੇ ਸਾਂਝਾ ਉਪਦੇਸ਼ ਭੀ ਕਰਨਾ, ਔਪੂਰਬ ਵੈਦ ਮੇਂ ਕਹੀ ਅਪਣੀ ਆਗਯਾ ਭੀ ਸਹੀ ਰੱਖਨੀ, ਯਹ ਵਿਚਾਰ ਕੇ ਪਰਮੇਸ਼ਵਰ ਨੇ 'ੴ ਕੇ ਆਦਿ ਮੇਂ ਪੜਦਾ ਰੱਖ ਦੀਆ ਹੈ॥ ਜੋ ਪੜਦੇ ਮੇਂ ਸਭੀ ਬੋਲੇਂ। ਪੜਦੇ ਸੇ ਬੋਲਨੇ ਮੇਂ ਦੋਖ ਨਹੀਂ॥ ਜੈਸੇ ਉਲਟਾ ਬੋਲਨੇ ਮੇਂ ਦੋਖ ਨਹੀਂ॥ ਯਹੀ ਬਾਤ ਸਮਝ ਕੇ ਬਾਲਮੀਕ ਕੋ ਰਿਖੀਯੋ ਨੇ ਰਾਮ-ਮੰਤ੍ਰੋਂ ਕਾ ਉਲਟਾ 'ਮਰਾ' ਉਪਦੇਸ਼ ਕੀਆ॥ ਅਰਥ ਇਸ ਪਖ ਮੇਂ ਭੀ 'ਏਕ' ਕਾ ਵਹੀ ਹੈ ਜੋ ਪੀਛੇ ਬਤਾਯਾ ਹੈ। ੴ ਕਾ ਅਰਥ ਬਯਾਕਰਣ ਵਾਲੇ ਨਾਮ ਲੈਨੇ ਮਾਤ੍ਰ ਸੇ 'ਰੱਖਾ' ਕਰਨੇ ਵਾਲਾ ਪਰਮੇਸ਼੍ਵਰ ਕਹਤੇ ਹੈ॥ 'ਅਵ' ਧਾਤੂ ਸੇ ਇਸ ਕੋ ਬਨਾਵਤੇ ਹੈ॥ 'ਅਵ' ਕਾ ਅਰਥ 'ਰਖਯਾ' ਹੈ॥ ਯਾਤੇ ਰਛਾ ਕਰਨੇ ਵਾਲੇ ਕਾ ਨਾਮ 'ੴ ਕਹੇ ਹੈ॥

ਔਰ ਗ੍ਰੰਥ ਵਾਲੇ ਆ, ਉ, ਮ; ਇਨ ਤੀਨ ਅਖਰੋਂ ਕੋ ਮਲਾ ਕੇ ਇਸ ਕੋ ਬਨਾਵੇ ਹੈ ਅ, ਉ, ਕਾ, ਓ; ਮੰਮੇ ਕੀ ਬਿੰਦੀ ਹੋ ਕਰੇ 'ੴ ਬਨੇ ਹੈ॥ ਅਕਾਰ, ਉਕਾਰ, ਮਕਾਰ, ਮਾਤ੍ਰਾ ਇ ਤੀਨੋ ਕਾ ਨਾਮ ਹੈ॥ ਮਾਤ੍ਰਾ ਨਾਮ 'ਅਵਯਵ' ਕਾ ਹੈ॥ ਯਾਂਤੇ 'ੴ ਸਮੁਦਾਯ ਕੇ ਯੇ ਤੀਨ 'ਅਵਯਵ' ਹੈ॥ ਅਕਾਰ ਮਾਤ੍ਰਾ ਕਾ ਅਰਥ ਬਿਰਾਟ-ਈਸ਼੍ਵਰ, ਔ ਬਿਸ਼੍ਵ ਜੀਵ ਹੈ॥ ਸਥੂਲ ਸਰੀਰ ਕੇ ਔ ਜਾਗ੍ਰਤ ਅਵਸਥਾ ਕੇ ਸਵਾਮੀ ਜੀਵ ਕਾ ਨਾਮਾ ਬਿਸ਼੍ਵ ਹੈ॥ ਪੰਜ ਸਥੂਲ ਭੂਤੋਂ ਕੇ ਅੰਸ

Sri Satguru Jagjit Singh Ji eLibrary NamdhariElibrary@gmail.com

ਮਿਲ ਕਰ ਬਨੈ॥ ਚਾਰ ਖਾਣ ਕੋ ਸਰੀਰ ਸਥੂਲ ਸਰੀਰ ਕਹੀਯੇ ਹੈ॥ ਜਿਸ ਕਾਲ ਮੇਂ ਦਸ-ਇੰਦ੍ਰੇ, ਚਾਰ-ਅੰਤਕਰਣ; ਚੋਦਾਂ ਇਨ ਕੇ ਵਿਖਯ, ਚੌਦਾ ਇੰਦ੍ਰਯੋ ਕੇ ਸਹਾਈ ਦੇਵਤਾ ਵਿਦਯਮਾਨ ਹੋਵੇ, ਤਿਸ ਕਾਲ ਕਾ ਨਾਮ ਜਾਗ੍ਰਤ ਅਵਸਥਾ ਹੈ॥ ਜੋ ਪ੍ਰਸਿਧ ਜਾਗ੍ਰਣ ਸਮਾ ਹੈ, ਇਸ ਜਾਗ੍ਰਤ ਅਵਸਥਾ ਔ ਸਥੂਲ ਸਰੀਰ ਕੇ ਅਭਿਮਾਨੀ ਕਾ ਨਾਮ ਬਿਸ਼੍ਵ ਜੀਵ ਹੈ॥ ਸੋ ਬਿਸ਼੍ਵ ਜੀਵ ਬਿਰਾਟ ਸ੍ਵਰੂਪ ਹੈ॥ ਕਾਹੇਤੇ, ਜੀਵਨ ਕੇ ਸਰੀਰੋਂ ਕਾ ਨਾਮ ਪਿੰਡ ਹੈ, ਔ ਨਿਖਲ ਪਿੰਡੋ ਕੇ ਸਮੁਦਾਯ ਕਾ ਨਾਮ ਬ੍ਰਹਮਾਂਡਾ ਹੈ॥ ਜੈਸੇ ਭਿੰਨ ਭਿੰਨ ਜਾਤਿ ਵਾਲੇ ਅਨੇਕ ਬ੍ਰਿਛੋ ਕੇ ਸਮੁਦਾਯ ਕਾ ਨਾਮ 'ਬਨ' ਹੋਵੇ ਹੈ॥ ਤੈਸੇ ਚਾਰ-ਖਾਣਿ ਕੇ ਪਿੰਡ ਔ ਚੋਦਾ ਭਵਨੋ ਕਾ ਨਾਮ ਬ੍ਰਹਮੰਡ ਹੈ, ਔ ਬ੍ਰਹਮਾਂਡ ਕੇ ਸ੍ਵਾਮੀ ਈਸ਼੍ਵਰ ਕਾ ਨਾਮ ਬਿਰਾਟ ਹੈ॥ ਪਿੰਡ ਕੇ ਸਵਾਮੀ ਜੀਵ ਕਾ ਨਾਮ ਬਿਸ਼੍ਵ ਹੈ॥ ਪਿੰਡ ਬ੍ਰਹਮਾਂਡ ਸੇ ਜੁਦਾ ਨਹੀਂ, ਯਾਤੇ ਪਿੰਡ ਕਾ ਸ੍ਵਾਮੀ ਬਿਸ਼੍ਵ; ਬ੍ਰਹਮਾਂਡ ਕੇ ਸਵਾਮੀ ਬਿਰਾਟ ਸੇ ਜੁਦਾ ਨਹੀਂ; ਦੋਨੋ ਏਕ ਰੂਪ ਹੈਂ॥ ਇਨ ਕੇ ਏਕ ਰੂਪ ਹੋਨੇ ਮੇ ਬੀਜ ਯਹ ਹੈ॥ ਜੋ ਪੀਛੇ 'ਏਕ-ਅੰਕ' ਕਾ ਅਰਥ ਏਕ ਪਰਮਾਤਮਾ ਕਹਾ, ਵਹੀ ਆਪਣੀ ਮਾਯਾ ਸਾਥ ਮਿਲ ਕਰ ਜੀਵ-ਈਸ ਦੋ ਰੂਪ ਧਾਰ ਲੇਵ ਹੈ॥ ਜੈਸੇ ਏਕ ਹੀ ਅਕਾਸ ਘਟ, ਮਠ ਮੇਂ ਮਿਲ ਕੇ ਦੋ ਰੂਪ ਹੋ ਜਾਵੇ ਹੈ॥ ਸੋ ਦੋ ਰੂਪ ਭੀ ਤਬ ਪ੍ਰਯੰਤ ਰਹੇ ਹੈਂ, ਜਬ ਪ੍ਰਯੰਤ ਦੋ ਰੂਪ ਕਰਨੇ ਵਾਲੀ ਚੀਜ ਭਿੰਨ-ਭਿੰਨ ਦੇਸ਼ੋ ਮੇਂ ਰਹੇ॥ ਜਬ ਏਕ ਦੇਸ ਮੇਂ ਹੋਵੇ, ਤਬ ਵਹੁ ਏਕ ਰੂਪ ਹੋ ਜਾਵੇ ਹੈ॥ ਜੈਸੇ ਜਬ ਘਟ ਕੋ ਮਠ ਮੇਂ ਰੱਖ ਦੇਵੇ, ਤਬ ਦੋ ਰੂਪ ਕਰਨੇ ਵਾਲੇ ਘਟ, ਮਠ ਕੇ ਏਕ ਸਥਾਨ ਮੇਂ ਹੋਨੇ ਸੇ ਅਕਾਸ ਏਕ ਰੂਪ ਹੋਵੇ ਹੈ॥ ਤੈਸੇ ਪਿੰਡ, ਬ੍ਰਹਮਾਂਡ ਕੋ ਏਕ ਰੂਪ ਹੋ ਕਰ ਏਕ-ਦੇਸ਼ ਮੈ ਹੋਨੇ ਸੇ ਤਿਨ ਕੇ ਸ੍ਵਾਮੀ ਬਿਸ਼੍ਵ, ਬਿਰਾਟ ਭੀ ਏਕ ਰੂਪ ਹੋਵੇ ਹੈ॥ ਇਸ ਰੀਤਿ ਸੇ ਸਥੂਲ-ਸਰੀਰ, ਜਾਗ੍ਰਤ-ਅਵਸਥਾ ਕਾ ਸ੍ਵਾਮੀ ਬਿਸ਼੍ਵ-ਜੀਵ, ਬਿਰਾਟ ਸ੍ਵਰੂਪ ਹੈ॥ ਐਸੇ 'ੴ ਕੀ ਪਹਿਲੀ ਮਾਤ੍ਰਾ ਕਾ ਅਰਥ ਗਯਾਨ ਕੀ ਇਛਾ ਵਾਲਾ ਪੁਰਖ ਚਿਤਵੈ 'ਅਕਾਰ' ਸੇ॥

ਆਰੀ ਦੂਸਰੀ ਮਾਤ੍ਰਾ 'ਉਕਾਰ' ਹੈ॥ ਤਿਸ ਕਾ ਅਰਥ-ਹਿਰਨਯਗਰਭ ਈਸ਼੍ਵਰ, ਔ ਤੇਜਸ ਜੀਵ ਹੈ। ਸੂਖਮ ਸਰੀਰ ਔ ਸ੍ਵਪਨ ਅਵਸਥਾ ਕੇ ਸਵਾਮੀ ਜੀਵ ਕਾ ਨਾਮ ਤੈਜਸ ਹੈ॥ ਪਾਂਚ-ਗਯਾਨ-ਇੰਦ੍ਰੈ, ਪਾਂਚ ਕਰ-ਇੰਦਦ੍ਰਿਯ, ਸਤਾਰਾਂ ਤਤਾਂ ਕਾ ਨਾਮ-ਸੂਖਮ ਸਰੀਰ ਹੈ॥ ਜਾਗ੍ਰਤ ਕਾਲ ਮੇਂ ਅਨੁਭਵ ਕੀਯੇ ਪਦਾਰਥੋਂ ਕੀ ਵਾਸਨਾ ਸੇ ਅੰਤਹਕਰਣ ਨੇਹੀ, ਸੰਪੂਰਣ ਇਦ੍ਰਿਯ, ਔ ਤਿਨ ਕੇ ਵਿਖਯ ਰੂਪ ਹੋ ਕਰ ਭਾਨ ਹੋਨਾ ਸ੍ਵਪਨ ਅਵਸਥਾ ਕਹੀ ਹੈ॥ ਜਿਸ ਕਾ ਨਾਮ ਪ੍ਰਸਿਧ ਸੁਫਨ-ਸਮਾ ਹੈ॥ ਇਸ ਸ੍ਵਪਨ ਅਵਸਥਾ ਔ ਸੂਖਮ ਸਰੀਰ ਕੇ ਸ੍ਵਾਮੀ ਕਾ ਨਾਮ ਤੇਜਸ-ਜੀਵ ਹੈ॥ ਤੇਜਸ ਜੀਵਨ ਕੇ ਸੂਖਮ ਸਰੀਰੋਂ ਕਾ ਸੁਮਾਦਯ ਹੀ ਬਨ-ਵਤ ਹਿਰਣਯਗਰਭ ਈਸ਼੍ਵਰ ਕਾ ਸਰੀਰ ਹੈ॥ ਕਾਹਤੇ, ਸਰੀਰੋਂ ਕੋ ਏਕ ਰੂਪ ਹੋ ਕਰ ਏਕ ਦੇਸ ਸੇ ਹੋਨੇ ਮੇਂ ਤਿਨ ਕੇ ਸ੍ਵਾਮੀ ਭੀ ਏਕ ਰੂਪ ਹੈਂ॥ ਯਾਂਤੇ ਤੇਜਸ-ਜੀਵ ਹਿਰਣਯਗਰਭ ਈਸ਼ ਰੂਪ ਹੈ॥ ਐਸੇ 'ੴ ਕੀ ਦੂਸਰੀ ਮਾਤ੍ਰਾ ਕਾ ਅਰਥ ਗਯਾਨ ਵਾਲਾ ਪੁਰਖ ਚਿਤਵੇ 'ਉਕਾਰ' ਸੇ।

ਆਗੇ ਤੀਸਰੀ ਮਾਤ੍ਰਾ 'ਮਕਾਰ' ਹੈ : ਤਿਸ ਕਾ ਅਰਥ ਮਾਯਾ-ਪਤਿ ਈਸ਼੍ਵਰ ਔ ਪ੍ਰਾਗਯ-ਜੀਵ ਹੈ। ਕਾਰਣ ਸਰੀਰ ਔ ਸੁਖੁਪਤੀ ਅਵਸਥਾ ਕੇ ਸਵਾਮੀ ਜੀਵ ਕਾ ਨਾਮ ਪ੍ਰਾਗਯ ਹੈ॥ ਮਾਯਾ ਕੇ ਮਲਿਨ-ਅੰਸ 'ਅਵਿਦਿਯਾ' ਹੈ॥ ਤਿਨ ਕਾ ਨਾਮ 'ਕਾਰਣ-ਸ਼ਰੀਰ' ਹੈ॥ ਜੈਸੇ ਬੀਜ ਮੇਂ ਬ੍ਰਿਛ ਲੀਨ ਹੋਵੇ ਹੈ; ਤੈਸੇ ਜਾਗ੍ਰਤ, ਸੁਪਨ ਕੇ ਸੰਪੂਰਣ ਗਯਾਨੋ ਕੇ ਸਹਿਤ ਅੰਤਹਕਰਣ

Sri Satguru Jagjit Singh Ji eLibrary NamdhariElibrary@gmail.com

ਕਾ ਅਵਿਦਯਾ ਮੇਂ ਲੀਨ ਹੋਨਾ ਸੁਖੁਪਤੀ ਅਵਸਥਾ ਹੈ, ਜੋ ਪ੍ਰਸਧਿ ਸੋਨਾ ਹੈ॥ ਇਸ ਸੁਖਪਤੀ ਅਵਸਥਾ ਔਂ ਕਾਰਣ ਸਰੀਰ ਕੇ ਸ੍ਵਾਮੀ ਕਾ ਨਾਮ ਪ੍ਰਾਗਯ-ਜੀਵੋਂ ਕੇ ਕਾਰਣ-ਸਰੀਰ ਅਵਿਦਯ ਮਾਯਾ ਰੂਪ ਹੈ॥ ਵਹੁ ਮਾਯਾ ਈਸ਼੍ਵਰ ਕਾ ਸ਼ਰੀਰ ਹੈ॥ ਇਸ ਪ੍ਰਕਾਰ ਮਾਯਾ 'ਅਵਿਦਯਾ' ਰੂਪ ਕਾਰਣ-ਸ਼ਰੀਰੋ ਕੇ ਏਕ-ਰੂਪ ਹੋ ਕਰ ਏਕ-ਦੇਸ਼ ਮੇਂ ਹੋਨੇ ਸੇ ਤਿਨ ਕੇ ਸ੍ਵਾਮੀ ਭੀ ਏਕ-ਰੂਪ ਹੈਂ॥ ਯਾਂਤੇ ਪ੍ਰਾਗਯ-ਜੀਵ ਮਾਯਾ-ਪਤੀ ਈਸ਼ ਰੂਪ ਹੈ॥ ਏਕ ਪਰਮਾਤਮ ਮੇਂ ਸ਼ਿਵਾਦਿਕ ਤੀਨ ਨਾਮ, ਔਂ ਬਿਰਾਟਦਿਕ ਤੀਨ-ਨਾਮ, ਏਕ ਅਗਯਾਨ ਸੇ ਸਨੇ ਹੈਂ, ਔਂ ਜੁਦੇ ਭਾਸੇ ਹੈਂ, ਵਾਸਤਵ ਮੇਂ ਏਕ ਰੂਪ ਹੈਂ॥ ਔਂਵਾਚਯ ਵਾਚਕ ਭੇਦਨ ਹੀ, ਯਾਂਤੇ ਯੇ ਸਭੀ '੧ਓਂ' ਰੂਪ ਹੈਂ॥ ਬੇਸ੍ਮ ਆਕਾਰ ਰੂਪ ਹੈ, ਤੇਜੇਸ ਉਕਾਰ ਰੂਪ ਹੈ, ਪ੍ਰਾਰਯ ਮਕਾਰ ਰੂਪ ਹੈ। ਸਮਾਧਿ ਸੇ ਪੂਰਬ ਐਸਾ ਚਿੰਤਨ ਕਰੇ॥ ਤਾਸੇ ਪੀਛੇ ਅਕਾਰ-ਰੂਪਾ ਬਿਸ੍ਮ ਕਾ ਉਕਾਰ ਮੇਂ; ਤੇਜਸ ਰੂਪ ਉਕਾਰ ਕਾ ਮਕਾਰ ਮੇ; ਪ੍ਰਾਗਯ ਰੂਪ ਮਕਾਰ ਕਾ ਤੁਰੀ-ਚੇਤਨ ਮੇਂ ਲਯ ਕਰ ਕੇ ਐਸੀ ਚਿੰਤਨ ਕਰੇ; ਜੋ ਮੇਂ ਸੁੱਧ ਬੁੱਧ ਰੂਪ ਪਰ ਨਿਤਯ ਮੁਕਤ ਚੇਤੰਨ ਹੋ॥ ਮੇਰੇ ਮੇਂ ਕੋਈ ਵਿਕਾਰ ਨਹੀਂ॥ ਯਹ ਸੁੱਧ ਬੁੱਧ ਰੂਪ ਪਰਮਾਤਮਾ ਗ੍ਰੰਥੋ ਮੇਂ ਇਸ ਕੀ ਅਰਧ ਮਾੜ੍ਰਾ ਲਿਖੀ ਹੈ॥ ਅਰਧ ਮਾੜ੍ਰਾ ਲਿਖਨੇ ਕਾ ਭਾਵ ਯਹ ਹੈ- ਪੂਰਬ ਕਹੇ ਅਕਾਰਾਦਿਕਓਂ ਸਮਦਾਯ ਕੇ ਪੂਰੇਤੀਨ ਅਵਯਵ ਹੈ॥ 'ਉ' ਆਵਯਵੋ ਕੇ ਜਬ ਅਵਸਥਾ ਔਂ ਸਰੀਰ ਭਾਗ ਦੂਰ ਕੀਯੇ, ਤਬ ਉਨ ਕਾ ਆਧਾ ਭਾਗ ਪਰਮਾਤਮਾ ਸੇਖ ਰਹੇ ਹੈਂ॥ ਆਧਾ ਭਾਵ ਅਵਸਥਾ ਔਂ ਸਰੀਰ ਦੂਰ ਹੋ ਜਾਵੇ ਹੈ। ਇਸ ਵਾਸਤੇ ਆਧਾ ਅਵਯਵ ਚੇਤਨੇ ਸੇਖ ਰਹਿਆ, ਅਰਧ ਮਾੜ੍ਰਾ ਕਾਹਿਆ ਜਾਵੇ ਹੈ। ਇਸ ਕੋ ਤੁਰੀਆ ਕਹੇ ਹੈ॥ ਬੇਦਾਂਤੀ ਮਹਾਂ-ਵਾਕਯਨ ਮੇਂ ਭੀ ਆਧਾ-ਭਾਗ ਛੋਡ ਕੇ ਆਧਾ ਲੈਵੇ ਹੈ॥ ਯਾਂਤੇ ਊਹਾਂ ਭੀ '੧ਓਂ ਕੇ' ਸਮਾਨ ਅਰਧ ਮਾੜ੍ਰਾ ਕਾ ਹੀ ਗ੍ਰਹਣ ਹੋਵੇ ਹੈ॥ ਅਰਧ ਮਾੜ੍ਰਾ ਭੀ ਇਸ ਕਾ ਨਾਮ ਕਹਨ ਮਾਤ੍ਰ ਹੈ, ਵਾਸਤਵ ਮੇਂ ਯਹ ਅਮਾਤ੍ਰ ਸ੍ਵਰੂਪ ਹੈ॥ ਏਤਾ ਅਰਥ ਗੁਰੁ ਨਾਨਕ ਜੀ ਕੋ ਪਰਮੇਸ੍ਵਰ ਨੇ 'ਏਕੜੇ-ਅੰਗ' ਸਹਿਤ '੧ਓਂਕਾਰ' ਸੋ ਕਹਿਆ॥ ਗੁਰੁ ਨਾਨਕ ਜੀ ਨੇ ਸਭ ਸਿੱਖਯਨ ਕੋ ਉਪਦੇਸ਼ ਕੀਆ॥ ਇਸ ਵਾਰਤਾ ਮੇਂ ਗੁਰੁਦਾਸ ਬਚਨ ਪ੍ਰਮਾਣ ਹੈ: "*ਏਕੰਕਾਰ ਏਕਾਂਗ ਲਿਖ ਊੜਾ ਓਂਕਾਂਰ ਲਿਖਾਇਆ*" ਇਸ ਪ੍ਰਕਾਰ ਜੋ 'ਏਕੜ' ਕਾ ਅਰਥ ਅਦੁਤੀ-ਨਿਰਗੁਣ ਪਰਮਾਤਮਾ ਹੈ ਵਹੀ ਅਪਨੀ ਮਾਯਾ-ਸ਼ਕਤੀ ਸਾਥ ਮਿਲ ਕਰ 'ਅਕਾਰ', 'ਉਕਾਰ', 'ਮਕਾਰ' ਤੀਨ-ਰੂਪ ਹੂਯਾ '੧ਓਂ' ਕਾਵਾਚਯ ਅਰਥ ਹੈ; ਮਾੜ੍ਰਾ ਲਖਯ-ਅਰਥ ਹੈ॥ ਐਸੇ ਸੰਖੇਪ ਸੇ 'ਏਕ-ਅੰਗ' ਸਹਿਤ '੧ਓਂ' ਕਾ ਅਰਥ ਕਹਿਆ॥

ਅਬ ਆਗੇ ਸ੍ਵਰੂਪ ਲਖਣ ਔਂ ਤਟਸਥ ਲਖਣੋ ਮੇਂ ਬਿਸਤਾਰ ਸਹਿਤ ਕਹੇ ਅਰਥ ਕਾ ਨਿਰੂਪਣ ਕਰਨੇ ਹੇਤ ਪਰਮੇਸ੍ਵਰ ਗੁਰੁ ਨਾਨਕ ਜੀ ਕੋ ਪੁਨਾ '*ਸਤਿਨਾਮੁ ਕਰਤਾ ਪੁਰਖ*' ਇਤਯਾਦਿ ਪਾਠ ਸੇ ਉਪਦੇਸ ਕਰੇ ਹੈਂ॥

'ਸਤਿ' ਸੇ ਲੇ 'ਗੁਰ ਪ੍ਰਸਾਦਿ' ਪ੍ਰਯੰਤ ਪਾਠ ਮੇਂ ਜੇਤ ਨਾਮ ਹੈ, ਸੋ ਸਭ 'ਏਕ-ਅੰਕ' ਕੇ ਅਰਥ 'ਏਕ-ਪਰਮਾਤਮਾ' ਕੇ ਬਿਸੇਖਣ ਹੈ॥ 'ਏਕੜੇ' ਕਾ ਅਰਥ ਸਭ ਕਾ 'ਬਿਸੇਖ' ਹੈ॥ ਜੁਦਾ ਕਰਨੇ ਵਾਲੀ ਵਸਤੁ ਕੋ ਬਿਸ਼ੇਖਣ ਕਹੇ ਹੈਂ॥ ਜੁਦਾ ਹੋਨੇ ਵਾਲੀ ਵਸਤੁ ਕਾ ਨਾਮ 'ਬਿਸੇਖਯ' ਹੈ॥ ਬਿਸੇਖਣ ਕਾ ਦੂਜਾ ਨਾਮ ਲਖਣ ਹੈ, ਸੋ ਲਖਣ ਦੋ ਪ੍ਰਕਾਰ ਕੇ ਹੋਵੇ ਹੈ; ਏਕ 'ਸਵਰੂਪ-ਲਖਣ' ਦੂਜੇ 'ਤਟਸਥ-ਲਖਣ'॥ ਜਿਸ ਵਸਤੁ ਕੋ ਜਨਾਵਨਾ ਹੈ ਉਸ ਕਾ ਸ੍ਵਰੂਪ ਹੋ ਕਰ ਜੋ ਤਾਕੋ ਸਭ ਸੇ ਜੁਦਾ ਹੋ ਕਰ ਜਨਾ ਦੇਵੇ, ਉਸ ਕਾ ਨਾਮ ਸ੍ਵਰੂਪ-ਲਖਣ ਹੈ॥ ਜੋ ਵਸਤੁ ਕਿਨਾਰੇ ਸੇ ਧਿਰ ਹੋ ਕਰ

Sri Satguru Jagjit Singh Ji eLibrary NamdhariElibrary@gmail.com

ਜਨਾਵਨੇ ਜੋਗਜ ਵਸਤੁ ਕੋ ਸਭ ਸੇ ਜੁਦਾ ਕਰ ਜਨਾ ਦੇਵੇ, ਉਸ ਕਾ ਨਾਮ ਤਟਸਥ-ਲਖਣ ਹੈ॥ ਈਹਾਂ 'ਸਤਿਨਾਮ ਕਰਤਾ ਪੁਰਖ' ਏਤੇ ਪਾਠ ਮੇਂ 'ਸ ਤਿਨਾਮੁ' ਸ੍ਵਰੂਪ ਲਖਣ ਹੈ, ਵਾ ਨਾਮ ਕਾ ਆਗੇ ਮੇਲ ਹੈ 'ਸਤਿ', ਏਤਾ ਸ੍ਵਰੂਪ-ਲਖਣ ਹੈ॥ 'ਨਾਮ-ਕਰਤਾ' ਏਤਾ ਤਟਸਥ-ਲਖਣ ਹੈ॥ ਵੇਦ ਮੇਂ 'ਸਤਿ' ਪਦ 'ਚਿਤ' ਔ 'ਅਨੰਦ' ਕੇ ਬਹੁਤ ਕਰ ਸਾਧ ਸੁਨਿਆ ਜਾਵੇ ਹੈ॥ ਯਾਂਤੇ ਈਹਾਂ ਭੀ ਤਿਨ ਕਾ ਲਖਾਯਕ ਹੈ॥ ਸਤਿਨਾਮ ਪਾਠ ਕਾ ਅਰਥ ਐਸੇ ਹੈ ਸਤ-ਚਿਤ-ਅਨਿਦ ਨਾਮ ਕਹੀਯੇ ਸ੍ਵਰੂਪ ਕੇ ਬੋਧਕ ਪਦ ਹੈ ਜਿਸ ਏਕ ਪਰਮਾਤਮਾ ਕੇ, ਤਿਸ ਪਰਮਾਤਮਾ ਕਾ ਨਾਉ ਈਹਾ 'ਸਤਿਨਾਮ' ਹੈ॥ ਇਸੀ ਅਰਥ ਮੇਂ ਯਹ 'ਏਕ' ਕਾ ਬਿਸੇਖਣ ਹੈ॥ 'ਸਤਿ' ਕਾ ਨਾਮ 'ਸਤਿਨਾਮ' ਵਾਸਤੇ ਹੋ ਹੋਵੇ ਨਾਮ, ਸੋ ਕਹੀਏ 'ਸਤਿਨਾਮ'॥ ਇਨ ਅਰਥੋਂ ਮੇਂ ਬਿਸੇਖਣ ਨਹੀਂ ਬਨੇ; ਨਾ ਬਨਨੇ ਮੇਂ ਯਹ ਹੇਤੁ ਹੈ॥ ਬਿਸੇਖਯ-ਬਿਸੇਖਣ ਕੇ ਵਾਚਕ-ਪਦ ਦੋਨੋ ਏਕ ਅਰਥ ਕੋ ਕਹੇ, ਤਬ ਤਿਨ ਕਾ ਬਿਸੇਖ-ਬਿਸੇਖਣ ਭਾਵ ਹੋਵੇ ਹੈ॥ ਭਿੰਨ ਅਰਥੋਂ ਕੋ ਕਹੇ, ਤਬ ਨਹੀਂ ਹੋਵੇ॥ ਈਹਾਂ ਪਹਿਲੇ ਅਰਥ ਮੇਂ 'ਸਤਿਨਾਮੁ' ਬਿਸ਼ੇਖਣ ਏਕ ਕੋ ਕਹੇ ਹੈ, ਅਗਲੇ ਦੋ ਅਰਥੋ ਮੇਂ ਨਹੀ ਕਹੇ; ਕਾਹੇ-ਤੇ, 'ਏਕੜੇ' ਕਾ ਅਰਥ ਏਕ ਪਰਮਾਤਮਾ ਹੈ॥ ਸਤਿਨਾਮੁ ਕਾ ਅਰਥ 'ਸਤਿ' ਕਾ ਨਾਮ ਵਾ 'ਸੱਚਾ-ਨਾਮ' ਹੈ॥ ਨਾਮ, ਬਾਣੀ ਰੂਪ ਹੈ ਪਰਮਾਤਮਾ॥ ਮਨ, ਬਾਣੀ ਸੇ ਅਤੀਤ ਅਰਥ ਰੂਪ ਹੈ, ਯਾਂਤੇ ਭਿੰਨ-ਭਿੰਨ ਅਰਥੋ ਕੇ ਕਹਨੇ ਸੇ ਇਨ ਕਾ ਬਿਸੇਖਯ-ਬਿਸੇਖਣ ਭਾਵ ਨਹੀ ਬਨੇ॥ ਨਾਮ ਕੋ ਛੋਡ ਕੇ 'ਸਤਿ' ਮਾਤ੍ਰ ਬਿਸੇਖਣ ਕਰੇ, ਤਬ ਸੀਧਾ ਹੀ ਬਨ ਜਾਵੇ ਹੈ॥ ਜੋ ਕੈਸਾ ਏਕ ਹੈ? 'ਸਤਿ' ਹੈ, 'ਚਿਤ' ਹੈ, 'ਅਨੰਦ' ਹੈ॥ ਕਰਤਾ ਸਾਥ ਜੁੜ ਕਰ 'ਨਾਮ', ਪਦ ਰੂਪ ਕਾ ਲਖਾਯਕ ਹੈ॥ ਨਾਮ ਵਾਚਕ ਕੋ ਕਹੇ ਹੈ, ਰੂਪ ਵਾਚਯ ਕੋ ਕਹੇ ਹੈ॥ 'ਨਾਮ' ਮੇਂ ਨਿਖਲ ਬਾਣੀ ਕਾ ਗ੍ਰਹਣ ਹੈ, ਰੂਪ ਮੇਂ ਤਿਸ ਬਾਣੀ ਕੋ ਸੰਪੂਰਣ ਅਰਥ ਕਾ ਗ੍ਰਹਣ ਹੈ॥ ਯਾਤੇ ਕੈਸਾ 'ਏਕ' ਹੈ? ਵਾਚਯ-ਵਾਚਕ ਰੂਪ ਨਿਖਲ ਸੰਸਾਰ ਕੀ ਉਤਪਤੀ, ਪਾਲਨਾ, ਨਾਸ਼ ਕਾ ਕਰਤਾ ਕਹੀਏ, 'ਨਿਮਿਤ-ਕਾਰਣ' ਹੈ, ਪੁਨਾ ਮਕੜੀ ਵਤ ਉਪਾਦਾਨ ਕਾਰਣ ਹੈ॥ ਇਸ ਪ੍ਰਕਾਰ ਪਰਮੇਸ਼ੂਰ ਕੇ ਅਪਨਾ ਸ੍ਵਰੂਪ ਜਨਾਵਨ ਹੇਤ ਕਹੇ ਪਾਠ ਕਾ ਸੰਖੇਪ ਸੇ ਅਰਥ ਕਹਿਆ॥

ਬਿਸਤਾਰ ਸੇ ਐਸੇ ਹੈ:- ਜੈਸੇ ਕੋਈ ਪੁਰਖ ਕਾਹੂ ਕਾ ਮੰਦਰ ਜਾਨਨੇ ਕੀ ਇਛਾ ਕਰ ਕਹੂ ਦਯਾਲੁ ਪੁਰਖ ਕੋ ਪੂਛੇ, 'ਜੋ ਉਸ ਕਾ ਮੰਦਰ ਕੌਨ ਹੈ', ਤਬ ਬਤਾਵਨੇ ਵਾਲਾ ਦਯਾਲੂ ਪੁਰਖ ਉਸ ਕੋ ਮੰਦਰ ਕੀ ਦੋਨੋ ਨਿਸਾਨੀ ਯੋ ਸੇ ਬਤਾਵੇ ਹੈ ਜੋ, 'ਉਸ ਕਾ ਮੰਦਰ ਵਹੁ ਹੈ, ਜੋ ਕਲੀ ਕੇ ਲੇਪ ਵਾਲਾ ਹੈ'; ਪੁਨਾ 'ਕਊਏ ਵਾਲਾ ਹੈ'॥ ਈਂਟ ਚੁਨਾ ਕੇ ਸਮੁਦਾਯ ਕੋ ਮੰਦਰ ਹੋਨੇ ਸੇ ਕਲੀ ਕਾ ਲੇਪ 'ਸ੍ਵਰੂਪ ਲਖਣ' ਹੈ॥ ਕਊਆ ਕਿਨਾਰੇ ਹੋ ਕਰ ਬੋਧਨ ਕਰਨੇ ਸੇ 'ਤਟਸਥ-ਲੇਖਣ' ਹੈ॥ ਐਸੇ ਪਰਮੇਸ਼ੂਰ ਦਯਾਲੂ ਨੇ 'ਸਤਿਨਾਮੁ' ਏਤਾ ਸ੍ਵਰੂਪ ਲਖਣ ਕਹਯਾ, ਵਾਸਤਿ ਮਾਤ੍ਰ ਕਹਯਾ॥ ਕਰਤਾ ਵਾ ਨਾਮੁ ਕਰਤਾ ਏਤਾ ਤਟਸਥ-ਲਖਣ ਕਹਿਆ॥ ਸਤਿ-ਪਦ ਜੋ ਵਸਤੁ ਸੰਸਾਰ ਰਚਨਾ ਸੇ ਪਹਲੇ, ਅਰ ਸੰਸਾਰ ਰਚਨਾ ਕਾਲ ਮੇਂ, ਅਰ ਰਚਨਾ ਕੇ ਬਿਨਾਸ ਕਾਲ ਮੇਂ ਰਹੇ; ਭਾਵ ਕਬੀ ਜਿਸ ਕਾ ਨਾਸ ਨਾ ਹੋਵੇ, ਤਿਸ ਕੋ ਕਹੇ ਹੈ ਗਯਾਨ ਪਦ, ਜਿਸ ਕੇ ਚਾਨਣੇ ਮੇਂ ਸੁਰਯਾਦਿਕੋਂ ਮੇਂ ਚਾਨਣਾ ਹੋਵੇ ਹੈ, ਤਿਸ ਪ੍ਰਕਾਸ ਕੋ ਕਹੇ ਹੈ। ਇਸ ਪ੍ਰਕਾਸ ਕਾ ਅਨੁਭਵ ਸ੍ਵਪਨ ਮੇਂ ਹੋਵੇ ਹੈ, ਅਰ ਅਤਯੰਤ ਅੰਧੇਰੇ, ਜਾਗ੍ਰਤ ਕਾਲ ਵਿਖੇ ਭੀ ਹੋਵੇ ਹੈ॥ ਕਾਹੇ-ਤੇ, ਜੇਤਾ ਕੁਛ ਵਸਤੁਯੋਂ ਕਾ

Sri Satguru Jagjit Singh Ji eLibrary NamdhariElibrary@gmail.com

ਹੈ॥ ਅਰ ਸ੍ਵਪਨ ਅਵਸਥਾ ਵਿਖੇ ਜੇਤੇ ਪ੍ਰਸਿੱਧ ਪ੍ਰਕਾਸ਼ ਸੂਰਯ, ਚੰਦ, ਅਗਨਿ ਬਾਣੀ ਰੂਪ ਹੈ, ਸੋ ਕੋਈ ਰਹੇ ਨਹੀ॥ ਉਹਾਂ ਕੇਵਲ ਏਕ-ਪੁਰਖ ਕਾ ਪ੍ਰਕਾਸ਼ ਹੈ॥ ਪੁਨਾ ਜਹਾਂ ਅਤਯੰਤ ਅੰਧੇਰੇ ਮੇ ਬਿਤ ਹੁਯਾ ਕੋਈ ਉਜਾਲਾ ਅਬ ਵਡਾ ਅੰਧੇਰ ਹੈ, ਐਸਾ ਅੰਧੇਰੇ ਕੀ ਸਿਧੀ ਕਰੇ ਹੈ, ਵਹੀ ਏਕ ਪੁਰਖ ਕਾ ਪ੍ਰਕਾਸ਼ ਹੈ॥ ਤਿਸੀ ਪ੍ਰਕਾਸ਼ ਕੇ ਚਿਤ, ਚੇਤਨ, ਗਯਾਨ, ਜਯੋਤਿ ਇਤਯਾਦਿਕ ਨਾਮ ਹੈ॥ ਜਿਸ ਅਨੰਦ ਕੋ ਚਾਹਤਾ ਹੁਯਾ ਪੁਰਖ ਅਨੇਕ ਰੰਗ ਤਮਾਸ਼ਯੋ ਕੋ ਛੋਡ ਕੇ ਸੋਨਾ ਚਾਹੇ ਹੈ, ਪੁਨਾ ਜਿਸ ਆਨੰਦ ਕੋ ਸ਼ਯਨ ਕੀ ਰਛਾ ਹੇਤ ਗ੍ਰਿਚਾਦਿਕੋ ਕੋ ਆਗ ਲਗੇ ਸਭ ਕੋ ਛੋਡ ਕਰ ਇਕੇਲਾ ਭਾਗੇ ਹੈ, ਅਰ ਜਿਸ ਆਨੰਦ ਮੇਲ ਮੇਂ ਸਭੀ ਪਦਾਰਥ ਆਨੰਦ ਦੇਨੇ ਵਾਲੇ ਭਾਨ ਹੋਵੇ ਹੈ, ਤਿਸ ਕਾ ਨਾਮ ਆਨੰਦ ਹੈ॥ ਯੇ ਤੀਨੋ ਨਾਮ ਏਕ ਵਸਤੁ ਕੋ ਕਹੇ ਹੈ, ਅਰ ਔਰ ਨਾਮੋ ਸੇ ਇਸ਼੍ਵਰ ਰੂਪ ਨਾਮੋ ਮੇਂ ਯਗ-ਬਿਸੇਖ ਹੈ, ਔਰ ਵਸਤੁਯੋਂ ਕਾ ਦੂਸਰਾ ਨਾਮ ਏਕ ਨਾਮ ਨਾ ਕਹੇ॥ ਅਰਥ ਕੋ ਨਹੀ ਕਹਤਾ, ਕਹੇ ਕੋ ਹੀ ਕਹੇ ਹੈਂ॥ ਅਰ ਯੇ ਸ੍ਵਰੂਪ ਨਾਮ ਏਕ ਵਸਤੁ ਅਰਥ ਕੋ ਕਹੇ ਹੈਂ॥ ਜੈਸੇ ਅਗਨਿ ਕੇ ਸ੍ਵਰੂਪ ਕੋ ਕਹਨੇ ਵਾਲੇ ਦਾਹਕ, ਊਸ਼ਨ, ਪ੍ਰਕਾਸ਼ ਪਦੋ ਮੇਂ ਦਾਹਕ ਪਦ, ਊਸ਼ਨ ਪਦ ਸੇ ਨਾ ਕਹੇ, ਸ੍ਵਰੂਪ ਕੋ ਕਹੇ ਹੈ॥ ਅਰ ਊਸ਼ਨ ਪਦ, ਦਾਹਕ ਪਦ ਮੇ ਨਾ ਕਹੇ, ਸ੍ਵਰੂਪ ਕੋ ਕਹੇ ਹੈ॥ ਪ੍ਰਕਾਸ਼ ਪਦ ਇਨ ਦੋਨੋ ਸੇ ਨਾ ਕਹੇ, ਸ੍ਵਰੂਪ ਕੋ ਕਹੇ ਹੈ॥ ਤੈਸੇ ਸਤਿ-ਚਿਤ-ਅਨੰਦ ਪਦੋ ਮੇ ਭੀ 'ਸਤਿ' ਪਦ, ਚਿਤ ਪਦ ਔ ਆਨੰਦ ਪਦੋ ਸੇ ਨਾ ਕਹੇ, ਤੀਨੋ ਕਾਲੋ ਮੇਂ ਨਾ ਨਾਸ ਹੋਨੇ ਵਾਲੇ ਸਰੂਪ ਕੋ ਕਹੇ ਹੈ॥ 'ਚਿਤ' ਪਦ ਸਤਿ ਪਦ ਔ ਆਨੰਦ ਸੇ ਨਾ ਕਹੇ, ਸਰਬ ਪ੍ਰਕਾਸ਼ ਕੋ ਕੇ ਪ੍ਰਕਾਸਨੇ ਵਾਲੇ ਪ੍ਰਕਾਸ ਕੋ ਕਹੇ ਹੈ॥ 'ਆਨੰਦ' ਪਦ ਸਤਿ ਪਦ ਔਚਿਤ ਪਦ ਸੇ ਨਾ ਕਹੇ, ਪਰਮ ਆਨੰਦ ਸ੍ਵਰੂਪ ਕੋ ਕਹੇ ਹੈ॥ ਯਾਂਤੇ ਸਰਬਤ੍ਰ ਯਹ ਨੇਮ ਸਿਧ ਹੁਯ॥ ਜੋ ਜੋ ਵਸਤੁਯੋਂ ਕੇ ਸ੍ਵਰੂਪ ਕੋ ਕਹਨੇ ਵਾਲੇ ਅਨੇਕ ਨਾਮ ਹੈ, ਸੋ ਸਭੀ ਏਕ ਨਾਮ ਸੇ ਨਾ ਕਹੇ, ਸ੍ਵਰੂਪ ਕੋ ਹੀ ਕਹਨੇ ਵਾਲੇ ਹੋਵੇ ਹੈਂ॥

ਅਰ, ਜੋ ਕਾਹੂ ਨਿਮਿਤ ਸੇ ਨਹੀ ਬਨਾ ਹੂਯਾ ਐਸੇ ਵਸਤੁਯੋ ਕੇ ਵਾਸਤਵ ਸ੍ਵਰੂਪ ਕੋ ਕਹਤੇ ਹੈਂ, ਜਿਸ ਸ੍ਵਰੂਪ ਕਾ ਨਾਮ ਅਕ੍ਰਿਤਮ ਹੈ; ਅਕ੍ਰਿਤਮ ਸ੍ਵਰੂਪ ਕੋ ਕਹਨੇ ਵਾਲੇ ਨਾਮੋ ਕੋ ਅਕ੍ਰਿਤ੍ਰਿਮ ਨਾਮ ਕਹਤੇ ਹੈਂ॥ ਜੈਸੇ ਪਰਮੇਸ਼੍ਵਰ ਕਾ ਸਤਿਨਾਉ ਕਾਹੂ ਕਾਰਣ ਸੇ ਨਾ ਬਨੇ ਹੂਯੇ ਤੀਨੋ ਕਾਲੋ ਮੇਂ ਨਾ ਨਾਸ ਹੋਨੇ ਵਾਲੇ ਸ੍ਵਰੂਪ ਕੋ ਕਹੇ ਹੈ, ਚਿਤ ਨਾਉ ਅਪਨੇ ਚਾਨਨੇ ਮੇ, ਔਰ ਚਾਨਨਾ ਨਾ ਚਾਹਨੇ ਵਾਲੇ ਚਾਨਨੇ ਕੋ ਕਹੇ ਹੈ॥ ਆਨੰਦ ਨਾਉ ਅਪਨੇ ਸ੍ਵਰੂਪ ਮੇਂ ਕਹੂ ਔਰ ਨਾ ਸੁਖ ਚਾਹਨੇ ਵਾਲੇ ਸੁਖ ਕੋ ਕਹੇ ਹੈ, ਐਸੇ ਹੈ॥ ਔਰ ਸ੍ਵਰੂਪ ਬੋਧਕ ਨਾਮ ਸੇ ਰੀਤਿ ਜਾਨ ਲੇਨੀ॥ ਇਸੀ ਵਾਰਤਾ ਕੇ ਸਮਝਾਵਨੇ ਹੇਤ ਮਾਰੂ ਸੋਲਹੇ ਸੇ ਗੁਰੂ ਅਰਜਨ ਜੀ ਨੇ 'ਏਕ ਸਤਿਨਾਮ' ਕੋ 'ਅਕ੍ਰਿਤਮੇ' ਕਹਿਆ ਹੈ॥ "ਕਿਰਤਮ ਨਾਮ ਕਥੇ ਤੇਰੇ ਜਿਹਬਾ ਸਤਿਨਾਮ ਤੇਰਾ ਪਰਾ ਪੂਰਬਲਾ"॥ 'ਪਰਾ' ਕਾ ਅਰਥ 'ਪ੍ਰਧਾਨ' ਹੈ, ਪੂਰਬਲ ਪਹਲਾ ਯਾਤੇ ਹੈ ਪਰਮੇਸ਼੍ਵਰ ਮਧੁਸੂਦਨ ਦਾਮੋਦਰਾਦਿ ਕ੍ਰਿਤਮ ਸ੍ਵਰੂਪ ਕੋ ਕਰਨੇ ਵਾਲੇ ਤੇਰੇ 'ਕ੍ਰਿਤਮ-ਨਾਮ ਜਿਹਬਾ ਸੇ ਬਹੁਤ ਕਹੇ ਹੈ, ਜੋ 'ਅਕ੍ਰਿਤਮ' ਸ੍ਵਰੂਪ ਕੋ ਕਰਨੇ ਵਾਲਾ ਤੇਰਾ 'ਅਕ੍ਰਿਤਮ-ਨਾਮ' ਹੈ, ਸੋ ਸਰਬ ਕੀ ਅਪੇਖਾ ਕਰ, ਮੁਖਯ, ਪਹਿਲਾ ਹੈ॥ ਤਿਸ ਕਾ ਭਕਤ ਸਦਾ ਆਸਰਾ ਲੇਵੇ ਹੈ, ਅਰ ਸਰਬਦਾ ਜਪੇ ਹੈ, ਮੁਖਯ ਜਾਨ ਕਰ ਹੀ ਸਦਾ ਜਪਨ ਕਾ ਉਪਦੇਸ ਹੈ : "ਜਪ ਮਨ ਸਤਿਨਾਮ ਸਦਾ ਸਤਿਨਾਮੋ ਇਤਯਾਦਿ ਜੋ ਬਸਤੁਯੋ ਕੇ ਸ੍ਵਰੂਪ ਕਾਹੂ ਨਿਮਿਤ ਮੇਂ ਬਨੇ ਹੋਵੈ, ਉਨ ਕਾ ਨਾਮ 'ਕ੍ਰਿਤਮ' ਹੈ॥ ਕ੍ਰਿਤਮ ਸ੍ਵਰੂਪ ਕੋ ਕਰਨੇ ਵਾਲੇ ਪਦੋ ਕਾ ਨਾਮ 'ਕ੍ਰਿਤਮ-ਨਾਮ' ਹੈ, ਅਰ 'ਕਰਮ-ਨਾਮ' ਹੈ॥ ਜੈਸੇ ਮਧੁ ਰਾਖਸ

Sri Satguru Jagjit Singh Ji eLibrary NamdhariElibrary@gmail.com

ਕੇ ਮਾਰਨੇ ਸੇ ਪਰਮੇਸ਼੍ਵਰ ਕਾ ਮਧੁ-ਸੂਦਨ ਨਾਮ ਹੈ, ਮੁਰ ਕੇ ਮਾਰਨੇ ਸੇ 'ਮੁਰਾਰੀ' ਨਾਮ ਹੈ॥ 'ਦਾਮ' ਨਾਮ ਰਜੁ ਕਾ ਹੈ॥ ਤਿਸ ਸਾਥ ਯਸ਼ੋਦਾ ਨੇ ਕ੍ਰਿਸ਼ਨ ਕਾ ਦੁਰ-ਬਾਧਿਆ॥ ਇਸ ਤੇ 'ਦਾਮੋਦਰ' ਨਾਮ ਹੈ॥ 'ਨਾਰ' ਨਾਮ ਜਲ ਕਾ ਹੈ, ਤਿਸ ਸੇ ਘਰ ਬਨਾਵਨੇ ਸੇ 'ਨਾਰਾਯਣ' ਨਾਮ ਹੈ॥ ਐਸੇ ਔਰ ਭੀ ਜੋ ਜੋ ਈਸ਼੍ਵਰ ਨੇ ਕਾਮ ਕੀਯੇ, ਉਨ ਸੇ ਤਿਸ ਕੇ ਅਨੇਕ 'ਕ੍ਰਿਤਮ-ਨਾਮ' ਪੜੇ॥ ਕਰਨੇ ਸੇ ਬਹੁਤ ਕਰਯੇ ਹੀ ਆਵੇ ਹੈ, ਯਾਹੀ ਤੇ 'ਜਾਪ' ਬਾਣੀ ਮੇਂ ਗੁਰੂ ਗੋਬਿੰਦ ਸਿੰਘ ਜੀ ਨੇ 'ਤਵ ਸਰਬ ਨਾਮ ਕਥੇ ਕਵਨ ਕਰਮ ਨਾਮ ਬਰਨਤ ਸੁਮਤ' ਐਸੇ 'ਕਰਮ-ਨਾਮੋਂ' ਕੇ ਕਥਨ ਕੀ ਪ੍ਰਤਿਗਯਾ ਕਰੀ ਹੈ, ਅਕ੍ਰਿਤਮ-ਨਾਮੋ ਕੇ ਕਹਨ ਕੀ ਨਹੀਂ ਕਰੀ॥ ਪੂਰਬ ਲਿਖੇ ਸਮਗ੍ਰ ਪਾਠ ਕਾ ਯਹ ਭਾਵ ਹੈ, ਜੋ ਵਸਤੂਯੋਂ ਕੇ 'ਅਕ੍ਰਿਤਮ-ਨਾਮ' ਹੋਤੇ ਹੈ, ਵਹੁ ਵਸਤੁਯੋਂ ਕੇ ਵਾਸਤਵ ਸ੍ਵਰੂਪ ਕੋ ਕਹਤੇ ਹੈਂ॥ ਜੋ 'ਕ੍ਰਿਤਿਮ' ਹੈ, ਦੂਸਰੇ ਨਾਮੋ ਕੋ 'ਤਟਸਥ-ਲਖਣ' ਬੋਧਕ ਨਾਮ ਕਹਤੇ ਹੈਂ; ਤਟਸਥ ਲਖਣ ਬੋਧਕ ਨਾਮੋ ਸੇ ਸਰਬ ਕੋ ਹੀ ਸੀਘਰ ਉਸ ਵਸਤੂ ਕੀ ਪਹਚਾਨ ਹੋਵੇ ਹੈ॥ ਸ੍ਵਰੂਪ ਲਖਣ ਬੋਧਕ ਨਾਮੇ ਸੋ ਸੂਖਮ ਬੁਧੀ ਵਾਲਿਯੋ ਕੋ ਸੀਘ੍ਰ ਹੋਵੇ ਹੈ, ਔਰੋਂ ਕੋ ਸਹਜ ਸਹਜ ਸਤਿਸੰਗ ਕਰਨੇ ਸੇ ਹੋਵੇ ਹੈ॥ ਉਪਾਯ ਵਸਤੂ ਕੀ ਪਹਚਾਨ ਕੇ ਦੋਨੋ ਹੈ ਯਾਹੀ ਤੇ ਪਰਮੇਸ਼੍ਵਰ ਨੇ ਵਸਤੂ ਕੀ ਪਹਚਾਨ ਹੇਤ ਆਦਿ ਵਿਖੇ ਦੋਨੋਂ ਕਾ ਬੋਧਨ ਕਰਨੇ ਵਾਲਾ 'ਸਤਿਨਾਮੁ ਕਰਤਾ' ਏਤਾ ਪਾਠ ਕਰਯਾ ਹੈ॥ ਸ੍ਵਰੂਪ ਬੋਧਕ 'ਸਤਿਨਾਮ' ਪਾਠ ਕਾ ਇਸ ਅਰਥ ਪੂਰਬ ਬਿਸਤਾਰ ਸੇ ਕਰਯਾ॥ ਪਰੰਤੂ 'ਏਕ' ਕਾ ਬਿਸੇਖਣ 'ਸਤਿਨਾਮੁ' ਪਾਠ 'ਸਤਿ' ਹੈ ਨਾਮੁ ਜਿਸ ਕਾ, ਇਸ ਅਰਥ ਮੇਂ ਬਨਯਾ ਔਰ ਮੇਂ ਨਹੀਂ ਬਨਯਾ॥ ਨਾਮ ਪਦ ਕੋ ਕਰਤਾ ਸਾਥ ਮੇਲੇ, ਤਬ ਸ਼ੁਗਮ ਹੀ 'ਸਤਿ' ਏਕ ਕਾ ਬਿਸੇਖਣ ਬਨੇ ਹੈ, ਜੋ ਕੈਸਾ ਏਕ ਹੈ? ਸਤਿ ਕਹੀਯੇ ਤੀਨੋ ਕਾਲੋਂ ਮੇਂ ਨਾ ਨਾਸ ਹੋਨੇ ਵਾਲਾ ਹੈ॥ ਪੁਨਾ 'ਸਤਿ' ਕੋ ਉਪਲਖਣ ਮਾਨ ਕੇ ਗਯਾਨ ਰੂਪ ਔ ਆਨੰਦ ਰੂਪ ਹੈ॥ ਨਾਮ ਸਾਥ ਰੂਪ ਕਾ ਮੇਲ ਹੈ॥ ਨਾਮ ਵਸਤੁਯੋ ਕੇ ਨਾਮੋ ਕੇ ਕਹੇ ਹੈ॥ ਰੂਪ ਵਸਤੁਯੋ ਕੇ ਅਕਾਰੋ ਕੋ ਕਹੇ ਹੈ॥ ਯਾਤੇ ਨਾਮੁ, ਰੂਪ ਪਦੋ ਸੇ ਨਿਖਲ-ਵਾਚਯ-ਵਾਚਕ ਰੂਪ ਸੰਸਾਰ ਕੀ ਉਤਪਤੀ ਕਾ, ਪਾਲਨ ਕਾ, ਪ੍ਰਲਯ ਕਾਵਰੁ 'ਏਕ-ਕਰਤਾ' ਕਹੀਏ ਨਿਮਿਤ ਕਾਰਣ ਹੈ॥ ਪੁਨਾ ਜਗਤ ਕਾ ਪਰਮੇਸ਼੍ਵਰ ਸਾਥ ਅਭੇਦ ਸੁਣਨੇ ਸੇ ਵਹੀ ਨਿਖਲ ਕਾ ਉਪਾਦਾਨ ਕਾਰਣ ਹੈ॥ ਇਸ ਪ੍ਰਕਾਰ ਇਸ ਮੰਤ੍ਰ ਮੇਂ ਦੋਨੋਂ ਲਖਣੇ ਕੇ ਬੋਧਕ ਪਦੋ ਸੇ ਦੋਨੋ ਲੱਖਣ ਬਤਾਯੇ॥ ਜਿਨ ਦੋਨੋ ਕੋ ਸੁਨ ਕਰ ਸੋਤ੍ਰ ਕੋ ਐਸਾ ਗਯਾਨ ਹੋਵੈ ਹੈ ਜੋ ਸਤਿਰੂਪ ਹੈ, ਚੇਤਨ ਰੂਪ ਹੈ, ਆਨੰਦ ਰੂਪ ਹੈ, ਸੋ ਪਰਮੇਸ਼੍ਵਰ॥ ਪੁਨਾ ਜੋ ਲਿਖਨ ਜਗਤ ਕੀ ਉਤਪਤੀ, ਪਾਲਨਾ, ਪ੍ਰਲਯ ਕੇ ਕਰਨੇ ਵਾਲਾ ਨਿਮਿਤ ਕਾਰਣ ਹੈ, ਔ ਉਪਾਦਾਨ ਕਾਰਣ ਹੈ, ਸੋ ਪਰਮੇਸ਼੍ਵਰ ਹੈ ਸਤਿ, ਚਿਤ, ਆਨੰਦ॥ ਯਹ ਉਸ ਕਾ ਸ੍ਰਤੇ-ਸਿਧ ਅਕ੍ਰਿਤਮ ਸਰੂਪ ਹੈ॥ ਉਤਪਤੀ, ਪਾਲਨਾ, ਪ੍ਰਲਯ ਕਾ ਨਿਮਿਤ ਪਨਾ ਔ ਉਪਾਦਾਨ ਪਨਾ ਉਸ ਕਾ ਬਨਾਵਟੀ=ਕ੍ਰਿਤਮ-ਰੂਪ ਹੈ॥ ਪਰਮੇਸ਼੍ਵਰ ਸੇ ਕਰਤਾ ਪਨਾ ਨਿਖਲ ਕਾਰਯੋ ਕੀ ਉਤਪਤੀ, ਪ੍ਰਲਯ, ਥਿਤੀ ਕਾ ਕਾਰਣ ਗਯਾਨ ਰੂਪ ਹੈ॥ ਜਿਸ ਗਯਾਨ ਸੇ ਪਰਮੇਸ਼੍ਵਰ ਇਛਾ ਸੇ ਲੇਕਰ ਬ੍ਰਹਮਾਂਡ ਪ੍ਰਯੰਤ ਸੰਪੂਰਣ ਕਾਰਯੋ ਕੋ ਰਚੇ ਹੈ, ਵਹੁ ਗਯਾਨ ਪਰਮੇਸ਼੍ਵਰ ਕਾ ਸਵਰੂਪ ਭੂਤ ਗਯਾਨ ਨਹੀਂ, ਜੋ ਪੀਛੇ ਸ੍ਵਰੂਪ ਲਖਣ ਮੇ ਕਹਯਾ ਹੈ॥ ਕਿੰਤੂ, ਮਾਯਾ ਕੀ ਬ੍ਰਿਤੀ ਰੂਪ ਗਯਾਨ ਹੈ॥ ਆਕਾਰ ਉਸ ਕਾ ਯਹ ਹੈ-ਏਕ ਸੇ ਬਹੁਤ ਰੂਪ ਹੂੰ-ਯਹ ਗਯਾਨ ਪਰਮੇਸ਼੍ਵਰ ਮੇਂ ਜਬ ਪ੍ਰਯੰਤ ਸੰਸਾਰ ਰਹੇ ਗਾ ਸਦਾ ਰਹੇ ਹੈ। ਇਸ ਕੋ ਨਯਾਯਸ਼ਾਸਤ੍ਰ ਵਾਲੇ ਨਿਤਯ ਮਾਨੇ ਹੈਂ॥ ਇਸੀ ਗਯਾਨ

Sri Satguru Jagjit Singh Ji eLibrary NamdhariElibrary@gmail.com

ਸੇ ਪਰਮੇਸ਼੍ਵਰ ਸਰਬੰਗ ਔਂ ਸੰਪੂਰਣ ਵਿਦਯਾ ਵਾਲਾ ਕਹਯਾ ਜਾਵੇ ਹੈ॥ ਇਸ ਗਯਾਨ ਕੀ ਉਤਪਤੀ ਮੇਂ ਪਰਮੇਸ਼੍ਵਰ ਸਾਥ ਮਾਯਾ ਕਾ ਅਨਾਦੀ ਮੇਲ ਕਾਰਣ ਹੈ॥ ਯਹ ਗਯਾਨ ਆਗੇ ਸਰਬ ਕੀ ਉਤਪਤੀ ਮੇਂ ਕਾਰਣ ਹੈ॥ ਸਰਬ ਕਾਰਯੋਂ ਸੇ ਪ੍ਰਥਮ ਪਰਮੇਸ਼੍ਵਰ ਮੇਂ 'ਏਕ' ਮੇਂ ਬਹੁਤ ਹੋਵੋ ਯਹ ਇਛਾ ਉਪਜੇ ਹੈ॥ ਇਸ ਕਾ ਨਾਮ ਸਾਖੀ 'ਮਹਤੱਤ੍ਵ' ਕਹੇ ਹੈਂ, ਬੇਦਾਂਤੀ ਇਸ ਕੇ ਕਾਰਣ ਗਯਾਨ ਕੋ 'ਮਹੱਤਵ' ਕਹੇ ਹੈ॥ ਇਸ ਸੇ ਆਗੇ ਤ੍ਰਿਧਾ-ਹਕੰਾਰ, ਤਾ ਸੇ ਪੰਚ-ਤਨਮਾਤ੍ਰਾ ਦ੍ਵਾਰਾ ਨਿਖਲ ਸੰਸਾਰ ਹੋਵੇ ਹੈ॥ ਜਿਸ ਕੀ ਰਚਨਾ ਸੇ ਪਰਮੇਸ਼੍ਵਰ ਜਗਤ ਕਰਤਾ ਕਹੀਯੇ ਹੈ॥ ਕਰਤਾ ਪਨਾ ਪਰਮੇਸ਼੍ਵਰ ਮੇਂ ਮਾਯਾ-ਬ੍ਰਿਤੀ ਰੂਪ ਕਹਯਾ ਹੈ॥ ਉਪਾਦਾਨ ਪਨਾ ਅਪਨੇ ਕਾਰਯੋ ਸਾਥ ਅਪਨੀ ਅਭੇਦਤਾ ਰੂਪ ਹੈ, ਅਥਵਾ ਅਪਨੀ ਮਾਯਾ ਕੇ ਪ੍ਰਤਾਪ ਸੇ ਏਕਾਕਾਰ ਕਾ ਅਨੇਕਾਕਾਰ ਹੋਨਾ ਰੂਪ ਹੈ॥ ਜੈਸੇ ਨੀਂਦ ਕੇ ਪ੍ਰਤਾਪ ਸੇ 'ਏਕ' ਹੀ ਸ੍ਵਪਨੇ ਵਾਲਾ ਪੁਰਖ ਅਨੇਕ ਹਾਥੀ, ਸ਼ੇਰ, ਨਦੀ, ਸਮੁਦ੍ਰਾਦਿ ਕਾਰਯੋ ਕੇ ਆਕਾਰ ਹੋਵੇ ਹੈ॥ ਕਾਰਯੋ ਕੇ ਆਕਾਰ ਭੀ ਪਰਮੇਸ਼੍ਵਰ ਅਪਨੇ ਵਾਸਤਵ ਸ੍ਵਰੂਪ ਕੋ ਛੋਡ ਕੇ ਨਹੀ ਹੋਵੇ॥ ਜੈਸੇ ਦੂਧ ਅਪਨੋ ਵਾਸਤਵ ਸਵਰੂਪ ਕੋ ਛੋਡ ਕੇ ਦਹੀਂ ਕੇ ਆਕਾਰ ਹੋ ਜਾਵੇ ਹੈ, ਕਿੰਤੂ ਅਪਨੇ ਵਾਸਤਵ ਸ੍ਵਰੂਪ ਕੋ ਛੋਡ ਕੇ ਕਾਰਯੋ ਕੇ ਆਕਾਰ ਹੋਵੇ ਹੈ॥ ਜੈਸੇ ਸਿਪੀ, ਜੇਵਰੀ ਅਪਨੇ ਵਾਸਤਵ ਰੂਪ ਕੋ ਨਾ ਛੋਡ ਕੇ ਭ੍ਰਮੀ ਪੁਰਖੋਂ ਕੀ ਦ੍ਰਿਸ਼ਟਿ ਸੇ ਰੁਪਾ ਔਂ ਸਰਪ ਬਨ ਜਾਵੇ ਹੈ॥ ਐਸੇ ਪਰਮੇਸ਼੍ਵਰ ਭੀ ਅਪਨੇ ਅਕ੍ਰਿਤਮ-ਸ੍ਵਰੂਪ ਸਚਿਦਾਨੰਦ ਕੋ ਨਾ ਛੋਡ ਕੇ ਹੀ ਜਗਤ ਕੇ ਆਕਾਰ ਹੋ ਜਾਵੇ ਹੈ॥ ਯਹੀ ਉਸ ਮੇਂ ਉਪਾਦਾਨ ਪਨਾ ਹੈ॥ ਯਹ ਉਪਾਦਾਨ ਪਨਾ ਤਾ ਮੇ ਮਾਯਾ ਕੇ ਮੇਲ ਸੇ ਬਨਾ ਹੈ, ਯਾਂਤੇ ਵਾਸਤਵ ਤੇ ਦੂਧ ਵਤ ਬਦਲ ਕੇ ਕਾਰਯੋ ਕੇ ਆਕਾਰ ਹੋਨਾ ਰੂਪ ਉਪਾਦਨ ਪਨਾ ਮਾਯਾ ਮੇਂ ਹੈਂ॥ ਵਾਸਤਵ ਤੇ ਬਦਲ ਕੇ ਕਾਰਯੋ ਕੇ ਆਕਾਰ ਹੋਨਾ ਰੂਪ ਉਪਾਦਾਨ ਪਨਾ ਚੇਤਨ ਮੇ ਹੈ॥ ਇਸ ਪ੍ਰਕਾਰ ਮਾਯਾ ਅਰ ਮਾਯਾ ਪਰਮੇਸ਼੍ਵਰ ਦੋਨੋ ਕਾਰਯੋ ਕੇ ਉਪਾਦਾਨ ਹੈ॥ ਪਰਮੇਸ਼੍ਵਰ ਕਾ ਨਾਮ ਬਿਵਰਤੀ-ਉਪਾਦਾਨ ਹੈ॥ ਮਾਯਾ ਕਾ ਨਾਮ ਪਰਿਣਾਮੀ-ਉਪਾਦਨ ਹੈ॥ ਬਿਵਰਤ ਵਾਲੇ ਕਾ ਨਾਮ ਬਿਵਰਤੀ ਹੈ, ਪਰਿਣਾਮ ਵਾਲੇ ਕਾ ਨਾਮ ਪਰਿਣਾਮੀ ਹੈ॥ ਝੂਠੇ ਬਦਲ ਜਾਨੇ ਕਾ ਬਿਵਰਤ ਹੈ, ਸਚੇ ਬਦਲ ਜਾਨੇ ਕਾ ਨਾਮ ਪਰਿਣਾਮ ਹੈ॥ ਯਾਂਤੇ ਪਰਮਾਤਮਾ ਅਪਨੇ ਵਾਸਤਵ ਰੂਪ ਕੋ ਨਾ ਛੋਡ ਕੇ ਝੂਠਾ ਬਦਲ ਕੇ ਜਗਤ ਕੇ ਅਕਾਰ ਹੋਵੇ ਹੈ॥ ਮਾਯਾ ਵਾਸਤਵ ਤੇ ਬਦਲ ਕੇ ਜਗਤ ਕੇ ਆਕਾਰ ਹੋਵੇ ਹੈ॥ ਯਾਂਤੇ ਪਰਮਾਤਮਾ ਜਗਤ ਕਾ ਨਿਮਿਤ ਔਂ ਉਪਾਦਾਨ ਦੋ ਪਰਕਾਰ ਕਾ ਕਾਰਣ ਹੈ, ਮਾਯਾ ਜਗਤ ਕਾ ਉਪਾਦਾਨ ਮਾਤ੍ਰ ਏਕ ਪ੍ਰਕਾਰ ਕਾ ਕਾਰਣ ਹੈ। ਇਸ ਬਾਰਤਾ ਸੇ ਪ੍ਰਮਾਣ ਯੇ ਬਚਨ ਹੈ "ਅਪਨੀ ਮਾਯਾ ਆਪ ਪਸਾਰੀ ਆਪੇ ਪੇਖਨ ਹਾਰਾ॥ ਨਾਨਾ ਰੂਪ ਧਰੇ ਬਹੁ ਰੰਗੀ ਸਭ ਤੇ ਰਹੇ ਨਿਆਰਾ"॥ "ਮਾਯਾ ਮਾਯੀ ਤ੍ਰਿਗੁਣ ਪ੍ਰਸੂਤ ਜਮਾਇਆ॥ ਨਿਰੰਕਾਰ ਆਕਾਰ ਉਪਾਇਆ", ਤਥਾ- "ਪ੍ਰਥਮ ਕਾਲ ਸਭ ਜਗ ਕੋ ਤਾਤਾ॥ ਤਾਤੇ ਭਯੋ ਤੇਜ਼ ਬਿਖਯਾਤਾ॥ ਸੋਈ ਭਵਾਨੀ ਨਾਮ ਕਹਾਈ॥ ਜਿਨ ਸਗਰੀ ਯਹ ਸ੍ਰਿਸਟਿ ਉਪਾਈ" ਇਤਯਾਦਿ ਇਨ ਕਾ ਅਰਥ, ਨਾ ਬਨਤੀ ਵਸਤੁ ਕੋ ਬਨਾ ਦੇਨੇ ਵਾਲੀ ਵਸਤੁ ਕਾ ਨਾਮ ਮਾਯਾ ਹੈ॥ ਜੈਸੇ ਮਦਾਰੀ ਕੀ ਲਾਗ ਪੰਖਾਦਿਕੋ ਸੇ ਨਾ ਬਨਤੇ ਪ੍ਰਤੀਤ ਹੋਤੇ ਕਬੂਤਰਾਦਿ ਕੋ ਕੇ ਬਨਾ ਦੇਵੇ ਹੈ॥ ਯਾਤੇ ਮਾਯਾ ਹੈ, ਤੈਸੇ ਯਹ ਹੈ, ਯਾਤੇ ਨਿਰਾਕਾਰ ਮੇਂ ਸਾਕਾਰ ਰੂਪ, ਨਿਰਗੁਣ ਮੇਂ ਸਰਗੁਣ ਰੂਪ, ਏਕ ਮੇਂ ਅਨੇਕ ਰੂਪ ਨਾ ਬਨਤੀ ਕੋ ਬਨਾ ਦੇਨੇ ਵਾਲੀ ਅਪਨੀ ਮਾਯਾ-ਸ਼ਕਤੀ ਪਰਮਾਤਮਾ ਨੇ ਮਦਾਰੀ ਕੀ ਮਾਯਾਵਤ ਆਪ ਪਸਾਰੀ ਏਕ ਮੇ ਬਦਤ ਹੋਵੋ॥

Sri Satguru Jagjit Singh Ji eLibrary NamdhariElibrary@gmail.com

ਐਸੀ ਏਕਾ ਏ ਸੈ ਨਰ ਸਬੂਲ ਤੈਂਤੋਂ ਕੇ ਕਾਰਜ, ਚਾਰ ਖਾਣੀ, ਚੌਦਾ ਭਵਨ ਰੂਪ ਬ੍ਰਹਮਾਂਡ ਲਖਦਾ ਪ੍ਰਮੈਤ ਆਪ ਫੈਲਾਈਦੀ ਹੈ॥ ਅਰ ਆਪ ਹੀ ਉਸ ਰਚਨਾ ਕੋ ਰਖਯਾ ਹੇਤ ਦੇਖਨੇ ਵਾਲਾ ਹੈ, ਅਰ ਆਪ ਹੀ ਸਾਰਾ ਪਿਸਦੇ ਆਪ ਭੀ ਦੇਵ, ਨਰ, ਤਿਰਯਗਾਦੀ ਨਾਨਾ ਰੂਪ ਧਰੇ, ਕਹੀਯੇ ਆਕਾਰੋ ਕੋ ਧਾਰਨੇ ਵਾਲਾ ਹੋ ਰਹਯਾ ਹੈ॥ ਪੂਨਾ ਵਾਸਤਵ ਤੇ ਸਭ ਆਕਾਰੋ ਕੋ ਧਾਰਤਾ ਹੂਯਾ ਭੀ ਸ੍ਵਰੂਪ ਸੇ ਨਾ ਬਦਲਨੇ ਤੇ ਸਰਪ, ਰਜਤਾਦਿਕੋਂ ਸੇ ਰਸੀ, ਸਿਪੀ ਵਤ ਆਪ ਸਰਣ ਤੇ ਪ੍ਰੱਛਨ ਰਹੇ ਹੈ॥ ਐਸੇ ਹੀ ਮਾਈ-ਮਾਯਾ ਵਾਲੇ ਪਰਮੇਸ਼ੂਰ ਮਾਯਾ ਸੇ 'ਏਕ' ਹੈ ਛੂਤ ਹੋਵੇ। ਏਸ 'ਏਕਾ' ਕਰ ਤ੍ਰਿਗੁਣ ਪ੍ਰਸੂਤ, ਤ੍ਰਿਧਾ-ਹੰਕਾਰ ਸੇ ਲੇਕਰ ਨਿਖਲ ਰਾਜਸ, ਤਾਮਸ, ਸਾਤਨ ਰੂਪ ਪ੍ਰਪੰਚ ਰਾਂਚਾਯਾ, ਔਂ ਆਪ ਨਿਰਾਕਾਰ ਕਾਰਣ ਸੇ ਬਿਨਸਾ॥ ਯਹ ਕਹੇ ਨਿਰੰਕਾਰ ਏਂਤੇ, ਨਿਰੰਕਾਰ ਕਹੀਯੇ ਮਾਯਕ ਆਕਾਰੋਂ ਸੇ ਰਹਿਤ॥ ਸ਼ੁਧ 'ਏਕਾਕਾਰ' ਪਰਮੇਸ਼ੂਰ ਨੇ ਮਾਯੀ ਆਦਿਕ ਨਿਖਲ ਅਪਨੇ ਸਏ ਅਭਿੰਨ ਪ੍ਰਤੀਤ ਹੋਤੇ, ਆਕਾਰ ਰਚੇ, ਐਸਾ ਹੀ ਦਸਮ ਗੁਰੂ ਕੇ ਬਚਨ ਕਾ ਅਰਥ ਹੈ॥ ਅਧਿਕ ਬਿਸਤਾਰ 'ਨਿਰਣੇ ਸਾਗਰ' ਕੇ ਅਠਾਰਵੇਂ ਅਧਯਾਯ ਮੇਂ ਦੇਖੇ ਲੈਨਾ। ਇਸ ਪ੍ਰਕਾਰ ਪੂਰਬ ਬਚਨੋਂ ਸੇ ਕਹੀ ਮਾਯਾ ਕੀ ਉਪਾਦਾਨਤਾ ਕੋ ਔਂ ਮਾਯਾ ਕੇ ਸੰਬਧੰਦ ਸੇ ਪਰਮਾਤਮਾ ਮੇਂ ਇਨੀ ਜਗਤ ਕੀ ਨਿਮਿਤਤਾ ਔਂ ਉਪਾਦਾਨਤ ਕੋ ਏਕ ਕਾਲ ਮੇਂ ਹੀ ਬੋਧਾ ਸੇ ਮੀਨ-ਮੇਖ ਹੈ। ਇਸ ਵਾਕਯ ਵਤ ਕਰਤਾ-ਪਦ ਬੋਧਨ ਕਰੇ ਹੈ॥ ਅਥਵਾ "ਨਿਰੰਕਾਰ ਆਕਾਰ ਉਪਾਯ॥" "ਪਹਲ ਪੁਰੀਏ ਪੁੰਡਰਕ ਬਨਾਂ' ਇਤਯਾਦਿਕ ਬਚਨੋ ਮੇਂ ਨਿਰਾਕਾਰ ਪੂਰਣ ਕੋ ਜਗਤ ਕੀ ਕਾਰਣਤਾ ਕਹੀ ਹੈ॥

ਅਰ, 'ਪੁਰਖੰ' ਪਦ ਕਾ ਅਰਥ 'ਪੂਰਣ' ਹੈ ਯਾਂਤੇ ਪੁਰਖ ਪਦ ਈਹਾਂ ਉਪਾਦਾਨਤਾ ਕਾ ਬੋਧਕ ਹੈ। ਸਤਿਜਨਮਾਦਿ **ਵਾਕਯ ਕਾ ਯਹ ਅਰਥ ਹੈ॥ ਜਿਸ 'ਪੁਰਖ' ਕੇ ਸਤਯਾਦਿਕ ਨਾਮ** ਸ੍ਵਰੂਪ ਕੇ ਬੋਧਕ ਹੈਂ, ਵਹੀ ਪਰਮੇਸ਼ੂਰ ਜਗਤ ਕੇ ਜਨਮਾਦਿਕੋ ਕਾ ਕਰਤਾ-ਨਾਮ ਨਿਮਿਤ-ਕਾਰਣ ਔਂ 'ਪੁਰਖੰ' ਕਹੀਏ ਉਪਾਦਾਨ-ਕਾਰਣ ਹੈ॥ **ਉਪਾਦਾਨ-ਕਾਰਣ ਕੇ ਸਾਥ ਕਾਰਜ ਅਭਿੰਨ ਹੋਵੇ** ਹੈ। ਯਾਂਤੇ ਨਿਖਲ ਪ੍ਰਪੰਚ ਉਸ ਸਾਥ **ਅਭਿੰਨ ਹੈ, ਇਸੀ ਬਾਤ ਕੇ ਸੂਚਕ ਗੁਰੁ ਬਚਨ ਹੈਂ॥** "ਇਹ ਜਗਤ ਹਰਿ ਕਾ ਰੂਪ ਹਰਿ ਰੂਪ ਨਦਰੀ ਆਯਾ॥" **ਬਨ ਤਿਨ ਪਰਬਤ ਹੈ ਪਾਰਬ੍ਰਹਮ॥** ਜੇਕਰ ਜਗਤ ਕਾ ਉਪਾਦਾਨ ਕਾਰਣ ਪਰਮਾਤਮਾ ਨਾ ਹੋਵੇ, ਤਬ ਜਗਤ ਕੋ 'ਹਰਿ ਰੂਪ' ਕਹਨਾ ਅਰ ਬਨ ਤ੍ਰਿਣ ਪਰਬਤੋਂ ਕਾ 'ਪਾਰਬ੍ਰਹਮ' ਕਹਨਾ ਨਹੀਂ ਬਨੇਗਾ; ਔਂ ਕਹਯ ਹੈ, ਯਾਂਤੇ ਪਰਮਾਤਮਾ 'ਨਿਮਿਤ' ਵਤ ਸਾਰੇ ਜਗਤ ਕਾ 'ਉਪਾਦਾਨ' ਭੀ ਸੂਚਨ ਕੀਆ ਹੈ॥ ਤਾਂਤੇ ਸਤਿਨਾਮੁ ਕਰਤਾ ਪੁਰਖੰ ਈਹਾਂ ਸਤਯ ਨਾਮ ਇਤਨੇ ਪਾਠ ਸੇ ਪੀਛੇ ਕਹੀ ਰੀਤਿ ਸੇ ਤਟਸਥ ਲਖਣ ਜਾਨਿਆ ਹੈ॥ ਲਖ ਵਸਤੂ ਸਾਥ ਅਭਿੰਨ ਹੋ ਕਰ ਤਿਸ ਕਾ ਇਤਰੋਂ ਸੇ ਭੇਦ ਕਰੇ, ਤਿਸ ਕਾ ਨਾਮ ਸ੍ਵਰੂਪ ਲਖਣ ਹੈ॥ ਔਰ ਲਖ ਸੇ ਭਿੰਨ ਹੋ ਕਰ ਤਿਸ ਕਾ ਇਤਰੋਂ ਸੇ ਭੇਦ ਕਰੇ, ਤਿਸ ਕਾ ਨਾਮ ਤਟਸਥ ਲਖਣ ਹੈ॥

ਸੰਤ ਨਾਮ ਪਾਠ ਮੇਂ ਭਾਖਾ ਕੇ ਅਨੁਰੋਧ ਮੇਂ 'ਤਤੇ ਸੇ ਸਿਆਰੀ' ਲਿਖੀ ਹੈ॥ ਅਰ ਰਾਤ, ਬੋਟ, ਅਗਨ, ਆਦਿਕ ਅਨੇਕ ਭਾਖਾ ਕੇ ਅਨੁਰੋਧ ਸੇ **ਸਿਆਰੀ ਛੋਡ** ਮੁਕਤੇ ਲਿਖੇ ਹੈਂ॥ ਅਰਥ ਕੋ ਜਨੋਂ ਸੇ ਅਰਥ ਉਨ ਕਾ ਸਿਆਰੀ ਅਰ ਮੁਕਤਾ ਪਨਾ **ਬਿਸਾਰ** ਕੇ ਹੀ ਕੀਆ ਜਾਤਾ ਹੈ॥ ਸੰਸਾਰਿਕ ਮੇਂ ਵਿਸ਼ਨੁ, ਸ਼ਿਵ ਕੇ ਵਾਚਕ ਹਰਿ, ਹਰ ਔਂ ਪਵਨ, ਅਗਨਿ ਕੇ ਵਾਚਕ ਅਨਿਲ,

Sri Satguru Jagjit Singh Ji eLibrary NamdhariElibrary@gmail.com

ਅਨਲ ਵਤ ਸਿਆਰੀ ਮੁਕਤਾ ਪਨ ਯਾਦ ਰੱਖ ਕੇ ਨਹੀਂ ਕੀਆ ਜਾਤਾ॥ ਯਾਤੇ ਅਨੇਕ ਸਥਾਨੋਂ ਮੇਂ ਅਰਥ ਕੀ ਯੋਗਯਤਾ ਮੇਂ ਸਿਆਰੀ ਵਾਲੇ ਕੋ ਮੁਕਤਾ ਮਾਨ ਕੇ ਔ ਮੁਕਤੇ ਕੋ ਸਿਆਰੀ ਵਾਲਾ ਮਾਨ ਕੇ ਅਰਥ ਕਰੇਂਗੇ, ਸੋ ਭੀ ਸਮਯਕ ਜਾਨਨੇ ਰਹੋ ਯਹ ਬਿਚਾਰ ਪ੍ਰਕਰਣ ਮੇਂ ਕਹੇ ਹੈਂ ਤਟਸਥ-ਲਖਣ ਕੇ ਬੋਧਕ ਸੰਪੂਰਣ ਪਦੋ ਕਾ ਸਤਯਾਦਿ ਸ੍ਵਰੂਪ-ਲਖਣ ਕੇ ਬੋਧਕ ਪਦੋਂ ਕੇ ਕਹੇ ਸਚਿਦਾਨੰਦ ਸ਼ੁਧ ਨਿਰਾਕਾਰ ਕੋ ਬੋਧਨ ਮੇਂ ਹੀ ਤਾਤਪਰਯ ਹੈ॥ ਉਤਪਤੀ, ਬਿਤੀ, ਪ੍ਰਲਯ ਕੇ ਕਹਨੇ ਮੇਂ ਤਾਤਪਰਯ ਨਹੀਂ॥ ਕਾਹੇ-ਤੇ, ਨਿਸਾਨੀਯੋਂ ਕਾ ਜਿਸ ਕੋ ਜਨਾਵਨ ਹੇਤ ਕਹੀ ਜਾਤੀ ਹੈ, ਉਸ ਕੋ ਜਨਾਵਨ ਸੇ ਤਾਤਪਰਯ ਹੋਵੇ ਹੈ॥ ਅਪਨੇ ਜਨਾਵਨ ਮੇ ਨਹੀਂ ਹੋਵੇ॥ ਯਾਂਤੇ ਉਤਪਤੀ ਆਦਿ ਬੋਧਕ ਪਦੋ ਕਾ ਭੀ ਏ ਬੋਧਨ ਮੇਂ ਤਾਤਪਰਯ ਹੈ॥ ਵਾਸਤਵ ਤੇ ਸਰਬ ਵਾਕਯਨ ਕਾ ਏਕ ਕੇ ਬੋਧਨ ਮੇਂ ਤਾਤ੍ਪਰਯ ਹੈ, ਸੋਈ ਦਿਖਾਵੇ ਹੈ:- ਜੋ 'ਨੇਤਿ ਨੇਤਿ' ਕਰ ਨਿਖੇਧਕ-ਬਚਨੋਂ ਨੇ ਪ੍ਰਪੰਚ ਨਿਖੇਧਨਾ ਹੈ, ਤਿਸ ਕੋ ਉਤਭਪਤੀ ਬੋਧਕ ਬਚਨ ਪਰਮਾਤਮਾ ਸੇ ਸਿਧਕਰ ਹੈ॥ ਜੋ ਅਵਾਂਤਰ ਬਚਨੋ ਨੇ ਸ਼ੁਧ ਸ੍ਵਰੂਪ ਕਹਨਾ ਹੈ, ਤਿਸਕੋ ਪ੍ਰਪੰਚ ਕਾ ਨਿਖੇਧ ਕਰਤੇ ਹੂਏ ਲਿਖੇਧਕ ਬਚਨ ਸਿਧ ਕਰੇ ਹੈ॥ ਜੋ ਮਹਾਂਵਾਕਨ ਨੇ ਅਭੇਦ ਕਹ ਕਰ ਏਕ ਸਿਧ ਕਰਨਾ ਹੈ॥ ਤਿਸੀ ਕੀ ਸਿਧੀ ਹੇਤ ਜੀਵ-ਈਸ਼ ਕੇ ਸ੍ਵਰੂਪ ਕੋ ਅਵਾਂਤਰ ਬਚਨ ਸਚਿਦਾਨੰਦ ਸਿਧ ਕਰੇ ਹੈ॥ ਯਾਂਤੇ ਉਤਪਤੀ ਬੋਧਕ ਬਚਨ ਨਿਖੇਧ ਬਚਨੋਂ ਸੇ ਨਿਖੇਧਨੇ ਯੋਗਯ ਅਰਥ ਕੋ ਸਿਧ ਕਰਨੇ ਮੇਂ ਨਿਖੇਧਕ ਬਚਨੋਂ ਕੇ ਸਹਾਈ ਹੈ॥ ਅਵਾਂਤਰ ਵਾਕਯ ਮਹਾਵਾਕਯਨ ਮੇਂ ਕਹਨੀ ਏਕਤਾ ਕੇ ਯੋਗਯ ਜੀਵ-ਈਸ਼ ਕੇ ਸਚਿਦਾਨੰਦਸਵਰੂਪ ਕੋ ਸਿਧ ਕਰਨੇ ਸੇ ਮਹਾਂ ਵਾਕਯਨ ਕੇ ਸਹਾਈ ਹੈ॥ ਇਸ ਰੀਤਿ ਸੇ ਸੰਪੂਰਣ ਬਚਨੋ ਕਾ ਏਕ ਮੇ ਤਾਤਪਰਯ ਹੈ॥ ਇਸੀ ਵਾਰਤਾ ਕੋ ਇਸ ਅਵਾਂਤਰ ਬਚਨ ਕੇ 'ਸਤਿਨਾਮੁ ਕਰਤਾ ਪੁਰਖੁ' ਏਤੇ ਪਾਠ ਮੇਂ ਬਤਾਯ ਕੇ ਔਰ ਪਦੋ ਮੇਂ ਭੀ ਪੁਨਾ ਕਰੇ ਅਰਥ ਕਾ ਹੀ ਪਰਮੇਸ਼੍ਵਰ ਗੁਰੁ ਨਾਨਕ ਜੀ ਪ੍ਰੇਰਣਾ ਕਰਤੇ ਹੈਂ।

ਨਿਰਭਉ ਇਤਿ॥ ਨਿਰਭਉ ਪਦ ਨਿਰਭਵ ਅਰ ਨਿਰਭਯ ਦੋ ਸੇ ਬਨੇ ਹੈ॥ ਯਾਂਤੇ ਪਹਿਲੇ ਪਾਠ ਮੇਂ 'ਨਿਰ' ਕਹੀਏ ਦੂਰ ਹੂਯਾ ਹੈ, 'ਭਵ' ਕਹੀਯੇ ਸਥੂਲ, ਸੂਖਮ, ਰੂਪ ਕਾਰਯ ਸੰਸਾਰ ਔ ਤਿਸ ਕਾ ਕਾਰਣ ਮਾਯਾ ਜਿਸ ਮੇਂ ਐਸਾ ਸ਼ੁਧ ਰੂਪ ਪੁਰਖ ਹੈ, ਜਿਸ ਕੋ ਤੁਰੀਆ ਪਦ ਕਹਤੇ ਹੈਂ॥ ਦੂਸਰੇ 'ਨਿਰਭਯ' ਪਾਠ ਮੇ 'ਨਿਰ' ਕਹੀਯੇ ਦੂਰ ਹੂਯਾ ਹੈ 'ਅਜ' ਅਬਿਨਾਸੀ ਹੋਨੇ ਤੇ ਜਨਮ ਮਰਣਾਦਿ 'ਭਯ' ਜਿਸ ਸੇ, ਐਸਾ ਵਰ ਪਰਪੁਰਖ ਹੈ॥ ਵਾ, 'ਏਕ' ਹੋਨੇ ਮੇਂ ਦੂਸਰੇ ਕੇ ਭਯ ਸੇ ਰਹਿਤ ਹੈ, ਯਾਹੀ ਤੇ ਨਿਰਵੈਰ ਕਹੀਯੇ ਏਕ ਅਦ੍ਵਿਤੀ ਸ੍ਵਰੂਪ ਹੋਨੇ ਸੇ ਦੂਸਰੇ ਸਾਥ ਹੋਨੇ ਵਾਲੇ 'ਵੈਰ' ਸੇ ਰਹਿਤ ਹੈ॥ ਯਹ ਪ੍ਰਸਿਧ ਬਾਤ ਹੈ, ਭਯ ਦੂਸਰੇ ਸੇ ਹੋਵੇ ਹੈ; ਵੈਰ ਦੂਸਰੇ ਸਾਥ ਹੋਵੇ ਹੈ॥ ਜੋ ਏਕ ਹੈ, ਉਸ ਕੋ ਕਾਹੂ ਕਾ 'ਭਯ' ਨਹੀਂ ਹੋਵੇ, ਯਾਂਤੇ ਨਿਰਭਯ ਹੈ; ਔ ਉਸ ਕਾ ਕਾਹੂ ਸਾਥ 'ਵੈਰ' ਨਹੀਂ ਹੋਵੇ ਯਾਂਤੇ 'ਨਿਰਵੈਰ' ਹੈ॥ ਵਾ, ਆਪ ਪ੍ਰਕਾਸ ਰੂਪ ਹੈ ਅਰ ਅਪਨੇ ਮੇਂ ਰਹਨੇ ਵਾਲਾ ਅਗਯਾਨ ਅੰਧੇਰਾ ਰੂਪ ਹੈ॥ ਅੰਧੇਰੇ ਪ੍ਰਕਾਸ ਕਾ ਬਿਰੋਧ ਹੋਵੇ ਹੈ॥ ਅਰ ਯਹ ਪਰਪੁਰਖ ਬਿਨਾ ਬ੍ਰਿਤਿ ਮੇ ਚੜੇ ਵਾਕੋ ਦੂਰ ਕਰੇ ਨਹੀਂ ਯਾਂਤੇ ਨਿਰਵੈਰ ਹੈ॥

ਪੁਨਾ, ਕੈਸਾ ਵਹੁ ਪੁਰਖ ਹੈ?

ਅਕਾਲ ਮੂਰਤਿ ਕਹੀਯੇ ਸਭ ਕੋ ਮਾਰਨੇ ਵਾਲੇ ਕਾਲ ਸੇ ਭਿੰਨ ਔ ਕਾਲ ਕਾ ਭੀ ਸੰਘਾਰ ਕਰਨੇ ਵਾਲਾ ਹੈ॥ ਮੂਰਤੀ ਕਹੀਯੇ ਸ੍ਵਰੂਪ ਜਿਸ ਕਾ ਐਸਾ ਵਹੁ ਪੁਰਖ ਹੈ, ਇਸ ਕਾ ਬਿਖ

Sri Satguru Jagjit Singh Ji eLibrary NamdhariElibrary@gmail.com

ਬਿਚਾਰ ਅਕਾਲ ਸਬਦ ਕੇ ਅਰਥ ਮੇਂ ਦੇਖ ਲੇਨਾ॥ ਪੁਨਾ ਕੈਸਾ ਵਹੁ ਪੁਰਖ ਹੈ? ਅਜੂਨੀ-ਮੈ ਕਹੀਯੇ ਮਾਯਾ ਤੇ ਰਹਿਤ ਸ਼ੁਧ ਸ੍ਵਰੂਪ ਵਹੁ ਅਕਾਰਣ ਹੈ॥ 'ਸੈ' ਸ਼ਬਦ ਬਾਂਗਰ ਦੇਸ ਮੇ 'ਹੈ' ਕੀ ਜਗਾ ਕਹਤੇ ਹੈਂ॥ ਜੈਸੇ ਦੇਵਦਤ ਸੇ ਰਾਮਸੈ, ਕਿਸਨ ਸੈ, ਤੈਸੇ ਅਜੂਨੀ ਸੈ ਕਹਿਆ ਹੈ॥

ਪੁਨਾ, ਵਹੁ ਕੈਸਾ ਹੈ? 'ਭੰ' ਕਹੀਯੇ ਸ੍ਵਪ੍ਰਕਾਸ਼੍ਵਰੂਪ ਹੈ॥ ਅਥਵਾ ਅਜੂਨੀ ਸੈਭੰ; ਅਜੂਨੀ ਸੰਭਉ ਸੇ ਬਨਯਾ ਹੈ॥ ਔ ਅਜੂਨੀ-ਸੰਭਉ ਅਜੂਨੀ-ਸੰਭਵ ਸੇ ਬਨਯਾ ਹੈ॥ ਗ੍ਰੰਥ ਸਾਹਿਬ ਸੇ ਅਜੂਨੀ-ਸੰਭਵ ਪਾਠ 'ਅਜੋਨੀ ਸੰਭਵਿਓ ਜਗਤ ਗੁਰੁ ਬਚਨ ਤਰਾਇਓ', ਐਸੇ ਚੌਥੇ, ਪੰਜਵੇਂ ਗੁਰੁ ਕੇ ਸਵੈਯੋ ਮੇ ਲਿਖਾ ਹੈ॥ ਔ "ਅਜੂਨੀ ਸੰਭਉ ਪਾਰੌ, "ਅਮੋਘ ਦਰਸਨ ਅਜੋਨੀ ਸੰਭਉ" ਐਸੇ ਮਾਰੂ ਕੇ ਸੋਲਹੇ ਮੇਂ ਲਿਖਾ ਹੈ॥ 'ਅਜੂਨੀ ਸੈਭੰ' ਈਹਾ ਲਿਖਾ ਹੈ॥ ਅਰਥ ਇਸ ਕਾ ਯਹ ਹੈ॥ 'ਅਜੂਨੀ' ਕਹੀਯੇ ਅਕਾਰਣ-ਪਨੇ ਕਾ ਸੰਭਵ ਬਣਨਾ ਹੈ ਜਿਸ ਪਰਸ਼੍ਵਰੂਪ ਵਿਖੇ, ਐਸਾ ਵਹੁ ਪੁਰਖ ਹੈ॥ ਭਾਵ ਇਸ ਕਾ ਯਹ ਹੈ, ਜੋ ਪਰਮੇਸ਼੍ਵਰ ਮਾਯਾ ਸਾਥ ਮਿਲਯਾ ਹੈ, ਤਿਸੀ ਸੇ ਜਗਤ ਕਾ ਕਾਰਣ ਪਨਾ ਬਨੇ ਹੈ॥ ਜੋ ਮਾਯਾ ਕੇ ਸੰਬੰਧ ਰਹਿਤ ਸ਼ੁਧ ਸ੍ਵਰੂਪ ਹੈ, ਤਿਸ ਵਿਖੇ ਨਹੀਂ ਬਨੇ॥ ਯਾਂਤੇ ਸ਼ੁਧ ਸ੍ਵਰੂਪ ਅਕਾਰਣ ਹੈ॥ ਜੂਨੀ ਪਦ ਉਪਾਦਾਨ ਕਾਰਣ ਕਾ ਵਾਚਕ ਹੋਵੇ ਹੈ॥ ਯਾਂਤੇ ਅਜੂਨੀ ਪਦ ਸੇ ਅਕਾਰਣ ਜਾਨ ਲੈਨਾ॥ ਜਿਸ ਪ੍ਰਕਾਰ ਸ਼ੁਧ ਪਰਮਾਤਮਾ ਸਹਿਜ ਕਾ ਅਕਾਰਣ ਹੈ, ਐਸੇ ਕਾਹੂ ਕਾ ਕਾਰਜ ਨਾ ਹੋਨੇ ਤੇ ਸਰਬ ਕਾ ਅਕਾਰਯ ਭੀ ਹੈ॥ ਤਾਂ ਤੇ ਜੂਨੀ ਸੇ ਸੰਭਵ ਬਨਨਾ ਹੋਵੇ ਜਿਸ ਕਾ, ਤਿਸ ਕਾ ਨਾਮ ਜੂਨੀ ਸੰਭਵ ਹੈ॥ ਐਸਾ ਕੋਨੇ ਕਾਰਜ ਨਾ ਜੋ ਹੋਵੇ ਜੋਨੀ ਸੰਭਵ, ਸੋ ਕਹੀਯੇ ਅਜੂਨੀ ਸੰਭਵ॥ ਐਸਾ ਜਜ ਹੋਨੇ ਤੇ ਅਕਾਰ ਸ੍ਵਰੂਪ ਵਹੁ ਪਰੁਖ ਹੈ॥ ਯਾਂਤੇ ਅਜੂਨੀ ਸੈਭੰ ਪਾਠ ਸੇ ਹੀ ਪੁਰਖ ਕੋ ਅਕਾਰਯ ਰੂਪ ਭੀ ਕਹਯਾ॥ ਪੁਨਾ, ਕੈਸਾ ਵਹੁ ਪੁਰਖ ਹੈ? ਗੁਰੁ ਕਹੀਯੇ ਬ੍ਰਹਮਾ ਕੋ ਰਚ ਕੇ ਸਕਲ ਜਗਤ ਕੋ ਸਿੱਖਯਾ ਦੇਨੇ ਹੇਤ ਤਿਸ ਕੋ ਬੇਦ ਪੜਾਵਨੇ ਵਾਲਾ ਹੈ॥ ਯਾਤੇ ਸਕਲ ਜਗਤ ਕੋ ਸਿੱਖਯਾ ਕਰਨੇ ਵਲੇ ਬ੍ਰਹਮਾਦਿਕੋ ਕੋ ਭੀ ਸਿੱਖਯਾ ਕਰਨੇ ਵਾਲਾ ਗੁਰੁ ਹੈ॥ ਇਸੀ ਬਾਤ ਕੋ ਅਰਥ ਸੇ ਗੁਰੁ ਕਹਤੇ ਹੈ:-

"ਭਾਈ ਰੇ ਗੁਰ ਬਿਨ ਗਯਾਨ ਨ ਹੋਇ॥ ਪੂਛੋ ਬ੍ਰਹਮੇ ਨਾਰਦੇ ਬੇਦ ਬਿਆਸੇ ਕੋਇ॥ ਅਥਵਾ, ਕੈਸਾ ਵਹੁ ਪਰਪੁਰਖ ਹੈ? ਗੁਰੁ ਕਹੀਯੇ ਪਰਮੇਸ਼੍ਵਰ ਕੇ ਸ੍ਵਰੂਪ ਕਾ ਉਪਦੇਸ ਕਰਨੇ ਮੇ ਚਤੁਰ ਜੋ ਤਤੁ ਵੇਤਾ ਜਨ ਹੈ, ਤਿਨ ਕਾ ਰੂਪ ਧਾਰ ਕੇ ਵਹੀ ਉਤਮ ਸਿੱਖਨ ਕੋ ਵਾਸਤਵ ਵਸਤੁ ਕਾ ਉਪਦੇਸ਼ ਕਰੇ ਹੈ॥ ਇਸੀ ਵਾਸਤੇ ਗੁਰੁ ਲਿਖਤੇ ਹੈ, "ਆਪ ਵੇਖਾਲੇ ਰਾਹ" ਅਰ ਗੀਤਾ ਸੇ ਅਰਜਨ ਕਹੇ ਹੈ "ਤੂਹੀ ਚਰਾ ਚਰ ਜਗਤ ਕਾ ਪਿਤਾ ਹੈ, ਅਰ ਪੂਜਯ ਹੈ, ਅਰ ਵਡਾ ਗੁਰੁ ਹੈ" ਯਾਤੇ ਸਿਧ ਹੁਯਾ ਪਰਪੁਰਖ ਹੀ ਗੁਰੁ ਰੂਪ ਧਾਰ ਕੇ ਸਭ ਕੋ ਮੁਕਤੀ ਕੇ ਮਾਰਗ ਕਾ ਉਪਦੇਸ ਕਰਤਾ ਹੈ॥ ਪੁਨਾ, ਕੈਸਾ ਵਹੁ? ਪਰ ਹੈ, ਪ੍ਰਸਾਦਿ ਕਹੀਐ ਸੰਪੂਰਣ ਚਕ੍ ਚਿਹਨ ਬਰਣ ਜਾਤ ਪਾਤਾਦੀ ਕਾਰਯਮਲ ਔ ਅਗਯਾਨ ਰੂਪ ਕਾਰਣ-ਮਲ ਤੇ ਰਹਿਤ ਹੋਨੇ ਤੇ ਸ਼ੁਧ ਹੈ॥ ਲੋਕ ਮੇਂ ਪ੍ਰਸਾਦ ਪਦ ਕਾ ਕਿਰਪਾ ਵਾ ਖੁਸ਼ੀ ਅਰਥ ਪ੍ਰਸਿਧ ਹੈ॥ ਇਸੀ ਵਾਸਤੇ ਏਕ ਜੋ ਮਾਯਾ ਕੇ ਮੇਲ ਸੇ ਉਰੂਪ ਹੋ ਰਹਿਆ ਹੈ, ਵਹੁ ਜਾਣੀਯੇ ਕੈਸੇ? ਪ੍ਰਸਨ ਸੁਨ 'ਸਤਿਗੁਰ ਪ੍ਰਸਾਦਿ' ਸਤਿਗੁਰੋਂ ਕੀ ਕ੍ਰਿਪਾ ਸੇ ਜਾਣੀਯੇ॥ ਐਸਾ ਉਤਰ ਰੂਪ ਅਰਥ ਗਯਾਨੀ

Sri Satguru Jagjit Singh Ji eLibrary NamdhariElibrary@gmail.com

ਮੰਤ੍ਰ ਕੇ ਆਦਿ ਸੇ 'ਸਤਿ' ਇਤਨਾ ਲੇ ਕਰ ਔਂ ਅੰਤ ਮੇਂ 'ਗੁਰਪ੍ਰਸਾਦਿ' ਏਤਾ ਲੇਕਰ ਗੁਰ ਅਰਜਨ ਜੀ ਨੇ ਰਾਗੋਂ ਕੇ ਬੀਚ ਸਬਦੋ ਕੇ ਆਦਿ ਮੇਂ ਮੰਗਲ ਲਿਖੀਆ ਹੈ॥ ਅਰ ਸ੍ਰੀ ਗਣਸਾਯਨਮ ਇਤਯਾਦਿ ਲਿਖਨੇ ਵਤ ਜੋ ਕੁਛ ਲਿਖੇ ਉਸ ਕੇ ਆਦਿ ਮੇਂ ਲਿਖਨਾ ਯਹ ਸੂਚਨ ਕੀਆ ਹੈ॥ ਯਾਤੇ '੧ਓ ਸਤਿਗੁਰ ਪ੍ਰਸਾਦਿ' ਕਾ ਯਹ ਅਰਥ ਹੈ:-

ਜੋ ਏਕਾ-ਕਾਰ ਮਾਯਾ ਕੇ ਮੇਲ ਸੇ ੧ਓ ਰੂਪ ਹੋ ਰਹਿਆ ਹੈ, ਵਹੁ ਸਤਿ ਤੀਨ ਕਾਲ ਸੇ ਨਾਸ ਰਹਿਤ ਹੈ॥ ਔਂ ਗੁਰੁ ਸਰਬ ਕੋ ਸਿੱਖਾ ਕਰਨੇ ਵਾਲਾ ਹੈ॥ ਪ੍ਰਸਾਦਿ ਸਰਬ ਵਸਤੁਯੋ ਸੇ ਰਹਿਤ ਸ਼ੁਧ ਹੈ। ਇਸ ਪ੍ਰਕਾਰ ਪਰਮੇਸ਼੍ਵਰ ਨੇ ਪ੍ਰਥਮ ਸ੍ਵਰੂਪ ਔਂ ਤਟਸਥ ਲਖਣ ਬੋਧਕ ਬਿਸੰਖਣੋ ਸੇ ਉਪਦੇਸ਼ ਕੀਆ॥ ਔਂ ਉਪਦੇਸ ਕਰ ਜੈਸੇ ਮੈਨੇ ਆਗੇ ਵੇਦ ਮੇ ਗਾਇਤ੍ਰੀ ਮੰਤ੍ਰਾਦਿਕ ਸਪੂਰਣ ਪਾਪੋਂ ਕੇ ਨਾਸ਼ ਕਰ ਸ਼ੁਧੀ ਕੇ ਹੇਤ ਕਹੇ ਹੈ, ਤੈਸਾ ਯਹ ਸੰਪੂਰਣ ਅਗਯਾਨ ਔਂ ਤਿਸ ਕੇ ਕਾਰਯ ਪ੍ਰਪੰਚ ਪਾਪ ਕੇ ਦੂਰ ਕਰਨੇ ਸੇ ਪਰਮ ਸ਼ੁਧੀ ਕਾ ਕਾਰਣ ਤੇਰੇ ਕੋ ਉਪਦੇਸ ਕੀਆ ਹੈ॥ ਯਾਤੇ ਸਰਬ ਕੋ ਆਗੇ ਯਹੀ ਉਪਦੇਸ਼ ਕਰਨੇ ਹੇਤ ਤੂ ਇਸ ਕੋ 'ਜਪੁ'॥ ਯਹ ਉਪਦੇਸ ਕੀਆ ਸੁਨ ਕਰ ਗੁਰੁ ਕਹਤੇ ਰਹੇ॥ ਅਰ ਸਰਬ ਕੋ ਕਰਣੇ ਕਾ ਉਪਦੇਸ਼ ਕੀਆ॥ ਜਿਸ ਕੀ ਸੋਤ ਕੋ ਸੁਨ ਕੇ ਗੁਰੁ ਰਾਮ ਦਾਸ ਜੀ ਕੇ ਪੋਤੇ ਮਿਹਰਵਾਨ ਨੇ ਅਪਣੀ ਬਾਣੀ ਮੇਂ ਲਿਖਯਾ ਹੈ॥ "ਇਹ ਜਪੁ ਕਰਤੇ ਪੁਰਖ ਕਾ ਸਚਨਾਨਕ ਕੀਆ ਬਖਾਣ॥ ਜਗਤ ਉਧਾਰਣ ਕਾਰਣ ਧੁਰਹੁ ਹੋਯਾ ਫਰਮਾਣ"॥

ਇਤਯਾਦਿ; ਮਨ ਕਾ ਸੰਤੋਖ?

ਸ਼ਬਦ ਕੇ ਸੰਬੰਧ ਮੇਂ ਅਨਯਥਾ ਨਹੀਂ ਲਿਖ ਸਕਤਾ॥ ਅਬ ਯਦਿ ਕੋਈ ਯਹ ਕਹੇ ਕਿ, ਯਦਿ ਅਤ੍ਰੀ ਰਿਸ਼ੀ ਸੰਸਕ੍ਰਿਤ ਪੜ੍ਹਾ ਹੋਤਾ, ਤੋ 'ਦ੍ਵਾਰਾ ਕੇ ਸਥਾਨੇ ਮੇਂ 'ਵਾਰ' ਉਚਾਰਣ ਨ ਕਰਤਾ, ਵੋ ਸਮਝਦਾਰ ਪੰਡਿਤ ਉਸੇ ਅਬੁਪ ਕਹੇਗੇ॥ ਸੱਚਮੁੱਚ ਐਸੇ ਹੀ ਯਦਿ ਕੋਈ ਸ੍ਰੀ ਗੁਰੂ ਨਾਨਕ ਦੇਵ ਜੀ ਕੇ ਸੰਬੰਧ ਮੇਂ ਯਹ ਕਹੇ ਕਿ, ਯਦਿ ਵੇ ਸੰਸਕ੍ਰਿਤ ਪੜ੍ਹੇ ਹੋਤੇ ਤੋ 'ਭਯ' ਕੇ ਸਥਾਨ ਮੇਂ 'ਭਉ' ਉਚਾਰਣ ਨ ਕਰਤੇ, ਤੋ ਉਸੇ ਕਯਾ ਕਹਨਾ ਚਾਹਿਯੇ, ਯੇਹ ਸਮਝਦਾਰ ਪੰਡਿਤ ਹੀ ਜਾਨੇਂ, ਹਮੇਂ ਇਸ ਪਰ ਕੁਝ ਵਿਸ਼ੇਸ਼ ਕਹਨੇ ਕੀ ਅਵਸ਼ਯਕਤਾ ਨਹੀਂ।

ਵਾਸਤਵ ਮੇਂ ਮੰਤ੍ਰ ਦ੍ਰਸ਼ਟਾ, ਰਿਸ਼ੀ ਔਰ ਸ੍ਰੀ ਗੁਰੂ ਜੀ, ਜਾਨ ਬੂਝ ਕਰ ਅਪਨੀ ਵਾਣੀ ਮੇਂ ਐਸੇ ਸ਼ਬਦੋਂ ਕਾ ਪ੍ਰਯੋਗ (ਉਚਾਰਣ) ਨਹੀਂ ਕਰਤੇ, ਕਿੰਤੁ ਈਸ਼੍ਵਰ ਕੀ ਪ੍ਰੇਰਣਾ ਸੇ ਉਨਕੇ ਨਿਰਮਲ ਅੰਤਹਕਰਣ (ਮਨ) ਮੇ ਜੋ-ਜੋ ਔਰ ਜੈਸਾ-ਜੈਸਾ ਸ਼ਬਦ ਸਫੁਰਣ ਹੋਤਾ ਹੈ, ਵੇ ਜਿਉਂ-ਕਾ-ਤਿਉਂ ਵੈਸਾ ਹੀ ਉਚਾਰਣ ਕਰਤੇ ਹੈਂ॥ ਉਚਾਰਣ ਮੇਂ ਉਨਕਾ ਅਪਨਾ ਸੰਬੰਧ ਯਤਕਿੰਚਤ ਭੀ ਨਹੀਂ, ਯਹ ਸ੍ਰਯੰ ਮੰਤ੍ਰ ਦ੍ਰਸ਼ਟਾ ਰਿਸ਼ੀਓਂ ਨੇ ਸ੍ਵੀਕਾਰ ਕਿਯਾ ਹੈ॥ ਉਨ ਮੇਂ ਸੇ ਕਸ਼ਯਪ ਕੇ ਪੁਤ੍ਰ ਅਵਤਸਾਰ ਰਿਸ਼ੀ ਕਾ ਸ੍ਵੀਕਾਰ-ਵਚਨ ਇਸ ਪ੍ਰਕਾਰ ਹੈ:-

"ਯਾਦ੍ਰਿਗ ਏਵ ਦਦ੍ਰਿਸ਼ੇ, ਤਾਦ੍ਰਿਗ ਉਚਯਤੇ"। (ਰਿ. 5॥44॥6)

ਜੈਸਾ ਨਿਸਚਯ ਦੀਖਤਾ ਹੈ ਅਰਥਾਤ ਅਪਨੇ ਦੇਖੇ ਹੋਏ ਅਰਥੋਂ ਕੋ ਕਹਨੇ ਕੇ ਲਿਯੇ ਈਸ਼੍ਵਰ ਕੀ ਪ੍ਰੇਰਣਾ ਸੇ ਜੈਸਾ ਜੈਸਾ ਸ਼ਬਦ ਮਨ ਮੇਂ ਸਫੁਰਣ ਹੋਤਾ ਹੈ, ਵੈਸਾ ਹੀ ਕਹਤੇ ਅਰਥਾਤ ਉਚਾਰਣ ਕਰਤੇ ਹੈਂ।

ਗੁਰੂ ਜੀ ਕਾ ਵਚਨ ਭੀ ਐਸਾ ਹੀ ਹੈ।

"ਜੈਸੀ ਮੈ ਆਵੇ ਖਸਮ ਕੀ ਬਾਣੀ ਤੈਸਾ ਕਰੀ ਗਿਆਨ ਵੇ ਲਾਲੋ"॥

ਹੇ ਲਾਲੋ: ਅਪਨੇ ਸ੍ਵਾਮੀ (ਈਸ਼੍ਵਰ) ਕੀ ਓਰ ਸੇ ਜੈਸੀ ਵਾਣੀ ਆਤੀ ਅਰਥਾਤ ਮਨ ਮੇਂ ਸਫੁਰਣ ਹੋਤੀ ਹੈ, ਮੈਂ ਵੇਸੇ ਹੀ ਗਿਆਨੋਪਦੇਸ਼ ਕਰਤਾ ਅਰਥਾਤ ਵੈਸੀ ਹੀ ਵਾਣੀ ਮੇਂ ਜਨਤਾ ਕੋ ਉਪਦੇਸ਼ ਦੇਤਾ ਹੂੰ॥

ਜਬ ਮੰਤ੍ਰ ਦੁਸ਼ਟਾ ਰਿਸ਼ੀਓ ਔਰ ਸ੍ਰੀ ਗੁਰੂ ਜੀ ਮਹਾਰਾਜ ਕਾ, ਸ਼ਬਦੋਂ ਕੇ ਉਚਾਰਣ ਕਰਨੇ ਮੇਂ ਅਪਨਾ ਸੰਬੰਧ ਕੁਛ ਭੀ ਨਹੀਂ ਹੈ, ਤਬ ਯਹ ਸਪਸ਼ਟ ਸਿੱਧ ਹੈ ਕਿ ਉਨਕੇ ਮੁਖ-ਕਮਲ ਸੇ ਨਿਕਲੇ ਹੂਏ ਸਭੀ ਸ਼ਬਦ ਜਗਦ ਗੁਰੂ ਈਸ਼੍ਵਰ ਕੇ ਸ਼ਬਦ ਹੋਨੇ ਸੇਂ ਜੈਸੇ ਹੈ, ਵੈਸੇ ਹੀ ਸ਼ੁੱਧ ਹੈ, ਪਰਮ ਪਵਿਤ੍ਰ ਹੈ ਔਰ ਪਾਠ ਕਰਨੇ ਮੇਂ ਪੁੰਣ ਕੇ ਜਨਕ ਹੈ॥ ਪਰੰਤੁ ਜੋ ਸਥੂਲ ਦਰਸ਼ੀ ਹੈ, ਮਦਮਤਿ ਹੈ; ਵੇਦ ਕੇ ਲੁਦੇ ਪੰਡਿਤ ਹੈਂ; ਵੇ ਇਸ ਰਹਸਿ ਕੋ ਨਹੀਂ ਸਮਝ ਸਕਤੇ, ਇਸ ਲਿਯੇ ਸਦਾ ਖਿਮਾ ਕੇ ਯੋਗਿ ਹੈਂ॥

ਕਈ ਏਕ ਵੇਦਵੇਤਾ ਵਿਦਵਾਨੋਂ ਕਾ ਮਤ ਹੈ ਕਿ ਜੈਸੇ (ਸ੍ਤੁਨ) ਕਾ ਉਚਾਰਣ "ਸ੍ਤੋਨ" (ਰਿ: 6॥56॥5) ਹੈ, ਵੈਸੇ ਯਹਾਂ 'ਭਯ' ਕਾ ਉਚਾਰਣ "ਭੋਂ" (ਭਉ) ਹੈ।

ਭਯ ਸਦਾ ਦੂਸਰੇ ਸੇ ਹੋਤਾ ਹੈ, ਜੈਸਾ ਵ੍ਰਿਹਦਾਰੰਣਯਕੋਪਾਨਿਸ਼ਦ ਸ਼੍ਰੁਤੀ ਵਾਕਯ ਮੇਂ ਕਹਾ ਹੈ-

"ਦ੍ਵਿਤੀਯਾਦ ਵੇ ਭਯੰ ਭਵਤਿ"

ਅਰਥਾਤ- ਭਯ ਨਿਸਸੰਦੇਹ ਦੂਸਰੇ ਸੇ ਹੋਤਾ ਹੈ (ਵ੍ਰਿ. ਉ ॥1॥4॥2) ਪਰੰਤੁ ਦੁਸਰਾ ਵਹ, ਜੋ ਬਲ ਮੇਂ ਅਧਿਕ ਹੈ॥ ਬਲ ਮੁੱਖ ਦੋ ਹੈ- 1: ਏਕ ਗਿਆਨ ਬਲ ਔਰ, 2: ਦੁਸਰਾ

Sri Satguru Jagjit Singh Ji eLibrary NamdhariElibrary@gmail.com

ਕ੍ਰਿਯਾ- ਬਲ॥ ਜਾਨਨੇ ਕੀ ਸ਼ਕਤੀ ਕੋ ਗਿਆਨ-ਬਲ ਔਰ ਕਰਨੇ ਕੀ ਸ਼ਕਤੀ ਕੋ ਕ੍ਰਿਯਾ-ਬਲ ਕਹਿਤੇ ਹੈਂ॥ ਜਿਤਨਾ ਗਿਆਨ-ਬਲ, ਜਿਤਨਾ ਕ੍ਰਿਯਾ ਬਲ, ਜਗਤ ਕਰਤਾ ਈਸ਼੍ਵਰ ਹੈ, ਉਸ ਸੇ ਅਧਿਕ ਗਿਆਨ-ਬਲ, ਉਸ ਸੇ ਅਧਿਕ ਕ੍ਰਿਯਾ ਬਲ, ਕਿਸੀ ਦੁਸਰੇ ਮੇਂ ਨਹੀਂ ਹੈ, ਉਸੀ ਕਾ ਨਾਮ ਈਸ਼੍ਵਰ ਹੈ॥ ਈਸ਼੍ਵਰ ਮੇਂ ਸਬ ਸੇ ਅਧਿਕ ਗਿਆਨ-ਬਲ ਹੈ, ਸਬ ਸੇ ਅਧਿਕ ਕ੍ਰਿਯਾ-ਬਲ ਹੈ, ਯਹ ਯੋਗ ਸੁਤ੍ਰ ਕਰਤਾ ਪਤੰਜਲਿ ਮੁਨਿ ਨੇ ਕਹਾ ਹੈ-

"ਤਤ੍ਰ ਨਿਰਤਿਸ਼ਯੰ ਸਰਵਸਵ ਬੀਜੰ"

(ਯੋ: 1॥25)

ਉਸ (ਈਸ਼੍ਵਰ) ਮੇਂ ਸਬ ਕੇ ਜਾਨਨੇ ਵਾਲਾ ਬਨਾਨੇ ਕਾ ਬੀਜ (ਸ਼ਕਤੀ) ਅਰਥਾਤ ਗਿਆਨ-ਬਲ, ਸਬ ਸੇ ਅਧਿਕ ਹੈ॥ ਗਿਆਨ-ਬਲ ਯਹਾਂ ਕ੍ਰਿਯਾ-ਬਲ ਕਾ ਉਪਲਕਸ਼ਣ ਹੈ। (ਯੋ.1॥25) ਗਿਆਨ-ਬਲ ਮੇਂ ਅਧਿਕ ਔਰ ਕ੍ਰਿਯਾ-ਬਲ ਮੇਂ ਅਧਿਕ ਕਿਸੀ ਦੂਸਰੇ ਕੇ ਨ ਹੋਨੇ ਸੇ ਈਸ਼੍ਵਰ ਸਦਾ 'ਭਯ' ਸੇ ਰਹਿਤ ਹੈ॥ ਭਯ ਸੇ ਰਹਿਤ ਕੋ ਹੀ ਸੰਸਕ੍ਰਿਤ ਭਾਸ਼ਾ ਮੇਂ ਨਿਰਭਯ ਔਰ ਪੰਜਾਬੀ ਭਾਸ਼ਾ ਮੇਂ ਨਿਰਭਉ। (ਨਿਰਭੌ) ਕਹਤੇ ਹੈਂ॥

(ਨਿਰਵੈਰੁ)- ਸ਼ਤ੍ਰੁਤਾ ਕਾ ਨਾਮ 'ਵੈਰ' ਹੈ। ਸ਼ਤਰੁ ਪ੍ਰਾਯ: ਸਮ ਹੀ ਹੋਤਾ ਹੈ॥ ਈਸ਼੍ਵਰ ਕੇ ਸਿਵਾ ਜੜ ਔਰ ਚੇਤਨ, ਜਿਤਨੇ ਪਦਾਰਥ ਹੈਂ, ਵੇ ਸਬ ਉਸ (ਈਸ਼੍ਵਰ) ਕੇ ਅਧਿਕਾਰ ਮੇਂ ਹੋਨੇ ਸੇ ਉਸ ਸੇ ਨਯੂਨ ਹੈਂ; ਉਸ ਕੇ ਸਮ ਨਹੀਂ॥ ਦੋ ਈਸ਼੍ਵਰ ਮਾਨ ਨਹੀਂ ਸਕਤੇ, ਕਿਉਂਕਿ ਦੋਨੋਂ ਕਾ ਗਿਆਨ-ਬਲ ਔਰ ਕ੍ਰਿਆ-ਬਲ, ਸਮ ਹੋਨੇ ਸੇ ਕਦਾਚਿਤ ਮਤ-ਭੇਦ ਹੋ ਜਾਨੇ ਪਰ ਏਕ ਸ੍ਰਿਸ਼ਟੀ ਕਰਨਾ ਚਾਹੇ ਹੈ ਔਰ ਦੂਸਰਾ ਪ੍ਰਲਯ: ਤੋ, ਨ ਕਭੀ ਸ੍ਰਿਸ਼ਟੀ ਹੋਗੀ ਔਰ ਨ ਹੀ ਪ੍ਰਲਯ ਹੋਗੀ। ਯਦਿ ਮਤ-ਭੇਦ ਨਹੀਂ ਹੋਤਾ ਮਾਨਾ ਜਾਏ, ਤੋ ਜੋ ਕਾਮ ਵੇ ਦੋਨੋ ਮਿਲ ਕਰ ਕਰ ਸਕਤੇ ਹੈਂ, ਵਹ, ਸਰਵਗਿ ਸਰਵਸ਼ਕਤਿ ਹੋਨੇ ਸੇ ਏਕ ਭੀ ਕਰ ਸਕਤਾ ਹੈ, ਦੋ ਕੇ ਮਾਨਨ ਕੀ ਆਵਸ਼ਯਕਤਾ ਨਹੀਂ, ਯਾ ਯੋਂ ਕਹੋ ਕਿ ਦੂਸਰਾ ਈਸ਼੍ਵਰ ਮਾਨਨਾ ਵਿਅਰਥ ਹੈ॥ ਯਦਿ ਕੋਈ ਦੂਸਰਾ, ਈਸ਼੍ਵਰ ਕੇ ਸਮ ਨਹੀਂ ਔਰ ਨ ਹੀ ਮਾਨਾ ਜਾ ਸਕਦਾ ਹੈ, ਤੋ ਕਿਸੀ ਅਧਿਕ ਕੇ ਨ ਹੋਨੇ ਸੇ ਈਸ਼੍ਵਰ ਜੈਸੇ ਨਿਰਭਯ ਅਰਥਾਤ ਭਯ ਸੇ ਰਹਿਤ ਹੈ, ਵੈਸੇ ਸਮ ਕੇ ਨ ਹੋਨੇ ਸੇ ਨਿਰਵੈਰ ਅਰਥਾਤ ਵੈਰ ਸੇ ਰਹਿਤ ਹੈ॥ ਕੋਈ ਈਸ਼੍ਵਰ ਸੇ ਅਧਿਕ ਨਹੀਂ, ਕੋਈ ਈਸ਼੍ਵਰ ਕੇ ਸਮ ਨਹੀਂ, ਯਹ ਕ੍ਰਿਸ਼ਣ-ਯਜੁਰ ਵੇਦ-ਸੰਹਿਤਾ ਕੀ ਸ਼੍ਵੇਤਾਸ਼੍ਵਤਰੋਪਨਿਸ਼ਦ ਸ਼ਾਖਾ ਕੇ ਮੰਤ੍ਰ (6॥8) ਮੇਂ ਕਹਾ ਹੈ ਮੰਤ੍ਰ ਯਹ ਹੈ:

"ਨ ਤਸਯ ਕਾਰਯੰ ਕਰਣੰ ਚ ਵਿਦਯਤੇ,
ਨ ਤਤਸਮਸ਼੍ਚਾਭਯਧਿਕਸ਼ੈ ਦ੍ਰਿਸ਼ਯਤੇ।
ਪਰਾ ਅਸਯ ਸ਼ਕ੍ਤਿ ਵਿਵਿਧਵੇ ਸ਼ੂਯਤੇ,
ਸ੍ਵਭਾਵਿਕੀ ਗਿਆਨ-ਬਲ-ਕ੍ਰਿਯਾ ਚ॥

(6/8)

ਅਰਥ- ਉਸ ਕਾ ਸ਼ਰੀਰ ਨਹੀਂ ਔਰ ਨ ਕੋਈ ਇੰਦ੍ਰਿਯ ਹੈ, ਨ ਕੋਈ ਉਸਕੇ ਸਮ ਅਰਥਾਤ ਬਰਾਬਰ ਔਰ ਨ ਹੀ ਕੋਈ ਨਿਸਚਯ ਉਸ ਸੇ ਅਧਿਕ ਦੇਖਾ ਜਾਤਾ ਹੈ॥ ਇਸ ਕੀ

Sri Satguru Jagjit Singh Ji eLibrary NamdhariElibrary@gmail.com

ਸ਼ਕਤਿ ਸਬ ਸੇ ਬੜੀ ਔਰ ਅਨੇਕ ਪ੍ਰਕਾਰ ਕੀ ਸੁਨੀ ਜਾਤੀ ਹੈ, ਵਹ (ਸ਼ਕਤਿ) ਸਨਾਤਨੀ ਔਰ ਗਿਆਨ-ਬਲ ਤਥਾ ਕ੍ਰਿਯਾ-ਬਲ ਰੂਪ ਸੁਨੀ ਜਾਤੀ ਹੈ॥

ਅਕਾਲ ਮੂਰਤਿ

ਅਕਾਲ ਮੂਰਤਿ- ਯਹਾਂ ਮੂਰਤਿ ਕਾ ਪੁਰਯਾਯ ਮੂਰਤ ਔਰ ਉਸਕਾ ਅਰਥ ਸ੍ਵਰੂਪ ਹੈ॥ ਨਹੀਂ ਹੈ ਕਾਲ ਅਰਥਾਤ ਕਾਲ ਕ੍ਰਿਤ ਅੰਤ ਜਿਸ ਕਾ, ਐਸੀ ਮੂਰਤੀ ਅਰਥਾਤ ਐਸਾ ਸ੍ਵਰੂਪ ਹੈ ਜਿਸ ਕਾ, ਉਸ ਕੋ ਅਕਾਲ ਮੂਰਤਿ ਕਹਿਤੇ ਹੈ॥ ਜੋ ਵਸਤੁ ਸਾਖਡੰ (ਸਾਵਯਵ) ਹੋਤੀ ਹੈ, ਉਸ ਕਾ ਕਾਲ ਸੇ ਅੰਤ ਹੋਤਾ ਹੈ, ਯਹ ਨਿਸਮ ਹੈ॥ ਈਸ਼੍ਵਰ ਅਖੰਡ ਵਸਤੂ ਹੈ, ਇਸ ਲਿਯੇ ਉਸ ਕੇ ਸ੍ਵਰੂਪ ਕਾ ਕਾਲ ਸੇ ਅੰਤ ਨਹੀਂ ਹੋਤਾ॥ ਵਹ ਸਦਾ ਅਕਾਲ ਹੈ ਔਰ 'ਕਾਲ ਕਾ ਭੀ ਕਾਲ' ਹੋਨੇ ਸੇ ਮਹਾਕਾਲ ਹੈ ਔਰ ਯਹ ਸ਼੍ਵੇਤਾ ਸ਼੍ਵਤਰ ਸ਼ਾਖਾ ਕੇ ਮੰਤ੍ਰ ਮੇਂ ਕਹਾ ਹੈ॥ ਮੰਤ੍ਰ ਯਹ ਹੈ-

"ਸ ਵਿਸ੍ਵਕ੍ਰਿਦ ਵਿਸ੍ਵਵਿਦ ਆਤਮਯੋਨਿ: ਵ: ਕਾਲਕਾਲੋ ਗੁਣੀ ਸਰਵਵਿਦਯ:।
ਪ੍ਰਧਾਨ ਕੇਸ਼ਤ੍ਰਵ ਪਤਿ: ਗੁਣੇਸ਼: ਸੰਸਾਰ ਮੋਕਸ਼ ਸਥਿਤੀ ਬੰਧ ਹੇਤੁ।"

(ਸ਼੍ਵੇਤਾ ਸ਼੍ਵਤਰ, ਉ. 6॥ 16)

ਅਰਥ- ਵਹ ਸਬ ਕਾ ਬਨਾਨੇ ਵਾਲਾ (ਕਰਤਾ), ਸਬ ਕਾ ਜਾਨਨੇ ਵਾਲਾ (ਗਿਆਤਾ) ਸ੍ਵਯੰਭੂ, ਚੇਤਨ, ਕਾਲ ਕਾ ਕਾਲ, ਸਬ ਗੁਣੋ (ਹੁਨੱਰੋਂ) ਵਾਲਾ, ਔਰ ਸਬ ਵਿਦਿਆਓਂ ਵਾਲਾ ਹੈ॥ ਪ੍ਰਧਾਨ ਅਰਥਾਤ ਪ੍ਰਕ੍ਰਿਤਿ ਔਰ ਜੀਵਾਤਮਾ, ਦੋਨੋ ਕਾ ਸ੍ਵਾਮੀ, ਪ੍ਰਕ੍ਰਿਤਿ ਔਰ ਜੀਵਾਤਮਾ, ਦੋਨੋਂ ਕਾ ਸ਼ਾਸਕ, ਜਗਤ ਕੀ ਪ੍ਰਲਯ, ਸਥਿਤੀ ਔਰ ਉਤਪਤਿ ਕਾ ਹੇਤੁ ਅਰਥਾਤ ਕਾਰਣ ਹੈ॥

ਕਠੋਪਨਿਸ਼ਦ ਕੇ ਸ਼੍ਰੁਤਿਵਾਕਿ ਮੇਂ ਕਹਾ ਹੈ ਕਿ ਬ੍ਰਹਮਣ, ਕਸ਼ਤ੍ਰਿਯ, ਆਦਿ ਸਬ ਜਗਤ ਈਸ਼੍ਵਰ ਕਾ ਭਾਤ (ਖਾਦਯਵਸ੍ਤੁ) ਔਰ ਕਾਲਰਟਨੀ ਹੈ। ਜਿਹਾ ਕਾ ਆਸ਼ਯ ਯਹ ਹੈ ਕਿ ਈਸ਼੍ਵਰ ਜਗਤ ਔਰ ਕਾਲ, ਦੋਨੋਂ ਕਾ ਕਾਲ ਅਰਥਾਤ 'ਮਹਾਕਾਲ' ਹੈ। ਸ਼੍ਰੁਤਿ ਵਾਕਯ ਯਹ ਹੈ-

"ਯਸਯ ਬ੍ਰਹਮਚ ਕਸ਼ਤ੍ਰੰ ਚ, ਉਭੇ ਭਵਤ ਓਦਨ:।
ਮਿਤ੍ਯੁ: ਯਸਯੋਪਸੇਚਨੰ ਕ: ਇਤਥਾ ਵੇਦ ਯਤ੍ਰ ਸ:॥

(ਕਠ,1-2-25)

ਅਰਥ- ਜਿਸ ਈਸ਼੍ਵਰ ਕਾ ਬ੍ਰਹਮਣ ਔਰ ਕਸ਼ਤ੍ਰੀਯ, ਦੋਨੋ ਅਰਥਾਤ ਬ੍ਰਹਮਣ ਕਸ਼ਤ੍ਰੀਯ ਆਦਿ ਸਬ ਬਰਾਬਰ ਜਗਤ ਨਿਸਚਯ ਭਾਤ ਅਰਥਾਤ ਭਾਤ ਕੇ ਸਮਾਨ ਖਾਦਯ ਵਸਤ ਹੈ, ਤਥਾ ਸਬ ਕਾ ਮਾਰਨੇ ਵਾਲਾ ਕਾਲ, ਜਿਸ ਕੀ ਰਟਨੀ ਅਰਥਾਤ ਰਟਨੀ ਕੇ ਤੁਲਯ ਹੈ, ਉਸੇ ਅਧਿਕਾਰੀ ਮਨੁਸ਼ਯ ਕੇ ਸਿਵਾ ਦੂਸਰਾ ਕੌਨ ਇਸ ਰੂਪ ਸੇ ਜਾਨਤਾ ਹੈ, ਜਿਸ ਰੂਪ ਸੇਂ ਵਹ ਵਸਤੁਤ: ਹੈ॥

ਅਜੂਨੀ

ਅਜੂਨੀ- ਜੈਸੇ ਮੁਰਧਨਯ 'ਸ' ਕਾ ਉਚਾਰਣ ਕਹੀਂ 'ਖ' ਔਰ ਕਹੀਂ 'ਸ਼' ਕੇ ਸਮਾਨ ਹੋਤਾ ਹੈ, ਵੈਸੇ ਤਾਲਵਯ 'ਯ' ਕਾ ਉਚਾਰਣ ਭੀ ਕਹੀਂ 'ਜ' ਔਰ ਕਹੀਂ 'ਯ' ਕੇ ਸਮਾਨ ਹੋਨੇ ਸੇ 'ਅਯੋਨਿ' ਕਾ ਉਚਾਰਣ 'ਅਜੋਨਿ' ਔਰ 'ਅਜੋਨਿ' ਕਾ ਉਚਾਰਣ 'ਅਜੂਨੀ' ਹੈ, ਜੈਸੇ 'ਕਰਮੀ' ਕਾ ਉਚਾਰਣ "ਕੁਰਮਿ" (ਰਿ: 08॥ 57॥ 6॥) ਅਰਥ ਤਿਨਕਾ ਏਕ ਹੀ ਹੈ॥ ਯੋਨੀ: ਤੇ ਇੰਦ੍ਰ ਨਿਖਦੇ ਅਕਾਰਿ, (ਰਿ. 1॥ 104॥ 1॥) ਹੇ ਇੰਦ੍ਰ ਤੇਰੇ ਬੈਠਨੇ ਕੇ ਲਿਯੇ ਸਥਾਨ ਬਨਾਯਾ ਹੈ।

Sri Satguru Jagjit Singh Ji eLibrary NamdhariElibrary@gmail.com

ਸ ਆ ਨੋ ਯੋਨਿ ਸਦਤੁ ਪ੍ਰੇਸਠੋ ਵਹ। ਪ੍ਰਿਯਤਮ ਹਮਾਰੇ ਸਥਾਨ ਮੇਂ ਆ ਕਰ ਬੈਠੇ, (ਰਿਗ: 7॥97॥4॥) ਇਤਯਾਦਿ ਮੰਤ੍ਰੋਂ ਮੇਂ ਸਥਾਨ ਵਿਸ਼ੇਸ਼ ਕੇ ਅਰਥ ਮੇਂ ਯੋਨਿ ਸ਼ਬਦ ਕਾ ਪ੍ਰਯੋਗ (ਉਚਾਰਣ) ਹੁਆ ਹੈ॥ ਲੋਕ ਭਾਸ਼ਾ ਮੇਂ ਭੀ ਸਥਾਨ ਵਿਸ਼ੇਸ਼ ਕੇ ਅਰਥ ਮੇਂ ਹੀ ਯੋਨਿ ਸ਼ਬਦ ਕਾ ਪ੍ਰਯੋਗ ਹੋਤਾ ਹੈ॥ ਕਾਰਯ ਕੀ ਉਤਪੱਤੀ ਕਾ ਸਥਾਨ ਵਿਸ਼ੇਸ਼ ਭੀ ਨਿਯਮ ਸੇ ਕਾਰਣ ਹੀ ਸਰਵ ਸੰਮਤ ਹੈ। ਇਸ ਲਿਯੇ 'ਯੋਨਿ' ਕਾ ਅਰਥ ਪ੍ਰਾਯ: ਕਾਰਣ ਕਿਯਾ ਜਾਤਾ ਹੈ॥ ਬ੍ਰਹਮ ਮੀਮਾਂਸਾ ਦਰਸ਼ਨ ਕੇ 'ਸ਼ਾਸ੍ਤ੍ਰ ਯੋਨਿਤ੍ਵਾਤ' (ਵੇਦਾਂਤ. 1॥1॥3) ਸੂਤ੍ਰ ਮੇਂ ਬਾਦਰਾਯਣ ਮੁਨਿ ਨੇ ਕਾਰਣ ਅਰਥ ਮੇਂ ਹੀ ਯੋਨਿ ਸ਼ਬਦ ਕਾ ਪ੍ਰਯੋਗ ਕਿਯਾ ਹੈ॥ ਸਬ ਕਾ ਕਾਰਣ ਈਸ਼੍ਵਰ ਹੈ, ਉਸਕਾ ਕੋਈ ਕਾਰਣ ਨਹੀਂ, ਇਸ ਲਿਯੇ ਉਸੇ ਗੁਰੂ-ਮੰਤ੍ਰ ਮੇਂ ਅਯੋਨਿ ਅਰਥਾਤ ਅਕਾਰਣ ਕਹਾ ਹੈ। ਯੋਨਿ ਸੇ ਰਹਿਤ ਕਾਰਣ ਸੇ ਰਹਿਤ, ਯਹ ਅਯੋਨਿ ਪਦ ਕਾ ਅਰਥ ਹੈ॥ ਅਜੋਨਿ ਤਥਾ ਅਜੂਨੀ ਕਾ ਅਰਥ ਭੀ ਯਹੀ ਹੈ। ਅਰਥਾਤ ਕਾਰਣ ਸੇ ਰਹਿਤ। ਈਸ਼੍ਵਰ ਸਬ ਕਾ ਕਾਰਣ ਹੈ ਉਸ ਕਾ ਕੋਈ ਕਾਰਣ ਨਹੀਂ, ਯਹ ਯਜੁਰਵੇਦ ਕੀ ਸ਼੍ਵੇਤਾਸ਼੍ਵਤਰ ਸ਼ਾਖਾ ਕੇ ਮੰਤ੍ਰ (6/9) ਮੇਂ ਕਹਾ ਹੈ-

"ਨ ਤਸਯ ਕਸ਼ਚਿਤਪਤਿਰਸ੍ਤਿ ਲੋਕੇ, ਨ ਚੇਸ਼ਿਤਾ ਨ-ਏਵ ਚ ਤਸਯ ਲਿੰਗੰ।
ਸ ਕਾਰਣੰ ਕਰਣਾਧਿਪਾਧਿਪੋ ਚ ਅਸਯ ਕਸਿਚਜਨਿਤਾ ਨ ਚਾਧਿਪ:॥"

ਸਵੇ-ਉ. 6/9

ਅਰਥ- ਲੋਕ ਮੇਂ ਅਰਥਾਤ ਚਰਾਚਰ ਜਗਤ ਮੇਂ ਕੋਈ ਉਸਕਾ ਸ੍ਵਾਮੀ ਨਹੀਂ ਹੈ, ਔਰ ਨਹੀ ਕੋਈ ਉਸਕਾ ਸ਼ਾਸਕ ਹੈ ਔਰ ਨਹੀਂ ਉਸਕਾ ਨਿਸ਼ਚਯ ਕੋਈ ਚਿੰਨ੍ਹ ਹੈ॥ ਵਹ ਸਬ ਬਰਾਬਰ ਜਗਤ ਕਾ ਕਾਰਣ ਅਰਥਾਤ ਬਨਾਨੇ ਵਾਲਾ ਹੈ। ਇੰਦ੍ਰਿਯੋਂ ਕੋ ਰਾਜਾ ਜੀਵਾਤਮਾ ਪੁਰਖ ਕਾ ਰਾਜਾ ਹੈ, ਨਿਸਸੰਦੇਹ ਇਸਕਾ ਕੋਈ ਉਤਪੰਨ ਕਰਨੇ ਵਾਲਾ (ਬਨਾਨੇ ਵਾਲਾ) ਅਰਥਾਤ ਕਾਰਣ ਨਹੀਂ ਔਰ ਨਹੀਂ ਕੋਈ ਰਾਜਾ ਹੈ ਅਰਥਾਤ ਵਹ ਸੁਯੰਭੁ ਸ੍ਵਤ: ਸਿੱਧ ਰਾਜਾਓਂ ਕਾ ਰਾਜਾ ਹੈ॥1॥

ਸੈਭੰ

ਸ਼ਯਭੰ:- ਯਹਾ ਸ੍ਵਯੰਭਾ ਕਾ ਸੰਕਿਸ਼ਪਤ ਉਚਾਰਣ "ਸੈਯਭੰ" ਹੈ॥ ਜੈਸੇ ਰਿਗ ਸੰਹਿਤਾ ਮੇਂ 'ਕੰਪਨਾ' ਕਾ ਸੰਕਿਸ਼ਪਤ ਉਚਾਰਣ 'ਕਪਨਾ' (ਰਿ: 5॥54॥6) ਔਰ "ਪ੍ਰੈਰਣਾ" ਕਾ ਸੰਕਸ਼ਿਪ ਉਚਾਰਣ 'ਪ੍ਰੇਣਾ' (ਰਿਗ: 1.॥72॥1) ਹੈ॥ 'ਸਯਭੰ' ਕਾ ਪੁਨ: ਭਾਸ਼ਿਕ ਉਚਾਰਣ 'ਸਯਭੰ' (ਸੇਭੰ) ਹੈ, ਜੈਸੇ 'ਛੰਦ:' ਕਾ ਭਾਸ਼ਿਕ ਉਚਾਰਣ 'ਛੰਦ' ਔਰ 'ਪਰਮਾਤਮਾ' ਕਾ ਭਾਸ਼ਿਕ ਉਚਾਰਣ 'ਪਰਮਾਤਮੰ' (ਤੇ. ਆ. ਨਾ. 10॥33) ਹੈ॥ ਪ੍ਰਕਾਸ਼ ਕਾ ਨਾਮ 'ਭਾ' ਔਰ ਅਪਨੇ ਆਪਕੋ 'ਸ੍ਵਯੰ' ਕਹਤੇ ਹੈ॥ ਸ੍ਵਯੰ ਕਾ ਹੀ ਸਮਾਨਾਰਥਕ 'ਸ੍ਵ' ਹੈ॥ ਸ੍ਵਯੰਭ ਕਾ ਅਰਥ ਅਪਨੇ ਆਪ ਪ੍ਰਕਾਸ਼ਨੇ ਵਾਲਾ ਅਰਥਾਤ ਸ੍ਵਯੰ ਪ੍ਰਕਾਸ਼ ਅਥਵਾ ਸੁਪ੍ਰਕਾਸ਼, ਯਾ ਖੁਦ-ਰੋਸ਼ਨ ਹੈ॥ ਸਯਭਾ ਔਰ ਸਯਭੰ ਕਾ ਅਰਥ ਭੀ ਯਹੀ ਹੈ ਅਰਥਾਤ ਸੁਪ੍ਰਕਾਸ਼। ਪ੍ਰਕਾਸ਼ ਸ੍ਵਰੂਪ ਔਰ ਸੁਪ੍ਰਕਾਸ਼ ਯੇ ਦੋਨੋਂ ਪਰਯਾਯ ਸ਼ਬਦ ਹੈਂ॥ ਪ੍ਰਕਾਸ਼ ਸ੍ਵਰੂਪ ਕਾ ਹੀ ਦੂਸਰਾ ਪਰਯਾਯ ਭਾ ਰੂਪ ਹੈ॥ ਛਾਂਦੋਗਯੋਪਨਿਸ਼ਦ ਕੀ ਸ਼ਾਂਡਿਲਯ-ਵਿਦਯਾ ਮੇਂ ਈਸ਼੍ਵਰ ਕੋ 'ਭਾ' ਰੂਪ ਅਰਥਾਤ ਪ੍ਰਕਾਸ਼ ਸ੍ਵਰੂਪ ਕਹਾ ਹੈ- "ਭਾ ਰੂਪ: ਸਤਯ-ਸੰਕਲਪ: ਆਕਾਸ਼ਾਤਪਾ ਸਰਵ-ਕਰਮਾ" (3॥14॥2)

ਅਰਥਾਤ- ਪ੍ਰਕਾਸ਼ ਸ੍ਵਰੂਪ ਹੈ, ਸਤਯ ਸੰਕਲਪ ਹੈ, ਆਕਾਸ਼ ਕੀ ਨਾਈ ਵਿਆਪਕ ਹੈ, ਸਬ ਚਰਾਚਰ ਸਥੂਲ ਸੁਕਸ਼ਮ ਜਗਤ ਜਿਸ ਕਾ ਕਰਮ ਅਰਥਾਤ ਕਿਯਾ ਹੁਆ ਹੈ॥

Sri Satguru Jagjit Singh Ji eLibrary NamdhariElibrary@gmail.com

ਪ੍ਰਸ਼ਨੋਂ ਕਾ ਹੀ ਦੂਸਰਾ ਪ੍ਰਸ਼ਨਾਤਮਕ ਸੂਤ੍ਰਮਯੋਪਨਿਸ਼ਦ ਹੈ। ਯੇ ਸਭ ਹੀ ਪ੍ਰਸ਼ਨਾਤਮਕ ਹੈ, ਕਿਨ੍ਤੁ ਯੇ ਪ੍ਰਸ਼ਨ ਸ਼ਬ੍ਦ ਹੋਨੇ ਕੇ ਕੋਈ ਦੂਸਰਾ ਪ੍ਰਸ਼ਨਾਤਮਕ ਨਹੀਂ, ਜਬ ਕਿ ਸਭੀ ਯੇ ਨੇ ਅਪਨੇ ਅਪਨੇ ਢੰਗ ਸੇ ਅਪਨੇ ਅਪਨੇ ਨਹੀਂ ਹੈ।

(ਪ੍ਰਸ਼ਨੋਂ ਕਾ ਸਮੋਨੇ (ਪ੍ਰਕਾਸ਼) ਹੈ, ਇਸਲਿਏ ਸੂਤ੍ਰਮਯੋਪਨਿਸ਼ਦ ਕਹਾ ਜਾਤਾ ਹੈ। ਮੁਖ੍ਯਤਯਾ ਯੇ ਅਥਰ੍ਵਵੇਦ ਕੇ ਅਨੇਕ ਸੂਤ੍ਰਗ੍ਰਨ੍ਥੋਂ ਮੇਂ ਈਸ਼੍ਵਰ ਕੇ ਸਮੋਨੇ ਕਾ ਸਮੋਨਾ ਕਹਾ ਹੈ। ਮੁਨਕ ਨੇ ਕਹਾ ਹੈ ਕਿ ਇਸ ਸੂਤ੍ਰ ਵਾਕ੍ਯ ਕਹਾ ਹੈ-

"ਯਥਾਨਦ੍ਯਃ ਪਥਿ ਜੁਸ਼ਮਾਣਾ ਅਸ੍ਤਂ ਗਚ੍ਛਨ੍ਤਿ ਸਮੁਦ੍ਰਾਯਣਾਃ।
ਤਥਾ ਵਿਦ੍ਵਾਨ ਨਾਮਰੂਪਾਦ੍ ਮੁਕ੍ਤਃ ਪਰਾਤ੍ਪਰਂ ਪੁਰੁਸ਼ਮੁਪੈਤਿ ਦਿਵ੍ਯਮ੍।"

(ਮੁ. ਉ. ੩।੨।੮)

ਅਰਥ- ਜਿਸ ਪ੍ਰਕਾਰ ਮਹਾਨ ਮੇਂ ਤਲ੍ਲੀਨ ਹੋ ਜਾਨੇ ਸੇ ਬਹਤੇ ਅਸਖ੍ਯ ਸੁਸ੍ਪਸ਼੍ਟ ਪ੍ਰਵਾਹ-ਮੋਲਿਨ ਮੇ ਵਹ ਰੂਪ ਨੋਂਵਾਲੇ ਕਾ ਨੋਂਵ, ਨਿਸ਼ਾਨ, ਨਿਰਵਯਵ, ਈਸ਼੍ਵਰ ਰਹਿਤ ਹੋ ਜਾਤਾ ਹੈ। ਉਸੀ ਪ੍ਰਕਾਰ ਜੋ ਆਤ੍ਮਾ ਵੇਤਾ ਹੈ, ਵੇ ਜਾਨਤੇ ਹੈ।

ਸ੍ਰਸ਼੍ਟਿਨੋਂਵ ਕੀ ਹੀ ਦੂਸਰਾ ਨਾਮ ਉਤ੍ਤਮ ਨੋਂਵ ਹੈ। ਇਸ ਨੋਂਵਤਾ ਕੇ ਮਨ੍ਤ੍ਰ ਮੇਂ ਈਸ਼੍ਵਰ ਕੇ ਉਤ੍ਤਮ ਨੋਂਵ ਕਹਾ ਹੈ:-

"ਉਦ ਵਯਂ ਤਮਸ੍ਪਰਿ ਸ੍ਵਃਪਸ਼੍ਯੰਤ ਉਤ੍ਤਰਮ੍
ਦੇਵ ਦੇਵਤਾ ਸੂਰ੍ਯਮਗਨਮ ਸ੍ਵਃਪਸ਼੍ਯੰਤ ਉਤ੍ਤਰਮ੍।

ਅਰਥ- ਹਮ ਉਤ੍ਕ੍ਰਿਸ਼੍ਟ (ਭੋਗਯ ਹੋਨੇ ਸੇ ਸ੍ਰੇਸ਼੍ਠ) ਪ੍ਰਕ੍ਰੁਤਿ ਔਰ ਪ੍ਰਕ੍ਰੁਤਿ ਕੇ ਭਾਵਯ ਜਗਤ ਸੇ ਪਰ ਅਤਿ-ਉਤ੍ਕ੍ਰਿਸ਼੍ਟ (ਸ਼੍ਰੇਸ਼੍ਠਤਰ) ਦੇਤਨਯ ਜ੍ਯੋਤਿ (ਭੋਜਤਾ ਜੀਵਾਤ੍ਮਾ) ਕੋ ਦੇਖਤੇ ਹੁਏ ਅਤੇਯੰਤ ਉਤ੍ਕ੍ਰਿਸ਼੍ਟ (ਸ੍ਰੇਸ਼੍ਠਤਮ) ਦੇਤਨਯ ਜ੍ਯੋਤਿ (ਨਿਯਂਤਾ ਈਸ਼੍ਵਰ) ਕੋ ਪ੍ਰਾਪ੍ਤ ਹੁਏ ਹੈ, ਜੋ ਦੇਵੋਂ ਕਾ ਦੇਵ ਔਰ ਸੁਹਿਯੋਂ (ਵਿਦ੍ਵਾਨੋਂ) ਮੇ ਪ੍ਰਾਪ੍ਤ ਹੋਨੇ ਯੋਗਯ ਹੈ। (੭)

ਗੁਰੁਪ੍ਰਸਾਦਿ

ਉਪਦੇਸ਼ਟਾ ਕਾ ਨਾਮ ਯਹਾਂ ਗੁਰੁ ਹੈ, ਯਹ ਮੁਂਡਕੋਪਨਿਸ਼ਦ ਔਰ ਸ਼੍ਵੇਤਾਸ਼੍ਵਤਰੋਪਨਿਸ਼ਦ ਦੋਨੋਂ ਕੇ ਸ਼੍ਰੁਤਿ ਵਾਕ੍ਯੋਂ ਸੇ ਸਿਂਧ ਹੈ॥ ਦੋਨੋਂ ਕੇ ਸ਼੍ਰੁਤਿ ਵਾਕ੍ਯ ਯੇ ਹੈ:-

"ਤਦ ਵਿਗਿਆਨਰਥਂ ਸ ਗੁਰੁਮੇਵਾ ਭਿਗਛੇਤ ਸਮਿਤ੍ਪਾਣਿ: ਸ਼੍ਰੋਤ੍ਰਿਯਂ ਬ੍ਰਹ੍ਮਨਿਸ਼ਠਮ੍"

(ਮੁ. ਉ. ੧।੨।੧੨)

ਅਰਥ- ਉਸੇ (ਅਕਸ਼ਰ ਬ੍ਰਹਮ) ਕੇ ਗਿਆਨ (ਜਾਨਨੇ) ਕੇ ਲਿਏ ਵਹ ਜਿਜ੍ਞਾਸੁ ਹਾਥ ਮੇਂ ਸਮਿਧਾ (ਯਗਿ ਲਕੜੀਯਾਂ) ਲਿਯੇ ਹੁਏ ਗੁਰੁ ਕੇ ਸਮੀਪ ਜਾਏ ਜੋ ਵੇਦ ਕਾ ਪੜ੍ਹਾ ਹੁਆ ਔਰ ਵੇਦ ਕੇ ਮੁੱਖ ਅਰਥ ਬ੍ਰਹਮ (ਈਸ਼੍ਵਰ) ਮੇਂ ਮਨ ਕੀ ਨਿਸ਼ਠਾ (ਅਦਲ ਸਥਿਤੀ) ਵਾਲਾ ਹੈ।

"ਯਸ੍ਯ ਦੇਵੇ ਪਰਾ ਭਕ੍ਤਿ: ਯਥਾ ਦੇਵੇ ਤਥਾ ਗੁਰੌ।
ਤਸ੍ਯ-ਏਤੇ ਕਥਿਤਾ ਹਿ-ਅਰਥਾ: ਪ੍ਰਕਾਸ਼ਂਤੇ ਮਹਾਤ੍ਮਨ:॥" (ਸ਼੍ਵੇਤਾਸ਼੍ਵਤਰ ਉ. ੬।੨੩)

ਅਰਥ- ਜਿਸ ਕੀ ਦੇਵੋਂ ਕੇ ਦੇਵ ਈਸ਼੍ਵਰ ਮੇ ਉਂਚੀ ਸੇ ਉਂਚੀ ਭਗਤੀ ਹੈ। ਔਰ ਜੈਸੇ ਈਸ਼੍ਵਰ ਮੇਂ, ਵੈਸੀ ਹੀ ਉਪਦੇਸ਼ਟਾ ਗੁਰੁ ਮੇਂ ਭਗਤੀ ਹੈਂ। ਉਸ ਮਹਾਤ੍ਮਾ ਅਰਥਾਤ ਵਿਜ੍ਞਾਨ

Sri Satguru Jagjit Singh Ji eLibrary NamdhariElibrary@gmail.com

ਹ੍ਰਿਦਯ ਮੁਮਕਸ਼ੁ ਕੋ ਨਿਸੰਦੇਹ ਉਪਨਿਸ਼ਦ ਮੇਂ ਕਹੇ ਹੁਏ ਯੇ ਸਬ ਅਰਥ ਪ੍ਰਕਾਸ਼ਿ ਹੋਤੇ ਅਰਥਾਤ ਸਮਝ ਮੇਂ ਆਤੇ ਹੈਂ॥

ਗੁਰੂ ਕਾ ਦੂਸਰਾ ਪਰਯਾਯ 'ਪਿਤਾ' ਹੈ॥ ਪਿਤਾ ਪਾਲਕ ਕੋ ਕਹਤੇ ਹੈਂ, ਜੈਸਾ ਕਿ: 'ਨਿਰੁਕਤ' ਮੇਂ ਕਿਹਾ ਹੈ 'ਪਿਤਾ ਪਾਤਾ ਵਾ ਪਾਲਿਯਿਤਾ ਵਾ' ॥ (ਨਿ: 4॥21)ਅਰਥਾਤ- ਪਿਤਾ, ਰਕਸ਼ਕ ਅਥਵਾ ਨਿਸ਼ਚੈਪਾਲਕ ਕਾ ਨਾਮ ਹੈ, ਜਬ ਸੁਕੇਸ਼ ਆਦਿ ਮੁਨਿਓਂ ਕੇ ਪ੍ਰਸ਼ਨੋਂ ਕਾ ਉੱਤਰ ਪਿਪਲਾਦ ਰਿਸ਼ੀ ਨੇ ਦੇ ਦਿਯਾ, ਤਬ ਉਨ੍ਹੋਂ ਨੇ ਕ੍ਰਿੱਤਗਿਤਾ ਕੇ ਪ੍ਰਕਾਸ਼ਨਾਰਥ ਪਿਪਲਾਦ ਰਿਸ਼ੀ ਸੇ ਕਹਾ:-

"ਤ੍ਵੰ ਹਿ ਨ: ਪਿਤਾ, ਯੋ ਅਸਮਾਕੰ ਅਵਿਦਯਾਯਾ ਪਰੰ ਪਾਰੰ ਤਾਰਯਸਿ॥

(ਪ੍ਰਸ਼ਨ. ਉ: 6॥8)

ਅਰਥਾਤ- ਤੁ (ਆਪ) ਨਿਸਸੰਦੇਹ ਹਮਾਰਾ ਪਿਤਾ ਹੈ, ਜੋ ਹਮੇਂ ਅਵਿਦਿਆ-ਸਾਗਰ ਕੇ ਪਰਲੇ ਪਾਰ (ਕਿਨਾਰੇ) ਤਾਰ ਲਗਾਯਾ ਹੈ।

ਗੁਰੂ ਕਾ ਹੀ ਤੀਸਰਾ ਪਰਯਾਯ "ਆਚਾਰਯਾ ਹੈ। ਔਰ ਵਹ-

"ਆਚੀਂਰਯਸ੍ਤੁ ਗਤਿੰ ਵਕਤਾ" ॥ (ਛਾ: ਉ: 4॥4॥1॥)

ਅਰਥਾਤ- ਆਚਾਰਯ (ਗੁਰੂ) ਤੁਝੇ ਗਤਿ (ਵਿਦਿਆ ਕਾ ਫਲ) ਕਹੇਗਾ॥

"ਆਚਾਰਯਵਾਨ ਪੁਰਖੋ ਵੇਦ" ॥ (ਛਾ: ਉ: 6॥ 14॥2)

ਆਚਾਰਯਵਾਨ ਪੁਰਖ (ਇਸਤ੍ਰੀ ਅਥਵਾ ਪੁਰਖ) ਆਤਮਾ (ਸਰਵਾਂਤਗਤਮਈਸ਼੍ਵਰ) ਕੋ ਜਨਤਾ ਹੈ:

ਇਤਿਆਦੀ ਵਾਕਯੋਂ ਸੇ ਸਿੱਧ ਹੈ॥

ਪ੍ਰਸਾਦਿ ਕਾ ਅਰਥ ਪ੍ਰਸੰਨਤਾ ਅਰਥ ਹੈ॥ ਜਬ ਪ੍ਰਸੰਨ ਹੋਤਾ ਹੈ, ਤਬ ਅਨੁਗ੍ਰਹ ਕਰਤਾ ਹੈ, ਦਯ ਕਰਤਾ ਹੈ, ਕ੍ਰਿਪਾ ਕਰਤਾ ਹੈ॥ ਇਸ ਨਿਜੇ ਪ੍ਰਸਾਦ ਕਾ ਅਰਥ ਪ੍ਰਾਯਸ: ਅਨੁਗ੍ਰਹ, ਦਯਾ, ਅਥਵਾ, ਕ੍ਰਿਪਾ ਕਿਯਾ ਜਾਤਾ ਹੈ॥ ਅਰਜੁਨ ਨੇ ਭਗਵਾਨ ਸ੍ਰੀ ਕ੍ਰਿਸ਼ਣ ਸੇ ਪ੍ਰਸੰਨ ਹੋਨੇ ਕੀ ਜੋ ਪ੍ਰਾਰਥਨਾ ਕੀ ਹੈ, ਉਸ ਸੇ ਐਸਾ ਹੀ ਪਾਯਾ ਜਾਤਾ ਹੈ॥ ਭਾਗਵਤਗੀਤਾ ਮੇਂ ਅਰਜੁਨ ਸ੍ਰੀ ਕ੍ਰਿਸ਼ਣ ਜੀ ਸੇ ਕਹਤੇ ਹੈਂ-

ਅਦ੍ਰਿਸ਼੍ਟ-ਪੁਰਵੰ ਹ੍ਰਿਸ਼ਿਤੋ ਅਸਿਮ ਦ੍ਰਿਸ਼੍ਟਵਾ ਭਯੇਨ ਚ ਪ੍ਰਵਯਥਿਤੰ ਮਨੋ ਮੇ।
ਤਦ-ਏਵ ਮੇ ਦਰਸ਼ਯ ਦੇਵ ਰੁਪੰ, ਪ੍ਰਸੀਦ ਦੇਵੇਸ਼ ਜਗਨਿਵਾਸ॥ (ਗੀਤਾ. 11॥45)

ਅਰਥ- ਪਹਿਲੇ ਦੇਖੇ ਹੁਏ ਰੂਪ ਕੋ ਦੇਖ ਕਰ ਹੇਰਸ਼ ਕੋ ਪ੍ਰਾਪਤ ਹੁਆ ਹੂੰ ਔਰ ਸਾਥ ਹੀ ਮੇਰਾ ਮਨ ਭਯ ਸੇ ਬੜਾ ਦੁਖੀ ਹੋ ਰਹਾ ਹੈ। ਹੇ ਦੇਵ! ਵਹ ਹੀ ਪਹਿਲਾ ਰੂਪ ਮੁਝੇ ਦਿਖਾ ਹੇ ਦੇਵੇਸ਼! ਹੇ ਜਗਨਿਵਾਸ! ਪ੍ਰਸੰਨ ਹੈ॥

ਗੁਰੂ ਔਰ ਪ੍ਰਸਾਦਿ ਦੋਨੋਂ ਕੇ ਮਿਲਨੇ ਸੇ "ਗੁਰਪ੍ਰਸਾਦਿ" ਬਨਾ ਹੈ ਔਰ ਗੁਰੂ ਕੀ ਪ੍ਰਸੰਨਤਾ ਕ੍ਰਿਪਾ, ਦਯਾ ਅਥਵਾ ਅਨੁਗ੍ਰਹ, ਉਸਕਾ ਅਰਥ ਹੈ॥ ਬੌਧਸਨ ਧਰਮ ਸੁਤ੍ਰ ਮੇਂ ਗੁਰਪ੍ਰਸਾਦਿ ਸ਼ਬਦ ਇਸੀ ਅਰਥ ਮੇਂ ਪ੍ਰਯੁਕ੍ਤ ਹੁਆ ਹੈ॥ ਪ੍ਰਯੋਗ ਸ਼ੁਤ੍ਰ ਕਾ ਆਕਾਰ ਹੈ:-

"ਸਹਸਰ ਦਕਿਸ਼ਣਾ ਰਿਖਭੈਕਾਦਸ਼ੰ, ਗੁਰੂ ਪ੍ਰਸਾਦੋਵਾ" ॥ (ਬੌ. ਸੂ. 4॥4॥10)

Sri Satguru Jagjit Singh Ji eLibrary NamdhariElibrary@gmail.com

ਅਰਥਾਤ- ਏਕ ਹਜਾਰ ਰੁਪਯਾ ਔਰ ਸਾਂਡ (ਸਾਢ) ਕੇ ਸਹਿਤ ਗਯਾਰਹ ਗੌਅੰ ਕੀ ਦਕਿਸ਼ਣਾ ਅਥਵਾ ਗੁਰੂ ਕੀ ਕ੍ਰਿਪਾ, ਵਿਦਯਾ ਪ੍ਰਾਪਤਿ ਕਾ ਉਪਾਯ ਹੈ॥

ਈਸ਼੍ਵਰ ਏਕ ਹੈ, ਸਤਿ ਉਸ ਕਾ ਨਾਮ ਹੈ, ਸਬ ਕਾ ਕਰਤਾ ਹੈ, ਸਬ ਮੇਂ ਪੂਰਣ ਹੈ, ਨਿਰਭਯ ਹੈ, ਨਿਰਵੈਰੁ ਹੈ, ਅਕਾਲਸ੍ਵਰੂਪ ਹੈ, ਅਯੋਨਿ ਅਰਥਾਤ ਸੁਯੰਭ ਹੈ, ਸ੍ਵਪ੍ਰਕਾਸ਼ ਹੈ, ਉਸਕੀ ਪ੍ਰਾਪਤਿ ਕਾ ਉਪਾਯ ਸ੍ਰੋਤ੍ਰਿਯ ਬ੍ਰਹਮ ਨਿਸਟ ਗੁਰੂ ਕੀ ਪ੍ਰਸੰਨਤਾ, ਅਨੁਗ੍ਰਹ, ਦਯਾ ਅਥਵਾ ਕ੍ਰਿਪਾ ਹੈ, ਯਹ ਸੰਕੇਸ਼ਪ ਸੇ ਗੁਰੁ-ਮੰਤ੍ਰ ਕਾ ਅਰਥ ਹੈ।

ਮੂਲ-ਮੰਤ੍ਰ : 10

ਪ੍ਰਾਕੱਥਨ

ਏਕੱਤ੍ਵ ਹੈ (ਨਿਰੰਕਾਰ ਜੋ ਨਾਨੱਤ੍ਵ ਵਿੱਚ) ਉਂਕਾਰ (ਰੂਪ ਹੋਕੇ ਫੇਰ ਏਕੱਤ੍ਵ) ਹੈ (ਉਹ ਏਕੱਤ੍ਵ) ਸਦਾ ਥਿਰ (ਏਕੱਤ੍ਵ ਹੈ, ਉਸ ਦਾ) ਨਾਮ ਹੀ ਹੈ ('ਸਤਯ' ਅਰਥਾਤ ਸਦਾ ਥਿਰ ਰਹਿਣ ਵਾਲਾ ਚੇਤਨ ਵਜੂਦ। ਉਹੀ ਦਿੱਸ ਰਹੀ ਤੇ ਨਾ ਦਿੱਸ ਰਹੀ ਨਾਨੱਤਵ ਦਾ) ਰਚਣਹਾਰ ਹੈ, (ਨਿਰੀ ਕੋਈ ਨਿਰਜਿੰਦ ਸ਼ਕਤੀ ਜਾਂ ਸੱਤਾ ਮਾਤ੍ਰ ਨਹੀਂ, ਪਰ ਉਹ) ਪੁਰਖ ਹੈ, (ਪੁਰਖ ਉਹ 'ਜੀਵ' ਅਰਥਾਂ ਵਿੱਚ ਨਹੀਂ, ਪਰ ਜੀਵ ਸ਼੍ਰੇਣੀ ਦੇ ਬਣਾਉਣ ਵਾਲਾ ਕਰਤਾ ਪੁਰਖੁ ਹੈ, ਬ੍ਰਹਮਾਦਿਕਾ ਵਾਂਙੂ ਦੇਵਤਾ ਸ਼੍ਰੇਣੀ ਵਿੱਚੋਂ ਵੀ ਪੁਰਖੁ ਨਹੀਂ ਜੋ ਭੈ ਤੇ ਵੈਰ ਵਿਰੋਧ ਵਿੱਚ ਆਏ, ਉਹ ਤਾਂ) ਡਰ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ। (ਇਨ੍ਹਾਂ ਸਭਨਾਂ ਤੋਂ ਉਹ ਇਉਂ ਬੀ ਉੱਚਾ ਹੈ ਕਿ ਏਹ ਸਾਰੇ ਕਾਲ ਵਿੱਚ ਆਏ, ਪਰ ਉਹ ਅਕਾਲ) ਕਾਲ ਰਹਿਤ ਹੈ। (ਅਕਾਲ ਹੋਕੇ ਉਹ ਹਣਹੋਂਦ ਨਹੀਂ, ਉਹ) ਮੂਰਤ (ਹੋਂਦ ਹੈ, ਅਰਥਾਤ ਉਸ ਦਾ ਵਜੂਦ ਯਾ ਸਰੂਪ ਹੈ ਜੋ ਸਰੂਪ ਕਿ ਕਾਲ ਤੋਂ ਰਹਿਤ ਹੈ, ਸੋ ਉਸ ਦਾ ਵਜੂਦ ਜੀਵਾਂ ਯਾ ਹੋਰ ਵਿਅਕਤੀਆਂ ਵਾਂਙੂ ਜਨਮ ਵਿੱਚ ਆਉਣੇ ਵਾਲਾ ਨਹੀਂ, ਉਹ) ਅਜੂਨੀ ਹੈ (ਅਰਥਾਤ ਜੂਨ ਵਿੱਚ ਹੀਂ ਆਉਂਦਾ) ਭਾਵ ਇਹ ਕਿ ਉਸ ਦੇ ਵਜੂਦ ਦਾ ਕੋਈ ਕਾਰਨ ਨਹੀਂ, ਸਗੋਂ ਉਹ ਤਾਂ) ਆਪਣੇ ਆਪ ਤੋਂ ਆਪ ਪ੍ਰਕਾਸ਼ ਸਰੂਪ ਹੈ। (ਜਯੋਤੀ ਸਰੂਪ ਹੈ, ਅਰਥਾਤ ਉਸ ਦੀ ਚੇਤਨਾ ਉਸ ਦਾ ਸੁਤੇ ਹੀ ਆਪਣਾ ਸਰੂਪ ਹੈ। ਐਸਾ ਹੈ ਉਹ ਸਤਯ ਸਰੂਪ ਅਕਾਲ ਪੁਰਖ, ਜਿਸ ਦਾ ਪ੍ਰਤਿਪਾਦਨ ਜਪੁਜੀ ਵਿੱਚ ਹੋਣਾ ਹੈ, ਉਹ) ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

ਵਯਾਖਯਾ: ਇਹ ਮੂਲ ਮੰਤ੍ਰ ਹੈ, ਇਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦਾ ਸਰੂਪ ਵਰਣਨ ਕੀਤਾ ਹੈ। ਭਾਵ ਇਹ ਹੈ ਕਿ ਜਪੁਜੀ ਵਿੱਚ ਤੇ ਸਾਰੀ ਗੁਰਬਾਣੀ ਵਿੱਚ ਜਿਸ ਜਪਣ ਯੋਗ ਨਿਰੰਕਾਰ ਦਾ ਵਰਣਨ ਤੇ ਗੁਣ ਗਾਇਨ ਹੋਣਾ ਹੈ ਉਸ ਦਾ ਸਰੂਪ ਦੱਸਿਆ ਹੈ ਕਿ ਇਹ ਹੈ। ਇਹ ਮੂਲ-ਮੰਤ੍ਰ ਮੰਗਲਾਚਰਨ ਬੀ ਹੈ। ਇਹ ਮੰਗਲਾਚਰਣ ਵਸਤੂ ਨਿਰਦੇਸ਼ ਮੰਗਲਾਚਰਣ ਹੈ, ਅਰਥਾਤ ਪਵਿਤ੍ਰ ਬਾਣੀ ਵਿੱਚ ਜਿਸ ਅਕਾਲ ਪੁਰਖ ਦਾ ਵਰਣਨ ਹੋਣਾ ਹੈ ਉਸੇ ਦਾ ਸਰੂਪ, ਲੱਛਣ, ਗੁਣ, ਕੀਰਤੀ ਆਦਿ ਮੰਗਲ ਵਿੱਚ ਸੰਖੇਪ ਕਥਨ ਕੀਤੇ ਗਏ ਹਨ।

੧. ਇਹ ਇਕ ਅੰਕ ਹੈ, ਜੋ ਗੁਰੂ ਜੀ ਨੇ ਆਪਣੇ ਅਕਾਲ ਪੁਰਖ ਦਾ ਵਾਚਕ ਵਰਤਿਆ ਹੈ, ਜਿਸ ਅਕਾਲ ਪੁਰਖ ਦਾ ਕਿ ਚਿੰਤਨ, ਯਜਾਨ, ਪ੍ਰੇਮ ਆਦਿ ਜਪੁ ਸਾਹਿਬ ਵਿੱਚ ਦੱਸਣਾ ਹੈ, ਇਥੇ ਉਸ ਨੂੰ '੧' ਕਰਕੇ ਦੱਸਦੇ ਹਨ, ਯਥਾ:

Sri Satguru Jagjit Singh Ji eLibrary NamdhariElibrary@gmail.com

ਸਾਹਿਬ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥

ਇਹ ੧ ਆਪ ਜੀ ਨੇ ਜਪੁਜੀ ਦੇ ਮੁੱਢ ਵਿੱਚ ਸੰਖਯਾ ਵਾਚਕ ਵਿਸ਼ੇਸ਼ਣ ਕਰਕੇ ਨਹੀਂ ਵਰਤਿਆ, ਪਰ 'ਸੰਗਯਾ' ਕਰਕੇ ਵਰਤਿਆ ਹੈ, ਜੇ ਉਸ ਦੇ ਸਰੂਪ ਦਾ ਲਖਾਯਕ ਉਸ ਦਾ ਨਾਮ ਹੈ।

ਇਸ ਦਾ ਅਰਥ ਗੁਰੂ ਜੀ ਨੇ ਆਪ ਐਉਂ ਕੀਤਾ ਹੈ:

ਏਕਮ ਏਕੰਕਾਰੁ ਨਿਰਾਲਾ। ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥

ਅਰਥ-ਏਕਮ (ਥਿਤ ਦੁਆਰਾ ਉਪਦੇਸ਼ ਕਰਦੇ ਹਨ ਕਿ) ਅਕਾਲ ਪੁਰਖ (ਜੋ ਹੈ ਸੋ) ਇਕ ਹੈ, ਸਭ ਤੋਂ ਅਲਿਪਤ ਹੈ। ਇਹ ਮ੍ਰਿਤੂ ਤੇ ਜਨਮ ਤੋਂ ਰਹਿਤ ਹੈ, ਉਸ ਦੇ ਕੋਲ ਜਾਤ ਕਿਸਮ ਨਹੀਂ। ਮਨ ਬੁੱਧੀ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰੀਆਂ ਤੋਂ ਅਲਖ ਹੈ, ਉਸਦਾ ਰੂਪ ਕੋਈ ਨਹੀਂ, ਚਿੰਨ ਕੋਈ ਨਹੀਂ।

ਪ੍ਰਸ਼ਨ ਹੁੰਦਾ ਹੈ ਕਿ ਉਹ ਹੈ ਕਿਥੇ? ਤਾਂ ਦੱਸਦੇ ਹਨ:

ਖੋਜਤ ਖੋਜਤ ਘਟਿ ਘਟਿ ਦੇਖਿਆ॥

ਕਿ ਜੋ ਨਾਨਤ੍ਵ ਦੇਖ ਰਹੇ ਹੋ, ਇਸ ਵਿੱਚ ਖੋਜ ਕਰਦਿਆਂ ਅਸਾਂ ਘਟ ਘਟ ਵਿੱਚ ਉਸ ਨੂੰ ਦੇਖਿਆ ਹੈ। ਭਾਵ ਇਹ ਹੋਇਆ ਕਿ ਉਹ ਆਪਣੀ ਏਕੱਤ੍ਵ ਵਿੱਚ ਸਦਾ ਇਕ ਹੈ। ਜਦ ਇਕ ਹੈ ਤਾਂ ਇਕ ਹੈ। ਜਦ ਨਾਨਤ੍ਵ ਵਿੱਚ ਦੇਖੋ ਤਾਂ ਘਟ ਘਟ ਵਿੱਚ ਹੈ, ਪਰ ਉਹ ਘਟ ਘਟ ਵਿੱਚ ਹੋਣ ਕਰਕੇ ਪ੍ਰਛਿੰਨ ਨਹੀਂ ਹੋ ਗਿਆ, ਉਹ ਨਾਨਤ੍ਵ ਵਿੱਚ ਬੀ ਆਪ ਇਕ ਦਾਇਕ ਹੀ ਹੈ।

ਉਹ ਇਕ ਕੈਸਾ ਹੈ? ਉਹ ਅਦੁਤੀ ਹੈ, ਹਾਂ ਇਕ ਉਸ 'ਇਕ' ਦੀ ਸੁਰਤ ਹੈ ਕਿ ਉਹ ਇਕ ਹੈ ਅਰ ਅਦੁਤੀ ਇਕ ਹੈ, ਯਥਾ:

ਏਕੰਕਾਰੁ ਅਵਰੁ ਨਹੀਂ ਦੂਜਾ ਨਾਨਕ ਏਕੁ ਸਮਾਈ॥

ਅਰਥਾਤ: ਉਹ ਕੇਵਲ ਇਕ ਹੈ, ਦੂਜਾ ਹੋਰ ਕੋਈ ਨਹੀਂ। ਉਹੀ ਇਕ, ਜੋ ਦੂਜਾ ਨਹੀਂ, ਸਾਰੇ ਸਮਾ ਰਿਹਾ ਹੈ।

ਪ੍ਰਸ਼ਨ ਹੁੰਦਾ ਹੈ: ਉਹ ਪਾਇਆ ਕੀ ਕੂ ਜਾਏ? ਤਾਂ ਦੱਸਦੇ ਹਨ:

ਏਕੋ ਏਕੁ ਕਹੇ ਸਭੁ ਕੋਈ ਹਉਮੈ ਗਰਭ ਵਿਆਪੈ॥
ਅੰਤਰਿ ਬਾਹਰਿ ਏਕੁ ਪਛਾਣੇ ਇਉ ਅਰੁ ਮਹਲੁ ਸਿਞਾਪੈ॥
ਪਰ ਨੇੜੇ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥
ਏਕੰਕਾਰੁ ਅਵਰੁ ਨਹੀਂ ਦੂਜਾ ਨਾਨਕ ਏਕੁ ਸਮਾਈ।5॥

ਅਰਥ: ਇਕ ਹੈ, ਇਕ ਹੈ, ਕਹਿ ਤਾਂ ਸਭ ਕੋਈ ਲੈਂਦਾ ਹੈ ਪਰ ਕਹਿਣ ਮਾਤ੍ਰ ਨਾਲ ਸਿਆਣ ਨਹੀਂ ਹੁੰਦਾ, ਕਿਉਂਕਿ ਕਹਿਣ ਵਾਲੇ ਦੀਆਂ ਚਿਤ ਬ੍ਰਿਤੀਆਂ ਹਉਂ ਤੇ ਹੈਕਾਰ ਵਿੱਚ ਫਸੀਆਂ ਹੋਈਆਂ ਹਨ। ਜਦ ਇਸ ਹਉਂ ਨੂੰ ਛੱਡ ਕੇ ਅੰਦਰ ਬਾਹਰ ਵਯਾਪ 'ਇਕ' ਨੂੰ ਪਛਾਣ ਲਵੇ, ਉਸ ਦਾ ਸਰੂਪ ਪਛਾਣ ਹੋ ਜਾਂਦਾ ਹੈ। ਉਹ ਪ੍ਰਭੂ ਨੇੜੇ ਹੈ ਦੂਰ ਨਹੀਂ, ਸ੍ਰਿਸ਼ਟੀ ਸਾਰੀ ਵਿੱਚ ਵਯਾਪਕ ਹੈ। ਹਾਂ ਉਹ ਕੇਵਲ ਇਕੋ ਹੈ, ਦੂਜਾ ਹੋਰ ਕੋਈ ਨਹੀਂ, ਉਹ ਸਾਰੇ ਪਰੀਪੂਰਣ ਹੈ। ਫਿਰ ਫੁਰਮਾਉਂਦੇ ਹਨ:

Sri Satguru Jagjit Singh Ji eLibrary NamdhariElibrary@gmail.com

ਏਕੇ ਕਉ ਸਚੁ ਏਕਾ ਜਾਣੇ ਹਉਮੈ ਦੂਜਾ ਦੂਰਿ ਕੀਆ॥

ਜਦੋਂ ਕੋਈ ਹਉਮੈ ਰੂਪੀ ਦੁਐਤ ਨੂੰ ਦੂਰ ਕਰ ਲਵੇਗਾ ਤਦੋਂ ਇਸ 'ਇਕ' ਨੂੰ ਸਚ ਮੁਚ 'ਇਕ' ਜਾਣ ਲਵੇਗਾ।

ਪੰਜਵੇਂ ਗੁਰੂ ਜੀ ਨੇ ਫੁਰਮਾਇਆ ਹੈ ਕਿ:

ਏਕੰਕਾਰੁ ਨਿਰੰਜਨੁ ਨਿਰਭਉ ਸਭ ਜਲਿ ਥਲਿ ਰਹਿਆ ਸਮਾਈ॥

ਜੋ ਕੇਵਲ ਏਕੱਤ੍ਵ ਹੈ, ਆਪਣੇ ਨਰੰਜਨ ਸਰੂਪ ਵਿੱਚ ਹੈ, ਨਿਰਭਉ ਹੈ, ਉਹੀ ਨਾਨਤ੍ਵ ਯਾ ਅਨੇਕਤਾ ਵਿੱਚ ਸਮਾਇਆ ਬੀ ਇਕ ਹੀ ਹੈ, ਉਹ ਮੂਲ ਹੈ, ਉਹੋ ਅਸਲੀਅਤ ਹੈ, ਉਸੇ ਦੀ ਏਕੱਤ੍ਵ ਤੋਂ ਨਾਨੱਤ੍ਵ ਹੁੰਦੀ ਹੈ, ਪਰ ਤਦ ਬੀ ਉਸ ਦੀ ਏਕੱਤ੍ਵ ਅਬਦਲ ਯਥਾਰਥ ਤੇ ਠੀਕ ਠੀਕ ਹੀ ਰਹਿੰਦੀ ਹੈ।

ਦਸਮ ਪਾਤਸ਼ਾਹ ਜੀ ਦਾ ਵਾਕ ਹੈ:

ਪ੍ਰਣਵੋ ਆਦਿ ਏਕੰਕਾਰਾ॥ ਜਲ ਥਲ ਮਹੀਅਲਿ ਕੀਓ ਪਸਾਰਾ॥
ਆਦਿ ਪੁਰਖ ਅਦੈਵ ਅਬਿਨਾਸੀ॥ ਲੋਕ ਚਤਰਦਸ ਜੋਤ ਪ੍ਰਕਾਸੀ॥

ਗੁਰੂ ਜੀ ਦੇ ਲਿਖੇ ਇਸ '੧' ਨੇ ਸਾਨੂੰ ਇਹ ਵੀ ਦੱਸਿਆ ਕਿ ਅਨੇਕਤਾ ਯਾ ਨਾਨੱਤਵ ਯਾ ਸ੍ਰਿਸ਼ਟਿ ਜੋ ਕੁਛ ਕਹੋ ਇਸ ਦਾ ਮੂਲ '.' ਸੂਨ (ਅਣਹੋਂਦ ਯਾ ਮਨਫੀਅਤ) ਨਹੀਂ, ਪਰ ਹੋਂਦ ਹੈ ਜੋ '੧' ਹੈ। ਦ੍ਰਿਸ਼ਯ ਆਦ੍ਰਿਸ਼ਯ ਇਸ 'ਇਕ' ਥਿਰ ਹਸਤੀ ਦਾ ਪਸਾਰਾ ਹੈ ਜੋ ਸਦਾ ਅਦੈਵ ਹੈ- ਆਦਿ ਪੁਰਖ ਅਦੈਵ ਅਬਿਨਾਸੀ॥

ਸਾਧਨ ਪੱਖ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ:

ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਵਾਪੇ॥

ਪੁਨਾ:- ਏਕ ਉਪਰਿ ਜਿਸੁ ਜਨ ਕੀ ਆਸਾ॥ ਤਿਸਕੀ ਕਟੀਐ ਜਮ ਕੀ ਫਾਸਾ॥

ਇਸ ਕਰਕੇ ਦਸਮ ਪਾਤਸ਼ਾਹ ਜੀ ਦੀ ਆਗਿਆ ਹੈ

ਇਕ ਬਿਨ ਦੂਸਰ ਕੌਨ ਚਿਨਾਹ॥

ਗੁਰੂ ਨਾਨਕ ਦੇਵ ਜੀ ਦਾ ਵਾਕ ਹੈ:-

ਏਕੁ ਸਰੇਵੈ ਤਾਂ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ॥

ਉਸ ਨਿਰੰਜਨ '੧' ਨੂੰ ਸੇਵੇ ਕੀਕੂੰ?

ਉੱਤਰ:- ਏਕੋ ਏਕੁ ਬਖਾ ਨੀਐ ਬਿਰਲਾ ਜਾਣੇ ਸਵਾਦੁ॥

ਪੁਨਾ:- ਏਕੰਕਾਰ ਨਾਮ ਉਹ ਧਾਰੈ॥ ਕੁਲਹ ਸਮੂਹ ਸਗਲ ਉਧਾਰੈ॥

ਪੁਨਾ:- *ਆਦਿ ਨਿਰੰਜਨੁ ਨਿਰਮਲੁ ਸੋਈ॥ ਅਵਰੁ ਨ ਜਾਣਾ ਦੂਜਾ ਕੋਈ॥*
ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ॥੧੧॥

ਫੇਰ ਦ੍ਰਿਸ਼ਟੀ ਕੀਹ ਹੋ ਜਾਂਦੀ ਹੈ, ਪੰਚਮ ਗੁਰੂ ਜੀ ਦੱਸਦੇ ਹਨ:-

ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਏਕੰਕਾਰ ਦੀ ਪ੍ਰਾਪਤੀ ਕਿਥੋਂ ਹੋਈ ਹੈ?

ਉੱਤਰ ਦੇਂਦੇ ਹਨ:- .

ਸਾਧ ਸੰਗਤਿ ਕਉ ਵਾਰਿਆ ਭਾਈ ਜਿਨ ਏਕੰਕਾਰ ਅਧਾਰ॥

Sri Satguru Jagjit Singh Ji eLibrary NamdhariElibrary@gmail.com

ਪੁਨਾ:- ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ॥

ਗੁਰੂ ਨਾਨਕ ਦੇਵ ਜੀ ਨੇ 'ਇਕ' - 'ਅਦੁਤੀ ਇਕ' - ਬਾਬਤ ਐਉਂ ਬੀ ਫੁਰਮਾਇਆ ਹੈ:-

ਗੁਣੁ ਏਹੋ ਹੋਰ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥3॥

ਅਰਥਾਤ- ਉਸ ਦਾ ਵਡਾ ਗੁਣ ਇਹ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ ਹੈ; ਨਾ ਕੋਈ ਹੋਇਆ ਹੈ ਨਾਂ (ਅਗੋਂ ਨੂੰ) ਕੋਈ ਹੋਵੇਗਾ। ਭਾਵ ਉਹ ਇਹ ਹੈ ਤੇ ਉਸ ਵਰਗਾ ਇਕ ਉਹ ਆਪ ਹੀ ਹੈ ਹੋਰ ਕੋਈ ਨਹੀਂ।

ਇਉਂ ਪਹਿਲਾਂ ਗੁਰੂ ਜੀ ਨੇ ਨਿਰੰਕਾਰ ਨੂੰ '੧' ਲਿਖਕੇ ਲਖਾਇਆ, ਗੌਸਾ ਕਿ ਉਹ ਅਪਰੰਪਰ ਪਾਰਬ੍ਰਹਮ ਹੈ, ਅਰਥਾਤ ਪਰੇ ਤੋਂ ਪਰੇ ਨਿਜ ਸਰੂਪ ਨਿਜ ਥਾਇ ਵਿਚ ਸਥਿਤ ਹੈ। ਯਥਾ:

ਸਾਚਾ ਨਿਰੰਕਾਰੁ ਨਿਜ ਥਾਇ॥

ਪਰ ਫਿਰ ਆਪ ਜੀ ਨੇ ਉਸ ਨੂੰ 'ਜਲ ਥਲ ਮਹੀਅਲਿ' ਤੇ 'ਘਟ ਘਟ' ਵਿਚ ਦੱਸਿਆ ਅਰਥਾਤ ਉਹ ਜੋ ਪਰੇ ਤੋਂ ਪਰੇ (ਅਪਰੰਪਰ ਸੀ ਉਹੀ) ਵਯਾਪਕ ਹੈ, ਤੇ ਉਹੀ ਘਟ ਘਟ ਵਿਚ ਅਰਥਾਤ ਅੰਤ੍ਰਸਥ ਬੀ ਹੈ।

1. ਅਪ ਰੰਪਰ- ਏਕੰਕਾਰੁ ਨਿਰੰਜਨੁ ਨਿਰਭਉ
2. ਵਿਆਪਕ- ਸਭ ਜਲਿ ਥਲਿ ਰਹਿਆ ਸਮਾਈ॥
3. ਅੰਤ੍ਰਸਥ- ਖੋਜਤ ਖੋਜਤ ਘਟਿ ਘਟਿ ਦੇਖਿਆ॥

ਅਪਰੰਪਰ, ਵਿਆਪਕ ਤੇ ਅੰਤ੍ਰਸਥ ਹੋਕੇ ਉਹ ਤ੍ਰੈ ਨਹੀਂ ਹੋ ਗਿਆ, ਉਹ ਇਕੋ ਦਾ ਇਕੋ ਹੈ। ਯਥਾ:-

ਅੰਤਰਿ ਬਸੇ ਬਾਹਰਿ ਭੀ ਓਹੀ॥ ਨਾਨਕ ਦਰਸਨੁ ਦੇਖਿ ਸਭ ਮੋਹੀ॥

ਹੁਣ ਨਿਰੰਜਨ ਨੂੰ ਅਪਰੰਪਰ ਲਖਕੇ, ਫਿਰ ਵਿਆਪਕ ਤੇ ਅੰਤ੍ਰਸਥ ਤੇ ਅੰਤ੍ਰਸਥ ਹੁੰਦਿਆਂ ਨਿਰੰਤਰ ਦੇਖਕੇ ਗੁਰੂ ਜੀ ਨੇ ਉਸ ਨੂੰ ਲਖਾਉਣ ਲਈ ਇਕ ਅੱਖਰ ਲਿਆ 'ਓ' ਤੇ ਇਸ ਨੂੰ ਆਪਣੇ '੧' ਨਾਲ ਲਾ ਦਿੱਤਾ।

ਅੱਖਰ ਦੋ ਪ੍ਰਕਾਰ ਦੇ ਹਨ, ਸ੍ਵਰ ਤੇ ਵਯੰਜਨ। ਉ, ਅ, ਏ ਸ੍ਵਰ ਹਨ ਤੇ 'ਕ' ਤੋਂ ਲੈਕੇ ਬਾਕੀ ਪੈਂਤੀ ਦੇ ਅੱਖਰ ਵਯੰਜਨ ਹਨ। ਵਯੰਜਨ ਆਪੇ ਨਹੀਂ ਬੋਲਦੇ, ਉਹਨਾਂ ਵਿਚ ਸ੍ਵਰ ਦੀ ਆਵਾਜ਼ ਲੁਪਤ ਹੋਵੇ ਤਾਂ ਉਹ ਬੋਲਦੇ ਹਨ, ਸੋ ਸ੍ਵਰ ਅੱਖਰ ਵਯੰਜਨਾਂ ਤੋਂ ਸ਼ਿਰੋਮਣਿ ਹੋਏ। ਆਪਣੀ ਵਰਣਮਾਲਾ ਵਿਚ ਗੁਰੂ ਜੀ ਨੇ (ਉ) ਅੱਖਰ ਨੂੰ ਪਹਿਲਾ ਥਾਂ ਦਿੱਤਾ ਹੈ, ਗੌਯਾ ਸਵਰਾਂ ਵਿਚੋਂ 'ਓ' ਨੂੰ ਸ਼ਿਰੋਮਣੀ ਸ੍ਵਰ ਥਾਪਿਆ ਹੈ। ਇਸੇ ਕਰ ਕੇ ਇਸ ਦਾ 'ਓ' ਰੂਪ ਬਣਾਕੇ ਆਪਣੇ ਅਗਮ ਅਗੋਚਰ ਤੇ ਨਿਰਾਲੇ ਏਕੰਕਾਰ ਨੂੰ ਘਟ ਘਟ ਦਾ ਵਾਸੀ ਤੇ ਸਾਰੀ ਰਚਨਾ ਦਾ ਮੁੱਢ ਮੂਲ ਅਤੇ ਫੇਰ ਸਾਰੇ ਪਸਾਰੇ ਵਿਚ ਵਿਆਪਕ ਕਰਤਾ ਦੱਸਣ ਲਈ '੧' ਦੇ ਨਾਲ ਲਾ ਦਿੱਤਾ।

ਆਸਾ ਦੀ ਵਾਰ ਵਿਚ ਦੱਸਿਆ ਹੈ:- ਇਹੋ ਖਿਆਲ ਭਾਈ ਗੁਰਦਾਸ ਜੀ ਨੇ ਐਉ ਦੱਸਿਆ

ਰੱਬ:-

1 ਆਪੀਨੈ ਆਪੁ ਸਾਜਿਓ
ਆਪੀਨੈ ਰਚਿਓ ਨਾਉ॥

'੧' ਗੁਰਮੁਖਿ ਏਕੁਕਾਰੁ ਆਪਿ ਉਪਾਇਆ
'ਓ' ਓਅੰਕਾਰਿ ਆਕਾਰੁ ਪਰਗਟੀ ਆਇਆ।

Sri Satguru Jagjit Singh Ji eLibrary NamdhariElibrary@gmail.com

2 ਦੂਯੀ ਕੁਦਰਤਿ ਸਾਜੀਐ (ਸ੍ਰਿਸ਼ਟੀ) ਪੰਜ ਤਤ ਵਿਸਥਾਰੁ ਚਲਤੁ ਰਚਹਾਇਆ
ਕਰਿਆ ਆਸਣੁ ਡਿਠੋ ਚਾਉ (ਦ੍ਰਸ਼ਟਾ) ਖਾਣੀ ਬਾਣੀ ਚਾਰਿ ਜਗਤੁ ਉਪਾਇਆ (ਸ੍ਰਿਸ਼ਟੀ)

ਸ੍ਰਿਸ਼ਟੀ ਨੂੰ ਉਪਾਵਣਹਰ ਅਕਾਲ ਪੁਰਖ ਦਾ ਲਖਾਯਕ ਹੈ: 'ਓ' ਇਹ ਗੱਲ ਗੁਰੂ ਨਾਨਕ ਦੇਵ ਜੀ ਨੇ ਆਪ ਐਉਂ ਦੱਸੀ ਹੈ:-

ਓ ਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰ ਤੋਂ ਬ੍ਰਹਮਾ ਦੇ ਉਤਪਤਿ ਹੋਈ।

ਓਅੰਕਾਰੁ ਕੀਆ ਜਿਨਿ ਚਿਤਿ॥ ਓਅੰਕਾਰ ਉਹ ਹੈ ਜਿਸ ਨੇ ਚੇਤਨਤਾ ਰਚੀ; ਭਾਵ ਜੋ ਚੇਤਨ ਸ੍ਰਿਸ਼ਟੀ ਚੰ।

ਓਅੰਕਾਰਿ ਸੈਲ ਜੁਗ ਭਏ॥ ਓਅੰਕਾਰ ਤੋਂ (ਸੈਲ੍ਹ) ਦੇਸ ਤੇ (ਜੁਗ੍ਹ) ਕਾਲ ਰਚੇ ਗਏ। ਭਾਵ ਜੜ੍ਹ ਸ੍ਰਿਸ਼ਟੀ ਰਚੀ ਗਈ।

ਓਅੰਕਾਰਿ ਬੇਦ ਨਿਰਮਏ॥ ਓਅੰਕਾਰ ਤੋਂ ਵੇਦ ਰਚੇ ਗਏ।

ਓਅੰਕਾਰਿ ਸ਼ਬਦ ਉਧਰੇ॥ ਓਅੰਕਾਰ ਤੋਂ ਸ਼ਬਦ ਦੁਆਰਾ (ਭਾਵ ਸਿਮਰਣ ਕਰਕੇ ਜੀਵ) ਉਧਰ ਗਏ।

ਓਅੰਕਾਰਿ ਗੁਰਮੁਖਿ ਤਰੇ॥ ਓਅੰਕਾਰ (ਦੇ ਲੱਖਯ) ਨੂੰ ਲਖਣੇ ਕਰਕੇ ਗੁਰਮੁਖ (ਭਵ ਸਾਗਰ) ਨੂੰ ਤਰ ਗਏ।

ਓਨਮ ਅਖਰ ਸੁਣਹੁ ਬੀਚਾਰੁ॥ (ਅਲ਼ ਖਰ੍ ਖਰਨੇ ਵਾਲਾ ਅਰਥਾਤ) ਨਾਸ਼ ਰਹਿਤ (ਪਰਮਾਤਮਾ ਜੋ) 'ਓਂ' (ਦਾ ਲੱਖਯ ਹੈ, ਉਹ) ਨਮਸਕਾਰ ਜੋਗ ਹੈ,ਉਸ ਵਾ ਵੀਚਾਰ ਸੁਣ:-
(ਜੋ) ਅਲ਼ ਖਰ (ਨਾਸ਼ ਰਹਿਤ ਪਰਮਾਤਮਾ ਹੈ ਸੋ) ਓਨਮ ਅਖਰੁ ਤ੍ਰਿਭਵਣ ਸਾਰੁ॥ ਤਿੰਨਾਂ ਭਵਨਾ ਦਾ ਸਾਰ ਹੈ। (ਤੇ ਤ੍ਰੈ ਭਵਣ ਉਸ ਦਾ ਕੀਤਾ ਪਸਾਰਾ ਹੈ, ਉਹ) 'ਓਂ' (ਦਾ ਲਖਾਯ ਹੈ ਤੇ) ਨਮਸਕਾਰ ਜੋਗ ਹੈ।

ਉਪਰਲੇ ਵਾਕਾਂ ਵਿਚ ਗੁਰੂ ਜੀ ਨੇ 'ਓ' ਦਾ ਉਚਾਰਣ ਆਪ ਹੀ 'ਓਅੰਕਾਰਾ' ਬੰਨ ਦਿੱਤਾ ਹੈ। ਜੋ ਗੁਰਮਤਿ ਵਿਚ ਪਰੰਪਰਾਂ ਤੋਂ ਪ੍ਰਮਾਣੀਕ ਹੈ। 'ਕਾਰ' ਪਦ ਲੱਗਣ ਨਾਲ 'ਓਂ' ਦਾ ਅਰਥ 'ਕੇਵਲ 'ਓਂ' ਹੋ ਗਿਆ।

ਸੋ ਉੱਪਰਲੇ ਵਾਕਾਂ ਵਿਚ ਉਚਾਰਣ ਦਾ ਰੂਪ 'ਓਅੰਕਾਰ' ਬੰਨ੍ਹ ਕੇ ਆਪ ਨੇ ਇਸ ਦਾ ਅਰਥ ਕੀਤਾ ਕਿ ਇਹ ਬ੍ਰਹਮਾ ਆਦਿ ਦੇਵਤਿਆਂ ਦੇ ਰਚਣਹਾਰ ਦਾ ਲਖਾਯਕ ਅੱਖਰ ਹੈ। ਇਹੋ ਚੇਤਨ ਤੇ ਜੜ੍ਹ ਸ੍ਰਿਸ਼ਟੀ, ਦੇਸ਼ ਕਾਲ ਆਦਿ ਦੇ ਰਚਣਹਾਰ ਦਾ ਨਾਮ ਹੈ, ਗਿਆਨ ਤੇ ਗਿਆਨ ਪ੍ਰਾਪਤੀ ਦੇ ਸਾਧਨ 'ਸ਼ਬਦ' ਦਾ ਰਚਨਹਾਰ ਹੀ ਹੈ। ਉਸ ਦਾ ਫਿਰ ਅੰਤਮ ਬੀਚਾਰ ਇਹ ਦੱਸਦੇ ਹਨ ਕਿ 'ਓ' ਉਸ ਦਾ ਲਖਾਯਕ ਹੈ ਜੋ ਤਿੰਨਾਂ ਭਵਨਾਂ ਵਿਚ ਸਾਰ ਰੂਪ ਹੈ ਤੇ (ਅਲ਼ ਖਰ) ਨਾਸ਼ ਰਹਿਤ ਹੈ। ਆਪ ਤਿੰਨਾਂ ਭਵਨਾ ਤੋਂ ਬਾਹਰ ਨਹੀਂ, ਪਰ ਆਪ ਸਾਰ ਰੂਪ ਹੈ, ਤੇ ਹੋਰ ਸਾਰਾ ਉਸ ਸਾਰ ਰੂਪ ਦਾ ਪਸਾਰਾ ਹੈ, ਆਪਣੇ ਤੋਂ ਵਿਕ੍ਰਿਤ ਹੋਕੇ ਉਹ ਤ੍ਰਿਭਵਣ ਰੂਪ ਨਹੀਂ, ਸਾਰ ਰੂਪ ਰਹਿਕੇ ਪਸਾਰੇ ਤੋਂ ਭਿੰਨ ਬੀ ਹੈ ਤੇ ਵਯਾਪਕ ਹੋਕੇ ਅਭਿੰਨ ਥਾਂ ਹੈ। ਉਸ ਦੇ ਇਸ ਭਿੰਨ-ਅਭਿੰਨ ਰੂਪ ਦਾ ਲਖਾਯਕ 'ਓਂ' ਹੈ।

Sri Satguru Jagjit Singh Ji eLibrary NamdhariElibrary@gmail.com

ਤੀਸਰੇ ਸਤਿਗੁਰ ਜੀ ਨੇ ਬੀ ਓਅੰਕਾਰ ਨੂੰ 'ਕਰਤਾ ਪੁਰਖ' ਦਾ ਲਖਾਯਕ ਦੱਸਿਆ ਹੈ।

ਓਅੰਕਾਰਿ ਸਭ ਸ੍ਰਿਸ਼ਟਿ ਉਪਾਈ॥

ਅਰਥਾਤ ਓਅੰਕਾਰ ਨੇ ਸਾਰੀ ਸ੍ਰਿਸ਼ਟੀ ਉਤਪਤ ਕੀਤੀ। ਚੋਥੇ ਸਤਿਗੁਰਾਂ ਫੁਰਮਾਇਆ:

ਓਅੰਕਾਰਿ ਏਕ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੋਗੇ॥

ਪੰਜਵੇਂ ਸਤਿਗੁਰਾਂ ਫੁਰਮਾਇਆ:-

ਓਅੰਕਾਰਿ ਉਤਪਤਿ॥ ਕੀਆ ਦਿਨਸੁ ਸਭ ਰਾਤੀ॥

ਓਅੰਕਾਰ ਤੋਂ ਸਾਰੀ ਉਤਪਤੀ ਹੋਈ ਹੈ। ਦਿਨ ਤੇ ਰਾਤ ਸਭੋ ਕੁਛ ਸਾਜਿਆ ਹੈ। ਦਸਮੇ ਪਾਤਸ਼ਾਹ ਜੀ ਨੇ ਫੁਰਮਾਇਆ ਹੈ:-

ਓਅੰਕਾਰ ਆਦਿ॥ ਕਥਨੀ ਅਨਾਦਿ॥

ਪੁਨਾ: ਓਅੰ ਆਦਿ ਰੂਪੇ॥ ਅਨਾਦੀ ਸਰੂਪੇ॥

ਪੁਨਾ : ਪ੍ਰਿਥਮ ਕਾਲ ਜਬ ਕੀਆ ਪਸਾਰਾ। ਓਅੰਕਾਰ ਤੇ ਸ੍ਰਿਸ਼ਟਿ ਉਪਾਰਾ॥

ਕਬੀਰ ਜੀ ਨੇ ਬੀ ਬਾਵਨ ਅਖਰੀ ਲਿਖੀ ਹੈ, ਇਸ ਦੀ ਅਖੀਰਲੀ ਪਉੜੀ ਤੋਂ ਪਤਾ ਲੱਗਦਾ ਹੈ ਕਿ ਇਹ ਬੀ ਕਿਸੇ ਪੰਡਿਤ ਪਰਥਾਇ ਉਚਾਰੀ ਹੈ ਜੋ ਪੰਡਿਤ ਕਿ ਲੋਕ ਬਿਉਹਾਰ ਦੀ ਵਿਦਯਾ ਪੜ੍ਹਾਉਂਦਾ ਸੀ। ਪਾਂਧੇ ਯਾ ਪੰਡਿਤ ਪੱਟੀ ਦੇ ਮੁੱਢ ਵਿਚ ਓਅੰਕਾਰ ਲਿਖ ਦੇਂਦੇ ਹਨ। ਉਸ ਪਰਥਾਇ ਕਬੀਰ ਜੀ ਓਥੇ ਫੁਰਮਾਉਂਦੇ ਹਨ:-

ਓਅੰਕਾਰ ਆਦਿ ਮੈ ਜਾਨਾ॥ ਓਅੰਕਕਾਰ ਸਭ ਦੀ ਆਦਿ ਹੈ, ਮੈਂ ਉਸ ਨੂੰ (ਤਾਂ) ਜਾਣ ਲਿਆ ਹੈ। ਲਿਖੀ ਅਰੁ ਮੇਟੇ ਤਾਹਿ ਨ ਮਾਨਾ॥ ਓਅੰਕਾਰ ਲਖੈ ਜਉ ਕਈ। (ਪਰ ਹੇ ਪੰਡਿਤ ਤੂੰ ਜਿਸ ਓਅੰਕਾਰ ਨੂੰ ਪੱਟੀ ਉਤੇ) ਲਿਖ ਦੇਂਦਾ ਹੈ (ਤੇ ਮੁੰਡੇ ਪੜ੍ਹ ਵਾਚ ਕੇ ਫੇਰ ਓਅੰਕਾਰ ਸਮੇਤ ਸਾਰੀ ਨੂੰ) ਮੇਟ ਦੇਂਦੇ ਹਨ ਉਸ (ਰਸਮੀ ਤੇ ਵਿਵਹਾਰਕ ਲਿਖਾ ਪੜ੍ਹੀ ਦੇ ਓ ਅੰ ਨੂੰ ਮੈਂ) ਨਹੀਂ ਮੰਨਦਾ (ਕਿ ਉਹ 'ਓਂ' ਦਾ ਲਖਯ ਹੈ) । ਸੋਭੀ ਲਖਿ ਮੇਟਣਾ ਨ ਹੋ (ਪਰ) ਜੇ ਕੋਈ ਓਅੰਕਾਰ (ਦੇ ਲਖਯ) ਨੂੰ ਲਖ ਲਵੇ, ਉਸ ਲਖਯ ਨੂੰ) ਲਖ ਲਿਆਂ ਫੇਰ ਮੇਸਣਾ ਨਹੀਂ ਹੁੰਦਾ।

ਭਾਵੇ ਹੈ ਕਿ ਓਅੰਕਾਰ ਰਚਨਾਂ ਦੀ ਆਦਿ ਹੈ, ਪਰ ਜੇ ਤੂੰ ਪੱਟੀ ਤੇ ਲਿਖ ਦੇਂਦਾ ਹੈਂ, ਉਹ ਰਸਮੀ ਗੱਲ ਹੈ, ਉਹ ਰੋਜ਼ ਲਿਖੀਂ ਹੈ ਤੇ ਮਿਟੀਂਦੀ ਹੈ। ਪਰ ਉਸ ਦਾ ਜੋ ਲੱਖਯ ਹੈ ਉਹ ਲਖ ਲਿਆ ਜਾਵੇ ਤਾਂ ਉਹ ਲੱਖ ਅਮਿਟ ਹੈ, ਸਦਾ ਥਿਰ ਹੈ। ਇਥੇ ਕਬੀਰ ਜੀ ਸ੍ਰਿਸ਼ਟੀ ਦੇ ਆਦਿ ਕਰਤਾ ਨੂੰ ਅੰਕਾਰ ਆਖ ਰਹੇ ਹਨ।

ਇਸ ਦੇ ਇਕ ਅਰਥ ਐਉਂ ਬੀ ਕਰਦੇ ਹਨ:-

ਓਅੰਕਾਰ ਨੂੰ ਮੈਂ ਜਾਣਦਾ ਹਾਂ (ਕਿ ਉਹ ਸਭ ਦੀ) ਆਦਿ ਹੈ, (ਪਰ ਉਹ ਓਅੰਕਾਰ ਜੋ ਜਿਸ ਸ੍ਰਿਸ਼ਟੀ ਨੂੰ ਪਟੀ ਦੇ ਅੱਖਰਾਂ ਵਾਗੂ ਲਿਖਕੇ ਭਾਵ) ਰਚਕੇ, ਮੇਸ (ਨਾਸ਼ ਕਰ) ਦੇਂਦਾ ਹੈ ਉਸ ਨੂੰ ਮੈਂ ਨਹੀਂ ਮੰਨਦਾ (ਕਿ ਉਹ ਸ੍ਰਿਸ਼ਟੀ ਓਅੰਕਾਰ ਹੈ।) ਹਾਂ ਜੇ ਕੋਈ ਓਅੰਕਾਰ (ਦੇ ਲਖਯ) ਨੂੰ ਲਖ ਲਵੇ ਉਸ ਲਖ ਲੈਣ ਵਾਲੇ ਦਾ ਲਖ ਕੇ ਫੇਰ ਵਿਨਾਸ਼ ਨਹੀਂ ਹੁੰਦਾ। ਇਸ ਦਾ ਭਾਵ ਬੀ ਇਹੋ ਹੈ ਕਿ ਕਬੀਰ ਜੀ ਓਅੰਕਾਰ ਦਾ ਲੱਖਯ ਸ੍ਰਿਸ਼ਟੀ ਕਰਤਾ ਨੂੰ ਮੰਨਦੇ ਹਨ, ਤੇ ਓਅੰਕਾਰ ਦੇ ਲੱਖਯ ਪਰਮਾਤਮਾ ਦੇਵ ਨੂੰ ਲਖ ਲੈਣੇ ਦਾ ਉਪਦੇਸ਼ ਦੇਂਦੇ ਹਨ: ਭਾਈ ਗੁਰਦਾਸ ਜੀ ਲਿਖਦੇ

Sri Satguru Jagjit Singh Ji eLibrary NamdhariElibrary@gmail.com

ਹਨ:-ਨਿਰਾਧਾਰ ਨਿਰੰਕਾਰ ਨ ਅਲਖੁ ਲਖਾਇਆ। ਹੋਆ ਏਕੰਕਾਰੁ ਆਪੁ ਉਪਾਇਆ। ਓਅੰਕਾਰ ਅਕਾਰੁ ਚਲਤੁ ਰਚਾਇਆ।

ਪੂਨਾ:- *ਏਕੰਕਾਰੁ ਇਕਾਂਗ ਲਿਖਿ ਊਤਾ ਓਅੰਕਾਰ ਲਖਾਇਆ।*
ਓਅੰਕਾਰ ਅਕਾਰ ਕਰਿ ਤੁੰ ਗੁਣ ਪੰਜ ਤਤ ਉਪਜਾਇਆ॥

ਤ੍ਰੈਹਾਂ ਦਾ ਭਾਵ ਅਰਥ ਇਹ ਹੈ:-

ਅਰਥਾਤ- ਜੋ ਨਿਰਆਕਾਰ ਅਲਖ ਪ੍ਰਭੂ ਜੀ ਉਸ ਨੇ 'ਏਕੰਕਾਰ' ਹੋ ਕੇ ਆਪ ਨੂੰ ਉਪਾਇਆ ਤੇ '੧' ਦੇ ਅੰਗ ਵਿਚ ਲਿਖਿਆ ਤੇ ਫੇਰ ਓਅੰਕਾਰ ਦਾ ਚਰਿਤ੍ਰ ਰਚਿਆ ਜਿਸ ਤੋਂ ਆਕਾਰ ਵਾਲੀ ਸ੍ਰਿਸ਼ਟੀ ਤ੍ਰਿਗੁਣਾਂ ਵਾਲੀ ਤੇ ਪੰਜਾਂ ਤਤਾਂ ਵਾਲੀ ਰਚੀ ਗਈ।

ਫੇਰ ਭਾਈ ਗੁਰਦਾਸ ਜੀ ਓਅੰਕਾਰ ਨੂੰ ਉਸ ਦਾ ਆਕਾਰ ਦੱਸਦੇ ਹਨ:-

ਓਅੰਕਾਰ ਆਕਾਰੁ ਸੁ ਤਿਸੇ॥

ਪੁਨਾ:- *ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
ਏਕੰਕਾਰ ਹੈ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।
ਓਅੰਕਾਰੁ ਆਕਾਰੁ ਕਰਿ ਇਕੁ ਕਵਾਉ ਪਸਾਉ ਕਰਾਇਆ।
ਓਅੰਕਾਰ ਅਕਾਰੁ ਕਰਿ ਪਵਣ ਪਾਣੀ ਬੈਸੰਤਰੁ ਧਾਰੇ।

ਭਾਈ ਗੁਰਦਾਸ ਜੀ ਦਾ ਭਾਵ ਕੁਝ ਐਉਂ ਦਾ (ਗੁਰਬਾਣੀ ਦਾ ਟੀਕਾ ਹੀ) ਜਾਪਦਾ ਹੈ:-

ਆਪੀਨੈ ਆਪ ਸਾਜਿਓ ਆਪੀਨੈ ਰਚਿਓ ਨਾਉ॥
ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

ਸਾਰ ਰੂਪ ਆਪੀ ਨੇ ਨਿਰੰਜਨ ਨੇ ਆਪ ਸਾਜਿਓ '੧' ਆਪੀਨੈ ਰਚਿਓ ਨਾਉ ਓਂ ਪਸਾਰਾ ਰੂਪ ਦੁਯੀ ਕੁਦਰਤਿ ਸਾਜੀਐ ਕਰਿ ਅਸਣੁ ਡਿਠੋ ਚਾਉ ਦ੍ਰਿਸ਼ਯਅਦਿ ਸ਼ੁਯ ਜੜ ਚੇਤਨ ਜਗਤ, ਪਸਾਰਾ ਕਰਕੇ ਸਾਰ ਰੂਪ ਫੇਰ ਇਕ ਦਾ ਇਕ ਤੇ ਨਾ ਲਿਪਾਇਮਾਨ ਹੈ।

ਸਭ ਤੇਰੀ ਕੁਦਰਤਿ ਤੂ ਕਾਦਿਰ	ਤੂੰ ਕਰਤਾ ਹੈਂ, ਤੂੰ ਕਾਦਰ ਹੈਂ; ਇਹ ਤੇਰੀ
ਕਰਤਾ ਪਾਕੀ ਨਾਈ ਪਾਕੁ॥	ਕੀਤੀ ਹੋਈ ਕੁਦਰਤ ਹੈ, (ਫਿਰ ਤੂੰ ਇਸ ਤੋਂ
ਨਾਨਕ ਹੁਕਮੈ ਅੰਦਰਿ ਵੇਖੈ	ਅਤ੍ਰਿਕਤ ਹੈਂ। ਇਹ ਤੇਰੇ ਹੁਕਮ ਵਿਚ ਚਲ
ਵਰਤੋਂ ਤਾਕੋ ਤਾਕੁ॥2 ॥	ਰਹੀ ਹੈ, ਤੂੰ ਹੁਕਮੀ ਹੋਕੇ, ਕਾਦਰ ਕਰਤਾ ਹੈ
	'ਬਲਿਹਾਰੀ ਕੁਦਰਤਿ ਵਸਿਆ' ਹੋਕੇ ਫਿਰ
	'ਇਕੋ ਦਾ ਇਕੋ ਹੋਕੇ ਵਰਤ ਰਿਹਾ ਹੈਂ।

ਜਪੁਜੀ ਵਿਚ ਫੁਰਮਾਇਆ ਹੈ: *ਹੁਕਮੀ ਹੁਕਮੁ ਚਲਾਏ ਰਾਹੁ॥ਨਾਨਕ ਵਿਗਸੈ ਵੈਪਰਵਾਹੁ॥3 ॥* ਵਿਗਸ ਅਰਥਾਤ ਆਨੰਦ ਸਰੂਪ ਹੈ। ਹੁਕਮੀ ਅਰਥਾਤ ਹੁਕਮ ਦਾ ਮਾਲਕ ਆਪ ਹੁਕਮ ਨਾਲ ਸਾਰੀ ਸ੍ਰਿਸ਼ਟੀ ਤੇ ਪ੍ਰਬੰਧ ਚਲ ਰਿਹਾ ਹੈ, ਸਭ ਕੁਛ ਕਰਤਾ ਹੋਇਆ ਆਪ ਵੇ ਪਰਵਾਹ ਹੈ ਅਰਥਾਤ ਲਿਪਾਇਮਾਨ ਨਹੀਂ।

'ਓ' ਦਾ ਸੰਸਕ੍ਰਿਤ ਰੂਪ:

'ਓ' ਰੂਪ ਗੁਰਬਾਣੀ ਦਾ ਆਪਣਾ ਹੈ, ਇਹ ਦੇ ਤ੍ਰੈ ਰੂਪ ਸੰਸਕ੍ਰਿਤ ਵਿਚ ਪੁਰਾਤਨ ਸਮੇਂ ਤੋਂ ਚਲੇ ਆਉਂਦੇ ਹਨ। ਇਸ ਦੇ ਨਾਮ ਯਾ ਪ੍ਰਯਾਯ ਪਦ 'ਪ੍ਰਣਵਾ' ਤੇ 'ਉਦਗੀਥ' ਬੀ ਸੰਸਕ੍ਰਿਤ ਵਿਚ ਹਨ।

Sri Satguru Jagjit Singh Ji eLibrary NamdhariElibrary@gmail.com

ਬਹੁਤ ਪੁਰਾਣੇ ਸਮੇਂ ਦਾ ਵਰਤਾਉ ਇਨ੍ਹਾਂ ਅਰਥਾਂ ਵਿਚ ਹੁੰਦਾ ਸੀ ਅੱਛਾ, ਤਥਾਸਤੂ (ਐਸਾ ਹੀ ਹੋਵੇ) ਮੋ: ਮੋ: ਵਿ: ਆਪਣੇ ਕੋਸ਼ ਵਿਚ ਲਿਖ ਕਿ ਅੰਗ੍ਰੇਜ਼ੀ ਦਾ ਪਦ ਏਮਨ (ਜਿਸ ਨੂੰ ਫਾਰਸੀ ਵਿਚ ਆਮੀਨ ਕਹਿੰਦੇ ਹਨ ਨਾਲ ਮਿਲਦਾ ਹੈ। ਦੇ ਅਰਥ ਤਥਾਸਤੂ ਹਨ ਤੇ ਏਮਨ ਦੇ ਅਰਥ ਬੀ ਤਥਾਸਤ (ਐਸਾ ਹੀ ਹੋਵੇ) ਹਨ। ਫੇਰ ਇਹ ਪਦ ਪਵਿਤ੍ਰ ਤੇ ਸਸਤੀ ਵਾਚਕ ਮੰਨਿਆ ਜਾਦਾ ਸੀ, ਇਸ ਕਰਕੇ ਗ੍ਰੰਥਾਂ ਤੇ ਮੰਤ੍ਰਾਂ ਦੇ ਆਦਿ ਅੰਤ ਲਿਖਿਆ ਜਾਂਦਾ ਸੀ। ਭਾਵੇਂ ਇਸ ਦਾ ਉਚਾਰਣ ਪਰਮ ਪੰਵਿਤ੍ਰ ਮੰਨਿਆ ਜਾਂਦਾ ਸੀ, ਪਰ ਅਨਅਧਿਕਾਰੀ ਯਾ ਵਿਯਾਤੀ ਕੰਨਾ ਨੂੰ ਇਸ ਦੇ ਸੁਣਨੇ ਦੀ ਮਨਾਹੀ ਸੀ। ਵਯਾਕਰਣ ਵਾਲੇ ਇਸ ਨੂੰ 'ਅਵ' ਧਾਤੂ ਤੋਂ ਬਣਿਆ ਸਿੱਧ ਕਰਕੇ 'ਰਖਯਾ ਕਰਨੇ ਵਾਲਾ' ਅਰਥ ਬੀ ਕਰਦੇ ਹਨ, ਪਰ 'ਓਮਿਤਿ' ਅਵਯਯਮ ਬੀ ਲਿਖਦੇ ਹਨ। ਜਿਸ ਦਾ ਅਰਥ ਹੈ ਕਿ 'ਓ' ਅਵਯਯ ਹੈ। ਅਵਯਯ ਉਸ ਨੂੰ ਆਖਦੇ ਹਨ ਕਿ ਜੋ ਵਿਆਕਰਣ ਵਿਚ ਦੱਸੀਆਂ ਵਿਭਕਤੀਆਂ, ਲਿੰਗ ਤੇ ਵਚਨ ਆਦਿ ਤਬਦੀਲੀਆਂ ਵਿਚ ਨਾ ਜਾਵੇ, ਆਪਣੇ ਸਰੂਪ ਵਿਚ ਜਿਉਂ ਦਾ ਤਿਉਂ ਰਹੇ। ਉਝ ਵੀ ਅਵਯਯ ਪਦ ਦਾ ਅਰਥ ਹੈ,-ਸਸ ਜੋ ਵਿਕਾਰ ਨੂੰ ਪ੍ਰਾਪਤ ਨਾ ਹੋਵੇ, ਜੋ ਇਕ ਰਸ ਰਹੇ।

ਇਸ ਨੂੰ ਅੱਖਰ ਮੰਨਦੇ ਸਨ। ਇਸ ਕਰਕੇ ਇਸ ਨੂੰ 'ਅਕਸ਼ਰ' ਤੇ ਏਕਾਕਸ਼ਰ' ਬੀ ਸੱਦਦੇ ਸਨ।

ਉਨਿਖ਼ਦਾ ਵਿਚ ੧ਓ੍ਂ ਦਾ ਵਿਸਥਾਰ ਵਧੇਰੇ ਹੈ। ਉਥੇ ਇਸ ਦੀ ਉਪਾਸਨਾ, ਧਯਾਨ, ਜਪ, ਸਿਮਰਨ ਤੇ ਇਸ ਦੇ ਆਤਮਲਾਭ ਬਹੁਤ ਲਿਖੇ ਹਨ। ਤੈਤ੍ਰੀਯ ਉਪ: ਵਿਚ ਤਾਂ ਕਿਹਾ ਹੈ:-

ਓ ਮਿਤਿ ਬ੍ਰਹਮ ਓ ਮਿਤੀਂਦ ਸਰਵਮ (89 ਤੇਤ੍ਰਿਯ) ਅਰਥਾਤ, ਓਂ ਹੀ ਬ੍ਰਹਮ ਹੈ, ਓਂ ਹੀ ਇਹ ਸਾਰਾ ਵਿਸ਼ਵ ਹੈ।

ਪਰਚਾਪਰੰਚ ਬ੍ਰਹਮ ਯਦੋਂਕਾਰਸਵ ਸਮਾ ਦਿਵਦਵਾਨੇ ਤੇਨੇਵਾਯਤਨੇਨੇਕਤਰ ਮਨਵੇ ਤਿ।

ਅਰਥਾਤ, ਓਅੰਕਾਰ ਹੀ 'ਪਰ' 'ਅਰ' 'ਅਪਰ' ਬ੍ਰਹਮ ਹੈ। ਵਿਦਵਾਨ ਇਸ ਓਅੰਕਾਰ ਦ੍ਵਾਰਾ ('ਪਰ' ਅਰ 'ਅਪਰ' ਬ੍ਰਹਮ ਨੂੰ ਪ੍ਰਾਪਤ ਹੁੰਦੇ ਹਨ) ।

ਯੋਗ ਦਰਸ਼ਨ ਵਿਚ 'ਪ੍ਰਣਵ' ਅਰਥਾਤ ਓਂ ਨੂੰ ਈਸ਼੍ਵਰ ਦਾ ਵਾਚਕ ਦੱਸਿਆ- "ਤਸਯ ਵਾਚਕ: ਪ੍ਰਣਵ।"

ਸੋ ਗੁਰੂ ਸਾਹਿਬ ਜੀ ਦੇ ਸਮੇਂ, ਤਕ ਸੰਸਕ੍ਰਿਤ ਦਾ 'ਓਮ' ਯਾ ਈਸ਼ਵਰ ਦਾ ਵਾਚਕ ਅੱਖਰ ਮੰਨਿਆ ਜਾਦਾ ਸੀ, ਤੇ ਮਹਾਨ ਸਤਿਕਾਰ ਨਾਲ ਵੇਖਿਆ ਜਾਂਦਾ ਸੀ, ਮੰਤ੍ਰਾਂ ਵਿਚ ਇਸ ਰੂਪ ਵਿਚ ਰੱਖਿਆ ਜਾਂਦਾ ਸੀ, ਉਚਾਰਣ ਜਪ, ਸਿਮਰਨ ਤੇ ਧਯਾਨ ਦਾ ਆਸਰਾ ਰੱਖਿਆ ਜਾਂਦਾ ਸੀ।

ਅਸੀਸ ਤੇ ਸਵਸਤੀ ਵਾਚਕ ਵਾਕ ਉਚਾਰਣ ਵੇਲੇ ਪਹਿਲੋਂ 'ਓਂ' ਉਚਾਰਦੇ ਹੈ ਸਨ। ਇਥੋਂ ਤਾਈਂ ਕਿ ਅਨੀਸ਼੍ਵਰ ਵਾਦੀ ਬੋਧੀ ਆਦਿਕ ਆਪਣੇ ਮੰਤ੍ਰ 'ਓਮ' ਪਦਮਨੇ ਹੁੰਮ' ਦੇ ਪਰਿਓਹੋ' 'ਓਂ' ਹੀ ਉਚਾਰਦੇ ਸਨ, ਤੇ ਜੈਨੀ ਪਾਂਧੇ ਤਕ ਬੀ 'ਓਮ' ਸਿਧਾਯਨਮ: ਲਿਖਦੇ ਸਨ, ਤੇ ਐਉਂ 'ਓਮ' ਹੀ ਪਹਿਲੋਂ ਰੱਖਦੇ ਸਨ।

Sri Satguru Jagjit Singh Ji eLibrary NamdhariElibrary@gmail.com

ਉਪਾਸਨਾ ਪੱਖ ਵਿਚ 'ਓ' ਦੀ ਉਪਾਸਨਾ ਦਾ ਮਹਾਤਮ ਉਪਨਿਖ਼ਦਾਂ ਤੇ ਹੋਰ ਸ਼ਾਸਤ੍ਰਾਂ ਵਿਚ ਬਹੁਤ ਲਿਖਿਆ ਹੈ। ਇਸ ਨੂੰ ਤ੍ਰੈ ਅਖਰਾਂ (ਅ.ਓ.ਮ) ਤੋਂ ਬਣਿਆਂ ਮੰਨਕੇ ਬੜੇ ਵਿਸਥਾਰ ਕੀਤੇ ਗਏ ਹਨ; ਜਿਨ੍ਹਾਂ ਸਭਨਾਂ ਲਈ ਇਥੇ ਸਮਾਂ ਨਹੀਂ, ਨਮੂਨੇ ਮਾਤ੍ਰ ਇਉਂ ਹੈ:-

ਅਰਥਾਤ 'ਅ' ਵੈਸ੍ਵਾਨਰ ਹੈ, ਜਾਗ੍ਰਤ ਅਵਸਥਾ ਦਾ ਸੁਆਮੀ ਹੈ। ਜਿਕੁਰ 'ਅ' ਪਹਿਲਾ ਅੱਖਰ ਹੈ ਅਰ ਸਾਰੇ ਅਖਰਾਂ ਵਿਚ ਵਯਾਪਕ ਹੈ, ਇਕੁਰ ਵੈਸ੍ਵਾਨਰ ਸਾਰੇ ਵਯਾਪਕ ਹੈ। ਜਿਕੁਰ 'ਅ' ਪਹਿਲਾ ਅੱਖਰ ਹੈ, ਇਕੁਰ ਵੈਸ੍ਵਾਨਰ ਆਤਮਾ ਦੀਆਂ ਚੌਹਾਂ ਅਵਸਥਾ ਵਿਚੋਂ ਪਹਿਲੀ ਹੈ। ਅਰਥਾਤ 'ੳ' ਤੈਜਸ ਹੈ, ਸਵਪਨ ਅਵਸਥਾ ਦਾ ਸ੍ਵਾਮੀ ਹੈ। 'ੳ' ਮੱਧ ਦਾ ਅਖਰ ਹੈ। 'ਸ੍' ਅਰਥਾਤ 'ਮ' ਪ੍ਰਾਗਯ ਹੈ। ਸੁੱਖਪਤੀ ਦਾ ਸੁਆਮੀ ਹੈ। ਜਦ 'ਓਮ' ਉਚਾਰੀਦਾ ਹੈ, ਤਦ ਅ, ਉ, ਮੰਮੇ ਵਿਚ ਵੜਦੇ ਤੇ ਪੁਨਾ: ਉਚਾਰਨ ਸਮੇਂ ਨਿਕਲਦੇ ਭਾਸਦੇ ਹਨ। ਇਸੇ ਤਰ੍ਹਾਂ ਵੈਸ਼ਵਾਨਰ ਤੇ ਤੇਜਸ, ਪ੍ਰਾਗਯ ਵਿਚ ਸੁਖੋਪਤੀ ਵਿਚ ਵੜਦੇ ਤੇ ਜਾਗਣ ਵੇਲੇ ਨਿਕਲਦੇ ਹਨ। ਚੌਥਾ 'ੳ' ਆਤਮਾ ਹੈ, ਜਿਸ ਦੀ ਕੋਈ ਗਿਣਤੀ ਨਹੀਂ, ਦੁਤੀ ਨਹੀਂ, ਕਿਹਾ ਨਹੀਂ ਜਾਂਦਾ, ਇਸ ਆਤਮਾ ਨੂੰ ਜਾਣਨਾ 'ਓ' ਹੈ।

ਫੇਰ ਤ੍ਰੈ ਅੱਖਰਾਂ ਤੋਂ ਤ੍ਰੈ ਦੇਵਤੇ ਕਲਪੇ ਗਏ: ਅ੍ ਬ੍ਰਹਮਾ, ਉ੍ ਵਿਸ਼ਨੂੰ, ਮ੍ ਸ਼ਿਵ। ਪਰ ਇਹ **ਵੰਡ ਅਤੇ ਇਨ੍ਹਾਂ ਦੇ ਅਰਥ** ਗੁਰਮਤਿ ਵਿਚ ਪਰਵਾਣ ਨਹੀਂ ਹਨ ਤੇ ਨਾ ਹੀ ਇਸ ਨੂੰ ਤੋੜਨੇ ਦੀ ਆਗਿਆ ਹੈ। 'ਓ' ਦੇ ਪਹਿਲ '੧' ਲਿਖਣ ਵਿਚ ਇਹ ਸੈਨਤ ਵੀ ਹੈ ਕਿ 'ਓ' ਦੀ ਵੰਡ ਨਹੀਂ ਕਰਨੀ। ਇਕੋ ਜੋ ਅਦੁਤੀ ਹੈ ਹਰ ਹਾਲ ਇਕੋ ਹੈ, ਉਸ ਵਿਚ 'ਦੋ' 'ਤ੍ਰੈ' ਆਦਿ ਦੀ ਕੋਈ ਕਲਪਣਾ ਵਿਹਿਤ ਨਹੀਂ।

ਸਾਧਨ ਪੱਖ:- ਸੋ ਗੁਰੂ ਜੀ ਨੇ ਆਪਣੇ 'ੳ' ਦੇ ਪਹਿਲੇ '੧' ਰੱਖ ਕੇ ਇਸ ਦਾ ਆਪਣਾ ਸੰਪੂਰਨ ਰੂਪ '੧ੳ' ਲਿਖਿਆ ਤੇ ਉਚਾਰਣ ਏਕਂਕਾਰ ਸਥਾਪਨ ਕੀਤਾ, ਇਸ ਦਾ ਅਰਥ ਭਾਵ ਪਿਛੇ ਦੱਸ ਆਏ ਹਾਂ। ਮੂਲ-ਮੰਤ੍ਰ ਦੇ ਆਰੰਭ ਵਿਚ 'ਬੀਜ-ਮੰਤ੍ਰ' ਇਹੋ '੧ੳ' ਲਿਖਿਆ ਹੋਣ ਕਰਕੇ ਮੋਹਰਲਾ ਨਾਮ ਇਹੋ ਹੋਇਆ। ਸੋ ਮੂਲ ਮੰਤ੍ਰ ਦੁਆਰਾ ਜਦ ਰੱਬ ਜੀ ਦੀ ਉਪਾਸ਼ਨਾ ਕੀਤੀ ਜਾਂਦੀ ਹੈ ਤਾਂ '੧ੳ' ਉਸ ਦੇ ਮੁੱਢ ਵਿਚ ਹੋਣ ਕਰਕੇ ਇਸ ਦਾ ਜਪ, ਪਾਠ, ਸਿਮਰਨ ਆਪ ਹੀ ਹੋ ਜਾਂਦਾ ਹੈ।

ਅੰਮ੍ਰਿਤ ਛਕਾਉਣ ਸਮੇਂ ਮੂਲ-ਮੰਤ੍ਰ ਦਾ ਪਾਠ ਕਰਾਇਆ ਜਾਂਦਾ ਹੈ। ਉਸ ਵਿਚ '੧ੳ' ਦਾ ਪਾਠ ਆਪ ਹੀ ਆ ਜਾਂਦਾ ਹੈ, ਸੋ ਗੁਰਮਤਿ ਵਿਚ ਇਹ 'ਬੀਜ-ਮੰਤ੍ਰ' ਹੈ ਤੇ 'ਮੂਲ-ਮੰਤ੍ਰ' ਦਾ ਮੁੱਢ ਹੈ ਤੇ ਉਪਾਸ਼ਨਾ ਵਿਚ ਸ਼ਾਮਲ ਹੈ।

ਸਾਧਨ ਪੱਖ ਵਿਚ '੧ੳ' ਸਾਧਕਾਂ ਨੂੰ ਸਥੂਲਤਾ ਵਿਚੋਂ ਸੂਖਮਤਾ ਵਿਚ ਲੈ ਜਾਂਦਾ ਹੈ। ਅੱਖਾਂ ਨਾਲ ਦੇਖਣੇ ਯਾ ਮੂੰਹ ਥੀਂ ਉਚਾਰਨੇ, ਯਾ ਕੰਨਾ ਥੀਂ ਸੁਣਨੇ ਵਿਚ ਇਹ ਅਸਥਲ ਹੈ। ਮਨ ਦੁਆਰਾ ਸਮਝਣੇ ਯਾ ਸਿਮਰਨੇ ਪਰ ਇਹ ਮਿਸ਼੍ਰਤ ਹੈ: ਕੁਲ ਸਥੂਲ। ਬੁੱਧੀ ਦੁਆਰਾ ਇਸ ਪਰ ਟਿਕਣੈ ਤੇ, ਇਹ ਸੂਖਮ ਹੁੰਦਾ ਹੁੰਦਾ ਸੂਖਮਤਾ ਦੇ ਅਤਿ ਨੇੜੇ ਹੋ ਗਿਆ। ਚਿਤ ਨਾਲ ਅਭੇਦ ਹੋਣ ਵੇਲੇ ਇਹ ਇਕ ਦਮ ਸੂਖਮ ਹੋਕੇ ਚਿਤ ਨੂੰ ਨਾਲ ਲੈ ਕੇ ਉਸ ਨਿਰਾਕਾਰ ਵਲ ਲੈ ਗਿਆ, ਅਰ ਫੇਰ ਮਿਹਰ ਨਾਲ ਜਗਯਾਸੂ ਮਨ, ਬੁਧੀ, ਚਿਤ ਆਦਿ ਤੋਂ ਅੱਗੇ ਪੂਰਨ ਅਵਸਥਾ ਨੂੰ

Sri Satguru Jagjit Singh Ji eLibrary NamdhariElibrary@gmail.com

ਪਹੁੰਚ ਗਿਆ। ਜਿਥੇ ਉਸ ਨਿਰਾਕਾਰ ਪਾਰਬ੍ਰਹਮ ਪੂਰਨ ਦੇ ਸ੍ਵਰੂਪ ਦੀ 'ਮੈਂ ਮੇਰੀ' ਦੀ ਕੈਦ ਤੋਂ ਸੁਤੰਤਰ, ਪੂਰਨ ਯਥਾਰਥਤਾ ਵਿਚ ਤਦ-ਰੂਪਤਾ. ਅਰ ਸਥੂਲ ਰੂਪ ਹੈ। ਆਪਹਿ ਸੂਖਮ ਆਪਿਹਿ ਅਸਥੂਲ (ਵਯਾਖਯਾ ਜਾਰੀ 'ਸਤਿ') '੧' ਮੂਲ ਅੰਕ ਦੁਆਰਾ ਅਤੇ 'ਓ' ਸ਼ਿਰੋਮਣੀ ਤੇ ਸ੍ਰੇਸ਼ਟ ਅੱਖਰ ਦੁਆਰਾ ਨਿਰੰਕਾਰ ਦਾ ਅਪਰੰਪਰ, ਵਿਆਪਕ ਤੇ ਅੰਤ੍ਰਸਥ ਸਭਪ ਬੰਨ੍ਹ ਕੇ, ਜੋ ਤੇ, ਰੂਪ ਨਹੀਂ ਨਿਰੰਤਰ ਇਕੋ ਰੂਪ ਹੈ, ਹੁਣ ਪਦਾਂ ਯਾ ਲਫਜ਼ਾਂ ਦੁਆਰਾ ਉਸੇ ਇਕੋ 'ਸਦਾ ਥਿਰ ਹਸਤੀ' ਨੂੰ ਲਖਾਉਂਦੇ ਹਨ।

'ੴ' ਤੋਂ ਮਗਰੋਂ ਪਹਿਲਾ ਪਦ 'ਸਤਿ' ਲੈਂਦੇ ਹਨ। ਇਸ ਵਿਚ 'ਸਤਿ' ਪਦ '੧' ਦਾ ਹੀ ਮਾਨੋ ਟੀਕਾ ਹੈ। '੧' ਦਾ ਅਰਥ ਹੈ- ਇਕ ਹੈ ਮੂਲ ਹਸਤੀ ਜੋ ਹਰ ਹਾਲ '੧' ਹੈ, ਅਰਥਾਤ ਜੋ ਸਦਾ ਅਬਦਲ ਹੈ, ਕਦੇ ਦੁਤੀਆਂ ਨਹੀਂ ਹੈ। ਸੋਈ 'ਸਤਿ' ਪਦ ਦਾ ਅਰਥ ਹੈ- ਤ੍ਰੈ ਕਾਲ, ਅਬਾਧ ਰੂਪ, ਜੋ ਸਦਾ ਥਿਰ ਹੈ। ਅੱਗੇ ਚੱਲਕੇ

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।

ਆਖਕੇ ਗੁਰੂ ਜੀ ਨੇ 'ਸਤਿ' ਪਦ ਦਾ ਭਾਵ ਆਪ ਹੀ ਖੋਲ, ਦਿੱਤਾ ਹੈ।

ਇਸੇ ਤਰ੍ਹਾ, 'ਓ' ਦੀ ਹੀ ਵਿਆਖਿਆ ਹੈ। ਕਰਤਾ। ਯਥਾ:- ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥

ਪੁਨਾ: ਪ੍ਰਿਥਮ ਕਾਲ ਜਸ ਕਰਾ ਪਸਾਰਾ॥ ਓਅੰਕਾਰ ਦੇ ਸ੍ਰਿਸ਼ਟਿ ਉਪਾਰਾ॥

ਭਾਵ ਇਹ ਹੈ 'ਓਅੰਕਾਰ' ਰਚਨਾ ਰਚਣਹਾਰ ਦਾ ਨਾਮ ਹੈ, ਇਹੋ ਭਾਵ 'ਕਰਤਾ' ਪਦ ਦਾ ਹੈ।

ਇਸੇ ਕਰਕੇ ਗੁਰੂ ਜੀ '੧ੴ' ਉਚਾਰਕੇ 'ਸਤਿ' ਪਦ ਆਖਦੇ ਹਨ ਕਿ ਸਤਿ ਸਰੂਪ ਹਸਤੀ ਉਹੋ ਹੈ ਜੋ 'ਓ' ਦੁਆਰਾ ਲਖਾਈ ਹੈ। 'ਸਤਿ' ਆਖਕੇ ਆਪ 'ਨਾਮ' ਆਖਦੇ ਹਨ ਕਿ ਜਿਵੇਂ ਆਪ 'ਸਤਿ' ਹੈ ਤਿਵੇਂ ਉਸ ਦਾ ਨਾਮ ਬੀ 'ਸਤਿ' ਹੈ। ਇਹ ਅਰਥ ਗੁਰੂ ਜੀ ਆਪ ਕਰਦੇ ਹਨ:

"ਸਾਚਾ ਸਾਹਿਬੁ ਸਾਚੁ ਨਾਇ॥"

ਇਸ ਤਰ੍ਹਾਂ ਅਗੇ ਕਰਤਾ ਪੁਰਖੁ ਨਿਰਭਉ ਨਿਰਵੈਰ ਆਦਿ ਉਸ ਦੇ ਲੱਛਣ ਕਹਿਣਗੇ, ਕਿਉਂਕਿ ਉਸ ਸਤਿ ਹਸਤੀ ਦੇ ਏਹ ਸਾਰੇ ਲਖਾਇਕ ਹਨ। ਇਨ੍ਹਾਂ ਲੱਛਣਾ ਜਾਂ ਗੁਣਾਂ ਨੂੰ, ਜੋ ਇਨ੍ਹਾਂ ਦੇ ਵਿਸਥਾਰ ਵਿਚ ਗੁਰਬਾਣੀ ਵਿਚ ਉਚਾਰੇ ਹਨ, ਗਾਇਨ ਤੇ ਪਿਆਰ ਨਾਲ ਪਾਠ ਕਰਨ ਨਾਲ ਮਨ ਦੀ ਮੈਲ ਉਤਰਦੀ ਹੈ:-

ਗੁਨ ਗਾਵਤ ਤੇਰੀ ਉਤਰਸ ਮੈਲੁ॥

ਜਦ ਅਸੀਂ ਇਨ੍ਹਾਂ ਲਖਾਯਕ ਲੱਛਣਾ ਦਾ, ਯਾ ਇਨ੍ਹਾਂ ਵਿਚੋਂ ਕਿਸੇ ਇਕ ਦਾ, ਯਾ ਗੁਰਮੰਤ ਦਾ ਜਪ ਸਿਮਰਨ ਕਰਾਂਗੇ, ਤਾਂ ਚਿਤ ਦੀ ਤ੍ਰਿਪਤੀ ਦਾ ਵਿਖੇਪ ਘਟੇਗਾ, ਏਕਾਗਰਤਾ ਆਵੇਗੀ ਤੇ ਇਕ ਅਕਾਲ ਪੁਰਖ ਵਿਚ ਬ੍ਰਿਤੀ ਦਾ ਟਿਕਾਉ ਹੋਕੇ ਮੇਲ ਪ੍ਰਾਪਤ ਹੋਵੇਗਾ।

ਲੱਛਣ ਦੋ ਪ੍ਰਕਾਰ ਦੇ ਵਿਦਵਾਨਾਂ ਨੇ ਮੰਨੇ ਹਨ- ਸਰੂਪ ਨੂੰ ਸਿੱਧਾ ਜਨਾਉਣ ਵਾਲੇ ਲੱਛਣ ਨੂੰ 'ਸਰੂਪ ਲੱਛਣ' ਕਹਿੰਦੇ ਹਨ; ਜੈਸੇ ਕਹੀਦਾ ਹੈ ਸਾਹਮਣਾ ਉੱਚਾ ਘਰ। ਦੂਸਰੇ 'ਤਟਸਥ'

Sri Satguru Jagjit Singh Ji eLibrary NamdhariElibrary@gmail.com

ਲੱਛਣ ਜੋ ਪਾਸ ਦੇ ਪਦਾਰਥਾਂ ਕਰਕੇ ਯਾ ਹੋਰਨਾਂ ਤੋਂ ਭਿੰਨਤਾ ਵਿਸ਼ੇ ਸਨ ਆਦਿ ਕਰਕੇ ਲਖਾ ਦੇਣ: ਜੈਸੇ ਕਿ ਬਨੇਰੇ ਤੇ ਮੋਰ ਬੈਠਾ ਹੈ ਜਿਸ ਘਰ ਦੇ ਉਹ ਘਰ। ਯਾ ਤਟਸਥਲਛਣ ਉਹ ਹੈ ਜੋ ਸਰੂਪ ਨੂੰ ਲੈ ਕੇ ਨਹੀਂ, ਸਗੋਂ ਉਸ ਦੇ ਗੁਣ ਆਦਿਕਾਂ ਨੂੰ ਲੈ ਕੇ ਵਰਣਨ ਕੀਤਾ ਜਾਏ।

ਹੁਣ ਲਓ 'ਸਤਿ' ਪਦ ਦਾ ਵਿਸ਼ੇਸ਼ ਵੀਚਾਰ:-

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਜਪੁਜੀ ਵਿਚ ਹੀ ਅਗੇ ਜਾ ਕੇ ਇਉਂ ਫੁਰਮਾਇਆ ਹੈ:-

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥

'ਆਦਿ ਅਨਾਦਿ' ਜਿਸ ਦਾ ਆਦਿ (ਮੁੱਢ) ਨਹੀਂ ਹੈ, ਜੋ ਸਭ ਦੇ ਆਦਿ ਵਿਚ ਮੌਜੂਦ ਸੀ, ਭਾਵ ਜੋ ਸਦਾ ਹੈ। ਅਨਾਹਤਿ=ਜੇ ਕਦੇ ਹਤ ਨਹੀਂ ਹੋਇਆ ਤੇ ਨਾ ਹੋਵੇਗਾ। ਅਨੀਲ- ਸ਼ੁੱਧ ਸਰੂਪ। ਜਿਸ ਵਿਚ ਮਾਇਆ ਆਦਿ ਕੋਈ ਰੰਗੀਅਤ ਨਹੀਂ ਹੈ। ਨਿਰਗੁਣ। ਜੁਗੁ ਜੁਗੁ ਏਕੋ ਵੇਸੁ, ਜਿਸ ਵਿਚ ਕਦੇ ਕੋਈ 'ਸਰੂਪ-ਵਟਾਉ' ਨਹੀਂ ਹੁੰਦਾ। ਸਦਾ ਇਕ-ਰਸ ਰਹਣੇ ਵਾਲਾ। ਫੇਰ ਇਸ ਨੂੰ ਐਉਂ ਖੋਲ੍ਹਿਆ ਹੈ:-ਹੈ ਭੀ ਹੋਸੀ ਜਾਇ ਨਾ ਜਾਸੀ ਰਚਨਾ ਜਿਨਿ ਰਚਾਈ॥ ਅਰਥਾਤ ਉਹ 'ਚੇਤਨ ਵਜੂਦਾ' ਜੋ ਹੈ, ਸੀ ਤੇ ਹੋਵੇਗਾ।

ਇਹ 'ਸਤਿ' ਪਦ ਨਿਰਦ੍ਵੰਦ 'ਸਤਿ' ਦਾ ਵਾਚਕ ਹੈ। 'ਸਤਿ ਅਸਤਿ' ਯਾ 'ਸਚ ਝੂਠ' ਦ੍ਵੰਦ ਪਦ ਹਨ। ਇਹ ਉਹਨਾਂ ਤੋਂ ਉਪਰ ਸੱਤਯ ਸਰੂਪ ਚੇਤਨ-ਹਸਤੀ ਦੇ ਅਰਥ ਦੇਂਦਾ ਹੈ। ਜਿਵੇਂ ਮਿਸਾਲ ਲਈ ਸੂਰਜ ਨੂੰ ਮਿਥ ਲਈਏ ਨਿਰਦ੍ਵੰਦ, ਤੇ 'ਧੁਪ, ਛਾਂ' ਨੂੰ ਦ੍ਵੰਦ, ਤਾਂ ਸੂਰਜ ਦ੍ਵੰਦ ਅਰਥਾਂ ਤੋਂ ਉਪਰ ਪ੍ਰਕਾਸ਼ਕ ਰੂਪ ਆਪ ਹੈ, 'ਧੁੱਪ ਛਾਂ' ਵਾਲੀ 'ਧੁੱਪ' ਓਸ ਦੇ ਆਸਰੇ ਹੈ। ਸੂਰਜ ਧੁੱਪ ਦੇ ਆਸਰੇ ਨਹੀਂ। ਗੁਰੂ ਜੀ ਨੇ ਆਪ ਫੁਰਮਾਇਆ ਹੈ:-'ਸਚੇ ਸਭਿ ਤਾਣਿ ਸਚੈ ਸਭਿ ਜੋਰਿ। ਕਿ ਤੂੰ ਐਸਾ ਸੱਤਯ' ਹੈ ਕਿ ਹੋਰ ਸਾਰੇ ਸਚੇ ਤੇਰੇ ਤਾਣ ਅਤੇ ਤੇਰੇ ਜੋਰ ਕਰਕੇ ਸਚੈ ਕਹੀਦੇ ਹਨ। ਪੰਜਵੇਂ ਸਤਿਗੁਰਾਂ ਨੇ ਫੁਰਮਾਇਆ:-

ਰੂਪੁ ਸਤਿ ਜਾਕਾ ਸਤਿ ਅਸਥਾਨੁ॥ ਪੁਰਖੁ ਸਤਿ ਕੇਵਲ ਪਰਧਾਨੁ॥

ਭਾਵ-ਉਹਸਤਿ ਜਿਸ ਦਾ ਰੂਪ ਸਤਿ ਹੈ ਉਹ ਕੇਵਲ ਸਤਿ ਹੈ ਨਿਰਦੰਵਦ ਸਤਿ ਹੈ। ਆਦਿ ਗੁਰੂ ਜੀ ਨੇ ਫੁਰਮਾਇਆ:ਸਚਾ ਸਾਹਿਬ ਏਕੁ ਤੂੰ ਜਿਨੀ ਸਚੋ ਸਚੁ ਵਰਤਾਇਆ। ਭਾਵ-ਇਹ ਕਿ ਸਚਾ ਸਾਹਿਬ ਇਕ ਤੂੰ ਹੈਂ ਜੋ (ਨਿਰੰਦਵੈਦ) ਸੱਚ ਹੈ, ਹੋਰ ਸਚ ਤੂੰ ਵਰਤਾਏ ਹਨ, ਸੋ 'ਸਤਿ' ਨਿਰੰਕਾਰ ਦਾ 'ਸਰੂਪ-ਲੱਛਣਾ' ਕਹੀਦਾ ਹੈ। ਉਸ ਦਾ ਸਾਰਾ ਸਰੂਪ-ਲੱਛਣ 'ਸਤਿ ਚਿਤ ਆਨੰਦ' ਵਰਣਨ ਕਰਨ ਕਰਕੇ ਇਸ ਪਦ 'ਸਤਿ' ਤੋਂ ਸੰਤ ਚਿਤ ਆਨੰਦ, ਉਪਲਖਤ ਬੀ ਦਾਨੇ ਲੋਕ ਸਮਝ ਲੈਂਦੇ ਹਨ: ਸਦਾ ਸਚਿਦਾਨੰਦ॥

ਪਰ ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰ ਦੇ ਸਰੂਪ ਲੱਛਣ ਐਉਂ ਕਹੇ ਹਨ *'ਸਤਿ ਸੁਹਾਣੁ ਸਦਾ ਮਨਿ ਚਾਉ"*॥ ਉਹ ਸਦਾ ਸਤਿ ਹੈ, ਸੁੰਦਰ ਹੈ, ਚੇਤਨ ਹੈ, ਆਨੰਦ ਹੈ। ਸੋ ਸਤਿ ਤੋਂ ਜਦ ਉਪਰ ਲਿਖਤ ਅਰਥ ਲਈਏ ਤਾਂ ਸਰੂਪ ਲੱਛਣ ਇਹ ਲਿਆ ਜਾਏਗਾ- ਸਤਿ, ਸੁੰਦਰ, ਚੇਤਨ, ਆਨੰਦ॥

ਪੰਜਵੇਂ ਸਤਿਗੁਰਾਂ ਨੇ 'ਸਤਿ' ਨੂੰ ਅਕਿਰਤਮ ਨਾਲ ਜਣਾਇਆ ਹੈ। ਜਦੋਂ ਕਿ ਹੋਰ ਨਾਮਾਂ ਨੂੰ 'ਕਿਰਤਮ ਨਾਮ' ਦੱਸਿਆ। ਯਥਾ- ਕਿਰਤਮ ਨਾਮ ਕਥੇ ਤੇਰੇ ਜਿਹਬਾ। ਸਤਿਨਾਮੁ ਤੇਰਾ

Sri Satguru Jagjit Singh Ji eLibrary NamdhariElibrary@gmail.com

ਪੁਰਾ ਪੂਰਬਲਾ॥ ਕਿਰਤਮ ਨਾਮ ਨੂੰ ਦਸਵੇਂ 'ਪਾਤਸ਼ਾਹ ਜੀ ਨੇ 'ਕਰਮ ਨਾਮ' ਲਿਖਿਆ ਹੈ। ਯਥਾ- ਕਰਮ ਨਾਮ ਬਰਣਤ ਸੁਮਤਿ॥ ਸਤਿ ਦੀ ਅਰਾਧਨਾ ਦਾ ਫਲ ਆਦਿ ਗੁਰੂ ਜੀ ਨੇ ਫੁਰਮਾਇਆ:- ਨਾਨਕ ਸਚੁ ਧਿਆਇਨਿ ਸਚੁ।

ਪੰਜਵੇਂ ਗੁਰਾਂ ਨੇ ਫੁਰਾਇਆ:- *ਨਾਮੁ ਸਤਿ ਸਤਿ ਧਿਆਵਨ ਹਾਰ॥* ਫੇਰ ਫੁਰਮਾਇਆ ਕਿ:-

ਸਤਿ ਸਰੂਪੁ ਰਿਦੈ ਜਿਨਿ ਮਾਨਿਆ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥

ਵਯਾਖਯਾ ਜਾਰੀ- 'ਨਾਮੁ' ਇਸ ਦਾ ਸੰਸਕ੍ਰਿਤ ਰੂਪ ਹੈ 'ਨਾਮਨ੍' ਧਾਤੂ ਹੈ 'ਮਾਂ' ਯਾਦ ਰੱਖਣਾ। ਯਾਦ ਕਰਨਾ। ਇਹ ਪਦ 'ਣਮ' ਧਾਤੂ ਤੋਂ ਬਣਦਾ ਬੀ ਮੰਨਦੇ ਹਨ। ਣਮ੍ (੧ ਝੁਕਣਾ। (2- ਸੰਬੋਧਿਤ ਕਰਨਾ। ਨਾ ਮਨ ਤੋਂ ਪ੍ਰਾਕ੍ਰਿਤ ਤੇ ਪੰਜਾਬੀ ਰੂਪ ਹੈ ਨਾਮ। ਇਸ ਦਾ ਅਰਥ ਹੈ ਜਿਸ ਪਦ ਕਰਕੇ ਕਿਸੇ ਨੂੰ ਹੋਰਨਾਂ ਤੋਂ ਵਿਸ਼ੇਸ਼ਤਾ ਦੇ ਕੇ ਦੱਸਿਆ ਜਾਏ। ਯਾ ਆਪਣੇ ਆਪ ਨੂੰ ਉਸ ਨਾਲ ਸੰਬੰਧਿਤ ਕਰਨੇ ਹਿਤ ਉਸ ਨੂੰ ਸੰਬੋਧਿਤ ਕੀਤਾ ਜਾਏ ਉਹ 'ਨਾਮ' ਹੈ। ਕਿ ਸੋ ਵਸਤੂ ਦਾ ਵਾਚਕ ਪਦ ਜੋ ਅਰਥ ਦਾ ਲਖਾਯਕ ਹੋਵੇ, ਯਥਾ। ਮਾਇਆ ਨਾਮੁ ਗਰਭ ਜੋਨਿਕਾ ਤਹਿ ਤਜਿ ਦਰਸਨੁ ਪਾਵਉ॥ ਗੁਰਬਾਣੀ ਵਿਚ ਨਾਮ ਪਦ ਨੂੰ ਨਾਉ, ਨਾਵ, ਨਾਇ ਰੂਪਾਂ ਵਿਚ ਬੀ ਲਿਖਿਆ ਹੈ, ਯਥਾ, ਨਾਉ ਤੇਰਾ ਨਿਰੰਕਾਰ ਹੈ॥ ਨਾਵੇ ਅੰਦਰਿ ਹਉ ਵਸਾਂ॥ ਸਾਚਾ ਸਾਹਿਬੁ ਸਾਚੁ ਨਾਇ॥

ਗੁਰਬਾਣੀ ਵਿਚ ਇਹ ਪਦ ਵਿਸ਼ੇਸ਼ ਕਰਕੇ 'ਪਰਮੇਸੁਰ ਦੇ ਨਾਮ' ਦਾ ਵਾਚਕ ਹੋਕੇ ਆਇਆ ਹੈ, ਜਿਸ ਨੂੰ ਕਈ ਵੇਰ ਤਾਂ 'ਹਰਿਨਾਮ' ਕਰਕੇ ਲਿਖਿਆ ਹੈ, ਪਰ ਅਕਸਰ ਨਿਰਾ 'ਨਾਮ' ਕਰਕੇ ਵਰਤਿਆ ਹੈ। ਯਥਾ:-ਨਾਮ ਤਤੁ ਸਭ ਹੀ ਸਿਰਿ ਜਾਪੇ। ਪਰਮੇਸ਼ੁਰ ਦਾ ਨਾਮ ਹੀ ਸਾਰ ਵਸਤੂ ਤੇ ਸਭ ਤੋਂ ਸ਼ਿਰੋਮਣੀ ਜਾਣੀਦਾ ਹੈ। ਪਿਛੇ ਵਰਣਨ ਹੋ ਚੁੱਕਾ ਹੈ ਕਿ ਗੁਰਬਾਣੀ ਵਿਚ ਉਨ੍ਹਾਂ ਨਾਮਾਂ ਨੂੰ, ਜੋ ਗੁਣ, ਕਰਮ ਆਦਿ ਕਰਕੇ ਪਰਮੇਸ਼ੁਰ ਦੇ ਧਰੇ ਗਏ ਹਨ 'ਕਿਰਤਮ ਨਾਮ' ਕਰਕੇ ਲਿਖਿਆ ਹੈ, ਯਥਾ:- ਕਿਰਤਮ ਨਾਲ ਕਥੇ ਤੇਰੇ ਜੇਹਬਾ॥ ਇਸ ਨੂੰ ਦਸਮੇ ਪਾਤਸ਼ਾਹ ਜੀ ਨੇ ਕਰਮ ਨਾਮ ਲਿਖਿਆ ਹੈ। ਯਥਾ: ਕਰਮ ਨਾਮ ਬਰਣਤ ਸੁਮਤਿ। ਇਸ ਤੋਂ ਧ੍ਵਨੀ ਨਿਕਲੀ ਕਿ ਇਕ ਹੋਰ ਨਾਮ ਹੈ ਜਿਸ ਨੂੰ ਅਕਿਰਤਮ ਕਹਿਣਾ ਚਾਹੀਏ, ਇਸ ਨੂੰ ਗੁਰੂ ਜੀ ਨੇ ਪਰਾ ਪੂਰਬਲਾ ਦਾ ਵਿਸ਼ੇਸ਼ਨ ਦਿੱਤਾ ਹੈ ਤੇ ਇਸ ਦਾ ਵਿਸ਼ੇਸ਼ ਪਦ 'ਸਤਿ' ਦਿੱਤਾ ਹੈ। ਯਥਾ

ਸਤਿਨਾਮੁ ਤੇਰਾ; ਪਰਾ ਪੂਰਬਲਾ॥

ਕਿ ਹੇ ਪਰਮੇਸ਼ੁਰ ਤੇਰਾ ਜੋ ਨਾਮ 'ਸਤਿ' ਹੈ ਉਹ ਸਭ ਤੋਂ ਸ੍ਰੇਸ਼ਟ ਤੇ ਮੁਹਰਲਾ ਹੈ। ਸਰੂਪ-ਲਖਾਯਕ ਨਾਮ ਨੂੰ ਅਰਬੀ-ਫਾਰਸੀ ਵਾਲੇ 'ਜਾਤੀ ਨਾਮ' ਆਖਦੇ ਹਨ ਅਤੇ ਕਿਰਤਮ ਨਾਮ ਨੂੰ 'ਸ਼ਿਫਾਤੀ ਨਾਮ'।

ਤ੍ਰਿਭਵਣ ਦੇ ਪਦਾਰਥਾਂ, ਥਾਵਾਂ, ਵਸਤਾਂ, ਜੀਵ ਜੰਤਾਂ ਆਦਿ ਦੇ ਵੀ ਜੋ ਨਾਮ ਹਨ ਪਰਿਣਾਮੀ ਹਨ, ਕਿਉਂਕਿ ਜਿਨਾਂ ਦੇ ਇਹ ਨਾਮ ਹਨ ਉਹ ਆਪ ਸਾਰੇ ਪਰਿਣਾਮੀ ਹਨ, ਅਰਥਾਤ ਇਕ ਰਸ ਨਹੀਂ ਰਹਿੰਦੇ। ਉਹ ਆਪਣੇ ਰੂਪ ਵਿਚ ਤੇ ਨਾਮ ਵਿਚ ਥਿਰ ਨਹੀਂ ਹਨ, ਅਕਸਰ ਉਨ੍ਹਾਂ ਨੂੰ ਨਾਸ਼ ਰੂਪ ਕਹਿਕੇ ਮਿਥਿਆ ਆਖਦੇ ਹਨ।

ਪਰ ਪਰਮੇਸ਼ੁਵਰ ਅਚਲ ਹੈ, ਅਵਿਨਾਸ਼ ਹੈ, ਅਰਥਾਤ ਸਦਾ 'ਸਤਿ' ਹੈ, ਇਸ ਕਰਕੇ ਉਸ ਦਾ ਨਾਮ ਬੀ 'ਸਤਿ' ਹੈ। ਜੈਸਾ ਕਿ ਇਥੇ ਮੁੱਢ ਵਿਚ ਹੀ 'ਸਤਿ ਨਾਮ' ਕਿਹਾ ਹੈ ਕਿ ਉਸ

Sri Satguru Jagjit Singh Ji eLibrary NamdhariElibrary@gmail.com

ਦਾ ਨਾਮ ਸਤਿ ਹੈ। ਫਿਰ ਅਗੈ ਚੱਲਕੇ ਚੌਥੀ ਪਉੜੀ ਵਿਚ ਗੁਰੂ ਜੀ ਨੇ ਆਖਿਆ ਹੈ-ਸਾਚਾ ਸਾਹਿਬੁ ਸਾਚੁ ਨਾਇ॥ ਸਾਹਿਬ ਆਪ ਸੱਚਾ ਹੈ, ਉਸ ਦਾ ਨਾਮ ਬੀ ਸੱਚ ਹੈ- ਅੰਮ੍ਰਿਤ ਵੇਲਾ ਸਚੁ ਨਾਉ॥

ਫਿਰ ਫੁਰਮਾਯਾ:-

ਤੇਰਾ ਨਾਮੁ ਸਚ ਜੀਉ ਸਬਦੁ ਸਚਾ ਵੀਚਾਰੋ॥
ਨਿਰਭਉ ਨਿਰੰਕਾਰੁ ਸਚੁ ਨਾਮੁ॥

ਪੁਨਾ- *ਭ੍ਰਮ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ॥*

ਭਾਈ ਗੁਰਦਾਸ ਜੀ ਨੇ ਆਖਿਆ ਹੈ,

ਸਤਿ ਪੁਰਖ ਸਤਿਨਾਮ ਕਰਿ ਸਤਿਗੁਰ ਨਾਨਕ ਦੇਉ ਜਪਾਇਆ॥ ਅਕਾਲ ਪੁਰਖ ਆਪ 'ਸਤਯ' ਹੈ। ਮਨੁੱਖ ਸਰੀਰ ਵਿਚ ਜੋ ਸ਼ੁੱਧ-ਚੇਤਨ ਹੈ ਉਹ ਓਸੇ ਦਾ ਅੰਸ਼ ਹੈ:-

ਕਹੁ ਕਬੀਰ ਇਹੁ ਰਾਮ ਕੀ ਅੰਸੁ॥

ਜੈਸੇ ਉਹ ਅੰਸ਼ੀ-ਪਰਮਾਤਮਾ ਆਪ ਅਮਰ ਅਰਥਾਤ ਅਮਿਟ ਹੈ, ਤਿਵੇਂ ਇਹ ਸੱਤਯਾਅੰਸ਼ੀ ਦੀ 'ਅੰਸ਼' ਸਤਯ ਹੈ, 'ਨਾਮ' ਗੁਰਬਾਣੀ ਅਨੁਸਾਰ ਦੋਹਾਂ ਦਾ ਮੇਲਣਹਾਰ ਹੈ ਅਰਥਾਤ ਦੋਹਾਂ ਦੇ ਵਿਚਾਲੇ ਮੇਲਣਹਾਰ ਸੱਤਯਾ ਹੈ। ਦੋ ਸਤਯ ਵਸਤੂਆਂ ਦੀ ਮੇਲਣਹਾਰ ਵਸਤੂ ਸਤਯ ਦੇ ਸਿਵਾ ਹੋਰ ਕੀ ਹੋ ਸਕਦੀ ਹੈ।

ਗੁਰਬਾਣੀ ਅਨੁਸਾਰ ਵਾਹਿਗੁਰੂ ਜੀ ਆਖਦੇ ਹਨ ਕਿ ਮੈਂ ਨਾਮ ਦੇ ਵਿਚ ਆਪ ਵਸਦਾ ਹਾਂ।

ਨਾਵੈ ਅੰਦਰਿ ਹਉ ਵਸਾ ਨਾਉ ਵਸੇ ਮਨਿ ਆਇ॥

ਫਿਰ ਗੁਰੂ ਜੀ ਨੇ ਫੁਰਮਾਇਆ ਹੈ, ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥ ਜਿਸ ਤਰ੍ਹਾਂ ਗੁਰਬਾਣੀ ਨੇ ਨਿਰੰਕਾਰ ਨੂੰ ਨਿਰੰਜਨ, ਅਗੰਮ ਅਗੋਚਰ ਤੇ ਅਲਖ ਆਦਿ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਹੈ, ਇਸੀ ਤਰ੍ਹਾਂ 'ਨਾਮ' ਨੂੰ ਭੀ ਕੀਤਾ ਹੈ, ਯਥਾ:-

ਨਾਮ ਨਿਰੰਜਨੁ ਅਗਮੁ ਅਗੋਚਰ ਸਤਿਗੁਰਿ ਦੀਆ ਬੁਝਾਏ॥

ਫੇਰ ਫੁਰਮਾਇਆ ਹੈ:-

ਨਾਮ ਨਿਰੰਜਨ ਅਲਖੁ ਹੈ ਕਿਉਂ ਲਖਿਆ ਜਾਈ॥
ਨਾਮੁ ਨਿਰੰਜਨ ਨਾਲਿ ਹੈ ਕਿਉਂ ਪਾਈਐ ਭਾਈ॥
ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ॥
ਗੁਰ ਪੂਰੇ ਤੇ ਪਾਈਐ ਹਿਰਦੇ ਦੇਇ ਦਿਖਾਈ॥

ਪਹਿਲੀ ਤੁਕ ਵਿਚ ਕਿਹਾ ਸੀ ਕਿ ਨਾਮ ਨਿਰੰਜਨ ਹੈ, ਅਗਮ ਹੈ, ਅਗੋਚਰ ਹੈ।

ਇਨ੍ਹਾਂ ਤੁਕਾਂ ਵਿਚ ਦੱਸਿਆ ਹੈ ਕਿ ਨਿਰੰਜਨ ਦਾ ਨਾਮ ਪਰਮਾਤਮ ਦੇਵ ਦੀ ਤਰ੍ਹਾਂ ਅਲਖ ਹੈ। ਫੇਰ ਉਹ ਸਭ ਪਰਮਾਤਮਾ ਦੀ ਤਰ੍ਹਾਂ ਵਿਆਪਕ ਹੈ, ਇਕ ਦੇਸ਼ੀ ਨਹੀਂ, ਵਿਆਪਕ ਹੋਣ ਕਰਕੇ ਸਭ ਦੇ ਨਾਲ ਹੈ। ਫਿਰ ਉਹ ਵਿਆਪਕ ਹੋਣ ਕਰਕੇ ਸਭ ਦੇ ਹਿਰਦੇ ਵਿਚ ਹੈ, ਜੋ ਪੂਰਾ ਗੁਰੂ ਜਗਯਾਸੂ ਦੇ ਹਿਰਦੇ ਵਿਚ ਵਸ ਰਿਹਾ ਦਿਖਾ ਦੇਂਦਾ ਹੈ। ਫਿਰ ਫੁਰਮਾਉਂਦੇ ਹਨ:-

ਇਸ ਕਾਇਆ ਅੰਦਰਿ ਬਹੁਤੁ ਪਸਾਰਾ॥
ਨਾਮੁ ਨਿਰੰਜਨੁ ਅਤਿ ਅਗਮ ਅਪਾਰਾ॥

Sri Satguru Jagjit Singh Ji eLibrary NamdhariElibrary@gmail.com

ਅਰਥਾਤ ਦੇਹ ਦੇ ਅੰਦਰ ਬਹੁਤ ਪਸਾਰਾ ਹੈ, ਉਹ ਵਿਆਪਕ ਨਾਮ ਦੇਹੀ ਦੇ ਅੰਦਰ (ਮਨ ਵਿਚ ਮੌਜੂਦ ਹੈ) ਇਥੇ ਫੇਰ ਨਾਮ ਨੂੰ ਨਿਰੰਜਨੁ ਤੇ ਅਗਮ ਅਪਾਰ ਆਖਿਆ ਹੈ।

ਇਨ੍ਹਾਂ ਪ੍ਰਮਾਣਾਂ ਦੇ ਵੀਚਾਰ ਤੋਂ ਸਿੱਧ ਹੁੰਦਾ ਹੈ, ਕਿ ਨਾਮ ਵਾਹਿਗੁਰੂ ਜੀ ਨਾਲ ਅਭੇਦ ਉਸ ਦੀ ਕੋਈ ਆਪਣੀ ਕਲਾ ਵਿਆਪਕ ਵਸਤੂ ਹੈ। ਉਸ ਵਾਙੂ ਮਾਇਆ ਰਹਿਤ ਹੈ ਤੇ ਉਸੇ ਵਾਙੂ ਹੀ ਅਲਖ ਹੈ। ਫਿਰ ਇਹ ਇਨਸਾਨੀ ਹਿਰਦੇ ਵਿਚ ਵੀ ਵਯਾਪਕ ਹੈ। ਉਸ ਨੂੰ ਲਖਣਾ ਹੈ ਅਤੇ ਲੱਖਤਾ ਗੁਰੂ ਤੋਂ ਮਿਲਦੀ ਹੈ ਜੋ ਉਸ ਨੂੰ ਹਿਰਦੇ ਵਿਚ (ਦਿਖਾ) ਲਖਾ ਦੇਵੇਗਾ। ਗੁਰੂ ਕਿਸ ਤਰ੍ਹਾਂ ਦਿਖਾਲਦਾ ਹੈ? ਗੁਰ ਪ੍ਰਸਾਦਿ ਨਾਲ ਤੇ ਅਪਣੇ ਦੱਸੇ ਨਾਮ ਅਭਯਾਸ ਨਾਲ। ਇਸ ਤੋਂ ਪਤਾ ਚਲਿਆ ਕਿ ਸਾਡਾ 'ਨਾਮ' ਸਿਮਰਣ ਸਾਨੂੰ ਉਸ ਵਯਾਪਕ ਤੇ ਹਿਰਦੇ ਅੰਦਰ ਵਸਦੇ ਵਯਾਪਕ ਨਾਮ ਨਾਲ ਜੋੜ ਦੇਵੇਗਾ: ਗੋਯਾ ਵਿਆਪਕ ਨਾਮ ਤੇ ਸਿਮਰਿਆ ਜਾ ਰਿਹਾ ਨਾਮ ਤੇ ਦੁਹਾਂ ਦਾ ਸੰਗਮ ਹੁੰਦਾ ਹੈ ਤੇ ਉਹ ਸੰਗਮ ਬੀ ਨਾਮ ਹੀ ਕਹੀਦਾ ਹੈ।

ਇਸ ਤੋਂ ਪਤਾ ਲਗਾ ਕਿ ਨਾਮ ਨਿਰਾ ਸੰਗਯਾ ਮਾਤ੍ਰ ਨਹੀ, ਨਾਮ 'ਜਪ' ਹੈ। ਨਾਮ 'ਸਿਮਰਣ' ਹੈ। ਨਾਮ ਲਿਵ ਹੈ, ਨਾਮ ਵਯਾਪਕ ਨਾਮ ਵਿਚ ਪਹੁੰਚ ਕੇ ਤਦਰੂਪ ਹੁੰਦਾ ਹੈ। ਅੰਤ ਨਾਮ ਨਾਮੀ ਦੀ ਅਭੇਦਤਾ ਹੈ। ਅਰਥਾਤ ਨਾਮ ਪ੍ਰੇਮੀ ਨਾਮੀ (ਵਾਹਿਗੁਰ) ਨੂੰ ਪ੍ਰਾਪਤ ਹੋ ਜਾਂਦਾ ਹੈ।

ਯਥਾ- *ਵਾਹੁ ਵਾਹੁ ਪੂਰੇ ਗੁਰ ਕੀ ਬਾਣੀ। ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ॥*

ਇਸ ਕਰਕੇ ਗੁਰਬਾਣੀ ਅਨੁਸਾਰ ਨਾਮ ਇਕ ਆਤਮ-ਵਿਦਯਾ ਹੈ, ਜੋ ਜਗਯਾਸੁ ਦੀ ਈਸ਼ਵਰ ਪ੍ਰਾਪਤੀ ਦੀ ਅਕਾਂਖਯਾ ਤੋਂ ਲੈ ਕੇ, ਜਪ ਤੋਂ ਆਰੰਭ ਹੋਕੇ, ਸਾਈ ਮਿਲਾਪ ਤਕ ਲੈ ਜਾਂਦਾ ਹੈ। ਸਾਈਂ ਦੀ ਸਿਫਤ ਸਲਾਹ, ਕੀਰਤਨ, ਉਸ ਅੱਗੇ ਬੇਨਤੀ , ਉਸ ਨੂੰ ਸ਼ੁਕਰ, ਧੰਨਵਾਦ ਆਦਿ ਮਨ ਦੇ ਉਚੇ ਭਾਵ ਉਸ ਨਾਮ ਦੇ ਸਹਾਯਕ ਹਨ ਜੋ ਉਸ ਨੂੰ ਨਿਰਾ ਸਾਧਨ ਮਾਤ੍ਰ ਨਹੀਂ ਰਹਿਣ ਦੇਂਦੇ, ਨਾਮ ਨੂੰ ਓਹ ਜੀਉਂਦਾ ਜਾਗਦਾ ਪ੍ਰੇਮ ਬਣਾ ਦੇਂਦੇ ਹਨ, ਤੇ ਇਸ ਸਾਧਨ ਨੂੰ ਜੀਵਤ ਸਾਧਨ ਬਣਾ ਦੇਂਦੇ ਹਨ ਅਤੇ ਸਾਧਕ ਨੂੰ ਬੀ ਜਿਵਾ ਦੇਂਦੇ ਹਨ:-

ਸੋ ਜੀਵਿਆ ਮਨਿ ਵਸਿਆ ਸੋਇ॥
ਸੋ ਨਾਮ ਪ੍ਰੇਮ ਹੈ ਤੇ ਪ੍ਰੇਮ ਪ੍ਰਾਪਤੀ ਹੈ।
ਅੰਤਰ ਪ੍ਰੇਤ ਪਰਾ ਪਤਿ ਦਰਸਨੁ॥

ਪੁਨਾ- ਸਾਚ ਕਹਉ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ ਤਿਨਹੀ ਪ੍ਰਭੁ ਪਾਇਓ॥

ਸਤਿਨਾਮ ਸਤਿ ਤੇ ਨਾਮ ਦੀ ਵੱਖਰੀ-ਵੱਖਰੀ ਵਯਾਖਯਾ ਆ ਚੁਕੀ ਹੈ। ਗੁਰਬਾਣੀ ਵਿਚ ਸਤਿਨਾਮ ਇੱਕਠਾ ਪਦ ਆ ਕੇ ਉਸ ਦੇ ਜਪਣ ਦੀ ਆਗਿਆ ਬੀ ਲਿਖੀ ਹੈ। ਯਥਾ: ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥ ਤਥਾ: ਜਪਹੁ ਤ ਏਕੋ ਨਾਮਾ। ਅਵਰਿ ਨਿਰਾਫਲ ਕਾਮਾ॥ ਭਾਈ ਗੁਰਦਾਸ ਜੀ ਲਿਖਦੇ ਹਨ:-

ਸਤਿ ਰੂਪੁ ਸਤਿਨਾਮੁ ਕਰਿ ਸਤਿਗੁਰੁ ਨਾਨਕ ਦੇਵ ਜਪਾਇਆ॥

ਹੁਣ ਨਿਰੰਕਾਰ ਦੇ ਸਰੂਪ ਨੂੰ ਲਖਾਉਣ ਵਾਲੇ ਤਟਸਥ ਲਖਣ ਕਹਿੰਦੇ ਹਨ:-

ਕਰਤਾ:- ਸੰਸਕ੍ਰਿਤ-ਕਰਤ੍ਰੀ-ਕਰਨੇ ਵਾਲਾ, ਸਾਜਣੇ ਵਾਲਾ, ਰਚਣੇ ਵਾਲਾ।

Sri Satguru Jagjit Singh Ji eLibrary NamdhariElibrary@gmail.com

ਪ੍ਰਾਕ੍ਰਿਤ, ਹਿੰਦੀ ਤੇ ਪੰਜਾਬੀ ਵਿਚ ਇਸ ਪਦ ਦਾ ਰੂਪ ਹੈ- ਕਰਤਾ। ਪਦ 'ਕਰਤਾਰ' ਵੀ ਦੇਸ਼ ਦੀਆਂ ਬੋਲੀਆਂ ਵਿਚ ਇਸੇ ਦਾ ਰੂਪ ਹੈ। ਕਰਨਹਾਰ ਰਚਨਾਹਾਰ ਦੇ ਅਰਥਾਂ ਵਿਚ ਇਹ ਕਰਤਾ ਪਦ ਗੁਰਬਾਣੀ ਵਿਚ ਆਇਆ ਹੈ। ਯਥਾ, *ਜਾ ਤੂੰ ਕਰਣਹਾਰੁ ਕਰਤਾਰੁ॥ ਕਰਤੇ ਕੀ ਮਤਿ ਕਰਤਾ ਜਾਣੈ॥ ਕਰਤੇ ਕੀ ਮਿਤਿ ਨ ਜਾਨੈ ਕੀਆ॥* ਗੁਰਬਾਣੀ ਵਿਚ ਇਹ ਪਦ ਅਕਾਲ ਪੁਰਖ ਦੇ ਅਰਥਾਂ ਵਿਚ ਅਨੇਕਾਂ ਵਾਰ ਆਇਆ ਹੈ। ਯਕ ਕਰਤਾ ਆਪਿ ਅਭੁਲੁ ਹੈ॥

ਇਹੋ ਪਦ ਅਕਾਲ ਪੁਰਖ ਦਾ 'ਸੰਬੋਧਨ' ਹੋ ਕੇ ਬੀ ਆਇਆ ਹੈ- ਹੇ ਅਕਾਲ ਪੁਰਖ। ਯਥਾ-

ਕਰਤਾ ਤੂੰ ਸਭਨਾ ਕਾ ਸੋਈ॥

ਜਿਥੇ ਇਹ ਪਦ ਮੂਲ-ਮੂੰਤ ਵਿਚ ਪਿਯਾ ਹੈ ਓਥੇ ਇਹ ਨਿਰੰਕਾਰ ਦਾ ਤਟਸੱਥ ਲੱਛਣ ਹੋ ਕੇ ਆਇਆ ਹੈ ਤੇ ਕਿਰਤਮ ਨਾਮ ਹੋ ਕੇ ਪਿਆ ਹੈ। ਸੰਸਾਰ ਦੀ ਰਚਨਾ ਕਰਨੇ ਕਰਕੇ ਨਿਰੰਕਾਰ ਦਾ ਇਹ ਨਾਮ ਕਰਤਾ ਪਿਆ।

ਕਰਤਾ ਦੋ ਪ੍ਰਕਾਰ ਦੇ ਹੁੰਦੇ ਹਨ:-

1. ਜੋ ਕਿਸੇ ਪਦਾਰਥ ਤੋਂ ਲੈ ਕੇ ਕੁਝ ਬਨਾਉਣ, ਜੈਸੇ ਘੁਮਿਆਰ ਮਿਟੀ ਤੋਂ ਘੜਾ ਬਣਾ ਦੇਂਦਾ ਹੈ।
2. ਉਹ ਜੋ ਆਪਣੇ ਆਪ ਤੋਂ ਕੁਝ ਬਣਾ ਦੇਣ, ਜਿਕੂੰ ਭੋਰਾ ਆਪਣੇ ਆਪ ਤੋਂ ਜਾਲਾ ਬਣਾ ਲੈਂਦਾ ਹੈ। ਜਿਵੇਂ ਸੁਪਨੇ ਵਿਚ ਗਿਆ ਮਨੁੱਖ ਆਪਣੇ ਆਪ ਤੋਂ ਰਚਨਾ ਰਚ ਲੈਂਦਾ ਹੈ। ਅਕਾਲ ਪੁਰਖ ਦੂਸਰੀ ਭਾਂਤਿ ਦਾ ਕਰਤਾ ਹੈ, ਪਰ ਫਰਕ ਇਹ ਹੈ ਕਿ ਭੋਰਾ ਪਦਾਰਥ ਆਪਣੇ ਸਰੀਰ ਤੋਂ ਬਣਾਉਂਦਾ ਹੈ, ਪਰ ਅਕਾਲ ਪੁਰਖ ਆਪਣੀ ਆਤਮ ਸਤਯਾ ਮਾਤ੍ਰ ਤੋਂ ਆਪਣੇ ਹੁਕਮ ਮਾਤ੍ਰ ਨਾਲ ਯਾ ਵਾਕ ਕਰਨੇ ਨਾਲ ਦ੍ਰਿਸ਼ਯ ਅਦ੍ਰਿਸ਼ਯ ਜਗਤ ਰਚ ਦੇਂਦਾ ਹੈ। ਜੈਸੇ-

ਕੀਤਾ ਪਸਾਉ ਏਕੋ ਕਵਾਉ॥
ਹੁਕਮੀ ਹੋਵਨਿ ਆਕਾਰ॥

'ਕਰਤਾ' ਫਿਰ ਇਕ ਹੋਰ ਤਰ੍ਹਾਂ ਬੀ ਦੋ ਪ੍ਰਕਾਰ ਦੇ ਹਨ-ਇਕ ਓਹ ਜਿਨ੍ਹਾਂ ਦਾ ਕ੍ਰਿਤ ਕਰਕੇ ਕੀਤੀ ਗਈ ਵਿਚ ਕੋਈ ਦਖਲ ਨਹੀਂ ਰਹਿੰਦਾ। ਜਿਵੇਂ, ਰਾਜ ਦਾ ਘਰ ਉਸਾਰ ਕੇ ਘਰ ਉਤੇ ਕੋਈ ਦਖਲ ਨਹੀਂ ਰਹਿੰਦਾ। ਦੂਜੇ ਉਹ ਜੋ ਕੀਤੀ ਉਤੇ ਰਹਿੰਦੇ ਹਨ ਜਿਵੇਂ ਭੌਰੇ ਦਾ ਆਪਣੇ ਰਚੈ ਜਾਲ ਉਤੇ ਰਹਿਣਾ। ਵਾਹਿਗੁਰੂ ਨੂੰ ਗੁਰੂ ਜੀ ਨੇ ਦੂਜੀ ਪ੍ਰਕਾਰ ਦਾ ਕਰਤਾ ਦੱਸਣ ਲਈ 'ਕਾਦਿਰੁ ਕਰਤਾ' ਕਿਹਾ ਹੈ, ਯਥਾ:-

ਸਭ ਤੇਰੀ ਕੁਦਰਤੀ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥

ਪੁਨਾ:- ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ॥

ਰਚਨਹਾਰ ਤੇ ਕਾਦਰ ਹੋਣ ਕਰਕੇ ਪਾਲਣਹਾਰ ਉਸ ਦਾ ਬਿਰਦ ਹੋ ਜਾਂਦਾ ਹੈ। ਕਾਦਰ ਕਰਤਾ ਤੇ ਨਾਲ ਉਸ ਨੂੰ 'ਦਾਤਾ ਕਰਤਾ' ਬੀ ਦੱਸਿਆ ਹੈ -

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥

Sri Satguru Jagjit Singh Ji eLibrary NamdhariElibrary@gmail.com

ਕਰਤਾ ਪਦ ਤੋਂ ਇਕ ਹੋਰ ਵੀਚਾਰ ਬੀ ਤੁਰ ਪੈਂਦੀ ਹੈ:- ਕਰਤਾ ਦਾ ਬਿਰਦ 'ਪਾਲਣਹਾਰ' ਤਾਂ ਹੁੰਦਾ ਹੈ, ਪਰ ਨਾਲ ਹੀ 'ਸਿੱਖਾਵਣਹਾਰ' ਬੀ ਉਸੇ ਦਾ ਬਿਰਦ ਬਣ ਜਾਂਦਾ ਹੈ। ਸਾਜੈ ਤੇ ਪਾਲੇ ਨਾ ਤਾਂ ਸਾਜਿਆ ਝਟ ਪਟ ਮਰ ਵੰਞਸੀ ਤੇ ਜੇ ਮਤਿ ਨ ਦੇਵੇ ਤਾਂ ਰੁਲ ਜਾਸੀ। ਸੋ ਸਿੱਖਾਵਣਾ ਯਾ ਉਪਦੇਸ਼ ਦੇਣਾ, ਉਸ ਕਰਣਹਾਰ ਦਾ ਪਿਤਾ ਸਮਾਨ ਹੋਣ ਕਰਕੇ ਬਿਰਦ ਹੈ ਜੋ ਗੁਰੂ ਜੀ ਨੇ ਐਉਂ ਲਖਾਇਆ ਹੈ:-

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ।

ਪਿਤਾ ਦੇ ਨਾਲ ਸਿਖਾਵਣਹਾਰ ਹੋਣ ਕਰਕੇ ਉਸ ਨੂੰ 'ਗੁਰੂ' ਆਖਿਆ:-

ਹਮ ਬਾਰਿਕ ਤੁੰ ਗੁਰੁ, ਪਿਤਾ ਹੈ ਦੇ ਮਤਿ ਸਮਝਾਏ॥

ਪੁਨਾ:- ਮਤਿ ਸੁਮਤਿ ਤੇਰੇ ਵਸਿ ਸੁਆਮੀ ਹਮ ਜੰਤ ਤੂੰ ਪੁਰਖੁ ਜਤੈਨੀ॥

ਦੁਨੀਆਂ ਦੇ ਪੈਦਾ ਕਰਨ ਵਾਲੇ ਮਾਤਾ ਪਿਤਾ ਪਾਲਦੇ ਤੇ ਸਿੱਖ ਮਤਿ ਦੇਂਦੇ ਹਨ, ਪਰ ਉਹ ਬੁਧੀ ਜਿਸ ਨਾਲ ਕਿ 'ਸਤਿ' ਗ੍ਰਹਣ ਕਰਨਾ ਹੈ, ਦੇ ਦਾਤਾ ਨਹੀਂ ਹਨ। ਕੋਈ ਮਾਪੇ ਕਮਲੇ ਨੂੰ ਬੁੱਧੀ ਦਾਨ ਨਹੀਂ ਕਰ ਸਕਦੇ, ਪਰ ਕਰਤਾ ਪੁਰਖ ਬੁੱਧੀ ਦਾ ਦਾਤਾ ਯਾ ਰਚਨਹਾਰ ਬੀ ਹੈ। ਜੇ ਇਨਸਾਨ ਵਿਚ ਬੁੱਧੀ ਨਾ ਰਚੇ ਤਾਂ ਉਹ ਸਿੱਖਯਾ ਧਾਰਨ ਕਿਵੇਂ ਕਰੇ? ਇਸ ਲਈ ਕਰਤਾਰ ਨੂੰ ਬੁਧੀ ਦਾਤਾ ਬੀ ਕਿਹਾ ਹੈ:-

ਸਿਖ ਮਤਿ ਸਭ ਬੁਧਿ ਤੁਮਾਰੀ ਮੰਦਿਰ ਛਾਵਾ ਤੇਰੇ॥

ਈਸ਼ਵਰ ਨੂੰ ਕਰਤਾ ਕਹਿਣਾ ਇਹ ਸਿਧਾਂਤ ਬੀ ਪ੍ਰਗਟ ਕਰ ਦੇਂਦਾ ਹੈ ਕਿ ਗੁਰਮਤਿ ਦਾ ਈਸ਼ਵਰ ਯੋਗ ਦਰਸ਼ਨ ਵਾਲਾ ਈਸ਼ਵਰ ਨਹੀਂ ਜੋ ਜਗਤ ਦਾ ਕਰਤਾ ਨਹੀਂ ਹੈ, ਪਰ ਗੁਰਮਤਿ ਦਾ ਏਸ਼ੂਰ ਕਰਤਾ ਹੈ, ਕਾਦਿਰੁ ਕਰਤਾ ਹੈ ਅਤੇ ਦਾਤਾ ਕਰਤਾ ਹੈ। ਉਹ ਜੋ ਚਾਹੇ ਸੋ ਕਰ ਸਕਦਾ ਹੈ। ਯਥਾ:-

ਕਰਤਾ ਕਰੇ ਸੁ ਨਿਹਚਉ ਹੋਵੇ॥

ਪੰਚਮ ਗੁਰੂ ਜੀ ਨੇ 'ਓਪਤ ਕਰਤਾ ਪਰਲਉ ਕਰਤਾ' ਵਾਕ ਉਚਾਰਕੇ ਸਿਰਜਣਹਾਰ ਨੂੰ ਹੀ ਭੰਜਣਹਾਰ ਦੱਸਿਆ, ਮਾਨੋ ਕਰਤਾ ਪਦ ਵਿਚ ਉਤਪਤੀ ਕਰਤਾ ਤੇ ਸੰਹਾਰ ਕਰਤਾ ਦੁਇ ਭਾਵ ਲੈ ਲਏ॥

ਸਾਧਨ ਪੱਖ- ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
'ਬਲਿਹਾਰੀ ਕੁਦਰਤਿ ਵਸਿਆ'। ਕੁਦਰਤ ਕਰਿਕੇ ਵਸਿਆ ਸੋਇ॥ ਵਾਕ ਦੱਸਦੇ ਹਨ ਕਿ ਕਰਤਾ ਪੁਰਖ ਆਪਣੀ ਕੁਦਰਤ ਵਿਚ ਵਖ ਹੁੰਦਾ ਹੋਇਆ ਬੀ ਵਖ ਨਹੀਂ ਹੈ, ਵਿਚੇ ਵਸ ਰਿਹਾ ਹੈ, ਤੇ ਚਾਉ ਵਿਚ ਵਸ ਰਿਹਾ ਹੈ। ਉਸ ਚਾਉ ਦਾ ਪ੍ਰਕਾਸ਼ ਕੁਦਰਤ ਵਿਚ ਦੇ ਖੇੜੇ ਤੇ ਇਸ ਵਿਚ ਵੀ ਸੁੰਦਰਤਾ ਵਿਚ ਹੋਰ ਰਿਹਾ ਹੈ। ਯਥਾ:-

ਮਉਲੀ ਧਰਤੀ ਮਉਲਿਆ ਅਕਾਸੁ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥੧
ਰਾਜਾ ਰਾਮੁ ਮਉਲਿਆ ਅਨਤ ਭਾਇ॥

ਪੁਨਾ- ਪ੍ਰਭ ਕੀ ਜੋਤਿ ਸਗਲ ਘਟ ਸੋਹੰ॥

Sri Satguru Jagjit Singh Ji eLibrary NamdhariElibrary@gmail.com

ਫਿਰ ਕੁਦਰਤ ਵਿਚ ਹਿਸਾਬ ਹੈ, ਵਿਉਂਤ ਹੈ, ਇਸ ਤਰ੍ਹਾਂ ਕੁਦਰਤ ਦੇ ਖੇੜੇ ਦੀ ਛੋਹ ਤੇ ਹਿਸਾਬ ਵਿਉਂਤ ਆਦਿ ਦੀ ਵੀਚਾਰ ਕਾਦਰ ਦਾ ਪਤਾ ਦੇਂਦੀ ਹੈ ਤੇ ਵਿਸਮਾਦੀ ਝਲਕ ਲਾਕੇ ਕਰਤੇ ਉਤੇ ਮੋਹਿਤ ਕਰਦੀ ਹੈ। ਪੰਜਵੇਂ ਸਤਿਗੁਰੂ ਨੇ ਫੁਰਮਾਇਆ ਹੈ:- ਕਰਤੇ ਕੁਦਰਤੀ ਮੁਸਤਾਕੁ॥

ਪੁਨਾ-ਕੁਦਰਤਿ ਦੇਖਿ ਰਹੈ ਮਨੁ ਮਾਨਿਆ॥

ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ:-

ਵੇਖਿ ਵਿਡਾਣੁ ਕਹਿਆ ਵਿਸਮਾਦੁ॥

ਮੈਂ ਕੁਦਰਤ ਵਿਚ ਵਿਸਮਾਦ ਵੇਖ ਵੇਖਕੇ ਵਿਸਮਾਦ ਹੋ ਰਿਹਾ ਹਾਂ, ਕਿਉਂਕਿ:-

ਤੂੰ ਅਚਰਜੁ ਕੁਦਰਤਿ ਤੇਰੇ ਬਿਸਮਾ॥

ਕੁਦਰਤ ਵੇਖਕੇ ਇਹ ਸੁਖ ਲੈਣਾ ਹੈ ਜੋ ਕਾਦਰ ਦੀ ਸਿਫ਼ਤ ਸਲਾਹ ਵਿਚ ਵੱਸਣਾ ਹੈ। ਕੁਦਰਤ ਦੇ ਮੋਹਿਤ ਕਰ ਲੈਣ ਵਾਲੇ, ਧਨ, ਧਾਮ, ਸਾਕ, ਸੈਨ, ਪਤਿ, ਅਬਰੋ ਆਦਿ ਵਿਚ ਖਚਿਤ ਹੋਕੇ ਕਰਤਾ ਪੁਰਖ ਨੂੰ ਭੁਲਾ ਦੇਣ ਦਾ ਅਸਰ ਗੁਰੂ ਜੀ ਨੇ ਵਰਜਿਤ ਕੀਤਾ ਹੈ, ਜਿ ਕਿਉਂਕਿ ਉਹ ਸਦਗਤੀ ਦਾ ਬਾਧਿਕ ਹੈ। ਤਾਂ ਤੇ ਗੁਰੂ ਨਾਨਕ ਦੇਵ ਜੀ ਨੇ ਆਗਿਆ ਕੀਤੀ ਕਿ ਕੀਤੇ ਨੂੰ ਨਾ ਸਾਲਾਹੇ॥ ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ॥ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ- ਕੀਤਾ ਕਿਆ ਸਾਲਾਹੀਐ ਕਰੈ ਸੋਇ ਸਾਲਾਹਿ॥ ਕਰਤਾ ਸੋ ਸਾਲਾਹੀਐ ਜਿਨੀ ਕੀਤਾ ਆਕਾਰੁ॥ ਪੰਜਵੇਂ ਸਤਿਗੁਰਾਂ ਨੇ ਫੁਰਮਾਇਆ ਹੈ:

ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ॥
ਸੁਆਦ ਮੋਹ ਰਸ ਬੋਧਿਓ ਅਗਿਆਨਿ ਰਚਿਓ ਸੰਸਾਰੁ॥
ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ॥
ਰਚਨ ਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ॥
ਭਾਵਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ॥
ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ॥

ਫੇਰ ਕਬੀਰ ਜੀ ਨੇ ਫੁਰਮਾਇਆ:

ਚਿਤ੍ਰ ਬਚਿਤ੍ਰ ਇਹੈ ਅਵਝੇਰਾ॥ ਤਜਿ ਚਿਤ੍ਰੇ ਚਿਤੁ ਰਾਖਿ ਚਿਤੇਰਾ॥

ਅਰਥਾਤ-ਇਹ ਰਚਨਾ ਦੀ ਤਸਵੀਰ ਬੜੀ ਸੁੰਦਰ ਹੈ, ਮੁਸ਼ਕਲ ਇਹ ਹੈ ਕਿ ਆਪਣੇ ਵਿਚ ਮੋਹ ਲੈਂਦੀ ਹੈ। ਦਾਰੂ ਇਹ ਹੈ ਕਿ ਇਸ ਦੇ ਮੋਹਨਹਾਰ ਅਸਰ ਤੋਂ ਬਚ ਜਾਓ ਤੇ ਇਸ ਦੇ ਚਿਤ੍ਰਨਹਾਰ ਵਿਚ ਚਿਤ ਲਾਓ ਕਿ ਉਹ ਕਿਤਨਾ ਵਧੀਕ ਸੁੰਦਰ ਹੋਇਆ ਜੋ ਐਸੀ ਸੁੰਦਰ ਰਚਨਾ ਰਚਦਾ ਹੈ। ਅਰਥਾਤ ਕਰਤਾਰ ਵਿਚ ਪ੍ਰੀਤ ਪਾਓ।

ਭਾਈ ਗੁਰਦਾਸ ਜੀ ਲਿਖਦੇ ਹਨ:-

ਕਰਤਾ ਪੁਰਖੁ ਚੇਤਿਓ ਕੀਤੇ ਨੋ ਕਰਤਾ ਕਰਿ ਜਾਣੈ॥
ਨਾਰਿ ਭਤਾਰਿ ਪਿਆਰੁ ਕਰਿ ਪੁਤ ਪੋਤਾਂ ਪਿਉ ਦਾਦੁ ਵਖਾਣੈ॥
ਅੰਤ ਕਾਲ ਜਮ ਜਾਲ ਵਿਚੀ ਸਾਥੀ ਕੋਇ ਨਾ ਹੋਇ ਸਿਵਾਣੈ॥

ਇਸੀ ਤਰ੍ਹਾਂ 'ਕਰਤਾ' ਕਹਿਣੇ ਵਿਚ ਕਰਤਾਰ ਦੇ ਕੀਤਿਆਂ ਵਡਕਿਆਂ ਨੂੰ ਯੋਗ ਸਨਮਾਨ ਦੇਦਿਆਂ, ਕਰਤਾ ਸਮਝਣਾ ਵਰਜਿਤ ਹੋ ਗਿਆ ਤੇ ਇਸੀ ਤਰ੍ਹਾਂ ਮਨੁੱਖ ਦੇ ਆਪਣੇ ਕੀਤਿਆਂ ਯਾਂ ਰਚਿਆਂ ਵਿਚ ਈਸ਼ਵਰ ਬੁੱਧੀ ਕਰਨੀ ਵਰਜਿਤ ਹੋ ਗਈ। ਕਿਉਂਕਿ:-

Sri Satguru Jagjit Singh Ji eLibrary NamdhariElibrary@gmail.com

ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ॥

ਇਸ ਗੁਰ ਵਾਕ ਵਿਚ ਇਹ ਪੱਖ ਬੀ ਵਿਚ ਆ ਜਾਂਦਾ ਹੈ।

ਬਿਨੁ ਕਰਤਾਰ ਨ ਕਿਰਤਮ ਮਾਨੋ॥

ਪੁਰਖੁ ਸੰਸਕ੍ਰਿਤ- ਪੁਰਖ, ਪੁਰਲਖ ਜੋ ਪੁਰ ਵਿਚ ਯਾ ਪੁਨ ਪੁਰ ਵਿਚ ਸੈਨ ਕਰ ਰਿਹਾ ਹੈ, ਭਾਵ ਵਿਆਪਕ ਹੈ। ਜੋ ਪੁਰ ਦਾ ਭਾਵ ਸ਼ਰੀਰ ਲਈ ਹੈ ਤਾਂ ਸ਼ਰੀਰ ਵਿਚ ਨਿਵਾਸ ਕਰਨੇ ਵਾਲਾ ਅਰਥਾਤ ਜੀਵਾਤਮਾ। ਇਸ ਤੋਂ ਪੁਰਖੁ ਦਾ ਅਰਥ-'ਮਾਨੁਖ' ਬੀ ਬਣ ਗਿਆ। ਪੁਰੀ ਵਿਚ ਜੋ ਨਿਵਾਸ ਕਰਦਾ ਹੈ ਯਾ ਜਗਤ ਰੂਪੀ ਪੁਰ ਵਿਚ ਜੋ ਨਿਵਾਸੀ ਹੈ ਯਾ ਵਯਾਪਕ ਹੈ ਤ ਈਸ਼ਵਰ ਅਰਥ ਹੋ ਗਿਆ। ਅਕਸਰ ਦੋਹਾਂ ਅਰਥਾਂ ਵਿਚ ਇਹ ਪਦ ਵਰਤੀਂਦਾ ਆਇਆ ਹੈ। ਈਸ਼ਵਰ ਅਰਥ ਲਈ ਜੇ ਖੋਜ ਕਰੀਏ ਤਾਂ ਰਿਗਵੇਦ ਦੀ ਪੁਰਖ-ਸੂਕਤ ਵਿਚ ਜੋ ਕੁਛ ਲਿਖਿਆ ਹੈ ਉਸ ਦਾ ਭਾਵ ਇਹ ਹੈ ਪੁਰਖੁ ਈਸ਼ਵਰ ਜਿਸ ਤੋਂ ਦ੍ਰਿਸ਼ਯ ਅਦ੍ਰਿਸ਼ਯ ਜਗਤ ਦੀ ਰਚਨਾ ਹੋਈ ਹੈ।

ਉਪਨਿਖਦਾਂ ਵਿਚ ਬੀ ਇਹ ਪਦ ਈਸ਼ਵਰ ਅਰਥਾਂ ਵਿਚ ਆਇਆ ਹੈ।

ਦਿਵਯੋ ਹਯ ਮੂਰਤਤ: ਪੁਰਖ: ਸਬਾਹਯਾ ਭਯਤਰੋ ਹਯਜ:

ਅਪ੍ਰਾਣੋ ਹਯ ਮਨਾ: ਸੁਭ੍ਰੋਹਯ ਕਸ਼ਗਤ ਪਰਤ: ਪਰ॥ ਮੁ.ਉ.1/2/2

ਸਾਂਖ ਦਰਸ਼ਨ ਵਿਚ ਇਹ ਪਦ ਕੁਛ 'ਜੀਵਾਤਮਾ' ਯਾ 'ਰੂਹ' ਦੇ ਅਰਥਾਂ ਵਿਚ ਆਇਆ ਹੈ। ਪੁਰੁਖ ਅਨੇਕ ਮੰਨੇ ਹਨ। 'ਯੋਗ' ਨੇ ਇਸ ਵਾਙੂ ਪੁਰੁਖ ਤਾਂ ਅਨੇਕ ਮੰਨੇ ਹਨ ਪਰ ਇਕ 'ਪੁਰਖੁ ਵਿਸ਼ੇਸ਼' ਮੰਨਿਆ ਹੈ। ਇਸ ਨੂੰ ਈਸ਼ਵਰ ਆਖਿਆ ਹੈ। ਪਰ ਇਸ ਪੁਰਖ-ਵਿਸ਼ੇਸ਼ ਨੂੰ ਕਰਤਾ ਨਹੀਂ ਮੰਨਿਆ। ਗੁਰਬਾਣੀ ਵਿਚ ਇਹ ਪਦ:-

1. ਮਨੁੱਖ ਅਰਥਾ ਵਿਚ ਆਇਆ ਹੈ..... ਪੁਰਖਾਂ ਬਿਰਖਾਂ ਤੀਰਥਾਂ
2. ਨਰ ਅਰਥਾਂ ਵਿਚ ਆਇਆ ਹੈ- ਬਿਨੁ ਪਿਰ ਪੁਰਖੁ ਨ ਜਾਣਈ॥
3. ਮਹਾਨ ਵਿਅਕਤੀ ਵਾਲਾ ਇਨਸਾਨ ਪੂਰਨ (ਸਤਿਗੁਰੂ)
   ਸਤਿਗੁਰੂ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ॥
4. ਈਸ਼ਵਰ ਪਰਮੇਸ਼ੁਰ ਅਰਥਾਂ ਵਿਚ- ਕਰਤੇ ਪੁਰਖਿ ਤਾਲੁ ਦਿਵਾਇਆ॥
5. ਆਤਮਾ, ਜੀਵਤਮਾ - ਪੁਰਖੇ ਪੁਰਖੁ ਮਿਲਿਆ ਗੁਰੂ ਪਾਇਆ॥
   ਅਰਥਾਤ ਗੁਰੂ ਪਾਇਆ ਤਾਂ ਆਤਮਾ ਪਰਮਾਤਮਾ ਨੂੰ ਮਿਲ ਪਿਆ।
   ਪੁਰਖੁ ਆਤਮਾ। ਪੁਰਖੈ-ਪਰਮਾਤਮਾ ਨੂੰ।
6. ਵਿਆਪਕ ਪਰਮੇਸ਼ੁਰ ਦੇ ਅਰਥਾਂ ਵਿਚ:-
   ਤੂ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥

ਪੁਰਾਤਨਾਂ ਨੇ ਪੁਰਖ ਪਦ ਨਾਲ ਹੋਰ ਵਿਸ਼ੇਸ਼ਨ ਪਦ ਲਾਕੇ ਈਸ਼ਵਰ ਤੋਂ ਛੁਟ ਹੋਰ ਅਰਥ ਬੀ ਲਏ ਹਨ, ਜੈਸੇ ਵੈਸ਼ਨਵਾਂ ਨੇ ਪੁਰੁਖ ਲ ਉਤਮ, ਪੁਰੁਖੋਤਮ ਤੋਂ ਵਿਸ਼ਨੂੰ ਅਰਥ ਲਏ। ਜੋਗ ਨੇ ਪੁਰੁਖ ਵਿਸ਼ੇਸ਼ ਤੋਂ ਈਸ਼ਵਰ ਦੇ ਅਰਥ ਲਏ।

ਦਸਮ ਗੁਰੂ ਜੀ ਨੇ ਇਸ ਪਦ ਨਾਲ 'ਪਰਮ' ਲਾਕੇ ਇਸ ਤੋਂ ਪਰਮਾਤਮ ਦੇਵ ਦੇ ਅਰਥ ਲਏ- ਮੈ ਹੋ ਪਰਮ ਪੁਰਖ ਕੋ ਦਾਸਾ। ਜਪੋ ਪਰਮ ਪੁਰਖ ਕੋਨਹੁ ਨਹਿ ਧਾਇਓ॥

ਪੁਰਖ ਦਾ ਉਤੇ ਅਰਥ ਲਿਆ ਜੋ [illegible] ਹੈ, ਯਥਾ-

Sri Satguru Jagjit Singh Ji eLibrary NamdhariElibrary@gmail.com

ਪਰਮ ਪੁਰਖ ਪਰਮੇਸੁਰ ਸੁਆਮੀ ਪਾਵਨ ਪੌਨ ਅਹਾਰੀ॥

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਸਤਿਗੁਰਾਂ ਨੇ ਵੀ ਪੁਰਖ ਨਾਲ ਵਿਸ਼ੇਸ਼ਣ ਪਦ ਲਾਏ:-

1. ਅਕਾਲ ਪੁਰਖੁ ਕਾਲ ਰਹਿਤ ਪਰਮਾਤਮਾ:-

ਤੂ ਅਕਾਲ-ਪੁਰਖੁ ਨਾਹੀ ਸਿਰਿ ਕਾਲਾ॥

2.(ੳ) ਆਦਿ ਪੁਰਖੁ ਸਭ ਦੀ ਆਦਿ ਪਰਮਾਤਮਾ ਜੋ ਅਪਰੰਪਾਰ ਹੈ:

ਆਦਿ ਪੁਰਖੁ ਅਪਰੰਪਰੁ ਸੋ ਪ੍ਰਭੁ॥

(ਪੁਰਖ ਆਦਿ ਰਹਿਤ ਹੈ, ਪਰੇ ਤੋਂ ਪਰੇ ਹੈ)।

(ਅ) ਆਦਿ ਪੁਰਖੁ ਸਭ ਦੀ ਆਦਿ ਹੈ, ਕਰਣ ਕਾਰਣ ਹੈ ਤੇ ਕਰਤਾਰ ਹੈ:

ਆਦਿ ਪੁਰਖੁ ਕਰਤਾਰ ਕਰਣ ਕਾਰਣ ਸਭ ਆਪੇ॥

ਆਦਿ ਪੁਰਖੁ ਕਾਰਣ ਕਰਤਾਰ॥

(ੲ) ਆਦਿ ਪੁਰਖੁ ਉਤਪਤੀ ਤੇ ਸੰਹਾਰ ਕਰਤਾ ਦੂਇ ਹੈ:-

ਆਦਿ ਪੁਰਖੁ ਅਪਰੰਪਰੁ ਆਪੇ॥ ਆਪੇ ਥਾਪੇ ਥਾਪਿ ਉਥਾਪੇ॥

(ਸ) ਆਦਿ ਪੁਰਖੁ ਵਯਾਪਕ ਹੈ, ਕਰਤਾਰ ਹੈ ਕਰਣ ਕਾਰਣ ਹੈ:-

ਆਦਿ ਪੁਰਖੁ ਕਰਤਾਰ ਕਰਣ ਕਾਰਣ ਸਭ ਆਪੇ॥

ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥

(3) ਪੁਰਖੁ ਨਿਰੰਜਨ ਮਾਇਆ ਰਹਿਤ ਪਰਮਾਤਮਾ ਸਿਰਜਨਹਾਰ ਹੈ:

ਪੁਰਖੁ ਨਿਰੰਜਨ ਸਿਰਜਨਹਾਰ।

ਸੋ ਪਦ 'ਪੁਰਖ ਅਕਾਲ, ਆਦਿ, ਨਿਰਜੰਨ, ਪਰਮ ਅਰ ਹੋਰ ਐਸੇ ਵਿਸ਼ੇਸ਼ਨਾਂ ਨਾਲ ਮਿਲਕੇ ਬਰਾਬਰ ਵਿਚ ਵਿਆਪਕ ਪ੍ਰਭੂ ਦੇ ਅਰਥ ਦੇਂਦਾ ਹੋਇਆ ਅਪਰੰਪਰ ਹੈ, ਫਿਰ ਕਰਤਾ ਹੈ, ਕਾਰਣ ਹੈ, ਤੇ ਸੰਹਾਰ ਕਰਤਾ ਬੀ ਹੈ।

ਸਾਧਨ ਪੱਖ- ਤੀਸਰੇ ਸਾਹਿਬਾਂ ਦਾ ਫਰਮਾਨ ਹੈ:-

ਪੁਰਖੈਉ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ॥

ਕਰਤਾ ਪੁਰਖੁ ਮੂਲ ਮੰਤ੍ਰ ਵਿਚ ਸਤਿਗੁਰ ਜੀ ਨੇ 'ਕਰਤਾ' ਦੇ ਮਗਰੋਂ ਪਦ 'ਪੁਰਖ' ਰੱਖਿਆ ਕਰਤਾਰ ਰਚਨਹਾਰ ਹੈ ਜੋ ਰਚਕੇ ਰਾਜ ਮਿਸ੍ਰਤੀ, ਵਾਙੂ ਅਲਗ ਨਹੀਂ ਜਾਂ ਬੈਠਦਾ ਉਹ ਪੁਰਖ ਹੈ, ਕਰਤਾ ਹੋਕੇ ਆਪਣੀ ਕ੍ਰਿਤ ਵਿਚ ਵਿਆਪਕ ਹੈ। ਉਹ ਹੈ ਤਾਂ ਅਪਰੰਪਰ, ਪਰ ਪੁਰਖ (ਵਯਾਪਕ) ਬੀ ਹੈ। ਯਥਾ

ਬਾਪਤੁ ਦੇਖੀਐ ਜਗਤਿ

ਕਿਉਂਕਿ ਪੁਰਖ ਪਦ ਮਨੁੱਖ ਅਰਥਾਂ ਵਿਚ ਆ ਚੁਕਾ ਸੀ, ਫੇਰ ਇਹ 'ਜਗਤ ਕਰਤਾਰਤਾ ਵਿਹੂਣ ਆਤਮਾ' ਦੇ ਅਰਥਾਂ ਵਿਚ ਨਿਯਤ ਕੀਤਾ ਜਾ ਚੁਕਾ ਸੀ, ਇਸ ਕਰਕੇ ਸ੍ਰੀ ਗੁਰੂ ਜੀ ਨੇ ਪੁਰਖ ਦੇ ਪਹਿਲੇ ਪਦ 'ਕਰਤਾ' ਰੱਖਿਆ ਤੇ ਕਰਤਾ ਦੀ ਵਿਆਪਕਤਾ ਦਰਸਾਉਣ ਲਈ 'ਪੁਰਖ' ਪਦ ਪਾਸ ਲਿਖਿਆ। ਫਿਰ 'ਪੁਰਖੁ' ਪਦ ਵਿਚ ਵਿਆਪਕਤਾ ਤੋਂ ਛੁਟ ਉਸ ਵਿਚ ਕਰਤਾ ਆਖਕੇ ਸਰਬ ਸ਼ਕਤੀਮਾਨਤਾ ਦਿਖਲਾਈ। ਇਉਂ:-

Sri Satguru Jagjit Singh Ji eLibrary NamdhariElibrary@gmail.com

ਪਦ 'ਪੁਰਖੁ' ਤੋਂ ਦੋ ਪਦ ਹੋਰ ਬਣੇ ਹਨ: 'ਪੌਰਖ' ਤੇ 'ਪੁਰਖਾਰਥ' ਜਿਨ੍ਹਾਂ ਦੇ ਅਰਥ ਹਨ ਬਲਵਾਨਤਾ ਤੇ ਉਦਮ। ਪੁਰਖੁ ਪਦ ਵਿਚ ਏਹ ਦੁਏ ਭਾਵ ਮੌਜੂਦ ਹੋਣ ਕਰਕੇ ਏਹ ਹੋਰ ਪਦ ਬਣੇ। ਗੁਰੂ ਜੀ ਨੇ ਇਸੇ ਕਰਕੇ 'ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀਂ' ਨੂੰ, ਤੁਧ ਜੇਵਡੁ ਅਵਰੁ ਨ ਕੋਈ॥ ਆਖਕੇ ਉਸ ਦੀ ਸਰਬ ਸ਼ਕਤੀ ਮਾਨਤਾ ਦਰਸਾਈ ਹੈ। ਫਿਰ ਇਸ ਦੇ ਨਾਲ ਪਦ 'ਕਰਤਾ' ਰੱਖਕੇ ਸਰਬ ਸ਼ਕਤੀ ਮਾਨਤਾ ਹੋਰ ਪਰਪੱਕ ਕੀਤੀ: ਕਿ ਉਂਕਿਤ 'ਜਗਤ ਕਰਤਾ' ਪੂਰਨ ਬਲਵਾਨ ਤੇ ਸਰਬ ਸ਼ਕਤੀਮਾਨ ਹੋਏ ਬਿਨ ਹੋ ਨਹੀਂ ਸਕਤਾ। ਦਸਮੇਂ ਪਾਤਸ਼ਾਹ ਜੀ ਨੇ ਦੱਸਿਆ ਹੈ ਕਿ ਜਲ ਥਲ ਦੇ ਕਰਣਹਾਰ ਵਿਚ ਅਤਿ ਬਲ ਹੁੰਦਾ ਹੈ। ਯਥਾ।

ਅਸੰਭ ਰੂਪ ਅਨਭੈ ਪ੍ਰਭਾ ਅਤਿ ਬਲਿਸਟ ਜਲ ਥਲ ਕਰਣ॥ 2 ॥

ਵੀਚਾਰ ਕਰੋ ਤਾਂ ਕਰਤਾ ਹੋਣੇ ਲਈ ਕਰਤਾ ਵਿਚ 'ਰਚਣ ਦੀ ਪ੍ਰਬੀਨਤਾ' ਲੋੜੀਂਦੀ ਹੈ, ਰਚਣੈ ਦਾ ਬਲ ਚਾਹੀਦਾ ਹੈ, ਰਚਨਾ ਦਾ ਸਾਮਾਨ ਲੋੜੀਦਾ ਹੈ, ਰਚਣੇ ਦਾ ਪ੍ਰਯੋਜਨ ਚਾਹੀਏ, ਫਿਰ ਰਚਨਾ ਵਿਚ ਤਰਤੀਬ, ਵਿਉਂਤ ਤੇ ਹਿਸਾਬ ਚਾਹੀਦਾ ਹੈ। ਫਿਰ ਉਸ ਵਿਚ ਰਚਣ ਤੋਂ ਬਾਦ ਉਸ ਨੂੰ ਸੰਭਾਲਣ ਲਈ ਰਚੀ ਹੋਈ ਵਿਚ ਮੌਜੂਦਗੀ ਅਰਥਾਤ ਵਿਆਪਕਤਾ ਦੀ ਸਤਯਾ ਤੇ ਅਹਿਸ਼ਠਾਨ ਰੂਪਤਾ ਦੀ ਆਵੱਸ਼ਕਤਾ, ਅਰਥਾਤ ਸਦੈਵੀ ਪੌਰਖ ਚਾਹੀਦਾ ਹੈ। ਏਹ ਸਾਰੇ ਗੁਣ, ਸਾਮਾਨ ਤੇ ਬਲ ਕਰਤਾ ਪੁਰਖ ਵਿਚ ਹਨ ਸੋ 'ਕਰਤਾ ਪੁਰਖ' ਪਦ ਇਨ੍ਹਾਂ ਸਾਰਿਆਂ ਭਾਵਾਂ ਦਾ ਲਖਾਯਕ ਹੈ। ਪੰਚਮ ਗੁਰੂ ਜੀ ਨੇ ਦੱਸਿਆ ਹੈ:

ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥
ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥
ਬਾਹਪਤ ਦੇਖੀਐ ਜਗਤਿ ਜਾਨੇ ਕਉਣੁ ਤੇਰੀ ਗਤੀ॥
ਸਰਬ ਕੀ ਰਖਾ ਕਰੈ ਆਪੇ ਹਰਿਪਤਿ॥

(ਨਿਰਭਉ) ਸੰਸਕ੍ਰਿਤ, ਭੈ ਡਰ। ਪ੍ਰਾਕ੍ਰਿਤ, ਭਉ। ਪੰਜਾਬੀ, ਭੈ, ਭਉ, ਦੁਇ ਵਰਤੀਂਦੇ ਹਨ। ਨਿਰ ਬਿਨਾ। ਵਿਹੂਣਾ। ਰਹਿਤ ਨਿਰਭਉ ਬਿਨਾ ਡਰ ਦੇ। ਬੇ ਡਰ। ਬੇ ਖ਼ੌਫ਼।

ਨਿਰਭਉ ਆਖਣਾ ਇਕ ਹੋਰ ਢੰਗ ਦਾ ਤਟਸਥ ਲੱਛਣ ਹੈ: ਜੋ ਅਵਗੁਣ ਕਿਸੇ ਵਿਚ ਨਹੀਂ ਤੇ ਹੋਰਨਾਂ ਵਿਚ ਹੈ ਉਸ ਦੀ ਅਣਹੋਂਦ ਦੱਸਕੇ ਜਣਾ ਦੇਣਾ। ਸਾਰੀ ਸ੍ਰਿਸ਼ਟੀ ਡਰ ਹੇਠ ਹੈ, ਇਕ ਡਰ ਤੋਂ ਰਹਿਤ ਕਰਤਾਰ ਹੈ, ਸੋ ਡਰ ਰਹਿਤ ਕਹਿਕੇ ਉਸ ਨੂੰ ਲਖਾ ਦੇਣੇ ਦਾ ਭਾਵ ਹੈ।

ਹੋਰ ਥੇਂ ਫੁਰਮਾਇਆ ਹੈ:-

'ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣਹਾਰਾ॥

ਸ੍ਰਿਸ਼ਟੀ ਤੋਂ ਹੀ ਨਹੀਂ, ਉਹ ਅਵਤਾਰਾਂ ਤੋਂ ਵੀ ਵੱਧ ਨਿਰਭਉ ਹੈ:-

'ਨਾਨਕ ਨਿਰਭਉ ਨਿਰੰਕਾਰ ਹੋਰਿ ਕੇਤੇ ਰਾਮ ਰਵਾਲ॥

ਭਉ ਆਪਣੇ ਤੋਂ ਵਡੇ ਦਾ ਹੁੰਦਾ ਹੈ, ਉਸ ਤੋਂ ਵੱਡਾ ਹੋਰ ਕੋਈ ਹੈ ਨਹੀਂ, ਇਸ ਕਰਕੇ ਉਸ ਕਰਤਾ ਪੁਰਖ ਨੂੰ ਭਉ ਕਿਸ ਦਾ? ਉਹ ਇਕੋ ਤਾਂ ਹੈ ਜੋ ਸਭ ਤੋਂ ਉਪਰ ਹੈ ਤੇ ਸਦਾ ਸੱਤਯ ਹੈ, ਇਸ ਲਈ ਕਿਹਾ ਹੈ:-

ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥

Sri Satguru Jagjit Singh Ji eLibrary NamdhariElibrary@gmail.com

ਸਿਰਜੀ ਗਈ ਸ੍ਰਿਸ਼ਟੀ ਦੇ ਸਿਰ ਸਿਰਜਣਹਾਰ ਦਾ ਭਉ ਹੈ ਜੋ ਉਸ ਨੂੰ ਉਸ ਦੇ ਬੱਧੇ ਨਿਯਮਾਂ ਵਿਚ ਟੋਰਦਾ ਹੈ, ਜਿਸ ਦਾ ਉਲੰਘਣ ਉਹਨਾਂ ਲਈ ਅਸੰਭਵ ਹੈ, ਇਸ ਲਈ ਫੁਰਮਾਇਆ:-

ਸਗਲਿਆ ਭਉ ਲਿਖਿਆ ਸਿਰਿ ਲੇਖੁ॥

ਸ੍ਰਿਸ਼ਟੀ ਦਾ ਕਰਤਾ ਬ੍ਰਹਮਾ ਨੂੰ ਬੀ ਕਿਹਾ ਜਾਂਦਾ ਹੈ, ਪਰ ਬ੍ਰਹਮਾਦਿਕ ਸਭ ਭੈ ਹੇਠ ਹਨ। ਇਸ ਕਰਕੇ ਗੁਰੂ ਜੀ ਨੇ 'ਕਰਤਾ ਪੁਰਖ' ਆਖਕੇ 'ਨਿਰਭਉ' ਆਖਿਆ ਕਿ ਕਰਤਾ ਪੁਰਖ ਬ੍ਰਹਮਾ ਨਹੀਂ ਹੈ, ਪਰ 'ੴ' ਜੋ ਬ੍ਰਹਮਾ ਦਾ ਬੀ ਕਰਤਾ ਪੁਰਖ ਹੈ, ਯਥਾ:-

ਉਅੰਕਾਰਿ ਬ੍ਰਹਮਾ ਉਤਪਤਿ॥

ਫਿਰ ਭਉ ਬਰੋਬਰ ਦੇ ਦਾ ਭੀ ਹੁੰਦਾ ਹੈ, ਅਕਾਲ ਪੁਰਖ ਦੇ ਬਰੋਬਰ ਦਾ ਬੀ ਕੋਈ ਨਹੀਂ, ਇਸ ਕਰਕੇ ਨਿਰਭਉ ਹੈ, ਯਥਾ:-

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡ ਅਵਰੁ ਨਾ ਕੋਈ॥

ਪੁਨਾ: ਏਕੇ ਕਉ ਨਹੀਂ ਭਉ ਕੋਇ॥ ਕਰਤਾ ਕਰੇ ਕਰਾਵੈ ਸੋਇ॥

ਪੁਨਾ:- ਤਿਸ ਤੇ ਊਪਰਿ ਨਾਹੀਂ ਕੋਇ॥ ਕਉਨੁ ਡਰੈ ਡਰੁ ਕਿਸਕਾ ਹੋਇ।

ਇਥੇ ਇਕ ਸ਼ੰਕਾ ਹੋ ਸਕਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੀ ਤਾ ਭੈ-ਭਉ ਦਾ ਉਪਦੇਸ਼ ਹੈ? ਉੱਤਰ:- ਓਥੇ ਭਉ ਕਈ ਪ੍ਰਕਾਰ ਦਾ ਦੱਸਿਆ ਹੈ, ਇਕ ਹੈ ਖੋਟੇ ਕਰਮਾਂ ਦਾ- ਜਦ ਖੋਟੇ ਕਰਮਾਂ ਦਾ ਭਉ ਪੈਂਦਾ ਹੈ, ਤਾਂ ਖੋਟੇ ਕਰਮ ਫੁਟਦੇ ਹਨ, ਅਰ ਇਸ ਯਤਨ ਵਿਚ ਕਰਤਾਰ ਦੀ ਸਹਾਯਤਾ ਦੀ ਲੋੜ ਪੈਂਦੀ ਹੈ ਉਸ ਅੱਗੇ ਬੇਨਤੀ ਕਰੀਦੀ ਹੈ। ਜਿਸ ਕਰਕੇ ਖੋਟੇ ਕਰਮ ਛੁਟ ਜਾਂਦੇ ਹਨ, ਸ਼ੁਭ ਕਰਮ ਆ ਜਾਂਦੇ ਹਨ, ਅਰ ਪਰਮੇਸ਼ਵਰ ਨਾਲ ਹਿਤ ਜੋ ਜਾਂਦਾ ਹੈ, ਜੋ ਆਪ ਨਿਰਭੈ ਹੋਣੇ ਕਰਕੇ ਆਪਣੇ ਪ੍ਰੇਮੀ ਨੂੰ ਬੀ ਨਿਰਭੈ ਕਰਦਾ ਹੈ। ਯਥਾ: 'ਭੈ ਤੇ ਨਿਰਭਉ ਹੋਇ ਬਸਾਲਾ॥

ਇਹ ਭੈ ਨਿਰਭੈ ਹੋਣ ਦੀ ਪਉੜੀ ਹੈ। ਇਹ ਭੈ (ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲਾ) ਖਰਾ ਭੈ ਹੈ ਤੇ ਵਾਸਤਵ ਵਿਚ, ਕੀਤੇ ਕਰਮਾਂ ਦੇ ਫਲ ਦਾ ਹੈ, ਜੋ ਭਜਨ ਕਰਨ ਲਈ ਉੱਦਮ ਦੇਂਦਾ ਹੈ, ਪਰ ਉਹ ਖੋਟਾ ਭੈ ਵਹਿਮ ਦਾ ਹੁੰਦਾ ਹੈ, ਜੋ ਬੁੱਧੀ ਨੂੰ ਮਲੀਨ ਕਰਦਾ ਹੈ, ਖਰਾ ਨਾਲ ਅਗਯਾਨ ਵਧਦਾ ਹੈ। ਖਰੇ ਭੈ ਨਾਲ ਅਗਯਾਨ ਦੇ ਛੋੜ ਕਟੀਂਦੇ ਹਨ, ਇਹ ਖਰਾ ਭੌ ਨਿਰਭਉ ਵਿਚ ਲੈ ਜਾਂਦਾ ਹੈ:-

ਭੈ ਤੇ ਨਿਰਭਉ ਹੋਇ ਬਸਾਨਾ।

ਇਸ ਭੈ ਵਾਲੇ ਦਾ ਗਾਂਢਾ ਬੇਨਤੀ ਦ੍ਵਾਰਾ ਪਰਮੇਸ਼੍ਵਰ ਨਾਲ ਪੈ ਜਾਂਦਾ ਹੈ, ਜੋ ਅੰਤ ਉਪਾਸਕ ਨੂੰ ਇਹ ਕਰ ਦਿੰਦਾ ਹੈ।

ਭੈ ਕਾਹੁ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

ਸਾਧਨ ਪੱਖ:- ਮੂਲ-ਮੰਤ੍ਰ ਦੇ ਭਾਵ ਸਮਝਣੇ ਵਾਲਾ ਜਗਯਾਸੂ ਜਦ ਆਪਣੇ ਉਪਾਸਯ ਕਰਤਾ ਪੁਰਖ ਵਿਚ 'ਨਿਰਭਉ' ਦਾ ਭਾਵ ਸਮਝਕੇ ਉਪਾਸ਼ਨਾ, ਪ੍ਰੇਮ ਕਰੇਗਾ ਤਾਂ ਉਪਾਸ਼ਯ ਦੇਵ ਦੇ ਗੁਣ ਉਸ ਵਿਚ ਪ੍ਰਵੇਸ਼ ਕਰਨਗੇ। ਇਸ ਲਈ ਫੁਰਮਾਇਆ ਹੈ:-

Sri Satguru Jagjit Singh Ji eLibrary NamdhariElibrary@gmail.com

ਨਿਰਭਉ ਜਪੈ ਸਗਲ ਭਉ ਮਿਟੈ॥

ਸਗੋਂ ਇਹ ਵੀ ਦੱਸਿਆ ਹੈ ਕਿ ਵਾਹਿਗੁਰੂ ਆਪ ਆਪਣੇ ਉਪਾਸਨਾ ਕਰਨੇ ਵਾਲੇ ਦਾ ਭਉ ਦੂਰ ਕਰ ਦੇਂਦਾ ਹੈ। ਯਥਾ:-

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਦਾ ਭਉ ਸਭੁ ਗਵਾਸੀ॥

ਪਰ ਤੀਸਰੇ ਸਾਹਿਬਾਂ ਇਹ ਵੀ ਫੁਰਮਾਇਆ ਹੈ:-

ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ॥

ਸੋ ਨਾਲੇ ਭਉ ਦੂਰ ਕਰਦੇ ਹੋ ਨਾਲੇ ਭਉ ਦੱਸਦੇ ਹਨ ਇਸ ਦਾ ਕੀ ਕਾਰਣ ਹੈ?

ਉੱਤਰ:- ਸ਼੍ਰੀ ਗੁਰੂ ਨੇ ਬਾਣੀ ਵਿਚ 'ਭਉ' ਦੋ ਪ੍ਰਕਾਰ ਦਾ ਦੱਸਿਆ ਹੈ। ਇਕ ਭਉ ਜੋ ਜੀਵਾਂ ਨੂੰ ਡਾਢਿਆਂ ਤੋਂ ਲਗਦਾ ਹੈ, ਤੇ ਮਨ ਨੂੰ ਨਿਤਾਣਿਆ ਕਰਦਾ ਹੈ, ਕਈ ਫਿਕਰਾਂ ਤੇ ਤੌਖਲੇ ਪੈਦਾ ਕਰਦਾ ਹੈ ਤੇ ਹੀਣਤਾਈ ਵਿਚ ਲੈ ਜਾਂਦਾ ਹੈ। ਇਹ 'ਭਉ' ਪਰਮੇਸ਼ਵਰ ਦੇ 'ਭਉ' ਪਿਆਂ ਦੂਰ ਹੁੰਦਾ ਹੈ। ਦੂਸਰਾ 'ਭਉ' ਇਕ ਨਿਰਮਲ 'ਭਉ' ਹੈ ਜੋ ਪਹਿਲੇ ਨੂੰ ਕਟਦਾ ਹੈ। ਇਸ 'ਭੈ' ਤੋਂ ਬਿਨਾਂ ਜੋ ਜੀਵ ਜਿਉਂਦਾ ਹੈ ਤੇ ਨਿਡਰ ਖੁਸ਼ੀਆਂ ਮਾਣਦਾ ਹੈ ਉਸ ਨੂੰ ਆਖਿਆ ਹੈ:-

ਭੈ ਵਿਣੁ ਜੀਵੇ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ॥

ਨਾਨਕ ਭੈ ਵਿਣੁ ਜੇ ਮਰੇ ਮੁੰਹਿ ਕਾ ਲੈ ਉਠਿ ਜਾਇ॥

ਪਰ ਜੇ ਪਰਮੇਸ਼ੁਰ ਦੇ ਭੈ ਵਿਚ ਜੀਵੇ ਤਾਂ ਫੁਰਮਾਇਆ ਹੈ:

ਭੈ ਵਿਚ ਜੰਮੇ ਭੈ ਮਰੇ ਭੀ ਭਉ ਮਨ ਮਾਹਿ ਹੋਇ॥

ਨਾਨਕ ਭੈ ਵਿਚਿ ਜੋ ਮਰੇ ਸਹਿਲਾ ਆਇਆ ਸੋਇ॥

ਕਿਉਂਕਿ ਇਹ ਭੈ ਸਾਰੇ ਭੈ ਤੋਂ ਨਿਰਭੈ ਕਰ ਦੇਂਦਾ ਹੈ। ਯਥਾ: ਭੈ ਰਚਿ ਰਹੈ ਸੁ ਨਿਰਭਉ ਹੋਇ।

ਦੂਜੇ ਸਤਿਗੁਰਾਂ ਦਾ ਵਾਕ ਹੈ: *ਜਿਨਾ ਭਉ ਤਿਨ ਨਾਹਿ ਭਉ ਮਹੁ ਭਉ ਨਿਭਵਿਆਹ॥*

ਅਰਥਾਤ-ਇਸ ਭੈ ਦੇ ਪੈਣ ਨਾਲ ਦੁਰਮਤਿ ਦੂਰ ਹੁੰਦੀ ਹੈ: ਲੋਭੁ ਰਤੁ ਵਿਚਹੁ ਜਾਇ॥

ਜਿਉ ਬੇਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਦਾ ਭਉ ਦਰਮਤਿ ਮੈਲੁ ਗਵਾਇ॥

ਜਿਵੇਂ ਅਗਨੀ ਤੇ ਤਾਉ ਨਾਲ ਧਾਤ ਸ਼ੁੱਧ ਹੋ ਜਾਂਦੀ ਹੈ ਤਿਵੇਂ ਵਾਹਿਗੁਰੂ ਦਾ ਭਉ ਦੁਰਮਤਿ ਦੀ ਮੈਲ ਨੂੰ ਦੂਰ ਕਰਕੇ ਸ਼ੁੱਧ ਕਰ ਦਿੰਦਾ ਹੈ। ਇਸ ਭੈ ਨਾਲ ਮਨ ਵਸ ਹੁੰਦਾ ਹੈ ਹਉਮੈ ਕਟੀਂਦੀ ਹੈ:

ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ॥

ਇਸ ਭੈ ਨਾਲ ਪ੍ਰੇਮ ਉਪਜਦਾ ਹੈ, ਯਥਾ:- *ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ॥*

ਪੁਨਾ: *ਭੈ ਬਿਚਿ ਭਾਉ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ॥*

ਇਸ ਭੈ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ਤੇ ਸਹਜ ਅਵਸਥਾ ਆਉਂਦੀ ਹੈ:- ਭੈ ਵਿਚ ਨਿਰਭਉ ਪਾਇਆ॥ ਤਾਂ ਸਹਜੇ ਕੇ ਘਰ ਆਇਆ॥ ਭੈ ਤੋਂ ਭਗਤੀ (ਪ੍ਰੇਮਾ ਭਗਤੀ) ਉਪਜਤੀ ਹੈ। ਯਥਾ:- *ਭੈ ਤੇ ਉਜਪੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ॥*

ਫੇਰ ਫੁਰਮਾਇਆ ਹੈ ਕਿ ਭਉ ਗੁਰੂ ਤੋਂ ਮਿਲਦਾ ਹੈ ਤੇ ਇਸ ਨਾਲ ਨਾਮ ਦਾ ਪਿਆਰ ਉਪਜਦਾ ਹੈ ਤੇ ਭਰਮ ਦੀ ਨਵਿਰਤੀ ਹੁੰਦੀ ਹੈ। ਯਥਾ:-

Sri Satguru Jagjit Singh Ji eLibrary NamdhariElibrary@gmail.com

ਪਉੜੀ:- ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰੁ॥ ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ॥

ਸਤਿਗੁਰੁ ਤੇ ਭਉ ਊਪਜੈ ਪਾਈਐ ਮੋਖੁ ਦੁਆਰ॥ ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥

ਭੈ ਤੇ ਭੈ ਜਲੁ ਲੰਘੀਐ ਗੁਰਮਤੀ ਵੇਚਾਰੁ॥ ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨਾ ਪਾਰਾਵਾਰੁ॥ ਮਨਮੁਖ ਭੈ ਕੀ ਸਾਰ ਨਾ ਜਾਣਨੀ ਤ੍ਰਿਸਨਾ ਜਲ ਤੇ ਕਰਹਿ ਪਕਾਰ॥ ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿਧਾਰ॥

ਜੋ ਪੁਰਖੁ ਨਿਰਭਉ ਪਰਮੇਸ਼ੁਰ ਦੀ ਉਪਾਸਨਾ ਕਰਕੇ ਨਿਰਭਉ ਹੋ ਜਾਂਦਾ ਹੈ ਉਹ ਆਪ ਡਰ ਦਾਤਾ ਨਹੀਂ ਬਣ ਜਾਂਦਾ। ਉਸ ਗਿਆਨਵਾਨ ਬਾਬਤ ਇਹ ਫੁਰਮਾਨ ਹੈ।

ਭੈਅ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥

ਉਹ ਨਾ ਕਿਸੇ ਦਾ ਡਰ ਮੰਨਦਾ ਹੈ ਤੇ ਨਾ ਆਪ ਕਿਸੇ ਨੂੰ ਡਰ ਦੇਂਦਾ ਹੈ, ਕਿਉਂਕਿ ਜੇ ਉਹ ਡਰ ਦੇਵੇ ਤਾਂ ਆਪਣੇ ਵਰਗੇ ਹੋਰ ਨਿਰਭੈ ਬੰਦੇ ਪੈਦਾ ਪੈਣਾ ਹੋਣ ਦੀ ਰੋਕ ਕਰਦਾ ਹੈ, ਤੇ ਨਿਰਭੈ ਬੰਦੇ ਪੈਦਾ ਕਰਨੇ ਪ੍ਰਯੋਜਨੀਯ ਹੈ, ਸੋ ਉਹ ਪ੍ਰਯੋਜਨ ਦੀ ਸਿੱਧੀ ਦਾ ਬਾਧਕ ਹੋ ਜਾਂਦਾ ਹੈ। ਇਸ ਕਰਕੇ ਉਹ ਦੁਨੀਆਂ ਦੇ ਜਰਵਾਣਿਆ ਵਾਂਙੂ ਭੈ ਦਾਤਾ ਨਹੀਂ ਬਣਦਾ।

ਨਿਰਵੈਰੁ (ਸੰਸਾਂ : ਨਿਰ੍ਲ੍ਵੈਰ। ਦਵੇਸ਼ ਤੋਂ ਰਹਿਤ) ਦਵੇਸ਼ ਦੁਸ਼ਮਨੀ ਤੋਂ ਸੱਖਣਾ। ਗੁਰੂ ਜੀ ਨੇ ਇਹ ਪਦ ਨਿਰੰਕਾਰ ਦੀ ਤਾਰੀਫ਼ ਵਿਚ ਲਿਖਿਆ ਹੈ। ਯਥਾ:- *ਮੇਰੇ ਮਨ ਅਨਦਿਨੋ ਧਿਆਇ ਨਿਰੰਕਾਰੁ ਨਿਰਾਹਾਰੀ॥* ਇਹ ਉਪਦੇਸ਼ ਦਿੱਤਾ ਹੈ ਤੇ ਓਥੇ ਉਸ ਦਾ ਰੂਪ ਦੱਸਿਆ॥ ਨਿਰਵੈਰੁ ਅਕਾਲ ਮੂਰਤਿ॥

ਨਿਰਵੈਰੁ ਪਦ ਕਿਉਂ ਵਰਤਿਆ? ਜਗਤ ਦੇ ਅਨੇਕ ਮਤਾਂ ਵਿਚ ਦੇਵੀ ਦੇਵਤਿਆਂ ਨੂੰ ਪਰਮੇਸ੍ਵਰ ਕਰਕੇ ਮੰਨਿਆ ਹੈ। ਓਹ ਕੀਤੇ ਹੋਏ ਸਨ ਕਰਤਾ ਪੁਰਖ ਦੇ। ਉਨ੍ਹਾਂ ਵਿਚ ਵਡਿੱਤ ਦੇ ਕਈ ਗੁਣਾਂ ਦੇ ਹੁੰਦਿਆਂ ਬੀ ਛੋਟਿਆਂ ਨਾਲ ਗੁੱਸਾ, ਬਰੋਬਰ ਦਿਆਂ ਨਾਲ ਈਰਖਾ ਤੇ ਵੈਰ, ਤੇ ਵੱਡਿਆ ਤੋਂ ਭੈ ਵਿਆਪਦਾ ਰਿਹਾ। ਕਰਤਾ ਪੁਰਖ ਸਭ ਤੋਂ ਵੱਡਾ ਹੈ, ਉਸ ਤੋਂ ਵੱਡਾ ਕੋਈ ਨਹੀਂ। ਉਹ ਨਿਰਭਉ ਹੈ। ਉਸ ਦੇ ਸਰੱਬਗ ਦਾ ਬੀ ਕੋਈ ਹੈ ਨਹੀਂ, ਇਸ ਕਰਕੇ ਉਸ ਨੂੰ ਕਿਸੇ ਨਾਲ ਈਰਖਾ, ਦੇਵਸ਼, ਵੈਰ ਨਹੀਂ। ਛੋਟਿਆਂ ਤੇ ਉਹ ਸਦਾ ਦਿਆਲੁ ਹੈ, ਸੋ ਉਸ ਦਾ ਗੁੱਸਾ ਕਿਸੇ ਨਾਲ ਨਹੀਂ। ਜੀਵ ਸਾਰੇ ਅਲਪੱਗ ਹਨ, ਉਹ ਸਰਬੱਗ ਹੈ, ਕੋਈ ਅਲਪੱਗ ਉਸ ਦੀ ਸਰਬੱਗਤਾ ਨੂੰ ਤੇ ਕੋਈ 'ਹਦਬੰਦੀ ਦੀ ਸ਼ਕਤੀ ਵਾਲਾ' ਉਸ ਦੀ ਸਰਬ ਸ਼ਕਤੀ-ਮਾਨਤਾ ਨੂੰ ਪਹੁੰਚ ਨਹੀਂ ਸਕਦਾ। ਨਾ ਕੋਈ ਦੂਸਰਾ ਉਸ ਜੈਸਾ ਹੈ ਨਾ ਹੋ ਸਕਦਾ ਹੈ। ਦੂਸਰ ਹੋਆ ਨਾ ਕੋ ਹੋਈ॥ ਸੋ ਉਹ ਨਿਰਵੈਰੁ ਹੈ।

ਵਾਹਿਗੁਰੂ ਦੇ ਬਰਾਬਰ ਦਾ ਕੋਈ ਨਹੀਂ- ਜੈਸਾ ਕਿ ਗੁਰੂ ਜੀ ਨੇ ਉਚਾਰਨ ਕੀਤਾ ਹੈ:-

ਤਿਸ ਕਾ ਸਰੀਕੁ ਕੋ ਨਹੀਂ ਨਾ ਕੋ ਕੰਟਕੁ ਵੈਰਾਈ॥

ਪੁਨਾ- ਤਿਸਹਿ ਸਰੀਕੁ ਨਾਹੀ ਰੇ ਕੋਈ॥ ਕਿਸ ਕੀ ਬੂਤੇ ਜਬਾਬੁ ਨ ਹੋਈ॥

ਪਰਮੇਸ਼ੁਰ ਸਾਡੇ ਕਰਮਾਂ ਦਾ ਫਲ ਪ੍ਰਦਾਤਾ ਹੈ, ਪਰ ਉਹ ਵੈਰੀ ਨਹੀਂ ਹੈ। ਜੋ ਉਸ ਨੂੰ ਬਦਲੇ ਲੈਣ ਵਾਲਾ, ਅਰਥਾਤ ਜੱਬਾਰ ਤੇ ਕਹਾ ਮੰਨੀਏ ਤਾਂ ਭੈ ਤੇ ਨਿਰਾਸਤਾ ਵਧਦੀ ਹੈ। ਜੇ ਤਾਂ

Sri Satguru Jagjit Singh Ji eLibrary NamdhariElibrary@gmail.com

ਮਤਲਬ ਫਲ ਪ੍ਰਦਾਤਾ ਹੋਵੇ ਤਾਂ ਸੁਖ ਹੈ, ਪਰ ਜੇ ਐਵੇਂ ਨਿਰਾ ਸਖ਼ਤੀ ਕਰਨੇ ਦਾ ਭਾਵ ਲੀਤਾ ਜਾਵੇ ਤਾਂ ਵਿੱਥ ਵਧਦੀ ਹੈ। ਗੁਰੂ ਬਾਣੀ ਵਿਚ ਨਿਰਵੈਰ ਆਖਕੇ ਉਸ ਨੂੰ ਅਕਾਰਣ ਸਖ਼ਤੀ ਕਰਨੇ ਵਾਲਾ ਅਵਗੁਣ ਤੋਂ ਪਾਕ ਦੱਸਿਆ ਹੈ। ਉਸ ਦਾ ਆਪਣਾ ਸਰੂਪ ਪ੍ਰੇਮ ਹੈ:-

ਆਪੇ ਪ੍ਰੀਤ ਪ੍ਰੇਮ ਪਰਮੇਸ੍ਵਰ ਕਰਮੀ ਮਿਲੈ ਵਡਾਈ॥ ਅਹਿਨਿਸੀ ਜੀਆ ਦੇਖਿ ਸਮਾਲੈ ਸੁਖੁ ਦੁਖੁ ਪੁਰਬਿ ਕਮਾਈ॥ ਅਰਥਾਤ ਆਪ ਤਾ ਪਰਮੇਸ੍ਵਰ ਦਾ ਸਰੂਪ ਪ੍ਰੀਤ ਤੇ ਪ੍ਰੇਮ ਹੈ, ਜਿਸ ਦਾ ਪਰਤੱਖ ਸਬੂਤ ਇਹ ਹੈ ਕਿ ਰਾਤ ਦਿਨੇ ਜੀਵਾਂ ਦੀ ਦੇਖ ਭਾਲ ਤੇ ਸੰਭਾਲ ਕਰਦਾ ਹੈ, ਫੇਰ ਸਾਨੂੰ ਜੋ ਵਡਾਈ ਤੇ ਦੁਖ ਸੁਖ ਮਿਲਦਾ ਹੈ ਉਹ ਕੀ ਹੈ? ਫਰਮਾਉਂਦੇ ਹਨ:-

ਸੁਖੁ ਦੁਖੁ ਪੁਰਬ ਜਨਮ ਕੇ ਕੀਏ॥ ਵਾਰੀ ਖਸਮੁ ਕਢਾਏ ਕਿਰਤੁ ਕਾਮਵਣਾ॥

ਸਾਨੂੰ ਸਾਡੇ ਪੂਰਬਲੇ ਕਰਮਾਂ ਕਰਕੇ ਸੁਖ ਦੁਖ ਤੇ ਵਡਾਈ ਮਿਲਦੀ ਹੈ। ਸੋ ਗੁਰਮਤਿ ਦਾ ਪਰਮੇਸ੍ਵਰ ਸ਼ੱਤ੍ਰਤਾ ਤੋਂ, ਵੈਰ ਭਾਵ ਤੋਂ ਰਹਿਤ ਹੈ। ਜਦ ਦੁਖ ਪੀੜਾ ਆਵੇ ਤਾਂ ਪਰਮੇਸ੍ਵਰ ਦੇ ਕਿਸੇ ਵੈਰ ਭਾਵ ਤੋਂ ਨਹੀਂ ਸਮਝਣਾ ਚਾਹੀਏ, ਉਹ ਆਪਣੇ ਕੀਤੇ ਦਾ ਫਲ ਸਮਝਣਾ ਠੀਕ ਹੈ।

ਨਰਾਇਣ ਨਿਦਸਿ ਕਾਇ ਭੂਲੀ ਗਵਾਰੀ॥
ਦੁਦ੍ਰਿਤ ਸੁਕ੍ਰਿਤ ਬਾਰੋ ਕਰਮੁ ਰੀ॥
ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥
ਸਿਰਿ ਸਿਰਿ ਸੁਖ ਸਹਮਾ ਦੇਹਿ ਸੁਤੁ ਭਲਾ॥
ਦਦੈ ਦੋਸੁ ਨ ਦੇਊ-ਕਿਸੇ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨਾ ਦੀਜੈ ਅਵਰ ਜਨਾ॥21॥

ਸਾਧਨ ਪੱਖ- ਗੁਰੂ ਨਾਨਕ ਦੇਵ ਜੀ ਨੇ ਇਕ ਇਹ ਅਸੂਲ ਬੀ ਦੱਸਿਆ ਹੈ:-ਜੈਸਾ ਸੇਵੈ ਤੈਸੋ ਹੋਇ॥

ਇਸ ਅਨੁਸਾਰ ਸਮਝ ਪਈ ਕਿ ਨਿਰਭਉ ਦਾ ਸੇਵਨਹਾਰ ਨਿਰਭਉ ਹੋ ਜਾਂਦਾ ਹੈ। ਤਿਵੇਂ ਨਿਰਵੈਰ ਦਾ ਉਪਾਸ਼ਕ ਨਿਰਵੈਰੁ ਹੋ ਜਾਂਦਾ ਹੈ। ਇਸ ਪਰ ਚੌਥੇ ਸਤਿਗੁਰਾਂ ਦੱਸਿਆ:-

ਸੰਤ ਗੁਰੂ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੋ ਸੋਇ॥

ਫੇਰ ਪੰਜਵੇਂ ਸਤਿਗੁਰਾਂ ਫੁਰਮਾਇਆ ਹੈ:- *ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥*

ਹੇ ਰਬ ਜੀ ਤੁਸੀਂ ਨਿਰਵੈਰ ਹੋ, ਤੁਹਾਡੇ ਉਪਾਸਕ ਸੰਤ ਤੁਹਾਡੀ ਉਪਾਸਨਾ ਕਰਕੇ ਵੈਰ ਭਾਵ ਤੋਂ ਨਿਰਮਲ ਹੋ ਗਏ ਹਨ।

ਐਸੇ ਕਿ ਉਨ੍ਹਾਂ ਦੇ ਦਰਸ਼ਨ ਤੋਂ ਪਾਪ ਦੂਰ ਹੁੰਦੇ ਹਨ:-*ਜਿਨ ਦੇਖੇ ਸਭ ਉਤਰਹਿ ਕਲਮਲ॥*

ਨਾਲ ਅਭਿਆਸੀ ਵਾਹਿਗੁਰੂ ਨੂੰ ਤਾਂ ਨਿਰਵੈਰ ਸਮਝੇ ਤੇ ਆਪਣੇ ਆਪ ਨੂੰ ਬੀ ਜੀਵਾਂ ਨਾਲ ਕਿ ਸਾਈਂ ਨਾਲ ਵੈਰ ਭਾਵ ਵਿਚ ਨਾ ਲਿਜਾਵੇ, ਕਿਉਂਕਿ ਨਿਰਵੈਰ ਨਾਲ ਵੈਰ ਕੀਤਿਆਂ ਵੈਰ ਆਪਣੇ ਤੇ ਪੈਂਦਾ ਹੈ। ਜਿਵੇਂ ਅਕਾਸ਼ ਜੋ ਨਿਰਵੈਰ ਤੇ ਅਰਸ਼ ਹੈ ਉਸ ਨੂੰ ਤੀਰ ਮਾਰਿਆਂ ਆਪਣੇ ਤੇ ਪੈਂਦਾ ਹੈ:-

ਸਰ ਸੰਧੇ ਆਗਾਸ ਕਉ ਕਿਉਂ ਪਹੁੰਚੇ ਬਾਣੁ॥ ਅਗੈ ਓਹੁ ਅੰਗਮੁ ਹੈ ਵਾਹੇਗੁਰੂ ਜਾਣੁ॥
ਪੰਜਵੇਂ ਸਤਿਗੁਰੂ ਜੀ ਨੇ ਫੁਰਮਾਯਾ:- ਨਿਰਵੈਰ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ॥

Sri Satguru Jagjit Singh Ji eLibrary NamdhariElibrary@gmail.com

ਸੋ ਵਾਹਿਗੁਰੁ ਪ੍ਰੇਮੀ ਆਪਣੇ ਨਾਲ ਨਿਰਵੈਰ ਵਾਹਿਗੁਰੂ ਦੇ ਗੁਣ ਗਾਉਂਦਾ ਆਪ ਨੂੰ ਨਿਰਵੈਰ ਬਨਾਉਣ ਦਾ ਜਤਨ ਕਰਦਾ ਰਹੇ। ਵੈਰ ਭਾਵ ਨਾਲ ਆਪਣਾ ਅੰਦਰ ਸੜਦਾ ਰਹਿੰਦਾ ਹੈ, ਉਥੇ ਨਾਮ ਦਾ ਰਸ ਨਹੀਂ ਪੈਦਾ। ਇਸ ਲਈ ਗੁਰੂ ਜੀ ਨੇ ਵੈਰ ਕਰਨ ਤੋਂ ਵਰਜਿਆ ਹੈ:- *ਵਾਹਾ ਵਰੁਨ ਕਰੀਐ ਕਾਹੂ॥ ਘਟ ਘਟ ਅੰਤਰਿ ਬ੍ਰਹਮ ਸਮਾਹੁ॥ ਗੁਰਮੁਖਿ ਵੈਰ ਵਿਰੋਧ ਗਵਾਵੈ॥*

ਦੂਸਰੇ, ਜੋ ਪਰਮੇਸ੍ਵਰ ਨੂੰ ਵੈਰ ਲੈਣ ਵਾਲਾ ਕਿ ਗੁੱਸੇ ਵਾਲਾ ਕਿ ਬਦਲੇ ਲੈਣ ਵਾਲਾ ਸਮਝ ਲਵੀਏ ਤਾਂ ਆਪਣੇ ਅੰਦਰ ਇਕ ਸ਼ੰਕਾ ਯਾ ਸੰਗ ਪੈਦਾ ਹੋ ਜਾਂਦੀ ਹੈ, ਉਹ ਵਾਹਿਗੁਰੂ ਜੀ ਵਲ ਲੱਗਣ ਨਹੀਂ ਦੇਂਦੇ। ਜੋ ਉਸ ਨੂੰ ਨਿਰਵੈਰ ਤੇ ਪ੍ਰੇਮ ਮੂਰਤੀ ਸਮਝ ਲਵੀਏ ਤਾਂ ਉਸ ਦੀ ਭਗਤੀ ਪ੍ਰੇਮ ਨੂੰ ਜੀ ਕਰ ਆਉਂਦਾ ਹੈ। ਬਾਵਜੂਦ ਆਪਣੇ ਅਵਗੁਣੀ ਹੋਣ ਦੇ ਤੇ ਗੁਨਹਾਗਾਰ ਹੋਣ ਦੇ ਫੇਰ ਪ੍ਰਾਰਥਨਾ ਕਰਨ ਵਿਚ, ਬਾਣੀ ਪੜਨ ਵਿਚ ਕਿ ਸਤਿਸੰਗ ਕਰਨ ਵਿਚ ਦਿਲ ਵਿਚ ਸੰਗ ਨਹੀਂ ਆ ਅਟਕਾਰਨ ਪਾਉਂਦੀ। ਸਾਈਂ ਨਿਰਵੈਰ ਹੈ, ਪ੍ਰੇਮ ਮੂਰਤ ਹੈ, ਪਿਤਾ ਤੇ ਮਾਤਾ ਹੈ, ਅਸੀਂ ਭੁੱਲਣਹਾਰ ਬੱਚੇ ਹਾਂ, ਉਹ ਸਦਾ ਗਲੁ ਲਾਉਣ ਨੂੰ ਤਯਾਰ ਹੈ, ਜਿਵੇਂ ਮਾਂ ਮੈਲੇ ਕੁਚੈਲੇ ਪੁਤ੍ਰ ਨੂੰ ਤ੍ਰਾਹ ਨਹੀਂ ਦਿੰਦੀ, ਝਿੜਕ ਕੇ ਪੁੱਤ ਨੂੰ ਫੇਰ ਗਲ ਲਾ ਲੈਂਦੀ ਹੈ। ਸੋ ਜਗਯਾਸੂ ਨੂੰ ਐਉਂ ਅਰਦਾਸ ਕਰਨੀ ਚਾਹੀਦੇ। ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ।

ਇਹ ਸ਼ੰਕਾ ਬੀ ਨਹੀਂ ਕਰਣੀ ਚਾਹੀਦੀ ਕਿ ਕਰਤਾ ਪੁਰਖ ਨਿਆਇਕਾਰੀ ਹੈ ਉਹ ਸਾਡੇ ਪਾਪਾਂ ਦੇ ਬਦਲੇ ਦੰਡ ਦੇਵੇਗਾ। ਜੇ ਦੰਡ ਨਾ ਦੇਵੇ ਤੇ ਬਖਸ਼ ਦੇਵੇ ਤਾਂ ਨਿਆਇਕਾਰੀ ਨਹੀਂ ਰਹਿਗੇ। ਇਸ ਤਰ੍ਹਾਂ ਦੇ ਖਯਾਲ ਇਸ ਭੁੱਲ ਤੇ ਮਥਨੀ ਹਨ ਕਿ ਅਸੀਂ ਉਸ ਦੀ ਸਰਬ ਸ਼ਕਤੀ-ਮਾਨਤਾ ਨੂੰ ਭੁੱਲ ਜਾਦੇ ਹਾਂ। ਉਹ ਫਲ ਪ੍ਰਦਾਤਾ ਹੈ, ਉਹ ਨਿਆਇਕਾਰੀ ਹੈ। ਪਰ ਉਹ ਪ੍ਰੇਮ ਸਰੂਪ ਹੈ ਤੇ ਸਰਬ ਸ਼ਕਤੀਮਾਨ ਹੈ। ਕੋਈ ਹਦ ਬੰਦੀ ਉਸ ਦੀ ਸਰਬ ਸ਼ਕਤੀਮਾਨਤਾ ਨੂੰ ਹਦ ਬੰਦੀ ਵਿਚ ਨਹੀਂ ਲਿਆ ਸਕਦੀ, ਜੇ ਲੈ ਆਪੇ ਤਾਂ ਉਹ ਬੇਹਦ, ਅਨੰਤ ਤੇ ਅਨੰਤ ਸ਼ਕਤੀਆਂ ਦਾ ਮਾਲਕ ਕਿਵੇਂ ਰਿਹਾਂ? ਇਨਸਾਨੀ ਪ੍ਰਬੰਧ ਵਿਚ ਹੀ ਦੇਖ ਲਓ ਕਿ ਅਦਾਲਤਾਂ ਦੇ ਅਦਾਲਤਾਂ ਉਤੇ ਪਾਤਸ਼ਾਹ ਦਾ ਰਹਿਮ ਹਾਵੀ ਹੈ। ਉਹ ਚਾਹੇ ਤਾਂ ਅਦਾਲਤਾ ਦੇ ਦੰਡਿਆਂ ਨੂੰ ਬਖਸ਼ ਦੇਂਦਾ ਹੈ। ਇਸ ਕਰਕੇ ਗੁਰੂ ਜੀ ਨੇ ਫੁਰਮਾਇਆ ਹੈ:

ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ॥ ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਵੈ ਤਿਸਹਿ ਨਿਵਾਜੇ ਰੇ। ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ॥ ਪੁਨਾ- ਜਾ ਕਉ ਅਪੁਨੀ ਕਰੇ ਬ੍ਰਖਸੀਸ॥ ਤਾਕਾ ਲੇਖਾ ਨ ਗਲੈ ਜਗਦੀਸ॥ ਅਕਾਲ ਮੂਰਤਿ (ਅਨਹੀਂ। ਕਾਲ +੧ ਸਮਾਂ) ਅਕਾਲ ਕਾਲ ਰਹਿਤ। ਮੂਰਤਿ ਵਜੂਦ, ਸਰੂਪ। ਹੋਂਦ। ਹਸਤੀ।

ਉਹ ਹੋਂਦ ਜੋ ਕਾਲ ਦੇ ਅਸਰ ਹੇਠ ਨਹੀਂ। ਜਿਸ ਦਾ ਵਿਨਾਸ਼ ਕਾਲ ਨਹੀਂ ਕਰ ਸਕਦਾ। ਗੁਰੂ ਨਾਨਕੋ ਵਾਚ: *ਤੂ ਅਕਾਲ ਪੁਰਖੁ ਨਾਹੀਂ ਸਿਰਿ ਕਾਲਾ॥*

ਗੁਰੂ ਅਰਜਨ ਦੇਵ ਜੀ ਦਾ ਵਾਕ ਹੈ: *ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥*

ਅਕਾਲ ਮੂਰਤਿ ਉਹ ਹੈ ਜੋ ਹੈ ਤੇ ਸਦਾ ਹੋਵੇਗੇ॥ ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ॥

ਦਸਮੇ ਪਾਤਸ਼ਾਹ ਜੀ ਨੇ ਵਾਕ ਕੀਤਾ ਹੈ: ਕਾਲ ਰਹਿਤ ਅਨਕਾਲ ਸਰੂਪਾ॥

Sri Satguru Jagjit Singh Ji eLibrary NamdhariElibrary@gmail.com

ਜੋ ਕਾਲ ਤੋਂ ਰਹਿਤ ਹੈ, ਪਰ ਜਿਸ ਦਾ ਸਰੂਪ ਕਾਲ ਤੋਂ ਪਰੇ ਹੈ ਉਹ ਅਕਾਲ ਹੈ।

ਜਿਸ ਦਾ ਆਦਿ ਹੋਵੇ ਉਸ ਦਾ ਅੰਤ ਬੀ ਹੁੰਦਾ ਹੈ, ਸੋ ਜਿਸ ਨੂੰ ਗੁਰੂ ਜੀ ਨੇ 'ਅਨਾਦਿ' ਆਖਿਆ ਉਸ ਦਾ ਅੰਤ ਨਹੀਂ। ਜਿਸ ਦਾ ਨਾ ਆਦਿ ਹੈ ਨਾ ਅੰਤ ਹੈ। ਉਹ ਦੋਹਾਂ ਸਿਰਿਆ ਤੋਂ 'ਕਾਲ ਸੁਤੰਤ੍ਰ' ਹੈ। ਉਹ ਸਭ ਦਾ 'ਆਦਿ' ਹੈ, ਉਸ ਤੋਂ ਸਾਰੇ ਹੋਏ। ਜੋ ਹੋਏ ਉਹਨਾਂ ਦਾ ਆਦਿ ਹੈ, ਆਦਿ ਦਾ ਅੰਤ ਬੀ ਹੈ ਸੋ ਉਹਨਾ ਸਭਨਾਂ ਦੇ ਸਿਰ ਕਾਲ ਹੈ: ਜੋ ਉਪਜੈ ਸੋ ਕਾਲਿ ਸੰਘਰਿਆ॥

ਓਹ 'ਅਕਾਲ' ਨਹੀਂ ਹਨ। ਚਾਹੋ ਓਹ ਮਹਾਨ ਵਯਕਤੀਆਂ ਹੋਣ ਸਭ ਕਾਲ ਦੇ ਵੱਸ ਹਨ। ਯਥਾ- *ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ॥*

ਸੋ ਅਕਾਲ-ਮੂਰਤਿ ਸਿਵਾ '੧ਓ ਸਤਿਨਾਮੁ ਕਰਤਾ ਪੁਰਖੁ' ਦੇ ਕੋਈ ਨਹੀਂ। ਇਸ ਲਈ 'ਅਕਾਲ ਮੂਰਤਿ' ਕਹਿਣੇ ਤੇ ਕਾਗਜ਼ ਕਿ ਕੱਪੜੇ ਕਿ ਕੰਧਾਂ ਤੇ ਚਿਤਰੀਆਂ ਮੂਰਤਾਂ, ਪੱਥਰਾਂ ਤੇ ਉੱਕਰੀਆਂ ਤੇ ਧਾਤੂਆਂ ਵਿਚ ਢਾਲੀਆਂ ਮੂਰਤੀਆਂ, ਮਾਤਾ ਦੇ ਉਦਰ ਤੋਂ ਉਪਜੀਆਂ ਸਾਧਾਰਣ ਕਿ ਚਮਤਕਾਰੀ ਸੂਰਤ ਮੂਰਤਾਂ ਕਿ ਸੂਰਤ ਤੋਂ ਅਮੂਰਤ ਅਦ੍ਰਿਸ਼ਯ ਹਸਤੀਆ ਚਾਹੋ ਕਿਤਨੀਆਂ ਵੱਡੀਆਂ ਹੋਣ: ਇਸ ਮੂਲ-ਮੰਤ ਦਾ ਲਕਸ਼ ਹੋਣ ਤੇ ਵਰਜਿਤ ਹੋ ਗਈਆਂ।

ਅਕਾਲ-ਮੂਰਤਿ ਦਾ ਅਰਥ- ਮੌਤ ਰਹਿਤ ਹਸਤੀ ਬੀ ਕਰਦੇ ਹਨ, ਅਰਥਾਤ ਜੋ ਕਦੇ ਮੌਤ ਯਾ ਨਾਸ਼ ਨੂੰ ਪ੍ਰਾਪਤ ਨਹੀਂ ਹੁੰਦਾ। ਕਾਲ ਦਾ ਅਰਥ ਮੌਤ, ਕਾਲ ਦੇ ਅਰਥ 'ਸਮਾਂ' ਦੇ ਅੰਤਰਗਤਿ ਹੈ। ਕਾਲ (ਸਮਾਂ) ਆਦਿ, ਅੰਤ ਤੇ ਮੱਧ, ਤ੍ਰੈ ਵੰਡਾਂ ਵਿਚ, ਆਪ ਨੂੰ ਪ੍ਰਤੀਤੀ ਕਰਾਉਂਦਾ ਹੈ। ਸੋ ਕਾਲ ਜਦ 'ਅੰਤ' ਵਿਚ ਆਪਣਾ ਆਪ ਦਿਖਾਲਦਾ ਹੈ ਤਾਂ ਅਰਥ 'ਮੌਤ' ਹੋ ਜਾਂਦੀ ਹੈ: ਇਉਂ 'ਕਾਲ' ਪਦ ਦਾ 'ਮੌਤ' ਅਰਥ 'ਕਾਲ' ਪਦ ਦੇ 'ਸਮਾਂ' ਅਰਥ ਦੇ ਅੰਤਰਗਤਿ ਹੈ ਤੇ ਇਉਂ ਦੁਏ ਅਰਸ਼ ਅਨੁਕੂਲਤਾ ਵਿਚ ਹਨ।

ਅਕਾਲ ਕਹਿਕੇ ਮੂਰਤਿ ਪਦ ਨਾਲ ਲਿਖਣਾ ਇਸ ਵਾਸਤੇ ਸਹੀ ਹੁੰਦਾ ਹੈ, ਕਿ ਅਕਾਲ ਹੋਣੇ ਕਰਕੇ ਓਹ 'ਅਣਹੋਂਦ' ਨਹੀਂ ਹੋ ਜਾਂਦਾ। ਕਈ ਕਾਲ (ਸਮਾਂ) ਨੂੰ ਹੀ ਨਿੱਤ ਮੰਨਦੇ ਹਨ। ਦਸਮ ਗੁਰੂ ਜੀ ਨੇ ਏਸੇ ਕਰਕੇ 'ਕਾਲ ਰਹਿਤ ਅਨਕਾਲ ਸਰੂਪ' ਆਖਿਆ, ਕਿ ਉਹ ਕਾਲ ਰਹਿਤ ਹੈ ਅਨਕਾਲ ਅਰਥਾਤ ਅਕਾਲ ਹੈ ਪਰ ਸਰੂਪ ਹੈ, ਹਸਤੀ ਹੈ, ਹੋਂਦ ਹੈ। ਇਹੋ ਭਾਵ 'ਅਕਾਲ ਮੂਰਤਿ' ਪਦ ਦਾ ਹੈ ਕਿ ਕਾਲ ਰਹਿਤ ਹੈ, ਪਰ ਹੋਂਦ, ਅਰਥਾਤ ਹਸਤੀ ਹੈ।

ਸਾਧਨ ਪੱਖ- ਕਾਲ ਦਾ ਦੁੱਖ ਮੂਲ ਦੁੱਖ ਹੈ। ਇਸ ਤੋਂ ਬਚਣ ਲਈ ਹਠ-ਜੋਗੀਆਂ ਨੇ ਕਾਲ ਬੰਚਨ ਆਦਿ ਕ੍ਰਿਯਾ ਕਰ ਕਰ ਕੇ ਉਮਰਾਂ ਵਧਾਈਆਂ ਪਰ ਓਹ ਅੰਤ ਕਾਲ ਨੇ ਗ੍ਰਸੇ। ਗੁਰੂ ਜੀ ਨੇ ਇਸ ਲਈ ਫੁਰਮਾਇਆ ਕਿ ਕਾਲ ਦੀ ਸਰਕਾਰ ਵਿਚੋਂ ਨਿਕਲ ਜਾਣਾ ਤਾਂ ਠੀਕ ਸਿਆਣਪ ਹੈ ਪਰ ਉਸ ਦਾ ਦਾਰੂ ਯਾ ਸਾਧਨ ਏਹ ਦੱਸਿਆ:- *ਅਕਾਲ ਮੂਰਤਿ ਰਿਦੈ ਧਿਆਇੰਦਾ ਦਿਨੁ ਰੈਣਿ ਜਪੰਥਾ॥*

ਫੇਰ ਫੁਰਮਾਇਆ: ਕਾਲੈ ਕਵਲੁ ਨਿਰੰਜਨੁ ਜਾਣੈ॥ ਜੋ ਨਿਰੰਜਨ ਅਕਾਲ ਨੂੰ ਜਾਣ ਲਵੇ ਉਹ ਕਾਲ ਨੂੰ ਗ੍ਰਾਹੀ ਕਰਕੇ (ਖਾ ਜਾਂਦਾ ਹੈ), ਭਾਵ ਉਹ ਕਾਲ ਬਿਜਈ ਹੋ ਜਾਂਦਾ ਹੈ। ਇਸ ਦਾ ਇਹ ਅਰਥ ਨਹੀਂ ਕਿ ਸਰੀਰ ਨਹੀਂ ਮਰਦਾ, ਪਰ ਇਹ ਹੈ ਕਿ ਜਨਮ ਮਰਨ ਰਹਿਤ ਹੋ ਜਾਂਦਾ ਹੈ।

ਪਰ ਕਾਲ ਕੀਕੂੰ ਘੇਰਦਾ ਹੈ ਜੀਵਾਂ ਨੂੰ? ਇਹ ਜਾਣਕੇ ਦਾਰੂ ਖਾਣਾ ਵਧੀਕ ਛੇਤੀ ਅਸਰ ਕਰੇਗਾ।

Sri Satguru Jagjit Singh Ji eLibrary NamdhariElibrary@gmail.com

ਕਾਲੁ ਜਾਲੁ ਜਿਹਵਾ ਅਰੁ ਨੈਣ॥ ਕਾਨੀ ਕਾਲੁ ਸੁਣੇ ਬਿਖੁ ਬੈਣ॥

ਕਾਲ ਆਪਣਾ ਜਾਲ ਸਾਡੀ ਜੀਭ, ਸਾਡੇ ਅੱਖਾਂ ਥਾਂਈ ਸਾਡੇ ਤੇ ਸੁਟਦਾ ਰਹਿੰਦਾ ਹੈ। ਕੰਨਾਂ ਨਾਲ ਵਿਹਲੇ ਵਾਕ ਸੁਣਨੇ ਬੀ ਕਾਲ ਜਾਲ ਨੂੰ ਸੱਦੇ ਦੇਣੇ ਹਨ। ਭਾਵ ਰਸ ਕਸ ਵਿਚ ਫਸੇ ਰਹਿਣਾ, ਮੰਦ ਦ੍ਰਿਸਟੀਆਂ ਵਿਚ ਤੇ ਜ਼ਹਿਰੀਲੇ ਅਸਰ ਵਾਲੇ ਵਾਕਾਂ ਦੇ ਸੁਣਨੇ ਵਿਚ ਜੋ ਰਚੇ ਰਹਿਣਾ ਹੈ, ਇਹ ਕਾਲ ਜਾਲ ਆਪਣੇ ਤੇ ਲੈਣਾ ਹੈ। ਇਨ੍ਹਾਂ ਵਿਕਾਰਾਂ ਤੋਂ ਆਪ ਨੂੰ ਹੋੜ ਅਓ ਤੇ ਅਕਾਲ-ਮੂਰਤਿ ਹਰੀ ਦਾ ਨਾਮ ਰਿਦੇ ਧਾਰਨ ਕਰੋ:- ਅਕਾਲ ਮੂਰਤਿ ਰਿਦੈ ਧਿਆਇਆ ਦਿਨੁ ਰਣਿ ਜਪੰਥਾ ॥

ਹਾਂ ਜੀ: ਹਿਰਣੇ ਸਾਚੁ ਵਸੈ ਹਰਿ ਨਾਇ॥ ਕਾਲੁ ਨ ਜੋਹਿ ਸਕੇ ਗੁਣ ਗਾਇ॥ ਨਾਨਕ ਗੁਰਮੁਖਿ ਸਬਦਿ ਸਮਾਇ॥ 9 ॥ 14॥

ਐਉਂ ਜੋ 'ਸਤਯ' ਦੇ ਘਰ ਵਿਚ ਟਿਕ ਜਾਵੇ, ਕਾਲ ਬਿਜਈ ਹੋ ਜਾਏ, ਜਨਮ ਮਰਨ ਰਹਿਤ ਹੋ ਜਾਏ:-

ਸਚ ਘਰਿ ਏਸੇ ਕਾਲੁ ਨ ਜੋਹੇ॥ ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ॥

ਲਿਵ ਵਾਲੇ ਪੁਰਖ ਜੀਉਂਦੇ ਜੀ ਵਾਹਿਗੁਰੂ ਨੂੰ ਪ੍ਰਾਪਤ ਹੁੰਦੇ ਹਨ, ਇਸ ਕਰਕੇ ਅਮਰ ਹੋਏ ਹੁੰਦੇ ਹਨ, ਜਮ ਨੇੜੇ ਨਹੀਂ ਫਟਕਦਾ, ਜਦ ਓਹ ਚੋਲਾ ਛੱਡਦੇ ਹਨ ਓਹ ਪ੍ਰਭੂ ਨੂੰ ਪ੍ਰਾਪਤ ਹੋਣੇ ਹੋਏ, ਉਸ ਨੂੰ ਪ੍ਰਾਪਤ ਰਹਿੰਦੇ ਹਨ, ਸੋ ਕਾਲ ਦੇ ਵੱਸ ਨਹੀਂ ਪੈਂਦੇ।

'ਅਜੂਨੀ' ਸੈਭੰ: ਅਯੋਨਿ। ਪੰ: ਅਜੋਨਿ, ਅਜੋਨੀ, ਅਜੂਨੀ। ਅਲ਼ਯੋਨਿ ਜਿਸ ਦੀ ਹੋਂਦ ਦਾ ਕਾਰਣ ਕੋਈ ਨਹੀਂ। ਜਿਸ ਦੀ ਹੋਂਦ ਦਾ ਕਾਰਣ ਨਹੀਂ ਹੈ। ਅਕਾਰਣ। ਜੋ ਜੂਨ, ਜਨਮ ਮਰਨ ਤੋਂ ਰਹਿਤ ਹੈ। ਪਰਮੇਸ਼ੁਰ ਦੇ ਵਜੂਦ ਦਾ ਕਾਰਣ ਕੋਈ ਨਹੀਂ, ਉਹ ਆਪ ਕਾਰਣਾਂ ਦਾ ਕਾਰਣ ਹੈ। ਜੇ ਉਸ ਦਾ ਉਹ ਕੋਈ ਕਾਰਣ ਹੋਵੇ ਤਾਂ ਉਹ ਬੀ ਪਾਣਾਮੀ ਹੋ ਜਾਵੇ। ਉਹ ਸਦਾ ਸਤਯ ਹੈ, ਇਸ ਕਰਕੇ ਉਹ ਪ੍ਰਾਣਾਮ ਨਹੀਂ; ਉਸ ਦਾ ਕਾਰਣ ਕੋਈ ਨਹੀਂ, ਉਹ ਸਭ ਕਾਰਣਾਂ ਦਾ ਕਾਰਣ ਆਪ ਹੈ, ਯਥਾ:-ਤੁਮੁ ਸਮਰਥਾ ਕਾਰਨ ਕਰਨ॥ ਪੁਨਾ- ਕਰਣ ਕਾਰਣ ਏਕ ਓਹੀ ਜਿਨਿ ਕੀਆ ਆਕਾਰੁ॥ ਉਸ ਨੂੰ ਕਰਤਾ ਆਖਕੇ ਕਾਰਣ ਵਸੁ ਦੇ ਵੱਸ ਦੱਸਿਆ ਹੈ:-ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥

ਜੋ ਸਭ ਦਾ ਕਾਰਣ ਹੈ ਉਹੀ ਕਿਸੇ ਦਾ ਕਾਰਯ ਬੀ ਨਹੀਂ ਹੋ ਸਕਦਾ। ਅਜੂਨੀ ਦਾ ਅਰਥ ਜਨਮ ਰਹਿਤ ਬੀ ਹੈ। ਜਿਸ ਦੀ ਹੋਂਦ ਦਾ ਕਾਰਣ ਕੋਈ ਨਹੀਂ ਉਹ ਜਨਮ ਵਿਚ ਆ ਹੀ ਨਹੀਂ ਸਕਦਾ। ਉਹ ਜਨਮ ਮਰਨ ਤੋਂ ਸੰਤਤ੍ਰ ਹੈ। ਇਸ ਅਰਥ ਪਹਿਲੇ-ਅਕਾਰਣ-ਅਰਥ ਦੇ ਪ੍ਰਤਿਕੂਲ ਨਹੀਂ ਹੈ।

ਜੋ ਜਨਮ ਤੋਂ ਰਹਿਤ ਹੈ ਉਹ ਮਰਨ ਤੋਂ ਬੀ ਰਹਿਤ ਹੈ, ਸੋ ਜਨਮ ਜੂਨ ਤੇ ਮਰਣ ਤੋਂ ਰਹਿਤ ਹੋਣੇ ਬਾਬਤ ਸਤਿਗੁਰੂ ਜੀ ਦਾ ਵਾਕ ਹੈ:-*ਜਨਮ ਮਰਣਿ ਨਹੀਂ ਧੰਧਾ ਧੰਧੁ॥ ਜਨਮ ਮਰਣ ਤੇ ਰਹਿਤ ਨਾਰਾਇਣ॥ ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ॥ 3॥ ਜਨਮਿ ਨ ਮਰੈ ਨ ਆਵੈ ਨ ਜਾਇ॥ ਨਾਨਕ ਕਾ ਪ੍ਰਭੁ ਰਹਿਓ ਸਮਾਇ॥*

Sri Satguru Jagjit Singh Ji eLibrary NamdhariElibrary@gmail.com

ਓਸ ਸਾਰੇ ਜੋ ਜਨਮ ਜੂਨਿ ਵਿਚ ਆਏ ਤੇ ਆਪ ਓਹ ਕਾਰਣ ਕਰਣ ਨਹੀਂ ਸਨ ਫਿਰ ਕਰਤਾਰ ਮੰਨੇ ਜਾਂਦੇ ਸਨ। ਇਸ ਮੂਲ-ਮੰਤ ਦੇ ਲਕਸ਼ ਹੋਣ ਤੋਂ ਬਾਹਰ ਹੋ ਗਏ। ਦਸਵੇਂ ਪਾਤਸ਼ਾਹ ਜੀ ਦਾ ਵਾਕ ਹੈ:-

ਬਿਨੁ ਕਰਤਾਰ ਨ ਕਿਰਤਮ ਮਾਨੋ॥ ਆਦਿ ਅਜੋਨਿ ਅਜੈ ਅਬਿਨਾਸੀ ਤਿਤਿ ਪਰਮੇਸ਼ੁਰ ਜਾਨੋ॥

ਸਾਧਨ ਪੱਖ- ਅਕਾਲ ਪੁਰਖ ਅਜੋਨੀ ਹੈ, ਜਨਮ ਮਰਣ ਤੋਂ ਰਹਿਤ ਹੈ, ਜੀਵ ਜਨਮ ਮਰਣ ਵਿਚ ਹੈ। ਜਨਮ ਮਰਨ ਬੜਾ ਦੁੱਖ ਹੈ:-

ਜਨਮ ਮਰਣ ਕਾ ਦੁਖੁ ਘਣੋਨਿਤ ਸਰਸਾ ਦੋਈ॥

ਇਸ ਦੁਖ ਦੀ ਨਵਿਰਤੀ ਲਈ ਤੇ ਸਦਾ ਸੁਖ ਦਸ਼ਾ ਵਿਚ ਰਹਿਣ ਲਈ ਪਰਮਾਰਥ ਧਾਰਨ ਕਰੀਦਾ ਹੈ। ਗੁਰਮਤ ਸਿੱਖਲਾਂਦੀ ਹੈ ਕਿ ਅਜੋਨੀ ਤੇ ਜਨਮ ਮਰਣ ਤੋਂ ਰਹਿਤ ਅਕਾਲ ਦੀ ਆਰਾਧਨਾ ਕਰੋ ਜੋ ਜਨਮ ਦਾ ਕਾਰਣ ਤ੍ਰਿਸ਼ਨਾ ਵਾਸ਼ਨਾ ਮਿਟ ਜਾਵੇ। ਤੇ ਤੁਸੀਂ ਸੁਖੀ ਹੋ ਜਾਓ। ਉਸ ਦੀ ਅਰਾਧਨਾ ਦਾ ਪਹਿਲਾ ਕਰਮ ਇਹ ਦੱਸਦੇ ਹਨ:-

1. ਸਤਿਸੰਗ

ਆਵਣੁ ਜਾਵਣੁ ਤਉ ਰਹੈ ਪਾਈਐ ਗੁਰੁ ਪੂਰਾ॥
ਜੋ ਕੇ ਜਨਮ ਮਰਣ ਤੇ ਡਰੇ॥ ਸਾਧ ਜਨਾ ਕੀ ਸਰਨੀ ਪਰੈ॥

ਦੂਸਰਾ ਕਰਮ:- ਜਨਮ ਮਰਣ ਦੁਖ ਮੇਟਿਆ ਜਪਿ ਨਾਮ ਮੁਰਾਰੇ॥

2. ਨਾਮ

ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ॥
ਪੁਨਾ-ਦਮਿ ਦਮਿ ਸਦਾ ਸਮਾਲਤਾ ਦੁੰਮੁ ਨ ਬਿਰਥਾ ਜਾਇ॥
ਜਨਮ ਮਰਨ ਕਾ ਭਉ ਗਾਇਆ ਜੀਵਨ ਪਦਵੀ ਪਾਇ॥

ਜਦ ਜਨਮ ਮਰਨ ਦਾ ਭਉ ਦੂਰ ਹੋ ਗਿਆ ਤਾਂ ਜਨਮ ਮਰਣ ਹੀ ਪਰਵਾਣ ਹੋ ਗਿਆ:-

ਜਨਮਤ ਹੀ ਦੁਖੁ ਲਾਗੈ ਮਰਣਾ ਆਇਕੈ॥
ਜਨਮੁ ਮਰਣੁ ਪਰਵਾਣੁ ਰਹਿ ਗੁਣ ਗਾਇਕੈ॥

ਐਸਾ ਗੁਰਮੁਖ ਫਿਰ ਆਵਣ ਜਾਣ ਤੋਂ ਸੁੰਕੰਤ ਨਹੀਂ ਹੁੰਦਾ:-ਗੁਰਮੁਖਿ ਆਵੈ ਜਾਇ ਨਿਸੰਙੁ॥ ਕਿਉਂਕਿ ਫਿਰ ਉਸ ਦਾ ਆਉਣਾ ਜਾਣਾ ਜੋ ਹੋਵੇ ਤਾਂ ਪਰਉਪਕਾਰ ਲਈ ਹੁੰਦਾ ਹੈ ਤੇ ਹੁਕਮ ਵਿਚ ਹੁੰਦਾ ਹੈ। ਉਹ ਫਿਰ ਡਾਕਟਰ ਵਾਂਙੂ ਜੇਲ ਵਿਚ ਜਾਂਦਾ ਆਉਂਦਾ ਹੈ, ਕੈਦੀ ਵਾਙੂੰ ਨਹੀਂ ਯਥਾ:-*ਜਨਮ ਮਰਨ ਦੁਹਹੁ ਮਹਿ ਨਹੀਂ ਜਨ ਪਰਉਪਕਾਰੀ ਆਵੇ॥ ਪੁਨਾ-ਸਹਜੇ ਆਏ ਹੁਕਮੁ ਸਿਧਾਏ ਨਾਨਕ ਸਦਾ ਰਜਾਏ॥ ਘਲੈ ਆਵਹਿ ਨਾਨਕਾ ਸਦੈ ਉਠੀ ਜਾਹਿ॥*

ਸੈਭੰ: ਸ ਅਪਦਾ ਆਪ ਆਪਣੇ ਆਪ। 'ਸ' ਦਾ ਪੰਜਾਬੀ ਰੂਪ ਹੈ- ਸੈ। ਭਾ ਦੀਪ ਤੋਂ, ਭਾ ਦਾ ਅਰਥ ਹੈ ਪ੍ਰਕਾਸ਼। 'ਭਾ' ਦਾ ਹੀ ਬਣਿਆ ਹੈ: ਭੰ ਪ੍ਰਕਾਸ਼ ਆਪਦੇ ਆਪ ਹੀ ਪ੍ਰਕਾਸ਼ ਸਰੂਪ ਹੈ, ਅਰਥਾਤ ਜਯੋਤੀ ਸਰੂਪ ਹੈ ਪਰ ਆਪਦੇ ਆਪ ਕੋਈ ਹੋਰ ਪ੍ਰਕਾਸ਼ ਉਸ ਨੂੰ ਪ੍ਰਕਾਸ਼ਣ ਵਾਲਾ ਨਹੀਂ ਹੈ, ਸਗੋਂ ਸਭ ਨੂੰ ਪ੍ਰਕਾਸ਼ਣ ਵਾਲਾ ਉਹ ਆਪ ਹੈ:-*ਸਭ ਮਹਿ ਜੋਤਿ ਜੋਤਿ ਹੈ ਸੋਇ॥*

Sri Satguru Jagjit Singh Ji eLibrary NamdhariElibrary@gmail.com

ਪਰਮੇਸ਼ੁਰ ਨੂੰ ਜਯੋਤਿ ਸਰੂਪ, ਪ੍ਰਕਾਸ਼ ਸਰੂਪ, ਸੈਭੰ ਕਹਿਣ ਤੋਂ ਭਾਵ ਹੈ ਕਿ ਉਹ ਚੇਤਨ ਹੈ ਅਰ ਉਸ ਦੀ ਚੇਤਨਤਾ ਆਪਦੇ ਆਪ ਹੈ। ਜਿਵੇਂ 'ਸਤਯ' ਕਰਕੇ ਉਸ ਦੀ 'ਹੋਂਦ' ਆਪਣੇ ਆਪ ਦਾ ਸਰੂਪ ਦੱਸਿਆ ਸੀ, ਤਿਵੇਂ 'ਸੈ ਭ' ਆਖਕੇ ਉਸ ਦੀ ਚੇਤਨਾ ਉਸ ਦੀ ਸੁਤੇ ਸਿੱਧ ਦੀ ਅਣਪੀ ਦੱਸਿਆ, ਜੋ ਕਿਸੇ ਹੋਰ ਆਧਾਰ ਤੇ ਨਹੀਂ, ਸੱਚਾ ਆਪ ਜੋਤਿ ਸਰੂਪ ਹੈ: ਯਥਾ:-ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ॥

ਦਸਮ ਗੁਰੂ ਜੀ ਨੇ ਭੀ 'ਅਨਭਉ ਪ੍ਰਕਾਸ਼' ਕਹਿ ਕੇ ਉਸ ਸੂਯੰ ਪ੍ਰਕਾਸ਼ ਯਾ ਸ੍ਵਤ ਪ੍ਰਕਾਸ਼, ਦੱਸਿਆ ਹੈ। ਫਿਰ ਫੁਰਮਾਯਾ ਹੈ ਕਿ ਉਹ ਜੋਤ ਸਾਰੇ (ਸਭਨੂੰ) ਤ੍ਰਿਭਵਣ ਨੂੰ ਪ੍ਰਕਾਸ਼ ਯਾ ਸਤਹ ਪ੍ਰਕਾਸ਼ ਦੱਸਿਆ। ਫਿਰ ਫੁਰਮਾਯਾ ਕਿ ਉਹੋ ਜੋਤ ਸਾਰੇ ਰਾਮ॥ ਜੋਤਿ ਸਬਾਇਤੀਏ ਤ੍ਰਿਭਵਣ ਸਾਰੇ ਰਾਮ॥

ਦਸਮ ਪਾਤਸਾ ਜੀ ਦਾ ਵਾਕ ਹੈ:-

ਜਮੀਨ ਜਮਾਨ ਕੇ ਵਿਖੇ ਸਮਸਤ ਏਕ ਜੋਤਿ ਹੈ॥
ਨ ਘਾਟ ਹੈ ਨ ਬਾਡ ਹੈ ਨ ਘਾਟ ਬਾਡ ਹੋਤ ਹੈ॥

ਗੁਰਬਾਣੀ ਵਿਚ ਅਜੂਨੀ ਸੈਭੰ, ਅਜੂਨੀ ਸੰਭ ਇਉਂ ਪਾਠ ਬੀ ਆਇਆ ਹੈ। ਅਰਥ ਹੈ ਜੋ ਇਨਾ ਕਿਸੇ ਕਾਰਣ ਦੇ ਆਪਦੀ ਹੋਂਦ ਵਿਚ। ਇਹ ਪਾਠ ਉਸ ਦੀ ਹੋਂਦ ਦੇ ਲਖਯਕ ਹਨ, ਪਰ 'ਸੈਭੰ' ਪਦ ਉਸ ਦੇ ਕਾਸ਼-ਸਰੂਪ ਹੋਣ ਦਾ ਲਖਯਕ ਹੈ ਜਿਸ ਵਿਚ ਉਸ ਦੇ ਚੇਤਨ ਹੋਣ ਦੀ 'ਸੂੰਯ' ਆਧਾਰਤਾ ਦੱਸੀ ਹੈ, ਅਰਥਾਤ ਉਸ ਦੇ ਚੇਤਨਤਾ ਸਵਯੰ ਆਧਾਰ ਹੈ। ਪਹਲੋਂ 'ਸਤਿ' ਪਦ ਆਖਦੇ ਉਸ ਦੀ 'ਹੋਂਦ' ਤ੍ਰੈਕਾਲ ਅਬਾਧ ਦੱਸ ਆਖਦੇ ਹਨ, ਏਥੇ ਚੇਤਨਤਾ ਸੁਤੇ ਪ੍ਰਕਾਸ਼ ਦੱਸੀ। ਭਾਈ ਗੁਰਦਾਸ ਜੀ ਨੇ ਵੀ ਇਸ ਪਦ ਦਾ ਅਰਥ ਜੋਤਿ ਉਜਾਲਿਆ ਕੀਤਾ ਹੈ। ਯਥਾ:-ਸਚੁ ਨਾਸਾਣ ਆਪਾਰੁ ਉਜਾਲਿਆ। ਅਰਥਾਤ ਉਜਾਲਾ ਕਰਨੇ ਵਾਲੀ ਜੋਤਿ ਹੈ। ਪਰ ਕਈ ਦਾਨੇ ਸੈਭੰ ਦਾ ਅਰਥ ਈ ਸ੍ਵੰਭਵ (ਸਵਯੰਭੂ) ਹੀ ਕਰਦੇ ਹਨ ਕਿ ਅਯੋਨਿ-ਸੰਭਵ ਹੈ ਕਿਉਂਕਿ ਉਸ ਹੋਣ ਦਾ ਕਾਰਣ ਕੋਈ ਨਹੀਂ, ਪਰ ਇਹ ਭਾਵ ਤਾ 'ਸਤਿ' ਤੇ 'ਅਕਾਲ ਮੂਰਤਿ' ਵਿਚ ਆ ਚੁੱਕਾ ਹੈ। ਕਈ ਥਾਂਈਂ ਗੁਰਬਾਣੀ ਵਿਚ 'ਅਜੋਨੀ ਸੰਭਵਿਓ' *ਤਸ ਭਿਸ* ਹਨ। ਓਥੇ ਅਰਥ ਹੈ ਉਸ ਦੀ ਹਸਤੀ ਆਪਣੇ ਆਪ ਹੈ ਕਿਸੇ ਕਾਰਣ ਦੇ ਆਸਰੇ ਨਹੀਂ ਹੈ।

ਸਾਧਨ ਪੱਖ:-ਗੁਰੂ ਜੀ ਨੇ ਕਰਤਾ, ਪੁਰਖ ਨਿਰੰਕਾਰ ਨੂੰ ਜੋਤਿ ਸਰੂਪ ਤੇ ਜੋਤਿ ਬੀ ਕਿਹਾ ਹੈ, ਤੇ ਨਾਲ ਜੋਤਿ ਨੂੰ 'ਆਤਮਾ' ਅਰਥਾਂ ਵਿਚ ਵਰਤਿਆ ਹੈ। ਯਥਾ:-ਜੋਤੀ ਅੰਦਰਿ ਜੋਤਿ ਸਮਾਦੀ ਆਪੁ ਪਛਾਤਾ ਆਪੈ॥

ਫਿਰ ਦੱਸਿਆ ਹੈ:-*ਜੋਤੀ ਮਹਿ ਜੋਤਿ ਰਲਿ ਜਾਇਆ॥*

ਪੁਨਾ:- *ਜੋਤਿ ਜੋਤਿ ਰਲੀ ਸੰਪੂਰਨ ਥੀਆ ਰਾਮ॥*

ਭਾਵ ਹੈ ਕਿ ਪਰਮਾਤਮਾ ਵਿਚ ਆਤਮਾ ਜਾ ਰਲੇਗੀ। ਇਸ ਦਾ ਮਤਲਬ ਇਹ ਹੋਇਆ ਕਿ 'ਸੁੰਤੇ ਪ੍ਰਕਾਸ਼' ਦੇ ਉਪਾਸ਼ਕ ਉਸ ਦੇ ਇਸ ਸਰੂਪ ਦੀ ਲੱਖਤਾ ਲਈ ਅਭਯਾਸ ਕਰਦੇ ਹੋਏ ਉਸ ਨੂੰ ਪ੍ਰਾਪਤ ਹੋ ਜਾਣਗੇ। ਇਸ ਲਈ ਮੂਲ-ਮੰਤ੍ਰ ਵਿਚ ਸੈਭੰ ਪਦ ਰੱਖਿਆ ਕਿ ਅਭਯਾਸੀ ਉਸ ਸੁਤੇ (ਆਪਣੇ ਆਪ) ਪ੍ਰਕਾਸ਼ ਸਰੂਪ ਨੂੰ ਮੂਲ-ਮੰਤ੍ਰ ਦਾ ਲਕਸ਼ ਸਮਝਣ।

Sri Satguru Jagjit Singh Ji eLibrary NamdhariElibrary@gmail.com

'ਗੁਰ':-(ਸੈਸ: ਗੁਰੂ: 1. ਸਿੱਖਯਾ ਦਾਤਾ। 2. ਗੁਰ-ਮੰਤ੍ਰ ਦਾਤਾ। ਦੀਖਯਤ ਕਰਨ ਵਾਲਾ।) ਗੁਰ ਗੁਰੂ ਲ ਦਾ, ਰ ਮੁਕਤਾ ਹੋਣ ਕਰਕੇ ਸਮਾਸ ਹੈ ਤੇ ਇਹ ਖਸ਼ਟੀ ਦਾ ਸਮਾਸ ਹੈ; ਅਰਥ ਹੈ ਗੁਰੂ ਦਾ (ਪ੍ਰਸਾਦ)। ਪ੍ਰਸਾਦਿ'-ਸੰਸ: ਪ੍ਰਸਾਦ 1. ਪ੍ਰਸੰਨਤਾ 2। ਕ੍ਰਿਪਾਲਤਾ। ਮਿਹਰ, ਕ੍ਰਿਪਾ, ਮੈਹਰ, ॥ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ॥ ਗੁਰ ਪ੍ਰਸ਼ਾਦਿ, ਗੁਰੂ ਦੀ ਕ੍ਰਿਪਾ ਨਾਲ (ਪ੍ਰਾਪਤ ਹੈ) 'ਦ' ਦੀ ਸਿਆਰੀ'ਏ' ਹੈ। ਇਸ ਦਾ 'ਏ' ਦੇ ਕਈ ਅਰਥਾਂ ਵਿਚੋਂ ਇਕ ਅਰਥ 'ਪ੍ਰਾਪਤ ਕਰਨਾ' ਬੀ ਹੈ। ਸੋ ਗੁਰੂ ਪ੍ਰਸਾਦਿ' ਦਾ ਅਰਥ ਹੋਇਆ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੈ।

ਪਰੰਪਰਾ ਤੋਂ ਬੀ ਗਯਾਨੀ ਇਹੋ ਅਰਥ ਕਰਦੇ ਆਏ ਹਨ। ਇਹ ਅਸੂਲ ਕਿ ਗੁਰੂ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ ਗੁਰਬਾਣੀ ਵਿਚ ਆਪ ਪ੍ਰਤਿਪਾਦਨ ਕੀਤਾ ਹੋਇਆ ਹੈ, ਯਥਾ:-

ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ॥

ਪਰਸਾਦਿ ਦੇ ਦਦੇ ਦੀ ਸਿਆਰੀ ਦੀ ਥਾਂ ਬਿਹਾਰੀ ਵਰਤ ਕੇ ਬਿਹਾਰੀ ਦੇ ਅਰਥ 'ਨਾਲ' ਯਾ 'ਦੁਆਰਾ' ਸ੍ਰੀ ਗੁਰੂ ਜੀ ਨੇ ਆਪ ਦੱਸੇ ਹਨ: *ਗੁਰ ਪਰਸਾਦੀ ਬੁਝਿ ਸਚਿ ਸਮਾਲੀਐ॥*

ਗੁਰ ਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਚੀ॥

ਤੀਸਰੇ ਸਤਿਗੁਰਾਂ ਨੇ ਫੁਰਮਾਇਆ ਹੈ:-ਹਰਿ ਜੀਉ ਸਭ ਮਹਿ ਰਹਿਆ ਸਮਾਈ॥ ਗੁਰ ਪਰਸਾਦੀ ਪਾਇਆ ਜਾਈ॥ ਗੁਰ ਪਰਸਾਦੀ ਨਾਮੁ ਮਨਿ ਵਸਿਆ॥ ਗੁਰ ਪਰਸਾਦੀ ਨਿਰੰਜਨੁ ਪਾਇਆ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ।

ਸੋ 'ਗੁਰ ਪ੍ਰਸਾਦਿ' ਦਾ ਅਰਥ 'ਗੁਰੂ ਦੀ ਕ੍ਰਿਪਾ ਦੁਆਰਾ ਪ੍ਰਤੀਤ ਹੁੰਦਾ ਹੈ' ਗੁਰਬਾਣੀ ਗੁਰਮਤਿ ਅਨੁਕੂਲ ਹੈ। ਗੁਰਬਾਣੀ ਵਿਚ ਗੁਰੂ ਪਦ ਅਕਾਲ ਪੁਰਖ ਦਾ ਵਾਚਕ ਬੀ ਆਇਆ ਹੈ:-

ਅਪਰੰਪਰ ਪਾਰਬ੍ਰਹਮ ਪਰਮੇਸ੍ਵਰ ਨਾਨਕ ਗੁਰ ਮਿਲਿਆ ਸੋਈ ਜੀਉ । ਗੁਰੂ ਪਰਮੇਸ੍ਵਰ ਨਾਨਕ ਭੇਟਿਓ ਸਾਚੈ ਸ਼ਬਦਿ ਨਿਬੇਰਾ॥

ਫਿਰ ਇਹ ਗੁਰੂ ਨਾਨਕ ਦੇਵ ਜੀ ਪਰਥਾਇ ਆਇਆ ਹੈ:-*ਗੁਰੂ ਨਾਨਕ ਨਾਨਕੁ ਹਰਿ ਸੋਇ॥ ਗੁਰੂ ਨਾਨਕ ਦੇਵ ਗੋਵਿੰਦ ਰੂਪ॥ ਗੁਰੂ ਨਾਨਕ ਜਿਨ ਸੁਣਿਆ ਪੇਖਿਆ॥* ਫਿਰ ਇਹ ਪਦ ਗੁਰੂ ਨਾਨਕ ਦੇਵ ਜੀ ਦੇ ਗੱਦੀ ਨਸ਼ੀਨ ਗੁਰੂ ਸਾਹਿਬਾਂ ਲਈ ਆਇਆ ਹੈ:-*ਗੁਰੂ ਅੰਗਦ ਦੀ ਦੋਹੀ ਫਿਰੀ॥ ਪੁਨਾ:- ਸਚੁ ਸਚਾ ਸਤਿਗੁਰੂ ਅਮੁਰੁ ਹੈ॥ਪੁਨਾਂ- ਗੁਰੂ ਰਾਮਦਾਸ ਘਰਿ ਕੀਅਉ ਪ੍ਰਗਾਸਾ॥ ਪੁਨਾ- ਭਨਿ ਮਸੁਰਾ ਕਛੁ ਭੈ ਦੁ ਨਹੀਂ ਗੁਰੂ ਅਰਜਨੁ ਪਰਤਖ ਹਰਿ॥*

ਦਸਮ ਗੁਰੂ ਜੀ ਨੇ ਸਾਰੇ ਸਾਹਿਬਾਂ ਨੂੰ 'ਇਕ ਰੂਪ' ਕਿਹਾ ਹੈ:-

ਸ੍ਰੀ ਨਾਨਕ ਅੰਗਦ ਕਰ ਮਾਨਾ॥ ਅੰਗਦ ਅਮਰਦਾਸ ਪਹਿਚਾਨਾ॥ ਅਮਰਦਾਸ ਰਾਮਦਾਸ ਕਹਾਯੇ॥ ਸਾਧਨ ਲਖਾ ਮੂੜ ਨਹਿ ਪਾਯੋ॥ ਭਿੰਨ ਭਿੰਨ ਸਭਹੂੰ ਕਰਿ ਜਾਨਾ॥ ਏਕ ਰੂਪ ਕਿਨਹੁ ਪਹਿਚਾਨਾ॥ ਜਿਨ ਜਾਨਾ ਤਿਨਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥ ਨਾ ਆਈ॥ 10

ਇਸੀ ਤਰ੍ਹਾਂ ਭਾਈ ਗੁਰਦਾਸ, ਭਾਈ ਨੰਦ ਲਾਲ ਦੇ ਵਾਕ ਮਿਲਦੇ ਹਨ।

ਵਿਸ਼ੇਸ਼- ਸੋ ਗੁਰਸਿੱਖੀ ਵਿਚ ਇਹ ਪਦ ਦਸੋਂ ਗੁਰੂ ਸਾਹਿਬਾਨ ਵਾਸਤੇ ਮਖਸ਼ੂਸ ਹੈ। ਦਸੋਂ ਗੁਰੂ ਸਾਹਿਬ 'ਇਨਸਾਨ ਗੁਰੂ' ਨਹੀਂ, ਪਰ ਦੇਵ ਗੁਰੂ ਮੰਨੇ ਗਏ ਹਨ, ਜੈਸਾ ਕਿ ਫੁਰਮਾਨ ਹੈ:-

Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਦੇਵ ਗੋਵਿੰਦ ਰੂਪ॥ ਗੁਰੂ ਨਾਨਕ ਨਾਨਕੁ ਹਰਿ ਸੋਇ॥

ਗੁਰੂ ਪਦ ਦਾ ਅਰਥ, ਜਦ ਉਹ ਉਪਰੋਕਤ ਗੁਰੂ ਸਾਹਿਬਾਨ ਤੇ ਵਰਤਿਆ ਜਾਂਦਾ ਹੈ, ਤਾਂ ਉਸਤਾਦ ਮਾਤ੍ਰ ਯਾ ਦੀਖਯਾਦਾਤਾ ਮਾਤ੍ਰ ਨਹੀਂ, ਪਰ ਵਾਹਿਗੁਰੂ ਦੀ 'ਗੁਰੂ ਜਯੋਤੀ' ਹੈ। ਇਹ ਜਯੋਤ ਹੀ ਸਾਰੇ ਗੁਰੂ ਸਾਹਿਬਾਂ ਵਿਚ ਕੰਮ ਕਰਦੀ ਹੈ, ਇਸ ਜੋਤਿ ਵਾਲੇ 'ਦੇਵ ਗੁਰੂ' ਹਨ।

ਦਸਾਂ ਗੁਰੂ ਸਾਹਿਬਾਂ ਦੇ ਸਰੀਰ-ਤਯਾਗ ਮਗਰੋਂ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰੱਖੀ ਗਈ ਤੇ ਪੰਥ ਉਨ੍ਹਾਂ ਦੀ ਤਾਬਿਆ ਗੁਰੂ ਕੀਤਾ ਗਿਆ, ਸੋ ਪੰਜ-ਪਿਆਰੇ ਗੁਰੂ ਗ੍ਰੰਥ ਦੀ ਤਾਬਿਆ ਹੋਕੇ ਦੀਖਯਾ ਦੇਣ ਦਾ ਕਾਰਜ ਕਰਦੇ ਹਨ। ਦੀਖਯਤ ਪੁਰਖ ਨੂੰ ਨਾਮ ਅਭਯਾਸ ਵਿਚ ਮੁਸ਼ਕਲਾਂ ਦੇ ਹੱਲ ਤੇ ਸਹਾਇਤਾ ਦਾ ਕਾਰਜ ਗੁਰਮੁਖ ਕਰਦੇ ਹਨ। ਗੁਰਮੁਖ ਨੂੰ ਗੁਰੂ-ਬਾਣੀ ਵਿਚ 'ਸੰਤਜਨ, ਹਰੀਜਨ, ਸਾਧੂ' ਕਈ ਨਾਮਾਂ ਨਾਲ ਵਰਣਨ ਕੀਤਾ ਹੈ। ਗੁਰੂ ਸਾਹਿਬਾਂ ਦੇ ਆਪਣੇ ਸਮੇਂ ਭੀ ਦੂਰ-ਦੂਰ ਥਾਈਂ ਗੁਰਮੁਖ ਹੀ ਦੀਖ਼ਯਾ ਦੇਣ ਦਾ ਕੰਮ ਕਰਦੇ ਸਨ, ਪਰ ਉਹ ਆਪ ਗੁਰੂ ਸਾਹਿਬਾਂ ਤੁੱਲ 'ਦੇਵ ਗੁਰੂ' ਹੋਣ ਦਾ ਦਾਅਵਾ ਨਹੀਂ ਸਨ ਕਰਦੇ। ਸਭ ਸਿੱਖਾਂ ਨੂੰ ਲਿਆ ਕੇ ਗੁਰੂ ਕੀ ਚਰਨ੍ਹੀ ਲਾਉਂਦੇ ਸਨ। ਹੁਣ ਭੀ 'ਗੁਰਮੁਖ ਦਾ ਮੇਲ' ਅਰਦਾਸੇ ਵਿਚ ਰੋਜ਼ ਮੰਗੀਦਾ ਹੈ। ਯਥਾ:-

"ਗੁਰਮੁਖ ਦਾ ਮੇਲ, ਸਾਧ ਦਾ ਸੰਗ, ਸੋਈ ਪਿਆਰੇ ਮੇਲੀ; ਜਿਨਾਂ ਮਿਲਿਆਂ ਤੇਰਾ ਨਾਮ ਚਿਤ ਆਵੇ।" ਗੁਰਬਾਣੀ ਵਿਚ 'ਗੁਰਮੁਖਾਂ' ਤੇ ਗੁਰਸਿੱਖਾਂ ਨੂੰ ਨਾਮ ਪ੍ਰਚਾਰ ਦਾ ਅਧਿਕਾਰ ਦਿੱਤਾ ਹੈ। ਯਥਾ:-

ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ॥
ਸਦਾ ਅਲਿਪਤ ਸਾਚੈ ਰੰਗਿ ਰਾਤਾ ਗੁਰ ਕੇ ਸਹਜਿ ਸੁਭਾਏ॥

ਸੋ ਕਿਸੇ ਗੁਰਮੁਖ ਨੂੰ, ਚਾਹੇ ਕਿਤਨਾ ਪਰਗਿਰਾਮੀ ਹੋਵੇ, ਦਸਾਂ ਗੁਰੂ ਸਾਹਿਬਾਂ ਦੇ ਤੁੱਲ ਮੰਨਣਾ, ਤੇ ਸ੍ਰੀ ਗੁਰੂ ਸਾਹਿਬ ਦੀ ਗੁਰਿਆਈ ਤੋਂ ਇਨਕਾਰ ਕਰਨਾ, ਗੁਰਮਤਿ ਨਹੀਂ, ਪਰ ਗੁਰਮੁਖ, ਗੁਰ ਸਿੱਖ, ਸੰਤ ਆਦਿ ਨਾਮ-ਪ੍ਰੇਮੀਆਂ ਦੇ ਸਤਿਸੰਗ ਤੇ ਸਹਾਇਤਾ ਤੋਂ ਵਾਂਜੇ ਜਾਣਾ ਭੀ ਗੁਰਮਤਿ ਅਨੁਕੂਲ ਨਹੀਂ।

ਆਮ ਤੌਰ ਤੇ ਜਦ ਕੋਈ ਦੀਖਯਤ ਹੋ ਜਾਂਦਾ ਸੀ ਤਾਂ ਗੁਰਮੁਖ ਹੋ ਗਿਆ ਕਹਾਉਂਦਾ ਸੀ, ਪਰ ਸਿੱਧ-ਗੋਸ਼ਟ ਤੋਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਨੂੰ, ਜੋ ਉਨਤੀ ਕਰਕੇ ਕਮਾਲ ਨੂੰ ਪਹੁੰਚਾ ਹੈ; 'ਗੁਰਮੁਖ' ਆਖਿਆ ਹੈ। ਯਥਾ:-

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ॥ ਗੁਰਮੁਖਿ ਸਾਚੁ ਰੱਖਿਆ ਉਰਧਾਰਿ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ॥ ਗੁਰਮੁਖਿ ਦਰਗਾਹ ਨਾ ਆਵੈ ਹਾਰਿ॥
ਗੁਰਮੁਖਿ ਮੇਲਿ ਮਿਲਾਏ ਸੋ ਜਾਣੈ॥ ਨਾਨਕ ਗੁਰਮੁਖਿ ਸ਼ਬਿਦ ਪਛਾਣੈ॥
ਗੁਰਮੁਖਿ ਸਾਚੇ ਕਾ ਭਉ ਪਾਵੈ॥ ਗੁਰਮੁਖਿ ਬਾਣੀ ਅਘੜ ਘੜਾਵੈ॥
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ॥ ਗੁਰਮੁਖਿ ਪਵਿਤ੍ਰ ਪਰਮ ਪਦੁ ਪਾਵੈ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ ਨਾਨਕ ਗੁਰਮੁਖਿ ਸਾਚਿ ਸਮਾਵੈ॥

ਨਾਮ ਦੇ 'ਪ੍ਰਚਾਰ' ਕਰਨ ਦਾ ਅਧਿਕਾਰ ਸ੍ਰੀ ਗੁਰੂ ਸਾਹਿਬਾਨ ਜੀ ਨੇ ਗੁਰਸਿੱਖ ਨੂੰ ਭੀ ਦਿੱਤਾ।

Sri Satguru Jagjit Singh Ji eLibrary NamdhariElibrary@gmail.com

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿੱਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

ਪੁਨਾ- ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ॥

'ਜਪੁ' (ਸੰਸ:, ਜਪ੍ ਬੋਲਣਾ। 2। ਐਸਾ ਬੋਲਣਾ ਜੋ ਸੁਣੀਵੇ ਨਾ। ਪਾਠ। ਚੁੱਪ ਚਾਪ ਦਾ ਪਾਠ) ਮੰਤ੍ਰ ਦਾ ਉਚਾਰਣਾ। ਪਾਠ।

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ੧॥

ਨੰ. 2. ਭਾਈ ਮਨੀ ਸਿੰਘ ਜੀ 'ਸ਼ਹੀਦ'

ਤਾ ਫਿਰ ਓਨਾ ਸਿੱਧਾ ਪੁੱਛਿਆ ਕਿ, "ਇੱਕ ਸ਼ਾਸਤ੍ਰ ਕਹਿੰਦੇ ਹਨ ਜੋ ਸਰੀਰ ਸਦਾ ਸੁੱਚ ਪਵਿਤ੍ਰ ਮੈਂ ਰਹਿਤਾ ਹੈ ਤਉ ਪਰਮੇਸ਼ਰ ਮਿਲਦਾ ਹੈ; ਅਰ ਇੱਕ ਕਹਿੰਦੇ ਹਨ ਜੋ ਰੂਪ ਕਰਕੇ ਸਮਾਧ ਲਾਈਤੀ ਹੈ ਤਾਂ ਪਰਮੇਸ਼ਰ ਮਿਲਤਾ ਹੈ, ਅਤੇ ਅਲਪ-ਅਹਾਰ ਕਰੀਤਾ ਹੈ ਤਾਂ ਖੁੰਧਿਆ ਜਾਗਤੀ ਰਹਿਤੀ ਹੈ, ਤਉ ਮਿਲਤਾ ਹੈ; ਅਰ ਇੱਕ ਕਹਿੰਦੇ ਹਨ ਕਿ ਵੇਦ, ਸ਼ਾਸਤ੍ਰ ਸਮਝਕੇ ਆਤਮਾਂ ਤੇ ਦੇਹ ਨੂੰ ਭਿੰਨ ਜਾਣੀਦਾ ਹੈ, ਅਰ ਸਭ ਵਿੱਦਿਆ ਮੋ ਚਤਰ ਹੋਈਤਾ ਹੈ, ਤਾਂ ਮਿਲਤਾ ਹੈ॥" ਤਾਂ ਬਾਬੇ ਕਹਿਆ, "ਏਹ ਵਚਨ ਸਭ ਸੱਤ ਹੈ, ਪਰ ਜੈਸੇ ਗੁਰਾਂ ਦਾ ਰਿਦਾ ਹੈ, ਜੋ ਤੈਸੇ ਸਮਝੀਤਾ ਹੈ, ਤਾਂ ਪਰਮੇਸ਼ਰ ਪ੍ਰਾਪਤ ਹੋਂਦਾ ਹੈ॥" ਤਾਂ ਬਾਬਾ ਬੋਲਿਆ, "ਸਰੀਰ ਦੀ ਸੋਚ ਜੋ ਹੁੰਦੀ ਹੈ, ਸੋ ਜਲ ਮ੍ਰਿਤਕਾ ਕਰ ਹੋਂਦੀ ਹੈ; ਅਰ ਬਸਤ੍ਰ ਜਲ ਅਰ ਸਾਬੁਣ ਨਾਲ ਸੁਵੇਤ ਹੋਤੇ ਹੈਂ; ਪਰ ਮਨ ਵਿੱਚ 'ਹਉਮੈ' ਦੀ, ਅਰ ਰਾਗ, ਦਵੈਖ ਦੀ 'ਮੈਲ' ਲੱਗੀ ਹੋਈ ਹੈ, ਤਾਂਤੇ ਓਹ 'ਨਾਮ' ਤੇ 'ਗਿਆਨ' ਕਰ ਦੂਰ ਹੁੰਦੀ ਹੈ॥ ਅਰ ਜੋ ਬਾਹਰੋਂ ਸਰੀਰ ਲੱਖ ਵਾਰ ਸੁਚ ਕਰੇ, ਪਰ ਜਉ ਲਗ 'ਹਉਮੈ' ਦੀ 'ਮੈਲ' ਨਹੀ ਧੋਂਦਾ, ਤਉ ਲਗ ਸੁੱਚਾ ਨਹੀ ਹੁੰਦਾ॥ ਅਰ ਜੋ ਬਾਹਰੋਂ ਪ੍ਰਾਣ ਅਤੇ ਇੰਦ੍ਰੀਆ ਨੂੰ ਰੋਕ ਕੇ ਚੁੱਪ ਕਰ ਰਹੇ, ਪਰ ਜਉ ਲਗ ਮਨ ਕੇ ਸੰਕਲਪ ਨਹੀ ਰੋਕਤਾ, ਤਉ ਲਗ ਲਿਵ ਦੀ ਤਾਰ ਨਹੀ ਲਗਦੀ॥ ਅਰ ਜਉ ਲਗ ਜਗਤ ਦੇ ਪਦਾਰਥ ਅਨਿੱਤ ਨਹੀ ਜਾਣਤਾ, ਤਉ ਲਗ ਮਨ ਦੀ 'ਭੁੱਖ' ਨਹੀ ਉਤਰਦੀ; ਭਾਂਵੇਂ ਚਉਦਾਂ ਪੁਰੀਆਂ ਦੇ ਪਦਾਰਥ ਭਾਰਾਂ ਦੀ ਨਿਆਈ ਬੰਨ੍ਹਕੇ ਇਸ ਦੇ ਹਵਾਲੇ ਕੀਚਨ॥ ਅਰ ਜਉਲਗ ਸਤਿਗੁਰਾਂ ਨੂੰ ਮਿਲਕੇ 'ਆਤਮ-ਗਿਆਨ' ਨੂੰ ਨਹੀ ਪਛਾਣਦਾ, ਤਾਂ ਭਾਵੇਂ, ਕਹੀਆਂ, ਸਿਆਣਪਾਂ, ਸਿੱਕੇ, ਸੋ ਜਉ ਲਗ ਆਪ ਨੂੰ ਨਹੀ ਪਛਾਣੇਗਾ ਤਉਲਗ ਹੋਰ ਸਿਆਣਪ ਕਾਈ ਨਾਲ ਨਹੀਂ ਚੱਲੇਗੀ॥ ਅਤੇ ਜੇ ਤੁਸੀ ਪੁੱਛੋ ਅਸੀਂ ਸਚਿਆਰ ਕਿਵ ਹੋਵੀਏ, ਅਰ ਏਹ ਜੋ ਸਰੀਰ ਦੀ ਹਉਮੈਂ ਦੀ 'ਕੂੜੀ-ਕੰਧ' ਉਸਰੀ ਹੈ, ਏਹ ਕਿਉਂਕਰ ਢਹੇ; ਸੋ ਜੋ ਕਿਛ ਵਾਹਿਗੁਰੂ ਦੇ 'ਹੁਕਮ' ਵਿੱਚ ਹੋਵੇ, ਸੋ ਮਿੱਠਾ ਕਰ ਮੰਨੇ, ਅਰ ਉਸ ਦੀ ਰਜਾਇ ਨਾਲ ਚੱਲੇ, ਅਰ ਏਹ ਸਮਝੇ ਕਿ ਜੋ ਸਾਡਾ ਲੇਖ ਲਿਖਿਆ ਹੈ ਸੋ ਸਾਡੇ ਨਾਲ ਹੈ, ਅਰ ਓਹ ਹੀ ਮਿਲੇਗਾ॥ 1॥

Sri Satguru Jagjit Singh Ji eLibrary NamdhariElibrary@gmail.com

ਨੰ. 3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ)

ਮੰਦਰਾ ॥ ਕੋਲਾਰ ਸਮਾਨ ਸੰਤੋਖ, ਅੰਤਰ ਜਲਨਾ ਦੂਰਹਿ ਜਿਹਾ ॥ ਉਤਮ ਵਹੀਮ ਮੱਖ, ਵਸ ਪ੍ਰਾਰਬਧ ਵਿਹਾਣਾ ਜਿਹਾ। ਸੋਚ ਮੌਨ ਆਤੇ ਸੋਚ ਹੈ, ਸਭੇ ਸਿਆਣਪ ਜੋਇ। ਦੋਹਰਾ ॥ ਭ੍ਰਮ ਪੜਦਾ ਕੇ ਨਾਸ ਬਿਨ, ਸਤਦ ਸਾਂਤ ਨਹੀ ਹੋਇ। ਤਿਸੀ ਪਰ ਸ੍ਰੀ ਸਤਿਗੁਰੂ ਜੀ ਕਹੇ ਹੈ। ਸੋਰਠੇ ਮੱਝੇ ਨ ---।

ਜਲ ਮ੍ਰਿਤਕਾ ਕਰਿ ਲਾਖ ਵਾਰ 'ਸੋਚ' ਨਾਮ ਸ਼ੁੱਧ ਹੋਵੈ ਤੋਂ ਭੀ ਸ਼ੁੱਧ ਨ ਹੋਵੇ ਹੈ। 'ਸ਼ੁੱਧ' ਹਰਖ, ਸ਼ੋਕ ਮੈ ਸਮਵਰਤਣੇ ਕਾ ਨਾਮ ਹੈ। ਅਰ 'ਚੁਪ' ਨਾਮ ਮੌਨ ਕਾ ਹੈ। ਸੋ ਦੇਹ ਅਭਿਮਾਨੀ ਪੁਰਖ ਲਿਵ-ਤਾਰ ਕਹੀਐ-ਤੇਲ ਕੀ ਧਾਰ ਵਤ-ਲਿਵ ਲਾਵੇ, ਤੋਂ ਭੀ 'ਚੁੱਪ' ਨਹੀ ਕਹੀਤਾ। 'ਚੁੱਪ' ਸੋ ਹੈ, ਸੋ ਮਨ ਕੇ ਸੰਕਲਪ-ਵਿਕਲਪ ਤੇ ਰਹਿਤ ਆਤਮ ਗਿਯਾਨ ਕਾ ਨਾਮ ਹੈ। 'ਭੁਖਿਆ' ਕਹੀਐ ਤ੍ਰਿਸਨਾ ਵਾਨੋ ਕੀ ਜੋ ਤ੍ਰਿਸਨਾ ਹੈ। ਸੋ ਜੇ ਅਨੇਕ ਜਗਯ ਦਾਨਹੁ ਕੇ ਕਰਨੇ ਕਰਕੇ ਇੰਦ੍ਰਾਦਕਹੁਕੀ ਪੁਰੀਅਹੁ ਨੇ ਭਾਰ ਨਾਮ ਸੰਬੁਰ ਪ੍ਰਾਪਤਿ ਹੋਵੇ ਹੈ॥ ਤੋਂ ਭੀ ਤ੍ਰਿਸਨਾ ਨ ਜਾਇ। ਤ੍ਰਿਪਤਿ ਨ ਹੋਇ। ਨਾਂਹੇ ਤੇ। "ਬਿਨਾ ਸੰਤੋਖ ਨਹੀ ਕੋਊ ਰਾਜੇ।"

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ ਸਿਆਣਪਾ ਕਹੀਐ। ਬਿਦਿਆ ਆਦਿ ਨ ਚਤਿਰਾਈਆਂ ਹਜਾਰ, ਅਨੇਕ ਤਰਹਿ ਕੀਆਂ ਹੋਵਨਿ, ਤੋਂ ਭੀ ਭੋਗ ਕੇ ਅੰਤ ਬਿਖੇ ਏਕ ਭੀ ਸਾਥ ਨ ਚਲੇਗੀ, ਕਿਸੀ ਕਾਮ ਨ ਆਵੇਗੀ।

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।

ਸਤਿ ਕੀ ਪ੍ਰਾਪਤਿਵਾਨ ਪੁਰਖ ਕਿਉ ਕਰਿ ਹੋਇ? ਜਬ ਤਕ ਕੂੜ ਕਹੀਐ, ਭ੍ਰਮ ਕੀ ਪਾਲ ਕਹੀਐ, ਪੜਦਾ ਨ ਨਿਵਰਤ ਹੋਇ, ਤਬ ਤਕ ਸਚਿਆਰ ਕੈਸੇ ਹੋਇ? ਭ੍ਰਮ ਕਾ ਪੜਦਾ ਕੈਸੇ ਨਿਵਰਤ ਹੋਇ? ਸੋ ਉਪਾਵ ਸ੍ਰੀ ਗੁਰ ਕਹੇ ਹੈਂ। ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਹੁਕਮ ਕਹੀਐ ਆਗਿਆ। ਰਜਾਇ ਕਹੀਐ ਅਨੁਸਾਰ। ਚਲਣਾ ਕਹੀਐ, ਜੇ ਸਾਥਿ ਪ੍ਰਾਰਬਧ ਲਿਖੀ ਆਈ ਹੈ। ਗੁਰੋ ਕੇ ਕਹਿਣੇ ਕਾ ਤਾਤਪਰਯ ਯਹ ਹੈ, ਜੋ ਪਰਮੇਸ਼ਰ ਕੀ ਆਗਿਆ ਮੋ ਪ੍ਰਾਰਬਧ ਕੇ ਅਨੁਸਾਰ ਸੁਖ, ਦੁਖ ਬਿਖੈ ਸਮ ਵਰਤਣਾ। ਯਹੀ ਪਾੜ੍ਹਤਾ ਹੈ। ਇਸੀ ਲਿਖਣ ਦ੍ਵਾਰੇ ਸਤਿ ਜੋ ਨਾਰਾਯਣ ਪ੍ਰਮਾਤਮਾ ਏਕ-ਰਸ-ਅਦ੍ਵੈਤ ਹੈ॥ ਤਿਸੀ ਕੀ ਪ੍ਰਾਪਤਿ ਹੋਵੇ ਹੈ ਕਿਆ? ਏਕਤਾ ਅਨੁਭਵ ਹੋਤੀ ਹੈ॥

ਨੰ. 4. ਸਾਧੂ ਅਨੰਦਘਨ ਜੀ (ਉਦਾਸੀਨ-ਪੁਰਾਣ ਕਥਾ ਵਾਚੀ)

ਕ੍ਰਿਤ ਪ੍ਰਸ਼ਨ ਉਤਰ ਪੂਰਬਕ ਮਲਨ ਅੰਤਰ-ਕਰਣ ਸਿੱਖ ਪ੍ਰਤਿ ਗੁਰ ਪ੍ਰਕਾਰ-ਅੰਤਰ ਕਰ ਕਰ ਉਪਦੇਸ਼ਾਂਤਰ ਕਰਤੇ ਹੈਂ।

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥

ਜੋ ਜਲ, ਮ੍ਰਿਤਿਕਾਦਿਕ ਕੋ ਕਰ ਕਰ ਤੂ ਲਖ ਵਾਰੀ ਭੀ ਸਰੀਰ ਕੋ ਪਖਿਆਲਨ ਕਰੇਗਾ, ਤੋ ਭੀ ਸੁਧਤਾ ਨਹੀ ਹੋਵੇਗੀ। ਈਹਾਂ 'ਸੋਚਿ' ਕਾ ਨਿਖੇਧ ਨਹੀ ਕੀਆ, ਸੋਚਿ ਕਾ ਕਰਣਾ ਤੋ ਸਦਾਚਾਰ ਹੈ। ਜੋ ਭਜਨ, ਤਪ-ਹੀਨ ਕੇਵਲ ਹਾਥ ਪਗ ਧੋਵਣੇ ਤੇ ਹੀ ਆਪ ਕੋ ਸ਼ੁਧ ਮਾਨਤੇ ਹੈ ਤਿਨ ਕਾ ਨਿਖੇਧ ਹੈ। ਜੋ ਹੀਨ-ਕਰਮ ਵਿਖੇ ਗੁਰ ਦੋਖ ਨ ਦਿਖਲਾਵੇਗੇ ਤੋ ਸਿਖ ਉਤਮ ਕਰਮ ਕੋ ਕੈਸੇ ਗ੍ਰਹਣ ਕਰੇਗਾ? ਯਦਪਿ 'ਸੋ' ਨਾਮ ਸੰਸੇ ਕਾ ਭੀ ਹੈ। ਮੈਨੇ ਤੋ ਕੋ ਗਿਆਨ ਉਪਦੇਸ਼

Sri Satguru Jagjit Singh Ji eLibrary NamdhariElibrary@gmail.com

ਕੀਆ, ਤੈਨੇ ਇਸ ਪਰ ਸੰਸੇ ਉਠਾਇਆ। ਭਗਵਾਨ ਕਾ ਹੀ ਵਚਨ ਹੈ-'ਸੰਸਯਾਤਮਾ ਵਿਨਸਯਤੇ' ਤੂ ਸੰਸੇ ਆਤਮਾ ਹੋਇ ਕਰ ਆਪਣਾ ਨਾਸ਼ ਆਪ ਮਤ ਕਰ, ਸਮਝ ਕਰ ਦੇਖ ਤੂੰ ਸਤਿ ਰੂਪ ਹੈਂ, ਵਾ ਨਹੀ।

ਯਦਵਾ 'ਸੋਚ' ਨਾਮ ਸੋਕ ਕਾ ਭੀ ਹੈ। ਮੈਨੇ ਤੋ ਕੇ ਗਿਆਨ ਉਪਦੇਸ਼ ਕੀਆ ਤੂ ਸੋਕੀ ਬਣ ਬੈਠਾ। ਹਾ ਹਾ ਗੁਰੂ ਨੇ ਮੋਕੋ ਉਪਦੇਸ਼ ਕੀਆ, ਮੈਂ ਨ ਸਮਝਾ। ਸੋ ਕੀ ਤੋ ਸੂਤਕੀ ਹੋਤਾ ਹੈ, ਤਿਸ ਕੋ ਕਿਸੀ ਕਰਮ ਕਾ ਅਧਕਾਰ ਹੀ ਨਹੀ ਹੋਤਾ। 'ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ'। ਯੁਕਤ, ਪ੍ਰਮਾਣ, ਦ੍ਰਿਸਟਾਂਤ ਦਵਾਰਾ ਆਪਣੇ ਆਪ ਕੋ ਸਤਿ ਰੂਪ ਸਮਝ ਲੈਣਾ, ਇਸੀ ਕਾ ਨਾਮ ਗਿਆਨ ਹੈ, ਇਸ ਬਿਨਾਂ ਤੇਰਾ ਸੂਤਕ ਕਬੀ ਹੀ ਉਤਰੇਗਾ ਨਹੀਂ, ਤੂੰ ਸਦਾ ਹੀ ਅਨਧਿਕਾਰੀ ਹੀ ਰਹੇਂਗਾ। *ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥ ਅੰਤਰਗਤਿ ਤੀਰਥਿ ਮਲਿ ਨਾਉ'॥* ਇਨ ਤੀਨੋਂ ਵਚਨੋਂ ਕਾ ਅਰਥ ਤੋ ਪਰਵਿਸ਼ੈਕ ਉਪਦੇਸ਼ ਪ੍ਰਤੀਤ ਹੋਤਾ ਹੈ।

'ਜੇ ਸੋਚੀ ਲਖ ਵਾਰ', 'ਜੇ ਲਾਇ ਰਹਾ ਲਿਵਤਾਰ', 'ਜੇ ਬੰਨਾ ਪੁਰੀਆ ਭਾਰ'- ਇਨ ਤੀਨੋ ਵਚਨੋ ਕਾ ਅਰਥ ਤੋ ਸਵਾਤਮ-ਵਿਸ਼ੈਕ ਹੋਤਾ ਹੈ। ਜੋ ਈਹਾਂ ਸਵਾਤਮ-ਵਿਸ਼ੈਕ ਅਰਥ ਮਾਨੀਏ ਤੋ ਪੂਰਬ ਪਰਵਚਨੋ ਸਾਥ ਵਿਰੋਧ ਪੜਤਾ ਹੈ, ਅਰਥ-ਸੰਗਤ ਨਹੀਂ ਪਾਵਤਾ। ਤਾਂ ਤੇ ਈਹਾਂ (ਇਹ) ਨਿਸਚੈ ਕਰਣਾ। ਜਗਤ ਕੀ ਕਲਿਆਣ ਕੇ ਨਿਮਿਤ ਬਾਬਾ ਨਾਨਕ ਨੇ ਆਪਣੇ ਕਠਨ ਵਚਨ ਰਚੇ ਹੈਂ, ਇਸ ਕਾ ਨਿਰਣੇ ਆਗੇ ਨਿਕਟ ਹੀ ਹੋਵੇਗਾ। ਈਹਾਂ ਇਹ ਅਰਥ ਕਰਣਾ- ਜੋ ਤੂੰ ਕਹੇ ਮੈ ਲਖ ਵਾਰ ਸੋਚ ਕਰੋਗਾ, ਤੋ ਭੀ ਤੂ ਸ਼ੁਧ ਨ ਹੋਵੇਗਾ। ਅਰ ਜੋ ਤੂ ਕਹੈ ਮੈ ਮੋਨ ਬ੍ਰਤ ਧਾਰਣ ਕਰੋਗਾ; ਕਿਸੀ ਸਾਥ ਨ ਬੋਲੋਗਾ, ਤੋ ਭੀ ਤੂ ਸ਼ੁਧ ਨ ਹੋਵੇਗਾ, ਸੋਈ (ਗੁਰ) ਕਹਿਤੇ ਹੈ- *ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥*

ਜੋ ਤੂੰ ਕਹੇ ਮੈ ਤੇਲ-ਧਾਰ ਕੀ ਨਿਆਈ ਭਾਰ ਬਾਧ ਕਰ ਲਿਵ ਲਗਾਇ ਰਹੋਗਾ ਤੋ ਭੀ ਤੋ ਤੇਰੀ ਚੁਪ ਨ ਹੋਵੇਗੀ। ਕਾਹੇ-ਤੇ, ਕੰਠ ਕਰ ਜਿਹਵਾ ਤੋ ਤੈਨੈਂ ਬੰਦ ਕਰੀ, ਮਨ ਕੋ ਤੋ ਨ ਬੰਦ ਕਰੇਗਾ, ਮਨ ਤੋ (ਦਸੋ ਦਿਸ਼ਾ) ਭਟਕਤਾ ਹੀ ਰਹੇਗਾ। ਔਰ ਜਬ ਤੋ ਕੋ ਭੂਖ ਲਗੇਗੀ ਤਬ ਕਿਸੀ ਕੋ ਸਾਰਤ ਕਰਣੀ ਪੜੇਗੀ। ਓਹੁ (ਤੇਰੀ) ਸਾਰਤ ਕੋ ਸਮਝੇਗਾ ਨਹੀ। ਏਕ ਵਾਰ ਕਹਿਣੇ ਤੇ ਸੋ ਕਾਮ ਹੋਂਣਾ ਥਾ ਤਿਸ ਕੇ ਨਿਮਿਤਿ ਤੋ ਕੌ ਸੌ ਸਾਰਤ ਕਰਣੀ ਪੜੇਗੀ। ਤੂੰ ਆਪ ਭੀ ਖਰਾਬ ਹੋਵੇਗਾ ਅਰ ਉਸ ਕੋ ਭੀ ਕਰੇਗਾ। ਅਬ ਸਮਝ ਕਰ ਦੇਖ, ਇਹ ਮੋਨ ਤੇਰੇ ਤਾਈ ਕਲਿਆਣ ਕਾ ਸਾਧਨ ਹੂਆ, ਵਾ ਖਰਾਬੀ ਹੂਈ। ਅਰ ਜੋ ਤੂੰ ਸਵਰਗਾਦਿ ਭੋਗੋ ਕੇ ਨਿਮਿਤਿ ਯਗ, ਤਪ, ਦਾਨਾਦਿ ਕੀਆ ਚਾਹੇ, ਸੋ ਬਾਤ ਭੀ ਤੋ ਤੇਰੀ ਨਿਕੰਮੀ ਹੀ ਹੈ, ਸੋਈ (ਗੁਰ) ਕਹਿਤੇ ਹੈਂ। *ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥*

ਜੋ ਤੂੰ ਕਹੇਂ, ਯਗ, ਤਪ, ਦਾਨਾਦਿ ਕੋ ਕਰ-ਕਰ ਮੈ ਇੰਦ੍ਰ, ਯਮ, ਵਰੁਣ, ਕੁਬੇਰ ਇਨ ਕੀਆ ਪੁਰੀਆਂ ਕੇ ਭਾਰ ਬਾਂਧ ਕਰ ਉਠਾਇ ਲੇਉਗਾ, ਤੋਂ ਭੀ ਤੋ ਤੇਰੀ ਭੂਖ ਨ ਉਤਰੇਗੀ। ਇਨ ਤੇ ਪਰੇ ਕਛੁ ਔਰ ਭੀ ਚਾਹੇਂਗਾ, ਤ੍ਰਿਸ਼ਨਾਂ ਨ ਮਿਟੀ ਤੋ ਕੰਗਾਲ ਹੂਆ। ਕੰਗਾਲ ਹੋਣੇ ਕੇ ਨਿਮਿਤਿ ਯਤਨ ਕਰਣਾ ਮਹਾ-ਮੂਰਖੋਂ ਕਾ ਹੀ ਤੇ ਕਾਮ ਹੈ। ਅਰ ਜੋ ਤੂੰ ਕਹੇਂ ਯਗ, ਤਪ, ਦਾਨਾਦਿ ਕੋ ਕਰ-ਕਰ ਸਵਰਗਾਦਿਕ ਭੋਗ ਪ੍ਰਾਪਤ ਹੋਤੇ ਹੈਂ, ਤਾਂ ਤੇ ਮੈ ਸਵਰਗਾਦਿਕ ਭੋਗੋ ਕੇ ਨਮਿਤਿ ਸਦਾ ਯਗ, ਤਪ, ਦਾਨਾਦਿਕ ਹੀ ਕਰਤਾ ਰਹੋਂਗਾ, ਤਿਨ ਕਾ ਫਲ ਭੋਗ ਭੋਗਤਾ ਹੀ ਰਹੋਗਾ। ਸੋ ਬਾਤ ਭੀ ਤੋ ਤੇਰੀ ਨਿਕੰਮੀ ਹੀ ਹੈ ਸੋਈ (ਗੁਰ) ਕਹਿਤੇ ਹੈਂ।

Sri Satguru Jagjit Singh Ji eLibrary NamdhariElibrary@gmail.com

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥

ਜੋ ਤੂ ਹਜਾਰੋ, ਲਖੋ ਸਿਆਣਪਾ ਭੀ ਕਰੇਗਾ; ਜੋ ਸਦਾ ਹੀ ਸੋ ਕੋ ਭੇਗ ਬਣੇ ਰਹੇ, ਸੋ ਏਕ ਸਿਆਣਪ ਭੀ ਤੋ ਤੇਰੀ ਪੇਸ਼ ਨਾ ਜਾਏਗੀ। ਕਾਰੇ-ਤੇ , ਸਦਾ ਭੇਗ ਕਿਸੀ ਕੇ ਹੀ ਨਹੀ ਬਣੇ ਰਹਿਤੇ, ਇਸ ਪਰ ਪ੍ਰਮਾਣ ਕਹਿਤੇ ਹੈਂ।

ਸਰਬ ਸਾਸਤ੍ਰ ਬਚਨੰ॥ ਸਰਬੇ ਬੇਜਾਤਨਿਚ ਯਕ ਨਿਚਯਾਹ॥ ਪ੍ਰਤਨਾਤਾ ਸਮੁਛਾਰਯਾ॥ ਸਯੋਗਾ ਵਿਪ੍ਰਯੋਗਾਤਾ ਮਰਣਾ ਤਹੀ ਜੀਵਤੀ॥ ਸਰਬ ਸਾਸਤ੍ਰ ਪੁਰਾਣ ਮੋਂ ਲਿਖਾ ਹੈ; ਜੇਤੇ ਕਛੁ ਸੱਚੇ ਹੈ ਤਿਨ ਕਾ ਅੰਤ ਖਰਚਾ ਬਡੇ-ਬਡੇ ਰਾਜਾ ਹੁਏ ਖਰਚ ਹੀਤੋ ਹੋ ਗਏ॥ ਅਰ ਜੈਤੀਆ ਕਛੁ ਉਨ ਪ੍ਰਿਥਵੀ ਪਰ ਸਪਤ-ਦੀਪ ਰਾਜ ਹੁਆ, ਤਿਨ ਕੇ ਧਨ ਕਹਾ ਗਏ, ਖਰਚ ਹੀ ਤੋ ਹੋ ਗਏ॥ ਅਰ ਜੇਤੀਆ ਕਛ ਉਚਿਆਈਆ ਹੈਂ, ਤਿਨ ਕਾ ਅੰਤ ਗਿਰਨਾ॥ ਕਹਾ ਤਕਰ ਅਕਾਸ਼ ਵਿਖੇ ਪੌੜੀਆ ਬਾਧ ਕਰ ਚੜੇਗਾ, ਅੰਤ ਗਿਰੇਗਾ॥ ਅਰ ਜੋ ਮਰਾਤਬੇ ਹੀ ਕੋ ਉਚਾਂ ਮਾਨੀਏ, ਤੋ ਮਰਾਤਬਾ ਭੀ ਸਦਾ ਕਿਸੇ ਕੋ ਹੀ ਨਹੀ ਰਹਿਤਾ, ਤਿਸ ਤੇ ਭੀ ਗਿਰਤਾ ਹੈ। ਅਰ ਜੇਤੇ ਸੰਜੋਗ ਹੈਂ, ਤਿਨਕਾ ਅੰਤ ਵਿਯੋਗ, ਕਹਾਂ ਤਕਰ ਮਿਲਾ ਰਹੇਗਾ, ਅੰਤ ਵਿਛੋੜਾ ਹੋਵੇਗਾ। ਅਰ ਜੇਤਾ ਕਛੁ ਜੀਵਣਾ ਹੈ, ਤਿਸ ਕਾ ਅੰਤ ਮਰਣਾ। ਜੋ ਲਾਖੋ ਬਰਸ਼ ਜੀਵੇਗਾ, ਤੋ ਭੀ ਮਰੇਗਾ। ਜੋ ਪਦਾਰਥ ਇਸ ਥਾਈ ਹੈ ਹੀ ਨਹੀਂ, ਤਿਨ ਕੇ ਨਿਮਿਤਿ ਯਤਨ ਕਰਣਾ ਮਹਾਂ ਮੂਰਖੋ ਕਾ ਹੀ ਤੋ ਕਾਮ ਹੈ।

ਸਿਖ ਵਚਨ, ਸੋਰਠਾ:-ਸ੍ਰੀ ਗੁਰ ਕ੍ਰਿਪਾ ਨਿਧਾਨ, ਯਤਨ ਕਰੋ ਮੈ ਕਿਹ ਲੀਏ। ਜੋ ਕਛੁ ਕਰੋ ਪ੍ਰਮਾਣ, ਕ੍ਰਿਪਾ ਕਰੋ ਮੁਹਿ ਦੀਨ ਪਰ॥ 15॥

ਇਹ ਤੋ ਸਿੱਖ ਕਾ ਵਚਨ ਹੈ, ਤਿਸੀ ਕਾ ਉਤਰ ਗੁਰ ਕਹਿਤੇ ਹੈਂ। ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਮੈਂ ਸਚਿਆਰ ਕੈਸੇ ਹੋਵੇ? ਸਤਿ ਰੂਪ ਜੋ ਪ੍ਰਮੇਸ਼ਵਰ ਹੈ, ਤਿਸ ਕੀ ਪ੍ਰਾਪਤਿ ਮੇਰੇ ਤਾਈ ਕੈਸੇ ਹੋਵੇ? ਅਰ ਝੂਠਾ ਜੋ ਹੈ ਜਗਤ, ਤਿਸ ਵਿਖੇ ਅਨੰਤ ਜਨਮ ਜੋ ਪਾਏ ਹੈਂ, ਤਿਨ ਜਨਮੋ ਕੇ ਮਲੀਨਤਾ ਕੇ ਸੰਸਕਾਰੋ ਕੀ ਜੋ ਅੰਤਹ-ਕਰਣ ਵਿਖੇ ਪੰਕਤਿ ਬੰਧ ਰਹੀ ਹੈ, ਜੋ ਪੰਕਿਤ ਪ੍ਰਮੇਸ਼ਵਰ ਕੀ ਓਰ ਨਹੀਂ ਆਵਣੇ ਦੇਤੀ, ਸੋ ਪੰਕਤਿ ਕੈਸੇ ਟੂਟੇ? ਯਤਨ ਇਸ ਕੇ ਨਮਿਤਿ ਕੀਆ ਚਾਹਿਤਾ ਹੈ, ਔਰ ਸਭ ਯਤਨ ਨਿਕੰਮੇ ਹੀ ਹੈ।

ਸਿੱਖ ਵਚਨ- ਸ੍ਰੀ ਗੁਰ ਕ੍ਰਿਪਾ ਨਿਧਾਨ, ਯਾ ਨਿਮਿਤਿ ਕਿਆ ਯਤਨ ਹੈ। ਕਰਹੁ ਕ੍ਰਿਪਾ ਸੋ ਗਿਆਨ, ਦਾਸਨ ਦਾਸ ਤਿਹਾਰ ਹੋ॥ 6॥ ਇਹ ਜੋ ਸਿੱਖ ਕਾ ਵਚਨ ਹੈ, ਤਿਸੀ ਕਾ ਉਤਰ ਗੁਰ ਕਹਿਤ ਹੈਂ। *ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*

'ਹੁਕਮ' ਜੋ ਹੈ ਪ੍ਰਮੇਸ਼ੂਰ ਕੀ 'ਆਗਿਆ' ਅਰ 'ਰਜਾਇ' ਜੋ ਹੈ ਪ੍ਰਮੇਸ਼ਵਰ ਕੀ 'ਮਰਜੀ' ਤਿਸੀ ਕੇ ਅਨੁਸਾਰ ਚਲਣਾ, ਸੋ ਵਿਧਾਤਾ ਨੇ ਇਸ ਕੇ ਸਾਥ ਲਿਖਿ ਦੀਆ ਹੈ। ਜੋ ਪ੍ਰਮੇਸ਼ਵਰ ਕੀ ਰਜਾਇ ਮੋਂ ਚਲੇਗਾ ਤੋ ਸੰਸਾਰ ਸਾਗਰ ਤੇ ਪਾਰ ਉਤਰੇਗਾ। ਅਰ ਜੋ ਪ੍ਰਮੇਸ਼ਵਰ ਕੀ ਰਜਾਇ ਤੇ ਬਾਹਰ ਹੋਵੇਗਾ ਤੋ ਸੰਸਾਰ ਸਾਗਰ ਮੋਂ ਡੂਬੇਗਾ, ਜਨਮਤਾ ਮਰਤਾ ਹੀ ਰਹੇਗਾ। ਤੇਰਾ ਨਿਸਤਾਰਾ ਕਬੀ ਹੋਵੇਗਾ ਨਹੀਂ।

'ਯਦਪਿ-ਹੁਕਮ, ਰਜਾਇ ਕਾ ਏਕ ਹੀ ਅਰਥ ਹੈ॥ ਜੋ ਜਿਸ ਕੀ ਮਰਜੀ ਹੋਤੀ ਹੈ ਸੋਈ ਤੋ ਹੁਕਮ ਭੀ ਕਰਤਾ ਹੈ॥ ਤਥਾਪਿ ਬਾਬੇ ਨਾਨਕ ਨੇ ਹੁਕਮ, ਰਜਾਇ ਦੋ ਲਿਖੇ ਹੈਂ॥ ਤਾਤੇ ਈਹਾਂ

Sri Satguru Jagjit Singh Ji eLibrary NamdhariElibrary@gmail.com

ਇਹੁ ਅਰਥ ਕਹਣਾ॥ ਜੇਤਾ 'ਪ੍ਰਬ੍ਰਿਤ-ਧਰਮ' ਹੈ ਸੋ ਤੋ ਪ੍ਰਮੇਸ਼ਵਰ ਕਾ ਹੁਕਮ ਹੈ॥ ਅਰ ਜੇਤਾ ਨਿਬ੍ਰਤ-ਧਰਮ ਹੈ ਸੋ 'ਰਜਾਇ' ਹੈ॥ ਇਕ ਬਾਰ ਗੀਰੀ ਨਿਬ੍ਰਤ ਹੋਣਾ ਬਹੁਤ ਕਠਨ ਹੈ॥ ਇਸੀ ਨਮਿਤ ਪ੍ਰਮੇਸ਼ਵਰ ਨੇ ਹੁਕਮ ਕੀਆ ਹੈ॥ ਯਗ, ਤਪ, ਦਾਨਾਦਿਕ ਕਰੋ ਤੁਮਰੀ ਕਲਿਆਣ ਹੈ॥ ਰਜਾਇ ਪ੍ਰਮੇਸ਼੍ਵਰ ਕੀ ਨਿਬ੍ਰਤ ਭੀ ਪਰਹੀ ਹੈ॥ ਇਨ ਜੀਵੋ ਕਾ ਧਰਮ ਵਿਖੇ ਪਰ ਵੇਸਤੋ ਹੋਵੇ॥ ਹੋਤੇ ਹੋਤੇ ਕਬੀ ਤੋ ਨਿਬ੍ਰਤ ਭੀ ਹੋ ਰਹੇਗੇ॥ 'ਹੁਕਮਿ ਰਜਾਈ ਚਲਣਾ' ਇਹ (ਸ੍ਰੀ ਗੁਰੂ) ਬਾਬਾ ਨਾਨਕ ਕੇ ਮੁਖਾਰਬਿੰਦ ਕੇ ਕੈਸੇ ਅਖਰ ਹੈਂ? ਜੇ ਕੋਈ ਲਾਖੋ ਦਸਤੇ ਕਾਗਜੋ ਕੇ ਲਿਖੇਗਾ ਤੋ ਭੀ ਤੋ ਇਨ ਕਾ ਅਰਥ ਨਾ ਸੰਪੂਰਣ ਹੋ ਸਕੇਗਾ। ਕਾਹੇ ਤੇ, ਜੇਤਾ ਵੇਦ, ਸਾਸਤ੍ਰ, ਪੁਰਾਣ ਹੈ, ਸੋ ਸਭ ਪ੍ਰਮੇਸ਼ਵਰ ਕਾ 'ਹੁਕਮਿ-ਰਜਾਈ' ਹੀ ਤੋ ਹੈ। ਲਿਖਣੇ ਵਾਲਾ ਕਹਾਂ ਤੱਕ ਲਿਖੇਗਾ। ਜੋ ਹਜਾਰੋ ਜਨਮ ਪਵੇਗਾ ਤੋ ਭੀ ਤੋਂ ਨਾਂ ਸੰਪੂਰਣ ਲਿਖਿ ਸਕੇਗਾ। ਤਾਂ ਤੇ ਯਥਾ ਸ਼ਕਤਿ ਥੋੜਾ ਸਾ ਅਰਥ ਇਸ ਕਾ ਲਿਖਤੇ ਹੈ: ਵੇਦ ਵਚਨੰ: ਸਰਵੰ ਖਲ੍ਵਿਦੰ ਬ੍ਰਹਮ॥ ਬ੍ਰਹਮ ਜਾਨੰਤਿ ਬ੍ਰਹਮਣ॥

ਇਹ ਸਰਬ ਜਗਤ ਬ੍ਰਹਮ ਰੂਪ ਹੀ ਹੈ, ਦੂਸਰਾ ਕੋਈ ਭੀ ਨਹੀਂ, ਬ੍ਰਹਮ ਕੇ ਜਾਨਣੇ ਵਾਲਾ ਬ੍ਰਹਮ ਹੀ ਹੋਤਾ ਹੈ। ਅਬ ਗੁਰੂ ਕਹਿਤੇ ਹੈਂ ਸਿਖ ਕੋ- (ਇਹ ਵੇਦ ਵਚਨ ਪ੍ਰਮੇਸ਼ਵਰ ਕੀ ਰਜਾਇ ਹੈ) ਸਰਬ ਪੂਰਣ ਬ੍ਰਹਮ ਦੇਖ ਤੂੰ ਭੀ ਬ੍ਰਹਮ ਰੂਪ ਹੀ ਹੋਵੇਗਾ।

ਸਿਖ ਵਚਨੰ - ਸਰਬ ਬ੍ਰਹਮ ਕੇ ਰੂਪ ਇਹ ਤੋ ਜਾਨਨਾ ਕਠਨ ਹੈ। 'ਨਾਮੇ ਭ੍ਰਮ ਤਮ ਰੂਪ ਜਾਤੇ ਸੁਗਮ ਕਰੋ ਗੁਰੋ', ਅਬ ਗੁਰ ਇਸ ਤੇ ਸੁਗਮ ਪ੍ਰਮੇਸ਼ਵਰ ਕੀ ਰਜਾਇ ਉਪਦੇਸ਼ ਕਰਤੇ ਹੈਂ। 'ਗੀਤਾ' ਮੇਂ ਲਿਖਾ ਹੈ,

ਸ੍ਰੀ ਕ੍ਰਿਸ਼ਨ ਮਹਾਰਾਜ ਕਹਤੇ ਹੈਂ ਅਰਜਨੁ ਕੋ- 'ਹੇ ਕੁੰਤੀ ਕੇ ਪੁੱਤਰ: ਤੂ ਜੋ (ਕਛੁ ਭੋਗ ਕਰ ਅਰ ਜੋ) ਕ਼ਛੁ ਕਰਮ ਕਰੇ ਅਰੁ ਜੋ (ਕਿਛੁ) ਭੋਜਨ ਕਰੇ, ਜੋ ਹੋਮ ਕਰੇ, ਜੋ ਦਾਨ ਕਰੇ, ਜੋ ਤਪ ਕਰੇ ਸੋ ਮੇਰੇ ਵਿਖੇ ਅਰਪਣ ਕਰ। ਇਸ ਪ੍ਰਕਾਰ ਕਰਤਾ ਹੂਆ ਸ਼ੁਭਾਸ਼ੁਭ ਫਲ ਕੇ ਦੇਣੇ ਵਾਲੇ ਜੋ ਹੈ, ਸ਼ੁਭਾਸ਼ੁਭ ਕਰਮ, ਸੋਈ ਆਵਾਗੌਣ ਕੇ ਦੇਵਣੇ ਵਾਲੇ ਬੰਧਨ ਹੈ,ਇਨ ਬੰਧਨੋ ਤੇ ਮੁਕਤਿ ਹੋਵੇਗਾ। ਔਰ ਤੋ ਸਰਬ ਜਗਤ ਕਰਮ-ਜਾਲ ਮੋਂ ਬੰਧਾ ਹੂਆ ਹੈ, ਕਰਮ-ਬੰਧਨ ਤੇ ਮੁਕਤ ਤੋ ਏਕ ਮੈ ਹੀ ਹੈ। ਤਾਂ ਤੇ ਤੂ ਮੇਰੇ ਹੀ ਸਵਰੂਪ ਵਿਖੇ ਲੀਨ ਹੋਏਗਾ॥' ਗੁਰ ਕਹਿਤੇ ਹੈ ਸਿਖ ਕੋ-ਇਹ ਉਸ ਤੇ ਸੁਗਮ ਦੂਸਰੀ ਪ੍ਰਮੇਸ਼ਵਰ ਕੀ ਰਜਾਇ ਹੈ। ਕਰਮ ਫਲ ਪ੍ਰਮੇਸ਼ਵਰ ਵਿਖੇ ਅਰਪਣ ਕਰ, ਤੂ ਪ੍ਰਮੇਸ਼ਵਰ ਕੇ ਸਵਰੂਪ ਵਿਖੇ ਲੀਨ ਹੋਵੇਗਾ।

ਸਿੱਖ ਵਚਨੰ: ਸ੍ਰੀ ਗੁਰ ਕ੍ਰਿਪਾ ਨਿਧਾਨ, ਇਹ ਭੀ ਹੋਨੋ ਕਠਨ ਹੈ॥17॥
ਆਪ ਹੋਇ ਨਿਹਕਾਮ, ਫਲ ਅਰਪਣ ਜਗਦੀਸ ਮੋ।
ਜਾ ਤੇ ਹੋਇ ਸਜਾਨ, ਸੁਗਮ ਉਪਾਵ ਕਹੋ ਗੁਰੁ॥18॥

ਅਬ ਗੁਰੂ ਇਸ ਤੇ ਭੀ ਸੁਗਮ ਪ੍ਰਮੇਸ਼੍ਵਰ ਕੀ ਰਜਾਇ ਉਪਦੇਸ ਕਰਤੇ ਹੈ।

ਨਾਰਾਇਣਾ ਅਚੁਯਤਾਨੰਤੇ ਬਾਸਦੇਵੇਤਿ ਯੋ ਨਰ:
ਸਤਤੰ ਕੀਰਤਨੇ ਯਤ ਭਰਮ ਉਯਾਤਿਮਲਯਤਾ ਪ੍ਰਿਯੋ॥

(ਬਰਾਹਪੁਰਾਹ ਪੁਰਾਣੇ॥)

'ਵਾਰਾਹ ਪੁਰਾਣਾ ਮੋਂ ਲਿਖਾ ਹੈ, ਨਾਰਾਯਨ ਕਹਿਤੇ ਹੈਂ ਲਖਮੀ ਕੋ- ਹੇ ਨਾਰਾਯਣ ! ਹੇ ਅਚੁਤ! ਹੇ ਅਨੰਤ ! ਹੇ ਵਾਸਦੇਵ ! (ਹੇ ਗੋਬਿੰਦ! ਹੇ ਰਾਮ! ਹੇ ਨਰੁ ਸਿੰਘ! ਹੇ ਮਾਧਵਾ! ਹੇ

Sri Satguru Jagjit Singh Ji eLibrary NamdhariElibrary@gmail.com

ਦਾਮੋਦਰ! ਹੇ ਗੋਪੀਨਾਥ!)- ਐਸੇ ਜੋ ਨਰ ਨਿਰੰਤਰ ਪ੍ਰਿਥਵੀ ਵਿਖੇ ਕੀਰਤਨ ਕਰਤਾ ਹੈ ਸੋ ਮੇਰੇ ਸ੍ਵਰੂਪ ਵਿਖੇ ਲੀਨ ਹੋਤਾ ਹੈ।

'ਯਾਗਵਲਕ ਸਾਸਤ੍ਰ ਮੇਂ ਲਿਖਾ ਹੈ, ਯਾਗਵਲਕ ਰਿਖਿ ਕਹਿਤਾ ਹੈ, ਰਾਜਾ ਜਨਕ ਕੋ- ਹੇ ਰਾਜਨ! ਵਿਸਨੁ ਨਾਮੋ ਕਾ ਜੋ ਕੀਰਤਨ ਕਰਣਾ ਹੈ ਤਿਸ ਵਿਚ ਦੇਸ਼, ਕਾਲ ਕਾ ਕਛੁ ਨੇਮ ਹੀ ਨਹੀ। ਚਲਤਾ ਹੂਆ, ਖੜਾ ਹੂਆ, ਸੋਤਾ ਹੂਆ, ਪੀਤਾ ਹੂਆ, ਖਾਤਾ ਹੂਆ, ਜਪਤਾ ਹੂਆ, ਕ੍ਰਿਸ਼ਨ, ਕ੍ਰਿਸ਼ਨ ਐਸੇ ਕਹਿ ਕਰ- ਪਾਪੋਂ ਕਾ ਜੋ ਹੈ ਅਵਰਣ, ਜੋ ਇਸ ਕੋ ਸਰਬ ਪੂਰਣ ਬ੍ਰਹਮ ਨਹੀਂ ਦੇਖਣੇ ਦੇਤਾ- ਤਿਸ ਤੇ ਮੁਕਤ ਹੋਤਾ ਹੈ।

'ਸਿਵ ਰਹਸਾ ਮੇਂ ਲਿਖਾ ਹੈ, ਵਿਆਸ ਜੀ ਕਹਿਤੇ ਹੈਂ ਸਰਬ ਜਗਤ ਕੋ- ਸ਼ੰਕਰ ਇਹ ਜਨਮ ਹੈ, ਜਿਸ ਕੀ ਜਿਹਵਾ ਕੇ ਅਗ੍ਰ ਵਿਖੇ ਸਦਾ ਵਸਤਾ, ਸੋ ਪੁਰਖ ਦੁਖ ਭਾਗੀ ਕਬੀ ਹੀ ਨਹੀਂ ਕਹਤਾ। ਮੈ ਸਤਿ ਕਹਿਤਾ ਹੋਂ, ਸਤਿ ਕਹਿਤਾ ਹੋ, ਇਸ ਮੋ ਕਛੁ ਸੰਦੇਹ ਹੀ ਨਹੀ। ਮਹਾਂਦੇਵ, ਮਹਾਂਦੇਵ, ਮਹਾਂਦੇਵ- ਇਹ ਜੋ ਧ੍ਵਨਿ ਹੈ, ਸੋ ਧ੍ਵਨਿ ਕੈਸੀ ਹੈ? ਸੰਸਾਰ ਕਾ ਬੀਜ ਜੋ ਹੈ ਅਵਿਦਿਆ, ਤਿਸ ਕੇ ਜਲਾਵਣੇ ਵਾਲੀ ਦਾਵਾਗਨਿ ਹੈ। ਮੈ ਸਤਿ ਕਹਿਤਾ ਹੋ, ਸਤਿ ਕਹਿਤਾ ਹੋ, ਇਸ ਮੋ ਕਛੁ ਸੰਦੇਹ ਹੀ ਨਹੀਂ। ਫੇਰ ਏਹ ਧ੍ਵਨਿ ਕੈਸੀ ਹੈ? ਸੰਸਾਰ ਰੂਪੀ ਸਰਪ ਨੇ ਜੋ ਕਾਟੇ ਹੈਂ; ਤਿਨ ਕੇ ਪਰਮ-ਔਖਧ ਹੈਂ। ਇਸ ਤੇ ਪਰੇ ਔਰ ਕੋਈ ਉਤਮ ਔਖਧ ਹੈ ਹੀ ਨਹੀ। ਮਹਾਂਦੇਵ, ਮਹਾਂਦੇਵ ਐਸੇ ਇੰਦ੍ਰੀਓ ਕੋ ਵਸ ਕਰ-ਕਰ ਉਚਾਰਣ ਕਰਤਾ ਹੂਆ ਮੋਤ ਕੋ ਭੀ ਕਛੁ ਨਹੀ ਗਣਤਾ। ਮੈਂ ਕਹਿਤਾ ਹੋ ਸਤਿ ਕਹਿਤਾ ਹੋ।

ਕਾਂਸੀ ਖੰਡੇ॥

ਗੋਬਿੰਦ ਮਾਧਵ ਮੁਕੰਦਹਰੇ ਮੁਰਾਰੇ ਸ਼ੰਭੋ ਸਿਵੇਸ ਸਿਸੇਖਰ ਸੂਲਪਾਣੇ॥

ਦਾਮੋਦਰ ਅਚੁਤਜ ਨਾਰਦ ਨਵਾ ਦੇਵਤਿਆ ਜਿਆ ਭਟਾਇਤਿ ਸੰਤਤ ਮਾਮਨੰਤੀ॥

ਇਥੇ ਦਿਵਜੋ ਦੂਨਿਜ ਭ੍ਰਿਤਯ ਗਣਾਨ ਦੇਵ ਸੰਸਿਖਯ ਦੇਵ ਨਿਗਾਸਹਿ ਧਰਮ ਰਾਜਾ॥

ਅਨੰਪਿਯੇ ਹਰਿ ਹਰਾਕਧ ਗਯਾਤੇ ਦੂਰਤਾ ਪੁਨਰ ਹੋ ਪਰਿਬਰਜ ਨੀਅਯਾ।

ਕਾਂਸੀ ਖੰਡ ਮੋਂ ਲਿਖਾ ਹੈ ਧਰਮ ਰਾਜਾ ਕਹਤੇ ਹੈਂ ਯਮਦੂਤੋ ਕੋ, ਹੇ ਗੋਬਿੰਦ, ਹੇ ਮਾਧਵ, ਹੇ ਮੁਕੰਦ, ਹੇ ਹਰੇ, ਹੇ ਮੁਰਾਰੇ, ਹੇ ਸ਼ੰਭੋ, ਹੇ ਸ਼ਿਵ, ਹੇ ਈਸ਼, ਹੇ ਸਸਿ ਸੈਖਰ, ਹੇ ਸੂਲਪਾਣੇ, ਹੇ ਦਾਮੋਦਰ, ਹੇ ਅਚੁਤ, ਹੇ ਜਾਨਾਰਦਨ, ਹੇ ਵਾਸਦੇਵ॥ ਐਸੇ ਜੋ ਵਿਸ਼ਨ, ਸਿਵ ਨਾਮੋਂ ਕਾ ਉਚਰਨ ਕਰਤੇ ਹੈਂ॥ ਤਿਨ ਕਾ ਤੁਮਨੇ ਤਿਆਗ ਕਰਣਾ, ਤਿਨ ਕੇ ਨਿਕਟ ਨਹੀ ਜਾਣਾ॥

ਸਿਕੰਦ ਕੁਮਾਰ ਮਹਾਂਦੇਵ ਕੇ ਪੁੱਤ੍ਰ ਕਹਤੇ ਹੈ ਅਗਸਤ ਮੁਨਿ ਕੋ॥ ਬ੍ਰਹਮਣੋ ਵਿਖੇ ਸ੍ਰੇਸ਼ਟ ਪ੍ਰਿਥਵੀ ਵਿਖੇ ਆਵਣੇ ਵਾਲੇ ਜੋ ਹੈਂ॥ ਆਪਣੇ ਟੋਲੀਓ ਕੇ ਸਮੂਹ ਤਿਸ ਕੋ ਇਸ ਪ੍ਰਕਾਰ ਧਰਮ ਰਾਜਾ ਉਪਦੇਸ਼ ਕਰਤੇ ਹੈਂ। ਔਰ ਭੀ ਜੋ ਹਰਿਹਰਾ ਕੇ ਚਿਹਨ ਕੇ ਧਾਰਣੇ ਵਾਲੇ ਪ੍ਰਿਥਵੀ ਮੋ ਹੈ, ਤਿਨ ਕਾ ਭੀ ਤੁਮਨੇ ਤਿਆਗ ਕਰਣਾ, ਮੈ ਤੁਮ ਕੋ ਵਾਰੰਵਾਰ ਕਹਤਾ ਹੋਂ, ਤਿਨ ਕੇ ਨਿਕਟ ਤੁਮਨੇ ਨਹੀ ਜਾਣਾ॥ ਗੋਪੀ ਚੰਦਨ ਕਾ ਉਰਧ ਪੁੰਡਰ ਤਿਲਕ, ਅਰ ਤੁਲਸੀ ਕੀ ਮਾਲਾਇਤ ਤੋ ਹਰਿ-ਵਿਸ਼ਨ ਕਾ ਚਿਹਨ ਹੈ॥ ਵਿਭੂਤ ਕਾ ਪੁੰਡਰ, ਤਿਲਕ ਅਰ ਰੁਦ੍ਰਾਖ ਕੀ ਮਾਲਾ ਇਹੁ ਹਰ ਮਹਾਂਦੇਵ ਕਾ ਚਿਹਨ ਹੈ॥ ਮੈ ਤੁਮ ਕੋ ਵਾਰੰਵਾਰ ਸਤ ਕਰਤਾ ਹੋ ਇਨ ਕੇ ਨਿਕਟ ਤੁਮ ਨੇ ਨਹੀ ਜਾਣਾ॥ ਅਬ ਗੁਰ ਕਹਤੇ ਹੈਂ ਸਿੱਖ ਕੋ ਇਹ ਪੁਰਾਣੋ ਕੇ ਵਚਨ ਪਰਮੇਸ਼ਵਰ ਦੀ ਸੁਗਮ ਆਗਿਆ

Sri Satguru Jagjit Singh Ji eLibrary NamdhariElibrary@gmail.com

ਹੈ: ਵਿਸ਼ਨ-ਨਾਮ ਵਿਖੇ ਤੇਰੀ ਰੁਚ ਹੋਇ ਤੋ ਵਿਸ਼ਨ-ਨਾਮ ਜਪੁ॥ ਸ਼ਿਵਨਾਮ ਵਿਖੇ ਰੁਚ ਹੁਇ ਤੋ ਸ਼ਿਵਨਾਮੁ ਜਪੁ॥ ਤੁਲਸੀ ਗੋਪੀ ਚੰਦਨ ਰੁਦ੍ਰਾਖ ਵਿਭੂਤ ਹੀ ਧਾਰਨ ਕਰ ਯਮ ਕੀ ਫਾਸੀ ਤੇ ਛੂਟ ਜਾਇਗਾ। ਨਾਮ ਜਪਣੈ ਵਿਖੇ ਦੇਸ਼, ਕਾਲ ਕਾ ਕਛੁ ਨੇਮ ਹੀ ਨਹੀ ਹੈ॥ ਸਮਗ੍ਰੀ ਮੂਲ ਸੋ ਕਛੁ ਚਾਹੀਤੀ ਨਹੀ॥ ਜਿਸ ਪ੍ਰਕਾਰ ਜਪ ਸਕੇ, ਤਿਸੀ ਪਰਕਾਰ ਜਪੁ; ਤੂੰ ਕ੍ਰਿਤਾਰਥ ਹੋਵੇਗਾ।

ਅਬ ਈਹਾ ਕਛ ਨਿਰਣੇ ਕੇ ਨਮਿਤਾ ਲਿਖਤੇ ਹੈਂ॥ ਹਮਾਰੇ ਲਿਖੇ ਪਰ ਜੋ ਕੋਈ ਹਾ ਸੰਸ਼ਾ ਕਹੇ॥ ਪੁਰਾਣ ਕੇ ਵਚਨ ਤੁਮਨੇ ਲਿਖੇ ਸੋ ਹਛਾ ਕੀਆ। ਵਚਨ ਸੋਈ ਕਾਮ ਕਾ ਹੈ ਜਿਸ ਪਰ ਪਰਮਾਣ ਪਾਈਤੇ ਹੈ॥ ਅਰ ਜਿਸ ਪਰ ਪ੍ਰਮਾਣ ਹੀ ਨਹੀ ਪਾਈ ਤੇ ਸੋ ਵਚਨ ਕਿਸੀ ਕਾਮ ਕਾ ਨਹੀ॥ ਤਿਸ ਕੋ ਕੋਈ ਮਾਨਤਾ ਹੀ ਨਹੀ॥ ਪਰੰਤੂ, ਸਿੱਖ ਕੇ ਵਚਨ ਤੋ 'ਜਪ ਜੀ' ਮੇ ਲਿਖੇ ਨਹੀ ਥੇ, ਤੁਮ ਨੇ ਕਹਾਤੇ ਪਾਏ? ਤਿਸ ਕਾ ਉਤਰ॥ ਧਾਨ ਕਾ ਖੇਤ- ਪਰਾਲਿ ਤੇ ਸਿਆਨਿਓ॥ ਖੇਤ ਤੋ ਧਾਨ ਕਾ ਨੀ ਦੇਖਾ, ਪਰਾਲੀ ਤੋ ਦੇਖੀ॥ ਤਾਤੇ ਪਰਾਲੀ ਨੇ ਹੀ ਖੇਤ ਸਿੱਧ ਕੀਆ॥ ਬਿਨਾ ਖੇਤ ਪਰਾਲੀ ਹੋਤੀ ਤੋ ਨਹੀ॥ ਤੇਸੈ ਉਤਰ ਤੋ ਬਾਬਾ ਨਾਨਕ ਕੇ ਵਚਨੋ ਵਿਖੇ ਦ੍ਰਿਸ਼ਟ ਆਏ॥ ਪ੍ਰਸ਼ਨ ਤੋ ਨਹੀਂ ਦੇਖੇ, ਬਿਨਾ ਪ੍ਰਸ਼ਨ ਉਤਰ ਹੋਤਾ ਤੋ ਨਹੀਂ॥ ਤਾਂਤੇ ਉਤਰੋ ਨੇ ਹੀ ਪ੍ਰਸ਼ਨ ਸਿੱਧ ਕੀਏ॥ ਅਰ ਇਨ ਪ੍ਰਸ਼ਨੋ ਕਾ ਬੀਜ ਭੀ ਹਮ ਨੇ ਪਾਇਆ॥ ਆਦਿ ਵਿਖੇ ਹੀ ਜੋ ਲਿਖਤੇ ਹੈ॥ਜਪੁ॥ ਇਸੀ ਕਾ ਅਰਥ ਤੋ ਇਹੀ ਪ੍ਰਤੀਤ ਹੋਤਾ ਹੈ॥ ਤੂ ਜਪੁ ਕਰ; ਤਬੀ ਤੋ ਕਹਤੇ ਹੈ॥ ਜੋ ਕੋਈ ਆਗੇ ਹੈ॥ ਜੋ ਆਗੇ ਕੋਈ ਨ ਹੋਤਾ॥ ਤੋ ਜਪ ਕਰ ਕਿਸ ਕੋ ਕਹਤੇ॥ ਆਗੇ ਕੌਣ॥ ਤੂੰ ਜਪੁ ਕਰੁ॥ ਇਹ ਉਪਦੇਸ਼ ਵਚਨ ਹੈ॥ ਸੋ ਉਪਦੇਸ਼ ਗੁਰੋ ਕਾ ਸਿਖ ਪ੍ਰਿਤ ਹੀ ਹੋਤਾ ਹੈ॥ ਔਰ ਪ੍ਰਤੀ ਹੋਤਾ ਹੀ ਨਹੀ॥ ਤਾਤੇ 'ਜਪੁ'॥ ਇਹ ਜੋ ਬਾਬਾ ਨਾਨਕ ਕੇ ਮੁਖਾਰਵਿੰਦ ਕੇ ਜੋ ਅਖਰ ਥੇ, ਤਿਨੋ ਨੇ ਹੀ ਸਿੱਖ ਸਿਧ ਕੀਆ॥ ਜੋ ਗੁਰੋ ਨੇ ਕਹਾ ਸਿੱਖ ਕੋ, ਤੂੰ ਜਪੁ ਕਰ॥ ਤਬ ਸਿੱਖ ਭੀ ਤੋ ਪੂਛੇਗਾ ਮਹਾਰਾਜ ਮੈਂ, ਕਿਆ ਜਪ ਕਰੋ? ਤਿਸ ਕਾ ਉਤਰ ਗੁਰੋ ਨੇ "ਆਦਿ ਸਚੁ ਜੁਗਾਦਿ ਸਚੁ"॥ ਇਹੁ ਪਰਮ ਉਪਦੇਸ ਕੀਆ॥ ਆਗੇ ਸਿਖ ਕੱਚਾ ਥਾ ਇਸ ਪਰ ਨਹੀ ਠਹਰਾ ਤਿਸ ਨੇ ਪ੍ਰਸਨ ਉਠਾਏ॥ ਤਿਨ ਕੇ ਹੀ ਤੋ ਉਤਰ ਗੁਰੋ ਨੇ ਦੀਏ॥ ਅਬ ਇਸ ਕੋ ਵੀਚਾਰ ਕਰ ਦੇਖਾ ਚਾਹੀਏ॥ ਮੈਨੇ ਬਾਬਾ ਨਾਨਕ ਕੇ ਬਚਨੋ ਕਾ ਅਰਥ ਲਿਖਾ ਹੈ॥ ਆਪ ਤੋਂ ਕੁਛ ਭੀ ਨਹੀਂ ਲਿਖਾ॥ ਤਾਂਤੇ ਈਹਾਂ ਇਹ ਚਿਰਚੈ ਕਰਣਾ॥ ਬਾਬਾ ਨਾਨਕ ਕੀ ਬਾਣੀ ਸਾਸਤ੍ਰੀ ਰੀਤ ਕੀ ਹੈ, ਭਾਖਾਰੀਤ ਕੀ ਨਹੀਂ॥ ਸਰਬ ਸਾਸਤ੍ਰ ਕੀ ਇਹੀ ਰੀਤ ਹੈ॥ ਜਹਾਂ ਉਤਰ ਹੋਤਾ ਹੈ, ਪ੍ਰਸਨ ਨਹੀਂ ਹੋਤਾ, ਤਹਾ ਮੂਲ ਕਾਰ ਕੈ ਆਸ਼ੈਨ ਕੋ ਸਮਝ ਕਰ ਪ੍ਰਸਨ ਟੀਕਾਕਾਰ ਊਪਰ ਸੋ ਲਿਖਤਾ ਹੈ॥ ਯੁਕਤ, ਪ੍ਰਮਾਨੁ, ਦ੍ਰਿਸ਼ਟਾਂਤ ਜੋ ਕਛੁ ਜਹਾਂ ਚਾਹੀਤਾ ਹੈ, ਸੋ ਊਪਰ ਸੋ ਲਿਖਤਾ ਹੈ॥ ਜਹਾਂ ਪੂਰਬ-ਪਰ ਪਦੋਂ ਕਾ ਸਬੰਧ ਨਹੀਂ ਬਣਤਾ, ਤਹਾਂ ਉਥਾਨਕਾ ਧਰ ਕਰ ਸੰਬੰਧ ਮਿਲਾਵਤਾ ਹੈ॥ ਜਹਾਂ ਅਰਥ ਮੋ ਵਿਰੋਧ ਪੜਤਾ ਹੈ॥ ਤਹਾਂ ਬਿਵਸਥਾ ਕਰ ਕਰ ਵਿਰੋਧ ਮਿਟਾਵਤਾ ਹੈ॥ ਸਰਬ ਸਾਸਤ੍ਰ ਕੀ ਇਹੀ ਰੀਤ ਹੈ॥ ਜਿਸ ਰਿਖ ਦੇਵਤਾ ਨੇ ਸਾਸਤ੍ਰ ਰਚਾ ਹੈ॥ ਤਿਸ ਨੇ ਪ੍ਰਮੇਸ਼ਵਰ ਕੇ ਵਚਨੋ ਕੋ ਪੀਛਾ ਲੇਕਰ ਰਚਾ ਹੈ॥ ਨਾਨੀ ਕੇ ਘਰ ਸੋ ਤੋ ਕੋਈ ਭੀ ਨਹੀ ਲੈ ਆਇਆ॥ ਸੋ ਪ੍ਰਮੇਸਵਰ ਕੇ ਵਚਨ 'ਗੀਤਾ'॥ ਏਕ 'ਗੀਤਾ' ਪਰ ਬਾਵਨ ਟੀਕਾਕਾਰ ਪਰਵਰਤੇ ਹੈ॥ ਬਾਵਨੋ ਨੇ ਬਾਵਨ ਹੀ ਅਰਥ ਲਿਖੇ॥ ਜਿਸ ਨੇ ਅਰਥ ਲਿਖਾ ਹੈ ਤਿਸ ਨੇ ਉਥਾਨਕਾ ਧਰ ਕਰ ਪ੍ਰਸਨ ਉਤਰ ਯੁਕਤ ਪ੍ਰਮਾਣ ਦ੍ਰਿਸਟਾਂਤ ਲਿਆ, ਇੱਕਰ ਹੀ ਤੋਂ ਲਿਖਾ ਹੈ॥ ਕਿਓ ਕੋਈ ਲਿਖ ਹੀ ਨਹੀਂ

Sri Satguru Jagjit Singh Ji eLibrary NamdhariElibrary@gmail.com

ਸਕਤਾ॥ ਕਾਹੇਤੇ ਪ੍ਰਮੇਸਵਰ ਆਪਣੇ ਵਚਨੋਂ ਵਿਖੇ ਇਸ ਕਾ ਭਾਵ ਜੋ ਧਰਾ ਥਾ॥ ਕਰਤਾ ਕੇ ਭਾਵ ਕੋ ਪ੍ਰਗਟ ਕਰਣਾ ਇਸੀ ਕਾ ਨਾਮ ਤੋਂ 'ਅਰਥ' ਹੈ॥ ਜੋ ਕਰਤਾ ਕੇ ਭਾਵ ਕੋ ਨ ਪ੍ਰਗਟ ਕਰੇਗਾ ਤੋ ਤਿਸ ਕਾ ਬਕਬਾਦ ਹੀ ਠਹਰੇਗਾ, ਪ੍ਰਮੇਸਵਰ ਨੇ ਆਪਣੇ ਵਚਨੋਂ ਵਿਖੇ ਇਸ ਕਾ ਭਾਵ ਤਬੀ ਤੋ ਧਰਾ, ਜੋ ਪਰਮੇਸਵਰ ਕੀ ਰਜਾਇ ਥੀ ਰਜਾਇ ਬਿਨਾ ਤੋ ਨਹੀ ਧਰਾ ਤਾਂਤੇ ਪ੍ਰਮੇਸਵਰ ਕੀ ਰਜਾਇ ਕਾ ਮਾਨਣਾ; ਇਹੀ ਤੋ ਬਾਬਾ ਨਾਨਕ ਕਾ ਮਤ ਹੈ॥ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'॥ 'ਨਾਨਕ ਰਹਣ ਰਜਾਈ'॥ 'ਰਬ ਕੀ ਰਜਾਇ ਮੰਨੇ ਸਿਰ ਉਪਰ ਕਰਤਾ ਮੰਨੇਆ ਪਗਵਾਏ'॥ 'ਬੰਦਖਲਾਸੀ ਭਾਣੈ ਹੋਇ॥ ਹੋਰ ਆਖ ਨ ਸਕੇ ਕੋਈ'॥ ਭਾਣਾ, ਰਜਾਇ ਇਸ ਕਾ ਏਕ ਹੀ ਅਰਥ ਹੈ॥ ਤਾਤੇ, ਜਿਧਰ ਪਰਮੇਸਵਰ ਕੀ ਰਜਾਇ ਤਿਧਰ ਬਾਬਾ ਨਾਨਕ ਕੀ ਭੀ ਰਜਾਇ॥ ਜਿਸ ਢਬ ਕੇ ਵਚਨ ਪਰਮੇਸਵਰ ਕੇ ਤਿਸੀ ਢਬ ਕੇ ਬਾਬਾ ਨਾਨਕ ਕੇ ਭੀ; ਅਰਥ ਕਾ ਨੇਮ ਤੋ ਸਾਸਤ੍ਰ ਮੋ ਇਹੀ ਲਿਖਾ ਹੈ॥ "ਪ੍ਰਕਰਣਾਂਤ ਸਬਦਾਰਥੋ ਅਵਰੀਮਯਤੇਨ ਕੇ ਵਲਾਤਸਬ ਦਾਤਾ॥" ਸਬਦ ਕਾ ਅਰਥ ਪ੍ਰਕਰਣਤੇ ਹੋਤਾ ਹੈ॥ ਕੇਵਲ ਸ਼ਬਦ ਤੇ ਸਬਦ ਕਾ ਅਰਥ ਹੋਤਾ ਨਹੀ, ਪ੍ਰਕਰਣ ਕਿਆ ਕਹੀਏ॥ "ਆਦਿ ਅੰਤ ਪਦਾਰਥਯੋਰ ਮਧ ਪਦਾਰਥੇ ਚ ਸ੍ਵਰ-ਸੰਗਤਿ ਕਰਣ ਤ੍ਵੰ ਪ੍ਰਕਰਣ ਤ੍ਵੰ॥" ਪੂਰਬ ਪਰ ਪਦੋ ਕੇ ਜੋ ਅਰਥ ਹੈ ਤਿਨ ਕੀ ਮੱਧ ਪਦੋ ਕੇ ਅਰਥੋ ਸਾਥ ਸੰਗਤ ਕਰਣੀ॥ ਆਦਿ ਵਿਖੇ ਕਿਆ ਲਿਖਾ ਹੈ॥ ਅੰਤ ਵਿਖੇ ਕਿਆ ਲਿਖਾ ਹੈ॥ ਮੱਧ ਵਿਖੇ ਕਿਆ ਚਹੀਤਾ ਹੈ ਕਿਸ ਆਸਰੈ ਕੋ ਲੈ ਕਰ ਚਲਾ ਹੈ, ਈਹਾ ਕਿਆ ਕਰਨਾ ਬਣਤਾ ਹੈ॥ ਮੂਲ ਕਾਰ ਕੇ ਆਸ਼ਾਰੇ ਕੋ ਪਛਾਨਣਾ ਅਰ ਆਦਿ, ਅੰਤ ਸੋ ਮਿਲੀ ਹੂਈ ਬਾਤ ਕਰਣੀ ਇਸੀ ਕਾ ਨਾਮ ਪਰਕਰਣ ਹੈ॥ ਮੂਲ ਕਰਾ ਕੇ ਆਸਰੇ ਕੋ ਪਛਾਣਤਾ ਨਹੀ॥ ਆਦਿ, ਅੰਤ ਕੀ ਕਛੁ ਖਬਰ ਨਹੀ॥ ਐਸਾ ਪੁਰਖ ਜੋ ਕਛੁ ਕਹੈਗਾ ਤਿਸ ਕਾ ਕਹਣਾ ਬਾਬਾਦ ਹੀ ਠਹਰੇਗਾ। ਮੂਲ ਕਾਰ ਤੇ ਈਹਾ ਬਾਬਾ ਨਾਨਕ , ਤਿਸ ਨੇ ਜੋ ਬਾਣੀ ਰਚੀ, ਸੋ ਕਿਉਂ ਰਚੀ? ਬਾਣੀ ਰਚਣੇ ਕਾ ਪਰਯੋਜਨ? ਅਰਥ ਤੋ ਸਾਸਤ੍ਰ ਮੋਂ ਇਹੀ ਲਿਖਾ ਹੈ॥ ਯੇਨ ਪ੍ਰਯੁਕਤਾ ਪੁਰਖਾ ਪਰਬਰਤ ਤੇ ਪ੍ਰਯੋਜਨੰ॥ ਜਿਸ ਕਰ ਕਰ ਪ੍ਰੇਰਿਆ ਹੂਆ ਪੁਰਖ ਪ੍ਰਵਰਤੇ, ਕਛ ਕਰਣੇ ਕੋ; ਸੋ ਕਹੀਏ 'ਪ੍ਰਯੋਜਨ'॥ ਬਾਬਾ ਨਾਨਕ ਜੋ ਬਾਣੀ ਕੇ ਕਰਨੇ ਵਿਖੇ ਪ੍ਰਵਰਤਿਆ, ਤਿਸ ਕੋ ਕਿਸ ਨੇ ਪ੍ਰੇਰਿਆ? ਤੁਮ ਬਾਣੀ ਕਰੋ, ਕੋਈ ਪ੍ਰੇਰਕ ਮਾਨਾ ਚਾਹੀਏ॥ ਜੇ ਪ੍ਰੇਰਕ ਨ ਮਾਨੀਏਗਾ, ਤੋ ਬਾਣੀ ਨਿਖਪ੍ਰਯੋਜਨ ਠਹਚੋਗੀ॥ ਸੋ ਬਾਣੀ ਤੋ ਨਿਖਪ੍ਰਯੋਜਨ ਨਹੀ, ਸਪ੍ਰਯੋਜਨ ਹੈ॥ ਤਾਤੇ ਈਹਾ ਔਰ ਤੋ ਕਛੁ ਭੀ ਨਹੀ ਕਰ ਸਕੀਏਗਾ, ਏਤਾ ਹੀ ਕਹੀਏਗਾ॥ ਉਤਮ ਪੁਰਖੋ ਕੋ ਸਵਭਾਵ ਕਹੀ 'ਦਇਆ' ਹੋਤੀ ਹੈ॥ ਜਗਤ ਕੇ ਲੋਕੋ ਕੋ ਆਵਾਗੌਣ ਰੂਪੀ ਦੁਖ ਦੇਖ ਕਰ ਬਾਬਾ ਨਾਨਕ ਕੋ 'ਦਇਆ' ਉਪਜੀ॥ ਤਿਸ 'ਦਇਆ' ਨੇ ਹੀ ਬਾਬਾ ਨਾਨਕ ਕੋ ਪ੍ਰੇਰਿਆ॥ ਇਨ ਜੀਵੋ ਕੀ ਕਲਿਆਨ ਕਾ ਸਾਧਨ ਕਛੁ ਰਚੋ; ਪ੍ਰਯੋਜਨ ਇਸ ਬਾਣੀ ਕਾ ਜੀਵੋਂ ਕੀ ਕਲਿਆਨ ਕੋ ਨਮਿਤ 'ਦਇਆ'॥ ਸੋ ਦਇਆ ਕਾ ਸ੍ਵਰੂਪ ਦਿਖਲਾਇ ਦੇਣਾ ਇਹ ਤੁਮਾਰੀ ਕਲਿਆਣ ਕਾ ਮਾਰਗ ਹੈ॥ ਇਸ ਮਾਰਗ ਚਲੋ, ਕ੍ਰਿਤਾਰਥ ਹੋਵੋਗੇ॥ ਅਰ ਆਦਿ, ਅੰਤ ਸੋ ਮਿਲੀ ਹੂਈ ਬਾਤ ਕਹਣੀ, ਇਸੀ ਕਾ ਨਾਮ 'ਅਰਥ' ਹੈ॥ ਮੂਲਕਾਰ ਕੇ ਆਸਰੇ ਕੋ ਪਛਾਣਤਾ ਹੀ ਨਹੀ; ਆਦਿ, ਅੰਤ ਕੀ ਕਛੁ ਖਬਰ ਹੀ ਨਹੀ॥ ਐਸਾ ਪੁਰਖ ਜੋ ਕਿਛੁ ਕਹਤਾ ਹੈ, ਤਿਸ ਕਾ ਕਹਣਾ ਬਕਬਾਦ ਹੀ ਠਹਰੇਗਾ॥ ਅਰਥ ਨਹੀਂ ਠਹਰੇਗਾ॥ ਆਦਿ ਵਿਖੇ ਲਿਖਤੇ ਹੈ 'ਸਤਿ ਨਾਮ ਕਰਤਾ ਪੁਰਖੁ'॥ ਅਰ ਅੰਤ ਵਿਖੇ ਲਿਖਤੇ ਹੈਂ

Sri Satguru Jagjit Singh Ji eLibrary NamdhariElibrary@gmail.com

'ਸੋਚੈ ਸੋਚਿ ਨ ਹੋਵਈ' ॥ ਅਰ ਮੋਧ ਵਿਖੇ ਲਿਖਤੇ ਹੈਂ 'ਆਦਿ ਸਚੁ ਜੁਗਾਦਿ ਸਚੁ' ਅਬ ਇਸ ਕੋ ਵੀਚਾਰ ਕਰ ਕਰ ਦੇਖਾ ਚਾਹੀਏ॥ ਮੈਨੇ ਜੋ ਪ੍ਰਸਨ ਲਿਖੇ ਹੈਂ, ਸੋ ਬਾਬਾ ਨਾਨਕ ਕੇ ਆਸਰੇ ਕੋ ਲੇਕਰ ਲਿਖੇ ਹੈਂ॥ ਇਨ ਪ੍ਰਸਨੋ ਨੇ ਤੀਨੋ ਕਾ ਸੰਬੰਧ ਮਿਲਾਇ ਕਰ ਜੀਵੋ ਕੀ ਕਲਿਆਣ ਕਾ ਮਾਰਗ ਦਿਖਲਾਇਆ॥ ਸਬਦ ਸ਼ਾਸਤ੍ਰ, ਪੁਰਾਣ ਮੋਂ ਇਹੀ ਤੋ ਜੀਵੋ ਕੀ ਕਲਿਆਣ ਕਾ ਮਾਰਗ ਕਹਾ ਹੈ॥ ਯੁਕਤ, ਪ੍ਰਮਾਣ, ਦ੍ਰਿਸਟੀਤ ਦਵਾਰਾ ਆਪਣੇ ਆਪ ਕੋ ਸਤ ਰੂਪ ਸਮਝੇ॥ ਅਥਵਾ ਸਰਬ ਪੂਰਨ-ਬ੍ਰਹਮ ਦੇਖੇ॥ ਅਥਵਾ ਕਰਮ-ਫਲ ਪ੍ਰਮੇਸ਼ਵਰ ਵਿਖੇ ਅਰਪਣ ਕਰੇ॥ ਅਥਵਾ ਪ੍ਰਮੇਸ਼ਵਰ ਕਾ ਨਾਮ ਜਪੇ॥ ਜੋ ਇਨ ਪ੍ਰਸ਼ਨੋ ਕੋ ਛੋਡ ਦੀਜੀਏਗਾ, ਤੋ ਇਨ ਤੀਨੋ ਕਾ ਆਪਸ ਮੋਂ ਸੰਬੰਧ ਹੀ ਨ ਬਣੇਗਾ। ਸੰਬੰਧ ਬਿਨਾ ਅਰਥ ਕੈਸਾ॥ ਅਰਥ ਸਮਝੇ ਬਿਨਾ ਜੀਵੋ ਕੀ ਕਲਿਆਣ ਕੈਸੇ ਹੋਵੇਗਾ॥

ਨਨੁ॥ ਤੁਮਨੇ ਵਰਨਨ ਕੀਆ 'ਪ੍ਰਯੋਜਨ' ਇਸ ਬਾਣੀ ਕਾ ਜੀਵੋ ਕੀ ਕਲਿਆਣ ਕੇ ਨਮਿਤ, 'ਦਇਆ'॥ ਜੋ 'ਦਇਆ' ਹੀ ਪ੍ਰਯੋਜਨ; ਬਾਤੋਂ', ਬਾਣੀ ਸੁਗਮਾਂ ਕੇਉ ਨਹੀ ਰਚੀ, ਜਿਸ ਕੋ ਸਭ ਕੋਈ ਆਪ ਹੀ ਸਮਝ ਲੇਤਾ॥ ਐਸੀ ਕਠਨ ਬਾਣੀ ਕਿਉਂ ਰਚੀ, ਜੋ ਟੀਕਾਕਾਰ ਪ੍ਰਸ਼ਨ ਉਤਰ ਯੁਕਤ ਪ੍ਰਮਾਣ ਲਿਆਇ ਕਰ ਅਰਥ ਕਰੇਗਾ? ਤਬੀ ਤੋ ਅਰਥ ਹੋਵੇਗਾ, ਯਉ ਕੋਈ ਅਰਥ ਕਰ ਹੀ ਨ ਸਕੇਗਾ ।

ਤਿਸ ਕਾ ਉਤਰ॥ ਜੋ ਵਚਨ ਸੁਗਮ ਹੋਵੇਗਾ ਤਿਸ ਕੋ ਸਭ ਕੋਈ ਆਪ ਹੀ ਸਮਝ ਲੇਵੇਗਾ॥ ਤਿਸ ਕੇ ਪੜਨੇ ਕੇ ਨਮਿਤ ਕਿਸੀ ਕੋ 'ਗੁਰੂ' ਨਾ ਧਾਰਨਾ ਪੜੇਗਾ॥ 'ਗੁਰ' ਨਾਮ ਸਮਝਾਵਣੇ ਵਾਲੇ ਕਾ ਹੈ, ਦੂਸਰੇ ਕਾ ਨਹੀ॥ ਅਰ ਜੋ ਬਾਣੀ ਕਠਨ ਹੋਵੇਗੀ ਤੋ ਆਪ ਤੋ ਕਿਸੀ ਕੋ ਨ ਆਵੇਗੀ॥ ਕਿਸੀ ਤੇ ਪੜਨੀ ਪੜੇਗੀ॥ ਜਿਸ ਤੇ ਜੋ ਪੜਾਉ ਹੀ, ਉਸ ਕਾ ਗੁਰੂ ਵਿਦਯਾ॥ ਗੁਰੂ ਕੇ ਜੋ ਮੁਖ ਤੇ ਗਯਾਨ ਪਾਇਆ ਹੈ ਸੋਈ ਗਯਾਨ ਮੁਕਤ ਕਾ ਦਾਤਾ ਹੈ॥ ਬਿਨਾ ਗੁਰੂ ਜੋ ਗਿਆਨ ਪਾਇਆ ਹੈ ਸੋ ਗਯਾਨ ਨਿਖਫਲ ਹੀ ਹੈ॥ ਸਫਲ ਗਿਆਨ ਕੇ ਨਮਿਤ ਪ੍ਰਥਮ ਪ੍ਰਮੇਸ਼ਵਰ ਨੇ ਹੀ ਆਪਣੀ ਕਠਨ ਬਾਣੀ ਰਚੀ॥ ਅਬ ਇਸ ਪਰ ਅਨੇਕ ਪ੍ਰਮਾਣ ਕਹਤੇ ਹੈ॥

ਵੈਦਾਂਤ ਸਾਸਤ੍ਰੇ ਪ੍ਰਮੇਸ਼ਵਰ ਬਚਨੀ॥ ਯੁਕਤ, ਪ੍ਰਮਾਣ, ਦ੍ਰਿਸ਼ਟਾਂਤ ਦਵਾਰਾ ਜੋ ਸਿੱਖ ਕੋ ਸਮਝਾਵਣੇ ਯੋਗ ਭਲੀ ਪ੍ਰਕਾਰ ਸਮਝਾਇ ਦੇਵੇ, ਐਸਾ ਗੁਰੂ ਹੈ, ਤਿਸ ਕਾ ਨਾਮ 'ਅਚਾਰਜ'॥ ਐਸੇ ਗੁਰੂ ਵਾਲਾ ਜੋ 'ਸਿਖ' ਹੈ, ਸੋਈ ਮੇਰੇ ਸ੍ਵਰੂਪ ਕੋ ਜਾਣਤਾ ਹੈ॥ ਦੂਸਰਾ ਜਾਣ ਨਹੀ ਸਕਤਾ॥ ਇਹ ਜੋ ਪ੍ਰਮੇਸ਼ਵਰ ਕਾ ਵਚਨ ਹੈ॥ ਤਿਸੀ ਕੋ ਬਾਬਾ ਨਾਨਕ ਦ੍ਰਿਸ਼ਟਾਂਤ ਪੂਰਬਕ ਕਹਤੇ ਹੈ॥

"ਨਾਨਕ ਗੁਰੂ ਨ ਚੇਤਨੀ ਮਨ ਅਪਨੇ ਸੁਚੇਤ"॥

ਬਾਬਾ ਨਾਨਕ ਕਹਤੇ ਹੈਂ, ਜਿਨ ਕੋ ਗੁਰੂ ਨਹੀ ਚੇਤਤੇ, ਆਪਣੇ ਉਪਦੇਸ਼ ਦਵਾਰਾ ਜਿਨ ਕੋ ਗੁਰੂ ਨਹੀ ਚੇਤਨ ਕਰਤੇ, ਗੁਰੂ ਕੇ ਉਪਦੇਸ਼ ਬਿਨਾਂ ਹੀ ਸੁਖਾਲੀਆ ਭਾਖਾ ਕੀਆ ਪੋਥੀਆਂ ਦੇਖ-ਦੇਖ ਆਪਣੇ ਮਨਤੇ ਹੀ ਜੋ ਸੁਚੇਤ ਬਣ ਬੈਠੇ ਹੈਂ॥ ਸੋ ਪੁਰਖੁ ਕੈਸੇ ਹੈਂ, ਤਿਨ ਪਰ ਦ੍ਰਿਸਟਾਂਤ ਕਰਤੇ ਹੈਂ॥ "ਫੁਟੈ ਤਿਲ ਬੁਆੜ ਜਿਉ ਸੁਵੇ ਅੰਦਰ ਖੇਤਾ॥ ਖੇਤੇ ਅੰਦਰ ਫੁਟਿਆ"॥ ਫੁਟੇ ਹੂਏ ਜੁ ਹੈਂ ਬੁਆੜ ਤਿਲ, ਜਿਨ ਕਉ ਨਿਕੰਮੇ ਮਾਨ ਕਰ ਸਭ ਕਿਸੀ ਨੇ ਛੋਡ ਦੀਆ ਹੈ॥ ਓਹੁ ਤਿ ਖੇਤ ਮੋ ਸੁੰਵੇ, ਕਿਆ ਕਹੀਏ, ਨਿਖਸਮੇ ਹੀ ਹੈਂ ਤਿਨ ਕਾ ਮਾਲਕ ਕੋਈ ਭੀ ਨਹੀਂ॥ ਜੋ ਉਨ ਤਿਲੋ ਕੇ ਮਰਮ ਕੋ ਜਾਨਤੇ ਹੈ, ਸੋਤੋ ਉਨ ਕੋ ਛੁਹਤੇ ਭੀ ਨਹੀਂ॥ ਅਰ ਜੋ ਕੋਈ ਪਰਦੇਸੀ ਆਏ, ਉਨੋ

Sri Satguru Jagjit Singh Ji eLibrary NamdhariElibrary@gmail.com

'ਸੋਚੈ ਸੋਚਿ ਨ ਹੋਵਈ'॥ ਅਰ ਮੱਧ ਵਿਖੇ ਲਿਖਤੇ ਹੈਂ 'ਆਦਿ ਸਚੁ ਜੁਗਾਦਿ ਸਚੁ' ਅਬ ਇਸ ਕੋ ਵੀਚਾਰ ਕਰ ਕਰ ਦੇਖਾ ਚਾਹੀਏ॥ ਮੈਨੇ ਜੋ ਪ੍ਰਸਨ ਲਿਖੇ ਹੈਂ, ਸੋ ਬਾਬਾ ਨਾਨਕ ਕੇ ਆਸਰੇ ਕੋ ਲੇਕਰ ਲਿਖੇ ਹੈਂ॥ ਇਨ ਪ੍ਰਸਨੋ ਨੇ ਤੀਨੋ ਕਾ ਸੰਬੰਧ ਮਿਲਾਇ ਕਰ ਜੀਵੋ ਕੀ ਕਲਿਆਣ ਕਾ ਮਾਰਗ ਦਿਖਲਾਇਆ॥ ਸਬਰ ਸ਼ਾਸਤ੍ਰ, ਪੁਰਾਣ ਮੋਂ ਇਹੀ ਤੋ ਜੀਵੋ ਕੀ ਕਲਿਆਣ ਕਾ ਮਾਰਗ ਕਹਾ ਹੈ॥ ਯੁਕਤ, ਪ੍ਰਮਾਣ, ਦ੍ਰਿਸਟੀਤ ਦਵਾਰਾ ਆਪਣੇ ਆਪ ਕੋ ਸਤ ਰੂਪ ਸਮਝੇ॥ ਅਥਵਾ ਸਰਬ ਪੂਰਨ-ਬ੍ਰਹਮ ਦੇਖੋ॥ ਅਥਵਾ ਕਰਮ-ਫਲ ਪ੍ਰਮੇਸ਼ਵਰ ਵਿਖੇ ਅਰਪਣ ਕਰੋ॥ ਅਥਵਾ ਪ੍ਰਮੇਸ਼ਵਰ ਕਾ ਨਾਮ ਜਪੋ॥ ਜੋ ਇਨ ਪ੍ਰਸ਼ਨੋ ਕੋ ਛੋਡ ਦੀਜੀਏਗਾ, ਤੋ ਇਨ ਤੀਨੋ ਕਾ ਆਪਸ ਮੋਂ ਸੰਬੰਧ ਹੀ ਨ ਬਣੇਗਾ। ਸੰਬੰਧ ਬਿਨਾ ਅਰਥ ਕੈਸਾ॥ ਅਰਥ ਸਮਝੇ ਬਿਨਾ ਜੀਵੋ ਕੀ ਕਲਿਆਣ ਕੈਸੇ ਹੋਵੇਗਾ॥

ਨਨੁ॥ ਤੁਮਨੇ ਵਰਨਨ ਕੀਆ 'ਪ੍ਰਯੋਜਨ' ਇਸ ਬਾਣੀ ਕਾ ਜੀਵੋ ਕੀ ਕਲਿਆਣ ਕੇ ਨਮਿਤ, 'ਦਇਆ'॥ ਜੋ 'ਦਇਆ' ਹੀ ਪ੍ਰਯੋਜਨ; ਬਾਤੋਂ', ਬਾਣੀ ਸੁਗਮਾਂ ਕੇਉ ਨਹੀ ਰਚੀ, ਜਿਸ ਕੋ ਸਭ ਕੋਈ ਆਪ ਹੀ ਸਮਝ ਲੇਤਾ॥ ਐਸੀ ਕਠਨ ਬਾਣੀ ਕਿਉਂ ਰਚੀ, ਜੋ ਟੀਕਾਕਾਰ ਪ੍ਰਸ਼ਨ ਉਤਰ ਯੁਕਤ ਪ੍ਰਮਾਣ ਲਿਆਇ ਕਰ ਅਰਥ ਕਰੇਗਾ? ਤਬੀ ਤੋ ਅਰਥ ਹੋਵੇਗਾ, ਯਉ ਕੋਈ ਅਰਥ ਕਰ ਹੀ ਨ ਸਕੇਗਾ ।

ਤਿਸ ਕਾ ਉਤਰ॥ ਜੋ ਵਚਨ ਸੁਗਮ ਹੋਵੇਗਾ ਤਿਸ ਕੋ ਸਭ ਕੋਈ ਆਪ ਹੀ ਸਮਝ ਲੇਵੇਗਾ॥ ਤਿਸ ਕੇ ਪੜਨੇ ਕੇ ਨਮਿਤ ਕਿਸੀ ਕੋ 'ਗੁਰੂ' ਨਾ ਧਾਰਨਾ ਪੜੇਗਾ॥ 'ਗੁਰ' ਨਾਮ ਸਮਝਾਵਣੇ ਵਾਲੇ ਕਾ ਹੈ, ਦੂਸਰੇ ਕਾ ਨਹੀ॥ ਅਰ ਜੋ ਬਾਣੀ ਕਠਨ ਹੋਵੇਗੀ ਤੋ ਆਪ ਤੋ ਕਿਸੀ ਕੋ ਨ ਆਵੇਗੀ॥ ਕਿਸੀ ਤੇ ਪੜਨੀ ਪੜੇਗੀ॥ ਜਿਸ ਤੇ ਜੋ ਪੜਾਉ ਹੀ, ਉਸ ਕਾ ਗੁਰੂ ਵਿਦਯਾ॥ ਗੁਰੂ ਕੇ ਜੋ ਮੁਖ ਤੇ ਗਯਾਨ ਪਾਇਆ ਹੈ ਸੋਈ ਗਯਾਨ ਮੁਕਤ ਕਾ ਦਾਤਾ ਹੈ॥ ਬਿਨਾ ਗੁਰੂ ਜੋ ਗਿਆਨ ਪਾਇਆ ਹੈ ਸੋ ਗਯਾਨ ਨਿਖਫਲ ਹੀ ਹੈ॥ ਸਫਲ ਗਿਆਨ ਕੇ ਨਮਿਤ ਪ੍ਰਥਮ ਪ੍ਰਮੇਸ਼ਵਰ ਨੇ ਹੀ ਆਪਣੀ ਕਠਨ ਬਾਣੀ ਰਚੀ॥ ਅਬ ਇਸ ਪਰ ਅਨੇਕ ਪ੍ਰਮਾਣ ਕਹਤੇ ਹੈ॥

ਵੈਦਾਂਤ ਸਾਸਤ੍ਰੇ ਪ੍ਰਮੇਸ਼ਵਰ ਬਚਨੀ॥ ਯੁਕਤ, ਪ੍ਰਮਾਣ, ਦ੍ਰਿਸ਼ਟਾਂਤ ਦਵਾਰਾ ਜੋ ਸਿੱਖ ਕੋ ਸਮਝਾਵਣੇ ਯੋਗ ਭਲੀ ਪ੍ਰਕਾਰ ਸਮਝਾਇ ਦੇਵੇ, ਐਸਾ ਗੁਰੂ ਹੈ, ਤਿਸ ਕਾ ਨਾਮ 'ਅਚਾਰਯ'॥ ਐਸੇ ਗੁਰੂ ਵਾਲਾ ਜੋ 'ਸਿਖ' ਹੈ, ਸੋਈ ਮੇਰੇ ਸ੍ਵਰੂਪ ਕੋ ਜਾਣਤਾ ਹੈ॥ ਦੂਸਰਾ ਜਾਣ ਨਹੀ ਸਕਤਾ॥ ਇਹ ਜੋ ਪ੍ਰਮੇਸ਼ਵਰ ਕਾ ਵਚਨ ਹੈ॥ ਤਿਸੀ ਕੋ ਬਾਬਾ ਨਾਨਕ ਦ੍ਰਿਸ਼ਟਾਂਤ ਪੂਰਬਕ ਕਹਤੇ ਹੈ॥

"ਨਾਨਕ ਗੁਰੂ ਨ ਚੇਤਨੀ ਮਨ ਅਪਨੇ ਸੁਚੇਤ"॥

ਬਾਬਾ ਨਾਨਕ ਕਹਤੇ ਹੈਂ, ਜਿਨ ਕੋ ਗੁਰੂ ਨਹੀ ਚੇਤਤੇ, ਆਪਣੇ ਉਪਦੇਸ਼ ਦਵਾਰਾ ਜਿਨ ਕੋ ਗੁਰੂ ਨਹੀ ਚੇਤਨ ਕਰਤੇ, ਗੁਰੂ ਕੇ ਉਪਦੇਸ਼ ਬਿਨਾਂ ਹੀ ਸੁਖਾਲੀਆ ਛਾਖਾ ਕੀਆ ਪੋਥੀਆਂ ਦੇਖ-ਦੇਖ ਆਪਣੇ ਮਨਤੇ ਹੀ ਜੋ ਸੁਚੇਤ ਬਣ ਬੈਠੇ ਹੈਂ॥ ਸੋ ਪੁਰਖੁ ਕੈਸੇ ਹੈਂ, ਤਿਨ ਪਰ ਦ੍ਰਿਸਟਾਂਤ ਕਰਤੇ ਹੈਂ॥ "ਛੁਟੈ ਤਿਲ ਬੁਆੜ ਜਿਉ ਸੁਵੇ ਅੰਦਰ ਖੇਤਾ॥ ਖੇਤੇ ਅੰਦਰ ਛੁਟਿਆ"॥ ਛੁਟੇ ਹੂਏ ਜੁ ਹੈਂ ਬੁਆੜ ਤਿਲ, ਜਿਨ ਕਉ ਨਿਕੰਮੇ ਮਾਨ ਕਰ ਸਭ ਕਿਸੀ ਨੇ ਛੋਡ ਦੀਆ ਹੈ॥ ਓਹੁ ਤਿ ਖੇਤ ਮੋ ਸੁੰਵੇ, ਕਿਆ ਕਹੀਏ, ਨਿਖਸਮੇ ਹੀ ਹੈਂ ਤਿਨ ਕਾ ਮਾਲਕ ਕੋਈ ਭੀ ਨਹੀਂ॥ ਜੋ ਉਨ ਤਿਲੋ ਕੇ ਮਰਮ ਕੋ ਜਾਨਤੇ ਹੈ, ਸੋਤੋ ਉਨ ਕੋ ਛੁਹਤੇ ਭੀ ਨਹੀਂ॥ ਅਰ ਜੋ ਕੋਈ ਪਰਦੇਸੀ ਆਏ, ਉਨੋ

Sri Satguru Jagjit Singh Ji eLibrary NamdhariElibrary@gmail.com

ਨੇ ਦੇਖਾ, ਇਹੁ ਖੇਤ ਨਿਖਸਮਾ ਹੀ ਹੈ॥ ਇਸ ਕਾ ਫਲ ਹਮ ਲਏਂਗੇ॥ ਉਸ ਖੇਤ ਮੋਂ ਛੁਟੇ ਫਲ ਲੇਣੇ ਕੇ ਨਮਿਤ 'ਕਹੁ ਨਾਨਕ ਸਹੁ ਨਾਹਿ'॥ ਬਾਬਾ ਨਾਨਕ ਕਹਤੇ ਹੈ, ਸੋ ਜੋ ਉਸ ਖੇਤ ਕਾ ਫਲ ਦੇ, ਉਨ ਕੋ ਨਹੀਂ ਤੋ ਪ੍ਰਾਪਤਿ ਹੋਵੇਗਾ ਕਹਿਤੇ, "ਫਲੀਅਰਿ ਫੁਲੀਅਰਿ ਬਪੜੇ ਭੀ ਤਨ ਵਿਚ ਸੁਆਹ॥" ਓਹ ਨਿਖਸ ਮੇ ਤਿਲ ਫੁਲਤੇ ਫਲਤੇ ਤੋ ਹੈ॥ ਪਰੰਤੂ॥ ਉਨ ਕੇ ਬੀਚ ਰਾਖ ਹੀ ਹੋਤੀ ਹੈ, ਦਾਣਾ ਹੋਤਾ ਹੀ ਨਹੀ॥ ਤਾਤੇ ਉਸ ਖੇਤ ਮੇ ਜਾਣਾ ਨਿਖਫਲ ਹੀ ਹੈ॥ ਤੈਸੇ ਹੀ ਗੁਰੋਂ ਕੇ ਉਪਦੇਸ਼ ਬਿਨਾ ਜਿਨੋ ਨੇ ਗਿਆਨ ਪਾਇਆ ਹੈ ਸੋ ਗਿਆਨ ਭੀ ਨਿਖਫਲ ਹੀ ਹੈ॥ ਮੁਕਤ ਕਾ ਦਾਤਾ ਗਿਆਨ ਉਹੀ ਹੈ, ਜੋ ਗੁਰੂ ਕੀ ਸੇਵਾ ਕਰ ਪਾਇਆ ਹੈ॥

ਸਰਬ ਸਾਸਤ੍ਰ ਬਚਨੰ॥

'ਯਸਯ ਦੇਵੇ ਪਰਾ ਭਗਤੀ ਯਥਾ ਦੇਵੇ ਤਥਾ ਗੁਰੌ॥

ਤਸਯ ਏਤੇ ਕਥਿਤਾ ਅਰਥ ਪ੍ਰਕਾਸ਼ੰਤੇ ਮਹਾਤਮਨ:॥ ਸ੍ਵੇਤਾ ਸ੍ਵਰ ਉਪ. 6/23

ਦੇਵ ਜੋ ਹੈ; ਪ੍ਰਮੇਸ਼ਵਰ, ਤਿਸ ਵਿਖੇ ਜਿਸ ਕੀ ਪਰਮ ਭਗਤਿ ਹੈ॥ ਜੈਸੀ ਪ੍ਰਮੇਸ਼ਵਰ ਵਿਖੇ ਭਗਤਿ ਹੈ ਤੈਸੇ ਹੀ ਗੁਰੋ ਵਿਖੇ ਭਗਤਿ ਹੈ ਤਿਸੀ ਮਹਾਨ-ਭਾਵ ਕੋ ਏਤੋ ਕਹੇ ਜੋ ਹੈ ਸ਼ਾਸ਼ਤ੍ਰੋ ਕੇ ਅਰਥ ਤੇ ਪ੍ਰਕਾਸ਼ਤੇ ਹੈ, ਔਰ ਕਿਸੀ ਕੋ ਪ੍ਰਕਾਸ਼ਤੇ ਨਹੀਂ॥ 'ਅਰਥ ਪ੍ਰਕਾਸ਼' ਕਾ ਇਹੀ ਅਰਥ ਹੈ॥ ਤਿਸੀ ਕੀ ਕਲਿਆਣ ਹੋਤੀ ਹੈ, ਦੂਸਰੇ ਕੀ ਕਲਿਆਣ ਨਹੀ॥ ਬਿਨਾ ਗੁਰੂ ਜੋ ਗਿਆਨ ਪਾਇਆ ਹੈ ਸੋ ਤੋ ਨਿਹਫਲ ਹੀ ਹੈ॥ ਗੁਰੂ ਬਿਨਾਂ ਜੋ ਮੰਤ੍ਰ ਪਾਇਆ ਹੈ, ਤਿਸ ਕਾ ਤੋ ਬਡਾ ਹੀ ਪਾਪ ਹੈ॥ ਸ਼ਾਸ਼ਤ੍ਰ ਮੋਂ ਲਿਖਾ ਹੈ, "ਮਹਾਂਦੇਵ ਕਹਿਤਾ ਹੈ ਪਾਰਬਤੀ ਕੋ-ਸ਼ਾਸ਼ਤ੍ਰ ਵਿਖੇ ਲਿਖਾ ਹੂਆ ਮੰਤ੍ਰ ਦੇਖ ਕਰ ਜੋ ਨਰੋ ਵਿਖੇ ਅਧਮ-ਨਰ ਗੁਰੂ ਉਪਦੇਸ਼ ਬਿਨਾ ਹੀ ਤਿਸ ਕੋ ਆਪ ਹੀ ਗ੍ਰਹਣ ਕਰ ਲੇਤਾ ਹੈ, ਬਹੱਤਰ-ਚੌਕੜੀਆਂ ਯੁਤੀ ਕੀਆ ਜਬ ਬੀਤਤੀਆਂ ਹੈਂ ਤਬ ਏਕ ਮਨ੍ਵੰਤਰ ਹੋਤਾ ਹੈ; ਐਸੇ ਹਜਾਰੋਂ ਮਨ੍ਵੰਤਰ ਬੀਤ ਜਾਏਗਾ ਤੋ ਭੀ ਉਹ ਸੁਖ ਨ ਹੋਵੇਗਾ॥ ਏਤਾ ਪਾਪ ਤਿਸ ਕੋ ਹੋਤਾ ਹੈ, ਜੋ ਬਿਨਾ ਗੁਰੂ ਉਪਦੇਸ਼ ਮੰਤ੍ਰ ਕੋ ਗ੍ਰਹਣ ਕਰਤਾ ਹੈ॥"

ਨਨੁ॥ ਤੁਮ ਨੇ ਵਰਨਨ ਕੀਆ, ਜੀਵੋ ਕੀ ਕਲਿਆਣ ਕੇ ਨਮਿੱਤ ਬਾਬਾ ਨਾਨਕ ਨੇ ਕਠਨ ਬਾਣੀ ਰਚੀ॥ ਅਰ 'ਜਪੁ'; ਸਿੱਖ ਕੋ ਪ੍ਰਸ਼ਨੋ ਕਾ ਬੀਜ ਪਾਇਆ, ਜਿਸ ਸਿੱਖ ਕੋ ਬਾਬਾ ਨਾਨਕ ਨੇ ਉਪਦੇਸ਼ ਕੀਆ ਤਿਸ ਸਿੱਖ ਕਾ ਨਾਮ ਕਿਆ ਥਾ? ਅੰਗਦ ਕੋ ਉਪਦੇਸ਼ ਕੀਆ ਵਾ ਕਿਸੀ ਔਰ ਕੋ?

ਤਿਸ ਕਾ ਉਤਰ॥ ਸਰਬ ਸ਼ਾਸ਼ਤ੍ਰ ਕੀ ਇਹੀ ਰੀਤ ਹੈ॥ ਜੋ ਗ੍ਰੰਥ ਰਚਤਾ ਹੈ॥ ਊਹਾ ਉਹੀ ਗੁਰੂ, ਅਰ ਉਹੀ ਸਿੱਖ, ਓਹੀ ਵਾਦੀ, ਅਰ ਓਹੀ ਸਿਧਾਂਤੀ॥ ਦੂਸਰਾ ਕੋਈ ਹੋਤਾ ਤੋ ਨਹੀ॥ ਇਸ ਕਾ ਤਾਤਪਰਜ ਏਤਾ ਹੀ ਹੈ। ਇਸ ਸੰਪੂਰਨ ਜਗਤ ਕਉ ਉਪਦੇਸ਼ ਹੈ। ਗੁਰੂ ਤੋ ਐਸਾ ਚਾਹੀਏ, ਜਿਸ ਪ੍ਰਕਾਰ ਸਿੱਖ ਸਮਝੇ, ਤਿਸ ਕੌ ਤਿਸੀ ਪ੍ਰਕਾਰ ਸਮਝਾਇ ਦੇਵੇ, ਸਮਝਾਏ ਬਿਨਾ ਨ ਛੋਡੇ॥ ਅਰ ਸਿੱਖ ਐਸਾ ਚਾਹੀਏ, ਜਬ ਤਕ ਨ ਸਮਝੇ, ਤਬ ਤਕ ਗੁਰੂ ਕਾ ਪੀਛਾ ਨ ਛੋਡ, ਪ੍ਰਸ਼ਨ ਕਰਤਾ ਹੀ ਰਹੈ॥ ਅਰ ਵਾਦੀ-ਸਿਧਾਂਤੀ ਕੇ ਪ੍ਰਸ਼ਨ-ਉਤਰ ਹੈ, ਤਿਨ ਕਾ ਤਾਤਪਰਜ ਏਤਾ ਹੀ ਹੈ। ਪ੍ਰਸ਼ਨ-ਉਤਰ ਬਿਨਾ ਨਿਰਣੇ ਨਹੀ ਹੋਇ ਸਕਤਾ॥ ਨਿਰਣੇ ਬਿਨਾ 'ਸਤ-ਅਸਤ' ਕਾ ਯਥਾਰਥ ਗਿਆਨ ਨਹੀਂ ਹੋਤਾ॥ ਯਥਾਰਥ ਗਿਆਨ ਬਿਨਾ ਇਸ ਕੀ ਕਲਿਆਣ ਹੀ ਨਹੀਂ॥ ਕਾਹੇ ਤੇ ਜੋ 'ਸਤ-ਅਸਤ' ਕਾ ਯਥਾਰਥ ਗਿਆਨ ਹੋਵੇਗਾ ਤੋ 'ਸਤ' ਕੋ ਅੰਗੀਕਾਰ

Sri Satguru Jagjit Singh Ji eLibrary NamdhariElibrary@gmail.com

ਕਰੇਗਾ। 'ਅਸਤ' ਕੋ ਤਿਆਗੇ ਗਾ॥ ਇਹੀ ਤੋ ਇਸ ਕੀ ਕਲਿਆਣ ਕਾ ਸਾਧਨ ਹੈ॥ ਅਰ ਜੋ 'ਸਤ-ਅਸਤ' ਮੋਂ ਸੰਦੇਹ ਹੀ ਰਹੇਗਾ॥ ਤੋ 'ਸਤ' ਕੀ ਜਾਗਾ 'ਅਸਤ' ਮਾਨ ਬੈਠੇਗਾ॥ ਅਰ 'ਅਸਤ' ਕੀ ਜਾਗਾ 'ਸਤ' ਮਾਨ ਬੈਠੇਗਾ॥ ਇਹ ਤੋ ਇਸ ਕੋ ਸਤ-ਆਨਾਸ ਕਾ ਕਾਰਨ ਹੈ॥ ਇਹ ਜੀਵ ਨਿਹਸੰਦੇਹ ਗਿਆਨ ਪਾਇ ਕਰ ਕ੍ਰਿਤਾਰਥ ਹੋਵਹਿਗਾ॥ ਇਸੀ ਨਮਿਤ ਸ਼ਾਸਤ੍ਰੋ ਵਿਖੇ ਪ੍ਰਸ਼ਨ-ਉਤਰ ਰਚੇ ਹੈਂ॥ ਇਤਿ ਨਿਰਵਿਵਾਦ ਪ੍ਰਸੰਗ॥

ਨੰ. 5. ਭਾਈ ਸੰਤੋਖ ਸਿੰਘ ਜੀ ਕਵੀ ਚੂੜਾਮਣੀ (ਨਿਰਮਲ-ਗਿਆਨੀ)

(ਪਉੜੀ ਪਹਿਲੀ)

ਅਬ ਅਗਾਰੀ ਸਿੱਖ ਕੋ ਪ੍ਰਸ਼ਨ ਸਰੂਪ ਕੀ ਪ੍ਰਾਪਤਿ ਮੈਂ ਅਰੁ ਸਤਿਗੁਰਨਿ ਕੋ ਉੱਤਰ ਪਰਮਾਤਮਾ ਕੇ ਬੁਝਾਇਬੇ ਮੈਂ, ਯਹ ਲਿਖਯੋ ਜਾਇਗੋ। ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥

ਸੋਚ, ਸ਼ਨਾਨਾਦਿ ਮ੍ਰਿਤਕਾ ਸੋਂ ਜੇ ਅਨੇਕ ਵਾਰੀ ਕਰੀਏ; ਤਥਾਪਿ, ਸੋਚ ਪਵਿਤ੍ਰ ਨਹੀ ਹੋਤ ਹੈ॥ ਤਨ ਕੋ ਸੋਚ ਕੋਈ ਕਿਸ ਪ੍ਰਕਾਰ ਕਹੇ? ਇਕ ਤੋ ਮਲ ਮੂਤ੍ਰ ਕੋ ਬਾਸਨ, ਦੂਸਰੋ ਸਰਬ ਸਰੀਰ ਮੱਜਾ ਅਸਥ ਰਕਤ ਚਰਮ ਰੂਪ ਹੈ॥ ਇਸ ਕੋ ਸ਼ੁਧ ਕਰਨੇ ਕਾ ਜਤਨ ਕੋਈ ਕਿਆ ਕਰੇਗਾ? ਜੈਸੇ ਕੱਚੀ ਮ੍ਰਿਤਕਾ ਕੇ ਘਟ ਕੋ ਧੋਇ ਕਰ ਨਿਰਮਲੁ ਕਰਯੋ ਚਾਹੇ ਤੋ ਨਹੀ ਹੋਤ ਹੈ॥ ਪ੍ਰਮਾਨ:-

ਜਲਿ ਧੋਵੇ ਬਹੁ ਦੇਹ ਅਨੀਤਿ॥ ਸ਼ੁਧ ਕਹਾ ਹੋਇ ਕਾਚੀ ਭੀਤਿ॥

ਇਸ ਤੁਕ ਕੇ ਅਰਥ ਤੇ ਕਿਆ ਜਾਨਣਾ? ਨਾ ਸੋਚ ਹੈ, ਨਾ ਸੋਚ ਤੇ ਪਰਮੇਸ਼੍ਵਰ ਕੀ ਪ੍ਰਾਪਤੀ ਹੈ।

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥

ਚੁਪ ਕਰਨੇ ਤੇ ਚੁਪ ਸ਼ਾਂਤੀ ਨਹੀ ਹੋਤ ਹੈ; ਜੋ ਲਿਵ, ਤਰ ਕੀ ਨਿਆਈ ਲਗਾਈਏ। ਜੈਸੇ ਤੇਲ ਕੀ ਧਾਰ, ਕਹੀਏ ਧਾਰ ਹੋਤੀ ਹੈ ਤਿਸ ਮੇ ਬੱਕ੍ਰਤਾ ਅਰੁ ਭਗਨਤਾ ਨਹੀਂ ਹੈ; ਤੈਸੇ ਹੀ ਜੇ ਨਿਰੰਤਰ ਲਿਵ ਲਗਾਵੈ।

ਪ੍ਰਸ਼ਨ: ਲਿਵ ਲਗਾਵਨ ਤੇ ਤੋ ਪਰਮੇਸ਼੍ਵਰ ਕੀ ਪ੍ਰਾਪਤਿ ਹੋਤ ਹੈ?

ਪ੍ਰਸ਼ਨ: ਕਹੈ ਨਾਨਕੁ ਲਿਵੇ ਬਾਝਹੁ ਕਿਆ ਕਰੇ ਵੇਚਾਰੀਆ॥

ਇਤਯਾਦਿ ਸ੍ਰੀ ਗ੍ਰੰਥ ਜੀ ਮੇਂ ਅਨੇਕ ਸਥਾਨ ਲਿਖਯੋ ਹੈ? ਉੱਤਰ:- ਈਹਾਂ ਲਿਵ ਵਹਿਰ ਕੀ ਕੋ ਅਰਥ ਹੈ। ਨੇਤ੍ਰ ਆਦੀ ਇੰਦ੍ਰੀ ਸਭ ਰੋਕ ਬੈਠਣਾ, ਹਾਥ ਪਾਉਂ ਟਿਕਾਇ ਰਾਖਣੇ, ਇਸ ਤੇ ਮਨ ਚੁਪ ਨਹੀ ਕਰਤ ਹੈ। ਵਿਸ਼ਯਨ ਮਹਿੰ ਪ੍ਰਵਿਰਤਤਾ ਹੈ। ਮਨ ਹੀ ਆਦਿ ਸਭ ਕੇ ਸੰਕਲਪ ਉਠਾਵਤ ਹੈ। ਕੋਈ ਜੇ ਕਹੇ ਵਹਿਰ ਕੇ ਟਿਕਾਉਨ ਕੋ ਨਾਂਉ ਲਿਵ ਨਹੀ? ਤਿਸੁ ਪਰ ਪ੍ਰਮਾਨ:-

ਠਗ ਦਿਸਟਿ ਬਗਾ ਲਿਵਲਾਗਾ॥

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥

ਭੁਖਿਆ ਕੀ ਭੂਖ ਨਹੀਂ ਜਾਤ ਹੈ। ਜੋ ਤ੍ਰਿਸ਼ਨਾਂਕ ਹੋ, ਤਿਨ ਕੀ ਤ੍ਰਿਸ਼ਨਾ ਕਯੋਂਹੂੰ ਨਹੀਂ ਹਟਤ ਹੈ। ਜੇ ਚੌਦਹ ਲੋਕ ਬਾਂਧਿ ਕਰ ਤਿਨਕੋ ਦੇ ਦੇਈਹੇ ਤਥਾਪਿ ਤ੍ਰਿਪਤਿ ਨਹੀ ਹੋਤ ਹੈ।

Sri Satguru Jagjit Singh Ji eLibrary NamdhariElibrary@gmail.com

ਇਹਾਂ ਦੋਇ ਪ੍ਰਸ਼ਨ: ਸਚ ਕੀ ਪ੍ਰਾਪਤਿ ਕੇ ਜਤਨ ਕਰਣਾ ਇਹਾਂ ਤਿਨ ਕੋ ਬਿਅਰਥ ਦਿਖਾਵਨੇ ਕੋ ਪ੍ਰਯੋਜਨ ਹੈ। ਸੋ ਇਸ ਤੁਕ ਮੇਂ ਨਹੀਂ ਨਿਬਹਤ ਹੈ। ਇਹਾਂ ਲੋਭੀਓ ਕਾ ਬਰਨਨ ਨਹੀਂ ਬਨਤ ਹੈ। ਇਸ ਅਰਥ ਤੇ 'ਅਕਾਂਡ-ਪ੍ਰਕਥਨ' ਦੋਖ ਹੈ।

ਲੱਛਨ

ਪ੍ਰਥਮ ਕਰੈ ਬਰਨਨ ਜਿਸ ਤਾਂਈ। ਬੀਚੈ ਬਰਨੈ ਔਰ ਬਨਾਈ।
ਦੋਖ 'ਅਕਾਂਡ ਪ੍ਰਕਥਨਾਂ' ਕਹਾਵਹਿ। ਕਰਤਾ ਕਵਯਨ ਕੇ ਸੁ ਬਤਾਵਹਿੰ।

ਦੂਸਰੋ ਪ੍ਰਸ਼ਨ: ਪੁਰੀਆ ਕੋ ਬਾਂਧਨ ਅਸੰਭਵ ਸੋ ਲਗਤ ਹੈ। ਉੱਤਰ: ਤਾਂ ਤੇ ਇਨ ਦੋਖਨ ਕੋ ਬਚਾਇਕੇ ਐਸੇ ਅਰਥ ਕਰਨੋ।

ਪ੍ਰਥਮ ਤੁਕ ਕਰਮ ਕਾਂਡ ਕੀ, ਕੇਵਲ ਤਿਸ ਤੇ ਸਚ ਕੀ ਪ੍ਰਾਪਤਿ ਨਹੀਂ। ਤਿਸੀ ਰੀਤਿ ਸੋਂ ਭੂਖ ਤੇ ਸਰਬ ਜੋ ਬਰਤ ਚੰਦ੍ਰਾਇਨ ਆਦਿ, ਤਿਨ ਕੋ ਅਰਥ ਕਰਣੋ : ਤਿਨ ਤੇ ਨਹੀ ਸਚੁ ਕੀ ਪ੍ਰਾਪਤਿ। 'ਭੁਖ ਨ ਉਤਰੀ'- ਤ੍ਰਿਸ਼ਨਾਂ ਤਿਨ ਤੇ ਨਹੀਂ ਮਿਟਤ ਹੈ। 'ਜੇ ਬੰਨਾ ਪੁਰੀਆ ਭਾਰ' ਯਾਕੋ ਅਰਥ ਐਸੇ: ਜੋ ਪੁਰੀਆ ਸਰਬ ਲੇ ਕਰਿ ਤਿਨੋਂ ਕੇ ਪਦਾਰਥੋਂ ਕੇ ਭਾਰ ਬਾਂਧ ਕਰਿ ਅਪਨੇ ਘਰਿ ਲੈ ਆਵੇ, ਤਥਾਪਿ ਤ੍ਰਿਸ਼ਨਾਂ ਨਹੀ ਮਿਟਤ ਹੈ। ਪੁਨਾ ਪ੍ਰਸ਼ਨ:- ਫੇਰ ਭੀ ਤ੍ਰਿਸ਼ਨਾਂ ਕੇ ਬਰਨਨ ਤੇ ਜਤਨ ਬਿਅਰਥ ਕਥਨ ਕੈਸੇ? ਉੱਤਰ: ਤ੍ਰਿਸ਼ਨਾ ਕੇ ਬਰਨਨ ਤੇ ਸਚੁ ਕੀ ਪ੍ਰਾਪਤਿ ਕੋ ਜਤਨ ਬਿਅਰਥ ਐਸੇ: ਜੋ ਕਿਤਨੇ ਹੀ ਬ੍ਰਤ ਕਰੇ, ਤਥਾਪੀ ਜਗਤ ਕੇ ਪਦਾਰਥੋਂ ਤੇ ਬੈਰਾਗ ਨਹੀ ਹੋਤਾ॥ ਜਬ ਤ੍ਰਿਸ਼ਯਨ ਤੇ ਬੈਰਾਗ ਹੋਇ, ਤਬ ਹੀ ਕੂੜ ਕੋ ਪਰਦੋ ਮਿਟੇਗੋ। ਜੇ ਬੈਰਾਗ ਭੀ ਨਹੀ ਭਯੋ ਤੋ ਸਚੁ ਕੀ ਪ੍ਰਾਪਤਿ ਕਹਾਂ? ਯਾਂ ਤੇ ਜਤਨ ਹੀ ਬਿਅਰਥ ਦਿਖਾਯੋ। ਅਗਾਰੀ ਮਤਿ ਕੋ ਬਿਅਰਥ ਦਿਖਾਵਤ ਹੈਂ :-ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ 'ਸਹਸ' ਕਹੀਏ ਅਨੇਕ ਜੋ ਸਿਆਣਪ ਸਚ ਕੀ ਪ੍ਰਾਪਤਿ ਹਿਤ ਕਰੋ, ਸੋ ਤਿਸ ਪ੍ਰਾਪਤਿ ਹੋਣੇ ਕੇ ਬਿਖੇ ਏਕ ਭੀ ਨਹੀ ਚਲਤ ਹੈ।

ਪ੍ਰਸ਼ਨ: 'ਸਹਸ' ਕਹ ਕੇ ਫੇਰ 'ਲਖ' ਕਹਯੋ, ਈਹਾਂ ਅਰਥ ਕੀ ਪੁਨਰੁਕਤਿ। 'ਸਹਸ ਸਿਆਣਪਾਂ', ਕਿੰਵਾ, 'ਸਿਆਣਪਾ ਲਖ' ਨਹੀਂ ਕਹਨੋ ਥੋ, ਜੇ 'ਲਖ' ਕਹਨੇ ਥੋ ਤੋ 'ਸਹਸ' ਨਹੀ ਕਹਨੋ ਥੋ?

ਉੱਤਰ:- ਸਹਸ ਅਰੁ ਲਾਖੁ 'ਅਨੇਕ' ਪਦ ਕੇ ਦਯੋਤਕ ਹੈ। ਜੈਸੇ ਲੋਕੋਂ ਮੇਂ ਕਹਨਾਵਤ ਹੈ: 'ਮੇਲੇ ਮੇ ਸ਼ੈਕਰੇ ਹੀ ਲੋਕ ਹੈਂ, ਯਾ ਲਾਖੋਂ ਹੈਂ"। ਕਛੁ ਗਿਨਕੇ ਨਹੀ ਕਹਤ ਹੈਂ, ਅਨੇਕ ਪਦ ਵਾਚੀ ਨਾਮ ਹੀ ਕਹਿ ਦੇਤ ਹੈ। ਤੈਸੇ ਹੀ ਈਹਾਂ ਭੀ ਪਦ ਹੈ। ਸਹਸ ਪਦ ਤੇ ਅਜਹਿਤੀ ਲੱਛਨਾ ਸੋਂ ਅਰਥ: ਸਹਸ ਸਿਆਣਪਾ, ਵਾਲਿਓਂ ਕੀ ਲਾਖੋਂ ਜੇ ਸਿਆਣਪ ਹੈ ਸੋ ਏਕ ਭੀ ਸਚ ਕੀ ਪ੍ਰਾਪਤਿ ਕੇ ਹਿਤ ਨਹੀਂ ਚਲਤ ਹੈ। ਸਿਆਨਪ ਕੇ ਸੰਗ ਸਿਆਨਪ ਵਾਰੇ ਕੋ ਲੈਕੇ ਅਰਥ ਭਯੋ। ਇਤਯਰਥ। ਇਨ ਚਾਰਨਹੂੰ ਤੁਕਨ ਮੈਂ ਅਨੁਕਤਿਨਾਮਿ ਤਾ ਬਿਸੇਖੋਕਿਤ ਅਲੰਕਾਰ ਹੈ। ਲੱਛਨ-ਕਰਨ ਤੇ ਕਾਰਜ ਹੁਇ ਨਾਂਹੀ। ਕਹੈ 'ਬਿਖੋਕਤਿ' ਬੁਧਿ ਤਾਂ ਹੀ।

ਇਹਾਂ ਸੋਚ ਅਰ ਚੁਪਿ ਅਰ ਭੁਖਿ ਅਰ ਮਤਿ ਇਨ ਕਾਰਨ ਤੇ ਕਾਰਜ ਸੁਚਿ ਔ ਮਨ ਬਿਰਤਾ ਔ ਸੰਤੋਖੀ, ਔ ਸਚ ਪ੍ਰਾਪਤਿ ਨਹੀ ਭਯੋ, ਯਾਤੇ ਬਿਸੇਖੋਕਤਿ ਅਰ ਕਾਰਨ ਨਹੀ ਕਹਯੋ, ਜੋ ਇਨ ਕਰਮਨ ਤੇ ਹਉਮੈ ਬਧਤ ਹੈ ਅਰੁ ਸਚੁ ਕੀ ਪ੍ਰਾਪਤਿ ਨਹੀਂ; ਯਾਂਤੇ

Sri Satguru Jagjit Singh Ji eLibrary NamdhariElibrary@gmail.com

'ਅਨਕਥਿਨਮਿਤਾ' । ਜਹਾਂ ਕੁਛ ਕਹਿ ਦੇਈਏ ਇਸ ਤੇ ਕਾਰਜ ਨਹੀਂ ਭਯ ਤਹਾਂ 'ਉਕਤਿਨਮਿਤਾ'। ਜਹਾਂ ਕੁਛ ਸਾਨਬੋ ਨਹੀ ਸਾਇ ਭਹਾਂ 'ਅਖਿੰਡੁ ਨਮਿਤਾ' ਹੋਤ ਹੈ। ਇਨ ਚਾਰਨਹੂੰ ਤੁਕਨ ਕੋ ਦੂਸਰੋ ਅਰਥ ਔਰ ਹੈ। ਸਿੱਖ ਬੂਝਤ ਹੈ ਸਤਿਗੁਰੋਂ ਕੋ: ਸਚਿ ਕੀ ਪ੍ਰਾਪਤਿ ਸੋਚ ਤੇ ਹੋਤ ਹੈ? ਉੱਤਰ: ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਪੁਨਾ: ਸਿੱਖ ਪੂਛਤ ਹੈ: 'ਚੁਪੇ ਮੋਨ ਆਦਿ' ਕਯ ਕੇ ਪ੍ਰਾਪਤਿ ਹੋਤ ਹੈ? ਉੱਤਰ:- ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥ ਪ੍ਰਸ਼ਨ:- ਭੂਖਿਆ ਭੂਖ ਤੇ ਹੋਤ ਹੈ? ਉੱਤਰ:- ਭੂਖਿਆ ਭੂਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ ਪ੍ਰਸ਼ਨ:- ਸਰਬ ਸਿਆਣਪ ਵਾਲੇ ਤਿਨ ਕੀ ਲਾਖੋਂ ਸਿਆਣਪੋਂ ਤੇ ਪ੍ਰਾਪਤਿ ਹੋਤ ਹੈ? ਉੱਤਰ: ਸਰਬ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ ਸਰਬ ਤੁਕ ਕੇ ਉੱਤਰ ਭਾਖ ਕੋ ਅਰਥ ਪੂਰਬ ਕੋ ਹੀ ਕਰਨੋ। ਜਿਸ ਹਿਤ ਜੋ ਕੁਛ ਕਰਨ ਲਗਯੋ ਹੈ ਸੋ ਭੀ ਨਹੀ ਭਯੋ ਤੇ ਸ਼ੁਦ ਕੀ ਪ੍ਰਾਪਤਿ ਨਹਾਂ ਹੈ। ਜੈਸੇ ਸੋਚ ਤੇ ਮੂਹੋ ਨਹੀ ਭਯੋ, ਤੈਸੇ ਸੋਚ ਤੇ ਸੂਚੋ ਨਹੀ ਭਯੋ, ਤੈਸੇ ਸਰਬ ਜਾਨੀਏ। ਇਸ ਅਰਥ ਮੈਂ ਉਤਰਾਲੰਕਾਰ ਭੀ ਹੋਤ ਹੈ।

ਲੱਛਨ- ਪ੍ਰਸ਼ਨ ਕਰੇ ਸਹਿ ਉੱਤਰ ਹੋਇ। ਅਲੰਕਾਰ ਉੱਤਰ ਕਹਿ ਸੋਇ।

ਯਾਂਤੇ ਉਤਰਾਲੰਕਾਰ ਹੈ।

ਪ੍ਰਸ਼ਨ:- ਸੋਚਿ: ਮੋਨ, ਬ੍ਰਤ, ਮਤਿ ਏ ਸਭ ਸ੍ਰੇਸ਼ਟ ਹੈ; ਇਨ ਕੋ ਨਿਖੇਧ ਕੈਸੇ?

ਉੱਤਰ:- ਸਚ ਕੀ ਪ੍ਰਾਪਤਿ ਕੇ ਜਤਨ ਤਿਸ ਮੈਂ ਨਿਖੇਧੇ ਹੈਂ। ਅੰਤਹਕਰਨ ਕੇ ਸ਼ੁਧ ਕਰਬੇ ਮੈਂ ਨਹੀਂ ਹੈ। ਅਰੁ ਕਲਿ ਕੇ ਨਰ ਸਰਬ ਸ਼ਕਤਿ ਤੇ ਹੀਨ ਹੈਂ। ਸਿੰਮ੍ਰਤੀ ਕੇ ਵਿਖੇ ਜੋ ਸੋਚਿ ਕਹੀ ਹੈ, ਸੋ ਇਨ ਤੇ ਕੈਸੇ ਹੋ ਸਕਤਿ ਹੈ। ਸੋਲਹ ਦੋਖ ਤੋ ਹਸਤ ਮਾਂਜਨੇ ਕੀ ਮ੍ਰਿਤਕਾ ਕੇ ਬਿਖੇ ਕਹੇ ਹੈਂ; ਇਤਯਾਦਿ ਸਰਬ ਹੀ ਸੋਚ ਕਠਨ ਹੈ। ਇਸੀ ਰੀਤਿ ਸੋਂ ਤਪ ਔ ਬ੍ਰਤ ਭੀ ਨਹੀਂ ਹੋ ਸਕਤ ਹੈਂ। ਅਗਲੇ ਜੁਗਨ ਮੈਂ ਲੋਕ ਸ਼ਕਤਿਵਾਨ ਰਹੇ, ਸੋ ਕਰਤ ਰਹੇ, ਅਰ ਬੁਧਿ ਬਿਸਾਲ ਤੋ ਕਹਾਂ ਹੈ। ਅਬ ਸਰਬ ਭਾਂਤਿ ਸੋਂ ਦੀਨ ਲੋਕ ਜਾਨ ਕਰਿ ਅਸਮ੍ਰਥ ਕਲੀ ਮੈਂ ਨਰਨ ਕੀ ਕਲਯਾਨ ਹੇਤ ਸੁਖੈਨ ਜਤਨ ਕੋ ਕਹੇਗੇ; ਇਸ ਹੇਤੁ ਤੇ ਨਿਖੇਧ ਕਹੇ।

ਅਬ ਮੁਮੋਖੀ ਚਾਰਹੂੰ ਸਾਧਨ ਤੇ ਨਿਰਾਸ ਹੋ ਕਰਿ ਅਪਨੀ ਉਕਤਿ ਅਰ ਨਿਸਚੈ ਕੋ ਤਯਾਗ ਕਰਿ ਸਤਿਗੁਰ ਕੋ ਮਤਿ ਬੂਝਤ ਹੈ:- ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

ਆਪ ਨੇ, ਸਾਧਨ ਜੋ ਮੁਕਤਿ ਕੇ ਥੇ, ਸੋ ਤੇ ਸਰਬ ਕਰੇ ਹੈਂ ਖੰਡਨ; ਕਿਸ ਜੁਗਤਿ ਸੋਂ 'ਸਚ' ਕੇ ਵਿਖੇ 'ਅਰ' ਨਾਮ 'ਪ੍ਰਾਪਤ' ਕੋ ਸੋ ਹੋਤ ਹੈ? ਅਰ ਕਿਸ ਪ੍ਰਕਾਰ ਕੂੜ ਕੀ ਪਾਲ ਤੁਟੈ?

'ਤੁਟੈ ਪਾਲਿ' ਏ ਪਦ ਭੀਤ ਕੋ ਅਰੁ ਪਰਦੇ ਕੋ ਨਹੀ ਜਨਾਵਤ ਹੈਂ। ਪ੍ਰਥਮ ਤੋ ਭੀਤ ਅਰੁ ਪਰਦੇ ਕੋ ਨਾਮ ਪਾਲਿ ਨਹੀਂ ਹੈ, ਦੂਸਰੇ ਤੁਟੈ ਪਦ ਨਹੀ ਬਨਣ ਦੇਤ ਹੈ। ਐਸੇ ਕੋਈ ਨਹੀਂ ਕਹਤ ਹੈ ਜੈਸੇ 'ਭੀਤ ਔ ਪਰਦੋ ਟੂਟੈ'। 'ਭੀਤ ਗਿਰੇ, ਢਹੇ' ਪਦ ਬਨਤ ਹੈ। ਪਰਦੇ ਕੋ 'ਪੱਟ' ਪਦ ਬੋਧਕ ਹੈ। ਯਾਂਤੇ ਅਰਥ ਪੂਰਬ ਕੋ ਨਹੀ ਬੰਨੇ। ਜੇ ਕੋਈ ਐਸੇ ਕਹੇ, ਤਹਾਂ ਪ੍ਰਸਿੱਧ ਹੋਤ ਦੋਖ। 'ਜੋ ਸਬਦ ਹੋਇ ਤਿਸ ਤਜਿ ਔਰ ਕਹੈ' ਇਤਿ ਲੱਛਨ। ਜੈਸੇ 'ਧਸੇ' ਧਸੇ ਕੋ 'ਝੰਕਾਰ' ਕਹਾ, ਪ੍ਰਸਿੱਧ ਧਸੇ ਕੋ 'ਧੁੰਕਾਰ' ਸ਼ਬਦ ਹੈ ਉੱਤਰ- ਤਾਂਤੇ ਐਸੇ ਅਰਥ ਗੁਰੂ ਜੀ ਨੇ ਧਰਯੋ ਹੈ: 'ਪਾਲਿ' ਤਲਾਉ ਕੋ ਚਾਰੋਂ ਪਾਸੇ ਹੋਤ ਹੈ। ਸਤਿ ਚਿਦਨਦ ਸੋ ਤਲਾਹੁ। "ਕੂੜ ਤਨ ਹੋਤਾ ਸੋ ਪਾਲਿ"। ਤਿਸ ਨੇ ਚਾਰੋਂ ਦਿਸ਼ਾਂ ਤੇ ਸਰੂਪ ਕੋ ਆਵਰਯੋ ਹੈ, ਸੋ ਪਾਲਿ ਕੈਸੇ ਟੂਟੈ?

Sri Satguru Jagjit Singh Ji eLibrary NamdhariElibrary@gmail.com

ਅਖਰਾਰਥ ਭਯੋ । ਇਸ ਰੀਤਿ ਸੋਂ ਸ਼੍ਰੀ ਗ੍ਰੰਥ ਸਾਹਿਬ ਮੇਂ ਤਲਾਉ ਅਰ ਪਾਲਿ ਕਹੂੰ ਔਰ ਸਥਾਂਨ ਮੇਂ ਭੀ ਲਿਖਯੋ ਹੈ।

ਭਾਵ ਅਰਥ ਐਸੇ: ਜੋ ਤਨ ਹੰਤਾ ਕੋ ਬ੍ਰਿਤਿ ਕੈਸੇ ਤਯਾਗੇ? ਸਚ ਰੂਪ ਕਿਸ ਜੁਗਤਿ ਸੋਂ ਹੋਇ? ਇਸ ਪ੍ਰਸ਼ਨ ਕਾ ਅਗਲੀ ਤੁਕ ਮੇਂ ਉੱਤਰ ਹੈ। ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਪਰਮੇਸ਼ਰ ਕੇ ਹੁਕਮ ਰਜਾਇ ਬਿਖੇ ਚਲਨਾ ਸਦੀਵ ਇਹੀ ਪਰਮ ਸਾਧਨ ਹੈ, ਮੋਖ ਕੋ। ਸ਼੍ਰੀ ਨਾਨਕ ਜੀ ਕਹਤ ਹੈਂ: ਪਰਾਲਬਧ ਜੇਤੀ ਹੈ ਤੇਰੀ, ਸੋ ਤੋ ਲੇਖ ਤੇਰੇ ਮੇਂ ਪੂਰਬ ਹੀ ਲਿਖ ਰਾਖੀ ਹੈ। ਪ੍ਰਸ਼ਨ- 'ਹੁਕਮ' 'ਰਜਾਇ' ਪੁਨਰੁਕਤਿ ਦੋਸ਼ ਹੈ, ਦੂਸਰੇ ਇਹ ਪ੍ਰਤੀਤ ਹੋਤੀ ਹੈ: ਜੋ ਪਰਮੇਸ਼ਰ ਕੇ ਹੁਕਮ ਮੇਂ ਲੋਕ ਨਹੀ, ਮਵਾਸੀ ਰਹਤ ਹੈਂ। ਕਰਨੀ ਹੈ ਪਰਮੇਸ਼ਰ ਕੀ ਉਸਤੁਤੀ, ਭਈ ਨਿੰਦੀਆ: ਜੋ ਪਰਮੇਸ਼ਰ ਬਲ ਬਿਹੀਨ ਹੈ। ਇਸ ਅਰਥ ਤੇ ਅਨੁਰਿਤਾਰਥ ਦੋਖ?

ਲੱਛਨ-ਉਸਤਤਿ ਕਰਤ ਨਿੰਦ ਜਹਿਂ ਹੋਇ। 'ਅਨੁਚਿਤਾਰਥ' ਦੋਖ ਕਹਿਂ ਸੋਇ।

ਤੀਸਰੇ ਅਗਲੀ ਪੌੜੀ ਮੇਂ ਇਸੀ ਤੁਕ ਕੋ ਅਰਥ ਸਪਸ਼ਟ ਕਰਨੋ ਹੈ: ਤਿਸ ਕੇ ਅੰਤ ਮੇਂ ਕਹਿਨੋ ਹੈ: 'ਹੁਕਮੇ ਅਦਰਿ ਸਭੁ ਕੋ'; ਇਸ ਤੁਕ ਕੇ ਅਰਥ ਸੋਂ ਬਿਰੋਧ? ਪਹਿਲੇ ਕਹਯੋ ਜੋ ਮੁਮੋਖੀ ਹੋਇ ਸੋ ਹੁਕਮੁ ਮੇਂ ਚਲੈ, ਫੇਰ ਕਹਯੋ ਸਰਬ ਹੁਕਮ ਬਿਖੇ ਹੈਂ। ਪੂਰਬ ਉੱਤਰ ਬਿਰੋਧ ਤੇ ਅਭਵਨਮਤ ਦੋਖ ਹੋਤ ਹੈ।

ਲੱਛਨ- ਕਵਿ ਬਾਂਧਤ ਪਦ ਜੋਗ ਨ ਹੋਇ। 'ਅਭਵਨਮਤ' ਸੁਕਹੈਂ ਕਵਿ ਲੋਇ।
ਪਰ ਪੂਰਬ ਜਹਿਂ ਮੇਲ ਨ ਬਨਿ ਹੈ। ਤਿਹ ਕੋ ਭੀ ਇਹ ਨਾਮ ਜੁ ਭਨਿ ਹੈ।

ਕੀ ਸੱਤਾ ਸੇ ਸਤਯ ਹੋਨੇ ਪਰ ਭੀ ਸ੍ਵਰੂਪ ਸੇ ਸਤਯ ਨਹੀ ਹੈ, ਇਸ ਲਿਯੇ ਉਸ ਕੋ 'ਕੂਟ' ਅਰਥਾਤ ਅਸਤਯ (ਝੂਠ) ਕਹਾ ਹੈ॥ ਜੋ ਮਨੁਸ਼ਯ ਸਤਯ ਈਸ਼੍ਵਰ ਕਾ ਆਸ੍ਰਯ ਲਿਯੇ ਹੁਏ ਹੈ, ਵਹੀ ਪਰਮਾਰਥ ਸੇ ਸਤਯਵਕਤਾਰ (ਸਤਯਵਾਦੀ) ਹੈ॥ ਇਸ ਲਿਯੇ 'ਸਚਿਆਰ' ਕਾ ਵਾਚਯਾਰਥ 'ਸਤਯਵਤਕਾਰ' ਹੋਨੇ ਪਰ ਭੀ ਤਾਤਪਰਯਾਰਥ 'ਸਤਯਾਧਾਰ' ਯਹਾਂ ਵਿਵਕਿਸ਼ਤ ਹੈ॥ "ਕੂੜੇ" ਮੇ ਏਕਾਰ (ਏ) ਕਾ ਅਰਥ ਭੀ ਆਧਾਰ ਹੈ॥ ਆਸ੍ਰਯ ਔਰ ਆਧਾਰ ਦੋਨੋਂ ਪਰਯਾਯ ਸ਼ਬਦ ਹੈਂ। ਪਾਲ ਕਾ ਅਰਥ ਗਤਿ ਅਰਥਾਤ ਜਨਮ-ਮਰਣ ਕੀ ਅਵਿੱਛਿਨ-ਧਾਰਾ ਹੈ॥

ਜੋ ਮਨੁਸ਼ਯ ਸਤਯ ਈਸ਼੍ਵਰ ਕਾ ਆਸ੍ਰਯ ਛੋੜ ਕਰ ਕੂੜੇ (ਝੂਠ) ਸੰਸਾਰ ਕੇ ਪਦਾਰਥੋਂ ਕਾ ਆਸ੍ਰਯ ਲੇਤਾ ਹੈ, ਉਸ ਕੇ ਲਿਯੇ ਸਦਾ ਦੁੱਖ ਹੈ॥ ਦੁੱਖ ਕਾ ਹੇਤੂ ਜਨਮ ਮਰਣ ਕੀ ਧਾਰਾ ਹੈ॥ ਜੋ ਸਤਯ ਈਸ਼੍ਵਰ ਕਾ ਆਸ਼੍ਰਯ ਲੇਤਾ ਹੈ, ਉਸ ਕੇ ਜਨਮ ਮਰਣ ਕੀ ਧਾਰਾ ਟੂਟ ਜਾਤੀ ਹੈ, ਵਹ ਸੰਸਾਰ ਮੇਂ ਰਹਿਤਾ ਹੁਆ ਭੀ ਸੁਖੀ ਹੈ ਔਰ ਆਗੇ ਭੀ ਸੁਖੀ ਹੈ। ਹਮ ਸਤਯ ਈਸ਼੍ਵਰ ਲਿਯੇ ਹੁਏ ਸਮਝੇ ਜਾਯੇਂ ਔਰ ਹਮਾਰੇ ਜਨਮ-ਮਰਣ ਕੀ ਧਾਰਾ ਹਮੇਸ਼ਾ ਕੇ ਲਿਯੇ ਟੂਟ ਜਾਯੇ ਔਰ ਅੰਤ ਮੇ ਹਮੇਂ 'ਵਾਹ ਗੁਰੂ' ਕੇ 'ਸੱਚ-ਖੰਡ' ਮੇਂ ਨਿਵਾਸ ਪ੍ਰਾਪਤ ਹੋ? ਯਹ ਉਨ ਦੋਨੋਂ ਪ੍ਰਸ਼ਨੋਂ ਕਾ ਸ੍ਵਰੂਪ ਹੈ ਔਰ ਯਹੀ ਮੰਤ੍ਰ ਕੇ ਪ੍ਰਸ਼ਨ ਕਾ ਅਰਥ ਹੈ॥

ਉੱਤਰ ਭਾਗ ਕਾ ਪਾਠ:- "ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ"॥ 1॥

ਹੁਕਮ ਕਾ ਅਰਥ ਸ਼ਾਸ਼ਨ ਅਰਥਾਤ ਆਗਿਆ ਹੈ। ਔਰ ਯਹਾਂ ਆਗਿਆ ਕਾ ਪੁਰਵ ਰੂਪ ਇਛਾ ਅਭਿਪ੍ਰੇਤ ਹੈ॥ 'ਰੱਜੀ' ਕਾ ਉਚਾਰਣ 'ਰਜਾਈ' ਹੈ, ਜੈਸੇ "ਪੂਰਵ ਦੇਵੇ ਭਯੋ ਅਮ੍ਰਿਤਸਯ ਨਾਭਾਯਿ" (ਤੈ. 3.10.6) ਮੰਤ੍ਰ ਮੇਂ 'ਨਾਭਿ' ਭਾ "ਨਾਭਾਯਿ" ਉਚਾਰਣ, ਅਥਵਾ "ਅਗਿਨਹਿ: ਜਾਨਿ" (ਰਿਗ 8/7/36) ਮੰਤ੍ਰ ਮੇਂ 'ਜਨਿ' ਕਾ ਉਚਾਰਣ 'ਜਾਨਿ' ਹੈ॥ ਰੱਜੀ ਕਾ ਅਰਥ ਨਿਤਯ-ਤ੍ਰਿਪਤ ਅਥਵਾ ਸਦਾ-ਸੁਪ੍ਰਸੰਨ ਹੈ॥ ਨਿਤਯ-ਤ੍ਰਿਪਤ ਸਦਾ-ਸੁਪ੍ਰਸੰਨ ਈਸ਼੍ਵਰ ਹਮੇਸ਼ਾ ਮਨੁਸ਼ਯ ਕੇ ਸਾਥ ਹੈ, ਅਰਥਾਤ ਅੰਤਰਯਾਮੀ ਰੂਪ ਸੇ ਸਦਾ ਮਨੁਸ਼ਯ ਕੇ ਹ੍ਰਿਦਯ-ਦੇਸ਼ ਮੇਂ ਸਥਿਤ ਹੈ। ਯਹ ਪਹਿਲੇ ਰਿਸ਼ਯੋਂ ਨੇ ਲਿਖਾ ਹੈ ਔਰ ਯਹੀ ਨਾਨਕ ਕੀ ਦ੍ਰਿਸ਼ਟਿ ਅਰਥਾਤ ਨਾਨਕ ਕਾ ਦਰਸ਼ਨ ਹੈ॥ ਉਸ ਕੀ ਆਗਿਆ ਅਰਥਾਤ ਇੱਛਾ ਮੇਂ ਚਲਨਾ (ਅਪਨੀ ਇੱਛਾ ਕੋ ਉਸ ਕੀ ਇਛਾ ਸੇ ਅਲਗ ਨ ਰੱਖਨਾ) ਅਰਥਾਤ ਜੋ ਤੇਰੀ ਇੱਛਾ, ਵਹੀ ਮੇਰੀ ਇੱਛਾ, ਇਸ ਪ੍ਰਕਾਰ ਉਸ ਕੀ ਇਛਾ ਮੇਂ ਯਾ ਯੋਂ ਕਹੋ ਕਿ ਉਸ ਕੇ ਭਾਣੇ ਮੇਂ, ਸਦਾ ਪ੍ਰਸੰਨ ਰਹਿਤੇ ਹੁਏ ਕਰਤਵੱਯ-ਬੁੱਧੀ ਸੇ ਕਰਮੋਂ ਕੋ ਕਰਤੇ ਰਹਿਨਾ, ਦੋਨੋਂ ਕਾ ਅਰਥਾਤ ਸਚਿਆਰ ਹੋਨੇ ਔਰ ਕੂੜ ਕਾ ਅਸ਼੍ਰਯ ਪਾਯੇ ਹੁਈ ਜਨਮ-ਮਰਣ ਕੀ ਧਾਰਾ ਕੇ ਟੂਟਨੇ ਕਾ ਉਪਾਯ ਹੈ, ਯਹ ਮੰਤ੍ਰ ਕੇ ਉੱਤਰ-ਭਾਗ ਕਾ ਅਰਥ ਹੈ॥

ਸਬ ਜਗਤ ਅਰਥਾਤ ਸਾਰਾ ਬ੍ਰਹਮੰਡ ਈਸ਼੍ਵਰ ਕਾ ਸ਼ਰੀਰ ਹੈ ਔਰ ਸਥਾਵਰ ਜੰਗਮ, ਪ੍ਰਾਣੀ, ਅਪ੍ਰਾਣੀ, ਜੋ ਕਛੁ ਹੈ ਵਹ ਸਬ ਉਸਕੇ ਸ਼ਰੀਰ ਕਾ ਅੰਗ ਪ੍ਰਤਿਅੰਗ ਹੈ॥ ਜੈਸੇ ਮਨੁਸ਼ਯ ਕਾ ਸ਼ਰੀਰ ਔਰ ਉਸ ਕੇ ਸਬ ਅੰਗ-ਪ੍ਰਤਿਅੰਗ, ਮਨੁਸ਼ਯ ਕੀ ਇਛਾ ਸੇ ਚਲਤੇ ਹੈਂ, ਵੈਸੇ ਸੰਪੂਰਣ ਬ੍ਰਹਮਾਂਡ- ਰੂਪੀ ਸ਼ਰੀਰ ਔਰ ਉਸ ਕੇ ਅੰਗ- ਪ੍ਰਤਿਅੰਗ-ਰੂਪੀ ਜੜ ਚੇਤਨ ਸਬ ਪਦਾਰਥ ਭੀ, ਸ਼ਰੀਰ ਈਸ਼੍ਵਰ ਕੀ ਇਛਾ ਸੇ ਚਲਤੇ ਹੈਂ॥ ਵਹ ਜੈਸਾ ਉਚਿਤ ਸਮਝਤਾ ਹੈ, ਵੈਸੇ ਸਬ ਕੋ ਚਲਾਤਾ ਹੈ॥ ਉਸ ਕੇ ਚਲਾਨੇ ਸੇ ਚਲਤੇ ਹੁਏ ਮਨੁਸ਼ਯੋਂ ਕੀ, ਉਨਕੇ ਸ਼ਰੀਰੋਂ ਔਰ ਉਨ

Sri Satguru Jagjit Singh Ji eLibrary NamdhariElibrary@gmail.com

ਕੇ ਮਨ, ਬੁੱਧਿ ਤਥਾ ਇੰਦ੍ਰੀਯੋਂ ਕੀ ਕ੍ਰਿਯਾ ਉਸ ਸ਼ਕਸ਼ਪਤਮ ਕੀਟ ਕੇ ਸਮਾਨ ਹੈ, ਜੋ ਵੇਗ ਲੇ ਘੂਮਤੇ ਹੁਏ ਲਾਟੂ ਕੇ ਉਪਰ ਅਪਨੀ ਖੁਰਾਕ ਕੀ ਖੋਜ ਮੇਂ ਇਧਰ-ਉਧਰ ਚਲ ਰਹਾ ਹੈ॥ ਉਸੇ ਕੁਛ ਭੀ ਮਾਲੂਮ ਨਹੀ ਕਿ ਮੇਂ ਚਲਤਾ ਹੁਆ ਭੀ ਬਲਾਤ ਲਾਟੂ ਕੇ ਸਾਥ ਕ੍ਰੁਮਾਯਾ ਜਾ ਰਹਾ ਹੂੰ ਔਰ ਮੇਰੀ ਅੰਤਿਮ ਦਸ਼ਾ ਕਯਾ ਹੋਗੀ ਸੱਚ-ਮੁੱਚ ਮਨੁਸ਼ਯ ਕਾ ਹਾਲ ਭੀ ਯਹੀ ਹੈ। ਜੈਸੇ ਲਾਟੂ ਕਾ ਚਲਾਨੇ ਵਾਲਾ ਕੀਟ ਕੀ ਦ੍ਰਿਸ਼ਟੀ ਸੇ ਪਰੇ ਹੈ, ਵਹ ਉਸੇ ਨਹੀਂ ਜਾਨਤਾ ਔਰ ਸਮਝਤਾ ਕਿ ਮੇਰਾ ਔਰ ਇਸ ਲਾਟੂ ਕਾ ਚਲਾਨੇ ਵਾਲਾ ਕੋਈ ਔਰ ਹੈ, ਵੈਸੇ ਸਬ ਬ੍ਰਹਮਾਂਡ ਕਾ ਔਰ ਉਸ ਕੇ ਏਕ ਏਕ ਅੰਗ-ਪ੍ਰਤਿਅੰਗ-ਰੂਪੀ ਪਦਾਰਥ- ਮਾਤ੍ਰ ਕਾ ਚਲਾਨੇ ਵਾਲਾ, ਤਥਾ ਮਨੁਸ਼ਯ ਕੀ ਬੁੱਧੀ ਔਰ ਉਸ ਕੇ ਮਨ ਤਥਾ ਇੰਦ੍ਰਿਯੋਂ ਕਾ ਚਲਾਨੇ ਵਾਲਾ, ਮਨੁਸ਼ਯ ਕੀ ਦ੍ਰਿਸ਼ਟੀ ਸੇ ਪਰੇ ਹੈ॥ ਵਹ ਉਸੇ ਨਹੀਂ ਜਾਨਤਾ ਔਰ ਝੂਠਾ ਅਭਿਮਾਨ ਕਰਤਾ ਹੈ ਕਿ ਮੈਂ ਅਪਨੀ ਬੁੱਧੀ, ਮਨ ਔਰ ਇੰਦ੍ਰੀਯੋਂ ਕਾ ਨਿਯੰਤਾ ਹੂੰ॥ ਮੈਂ ਹੀ ਉਨ ਕਾ ਚਲਾਨੇ ਵਾਲਾ ਹੂੰ॥ ਵਹ ਨਹੀਂ ਸਮਝਤਾ ਕਿ ਯਦਿ ਮੈਂ ਬੁੱਧੀ, ਮਨ ਔਰ ਇੰਦ੍ਰੀਯੋਂ ਕਾ ਨਿਯੰਤਾ ਤਥਾ ਉਨ ਕਾ ਚਲਾਨੇ ਵਾਲਾ ਹੋਤਾ, ਤੋ ਜਿਸ ਵਸਤੂ ਕਾ ਬੁੱਧੀ ਅਥਵਾ ਮਨ ਕੇ ਸਾਮਨੇ ਆਨਾ ਮੈਂ ਨਹੀ ਚਾਹਤਾ, ਵਹ ਵਸਤ੍ਰ ਬਲਾਤ ਮੇਰੀ ਬੁੱਧੀ ਯਾ ਮਨ ਕੇ ਸਾਮਨੇ ਕਯੋਂ ਆਤੀ ਹੈ? ਯਾ ਯੋਂ ਕਹੋ ਕਿ, ਉਸ ਵਸਤੂ ਕੀ ਓਰ ਮੇਰੀ ਬੁੱਧੀ ਔਰ ਮੇਰਾ ਮਨ ਕਯੋਂ ਜਾਤਾ ਹੈ? ਯਹ ਏਕ ਰਹਸਯ ਹੈ, ਹਰ ਏਕ ਕੀ ਸਮਝ ਮੇਂ ਨਹੀਂ ਆਤਾ॥ ਇਸੇ ਸਮਝਨੇ ਕੇ ਲਿਯੇ ਹੀ ਸਿੱਖ ਨੇ ਗੁਰੂ ਸੇ ਪੂਛਾ ਹੈ:-

ਓਅਂ ਕੇਨ-ਇਖਿਤੰ ਪਤਤਿ ਪ੍ਰੇਖਿਤੰ ਮਨ: ; ਕੇਨ ਪ੍ਰਾਣ: ਪ੍ਰਥਮ: ਪ੍ਰੈਤਿ ਯੁਕਤ:।
ਕੇਨ-ਇਖਿਤਾਂ ਵਚਮਿਮਾਂ ਵਦੰਤਿ, ਚਕਸ਼ੁ: ਸ੍ਰੋਤ੍ਰੰ ਕ ਉ ਦੇਵੋ ਯੁਨਕ੍ਤਿ॥ (ਕੇਨੋਪ. 1.1)

ਅਰਥ- ਹੇ ਗੁਰੂ! ਕਿਸ ਕਾ ਚਾਰਾ ਹੁਆ, ਕਿਸ ਕਾ ਭੇਜਾ ਹੁਆ ਮਨ, ਇਸ਼ਟਾ-ਨਿਸ਼ਟ ਵਿਸ਼ਿਯੋਂ (ਵਸਤੂਓਂ) ਮੇਂ ਜਾਤਾ ਹੈ? ਕਿਸ ਕੀ ਆਗਿਆ ਪਾਯਾ ਹੁਆ ਮਨੁਸ਼ਯ ਪ੍ਰਾਣ (ਸਵਾਸ, ਪ੍ਰਸਵਾਸ) ਚਲਤਾ ਹੈ? ਕਿਸ ਸੇ ਬਾਹੀ ਹੁਈ ਇਸ ਵਾਣੀ ਕੋ ਬੋਲਤੇ ਹੈ? ਔਰ ਆਂਖ ਤਥਾ ਕਾਨ ਕੋ ਕੌਨ ਦੇਵ ਦੇਖਤੇ ਤਥਾ ਸੁਨਨੇ ਕੀ ਆਗਿਆ ਦੇਤਾ ਹੈ?

ਵਸਤੁਤ: ਯਹ ਰਹਸਯ ਗੁਰੂ ਕੀ ਕ੍ਰਿਪਾ ਕੇ ਬਿਨਾਂ ਸਮਝ ਮੇਂ ਨਹੀਂ ਆਤਾ। ਜਬ ਉਦਾਲਕ ਨੇ ਇਸ ਰਹਸਯ ਕੋ ਸਮਝਨੇ ਕੇ ਲਿਯੇ ਯਾਕਯਵਲਕਯ ਸੇ ਪੂਛਾ , ਤੋ ਉਸ ਨੇ ਅਨੇਕ ਪਰਯਾਯੀ (ਅਨੁਵਾਕੋਂ) ਸੇ ਸਮਝਾਯਾ॥ ਉਨ ਮੇਂ ਸੇ ਕੇਵਲ ਤੀਨ ਪਰਯਾਯ ਨੀਚੇ ਉਧਰਤ ਕਿਯੇ ਜਾਤੇ ਹੈਂ:-"ਯ: ਸਰਵੇਖੁ ਭੁਤੇਖੁ ਤਿਖਠਨ ਸਰਵੇਭਯੋ ਭੁਤੇ ਭਯੋ ਅੰਤਰ:, ਯੰ ਸਰਵਾਣਿ ਭੂਤਾਨਿ ਨ ਵਿਦੁ: ਯਸਯ ਸਰਵਾਣਿ ਭੂਤਾਨਿ ਸ਼ਰੀਰੰ; ਯ: ਸਰਵਾਣਿ ਭੂਤਾਨਿ ਅੰਤਰੋ ਯਮਯਤਿ, ਏਖ ਤੇ ਆਤਮਾ ਅੰਤਰਯਾਮੀ ਅਮ੍ਰਿਤ:॥" (ਵ੍ਰਿ.ਉ. 3,7,15)

ਅਰਥ:- ਜੋ ਮਨ ਮੇਂ ਰਹਿਤਾ ਹੁਆ ਮਨ ਸੇ ਅਲਗ ਹੈ, ਮਨ ਜਿਸ ਕੋ ਨਹੀਂ ਜਾਨਤਾ, ਮਨ ਜਿਸ ਕਾ ਸ਼ਰੀਰ ਹੈ, ਜੋ ਮਨ ਕੇ ਅੰਦਰ ਰਹਿ ਕਰ ਨਿਯਮ ਮੇਂ ਰੱਖਤਾ ਅਰਥਾਤ ਜੋ ਮਨ ਕਾ ਨਿਯੰਤਾ ਹੈ, ਯਹ ਹੈ, ਹੇ ਉਦੱਾਲਕ। ਤੇਰਾ ਪੂਛਾ ਹੁਆ ਅੰਤਰਯਾਮੀ ਅਮ੍ਰਿਤ ਆਤਮਾ॥

"ਯੋ ਵਿਗਯਾਨੇ ਤਿਖਠਨ ਵਿਗਿਯਾਨਾਦ ਅੰਤਰ:, ਸੰ ਵਿਗਯਾਨੰ ਨ ਵੇਦ ਯਸਯ ਵਿਗਯਾਨੰ ਸ਼ਰੀਰੇ, ਯੋ ਵਿਗਯਾਨੰ ਅੰਤਰੋ ਯਮਯਤਿ, ਏਖ ਤੇ ਆਤਮਾ ਅੰਤਰਯਾਮੀ ਅਮ੍ਰਿਤ॥"
(ਵ੍ਰਿ. ਉ. 3,7,22)

Sri Satguru Jagjit Singh Ji eLibrary NamdhariElibrary@gmail.com

ਅਰਥ- ਜੋ ਬੁੱਧੀ ਮੇਂ ਰਹਿਤਾ ਹੁਆ ਬੁੱਧੀ ਸੇ ਅਲੱਗ ਹੈ, ਬੁੱਧੀ ਜਿਸ ਕੋ ਨਹੀਂ ਜਾਨਤੀ, ਬੁੱਧੀ ਜਿਸ ਕਾ ਸ਼ਰੀਰ ਹੈ, ਜੋ ਬੁੱਧੀ ਕੋ ਅੰਦਰ ਰਹਿ ਕਰ ਨਿਯਮ ਮੇਂ ਰੱਖਤਾ ਅਰਥਾਤ ਜੋ ਬੁੱਧੀ ਕਾ ਨਿਯੰਤਾ ਹੈ, ਯਹ ਹੈ ਹੇ ਉੱਦਾਲਕ ਤੇਰਾ ਪੂਛਾ ਹੁਆ ਅੰਤਰਯਾਮੀ ਅਮ੍ਰਿਤ ਆਤਮਾ ॥ 22 ॥

ਜਬ ਸਬ ਜਗਤ (ਬ੍ਰਹਮਾਂਡ) ਕਾ ਅੰਤਮਤਮਾ ਈਸ਼੍ਵਰ ਹੈ, ਸਬ ਕਾ ਨਿਯੰਤਾ ਤਥਾ ਸਬ ਕੋ ਨਿਯਮ ਸੇ ਚਲਾਨੇ ਵਾਲਾ ਹੈ ਔਰ ਜੈਸਾ ਚਲਾਨਾ ਚਾਹਤਾ ਹੈ ਵੈਸਾ ਚਲਾਤਾ ਹੈ, ਤਬ ਉਸ ਕੀ ਇਛਾ ਕੇ ਅੰਦਰ ਚਲਨੇ ਮੇਂ ਹੀ ਮਨੁਸ਼ਯ ਕਾ ਕਲਿਆਣ ਹੈ, ਸਬ ਆਸ਼੍ਰਯੋ ਕੋ ਛੋੜ ਕਰ ਉਸ ਕਾ ਆਸ਼੍ਰਯ ਲੇਨੇ ਮੇਂ ਹੀ ਮਨੁਸ਼ਯ ਕਾ ਸ਼੍ਰੇਯ ਹੈ ॥ ਇਸ ਲਿਯੇ ਭਗਵਾਨ, ਸ਼੍ਰੀ ਕ੍ਰਿਸ਼ਣ ਨੇ ਅਰਜੁਨ ਸੇ ਯਹ ਕਹਾ ਹੈ।

ਈਸ਼੍ਵਰ: ਸਰਵਭੂਤਾਨਾ, ਹ੍ਰਿੰਦੇਸ਼ੇ ਅਰਜੁਨ ਤਿਸ਼ਠਤਿ ॥
ਭ੍ਰਾਮਯਨ ਸਰਵਭੂਤਾਨਿ ਯੰਤ੍ਰਾਰੁਢਾਨਿ ਮਾਯਯਾ ॥ (ਗੀ. 18,61)

ਅਰਥ- ਹੇ ਅਰਜੁਨ, ਪ੍ਰਕ੍ਰਿਤਿ-ਰੂਪੀ ਯੰਤ੍ਰ ਪਰ ਚੜੇ ਹੁਏ ਸਬ ਪ੍ਰਾਣਿਯੋਂ ਕੋ ਅਪਨੀ ਮਾਯਾ (ਅਦਭੁਤ ਸਾਮਰਥਯ) ਸੇ ਘੁਮਾਤਾ ਹੁਆ (ਜਨਮ ਮਰਣ ਕੀ ਧਾਰਾ ਮੇਂ ਬਹਾਤਾ ਹੁਆ) ਈਸ਼੍ਵਰ ਸਬ ਪ੍ਰਾਣਿਯੋਂ ਕੇ ਹ੍ਰਿਦਯ ਦੇਸ਼ ਮੇਂ ਸਥਿਤ ਹੈ ॥ 61 ॥ ਤਮੇਵ ਸ਼ਰਣੰ ਗਚਛ ਸਰਵਭਾਵੇਨ ਭਾਰਤ। ਤਤ ਪ੍ਰਸਾਦਾਤ ਪਰਾਂ ਸ਼ਾਂਤਿੰ, ਸਥਾਨੰ ਪ੍ਰਾਪਸਯਸਿ ਸ਼ਾਸ਼੍ਵਤੰ ॥ (ਗੀ. 18, 62)

ਅਰਥ- ਹੇ ਭਾਰਤ ਤੂ ਸਬ ਪ੍ਰਕਾਰ ਸੇ ਅਰਥਾਤ ਮਨ, ਵਾਣੀ ਔਰ ਸ਼ਰੀਰ ਸੇ ਨਿਸ਼ਚਯ ਉਸ ਈਸ਼੍ਵਰਰੂਪੀ ਸ਼ਰਣ (ਆਸ਼੍ਰਯ) ਕੋ ਪ੍ਰਾਪਤ ਹੋ। ਉਸ ਕੇ ਅਨੁਗ੍ਰਹ ਸੇ ਪਰਮ ਸ਼ਾਂਤਿ ਔਰ ਸਨਾਤਨ ਧਾਮ (ਸੱਚਖੰਡ) ਕੋ ਪ੍ਰਾਪਤ ਹੋਗਾ ॥ 62 ॥

ਜਿਸ ਕਾ ਮਨ ਸ਼ੁੱਧ ਹੈ, ਏਕਾਗ੍ਰ ਹੈ ਔਰ ਮੋਹਿਕ ਤਥਾ ਆਮੁਖਿਮਕ ਪਦਾਰਥੋਂ (ਵਿਸ਼ਯੋਂ) ਕੀ ਤ੍ਰਿਸ਼ਣਾ (ਇੱਛਾ) ਸੇ ਰਹਿਤ ਹੈ, ਵਹ ਸਬ ਆਸ਼੍ਰਯੋ ਕੋ ਛੋੜ ਕਰ ਏਕ ਸਤਯ ਈਸ਼੍ਵਰ ਕੇ ਆਸ਼੍ਰਯ ਹੋਨੇ ਕਾ, ਅਰਥਾਤ ਏਕ ਈਸ਼੍ਵਰ ਮੇਂ ਮਨ ਕੀ ਨਿਸ਼ਠਾ (ਅਚਲ ਸਥਿਤੀ) ਵਾਲਾ ਹੋਨੇ ਕਾ, ਅਥਵਾ ਗੁਰੁਭਾਸ਼ਾ ਸੇ ਯਹ ਕਹੋ ਕਿ ਸਚਿਆਰ ਹੋਨੇ ਕਾ ਪੂਰਾ-ਪੂਰਾ ਅਧਿਕਾਰੀ ਹੈ ॥ ਜੋ ਸਚਿਆਰ ਹੈ ਅਰਥਾਤ ਸਬ ਆਸ਼੍ਰਯੋਂ ਕੋ ਛੋੜ ਕਰ ਏਕ ਈਸ਼੍ਵਰ ਕਾ ਆਸ਼੍ਰਯ ਲਿਯੇ ਹੁਏ ਹੈ, ਅਰਥਾਤ ਈਸ਼੍ਵਰ-ਨਿਸ਼ਠ ਹੈ, ਅਥਵਾ ਭਗਵਦ-ਗੀਤਾ ਕੀ ਪਰਿਭਾਸ਼ਾ ਸੇ ਯਹ ਕਹੋ ਕਿ ਈਸ਼੍ਵਰ-ਰੂਪੀ-ਸ਼ਰਣ (ਆਸ਼੍ਰਯ) ਕੋ ਪ੍ਰਾਪਤ ਹੈ, ਵਹ ਔਰ ਵਿਪਤਾਲ ਮੇਂ ਭੀ ਅਧੀਰ ਨਹੀਂ ਹੋਤਾ, ਵਹ ਅਪਨੀ ਪ੍ਰਕ੍ਰਿਤਿ (ਸਵਭਾਵ) ਮੇਂ ਪਰਵਤ ਕੀ ਨਾਈਂ ਸਦਾ ਅਚਲ ਔਰ ਅਡੋਲ ਰਹਿਤਾ ਹੈ ॥ ਵਹ ਯਹਾਂ ਅਪਨੇ ਜੀਨੇ ਕੇ ਦਿਨੋਂ ਕੋ ਸੁਖ ਸੇ ਬਿਤਾਤਾ ਔਰ ਅੰਤ ਮੇਂ ਹਮੇਸ਼ਾ ਕੇ ਲਿਯੇ ਮੁਕਤੀ-ਸੁਖ ਕੋ ਪਾਤਾ ਹੈ, ਯਹ 'ਹੁਕਮਿ ਰਜਾਈ' ਪੰਕਤਿ ਕਾ ਅੰਤਰਾਸ਼ਯ ਹੈ ॥ 2 ॥ 1 ॥ ਦੇਹ ਸ਼ੋਚਾਤ ਭਵੇਛੋਦੰ, ਸ਼ਾਂਤਿਰਵਾ ਮੌਨਸੰਸ਼੍ਰਯਾਤ ॥ ਨ ਜਾਤੁ ਮਨਸੋ ਨ੍ਰਿਣਾ, ਤਿਪਿਤਰਵਾਕਾਮ ਸੰਚਯਾਤ ॥ 1 ॥ ਈਸਵਰੇਂਛਾ ਮਸੇ ਛੇਤਿ, ਦ੍ਰਿਢੰ ਕਿਤਵਾ ਪ੍ਰਵਰਤਤੇ ॥ ਕਾਰਯੇ ਕਰਮਨਿ ਯੋ ਨਿਤਯੰ, ਸ ਸਰੰ: ਸੁਖਸਸ਼੍ਨੁਤੇ ॥ 2 ॥

Sri Satguru Jagjit Singh Ji eLibrary NamdhariElibrary@gmail.com

ਨੰ. 10. ਭਾਈ ਵੀਰ ਸਿੰਘ ਜੀ (ਆਧੁਨਿਕ)

(ਪਉੜੀ 1)

ਪ੍ਰਾਕਥਨ-ਆਦਿ ਸਚੁ ਦਾ ਸਲੋਕ ਉਚਾਰਕੇ ਆਪ ਜੀ ਹੁਣ ਜਪੁਜੀ ਦੀ ਪਹਿਲੀ ਪਉੜੀ ਉਚਾਰਦੇ ਹਨ, ਜਿਸ ਕਾ ਵਿਸ਼ਯ ਇਹ ਹੈ:-

ਮੂਲ-ਮੰਤ੍ਰ ਵਿਚ ਕਥੇ ਅਕਾਲ ਪੁਰਖ ਦੀ ਪ੍ਰਾਪਤੀ ਗੁਰੂ ਪਾਸੋਂ ਦੱਸੀ ਸੀ, ਗੁਰੂ ਜੀ ਹੁਣ ਉਹ ਉਪਾਉ ਦੱਸਦੇ ਹਨ ਜਿਸ ਨਾਲ ਪ੍ਰਾਪਤੀ ਹੋਵੇ। ਪਹਿਲਾਂ ਉਹ ਉਪਾਉ ਦੱਸੇ ਹਨ ਜੋ ਕੀਤੇ ਗਏ ਤੇ ਅਸਫਲ ਰਹੇ, ਫੇਰ ਉਹ ਉਪਾਉ ਦੱਸਿਆ ਹੈ ਜੋ ਸਫਲ ਉਪਾਉ ਹੈ:-

ਮੂਲ ਅਰਥ

(ਸੱਤਯ ਸਰੂਪ ਨੂੰ ਪ੍ਰਾਪਤ ਕਰਨੇ ਨਮਿਤ, ਕੂੜ ਦੀ ਕੰਧ ਤੋੜਨ ਦੀ ਲੋੜ ਹੈ ਜੋ ਸਾਡੇ ਤੇ ਉਸ ਦੇ ਵਿਚਾਲੇ ਹੈ। ਉਹ ਕੰਧ ਸਰੀਰ ਧੋਣ ਵਾਲੇ ਕਰਮਾਂ ਨਾਲ ਨਹੀਂ ਟੁੱਟਦੀ, ਕਿਉਂਕਿ ਸ਼ੋਚ ਕਰਨੇ ਨਾਲ (ਮਨ ਦੀ) ਸੁਚ ਪ੍ਰਾਪਤ ਨਹੀਂ ਹੁੰਦੀ, ਚਾਹੇ ਲੱਖ ਵਾਰ ਸੁੱਚਮ ਪਿਆ ਕਰਾਂ। (ਭਲਾ ਜੇ ਮੈਂ ਬੋਲਾਂ ਹੀ ਨਾਂ, ਤਾਂ ਤਾਂ ਝੂਠ ਬੰਦ ਹੋ ਗਿਆ, ਆਪੇ ਸਚਿਆਰ ਬਣ ਗਿਆ, ਇਸ ਪਰ ਦੱਸਦੇ ਹਨ ਕਿ ਬੋਲਣ ਵਲੋਂ) ਚੁਪ ਕਰ ਰਹਿਣ ਨਾਲ (ਮਨ ਨੂੰ ਵਾਸ਼ਨਾ ਦੇ ਵੇਗ ਦੀ ਕੂੜੀ ਲਗਨ ਵਲੋਂ) ਚੁਪ (ਸ਼ਾਂਤੀ) ਨਹੀਂ ਹੋ ਸਕਦੀ, ਚਾਹੇ (ਇਕ) ਤਾਰ (ਬੱਝਵੀਂ) ਲਿਵ ਲਾਈ ਰੱਖਾਂ।

(ਭਲਾ ਜੇ ਬ੍ਰਤ ਧਾਰਨ ਕਰ ਲਵਾਂ ਤਾਂ ਸਚਿਆਰ ਹੋ ਜਾਵਾਂ? ਫਰਮਾਉਂਦੇ ਹਨ: ਇਸੇ ਤਰ੍ਹਾਂ ਬ੍ਰਤ ਧਾਰਨ ਕਰਕੇ) ਭੁੱਖਿਆ ਰਹਿਣੇ ਨਾਲ (ਵਾਸਨਾਂ ਵਿਚ ਵੱਸਣੇਂ ਵਾਲੀ ਕੂੜ ਪਦਾਰਥਾਂ ਦੀ) ਭੁਖ (ਤ੍ਰਿਸ਼ਨਾਂ ਕਦੇ) ਤ੍ਰਿਪਤ ਨਹੀ ਹੁੰਦੀ ਚਾਹੇ (ਬ੍ਰਤਾਂ ਦੇ ਪ੍ਰਭਾਵ ਕਰਕੇ ਚੌਂਦਾਂ) ਪੁਰੀਆਂ (ਦੇ ਪਦਾਰਥਾਂ ਦੇ) ਭਾਵ ਪ੍ਰਾਪਤ ਕਰ ਲਵਾਂ।

(ਭਲਾ ਜੋ ਸੰਯਮ-ਸਾਧਨ ਛੱਡ ਕੇ ਬੁੱਧੀ ਦੀ ਚਾਤੁਰਤਾ ਵਰਤੀ ਜਾਏ ਤਾਂ? ਫਰਮਾਉਦੇ ਹਨ ਕਿ) ਸਿਆਣਪਾਂ ਚਾਹੇ ਹਜ਼ਾਰਾ ਲੱਖਾਂ ਹੋਣ (ਓਹ ਹਉਂ ਆਸ਼੍ਰਿਤ ਹੋਣ ਕਰਕੇ ਉਰੇ ਹੀ ਰਹਿ ਜਾਂਦੀਆਂ ਹਨ, ਧੁਰ ਸੱਚ ਦੇ ਦੇਸ਼ ਤੱਕ) ਇਕ ਬੀ ਨਾਲ ਨਹੀਂ ਜਾਂਦੀ।

(ਫਿਰ ਦੱਸੋ) ਕੀਕੂੰ ਸਚਿਆਰ ਬਣੀਏ ਤੇ ਕੂੜ ਦੀ ਕੰਧ ਕਿੱਕੁਰ ਟੁੱਟ ਜਾਵੇ (ਜੋ ਸਾਡੇ ਤੇ ਉਸ ਦੇ ਵਿਚਾਲੇ ਵਿੱਥ ਪਾ ਰਹੀ ਹੈ?)

ਹੁਣ ਸਚਿਆਰ ਬਣਨ ਦਾ ਸੱਚਾ ਸਾਧਨ ਦੱਸਦੇ ਹਨ: ਹੇ ਨਾਨਕ! ਪਰਮੇਸ਼੍ਵਰ ਦੇ (ਉਸ) ਹੁਕਮ (ਅਨੁਸਾਰ) ਤੁਰਨੇ (ਕਰਕੇ ਜੋ ਉਸ ਨੇ ਜੀਵ ਦੇ) ਨਾਲ ਲਿਖ ਦਿੱਤਾ ਹੈ, (ਸਚਿਆਰ ਬਣੀਦਾ ਹੈ)॥ 1॥

ਵਯਾਖਯਾ- ਉਪਰ ਕਥੇ ਸਤਯ ਸਰੂਪ ਅਕਾਲ ਪੁਰਖ ਦੀ ਪ੍ਰਾਪਤੀ ਕਰਕੇ ਜੋ ('ਸਚਿਆਰ') ਪਦ ਤੇ ਅਪੱੜਨਾ ਹੈ ਸੋ ਸਰੀਰ ਦੀ ਸੁੱਚਮ ਮਾਤ੍ਰ ਨਾਲ ਨਹੀ ਹੋ ਸਕਦਾ, ਕਿਉਂਕਿ ਕੂੜ ਦੀ ਪਾਲ (ਹਉਮੈ) ਤਾਂ ਅੰਦਰਲੇ ਦੇ ਦੁਆਲੇ ਖੜੀ ਹੈ, ਜਿਸ ਨੇ ਸਤਿ ਸਰੂਪ ਤੋਂ ਵਿੱਥ ਪਾ ਰੱਖੀ ਹੈ। ਸੋ ਇਹ ਕਰਮ-ਕਾਂਡ ਦੀ ਦੱਸੀ ਸਰੀਰ ਦੀ ਸੁੱਚਮ ਅੰਦਰਲੀ ਹਉਂ ਦੀ ਪਾਲ ਨੂੰ ਦੂਰ ਕਰਨ ਵਿਚ ਅਸਮੱਰਥ ਹੈ, ਸਗੋਂ ਕਰਮ-ਕਾਂਡ ਦੇ ਦੱਸੇ ਕਰਮ ਨਾਲ ਤਾਂ ਹਉਂਮੈ ਵਧਦੀ ਹੈ। ਯਥਾ ਕਰਮ ਕਰਤ ਬੁਧੇ ਅਹੰਮੇਵ॥

Sri Satguru Jagjit Singh Ji eLibrary NamdhariElibrary@gmail.com

ਇਸੀ ਤਰ੍ਹਾਂ ਚੁੱਪ ਧਾਰਨ ਕਰਨ, ਅਰਥਾਤ ਮੌਨ ਕਰਨ ਨਾਲ ਸਚਿਆਰ ਨਹੀਂ ਬਣ ਸਕੀਦਾ। ਮੌਨ ਇਕ ਤਪ ਹੈ। ਤਪਾਂ ਬਾਬਤ ਵਾਕ ਹੈ: ਤਪੇ ਤਪੀਸਰ ਡੋਲੈ ਚੀਤ॥

ਮੌਨ ਇਕ ਤਪ ਹੈ ਜੋ ਬਾਹਰਲਾ ਟਿਕਾਉ ਬਣਾਉਂਦਾ ਹੈ, ਅੰਦਰ ਡੋਲਦਾ ਰਹਿੰਦਾ ਹੈ। ਜਿਵੇਂ ਬਗਲੇ ਤੇ ਬਿੱਲੀ ਦੀ ਲਿਵ ਵਿਚ ਉਹਨਾਂ ਦਾ ਮਨ ਪੇਟ ਪਾਲਣ ਲਈ ਡੋਲਦਾ ਰਹਿੰਦਾ ਹੈ, ਇਸੀ ਤਰ੍ਹਾਂ ਮੋਨੀ ਪੁਰਖ ਦੇ ਅੰਦਰ ਮਨ ਚੁੱਪ ਨਹੀ ਹੁੰਦਾ, ਉਥੇ ਸੰਕਲਪ ਵਿਕਲਪ ਦੀ ਧਾਰਾ 'ਹਉਂ' ਦੇ ਪ੍ਰਭਾਵ ਕਰਕੇ ਰੁਕਦੀ ਨਹੀਂ। ਫਿਰ ਸਰੀਰ ਤ੍ਰੈ ਗੁਣਾਂ ਦਾ ਹੋਣ ਕਰਕੇ ਸਰੀਰਕ ਲੋੜਾਂ ਨਹੀਂ ਚੁੱਪ ਹੁੰਦੀਆਂ। ਅੰਤਹਕਰਣ ਵਿਚ ਹਿਲਾਉ ਬਣਿਆ ਰਹਿੰਦਾ ਹੈ।

ਇਸੀ ਤਰ੍ਹਾਂ ਭੁਖ ਅਰਥਾਤ ਬ੍ਰਤ ਧਾਰਨ ਕਰਨੇ ਨਾਲ ਤ੍ਰਿਸ਼ਨਾਂ, ਜੋ ਹਉਂ ਤੋਂ ਹੀ ਉਪਜਦੀ ਹੈ, ਦੂਰ ਨਹੀਂ ਹੁੰਦੀ ਤੇ ਕੂੜ ਦੀ ਪਾਲ ਹਉਂ ਬਣੀ ਰਹਿੰਦੀ ਹੈ ਅਤੇ ਸਚਿਆਰ ਨਹੀਂ ਬਣ ਸਕੀਦਾ। ਬ੍ਰਤ ਧਾਰਨ ਕਰਨ ਦਾ ਫਲ ਸ਼ਾਸ਼ਤ੍ਰਾਂ ਵਿਚ ਪਦਾਰਥਾਂ ਦੀ ਪ੍ਰਾਪਤੀ ਹੈ, ਸੋ ਜਿਤਨੇ ਵਧੀਕ ਪਦਾਰਥ ਮਿਲਨਗੇ ਤ੍ਰਿਸ਼ਨਾਂ ਦਾ ਧਰਮ ਹੈ ਕਿ ਉਹ ਹੋਰ ਵਧੇਗੀ। ਭੁੱਖ ਅਰਥਾਤ ਤ੍ਰਿਸ਼ਨਾਂ ਤਾਂ ਤ੍ਰਿਸ਼ਨਾਂ ਦੇ ਤਿਆਗ ਨਾਲ ਹੀ ਹਟਦੀ ਹੈ, ਜਿਸ ਦਾ ਤਰੀਕਾ ਗੁਰਬਾਣੀ ਵਿਚ ਦੱਸਿਆ ਹੈ:-*ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥ ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥ ਪੁਨਾ:- ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਗੁਣੀ ਸਮਾਇ॥*

ਸੋ ਬ੍ਰਤ ਆਦਿ ਸੰਜਮ ਵੀ ਸਚਿਆਰ ਨਹੀਂ ਬਣਾਉਂਦੇ॥

ਬਾਕੀ ਦੇ ਹੋਰ ਤ੍ਰੀਕੇ ਗੁਰੂ ਜੀ ਨੇ 'ਸਹਸ ਸਿਆਣਪਾਂ' ਵਿਚ ਗਿਣ ਲਏ ਹਨ ਕਿ ਉਹ ਭੀ ਕੂੜ ਦੀ ਪਾਲ ਨਹੀਂ ਤੋੜਦੇ। ਸਿਆਣਪ ਦਾ ਭਾਵ ਹੈ ਬੁੱਧੀ ਦਾ ਚਮਤਕਾਰ, ਚਾਹੇ ਆਪਣੇ ਮਨ ਦੀ ਚਤੁਰਾਈ ਦਾ ਹੈ, ਚਾਹੇ ਸ਼ਾਸ਼ਤ੍ਰਾਂ ਦੀ ਵੀਚਾਰ ਦਾ, ਚਾਹੇ ਵਿਦਵਾਨ ਤੇ ਚਤੁਰ ਪੁਰਖਾਂ ਦੀ ਸੁਹਬਤ ਤੋ ਸਿੱਖਿਆ ਹੋਇਆ। ਇਸ ਨਾਲ ਬੁੱਧੀ ਚਤੁਰ ਹੋ ਜਾਂਦੀ ਹੈ, ਵਕਤਾ ਤੇ ਲੇਖਕ ਬਣਾ ਦੇਂਦੀ ਹੈ, ਪਰ ਕੂੜ ਦੀ ਪਾਲ 'ਹਉਮੈ' ਨਵਿਰਤ ਨਹੀਂ ਹੁੰਦੀ, ਸਗੋਂ ਵਧਦੀ ਹੈ। ਵਾਕ ਹੈ:- ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥ ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥

ਚੌਥੇ ਸਤਗੁਰਾਂ ਨੇ ਭੀ ਸਿਆਣਪਾਂ ਪਰਥਾਇ ਕਿਹਾ ਹੈ:-

ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੜੀਏ ਜਨ ਨਾਨਕ ਗੁਰਮੁਖਿ ਜਾਤਾ ਰਾਮ॥

ਪੁਨਾ: ਸੰਜਮ ਸਹਸ ਸਿਆਣਪਾਂ ਪਿਆਰੇ ਇਕ ਨ ਚਲੀ ਨਾਲਿ॥ ਕਿਉਂ ਕਰਿ ਸਾਚਿ ਮਿਲਉ ਮੇਰੇ ਮਾਇ॥

ਕਾਰਣ ਇਹ ਕਿ ਸਿਆਣਪਾ ਮਨ ਦੇ ਚਮਤਕਾਰ ਹਨ। ਅਗਮ ਅਗੋਚਰ ਸਤਯ ਸਰੂਪ ਪਰਮਾਤਮਾ ਦੇਵ ਮਨ ਬੁੱਧੀ ਦੀ ਰੰਮਤਾ ਤੋਂ ਪਰੇ ਹੈ। ਪਹਿਲੀ ਤੁਕ ਵਿਚ ਜੇ 'ਸੋਚੈ' ਦਾ ਅਰਥ ਸੋਚ ਨਾ, ਪਰ 'ਸੋਚ ਵੀਚਾਰ' ਕੀਤਾ ਜਾਏ ਤਾਂ ਉਹ ਅਰਥ ਸਿਆਣਪਾਂ ਦੇ ਵਿਚ ਹੀ ਆ ਜਾਂਦਾ ਹੈ। ਸਿਆਣਪਾਂ ਤੇ ਸੋਚਣਾਂ ਦੁਇ ਬੁੱਧੀ ਦੇ ਹੀ ਕੰਮ ਹਨ। ਸੋਚ ਅਰਥਾਤ ਵੀਚਾਰ ਜੀਵ ਦੀ ਮਨ ਬੁੱਧੀ ਅਨੁਸਾਰ ਹੁੰਦੀ ਹੈ ਤੇ ਸਤਯ ਸਰੂਪ ਪਰਮਾਤਮਾ ਮਨ ਬੁੱਧੀ ਤੋ ਅਵਿਸ਼ੇ ਹੈ।

ਸੁਤੇ ਹੀ ਹੁਣ ਪ੍ਰਸ਼ਨ ਹੁੰਦਾ ਹੈ ਕਿ ਜੋ ਕਰਮ, ਤਪ, ਸੰਜਮ ਤੇ ਸਚ ਸਿਆਣਪਾਂ ਕੰਮ ਨਹੀਂ ਸਾਰਦੀਆਂ ਤਾਂ ਫਿਰ ਕੀਕੂੰ ਇਹ ਕੂੜ ਦੀ ਪਾਲ ਟੁੱਟੇ ਤੇ ਸਤਯ ਸਰੂਪ ਨੂੰ ਪ੍ਰਾਪਤ ਹੋਕੇ ਸਚਿਆਰ ਹੋ ਜਾਈਏ? ਤਾਂ ਪ੍ਰਸਾਦਿ ਕਰਨੇ ਵਾਲੇ ਗੁਰੂ ਨੇ ਉੱਤਰ ਦਿਤਾ ਹੈ: ਕਿ ਹੁਕਮ ਤੇ ਰਜ਼ਾ

Sri Satguru Jagjit Singh Ji eLibrary NamdhariElibrary@gmail.com

ਦਾ ਜੋ ਮਾਲਕ ਹੈ ਉਸ ਦੇ ਹੁਕਮ ਅਨੁਸਾਰ ਟੁਰਨੇ ਨਾਲ। ਹੁਣ ਪ੍ਰਸ਼ਨ ਹੁੰਦਾ ਹੈ ਕਿ ਹੁਕਮ ਕਿਥੇ ਹੈ? ਤਾਂ ਉੱਤਰ ਦੇਂਦੇ ਹਨ ਕਿ 'ਲਿਖਿਆ ਨਾਲਿ' ਅਰਥਾਤ ਨਾਲ ਲਿਖਿਆ ਹੈ। ਜੀਵ ਦੇ ਨਾਲ, ਉਸ ਦੀ ਸਰਿਸ਼ਤ ਵਿਚ ਲਿਖਿਆ ਹੈ। ਇਸ ਦਾ ਭਾਵ ਇਹ ਹੈ ਕਿ ਹਰ ਇਨਸਾਨ ਇਹ ਚਾਂਹਦਾ ਹੈ ਕਿ ਮੇਰੇ ਮਿਤ੍ਰ, ਪੁਤ੍ਰ, ਸਾਕ, ਦਾਸ, ਮਾਲਕ ਮੇਰੇ ਅਨੁਕੂਲ ਹੋਣ, ਕੋਈ ਮੇਰੇ ਪ੍ਰਤਿਕੂਲ ਨਾ ਹੋਵੇ, ਇਹ ਗਲ ਹਰ ਇਕ ਦੇ ਸੁਭਾਵ ਵਿਚ ਹੋਣ ਕਰਕੇ ਮਾਨੋ ਹਰ ਇਕ ਦੀ ਫਿਤਰਤ ਵਿਚ ਲਿਖਿ ਪਈ ਹੈ। ਇਸ ਮੂਜਬ ਚਾਹੀਦਾ ਹੈ ਕਿ 'ਸਤਿ ਪੁਰਖ' ਦੀ ਪ੍ਰਾਪਤੀ ਦਾ ਚਾਹਵਾਨ ਪੁਰਖ 'ਰਜ਼ਾ ਦਾ ਜੋ ਮਾਲਕ ਹੈ' ਵਾਹਿਗੁਰੂ, ਉਸ ਦੇ ਹੁਕਮ ਦੇ ਪ੍ਰਤਿਕੂਲ ਨਾ ਟੁਰੇ, ਉਸ ਦੇ ਅਨੁਕੂਲ ਟੁਰੇ। ਇਹ ਅਨੁਕੂਲਤਾ ਵਰਤਣੀ, ਮਾਰਗ ਹੈ ਸਚਿਆਰ ਹੋਣੇ ਦਾ। ਜਿਵੇਂ ਕਿਸੇ ਸਤਾਰ, ਸਾਰੰਗੀ, ਸਰੋਦ ਦੀ ਕੋਈ ਭਰਥ ਬੇਸੁਰੀ ਹੋਵੇ ਤਾਂ ਉਹ ਰਸਹੀਨ ਹੁੰਦੀ ਹੈ; ਜਦ ਉਸ ਨੂੰ ਬਾਜ਼ ਸੁਰ ਨਾਲ ਸੁਰ ਕਰ ਦਿਓ, ਭਾਵ ਉਸ ਨਾਲ ਅਨੁਕੂਲ ਕਰ ਦਿਓ, ਤਾਂ ਓਹੀ ਅਵਾਜ਼ ਦੇਣ ਲਗ ਜਾਂਦੀ ਹੈ॥ ਜੇ ਬਾਜ਼ ਸੁਰ ਦੇਂਦੀ ਹੈ; ਇਥੋ ਤਾਈ ਕਿ ਹਿਲਾਈਦਾ ਤਾਂ ਹੈ ਬਾਜ਼ ਸੁਰ ਨੂੰ, ਉਂਗਲ ਬੀ ਉਸੇ ਉਤੇ ਹੁੰਦੀ ਹੈ, ਅਰਥਾਤ ਸ਼ਕਤੀ ਤੇ ਹਿਸਾਬ ਤਾਂ ਬਾਜ਼ ਸੁਰ ਉਤੇ ਕੰਮ ਕਰ ਰਹੇ ਹੁੰਦੇ ਹਨ ਪਰ ਹੇਠਾਂ ਦੇਖੋ ਤਾਂ ਤਰਬ ਕੰਬਦੀ ਭੀ ਦਿੱਸਦੀ ਹੈ, ਤੇ ਸੁਰ ਭੀ ਓਹੋ ਦੇਂਦੀ ਹੈ ਜੋ ਬਾਜ਼ ਦੀ ਤਾਰ ਦੇ ਰਹੀ ਹੈ। ਇਸ ਤਰ੍ਹਾਂ ਸਤਯ ਸਰੂਪ ਪਰਮਾਤਮ ਦੇਵ ਨਾਲ ਇਕ ਸਵਰ ਹੋ ਗਿਆ, ਅਰਥਾਤ ਅਨੁਕੂਲ ਹੋ ਗਿਆਂ ਸਤਿ ਸਰੂਪਤਾ ਵਾਲੀ ਗਤੀ ਹੋ ਜਾਂਦੀ ਹੈ, ਭਾਵ ਸਚਿਆਰ ਹੋ ਜਾਈਦਾ ਹੈ।

'ਸੋਚ, ਮੌਨ, ਬ੍ਰਤ, ਸਿਆਣਪਾਂ ਇਹਨਾਂ ਦੇ ਆਹਾਰ ਦੇ ਯਤਨ ਵਿਚ ਮਨ ਸ੍ਰਿਸ਼ਟੀ ਦੇ ਕਰਤਾ ਦੇ ਧਿਆਨ ਵਿਚ ਨਹੀਂ ਜਾਂਦਾ। ਮਨ ਦਾ ਉਸ ਦੇ ਧਿਆਨ ਸਿਮਰਨ ਵਿਚ ਜਾਕੇ ਹਉਂ ਤੋਂ ਛੁੱਟਕੇ ਉਸ ਨਾਲ ਪ੍ਰੇਮ ਸੰਯੁਕਤ ਹੋ ਜਾਣਾ, ਇਹ ਹੈ ਸਤਯ ਸਰੂਪ ਨਾਲ ਸ਼ੁੱਧ ਹੋ ਜਾਣਾ ਅਤੇ ਸਚਿਆਰ ਹੋ ਜਾਣਾ। ਇਸ ਲਈ ਜੋ ਸਾਧਨ ਕਿ 'ਮੈਂ' ਵਿਚ ਰੱਖਦੇ ਹਨ ਤੇ ਕਰਤਾ ਪੁਰਖ ਵਿਚ ਨਹੀਂ ਜੋੜਦੇ ਉਹ ਪਰਮ ਪ੍ਰਯੋਜਨ ਦੀ ਪ੍ਰਾਪਤੀ ਨਹੀਂ ਲੈ ਆਉਂਦੇ।

ਸਾਧਨ ਪੱਖ- ਹੁਕਮ ਤੇ ਟੁਰ ਪੈਣ ਦੀ ਚਾਹ ਵਾਲਾ ਸਾਧਕ ਪੁੱਛਦਾ ਹੈ ਕਿ ਹੁਕਮ ਕੀਹ ਹੈ? ਜਿਸ ਵਿਚ ਟੁਰਨਾ ਹੈ ਤੇ ਜੇ ਨਾਲ ਲਿਖਿਆ ਪਿਆ ਹੈ?

ਉੱਤਰ: ਉਹ ਹੁਕਮ ਹੈ ਪਰਮੇਸ਼ੁਰ ਦਾ ਨਾਮ ਜੋ ਗੁਰੂ ਨੇ ਦੱਸ ਦਿੱਤਾ ਹੈ। ਯਥਾ:- ਏਕੋ ਨਾਮ ਹੁਕਮ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥

ਨਾਮ ਕੂੜ ਦੀ ਮੈਲ ਦੂਰ ਕਰਦਾ ਹੈ। ਕੂੜ ਦੀ ਮੈਲ ਦੂਰ ਹੋਣੀ ਜਾਂ ਕੂੜ ਦੀ ਪਾਲ ਟੁੱਟਣੀ ਇਕੋ ਗੱਲ ਹੈ। ਜਿਸ ਸਾਧਨ ਨਾਲ ਕੂੜ ਦੀ ਮੈਲ ਦੂਰ ਹੋਵੇਗੀ ਉਹੋ ਸਚਿਆਰ ਬਣਾ ਦੇਵੇਗਾ, ਉਹ ਹੈ ਨਾਮ। ਯਥਾ:- *ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ॥*

ਅਰਥਾਤ ਕੂੜ ਦੀ ਮੈਲ (ਯਾ ਪਾਲ) ਨਾਮ ਨਾਲ ਦੂਰ ਹੁੰਦੀ ਹੈ, ਪਾਲ ਦਰ ਹੋਣ ਨਾਲ ਸਚਿਆਰ ਬਣੀਦਾ ਹੈ, ਤਾਂਤੇ ਨਾਮ ਨੂੰ ਜਪਕੇ ਜੀਵ ਸਚਿਆਰ ਹੁੰਦਾ ਹੈ। ਫਿਰ ਪਚਮ ਗੁਰੂ ਜੀ ਦੱਸਦੇ ਹਨ ਕਿ ਇਹ ਨਾਮ ਸਿਮਰਨ ਦਾ ਹੁਕਮ ਤੇਰੇ ਮਨ ਤੇ ਤਨ ਵਿਚ ਧੁਰੋਂ ਲਿਖਿਆ ਹੋਇਆ ਹੈ, ਯਥਾ:-

ਸਿਮਿਰ ਗੋਵਿੰਦ ਮਨਿ ਤਨਿ ਧੁਰਿ ਲਿਖਿਆ॥

ਇਸ ਪ੍ਰਮਾਣ ਤੋ ਸਮਝ ਪਈ ਕਿ 'ਨਾਮ ਸਿਮਰਨ' ਹੁਕਮ ਹੈ, ਇਹ ਧੁਰੋਂ ਲਿਖਿਆ ਹੋਇਆ ਹੈ। ਇਸੇ ਨੇ ਕੂੜ ਦੀ ਪਾਲ ਤੋੜਨੀ ਹੈ। ਇਸੇ ਨੇ ਸਚਿਆਰ ਬਣਾ ਦੇਣਾ ਹੈ।

Sri Satguru Jagjit Singh Ji eLibrary NamdhariElibrary@gmail.com

'ਹੁਕਮ' ਤਾਂ ਇਕੋ ਹੈ, ਪਰ ਸਮਝਣੇ ਲਈ ਇਸ ਦੇ ਕਈ ਪਹਿਲੂ ਹਨ:-

ਹੁਕਮ ਤੇ ਹੁਕਮੀ

1. ਹੁਕਮ ਹੁਕਮੀ ਦੀ 'ਨਿਜ ਅਨੰਤ ਚੇਤਨਾ' ਹੋਣ ਕਰਕੇ ਉਸ ਨਾਲ ਅਭੇਦ ਹੈ ਤੇ ਉਸੇ ਵਾਂਙ ਬੇਅੰਤ ਹੈ ਤੇ ਅਕੱਥ ਹੈ। ਯਥਾ: *ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀ ਜੈ ਕਾਰ॥*
ਹੁਕਮੁ ਨ ਕਹਿਆ ਜਾਈ॥

2. ਇਹ ਹੁਕਮ ਸਤਯ ਸਰੂਪ ਵਿਚ ਸਤਯ ਸਰੂਪ ਹੈ:- *ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥*

ਪੁਨਾ:- *ਸਚੇ ਤੇਰੇ ਕਰਣੇ ਸਰਬ ਬੀਚਾਰ॥*

3. ਇਹ ਹੁਕਮੀ ਇਕ ਤੋਂ ਅਨੇਕਤਾ ਰਚਦਾ ਹੈ, ਅਰਥਾਤ ਸ੍ਰਿਸ਼ਟੀ ਰਚਦਾ ਹੈ:-ਹੁਕਮੀ ਹੋਵਨਿ ਆਕਾਰ॥ ਹੁਕਮੀ ਸਗਲ ਕਰੇ ਆਕਾਰ॥ ਹੁਕਮੀ ਸ੍ਰਿਸ਼ਟਿ ਸਾਜੀਅਨੁ॥

ਹੁਕਮ ਤੇ ਵਿਸ਼ਵ

4. ਸਾਜ ਕੇ ਹੁਕਮ ਹੀ ਸੰਭਾਲਦਾ ਹੈ:- *ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪ॥*

5. ਹੁਕਮ ਹੀ ਵਿਸਰਜਨ ਕਰਦਾ ਹੈ:- *ਹੁਕਮੀ ਸਾਜੇ ਹੁਕਮੇ ਢਾਹੇ ਏਕ ਚਸੰ ਮਹਿ ਲਖ॥*

6. ਮਨੁਖ ਦੇ ਅੰਤਰ ਜੋਤੀ ਸਰੂਪ ਦੀ ਜੋਤਿ ਅੰਸ਼ ਹੋਣ ਕਰਕੇ ਇਹ ਹੁਕਮ ਸਾਡੇ ਅੰਦਰ ਬੀ ਹੈ, ਮਾਨੋ ਇਹ ਹੁਕਮ ਸਾਡੇ ਅੰਦਰ ਲਿਖਿਆ ਹੈ, ਜੋ ਅੰਦਰੋਂ ਮੰਦਾ ਕਰਨ ਵੇਲੇ 'ਰੁਕ ਜਾਓ' ਦੀ ਸੈਨਤ ਦੇਂਦਾ ਹੈ, ਤੇ ਚੰਗਾ ਕਰਨ ਵੇਲੇ ਪ੍ਰਸੰਨਤਾ ਦੀ ਸੈਨਤ ਮਰਾਦਾ ਹੈ, ਇਸ ਨੂੰ ਸਮਝਕੇ ਅਭਯਾਸੀ ਚਉਪੜ ਦੇ ਵਾਂਗੂ ਚੰਗੇ ਦਾਉ ਢਾਲਦਾ ਤੇ ਆਪਾ ਸੁਆਰਦਾ ਹੈ। ਯਥਾ :-ਹੁਕਮੀ ਸਾਜੇ ਹੁਕਮੀ ਢਾਹੈ ਏਕ ਚਸੇ ਮਹਿ ਲਖ॥ ਜੋ ਇਸ ਹੁਕਮ ਨੂੰ ਛਾਂਨਟਨ ਹੈ ਉਹ ਸਾਈ ਦੇ ਭਉ ਵਿਚ ਅਵਗੁਣ ਛੋੜਦਾ ਤੋ ਸ਼ੁਭ ਗੁਣ ਸੰਗ੍ਰਹ ਕਰਦਾ ਹੈ:- *ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥ ਗੁਣ ਕਮਾਣ ਕਾਮਨਿ ਕਰੈ ਤਉ ਪਿਆਰੇ ਕਉ ਪਾਵੈ॥*

ਇਸ ਹੁਕਮ ਦੀ ਬ੍ਰੀਕ ਆਵਾਜ਼ ਜੀਵ ਨੇ ਆਪ ਆਪਣੇ ਅੰਦਰ ਸੁਣਨੀ ਹੈ।

7. ਫਿਰ ਇਸ ਔਰ ਲਿਖੇ ਹੁਕਮ ਦਾ ਇਕ ਪਹਿਲੂ ਹੋਰ ਹੈ, ਜਿਸ ਦੀ ਪਛਾਣ ਗੁਰੂ ਦੱਸਦਾ ਹੈ, ਉਹ ਹੈ ਨਾਮ ਸਿਮਰੋ। ਯਥਾ- *ਇਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰ ਦੀਆਂ ਬੁਝਾਇ ਜੀਵ॥ ਹੁਕਮੁ ਜਿਨਾ ਨੋ ਮਨਾਇਆ ॥ ਤਿੰਨ ਅੰਦਰਿ ਸ਼ਬਦ ਵਸਾਇਆ॥*

8. ਹੁਕਮ ਕਿਥੇ ਹੈ?

ਉਤਰ:- ਇਹ ਨਾਮ ਸਿਮਰਣ ਦਾ ਹੁਕਮ ਅੰਦਰ ਧੁਰ (ਡੂੰਘੇ ਥਾਂਉ) ਲਿਖਿਆ ਪਿਆ ਹੈ, ਯਥਾ :- ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥

ਅਰਥਾਤ ਤਨ ਤੇ ਮਨ ਵਿਚ ਧੁਰ (ਡੂੰਘੇ ਥਾਂਉ) ਇਹ ਹੁਕਮ ਅੰਕਤ ਹੈ। ਡੂੰਘੇ ਥਾਂਉ ਹੋਣ ਕਰਕੇ ਗੁਰੂ ਇਸ ਦਾ ਪਤਾ ਦੇਂਦਾ ਹੈ ਜੇ ਧੁਰਿ ਕਾ ਅਰਥ 'ਧੁਰ ਦਰਗਾਹੋਂ' ਕਰੀਏ, ਤਦ ਬੀ ਪਤਾ ਗੁਰੂ ਹੀ ਦੇਂਦਾ ਹੈ। *ਏਕੋ ਨਾਮੁ ਹੁਕਮੁ ਹੈ ਨਾਨਕੁ ਸਤਿਗੁਰ ਦੀਆਂ ਬੁਝਾਇ ਜੀਉ॥*

9. ਹੁਕਮ ਬੁੱਝੇ ਬਿਨਾ ਜੀਵ ਦੁਖੀ ਹੈ:- *ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥*

Sri Satguru Jagjit Singh Ji eLibrary NamdhariElibrary@gmail.com

10. ਫਿਰ ਹੁਕਮੁ ਸਾਡੇ ਕਰਮਾਂ ਅਨੁਸਾਰ ਦੁਖ ਸੁਖ ਦਾ ਲਿਖਾਰੀ ਹੈ:- *ਨਾਨਕ ਹੁਕਮੀ ਲਿਖੀਐ ਲੇਖੁ॥ ਹੁਕਮਿ ਚਲਾਏ ਆਪਣੇ ਕਰਮੀ ਵਹੈ ਕਲਾਮ॥*

11. ਹੁਕਮ ਕਲਯਾਨ ਕਰਤਾ ਹੈ:-*ਹੁਕਮੁ ਵਿਸਮਾਦੁ ਹੁਕਮਿ ਪਛਾਂਣੈ ਜੀਅ ਜੁਗਤਿ ਸਚੁ ਜਾਣੈ ਸੋਈ॥*

ਹੁਕਮੁ ਵਿਸਮਾਦ ਹੈ, ਹੁਕਮੀ ਬਿਸਮਾਦ ਹੈ। ਬਿਸਮਾਦ ਵਿਚ ਪਹੁੰਚਕੇ ਜਦ ਦੋਹਾਂ ਨੂੰ ਪਛਾਣ ਲਵੇ ਉਹ ਜੀਵ ਤੇ ਬ੍ਰਹਮ ਦੇ ਮੇਲ ਦੀ ਜੁਗਤਿ ਨੂੰ ਜਾਣ ਲੈਂਦਾ ਹੈ। ਇਸ ਦਾ ਅਰਥ ਇਉਂਬੀ ਕਹਦੇ ਹਨ:- ਹੁਕਮ ਸਿਮਾਦ ਹੈ, ਹੁਕਮ ਦੁਆਰਾ ਪਛਾਣਦਾ ਹੈ, ਜੀਵਨ ਦੀ ਜੁਗਤਿ ਐਉਂ ਜਾਣ ਲਈਦੀ ਹੈ। ਭਾਵ ਉਹੋ ਹੀ ਰਹਿੰਦਾ ਹੈ ਕਿ ਹੁਕਮ ਕਲਯਾਨ ਕਰਤਾ ਹੈ।

'ਹੁਕਮ-ਰਜ਼ਾ':- ਹੈ ਤਾਂ ਹੁਕਮ ਤੇ ਰਜ਼ਾ ਇਕੋ ਹੀ ਗੱਲ। ਹੁਕਮੀ ਤੇ ਰਜਾਈ ਦੁਇ ਪਦ ਵਾਹਿਗੁਰੂ ਜੀ ਲਈ ਵਰਤੇ ਹਨ। ਕਿਉਂਕਿ ਏਥੇ 'ਹੁਕਮੀ' ਪਦ ਨਹੀਂ ਵਰਤਿਆ ਤੇ 'ਰਜਾਈ' ਪਦ ਵਰਤਿਆ ਹੈ? ਵਾਹਿਗੁਰੂ ਹੁਕਮ ਨਾਲ ਜੋ ਕੁਛ ਕਰਦਾ ਹੈ, ਉਹ ਸੁਤੰਤ੍ਰ ਆਪਣੀ ਰਜ਼ਾ ਅਰਥਾਤ ਮਰਜ਼ੀ ਨਾਲ ਕਰਦਾ ਹੈ, ਕਿਉਂਕਿ ਰਜ਼ਾ ਦਾ ਇਕ ਅਰਥ ਮਰਜ਼ੀ ਹੈ। ਯਥਾ:- ਸੋ ਕਰੇ ਜਿ ਤਿਸੈ ਰਜਾਇ॥

ਉਸ ਵਿਚ ਕਿਸੇ ਦੇ ਸਲਾਹ ਮਸ਼ਵਰੇ ਦੀ ਲੋੜ ਨਹੀਂ। ਦੂਸਰੇ ਉਹ ਰਜ਼ਾਈ ਹੈ, ਹੁਕਮ ਜਦ ਕਰਦਾ ਹੈ 'ਰਜ਼ਾਈ' ਹੁੰਦਾ ਹੈ ਤੇ ਹੁਕਮ ਦੇ ਕੇ ਬੀ 'ਰਜ਼ਾਈ' ਹੀ ਰਹਿੰਦਾ ਹੈ, ਅਰਥਾਤ ਪ੍ਰਸੰਨ ਰਹਿੰਦਾ ਹੈ ਕਿਉਂਕਿ 'ਰਜ਼ਾ' ਦੇ ਮਾਅਨੇ 'ਪ੍ਰਸੰਨਤਾ' ਬੀ ਹਨ। ਪ੍ਰਸੰਨਤਾ ਵਿਚ ਕਟਾਖਯ ਇਹ ਹੈ ਕਿ ਹੁਕਮ ਦੇ ਕੇ ਉਹ ਵਿਕਾਰੀ ਯਾ ਲਿਪਾਇਮਾਨ ਨਹੀਂ ਹੋ ਜਾਂਦਾ, ਉਹ ਪ੍ਰੰਸਨ ਮੂਰਤੀ ਹਰ ਹਾਲ 'ਰਜ਼ਾਈ' ਹੈ ਅਰਥਾਤ ਪ੍ਰਸੰਨ ਯਾ ਆਨੰਦ ਹੈ।

'ਹੁਕਮ' ਤੇ 'ਰਜ਼ਾ' ਦਾ ਕੁਛ ਫਰਕ ਹੁਕਮ ਮੰਨਣ ਵਾਲੇ ਅਰਥਾਤ ਜੀਵ ਲਈ ਬੀ ਹੈ। ਜੋ ਅਵਸਥਾ ਭੇਦ ਕਿਹਾ ਜਾ ਸਕਦਾ ਹੈ। ਹੁਕਮ ਮੰਨਣਾ ਉਹ ਅਵਸਥਾ ਹੈ ਜਿਸ ਵੇਲੇ ਪਰਮੇਸ਼ੁਰ ਦੇ ਹੁਕਮ ਨੂੰ ਹੁਕਮ ਮੰਨਕੇ ਉਸ ਉਪਰ ਜੀਵ ਤੁਰਦਾ ਹੈ। ਰਜ਼ਾ ਮੰਨਣੀ ਉਹ ਹੈ ਕਿ ਸਾਂਈਂ ਦੀ ਖੁਸ਼ੀ ਨੂੰ ਪਛਾਣਦਾ ਤੇ ਪ੍ਰਸੰਨਤਾ ਵਿਚ ਆਉਂਦਾ ਹੈ। ਅਰਥਾਤ ਹੁਕਮ ਵਿਚ ਉਸ ਦੀ ਪ੍ਰਸੰਨਤਾ ਨੂੰ ਪਛਾਣਦਾ ਹੈ ਤੇ ਉਸ ਦੀ ਪ੍ਰਸੰਨਤਾ ਵਿਚ ਆਪਣੀ ਪ੍ਰਸੰਨਤਾ ਇਕ ਸਵਰ ਕਰਦਾ ਹੈ। ਰਜ਼ਾ ਅਰਬ ਭਾਸ਼ਾ ਵਿਚ ਪਰਮੇਸ਼ੁਰ ਦੀ ਪ੍ਰਸੰਨਤਾ ਨੂੰ ਬੀ ਕਹਿੰਦੇ ਹਨ, ਸੋ ਹੁਕਮ ਦੇਣ ਵਾਲੇ ਅਰਥਾਤ ਪਰਮੇਸ਼ੁਰ ਦੀ ਜਿਸ ਗੱਲ ਵਿਚ ਪ੍ਰਸੰਨਤਾ ਹੈ, ਪ੍ਰੇਮੀ ਨੂੰ ਉਸੇ ਵਿਚ ਪ੍ਰਸੰਨਤਾ ਹੁੰਦੀ ਹੈ। ਜੈਸੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੀਆਂ ਮੀਰ ਨੂੰ ਕਿਹਾ ਸੀ ਕਿ ਜਿਸ ਨੂੰ ਤੁਸੀਂ ਸਾਡਾ ਖੇਦ ਕਹਿੰਦੇ ਹੋ, ਪਰਮੇਸ਼ੁਰ ਦੀ ਰਜ਼ਾ (ਪ੍ਰਸੰਨਤਾ) ਹੈ, ਉਸ ਦੀ ਪ੍ਰਸੰਨਤਾ ਵਿਚ ਸਾਨੂੰ ਪ੍ਰਸੰਨਤਾ ਹੈ। ਰਜ਼ਾ ਉਪਰ ਤੁਰਨੇ ਵਾਲੇ ਆਪਣੇ ਸੁਭਾਵ ਤੋਂ ਛੁਟਕੇ ਪਰਮੇਸ਼ੁਰ ਦੇ ਸੁਭਾਵ ਦੇ ਐਸੇ ਅਨੁਸਾਰੀ ਹੁੰਦੇ ਹਨ ਕਿ ਹੁਕਮੀ ਤੇ ਹੁਕਮ ਮੰਨਣ ਵਾਲੇ ਵਿਚ ਪੂਰਨ ਪ੍ਰਸੰਨਤਾ ਹੀ ਪ੍ਰਸੰਨਤਾ ਹੋ ਜਾਂਦੀ ਹੈ। ਯਥਾ:-

ਤੇਰਾ ਕੀਆ ਮੀਠਾ ਲਾਗੈ॥

ਨਿਰੁਕਤ- ਸੋਚੈ- ਸ਼ੋਚ ਕਰਨੇ ਨਾਲ (ਸੁੱਚਮ ਯਾ ਪਵਿਤ੍ਰਤਾ ਕਰਨੇ ਨਾਲ)।

ਸੋਚੀ- ਸੋਚ ਕਰਾਂ, ਭਾਵ ਸਰੀਰ ਦੀ ਪਵਿਤ੍ਰਤਾ ਕਰਾਂ। (ਸੰਸ:, ਸ਼ੌਚ=ਜਲ ਮਿੱਟੀ ਆਦਿ ਨਾਲ ਪਵਿਤ੍ਰਤਾ ਕਰਨੀ ਸ਼ੁਚਿ=ਪਵਿਤ੍ਰਤਾ)। ਪ੍ਰਮਾਣ-ਸੋਚ ਕਰੈ ਦਿਨਸੁ ਅਰੁ ਰਾਤਿ॥

Sri Satguru Jagjit Singh Ji eLibrary NamdhariElibrary@gmail.com

(ਅ) ਸੋਚੈ= ਸੋਚ ਕਰਨੇ ਨਾਲ। ਮਾਨਸਿਕ ਵੀਚਾਰ ਮਾਤ੍ਰ ਦੇ ਕਰਨੇ ਨਾਲ। 1825 ਬਿ: ਤੋ ਪਹਿਲੇ ਸੋਚੈ ਦਾ ਅਰਥ ਮਨ ਦੀ ਵੀਚਾਰ ਨਾਲ ਕੀਤਾ ਜਾਂਦਾ ਰਿਹਾ ਹੈ। ਸੋਚਨਾ=ਵੀਚਾਰ ਕਰਨਾ। 1852 ਵਿਚ ਪਵਿਤ੍ਰਤਾ ਕਰਨੇ ਨਾਲ ਅਰ ਸੰਸਾ ਕਰਨੇ ਨਾਲ ਅਰਥ ਕੀਤੇ ਗਏ। ਫਿਰ 1889 ਵਿਚ ਭਾਈ ਸੰਤੋਖ ਸਿੰਘ ਦੇ ਲਿਖੇ ਗਰਬ-ਗੰਜਨੀ ਟੀਕੇ ਵਿਚ 'ਜਲ ਮ੍ਰਿਤਕਾ' ਆਦਿ ਤੋਂ ਜੋ ਸ਼ੋਚ ਕੀਤੀ ਜਾਵੇ', ਅਰਥ ਕੀਤੇ ਗਏ। ਇਸ ਤੋ ਮਗਰੋਂ ਪੰਡਤ ਟੀਕਾਕਾਰਾਂ ਨੇ ਦੁਇ ਅਰਥ ਐਉਂ ਮਿਲਾ ਲਏ:- (ਕੇਵਲ) ਸੋਚ (ਵੀਚਾਰ) ਮਾਤ੍ਰ ਦੇ ਕਰਨ ਨਾਲ ਮਨ ਦੀ ਸ਼ੌਚ (=ਪਵਿਤ੍ਰਤਾ) ਨਹੀਂ ਹੋ ਸਕਦੀ, (ਭਾਵ- ਪਵਿਤ੍ਰਤਾ ਦੇ ਕਰਮ 'ਨਾਮ ਜਪ' ਆਦਿ ਦੇ ਕਰਨ ਨਾਲ ਹੀ ਪਵਿਤ੍ਰਤਾ ਹੁੰਦੀ ਹੈ)। ਅਥਵਾ-(ਇਸ਼ਨਾਨ ਆਦਿਕ ਸਰੀਰ ਦੀ ਪਵਿਤ੍ਰਤਾ ਦੇ ਕਰਨੇ ਨਾਲ (ਮਨ ਦੀ) ਪਵਿਤ੍ਰਤਾ ਨਹੀਂ ਹੋ ਸਕਦੀ, ਤੁਸੀਂ ਭਾਵੇਂ ਲੱਖਾਂ ਵਾਰ ਸੋਚ ਵੀਚਾਰ ਕਰਕੇ ਵੇਖ ਲਵੋ।

ਚੁਪੈ= ਚੁਪ ਕਰਨ ਨਾਲ, ਭਾਵ ਮੌਨ ਧਾਰਨ ਕਰਨੇ ਨਾਲ।

ਲਿਵ- (ਸੰਸ: ਲਯ=ਲੀਨਤਾ, ਏਕਾਗ੍ਰਤਾ, ਸਮਾਈ, ਗੁੰਮਤਾ) ਬ੍ਰਿਤੀ ਦਾ ਇਕ ਰਸ ਪ੍ਰਵਾਹ।

1. ਨਾਮ ਵਿਚ ਸੁਰਤ ਦਾ ਲਗਾਉ ਯਾ ਪ੍ਰਵਾਹ ਜੋ ਹੋਰ ਭਾਵਾਂ ਵਲ ਨਾ ਜਾਵੇ। ਗੁਰੂ ਜੀ ਨੇ ਆਪ ਇਹ ਅਰਥ ਕੀਤਾ ਹੈ। ਯਥਾ:- ਲਿਵ ਲਾਗੀ ਨਾਮੀ ਤਜਿ ਦੂਜਾ ਭਾਉ॥

2. ਨਾਮ ਦੇ ਇਕ ਰਸ ਪ੍ਰਵਾਹ ਦੁਆਰਾ ਵਾਹਿਗੁਰੂ ਵਿਚ ਜੁੜ ਜਾਣਾ, ਯਥਾ:-

ਲਿਵ ਲਾਇ ਹਰਿ ਸਿਉ ਰਹੀ ਗੋਇਲਿ ਸਹਜਿ ਸਬਦਿ ਸੀਗਾਰੀਆ॥

ਅਰਥਾਤ- ਸਬਦਿ (ਨਾਮ ਦੁਆਰਾ) ਸਹਿਜੇ ਹੀ ਸੀਗਾਰੀ ਜਾਕੇ ਗੋਇਲ (ਜਗਯਾਸੂ ਇਸਤ੍ਰੀ) ਹਰੀ ਨਾਲ ਲਿਵ ਧਾਰੀ ਹੋ ਗਈ।

3. ਬਿੱਲੀ ਜਾਂ ਬਗਲੇ ਦੇ ਆਪਣੇ ਸ਼ਿਕਾਰ ਲਈ ਨਿਹਚਲ ਜੁੜ ਬੈਠਣ ਨੂੰ ਬੀ ਲਿਵ ਲਿਖਿਆ ਹੈ। ਜਦੋਂ ਓਹ ਸਰੀਰ ਕਰਕੇ ਚੁੱਪ ਹੁੰਦੇ ਹਨ, ਪਰ ਮਨ ਵਿਚ ਚੂਹੇ ਤੇ ਮੱਛੀ ਦੀ ਵਾਸ਼ਨਾ ਬੋਲ ਰਹੀ ਹੁੰਦੀ ਹੈ। ਯਥ:- ਠਗ ਦ੍ਰਿਸ਼ਟਿ ਬਗਾ ਲਿਵ ਲਾਗਾ॥

ਲਿਵ ਤਾਰ 'ਤੇਲ ਦੀ ਧਾਰਾ' ਵਾਂਙੂ ਬ੍ਰਿਤੀ ਦਾ ਪ੍ਰਵਾਹ। ਇਕ ਰਸ ਲਗਾਉ ਯਾ ਲੀਨਤਾ ਸਾਂਈਂ ਵਿਚ । ਯਥਾ:- ਅਮ੍ਰਿਤ ਮੂਲੁ ਸਿੱਖਰਿ ਲਿਵ ਤਾਰੈ। ਪਰ ਇਥੇ 'ਵਾਸ਼ਨਾ ਰੁਕ ਕੇ ਨਾਮ ਦੇ ਪ੍ਰਵਾਹ ਵਿਚ ਮਗਨ ਹੋਣਾ' ਭਾਵ ਨਹੀਂ, ਪਰ ਉਪਰ ਦਿਤੇ ਅੰਕ 3 ਦੇ ਅਰਥਾਂ ਵਿਚ ਜੋ ਭਾਵ ਹੈ ਉਹ ਇਸ ਪਹਿਲੀ ਪਉੜੀ ਵਿਚ ਵਰਤਿਆ ਹੈ: ਜੇ ਲਾਇ ਰਹਾ ਲਿਵਤਾਰ॥ ਅਰਥਾਤ (ਬਗਲੇ ਵਾਂਙੂ ਚਾਹੇ) ਲਿਵ ਦੀ ਤਾਰ ਬੰਨਕੇ (ਖੜ੍ਹਾ ਰਹਾਂ) ਚੁਪ ਨਹੀਂ ਹੋਣੀ, ਕਿਉਂਕਿ ਅੰਦਰ ਵਾਸ਼ਨਾ ਤ੍ਰਿਸ਼ਨਾ ਹੈ ਤੇ ਧਯਾਨ ਅਤੀਤ ਹੋ ਕੇ ਸਾਂਈ ਵਿਚ ਨਹੀਂ ਜੁੜ ਰਿਹਾ ਹੈ।

ਭੁੱਖਿਆ=ਭੁੱਖਿਆ ਰਹਿਣੇ ਨਾਲ, ਭਾਵ ਬ੍ਰਤ ਧਾਰਨ ਕਰਨੇ ਨਾਲ। (ਅ) ਭੁਖਿਆ ਦਾ ਅਰਥ ਭੁੱਖਿਆਂ ਰਹਿਣ ਨਾਲ ਦੀ ਥਾਂ 'ਭੁੱਖੇ ਰਹਿਣ ਵਾਲੇ' ਬੀ ਕਰ ਲੈਂਦੇ ਹਨ। 'ਭੁੱਖਿਆ' ਦਾ ਅਰਥ 'ਭੁੱਖੇ ਰਹਿਣ ਵਾਲੇ' ਅਰਥਾਤ 'ਤ੍ਰਿਸ਼ਨਾਲੂ ਕਰਨ ਨਾਲ, ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਅਕਾਂਡ ਪ੍ਰਕਥਨ ਦੇਖ ਆਉਂਦਾ ਹੈ, (ਅਕਾਂਡ ਪ੍ਰਕਥਨ ਦੋਸ਼; ਪ੍ਰਥਮ ਕਰੈ ਬਰਨਨ ਜਿਸ ਤਾਂਈ। ਬੀਚਹਿ ਬਰਲਹਿ ਔਰ ਬਨਾਈ॥ ਭੁੱਖਿਆ ਦਾ ਅਰਥ 'ਤ੍ਰਿਸ਼ਨਾ ਆਸ਼ਕਤ ਰਹਿਣ ਨਾਲ' ਕੀਤਿਆਂ ਬੀ ਦੁਖਨ ਦੂਰ ਨਹੀਂ ਹੁੰਦਾ, ਕਿਉਂਕਿ ਤ੍ਰਿਸ਼ਨਾਂ ਦੇ ਵੱਸ ਰਹਿਣਾ ਕੋਈ ਸਾਧਨ

Sri Satguru Jagjit Singh Ji eLibrary NamdhariElibrary@gmail.com

ਨਹੀ ਹੈ, ਜੈਸੇ ਕਿ 'ਸੋਚ' ਤੇ 'ਚੁਪ' ਸਾਧਨ ਹਨ। ਤੁਕ ਦੇ ਅਰਥ ਕਠਨ ਹੋਣ ਕਰਕੇ ਹੋਰ ਭੀ ਐਉ ਜਤਨ ਗੁਣੀ ਜਨਾਂ ਵਲੋਂ ਹੋਏ ਹਨ।

1. ਭੁੱਖਿਆ ਰਹਿਣੇ ਨਾਲ ਤ੍ਰਿਸ਼ਨਾਂ ਨਹੀਂ ਹਟਦੀ, (ਤੇ) ਜੇ ਪੁਰੀਆਂ ਦੇ ਪਦਾਰਥ ਪ੍ਰਾਪਤ ਕਰ ਲਵਾਂ ਤਾਂ ਬੀ ਦੂਰ ਨਹੀਂ ਹੁੰਦੀ।

2. ਭੁੱਖਿਆ ਰਹਿਣੇ ਨਾਲ ਤ੍ਰਿਸ਼ਨਾ ਨਹੀ ਮਿਟਦੀ, (ਇਹ ਤਾਂ ਮਿਟਦੀ ਹੈ ਜੇ) ਚੌਦਾਂ ਹੀ ਪੁਰੀਆਂ ਦੇ ਪਦਾਰਥਾਂ ਤੋ ਮਨ ਨੂੰ ਬੰਨ੍ਹ ਲਵਾਂ- ਰੋਕ ਲਵਾਂ- ਭਾਵ ਵੈਰਾਗ ਕਰਾਂ।

3. ਪਰਮਾਤਮਾਂ ਦੇ ਮਿਲਣ ਦੀ ਭੁੱਖ ਭੁੱਖਿਆਂ ਰਹਿਣ ਨਾਲ ਨਹੀਂ ਦੂਰ ਹੁੰਦੀ, ਚਾਹੇ 14 ਲੋਕਾਂ ਦੇ ਪਦਾਰਥ ਤਿਆਗ ਦਿਆਂ। ਇਸ ਤੇ ਪਹਿਲੇ ਅਰਥ ਵਿਚ 'ਬੰਨਾਂ' ਦਾ ਅਰਥ ਤਯਾਗ ਦੇਵਾਂ ਯਾ ਰੋਕ ਲਵਾਂ ਖਿੱਚ ਨਾਲ ਲਾਉਣੈ ਪੈਂਦੇ ਹਨ। ਉਂਵ ਜੇ ਕੋਈ 'ਸਾਂਈ ਮਿਲਣ ਦੀ ਭੁੱਖ ਲੈ ਕੇ' ਬ੍ਰਤ ਧਾਰਨ ਕਰਦਾ ਹੈ ਤਾਂ ਉਸ ਭੁੱਖ ਦਾ ਤ੍ਰਿਪਤ ਹੋਣਾ ਖੁਰਾਕ ਵਲੋ ਭੁੱਖੇ ਰਹਿਣਾ ਨਹੀ, ਉਹ ਤਾਂ ਸਰੀਰ ਨੂੰ ਕ੍ਰਿਸ਼ਜ ਕਰੇਗੀ। ਉਸ ਦਾ ਦਾਰੂ ਹੈ:- ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਇ ਰਲੀਅਹਿ ਦੂ॥

ਇਹ ਤਾਂ ਭੁਖ ਹੀ ਦਾਰੂ ਹੈ ਤੇ ਮੁਬਾਰਕ ਹੈ:- ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ॥

ਸਿਆਣਪ=(ਪ੍ਰਾਕਿਤ, ਸਯਾਣ, ਪੰਜਾਬੀ, ਸਿਆਣ, ਸਿਆਣਪ)। ਸਿਆਣਪ ਦਾ ਭਾਵ ਹੈ ਬੁਧਿ ਦਾ ਚਮਤਕਾਰ, ਚਾਹੇ ਉਹ ਮਨ ਦੀ ਆਪਣੀ ਚਤੁਰਾਈ ਦਾ ਹੈ, ਚਾਹੇ ਸ਼ਾਸ਼ਤ੍ਰ ਦੇ ਵੀਚਾਰ ਦਾ, ਚਾਹੇ ਵਿਦਵਾਨ ਤੇ ਚਤੁਰ ਪੁਰਖਾਂ ਦੀ ਸੁਹਬਤ ਤੋ ਸਿੱਖਿਆ ਹੋਇਆ। ਇਸ ਵਿਚ ਹੋਰ ਬੁਧਿ ਦੇ ਸਾਧਨ, ਜੋ ਸਾਂਈ ਪ੍ਰਾਪਤੀ ਲਈ ਲੋਕੀ ਕਰ ਰਹੇ ਹਨ, ਆ ਗਏ।

ਸਹਸ ਸਿਆਣਪ ਨਹੀ ਮਿਲੇ ਮੇਰੀ ਜਿੰਦੜੀਏ ਜਨ ਨਾਨਕ ਗੁਰਮੁਖਿ ਜਾਤਾ ਰਾਮ॥

ਸੰਜਮ ਸਹਸ ਸਿਆਣਪਾਂ ਪਿਆਰੇ ਇਕ ਨ ਚਲੀ ਨਾਲਿ॥

ਸਚਿਆਰ= (ਸਤਯ + ਆਕਾਰ। ਜਿਸ ਦਾ ਸਰੂਪ ਹੀ ਸਤਯ ਹੈ)।

1. ਸਤਯ ਸਰੂਪ ਪਰਮਾਤਮਾ ਦੇਵ। ਯਥਾ:- ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥

2. ਓਹ ਸਤਿ ਪੁਰਖੁ ਜੋ ਕੂੜ ਦੀ ਪਾਲ ਟੁੱਟਣ ਨਾਲ ਸਤਯ ਸਰੂਪ ਨੂੰ ਪ੍ਰਾਪਤ ਹੋ ਜਾਵੇ।

ਯਥਾ:- ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

ਤਥਾ- ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ॥

ਅਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ॥

3. ਸਚ ਧਾਰਨ ਕਰਨ ਵਾਲਾ। ਸਚਾ ਪੁਰਖ। ਯਥਾ:-

ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕਰੀਓਇ॥

4. ਸਚ ਬੋਲਣ ਵਾਲਾ, ਪਰ ਜਿਸ ਨੂੰ ਆਪਣੇ ਸਚ ਤੇ ਮਾਣ ਤੇ ਅਹੰਕਾਰ ਹੈ।

ਯਥਾ:- ਹਉ ਵਿਚ ਸਚਿਆਰ ਕੂੜਿਆਰ॥

ਪਾਲਿ=(ਸੰਸਕ੍ਰਿਤ, ਪਾਲਿ)। 1. ਪਾਣੀ ਦੇ ਰੋਕਣ ਲਈ ਉਸਾਰਿਆ ਬੰਨ੍ਹ 2. ਹੱਦ, ਰੋਕ ਥਾਮ। 3. ਕਤਾਰ, ਪੰਕਤੀ। 4. ਕੰਧ ਬੀ ਅਰਥ ਕਰਦੇ ਹਨ, ਭਾਵ ਹੈ ਆਵਰਣ ਤੋਂ ਜੋ ਵਾਹਿਗੁਰੂ ਦੀ ਲੱਖਤਾ ਨਹੀਂ ਹੋਣ ਦੇਂਦਾ। ਉਹ ਹੈ- ਹਉਮੈ।

Sri Satguru Jagjit Singh Ji eLibrary NamdhariElibrary@gmail.com

ਅਗਲੀ ਪਉੜੀ ਤੋਂ ਪਤਾ ਲਗਦਾ ਹੈ ਕਿ 'ਕੂੜ ਦੀ ਪਾਲਿ' ਹਉਂਮੈ ਹੈ।

ਪੁਨਾ:- ਹਉ ਹਉ ਭੀਤਿ ਭਇਓ ਹੈ ਬੀਚੋ॥

ਰਜਾ =ਅਰਬੀ, ਰਜ=ਖੁਸ਼ ਹੋਣਾ ਤੋ ਪਦ 'ਰਜਾ' ਯਾ 'ਰਿਜੁ' ਬਣਦਾ ਹੈ। 'ਰਜਾ'=ਖੁਸ਼ੀ ਹੋਣ ਦੀ ਹਾਲਤ, ਖੁਸ਼ੀ, ਪ੍ਰਸੰਨਤਾ।

1. ਆਮ ਪੰਜਾਬੀ ਤੇ ਗੁਰਬਾਣੀ ਵਿਚ 'ਰਜ਼ਾ' ਪਦ ਨੂੰ 'ਈ' ਲਾਕੇ 'ਰਜਾਈ' ਦਾ ਅਰਥ ਆਗਿਆ ਦੇਣ ਵਾਲਾ, ਹੁਕਮ ਕਰਨ ਵਾਲਾ ਕੀਤਾ ਜਾਂਦਾ ਹੈ। ਅਰਥਾਤ ਪਰਮੇਸ਼ੁਰ, ਰਜ਼ਾ ਵਾਲਾ ਪਰਮੇਸ਼ੁਰ।

ਯਥਾ:- *ਤਾਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ॥ 3॥*

ਹੁਕਮਿ ਰਜਾਈ ਜੋ ਚਲੈ ਸੋ ਪਵੇ ਖਜਾਨੈ॥

ਇਸ ਪਉੜੀ ਵਿਚ ਰਜ਼ਾ ਵਾਲਾ 'ਪਰਮੇਸ਼ੁਰ' ਹੀ ਅਰਥ ਲਗਦਾ ਹੈ॥

2. ਈ ਪ੍ਰਤੇ ਪੰਜਾਬੀ ਦਾ ਲਾਕੇ 'ਰਜਾਈ' ਬਣਾਇਆ ਤਾਂ ਅਰਥ ਹੋਇਆ ਪ੍ਰਸੰਨਤਾ ਵਾਲਾ ਹੋ ਕੇ, ਖੁਸ਼ੀ ਨਾਲ ਮੰਨ ਲੈਣ ਵਾਲਾ ਹੋਕੇ। ਗੁਰਬਾਣੀ ਵਿਚ ਇਸ ਅਰਥ ਦਾ ਵਰਤਾਉ ਬੀ ਆਇਆ ਹੈ। ਯਥਾ:- ਜੈਸੇ ਸਚ ਮਹਿ ਰਹਉ ਰਜਾਈ॥

3. ਇਸ ਪਦਾ ਦਾ ਅਰਥ ਕਿਤੇ 'ਰਜ਼ਾ ਵਿਚ' ਬੀ ਲਗਦਾ ਹੈ, ਯਥਾ:-

ਨਾਨਕ ਰਹਣੁ ਰਜ਼ਾਈ॥ ਰਜ਼ਾ ਵਿਚ ਰਹਿਣਾ (ਬਣਦਾ) ਹੈ।

ਯਾਦ ਰਹੇ 'ਰਜ਼ਾਂ' ਪਦ ਅਰਬੀ ਦਾ ਹੈ, ਪਰ ਰਜਾਈ ਪਦ 'ਰਜ਼ਾ' ਤੋ ਪੰਜਾਬੀ ਨੇ ਬਣਾਇਆ ਹੈ। ਗੁਰਬਾਣੀ ਵਿਚ 'ਰਜਾਈ' ਪਦ ਬੀ ਆਯਾ ਹੈ, ਓਥੇ ਭਾਵ ਰਜ਼ਾ ਤੋਂ ਹੀ ਹੁੰਦਾ ਹੈ।ਯਥਾ:- ਸੋ ਕਰੈ ਜਿ ਤਿਸੇ ਰਜਾਇ॥ਪੁਨਾ:- ਰਬ ਕੀ ਰਜਾਇ ਮੰਨੇ ਸਿਰ ਉਪਰਿ।

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥
ਹੁਕਮੈ ਅੰਦਰਿ ਸਭੁ ਕੋ ਬਾਹਿਰ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥

ਨੰ. 1. ਬਾਵਾ ਮਿਹਰਬਾਨ ਜੀ "ਮੀਣਾ"

ਤਬ ਸਿਧਹ ਕਹਿਆ ਜਿ, "ਜੀ, ਹਮਾਰਾ ਸਭਨਾ ਬਾਤਾਂ ਕਾ ਤੈਂ ਥੀ ਸੰਤੋਖ ਹੂਆ, ਪਰੁ ਜੀ ਅਬ ਹਮਾਰੇ ਤਾਈਂ ਆਦਿ ਕੀ ਕਥਾ ਸੁਨਾਈਐ।ਜਿ ਆਦਿ ਹੀ ਉਤਪਤਿ ਸੈਸਾਰ ਕੀ ਸੁਭਈ, ਸੁ ਕਿਉ ਕਰਿ ਭਈ?" ਤਬ ਗੁਰੂ ਬਾਬਾ ਨਾਨਕੁ ਜੀ, ਸਿਧਹੁ ਕਉ ਆਦਿ ਹੀ ਤੈ ਲੈ ਕੋ ਕਹਿ ਸੁਨਾਵਤ ਹੈ।ਜਿ ਸਿਧਹੁ ਜੀ। "ਆਦਿ ਪਹਿਲੇ ਨਿਰੰਜਨ ਨਿਰੰਕਾਰ। ਨਿਕਰਿਆ ਕਹੀਐ। ਸੁਪਦੀ। ਅੰਜਨੁ ਕਹੀਐ, ਸਿਆਹੀ॥ ਸਿਆਹੀ ਬਡੀ ਕਿ ਸੁਪਦੇ ਬਡੀ?" ਕਹੇ, "ਜੀ, ਸੁਪੇਦੇ ਮਾਨੁਖੁ, ਸਿਆਹੀ ਪਰਮੇਸੁਰ।ਜਾਂ ਸੁਪੇਦੀ ਹੋਇ, ਤਾ ਸਿਆਹੀ ਚਲੇ, ਨਾਤ ਰ ਨਿਰੰਕਾਰੁ।ਨਿਰੰਕਾਰੁ ਕਿਸ ਕਾ ਨਾਉ? ਚੁਪ ਕਾ ਨਾਉ ਨਿਰੰਕਾਰੁ।ਜਾਂ ਦੂਸਰਾ ਹੋਇ, ਤਾਂ ਅਵਾਜੁ ਨਿਕਲੈ। ਏਕੁ ਕਿਸ ਸਾਥਿ ਬੋਲੈ? ਕਿਸ ਸਿਉ ਕਹੈ? ਕਿਸੁ ਮਾਰੈ?"

Sri Satguru Jagjit Singh Ji eLibrary NamdhariElibrary@gmail.com

ਕਿਸ ਸਮਸੀ? ਕਿਸ ਕਉ ਸਦਾਏ? ਕਿਸ ਕਉ ਘਟਾਏ? ਚੁਪ, ਤਿਸ ਕਾ ਨਾਉ ਨਿਰੰਕਾਰੁ ਕਹਿਐ। ਜਬ ਨਿਰੰਕਾਰ 'ਅਕਾਰੁ' ਕੀਆ, ਤਬ 'ਮਨਸਾ ਦੇਵੀ' ਕਉ ਆਗਿਆ ਕਰੀ। ਸੁ, 'ਮਨਸਾ ਦੇਵੀ' ਕਉਨ ਕਹੀਐ? 'ਮਨਸਾ ਦੇਵੀ' ਏਹ, ਜਿਸ ਮਨਸਾ ਚਿਤਵੀ ਨਿਰੰਜਨ ਨਿਰੰਕਾਰ, ਜਿ ਰਚਨਾ ਕੀਜੀਐ। ਰਚਨ ਕਮਲ ਤੇ 'ਕਮਲਾ' ਇਸਤ੍ਰੀ ਮਨ ਤੇ 'ਮਨਸਾ ਦੇਵੀ', ਜੋਤਿ ਤੇ 'ਜੁਗਤਿ' ਕੀਨੀ। ਏਹ ਤੀਨੇ ਸਾਵਧਾਨ ਇਸਤ੍ਰੀਆ ਕੀਨੀਆਂ। ਤਿਨ ਕਉ ਵਰ ਮਿਲਿਆ। 'ਮਨਸਾ ਦੇਵੀ' ਕਉ, ਉਦਮ ਫਲੁ ਮਿਲਿਆ। 'ਕਮਲਾ' ਕਉ, ਬਿਲਾਸ ਫਲੁ ਮਿਲਿਆ। 'ਜੁਗਿਤ' ਕਉ, ਤੀਨਿ ਫਲੁ ਮਿਲੈ। ਕਵਨ? ਬ੍ਰਹਮਾ, ਬਿਸ਼ਨ, ਮਹਾਦੇਉ, ਏਹ ਤੀਨੈ ਦੇਵ। ਇਨ ਤੀਨਹੁ ਕਉ, ਵਰੁ ਮਿਲਿਆ ਨਿਰੰਜਨ ਕਾ। ਹੁਕਮ ਹੂਆ, ਜਿ ਤੁਮ ਸ੍ਰਿਸਿਟਿ ਰਚਹੁ। ਤੁਮ ਤੀਨੈ ਹੀ ਮੇਰਾ ਸਰੂਪ ਰਹੁ। ਮੇਰਾ ਹੁਕਮੁ ਹੈ, ਤੁਮ ਰਚਨਾ ਰਚਹੁ।" ਤਬ ਇਨਹੁ ਕਹਿਆ, ਸਿ, "ਜੀ, ਜਿਵ ਜਿਵ ਹੁਕਮੁ ਹੋਇ, ਤਿਵ ਤਿਵ ਸ੍ਰਿਸਿਟਿ ਹੋਇ ਜੀ।" ਤਬ ਹੁਕਮੁ 'ਸਚੇ' ਕਾ ਹੋਇਆ, ਜਿ ਬ੍ਰਹਮਾ, ਤੂ ਦੇਹੀਆਂ ਘੜਿ ਜੀਆ ਕੀਆਂ। ਅਰੁ ਬਿਸਨ, ਤੂ ਦੇਹੀ ਮਹਿ ਜੀਉ ਬਹਿ। ਅਰੁ ਮਹਾ ਦੇਉ, ਜੀਆ ਕਾ ਭੰਡਾਰੀ ਹੂਆ। ਅਰੁ ਨਉ ਨਿਧਿ ਤੇਰੇ ਪਾਸਿ ਹੂਈ। ਜੋ ਕੰਉ ਆਹਾਰੁ ਭੀ ਤੂ ਹੀ ਦੇਹਿ। ਜਹੁ ਤੁਮ ਕਉ ਮੇਰਾ ਹੁਕਮੁ ਹੈ, ਜਿ ਕਿਛੁ ਤੁਮ ਕਰਹੁਗੇ, ਸੁ ਮੈ ਉਥਾਪਣਾ ਨਾਹੀ। ਕਿ ਕਿਛੁ ਤੁਮ ਕਰਹੁਗੇ। ਸੁ ਸਹੀ।" ਤਬ ਬ੍ਰਹਮੇ, ਬਿਸਨ, ਮਹਾਦੇਵ ਅਰਦਾਸ ਕਰੀ ਜਿ, "ਏ ਨਿਰੰਜਨ ਨਿਰੰਕਰ। ਹਮ ਤੇਰੇ ਕੀਏ ਹੈ ਜੀ। ਜੇ ਕਿਛੁ ਹਮ ਕਰਹਿ, ਅਰੁ ਕਿਸਿ ਕਉ ਭਲਾ ਹੋਇ ਜਾਇ, ਅਰੁ ਕਿਸੀ ਕਉ ਬੁਰਾ ਹੋਇ ਜਾਇ, ਅਰੁ ਉਹੁ ਜੀਉ ਉਰਿ ਫਿਰੀਆਦੀ ਹੋਇ, ਅਰੁ ਉਸ ਕੇ ਬਾਦਿ ਤੂ ਕਿਰਪਾਲੁ ਹੋਹਿ, ਤਬ ਹਮ ਕਿਆ ਕਰਹਿ?" ਤਬ ਨਿਰੰਜਨ ਕਾ ਹੁਕਮੁ ਹੋਇਆ ਜਿ, "ਏਹੁ ਮੇਰੀ ਆਸ ਹੈ, ਮੈ ਏਹ ਕਲਾਮ ਤੁਮਾਰੇ ਹਾਥਿ ਦੀਨੀ ਹੈ। ਜਿਉਂ-ਜਿਉਂ ਤੁਮ ਵਗਾਵਹੁਗੇ ਜੀਆਂ ਕੋ ਬਾਬਿ ਭਾਗਿ ਤਿਉਂ-ਤਿਉਂ ਹਉਂ ਉਹ ਬਾਤ ਮਿਟਾਵਉਗਾ ਨਾਹੀ। ਜਿ ਕਿਛੁ ਤੁਮ ਕਰਹੁਗੋ, ਸੋਹੀ ਸਹੀ" ਤਬ ਹੁਕਮੁ ਕਰਤੇ ਪੁਰਖ ਨਿਰੰਜਨ ਨਿਰੰਕਾਰ ਕਾ, ਬ੍ਰਹਮੇ, ਬਿਸਨ, ਮਹਾਦੇਵ ਕਉ ਹੂਆ। ਸੁ ਤਬ ਹੁਕਮ ਕਿਆ ਹੂਆ?

ਹੁਕਮੀ ਹੋਵਿਨ ਆਕਾਰ ਹੁਕਮੁ ਨ ਕਹਿਆ ਜਾਈ॥

ਤਿਸ ਕਾ ਪਰਮਾਰਥੁ:- ਹੁਕਮ ਤਉ ਸਹੀ ਹੋਇਆ, ਜਿ ਆਕਾਰੁ ਕਰਹੁ, ਸਰਿਸਟਿ ਸੰਸਾਰੁ ਰਚਹੁ। ਪਰੁ ਮੇਰੇ ਬੂਤੇ ਏਹ ਵੀ ਨਾਹੀ ਕਹਿਆ ਜਾਂਦਾ, ਜਿ ਕਿਤਨਾ ਕੁ ਹੁਕਮੁ ਹੋਇਆ, ਜਿ ਏਵ ਇਤਨਾ ਕਰਹੁ।

ਹੁਕਮੀ ਹੋਵਿਨ ਜੀਅ ਹੁਕਮਿ ਮਿਲੈ ਵਡਿਆਈ॥

ਤਿਸ ਕਾ ਪਰਮਾਰਥੁ:- ਹੁਕਮ ਹੀ ਸਾਥ ਚਉਰਾਸੀਹ ਲਖ ਜੀਆ ਕੀ ਜੂਨਿ ਪੈਦਾ ਹੋਈ, ਅਰੁ ਹੁਕਮ ਹੀ ਸਾਥਿ ਵਡਿਆਈ ਲਾਗੀ ਮਿਲਣ।

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥

ਤਿਸ ਕਾ ਪਰਮਾਰਥੁ:- ਉਤਮ ਜਿ ਹੋਵੈ, ਸੁ ਪਰਮੇਸੁਰ ਦੇ ਹੁਕਮ ਸਾਥਿ ਹੋਏ। ਅਰੁ ਨੀਚ ਜਿ ਹੋਏ, ਸੋ ਭੀ ਪਾਰਬ੍ਰਹਮ ਕੇ ਹੁਕਮ ਸਾਥਿ ਹੋਏ। ਜਾਂ ਹੁਕਮ ਸਾਥਿ ਜੀਅ ਪੈਦਾ ਹੋਏ, ਤਾਂ ਹੁਕਮ ਹੀ ਸਾਥਿ ਨਾਲੇ ਦੁਖੁ ਸੁਖੁ ਜੀਆ ਦਾ ਲੇਖੁ ਪੈਆ, ਜ ਇਤਨਾ ਦੁਖੁ ਭੋਗਹਿਗੇ, ਇਤਨਾ ਸੁਖੁ ਭੋਗਹਿ।

Sri Satguru Jagjit Singh Ji eLibrary NamdhariElibrary@gmail.com

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥

ਤਿਸ ਕਾ ਪਰਮਾਰਥੁ:- ਇਕਨਾ ਨੋ ਹੁਕਮ ਦਰਗਾਹ ਥੀ ਭੈਆ ਜਿ ਜਾਹੁ ਤੁਸੀ ਮੇਰੇ ਜੀਅ ਹਹੁ, ਤੁਸੀ ਬੈਠੇ ਹੀ ਖਾਹੁ। ਅਰੁ ਇਕਨਾ ਨੋ ਹੁਕਮੁ ਹੋਆ, ਜਿ ਜਾਹੁ ਤੁਸੀ ਜਦਿ ਬਹੁੜੁਹਗੇ, ਤਬ ਤੁਮ ਕਉ ਰੋਟੀ ਪਹੁਚੈਗੇ। ਸੁ ਏਹੁ ਭੀ ਤੁਦੇ ਹੁਕਮੁ ਹੋਆ ਦਰਗਾਹ ਥੀ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ 2॥

ਤਿਸ ਕਾ ਪਰਮਾਰਥੁ:- ਜਿ ਕਿਛੁ ਵਰਤਦਾ ਹੈ, ਸਿ ਸਭੁ ਹੁਕਮਿ ਮਹਿ ਵਾਪਰਦਾ ਹੈ। ਏਹੁ ਜਿ ਮਾਨੁਖੁ ਹਉਮੈ ਕਰਦਾ ਹੈ, ਸੁ ਤਾਂ ਕਰਦਾ ਹੈ, ਜਾਂ ਏਹੁ ਹੁਕਮ ਨੋ ਸਮਝਦਾ ਨਾਹੀ। ਜਾਣਦਾ ਹੈ, ਜਿ ਹੰਉ ਏਨਿ ਮਾਨੁਖਿ ਰੰਵਾਣਿਆ ਹਾਂ। ਜਿ ਕਿਛੁ ਚੰਗਾ ਕਰਦਾ ਹੈ, ਤਾਂ ਕਹਦਾ ਹੈ, ਜਿ ਮੈ ਕੀਤਾ। ਅਰੁ ਜੇ ਦੁਖੁ ਸੁਖੁ ਹੋਂਦਾ ਹੈ। ਤਾਂ ਕਹਦਾ ਹੈ, ਤਾਂ ਜਾਣਦਾ ਹੈ, ਜਿ ਕਿਸੇ ਤੇ ਹੋਇਆ ਹੈ। ਜੈ ਜਾਣੇ, ਜਿ ਪਰਮੇਸੁਰ ਦਾ ਕੀਤਾ ਹੋਂਦ ਹੈ, ਤਾਂ ਹਉਮੈ ਕਰੈ ਨਾਹੀ॥ 2॥

ਨੰ. 2. ਭਾਈ ਮਨੀ ਸਿੰਘ ਜੀ 'ਸ਼ਹੀਦ'

ਅਰ ਜੇ ਤੁਸੀਂ ਪੁੱਛੋ, ਜੋ ਹੁਕਮ ਕਿਉਂਕਰ ਮੰਨੀਦਾ ਹੈ; ਤਾ ਵਾਹਿਗੁਰੂ ਦੇ ਹੁਕਮ ਵਿਚ ਸਾਰੀ ਸ੍ਰਿਸਟਿ ਦੇ ਆਕਾਰ ਹੋਏ ਹਨ, ਸੋ ਵਾਹਿਗੁਰੂ ਦੇ ਹੁਕਮ ਨੂੰ ਕਹਿਆ ਨਹੀਂ ਜਾਂਦਾ॥ ਕਿਯੋਂਕਿ, ਕਿਸੇ ਦਾ ਆਕਾਰ ਸੁੰਦਰ ਕੀਤਾ ਹੈਸ, ਅਰ ਕਿਸੇ ਦਾ ਅਸੁੰਦਰ ਕੀਤਾ ਹੈਸ, ਪਰ ਜੋ ਕੀਤੇ ਹੈਸ, ਸੋ ਹੱਛੇ ਹੀ ਕੀਤੇ ਹੈਸ; ਤਾਂਤੇ ਉਸੇ ਵਾਹਿਗੁਰੂ ਦੇ ਹੁਕਮ ਵਿਚ ਵਡਿਆਈਆਂ ਮਿਲਦੀਆਂ ਹੈਨ॥ ਅਰ ਕਿਸੇ ਨੂੰ ਰਾਜ ਮਿਲਦਾ ਹੈ॥ ਅਰ ਕਿਸੇ ਨੂੰ ਭਜਨ ਮਿਲਦਾ ਹੈ॥ ਅਰ ਉਸੇ ਵਾਹਿਗੁਰੂ ਦੇ ਹੁਕਮ ਉਤਮ ਹੁੰਦੇ ਹਨ ਸਾਤਕੀ॥ ਅਰ ਕਈ ਨੀਚ ਹੁੰਦੇ ਹਨ ਤਾਮਸੀ॥ ਅਰ ਹੁਕਮ ਵਿਚ ਹੀ ਸੁਖ ਤੇ ਦੁਖ ਹੁੰਦੇ ਹਨ, ਜੋ ਜਿਨਾਂ ਪਾਪ ਕੀਤੇ ਹਨ, ਸੋ ਦੁਖ ਪਾਂਵਦੇ ਹਨ; ਅਰ ਜਿਨਾਂ ਪੁੰਨ ਕੀਤੇ ਹਨ, ਸੋ ਸੁਖ ਪਾਵਤੇ ਹਨ॥ ਅਰ ਜਿਨਾਂ ਵਾਹਿਗੁਰੂ ਦਾ ਨਾਮ ਜਪਿਆ ਹੈ, ਅਤੇ ਹੁਕਮ ਮਿੱਠਾ ਮੰਨਿਆ ਹੈ, ਓਨਾਂ ਨੂੰ ਬਖਸ਼ੀਸ਼ ਹੋਈ ਹੈ॥ ਪਰ ਜਿਨਾਂ ਹੁਕਮ ਨਹੀਂ ਮੰਨਿਆ, ਸੋ ਆਵਾਗਉਨ ਵਿਖੇ ਭਾਊਦੇ ਫਿਰਦੇ ਹਨ॥ ਤਾਂਤੇ ਸਭ ਕੁਛ ਵਾਹਿਗੁਰੂ ਦੇ ਹੁਕਮ ਵਿਚ ਹੈ, ਬਾਹਰ ਕੁਝ ਨਾਹੀਂ। ਅਰ ਜੋ ਕੋਈ ਵਾਹਿਗੁਰੂ ਦਾ ਹੁਕਮ ਮਿੱਠਾ ਕਰਕੇ ਮੰਨਦਾ ਹੈ, ਸੋ ਹਉਮੈ ਨਹੀਂ ਕਰਦਾ॥ 2

ਨੰ. 3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ)

"ਹੁਕਮੀ ਹੋਵਿਨ ਆਕਾਰ ਹੁਕਮ ਨ ਕਹਿਆ ਜਾਈ"॥

ਹੁਕਮੀ; ਕਹੀਐ, ਪ੍ਰਭ ਕੀ ਆਗਿਆ, ਸੋ ਜਿਸ ਪਰ ਹੋਇ, ਤਿਸ ਕਾ ਨਾਮ ਹੁਕਮੀ ਕਹੀਐ। ਸੋ ਹੁਕਮੀ ਨਾਮ ਮਾਇਆ ਕਾ ਹੈ। ਸੋ ਮਾਯਾ ਦੁਆਰੇ ਪ੍ਰਮੇਸ਼੍ਵਰ ਕੋਟ ਬ੍ਰਹਮੰਡ ਅਰ ਅਨੇਕ ਅਕਾਰ ਰਚੇ ਹੈ। ਬਹੁੜ ਹੁਕਮੀ ਪ੍ਰਾਰਬਧ ਦਾ ਬੀ ਨਾਮ ਹੈ। ਪ੍ਰਾਰਬਧ; ਕਿਆ ਕਹੀਐ, ਅਨੇਕ ਜਨਮਹੁ ਕੇ ਜੋ ਕਰਮ ਹੋ, ਤਿਨ ਮਹੁ ਜਿਨ ਕਰਮਹੁ ਪਰ ਪ੍ਰਭ ਕੀ ਆਗਿਆ ਭਈ ਹੈ, ਜੋ ਇਸ ਕਰਮ ਕਾ ਫਲੁ ਐਸੇ ਹੀ ਹੋਇ, ਸੋ ਪ੍ਰਾਰਬਧ ਕੇ ਅਨੁਸਾਰ ਅਨੇਕ ਪ੍ਰਕਾਰ ਹੋ ਕੇ ਅਕਾਰ ਹੂਏ ਹੈ, ਸੋ ਕਹਾ ਨਹੀ ਜਾਤਾ। ਕੇਤਾ ਹੁਕਮ ਹੁਆ ਹੈ? ਕਾਹੇ ਤੇ, ਆਪ ਬਿਅੰਤ ਵੋ, ਅਪਨੀ ਮਾਇਆ ਸੋ ਬਿਅੰਤ, ਅਰ ਮਾਇਆ ਦ੍ਵਾਰੇ ਰਚਨਾ ਸੋ ਬਿਅੰਤ, ਬਿਅੰਤ ਕਾ ਅੰਤ ਕੋਊ ਕਹਾ ਪਾਵੈ? ਐਸੇ ਕਹੋ, ਜੋ ਮਾਇਆ ਅਰ ਰਚਨਾ ਬਿਅੰਤ ਕੈਸੇ ਹੈ? ਇਸ ਪਰ ਪ੍ਰਮਾਣ ਗੁਰ-ਸ਼ਬਦ

Sri Satguru Jagjit Singh Ji eLibrary NamdhariElibrary@gmail.com

ਹੈ। "ਆਪ ਸਤ ਕੀਆਂ ਸਭ ਸਤ। ਆਪੇ ਜਾਨੈ ਅਪਨੀ ਮਿਤਿ ਗਤ।" ਬਾਹਿਰ ਕਿਹਾ ਹੈ, "ਆਪੇ ਆਪਿ ਸਗਲ ਮਹਿ ਆਪ॥ ਆਪੇ ਰਚਿਆ ਸਭ ਕੇ ਸਾਥ।" ਜੇਸੇ ਸੁਵਰਣ ਕਾ ਬਿਕਾਰ ਸੁਵਰਣ ਹੀ ਹੈ। ਅਰੁ ਮ੍ਰਿਤਕਾ ਕਾ ਬਿਕਾਰ ਮ੍ਰਿਤਕਾ ਹੀ ਹੈ। ਐਸੇ ਹੀ ਪਰੁਮੇਸ਼ਰ ਸੁੱਧ ਚੇਤੰਨ ਸੋ ਭਿੰਨ ਕਛੁ ਹੂਆ ਨਹੀ। ਭਿੰਨ ਪਰਤੀਤ ਸੋਈ ਅਗਿਯਾਨ ਹੈ। ਤਿਸਕਰ ਨਾਨਾ ਪ੍ਰਕਾਰ ਸੰਸਾਰ ਹੈ। ਸੋਈ ਅਬ ਗੁਰ ਕਹਿਤੇ ਹੈ।

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥

ਹੁਕਮੀ ਜੋ ਮਾਇਆ ਹੈ ਜੋ ਸ਼ੁਧ॥ ਏਕ ਮਲਿਨ, ਸੋ ਮਨਿਨ ਦੋ ਸ਼ਕਤਿ ਵਾਲਾ ਹੈ। ਏਕ ਅਵਰਣ ਅਰ ਦੁਸਰੀ ਵਖੇਪ। ਅਵਰਨ ਨਾਮ ਭਲਾਵਾ, ਜਿਸ ਨੋ ਅਗਿਯਾਨ ਕਹਿਤੇ ਹੈ। ਅਰੁ ਵਖੇਪ ਨਾਮ ਜੀਵਤ੍ਵ-ਭਾਵ ਕਾ ਹੈ। ਤਾਤ ਵਿਪਰਜਯ ਕਹਿ ਜੋ ਮਲਿਨ ਮਾਯਾ ਪ੍ਰਤਿਬਿੰਬ ਚੇ ਤੰਨ ਮੋਂ ਆਤਮੁ ਸਰੂਪ ਭੁੱਲ ਕੇ ਜੀਵ-ਭਾਵੋ ਕੋ ਪ੍ਰਾਪਤਿ ਹੁਆ। ਜੀਵ-ਭਾਵ ਤੇ ਦੇਹ ਅਭਿਮਾਨੀ ਹੁਆ ਅਰ ਅਨ-ਉਨਤ ਨਿਖੇਧ ਹੁਏ, ਤਿਸਕੇ ਪੁੰਨ-ਪਾਪ ਦੁਇ ਫਲ ਹੁਏ। ਤਿਸ ਕਰਮ ਕੇ ਅਨੁਸਾਰ ਤੀਨਹੁ ਲੋਕ ਬਿਖੇ ਨਾਨਾ ਪ੍ਰਕਾਰ ਕੀ ਜੋਨਿ ਅਰੁ ਨਾਨਾ ਪ੍ਰਕਾਰ ਕੇ ਫਲਹੁ ਕੇ ਭੋਗਤਾ ਹੁਆ।

ਹੁਕਮਿ ਮਿਲੈ ਵਡਿਆਈ॥

ਅਰਥ॥ ਸੁਭ ਕਰਮਹੁ ਤੇ ਹੁਕਮ ਦ੍ਵਾਰੇ ਬਡਾਈ ਮਿਲੀ। ਸੋ ਕਿਆ ਬਡਾਈ ਕਹੀਐ? ਉਤਮ ਸਰੀਰ ਅਰ ਸੁਰਗਾਦਿਕ ਪਾਏ॥

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥

ਅਰਥ॥ ਸੋ ਪ੍ਰਾਰਬਧ ਕੇ ਅਨੁਸਾਰ ਏਕ ਉਤਮ ਦੇਵਾ ਇਕ ਸਰੀਰ ਅਰੁ ਨੀਚ ਚੰਡਾਨਾਦਿਕ, ਨਿਖੇਧ ਜੋਨਿ ਕਉ ਪ੍ਰਾਪਤਿ ਭਏ। ਸੋ ਪ੍ਰਾਰਬਧ ਅਨੁਸਾਰ ਲਿਖੇ ਸੁਖ-ਦੁਖ ਕੋ ਪ੍ਰਾਪਤਿ ਹੋਵੇ ਹੈ।

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥

ਅਰਥ॥ ਇਕ ਜੋ ਭਗਤ, ਤਿਨ ਕਉ ਹੁਕਮ, ਬਖਸੀਸ; ਕਹੀਐ, ਮੁਕਤਿਕਾ ਹੋਤਾ ਹੈ। ਈਸ੍ਵਰ ਅਰ ਮਨ, ਕਰਮ ਤੇ ਅੰਤਹ-ਕਰਣ ਸ਼ੁੱਧ ਹੋਤਾ ਹੈ। ਤਬ ਗਯਾਨ ਪ੍ਰਾਪਤਿ ਦੁਆਰਾ ਮੁਕਤਿ, ਅਵਗੁਣਹੁ ਤੇ ਰਹਿਤ ਹੋਤੇ ਹੈ॥ ਅਰ ਨਖੇਧ ਪ੍ਰਾਰਬਧ ਕੇ ਅਨੁਸਾਰ, ਚਕ੍ਰਮਹੁ ਸਦਾ ਭਵਾਈਤੇ ਹੈ। ਕਿਆ ਨਾਨਾ ਜੋਨਿ ਮਹੁ ਭ੍ਰਮਾਈਐ ਹੈ?

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥

ਰਚਨਾ ਹੈ। ਸੋਈ ਸਦਾ ਆਗਿਆ ਮੋ ਹੈ। ਤਿਸ ਮਾਯਾ ਹੀ ਕੇ ਅੰਤਰ ਸਭ ਵਰਤਮਾਨ ਹੈ, ਬਾਹਰ ਕੋ ਨਹੀ ਹੈ।

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।

ਅਰਥ॥ ਜੇ ਬੁਧਿਮਾਨ ਇਸ ਪ੍ਰਕਾਰ ਹੁਕਮ ਮਾਯਾ ਕੋ ਬੁਝੈ ਹੈ, ਤੋ ਹਉਮੈ ਦੇ ਰਹਤੇ ਕੇ ਕਿਸੀ ਪਦਾਰਥ ਕੀ ਨ ਕਹੈ। ਕਾਹੇ ਤੇ, "ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧ ਬਿਨੁ ਅਵਰ ਨਾ ਜਾਣਾ।" ਐਸੇ ਨਿਸਚੈ ਕੋ ਪ੍ਰਾਪਤਿ ਹੋਇ। 2।

ਨੰ. 4. ਸਾਧੂ ਅਨੰਦਘਨ ਜੀ (ਉਦਾਸੀਨ-ਪੁਰਾਣ ਕਥਾ ਵਾਚੀ)

ਪ੍ਰਸੰਗ ਪਾਇ ਕਰ ਏਤਾ ਕਰਾ॥ ਅਬ ਮੂਲ ਕੋ ਹੀ ਵਰਨਨ ਕਰਤੇ ਹੈ॥ ਅਬ ਤੋ ਸਿਖ ਕਾ ਪ੍ਰਸਨ ਬੰਦ ਭਯਾ॥ ਕਾਹੇਤੇ॥ ਪ੍ਰਥਮ ਤੋ ਗੁਰੋ ਨੇ "ਆਦਿ ਸਚੁ ਜੁਗਾਦਿ ਸਚੁ"- ਇਹੁ

Sri Satguru Jagjit Singh Ji eLibrary NamdhariElibrary@gmail.com

ਧਰਮ ਉਪਦੇਸ ਕੀਆ॥ ਤਿਸ ਪਰ ਤੇ ਸਿਖ ਨਹੀ ਠਹਰਾ॥ ਫੇਰ ਸਰਬ ਬ੍ਰਹਮ ਉਪਦੇਸ ਕੀਆ॥ ਤਿਸ ਕੋ ਭੀ ਸਿਖ ਨੇ ਕਠਨ ਮਾਨਾ॥ ਫੇਰ ਕਰਮ-ਫਲ ਪਰਮੇਸ੍ਵਰ ਅਰਪਨ ਕਰਾ ਤਿਸ ਕੋ ਭੀ ਕਠਨ ਮਾਨਾ॥ ਫੇਰ ਨਾਮ ਕਾ ਉਪਦੇਸ ਕੀਆ, ਇਸ ਕੋ ਕੁਛ ਕਠਨ ਤਾ ਨਹੀ। ਜੈਸੇ 'ਜਪੁ' ਸਕੇ ਤੈਸੇ ਹੀ 'ਜਪੁ', ਤੂੰ ਕਿਤਾਰਥ ਹੋਵੇਗਾ। ਇਸ ਮੋ ਤੋ ਕੁਛ ਖਰਚ ਨਹੀ ਹੋਤਾ॥ ਕਹੀ ਜਾਨਾ ਭੀ ਨਾਹੀ ਪੜਤਾ॥ ਨ ਬੋਝ ਹੀ ਉਠਾਵਨਾ ਪੜਤਾ ਹੈ॥ ਨ ਚੋਟ ਫੇਟ ਹੀ ਲਗਤੀ ਹੈ॥ ਅਬ ਸਿਖ ਕਿਆ ਪ੍ਰਸਨ ਕਰੇਗਾ॥ ਕੁਛ ਭੀ ਤੋ ਨ ਕਰ ਸਕੇਗਾ॥

(ਪਉੜੀ ੨) ਸਿੱਖ ਮੋ ਕਛ ਕਚਾਈ ਨ ਰਹ ਜਾਇ॥ ਭੇ-ਪ੍ਰੀਤ ਦਰਸ਼ਨ ਪੂਰਬਕ, ਔਰ ਭੀ ਗੁਰ ਸੁਗਮ ਤੇ ਸੁਗਮ ਆਪਣਾ ਇਸ਼ਟ ਪ੍ਰਮੇਸ੍ਵਰ ਕੀ ਆਗਿਆ ਉਪਦੇਸ ਕਰਤੇ ਹੈ "ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥" ਆਕਾਰ ਜੋ ਹੈ, ਨਾਨਾ ਪ੍ਰਕਾਰ ਕੇ, ਸਰਬ ਪਰਮੇਸ੍ਵਰ ਕੀ ਆਗਿਆ ਦਵਾਰਾ ਹੀ ਪ੍ਰਾਪਤ ਹੋਤੇ ਹੈ॥ ਪ੍ਰਮੇਸ੍ਵਰ ਕੀ ਇਹੀ ਆਗਿਆ ਹੈ, ਜੈਸਾ ਜੈਸਾ ਕਰਮ ਕਰੇ, ਤੈਸਾ ਤੈਸਾ ਹੀ ਸਰੀਰ ਭੀ ਪਾਵੇ॥ ਹੁਕਮ ਜੋ ਪ੍ਰਮੇਸ੍ਵਰ ਕਾ ਹੈ, ਸੋ ਕਹਾ ਨਹੀ ਜਾਤਾ॥ ਕਾਹੇ-ਤੇ, ਪ੍ਰਮੇਸ੍ਵਰ ਕੀ ਸ੍ਰਿਸਟਾ ਵਿਖੇ ਜੀਵੋ ਕੇ ਸਰੀਰ ਤੋ ਅਨੰਤਾ॥ ਕਿਸ ਕਰਮੁ-ਫਲ, ਕੌਣ ਸਰੀਰ, ਕਿਸ ਨੇ ਪਾਇਆ॥ ਏਤਾ ਗਿਆਨ ਕਿਸ ਕੋ ਹੈ, ਜੋ ਕੋਈ ਕਹੇਗਾ॥

"ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ"॥

ਪ੍ਰਮੇਸ੍ਵਰ ਕੀ ਆਗਿਆ ਤੇ ਹੀ ਸਮਾਨ ਕਰਮੋ ਵਾਲੇ ਸਮਾਨ ਜੀਵ ਹੋਤੇ ਹੈ॥ ਅਰ ਪਰਮੇਸਵਰ ਕੀ ਆਗਿਆ ਤੇ ਹੀ ਉਤਮ-ਕਰਮ ਵਾਲਿਓ ਕੋ ਇੰਦ੍ਰ ਪਦਵੀ ਤੇ ਲੈ ਕਰ ਬਡਾਈ ਕੀ ਪਦਵੀ ਮਿਲਦੀ ਹੈ॥

"ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥

ਉਤਮ, ਨੀਚ, ਸੁਖੁ ਅਰ ਦੁਖ, ਏਹ ਸਭ ਪਰਮੇਸ੍ਵਰ ਕੀ ਆਗਿਆ ਤੇ ਹੀ ਪਰਾਪਤਿ ਹੋਤੇ ਹੈ। ਸੋ ਵਿਧਾਤਾ ਨੇ ਸਭ ਕੇ ਮਸਤਕ ਸਾਥ ਲਿਖ ਦੀਆ ਹੈ॥ ਜੈਸਾ ਕਰਮ ਕਰੇਗਾ, ਤੈਸਾ ਹੀ ਫਲ ਭੀ ਪਾਵੇਗਾ॥

ਇਕਨਾ ਹੁਕਮੀ ਬਖਸੀਸ॥ ਇਕਿ ਹੁਕਮੀ ਸਦਾ ਭਵਾਈਅਹਿ॥

ਏਕ ਐਸੇ ਅਦਵੈਤ ਦਰਸੀ, ਕਰਮ ਫਲ ਤਿਆਗੀ, ਭਜਨ-ਵਾਨ, ਉਤਮ-ਪੁਰਖ ਹੈ॥ ਤਿਨ ਕੋ ਪ੍ਰਮੇਸਵਰ ਕੀ ਆਗਿਆ ਤੇ ਹੀ ਬਖਸ਼ੀਸ਼; ਕਿਆ ਕਹੀਏ, ਮੁਕਤ-ਪਦਵੀ ਮਿਲਤੀ ਹੈ॥ ਤੇ ਆਵਾਗੌਣ ਤੇ ਛੂਟ ਪੜਤੇ ਹੈ॥ ਅਰ ਏਕ ਐਸੇ ਭਜਨ-ਹੀਨ ਭੋਗ ਲੰਪਟ ਨੀਚ ਪੁਰਖ ਹੈਂ॥ ਤੇ ਪ੍ਰਮੇਸ੍ਵਰ ਕੀ ਆਗਿਆ ਤੇ ਸਦਾ ਹੀ ਸੰਸਾਰ ਚਕ੍ਰ ਮੋ ਭ੍ਰਮਾਈਤੇ ਹੀ ਰਹਤੇ ਹੈ॥ ਤਿਨ ਕਾ ਆਵਾਗੌਣ ਕਬੀ ਨਹੀਂ ਛੂਟਤਾ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥

ਸਭ ਕੁਛ ਪਰਮੇਸਵਰ ਕੀ ਆਗਿਆ ਮੋ ਹੀ ਹੈ॥ ਆਗਿਆ ਤੇ ਬਾਹਰ ਕਛ ਭੀ ਨਹੀਂ। ਜੋ ਪ੍ਰਮੇਸਵਰ ਕੀ ਆਗਿਆ ਕੋ ਬੂਝੇਗਾ ਤੋ ਹੰਕਾਰ ਯੁਕਤ ਵਚਨ ਨ ਕਰੇਗਾ॥ ਹੰਕਾਰ ਯੁਕਤ ਵਚਨ ਕਹਣੈ ਵਾਲਾ ਯਦਪਿ ਭਜਨਵਾਨ ਭੀ ਹੈ ਤੋ ਭੀ ਲੋਕ ਤਿਸ ਕੋ ਜਬੂ ਨਾਈ ਮਾਨਤੇ ਹੈ॥ ਜਿਸ ਕੋ ਲੋਕ ਹੀ ਹਛਾ ਨਹੀਂ ਮਾਨਤੇ ਤਿਸ ਕੋ ਪ੍ਰਮੇਸਵਰ ਕਿਆ ਹਛਾ ਮਾਨੇਗਾ॥ ਭਾਉ ਭਗਤ

Sri Satguru Jagjit Singh Ji eLibrary NamdhariElibrary@gmail.com

ਕਰ ਨੀਚ ਸਦਾਏ। ਤਉ ਨਾਨਕ ਮੋਖੰਤਰ ਪਾਏ॥ ਨੀਚ ਨਾਮ ਈਹਾ ਨਿਹ ਅਭਿਮਾਨ ਕਾ ਹੈ, ਚੂਹੜੇ ਚੁਮਾਰ ਕਾ ਨਹੀ॥ ਐਸੀ ਰਹਿਤ ਧਾਰਨ ਕਰੈ, ਲੋਕ ਆਪ ਸੋ ਆਪ ਹੀ ਕਹੈ, ਦੇਖੋ ਤੁ; ਕੈਸਾ ਉਤਮ ਪੁਰਖ ਹੈ, ਇਸ ਕੋ ਭਜਨ, ਤਪ ਕਾ, ਵਿਦਿਆ ਕਾ, ਕਿਸੀ ਬਾਤ ਕਾ ਹੀ ਅਭਿਮਾਨ ਨਹੀ॥ ਜੋ ਐਸਾ ਹੋਵੈਗਾ ਤਬੀ-ਮੁਕਤ ਮਾਰਗ ਮੋ ਪ੍ਰਵੇਸ ਪਾਵੇਗਾ; ਅਭਿਮਾਨੀ ਅਭਮਾਨ ਮੋ ਹੀ ਡੁਬੇਗਾ॥

ਨੰ. 5. ਭਾਈ ਸੰਤੋਖ ਸਿੰਘ ਜੀ ਕਵੀ ਚੂੜਾਮਣੀ (ਨਿਰਮਲ-ਗਿਆਨੀ)

(ਪਉੜੀ ਦੂਜੀ)

ਅਗਾਰੀ ਮਨੁੱਖੀ ਕੋ ਨਿਸਚਾ ਹੁਕਮ ਪਰ ਟਿਕਾਵਨ ਕੇ ਹੇਤ, ਹਉਮੈ ਕੇ ਹਟਾਵਨ ਹਿਤ, ਬਡਿਆਈ ਹੁਕਮ ਕੀ ਬਰਨਨ ਕਰਤੇ ਹੈ:- ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥

ਹੁਕਮਵਾਰੇ ਜੋ ਹੋਇ ਸੋ ਹੁਕਮੀ, ਐਸੇ ਜੋ ਪਰਮੇਸਰ ਹੈ, ਤਿਸ ਕੇ ਹੁਕਮ ਕਰਿ ਆਕਾਰ ਬਨਤ ਹੈ। ਆਕਾਰ ਜੜ, ਜੰਗਮ ਦੇਹ, ਵਾ ਅਕਾਰ ਸਾਰੇ ਬ੍ਰਹਮੰਡ ਕੋ, ਵਾ ਅਨੇਕ ਬ੍ਰਹਮੰਡੋਂ ਕੇ ਆਕਾਰ ਬਨਤ ਹੈਂ। ਪ੍ਰਸ਼ਨ- ਜੇ ਕੋਈ ਪੂਛੈ; ਹੁਕਮਵਾਰੇ ਕੋ ਤੋ ਅੰਤ ਨਹੀਂ ਹੈ, ਤਿਸ ਕੇ ਹੁਕਮ ਕੇ ਤੋ ਪ੍ਰਮਾਨ ਬਤਾਉ? ਉਤਰ- ਤਿਸ ਕੋ ਹੁਕਮ ਭੀ ਕਥਨ ਮੇਂ ਨਹੀਂ ਆਵਤ ਹੈ, ਜੋ ਹੁਕਮ ਕਰਿ ਕਿਤਨੈ ਜੜ ਜੰਗਮ ਜੀਵ ਕਰੈ ਹੈ; ਵਾ ਹੁਕਮ ਕਰਿ ਕਿਤਨੇ ਬ੍ਰਹਮੰਡ ਕਰੇ ਹੈਂ।

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥

ਹੁਕਮਵਾਰੇ ਕੈ ਹੁਕਮ ਤੇ ਹੀ 'ਜੀਅ' ਕਹੀਏ ਜੜ ਜੰਗਮ ਦੇਹੋਂ ਕੇ ਬਿਖੇ ਬ੍ਰਹਮਾ ਐ ਕੀਟੀ ਪ੍ਰਯੰਤ ਹੋਤ ਭਏ। ਵਾ, 'ਜੀਅ' ਨਾਮ ਜਲ ਕੋ ਭੀ ਹੈ। ਹੁਕਮ ਤੇ ਹੀ ਸਰਬ ਤੇ ਪਹਿਲੇ ਜਲ ਹੋਤ ਭਏ। ਵਾ, ਜੀਵ ਭਾਖਾ ਮੈ ਸੂਖਮ ਕੀਟਾਦਿਕ ਜੀਵੋਂ ਕੋ ਭੀ ਕਹਤ ਹੈਂ। ਤਿਸ ਕੇ ਹੁਕਮ ਤੇ ਵਡਿਆਈ ਮਿਲੀ, ਸਭ ਰੀਤਿ ਸੋਂ ਸਮਰਥ ਭਏ। ਧਰਨੀ ਆਦਿ ਉਚਾਵਨ ਕੀ ਸ਼ਕਤਿ ਵਾਰੇ ਭਏ। ਵਾ, ਔਰ ਹਿਕਮਤ ਮੈਂ ਬੁਧਿ ਕਰਿਕੈ ਬਡੈ ਭਏ।

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥

ਹੁਕਮਵਾਰੇ ਜੋ ਪਰਮੇਸੁਰ, ਤਿਸ ਕੇ ਹੁਕਮ ਮੈ ਉਤਮ ਤੇ ਨੀਚ ਬਨ ਜਾਤਿ ਹੈ- ਬਨੈ ਰਾਜਾ ਆਦਿ ਵਾ, ਨੀਚ ਜੋ ਹੈਂ, ਹੁਕਮ ਤੇ ਉਤਮ ਬਨ ਜਾਤਿ ਹੈਂ- ਬਾਲਮੀਕ ਆਦਿ। ਵਾ, ਉਤਮ ਅਰੁ ਨੀਚ ਸਭ ਹੁਕਮ ਤੇ ਹੀ ਬਨਤ ਹੈ, ਆਪ ਤੇ ਕੋਈ ਨਹੀਂ ਬਨ ਸਕਤ ਹੈ। ਅਰ ਹੁਕਮ ਤੇ ਲਿਖੇ ਹੋਏ ਦੁਖ ਸੁਖ ਜੀਵ ਭੋਗਤੇ ਹੈਂ। ਚਿਤ੍ਰ-ਗੁਪਤ ਕੇ ਦਫਤ੍ਰ ਬਿਖੇ ਲਿਖੇ ਹੋਏ, ਵਾ, ਮਸਤਕ ਬਿਖੇ ਲਿਖੈ ਹੋਏ।

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥

ਇਕਨਾ ਕੋ ਹੁਕਮ ਕਰਿ ਬਖਸੀਸ ਹੋਤ ਹੈ। ਇਕ ਹੁਕਮ ਕਰਿ ਸਦਾ ਭਰਮਾਈ ਤੇ ਹੈਂ, ਜੋ ਜਕਤ ਬਿਖੈ ਇਕ ਜਨਮਤ ਮਰਤ ਹੈਂ; ਵਾ, ਨਰਕ, ਸੁਰਗ, ਮ੍ਰਿਤ-ਮੰਡਲ ਤਿਸ ਬਿਖੈ ਇਕ ਆਵਤ ਹੈਂ ਇਕ ਜਾਤ ਹੈਂ।

ਪ੍ਰਸ਼ਨ 'ਹੁਕਮਿ ਮਿਲੈ ਵਡਿਆਈ' ਬਖਸ਼ੀਸ ਕੋ ਅਰਥ ਤੋਂ ਉਹਾਂ ਹੀ ਹੋਇ ਗਯੋ ਯੋ, ਬਹੁੜ ਕਹਿਨੈ ਕੋ ਪ੍ਰਯੋਜਨ ਕੌਨ? ਅਰਥ; ਪੁਨਰੁਕਤਿ ਹੋਤ ਹੈ?

ਉਤਰ- ਬਡੋ ਹੋਨ ਪੁਰਸ਼ਾਰਥ ਤੇ, ਵਾ, ਸ਼ਕਤਿ ਵਿਖੈ, ਇਤਯਾਦਿ। ਔਰ, ਵਡਿਆਈ ਜੋ ਹੈ ਜਗਤ ਮੈਂ ਸੰਤੋ ਕੇ ਮਤਿ ਮੈਂ ਬਖਸ਼ੀਸ਼ ਨਹੀ ਮਾਨਤ ਹੈਂ। ਇਹ ਬਾਤੈਂ ਤੋ ਜੋ ਨੀਚ ਕਰਮ

Sri Satguru Jagjit Singh Ji eLibrary NamdhariElibrary@gmail.com

ਕਰਤ ਹੈਂ: ਦੈਂਤ ਪਿਸ਼ਾਚ, ਰਾਖਸ਼ ਔ ਰਾਜਨ ਮੈਂ ਭੀ ਹੋਤ ਹੈ। ਬਖਸ਼ੀਸ ਸਤਿਨਾਮ ਕੋ ਸਿਮਰਨ, ਤਿਸ ਤੇ ਗਯਾਨ ਕੀ ਪ੍ਰਾਪਤਿ, ਬਹੁੜਿ ਸਰੂਪ ਮੈਂ ਲੀਨ ਹੋਣਾ, ਪਰਮੇਸੁਰ ਪ੍ਰਸੰਨ ਹੋਇ ਕਰਿ ਜਿਸ ਕੇ ਬਖਸੇ ਹੈ, ਯਾਂਕੇ ਨਾਮ ਬਖਸ਼ੀਸ਼। ਇਸ ਤੋਂ ਬਿਨਾਂ ਔਰ ਜ਼ੋਤੀ ਹੈਂ ਤਿਨ ਕੇ ਨਾਮ ਬਡਿਆਈ ਹੈ। ਜਹਾਂ ਜੀਅ ਸੂਖਮ ਕਏ ਤਹਾਂ ਬਡਿਆਈ ਪਦ ਕਹਯੋ। ਜਹਾਂ ਜਨਮ ਮਰਨ ਕਹੈ ਤਹਾਂ ਬਖਸ਼ੀਸ਼ ਸਤਿਨਾਮ ਕੀ ਕਹੀ ਇਸੀ ਕਾਰਨ ਤੈ। ਇਤਯਰਥ।

ਇਨ ਚਾਰਨਿ ਹੂੰ ਤੁਕਨ ਮੇਂ ਤੀਜੋ ਆਬ੍ਰਿਤ ਦੀਪਕ ਅਲੰਕਾਰ ਹੈ।

ਲੱਛਨ-ਪਦ ਅਰੁ ਅਰਥ ਏਕ ਹੀ ਹੋਇ।

ਬਹੁਤ ਬੈਰ ਆਵਹਿ ਜਹਿੰ ਸੋਇ।

'ਤੀਜੋ ਆਬ੍ਰਿਤ ਦੀਪਕ' ਲੱਛਨ।

ਮਨ ਮਾਨਤ ਹੈਂ ਮਨੁਜ਼ ਬਿਚੰਛਨ।

'ਹੁਕਮ' ਪਦ ਏਕ ਬਹੁਤ ਬੇਰ ਆਯੋ, ਅਰਥ ਭੀ ਏਕ ਹੀ ਰਹਾਯੋ। ਉਭਯਾਬ੍ਰਿਤ ਦੀਪਕ ਭੀ ਯਾਂਕੇ ਨਾਮ ਹੈ:-

ਔਰ ਇਨ ਚਾਰਹੂੰ ਤੁਕਨ ਮੈਂ ਪਰਕਰਾਲੰਕਾਰ ਹੈ।

ਲੱਛਨ- ਜਹਾਂ ਬਿਸ਼ੇਖਨ ਸਾਭਿਪ੍ਰਾਯ।

'ਪਰਕਰ ਸੂਖਨ' ਸੋਇ ਗਿਨਾਯ।

'ਹੁਕਮੀਂ' ਪਰਮੈਸਰ ਕੋ ਖਨਹੈ, ਸੋ ਅਭਿਪ੍ਰਾਯ ਕੇ ਸਹਤ ਹੈ। ਯਾਤੇ ਪਰਕਰਭਯੋ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥

ਸਰਬ ਜੋ ਸ੍ਰਿਸ਼ਟੀ, ਬ੍ਰਹਮਾ ਅਰ ਕੀਟੀ ਪ੍ਰਯੰਤ, ਪਰਮੇਸਰ ਕੇ ਹੁਕਮ ਬਿਖੇ ਰਹਤ ਹੈ ਬਿਨਾ ਹੁਕਮ ਤੇ ਨਹੀਂ ਕਿਸੀ ਕੋ ਕੋਈ ਮਾਰ ਸਕਤ ਹੈ, ਨਾ ਹੀ ਜੀਵਾਇ ਸਕਤ ਹੈ। ਇਸ ਤੋ ਆਦਿ ਔਰ ਜੇਤੇ ਸਰਬ ਕਰਮ ਹੈਂ, ਜੈਸੇ ਪਰਮੇਸਰ ਪ੍ਰੇਰਕ ਕਰਾਵਤ ਹੈ ਤੈਸੇ ਕਰਤ ਹੈਂ: ਜੈਸੇ ਪੁਤਲੀ ਕੋ ਬਾਜੀਗਰ ਜਿਉਂ ਨਚਾਵਤ ਹੈ ਤਿਉਂ ਨਾਚਤੀ ਹੈ। ਪੁਤਲੀ ਸੁਤੰਤ੍ਰ ਹੋਇ ਕੁਛ ਨਹੀਂ ਕਰਿ ਸਕਤਿ ਹੈ। ਤੈਸੇ ਸਰਬ ਜੀਵ ਹੈਂ।

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥2॥

ਸ੍ਰੀ ਨਾਨਕ ਜੀ ਕਹਤ ਹੈ: ਤਿਸ ਕੇ ਹੁਕਮ ਕੋ 'ਬੂਝੈ', ਕਿਆ ਜਾਣੇ, ਜੋ ਹੁਕਮ ਬਿਨਾਂ ਕੁਛ ਨਹੀਂ ਹੋ ਸਕਤਿ ਹੈ ਤਬ ਬੂਝਨਹਾਰੋ ਐਸੇ ਹਉਮੈ ਨਹੀਂ ਕਰਤ ਹੈ ਜੋ ਅਮਕਾ ਕਰਮ ਮੈਨੇ ਕਰਿਆ ਹੈ, ਵਾ ਕਰਤ ਹੈ, ਵਾ ਕਰਨੇ ਹੈ, ਮੈਂ ਸਮਰਥਵਾਨ ਹੋਂ, ਮੈਂ ਵਿਦਯਾਵਾਨ ਹੋਂ, ਐਸੇ ਨਹੀਂ ਕਹਤ ਹੈ, ਸੰਤ ਜਨ ਜਾਨਤ ਹੈਂ: ਸਰਬ ਕੁਛ ਕਰਨਹਾਰ ਪਰਮੇਸੁਰ ਹੈ। ਜੈਸੇ ਜੰਗ ਖਿਲਾਰ ਕੇ ਅਨੁਸਾਰ ਹੋਤੀ ਹੈ, ਚਾਹੇ ਊਚੇ ਕਰੈ ਚਾਹੇ ਨੀਚੇ ਕਰੈ। ਜੰਗ ਕੇ ਅਧੀਨ ਊਚੇ ਨੀਚੇ ਦੇਨੇ ਨਹੀਂ ਹੈ। 'ਹੁਕਮਿ ਰਜਾਈ ਚਲਣਾ'। ਪੂਰਬ ਇਸ ਤੁਕ ਮੈਂ ਪਰਮੇਸਰ ਕੇ ਹੁਕਮ ਕਰਿ ਦੁਖ ਆਨ ਪ੍ਰਾਪਤਿ ਹੋਇ ਤ ਹੁਕਮ ਕੋ ਮਾਨਿ ਰਾਜੀ ਰਹਨੋ ਪਰਮੇਸਰ ਕੀ ਦ੍ਰਿਸ਼ ਤੇ। ਕਿਉਂਕਿ ਪਰਮੇਸਰ ਅਨਿਆਇ ਤੋ ਕਬਹੂੰ ਨਹੀਂ ਕਰਤ ਹੈ, ਹਮਾਰੇ ਕਰਮਨ ਕੋ ਫਲ ਹੈ, ਐਸੇ ਇਰਾਦੇ; ਇਹ ਉਪਦੇਸ਼ਯ, 'ਨਾਨਕ ਹੁਕਮੈ ਜੇ ਬੁਝੈ' ਇਸ ਤੁਕ ਮੇਂ ਪਰਮੇਸਰ ਕੋ ਹੁਕਮ ਤੇ ਪਦਾਰਥ ਅਰੁ ਸਰਬ ਸੁਖ ਆਨ ਪ੍ਰਾਪਤਿ ਹੋਇ' ਤੋ ਅਹੰਤਾ ਨਹੀਂ ਕਰਨੀ, ਯਹ ਉਪਦੇਸ਼ਯੋ। ਸਿਧਾਂਤ ਇਹ

Sri Satguru Jagjit Singh Ji eLibrary NamdhariElibrary@gmail.com

ਭਯਾ:- ਪ੍ਰਾਣੀਓ ਕੀ ਦੋ ਅਵਸਥਾ ਹੋਤੀ ਹੈਂ, ਦੁਖ ਕੀ ਅਰੁ ਸੁਖ ਕੀ, ਰੰਕ ਔਰ ਰਾਜਾ ਸੋ ਦੋਊ ਦਸ਼ਾਨਿ ਵਾਰੋ ਕੋ ਉਪਦੇਸ਼ ਭਯੋ।

ਪ੍ਰਸ਼ਨ:- ਈਹਾਂ ਦੁਖ ਸੁਖ ਦੋਊ ਤੁਕਨ ਮੇਂ ਨਹੀਂ ਹੈ। ਅਰਥ ਤਿਨ ਕੋ ਕੈਸੇ ਭਯੋ? ਉੱਤਰ- ਈਹਾਂ 'ਆਛੇਪਾਖਯਾਬ੍ਰਿਤਾ' ਸੋਂ ਅਰਥ ਹੋਤ ਹੈ। ਜਹਾਂ ਊਪਰਿ ਸੋਂ ਅਰਥ ਆਵੈ ਇਹ ਲਛਨ ਹੈ ਯਾਂਕੋ। ਅਧਯਾਹਾਰ ਭੀ ਯਾਂਕੇ ਨਾਮ ਹੈ। ਬਯੰਜਨਾ ਮੈਂ ਭੀ ਅੰਤਰਭਤ ਇਸ ਕੋ ਪੰਡਿਤ ਕਹਤ ਹੈ। ਊਪਰ ਸੋਂ ਐਸੇ ਅਰਥ ਆਯੋਂ:- ਰਾਜ਼ੀ ਰਹਿਨੇ ਕਿਸ ਦਸ਼ਾ ਮੈਂ ਕਹਯੋ? ਸੁਖ ਪਦਾਰਥਨ ਮੈਂ ਤੋਂ ਸਰਬ ਹੀ ਰਾਜ਼ੀ ਰਹਤ ਹੈਂ, ਤਿਨ ਕੇ ਤੋ ਉਪਦੇਸ਼ ਬਨਤ ਹੀ ਨਹੀਂ। ਦੁੱਖ ਮੇਂ ਸਰਬ ਕੋ ਰਾਜ਼ੀ ਹੋਤ ਹੈ, ਯਾਂਤੇ ਰਾਜ਼ੀ ਪਦ ਮੋਂ 'ਲਿਖਿਆ ਨਾਲਿ' ਇਸ ਪਦ ਮੇਂ ਅਬਯਾਹਾਰ ਊਪਰ ਤੇ 'ਦੁਖ' ਪਦ ਆਯੋ। ਤਿਸੀ ਰੀਤਿ ਹਉਮੈ ਕੇ। ਤਯਾਗਨ ਕੇ ਅਰਥ ਭਯੋ। ਦੁਖ ਮੈਂ ਤੇ ਹੋਮੈ ਸਰਬ ਹੀ ਤਯਾਗਤ ਹੈ, ਕਹਤ ਹੈ ਪਰਮੇਸ੍ਵਰ ਨੇ ਦੁਖ ਦੀਉ ਦਵਾ ਕਰਮਨਿ ਨੇ ਦੁਖ ਦੀਓ, ਯਾਤੇ ਉਪਦੇਸ਼ ਤਿਨ ਕੋ ਨ ਬਨੇ। ਅਰ ਸੁਖ ਮੈਂ ਕਹਤ ਹੈਂ ਇਹ ਬਾਤ ਹਮ ਨੇ ਕਰੀ, ਅਮਕੋ ਕਾਰਜ ਬਡੇ ਬਲ ਸੋਂ ਵਾ ਬਡੀ ਸੁਧਿ ਸੋਂ ਹਮ ਨੇ ਕਰਯੋ, ਹਮ ਨੇ ਜੰਗ ਕਰਯੋ, ਹਮ ਨੇ ਸ਼ੁਭ ਕਰਮ ਕਰਯੋ, ਇਤਯਾਦਿਕ ਹਉਮੈ ਕੈ ਬਿਖੇ ਫਸਤੇ ਹੈ। ਇਸੀ ਤੇ 'ਸੁਖ' ਪਦ ਊਪਰ ਸੇ ਆਯੋ। ਜੋ ਕਿਤਨੇ ਹੀ ਸੁਖ ਪਾਇ ਅਰੁ ਸਭ ਕਾਰਜ ਕਰਤਾ ਹੁਆ ਹਉਮੈ ਕੋ ਤਯਾਗੇ। ਜੋ ਪਰਮੇਸ੍ਵਰ ਕੇ ਭਾਣਾ ਮਾਨੇਂਗੇ, ਤਿਸੀ ਤੇ ਹਉਮੈ ਛੁਟੈਗੀ। ਜੋ ਹਉਮੈ ਕੋ ਤਜੈਗਾ ਸੋ ਨਾਮ ਕੇ ਸਿਮਰਨ ਕੇ ਅਧਿਕਾਰੀ ਹੋਇਗੇ। ਭਾਣਾ ਮਾਨੇ ਬਿਨਾ ਅਰ ਹਉਮੈ ਕੋ ਤਿਆਗੈ ਬਿਨਾ ਨਾਮ ਕਾ ਅਧਿਕਾਰ ਨਹੀਂ ਹੋਤਾ। ਇਸ ਪਰ ਪ੍ਰਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋ:-

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥

ਇਸੀ ਬਾਤ ਤੇ ਜਾਣੀਤਾ ਹੈ ਜੋ ਸ੍ਰੀ ਗ੍ਰੰਥ ਸਾਹਿਬ ਮੈਂ ਜੇਤੇ ਫਲੁ ਨਾਮ ਕੋ ਕਹਯ ਹੈ ਸੋ ਲੋਕਨ ਕੋ ਪ੍ਰਾਪਤੁ ਨਹੀਂ ਹੋਤ ਹੈ। ਜੈਸੇ ਜ਼ਮੀਨ ਕੋ ਹਲੁ ਬਾਹੇ ਸਵਾਰੇ ਬਿਨਾ ਜੋ ਬੋਵਤੇ ਹੈਂ, ਤਿਨ ਕੋ ਫਲ ਤੁਛ ਹੀ ਪ੍ਰਾਪਤ ਹੋਤਾ ਹੈ। ਜੋ ਜ਼ਿਮੀਨ ਕੋ ਸਵਾਰਿ ਕੇ ਬੋਵਤੇ ਹੈਂ ਸੋ ਸੰਪੂਰਨ ਫਲ ਲੇਤੇ ਹੈਂ। ਇਸੀ ਰੀਤਿ ਸੋ ਭਾਣਾ ਮਾਨਣੋ ਅਰ ਹਉਮੈ ਕੋ ਤਜਣ ਇਨ ਤੇ ਅੰਤਰਕਰਣ ਸ਼ੁਧ ਹੋਤਾ ਹੈ। ਫੇਰ ਸਤਿਨਾਮ ਕੋ ਸਿਰਮਨ ਕਰਨੋ ਤਬ ਸੰਪੂਰਨ ਫਲੁ ਪ੍ਰਾਪਤਿ ਹੋਤ ਹੈ। ਇਸੀ ਕਾਰਣ ਤੇ ਮੁਮੋਖੀ ਕੋ ਅੰਤਰਕਰਣ ਸ਼ੁੱਧ ਕਰਨ ਹਿਤ ਨਾਮ ਸਿਮਰਨ ਕੇ ਸਾਧਨ ਕਹੇ, ਪੂਰਬ ਸਾਧਨ ਕਹਿ ਕੇ ਪੀਛੇ ਸਿਧ ਨਾਮ ਕੇ ਸਿਮਰਨ ਗਯਾਨ ਪ੍ਰਾਪਤਿ ਸੋ ਕਹੈਯੇ, ਇਤਯਰਥ।

ਈਹਾ ਸਰਬ ਪੌੜੀ ਕੇ ਬਿਖੈ ਪ੍ਰਯਾਯਕਤਿ ਪਹਿਲਾ ਅਲੰਕਾਰ ਹੈ।

ਲੱਛਨ- 'ਪ੍ਰਯਾਯਕਤਿ' ਹੈ ਬਿਧਿ ਦੋਇ।
ਰਚਨਾ ਸੋਂ ਜਿਹ ਬਚਨੁ ਜੁ ਹੋਇ।
ਦੁਤੀਓ: ਛਲ ਕਰਿ ਸਾਧੇ ਕਾਜ਼।
ਯੇ ਲੱਛਨ ਭਾਵੇ ਕਵਿਰਾਜ।

ਈਹਾ ਹਉਮੈ ਛੁਟਾਵਨ ਕੋ ਉਪਦੇਸ਼ ਦੇਨੋ ਹੁਤੇ, ਸੋ ਹੁਕਮ ਕੋ ਬਰਨਨ ਕਰਿ ਕੇ ਏਕ ਰੀਤਿ ਸੋਂ ਯਾਂਤੇ ਪ੍ਰਯਾਯੋਕਿਤ। ਦੂਸਰੇ ਸੰਭਾਵਨਾਲੰਕਾਰ ਭੀ ਉੜ੍ ਕੀ ਤੁਕ ਮੈਂ ਹੈ।

ਲੱਛਨ- ਇਉਂ ਜੇ ਹੋਇ ਤ ਇਉਂ ਇਹ ਹੋਇ।

Sri Satguru Jagjit Singh Ji eLibrary NamdhariElibrary@gmail.com

ਇਸ ਪ੍ਰਕਾਰ ਜਹਿਂ ਤੁਕ ਮੈਂ ਜੋਇ।
ਤਹਿਂ 'ਸੰਭਾਵਨਾ' ਹੈ ਅਲੰਕਾਰ।
ਕਵਿ ਜਨ ਯਾਂਕੋ ਕਰਿਹਂ ਬਿਚਾਰ।
ਹੁਕਮ ਜੇ ਬੂਝੇ ਤਉ ਹਉਮੈ ਨਹੀਂ ਕਰੇ॥ ਯਾਂਤੇ ਸੰਭਾਵਨਾਲੰਕਾਰ ਭਯੋ॥ 2॥

ਨੰ. 6. ਨਿਰਮਲ ਸੰਤ ਪੰਡਿਤ ਤਾਰਾ ਸਿੰਘ ਜੀ 'ਨਰੋਤਮ' (ਖਟ-ਦਰਸ਼ਨੀ)

ਹੁਕਮੀ ਹੋਵਨਿ ਆਕਾਰ

ਹੁਕਮੀ ਇਤਿ ਕਹੀਯੇ ਹੁਕਮ ਵਾਲੇ ਮਾਯੀ ਈਸ੍ਵਰ ਸੇ ਹੀ ਹੋਵਨ ਬਨੇ ਹੈ॥ ਸੰਪੂਰਣ ਸੂਖਮ-ਸਥੂਲ ਪ੍ਰਪੰਚ ਕੇ ਆਕਾਰ ਨਾਮ ਚਰਾਚਰ ਸ੍ਵਰੂਪ ਮਾਯਾ ਹੀਨ ਕੇਵਲ ਸੇ ਕੋਈ ਨਹੀਂ ਬਨੇ॥ ਯਾਤੇ ਮਾਯੀ ਕੇ ਰਚੇ ਆਕਾਰੋ ਮਾਯਾ ਕੇ ਸਹਿਤ ਧੂਮ-ਪਹਾਰ ਵਤ ਝੂਠੇ ਹੋਨੇ ਸੇ ਸਤਯ ਵਸਤੂ ਵਾ ਸਤਯ ਤੇ ਅਦੁਤੀ ਹੈ॥ ਸਤਯਵਾਦੀ ਬਨਨੇ ਹੇਤ ਤਿਸ ਮੈ ਤੂ ਚਿਤ ਕੀ ਥਿਤੀ ਕਰ॥ ਹੇ ਗੁਰੋ! ਕਰੋਗੇ ਤਿਸੁ ਸੇ ਚਿਤ ਕੀ ਥਿਤੀ॥ ਪਰੰਤੂ ਪਹਲੇ ਆਪ ਮੇਰੇ ਕੋ ਉਸ ਅਦੁਤੀ ਕਾ ਸ੍ਵਰੂਪ ਕਥਨ ਕਰੋ॥ ਯਹ ਸੁਨ ਕਰ ਗੁਰੂ ਕਹੇ।

ਹੁਕਮੁ ਨ ਕਹਿਆ ਜਾਈ॥

ਹੁਕਮਇਤਿ॥ ਹੁਕਮ ਕਹੀਯੇ ਐ ਸਤਿਨਾਮ ਰੂਪ ਪਰ ਕੀ ਆਗਯਾ ਰੂਪ ਹੁਕਮ ਸੈ ਭੀ ਲਖਣਾਬਿਨਾ ਸਕਤੀ-ਬ੍ਰਿਤੀ ਦ੍ਵਾਰਾ ਅਦੁਤੀ ਕਾ ਸ੍ਵਰੂਪ ਨ ਕਹਿਆ ਜਾਈ ਨਹੀਂ ਕਹਿਆ ਜਾਵੈ॥ ਯਾਤੇ ਹਮ ਉਸ ਕੇ ਸ੍ਵਰੂਪ ਕੋ ਸਾਖਯਾਤ ਕੈਸੇ ਕਰੇਂ? ਭਾਵ ਯਹ, ਆਗਯਾ ਕੇ ਅਨੁਸਾਰੀ ਹੋਨੇ ਤੇ ਨਹੀ ਕਹਤੇ॥ ਸਾਖਯਾਤ ਨਾ ਕਹਨਾ "ਜਿਸ ਕੋ ਮਨ, ਬਾਣੀ ਨਹੀ ਵਿਖਯ ਕਰਤੇ", ਐਸੇ ਵੇਦ ਮੈ ਕਹਯਾ ਹੈ॥ ਅਰ ਗੁਰੁ ਭੀ ਸੁਖਮਨੀ ਮੇਂ ਕਹਤੇ ਹੈਂ "ਮਹਿਮਾ ਨ ਜਾਨੇ ਵੇਦ", "ਸਾਧ ਕੀ ਮਹਿਮਾ ਵੇਦ ਨ ਜਾਨੇ ਪਰਮਾਤਮਾ ਕੇ ਸ੍ਵਰੂਪ ਕੇ ਮਹਤਵ ਕੋ ਸ਼ਕਤੀ-ਬ੍ਰਿਤੀ ਸੇ ਨਹੀਂ ਜਾਨਤਾ, ਵੇਦ ਯਹ ਪਹਲੀ ਕਾ ਅਰਥ ਹੈ॥ ਅਰ ਸਾਧੋ ਨਾਮ ਬ੍ਰਹਮਗਯਾਨੀ ਕੇ ਅਦੁਤੀ ਸ੍ਵਰੂਪ ਕੀ ਮਹਿਮਾ ਕੋ ਸ਼ਕਤੀ-ਬ੍ਰਿਤੀ ਦ੍ਵਾਰਾ ਵੇਦ ਨਹੀ ਜਾਨਤਾ; ਲਖਣਾ ਸੈ ਜਾਨੇ ਹੈ॥ ਯਹ ਦੂਸਰੀ ਦਾ ਅਰਥ ਹੈ॥ ਲਖਣਾ ਸੈਭੀ ਜਾਨਨਾ ਨਾਮਾਨੇਗੈ ਤਬ ਲਿਖਯਾ ਹੈ "ਏਕ ਸੁਧਾਖਰ ਜਾਕੇ ਹਿਰਦੇ ਵਸਿਆ ਤਿਨ ਵੇਦਹਿ ਤਤ ਪਛਾਨਿਆ" ਏਕ-ਸੁਧ-ਅਖਰ ਪਰਮਾਤਮਾ ਜਿਸ ਕੇ ਬਿਚਾਰ ਦ੍ਵਾਰਾ ਹਿਰਦੇ ਮੇ ਬਸਿਆ ਹੈ ਉਸ ਨੇ ਲਖਣਾ ਮੇਂ ਵੈਸੇ ਸ੍ਵਰੂਪ ਦਾ ਵੇਦ ਬੋਧਨ ਕਰੈ ਹੈ॥ ਯਹ ਵੇਦ ਦਾ ਤਤ੍ਵ ਪਛਾਨਿਆ ਹੈ॥ ਰਹੋ ਅਧਿਕ ਬਿਚਾਰ ਮੂਲ ਮੇਂ ਚਲੇ ਹੈਂ॥ ਹੇ ਗੁਰੋ! ਲਖਣਾ ਮੇਂ ਬਿਨਾ ਜਿਸ ਕੋ ਸ਼ੁਤੀ ਨਹੀ ਕਹਤੀ, ਉਸ ਅਦੁਤੀ ਸ੍ਵਰੂਪ ਕੋ ਹਮ ਭੀ ਨਹੀ ਕਹਤੇ, ਯਹ ਮੇਰੇ ਕੋ ਆਪਣੇ ਅਦੁਤੀ-ਸਤਯ ਮੈ ਚਿਤ ਕੀ ਥਿਤੀ ਕਰਾ ਕਰ ਸਤਯਵਾਦੀ ਬਨਾਵਨ ਹੇਤ ਪੂਰਬ ਕਹਯਾ॥ ਉਸ ਮੇ ਸੇ ਯਹ ਪੂਛਤਾ ਹੋ, ਕਿਆ ਸਤਯਵਾਦੀ ਬਨਨਾ ਹੀ ਅਦੁਤੀ ਸਤਯ ਮੈ ਚਿਤ ਥਿਤੀ ਕਰਨੇ ਕਾ ਫਲ ਹੈ? ਅਥਵਾ, ਕੁਛ ਔਰ ਭੀ ਹੈ? ਤਹਾ ਗੁਰੂ ਕਹਤੇ ਹੈਂ-

ਹੁਕਮੀ ਹੋਵਨਿ ਜੀਅ

ਹੁਕਮੀਇਤਿ, ਜੋ ਅਦੁਤੀ-ਸਤਯ ਮੈ ਚਿਤ ਥਿਤੀ ਵਾਲੇ ਜੀਵ ਹੈ, ਵਹੁ ਹੁਕਮੀ ਕਹੀਯੈ ਵੈਦਾਦਿ ਰੂਪ ਆਗਯਾ ਨੇ ਬ੍ਰਹਮ ਕਾ ਰੂਪ ਹੀ ਹੋਵਨ ਨਾਮ ਹੈ॥ ਇਸੀ ਭਾਵ ਸੈ ਗੁਰੁ ਲਿਖਤੇ ਹੈ "ਜਿਨਿ ਜਾਤਾ ਸੋ ਤਿਸ ਹੀ ਜੇਹਾ", "ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸਰ", "ਨਾਨਕ

Sri Satguru Jagjit Singh Ji eLibrary NamdhariElibrary@gmail.com

ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗ ਪਾਨੀ", ਇਤਿ, ਵੇਦ ਭੀ ਲਿਖੇ ਹੈ "ਜਿਸ ਜਿਸ ਨੋ ਦੇਵਤਾਯੋ ਮੇ ਸੇ ਜਾਨਿਆ, ਸੋਈ ਤਤ ਸ੍ਵਰੂਪ ਹੁਯਾ" ਔਰ "ਬ੍ਰਹਮ ਕੋ ਜਾਨ ਕੇ ਬ੍ਰਹਮ ਹੀ ਹੋਵੇ ਹੈ" ਯਾਤੇ ਅਦੁਤੀ-ਸਤ ਮੈ ਚਿਤ ਕੀ ਥਿਤੀ ਕਾ ਕੇਵਲ ਸਤਸ-ਵਾਦੀ ਬਨਨਾ ਹੀ ਫਲ ਨਹੀ ਹੈ, ਬ੍ਰਹਮ ਰੂਪ ਹੋਨਾ ਭੀ ਤਿਸ ਕਾ ਫਲ ਹੈ॥ ਸੋ ਯਹ ਬ੍ਰਹਮ-ਰੂਪ ਹੋਨਾ ਹੀ ਇਸ ਮਤ ਮੇ ਮੁਕਤੀ ਹੈ॥ ਅਗੇ ਤਿਸ ਕਾ ਦਰਵਾਜਾ ਕੇਵਲ ਗੁਰੁ ਕੇ ਉਪਦੇਸ-ਜਨ-ਗਯਾਨ ਹੀ ਹੈ, ਔਰ ਕੋਈ ਨਹੀ, ਯਹ ਕਹੈ ਹੈ-

ਹੁਕਮਿ ਮਿਲੈ ਵਡਿਆਈ॥

ਹੁਕਮਇਤਿ॥ ਜੋ ਅਧਿਕਾਰੀ ਪੁਰਖ ਹੁਕਮ ਕੋ ਅਪਨੇ ਸ੍ਵਰੂਪ ਕਾ ਬੋਧਕ ਜਾਨ ਕੇ ਉਸ ਕਾ ਬਿਚਾਰ ਕਰਤੇ ਹੈ, ਤਿਸ ਕੋ "ਆਤਮਾ ਰਾਮ ਰਾਮ ਹੈ ਆਤਮ ਹਰਿ ਪਾਈਐ ਸਬਦ ਵਿਚਾਰਾ ਹੇ"॥ "ਗੁਰਮੁਖ ਗਿਆਨ ਤਤ ਬੀਚਾਰ ਜੋਤੀ ਜੋਤਿ ਮਿਲਾਯੇ", "ਗੁਰਸਬਦ ਦ੍ਰਿੜਾਇਆ ਪਰਮਪਦ ਪਾਇਆ ਦੁਤੀਆ ਗਏ ਸੁਖ ਹੋਊ", ਇਤਿਯਾਦੀ ਬਚਨੋ ਸੇ ਅਤੁਤੀ-ਸਤਯ ਕਾ ਸਾਖਾਯਾਤਕਾਰ ਹੋਕੇ "ਮਿਲੇ ਵਡਿਆਈ', ਕਹੀਯੈ "ਜਬ ਇਸ ਸੇ ਸਭ ਬਿਨਸੇ ਭਰਮਾ, ਭੇਦ ਨਾਹੀ ਹੈ ਪਾਰਬ੍ਰਹਮਾ" ਇਤਯਾਦੀ ਗੁਰ ਬਚਨ ਮੇ ਕਹੀ ਪਾਰਬ੍ਰਹਮ ਸ੍ਵਰੂਪ ਹੋਨਾ ਰੂਪ ਵਡਿਆਈ ਮਿਲੇ ਹੈ॥ ਇਸ ਪ੍ਰਕਾਰ ਈਸ੍ਵਰ ਕੀ ਆਗਯਾ ਕੇ ਅਨੁਸਾਰ ਕੋ ਤਿਸ ਕੇ ਬਿਚਾਰ ਮੇਂ ਬ੍ਰਹਮ-ਸ੍ਵਰੂਪ ਹੋਨਾ ਰੂਪ ਮੁਕਤੀ ਕੋ ਕਹ ਕਰ ਤਿਸ ਆਗਯ ਮੇ ਉਲਟੇ ਚਲਨੇ ਵਲਿਆ ਕੋ ਉਤਮ ਔ ਮਧਮ ਰੂਪ ਜੂਠੇ ਕੀ ਪ੍ਰਾਪਤੀ ਕਹਤੇ ਹੈਂ।

ਹੁਕਮੀ ਇਤੇ। ਹੁਕਮ ਵਾਲੇ ਈਸ੍ਵਰ ਕਰਤਾ ਮੇਂ ਹੀ ਉਤਮ ਕਹੀਯੇ ਵੇਦ ਮੇ ਕਹੀ ਉਪਾਸਨਾ ਸੁਭ-ਕਰਮੋ ਕੇ ਕਰਨੇ ਵਾਲੇ, ਔ ਨਿਖਿਧ ਭੂਤਾਦਿਕੋ ਕੀ ਉਪਾਸਨਾ ਕੇ ਕਰਨੇ ਵਾਲੇ ਹੋਤੇ ਹੈ॥ ਇਸੀ ਬਾਤ ਕੋ ਗੁਰੁ ਕਹਤੇ ਹੈ, "ਆਪੇ ਔਝਿੜ ਪਾਇਦਾ ਪਿਆਰਾ ਆਪਿ ਵਿਖਾਲੇ ਰਾਹੁ।" ਵੇਦ ਭੀ ਕਹੇ ਹੈ॥ ਪਰਮੇਸ੍ਵਰ ਹੀ ਉਸ ਸੇ ਸੁਭ ਕਰਾਵੇ ਹੈ ਜਿਸ ਕੋ ਈਹਾ ਸੇ ਉਤਮ-ਲੋਕੋ ਮੇਂ ਲੇਜਾਨਾ ਚਾਹੇ ਹੈ, ਅਰ ਪਰਮੇਸ੍ਵਰ ਹੀ ਉਸ ਸੇ ਅਸੁਧ-ਕਰਮ ਕਰਵਾਹੇ ਜਿਸਕੋ ਈਹਾ ਸੇ ਨਿਖਿਧ-ਲੋਕੋ ਮੇ ਲੈਜਾਨਾ ਚਾਹੇ ਹੈ, ਤਿਨ ਲੋਕੋ ਮੇਂ ਜਾਕਰ ਜੋ ਵਹੁ ਹੁਕਮ ਕੇ ਅਨੁਸਾਰ ਪਾਵੇ ਹੈ, ਜਿਸ ਸੋ ਕਹੇ ਹੁਕਮਾਈਤੀ॥ ਵੰਦਿ ਰੂਪ ਹੁਕਮੈ ਜੋ ਲਿਖਿਆ ਹੈ, ਪੁੰਨਕਰਮ ਸੇ ਸੁਖੀ ਹੋਵੇ ਹੈ॥ ਪਾਪ ਸੇ ਦੁਖੀ ਹੋਵੇ॥ ਤਿਨ ਲੋਕ ਮੇ ਜਾ ਕਰ ਇਸ ਲੇਖੇ ਹੁਕਮ ਕੇ ਅਨੁਸਾਰ ਪਾਪੀਯੋ ਨੇ ਨਾਮ ਦੁਖ ਪਾਈਦਾ ਹੈ ਅਰ ਪੁਨੀਯੋ ਤੇ ਸੁਖ ਪਾਈਦਾ ਹੈ॥ ਭਾਵ ਯਹ, ਪੁਨੀ ਸੁਖ ਪਾਵੇ ਹੈ॥ ਅਰ ਪਾਪੀ ਦੁਖ ਪਾਵੇ ਹੈ ਇਸੀ ਬਾਤ ਕੋ ਗੁਰੂ ਅਨੇਕ ਸਥਾਨੋ ਮੇਂ ਲਿਖੇ ਹੈ॥ ਹਰਿ ਪਾਪੀਆ ਕੋ ਦੰਡ ਦੇਵੇ ਹੈ, ਧਰਮੀਯੋ ਕਾ ਜੈਕਾਰ ਕਰਾਵੈ ਹੈ। ਇਸ ਪ੍ਰਕਾਰ ਉਤਮੋਂ ਕੋ ਸੁਖ ਭੋਗ, ਔ ਨੀਚੋ ਕੋ ਦੁਖ ਕਾ ਭੋਗ ਕਹ ਕੇ, ਅਬ ਗੁਰੂ ਉਤਮੋ ਮੈਂ ਔਰ ਬਿਸੇਖ ਕਰਤੇ ਹੈਂ-

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥

ਇਕਨਾਇਤਿ॥ ਤਿਨ ਉਤਮੋ ਮੈ ਸੇ ਭੀ ਇਕ ਦਾ ਨਾਮ, ਨਿਸਕਾਮ-ਕਰਮ ਕਰ ਈਸ੍ਵਰ ਕੋ ਪ੍ਰਸਨ ਕਰਨ ਵਾਲਿਆਂ ਕੋ ਅਵਤਾਰ ਰੂਪ ਹੋ ਕਰ ਉਤਰੈ॥ ਤਿਸ ਹੁਕਮੀ ਸੈ, ਵਾ ਮੁਕਤੀ ਦਾਤਾ ਉਪਦੇਸ਼ ਕਰਨੇ ਹੈਤ ਬ੍ਰਹਮ-ਵੇਤਾ ਗੁਰੂ ਰੂਪ ਹੂਜੇ॥ ਤਿਸ ਹੁਕਮੀ ਸੇ ਸੰਸਾਰ-ਬੰਧ ਕੇ ਨਾਸ ਕਰਨੇ ਵਾਲੇ ਉਪਦੇਸ਼ ਕੀ ਸਾਮਾਤੀ ਨਾਮ, ਜਾਤ ਹੋਤੀ॥ ਯਹੀ ਉਨ

Sri Satguru Jagjit Singh Ji eLibrary NamdhariElibrary@gmail.com

ਮੇ ਔਰ ਉਤਮੋਂ ਮ ਬਿਸੇਖ ਹੈ॥ ਤਿਨ ਉਤਮੋ ਮੇ ਨਿਸਕਾਮੋ ਦਾ ਬਿਸੇਖ ਕਰਕੇ ਸਕਾਮੀਯੋ ਕਾ ਪੁਨਾ ਕਹਤੇ ਹੈਂ॥ ਇਕਇਤਿ॥

ਇਕਿ ਹੁਕਮੀ ਸਦਾ ਭਵਾਈਅਹਿ, ਕਹੀਯੇ ਤਿਨ ਉਤਮੋ ਮੇ ਏਕ ਉਤਮ ਸੁਭ ਕਰਮ ਕਰਤੇ ਹੈਂ॥ ਪਰੰਤੂ, ਚਿਤ ਮੇ ਧਨ, ਪੁਤ੍ਰ, ਇਸਤਰੀ, ਸਵਰਗਾਦਿਕੋ ਕੀ ਕਾਮਨਾ ਰਖਕੇ ਕਰਤੇ ਹੈਂ॥ ਤਬ ਤਿਨ ਕੀ ਕਾਮਨਾ ਦੇ ਅਨੁਸਾਰ ਈਸ਼੍ਵਰ ਨੇ ਜਨਮ-ਮਰਣਾਦਿ ਰੂਪ ਸੰਸਾਰ ਮੇਂ ਵਹੁ ਸਦਾ ਭਰਮਾਈਦੇ ਹੈ॥ ਭਾਵ ਯਹ ਈਸ਼੍ਵਰ ਤਿਨ ਕੋ ਸੰਸਾਰ ਚਕ੍ਰ ਮੇਂ ਸਦਾ ਫੇਰੇ ਹੈ॥ ਯਾਂਤੇ ਪਰਮੇਸ਼੍ਵਰ ਕੀ ਆਗਯਾ ਰੂਪ ਵੇਦਾਂਦਿਕੋ ਕਾ ਤਾਤਪਰਯ ਨਾ ਜਾਨ ਕੇ ਜਬ ਸ਼ੁਭ-ਕਰਮ ਕਰਤਾ ਹੀ ਸਰਬਦਾ ਦੁਖ ਦਾ ਅਨੁਭਵ ਕਰੇ ਹੈ, ਤਬ ਮੰਦ ਕਰਨੇ ਵਾਲੇ ਦੁਖ ਦਾ ਅਨੁਭਵ ਕਰੇਗੇ॥ ਯਹ ਨੈਮੁਤਿਕ-ਨਯਾਯ ਸੇ ਸਿਧ ਹੋਵੇ ਹੈ॥ ਜਿਸ ਸੇ ਵਡੀ ਵਸਤੂ ਬਿਗੜੇ ਵਾ ਸੁਧਰੇ, ਤਿਸ ਸੇ ਛੋਟੀ ਵਸਤੂ ਕੇ ਬਿਗੜਨੇ ਵਾ ਸੁਧਰਨੇ ਕਾ ਕਿਆ ਕਰਨਾ ਹੈ॥ ਇਸ ਅਰਥ ਕੋ ਸਿਧ ਕਰਨੇ ਵਾਲੇ ਦ੍ਰਿਸ਼ਟਾਂਤ ਕੋ ਕੇਮੁਤਿਕ ਕਹੇ ਹੈ॥ ਜੈਸੇ "ਜਿਸ੍ ਪਰਤਾਪ ਸਿਧ ਸੈਲ ਤਰਾਹੀ॥ ਤਿਹ ਜਪ ਨਰ ਨ ਤਰਨ ਕਹੁ ਕਾਹੀ।" ਕਹੀ ਰੀਤਿ ਮੇ। 'ਕਿਵ ਸਚਿਆਰਾ ਹੋਈਅਹਿ' ਇਸ ਪ੍ਰਸ਼ਨ ਕਾ 'ਹੁਕਮ ਰਜਾਈ ਚਲਣਾ' ਸੇ ਲੇ, ਇਕਿ ਹੁਕਮੀ ਸਦਾ ਭਵਾਈਅਹਿ' ਪ੍ਰਯੰਤ ਪਾਠ ਸੇ ਉਤਰ ਨਿਰੂਪਣ ਕਰਕੇ, ਅਬ 'ਕਿਵ ਕੂੜੇ ਤੁਟੇ ਪਾਲ' ਦਾ ਉਤਰ, ਨਿਰੂਪਣ ਕਰਤੇ ਹੈਂ ਗੁਰੂ॥

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥

ਹੁਕਮੇਇਤਿ॥ ਹੇ ਸਿੱਖਯ! ਪਹਲੇ ਜੋ ਤੈਨੇ ਸਤਯਵਾਦੀ ਹੋਨੇ ਕੀ ਰੀਤਿ ਪੂਛੀ ਸੋ ਭਲੀ ਪ੍ਰਕਾਰ ਨਿਰਣੈ ਕਰੀ॥ ਤਿਸ ਸੇ ਤੇਰੇ ਕੋ ਅਦੁਤੀ-

ਸਤਯ ਮੇ ਚਿਤ ਕੀ ਥਿਤੀ ਮੇਂ ਸਤਯਵਾਦੀਪਨਾ ਰਹੋ॥ ਅਬ ਜੋ ਤੇਨੇ ਪੀਛੇ ਅਗਯਾਨ-ਤਤਕਾਰਯ ਮਿਥਯਾ-ਬੰਧਨ ਕੇ ਨਾਸ ਕੀ ਰੀਤੀ ਪੁਛੀ ਥੀ ਤਿਸ ਦੀ ਰੀਤਿ ਸ਼੍ਰਵਣ-ਜੋਤੀ ਪਰਮੇਸ਼੍ਵਰ ਕੀ ਵੈਦਾਦਿ ਰੂਪ ਆਗਯਾ ਹੈ, ਤਿਸ ਸੰਪੂਰਣ ਮੇ ਸਰਬ ਦਾ ਮੂਲ ਆਗਯਾ 'ੴਕਾਰ' ਹੈ। ਯਾਂਤੇ ਸੰਪੂਰਣ ਆਗਯਾ ਔ ਤਿਸ ਵਾਚਕ ਆਗਯਾ ਸੇ ਅਭਿਨਤਾ ਦਾ ਵਾਚਯ, ਸਾਰਾ ਜਗਤ, ਅਪਨੀ ਮੂਲ ਆਗਯਾ 'ੴਕਾਰ' ਕੇ ਅੰਦਰ ਹੈ, ਤਿਸ ਆਗਯਾ ਮੇਂ ਬਾਹਰ ਨਹੀਂ॥ ਪੁਨਾ 'ੴਕਾਰ' ਰੂਪ ਆਗਯਾ ਪਰਪੁਰਖ ਸੈ ਉਪਜੀ ਹੈ, ਯਾਂਤੇ, ਵਹੁ ਤਾਕੇ ਅੰਦਰ ਹੈ, ਤਾਸਿ ਬਾਹਰ ਨਹੀਂ॥ ਜਬ ਕੋਈ ਅਧਿਕਾਰੀ ਇਸ ਪ੍ਰਕਾਰ 'ਹੁਕਮੈ ਅੰਦਰਿ ਸਭੁ ਕੋ' ਕਹੀ ਯੇ 'ਓਂਕਾਰ' ਬ੍ਰਹਮਾ ਉਤਪਤਿ॥ ਓਂਕਾਰ ਬੈਦ ਨਿਰਮਏ, ਤਥਾ "ਪ੍ਰਥਮੈ ਓਂਕਾਰ ਤਿਨ ਕਹਾ" ਤਾਂਤੇ ਜਗਤ ਭਯੋ ਸਭ ਜਾਨੀਯਤ"॥ ਇਤਯਾਦਿ ਬਚਨੋ ਮੇ ਸਰਬ ਕੀ ਮੂਲ ਕਾਰਣ ਕਹੀ ੴ ਰੂਪ ਆਗਯਾ ਕੇ ਅੰਦਰ ਸੰਪੂਰਣ ਵਾਚਯ-ਵਾਚਕ ਰੂਪ ਧੂਮ-ਪਹਾਰ ਰਚਨਾ ਕੋ ਜਾਨੇ॥ 'ਬਾਹਰਿ ਹੁਕਮ ਨ ਕੋਇ' ਕਹੀਯੈ 'ੴ' ਰੂਪ ਆਗਯਾ ਮੈਂ ਬਾਹਰ ਸ੍ਰਤੰਤ੍ਰ ਕਿਸੇ ਵਾਚਯ-ਵਾਚਕ ਕੋ ਨਾ ਜਾਨੇ॥ ਕਿੰਤੂ, ਕਾਰਯ ਮਾਤ੍ਰ ਕੋ ਕਾਰਣ ਮੇਂ ਹੀ ਕਲਪਤ ਜਾਨੇ॥ ਪੁਨਾ ਗੁਰੂ ਕਹਤੇ ਹੈ:

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ 2॥

ਨਾਨਕ ਹੁਕਮੈ ਜੇ ਬੁਝੇ- ਨਾਮ ਹਰਿ ਆਗਿਆ ਹੋਏ ਵੈਦ ਇਤਯਾਦਿ ਬਚਨ ਸੇ ਹੁਕਮੇ ਕਹੀਏ, ਜੇਕਰ ਉਸ ਹੁਕਮ ਕੋ ਉਸ ਕੇ ਕਾਰਣ 'ਏਕਾਕਾਰ' ਅਦੁਤੀ-ਸਤਿ ਕੇ ਅੰਦਰ ਕਲਪਿਤ

Sri Satguru Jagjit Singh Ji eLibrary NamdhariElibrary@gmail.com

ਜਾਨੇ, ਤਿਸ ਕਾਰਣ ਸੇ ਬਾਹਰ, ਜੈਸੇ ਮੀਮਾਂਸਾ ਸਾਸਤ੍ਰ ਵਾਲੇ ਸਚਾ ਜਾਨਤੇ ਹੈਂ, ਵੈਸਾ ਨਾ ਜਾਨੇ ਤਬ ਤਿਸ ਪੁਰਖ ਕੋ ਅਧਿਸਠਾਨ ਕੇ ਗਯਾਨ ਸੇ ਅਪਨੇ ਸ੍ਵਰੂਪ ਕੇ ਨਾ ਜਾਨਨੇ ਰੂਪ ਅਗਯਾਨ ਕਾ ਨਾਸ ਹੋਵੇ ਹੈ ਔ ਅਗਯਾਨ ਕਾ ਨਾਸ ਹੋਨੇ ਸੇ ਤਿਸ ਅਗਯਾਨ ਸੇ ਜੋ ਦੇਹਾਦਿ ਅਨਾਤਮ ਕੋ ਆਤਮਾ ਜਾਨ ਰੱਖਿਆ, ਵਹੁ ਜਾਨਨਾ ਦੂਰ ਹੋਵੇ ਹੈ, ਔਰ ਵਹੁ ਜਾਨਨਾ ਦੂਰ ਭਯਾ, ਜੋ ਦੇਹ ਕੋ ਅਪਨਾ ਅਪਮਾਨ ਕਰ ਹਉਮੈ ਮੇਂ, ਮੈਂ ਬ੍ਰਹਮਣ ਹੋ, ਮੈਂ ਖਤ੍ਰੀ ਹੋ ਮੈਂ ਗੋਰਾ ਹੋ, ਮੈਂ ਕਾਲਾ ਹੋ, ਐਸੀ ਦੇਹ ਮੇਂ ਹਉਮੈ ਕਰਤਾ ਥਾ, ਸੋਂ ਕਹੇ ਨਾ ਕੋਈ, ਨਾਮ, ਕੋਈ ਨਹੀ ਕਹਤਾ॥ ਭਾਵ ਯਹ, ਵਹੁ ਕਹਨਾ ਸਭ ਦੂਰ ਹੋਵੇ ਹੈ॥ ਇਸ ਪ੍ਰਕਾਰ ਅਗਯਾਨ ਔ ਤਿਸ ਕੇ ਕਾਰਯ ਨਿਖਲ-ਸੰਸਾਰ ਕਾ ਕੂੜ-ਪਦ ਸੇ ਕਹੇ ਕਾ ਪਾਲ ਨਾਮ, ਤੰਬੂ ਰੂਪ, ਵਾ ਪੁਲ ਰੂਪ ਪੜਦਾ ਦੂਰ ਹੋਵੇ ਹੈ॥ ਯਹ 'ਕਿਵ ਕੂੜੇ ਤੁਟੇ ਪਾਲ' ਪ੍ਰਸ਼ਨ ਉਤਰ ਕਹਿਆ॥

ਨੰ. 7. ਨਿਰਮਲ-ਸੰਪ੍ਰਦਾਈ. ਗਿ:ਬਦਨ ਸਿੰਘ ਜੀ ਫਰੀਦਕੋਟ ਟੀਕਾ

ਪ੍ਰਸ਼ਨ: ਆਪਨੇ ਜੋ ਹੁਕਮ ਮੇਂ ਰਾਜੀ ਹੋਕੇ ਚਲਣਾ ਕਹਾ ਹੈ ਸੋ ਹੁਕਮੁ ਕਿਤਨਾਕੁ ਹੈ ਜਿਸਕੋ ਸੁਨ ਕੇ ਨਿਸਚੇ ਹੋਵੇ ਔਰ ਅਪਨੀ ਅਹੰਤਾ ਛੂਟ ਜਾਵੇ॥ ਉੱਤਰ:

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥

ਪ੍ਰਥਮ ਤੋਂ ਉਸ ਕਾ ਹੁਕਮੁ ਸਮਗ੍ਰ ਕਹਾ ਨਹੀਂ ਜਾਤਾ ਕਯੋਂਕਿ ਬਿਅੰਤ ਹੈ ਪਰ ਤੋਂ ਭੀ ਕੁਛ ਸੁਨਾਵਤੇ ਹੈਂ ਏਹ ਜਿਤਨੇ ਅਕਾਰ ਸਥੂਲ ਸਰੀਰ ਹੈਂ ਸੋ ਸੰਪੂਰਣ ਹੁਕਮੀ ਪਰਮੇਸ੍ਵਰ ਕੇ ਹੁਕਮ ਸੇ ਹੋਤੇ ਹੈਂ ਅਰ ਹੁਕਮ ਸੇ ਹੀ ਜੀਵ ਆਵਰ ਭਾਵ ਕੋ ਪ੍ਰਾਪਤਿ ਹੋਤੇ ਹੈਂ ਵਾ ਅਕਾਰ ਉਪਲਖਤ ਅਕਾਰ ਉਕਾਰ ਮਕਾਰ ਬ੍ਰਹਮਾ ਬਿਸਨੁ ਮਹੇਸ਼ ਸਭ (ਹੁਕਮੀ) ਪਰਮੇਸ੍ਵਰ ਕੇ ਹੁਕਮ ਸੇ ਹੋਤੇ ਹੈਂ। ਪੁਨਾ ਤਿਨਾ ਦ੍ਵਾਰੇ ਔਰ ਜੀਵੋਂ ਕੇ ਅਕਾਰ ਸਥਾਵਰ ਜੰਗਮ ਰੂਪ ਸਭ ਹੁਕਮੀ ਕੇ ਹੁਕਮ ਕਰਕੇ ਹੋਤੇ ਹੈਂ ਹੁਕਮ ਹੀ ਕਰਕੇ ਇਨ ਜੀਵੋਂ ਕੋ ਵਡਿਆਈ ਛੁਟਿਆਈ ਮਿਲਤੀ ਹੈ ਹੁਕਮੀ ਕੇ ਹੁਕਮ ਹੀ ਕਰਕੇ ਉਤਮ ਅਰੁ ਨੀਚ ਹੂਏ ਹੈਂ ਵਾ ਨੀਚ ਤੇ ਉਤਮ ਉਤਮ ਤੇ ਨੀਚ ਹੋਤੇ ਹੈਂ ਜਥਾ ਅੰਗ ਰਾਜਾ ਕਾ ਬੇਟਾ ਬੇਨੁ ਨੀਚ ਹੂਆ ਅਰੁ ਬਾਲਮੀਕ ਨੀਚੁ ਥਾ ਸੋ ਪਰਮਾਤਮਾ ਕੇ ਹੁਕਮ ਸੇ ਰਾਮ ਜਪ ਕਰ ਉਤਮੁ ਭਇਆ[20] ਔਰ ਲਿਖਾ ਹੂਆ ਜੋ ਦੁਖੁ ਸੁਖੁ ਕਾ ਲੇਖੁ ਹੈ ਸੋ (ਹੁਕਮੀ) ਪ੍ਰਮੇਸ੍ਵਰ ਕੇ ਹੁਕਮ ਸੇ (ਪਾਈਅਹਿ) ਭਾਵ ਭੋਗੀਤਾ ਹੈ ਇਕਨੋਂ ਕੋ ਹੁਕਮੀ ਕੇ ਹੁਕਮ ਕਰਕੇ ਹੀ

---

20. ਸ੍ਰੀ ਮਤਿ ਭਾਗਵਤ ਪੁਰਾਣ ਵਿਖੇ ਏਹ ਕਥਾ ਹੈ ਏਕ ਅੰਗ ਨਾਮ ਧਰਮਾਤਮਾ ਰਾਜਾ ਥਾ ਤਿਸਕਾ ਬੇਟਾ ਬੇਨੁ ਨਾਮ ਕਰਕੇ ਹੂਆ ਪਿਤਾ ਕੇ ਮਰ ਜਾਣੇ ਬਾਦ ਜਬ ਵਹੁ ਗਦੀ ਪਰ ਬੈਠਾ ਤਬ ਅਪਨੀ ਪਰਜਾ ਕੋ ਕਹਣੇ ਲਗਾ ਕੇ ਤੁਮ ਮੇਰਾ ਹੀ ਭਜਨੁ ਕਰੋ ਅਰੁ ਮੈਨੂੰ ਹੀ ਪਰਮੇਸ੍ਵਰ ਜਾਣੋ ਸਿਧਾਂਤੁ ਇਹ ਹੈ ਕੇ ਸਭ ਪਰਜਾ ਕੋ ਅਪਨੇ ਜੋਰ ਕਰਕੇ ਧਰਮ ਸੇ ਰਹਤ ਕਰ ਦੀਆ ਰਿਖਿਓਂ ਨੇ ਸ੍ਰਾਪੁ ਦੇਕਰ ਮਾਰ ਦੀਆ। ਅਰੁ ਬਾਲਮੀਕ ਰਸਤਾ ਮਾਰਨੇ ਵਾਲਾ ਪ੍ਰਸਿੱਧ ਹੀ ਹੈ ਜੋ ਮਰਾ ਮਰਾ ਜਪਕੇ ਉਤਮ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

ਆਦਰ ਪਏ ਨੀ ਮੁਹਤਾਜੀ ਦੂਰ ਸ਼ੁਖਮਾਲ ਮਿਲਦੀ ਹੈ। ਏਸ ਪਰਮਾਤਮਾ ਨੇ ਹੁਕਮ ਜਰਨੇ ਨਾਲ ਅਤੇ ਦੂਰ ਦੇਖਣ ਲੈ ਸਦਾ ਕ੍ਰਮਾਉਂਦੇ ਹੈ ਜੋ ਸਭ ਜੋਦੀ ਹੁਕਮ ਹੀ ਜੇ ਅੰਦਰ ਹੈ ਸ਼ੁਰੂ ਮੇ ਜੋ ਕਰ ਦੀਦੇ ਪ੍ਰਮੰਤ ਹੁਕਮ ਤੇ ਬਾਹਰ ਜੋਦੀ ਨਹੀਂ ਹੈ।

ਪ੍ਰਸ਼ਨ: ਸੋਕਰ ਹੁਕਮ ਮੈ ਨੇ ਹੈ ਤੁ ਮੈ ਏਹੁ ਕਰਤਾ ਹੈ ਅਰੁ ਏਹੁ ਕਰਾਵਾ ਜੋ ਸਾਰੀ ਐਸੇ ਕੁਨੈ ਕਰੇਤ ਹੈ ਅਰੁ ਜੋ ਅਵੇਤਾ ਮਮਤਾ ਜੈਸੇ ਛੁਟੈ। ਉਤਰ:

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ। ੨।

ਏਹੀ ਗੁਰੂ ਜੀ ਕਰਦੇ ਹੈਂ ਦੇ ਜਿਹੜੇ ਸੋਕਰ ਹੁਕਮ ਕੋ ਬੁਝੇ ਤਾਂ ਕੋਈ ਪ੍ਰਕਾਰ ਜੇ (ਹਉਮੈ) ਹੰਕਾਰ ਕੇ ਬੁਦਨ ਨਹੀਂ ਕਰਤਾ ਜੋ ਮੈਨੇ ਏਹਿ ਕੀਆ ਅਰੁ ਏਹਿ ਕਰਾਂਗਾ ਸਭ ਅਕਾਲ ਪੁਰਖ ਕੇ ਆਗਨਾ ਹੀ ਮਾਨੇਗੇ॥

ਨੰ. ੬. ਨਿਰਮਲ-ਸੰਤ ਪੰਡਿਤ ਸਾਧੂ ਸਿੰਘ ਜੀ ਪੀਲੀਭੀਤ (ਵੇਦਾਂਤੀ)

ਪ੍ਰਸ਼ਨ। ਹੇ ਭਗਵਾਨ! ਜਿਸ ਕਾ (ਹੁਕਮ) ਆਗਿਆ ਰੂਪ ਬਚਨ ਆਪਨੇ ਵੇਦਾਦਿ ਸ਼ਾਸਤ੍ਰਨਾਮ ਆਦਿਕ ਆਤਮਾ ਕੇ ਯਥਾਰਤ ਸ੍ਵਰੂਪ ਕੇ ਬੋਧਕ ਔਰ ਜੀਵ ਕੋ ਕਰਤਬਯ ਸਾਧਨ ਕੇ ਬੋਧਕ ਲਿਖੇ ਹੈਂ ਤਿਸ ਕਾ ਭੇਦ ਕਰਕੇ ਸ੍ਵਰੂਪ ਦਿਖਲਾਵੋ, ਜਿਸ ਕੋ ਜਾਨਕਰ ਮੈ (ਸੰਦੇਆਰ) ਸ਼ਤਯਵਾਦੀ ਹੋ ਜਾਵੇ॥

ਉਤਰ॥ ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥

ਹੇ ਜਿਸਯ! ਉਸ ਆਗਿਆ ਵਾਲੇ ਪਰਮੇਸ਼੍ਵਰ ਸੇ ਕੇਵਲ ਭੂਤਾਦਿ ਤਥਾ ਹਿਰਨਯਗਰਭ, ਵਿਰਾਟਾਦਿਕ ਆਕਾਰ ਹੋਤੇ ਹੈਂ ਸੋ (ਹੁਕਮੀ) ਵੇਦਾਦਿ ਹੁਕਮਵਾਲਾ ਹੁਕਮ ਸੇ ਇੰਦ ਕਰਕੇ ਨਹੀਂ ਕਹਾ ਜਾਤਾ॥ ਤਾਤਪਰਯ ਯਹ ਹੈ, ਪ੍ਰਪੰਚ ਕੇ ਅਧਯਾਰੋਪ ਔਰ ਅਪਵਾਦ ਸੇ ਜਾਨਿਆ ਜਾਤਾ ਹੈ, ਅੰਗੁਲੀ ਨਿਰਦੇਸ਼ ਸੇ ਨਹੀਂ ਕਹਿਤੇ। ਅਬ ਇਸ ਅਰਥ ਕੇ ਬੋਧਕ ਵੇਦ ਕੋ ਲਿਖਤੇ ਹੈਂ ਜਿਸ ਤੇ ਗੁਰੂ ਜੀ ਕਾ ਭਾਵ ਸਪਸ਼ਟ ਪ੍ਰਤੀਤ ਹੋਵੇ।

ਯੱਤਦਦ੍ਰਿਸ਼ਯਮਗ੍ਰਹਯਮ ਅਰੋਤ੍ਰੰ ਅਵਰਣੰ ਅਚਕਸ਼ ਸ੍ਰੋਤਰਦਪਾਣਿਪਾਦੰ॥
ਨਿਤਯੰ ਵਿਭੁੰ ਸਰਵਗਤੰ ਸੁਸੂਕ੍ਸ਼ਮੰ ਤਦਵਯਾਯੰ ਯਦਭੂਤ ਯੋਨਿ ਪਰਿਪਸ਼ਯੰਤਿਧੀਰਾ: ॥ 6 ॥

ਅਰਥ॥ ਯਦਭੂਤਯੋਨਿ ਧੀਰਾ: ਪਰਿਪਸ਼ਯੰਤ ਤਦਵਯਾਯੰ; ਯਹ ਅਨਵਯ ਹੈ॥ ਜਿਸ ਪਰਮਤੱਤ ਕੋ ਧੀਰ ਵਿਵੇਕੀ ਜਨ ਭੂਤੋਂ ਕਾ (ਯੋਨਿ) ਉਪਾਦਾਨ ਕਾਰਨ ਦੇਖਤੇ ਹੈਂ, (ਤਦਵਯਾਯੰ) ਸੋ ਸਰਬ ਵਿਕਾਰ ਸੇ ਰਹਿਤ ਹੈ, ਅਤਿਅੰਤ ਸੂਕਸ਼ਮ ਹੈ, ਸਰਬ ਵਿਆਪਕ ਹੈ, ਔਰ (ਨਿਤਯੰਵਿਭੁੰ) ਅਵਿਨਾਸ਼ੀ ਹੁਆ ਹੀ (ਵਿਵਿਧੰ ਬਾਹਾਦਿ ਸਥਾਵਰਾਂਤ ਪ੍ਰਾਣਿਭੇਦੈਰਭਵਤੀਤਿ ਵਿਭੁੰ) ਬ੍ਰਹਮਾਦਿ ਪ੍ਰਾਣੀਭੇਦ ਕਰਕੇ ਨਾਨਾਤ੍ਵ ਭਾਵ ਕੋ ਪ੍ਰਾਪਤ ਹੋਤਾ ਹੈ॥ ਇਸ ਸੇ ਵਿਭੁ ਹੈ, ਔਰ ਹਸਤ ਪਾਦ ਰਹਿਤ ਹੈ; ਚਕਸ਼ ਸ੍ਰੋਤਰ ਵਰਜਿਤ ਹੈ॥ (ਵਰਣਯੰਤ ਇਤਿ ਵਰਣਾ ਦ੍ਰਵਯ ਧਰਮ: ਸਕਲਤ੍ਵਾਦਯ ਸਕਲਤ੍ਵ ਦਯੋਵਾ ਅਵਿਵਯਮਾਨਾ ਯਸਯ ਤਦਵਰਣੰ) ਜੋ ਵਰਣਨ ਕਰੇ ਜਾਤੇ ਹੈਂ ਸਥੂਲਤ੍ਵ ਸ਼ੁਕਲਤ੍ਵ ਆਦਿਕ ਦ੍ਰਵ-ਧਰਮ ਸੋ ਹੈ॥ ਅਵਿਦਯਮਾਨ ਜਿਸ ਅਕਸ਼ਕ ਮੇ ਸੋ ਅਵਰਣ ਹੈ ਔਰ (ਅਗ੍ਰੋਤ੍ਰ) ਮੂਲਭੂਤ ਵੈਸ ਰਹਿਤ ਹੈ(ਅਗ੍ਰਾਹਯ) ਕਰਮੇਂਇੰਦ੍ਰਯ ਕਰਕੇ ਗ੍ਰਹਣ ਨਹੀਂ ਕਰਾ ਜਾਤਾ (ਅਦ੍ਰਿਸ਼ਯ), ਗਿਆਨੇਂਦ੍ਰਿਯੋਂ ਸੇ ਨਹੀਂ ਜਾਨਾ ਜਾਤਾ (ਯਤੱਦ), ਸਰਬ ਪ੍ਰਾਣਿ ਮਾਤ੍ਰ ਮੇਂ ਆਤਮਰੂਪ ਸੇ ਪ੍ਰਸਿਧ ਹੈ ਇੰਦਤਾ ਕਾ ਵਿਸ਼ਯ ਨਹੀਂ॥ ਇਸ ਸ਼ੁਤੀ ਮੇਂ ਆਰੋਪਿਤ ਦ੍ਰਿਸ਼ਯਤਾਦਿਕੋ

Sri Satguru Jagjit Singh Ji eLibrary NamdhariElibrary@gmail.com

ਕੇ ਨਿਸ਼ੇਦ ਦ੍ਵਾਰਾ ਅਕਸ਼ਰ ਕਾ ਸ੍ਵਰੂਪ ਬੋਧਨ ਕਰਾ। ਅਬ ਉਸ ਕੋ ਜੋ ਭੂਤੋ ਕੀ ਕਾਰਣਤਾ ਕਹੀ ਹੈ ਤਿਸ ਕਾਰਣਤਾ ਦਾ ਨਿਰੂਪਣ ਅਨੇਕ ਦ੍ਰਿਸ਼ਟਾਂਤੋਂ ਸੇ ਕਰਤੇ ਹੈ॥

ਯਥੋਰਣਨਾਭਿ: ਸ੍ਰਿਜਤੇ ਗ੍ਰਿਹਣੇਤ ਚ ਯਥਾ ਪ੍ਰਿਥਿਵਯਾਮੋਖਧਯ: ਸੰਭਵੰਤਿ॥
ਯਥਾ ਸਤ: ਪੁਰਖਾਤਕੇਸ਼ਲੋਮਾਨਿ ਤਥਾ ਅਕਸ਼ੂਰਾਤ ਸੰਭਵਤੀਹ ਵਿਸ੍ਵੰ॥

(ਮੁੰਡਕ ਉਪਨਿਸ਼ਦ ।॥7॥)

ਅਰਥ॥ (ਬ੍ਰਹਮ ਨ ਕਾਰਣੰ ਸਹਾਯ ਸ਼ੂਨਯਤਵਾਤ ਕੁਲਾਲ ਮਾਤ੍ਰਵ੍ਰਿਤ) ਇਸ ਕਾ ਅਰਥ ਯਹ ਹੈ॥ ਬ੍ਰਹਮ ਜਗਤ ਕਾ ਕਾਰਣ ਨਹੀਂ ਹੋ ਸਕਤਾ, ਕਿਉਂਕਿ ਸਹਾਇਕ ਰਹਿਤ ਹੋਨੇ ਸੇ॥ ਜੋ ਸਹਾਯਕ ਰਹਿਤ ਹੋਤਾ ਹੈ ਸੋ ਕਿਸੀ ਦਾ ਕਾਰਣ ਨਹੀਂ ਹੋਤਾ, ਜੈਸੇ-ਦੰਡ, ਚਕ੍ਰ ਆਦਿਕ ਸਹਾਇਕੋ ਸੇ ਰਹਿਤ ਕੁਲਾਲ ਕਿਸੀ ਕਾ ਕਾਰਨ ਨਹੀਂ॥ ਇਸੀ ਪ੍ਰਕਾਰ ਬ੍ਰਹਮ ਭੀ ਸਰਬ ਸਹਾਇਕ ਵਰਜਿਤ ਹੈ, ਇਸ ਕੇ ਕਾਰਨ ਨਹੀਂ॥ ਯਹ ਕਿਸੀ ਕੀ ਸ਼ੰਕਾ ਹੈ ਤਿਸ ਕੀ ਨਿਬ੍ਰਿਤੀ ਵਾਸਤੇ ਕਹਿਤੇ ਹੈਂ (ਯਥੋਰਣ ਨਾਭਿ: ਸ੍ਰਿਜਤੇ ਗ੍ਰਿਹਣਤੇ ਚ)।

ਜੈਸੇ ਜੀਵਤ ਚੇਤਨ ਪੁਰਖ ਸੇ ਕੇਸ ਔਰ ਲੋਮਾਦਿ ਹੋਤੇ ਹੈਂ, ਤਥਾ ਅਕਸ਼ਰ ਪਰਮਾਤਾ ਸੇ ਇਸ ਜਗਤ ਮੇ ਵਰਤਮਾਨ ਦ੍ਰਿਸਟਾਂਤੋਵੰਤ ਵਿਸ੍ਵ ਉਤਪਨ ਹੋਤੀ ਹੈ॥ ਤਾਤਪਰਯ ਇਹ ਹੈ ਜੈਸੇ ਕੇਸ, ਲੋਮ ਪ੍ਰਾਣ ਰਹਿਤ ਰੁਧਿਰ ਵਰਜਿਤ ਭੀ ਪ੍ਰਾਣ ਸਾਹਿਤ ਰੁਧਿਰ ਯੁਕਤ ਚੇਤਨ ਪੁਰਖ ਸੇ ਹੋਤੇ ਹੈਂ, ਇਸੀ ਪ੍ਰਕਾਰ ਪਰਮਾਤਮਾ ਸੇ ਵਿਲਕਸ਼ਣ ਭੀ ਵਿਸ੍ਵ ਹੋਤੀ ਹੈ। ਇਤਨੇ ਪ੍ਰਬੰਧ ਸੇ (ਹੁਕਮੀ ਹੋਵਨਿ ਆਕਾਰ) ਇਸ ਵਾਕ ਕਾ ਅਰਥ ਸ਼੍ਰੁਤੀ ਸੋ ਨਿਰਣੀਤ ਹੋ ਗਿਆ। ਔਰ (ਹੁਕਮੁ ਨ ਕਹਿਆ ਜਾਈ) ਇਸ ਕਾ ਭੀ ਭਾਵ ਕਿਹਾ, ਕਿਉਂਕਿ ਬ੍ਰਹਮ ਆਰੋਪਿਤ ਦ੍ਰਿਸਯਤ੍ਵਾਦਿਕੋ ਕੋ ਨਿਸ਼ੇਦ ਸੇ ਹੀ ਜਾਨਿਆ ਜਾਤਾ ਹੈ ਇੰਦਤਾ ਕਰਕੇ ਉਸਕਾ ਵੇਦਰੂਪ ਹੁਕਮ ਸੇ ਭੀ ਉਪਦੇਸ਼ ਨਹੀਂ ਹੋਤਾ॥

ਪ੍ਰਸ਼ਨ॥ ਜੇਕਰ ਪ੍ਰੇਮਸ਼੍ਵਰ ਰੂਪ ਹੁਕਮੀ ਸੇ ਸਰਬ ਭੂਤ ਔਰ ਤਿਨ ਕੇ ਕਾਰਯ ਪਿੰਡ ਬ੍ਰਹਮਾਂਡ ਕੀ ਉਤਪਤਿ ਹੋਤੀ ਹੈ, ਤਬ ਤਿਸ ਪਿੰਡ ਬ੍ਰਹਮੰਡ ਕੇ ਵਿਧਾਰਕ ਜੀਵ ਯਦਿ ਪਰਮਾਤਮਾ ਸੇ ਸਰਬਥਾ ਪ੍ਰਿਥਕ ਹੈ ਤਬ ਅਦ੍ਵੈਤ ਸਿਧਾਂਤ ਹੈ, ਇਹ ਕਥਨ ਅਸੰਗਤ ਹੋਵੇਗਾ॥ ਇਸ ਸ਼ੰਕਾ ਕੇ ਦੂਰ ਕਰਨੇ ਕੇ ਵਾਸਤੇ ਕਹਿਤੇ ਹੈਂ। (ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥

ਜੋ ਪਿੰਡ, ਬ੍ਰਹਮੰਡ ਕੇ ਧਾਰਨ ਕਰਨੇ ਵਾਲੇ ਜੀਵ ਹੈ, ਸੋ ਸੰਪੂਰਣ (ਹੁਕਮੀ) ਪਰਮਾਤਮਾ ਕੀ (ਹੋਵਨਿ) ਹੈ; ਕਿਉਂਕਿ ਉਪਾਧਿ ਵਿਸ਼ਿਸਟ ਪਰਮਾਤਮਾ ਜੀਵ ਨਾਮ ਸੇ ਕਿਹਾ ਜਾਤਾ ਹੈ।

ਪ੍ਰਸ਼ਨ॥ ਜਬ ਪਰਮਾਤਮਾ ਹੀ ਉਪਾਧਿਵਿਸ਼ਿਸਟ ਹੋਕਰ ਜੀਵ ਹੋ ਗਿਆ, ਤਬ ਤਿਸ ਕੀ ਪੂਰਣਤਾ ਸ੍ਵਚ ਸਿੱਧ ਬ੍ਰਹਮਰੁਪਤਾ ਦੂਰ ਹੋ ਗਈ, ਔਰ ਏਕ ਰਸਤਾ ਕਾ ਭੀ ਅਭਾਵ ਹੋਨਾ ਚਾਹੀਯੇ॥ ਇਸ ਸੰਕਾ ਕੀ ਨਿਬ੍ਰਿਤੀ ਵਾਸਤੇ ਕਹਿੰਤੇ ਹੈਂ (ਹੁਕਮਿ ਮਿਲੈ ਵਡਿਆਈ) ਅਰਥ ਇਹ ਹੈ ਪਰਮਾਤਮਾ ਕੇ ਹੁਕਮ ਆਗਿਆਰੂਪ ਧਰਮ ਕੇ ਅਨੁਸ਼ਠਾਨ ਜਨਯ ਗਿਆਨ ਸੇ ਉਸ ਜੀਵ ਰੂਪ ਉਪਾਧਿਵਿਸ਼ਸ਼ਟ ਵਸਤੁ ਕੋ (ਵਡਿਆਈ) ਬ੍ਰਹਮਭਾਵ ਕੀ ਪ੍ਰਾਪਤਿ ਮਿਲਤੀ ਹੈ। ਤਾਤਪਰਯ ਯਹ ਹੈ, ਜਬ ਉਪਾਧਿ ਕੇਵਲ ਸੇ ਬ੍ਰਹਮ ਸ੍ਵਰੂਪ ਕੀ ਵਿਸਮ੍ਰਿਤਿ ਹੋਕਰ ਸੁਖੀ, ਦੁਖੀ, ਸੰਸਾਰੀ ਅਨਾਪਤਕਾਮ, ਪਰਿਚਿਛਨਤਾਦਿਕ ਮਾਨਤਾ ਹੈ ਤਬ ਫਿਰ ਸ਼੍ਰੁਤੀ ਪ੍ਰਤਿ ਬੋਧਿਤ

Sri Satguru Jagjit Singh Ji eLibrary NamdhariElibrary@gmail.com

ਗਿਆਨ ਕੋ ਪੁਰਵਰਤ ਪਰਣਤਾ ਜਾਨਕਰ ਸ੍ਵਤ: ਸਿੱਧ ਬ੍ਰਹਮ ਭਾਵ ਰੂਪ ਵਡਿਆਈ ਉਸ ਜੀਵ ਕੋ ਮਿਲ ਜਾਤੀ ਹੈ॥ ਇਸ ਕੇ ਅਰਥ ਕੀ ਪੁਸ਼ਟੀ ਵਾਸਤੇ ਸ਼ੁਤੀ ਬਚਨ ਲਿਖ ਕਰ ਉਨਕਾ ਵਿਆਖਿਆਨ ਕਰਤੇ ਹੈਂ।

ਤਥਾਹਿ॥ ਸੇਯੰ ਦੇਵਤੈਕਸ਼ਤ ਹੰਤਾ ਹਮਿਸਾਸਿਤ ਸ੍ਰੋਦੇਵਤਾ ਅਨੇਨ ਜੀਵੇਨਾਤਮਨਾ ਅਨੁਪ੍ਰਵਿਸ਼ਯ ਨਾਮ ਰੂਪੇ ਵਯਾਕਰਵਾਣੀਤਿ॥ (ਛਾਂਦੇਗਯ ਉਪਨਿਸ਼ਦ 6/3/2)

ਭਾਵ (ਵਾਲੇ ਜੀਵਾਂ ਤੋਂ ਉਹ) ਅਪਾਰ (ਅਨੇਕ ਨਾਮਾਂ ਵਾਲਾ) ਪੁਕਾਰਿਆ ਗਿਆ ਹੈ। (ਆਪਣੇ ਆਪਣੇ ਭਾਵ ਅਨੁਸਾਰ ਓਹ ਉਸ ਦਾ ਨਾਮ) ਆਖਦੇ ਹਨ (ਤੇ ਆਪਣੀ ਮੰਗ ਅਨੁਸਾਰ ਉਸ ਤੋਂ ਦਾਤਾਂ ਮੰਗਦੇ ਹਨ ਤੇ 'ਦੇਹ ਦੇਹ' ਕਰਤੇ ਹਨ, (ਉਹ) ਦਾਤਾਰ (ਉਹੋ) ਦਾਤ ਦੇਂਦਾ ਹੈ। (ਪਰ ਇਹ ਮੰਗਾਂ ਸਕਾਮ ਹਨ ਤੇ ਸਾਡੀ ਮੰਗ 'ਨਿਸ਼ਕਾਮ' ਕੇਵਲ ਸਚੈ ਸਾਹਿਬ ਤੇ ਉਸ ਦੇ ਨਾਮ ਦੀ ਹੈ। ਫਿਰ ਸਾਡੇ ਪਾਸ ਜੋ ਕੁਛ ਹੈ ਉਸੇ ਦਾਤੇ ਦੀ ਦਾਤ ਹੈ, ਸੋ ਪ੍ਰਸ਼ਨ ਉਠਦਾ ਹੈ, ਕਿ ਫੇਰ (ਅਸੀ) ਕੀਹ ਉਸ ਦਾਤੇ ਦੇ ਅੱਗੇ ਧਰੀਏ (ਭਾਵ ਕੀ ਨਜਰ ਪੇਸ਼ ਕਰੀਏ ਜਿਸ ਕਰਕੇ ਕਿ ਸਾਨੂੰ ਉਸ ਦਾ ਦਰਬਾਰ ਦਿੱਸ ਪਵੇ (ਤੇ ਦਰਬਾਰ ਦਿੱਸੇ ਤੇ) ਮੂੰਹੋ ਕੀਹ ਵਾਕ ਬੋਲੀਏ ਕਿ ਜਿਸ ਨੂੰ ਸੁਣਕੇ (ਓਹ ਸਾਡੇ ਨਾਲ) ਪਯਾਰ ਕਰੇ ? (ਉੱਤਰ : ਉਸ ਦੀਆਂ ਦਾਤਾਂ ਵਿਚੋਂ ਅੱਠ ਪਹਿਰ ਦਾ ਸਮਾਂ ਇਕ ਅਮੋਲਕ ਦਾਤ ਹੈ, ਇਸ ਵਿਚੋਂ ਪਿਛਲੇ ਰਾਤ ਦਾ ਪਹਿਰ ਅਰਥਾਤ) ਅੰਮ੍ਰਿਤ ਵੇਲਾ (ਉਸ ਦੀ ਨਜ਼ਰ ਵਜੋਂ ਭੇਟ ਧਰੀਏ ਇੰਜ ਕਿ ਉਸ ਵੇਲੇ ਉਸ ਦਾ) ਸੱਚਾ ਨਾਮ (ਸਿਮਰੀਏ ਤੇ ਉਸ ਦੀਆਂ) ਵਡਿਆਈਆਂ ਦਾ ਵੀਚਾਰ ਕਰੀਏ, (ਇਸ ਨਾਲ ਉਸ ਦੀ ਮਿਹਰ ਸਾਡੇ ਉਤੇ ਹੋਵੇਗੀ। ਜੇ ਅਸੀਂ ਨਿਰੇ ਕਰਮਾਂ ਤੇ ਟੇਕ ਰੱਖੀ ਤਾਂ) ਕਰਮਾਂ ਨਾਲ ਤਾਂ ਸਰੀਰ ਮਿਲਦਾ ਹੈ (ਮੁਕਤਿ ਨਹੀਂ ਮਿਲਦੀ, ਪਰ) ਮੁਕਤਿ ਦੁਆਰਾ (ਸਾਈ ਦੀ) ਮਿਹਰ ਲਈ ਤਾਂ ਦ੍ਰਿਸ਼ਟੀ ਨਾਲ (ਹੀ ਖੁੱਲਦਾ ਹੈ, ਸੋ ਮਿਹਰ ਲਈ ਗੁਣਨਵਾਦ ਤੇ ਨਾਮ ਆਰਾਧਣਾ ਚਾਹੀਏ। ਜਦੋਂ ਮੁਕਤਿ ਦੁਆਰਾ ਖੁੱਲ ਜਾਂਦਾ ਹੈ ਤਾਂ) ਹੇ ਨਾਨਕ ਅਉ ਜਾਣ ਲਈਦਾ ਹੈ (ਭਾਵ ਇਹ ਗਯਾਨ ਹੋ ਜਾਂਦਾ ਹੈ, ਕਿ ਉਹ ਸਚਿਆਰ) ਸਤਯ ਸਰੂਪ ਵਾਹਿਗੁਰੂ ਸਭ ਕੁਝ ਆਪ ਹੀ ਆਪ ਹੈ॥ 4॥

ਵਿਯਾਖਯਾ : ਇਹ ਪਾਉੜੀ ਲਗ ਪਗ ਸਾਰੀ ਹੀ ਸਾਧਨ ਪੱਥ ਦੀ ਹੈ। ਇਸ ਵਿਚ ਪਹਿਲੋਂ ਹੁਕਮੀ ਨੂੰ ਸੱਚਾ ਸਾਹਿਬ ਅਖਕੇ ਫੇਰ 'ਦਾਤਾ' ਕਿਹਾ ਹੈ। ਜਿਵੇਂ ਕਿ ਪਾਉੜੀ 3 ਵਿਚ ਕਿਹਾ ਸੀ ; ਸੋ ਓਹ ਦਾਤਾ ਹੋਇਆ ਤੇ ਜੀਵ ਯਾਚਕ ਹੋਇ। ਜਿਸ ਜਾਚਕ ਦਾ ਜੀ ਕਰੇ ਕਿ ਦਾਤ ਦੀ ਥਾਵੇਂ ਮੈਨੂੰ ਦਾਤਾਰ ਆਪ ਪ੍ਰਾਪਤ ਹੋਵੇ ਤਾਂ ਉਹ ਕੀਹ ਕਰੇ? ਇਹ ਗੱਲ ਪ੍ਰਸ਼ਨ ਰੂਪ ਵਿਚ ਆਪ ਹੀ ਲਿਖ ਕੇ ਪੁੱਛਦੇ ਹਨ, ਫੇਰ ਅਸੀਂ ਪ੍ਰਸੰਨਤਾ ਤੇ ਪਿਆਰ ਲੈਣ ਲਈ ਕੀ ਦੇ ਕੇ ਖੁਸ ਕਰ ਸਕਣਾ ਕਠਨ ਗੱਲ ਹੈ ਕਿ ਫਿਰ ਅਸੀਂ ਪ੍ਰਸੰਨਤਾ ਤੇ ਪਿਆਰ ਲੈਣ ਲਈ ਕੀ ਭੇਟਾ ਧਰੀਏ, ਕੀ ਸਵਸਤੀ ਵਾਚਕ ਵਾਕ ਕਹੀਏ ਕਿ ਜਿਸ ਨੂੰ ਸੁਣਕੇ ਓਹ ਸਾਡੇ ਜਿਹੇ ਤੁੱਛ ਜੀਵਾਂ ਦੇ ਨਾਲ ਪਿਆਰ ਵਿਚ ਆ ਜਾਵੇ ? ਫਿਰ ਆਪ ਹੀ ਦਾ ਨਾਮ ਸਿਮਰਨ ਕਰੀਏ। ਇਹ ਭੇਟਾ ਕੋਈ ਸਥੂਲ ਪਦਾਰਥ ਨਹੀਂ, ਕੋਈ ਕਰਮ ਮਾਤ੍ਰ ਨਹੀਂ, ਇਹ ਦਿਲ ਦਾ ਭਾਵ (ਪ੍ਰੇਮ) ਹੈ। ਇਸ ਭਾਵ ਪਰ (ਪ੍ਰੇਮ ਸਰੂਪ) ਵਾਹਿਗੁਰੂ ਰੀਝੇਗਾ, ਉਸ ਦੀ ਮਿਹਰ ਦੀ ਨਦਰ ਪਾਏਗੀ ਜਿਸ ਨਾਲ ਮੁਕਤੀ ਤੇ ਸਚਿਆਰਤਾ ਪਰਾਪਤ ਹੋ ਜਾਵੇਗੀ। ਪਿਆਰ ਵਿਚ ਇਹ ਸ਼ਕਤੀ ਹੈ ਕਿ ਪਿਆਰ ਪਿਆਰ ਨੂੰ ਖਿੱਚ ਪਾਉਂਦਾ ਹੈ, ਚਾਹੋ ਕਿੰਨਾ ਥੋੜਾ ਪਿਆਰ ਪਾਉਣ ਵਾਲਾ ਹੋਵੇ, ਜਿਵੇਂ ਸੁਰ ਹੋਈ ਤਰਬ ਨੂੰ ਛੇੜੋ ਤਾਂ ਬਾਜ਼ ਦੀ ਉਹੋ ਸੁਰ ਬੋਲ ਪਵੇਗੀ, ਚਾਹੇ ਕਿਤਨੀ ਘੱਟ ਥਰਰਾਟ ਦੇਵੇ, ਪਰ ਦੇਵੇਗੀ ਜ਼ਰੂਰ।

ਜੇ ਅਸੀਂ ਇਹ ਪਯਾਰ-ਮਾਰਗ ਛੋੜ ਕੇ ਨਿਰੇ ਕਰਮਾਂ ਵਿਚ ਰਹਾਂਗੇ ਤਾਂ ਫੇਰ ਫੇਰ ਜਨਮ ਧਰਾਂਗੇ, ਇਤਨੀ ਗੱਲ ਹੋ ਜਾਏਗੀ ਕਿ ਸੁਭਕਰਮਾਂ ਅਨੁਸਾਰ ਦੇਹ ਚੰਗੀ ਮਿਲ ਜਾਏਗੀ, ਪਰ ਮੁਕਤਿ ਨਹੀਂ ਮਿਲੇਗੀ। ਮੋਖ-ਦੁਆਰ ਤਾਂ ਮਿਹਰ ਦੀ ਨਦਰ ਨਾਲ ਮਿਲੇਗਾ, ਫੇਰ ਮੋਖ-ਦੁਆਰ

Sri Satguru Jagjit Singh Ji eLibrary NamdhariElibrary@gmail.com

ਤੇ ਅੱਪੜ ਕੇ ਸਾਡੀ ਦ੍ਰਿਸ਼ਟੀ ਇਹ ਹੋ ਜਾਏਗੀ ਕਿ ਵਾਹਿਗੁਰੂ ਸਤਯ ਸਰੂਪ ਸਭ ਕੁਛ ਆਪ ਹੀ ਹੈ, ਭਾਵ ਅਸੀਂ ਸਚਿਆਰ ਵਾਹਿਗੁਰੂ ਦਾ ਅਨੁਭਵ ਪ੍ਰਾਪਤ ਕਰ ਲਵਾਂਗੇ। ਜੋ ਪਉੜੀ ।ਵਿਚ ਪਿਛੇ ਸਚਿਆਰ ਹੋਣ ਦੀ ਜਾਂਚ ਪੁੱਛੀ ਸੀ ਤੇ ਉੱਤਰ 'ਹੁਕਮ ਵਿਚ ਚੱਲਣਾ' ਦੱਸਿਆ ਸੀ, ਏਥੇ ਆਪ ਗੁਰੂ ਜੀ ਨੇ ਖੋਹਲ ਦਿੱਤਾ ਹੈ ਕਿ ਨਾਮ ਤੇ ਸਿਫਤ ਸਲਾਹ ਨਾਲ ਸਚਿਆਰ ਨੂੰ ਪ੍ਰਾਪਤ ਹੋ ਕੇ ਸਚਿਆਰ ਹੋ ਜਾਓਗੇ। ਸੋਇ 'ਨਾਮ ਤੇ ਸਿਫਤ ਸਲਾਹ' ਵਾਲਾ ਜੀਵਨ ਹੁਕਮ ਵਿਚ ਟੁਰਨੇ ਵਾਲਾ ਜੀਵਨ ਹੈ, ਜੋ ਸਚਿਆਰਤਾ ਦਾ ਮਾਰਗ ਹੈ।

'ਸਚਾ ਸਾਹਿਬ ਸਾਨੂੰ ਪਿਆਰ ਕਿਵੇਂ ਕਰੇ ?' ਇਹ ਮੰਗ ਅਨੂਠੀ ਹੈ। ਦੁਨੀਆਂ ਦੇ ਇਤਰ ਮਤ: ਸੂਫੀ ਆਦਿ ਦੇ ਜਗਯਾਸੂ ਆਪਣੇ ਆਪ ਨੂੰ ਰਬ ਜੀ ਦਾ ਪ੍ਰੇਮੀ (ਆਸ਼ਿਕ) ਬਿਆਨ ਕਰਦੇ ਕਵਿਤਾਵਾਂ ਰਚਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਉਹ ਜਾਂਚ ਦੱਸੋ ਜਿਸ ਨਾਲ ਓਹ ਦਾਤਾ ਸਾਨੂੰ ਪਿਆਰ ਕਰੇ। ਇਸ ਵਿਚ ਉਸ ਬੇਅਦਬੀ ਦਾ ਬਚਾਉ ਹੈ ਜੋ ਨਿਜ ਨੂੰ ਆਸ਼ਿਕ ਮੰਨਣ ਵਾਲੇ ਕਦੇ ਕਦੇ ਲਿਖ ਬੈਠਦੇ ਹਨ। ਗੁਰੂ ਜੀ ਦੱਸਦੇ ਹਨ ਕਿ ਅਸੀਂ ਗੁਣ ਧਾਰਨ ਕਰੀਏ ਐਸੇ ਕਿ ਜੋ ਸਾਈਂ ਨੂੰ ਪ੍ਰਿਯ ਹੋਣ ਤੇ ਓਹ ਸਾਨੂੰ ਪਿਆਰ ਕਰੇ, ਗੋਇਆ ਕਿ ਅਸੀਂ ਸਦਾ ਉਸ ਦੇ ਪ੍ਰਸੰਨ ਕਰਨ ਦੇ ਯਤਨ ਕਰਨ ਵਿਚ, ਉਸ ਦੇ ਪ੍ਰੇਮ ਦੇ ਅਧਿਕਾਰੀ ਬਣਨ ਵਿਚ ਲੱਗੇ ਰਹਾਂਗੇ, ਇਉਂ ਸਾਥੋਂ ਭੁੱਲਾਂ ਦੀ ਸੰਭਾਵਨਾਂ ਘਟੇਗੀ, ਅਦਬ ਵਿਚ ਰਹਾਂਗੇ ਤੇ ਸਦਾ 'ਈਸ਼ਵਰ ਪ੍ਰਿਯ' ਗੁਣਾਂ ਦੇ ਸੰਗ੍ਰਹ ਵਿਚ ਲਗੇ ਰਹਾਂਗੇ। ਭਾਈ ਨੰਦ ਲਾਲ ਜੀ ਨੇ ਲਿਖਿਆ ਹੈ :

ਦਰ ਰਹੇ ਹੱਕ ਜੁਜ਼ ਅਦਬ ਤਖਲੀਮ ਨੇਸਤ, ਤਾਲਬੇ ਓ ਰਾ ਬੁਜੁਜ਼ ਤਸਲੀਮ ਨੇਸਤ ।
ਗਰਚਿਹ ਅਜ਼ ਸਰ ਤਾ ਬਪਾ ਮੌਲਾ ਬਵੱਦ, ਜਿੰਦਗੀ ਦਰ ਬੰਦਗੀ ਔਲਾ ਬੱਵਦ।

ਇਹ ਗੋਇਆ ਇਕ ਸੂਖਮ ਤਰੀਕਾ ਹੈ, ਸੂਖਮ ਤੋਂ ਸੂਖਮ ਹਉਂ ਤੋਂ ਬਚੇ ਰਹਿਣ ਦਾ। ਇਹ ਹੈ ਬਾ-ਅਦਬ ਤਰੀਕਾ ਪ੍ਰੇਮ ਮਾਰਗ ਦਾ।

ਇਸ ਪਉੜੀ ਦੀ ਪਹਿਲੀ ਤੁਕ ਵਿਚ 'ਸਾਚੁ ਨਾਇ' ਕਿਹਾ ਹੈ। ਇਸੇ ਨੂੰ ਪੰਜਵੀਂ ਤੁਕ ਵਿਚ 'ਸਚੁ ਨਾਉ' ਕਿਹਾ ਹੈ, ਪਰ ਨਾਲ 'ਜਪੋ' ਆਦਿ ਕਿ ਯਾਵਾਚੀ ਪਦ ਕੋਈ ਨਹੀਂ ਦਿਤਾ, ਪਰ ਹੋਰ ਥਾਂ ਗੁਰੂ ਜੀ ਨੇ ਇਹੋ ਤੁਕ ਫਰਮਾਕੇ ਨਾਲ ਕ੍ਰਿਯਾ ਪਦ ਵੀ ਵਰਤਿਆ ਹੈ, ਯਥਾ:-

ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ॥

ਏਥੇ 'ਸਾਚੁ ਨਾਇ' ਨੂੰ ਨਾ ਵਿਸਾਰਨਾ ਅਰਥਾਤ ਸਿਮਰਨਾ ਸਾਫ ਦੱਸਿਆ ਹੈ। ਵਡਿਆਈ ਵੀਚਾਰ ਤੋਂ ਭਾਵ ਵਾਹਿਗੁਰੂ ਜੀ ਦੇ ਗੁਣ ਸਿਮਰਣ ਤੋਂ ਹੈ। ਗੁਣ ਸਭ ਤੋਂ ਸੁਹਣੀ ਤਰ੍ਹਾਂ ਬਾਣੀ ਵਿਚ ਵਰਣਨ ਹਨ ਤੇ ਬਾਣੀ ਗੁਰੂ ਕੀ ਪੱਕੀ-ਬਾਣੀ ਹੈ, ਸੋ ਇਸ ਦਾ ਤਾਤਪਰਯ ਇਹ ਹੈ ਕਿ ਗੁਰੂ ਬਾਣੀ ਦੁਆਰਾ ਸਾਈਂ ਦੇ ਗੁਣ ਕਥਨ ਕਰਨੇ ਚਾਹੀਏ। ਬਾਣੀ ਦਾ ਪਾਠ ਬਾਣੀ ਵਿਚ ਧਿਆਨ ਦੇ ਕੇ ਪਯਾਰ ਨਾਲ ਕਰਨਾ ਚਾਹੀਏ, ਜੈਸਾ ਕਿ ਹੁਕਮ ਹੈ:- ਬਾਣੀ ਬਿਰਲਉ ਬੀਚਾਰਸੀ ਜੈ ਕੋ ਗੁਰਮੁਖਿ ਹੋਇ॥

ਬਾਣੀ ਪਰਮੇਸ਼ਰ, ਗੁਰੂ, ਸੰਤ, ਸਤਿਸੰਗ ਤੇ ਨਾਮ ਦੀ ਮਹਿਮਾ ਦੱਸਦੀ ਹੈ, ਪ੍ਰੇਮ ਵਧਾਉਂਦੀ ਹੈ। ਬਾਣੀ ਪੜ੍ਹਨੇ ਵਾਲੇ ਵਿਚ ਦੈਵੀ-ਗੁਣ ਪ੍ਰਵੇਸ਼ ਕਰਾਉਂਦੀ ਹੈ, ਅਰ ਉਸ ਨੂੰ ਪਰਮੇਸ਼ਰ ਦੀ ਨਜ਼ਰ ਵਿਚ ਪ੍ਰਵਾਨ ਅਰ ਯੋਗ ਕਰਦੀ ਹੈ। ਬਾਣੀ ਦੇ ਭਜਨੀਕ ਸਿੰਘ, ਅਰ ਪੁਰਾਤਨ ਮਹਾਤਮਾ ਤੋਂ ਪਤਾ ਲਗਦਾ ਹੈ ਕਿ ਬਾਣੀ ਦਾ ਅਭਯਾਸ ਵਿਚਾਰ ਸੰਯੁਕਤ ਦ੍ਰਿੜ ਹੋਣੇ ਤੇ

Sri Satguru Jagjit Singh Ji eLibrary NamdhariElibrary@gmail.com

ਨਾਮ ਦ੍ਰਿੜ ਕਰੀਦਾ ਹੈ। ਬਾਣੀ ਬਿਨ ਹਿਰਦਾ ਸਾਫ ਨਹੀਂ ਹੁੰਦਾ, ਨਾਮ ਮੈਲੇ ਹਿਰਦੈ ਵਿਚ ਟਿਕ ਨਹੀਂ ਸਕਦਾ, ਇਸ ਲਈ ਪਹਿਲਾਂ ਬਾਣੀ ਦਾ ਅਭਯਾਸ ਹੋਵੇ।

ਜਦ ਇਸ ਅਭਯਾਸ ਮਗਰੋਂ ਹਿਰਦੇ ਵਿਚ ਨਾਮ ਆ ਟਿਕੇ ਤਦ ਬਾਣੀ ਉਸ ਵਿਚ ਪ੍ਰੇਮ ਅਧਿਕ ਕਰਦੀ ਹੈ। ਇਸ ਕਰਕੇ ਦੋਹਾਂ ਦਾ ਪਰਸਪਰ ਸੰਜੋਗ ਹੈ, ਇਕ ਬੜੇ ਸਿੰਘ ਮਹਾਤਮਾ ਦਾ ਖਤ ਪੜ੍ਹਨੇ ਵਿਚ ਆਇਆ ਹੈ। ਉਸ ਵਿਚ ਉਹ ਇਕ ਪ੍ਰੇਮੀ ਨੂੰ ਇਸ ਪ੍ਰਕਾਰ ਦੀ ਤਾਕੀਦ ਕਰਦੇ ਸਨ ਕਿ "ਦੇਖੀਂ ਕਦਾਚਿਤ ਬਾਣੀ ਵਿਸਾਰੇ। ਬਾਣੀ ਗੋਦ ਮਾਤਾ ਦੀ ਹੈ। ਨਾਮ ਤੋਂ ਜ਼ਰਾ ਸ਼ੌਕ ਘਟੇ ਤਦ ਬਾਣੀ ਸਹਾਰਾ ਦੇਵੇਗੀ, ਜੋ ਬਾਣੀ ਛੱਡ ਬੈਠੇ ਤਦ ਉਲਟ ਚਕ੍ਰ ਵੇਲੋ ਕਿਸ ਨੂੰ ਹੱਥ ਪਾਓਗੇ। ਬਾਣੀ ਦੀ ਗੋਦ ਵਿਚ ਨਾਮ ਨੂੰ ਖਿਡਾਓ। ਜਦ ਕਦੀ ਫਰੈਂਟੀ ਲੱਗੂ ਜੋ ਜਗਯਾਯੂ ਨੂੰ ਅਨੇਕਾਂ ਵੇਰਾਂ ਲਗਦੀਆਂ ਹਨ, ਤਦ ਬਾਣੀ ਬਚਾ ਲਏਗੀ, ਨਹੀਂ ਤਾਂ ਉਸ ਵੇਲੇ ਕੋਈ ਠਾਹਰ ਨਹੀਂ।

ਗੁਰੂ ਮਹਾਰਾਜ ਜੀ ਨੇ ਦੋ ਭੇਟਾਂ ਵਾਹਿਗੁਰੂ ਜੀ ਅਗੇ ਰੱਖਣੀਆਂ ਦੱਸੀਆਂ ਹਨ:-

'ਨਾਮ' ਤੇ 'ਹਰੀ ਕੀਰਤਨ'। ਕਿਆ ਸ਼ੁਭ-ਕਰਮਾਂ ਨੂੰ ਬੀ ਕੋਈ ਥਾਂ ਹੈ? ਇਸ ਹਿਤ ਗੁਰੂ ਜੀ ਨੇ ਅਗਲੀ ਤੁਕ ਕਹੀ ਹੈ। 'ਕਰਮੀ ਆਵੈ ਕਪੜਾ' ਕਰਮਾਂ ਕਰਕੇ ਕਪੜਾ ਮਿਲਦਾ ਹੈ, ਕਪੜੇ ਦਾ ਭਾਵ ਹੈ ਸਰੀਰ; ਸਰੀਰ ਦੀ ਲੋੜ ਦੇ ਪਦਾਰਥ ਤੇ ਸਰੀਰ ਦੋ ਸੁਖ ਲਈ ਮਨ ਦੇ ਆਧਾਰ। ਸੋ ਕਰਮਾਂ ਦਾ ਫਲ ਇਹ ਤਿੰਨ ਚੀਜ਼ਾਂ ਹਨ। ਮੁਕਤੀ ਕਰਮਾਂ ਦਾ ਫਲ ਨਹੀਂ ਹੋ ਸਕਦੀ। ਇਸ ਵਿਚ ਦੋ ਹੇਤੂ ਹਨ:-

(੧) ਕਰਮ ਸਾਂਗੋਪਾਂਗ ਸਾਰੇ ਨੇਕ ਹੋ ਨਹੀਂ ਸਕਦੇ, ਕੋਈ ਨ ਕੋਈ ਭੁੱਲ ਹੋ ਹੀ ਜਾਂਦੀ ਹੈ, ਕਿਉਂਕਿ ਮਨੁੱਖ ਪੂਰਨ ਨਹੀਂ, ਸਰਬੱਗ ਨਹੀਂ, ਇਸ ਕਰਕੇ ਭੁੱਲ ਹੋਣੀ ਅਵੱਸ਼ ਹੈ, ਤੇ ਕਰਮ-ਮਾਰਗ ਦਾ ਇਹ ਨਿਯਮ ਹੈ ਕਿ ਸਾਂਗੋਪਾਂਗ ਪੂਰਨ ਕਰਮ ਹੋਣ, ਵਾਲ ਜਿੰਨੀ ਕਸਰ ਨਾ ਪਵੇ ਤਦ ਸਿੱਧੀ ਹੈ ਨਹੀਂ ਤਾਂ ਅਸਿੱਧੀ।

(੨) ਭਲਾ ਜੇ ਕੋਈ ਕਰਮ ਪੂਰਨ ਕਰ ਬੀ ਲਵੇ ਤਦ ਬੀ ਵਾਸ਼ਨਾ ਨਾਲ ਰਹਿੰਦੀ ਹੈ, ਵਾਸ਼ਨਾਜੰਨ ਕੀਤੇ ਕੰਮ ਸੁਖਾਂ ਦੇ ਭੋਗ ਦੇਂਦੇ ਹਨ, ਕੁਮਤੀ ਵਾਸ਼ਨਾ ਤੋਂ ਨਿਰਵਸ਼ ਹੋਏ ਹੁੰਦੀ ਹੈ।

(੩) ਮੁਕਤੀ ਨਾਮ ਹੈ ਸੰਸਾਰ ਤੋਂ ਛੁੱਟਣੇ ਦਾ ਤੇ ਕਰਮ ਤਾਣਾ ਪੇਟਾ ਖਿਲਾਰਦੇ ਹਨ; ਛੁੱਟੇ ਕਿੱਕੁਰ? ਇਕ ਵਪਾਰੀ ਬਿਦੇਸ਼ ਵਿਚ ਹੱਟੀ ਕੱਢੀ ਬੈਠਾ ਹੈ, ਉਹ ਚਾਹੁੰਦਾ ਹੈ ਮੈਂ ਘਰ ਜਾਵਾਂ, ਤਦ ਲੇਖੇ ਜੋਖੇ ਸਮੇਟਦਾ ਹੈ, ਸਭ ਵਿਹਾਰ ਸੰਕੋਚਦਾ ਹੈ, ਤਦ ਘਰ ਜਾਂਦਾ ਹੈ, ਤੇ ਜੇ ਕਰਜ਼ੇ ਦੇਈ ਜਾਵੇ ਤੇ ਖਲੇਰੇ ਖਲੇਰੀ ਜਾਵੇ, ਤੱਦ ਕਿੱਕੁਰ ਛੁਟਕਾਰਾ ਪਾ ਸਕਦਾ ਹੈ ?

(੪) ਵਾਕ ਹੈ : "ਕਰਮ ਕਰਤ ਬਧੇ ਅਹੰਮੇਵ॥"

ਮੁਕਤ ਹਉਂ ਹਟਣੇ ਤੇ ਹੈ। ਪਰ ਕਰਮ ਕਰੀਦੇ ਹੀ ਹਉਮੈ ਨਾਲ ਹਨ। ਸੋ ਕਰਮਾਂ ਅਨੁਸਾਰ ਮੁੜ ਮੁੜ ਦੇਹ ਮਿਲਦੀ ਹੈ- ਕਰਮਾਂ ਅਨੁਸਾਰ: ਸ਼ੁਭ ਯਾ ਅਸ਼ੁਭ। ਇਸ ਲਈ ਕਰਮ ਸਰਬ ਸਹਾਇਕ ਨਹੀਂ। ਇਸ ਦਾ ਇਹ ਭਾਵ ਨਹੀਂ ਕਿ ਸ਼ੁਭ ਕਰਮ ਕਰਨੇ ਨਹੀਂ। ਕਦੀ ਨਹੀਂ। ਮੰਦੇ ਤਿਆਗ ਕੇ ਚੰਗੇ ਜ਼ਰੂਰ ਕਰਨੇ ਹਨ, ਇਹ ਤਾਂ ਪਰਮਾਰਥ ਹੈ, ਪਰ ਮਹਾਰਾਜ ਦਾ ਤਾਤਪਰਜ ਇਹ ਹੈ ਕਿ ਕਰਮਾਂ ਪਰ ਮੁਕਤੀ ਦਾ ਆਸਰਾ ਨਾ ਰੱਖੋ। ਕਰਮ ਭਲੇ ਕਰੋ ਪਰ 'ਨਿਸ਼ਕਾਮ' ਹੋਕੇ ਕਰੋ, ਤਾਂ ਜੋ ਹਿਰਦਾ ਸ਼ੁਧ ਹੋਵੇ, ਨਾਮ ਦਾ ਸਿੰਘਾਸਨ ਬਣੇ। ਪਰ ਨਿਰੇ ਕਰਮਾਂ ਨਾਲ ਪਰਮੇਸ਼ੁਰ ਨਾ ਜਾਣੋ। ਸ਼ੁਭ ਸ਼ੁਭ ਕਰਮ ਕਰੋ, ਮਹਲ ਨਾਮ ਦਾ ਉਸਾਰੋ।

Sri Satguru Jagjit Singh Ji eLibrary NamdhariElibrary@gmail.com

ਨਿਰੇ ਕਰਮਾਂ ਦਾ ਭਰੋਸਾ ਛਡੀਏ, ਸੁਭ-ਕਰਮ ਕਰੀਏ, ਪਰ ਭਰੋਸਾ ਉਹਨਾ ਪਰ ਨਾ ਕਰੀਏ ਤੇ ਮਾਣਤਾ ਦਾ ਤਿਆਗ ਕਰ ਸ਼ਰਨ ਪੈ ਜਾਈਏ, ਨਦਰ ਹੋ ਜਾਣੀ ਸੌਖੀ ਗਲ ਹੈ, ਸੋ ਉਪਰ ਲਿਖੇ ਨਾਲ 'ਕਰਤਾ ਪੁਰਖ' ਨੂੰ ਪਿਆਰ ਕਰੀਏ। ਪਿਆਰ ਪਾ ਨਦਰ ਹੋ ਜਾਂਣੀ ਸੌਖੀ ਗਲ ਹੈ, ਸੋ ਉਪਰ ਲਿਖੇ ਤੁਹਫੇ 'ਨਾਮ' ਤੇ 'ਬਾਣੀ' ਉਸ ਦੇ ਅੱਗੇ ਧਰ ਦੇਈਏ ਤੇ ਪਕੜ ਨੂੰ ਛਡ ਕੇ ਨਿਰਮਾਣ ਹੋ ਜਾਈਏ, ਇਕੁਰ ਉਹਦੀ ਮਿਹਰ ਹੁੰਦੀ ਹੈ:-

"ਹੋਇ ਨਿਮਾਣੀ ਢਹਿ ਪਈ ਮਿਲਿਆ ਸਹਿਜ ਸੁਭਾਇ॥"

ਨਦਰੀ ਮੋਖੁ ਦੁਆਰੁ ਦਾ ਮਿਲਿਆ ਇਹ ਨਹੀਂ ਕਿ ਨਾਮ ਤੇ ਸਿਫਤ ਸਲਾਹ ਛੱਡਕੇ ਆਲਸ ਧਾਰਨ ਕਰੇ ਕਿ ਆਪੇ ਹੋ ਰਹੂ ਨਦਰ। ਨਦਰ ਨਹੀਂ ਸਿਫਤ ਸਲਾਹ ਤੇ ਨਾਮ ਦਾ ਜਤਨ ਦੱਸਿਆ ਹੈ। ਠਾਠ ਬਾਠ ਨੇ ਹਉਂ ਕੱਟੀ ਹੈ, ਹਉਂ ਕਟੀਦਿਆ ਮਿਹਰ ਹੁੰਦੀ ਹੈ। ਜਿੰਨਾ ਚਿਰ ਮੈਂ ਵਿਚ ਮੈਂ ਦੀ ਕਾਈ ਹੈ, ਮੈਲ ਕਾਰਨ ਨਦਰ ਨਹੀਂ। ਕਾਈ ਦੂਰ ਹੋਈ, ਕਰਤਾਰ ਕ੍ਰਿਪਾਲ ਹੋਇਆ। ਇਸ ਨਿਮਾਣਤਾ, ਨਿਰਹੰਕਾਰਤਾ ਦੇ ਪੈਦਾ ਕਰਨੇ ਹਿਤ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ਰ ਦੀ ਦਇਆ ਦ੍ਰਿਸ਼ਟੀ ਹੀ ਮੁਕਤੀ ਦਾ ਸਾਧਨ ਹੈ, ਜੀਵ ਦਾ ਕੋਈ ਕਰਤੱਤ ਨਹੀਂ। ਇਹ ਜੀਵ ਕੇਵਲ ਅਣਹੋਈ ਹਉਮੈ ਦੂਰ ਕਰੇ, ਕਿ ਜਦ ਮੈ ਮੁਕਤੀ ਦਾ ਕਰਤੱਤ ਕਰ ਹੀ ਨਹੀਂ ਸਕਦਾ ਜਦ ਇਸ ਮੈਂ ਨੂੰ ਦੂਰ ਕਰਾਂ, ਇਹ ਝੂਠਾ ਹਥਿਆਰ ਹੈ। ਇਸ ਨੂੰ ਦੂਰ ਕਰਨਾ ਫਰਜ਼ ਹੈ, ਐਥੋਂ ਤਾਈਂ ਕਿ ਦੂਰ ਕੀਤੇ ਦਾ ਹੰਕਾਰ ਬੀ ਨਾ ਹੋਵੇ। ਇਸ ਦੇ ਕਰਨੈ ਲਈ ਨਾਮ ਹੀ ਉਪਰਾਲਾ ਹੈ। ਅੰਮ੍ਰਿਤ ਵੇਲਾ ਤੇ ਸੁਭ ਕਰਮ ਉਪਯੋਗੀ ਹਨ।

ਜੋ ਕੰਮ ਕਰੀਦਾ ਹੈ ਕੋਈ ਕਾਮਨਾ ਯਾ ਵਾਸ਼ਨਾ ਰੱਖ ਕੇ ਕਰੀਦਾ ਹੈ, ਭਜਨ ਬੀ ਲੋਕੀ ਕਾਮਨਾ ਰਖਕੇ ਕਰਦੇ ਹਨ, ਕੋਈ ਤਾਂ ਸੰਸਾਰਕ ਪਦਾਰਥ, ਪੁਤ੍ਰ, ਸੰਪਦਾ, ਇਸਤ੍ਰੀ ਆਦਿ ਕੋਈ ਸਵਰਗ ਦੀ, ਕੋਈ ਮੁਕਤੀ ਆਦਿ ਦੀ। ਗੁਰੂ ਮਹਾਰਾਜ ਜੀ ਦਾ ਭਾਵ ਇਹ ਹੈ ਕਿ ਕਾਮਨਾ ਛੋੜ ਕੇ ਪ੍ਰੇਮ ਕਰੋ, ਕਾਮਨਾ ਇਕ ਕੁੰਗੀ ਹੈ, ਜੋ ਪ੍ਰੇਮਾ ਭਗਤ ਦੀ ਕੀਮਤ ਘਟਾ ਦੇਂਦੀ ਹੈ। ਸੋ ਇਸ ਤੁਕ ਵਿਚ ਆਪ ਨੇ ਇਹੋ ਸਿੱਖਯਾ ਦਿੱਤੀ ਹੈ ਕਿ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥' ਦੇ ਵਾਸਤੇ ਨਿਸ਼ਕਾਮ ਹੋਣਾ ਜ਼ਰੂਰੀ ਹੈ। ਵੀਚਾਰ ਕਰੋ ਕਿ ਸਰੀਰ ਦਾ ਜੋ ਭੋਗ ਹੈ ਅਵੱਸ਼ ਕਰਮਾਂ ਦੇ ਅਨੁਸਾਰ ਮਿਲੇਗਾ, ਉਸ ਲਈ ਪ੍ਰੇਮਾ ਭਗਤ ਨੂੰ ਕੁੰਗੀ ਲਗਾਉਦੇ ਦੀ ਲੋੜ ਨਹੀਂ। ਤਾਦਾ ਦੇਹਿ ਯਥ :-

ਤੁ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸ੍ਰਿਜਣਹਾਰ॥
ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ॥

ਪੁਨਾ- 'ਵਿਚਿ ਉਪਾਈ ਸਾਇਰਾ ਤਿਨਾ ਭਿ ਸਾਰ ਕਰੇਇ॥

ਸੰਸਾਰਕ ਕਾਮਨਾ ਨਿਸ਼ਫਲ ਹੋਈ ਹੁਣ ਪਰਮਾਰਥਿਕ ਕਾਮਨਾ ਛੱਡੋ, ਕਿਉਂਕਿ ਮੁਕਤੀ ਕਰਮਾਂ ਕਰਕੇ ਪ੍ਰਾਪਤ ਹੀ ਨਹੀਂ ਹੋ ਸਕਦੀ, ਇਹ ਅਮ੍ਰਿਤ ਫਲ, ਮਿਥਕੇ ਜੀਵ ਦੇ ਕੀਤੇ ਹੋਏ ਕਰਮਾਂ ਦੇ ਵੱਟੇ ਵਿਚ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ, ਉਪਰ ਇਸ ਕਾ ਕਥਨ ਹੋ ਚੁੱਕਾ ਹੈ। ਮੁਕਤੀ ਤਾਂ ਅਕਾਲ ਪੁਰਖ ਦੀ ਦਇਆ-ਦ੍ਰਿਸ਼ਟੀ ਨਾਲ ਹੀ ਪ੍ਰਾਪਤ ਹੋਂਦੀ ਹੈ, ਉਹ ਉਸ ਦੇ ਵੱਸ ਹੈ, ਸੋ ਟੇਕ ਉਸ ਤੇ ਧਰੋ:- ਕਬੀਰ ਸੁਰਗ ਨਰਕ ਤੇ ਮੈਂ ਰਹਿਓ ਸਤਿਗੁਰ ਤੇ ਪਰਸਾਦਿ॥

Sri Satguru Jagjit Singh Ji eLibrary NamdhariElibrary@gmail.com

ਪੁਨਾ:- ਸੁਰਗਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥ ਹੋਨਾ ਜੋ ਸੋ ਹੋਈ ਹੇ ਮਨਹਿ ਨ ਕੀਜੈ ਆਸ॥ ਪੁਨਾ:- ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥ ਤਾਂ ਇਸ ਦੀ ਕਾਮਨਾਂ ਤਾਂ ਰਹੀ ਨਾਂ, ਕੋਈ ਕਿਸ ਪਿੱਛੇ ਉਦਮ ਕਰੇ? ਉੱਤਰ 'ਜਿਤੁ ਸੁਣਿ ਧਰੇ ਪਿਆਰੁ॥' ਉਸ ਦੇ ਪਯਾਰ ਨੂੰ ਪ੍ਰਾਪਤ ਕਰਨ ਖਾਤਰ। ਜੋ ਅਸਲ ਕਾਮਨਾ ਕਰਨੇ ਯੋਗ ਵਸਤੂ ਹੈ। ਇਸ ਪ੍ਰੇਮ ਦੀ ਤੁਫੈਲ ਹਰ ਕਾਮਨਾ ਨਾਸ਼ ਹੁੰਦੀ ਹੈ, ਅਰ ਇਹ ਪਰਮੇਸ਼ਰ ਨਾਲ ਸਦੈਵੀ ਸੰਯੋਗ ਕਰਾਉਂਦੀ ਹੈ। ਹੋਰ ਕਾਮਨਾ ਪਰਮੇਸ਼ਰ ਦੇ ਕੀਤੇ ਪਦਾਰਥਾਂ ਨਾਲ ਜੋੜਦੀਆਂ ਹਨ। ਇਹ ਕਾਮਨਾ ਕਰਤਾ ਨਾਲ ਜੋੜਦੀ ਹੈ, ਜੋ ਜੀਵ ਦਾ ਪਰਮਾਰਥ ਹੈ, ਤਦੇ ਕਹਿੰਦੇ ਹਨ :-

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾ ਰੇ॥

ਥਾਪਿਆ ਨ ਜਾਇ ਕੀਤਾ ਨ ਹੋਇ ਆਪੇ ਆਪਿ ਨਿੰਰਜਨੁ ਸੋਇ ॥ ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ ॥ ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥ ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ਗੁਰੁ ਈਸਰ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ਪ॥

ਨੰ. 1. ਬਾਵਾ ਮਿਹਰਬਾਨ ਜੀ "ਮੀਣਾ"

ਥਾਪਿਆ ਨ ਜਾਇ ਕੀਤਾ ਨਾ ਹੋਇ॥ ਆਪੇ ਆਪਿ ਨਿਰੰਜਨੁ ਸੋਇ॥

ਤਿਸੁ ਕਾ ਪਰਮਾਰਥੁ:-ਨਾ ਏਸੁ ਮਾਨੁਖ ਦੇ ਬੁਤੇ ਥਾਪਿਆ ਜਾਂਦਾ ਹੈ, ਨ ਕੀਤਾ ਹੋਂਦਾ ਹੈ। ਜਿ ਕਿਛੁ ਕਰੇ, ਸੁ ਆਪੇ ਹੀ ਨਿਰੰਜਨੁ ਨਿਰੰਕਾਰੁ। ਹੋਰਸ ਦਾ ਕੀਤਾ ਕਿਛੁ ਨਾਹੀ ਹੋਂਦਾ। ਅਖੇ ਜਾਂ ਉਸ ਦਾ ਕੀਤਾ ਕਿਛੁ ਨਾਹੀ ਹੋਂਦਾ, ਤਾਂ ਕਿਤੈ ਗਲੇ ਏਹੁ ਮਾਨਖੁ ਸੋਭਾ ਭੀ ਪਾਏ, ਅਖੇਆਇ।

ਜਿਨਿ ਸੇਵਿਆ ਤਿਨਿ ਪਾਇਆ ਮਾਨੁ॥ ਨਾਨਕ ਗਾਵੀਐ ਗੁਣੀ ਨਿਧਾਨੁ॥ ਤਿਸੁ ਕਾ ਪਰਮਾਰਥੁ:- ਕਹੇ, ਜੇ ਕੋਈ ਪਰਮੇਸਰ ਕਾ ਜਸੁ ਗਾਵੈ, ਤਿਸ ਨੋ ਦਰਿ ਸੋਭਾ ਹੈ। ਜਿਨਿ ਪਰਮੇਸੁਰੁ ਸੇਵਿਆ, ਗਾਵਿਆ, ਜਿਨਿ ਜਪਿਆ, ਤਿਨਿ ਪਰਮੇਸੁਰ ਕੈ ਦਰਿ ਮਾਨੁ ਪਾਇਆ।

ਗਾਵੀਐ ਸੁਣੀਐ ਮਨਿ ਰਖੀਐ ਭਾਉ॥ ਤਿਸੁ ਕਾ ਪਰਮਾਰਥੁ:-ਗਾਵੈ, ਸੁਣੇ, ਅਰੁ ਮਨ ਕੇ ਵਿਖੇ ਭਾਉ ਨ ਹੋਵੀ, ਤਉ ਕੈਸਾ ਹੈ? ਓਹੁ ਗਾਵਿਆ ਅਰੁ ਸੁਣਿਆ ਐਸਾ ਹੈ, ਜੈਸਾ ਸਾਖ ਬੀਜੀਐ, ਜੈਸੇ, ਪਰ ਫਲੁ ਓਸਨੋ ਲਗੇ ਨਾਹੀ। ਓਹੁ ਗਾਵਿਆ ਸੁਣਿਆ, ਭਾਵ ਬਗੈਰਿ ਐਸਾਹ ਹੈ। ਪਰੁ ਜੇ ਭਾਵ ਅਰੁ ਪ੍ਰੇਮ ਪ੍ਰੀਤੀ ਸਾਥਿ ਗਾਵੈ, ਸੁਣੇ, ਤਾਂ ਓਸ ਕਉ ਕਿ ਫਲੁ ਹੋਇ?

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥ ਤਿਸੁ ਕਾ ਪਰਮਾਰਥੁ:- ਜੇ ਭਾਵ ਸਾਥਿ ਪਰਮੇਸੁਰ ਕਉ ਜਪੇ, ਤਾਂ ਜਿਤਨੇ ਦੂਖ ਹੈਨਿ ਇਤਨੇ ਖਿਉ ਹੋਇ ਜਾਨਿ। ਅਰੁ ਜਿਤਨੇ ਸੂਖ ਹੈਨਿ, ਏਤਨੇ ਆਇ ਪ੍ਰਾਪਤਿ ਹੋਹਿ। ਪਰਮੇਸੁਰ ਕੇ ਦਰਬਾਰਿ ਵਜਦਿਆ ਵਾਜੰਤ੍ਰਾਂ ਸਾਥਿ ਜਾਇ।

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥

Sri Satguru Jagjit Singh Ji eLibrary NamdhariElibrary@gmail.com

ਤਿਸੁ ਕਾ ਪਰਮਾਰਥੁ:- ਰਾਗੁ ਜਿ ਹੈ, ਸੁ ਗੁਰੂ ਹੈ। ਵੇਦੁ ਜਿ ਹੈ, ਸਿ ਗੁਰੂ। ਬ੍ਰਹਮਾ ਜਿ ਹੈ ਸਿ ਗੁਰੂ ਹੈ। ਪਾਰਬਤੀ ਜਿ ਹੈ, ਸਿ ਗੁਰੂ ਹੈ। ਏਹ ਛਿਏ ਗੁਰੂ ਹੈਨਿ। ਇਨ ਕੇ ਛਿਏ ਘਰ ਹੈਨਿ। ਛਿਏ ਏਨ ਕੇ ਉਪਦੇਸ ਹੈਨਿ। ਛਿਏ ਪੰਥ ਹੈ। ਪੰਥ ਘਰ ਇਕੇ ਹੀ। ਤਬ ਗੁਰੂ ਬਾਬਾ ਨਾਨਕੁ ਕਹਦਾ ਹੈ, ਜਿ ਏ ਪਰਮੇਸੁਰ ਦਿਅਹੁ। ਤੁਸੀ ਜਿ ਹਹੁ, ਸਿ ਗੁਰਦੇਵ ਹਹੁ, ਅਰੁ ਹਉ ਤੁਸਾਡਾ ਬਾਲਕਾ ਹਾਂ। ਤੁਮ ਪਾਸ ਤੇ ਬਾਤ ਖੋਜਦਾ ਹਾਂ। ਜੇ ਹਉ ਜਾਣਦਾ ਹੋਵਾਂ; ਤਾਂ ਏਹ ਬਾਤ ਪੁਛਉ ਨਾਹੀ। ਮੇਰੇ ਬੁਤੇ ਪਰਮੇਸੁਰ ਕਾ ਕਹਣਾ ਕਥਿਆ ਜਾਂਦਾ ਨਾ ਹੀ।

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥ ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ 5॥

ਤਿਸੁ ਕਾ ਪਰਮਾਰਥੁ: ਏ ਪਰਮੇਸੁਰ ਕਿਅਹੁ ਭਗਤਹੁ। ਤੁਮ ਜਿ ਹਹੁ, ਸਿ ਗੁਰਦੇਵ ਹਹੁ। ਸ੍ਰੀ ਬ੍ਰਹਮਾ, ਸ੍ਰੀ ਗੋਰਖ ਨਾਥ, ਸ੍ਰੀ ਮਹਾਦੇਵ, ਪਾਰਬਤੀ। ਮੈਂ ਤੁਮ ਪਾਸ ਤੇ ਏਹੀ ਦਾਨੁ ਮਾਂਗਤਾ ਹੈ, ਜਿ ਪਰਮੇਸੁਰ। ਮੈ ਥੀਂ ਬਿਸਰਿ ਨ ਜਾਈ। ਜੇ ਸਭਨਾ ਜੀਆਂ ਕਾ ਦਾਤਾ ਹੈ, ਸੋ ਵਿਸਰੈ ਨਾਹੀ।

ਨੰ. 2. ਭਾਈ ਮਨੀ ਸਿੰਘ ਜੀ 'ਸ਼ਹੀਦ'

ਤਾਂ ਸਿਧਾਂ ਪੁਛਿਆ, "ਜੋ ਵਾਹਿਗੁਰੂ ਕਿਸਨੇ ਥਾਪਿਆ ਹੈ, ਅਤੇ ਕਿਸਨੇ ਕੀਤਾ ਹੈ, ਅਰ ਉਸਦੀ ਸੇਵਾ ਕਿਉਂਕਰ ਹੋਂਦੀ ਹੈ?" ਤਾਂ ਬਚਨ ਹੋਇਆ॥

ਤਿਸਕਾ ਵਿਚਾਰ:- ਸ੍ਰੀ ਬਾਬਾ ਜੀ ਬੋਲਤੇ ਭਏ ਕਿ, 'ਵਾਹਿਗੁਰੂ ਜੋ ਹੈ, ਸੋ ਕਿਸੇ ਦਾ ਥਾਪਿਆ ਹੋਇਆ ਨਹੀਂ, ਅਰ ਨਾ ਕਿਸੇ ਦਾ ਕੀਤਾ ਹੋਇਆ ਹੈ, ਕਯੋਂਕਿ ਉਸ ਜੇਹਾ ਕੋਈ ਹੋਵੇ ਤਾਂ ਕੋਈ ਉਸਨੋਂ ਥਾਪੇ, ਓਹ ਤੋ ਆਪੇ ਆਪ ਹੈ, ਅਰ ਮਾਇਆ ਦੀ ਉਪਾਧ ਤੇ ਰਹਿਤ ਹੈ, ਅਥਵਾ ਸਰਬ ਦਾ ਆਪਣਾ ਆਪ ਓਹੀ ਹੈ॥ ਅਰ ਜਿਸ ਨੇ ਉਸ ਦੀ ਸੇਵਾ ਕੀਤੀ ਹੈ, ਉਸਨੂੰ ਹੀ ਮਾਨ ਅਤੇ ਵਡਿਆਈਆਂ ਮਿਲਦੀਆਂ ਹੈਨ, ਤਾਂਤੇ ਐਸਾ ਜੋ ਗੁਣਾਂ ਦੀ ਨਿਧਿ ਹੈ ਤਿਸਨੂੰ ਸੇਵਿਆ ਚਾਹੀਤਾ ਹੈ॥ ਪਰ ਸੇਵਾ ਦੇ ਤੀਨ ਗੁਣ ਕਹੇ ਹਨ,ਕਿ 'ਗਾਵਣਾ' ਅਰ 'ਸੁਣਨਾ' ਅਰ 'ਨਿੰਧਯਾਸਨ' ਕਰਨਾ, ਅਰ 'ਮਨ-ਮੈਂ-ਭਾਉ' ਰੱਖਣਾ॥ ਤਾਂ ਜਿਤਨੇ ਦੁਖ ਹੈਨ ਸੋ ਨਾਸ ਹੋ ਜਾਂਦੇ ਹੈਨ॥ ਅਰ ਗਾਵਣਾ ਸੁਖਾਂ ਦੇ ਘਰ ਵਿਚ ਲੈ ਜਾਂਦਾ ਹੈ॥ ਅਰ ਗੁਰ ਜੋ ਹੈਨ 'ਅਕਾਲ-ਪੁਰਖ' ਸੋ ਉਸਦੇ ਮੁਖ ਥੀਂ ਨਾਮ ਹੋਇਆ ਹੈ 'ਓਅੰਕਾਰ' ਤਾਂਤੇ ਗੁਰਾਂ ਦੇ ਮੁਖ ਦੇ ਨਾ ਥੀਂ ਹੀ ਬ੍ਰਹਮੇ ਦੇ ਚਾਰੇ ਵੇਦ ਕੀਤੇ ਹਨ॥ ਅਰ ਗੁਰਾਂ ਦੇ ਮੁਖਾਂਗਰ ਦੇ ਜੋ ਵਾਕ ਹੈਨ ਸੋ ਓਹ ਸਾਰੇ ਜਗਤ ਵਿੱਚ ਸਮਾਇ ਰਹੇ ਹਨ, ਅਰ ਸਾਰੇ ਜਗਤ ਦੀ ਉਤਪਤ ਭੀ 'ਓਅੰਕਾਰ' ਕਰਕੇ ਹੋਈ ਹੈ, ਅਰ ਉਧਾਰ ਭੀ 'ਓਅੰਕਾਰ' ਕਰਕੇ ਹੋਤਾ ਹੈ ਅਤੇ ਓਅੰਕਾਰ ਦੀ ਹੀ 'ਧੁਨਿ' ਥੀਂ ਈਸ਼ਰ ਜੋ 'ਸ਼ਿਵ' ਹੈ ਸੋਇ ਹੋਇਆ ਹੈ, ਅਰ 'ਓਅੰਕਾਰ' ਦੀ ਹੀ ਧੁਨ ਥੀ 'ਗੌਂ' ਦੇ ਰੱਖਣ ਵਾਲਾ ਜੋ 'ਵਿਸ਼ਨ' ਹੋਸੈ, ਹੋਇਆ ਹੈ॥ ਤਾਂ ਸਿਧਾ ਪੁਛਿਆ, "ਤੁਸੀ 'ਗੌ' ਕਿਸਨੋਂ ਕਹਿੰਦੇ ਹੋ?" ਤਾਂ ਬਾਬੇ ਕਹਿਆ, "ਗੌ ਪ੍ਰਿਥਮੀ ਦਾ ਨਾਉਂ ਭੀ ਹੈ, ਅਰ 'ਗੌ' ਇਦ੍ਰੀਆਂ ਦਾ ਨਾਉਂ ਭੀ ਹੈ, ਅਰ 'ਗੌ' ਗਊਆਂ ਦਾ ਨਾਂਉ ਭੀ ਹੈ, ਅਰ ਵੇਦਾਂ ਦਾ ਨਾਉਂ ਭੀ ਹੈ, ਅਰ 'ਗੌ' ਬਾਣੀ ਦਾ ਨਾਉਂ ਭੀ ਹੈ, ਤਾਂਤੇ ਸਭਨਾ ਦੀ ਜੋ 'ਰੱਖਿਆ ਕਰੇ' ਸੋ 'ਗੋਰਖ' ਕਹੀਤਾ ਹੈ॥ ਅਰ 'ੴ ਸੇ 'ਓਅੰਕਾਰ' ਦੀ ਧੁਨਿ ਤੋਂ ਹੀ 'ਬ੍ਰਹਮਾ' ਹੋਇਆ ਹੈ। ਅਰ 'ੴ ਸੇ ਓਅੰਕਾਰ ਤੋਂ 'ਮਾਇਆ-ਲਛਮੀ' ਹੋਈ ਹੈ, ਸੋ ਓਸੇ

Sri Satguru Jagjit Singh Ji eLibrary NamdhariElibrary@gmail.com

ਪਾਰਬਤੀ ਕਾ ਰੂਪ ਧਾਰਿਆ ਹੈ॥ ਅਰ ਫੇਰ 'ਮਹਾਰਾਜ' ਆਗਿਆ ਕਰੀ, 'ਜੋ ਏਸਨੋਂ ਵਰੋ'' ਤਾਂ ਓਨਾਂ ਕਹਿਆ "ਐਸੀ ਮਾਤਾ ਨੂੰ ਕਿਉਕਰ ਵਰੀਏ," ਤਾਂ ਫਿਰ ਮਾਇਆ ਨੇ 'ਤ੍ਰੈ' ਰੂਪ ਧਾਰੇ, ਜੋ 'ਸਾਵ੍ਰਿੱਤੀ' ਰੂਪ ਧਾਰਕੇ 'ਬ੍ਰਹਮੇ' ਨੂੰ ਵਰਿਆ, ਅਰ 'ਲੱਛਮੀ' ਰੂਪ ਧਾਰਕੇ 'ਵਿਸ਼ਨ' ਨੂੰ ਵਰਿਆ, ਅਰ 'ਪਾਰਬਤੀ' ਰੂਪ ਧਾਰਕੇ 'ਸ਼ਿਵ' ਨੂੰ ਵਰਿਆ॥ ਤਾਂ ਸਿੱਧਾਂ ਪੁੱਛਿਆ, "ਤੁਸਾਂ ਗੁਰ 'ਬ੍ਰਹਮੇ' ਨੂੰ ਕਹਿਆ ਕਿ ਪਾਰਬਤੀ ਨੂੰ ਕਹਿਆ ਹੈ?" ਤਾਂ ਬਾਬੇ ਕਹਿਆ ਕਿ, "ਜੈਸੇ ਦੀਵਾ ਬਾਲ ਕਰ ਦਲੀਜ਼ ਦੇ ਵਿੱਚ ਰੱਖੀਦਾ ਹੈ, ਤਾਂ ਅੰਦਰ ਭੀ ਪ੍ਰਕਾਸ਼ ਕਰਦਾ ਹੈ, ਅਰ ਬਾਹਰ ਭੀ ਪ੍ਰਕਾਸ਼ ਕਰਦਾ ਹੈ, ਤੈਸੇ ਛੰਦ ਦੀ ਧਾਰਨਾ ਵਾਸਤੇ ਇੱਕ ਜਗਾਂ 'ਗੁਰ' ਕਹਿਆ ਹੈ ਸੋ 'ਬ੍ਰਹਮੇ' ਨੂੰ ਭੀ ਪ੍ਰਕਾਸ਼ਦਾ ਹੈ ਅਰ 'ਪਾਰਬਤੀ-ਮਾਈ' ਨੂੰ ਭੀ ਪ੍ਰਕਾਸ਼ ਕਰਦਾ ਹੈ॥" ਅਰ 'ਦੂਜਾ' ਅਰਥ ਇਸਦਾ ਏਹ ਹੈ, 'ਗੁਰਮੁਖ' ਜੋ ਹੈਨ, ਸੋ ਨਾਦ ਜੋ 'ਕੀਰਤਨ' ਦੀਆਂ 'ਧੁਨਾਂ' ਹੈਨ ਸੋ ਕਿਸੇ ਸਮੇਂ ਤਿਸ ਵਿਚ ਪਰਚੇ ਰਹਿੰਦੇ ਹਨ।

ਕਿਸੇ ਸਮੇਂ ਵੇਦਾਂ ਦਾ ਪ੍ਰਚਾਰ ਕਰਦੇ ਹਨ, ਅਰ ਕਿਸੇ ਸਮੇਂ ਸਮਾਧ ਲਾਇਕੇ ਸਮਾਇ ਰਹਿੰਦੇ ਹਨ॥ ਤਾਂ ਓਨਾਂ ਕਹਿਆ, "ਉਨਾਂ ਦਾ ਗੁਰੂ ਕਉਣ ਹੈ?" ਤਾਂ ਬਾਬੇ ਕਹਿਆ, "ਸ਼ਿਵ ਦੇ ਉਪਾਸ਼ਕੀ ਸਮਾਧ ਲਾਂਵਦੇ ਹਨ, ਅਤੇ ਵਿਸ਼ਨੂੰ ਦੇ ਉਪਾਸ਼ਕੀ ਕੀਰਤਨ ਕਰਦੇ ਹਨ," ਅਰ ਬ੍ਰਹਮੇ ਦੇ ਉਪਾਸ਼ਕੀ ਵੇਦ ਪੜ੍ਹਦੇ ਹਨ, ਅਰ ਪਾਰਬਤੀ ਦੇ ਉਪਾਸ਼ਕੀ ਦਾਨ ਪੁੰਨ ਕਰਦੇ ਹਨ," ਤਾਂ ਸਿਧਾਂ ਕਹਿਆ, "ਜਿਸ ਤੋ ਇਹ ਤਿੰਨੇ ਹੋਏ ਹਨ ਤਿਸਦਾ ਰੰਗ ਸਾਨੂੰ ਦੱਸੋ," ਤਾਂ ਬਾਬੇ ਆਖਿਆ ਜੇ ਮੈਂ ਜਾਣਦਾ ਹੋਵਾਂ ਤਾਂ ਮੈਂ ਆਂਖਾਂ ਨਾ, ਤਾਂ ਸਿਧਾਂ ਆਖਿਆ, "ਤੈਥੋਂ ਕੁਛ ਛੁੱਪਿਆ ਹੋਇਆ ਭੀ ਹੈ? ਤਾਂ ਬਾਬੇ ਆਂਖਿਆ, "ਓਹ ਜੋ ਨਿਰਗੁਣ ਹੈ, ਅਰ ਜਾਣਨ ਵਿੱਚ ਆਂਵਦਾ ਹੈ, ਕਹਿਣ ਵਿੱਚ ਨਹੀਂ ਆਂਵਦਾ, ਸੋ 'ਗੁਰ' ਹੋ ਮੈਨੂੰ ਇਕ ਬੂਝ ਦੇਵੋ, ਕਿ ਸਭਨਾਂ ਜੀਆ ਦਾ ਜੋ ਇੱਕ ਦਾਤਾ ਹੈ, ਸੋ ਮੈਥੋਂ ਵਿਸਰਹਿ ਨਹੀਂ, ਅਥਵਾ, "ਸਤਿਗੁਰਾਂ ਨੇ ਮੁਝੇ ਏਹ ਬੂਝ ਦਿੱਤੀ ਹੈ ਜੋ ਮੈ 'ਨਾਮ' ਨਹੀਂ ਵਿਸਾਰਦਾ"॥ 5॥

ਨੰ. 3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ)

ਇਸ ਕਾ ਅਰਥੁ॥ ਥਾਪਿਆ ਨ ਜਾਇ ਕੀਤਾ ਨਾ ਹੋਇ॥ ਆਪੇ ਆਪਿ ਨਿਰੰਜਨੁ ਸੋਇ॥ ਆਪੇ ਆਪਿ ਸੁਤੈ-ਸਿਧ ਮਾਇਆ-ਅਤੀਤ ਅਚਲ-ਸਰੂਪ ਹੈ। ਜਿਨ ਪੁਰਖੋ ਨੇ ਭਕਿਤ-ਪੁਰਬਕ ਸੇਵਿਆ, ਤਿਨ ਪਾਇਆ ਮਾਨੁ। ਮਾਨੁ ਕਹੀਐ ਬਡਿਆਈ ਪਾਈ। ਕਿਆ? "ਭਗਤੁ ਭਗਤੁ ਸੁਣੀਐ ਤਿਹੁ ਨੋਇ॥" ਅਰਥੁ ਯਹ॥ ਜੋ ਤੀਨਹੁ ਲੋਕਹੁ ਕੇ ਪਵਿਤ੍ਰ ਕਰਤਾ ਹੁਏ। ਨਾਨਕ ਗਾਵੀਐ ਗੁਣੀ ਨਿਧਾਨੁ॥ ਗੁਰ ਕਹੇ ਹੈ॥ ਐਸੇ ਪਭ ਸਰਬ ਗੁਣਹੁ ਕੇ ਸਮੁਦ੍ਰ ਗਾਵਣੇ ਜੋਗ ਹੈ॥ ਤਾਂ ਤੇ ਐਸੇ ਪ੍ਰਭ ਕੇ ਗੁਣ ਗਾਈਐ॥ ਤਥਾ ਸ਼੍ਰੱਧਾ-ਸੰਜੁਕਿਤ ਸ੍ਰਵਣਾ, ਗਾਵੀਐ, ਕਹੀਐ ਮੰਨਣਾ, ਭਾਉ ਨਿੱਧਯਾਸਨੁ ਪ੍ਰਭੁ ਕੇ ਗਾਵਣ, ਸੁਨਣ, ਨਿਹਚੇ ਤੇ ਕਿਆ ਹੋਤਾ ਹੈ? ਸੋ ਕਹੇ ਹੈ॥

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥ ਦੁਖ ਕਹੀਐ, ਸੰਸਾਰ ਕਾ ਜਨਮ ਮਰਣ ਜੋ ਦੁਖ ਹੈ, ਤਿਸ ਕੋ ਨਿਵਰਤ ਕਰਿ ਕੇ ਸੁਖਿ ਘਰ ਲੈ ਜਾਇ॥ ਬ੍ਰਹਮਾਨੰਦ ਜੋ ਮਹਾ ਸੁਖ ਹੈ ਜਿਸ ਤੇ ਅਧਿਕ ਔਰ ਸੁਖ ਕੋਈ ਨਾਹੀ, ਤਿਸ ਕੋ ਪ੍ਰਾਪਤਿ ਕਰੇ ਹੈ। ਸੋ ਯਹ ਗਾਵਣਾ, ਸੁਨਣਾ ਅਰ ਤਤ-ਸਰੂਪ ਪ੍ਰਾਪਤਿ ਹੋਣਾ। ਸੋ ਕੇਵਲ 'ਗੁਰ ਪ੍ਰਸਾਦਿ' ਤੇ ਪ੍ਰਾਪਤਿ ਹੈ। ਸੋਈ ਕਹੈ ਹੋ।

Sri Satguru Jagjit Singh Ji eLibrary NamdhariElibrary@gmail.com

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥ ਨਾਦੰ ਕਹੀਐ ਪ੍ਰਭ ਕੇ ਗੁਣਾ ਬਾਦ ਗਾਵਣੇ। ਬੇਦੰ ਕਹੀਐ ਜਥਾ-ਤਤ੍ਵ ਜਾਨਣਾ॥ ਸਮਾਈ ਕਹੀਐ ਅਭੇਦ ਲੀਨ ਹੋਣਾ॥ ਸੋ ਯਹ ਕੇਵਲ ਗੁਰੁ ਕੀ ਕ੍ਰਿਪਾ ਮੁਖਾਰ-ਬਿੰਦੁ ਸੋਂ ਪ੍ਰਾਪਤਿ ਹੋਵੇ ਹੈ, ਤਾਂ ਤੇਂ ਅਬ ਗੁਰੁ ਮਹਿਮਾ ਬਰਨਨ ਕਰੇ ਹੈ।

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥

ਗੁਰੁ ਕੈਸੇ ਹੈਂ? ਈਸ਼ੂਰ ਕਹੀਐ ਸ਼ਿਵ ਜੀ। ਅਰੁ ਗੋਰਖ, ਗੋ ਨਾਮ ਪ੍ਰਿਥਵੀ ਕਾ ਹੈ, ਤਿਸ ਕੀ ਜੋ ਰਖਯਾ ਕਰੇ, ਸੋ ਗੋਰਖੁ ਕਹੀਐ ਬਿਸਨੁ॥ ਅਰੁ ਬ੍ਰਹਮਾ ਜੀ, ਅਰੁ ਪਾਰਬਤੀ। 'ਮਾਂ' ਕਹੀਐ 'ਲਖਿਮੀ', 'ਈ' ਕਹੀਐ 'ਸਰਸ੍ਵਤੀ' ਸੋਏ ਸਭ ਕੇਵਲ ਗੁਰੁ ਹੀ ਹੈ। ਅਰਥੁ ਯਹ। ਜੋ ਜਿਸ ਨੇ ਗੁਰ ਕਾ ਦਰਸ਼ਨ ਅਥਵਾ ਪੂਜਨ ਕੀਆ, ਮਾਨੋ ਸਰਬ ਕਾ ਕੀਆ॥ ਚੌਪਈ॥ ਯਾ ਪਰ ਸੁਤਿ ਸੁ ਕਰੇ ਨਿਰਬਾਹੇ॥ "ਬ੍ਰਹਮ ਬਿਤ ਸੁ ਬ੍ਰਹਮ ਹੀ ਆਹੇ।" "ਗੁਰੁ ਪਰਮੇਸਰੁ ਏਕੋ ਜਾਨੁ। ਤਾ ਪਰ ਔਰ ਬੇਦ ਪਰਮਾਣ॥ 1॥

ਦੋਹਿਰਾ॥ ਜਿਹ ਨਰ ਕੌ ਅਤਿ-ਭਕਤਿ ਹੈ, ਦੇਵ ਨਰਾਯਣ ਮਾਹਿ॥
ਜਥਾ ਦੇਵ ਮਹੁ ਗੁਰੁ ਤਥਾ, ਵਾਕ ਪ੍ਰਕਾਸ਼ਤ ਤਾਹਿ॥
ਗੁਰੋਰਧਿ ਮਹਿਮਾ ਨ ਕਹਿ, ਪਰਾ ਬੁਧਿ ਕਿਮਿ ਪਾਇ॥
ਜੇ ਹੌਂ ਜਾਣਾ ਕਹੌਂ ਨਹਿ, ਕਹਿਣਾ ਕਥਨੁ ਨ ਜਾਇ॥ 2॥

ਅਥ ਸਿਖਯ ਕੀ ਪ੍ਰਾਰਥਨਾ॥ ਜੋ ਹੇ ਗੁਰੋ! ਇਸ ਪ੍ਰਕਾਰ ਸਚੁ-ਨਾਮ ਤਥਾ ਬਡਿਆਈਆਂ ਜਾਨਣੇ ਕੋ, ਅਰੁ ਕਹਣੇ ਕੋ ਮੈ ਸੰਮ੍ਰਥ ਨਹੀ; ਤਾਂ ਤੇ ਮੁਝ ਕੋ ਅਸ਼ੀਰਬਾਦ ਕਰੋ। ਜੋ ਮੈਂ ਮੁਖ ਸੋ ਭਗਵਤ-ਗੁਣਾ-ਬਾਦ ਕਹੋ। ਅਰੁ ਅਨੁਭਉ ਕਰਿ ਦੇਖੋ॥ ਕਾਹੇ ਤੇ, ਯਹ ਕਹਣਾ ਹੈ। ਕਥਨਾ ਬਹੁਤ ਕਠਿਨ ਹੈ। ਮਨ ਬਾਣੀ ਕਾ ਪਰਾ ਹੈ। ਤਾਂ ਤੇ, ਗੁਰਾ ਇਕ ਦੇਹਿ ਬੁਝਾਈ। ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨਾ ਜਾਈ॥ ਹੇ ਗੁਰੋ ਏਕ ਯਹ ਅਨਭਉ ਕਰਾਵਹੁ; ਜੋ ਸਭਨਾ ਜੀਆਂ ਕਾ ਏਕ ਬਿਸੰਭਰ ਦਾਤਾ ਹੈ। ਸੋ ਕਿਸੀ ਕਾਨਾ ਵਿਖੇ ਕਦੇ ਵਿਸਰੇ ਨਾਹੀ॥ 5॥

ਨੰ. 4. ਸਾਧੂ ਅਨੰਦਘਨ ਜੀ (ਉਦਾਸੀਨ-ਪੁਰਾਣ ਕਥਾ ਵਾਚੀ)

ਸੋ ਪਰਮੇਸਵਰ ਕਬ ਕਾ ਹੈ? ਅਰ ਤਿਸ ਕਾ ਪਿਤਾ ਮਾਤਾ ਕੌਣ ਹੈ॥ ਤਿਸ ਕਾ ਉਤਰ ਕਰਤੇ ਹੈ॥

ਥਾਪਿਆ ਨ ਜਾਇ ਕੀਤਾ ਨਾ ਹੋਇ॥ ਆਪੇ ਆਪਿ ਨਿਰੰਜਨੁ ਸੋਇ॥

ਪਰਮੇਸਵਰ ਕ੍ਬ ਕਾ ਹੈ ਅਰ ਤਿਸ ਕਾ ਪਿਤਾ ਮਾਤਾ ਕੌਣ ਹੈ॥ ਇਹ ਤੋ ਨਹੀ ਹਮ ਥਾਪ ਸਕਤੇ॥ ਕਾਹੇ-ਤੇ; ਜਿਸ ਕਾਰਣ ਤੇ, ਪਰਮੇਸ੍ਵਰ ਕਿਸੀ ਕਾ ਕੀਆ ਹੂਆ ਨਹੀ। ਜੋ ਜੋ ਕੁਛ ਕੀਆ ਹੂਆ ਦ੍ਰਿਸ਼ਟ ਆਵਤਾ ਹੈ, ਸੋ ਤੋ ਨਾਸ਼ਵੰਤ ਹੀ ਦ੍ਰਿਸਟ ਆਵਤਾ ਹੈ॥ ਪਰਮੇਸ੍ਵਰ ਤੋ ਅਵਿਨਾਸ਼ੀ ਹੈ, ਤਾਤੇ ਨਿਰੰਜਨ, ਮਾਇਆ ਤੇ ਰਹਤ ਜੋ ਪ੍ਰਮਾਤਮਾ ਹੈ, ਸੋ ਕਿਸੀ ਕਾ ਕੀਆ ਹੂਆ ਨਹੀ, ਆਪਣੇ ਆਪ ਹੀ ਹੈ॥ ਅਬ ਤਿਸ ਪ੍ਰਮਾਤਮਾ ਕੀ ਸੇਵਾ ਕਾ ਫਲ ਕਹਤੇ ਹੈਂ॥

Sri Satguru Jagjit Singh Ji eLibrary NamdhariElibrary@gmail.com

ਜਿਸ ਨੇ ਪ੍ਰਮਾਤਮਾ ਕਾ ਸੇਵਨ ਕੀਆ ਤਿਸ ਨੇ ਪਾਇਆ। ਕੌਣਸਾ ਮਾਨਾ। ਜਬ ਤਕ ਜੀਵੈਗਾ, ਤਬ ਤਕਰ ਜਗਤ ਕੇ ਲੋਕ ਸੇਵਾ ਕਰਹਿਗੇ, ਅਰ ਧੰਨ ਧੰਨ ਕਰੇਗੇ॥ ਅਰ ਜਬ ਮਰੇਗਾ ਤਬ ਪਰਮੇਸ੍ਵਰ ਕੇ ਸ੍ਵਰੂਪ ਵਿਖੇ ਲੀਨ ਹੋਵੇਗਾ॥ ਅਨੰਤ ਬ੍ਰਹਮਾਡੋਂ ਕਾ ਪੂਜ ਹੋਵੇਗਾ। ਤਾਂਤੇ ਲੋਕ, ਪਰਲੋਕ ਸੁਧਾਰਨੇ ਵਾਲਾ ਹੈ, ਗੁਣ ਜਿਸ ਕਾ, ਐਸਾ ਜੋ ਗੁਣੋਂ ਕਾ ਸਮੁੰਦਰ ਪ੍ਰਮਾਤਮਾ ਹੈ, ਤਿਸ ਕੇ ਗੁਣਾਬਾਦ ਗਾਵਣੈ॥

ਗਾਵੀਐ ਸੁਣੀਐ ਮਨਿ ਰਖੀਐ ਭਾਉ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥

ਗਾਵਣ ਪਰਮੇਸ੍ਵਰ ਕੇ ਗੁਣਾਬਾਦ, ਅਰ ਸੁਣਨੇ ਭੀ; ਅਰ ਮਨ ਵਿਖੇ ਤਿਨ ਕਾ ਭਾਉ ਭੀ ਕਰਣਾ॥ ਭਾਉ ਬਿਨਾ, ਕਹਿਣਾ, ਸੁਣਨਾ; ਨਿਕੰਮਾ ਹੀ ਹੋਤਾ ਹੈ। ਜਬ ਮਨ ਵਿਖੇ ਭਾਵ ਹੂਆ, ਤਬ ਭਾਵ ਕੇ ਪਰਤਾਪ ਤੇ ਦੂਖ ਜੋਹੈ- ਜਨਮ ਮਰਣਾਦਿਕ ਤਿਨ ਕੋ 'ਪਰਹਰ' ਕਿਆ ਕਰੀਏ, ਨਾਸ ਕਰ, ਅਰ ਸੁਖ ਰੂਪ ਆਵਾਗੌਣ ਤੇ ਰਹਿਤ ਜੋ ਪਰਮਾਤਮਾ ਹੈ, ਤਿਸ ਕੋ 'ਘਰ' ਵਿਖੇ ਪ੍ਰਾਪਤਿ ਕਰ॥ ਏਤਾ ਕਰਣੇ ਤੇ ਪ੍ਰੇਮਸ੍ਵਰ ਕੀ ਪ੍ਰਾਪਤਿ ਕਹੀ ਆਦਿ ਵਿਖੇ ਹੀ ਜੋ ਕਹਾ ਥਾ 'ਗੁਰਪ੍ਰਸਾਦਿ'। ਸੋ ਇਹ ਬਾਬਾ ਨਾਨਕ ਕੇ ਮੁਖਾਰਬਿੰਦ ਕੇ ਕੈਸੇ ਅਖਰ ਹੈ॥ ਵਾਦੀ ਕੋ ਤੋ ਵਾਦ ਕਾ ਬੀਜ, ਅਰ ਸਿਧਾਤੀ ਕੋ ਸਿਧਾਂਤ ਕਾ ਬੀਜ॥ ਸਿਖ ਕੋ ਪ੍ਰਸਨ ਕਾ ਬੀਜ, ਗੁਰੋ ਕੋ ਉਤ੍ਰ ਕਾ ਬੀਜ॥ ਗੁਰੂ ਉਪਦੇਸ ਦਵਾਰਾ ਸਿਖ ਕੋ ਪਰਮੇਸ੍ਵਰ ਕੀ ਪ੍ਰਾਪਤਿ ਕਾ ਬੀਜ॥ ਈਹਾਂ ਤਕਰ 'ਗੁਰਪ੍ਰਸਾਦਿ' ਕਾ ਨਿਰੂਪਣ ਹੂਆ ਹੈ॥ ਆਗੇ 'ਨਾਨਕ ਪਾਤਿਸਾਹੀ ਪਾਤਿਸਾਹੁ'॥ ਈਹਾ ਤਕਰ 'ਗੁਰ-ਪ੍ਰਸਾਦਿ' ਕਾ ਹੀ ਨਿਰੂਪਣ ਹੋਵੇਗਾ॥ 'ਗੁਰ ਪ੍ਰਸਾਦਿ' ਸਭ ਕਾ 'ਬੀਜ' ਹੈ॥ ਅਰ 'ਸਤਿਨਾਮੁ' ਜੋ ਹੈ ਸੋ 'ਮੰਤ੍ਰ' ਹੈ॥ ਕਾਹੇਤੇ॥ ਜੋ ਗੁਰ ਕ੍ਰਿਪਾ ਕਰੇਂਗੇ ਤੋ 'ਸਤਿਨਾਮ' ਕਾ ਹੀ ਉਪਦੇਸ ਕਰੇਂਗੇ।

ਆਦਿ ਸਚੁ ਜੁਗਾਦਿ ਸਚੁ॥

ਜੋ ਹੈ ਸੋ ਸ਼ਕਤਿ ਹੈ॥ ਕਾਹੇ ਤੈ॥ ਜੋ ਇਨਾ ਅਖਰੋ ਵਿਖੇ ਸ਼ਕਤਿ ਤਬੀ ਤੋ ਅਖਰੋ ਨੇ ਪ੍ਰਿਥਮ ਪਰਮੇਸ੍ਵਰ ਕੋ 'ਸਤਿਰੂਪ' ਦਿਖਾਇਆ॥ ਫੇਰ ਸਿਖ ਕੋ 'ਸਤਿ' ਰੂਪ ਦਿਖਾਇ ਦੀਆ॥ ਤੇਰਾ ਨਾਸ ਤੋ ਕਬੀ ਨਹੀ ਹੋਤਾ॥

'ਹੁਕਮਿ ਰਜਾਈ ਚਲਣਾ'॥

ਇਹ 'ਕੀਲਕ' ਹੈ॥ 'ਕੀਲਕ' ਨਮ ਹੈ ਮ੍ਰਿਜ਼ਾਦਾ ਕੇ ਕੀਲੇ ਕਾ॥ ਘਰ ਮੋ ਵਸਤ ਰਾਖ ਕਰ ਤਾਲਾ ਲਗਾਇ ਦੀਆ, ਵਸਤ ਮ੍ਰਿਜਾਦਾ ਸੋਂ ਰਹੀ॥ ਅਥਵਾ ਪਸ਼ੂ ਕੋ ਕੀਲੇ ਸਾਥ ਬਾਂਧ ਛੋਡਿਆ, ਮ੍ਰਿਜਾਦਾ ਸੋ ਖੜਾ ਰਹਾ॥ ਅਥਵਾ ਮਲਾਹ ਜੋ ਨਦੀ ਵਿਖੇ ਮਾਰਗ ਨਿਕਾਸਤੇ ਹੈ॥ ਸੋ ਦੋ ਓਰ ਕੀਲੇ ਗਾਡ ਜਾਤੇ ਹੈਂ॥ ਅਰ ਇਹੀ ਕਹਤੇ ਹੈਂ, ਜੋ ਇਨ ਕੀਲਿਓ ਕੇ ਭੀਤਰ ਚਲੈਗਾ ਸੋ ਸੁਖ ਸੋ ਪਾਰ ਉਤਰੇਗਾ, ਅਰ ਜੋ ਇਨ ਕੀ ਲਿਖਓ ਕੇ ਬਾਹਰ ਹੋਵੇਗਾ, ਸੋ ਡੂਬੇਗਾ॥ ਈਹਾ ਇਹੀ 'ਕੀਲਕ' ਗ੍ਰਹਣ ਕਰਣਾ॥ ਸੰਸਾਰ ਰੂਪੀ ਨਦੀ ਹੈ॥ ਗੁਰ ਮਲਾਹ ਹੈ, ਸ੍ਰੁਤ ਸਿੰਮ੍ਰਤ ਇਹ ਦੋਨੋ ਮ੍ਰਿਜਾਦਾ ਕੇ 'ਕੀਲੇ' ਹੈਂ॥ ਸ੍ਰੁਤ, ਸਿਮ੍ਰਤਿ ਕੇ ਮਾਰਗ ਜੋ ਚਲੇਗਾ ਸੋ ਸੁਖ ਸੋ ਸੰਸਾਰ ਰੂਪੀ ਨਦੀ ਤੇ ਪਾਰ ਉਤਰੇਗਾ॥ ਆਵਾਗੌਣ ਤੇ ਛੂਟ ਪੜੇਗਾ॥ ਅਰ ਜੋ ਸ੍ਰੁਤ, ਸ੍ਰਿੰਮਤ ਤੇ ਬਾਹਰ ਹੋਵੇਗਾ, ਸੋ ਡੂਬੇਗਾ॥ ਤਿਸ ਕਾ ਆਵਾਗੌਣ ਕਬੀ ਛੂਟੇਗਾ ਨਹੀ॥

Sri Satguru Jagjit Singh Ji eLibrary NamdhariElibrary@gmail.com

ਪੁਰਾਣਾਂ ਤੇ ਪ੍ਰਮੇਸ੍ਵਰ ਬਚਨੰ॥ ਸ੍ਰੁਤੀ ਸਿੰਮ੍ਰੁਤੀ ਐਵ ਆਗਿਆ ਯਵੈਤ ਉਲੰਘ ਵਰਤਤੇ॥ ਆਗਿਆ ਛੇਦੀ ਮਮ ਦ੍ਵੇਖੀ ਮਦ ਭਗਤੋ ਪੀ ਵੈਖਣਵ:

ਪੁਰਾਣਾਤ੍ਰ ਮੋ ਲਿਖਾਹੈ- ਨਾਰਾਇਣ ਕਹਤੇ ਹੈ॥ ਸ੍ਰੁਤਿ ਭੀ ਮੇਰੀ ਆਗਿਆ ਹੈ॥ ਸ੍ਰੁਤਿ ਨਾਮ ਹੈ ਚਾਰ-ਵੇਦ ਕਾ, ਔਰ ਜੇਤਾ ਸ਼ਾਸਤ੍ਰ, ਪੁਰਾਣ, ਉਪ-ਪੁਰਾਣ, ਨਿਬੰਧ ਹੈ, ਤਿਸ ਕਾ ਨਾਮ ਸਿੰਮ੍ਰਿਤ ਹੈ॥ ਇਨ ਦੋਨੋ ਕੋ ਜੋ ਉਲੰਘ ਕਰ ਵਰਤਤਾ ਹੈ॥ ਸੋ ਮੇਰੀ ਆਗਿਆ ਕੇ ਛੇਦਣੇ ਵਾਲਾ, ਮੇਰਾ ਦਵੇਖੀ ਹੈ॥ ਯਦਪ ਉਹ ਮੇਰਾ ਭਗਤ ਭੀ ਹੈ, ਤਉ ਭੀ ਉਹ ਮੇਰਾ ਨਹੀ, ਤਾਤੇ ਸ੍ਰੁਤਿ, ਸਿੰਮ੍ਰਿਤ ਕੇ ਅਨੁਸਾਰ ਜੋ ਆਪਣੇ ਵਰਣਾਸ੍ਰਮ ਕਾ ਧਰਮ ਹੈ ਤਿਸ ਕੋ ਕੀਆ ਹੀ ਚਾਹੀਏ॥

'ਨਾਨਕ ਪਾਤਿਸਾਹੀ ਪਾਤਿਸਾਹੁ'॥

ਇਸ ਕੇ ਨਮਿਤ ਪੂਰਬੋਕਤ ਕਾ 'ਵਿਨਿਜੋਗ' ਹੈ। 'ਵਿਨਯੋਗ' ਨਾਮ ਹੈ ਯਤਨ ਕਾ॥ ਜੇਤਾ ਯਤਨ ਹੈ ਸੋ ਪਾਤਸਾਹੋ ਕਾ ਪਾਤਸਾਹ ਜੋ ਪ੍ਰਮੇਸਵਰ ਹੈ, ਤਿਸੀ ਕੋ ਤੋ ਪ੍ਰਾਪਤ ਕੇ ਨਮਿਤ ਹੈ॥ ਤਿਸ ਕਾ ਬੀਜ 'ਗੁਰ ਪ੍ਰਸਾਦਿ'॥ ਅਬ ਬਾਬਾ ਨਾਨਕ ਕਹਤੇ ਹੈ॥ ਪ੍ਰਮੇਸ੍ਵਰ ਕੀ ਪ੍ਰਾਪਤਿ ਤੋ ਸਰਬੋਤਮ ਪਦਾਰਥ ਹੈ॥ ਬਿਨਾ ਗੁਰੁ ਕ੍ਰਿਪਾ ਕੈਸੇ ਹੋਵੇਗੀ? ਗੁਰੁ ਕ੍ਰਿਪਾ ਬਿਨਾ ਤੋ ਕਛੁ ਨਹੀਂ ਪ੍ਰਾਪਤਿ ਹੋਤਾ॥ ਸੋਈ ਕਹਤੇ ਹੈਂ॥

ਗੁਰਮੁਖਿ ਨਾਦੰ ਗੁਰਮੁਖਿ ਵੇਦੰ।

ਨਾਦ ਜੋ ਹੈ ਗਾਵਣਾ, ਵਜਾਵਣਾ, ਇਸ ਕੋ ਜੋ ਗੁਰੋ ਕੇ ਮੁਖ ਤੇ ਸ੍ਰਵਣ ਕਰੇਗਾ ਤਬੀ ਤੋ ਪ੍ਰਾਪਤਿ ਹੋਵੇਗਾ। ਯਿਓ ਤੋਂ ਨਹੀ ਪ੍ਰਾਪਤ ਹੋਤਾ॥ ਅਰ ਵੇਦ, ਸ਼ਾਸਤ੍ਰ, ਪੁਰਾਣ ਜੋ ਹੈਂ, ਸੋ ਭੀ ਤੋ ਜੋ ਗੁਰ ਕ੍ਰਿਪਾ ਕਰ ਕਰ ਪੜਾਵੇਂਗੇ, ਤਬੀ ਤੋ ਪ੍ਰਾਪਤਿ ਹੋਵੋਗਾ, ਯਿਉ ਤੋ ਨਹੀ ਪ੍ਰਾਪਤ ਹੋਤਾ॥ ਤਿਸ ਪਰ ਭੀ ਬਾਬਾ ਨਾਨਕ ਕਹਤੇ ਹੈ॥ ਨਾਦ, ਵੇਦ ਤੋ ਬਡਾ ਪਦਾਰਥ ਹੈ॥ ਬਿਨ ਗੁਰ ਕ੍ਰਿਪਾ ਕੈਸੇ ਪ੍ਰਾਪਤਿ ਹੋਵੇਗਾ॥ ਹਮ ਇਹ ਕਹਤੇ ਹੈਂ ਗੁਰੁ ਕ੍ਰਿਪਾ ਬਿਨਾ ਤੋ ਅਲਪ ਪਦਾਰਥ ਭੀ ਨਹੀਂ ਪ੍ਰਾਪਤਿ ਹੋਤਾ, ਸੋਈ ਦਿਖਲਾਵਤੇ ਹੈਂ॥

ਗੁਰਮੁਖਿ ਰਹਿਆ ਸਮਾਈ॥

ਜੇਤਾ ਕਛ ਛੋਟਾ ਮੋਟਾ ਜਗਤ ਪਦਾਰਥ ਹੈ ਸੋ ਸਭ ਗੁਰਮੁਖ ਵੀ ਤੋ ਹੈ॥ ਮਾਤਾ ਕੇ ਗਰਭ ਤੇ ਤੋ ਕੋਈ ਲੈ ਨਹੀ ਨਿਕਸਾ॥ ਸਭ ਸਿਖ, ਸਿਖ ਹੀ ਤੋ ਹੂਏ॥ ਕਿਸੀ ਨੇ ਸਿਖਲਾਇਆ ਹੂਆ ਸਿਖਾ॥ ਕਿਸੀ ਨੇ ਸੁਣ ਕਰ ਸਿਖਾ, ਜੋ ਕਛ ਜਿਸ ਤੇ ਜਿਸ ਨੇ ਸਿਖਾ, ਉਤਨੇ ਭਾਗ ਮੋ ਉਸ ਕਾ ਉਹੀ ਤੋ ਗੁਰੂ ਹੈ॥

ਨਨੁ- ਤੁਮ ਕਹਤੇ ਹੋ 'ਗੁਰਮੁਖਿ ਰਹਿਆ ਸਮਾਈ'॥ ਤੁਮਾਰਾ ਗੁਰੂ ਕੌਣ ਹੈ? ਤੁਮਨੇ ਕਿਸੀ ਕੀ ਸਿਖਯ ਗ੍ਰਣ ਕਰੀ? ਇਸ ਕਾ ਉਤਰ ਕਹਤੇ ਹੈ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥

ਈਸ੍ਵਰ ਨਾਮ ਹੈ ਮਹਾਦੇਵ ਕਾ॥ ਸੋ ਗੁਰੂ ਹੈ॥ 'ਗੋ' ਨਾਮ ਹੈ ਪ੍ਰਿਥਵੀ ਕਾ, ਤਿਸ ਕੀ ਰਖਿਆ ਕਰਣੇ ਵਾਲਾ ਨਾਰਾਇਣ, ਗੁਰੂ ਹੈ॥ 'ਬ੍ਰਹਮਾ' ਗੁਰ ਹੈ॥ ਪਾਰਬਤੀ ਮਾਈ ਗੁਰ ਹੈ॥ 'ਮਾ' ਨਾਮ ਲਖਮੀ ਕਾ ਹੈ, ਸੋ ਗੁਰ ਹੈ॥ 'ਇ' ਨਾਮ ਸਰਸ੍ਵਤੀ ਕਾ ਹੈ, ਸੋ ਗੁਰ ਹੈ। ਇਨ ਦੋਨੋ ਪਦੋ ਕਾ ਸਮਾਸ ਹੋਤਾ ਹੈ॥ 'ਮਾ' ਜੋ ਹੈ 'ਲਖਮੀ'॥ 'ਇ' ਹੈ ਸਰਸ੍ਵਤੀ। ਇਨ ਦੋਨੋ ਕਾ ਨਾਮ 'ਮਾਈ' ਹੈ, ਇਹੀ ਛੇ ਗੁਰ ਹੈ॥ ਅਬ ਬਾਬਾ ਨਾਨਕ ਆਪਣੇ ਆਸ਼ੈ ਕੋ ਪ੍ਰਗਟ ਕਰਤੇ ਹੈ॥ ਜੇ

Sri Satguru Jagjit Singh Ji eLibrary NamdhariElibrary@gmail.com

ਹਉ ਜਾਣਾ ਆਖਾ ਨਾਹੀ॥ ਜੋ ਮੈ ਜਾਣਤਾ ਹੌਂ ਇਹ ਛੇ ਮੇਰੇ ਗੁਰ ਹੈਂ, ਪਰੰਤੂ ਮੈਂ ਕਹ ਨਹੀ ਸਕਤਾ॥ ਨਨੁ॥ ਜੋ ਜਾਣਤੇ ਹੋ ਤੋ ਕਹਤੇ ਕਿਉਂ ਨਹੀਂ? ਜੋ ਜਿਸ ਕਾ ਗੁਰ ਹੋਤਾ ਹੈ ਸੋ ਤੋ ਕਹਤਾ ਹੈ॥ ਅਮਕਾ ਸਵਾਮੀ ਮੇਰਾ ਗੁਰੁ ਹੈ॥ ਤੁਮ ਜੋ ਨਹੀ ਕਹਤੇ, ਤੁਮ ਜੋ ਕਹਣੇ ਮੋ ਕਿਆ ਦੋਖ ਹੈ? ਤਿਸ ਕਾ ਉਤਰ ਕਹਤੇ ਹੈਂ।

ਕਹਣਾ ਕਥਨੁ ਨ ਜਾਈ॥

ਇਹ 'ਛੇ' ਮੇਰੇ ਗੁਰੂ ਹੈ, ਇਸ ਬਾਤ ਕਾ ਕਹਿਣਾ ਮੇਰੇ ਸੋ ਕਹਾ ਨਹੀ ਜਾਤਾ॥

ਨਨੁ- ਕਿਉ ਨਹੀ ਕਹਾ ਜਾਤਾ, ਕਹਣੇ ਮੋ ਕਿਆ ਦੋਖ ਹੈ? ਈਹਾ ਏਤਾ ਬਾਬਾ ਨਾਨਕ ਕਾ ਆਸ਼ੈ ਸੇ ਪਰਤੀਤ ਹੋਤਾ ਹੈ॥ ਇਹੁ 'ਛੇ' ਰੂਪ ਪਰਮੇਸ਼ੂਰ ਹੈ ਸੰਪੂਰਣ ਜਗਤ ਕੇ ਹੀ ਗੁਰੂ ਹੈਂ॥ ਮੈ ਭੀ ਤੋ ਇਨ ਕੀ ਹੀ ਸ੍ਰਿਸਟ ਮੋ ਹੋ॥ ਇਨ ਕੀ ਸ੍ਰਿਸਟ ਤੇ ਭਿੰਨ ਤੋ ਨਹੀਂ॥ ਇਸ ਤੇ ਤੋ 'ਗੁਰ' ਕਹਾ॥ ਅਰ ਜੈਸੇ ਲੋਕ ਦੀਖਿਆ-ਮੰਤ੍ਰ ਲੇਕਰ ਗੁਰੁ ਧਾਰਣ ਕਰਤੇ ਹੈਂ॥ ਤੈਸੇ ਮੇਨੇ ਦੀਖਿਆ ਮੰਤ੍ਰ ਤੋ ਕਿਸੀ ਕਾ ਭੀ ਨਹੀ ਲੀਆ, 'ਸਵਯੈ-ਸਿਧ' ਹੀ ਉਪਜਾ ਹੋ॥ ਇਸ ਤੇ ਨਹੀ ਕਹ ਸਕਤਾ॥

ਅਬ ਇਸੀ ਕੋ ਦ੍ਰਿਸਟਾਂਤ ਦਵਾਰਾ ਸਿਧ ਕਰਤੇ ਹੈਂ। ਸਰਬ ਸਾਸਤ੍ਰ ਪੁਰਾਣ ਮੋ ਲਿਖਾ ਹੈ॥ ਰਾਮ ਜੀ ਕੇ ਗੁਰੂ ਵਸਿਸਟ ਜੀ, ਵਸਿਸ਼ਟ ਕਾ ਗੁਰੂ ਕੋਣ? ਅਤ੍ਰਿ 1 ਅੰਗ੍ਰਾ 2 ਪੁਲਸਤ 3 ਪੁਲਰ 4 ਭ੍ਰਿਗ 5 ਕ੍ਰਿਤ 6 ਦੱਖ 7 ਮਰੀਚ 8 ਸਨਕ ਸਨੰਦਨ 9 ਸਨਤ ਕੁਮਾਰ 10. ਇਨ ਤੇ ਲੇਕਰ ਜੋ ਮਹਾਨ-ਭਾਵ ਹੁਏ, ਇਨ ਕਾ ਗੁਰ ਕੌਣ? ਸਰਬ ਸ਼ਾਸਤ੍ਰ ਪੁਰਾਣ ਕੇ ਕਰਤਾ ਇਹੀ ਤੋ ਹੈਂ॥ ਜੋ ਗੁਰੂ ਇਨ ਕਾ ਕੋਈ ਹੋਤਾ, ਸੋ ਕਹੀਂ ਲਿਖਾ ਹੋਤਾ॥ ਸੋ ਤੋ ਕਹੀਂ ਨਹੀਂ ਲਿਖਾ॥ ਤੋ ਕਿਆ ਇਵ ਨਿਗੁਰੇ ਹੈ ਜੋ ਨਿਗੁਰੇ ਹੋਤੇ, ਤੋ ਇਨ ਕੋ ਅਰ ਇਨ ਕੇ ਸਾਸਤ੍ਰੋ ਕੋ ਮਾਨਤਾ ਕੌਣ॥ ਏਤਾ ਕਹਣੇ ਤੇ ਕਿਆ ਸਿਧ ਹੂਆ, ਸ੍ਰਿਸ਼ਟੀ ਪਰਮੇਸ਼ੂਰ ਕੀ ਦੋ ਪ੍ਰਕਾਰ ਕੀ॥ ਏਕ ਜੀਵ-ਕੋਟੀ॥ 2 ਏਕ ਈਸ਼ੂਰ ਕੋਟੀ॥ ਜੋ ਜੀਵ-ਕੋਟੀ ਹੈ, ਤਿਨ ਕੌ ਤੋ ਅਗਿਆਨ ਹੈ॥ ਸੋ ਅਗਿਆਨ, ਬਿਨਾ ਗੁਰੂ-ਉਪਦੇਸ ਤੋ ਕਿਸੀ ਕਾ ਹੀ ਨਹੀਂ ਸਾਂਤ ਹੋਤਾ, ਤਿਨ ਕੋ ਤੋ ਅਵਸ ਕਰ ਗੁਰ ਧਾਰਣ ਕੀਆ ਚਾਹੀਏ॥ ਅਰ ਜੋ ਈਸ਼ੂਰ ਕੋਟੀ ਹੈ, ਤਿਨ ਕੋ ਤੋ ਅਗਿਆਨ ਹੈ ਹੀ ਨਹੀ॥ ਗੁਰ ਨਾਮ ਹੈ ਮਾਰਗ ਕੇ ਬਤਾਵਣੇ ਵਾਲੇ ਕਾ॥ ਮਾਰਗ ਤਾਂ ਸੋ ਪੂਛੇਗਾ, ਜਿਨ ਕੋ ਨਹੀ ਆਵਤਾ॥ ਅਰ ਜਿਸ ਕੋ ਆਵਤਾ ਹੈ॥ ਸੋ ਕਾਹੇਕੋ ਪੂਛੇਗਾ॥ ਵਸਿਸ਼ਟ ਆਦਿਕ ਸਵਯੰ-ਸਿਧ ਗਿਆਨੀ ਹੈਂ॥ ਪੜੇ ਬਿਨਾ ਹੀ ਇਨ ਕੋ ਵੇਦ, ਸਾਸਤ੍ਰ ਫੁਰੇ ਹੈਂ॥ ਹਮਾਰੇ ਬਾਬਾ ਨਾਨਕ ਕੋ ਭੀ ਪੜੇ ਬਿਨਾ ਹੀ ਬਾਣੀ ਫੁਰੀ ਹੈ॥ ਬਾਣੀ ਕਿਸੀ ਤੇ ਪੜੀ ਤੋ ਨਹੀ॥ ਅਰ ਬਾਣੀ ਵਿਖੇ ਵੇਦ, ਸਾਸ਼ਤ੍ਰ ਕਾ ਹੀ ਤੋ ਅਰਥ ਹੈ॥ ਕਛੁ ਔਰ ਤੋ ਨਹੀ॥ ਯਦਪਿ ਵਿਸਿਸ਼ਟਾਦਿਕ ਸਵਯੰ-ਸਿਧ ਥੇ, ਪੜੇ ਬਿਨਾ ਵੀ ਤਿਸ ਕੋ ਵੇਦ, ਸਾਸਤ੍ਰ ਫੁਰੇ ਹੈਂ॥ ਤਥਾਪਿ ਬ੍ਰਹਮਾ, ਬਿਸਨ, ਸਿਵ, ਸਰਸ੍ਵਤੀ, ਲਖਮੀ, ਪਾਰਬਤੀ॥ ਇਨ ਛੇਓ ਕੋ ਗੁਰ ਮਾਨ ਕਰ ਪੂਜਨ ਕੀਆ॥ ਇਸੀ ਪੰਥ ਮੇ ਕੋਈ ਏਕ ਐਸੇ ਅੜਬੰਗੀ ਹੈ, ਸਮਝੇ ਬਿਨਾ ਹੀ ਬਕਬਾਦ ਕਰਤੇ ਹੈਂ॥ ਕਹਤੇ ਹੈਂ, ਇਸਤ੍ਰੀ ਤੋ ਨਹੀ ਗੁਰੂ ਮਾਨਤੇ॥ ਇਨ ਕੇ ਮੁਖ ਪਰ ਪ੍ਰਥਮ ਤੋ ਬਾਬਾ ਨਾਨਕ ਕੀ ਚਪੇਟਕਾ ਪੜਤੀ ਹੈ॥

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥

Sri Satguru Jagjit Singh Ji eLibrary NamdhariElibrary@gmail.com

ਸੰਸਾਰੀ ਸੰਸਾਰ ਕੋ ਰਚਨੇ ਵਾਲਾ ਬ੍ਰਹਮਾ॥ ਭੰਡਾਰੀ ਸਰਬ ਜਗਤ ਕੀ ਪਾਲਨਾ ਕਰਣੇ ਵਾਲਾ ਵਿਸਨੁ॥ ਅਰ ਦੀਬਾਨ ਲਗਾਵਣੇ ਵਾਲਾ ਅੰਤ ਵਿਖੇ ਮੁਹਾਸਬਾ ਲੈਣੇ ਵਾਲਾ ਮਹਾਦੇਵ॥ ਇਹ ਤੀਨੋ ਜਗਤ ਕੇ ਈਸ਼ਵਰ ਜਿਸ ਕੇ ਚੇਲੇ ਹੈ॥ ਸੋ ਕਿਆ ਗੁਰੂ ਨਹੀ॥ ਅਬ ਗੁਰੂ ਅਰਜਨ ਕੀ ਚਪੇਟਕਾ ਪੜਤੀ ਹੈ॥ 'ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥ ਜੋ ਸਤ ਪੁਰਖ ਕਾ ਗਯਾਤਾ ਹੈ ਸੋਈ ਸਤ ਗੁਰੂ ਹੈ॥ ਈਹਾ ਇਸਤ੍ਰੀ, ਪੁਰਖ ਨਪੁੰਸਕ ਕਾ ਕਛ ਭੇਦ ਤੋ ਨਹੀ ਕਹਾ॥ ਅਬ ਸਾਸਤ੍ਰ ਕੀ ਚਪੇਟਕਾ ਪੜਤੀ ਹੈ॥ "ਗੁਰੂ ਉਸਤ ਕੋ? ਯਸਤੁਹਿ ਤੋ ਉਪਦੇਸਟਾ" ਗੁਰੁ ਕੌਣ ਹੈ॥

ਤਿਸ ਕਾ ਉਤਰ:

"ਜੋ ਹਿਤ ਕਾ ਉਪਦੇਸ਼ ਕਰੇ, ਸੋਈ ਗੁਰੂ॥" ਈਹਾ ਤੋ ਇਸਤ੍ਰੀ ਪੁਰਖ ਨਪੁੰਸਕ ਕਾ ਕਛ ਭੇਦ ਨਹੀ ਕਹਾ॥ ਚੂੜਾਲਾਗਜਾ ਸਿਖਰਧ੍ਵਜ ਕੀ ਰਾਣੀ ਹੋਤੀ ਥੀ। ਆਪਣੇ ਭਰਤਾ ਕੋ ਗਿਆਨ ਉਪਦੇਸ ਕਰ ਕਰ ਮੁਕਤ ਹੀ ਤੋ ਕੀਆ। ਇਹ ਕਥਾ ਵਸਿਸ਼ਟ ਜੀ ਮੋ ਪਰ ਸਿਧ ਵੀ ਤੋ ਲਿਖੀ ਹੈ॥ ਅਰ ਮਦਾਲਸਾ ਮਾਤਾ ਭੀ ਜੋ ਰਾਜਾ ਕੁਵਲਯਾਸਵ ਕੀ ਰਾਣੀ ਹੀ ਤੋ ਥੀ॥ ਆਪਣੇ ਜੋ ਪੁਤ੍ਰ ਬੇਚਾਰਾ॥ ਸੁਬਾਹ॥ ਵਿਕ੍ਰਾਂਤ॥ ਸਤ੍ਰੁਮਰਦਨ॥ ਅਲਰਕ॥ ਤਿਸ ਕੇ ਗਿਆਨ ਉਪਦੇਸ ਕਰ ਕਰ ਮੁਕਤ ਹੀ ਤੋ ਕੀਆ॥ ਜਬ ਪੁਤ੍ਰ ਜਨਮੇ ਤਬ ਤਿਸ ਕੋ ਲੋਰੀ ਕੇ ਬਹਾਨੇ ਗਿਆਨ ਹੀ ਉਪੇਦਸ ਕਰੇ॥ ਮਾਰਕੰਡੇ ਪੁਰਾਣ ਮਦਾਲਸਾ ਬਚਨੰ॥

"ਸੁਧੋ ਅਸਿਹੇ ਤਾਤ ਨ ਤੇ ਅਸਤਿ ਨੰਵਾਸਯਤੰਵਰੋਦਿਸ਼ਿ ਕਸਯ਼ ਹੈ ਤੋ"॥

ਮਾਰਕੰਡੇ ਪੁਰਾਣ ਮੋ ਲਿਖਾ ਹੈ॥ ਮਦਾਲਸਾ ਮਾਤਾ ਲੋਰੀ ਦੇਤੀ ਹੈ॥ ਆਪਣੇ ਪੁਤ੍ਰੋ ਕੋ॥ ਹੇ ਪੁਤ੍ਰ ਤੂ ਤੋ ਸ਼ੁਧ ਪਰਮਾਤਮਾ ਹੈਂ॥ ਤੇਰੇ ਵਿਖੇ ਤੋ ਨਾਮ ਹੀ ਨਹੀ। ਅਰ ਜੋ ਤੇਰਾ ਨਾਮ ਕੀਆ, ਸੋ ਤੋ ਕਲਪਨਾ ਕਰ ਕਰ ਅਬੀ ਤੋ ਕੀਆ ਹੈ॥ ਇਹ ਪੰਚ ਭੂਤ ਕਾ ਸਰੀਰ ਜੋ ਹੈ, ਤੋ ਤੇਰਾ ਤੋ ਨਹੀ॥ ਅਰ ਤੂ ਭੀ ਇਸ ਕਾ ਨਹੀ॥ ਫੇਰ ਤੂ ਕਿਸ ਨਮਿਤ ਰੋਤਾ ਹੈ॥ ਇਸੀ ਪ੍ਰਕਾਰ ਗਿਆਨ ਕਾ ਉਪਦੇਸ ਕਰਤੀ ਹੀ ਰਹੇ॥ ਜਬ ਪੁਤ੍ਰ ਸਾਵਧਾਨ ਹੋਵੇ, ਤਬ ਰਜ ਵਿਖੇ ਬੁਧਨ ਕਰੇ॥ ਤਪ ਨਮਿਤ ਬਨ ਕੋ ਚਲਾ ਹੀ ਜਾਵੇ॥ ਇਸੀ ਪ੍ਰਕਾਰ ਤੀਨ ਪੁਤ੍ਰੋ ਕੋ ਬਨ ਮੋ ਪਠਾਏ॥ ਅਰ ਭਰਤਾ ਕੀ ਆਗਿਆ ਮਾਨ ਕਰ ਚੋਥਾ ਪੁਤ੍ਰ ਜੋ ਅਲਕ ਥਾ ਤਿਸ ਕੋ 'ਪਰਬ੍ਰਿਤ-ਮਾਰਗ' ਕਾ ਉਪਦੇਸ ਕੀਆ ਸੋ ਰਾਜ ਵਿਖੇ ਹੀ ਰਹਾ॥ ਜਬ ਪੁਤ੍ਰ ਰਾਜ ਕੇ ਯੋਗ ਹੂਆ॥ ਤਬ ਰਾਜ ਰਾਣੀ ਪੁਤ੍ਰ ਕੋ ਰਾਜ ਵਿਖੇ ਇਸਥਾਪਨ ਕਰ ਕਰ ਆਪ ਤਪ ਕੇ ਨਮਿਤ ਬਨ ਮੋ ਗਏ॥ ਜਾਤੀ ਹੁਈ ਮਾਤਾ ਦੋ ਸਲੋਕ ਪੁਤ੍ਰ ਕੋ ਲਿਖ ਕਰ ਦੇ ਗਏ॥ ਅਰ ਕਹਾ, ਜਬ ਤੋ ਕੋ ਅਪਦਾ ਪੜੇਗੀ ਤਬ ਤੂ ਇਨ ਸਲੋਕੋ ਕੋ ਵੀਚਾਰੀਓ॥ ਤੇਰੀ ਆਪਦਾ ਨਾਸ ਹੋਇਗੀ। ਤਬ ਬਡਾ ਪੁਤ੍ਰ ਜੋ ਥਾ ਸੁਬਾਰੁ, ਤਿਸ ਨੇ ਵੀਚਾਰ ਕੀਆ॥ ਪਿਤਾ ਮਾਤਾ ਤੋ ਹਮਾਰੇ ਬਹੁਤ ਯੋਗ ਥੇ ਸੋ ਤੋ ਬਨ ਮੋ ਗਏ॥ ਪੀਛੇ ਛੋਟਾ ਭਾਈ ਰਾਜ ਕਰਤਾ ਹੈ॥ ਕਿਆ ਜਾਣੀਏ ਓਹੁ ਰਾਜ ਲੱਛਮੀ ਕਰ ਕਰ ਅੰਧ ਹੂਆ, ਕੈਸਾ ਪਾਪ ਕਰੇ॥ ਤਿਸ ਕੇ ਪੀਛੇ ਹਮਾਰੇ ਪਿਤਾ ਮਾਤਾ ਕੋ ਨਰਕੀ ਹੋਵੇ॥ ਇਸ ਕੋ ਰਾਜ ਤੇ ਨਿਕਾਸਾ ਚਾਹੀਏ॥ ਤਬ ਸੁਬਾਹੁ ਕਾਂਸੀ ਕੇ ਰਾਜਾ ਕੋ ਜਾਇ ਮਿਲਾ। ਕਹਾ ਬਡਾ ਪੁਤ੍ਰ ਰਾਜਾ ਕਵੁਲਯਾ ਸੁਰਕਾ ਮੇ ਹੋ। ਮੈ ਤਪ ਕੇ ਨਮਿਤ ਬਨ ਕੋ ਆਇਆ ਥਾ॥ ਅਬ ਤਪ ਮੇਰਾ ਪੂਰਨ ਭਇਆ॥ ਬਡੇ ਕੇ ਹੋਤੇ ਛੋਟਾ ਰਾਜ ਕਰੇ, ਇਸ ਮੇ ਅਨਿਆਉ ਹੈ॥ ਮੇਰਾ ਰਾਜ ਮੇਰੇ ਤਾਈ ਲੈ ਦੇਉ॥ ਤਬ

Sri Satguru Jagjit Singh Ji eLibrary NamdhariElibrary@gmail.com

ਕਾਂਸੀ ਕਾ ਰਾਜਾ ਅਲਰਕ ਦੇਸ ਪਰ ਚੜਾ॥ ਬਾਹਰ ਕਾ ਮੁਲਖ ਤੋ ਛੁਡਾਇ ਲੀਆ॥ ਅਰ ਨਗਰ ਮੋ ਘੇਰਾ ਡਾਰਾ॥ ਤਬਿ ਅਲਰਕ ਨੇ ਵੀਚਾਰ ਕੀਆ॥ ਮਾਤਾ ਕਾ ਵਚਨ ਹੈ, ਜਬ ਤੋ ਕੋ ਅਪਦਾ ਪੜੇਗੀ ਤਬ ਤਬ ਤੂੰ ਮੇਰੇ ਵਚਨੋ ਕੋ ਵੀਚਾਰੀਓ, ਤੇਰੀ ਅਪਦਾ ਨਾਸ ਹੋਵੇਗੀ ਮੇਰਾ ਤੋ ਰਾਜ ਹੀ ਚਲਾ, ਇਸ ਤੇ ਪਰੇ ਅਪਦਾ ਕਿਆ ਹੋਵੇਗੀ॥ ਤਬ ਅਲਰਕ ਨੇ ਮਾਤਾ ਕੇ ਵਚਨ ਨਿਕਾਸੇ॥ ਮੰਦਾਲਸੋਵਾਚਾ॥

ਸੰਗ: ਸਰਬਤਮਨਾਤਿਆਜਯ ਸਚੇਤਤਯਕਤੁੰਨਸਕਯਤੇ॥ ਸਦਭਿਸਰਕਰਤਵਯਸਿਤ: ਸ਼ੰਗ ਸਯਭੇ ਖਜੰ॥

ਕਮ: ਸਰਬਾਤਮਨਾਰੇਯੋ ਰਾਤੁੰ ਚੇ ਛਕਯਤੇਨਸ: ਮਮੁਖਿਆਪ੍ਰਤਿਕੈਵਲਵਯ: ਸ਼ੈਵਤਸਯਾਪਿਭੇਖਜੰ॥

ਭੇਖ ਜ ਕੁਸੰਗ ਸਰਬ ਪਰਕਾਰ ਕਰ ਕਰ ਤਿਆਗਣਾ ਯੋਗ ਹੈ॥ ਜੋ ਸਰਬ ਸੰਗ ਤਿਆਗ ਕੇ ਤੋ ਸੰਗ ਸੰਤੋ ਕਾ ਕਰੇ॥ ਸੰਤੋ ਕਾ ਸੰਗ ਕੈਸਾ ਹੈ, ਔਰ ਸੰਗੋ ਕਾ ਔਖਦ ਹੈ॥ ਜੈਸੇ ਔਖਧ ਰੋਗ ਕੋ ਨਹੀ ਰਹਣੇ ਦੇਤੀ, ਤੈਸੇ ਸੰਤੋ ਕਾ ਸੰਗ ਭੀ ਨਹੀ ਕੁਸੰਕ ਕੋ ਰਹਣੇ ਦੇਤਾ॥ ਕਾਮਨਾ ਸਰਬ ਪ੍ਰਕਾਰ ਕਰ ਕਰ ਤਿਆਗਣੀਯੋਗ ਹੈ॥ ਜੋ ਸਰਬ ਕਾਮਨਾ ਨ ਤਿਆਗ ਸਕੇ, ਤੋ ਕਾਮਨਾ ਮੁਕਤ ਹੋਣੇ ਕੀ ਕਰੇ॥ ਮੁਕਤ 4ਕੀ ਕਾਮਨਾ ਕੈਸੀ ਹੈ, ਔਰ ਕਾਮਨਾ ਕਾ ਔਖਧ ਹੈ॥ ਤਬ ਅਲਰਕ ਨੇ ਮਾਤਾ ਕੇ ਵਚਨ ਵੀਚਾਰੇ॥ ਜੁਧ ਤੋ ਕਿਲਾ ਮੋ ਜਿਉ ਕਾ ਤਿਉ ਬਣਾ ਰਹਾ॥ ਆਪ ਏਕਲਾ ਹੀ ਨਿਕਸ ਗਇਆ। ਸਵਾਮੀ ਦਤ੍ਰਾਤ੍ਰੇਯ ਕੀ ਸੰਗਤ ਕੋ ਪਾਇ ਕਰ ਗਿਆਨੀ ਹੂਆ॥ ਘਰ ਮੋ ਆਇ ਕਰ ਸੁਬਾਹ ਕੋ ਕਹਾ॥ 'ਮਹਾਰਾਜ'! ਰਾਜ ਕਰੀਏ, ਹਮ ਕੋ ਕਛ ਰਾਜ ਸਾਥ ਕਾਮ ਨਹੀ॥ ਤਬ ਸੁਬਾਹ ਨੇ ਕਹਾ: 'ਹਮ ਕੋ ਰਾਜ ਸਾਥ ਕਿਆ ਕਾਮ ਹੈ?' ਹਮਾਰਾ ਉਦਮ ਤੋ ਇਸੀ ਤਰਾ ਥਾ॥ ਹਮਾਰਾ ਭਾਈ ਰਾਜਮੈ ਕਰ ਅੰਧ ਹੂਆ ਹੂਆ ਕਛ ਪਾਪ ਨ ਕਰੇ॥ ਅਬ ਤੋ ਤੂੰ ਸਵਾਮੀ ਦਤਾਤ੍ਰੇਯ ਕੇ ਪ੍ਰਸਾਦਿ ਤੇ ਗਿਆਨੀ ਹੂਆ॥ ਅਬ ਅਨੰਦ ਸੋ ਰਾਜ ਵਿਖੇ ਹੀ ਰਹੁ। ਅਲਰਕ ਰਾਜ ਵਿਖੇ ਹੀ ਮੁਕਤ ਹੂਆ॥ ਜਿਸ ਨੇ ਆਪਣੇ ਉਪਦੇਸ ਦਵਾਰਾ ਚਾਰ ਪੁਤ੍ਰ ਮੁਕਤ ਕਰ ਡਾਰੇ॥ ਐਸੀ ਮਾਤਾ ਕੋ ਜੋ ਗੁਰੂ ਨਹੀ ਮਾਨਤੇ ਤਿਨ ਤੇ ਪਰੇ ਬਡਾ ਗਵਾਰ ਔਰ ਕੌਣ ਹੋਵੇਗਾ। ਅਰ ਪੀਪੇ ਕੀ ਪਰਚੀ ਨੇ ਜੋ ਲੋਕੋ ਕੀ ਬੁਧ ਭ੍ਰਿਸਟ ਕਰੀ ਹੈ, ਤਿਸ ਭ੍ਰਿਸਟ ਬੁਧੀਓ ਕੋ ਹਮ ਪੂਛਤੇ ਹੈਂ, ਜਿਸ ਦੇਵੀ ਨੇ ਪੀਪੇ ਕੋ ਮੁਕਤ ਕਾ ਜਬਾਬ ਦੀਆ, ਤਿਸ ਦੇਵੀ ਕਾ ਨਾਮ ਕਿਆ ਥਾ? ਕਛ ਤੋ ਨਾਮ ਊਹਾ ਲਿਖਾ ਨਹੀ, ਦੇਵੀ ਲਿਖੀ ਹੈ॥ ਤਾਂਤੇ ਈਹਾਂ ਇਹ ਨਿਸ਼ਚੈ ਕਰਣਾ, ਜੈਤੇ ਦੇਵਤਾ, ਸਿਧ, ਚਾਰਣ, ਗੰਧਬ ਵਿਦਿਆਧਰ ਹੈਂ॥ ਤਿਨ ਕੀ ਇਸਤ੍ਰੀਆਂ ਦੇਵੀਆਂ ਹੀ ਕਹਾਵਤੀਆਂ ਹੈਂ॥ ਕਿਆ ਜਾਣੀਏ ਊਹਾ ਕੌਣਸੀ ਕੰਗਾਲਣੀ ਦੇਵੀ ਥੀ॥ ਸਭੀ ਦੇਵੀਆਂ ਮੁਕਤ ਦੇਣੇ ਕੋ ਸਮਰਥ ਤੋ ਨਹੀ॥ ਮੁਕਤ ਦੇਣੇ ਵਾਲੀਆਂ ਇਹ ਤੀਨੋਂ ਦੇਵੀਆਂ ਹੈਂ, ਸੁਰਸਵਤੀ, ਲਖਮੀ, ਪਾਰਬਤੀ ਕਾਕ ਭਸੁੰਡ ਨੇ ਸੁਰਸਵਤੀ ਮਹਾਮਾਇਆ ਕੋ ਨਮਸਕਾਰ ਕੀਆ ਥਾ॥ ਮਹਾਮਾਇਆ ਨੇ ਕਾਕ ਭਸੁੰਡ ਕੇ ਸਿਰ ਪਰ ਹਾਥ ਧਰਾ॥ ਕਾਕ ਭਸੁੰਡ ਕੋ ਯੋਗ ਕਲ ਸਿਯੁੰਕਤ ਗਿਆਨ ਕੀ ਪ੍ਰਾਪਤ ਭਈ। ਇਹ ਕਥਾ ਵਸਿਸ਼ਟ ਜੀ ਮੋ ਪ੍ਰਸਿਧ ਹੀ ਲਿਖੀ ਹੈ॥ ਸੁਰਥ ਰਾਜਾ ਅਰ ਸਮਾਧ ਵੈਸ਼ ਇਨ ਦੋਨੋ ਨੇ ਮ੍ਰਿਤਕਾ ਕੀ ਪ੍ਰਿਤਮਾ ਬਣਾਇ ਕਰ ਤੀਨ ਵਰਖ ਪਰਯੰਤ ਪਾਰਬਤੀ ਮਹਾਮਾਇਆ ਕਾ ਪੂਜਨ ਕੀਆ। ਮਹਾਮਾਇਆ ਸੰਖਿਆਤ ਭਈ॥ ਕਹਾ, ਬਰ

Sri Satguru Jagjit Singh Ji eLibrary NamdhariElibrary@gmail.com

ਮਾਂਗੋ॥ ਰਾਜਾ ਨੇ 'ਰਾਜ' ਮਾਂਗਾ। ਤਿਸ ਕੋ ਰਾਜ ਹੀ ਦੀਆ॥ ਵੈਸ਼ ਨੇ ਮੁਕਤਿ ਮਾਂਗੀ ਤਿਸ ਕੋ ਮੁਕਤ ਹੀ ਕੀਆ ਇਹ ਕਥਾ ਮਾਰਕੰਡੇ ਪੁਰਾਣ ਮੋਂ ਪਰਸਿਧ ਹੀ ਲਿਖੀ ਹੈ॥ ਅਰ ਲੱਖਮੀ ਕੇ, ਸਾਸਤ੍ਰੋ ਮੋ ਦੋ ਰੂਪ ਕਹੇ ਹੈਂ॥ ਵਸੂ ਸਵਰੂਪਣੀ ਲੱਖਮੀ, ਲੱਖਮੀ ਨਿਰਬਾਣ ਸੰਗਕਾ॥ ਏਕ ਲੱਖਮੀ ਨਿਰਬਾਣ ਸੰਗਕਾ॥ ਏਕ ਲੱਖਮੀ ਕਾ ਧਨ ਰੂਪ ਹੈ॥ ਦੂਸਰਾ ਨਿਰਬਾਣ; ਕਿਆ-ਕਰੀਏ, ਮੁਕਤਿ ਰੂਪ ਹੈ॥ ਸੋ ਲਖਮੀ ਕੀ ਪ੍ਰਾਪਤਿ ਕਾ ਨਾਮ ਹੀ ਤੋ ਮੁਕਤਿ ਹੈ, ਔਰ ਮੁਕਤਿ ਕੋਈ ਭਿੰਨ ਪਦਾਰਥ ਤੋ ਨਹੀ। ਸਵਰਗਾ ਪਰ ਵਗ ਜੋ ਮੁਕਤੀ ਹੈ॥ ਤਿਸ ਕੇ ਦੇਣੇ ਵਾਲੀ ਜੋ ਤੂੰ ਨਾਰਾਇਣੀ ਦੇਵੀ ਹੈਂ॥ ਤੇਰੇ ਤਾਈ ਹਮਾਰਾ ਨਮਸਕਾਰ ਹੋਵੇ॥ ਐਸੇ ਮਾਰਕੰਡੇ ਪੁਰਾਣ ਮੋ ਦੇਵਤਾ ਮਹਾਮਾਹਾਦੇਵੀਆ ਕੋ ਤੋ ਤੁਮ ਨੇ ਕੰਗਾਲਣੀਆਂ ਮਾਨਾ॥ ਅਰ ਸੁਰਸਵਤੀ, ਲਖਮੀ, ਪਾਰਬਤੀ ਇਨ ਮੁਕਤਿ ਦੇਣੇ ਵਾਲੀਆਂ ਮਾਨਾ॥ ਜਵਾਲਾਮੁਖੀ ਭੀ ਤੋ ਸਾਸਤ੍ਰੋ ਮੇ ਪਾਰਵਤੀ ਹੀ ਕਹੀ ਹੈ। ਜੋ ਪਾਰਬਤੀ ਮੁਕਤਿ ਦੇਣੇ ਵਾਲੀ ਥੀ, ਤੋ ਜਵਾਲਾ ਮੁਖੀ ਨੇ 'ਲਹਣੇ' ਕੋ ਮੁਕਤ ਕਾ ਜਬਾਬ ਕਿਉ ਦੀਆ॥

ਤਿਸੀ ਕਾ ਉਤਰ : ਤੂੰ ਸਮਝੇ ਬਿਨਾ ਹੀ ਬਕਬਾਦ ਕਰਤਾ ਹੈ॥ ਜਵਾਲਾ ਮੁਖੀ ਨੇ ਲਹਣੇ ਕੋ ਮੁਕਤਿ ਕਾ ਜਬਾਬ ਨਹੀ ਦੀਆ, ਵਰ ਦੀਆ ਹੈ॥ ਮੂਰਖੋਂ ਨੇ ਜਨਮ ਸਾਖੀ ਕੋ ਖਰਾਬ ਕਰ ਡਾਰਾ॥ ਜੋ ਬਾਤ ਹਛੀ ਭੀ ਥੀ, ਤਿਸ ਕੋ ਮੂਰਖੋ ਨੇ ਨਹੀ ਸਮਝਾ ਨਹੀ ਲਿਖੀ॥ ਅਰ ਜੋ ਬੁਰੀ ਬਾਤ ਭੀ ਥੀ ਮੂਰਖੋ ਕੇ ਮਨ ਮੋ ਹਛੀ ਲਗੀ, ਤਿਸ ਕੋ ਲਿਖ ਡਾਰਾ॥ ਹਜਾਰ ਪੋਥੀਆਂ ਜਨਮ ਸਾਖੀ ਕੀ ਲੈ ਕਰ ਦੇਖੋ, ਹਜਾਰ ਪਰ ਹਜਾਰ ਤਰ੍ਹਾਂ ਕੀ ਹੀ ਬਾਤ ਹੈ॥ ਪੋਥੀ ਤੋ ਏਕ ਅਰ ਬਾਤ ਤੋ ਹਜਾਰ॥ ਤਰਾ ਤਰਾ ਕੀ ਇਹ ਸਭ ਮੂਰਖੋ ਹੀ ਕੀ ਖਰਾਬੀ ਕਰੀ ਹੁਈ ਹੈ॥ ਤਬੀ ਤੋ ਗੁਰੂ ਅਰਜਨ ਨੇ ਜਨਮ ਸਾਖੀ ਗ੍ਰੰਥ ਜੀ ਪਰ ਨਹੀ ਚੜਾਈ॥ ਅਰ ਇਹੀ ਭੈ ਤੇ ਗੁਰੂ ਹਰਗੋਬਿੰਦ ਨੇ ਗ੍ਰੰਥ ਜੀ ਪਰ ਆਪਣੀ ਮੁਹਰ ਛਾਪ ਕਰੀ॥ ਹਜਾਰੋਂ ਸਿੱਖੋ ਕੋ ਵਿਦਮਾਨ ਕਹਾ, 'ਜੋ' ਕੋਈ ਗ੍ਰੰਥ ਜੀ ਕੇ ਅਖਰ ਮਾਤ੍ਰਾ ਕੋ ਅੰਨਥਾ ਕਰੇਗਾ॥ ਸੋ ਗੁਰੂ ਮਾਰਾ ਹਤਿਆਰਾ ਹੋਵੇਗਾ॥ ਤਬੀ ਤੋ ਗ੍ਰੰਥ ਜੀ ਬਚਾ॥ ਨਹੀ ਤੋ ਇਹ ਮੂਰਖ, ਗ੍ਰੰਥ ਜੀ ਕੋ ਭੀ ਜਨਮ ਸਾਖੀ ਕੀ ਨਿਆਈ ਖਰਾਬ ਹੀ ਕਰ ਡਾਰਤੇ॥

ਕਵਿਤੁ॥ ਮੂਰਖ ਕੀ ਸਭਾ ਬੈਠ ਗਯਾਨ ਧਯਾਨ ਨਾਸ ਹੋਇ, ਮੂਰਖ ਕੀ ਸਭਾ ਬੈਠ ਬਾਤ ਸਭ ਕਾਨੀ ਹੈ॥ ਮੂਰਖ ਕੀ ਸਭਾ ਬੈਠ ਮਾਨੀ ਅਪਮਾਨ ਪਾਵੇ, ਮੂਰਖ ਕੀ ਸਭਾ ਬੈਠ ਅਹਮਕ ਭੀ ਗਯਾਨੀ ਹੈ॥ ਮੂਰਖ ਕੀ ਸਭਾ ਬੈਠ ਸਾਚਹੂ ਕੋ ਝੂਠ ਕਹੈ, ਮੂਰਖ ਕੀ ਸਭਾ ਬੈਠ ਝੂਠ ਸਾਚਮਾਨੀ ਹੈ॥ ਕਹਤ ਹੈ ਅਨੰਦ ਘਨ ਭਲੀ ਭਾਤ ਸੋਧ ਦੇਖਯੋ , ਮੂਰਖ ਕੀ ਉਪਮਾ ਸੋ ਤੋ ਨਿੰਦਾ ਕੀ ਪੜਨਾਨੀ ਹੈ॥

ਬਾਬਾ ਨਾਨਕ ਨੇ ਦੇਵੀ ਕੀ ਉਪਮਾ ਸਭ ਤੇ ਊਪਰ ਕਹੀ॥ 'ਏਕਾ ਮਾਈ ਜੁਗਤਿ ਵਿਆਈ', ਇਸ ਕੇ ਅਰਥ ਮੋਂ ਇਸ ਕਾ ਨਿਰਣੈ ਹੋਵੇਗਾ॥ ਅਰ ਮੂਰਖੋ ਨੇ ਜਨਮ ਸਾਖੀ ਮੋਂ ਈਹਾ ਤਕਰ ਲਿਖਾ, ਦੇਵੀ, ਬਾਬਾ ਨਾਨਕ ਕੇ ਘਰ ਝਾੜੂ ਦੇਤੀ ਥੀ। ਇਹ ਉਪਮਾ, ਨਿੰਦਾ ਕੀ ਪੜਨਾਨੀ ਤੋ ਹੈ॥ ਲਹਣਾ, ਦੇਵੀ ਜੀ ਕਾ ਅਨੰਨ ਭਗਤ ਥਾ॥ ਕਿਆ ਇਸ ਕਾ ਨੇਮ ਹੋਤਾ ਥਾ॥ ਨਵਰਾਤ੍ਰ ਮੋ ਜਵਾਲਾ ਮੁਖੀ ਜਾਤਾ, ਹਾਥੋਪਰ ਜੌਂ ਜਮਾਵਤਾ॥ ਸਿਰ ਪਰ ਜੌਂ ਜਮਾਵਤਾ ਪਗੋ ਮੋਂ ਘੁੰਘਰੂ ਰਾਖਤਾ॥ ਨਵ-ਦਿਵਸ ਕਾ ਉਪਵਾਸ ਬ੍ਰਤ ਕਰਤਾ॥ ਨਵ ਦਿਵਸ ਨਾਚਤਾ ਅਰ ਗਾਵਤਾ

Sri Satguru Jagjit Singh Ji eLibrary NamdhariElibrary@gmail.com

ਵੀ ਰਹਤਾ॥ ਅਰ ਕਾਮਨਾ ਤੋ ਕਿਸੀ ਪਦਾਰਥ ਕੀ ਭੀ ਨਹੀ, ਨਿਹਕਾਮ ਥਾ॥ ਗੁਰੂ ਦੇਵ ਬਾਬਾ ਨਾਨਕ ਪਚੀਸ ਬਰਖ ਕੀ ਰਾਮਤਿ ਕਰ ਕਰ ਐਰਾਵਤੀ ਨਦੀ ਕੇ ਤੀਰ ਵਿਸ੍ਰਾਮ ਕੀਆ॥ ਤਬ ਸ੍ਰੀ ਗੁਰ ਦੇਵ ਕੀ ਮਹਿਮਾ ਸੰਪੂਰਨ ਦੇਸ ਮੋ ਪਸਰ ਗਈ॥ ਹਜਾਰੋ ਲੋਕ ਮਿਲ ਕਰ ਸਿੱਖ ਹੂਏ॥ ਲਹਣਾ ਚਲਾ ਥਾ, ਜਵਾਲਾ ਮੁਖੀ॥ ਲਹਣੇ ਨੇ ਕਹਾ ਭਾਈ ਯਦਪ ਚਾਰ ਕੋਸ ਕਾ ਫੇਰ ਪੜਤਾ ਹੈ॥ ਤੁੰ ਭੀ ਮਹਾ ਪੁਰਖ ਕਾ ਦਰਸ਼ਨ ਕਰਤੇ ਹੁਏ ਹੀ ਜਾਇਗੇ॥ ਲਹਣਾ ਸ੍ਰੀ ਗੁਰਦੇਵ ਜੀ ਕੇ ਆਗੇ ਪ੍ਰੇਮ ਭਗਤ ਸੋ ਨਾਚਾ॥ ਅਰ ਗਾਇਆ॥ ਤਬ ਸ੍ਰੀ ਗੁਰੂ ਦੇਵ ਜੀ ਬਹੁਤ ਪ੍ਰਸੰਨ ਭਏ॥ ਕਹਾ ਪੁਰਖਾ ਤੂ ਕੌਣ ਹੈਂ॥ ਕਹਾਂ ਤੇ ਆਇਆ ਹੈਂ॥ ਕਹਾ ਜਾਇਗਾ॥ ਤਬ ਲਹਣੇ ਕਹਾ॥ ਮਹਾਰਾਜ ਦਾਸ ਤ੍ਰਿਹੁਣ ਖੱਤ੍ਰੀ ਹੈ॥ ਲਹਣਾ ਦਾਸ ਕਾ ਨਾਮ ਹੈ॥ ਖੰਡੂਰਮੋ ਦਾਸ ਵਸਤਾ ਹੈ॥ ਜਵਾਲਾਮੁਖੀ ਦੇਵੀ ਕੇ ਦਰਸਨ ਕੋ ਜਾਤਾ ਹੋ॥ ਤਬ ਸ੍ਰੀ ਗੁਰ ਦੇਵ ਕਹਾ॥ ਜਵਲਾ ਮੁਖੀ ਮੋ ਦੇਵੀ ਹੈ ਬੈਠੀ ਹੁਈ ਜਿਸ ਕਾ ਦਰਸਨ ਕਰੋਗੇ॥ ਤਬ ਲਹਣੇ ਕਹਾ "ਮਹਾਰਾਜਾ! ਦੇਵੀ ਕਾ ਇਸਥਾਨ ਹੈ॥ ਅਰ ਅਗਨ ਕੀਆ ਲਾਟਾ ਨਿਕਸਤੀਆਂ ਹੈ॥ ਇਹੀ ਦੇਵੀ ਕਾ ਦਰਸਨ ਹੈ॥" ਤਬ ਸ੍ਰੀ ਗੁਰੂ ਦੇਵ ਕਹਾ, ਜਿਸ ਕਾ ਓਹ ਅਸਥਾਨ ਹੈ॥ ਅਰ ਜਿਸ ਕੀ ਸਤਾ ਸੋ ਉਹੁ ਲਾਟਾ ਨਿਕਸਤੀਆ ਹੈ॥ ਸੋ ਦੇਵੀ ਤੁਮ ਨੇ ਕਬੀ ਦੇਖੀ ਭੀ ਹੈ, ਵਾ ਨਹੀ ਤਬ ਲਹਣੈ ਕਹਾ, 'ਮਹਾਰਾਜ! ਦੇਖੀ ਤੋ ਨਹੀਂ ਕਬੀ॥' ਤਬ ਵਚਨ ਹੂਆ ਉਸ ਕੁਟੀਆ ਮੇ ਬੈਠ, ਤੋ ਕੋ ਦੇਵੀ ਕਾ ਦਰਸਨ ਹੋਵੇਗਾ, ਤਬ ਲਹਣਾ ਕੁਟੀਆ ਮੇ ਬੈਠ ਕਰ ਦੇਵੀ ਕੇ ਧਿਆਨ ਮੇ ਮਗਨ ਹੋਇ ਗਇਆ॥ ਰਾਤ੍ਰਿ ਸਮੇਂ ਦੇਵੀ ਸਾਖਯਾਤ ਭਈ॥

ਕਵਿੱਤੁ॥ ਕੋਟ ਭਾਨ ਤੁੱਲ ਰੂਪ ਹਿਮ ਰਿਗ ਸੀਤਲ ਸਵਰੂਪ ਛਾਦਨ ਭੂਖਨ ਅਨੂਪਦਾ ਤੀਸਭ ਸੰਪਦਾ ਕੀ ਅਪਦਾ ਕੀ ਦਾਹਨੀ॥ ਰੁਡਨ ਕੀ ਗਲੇਮਾਲ ਚੰਦ੍ਰ ਕਲਾਲ ਮੈ ਭਾਲ ਲੋਚਨ ਤੀਨੋ ਵਿਸਾਲ ਕ੍ਰਿਪਾ ਸਿੰਘ ਭਗਤਨ ਕੋ ਇਤ ਰਨ ਭਸਾਵਨੀ॥ ਏਕ ਪਾਣਸਰਸੋ ਹੈ ਦੂਸਰੇ ਸਰਾਸਨੋ ਹੈ ਤੀਸਰੇ ਤ੍ਰਿਸੂਲਮੋ ਹੈ ਖੜਗ ਚਰਮਸ ਕਤ ਪਾਸਦਾਨ ਭਈ ਦਾਹਨੀ॥ ਯੋਗਨੀ ਕੇ ਸੋਨਬਨੀ ਲੰਕੜਾਅ ਨੂਪਧਨੀ ਵੀਰ ਭੱਦ੍ਰਅਤਸੁਮਨੀ ਲਹਣੈ ਕੈ ਭਾਗ ਜਾਗੇ ਆਈ ਸਿਰਵਾਰਨੀ॥

ਸੋਰਠਾ॥ ਦਰਸ ਦੇਖ ਜਗਦੰਬ ਤਬ ਲਹਣਾ ਸਹਸ ਉਠਯੋ॥ ਕਰੀ ਪ੍ਰਦੱਖਣਾ ਅਬ, ਹਾਥ ਜੋਰ ਚਰਨਨ ਗਿਰਯੋ॥ ਸ੍ਰੀ ਦੇਵੀ ਜੀਵਾਚਾ॥ "ਓਤਿਸ਼ਟੈ ਓਤਿਸ਼ਟ: ਭਦ੍ਰ, ਤੇ ਵਰੰਬ੍ਰੂਹੀਯ ਖੇ ਈ ਸਪੰਤ॥ ਅਤੀਵ ਮਮ ਭਗਤੋਸੀ ਤਵਾਦੇਯਨ੍ਨਿਚਨ॥"

ਉਠ ਖੜਾ ਹੋ ਉਠ ਖੜਾ ਹੋ ਤੇਰੇ ਤਾਈ ਕਲਯਾਣ ਹੋਵੇ॥ ਜੋ ਤੇਰੇ ਮਨ ਕੀ ਅਭਲਾਖਾ ਹੈ ਸੋ ਵਰ ਮਾਂਗਾ॥ ਤੂ ਤੋ ਮੇਰਾ ਅਤ ਸੇ ਕਰ ਕਰ ਭਗਤ ਹੈ ਤੇਰੇ ਤਾਈ ਅੰਦੇਸਾ ਕਛੁ ਭੀ ਨਹੀਂ, ਜੋ ਚਾਹੀਏ, ਸੋ ਲੇ॥

ਦੋਹਰਾ॥ ਤਬ ਲਹਣਾ ਸਰਸਾ ਉਠਯੋ, ਪੁਨਰ ਪ੍ਰਦੱਖਣਾ ਕੀਨਾ॥ ਨਿਰਤ ਗੀਤ ਮਨਸਾ ਕਰੀ ਨਾ ਢਾਭਯੋ ਅਧੀਨ॥

ਸੋਰਠਾ॥ ਭਾਵਲਖ ਜੋ ਜਗਦੰਬ ਗੰਧਰਬਨਚਿਤ ਵਨਕੀਓ॥ ਭਏ ਪੁਰਹ ਸਰ ਅੰਬ, ਨੈਨ ਸੈਨ ਮਾਤਾ ਕਰੀ॥

ਸੋਰਠਾ॥ ਨਰ ਸਰੀਰ ਪਹਿਚਾਨ, ਸਤਾਦਈ ਸੋ ਭਗਤਿ ਕੋ॥ ਤਤ ਖਿਣ ਭਯੋ ਸਮਾਨ, ਨ੍ਰਿਤ ਗੀਤ ਤਤਪਰ ਧਯੋ॥ ਕਵਿੱਤੁ ॥ਬਾਜਤ ਮ੍ਰਿਦੰਗ ਤਾਲ ਰਣਕਤਿ ਬੀਣਾਰਸਾਲ

Sri Satguru Jagjit Singh Ji eLibrary NamdhariElibrary@gmail.com

ਨੂੰਪਰਗਤਿਅਤਸਂ ਮਾਲ ਧੁਧੂਕਨ ਤਿਨਕ ਤਿਨਕ ਅਲਕਤਾ ਨ ਤਨੀ ਹੈ॥ ਕਿੰਨਰ ਜਨ ਦੈਤ ਤਾਲ ਕਰ ਪਦ ਗਤਿ ਅਤਿ ਚਚਾਲ ਸਵੇਦਬਿੰਦਲ ਸੇ ਭਾਲ ਧੁਧੂਘਟਿਧਿਧਕ ਧਿਧਕ ਨੀਕ ਸੋਭ ਬਨੀ ਹੈ॥ ਤੁਹੀ ਦੇਵ ਮਹਾਦੇਵ ਬ੍ਰਹਮ ਵਿਸਨ ਤੁਹੀ ਏਵ, ਵੇਦ ਸਾਸਤ੍ਰ ਤੁਮਹ ਭੇਵ ਭਕਤ ਮੁਕਤ ਦਾਨ ਸੀਲ ਤੁਹੀ ਚਿੰਤਮਨੀ ਹੈ॥ ਤੁਹੀ ਦੇਵ ਸੁਰ ਸਮਾਜ ਤੁਹੀ ਦੇਵ ਰੰਕਾ ਰਾਜ ਆਨ ਮਾਗ ਹੋਤ ਲਾਜ ਮੁਕਤ ਦਾਨ ਦੇਹੁ ਅੰਬ ਸਰਣ ਸਰਣ ਧਨੀ ਹੈ॥ ਪ੍ਰਿਯੋਸਿ ਮਮ ਭਗਤੋਸਿ ਵਰਕਤੋਰਸਿ ਰਾਮਤੇ॥ ਮੁਕਤ ਸਤਵ ਕਹੇ ਤਾਤ ਭੁਕਤਵਾ ਪੁੰਨ ਪੁਰਾਕ੍ਰਿਤ: ਸੰਰਤਿ ਤੁਸਤਾ ਪ੍ਰਾਪਯਤ ਤੋ ਨਿਰਬਾਣ ਮਾਪਸਯਸਿ॥

ਸ੍ਰੀ ਦੇਵੀ ਜੀ ਵਾਚਾ॥ ਤੂੰ ਵਿਰਕਤ ਹੈ॥ ਅਰ ਮੇਰਾ ਭਗਤ ਹੈ॥ ਇਸੀ ਕਾਰਣ ਤੇ ਤੂੰ ਮੇਰੇ ਤਾਈ ਬਹੁਤ ਪਿਆਰਾ ਹੈ॥ ਹੇ ਪੁਤ੍ਰ ਮੁਕਤਿ ਤੋ ਤੇਰੇ ਹਾਥ ਵਿਖੇ ਇਸਥਿਤ ਹੈ॥ ਤੋ ਕੋ ਤੋ ਮੁਕਤ ਹੋਣੇ ਵਿਖੇ ਕਿਆ ਹੀ ਸੰਦੇਹ ਹੈ॥ ਤੂੰ ਤੋ ਔਰੋ ਕੋ ਮੁਕਤ ਕਰਣੇ ਕੋ ਸਮਰਥ ਹੋਵੇਗਾ॥ ਹੇ ਪੁਤ੍ਰ, ਪੂਰਬ ਜਨਮ ਵਿਖੇ ਕੀਏ ਜੋ ਹੈਤੰਠੇ ਪੁੰਨ, ਤਿਨ ਕਾ ਫਲ ਭੋਗ ਕਰ ਸੰਤੋ ਕੀ ਸੰਗਤ ਕੋ ਪਾਇ ਕਰ ਤਿਸ ਤੇ ਉਪਰਾਂਤ ਨਿਰਬਾਣ ਜੋ ਮੁਕਤਿ ਹੈ, ਤਿਸ ਕੋ ਤੂੰ ਪ੍ਰਾਪਤਿ ਹੋਵੇਗਾ॥ ਈਹਾ ਏਤਾ ਦੇਵੀ ਜੀ ਕਾ ਆਸ਼ਾ ਪਰਤੀਤ ਹੋਤਾ ਹੈ॥ ਤੂੰ ਤੋ ਅਧਕਾਰੀ ਹੈ, ਤੈਨੇ ਪੂਰਬ ਜਨਮ ਵਿਖੇ ਐਸੇ ਪੁੰਨ ਕੀਏ ਹੈਂ॥ ਤਿਸ ਕਾ ਫਲ ਤੈਨੇ ਤੋ ਪੰਥ ਕਾ ਸਵਾਮੀ ਹੋਣਾ ਹੈ॥ ਜੋ ਮੈ ਅਬੀ ਤੋ ਕੋ ਮੁਕਤਿ ਕਰ ਡਾਰੋਗੀ ਤੋ ਤੇਰਾ ਅਧਿਕਾਰ ਔਰ ਕੌਣ ਭੋਗੇਗਾ। ਅਰ ਨਾਨਕ ਸਤਿ ਪੁਰਖੁ ਨੇ ਮੇਰੇ ਸਰੂਪ ਕੋ ਜਥਾਰਥ ਜਾਣਾ ਹੈ॥ ਇਸ ਕੋ ਭੀ ਮੈਨੇ ਜਸ ਦੇਣਾ ਹੈ॥ ਤਾਤੇ ਤੂੰ ਇਸੀ ਕੀ ਸਰਣ ਹੋ॥ ਮੁਕਤਿ ਹੋਵੇਗਾ॥ ਦਾਤਾ ਕਾ ਧਰਮ ਹੈ ਦੇਣਾ, ਜੋ ਆਪਣੇ ਹਾਥ ਸੋ ਦੀਆ ਤੋਂ ਦੀਆ॥ ਜੋ ਦੂਸਰੇ ਹਾਥ ਸੋ ਦਿਵਾਇਆ ਤੋਂ ਦੀਆ ਤੋ ਸਹੀ॥ ਐਸੇ ਵਰ ਦੇਕਰ ਦੇਵੀ ਜੀ ਅੰਤ੍ਰ ਧਿਆਨ ਭਈ॥ ਇਹ ਵਚਨ ਦੇਵੀ ਜੀ ਕੇ ਸੰਸਕ੍ਰਿਤ ਥੇ॥ ਇਨ ਕੋ ਮੂਰਖੋ ਨੇ ਨਹੀ ਸਮਝਾ ਨਹੀ ਲਿਖੇ॥ ਦੇਵੀ ਬਾਬਾ ਨਾਨਕ ਕੇ ਘਰ ਝਾੜੂ ਦੇਤੀ ਥੀ ਇਹ ਬਾਤ ਮੂਰਖੋ ਕੇ ਮਨ ਮੋ ਹਛੀ ਲਗੀ॥ ਇਸੀ ਕੋ ਲਿਖ ਡਾਲਾ॥ ਅਬ ਇਸ ਕੋ ਵੀਚਾਰ ਕਰ ਕਰ ਦੇਖੋ ਇਹ ਮੂਰਖ ਕੀ ਉਪਮਾ ਨਿੰਦਾ ਕੀ ਪੜਨਾਨੀ ਤੋ ਹੈ॥ ਪ੍ਰਸੰਗ ਪਾਇ ਕਰ ਏਤਾ ਕਹ, ਅਬ ਮੂਲ ਕੋ ਹੀ ਵਰਨਨ ਕਰਤੇ ਹੈ॥ ਤੂੰ ਜੋ ਦੇਵੀ ਕੋ ਗੁਰੂ ਨਹੀ ਮਾਨਤਾ, ਸੋ ਕਉਣ ਪ੍ਰਮਾਣ ਸੋ ਨਹੀ ਮਾਨਤਾ? ਇਸ ਪਰ ਭੀ ਤੋ ਕੋਈ ਪ੍ਰਮਾਣ ਨ ਕਰ ਸਕੇਗਾ॥ ਭਲਾ ਬ੍ਰਹਮਾ, ਵਿਸਨ, ਮਹਾਦੇਵ ਇਨ ਤੀਨੋ ਕੋ ਤੈਨੈ ਭੀ ਗੁਰਮਾਨਾ॥ ਕਹਣੈ ਤੋ ਛੇ ਗੁਰ, ਅਰ ਤੀਨ ਇਨ ਕੀ ਬਰਾਬਰ ਕੇ ਕੌਨ ਸੇ ਮਾਨੇਗਾ॥ ਸਰਬ ਜਗਤ ਇਨ ਕਾ ਦਾਸ ਹੀ ਤੋ ਹੈ॥ ਇਨ ਕੀ ਬਰਾਬਰ ਕਾ ਤੋ ਕੋਈ ਭੀ ਨਹੀ॥ ਅਰੇ ਮੂਰਖ ਪਿਤਾ ਕੇ ਬਰਾਬਰ ਕੀ ਏਕ ਮਾਤਾ ਹੀ ਤੋ ਹੈ॥ ਔਰ ਕੋਈ ਹੋਤਾ ਹੀ ਨਹੀ॥ ਸੋ ਪਿਤਾ ਜਗਤ ਕਾ ਪਰਮੇਸ੍ਵਰ ਅਰ ਮਹਾਮਾਇਆ ਮਾਤਾ॥ ਤੀਨ ਰੂਪ ਪਰਮੇਸ੍ਵਰ ਕੇ, ਤੀਨੋ ਮਹਾਮਾਇਆ ਕੇ॥ ਇਹੀ ਤੋ ਛੇ ਗੁਰ ਹੈ॥ ਔਰ ਕੌਣ ਸੇ ਕਹੇਗਾ? ਤੂਸਨੀ ਹੋ॥ ਇਤਿ ਨਿਰਵਿਵਾਦ ਪ੍ਰਸੰਗ॥

ਅਬ ਬਾਬਾ ਨਾਨਕ ਆਪਣੇ ਆਸੇ ਕੋ ਪ੍ਰਗਟ ਕਰਤੇ ਹੈ॥ ਮੇ ਸਵਯੰ ਸਿਧ ਹੋ ਇਸ ਬਾਤ ਕਾ ਅਭਮਾਨ ਨਹੀ ਕਰਤਾ, ਬੇਨਤੀ ਕਰਤਾ ਹੋ॥

ਗੁਰਾ ਇਕ ਦੇਹਿ ਬੁਝਾਈ॥

ਹੇ ਗੁਰੋ! "ਤੁਮ ਛੇ ਹੀ ਸਰਬ ਪਰਪੰਚ, ਚਰਾਚਰ ਕੇ ਗੁਰ ਹੋ ਮੇਰੇ ਤਾਈ ਏਕ ਬੂਝ ਦਾਨ ਕਰੋ॥" ਜੋ ਛੇ ਗੁਰ ਕਹੇ, ਤੂੰ ਕੌਣ ਸੀ ਬੂਝ ਚਾਹਤਾ ਹੈਂ? ਮਾਂਗ। ਸੋਈ ਮਾਗਤੇ ਹੈ॥

Sri Satguru Jagjit Singh Ji eLibrary NamdhariElibrary@gmail.com

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੬॥

ਸਰਬ ਜੀਵੋ ਕਾ ਜੋ ਏਕ ਦਾਤਾ ਹੈ, ਸੋ ਮੁਝੇ ਨ ਵਿਸਰੇ॥ ਦਾਤਾ ਖਾਣੇ ਪੀਣੇ ਕੌਣ ਦੇਣੇ ਵਾਲਾ, ਇਹ ਇਸ ਕਾ ਅਰਥ ਨਹੀ॥ ਵੇਦ ਮੋ ਲਿਖਾ ਹੈ॥ ਏਕ ਸੁਧ ਪਰਮਾਤਮਾ॥ ਅਰ ਮਹਾਮਾਇਆ ਇਸ ਕੀ ਛਾਇਆ ਹੈ॥ ਜੈਸਾ ਪੁਰਖ ਹੋਤਾ ਹੈ, ਤੈਸੀ ਹੀ ਤਿਸ ਕੀ ਛਾਇਆ ਭੀ ਹੋਤੀ ਹੈ॥ ਸੋ ਜੈਸਾ ਪਰਮਾਤਮਾ ਤੈਸੀ ਭੀ ਮਹਾਮਾਇਆ॥ ਅਰ ਮਹਾਮਾਇਆ ਨੇ ਪਰਮੇਸ੍ਵਰ ਕੋ ਇਛਾ ਉਪਜਾਈ, 'ਏਕ ਮੇ ਬਹੁਤ ਹੋਵੋ॥' ਜਬ ਇਹ ਇਛਾ ਉਪਜੀ ਤਬ ਏਕ ਕੇ ਹੀ॥ ਬ੍ਰਹਮ, ਵਿਸਨੁ, ਸਿਵ ਤੀਨ ਰੂਪ ਭਏ॥ ਜਬ ਪਰਮੇਸ੍ਵਰ ਨੇ ਆਪਣੇ ਤੀਨ ਰੂਪ ਬਣਾਏ॥ ਤਬ ਮਹਾਮਾਇਆ ਕੇ ਭੀ ਤੀਨ ਰੂਪ ਭਏ॥ ਬ੍ਰਹਮਾਣੀ, ਬੈਸਨਵੀ, ਸਿਵਾਇਨ, ਛਿਉ ਨੇ ਸੰਪੂਰਣ ਜਗਤ ਕਾ ਉਤਪਤਿ, ਇਸਥਿਤ, ਸੰਚਾਰ ਰਚਾ ਓਹ ਜੀਵੋ ਕਾ ਦਾਤਾ ਜਿਸ ਨੇ ਸਰਬ ਜੀ ਦੀਏ॥ ਜਿਸ ਕੇ ਫੁਰਣੇ ਤੇ ਸਰਬੀ ਜੀਉ ਉਪਜੇ॥ ਸੋ 'ਨਿਰਗੁਣ-ਬ੍ਰਹਮ' ਮੁਝੇ ਨ ਵਿਸਰੇ॥ ਮੈ ਇਹੀ ਮਾਗਤਾ ਹੋ॥ ਇਹ ਜੋ ਵੇਦ ਵਚਨ ਹੈ, ਤਿਸੀ ਕਾ ਅਰਥ ਬਾਬਾ ਨਾਨਕ ਨੇ ਭੀ ਕਹਾ ਹੈ॥

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥

ਏਕ ਜੋ ਮਾਈ ਹੈ, ਮਹਾਮਾਇਆ, ਆਦਿ-ਸ਼ਕਤਿ, ਸੋ ਜੁਕਤਿ ਕਿਆ ਕਹੀਏ॥ ਯੁਕਤ ਸੋ ਪ੍ਰਸੂਤ ਭਈ॥ ਇਹੀ ਯੁਕਤ ਪਰਮਾਤਮਾ ਕੋ ਇਛਾ ਉਪਜਾਈ, ਏਕ ਹੀ ਮੇਂ ਬਹੁਤ ਹੋਵੇ॥ ਜਬ ਇਹ ਇਛਾ ਉਪਜੀ ਤਬ ਏਕ ਕੇ ਹੀ ਤੀਨ ਚੇਲੇ, ਕਿਆ ਕਹੀਏ ਤੀਨ ਪੁਤ੍ਰ ਪ੍ਰਾਦੁਰਭਾਵ ਭਏ॥ ਬ੍ਰਹਮਾ, ਵਿਸਨੁ, ਮਹਾਦੇਵ ਇਹ ਤੀਨੋ ਕੈਸੇ ਹੈਂ; 'ਪਰਵਾਣ', ਕਿਆ ਕਹੀਐ ਆਗਿਆਕਾਰੀ ਹੈ॥ ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ॥ ਏਕ ਜੁ ਬ੍ਰਹਮਾ ਹੈ॥ ਤਿਸ ਕੋ ਤੋ ਮਹਾ ਮਾਇਆ ਕੀ ਹੀ ਆਗਿਆ ਭਈ ਸੰਸਾਰ ਰਚਣੇ ਕੀ, ਸੋ ਭੰਡਾਰੀ ਹੀ ਹੂਆ॥ ਅਰੁ ਰੁਦ੍ ਕੋ ਸੰਸਾਰ ਕੀ ਹੀ ਆਗਿਆ ਭਈ, ਸੋ ਦਰਬਾਰੀ ਹੀ ਹੂਆ। ਅਰ ਵਿਸ਼ਨ ਕੋ ਪਾਲਣੈ ਦੀ ਆਗਿਆ ਭਈ, ਸੋ ਪਾਲਣੈ ਲਾਗਾ॥ 'ਜਿਵ ਤਿਸ ਭਾਵੈ ਤਿਵੈ ਚਲਾਵੈ॥' ਜੋ ਬਾਤ ਤਿਸ ਮਹਾ ਮਾਇਆ ਕੋ ਭਾਵਤੀ ਹੈ॥ ਜਗਤ ਸੰਯੁਕਤ ਇਨ ਤੀਨੋ ਕੋ, ਤੈਸੇ ਹੀ ਚਲਾਵਤੀ ਹੈ॥ 'ਜਿਵ ਹੋਵੈ ਫੁਰਮਾਣੁ॥' ਜੈਸੇ ਮਹਾ ਮਾਇਆ ਕੋ ਭਾਵਤੀ॥ 'ਫੁਰਮਾਣ' ਆਗਿਆ ਹੋਤੀ ਹੈ, ਇਹੁ ਤੈਸੇ ਹੀ ਕਰਤੈ ਹੈ॥ 'ਓਹੁ ਵੇਖੈ' ਓਹੁ ਮਹਾਮਾਇਆ ਤੋ ਦੇਖਤੀ ਹੈ॥ ਇਹ ਤੀਨੋ ਮੇਰੇ ਪੁਤ੍ ਹੈਂ ਪਰਮਾਤਮਾ ਕੋ ਇਛਾ ਉਪਜਾਇ ਕਰ ਸੈ ਨਹੀ ਤੋ ਇਨ ਕੋ ਪ੍ਰਾਦੁਰਭਾਵ ਕੀਆ ਹੈ॥ ਓਨਾ ਨਦਰਿ ਨ ਆਵੈ॥ ਓਹੁ ਜੋ ਹੈ ਤੀਨੋ ਬ੍ਰਮਾ, ਵਿਸਨੁ, ਮਹਾਦੇਵ, ਉਨ ਕੋ ਨਦਰ ਹੀ ਨਹੀ ਆਵਤਾ॥ ਸੁਰਸਵਤੀ, ਲਖਮੀ, ਪਾਰਬਤੀ, ਇਹ ਤੀਨੋ ਦੇਵੀਆ ਹੈਂ ਤੇ ਮਾਤਾ ਕਾ ਸਵਰੂਪ, ਅਰ ਮਾਨ ਬੈਠੇ ਹੈਂ ਆਪਣੀਆਂ ਇਸਤ੍ਰੀਆਂ॥ ਬਹੁਤਾ ਏਹੁ ਵਿਡਾਣੁ॥ ਇਹ ਮਹਾਮਾਇਆ ਕੀ ਬਡੀ ਬਡਾਈ॥ ਏਕ ਸੁਧ ਅਫੁਰ ਪਰਮਾਤਮਾ ਤਿਸ ਕੋ ਫੁਰਨਾ ਫੁਰਾਇ ਕਰ ਇਕ ਕੇ ਤੀਨ ਰੂਪ ਕਰ ਡਾਰੇ॥ ਅਰ ਮੋਹ ਕੈਸਾ ਉਪਜਾਇਆ, ਜਾਣ ਵੀ ਨਹੀ ਸਕਤੇ॥

ਨਨੁ:

ਜਾਣ ਤੋ ਸੋ ਨਹੀ ਸਕਤਾ, ਜੋ ਅਗਿਆਨੀ ਹੋਤਾ ਹੈ॥ ਕਿਆ ਬ੍ਰਹਮਾ, ਵਿਸਨੂੰ, ਮਹਾਦੇਵ ਕੋ ਬਾਬਾ ਨਾਨਕ ਨੇ ਅਗਯਾਨੀ ਮਾਨਾ? ਅਰੁ ਪੀਛੇ ਗੁਰ ਭੀ ਤੋ ਇਨ ਹੀ ਕੋ ਕਹਾ ਹੈ॥ ਕਿਆ ਅਗਯਾਨੀ ਕੋ ਗੁਰ ਧਾਰਨ ਕੀਆ?

Sri Satguru Jagjit Singh Ji eLibrary NamdhariElibrary@gmail.com

ਅਰਥ ਹੈ ਸੋਏ ਹੂਏ ਕਰਤੇ, ਹੋਵਾ ਜਾਗਤੇ॥ ਤਿਸ ਕਾ ਉਤਰ ਕਹਤੇ ਹੈ॥ ਸੋ ਹਮ ਅਰਥ ਸੋਏ ਹੂਏ ਨਹੀ ਕਰਤੇ॥ ਅਰ ਬਾਬਾ ਨਾਨਕ ਨੇ ਭੀ ਆਪ ਹੀ ਨਹੀ ਕਹਾ॥ ਬ੍ਰਹਮਾ, ਵਿਸਨੂੰ, ਮਹਾਦੇਵ ਕੇ ਵਚਨੋ ਕੋ ਮਾਨ ਕਰ ਕਹਾ ਹੈ।

ਮਾਰਕੰਡੇ ਪੁਰਾਣੇ॥ "ਵਿਸਨੁ ਸਰੀਰ ਗ੍ਰਹਣਮਹਿਮੀ ਸ਼ਾਨੰ ਏਵ ਚੈ॥ ਕਰਤਸਾਤੇ ਯਤੋਤ ਸਵਾ ਸੁਤੋਤੂੰ ਸ਼ਕਤੀਮਾਨ ਭਵੇਤਾ॥ ਮਾਰਕੰਡੇ ਪੂਰਾਣ ਮੋ ਲਿਖਾ ਹੈ॥ ਬ੍ਰਹਮਾ ਜੀ ਮਹਾਮਾਇਆ ਕੀ ਉਸਤਤ ਕਰਤੇ ਹੈਂ॥ ਹੇ ਮਹਾਮਾਏ! ਜਿਸ ਕਾਰਣ ਤੇ ਤੈਨੇ ਵਿਸ਼ਨ ਜੀ ਕੋ ਸਰੀਰ ਗ੍ਰਹਣ ਕਰਾਇਆ॥ ਮੋ ਕੋ ਅਰ ਈਸ਼੍ਵਰ ਮਹਾਦੇਵ ਕੋ ਭੀ ਸਰੀਰ ਗ੍ਰਹਣ ਕਰਾਇਆ॥ ਸਰੀਰ ਗ੍ਰਹਣ ਕਰਣੇ ਮੋ ਹੀ ਤੇ ਸਰਬ ਉਪਦ੍ਰਵ ਹੈ॥ ਮੈਨੇ ਸ੍ਰਿਸਟਿ ਰਚੀ॥ ਏਕ ਸ਼ੁਧ ਪਰਮਾਤਮਾ ਇੰਦ੍ਰ ਤੇ ਲੇ ਕਰ ਕੀਟੀ ਪਰ ਜੰਤ ਪਹੁਚਾਇ ਦੀਆ॥ ਅਰ ਹਮ ਜੋ ਤੀਨੋ ਈਸਵਰ ਹੈ ਹਮਾਰੀ ਭੀ ਆਪਸ ਮੋ ਕਲਹ ਭਈ॥ ਮਹਾਦੇਵ ਨੇ ਮੇਰਾ ਸਿਰਕਾਟਾ, ਬ੍ਰਹਮ ਹਤਯਾ ਮਹਾਦੇਵ ਕੋ ਲਾਗੀ॥ ਬ੍ਰਹਮ ਹਤਯਾ ਕੇ ਦੂਰ ਕਰਨੇ ਕੇ ਨਮਿਤ ਸਰਬ ਤੀਰਥੋ ਵਿਖੇ ਵਿਚਰੇ॥ ਵੈਕੁੰਠ ਭੀ ਗਏ, ਉਹਾ ਵਿਸ਼ਨੁ ਪਾਰਖੂ ਦੇ ਸਾਥ ਯੁਧ ਹੂਆ, ਪਾਰਖਦ ਮਾਰੇ॥ ਵਿਸ਼ਨ ਜੀ ਹਾਥ ਜੋੜ ਕਰ ਆਗੇ ਆਣ ਖੜੇ ਹੂਏ॥ ਕਹਾ, "ਮਹਾਰਾਜ! ਕਿਸ ਅਰਥ ਆਪ ਕਾ ਆਗਮਨ ਹੂਆ ਹੈ॥ ਕਿਆ ਆਗਿਆ ਹੋਤੀ ਹੈ॥" ਤਬ ਮਹਾਦੇਵ ਕਹਾ! "ਭਿਖਿਆ ਕੇ ਨਮਿਤ ਆਏ ਹੈ॥" ਤਬ ਵਿਸ਼ਨੁ ਜੀ ਨੇ ਅਪਣੇ ਮਸਤਕ ਕਾ ਰੁਧਰ ਨਿਕਾਸ ਕਰ ਮਹਾਦੇਵ ਕੋ ਖੱਪਰ ਭਰ ਦੀਆ॥ ਫੇਰ ਮਹਾਦੇਵ ਕਾਂਸ਼ੀ ਮੋ ਆਏ॥ ਬ੍ਰਹਮਾ ਜੀ ਕਾ ਕਪਾਲ ਤੇ ਮਹਾਦੇਵ ਕੇ ਹਾਥ ਸੋ ਚਿਪਟਾ, ਹਾਥ ਛੂਟਤਾ ਨਹੀਂ ਥਾ॥ ਸੋ ਝੜ ਪੜਾ॥ ਜਹਾ ਕਪਾਲ ਝੜਾ ਤਿਸ ਕਾ ਨਾਮ ਕਪਾਲ ਮੋਚਨ ਤੀਰਥ ਭਇਆ॥ ਇਹੁ ਕਥਾ ਕੁਰਮ ਪੁਰਾਣ ਮੋਂ ਲਿਖੀ ਹੈ॥ ਅਰ ਵਾਣਾਂਸੁੱਰ ਕੇ ਬਦਲੇ ਵਿਸ਼ਨੁ ਜੀ ਕਾ ਮਹਾਦੇਵ ਸਾਥ ਯੁਧ ਹੂਆ॥ ਵਿਸ਼ਨ ਜੀ ਨੇ ਚੱਕ੍ਰ ਸਾਥ ਵਾਣਾਂਸੁਰ ਕੀ ਸਹੱਸ੍ਰ ਭੁਜਾ ਕਾਟੀ॥ ਮਹਾਦੇਵ ਰਖਿਆ ਕਰਣੇ ਕੋ ਨਾ ਸਮਰਥ ਭਏ॥ ਬ੍ਰਹਮਾ ਜੀ ਬੀ ਆਣ ਖੜੇ ਹੂਏ॥ ਇਹੁ ਕਥਾ ਹਰਵੰਸ ਮੋ ਲਿਖੀ ਹੈ॥ ਅਰ ਦੱਖ-ਪਰਜਾਪਤਿ ਕੇ ਬਦਲੇ ਭੀ ਵਿਸ਼ਨੁ, ਸ਼ਿਵ ਕਾ ਜੁਧ ਭਯਾ॥ ਮਹਾਦੇਵ ਨੇ ਵੀਰਭੱਦ੍ਰ ਦਵਾਰਾ ਦੱਖ ਕਾ ਜੱਗ ਨਾਸ ਹੀ ਕੀਆ॥ ਅਰ ਦੱਖ ਕਾ ਸਿਰ ਹੀ ਕਾਟਾ॥ ਵਿਸ਼ਨੁ ਜੀ ਰਖਿਆ ਕੋ ਨਾ ਸਮਰਥ ਭਏ॥ ਬ੍ਰਹਮ ਜੀ ਬੀਚ ਆਣ ਖੜੇ ਹੂਏ, ਕਹਾ, 'ਈਸ਼੍ਵਰੋ ਕਾ ਜੁਧ ਆਪਸ ਮੋ ਬਣਤਾ ਨਹੀ॥' ਯੁਧ ਸਾਂਤ ਹੂਆ॥ ਇਹ ਕਥਾ ਭੀ ਕੂਰਮ-ਪੁਰਾਣ ਮੋ ਲਿਖੀ ਹੈ। ਹੇ ਮਹਾਮਾਏ* ਇਹ ਸਭ ਤੇਰਾ ਹੀ ਤੋ ਪ੍ਰਤਾਪ ਹੈ॥ ਜੋ ਤੈਨੇ ਹਮ ਕੋ ਸਰੀਰ ਗ੍ਰਹਣ ਕਰਾਇਆ, ਤੋ ਇਹ ਕਛੁ ਹੂਆ॥ ਸ਼ੁਧ ਪਰਮਾਤਮਾ ਕੋ ਇਹ ਬਾਰਤਾ ਕਹੀ ਥੀ॥ ਇਸੀ ਕਾਰਣ ਤੇ ਤੇਰੀ ਉਸਤਤ ਕਰਣੇ ਕੋ ਕੌਣ ਸਮਰਥ ਹੋਵੇਗਾ? ਕੋਈ ਭੀ ਤੋ ਨਹੀ; ਤੇਰੀ ਉਪਮਾ ਤੋ ਪਰੇ ਤੇ ਪਰੇ ਹੈ॥

ਕਾਲਕਾ ਪੁਰਾਣੇ: "ਦ੍ਰਿਸ਼ਟ ਵਾਕਾ ਮੈਸੁਰੀ ਦੇਵੀ ਕੇ ਸਵਰ ਤਾਜਗਨ ਮਈ; ਇਦਮਹਾ ਸੁਯੰਗਿਆਤਵ ਪ੍ਰਭੂ ਵੰਤਤ ਪ੍ਰਤਿਸ਼ਟਤੰ॥ ਤ੍ਵਮੇਵਪ੍ਰਕ੍ਰਿਤਿਦੇਵੀ ਤ੍ਵਮੇਵਪ੍ਰਿਥਵੀ ਜਲੰ॥ ਤ੍ਵਮੇ ਵਜਗਤਾਂਤਤੰਤ੍ਵਮੇ ਵਚ ਜਗਨਮਈ॥ ਕਰਲਕਾ ਪੁਰਾਣ ਮੋ ਲਿਖਾ ਹੈ॥ ਜਗਤ ਸਰੂਪਣੀ ਜੋ ਹੈ ਕਾਮੇਸ੍ਵਰੀ ਭਵਾਨੀ ਤਿਸ ਕੋ ਦੇਖ ਕਰ, ਅਰ ਭਾਵ ਤਿਸ ਕਾ ਜਾਣ ਕਰ, ਵਿਸ਼ਨੁ ਜੀ ਕਹਤੇ ਭਏ॥ ਹੇ ਦੇਵ! ਤੂੰ ਪ੍ਰਕ੍ਰਿਤ ਹੈ॥ ਪ੍ਰਕ੍ਰਿਤ ਨਾਮ ਹੈ ਆਦ ਕਾਰਣ ਕਾ॥ ਤੂੰ ਆਦਿ ਕਾਰਣ ਹੈ॥ ਤੈਨੇ ਹੀ ਤੋ ਅਫੁਰ ਪ੍ਰਮਾਤਮਾ ਕੋ ਫੁਰਣਾ ਉਪਜਾਇਆ॥ ਏਕ ਹੀ ਮੇ ਬਹੁਤ ਹੋਵੇ ਤਬੀ ਤੋ

Sri Satguru Jagjit Singh Ji eLibrary NamdhariElibrary@gmail.com

ਬ੍ਰਹਮਾ, ਬਿਸਨ, ਮਹਾਦੇਵ ਤੀਨ ਸਰੀਰੋ ਕਾ ਪ੍ਰਾਦੁਰਭਾਵ ਭਇਆ॥ ਪ੍ਰਿਥਵੀ ਅਰ ਜਲ ਕੇ ਸੰਜੋਗ ਕਾ ਪ੍ਰਾਦੁਰਭਾਵ ਦ੍ਰਿਸਟ ਆਵਤਾ ਹੈ॥ ਸੋ ਪ੍ਰਿਥਵੀ ਅਰ ਜਲ ਭੀ ਤੁਹੀ ਹੈ॥ ਅਰ ਜਗਤੋ ਕਾ ਤਤ ਜੋ ਪ੍ਰਮਾਤਮਾ ਹੈ ਸੋ ਭੀ ਤੁਹੀ ਹੈ॥ ਅਰੁ ਜਗਤੋ ਕਾ ਸਰੂਪ ਜੋ ਮਾਇਆ ਹੈ ਸੋ ਭੀ ਤੁਹੀ ਹੈ॥ ਇਸੀ ਕਾਰਣ ਤੇ ਤੇਰੀ ਉਸਤਤ ਕਰਣੈ ਕੋ ਕੋਣ ਸਾਮਰਥ ਹੋਵੇਗਾ? ਤੇਰੀ ਉਪਮਾ ਪਰੇ ਤੇ ਪਰੇ ਹੈ॥

ਤਿਤ੍ਰਸਾਤ੍ਰੇਓਓ ਆਦਿ ਆਮ ਸੇਖ ਜਨਨੀ ਰਵਿੰਦ ਯੋਰ ਬਿਸਨੇ ਸਿਵ ਸਯ ਚਵਪੁ: ਪਤਿਥਾਦਯਿਤ੍ਰੀ॥ ਸਿਸ੍ਰਟ ਇਸ ਥਿਤ ਤਖਯ ਕਰੀ ਜਗਤਾਤ੍ਰਯਾਣਾ ਉਸਤਤਵ॥ ਗਿਰੰਬਿਸਲਯਾਮਯਹਮੰਵਿਕੇਤਵਾ॥ ਤਿਤ੍ਰਸਾਸਤ੍ਰ ਮੋ ਲਿਖਾ ਹੈ॥ ਮਹਾਦੇਵ ਕਹਤੇ ਹੈ॥ ਹੇ ਅੰਬਕੇ ! ਮੈ ਤੇਰੀ ਉਸਤਿਤ ਕਰ ਕਰ ਆਪਣੀ ਬਾਣੀ ਨਿਰਮਲ ਕਰਤਾ ਹੋ॥ ਤੂੰ ਕੈਸੀ ਹੈ ? ਸਰਬ ਜਗਤ ਕੀ ਆਦਿ ਹੈ॥ ਫੇਰ ਕੈਸੀ ਹੈ? ਸੰਪੂਰਨ ਜਗਤ ਕੀ ਜਨਨੀ ਹੈ॥ ਹਮਾਰੇ ਸਰੀਰ ਕੋ ਉਤਪਤ ਕਰਣੇ ਵਾਲੀ ਹੈ॥ ਫੇਰ ਕੈਸੀ ਹੈ ਜਗਤ ਜੋ ਹੈ ਤੀਨ; ਸ੍ਵਰਗ ਮਰਤ ਪਤਾਲਾ॥ ਤਿਨ ਤੀਨੋ ਕੋ ਉਤਪਤ ਇਸਥਿਤ, ਸੰਹਾਰ ਕਰਣੈ ਵਾਲੀ ਹੈ॥ ਐਸੀ ਜੋ ਤੂੰ ਹੈ, ਤੇਰੀ ਉਸਤਤ ਕਰਣੇ ਕੌ ਕੌਣ ਸਮਰਥ ਹੋਵੇਗਾ? ਕੋਈ ਭੀ ਤੋ ਨਹੀ, ਤੇਰੀ ਉਪਮਾ ਤੋ ਪਰੇ ਤੇ ਪਰੇ ਹੈ॥ ਬ੍ਰਹਮਾ, ਵਿਸਨ, ਮਹਾਦੇਵ ਨੇ ਸਭ ਤੇ ਊਪਰ ਮਹਾਮਾਇਆ ਕੀ ਉਪਮਾ ਕਹੀ॥ ਇਨ ਵਚਨੋ ਕੋ ਮਾਨ ਕਰ ਬਾਬਾ ਨਾਨਕ ਨੇ ਭੀ ਸਭ ਤੇ ਉਪਰ ਮਹਾਮਾਇਆ ਕੀ ਉਪਮਾ ਕਹੀ॥

ਤੇਨੇ ਪ੍ਰਸਨ ਕੀਆ ਦ੍ਰਿਸਟ ਤੋ ਤਿਸ ਕੋ ਨਹੀ ਆਵਤਾ॥ ਜੋ ਅਗਆਨੀ ਹੋਤਾ ਹੈ॥ ਅਬ ਇਸ ਕਾ ਉਤਰ ਲੈ॥ ਜੀਵੋ ਕੀ ਅਪੇਖਯਾ ਕਰ ਕਰ ਤੋ ਬ੍ਰਹਮਾ, ਵਿਸਨ, ਮਹਾਦੇਵ ਕੋ ਅਨੰਤ ਕੋਟ ਗੁਣ ਅਧਿਕ ਗਯਾਨ ਹੈ॥

ਅਰ ਅਪੇਖਯਾਕਰ ਕਰ ਤੋ ਸਵਲ ਮੋ ਹੀਨਤਾ ਹੈ। ਸ਼ੁਧ ਕੋ ਤੋ ਸਵਲ ਨਹੀ ਧਾਵਤਾ॥ ਗੁਣ ਅਧਿਕ ਗਿਆਨ ਮਾਨ ਕਰ ਬਾਬਾ ਨਾਨਕ ਨੇ ਇਨ ਕੋ ਗੁਰੂ ਮਾਨਾ॥ ਅਰ ਜੋ ਸਿਖ ਹੋਤਾ ਹੈ॥ ਸੋ ਪਰਮੇਸਵਰ ਕੀ ਪ੍ਰਾਪਤ ਤੇ ਹੀ ਨਮਿਤ ਤੋ ਧਾਰਣ ਕਰਤਾ ਹੈ॥ ਔਰ ਗੁਰੂ ਕਾ ਕਛ ਪ੍ਰਯੋਜਨ ਤੋ ਨਹੀ ਥਾ। ਬਾਬਾ ਨਾਨਕ ਨੇ ਭੀ ਇਹੀ ਮਾਂਗਾ॥ ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ਸਰਬ ਜੀਵੋ ਕਾ ਏਕ ਦਾਤਾ ਸੋ ਮੁਝੇ ਨ ਵਿਸਰੇ॥ ਸਵਲ ਤੇ॥

ਛਿਉ ਕੋ 'ਸਰਗੁਣ ਬ੍ਰਹਮ' ਮਾਨ ਕਰ 'ਗੁਰ' ਕਹਾ॥ ਤਥਾਪਿ ਆਪਣਾ ਇਸ਼ਟ-ਦੇਵ ਜੋ ਵਿਸ਼ਨ ਜੀ ਥੇ, ਤਿਨ ਕਉ ਪ੍ਰਥਮ ਗੁਰ ਕਿਊ ਨ ਕਹਾ॥ ਐਸੇ ਹੀ ਕਹਣਾ ਥਾ ਗੁਰੁ ਈਸਰ, ਗੁਰੁ ਗੋਰਖੁ ਬ੍ਰਹਮਾ॥ ਅਰ ਜੋ ਸਾਸਤ੍ਰੀ ਕਰਮ ਕੋ ਮਾਨੀਏ ਤੋ ਪ੍ਰਥਮ ਸ੍ਰਿਸਟ ਕਰਤਾ ਬ੍ਰਹਮਾ॥ ਫੇਰ ਪਾਲਨ ਕਰਤਾ ਵਿਸਨੁ॥ ਫੇਰ ਸੰਹਾਰ ਕਰਤਾ ਰੁਦ੍ਰਾ॥ ਜੋ ਬ੍ਰਹਮਾ ਆਦਿ ਥਾ, ਤਿਸ ਕੋ ਅੰਤ ਕਰ ਡਾਰਾ?॥ ਅਰੁ ਜੋ ਰੁਦ੍ਰ ਅੰਤ ਥਾ ਤਿਸ ਕੋ ਆਦ ਕਰ ਡਾਰਾ? ਐਸਾ ਵਿਪਰੀਤ ਪਾਠ ਕਿਉ ਗ੍ਰਹਣ ਕੀਆ? ਐਸੇ ਹੀ ਕਹਣਾ ਥਾ, ਗੁਰ ਬ੍ਰਹਮਾ ਗੁਰ ਗੋਰਖ ਈਸਵਰ॥

ਤਿਸ ਕਾ ਉਤਰ : ਤੂੰ ਸਮਝੇ ਬਿਨਾ ਹੀ ਵਿਪਰੀਤ ਮਾਨਤਾ ਹੈ॥ ਵਿਪਰੀਤ ਨਹੀ, ਈਹਾ ਬਾਬਾ ਨਾਨਕ ਨੇ ਬਿਵਸਥਾ ਦਿਖਲਾਈ ਹੈ॥ ਬਿਵਸਥਾ ਨਾਮ ਹੈ ਮ੍ਰਿਜਾਦਾ ਕਾ॥ ਜੋ ਇਸ ਮ੍ਰਜਾਦਾ ਪਰ ਚਲੇਗਾ ਸੋ ਕ੍ਰਿਤਾਰਥ ਹੋਵੇਗਾ॥ ਅਰ ਜੋ ਇਸ ਮ੍ਰਿਜਾਦਾ ਤੇ ਚੁਕੇਗਾ ਤਿਸਕਾ ਟਿਕਾਣਾ ਕੋਈ ਭੀ ਨਹੀ॥ ਜੋ ਜੀਵ-ਕੋਟੀ ਹੈ ਤਿਨੋ ਨੇ ਜਿਸ ਸਤ-ਪੁਰਖ ਕਾ ਉਪਦੇਸ

Sri Satguru Jagjit Singh Ji eLibrary NamdhariElibrary@gmail.com

ਪਾਇਆ, ਸੋਈ ਤਿਨ ਕਾ ਗੁਰੂ ਹੈ॥ ਅਰ ਇਹ ਸਗੁਣ ਛੇ ਰੂਪ ਪਰਮੇਸ਼ੂਰ ਕੇ ਹੈਂ, ਸੋ ਉਨ ਕੇ ਈਸਵਰ ਹੈ॥ ਅਥਵਾ ਜੋ ਗੁਰੋ ਤੇ ਨਿਰਗੁਣ ਕਾ ਉਪਦੇਸ ਪਾਇਆ ਤੋ ਨਿਰਗੁਣ ਹੀ ਤਿਨ ਕਾ ਈਸ਼ੂਰ ਹੈ॥ ਅਰ ਜੋ ਈਸ਼ੂਰ ਕੋਟੀ ਹੈ॥ ਤਿਨ ਕੇ ਇਹੀ ਛੇ ਗੁਰੁ ਹੈ॥ ਅਰ ਨਿਰਗੁਣ-ਬ੍ਰਹਮ ਤਿਨ ਕਾ ਈਸ਼ੂਰ ਹੈ॥ ਜੀਵ-ਕੋਟੀ ਹੈ ਅਥਵਾ ਈਸ਼ੂਰ ਕੋਟੀ ਹੈ॥ ਉਪਾਸਨਾ ਤੋ ਤਿਸ ਕੋ ਏਕ ਕੀ ਹੀ ਹੋਵੇਗੀ॥ ਛੇ ਕੀ ਉਪਾਸਨਾ ਤੋ ਕਿਸੀ ਕੋ ਹੀ ਨਹੀ ਹੋਤੀ॥ ਤਾਂਤੇ ਇਨ ਮੋਂ ਜਿਸ ਕੀ ਜਿਸ ਕੋ ਉਪਾਸਨਾ ਹੈ ਤਿਸੀ ਕਾ ਰੂਪ ਪਾਂਚੋ ਕੋ ਮਾਨ ਕਰ ਛੇਓ ਕੀ ਪੂਜਾ ਕਰੈ॥ ਇਹੀ ਤੋ ਇਸ ਕੀ ਕਲਿਆਣ ਕਾ ਸਾਧਨ ਹੈ॥ ਅਰ ਜੋ ਏਕ ਕੋ ਇਸ਼ਟਮਾਨ ਕਰ ਦੂਸਰੇ ਸਾਥ ਵਿਰੋਧ ਕਰੇਗਾ ਸੋ ਅਧਕ ਤੇ ਅਧਕ ਪਾਪੀ ਹੋਵੇਗਾ, ਇਸ ਪਰ ਸ਼ਿਵ-ਪੁਰਾਣ ਕੀ ਕਥਾ ਕਾ ਪ੍ਰਸੰਗ ਕਹਤੇ ਹੈ॥

ਏਕ ਸਮੇ ਅਸੁਰ ਬਲਵਾਨ ਭਏ॥ ਜੇਤੇ ਦੇਵਤਾ, ਸਿਧ, ਚਾਰਣ, ਗੰਧਰਬ, ਯੱਖ, ਵਿਦਯਾਧਰ ਥੇ; ਤਿਨ ਕੇ ਅਧਕਾਰ ਛਿਨਇ ਲੀਏ॥ ਤੀਨ ਲੋਕ ਵਿਖੇ ਅਸੁਰੋਂ ਕਾ ਹੀ ਰਾਜ ਹੂਆ॥ ਤਬ ਸਰਬ ਦੇਵਤਾ ਮਿਲ ਕਰ ਖੀਰਸਮੁੰਦ੍ ਮੋ ਵਿਸ਼ਨ ਜੀ ਕੀ ਸਰਣ ਕੋ ਗਏ॥ ਉਸਤਤ, ਪੂਜਨ ਕਰ ਕਰ ਪ੍ਰਾਰਥਨਾ ਕਰੀ॥ "ਮਹਾਰਾਜ ! ਅਸੁਰੋ ਨੇ ਬਹੁਤ ਦੁਖ ਦੀਆ ਹੈ॥ ਆਪ ਭਗਤ-ਵਤਸਲ ਹੋ, ਹਮ ਆਪ ਕੀ ਸਰਣ ਕੋ ਪ੍ਰਾਪਤ ਭਏ ਹੈ॥ ਆਪਣੇ ਦਾਸੋਂ ਕੀ ਰਖਿਆ ਕਰੀਏ॥ ਅਸੁਰੋ ਕਾ ਸੰਹਾਰ ਕਰੀਏ॥" ਤਬ ਵਿਸ਼ਨੁ ਜੀ ਕਹਾ: "ਅਸੁਰੋ ਕੇ ਸੰਹਾਰ ਕਰਣੇ ਯੋਗ ਮੇਰੇ ਪਾਸ ਸ਼ਸਤ੍ਰ ਨਹੀ॥ ਮਹਾਦੇਵ ਕਾ ਅਰਾਧਨ ਕਰ ਕਰ ਸਸਤ੍ਰ ਪਾਓਗਾ॥ ਤਬ ਅਸੁਰ ਕੁਲ ਕਾ ਸੰਹਾਰ ਕਰੋਗਾ॥ ਤੁਮ ਜਾਹੁ।" ਦੇਵਤਿਓ ਕੋ ਵਿਦਾ ਕੀਆ॥ ਅਰ ਆਪ ਵਿਸ਼ਨ ਜੀ ਤਪ ਲਾਗੇ ਕਰਣੈ॥ ਦਸ ਸਹੰਸ੍ ਵਰਖ ਤਪ ਕਰਤੇ ਰਹੇ॥ ਮਹਾਦੇਵ ਸਾਖਯਾਤ ਨਹੀ ਭਏ॥ ਤਬ ਵਿਸ਼ਨੁ ਜੀ ਨੇ ਸ਼ਿਵ ਸਹੱਸ੍ਰਨਾਮ ਰਚਾ॥ ਸਹੱਸ੍ ਕਮਲ ਗਿਣ ਕਰ ਲੈ ਬੈਠੇ॥ ਤਬ ਮਹਾਦੇਵ ਨੇ ਪਰੀਖਯਾ ਕੇ ਨਮਿੱਤ ਏਕ ਕਮਲ ਛਪਾਇ ਲੀਆ॥ ਏਕ ਕਮਲ ਤੋ ਘਟਾਵਿਧ ਤੋ ਨਹੀ, ਪੂਰਣ ਭਈ॥ ਤਬ ਵਿਸ਼ਨੁ ਜੀ ਨੇ ਕਹਾ, 'ਕਮਲ ਨਹੀ ਤੋ ਮਤ ਹੋਵੇ॥ ਮੇਰਾ ਨਾਮ ਭੀ ਤੋ ਕਮਲ-ਨੈਨ ਹੈ॥ ਮੈ ਆਪਣਾ ਨੇਤ੍ ਚੜਾਇ ਕਰ ਹੀ ਵਿੱਧਿ ਪੂਰਨ ਕਰੋਗਾ।' ਜਬ ਵਿਸਨ ਜੀ ਨੇਤ੍ ਉਖਾੜਨੇ ਲਾਗੇ, ਤਬ ਮਹਾਦੇਵ ਪ੍ਰਗਟ ਭਏ॥ ਵਿਸ਼ਨ ਜੀ ਕੀ ਭੁਜਾ ਗ੍ਰਹਣ ਕਰੀ॥ ਅਰ ਕਹਾ, "ਹੇ ਵਿਸਨੁ! ਤੁਮ ਤੋ ਮੇਰੇ ਪਰਮ ਭਗਤ ਹੋ, ਪਰੀਖਿਆ ਕੇ ਨਮਿੱਤ ਮੇਨੇ ਹੀ ਕਮਲ ਛਪਾਇਆ ਥਾ॥ ਇਹ ਕਮਲ ਗ੍ਰਹਣ ਕਰੋ ਪੂਜਾ ਕਰੋ॥ ਤੁਮਾਰੀ ਪੂਜਾ ਪਰਿਪੂਰਣ ਭਈ॥ ਹੇ ਵਿਸਨੋ! ਤੁਮ ਨੇ ਸਸਤ੍ਰੋ ਕੇ ਨਮਿਤ ਤਪੁ ਕੀਆ ਹੈ॥ ਇਹ ਸੁਦ੍ਸ਼ਨ ਚਕ੍ ਗਰਹਣ ਕਰੋ॥ ਇਸ ਕਰ ਕਰ ਅਸੁਰ ਕੁਲ ਕਾ ਸੰਹਾਰ ਕਰੋ॥ ਹੇ ਵਿਸਨੁ! ਮੈਂ ਤੁਹਨੋ ਵਰ ਭੀ ਦੇਤਾ ਹੋਂ॥ ਤੁਮ ਸਰਬਯੁਧੋ ਵਿਖੇ ਦੁਰ ਜੀਤ ਹੋਵੇਗੇ॥ ਜੋ ਮੇਰੇ ਸਾਥ ਭੀ ਤੁਮਾਰਾ ਯੁਧ ਪੜੇਗਾ, ਤੋ ਭੀ ਤੁਮਾਰੀ ਹੀ ਜੇ ਹੋਵੇਗੀ॥" ਦੱਖ-ਪਰਜਾਪਤਿ ਕੇ ਯੁਧ ਵਿਖੇ ਵਿਸ਼ਨ ਹਾਰੇ ਨਹੀ॥ ਬ੍ਰਹਮਾ ਜੀ ਨੇ ਕਹਾ "ਈਸਵਰੋਂ ਕਾ ਜੁਧ ਆਪਸ ਮੋਂ ਬਣਤਾ ਨਹੀ॥ ਯੁਧ ਸ਼ਾਂਤ ਹੂਆ॥ "ਹੇ ਵਿਸਨ ! ਤੁਮ ਤੋ ਮੇਰਾ ਆਪਣਾ ਆਪ ਹੋ॥ ਜੋ ਮੇਰੇ ਭਗਤ ਹੈਂ ਸੋ ਤੇਰੇ ਹੀ ਭਕਤ ਹੈਂ॥ ਮੇਰੇ ਭਕਤ ਪ੍ਰਥਮੈ ਤੇਰਾ ਪੂਜਨ ਕਰੇਗੇਂ, ਪਿਛੇ ਹਮਾਰਾ ਕਰਹਿਗੇ॥ ਤਿਨ ਕੋ ਤੋ ਮੇਰੀ ਪੂਜਾ ਕਾ ਅਨੰਤ ਫਲ ਹੋਵੇਗਾ॥ ਅਰ ਜੋ ਤੇਰੀ ਨਾ ਪੂਜਾ ਕੀਏ ਬਿਨਾਂ ਮੇਰੀ ਪੂਜਾ ਕਰੇਗੇ, ਤਿਨ ਕੀ ਪੂਜਾ ਵਿਅਰਥ ਹੋਵੇਗੀ॥ ਅਰ ਜੋ ਮੇਰੇ ਭਗਤ ਤੇਰੇ ਸਾਥ ਦਵੇਖ ਕਰੇਂਗੇ, ਤਿਨ ਕੋ ਮੈ ਆਪਣੇ ਹਾਥ ਸੋ ਪਕੜ ਕਰ ਨਰਕ

Sri Satguru Jagjit Singh Ji eLibrary NamdhariElibrary@gmail.com

ਮੋ ਡਾਰ ਦੇਉਗਾ।" ਐਸੇ ਹੀ ਵਿਸਨ ਜੀ ਨੇ ਕਹਾ॥ "ਹੈ ਸੰਭੋ! ਤੁਮ ਤੋ ਮੇਰਾ ਹੀ ਸ੍ਵਰੂਪ ਹੋ॥ ਮੇਰਾ ਭਗਤ ਪ੍ਰਥਮੇ ਤੇਰਾ ਪੂਜਨ ਕਰੇਗੇ, ਪੀਛੇ ਮੇਰਾ ਪੂਜਨ ਕਰੇਗੇ। ਤਿਨ ਕੋ ਮੇਰੀ ਪੂਜਾ ਕਾ ਅਨੰਤ ਫਲ ਹੋਵੇਗਾ॥ ਅਰ ਜੋ ਤੇਰੀ ਪੂਜਾ ਕੀਏ ਬੀਨਾ ਹੀ ਮੇਰੀ ਪੂਜਾ ਕਰੇਗੇ, ਤਿਨ ਕੀ ਪੂਜਾ ਨਿਖਫਲ ਹੋਵੇਗੀ॥ ਅਰ ਜੇ ਮੇਰੇ ਭਕਤ ਤੇਰੇ ਸਾਥ ਦਵੈਖ ਕਰੇਗੇ ਤਿਨ ਕੋ ਮੈਂ ਭੀ ਨਰਕ ਮੋ ਡਾਰ ਦੇਓਗਾ। ਬਾਬਾ ਨਾਨਕ ਕਾ ਇਸ਼ਟ-ਦੇਵ ਵਿਸ਼ਨੁ ਜੀ। ਆਪਣੇ ਇਸ਼ਟ-ਦੇਵ ਕੋ ਮਾਨ ਕਰ ਪ੍ਰਥਮ ਪੂਜਨ ਮਹਾਵੇਦ ਕਾ ਹੀ ਕੀਆ॥ ਪ੍ਰਥਮ ਮਹਾਦੇਵ ਕੋ ਹੀ ਗੁਰੂ ਕਹਾ॥ ਈਹਾ ਬਾਬਾ ਨਾਨਕ ਨੇ ਇਹੁ ਮ੍ਰਿਜਾਦਾ ਦਿਖਾਈ॥ ਜੋ ਵਿਸ਼ਨ ਭਕਤ ਹੋਵੇ, ਸੋ ਪ੍ਰਿਥਮ ਸ਼ਿਵ ਪੂਜਨ ਕਰੇ॥ ਪਾਰਬਤੀ ਕਾ ਭਕਤ ਪ੍ਰਥਮ ਲਖਮੀ ਕਾ ਪੂਜਨ ਕਰੇ॥ ਬ੍ਰਹਮਾ ਜੀ ਅਰ ਸਰਸਵਤੀ ਕੀ ਪੂਜਾ ਕਾ ਕੁਛ ਪੀਛੇ ਆਗੇ ਕਾ ਨੇਮ ਨਹੀ, ਜਬ ਕਰੇ ਤਬ ਹੀ ਕਰੇ, ਪਰੰਤੂ ਕਰੇ ਸਹੀ॥ ਨ ਕਰਣੈ ਵਾਲੇ ਕੋ ਦੋਖ ਹੈ॥ ਇਸ ਪਰ ਪਰਮਾਣ ਕਹਤੇ ਹੈਂ॥

ਯੋ ਨਹੀ ਵਪੂਜਯੇਤ ਭਗਤਿ ਆਸੁਰ ਜੇਸ਼ੰਟ ਸੁਰੰਸੁਰੰ॥
ਨਸੁ ਸੁਰਗਗਸਾਯ ਰਾਜਸਯ ਨ ਚ ਮੋਖਸਯ ਭਾਜਨੰ॥
ਯਸਤੂ ਸੰਪੂਜਯਤ ਭਗਤਿ ਆਵਿਰੰਚਿ ਭੂਵਨੈਸੁਰੰ॥
ਸਨਾਕਰਾਜ ਮੋਖੇਖਿ ਪ੍ਰੰਠਵਾਤਿ ਭਾਜਨੰ॥ ਭਵਿਖ ਪੁਰਾਣੇ॥

ਭਵਿਖ ਪੁਰਾਣ ਮੋਂ ਲਿਖਾ ਹੈ॥ "ਸਰਬ ਦੇਵਤਿਓ ਕਾ ਬਡਾ ਅਰ ਸਰਬ ਦੇਵਤਿਓ ਕਾ ਈਸਵਰ ਜੋ ਬ੍ਰਹਮਾ ਜੀ ਹੈ॥ ਤਿਸ ਕੋ ਜੋ ਭਗਤ ਕਰ ਕਰ ਨਹੀ ਪੂਜਨ ਕਰਤਾ ਐਸਾ ਪੁਰਖ ਸਵਰਗ, ਰਾਜ, ਮੋਖ, ਤੀਨੋ ਕਾ ਪਾਤ੍ਰ ਨਹੀ॥ ਬ੍ਰਹਮਾ ਜੀ ਜੋ ਸਰਬ ਜਗਤ ਕਾ ਈਸ਼੍ਵਰ ਹੈ। ਤਿਸ ਕੋ ਜੋ ਭਗਤ ਕਰ ਕਰ ਪੂਜਨ ਕਰਤਾ ਹੈ॥ ਸੋ ਸ਼ੀਘਰ ਹੀ ਸਵਰਗ ਰਾਜ ਮੁਕਤਿ ਵਿਖੇ ਪ੍ਰਾਪਤਿ ਹੋਤਾ ਹੈ॥" ਤਾਂਤੇ ਜਿਸ ਕੋ ਆਪਣੀ ਕਲਿਆਣ ਚਾਹੀਏ ਸੋ ਇਸੀ ਕਰਮ ਸੋ ਇਨ ਛਿਓ ਕਾ ਪੂਜਨ ਕਰੇ॥ ਸਰਬੋਤਮ ਪੂਜਾ ਨਾਮੋਚਾਰਣ ਹੀ ਹੈ॥ ਤਾਂਤੇ ਇਨ ਛਿਓ ਕਾ ਇਸੀ ਕਰਮ ਸੋ ਨਾਮ ਉਚਾਰਣ ਕਰੇ॥ ਇਹੀ ਛੇ ਗੁਰੁ ਹੈਂ॥ ਇਨ ਕੇ ਛੇ ਹੀ ਘਰ ਹੈ॥ ਸ਼ਿਵ ਲੋਕ; ਪਾਰਬਤੀ-ਲੋਕ; ਵਿਸਨ-ਲੋਕ; ਲਖਮੀ-ਲੋਕ; ਬ੍ਰਹਮ-ਲੋਕ; ਸਰਸਵਤੀ-ਲੋਕ; ਏਕ ਏਕ ਰੂਪ ਸੋ ਤੀਨੋ ਤੀਨੋ ਦੇਵੀਆਂ ਆਪਣੇ ਆਪਣੇ ਸਵਾਮੀਓ ਪਾਸ ਰਹਤੀਆਂ ਹੈਂ॥ ਅਰ ਏਕ ਏਕ ਰੂਪ ਸੋ ਆਪਣੇ ਆਪਣੇ ਲੋਕੋ ਮੇ; ਅਰ ਇਨ ਛਿਓਂ ਕੇ ਛੇ ਹੀ ਸ਼ਸਤ੍ਰ ਹੈਂ॥ ਯਾ-ਮਲ 1 ਤੰਤ੍ਰ 2 ਆਗਮ 3 ਨਿਗਮ 4 ਇਹੀ ਉਪਦੇਸ, ਵਾਸਤਵ ਗੁਰ-ਘਰ ਤੋ ਏਕ ਹੀ ਹੈ॥ 'ਗੁਰ ਗੁਰ ਏਕੋ ਵੇਸ ਅਨੇਕ'॥ ਜੋ ਐਸੇ ਪਾਠ ਮਾਨੀਏ ਤੋ ਇਹ ਅਰਥ ਕਰਣਾ: ਇਹ ਛੇ ਸਗੁਣ ਰੂਪ ਗੁਰੂ; ਅਰ ਗੁਰੂ ਅਕਾਰ, ਗੁਰੂ ਨਿਰਗੁਣ ਪਰਮਾਤਮਾ ਏਕ ਸ਼ੁਧ ਪਰਮਾਤਮਾ, ਅਰ ਮਹਾਮਾਇਆ ਤਿਸ ਕੀ ਛਾਇਆ; ਦੂਸਰਾ ਕੋਈ ਹੈ ਤੋ ਨਹੀ॥ ਇਸੀ ਸ੍ਰੀ ਗੁਰੁਦੇਵ ਕੇ ਆਸੈ ਕੋ ਲੇ ਕਰ ਗੁਰੂ ਅਰਜਨ ਨੇ ਭੀ ਕਹਾ ਹੈ॥ 'ਆਪਨ ਖੇਲ ਆਪ ਕਰਦੇ-ਥੇ'॥ ਖੇਲ ਸੰਕੋਚੈ ਤੋ ਨਾਨਕ ਏਕੈ"॥

ਇਤਿ ਨਿਰਵਿਵਾਦ ਪ੍ਰਸੰਗ: ਨਨੁ: ਸੋ ਹੋਤੇ ਕੈਸੇ, ਕਰੋ ਨਿਰਵਿਵਾਦ ਪ੍ਰਸੰਗ? ਤੌ ਮਤ ਪਰ ਸ਼ਿਵਵਰਚਨ ਲੇਡਾਰੋ ਕ੍ਰਿਸਨ ਭੁਜੰਗ॥ ਹਰਿਵੰਸ ਸ਼ਿਵ ਬਚਨੰਕਇੰਤੀ॥ ਬ੍ਰਹਮੋ ਨਾਮ ਈਸੋਹ ਸਰਬ ਦੇਹੀਨਾਂ॥ ਆਂਵਤ ਵਾਂਗ ਸਭ ਤੋ ਉਤ ਤੌਜ ਕੇ ਸ੍ਰੁਨਾਮਵਾਨਾ॥

Sri Satguru Jagjit Singh Ji eLibrary NamdhariElibrary@gmail.com

ਹਰਵੰਸ ਮੋਂ ਲਿਖਾ ਹੈ॥ ਮਹਾਦੇਵ ਕਹਤੇ ਹੈਂ; ਸ੍ਰੀ ਕ੍ਰਿਸਨ ਮਹਾਰਾਜ ਕੋ, ਕਲਾਮ ਬ੍ਰਹਮਾ ਜੀ ਕਾ ਹੈ॥ ਅਰ ਈਸਵਰ ਸਰਬ ਦੇਹ ਧਾਰੀਉ ਮੈ ਹੋ ਈਸ੍ਵਰ ਮੇਰਾ ਨਾਮ ਹੈ॥ ਹਮ ਦੋਨੋ ਤੇਰੇ ਅੰਗਤੇ ਉਪਜੇ ਹੈਂ॥ ਤਬੀ ਤੋ ਤੇਰਾ ਨਾਮ ਕੇਸ਼ਵ ਹੈ॥ ਜੋ ਅੰਗ ਤੇ ਉਪਜੇ ਤੋ ਪੁਤ੍ਰ ਹੂਏ॥ ਪਿਤਾ, ਪੁਤ੍ਰ ਭਿੰਨ ਭਿੰਨ ਹੀ ਤੋ ਹੋਤੇ ਹੈਂ॥ ਏਕ ਰੂਪ ਤੋ ਨਹੀ ਹੋਤੇ? ਤੁਮ ਇਨ ਕੋ ਏਕ ਰੂਪ ਕੈਸੇ ਮਾਨਤੇ ਹੋ? ਇਹ ਮਹਾਦੇਵ ਕਾ ਵਚਨ ਤੁਮਾਰੇ ਮਤ ਪਰ ਕ੍ਰਿਸਨ ਸਰਪ ਡਾਰਾ॥ ਉਠਾਵੋ ਤੋ ਸਹੀ ਇਸ ਕੋ, ਕੈਸੇ ਉਠਾਵੋਗੇ? ਮਹਾਦੇਵ ਕੇ ਵਚਨ ਕੋ ਕੈਸੇ ਅੰਨਥਾ ਕਰੋਗੇ। ਸਿਧਾਂਤੀ॥ ਪ੍ਰਸ਼ਨ ਉਠਾਵਤ ਜੋ ਇਹੇ ਮੂਰਖ ਸਮਝੇ ਬਿਨਾ॥ ਲੋਚਨ ਫੋੜੋ ਤੋਹਿ ਕੇਸ਼ਵ ਵਿਆਸ ਪੁਰਾਣ ਗਹ॥ ਪਦਮ ਪੁਰਾਣੇ ਕ੍ਰਿਸ਼ਨ ਬਚਨੰ॥ ਤਬ ਇਛਾ ਭਵਤ ਪੂਰਬ ਸਰਗਇ ਥਿਤ ਅੰਤਕਾਰਣੀ॥ ਵਾਮੀਗਾਦ ਭਵਤਸ ਸੋਹਵਿਸਨੂ ਰਿਤੀ ਸਿਮ੍ਰਤਹ॥ ਪਦਮ ਪੁਰਾਣ ਮੋ ਲਿਖਾ ਹੈ; ਸ੍ਰੀ ਕ੍ਰਿਸਨ ਮਹਾਰਾਜ ਕਹਤੇ ਹੈਂ ਮਾਰਕੰਡੇ ਰਿਖਕੋ॥ ਤਿਸ ਮਹਾਦੇਵ ਕੋ ਪੂਰਬ ਕਾਲ ਵਿਖੇ ਇਛਾ ਉਪਜੀ, ਸੈ ਜਗਤ ਕੋ ਉਪਜਾਵੋ॥ ਇਸਥਿਤਿ ਕਰੋ, ਸੰਹਾਰ ਕਰੋ॥ ਜਬ ਇਹ ਇਛਾ ਉਪਜੀ॥ ਤਬ ਵਿਸ਼ਨ ਨਾਮ ਕਰ ਕਰ ਪ੍ਰਸਿਧ ਜੋ ਮੈਂ ਹੇ, ਸੋ ਮਹਾਦੇਵ ਕੇ ਰਾਮ ਅੰਗਤੇ ਉਪਜਾ॥ ਅਰ ਵਿਧਾਤਾ ਜੋ ਬ੍ਰਹਮਾ ਜੀ ਹੈ, ਤਿਸ ਕੋ ਸਦਾ-ਸ਼ਿਵ ਦੱਖਣਾ ਅੰਗਤੇ ਉਪਜਾਵਤ ਭਏ॥ ਇਸ ਲੇਖੇ ਬ੍ਰਹਮਾ, ਵਿਸਨੁ, ਸ਼ਿਵ, ਮਹਾਦੇਵ ਕੇ ਪੁਤ੍ਰ ਭਏ॥ ਭਵਿਖ ਪੁਰਾਣੇ ਆਵ ਬਚਨੀ:-

ਸ਼੍ਰਿਯ ਤੇ ਯਮ ਜਗਤ ਕ੍ਰਤਸਨਾਪਾਤੀ ਸਹਰ ਤੇ ਤਥਾ॥
ਰੁਦ੍ਰੋ ਯਸ ਯਮਨ ਸੋ ਜਾਤੋ ਵਿਸ਼ਨ ਜਾਤ ਸ਼ਵ ਖਿਸਾ॥
ਮੁਖੇ ਤਿਸ ਚਤੁਰੋ ਵੇਦਾਵੇ ਦਾਗਾ ਨਿਕ੍ਰਿਸਨਸਾ॥
ਸਰਬੇ ਬ੍ਰਹਮ ਮਯੋਲੋ ਕਾ ਸਰਬ ਬ੍ਰਹਮਣੀ ਸੇ ਇਸ ਥਤਾ।
ਤਸਮਾਤਸਮਰਚਯੇਤ ਬ੍ਰਹਮ ਯ ਇਛੇਤ ਮਾਨਤਾ॥

ਭਵਿਖ ਪੁਰਾਣ ਮੋਂ ਲਿਖਾ ਹੈ ਵਯਾਸ ਜੀ ਕਹਤੇ ਹੈਂ, ਮੁਨੀਸਵਰ ਕੋ॥ "ਇਹ ਜੋ ਬ੍ਰਹਮਾ ਜੀ ਹੈ, ਜੋ ਸੰਪੂਰਣ ਜਗਤ ਕੋ ਸ੍ਰਿਜਤਾ ਹੈ, ਪਾਲਨ ਕਰਤਾ ਹੈ, ਸੰਹਾਰ ਕਰਤਾ ਹੈ॥ ਰੁਦ੍ਰ, ਬਹਮਾ ਜੀ ਕੇ ਮਨ ਤੇ ਉਪਜਾ ਹੈ॥ ਅਰ ਵਿਸ਼ਨ, ਬ੍ਰਹਮਾ ਜੀ ਕੀ ਛਾਤੀ ਸੋ ਉਪਜਾ ਹੈ॥ ਚਾਰੋ ਵੇਦ ਅਰ ਸੰਪੂਰਨ ਵੇਦੋ ਕੇ ਅੰਗ ਜੋ ਹੈ, ਵਿਆਕਰਣ ਤੇ ਲੇਕਰ ਅਸ਼ਟ, ਇਹ ਬ੍ਰਹਮਾ ਜੀ ਕੇ ਮੁਖ ਤੇ ਉਪਜੇ ਹੈਂ॥ ਸਰਬ ਲੋਕ ਬ੍ਰਹਮ ਸ੍ਵਰੂਪ ਹੀ ਹੈ॥ ਅਰ ਸਭੀ ਬ੍ਰਹਮ ਵਿਖੇ ਇਸਥਿਤ ਹੈਂ॥ ਤਿਸਕਾਰਣ ਤੇ ਜੋ ਆਪਣੀ ਕਲਿਆਣ ਚਾਹੇ ਸੋ, ਬ੍ਰਹਮਾ ਜੀ ਕਾ ਪੂਜਨ ਕਰੇ॥" ਇਸ ਲੇਖੇ ਵਿਸ਼ਨ, ਸ਼ਿਵ ਬ੍ਰਹਮਾ ਜੀ ਕੇ ਪੁਤ੍ਰ ਹੂਏ॥ ਉਸਕਾ ਪਿਤਾ ਓਹੁ ਅਰ ਉਸ ਕਾ ਪਿਤਾ ਓਹੁ॥ ਇਹ ਬਾਰਤਾ ਤੋ ਕਬੀ ਹੀ ਨਹੀ ਬਣਤੀ॥ ਅਰ ਬਣੀ ਬਣਾਈ ਤੋ ਹੈ॥ ਬ੍ਰਿਖ ਕਾ ਪਿਤਾ ਬੀਜ ਬੀਜ ਕਾ ਪਿਤਾ ਬ੍ਰਿਖ॥ ਬ੍ਰਿਖ ਬੀਜ ਭ੍ਰਾਂਤਿ ਕਰ ਕਰ ਭਿੰਨ ਭਿੰਨ ਪਰਤੀਤ ਤੋ ਹੋਤੇ ਹੈਂ, ਵਾਸਤਵ ਬ੍ਰਿਖ-ਬੀਜ ਏਕ ਰੂਪ ਹੈ॥ ਤਬੀ ਤੋ ਇਨ ਕੋ ਪਰਸਪਰ ਪਿਤਾ-ਪੁਤ੍ਰ ਭਾਵ ਹੈ ਜੋ ਭਿੰਨ ਭਿੰਨ ਹੋਤੇ ਤੋ ਪਰਸਪਰ ਪਿਤਾ ਪੁਤ੍ਰ ਭਾਵ ਨ ਹੋਤਾ॥ ਤੈਸੇ ਹੀ ਬ੍ਰਹਮਾ, ਵਿਸ਼ਨ, ਸ਼ਿਵ ਤੀਨੋ ਏਕ ਰੂਪ ਹੈ॥ ਭ੍ਰਾਂਤਿ ਦਰਸ਼ੀ ਕੋ ਭਿੰਨ ਭਿੰਨ ਦ੍ਰਿਸਟ ਆਵਤੇ ਹੈ॥ ਜੈਸੇ ਦੇਖਣੇ ਮੋ ਨੇਤ੍ਰੋ ਕੀ ਹੀ ਮਹਮਾ ਹੈ॥ ਸੁਣਨੇ ਕੋ ਕਾਨੋ ਕੀ, ਸੂਘਨੇ ਮੋਂ ਨਾਸੋ ਕੀ, ਰਸ ਲੇਣੇ ਮੋ ਰਸਨਾ ਕੀ, ਚਲਣੇ ਮੋਂ ਪਗੋ ਕੀ,

Sri Satguru Jagjit Singh Ji eLibrary NamdhariElibrary@gmail.com

ਕਰਣੇ ਮੋ ਹਾਥੋ ਕੀ॥ ਸਰਬ ਅੰਗ ਕੀ ਮਹਮਾ ਆਪਣੀ ਆਪਣੀ ਬਣੀ ਹੀ ਤੋ ਹੈ॥ ਏਕ ਅੰਗ ਕੀ ਮਹਮਾ ਕਰਣੇ ਤੇ ਦੂਸਰੇ ਅੰਗ ਕੀ ਮਹਮਾ ਕਾ ਅਭਾਵ ਤੋ ਨਹੀ ਹੋ ਜਾਤ॥ ਵਾਸਤਵ ਏਕ ਸਰੀਰ ਹੈ॥ ਤੈਸੇ ਹੀ ਇਨ ਕੇ ਆਪਣੀ ਏਕ ਤੇ ਏਕ ਬਣੀ ਹੀ ਹੈ॥ ਏਕ ਹੀ ਮਹਮਾ ਕਰਣੈ ਤੇ ਦੂਸਰੇ ਕੀ ਮਹਮਾ ਕਾ ਅਭਾਵ ਤੋ ਨਹੀਂ ਹੋ ਜਾਤਾ॥ ਵਾਸਤਵ ਦਰਸੀ ਕੋ ਏਕ ਪਰਮਾਤਮਾ ਦੂਸਰਾ ਕੋਈ ਭੀ ਤੋ ਨਹੀ॥ ਕਬੀ ਸ੍ਰਿਸਟ ਕੀ ਆਦਿ ਵਿਸ਼ਨ ਹੀ ਹੋਤੇ ਹੈਂ; ਸਿਵ, ਬ੍ਰਹਮਾ, ਵਿਸ਼ਨੁ ਜੀ ਤੇ ਹੀ ਪ੍ਰਾਦੁਰ ਭਾਵ ਹੋਤੇ ਹੈ॥ ਕਬੀ ਮਹਾਦੇਵ ਹੀ ਸ੍ਰਿਸਟ ਕੀ ਆਦਿ ਹੋਤੇ ਹੈ॥ ਬ੍ਰਹਮਾ, ਵਿਸ਼ਨੂ, ਮਹਾਦੇਵ ਤੇ ਹੀ ਉਪਜਤੇ ਹੈਂ॥ ਕਬੀ ਬ੍ਰਹਮਾ ਜੀ ਹੀ ਸ੍ਰਿਸਟ ਆਦਿ ਹੋਤੇ ਹੈਂ॥ ਸ਼ਿਵ, ਵਿਸ਼ਨੂ, ਬ੍ਰਹਮਾ ਜੀ ਤੇ ਉਪਜਤੇ ਹੈਂ॥ ਵਾਸਤਵ ਏਕ ਪ੍ਰਮਾਤਮਾ ਹੈ॥ ਤੇਨੇ ਤੇ ਹਮਾਰੇ ਮਤ ਪਰ ਕ੍ਰਿਸ਼ਨ-ਸਰਪ ਭਾਗਬਾ॥ ਹਮ ਨੇ ਤੇਰੇ ਮਤ ਪਰ ਗਰੜ ਡਾਰਾ॥ ਤੇਰੇ ਕ੍ਰਿਸ਼ਨ-ਸਰਪ ਕੋ ਖਾਇ ਗਏ॥ ਅਬ ਔਰ ਦ੍ਰਿਸ਼ਟਾਂਤ ਕਹ ਕਰ ਵਾਦੀ ਕੇ ਨੇਤ੍ਰ ਫੋੜਤੇ ਹੈ।

ਸੂਰਦਾਸ ਮਿਲ ਕਰ ਗਏ ਥੇ ਹਾਥੀ ਦੇਖਣੇ ਕੋ॥ ਏਕ ਨੇ ਸੁੰਡ ਦੇਖਾ, ਏਕ ਨੇ ਟਗੜੀ ਦੇਖੀ, ਏਕ ਨੇ ਵੱਖੀ ਦੇਖੀ, ਏਕ ਨੇ ਪੂਛ ਦੇਖੀ। ਜਬ ਦੇਖ ਕਰ ਆਏ॥ ਤਬ ਕਿਸੀ ਨੇਤ੍ਰਵਾਨ ਨੇ ਪੂਛਾ, ਕਹੋ ਸੂਰਦਾਸ ਜੀ! ਤੁਮ ਜੋ ਹਾਥੀ ਦੇਖਣੇ ਗਏ ਥੇ॥ ਹਾਥੀ ਕੈਸਾ ਦੇਖਾ॥ ਜਿਸ ਨੇ ਸੁੰਡ ਦੇਖਾ ਥਾ, ਤਿਸ ਨੇ ਕਹਾ, ਕਿ ਹਾਥੀ ਤੋ ਐਸਾ ਹੈ॥ ਜੈਸੇ ਬਡੀ ਲੰਬੀ ਗੁਥਲੀ ਹੋਤੀ ਹੈ॥ ਜਿਸ ਨੇ ਟਗੜੀ ਦੇਖੀ ਤਿਸ ਨੇ ਕਹਾ ਇਹ ਝੂਠ ਕਹਤਾ ਹੈ॥ ਹਾਥੀ ਤੋ ਐਸਾ ਹੈ ਜੈਸਾ ਬਡਾ ਲਕੜਾ ਹੋਤਾ ਹੈ॥ ਜਿਸ ਨੇ ਵਖੀ ਦੇਖੀ ਥੀ ਤਿਸ ਨੇ ਕਹਾ, ਇਹ ਦੋਨੋ ਝੂਠ ਕਹਤੇ ਹੈ॥ ਹਾਥੀ ਤੋ ਐਸਾ ਹੈ ਜੈਸਾ ਪਹਾੜ ਹੋਤਾ ਹੈ॥ ਜਿਸ ਨੇ ਪੂਛ ਦੇਖੀ ਥੀ ਤਿਸ ਨੇ ਕਹਾ ਇਹ ਤੀਨੋ ਝੂਠ ਕਹਤੇ ਹੈ॥ ਹਾਥੀ ਤੋ ਐਸਾ ਹੈ॥ ਜੈਸੇ ਸੋਟਾ ਹੋਤਾ ਹੈ॥ ਚਾਰੋਂ ਨੇ ਸੱਤ ਹੀ ਤੋ ਕਹਾ॥ ਅਰ ਵਾਸਤਵ ਹਾਥੀ ਕੇ ਸ੍ਵਰੂਪ ਕਾ ਗਯਾਨ ਚਾਰੋ ਕੋ ਨਹੀ ਹੂਆ॥ ਯਾਤੇ ਚਾਰੇ ਸੂਰਦਾਸ ਹੈ॥ ਤੇਸ ਹੀ ਜਿਨੋ ਨੇ ਏਕ ਏਕ ਦੇਵਤਾ ਕੀ ਮਹਮਾ ਸ੍ਰਵਣ ਕਰੀ॥ ਤਿਨੋ ਨੇ ਏਕ ਏਕ ਕੋ ਹੀ ਪਰਮਤੱਤ ਮਾਨਾ; ਸੂਰਦਾਸੋ ਕੇ ਹਾਥੀ ਕੀ ਨਿਆਈ॥ ਵਾਸਤਵ ਪਰਮੇਸ੍ਵਰ ਕੇ ਸ੍ਵਰੂਪ ਕਾ ਗਯਾਨ ਕਿਸੀ ਕੋ ਨਹੀ ਹੂਆ॥ ਯਾਤੇ ਸਰਬ ਜਗਤ ਹੀ ਸੂਰਦਾਸ ਹੈ॥ ਤੂੰ ਏਕ ਦਰਸ਼ੀ ਪ੍ਰਸਨ ਕਰਨੇ ਵਾਲੇ ਸੂਰਦਾਸ ਹੀ ਹੈ॥ ਅਬ ਨੇਤ੍ਰ ਵਾਨੋ ਕੇ ਬਚਨ ਸ੍ਰਵਣ ਕਰ॥ ਹਰਿਵੰਸ਼ ਮਾਰਕੰਡੇ ਬਚਨ;

ਯੇ ਬਿਨੁ ਸਤੁ ਵੇਰੁੱਦੋ ਦ੍ਰ ਯੋਰੁੱਦ੍ਰ ਸਪਿਤਾਮ ਹ: ਏਕਮੂਰਤਿ ਸਤ੍ਰਯੋ ਦੇਵਾ ਬਿਸ਼ਨੁ ਰੁੰਦ੍ਰ ਪਿਤਾਮਹਾ ਬਰਦਾ ਲੋਕ ਕਰਤਾਰੋ ਲੋਕ ਨਾਥਾ ਸੁਯੰਭਵ॥ ਅਰਥ ਨਾਰੀ ਸੁਰਾਸ੍ਵਤੰਤੀ ਬ੍ਰਹਮਾਇ ਸਥਿਤਾ॥

ਹਰਿਵੰਸ਼ ਮੋਂ ਲਿਖਾ ਹੈ॥ ਬ੍ਰਹਮਾ ਜੀ ਨੇ ਪਰੀਖਿਆ ਨਿਮਤਿ ਮਾਰਕੰਡੇ ਰਿਖਿ ਕੋ ਪੂਛਾ ਥਾ॥ ਤਿਸ ਕਾ ਉਤਰ ਮਾਰਕੰਡੇ ਜੀ ਕਹਤੇ ਹੈਂ॥ "ਜੋ ਵਿਸ਼ਨੁ ਹੈ ਸੋਈ ਰੁਦ੍ਰ ਹੈ, ਸੋਈ ਬ੍ਰਹਮਾ ਹੈ, ਏਕ ਰੂਪ ਤੀਨੋਂ ਦੇਵਤਾ॥ ਵਿਸਨ, ਰੁਦ੍ਰ, ਬ੍ਰਹਮਾ॥ ਇਹ ਤੀਨੋ ਕੈਸੇ ਹੈਂ? ਵਰ ਕੇ ਦਾਤਾ ਹੈਂ, ਲੋਕ ਕੇ ਕਰਤਾ ਹੈਂ, ਆਪਣੇ ਆਪਤੇ ਆਪ ਹੀ ਹੈਂ॥ ਕਿਸੀ ਕੇ ਕੀਏ ਹੂਏ ਨਹੀ॥ ਫੇਰ ਇਹੁ ਤੀਨੋ ਕੈਸੇ ਹੈ? ਅਰਧ ਸ਼ਰੀਰ ਇਨ ਕਾ ਨਾਰੀ ਹੈ॥ ਅਰ ਅਰਧ ਸਰੀਰ ਪੁਰਖੁ ਹੈ॥ ਪਾਰਬਤੀ ਮਹਾਦੇਵ ਕਾ ਅਰਧ ਸਰੀਰ ਹੈ॥ ਲਖਮੀ ਵਿਸ਼ਨੁ ਜੀ ਕਾ ਅਰਧ ਸਰੀਰ ਹੈ॥ ਸਰਸ੍ਵਤੀ, ਬ੍ਰਹਮਾ ਜੀ ਕਾ ਅਰਧ ਸਰੀਰ ਹੈ॥ ਫੇਰ ਇਹ ਤੀਨੋ ਕੈਸੇ ਹੈ? ਤੀਬ੍ਰ ਬ੍ਰਤ ਕੋ ਧਾਰ

Sri Satguru Jagjit Singh Ji eLibrary NamdhariElibrary@gmail.com

ਕਰ ਇਸਥਿਤ ਹੁਏ ਹੈ। ਤੀਖ੍ਹ ਬ੍ਰਤ ਨਾਮ ਹੈ ਦ੍ਰਿੜ ਪ੍ਰਤੱਗਯਾ ਕਰੀ ਥੀ॥ ਜੋ ਜੈਸਾ ਕਰਮ ਕਰੇ, ਤਿਸ ਕੋ ਤੈਸਾ ਹੀ ਫਲ ਦੇਣਾ॥ ਤਿਸੀ ਕੋ ਪਾਲਨ ਕਰਤੇ ਹੈ॥ ਜੈਸਾ ਜਿਸ ਕਾ ਕਰਮ ਹੋਤਾ ਹੈ॥ ਤਿਸੀ ਕੇ ਅਨਸਾਰ ਬ੍ਰਹਮਾ ਜੀ ਤਿਸ ਕੋ ਜਨਮ ਦੇਤੇ ਹੈ। ਤਿਸੀ ਕੇ ਅਨੁਸਾਰ ਵਿਸ਼ਨੁ ਜੀ ਪਾਲਨਾ ਕਰਤੇ ਹੈ॥ ਤਿਸੀ ਕੇ ਅਨੁਸਾਰ ਰੁਦ੍ਰ ਸੰਹਾਰ ਕਰਤੇ ਹੈ॥ ਸੋ ਪ੍ਰਤੱਖ ਹੀ ਦ੍ਰਿਸ਼ਟ ਆਵਤਾ ਹੈ॥ ਏਕ ਕਾ ਜਨਮ ਹੁਆ ਬ੍ਰਹਮਣ ਕੇ ਘਰ॥ ਏਕ ਕਾ ਚੰਡਾਲ ਕੇ, ਏਕ ਕੇ ਪੀਛੇ ਅਨੇਕ ਲੋਕ ਖਾਤੇ ਹੈ॥ ਏਕ ਕੋ ਆਪ ਭੀ ਨਹੀ ਪੇਟ ਪਰ ਮਿਲਤਾ। ਏਕ ਚਲਤਾ ਫਿਰਦਾ ਹੀ ਮਰ ਜਾਤਾ ਹੈ॥ ਏਕ ਬਹੁਤ ਚਿਰ ਦੁਖ ਪਾਇ ਕਰ ਮਰਤਾ ਹੈ॥ ਏਹੁ ਸਭ ਆਪਣੇ ਆਪਣੇ ਕਰਮ ਕਾ ਹੀ ਤੇ ਫਲ ਹੈ॥ ਕਰਮ ਫਲਦਾਤਾ ਈਸ੍ਵਰ॥

ਅਬ ਔਰ ਭੀ ਨੇੜ੍ਹ ਵਾਨੋਂ ਕੇ ਵਚਨ ਸ੍ਰਵਣ ਕਰ॥ ਗੁਰ ਘਰ ਏਕੋ ਵੇਸ ਅਨੇਕ। 'ਆਪੇ ਹੀ ਸਿਧ, ਸਾਧਕੋ ਆਪੇ ਹੀ ਜੋਗ ਜੋਗੀਆ। ਆਤਮਾ ਰਾਮ ਸੰਸਾਰ॥ ਬ੍ਰਹਮ ਦੀਸੇ ਬ੍ਰਹਮ ਸੁਣੀਐ ਏਕ ਏਕ ਵਖਾਣੀਐ॥ ਇਹੁ ਵਿਸ ਸੰਸਾਰ ਜੋ ਤੁਮ ਦੇਖਤੇ ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆਇਆ॥ ਇਹ ਨੇੜ੍ਹ ਵਾਨੋਂ ਕੇ ਵਚਨ ਹੈ॥ ਜਿਨੋ ਨੇ 'ਏਕ' ਪਛਾਣਾ ਹੈ, ਸੋਈ ਨੇੜ੍ਹਵਾਨ ਹੈ। ਔਰ ਜਗਤ ਸੂਰਦਾਸ ਹੀ ਹੈ।

ਇਤਿ ਨਿਰ ਵਿਵਾਦ ਪ੍ਰਸੰਗ:

ਇਸ਼ਨਾਨ ਆਦਿ ਕਰਮ ਗੁਰੂ ਜੀ ਨੇ ਮਨ੍ਹਾਂ ਨਹੀਂ ਕੀਤੇ ਹਨ, 'ਗੁਰਮੁਖਿ ਨਾਮੁ ਦਾਨੁ ਇਸਨਾਨੁ' ਆਪ ਆਖਿਆ ਹੈ। ਕੇਵਲ ਸਰੀਰਕ ਇਸ਼ਨਾਨ ਮਾਤ੍ਰ ਈਸ਼੍ਵਰ ਪ੍ਰੇਮ ਨੂੰ ਖਿੱਚ ਲੈਦਾ ਹੈ, ਇਹ ਭਰਮ ਕੱਟਿਆ ਹੈ, ਪਰ ਪਵਿਤ੍ਰ ਅਸਥਾਨਾਂ ਤੇ ਜਾਣਾ, ਨ੍ਹਾਉਣਾ, ਏਕਾਂਤ ਦਾ ਸੁਖ ਪਾਕੇ ਭਜਨ ਕਰਨਾ ਆਦਿ ਮਨ੍ਹੇ ਨਹੀਂ ਕੀਤੇ। ਨੇਕੀ ਕਰਨੀ, ਪਾਪ-ਕਰਮ ਨਾ ਕਰਨੇ, ਦਾਨ ਦੇਣਾ, ਸਦਾਚਾਰੀ ਜੀਵਨ ਬਸਰ ਕਰਨਾ, ਨਾਮ-ਮਾਰਗ ਦੇ ਸਹਾਇਕ ਹਨ; ਇ੍ਹਨਾਂ ਦਾ ਤਿਆਗ ਨਹੀਂ ਦਸ ਰਹੇ। ਨਾਮ ਦੀ, ਵਾਹਿਗੁਰੂ ਸਿਮਰਣ ਦੀ ਵਿਸ਼ੇਸ਼ਤਾ ਦੱਸ ਰਹੇ ਹਨ। ਸਦਾਚਾਰ ਸ਼ੁਭ ਕਰਮ ਪਥ ਪ੍ਰੇਰਕ ਹਨ, ਦਾਰੂ 'ਨਾਮ' ਹੈ; ਦੱਸ ਇਹ ਰਹੇ ਹਨ ਕਿ:

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਗਾ ਸਚ ਬਿਨਾ॥

ਨਿਰੁਕਤ- ਤੀਰਥਿ (ਸੰਸ: ਤੀਰਥ, ਧਾਤੂ-ਤ੍ਰੀ=ਤਰ ਜਾਣਾ) ਦਰਾਯਾਵਾਂ ਯਾ ਹੋਰ ਪਾਣੀਆਂ ਦੇ ਕਿਨਾਰੇ ਮੰਨੇ ਪਵਿਤ੍ਰ ਥਾਉਂ ਜਿੱਥੇ ਨ੍ਹਾਉਣ ਮਾਤ੍ਰ ਨਾਲ ਪਾਪ ਮਿਟਦੇ ਖਿਆਲ ਕੀਤੇ ਜਾਂਦੇ ਹਨ। ਤਰ ਜਾਣ ਤੋਂ ਮੁਰਾਦ ਸੰਸਾਰ ਤਰ ਜਾਣਾ ਬੀ ਹੈ। ਇਸ ਤੋਂ ਛੁਟ ਇਸ ਪਦ ਦੇ ਹੋਰ 18 ਅਰਥ ਹਨ।

ਭਾਵਾ-ਭਾ ਜਾਵਾਂ, ਪਿਆਰਾ ਲਗ ਜਾਵਾਂ। ਵਿਣੁ ਭਾਣੇ- ਵਾਹਿਗੁਰੂ ਨੂੰ ਭਾਏ ਬਿਨਾ-ਭਾਵ ਹੈ (ਉਸ ਪ੍ਰਭੂ ਨੂੰ) ਭਾਏ ਜਾਣ ਤੋਂ ਬਿਨਾ। ਰਤਨ- (ਸੰਸ- ਰਤਨ) ਬਹੁਮੁੱਲੇ ਕਈ ਰੰਗ ਦੇ ਪੱਥਰ ਤੋਂ ਉਚੇਰੇ ਕੀਮਤੀ ਪਦਾਰਥ। ਜੋ ਵਿਸ਼ੇਸ਼ ਕਰਕੇ ਨੌ ਗਿਣੇ ਜਾਂਦੇ ਹਨ। ਕਈ ਵੇਰ ਗਿਣਤੀ 'ਚਾਰ' ਤੇ 14 ਬੀ ਦੱਸੀ ਜਾਂਦੀ ਹੈ।

2. ਰਤਨ ਤੋਂ ਮੁਰਾਦ ਕਿਸੇ ਬੀ ਵਿਸ਼ੇਸ਼ ਉੱਤਮ ਵਸਤੂ ਦੀ ਲਈ ਜਾਂਦੀ ਹੈ। ਜਿਵੇਂ ਸਮੁੰਦਰ ਵਿਚੋਂ ਨਿਕਲੇ 14 ਰਤਨ।

Sri Satguru Jagjit Singh Ji eLibrary NamdhariElibrary@gmail.com

3. ਕਿਸੇ ਸਾਰ ਵਸਤੂ ਨੂੰ ਬੀ ਕਹਿ ਲੈਂਦੇ ਹਨ ਜਿਵੇਂ ਮੱਖਣ ਨੂੰ ਰਤਨ ਕਹਿ ਲੈਂਦੇ ਹਨ।

ਜਵਾਹਰ (ਅਰਬੀ, ਜੋਹਰ ਦਾ ਬਹੁਵਚਨ ਜਵਾਹਰਿ, ਪਰ ਜੋ ਅਕਸਰ ਵਰਤੀਂਦਾ ਇਕ ਵਚਨ ਵਾਂਗ ਹੈ, ਤੇ ਇਸ ਦਾ ਬਹੁਵਚਨ ਜਵਾਹਰਾਤ ਬਣਾਉਂਦੇ ਹਨ) ਕੀਮਤੀ ਪੱਥਰ।

ਧਿਆਲ ਹੈ ਕਿ ਹਿੰਦ ਦੇ ਜੋਹਰੀ, ਜਵਾਹਰਾਤ ਵਿਚ ਨੌ ਰਤਨ ਤੇ 84 ਸੰਰ ਸ਼ਾਮਲ ਸਮਝਦੇ ਹਨ। ਕਵੀ ਸੰਤੋਖ ਸਿੰਘ ਜੀ ਦੱਸਦੇ ਹਨ ਕਿ ਇਨ੍ਹਾਂ ਤਿੰਨਾਂ ਤੋਂ ਮੁਰਾਦ ਏਥੇ ਸਤਿ, ਚਿਤ, ਆਨੰਦ ਪਰਮਾਤਮ ਦੇਵ ਦੀ ਹੈ। 'ਬੁੱਧੀ' ਨਿਸਚੇ ਕਰਨਵਾਲਾ ਅੰਤਹਕਰਣ ਹੈ। ਤਿਸ ਬੁੱਧੀ ਵਿਚ ਸਤਿ-ਚਿਤ-ਆਨੰਦ ਬ੍ਰਹਮ ਦਾ ਪ੍ਰਤਿਬਿੰਬ ਪਿਆ ਜੋ ਜੀਵਾਤਮਾ ਹੈ। ਬੁੱਧੀ ਜੇ ਗੁਰੂ ਦੀ ਸਿਖਯਾ ਸੁਣੇ ਤੇ ਨਾਮ ਅਭਿਆਸ ਕਰੇ ਤਾਂ ਜੀਵਾਤਮਾ ਨੂੰ ਪਰਮਾਤਮਾ ਨਾਲ ਅਭੇਦ ਲਖ ਲਵੇ ਜੋ ਸਤਿ-ਚਿਤ-ਆਨੰਦ ਸਰੂਪ ਹੈ।

ਮਾਣਿਕ- (ਸੰਸ:, ਮਾਣਿਕਯ) ਲਾਲ ਰੰਗ ਜਾਂ ਪੱਥਰ-ਵਿਸ਼ੇਸ਼ ਜਿਸ ਨੂੰ ਲਾਲ ਯਾ ਲਾਅਲ ਆਖਦੇ ਹਨ। ਐਉਂ ਬੀ ਅਰਥ ਲਾਉਣ ਦਾ ਜਤਨ ਹੁੰਦਾ ਹੈ:-

ਰਤਨ-ਰਤ+ਨ=ਪ੍ਰੀਤ ਨਹੀ ਭਾਵ ਵੈਰਾਗ।

ਜਵਾਹਰ-ਜਵਾ=ਜਨਮ ਮਰਨ+ਹਰ= ਜੋ ਹਰੇ। ਜੋ ਜਨਮ ਮਰਨ ਦੂਰ ਕਰੇ ਸੋ ਵਿਵੇਕ।

ਮਾਣਿਕ-ਮਾਨ+ਕ=ਜੋ ਮਾਨ ਦੂਰ ਕਰੇ, ਨੰਮ੍ਰਤਾ।

'ਰਤਨ ਜਵਾਹਰ ਮਾਣਿਕ' ਤੋਂ ਕੀਹ ਮੁਰਾਦ ਹੈ?

ਉੱਤਰ: "ਨਾਮ-ਰਤਨੁ ਜਵੇਹਰੁ ਲਾਲੁ ਹਰਿਨਾਮਾ ਗੁਰ ਕਾਢਿ ਤਲੀ ਦਿਖਲਾਇਆ॥
ਹਰੀ ਕੀਰਤਨ-ਮੋਤੀ ਮਾਨਕ ਹੀਰਾ ਹਰਿਜਸੁ ਗਾਵਤ ਮਨੁ ਤਨੁ ਭੀਨਾ ਹੇ॥"

ਹੋ ਸਕਦਾ ਹੈ ਕਿ ਸਤਿਗੁਰੂ ਜੀ ਦੀ ਸੈਨਤ ਪਿੱਛੇ ਆ ਚੁੱਕੇ ਕੀਮਤੀ ਉਪਦੇਸ਼ ਵੱਲ ਹੋਵੇ।

ਜੈਸੇ ਕਿ- 'ਹੁਕਮ ਨਾਮ, ਗੁਣ, ਗਾਯਨ' ਆਏ ਹਨ: ਤੇ ਅਗੇ ਆਉਣ ਵਾਲੇ ਰਤਨਾਂ ਵਲ ਬੀ ਹੋਵੇ; ਜੈਸੇ : 'ਸੁਣੀਐ, ਮੰਨੀਐ, ਸਹਜ ਧਿਆਨੁ'। 'ਜੋ ਤੁਧੁ ਭਾਵੈ ਸਾਈ ਭਲੀ ਕਾਰ।' 'ਅੰਤਰਗਤਿ ਤੀਰਥਿ ਮਲਿ ਨਾਉ' ॥ ਆਦਿ॥

(ਅ) ਦੂਜੀ ਤੁਕ ਦੇ ਗੁਣੀਜਨਾਂ ਨੇ ਹੋਰ ਜ਼ੋਰ ਬੀ ਅਰਥ ਕਰਨ ਤੇ ਲਾਏ ਹਨ:

1. ਜੇਤੀ ਸਿਰਠਿ ਉਪਾਈ ਹੋਈ ਦਿੱਸ ਰਹੀ ਹੈ, ਉਸ ਵਿਚ (ਜੋ ਦਾਤ ਦਾਤੇ ਦੀ) ਮਿਲ ਰਹੀ ਹੈ ਅਸੀਂ ਲੈ ਰਹੇ ਹਾਂ, ਉਹ ਬਿਨਾਂ ਕਰਮਾਂ ਦੇ ਹੀ ਮਿਲ ਰਹੀ ਹੈ ਤੇ ਅਸੀਂ ਲੈ ਰਹੇ ਹਾਂ; ਜੈਸੇ ਸੂਰ, ਚੰਦ, ਤਾਰੇ, ਵਾਯੂ, ਜਲ, ਧਰਤੀ ਆਦਿ ਦਾਤਾਂ ਹਨ।

2. ਸ਼ੁਭ-ਕਰਮਾਂ ਬਿਨਾ ਕੁਛ ਨਹੀਂ ਮਿਲਦਾ, ਜਦ ਸ਼ੁਭ-ਕਰਮ ਕਰਦੇ ਕਰਦੇ ਨਿਸ਼ਕਾਮ ਕਰਮ ਤੇ ਅੱਪੜੋਗੇ ਤਾਂ ਗੁਰੂ ਮਿਲੇਗਾ, ਉਸ ਦੀ ਸਿਖਯਾ ਨਾਮ ਨਾਲ ਮਤ ਵਿਚ ਰਤਨ ਪਦਾਰਥ ਦਿੱਸ ਪੈਣਗੇ। ਪਰ ਇਹ ਭਾਵ ਮੂਲ ਤੁਕ ਵਿਚ ਨਹੀਂ, ਖਿੱਚ ਲਾਕੇ ਲਾਉਣਾ ਪੈਂਦਾ ਹੈ।

3. ਐਉਂ ਬੀ ਕਰਦੇ ਹਨ ਕਿ ਜੀਵਾਂ ਨੂੰ ਕੁਛ ਨਹੀਂ ਲੱਭਦਾ ਜਦ ਤਕ ਕਿ ਕ੍ਰਿਯਾ ਨਾ ਕਰਨ; ਅਰਥਾਤ ਕਰਮ ਦਾ ਅਰਥ ਪ੍ਰਯਤਨ, ਮਿਹਨਤ, ਹੀਲਾ, ਹਿੰਮਤ ਕਰ ਲੈਂਦੇ ਹਨ।

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥
ਜੇ ਤਿਸ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥

Sri Satguru Jagjit Singh Ji eLibrary NamdhariElibrary@gmail.com

ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣ ਦੇ ॥
ਤੇਹਾ ਕੋਇ ਨ ਸੁਝਾਈ ਜਿ ਤਿਸੁ ਗੁਣ ਕੋਇ ਕਰੇ ॥੭॥

ਨੰ. 1. ਬਾਵਾ ਮਿਹਰਬਾਨ ਜੀ "ਮੀਣਾ"

ਤਬ ਸ੍ਰੀ ਗੋਰਖ ਨਾਥ, ਈਸ਼ਰ ਨਾਥ, ਪਾਰਬਤੀ ਕਹਿਆ ਜਿ, "ਜੇ ਤੂ ਕਹਿਹ, ਤਾ ਚਾਰੇ ਜੁਗ ਆਰਜਾ ਤੁਮ ਕਉ ਦੇਹਿ, ਜੇ ਤੁਮ ਕਉ ਚਾਹੀਐ। ਅਰੁ ਨਵਾਂ ਖੰਡਾਂ ਮਹਿ ਪਾਤਿਸਾਹੀ ਤੇਰੀ ਹੀ ਹੋਇ॥" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜੀ। ਤਿਸੁ ਕਾ ਪਰਮਾਰਥੁ:-

ਤਬ ਗੁਰੂ ਬਾਰੇ ਨਾਨਕ ਜੀ ਕਹਿਆ "ਜਿ, ਏ ਸ੍ਰੀ ਗੋਰਖ ਨਾਥ ਜੀ। ਜੇ ਚਾਰੇ ਜੁਗ ਆਰਜਾ ਹੋਇ, ਅਤੇ ਜੇ ਏਹੇ ਜੇਹੇ ਹੋਰ ਦਸੂਣੇ ਜੁਗ ਹੋਵਨਿ, ਅਰ ਨਵਾ ਖੰਡਾਂ ਦੀ ਪਾਤਿਸਾਹੀ ਹੋਈ, ਅਰੁ ਜਿਤਨੀ ਪੈਦਾਇਸਿ ਹੋਇ, ਸਿ ਸਭ ਏਸ ਦੇ ਪਿਛੇ ਲਗੀ ਫਿਰੇ॥ ਅਰੁ ਨਾਉ ਵਡਾ ਹੋਇ, ਪ੍ਰਿਥਵੀ ਸਾਰੀ ਵਿਚ ਪਾਤਸਾਹੁ, ਖਾਨੁ, ਉਮਰਉ ਕਰਿ ਸਦੀਐ, ਅਰੁ ਸਭਨਾ ਲੋਆਂ ਵਿਚਿ ਏਸ ਦਾ ਜਸੁ ਕੀਰਤਿ ਹੋਇ ਅਤੇ ਏਸ ਨੂੰ ਪਰਮੇਸੁਰ ਵਿਸਰਿ ਜਾਇ ਤਾਂ ਕਿਸੇ ਕੁੰਭੀ-ਨਰਕ ਕਾ ਕੀੜਾ ਚਾਇ ਕਰੇ, ਤਾਂ ਓਹ ਆਰਜਾ ਪਾਤਿਸਾਹੀ ਮੇਰੇ ਕਿਤੁ ਕੰਮਿ? ਰਾਜ ਤੇ ਨਰਕੁ ਅਵਸਿ ਹੋਦਾ ਹੈ। ਪਰਮੇਸੁਰ ਵਿਸਰਿਐ ਜਿਤਨੇ ਦੋਸ ਹੈਨਿ, ਏਤਨੇ ਇਸ ਦੇ ਸਿਰਿ ਆਇ ਰਹਹਿ, ਜੇ ਏਸ ਨੋ ਪਰਮੇਸੁਰੁ ਵਿਸਰਿ ਜਾਇ।

ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣ ਦੇ॥ ਤਿਸੁ ਕਾ ਪਰਮਾਰਥੁ:

ਪਰਮੇਸੁਰ ਕੇਹਾ ਹੈ? ਜੈਸੇ ਕੋਇ ਨਿਰਗੁਣੀ ਜੀਉ ਹੈ, ਜੁ ਪਰਮੇਸੁਰ ਕਾ ਕੀਤਾ ਨਾਹੀ ਜਾਣਦਾ, ਸੁ ਤਿਸ ਨਾਲਿ ਭੀ ਗੁਣ ਕਰਦਾ ਹੈ। ਨਿਰਗੁਣੀ ਮਾਨੁਖ ਸਾਥਿ ਕਿਆ ਕਿਆ ਗੁਣ ਕਰਤਾ ਹੈ? ਜਿ ਰੋਟੀ, ਕਪੜਾ, ਪਾਣੀ, ਸਵਣਾ, ਬਹਣਾ, ਸੁਖੁ ਉਸ ਨੋ ਪਹੁਚਾਇਦਾ ਹੈ। ਅਰੁ ਅਰੋਗਤਾ ਦੇਹੀ, ਸੋਭਾ, ਬਿਲਾਸੁ, ਧਨੁ ਪਹੁਚਾਇਦਾ ਹੀ ਰਹਦਾ ਹੈ, ਨਿਰਗੁਣਿਆ ਮਾਨੁਖਾਂ ਕਉ। ਅਰੁ ਜੇ ਕੋਇ ਉਸ ਕੀ ਸੈਵਾ ਕਰਤਾ ਹੈ, ਗੁਣ ਗਾਤਾ ਹੈ, ਤਾ ਉਸ ਨੂੰ ਬਹੁਤ ਬਹੁਤ ਦਾਤਿ ਕਰਦਾ ਹੈ।

ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣ ਕੋਇ ਕਰੇ॥ 7॥ ਤਿਸੁ ਕਾ ਪਰਮਾਰਥੁ:-

ਏਹਾ ਮੈ ਕੋਈ ਨਾਹੀ ਸੁਣਦਾ ਜਿ ਪਰਮੇਸੁਰ ਨਾਲਿ ਗੁਣ ਕਰੇ॥ 7॥

ਨੰ. 2. ਭਾਈ ਮਨੀ ਸਿੰਘ ਜੀ 'ਸ਼ਹੀਦ'

ਤਾਂ ਸਿੱਧਾਂ ਕਹਿਆ ਕਿ, "ਜੇ ਤੂੰ ਸਾਡਾ ਚੇਲਾ ਹੋਵੇਂ ਤਾਂ ਤੇਰੀ ਆਰਜਾ ਚਹੁੰ ਜੁੱਗਾਂ ਦੀ ਕਰ ਦੇਈਏ, ਅਤੇ ਐਸੀ ਸਿੱਧ ਦਈਏ ਜੋ ਸਭ ਕੋਈ ਤੇਰਾ ਮੁਖ ਤੇ ਭੀ ਜਸ ਕਹੇ, ਅਰ ਪਿੱਛੇ ਭੀ ਕੀਰਤੀ ਕਰੇ, ਅਰ ਸਭ ਕੋਈ ਤੇਰੇ ਨਾਲ ਭੀ ਉਠ ਚਲੇ।" ਤਾਂ ਬਾਬਾ ਬੋਲਿਆ ਕਿ, "ਜੋ ਚਾਰ ਜੁਗ ਆਰਜਾ ਹੋਵੇ, ਅਥਵਾ, ਇਸ ਤੋਂ ਦਸ ਭਾਗ ਵਧੀਕ ਹੋਵੇ, ਤਾਂ ਜੇਤੀ ਆਰਜਾ ਭਗਵਾਨ ਦੇ ਭਜਨ ਵਿੱਚ ਬਿਤੀਤ ਹੋਵੇ ਸੋ ਓਹ ਥੋੜੀ ਭੀ ਬਹੁਤ ਹੈ, ਅਤੇ ਜੇ ਅਕਾਰਥੀ ਜਾਵੇ ਤਾਂ ਚਾਲੀ ਯੁਗ ਭੀ ਕਿਸੇ ਲੇਖੇ ਨਹੀਂ, ਅਰ ਜੇ 'ਨਵਾਂ-ਖੰਡਾਂ' ਵਿਚ ਜਾਤਾ, ਅਤੇ ਗੁਰੂ-ਦੁਆਰੇ ਅਰ ਸਾਧ-ਸੰਗਤ ਵਿਚ ਨਾ ਜਾਤਾ, ਤਿਨਾਂ ਵਿਚੋਂ ਸਾਧ ਸੰਗਤ ਦਾ ਪਛਾਣੂ, ਅਰ ਗੁਰਾਂ ਦੇ ਸ਼ਬਦ ਦਾ ਪਛਾਣੂ ਵਿਸ਼ੇਸ਼ ਹੈ॥ ਅਰ ਜੇ ਸਭ ਕੋਈ ਆਦਰ ਕਰਕੇ ਨਾਲ ਚਲੇ, ਅਰ ਕਰਤੇ ਦਾ

Sri Satguru Jagjit Singh Ji eLibrary NamdhariElibrary@gmail.com

ਨਾਮ ਚਿੱਤ ਨਾ ਹੋਵਸ, ਤਾਂ ਹੱਛਾ ਨਹੀਂ, ਕਯੋਂ ਜੋ ਮਰਦਿਆਂ ਨਾਲ ਪਰਮੇਸ਼ਰ ਦਾ 'ਨਾਮ' ਚਲਦਾ ਹੈ ਅਰ ਜੋ 'ਨਾਮ' ਭੀ ਚੰਗਾ ਹੋਇਆ, ਅਰ ਜੱਸ ਅਤੇ ਕੀਰਤੀ ਭੀ ਹੋਈ; ਪਰ ਜੇ ਵਾਹਿਗੁਰੂ ਦੀ ਕ੍ਰਿਪਾ ਦੀ ਦ੍ਰਿਸ਼ਟ ਨ ਹੋਈ, ਤਾਂ ਇਸਦੀ ਬਾਤ ਅੱਗੇ ਭੀ ਕਿਸੇ ਨਹੀਂ ਪੁੱਛਣੀ। ਅਰ ਓਹ ਕੀਟਾਂ ਵਿੱਚ ਕੀਟ ਕਰੀਐਗਾ, ਅਤੇ ਹੋਰ ਜੋ ਪਾਪੀ ਦੋਸ ਵਾਲੇ ਹੋਸਨ, ਸੋ ਭੀ ਇਸ ਨੂੰ ਦੋਸ਼ ਦੇਵਨਗੇ॥ ਅਰ ਜੋ ਦੇਹ ਅਰੋਗ ਹੋਦਿਆਂ 'ਨਾਮ' ਨਾ ਜਪਨਗੇ, ਸੋ ਅੰਤ ਸਮੇਂ ਪਛਤਾਵਨਗੋ', ਅਰ ਗੁਰੂ ਨਾਨਕ ਸਾਹਿਬ ਜੀ ਕਹਿਦੇ ਹਨ ਕਿ, ''ਵਾਹਿਗੁਰੂ ਜੀ ਦਾ ਨਾਮ ਕੈਸਾ ਹੈ, ਕਿ ਜੋ ਨਿਰਗੁਣ-ਪੁਰਖ , ਜਪਾਂ, ਤਪਾਂ, ਥੀਂ ਹੀਨ ਹੈਨ, ਸੋ ਓਨਾਂ ਨੂੰ ਭੀ ਗੁਣ ਕਰਦਾ ਹੈ; ਅਰ ਜੋ 'ਗੁਣਵੰਤ, ਦਾਨ, ਪੁੰਨ ਤੇ ਤਪ, ਜਪ ਵਾਲਾ ਹੈਨ, ਓਨਾਂ ਨੂੰ ਭੀ ਗੁਣ ਦੇਂਦਾ ਹੈ, ਕਿਯੋਂਕਿ ਜੈਸਾ 'ਨਿਰਗੁਣਾ' ਦੇ ਗੁਣ-ਕਰਨ ਵਾਲਾ ਮਹਾਰਾਜ ਦਾ 'ਨਾਮ' ਹੈ ਐਸਾ ਹੋਰ ਕੋਈ ਨਹੀਂ ਅਥਵਾ, ਜੋ ਕੋਈ ਨਾਮ ਜਪਦਾ ਹੈ ਸੋ ਆਪਣੇ ਉਧਾਰ ਵਾਸਤੇ ਜਾਪਦਾ ਹੈ॥ ਪਰ ਮਹਾਰਾਜ ਉੱਪਰ ਗੁਣ ਕਰਨ ਵਾਲਾ ਕੋਈ ਨਹੀਂ ਸੁੱਝਦਾ, ਅਥਵਾ ਜੈਸਾ ਮਹਾਰਾਜ ਦਾ 'ਨਾਮ' ਪਾਪੀਆਂ ਦਾ ਉਧਾਰ ਕਰਦਾ ਹੈ, ਐਸਾ ਕੋਈ ਨਹੀਂ ਕਰਦਾ॥ 7॥

ਨੰ. 3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ)

ਬਹੁੜਿ ਕਹੇ ਹੈ॥ ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥ ਨਾਨਕ ਨਿਰਗੁਣਿ ਗੁਣੁ ਕਰੇ। ਗੁਣਵੰਤਿਆ ਗੁਣ ਦੇ॥ ਤੇਹਾ ਕੋਇ ਨ ਸੁਝਈ ਜੇ ਤਿਸੁ ਗੁਣ ਕੋਇ ਕਰੇ॥ 7॥

ਇਸ ਕਾ ਅਰਥ॥ ਜੋ ਅਸਟਾਂਗ-ਜੋਗ ਕੇ ਬਲ ਕਰਿਕੇ ਚਾਰੋ ਜੁਗੁ ਕੀ ਆਰਬਨਾ ਹੋਇ। ਅਰੁ ਤਿਸ ਤੇ ਭੀ ਦਸ-ਗੁਣੀ ਔਰ ਹੋਇ। ਅਰੁ ਨਵ-ਖੰਡ ਪ੍ਰਿਥਵੀ ਮਹੁ ਜਾਣੀਐ ਪ੍ਰਸਿੱਧ ਹੋਇ। ਅਰੁ, ਨਾਲਿ ਚਲੈ ਸਭੁ ਕੋਇ॥ ਆਗਿਆ ਮੋ ਭੀ ਸਭ ਚਲੇ। ਅਰੁ ਨਾਮ ਭੀ ਪ੍ਰਸਿਧ ਹੋਇ, ਜਸ-ਕੀਰਤਿ ਭੀ ਬਹੁਤ ਜਗਤ ਬਿਖੈ ਹੋਇ। ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥

ਜੇ ਤਿਸ ਕੋ ਪ੍ਰਭ ਦ੍ਰਿਸ਼ਟੀ ਨ ਆਵੇ, ਕੈਸਾ ਪ੍ਰਭੁ? ਜਿਸ ਕੀ ਸੱਤਾ ਤੇਂ ਈਸ਼ਵਰ ਜੁ ਪ੍ਰਾਪਤਿ ਹੁਆ ਹੈ। ਜੇ, ਸੋ ਚਿਤਿ ਨ ਆਵੇ; ਤਉ ਉਹ ਕਿਸੀ ਕੇ ਪੁਛਨੇ ਜੋਗ ਨਹੀ ਰਹਤਾ। ਬਾਤ ਭੀ ਕੋਈ ਨਾਹੀ ਪੁਛਤਾ॥ ਕਾਹੇ ਤੇ॥ ਭਗਤਿ ਬਿਨਾ, ਬਡਿਆਈਅਹੁ ਕਾ ਅਤਿ ਅਹੰਕਾਰ ਹੀ ਬਢਤਾ ਹੈ। ਦੋਸੀ ਦੋਸੁ ਧਰੇ॥ ਤਿਸ ਅਹੰਕਾਰ ਦੇ ਸਦਕੇ ਦੋਸ਼ੀ ਕਰਿ ਕੇ ਤਿਸ ਦੋਸ਼ਵਾਨ ਕੋ। ਕੀਟਾ ਅੰਦਰਿ ਕੀਟੁ ਕਰਿ, ਕਿਆ ਕਹੀਐ। ਕੀਟ ਜੋਨਿ ਕਉ ਅਪਨੇ ਦੋਸ਼ ਕਰਿ ਪ੍ਰਾਪਤਿ ਹੋਵੇ ਹੈ। ਤਿਸ ਕੀਟ ਕੋ ਕੌਣ ਪੂਛਤਾ ਹੈ? ਤਿਸ ਪਰਿ ਪ੍ਰਮਾਣ ਹੈ। ''ਗੁਰੂ ਕੀਮਤ ਤੂੰ ਨਹਿ ਇਆਨੇ। ਭਗਤਿ ਬਿਨਾ ਬਹੁ ਡੂਬੇ ਸਿਆਨੇ॥ ਨਾਨਕ ਨਿਰਗੁਣਿ ਗੁਣ ਕਰੇ ਗੁਣਵੰਤਿਆ ਗੁਣ ਦੇਇ॥ ਗੁਰੁ ਕਹੈ ਹੈ। ਨਿਰੁਗੁਣ ਗੁਣਾਤੀਤ ਜੋ ਨਾਰਾਯਣ ਹੈ, ਤਿਨ ਸੋ ਉਤਪਤਿ ਜੋ ਗੁਣ ਹੈ, ਪ੍ਰੇਮਾਦਿਕ ਭਗਤ-ਲਖਯਣ, ਸੋ ਪ੍ਰਾਪਤਿ ਹੈ ਜਿਨ ਕੌ, ਸੇ ਗੁਣਵੰਤੇ ਕਹੀਅਹਿ। ਤਿਨ ਗੁਣ ਵਡਿਆਹੁ ਕੋਂ ਭਗਵਾਨ ਆਪਣਾ ਗੁਣ ਦੇਤੇ ਹੈ। ਕਿਆ ਗਯਾਨ ਦ੍ਵਾਰਾ ਅਪਨੇ ਸ਼ੁਧ ਸ੍ਵਰੂਪ ਕੋ ਪ੍ਰਾਪਤਿ ਕਰੇ ਹੈ?

Sri Satguru Jagjit Singh Ji eLibrary NamdhariElibrary@gmail.com

ਤੇਹਾ ਕੋਇ ਨ ਸੁਝਈ ਜੇ ਤਿਸੁ ਗੁਣ ਕੋਇ ਕਰੇ॥

ਤੇਹਾ ਕਹੀਐ। ਐਸਾ ਕੋਈ ਨਹੀ ਨਜ਼ਰਿ ਆਵਤਾ ਜੋ ਤਿਸ ਭਗਵਾਨ ਪ੍ਰਾਪਤਿ ਗੁਣ ਕਰੇ। ਕਾਹੇ ਤੇ ਸਰਬ ਗੁਣ-ਨਿਧਾਨ ਆਪ ਹੀ ਆਪ ਅਦ੍ਵੈਤ ਸੁਤੇ ਸਿੱਧ ਨਾਰਾਯਣ ਹੈ। ਸੋ ਸਾਖਯਾਤਕਾਰ ਸ੍ਰਵਣ, ਮਨਨ, ਨਿਧਯਾਸਨ ਬਿਨਾ ਨਹੀ ਹੋਤੇ।

ਨੰ. 4. ਸਾਧੂ ਅਨੰਦਘਨ ਜੀ (ਉਦਾਸੀਨ-ਪੁਰਾਣ ਕਥਾ ਵਾਚੀ)

ਨਨੁ:-

ਯੋਗ ਕੇ ਕਰਣੇ ਤੇ ਕਾਲ ਹੀ ਨਹੀ ਇਸ ਕੇ ਨਿਕਟ ਆਵਤਾ॥ ਅਰ ਯੋਗੀਸ਼੍ਵਰ ਸਰਬ ਜਗਤ ਮੋ ਪ੍ਰਸਿਧਿ ਹੋਤੇ ਹੈ॥ ਸਰਬ ਜਗਤ ਤਿਨ ਕੀ ਤਾਬਿਆਦਾਰੀ ਕਰਤਾ ਹੈ॥ ਤਾਤੇ ਗੁਰੋ ਤੇ ਯੋਗ ਹੀ ਮਾਗਣਾ ਥਾ॥ ਨਿਰਗੁਣ ਕਿਆ ਮਾਗਾ? ਇਸ ਕਾ ਉਤਰ ਕਹਤੇ ਹੈ॥ ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੈਇ॥

ਜੇ ਯੋਗ ਕਰ ਕਰ ਚਾਰ ਯੁਗ ਕੀ ਆਰਜਾ ਪਾਈ॥ ਅਥਵਾ ਤਿਸ ਤੇ ਭੀ ਦਸ ਗੁਣ ਅਧਕ ਪਾਈ॥ ਅਰ ਨਵ ਖੰਡ ਪ੍ਰਿਥਵੀ ਵਿਖੇ ਜਾਣਾ ਭੀ ਗਇਆ॥ ਅਮਕਾ ਯੋਗੀਸ਼੍ਵਰ ਹੈ॥ ਅਰ ਸਾਰਾ ਜਗਤ ਭੀ ਲਾਗਾ ਚਰਣੀ॥ ਤਾਬਿਆਦਾਰੀ ਲਾਗਾ ਕਰਣ॥ ਅਰ ਆਪਣਾ ਨਾਮ ਭੀ ਜਗਤ ਮੋ ਚੰਗਾ ਰਖਾਇਆ॥ ਸਰਬ ਲੋਕ ਹਛਾ ਲਾਗੇ ਕਹਣੇ॥ ਅਰ ਯਸ਼, ਕੀਰਤ ਭੀ ਪਾਇਆ॥ ਜੋ ਕਿਸੀ ਕਾ ਖਾਇ ਪੀਅ ਕਰ ਉਪਮਾ ਕਰਤਾ ਹੈ॥ ਤਿਸ ਕਾ ਨਾਮ ਕੀਰਤ ਹੈ॥ ਤੇਨੇ ਤੋ ਇਨੋ ਬਾਤੋ ਕੋ ਬਡਾ ਮਾਨਾ? ਹਮਾਰੇ ਆਗੇ ਤੋ ਇਹ ਬਾਤੇ ਕਿਸੀ ਕਾਮ ਕੀ ਹੀ ਤੋ ਨਹੀ॥ ਤਿਸੀ ਕਾ ਉਤਰ ਕਹਤੇ ਹੈ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥ ਜਿਸ ਕੋ ਸਰਬ ਪੂਰਣ ਨਿਰਗੁਣ-ਬ੍ਰਹਮ ਦ੍ਰਿਸਟ ਆਵੈਗਾ ਤਬ ਤਿਸ ਤੇ ਕੋਈ ਬਾਤ ਭੀ ਨ ਪੂਛੇ ਗਾ॥ ਕਾਹੇ ਤੇ॥ ਕੀਟਾ ਅੰਦਰਿ ਕੀਟੁ ਕਰਿ॥ ਪਰਮੇਸਵਰ ਤਿਸ ਕੋ ਕੀਟੋ ਵਿਖੇ ਕੀਟ ਕਰ ਡਾਰੇ ਗਾ॥ ਕੀਟੋ ਸੋ ਕੋਣ ਬਾਤ ਪੂਛਤਾ ਹੈ।

ਨਨੁ:-ਏਤਾ ਬਡਾ ਯੋਗੀਸ਼੍ਵਰ ਤਿਸ ਕੋ ਪਰਮੇਸ਼੍ਵਰ ਕੀਟੋ ਵਿਖੇ ਕੀਟ ਕਿਉ ਕਰੇਗਾ? ਤਿਸੀ ਕਾ ਉਤਰ ਕਹਤੇ ਹੈ॥ ਦੋਸੀ ਦੋਸੁ ਧਰੇ॥ ਦੋਸ਼ਵਾਨ ਕੋ ਪਰਮੇਸ਼੍ਵਰ ਦੋਸ਼ ਹੀ ਦੇਤਾ ਹੈ॥ ਚਿਰ ਜੀਵਣੈ ਕੇ ਨਮਿਤ ਜੋ ਯੋਗ ਕਾ ਕਰਣਾ ਹੈ॥ ਇਹੀ ਬਡਾ ਦੋਸ ਹੈ॥ ਜੋਗ ਦਾ ਫਲ ਅਵਿਨਾਸੀ ਤੋ ਨਹੀ॥ ਜੋ ਫਲ ਭੋਗ ਚੁਕੇਗਾ ਤੇ ਫੇਰ ਚੋਰਾਸੀ ਮੋ ਗਿੜੇਗਾ॥ ਕੀਟ, ਪਤੰਗ, ਗਧਾ, ਕੁਤਾ, ਸਭ ਕਛ ਹੋਣਾ ਪੜੇਗਾ॥

ਨਨੁ:-

ਯੋਗ ਕਾ ਫਲ ਤੋ ਤੁਮਨੇ ਨਾਸ਼ਵੰਤ ਮਾਨਾ, ਅਰ ਜੋ ਤੁਮ ਨਿਰਗੁਣ ਨਿਰਗੁਣ ਹੀ ਪੜੇ ਪੁਕਾਰਤੇ ਹੋ॥ ਤੁਮ ਕੋ ਨਿਰਗੁਣ ਕਾ ਕਿਆ ਫਲ ਹੋਵੇਗਾ? ਤਿਸੀ ਕਾ ਉਤਰ ਕਹਤੇ ਹੈ। ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣ ਦੇ॥ ਨਿਰਗੁਣ-ਗੁਣ ਕਰਤਾ ਹੈ॥ ਕੌਣਸਾ ਗੁਣ? ਗੁਣਵਾਨ ਜੋ ਹੇਨ, ਆਪਣੇ ਉਪਾਸਕ ਤਿਨ ਕੋ ਗੁਣ ਦੇਤਾ ਹੈ॥ ਨਿਰਗੁਣ ਕਾ ਇਹੀ ਗੁਣ ਹੈ॥ ਆਪਣੇ ਉਪਾਸਕ ਕੋ ਭੀ ਨਿਰਗੁਣ ਹੀ ਕਰ ਡਾਰਤਾ ਹੈ॥ ਜੈਸੇ ਸਾਂਕਰ ਕੇ ਖੇਤ ਮੇ ਖੜਾ ਹੁਆ ਸਾਂਕਰ ਹੀ ਹੋ ਜਾਤਾ ਹੈ॥

Sri Satguru Jagjit Singh Ji eLibrary NamdhariElibrary@gmail.com

ਨਨੁ:

ਜੈਸੇ ਯੋਗ ਪਦਵੀ ਕੋ ਭੋਗ ਕਰ ਚੋਰਾਸੀ ਮੋ ਗਿੜਾ, ਤੈਸੇ ਹੀ ਨਿਰਗੁਣ ਪਦਵੀ ਕੋ ਭੋਗ ਕਰ ਭੀ ਚੌਰਾਸੀ ਮੋ ਗਿੜੇਗਾ॥ ਫੇਰ ਨਿਰਗੁਣ ਮੋ ਕੋਣ ਸੀ ਵਿਸ਼ੇਸ਼ਤਾ ਹੁਈ, ਇਸੀ ਕਾ ਉਤਰ ਕਹਤੇ ਹੈ॥ ਤੇਹਾ ਕੋਇ ਨ ਸੁਝਈ ਜੇ ਤਿਸੁ ਗੁਣ ਕੋਇ ਕਰੇ॥ ਐਸਾ ਮੇਰੇ ਤਾਈ ਕੋਈ ਭੀ ਨਹੀ ਸੂਝਤਾ ਤਿਸ ਨਿਰਗੁਣ ਨੇ ਕੀਆ ਜੋ ਹੈ ਗੁਣ, ਤਿਸ ਕੋ ਕਛ ਔਰ ਕਰ ਡਾਰੈ॥ ਨਿਰਗੁਣ ਕੀ ਉਪਾਸਨਾ ਕਰਕੇ ਜੋ ਨਿਰਗੁਣ ਹੂਆ, ਸੋ ਹੂਆ ਹੀ ਹੂਆ, ਫੇਰ ਨਿਰਗੁਣ ਪਦ ਤੇ ਨਾ ਗਿੜੇਗਾ॥ ਜੈਸੇ ਜੋ ਬੂੰਦ ਸਮੁੰਦ੍ ਸਾਥ ਮਿਲੀ ਹੀ ਮਿਲੀ॥ ਫੇਰ ਓਸ ਕੋ ਕੋਈ ਸਮੁੰਦ੍ ਤੇ ਭਿੰਨ ਨ ਕਰ ਸਕੇਗਾ॥ ਇਸ ਪਰ ਪਰਮੇਸ਼ੂਰ ਕਾ ਹੀ ਵਚਨ ਪ੍ਰਮਾਣ ਕਹਤੇ ਹੈ॥ ਗੀਤਾਯੰ:॥ ਗੀਤਾ ਮੋਂ ਲਿਖਾ ਹੈ "ਸ੍ਰੀ ਕ੍ਰਿਸ਼ਨ ਮਹਾਰਾਜ ਕਹਤੇ ਹੈਂ: ਅਰਜਨ ਕੋ॥ ਜਿਸ ਕੋ ਪ੍ਰਾਪਤਿ ਹੋਇ ਕਰ ਫੇਰ ਨਹੀ ਸੰਸਾਰ ਚੱਕ੍ ਮੋ ਗਿਰਤੇ, ਸੋ ਮੇਰਾ ਪਰਮ ਧਾਮ ਨਿਰਗੁਣ ਹੀ ਹੈ॥

ਨੰ. 5. ਭਾਈ ਸੰਤੋਖ ਸਿੰਘ ਜੀ ਕਵੀ ਚੂੜਾਮਣੀ (ਨਿਰਮਲ-ਗਿਆਨੀ)

(ਪਉੜੀ ਸੱਤਵੀ)

ਅਬ ਸੰਪੂਰਨ ਜਗਤ ਕੇ ਜੋ ਪਦਾਰਥ ਹੈਂ ਤਿਨ ਕੋ ਨਾਸ਼ਵੰਤ ਵਿਖਾਵਨੇ ਕੇ ਹੇਤ, ਗਯਾਨ ਕੋ ਅਬਿਨਾਸ਼ੀ ਬਤਾਵਨ ਕੇ ਹਿਤ ਅਗਲੀ ਪਉੜੀ ਕੋ ਬਰਨਨ ਕਹਤ ਹੈਂ।

ਪ੍ਰਸ਼ਨ- ਇਹਾਂ ਪਦਾਰਥ ਨਾਸ਼ਵਤ ਦਿਖਾਵਨੇ ਕੋ ਕਾਰਨ ਕੌਨ? ਜਬ ਉਪਦੇਸ਼ ਸਿਖ ਕੋ ਕਰਨ ਲਗੇ ਥੇ ਬੈਰਾਗਵਾਨ ਕਰਨੋ ਤਹਾਂ ਬਨਤ ਹੋਤੋ, ਪਦਾਰਥਨਿ ਕੋ ਅਨਿਤ ਬਤਾਇ ਕਰੋ?

ਉੱਤਰ:- ਇਹਾਂ ਤੀਕ ਮੰਗਲਾਚਰਣ ਜਪੁਜੀ ਕੋ ਜਾਣੀਤਾ ਹੈ। 'ਸਤਿਨਾਮੁ ਕਰਤਾ ਪੁਰਖੁ ਨਿਰਭਉ' ਇਹ ਸ਼ਲੋਕ ਸਾਤੋ ਪ੍ਰਥਮ ਮੂਲ ਜੈਸੇ, ਖਟ ਪਉੜੀ ਇਸ ਕੋ ਬਿਸਤਾਰ ਹੈ। 'ਆਦਿ ਸਚੁ ਜੁਗਾਦਿ ਸਚੁ' ਸਤਿ ਨਾਮ ਪੂਰਬ ਹੁਤੋ, ਸੋ ਪਹਿਲੇ ਵਿਸਤਾਰ ਸੇਂ ਕਹਯੋ। ਗੁਰ ਪ੍ਰਸਾਦਿ ਪਿਛਾਰੀਹੁਤ। ਸੋ 'ਗੁਰਮੁਖਿ ਨਾਦੰ' ਇਹਾਂ ਤੇ ਡੇਢ ਪਉੜੀ ਮੈਂ ਯਾਂਕੋ ਬਿਸਤਾਰ ਕਹਯੋ। ਇਸੀ ਰੀਤਿ ਸਰਬ ਪਹਿਲੇ ਸਲੋਕੁ ਕੇ ਹੀ ਬਿਸਤਾਰ ਹੈ, ਯਾਂਤੇ ਮੰਗਲਾਚਰਨ ਹੀ ਭਯੋ। ਹੈ ਤੋ ਮੰਗਲਾਚਰਨ, ਪ੍ਰੰਤੂ ਸਿਖ ਕੇ ਉਪੇਦਸ਼ ਪੂਰਬਕ ਕੀਯੋ ਹੈ॥ ਇਹਾਂ ਚਾਤੁਰਤਾ ਕਹਿਨੀ ਏਕ ਵਸਤੁ, ਤਿਸੀ ਮੈਂ ਔਰ ਪ੍ਰਯੋਜਨ ਨਿਕਸ ਆਵੇ। ਅਰੁ ਗੁਰੂ ਜੀ ਕੇ ਜੇਤੇ ਬਚਨ ਹੈਂ ਸਰਬ ਉਪਦੇਸ਼ ਕਰਨ ਪਰ ਹੀ ਹੈਂ, ਐਸੇ ਨਹੀਂ ਹੈਂ ਜੋ ਮੈ ਬਾਣੀ ਕਰਣ ਕੋ ਏਕ ਹੀ ਕਥਨ ਹੈ: ਜੋ ਲੋਕਨ ਕੋ ਕਲਯਾਣ ਹੋਇ।

ਪ੍ਰਸ਼ਨ- ਗੁਰੂ ਜੀ ਨੇ ਬਾਣੀ ਆਪਣੇ ਊਪਰ ਬਹੁਤ ਕਹੀ ਹੈ, ਅਪਨੇ ਮਨ ਸਮਝਾਇਖੇ ਹਿਤ ਸ਼ਬਦ ਕਹੇ ਹੈਂ, ਜੈਸੇ:-ਬਾਬਾ ਮੈ ਕਰਮਹੀਣ ਕੂੜਿਆਰ॥ ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨ ਮੇਰਾ॥ ਸਿਰੁ ਨਾਨਕ ਲੋਕਾ ਪਾਵ ਹੈ॥ ਇਤਯਾਦੀ ਸਬਕ ਔਰ ਬਹੁਤ ਅਪਨੇ ਊਪਰ ਹੀ ਕਹੇ ਹੈਂ?

ਯਾਂਕੋ ਉਤਰ- ਐਸਾ ਪ੍ਰਸ਼ਨ ਜੋ ਕਰਤ ਹੈਂ ਸੋ ਬਿਨਾ ਸਮਝੇ ਹੀ ਕਰਤ ਹੈਂ। ਗੁਰੂ ਜੀ ਕੋ ਆਸੇ ਸਮਝਤ ਨਹੀਂ ਹੈ। ਜਿਸ ਰੀਤਿ ਕੋ ਪੰਥ ਪ੍ਰਗਟ ਕਰਨੋ ਹੋਤ ਹੈ ਤੈਸੇ ਹੀ ਬਾਣੀ ਕ ਆਚਾਰਜ ਕਰਤ ਹੈਂ। ਭਕਿਤ ਕੇ ਬਿਖ ਨਿਰਹੰਕਾਰ ਰਹਿਨੋ ਇਹੀ ਬਾਤ ਮੁਖਯ ਹੈ। ਯਾਹੀ ਤੇ

Sri Satguru Jagjit Singh Ji eLibrary NamdhariElibrary@gmail.com

ਅਪਨੇ ਊਪਰ ਕਹਿਤ ਹੈਂ। ਜੋ ਸਿਖ ਐਸੇ ਜਾਣੈ; ਹਮਰੋ ਸੁਆਮੀ ਐਸੀ ਬਿਨੇ ਸਹਤ ਰਹੇ ਹੈਂ, ਤੌ ਹਮ ਕੋ ਹੰਕਾਰ ਕੈਸੇ ਬਨਤ ਹੈ? ਜਿਸ ਕੋ ਸੁਆਮੀ ਤਖਤ ਪਰ ਬੈਠੇ ਤੋ ਸੇਵਕ ਸਤਰੰਜੀ ਆਦਿ ਪਰ ਬੈਠੇ! ਜਿਸ ਕੇ ਸੁਆਮੀ ਸੰਤਰੰਜੀ ਪਰ ਬੈਠੇ, ਸੇਵਕ ਕੋ ਜਿਮੀਨੁ ਪਰ ਬੈਠਯੋ ਚਾਹੀਏ। ਤਾਤੇ ਜੋ ਸਤਿਗੁਰ ਨਿੰਮ੍ਰਤਾ ਸਹਿਤ ਬਚਨ ਕਹੇ ਤੇ ਸੇਵਕ ਕੌ ਹੰਕਾਰ ਕਯੋਂਹੂੰ ਨਹੀਂ ਬਨਤ ਹੈ।

ਉਪਦੇਸ਼ ਭੀ ਤੀਨੋ ਪ੍ਰਕਾਰ ਕੋ ਹੋਤ ਹੈ:- ਜੋ ਅਪਨੇ ਊਪਰ ਕਹਿਕੇ ਉਪਦੇਸ਼ ਦੇਨੋ ਹੈ ਸੋ ਤੇ ਉੱਤਮ ਉਪਦੇਸ਼ ਹੈ। ਜੋ ਸਿਖ ਪ੍ਰਤਿ ਕਹਨੋ ਹੋਤ ਹੈ ਸੋ ਮਧਯਮ ਹੈ। ਅਰ ਜੋ ਕੈ ਦਿਖਾਇ ਕੇ ਕਰੂਰਤਾ ਸੋਂ ਉਪਦੇਸ਼ ਕਰਤ ਹੈਂ, ਸੋ ਅਧਮ ਹੋਤ ਹੈ। ਜੈਸੋ ਗੁਰੂ ਦਸਵੀਂ ਪਾਤਿਸ਼ਾਹੀ ਆਪਨੇ ਹੀ ਊਪਰ ਕਹਿ ਕਰਿ ਸਿੰਘਨ ਕੋ ਉਪਦੇਸ਼ ਦਿਯੋ: ਸੰਗ੍ਰਾਮ ਮੈਂ ਸਰੀਰ ਤਯਾਗਨੋ, ਆਪਨੀ ਬਾਨੀ ਮੈਂ ਇਹੀ ਜਾਚਤੇ ਰਹੇ ਹੈਂ। ਕਿਆ ਤਿਨ ਕੋ ਗਯਾਨ ਨਹੀਂ ਥੋ ਅਰੁ ਮੁਕਤਿ ਪ੍ਰਾਪਤਿ ਔਰ ਬਿਧ ਸੋ ਨਹੀਂ ਹੁਤੀ? ਸੋ ਤੇ ਈਸ਼੍ਵਰ ਕੇ ਅਵਤਾਰ, ਹਜਾਰਨ ਹੈ ਮੁਕਤਿ ਕੇ ਦੇਨਹਾਰੇ, ਅਰੁ ਹਜ਼ਾਰਨ ਕੀ ਮੁਕਤਿ ਕਰੀ; ਜਿਨ ਕੇ ਨਾਮ ਲੈਨੇ ਕਰਿ ਮੁਕਤਿ ਪ੍ਰਾਪਤਿ ਹੋਤ ਹੈ। ਐਸੇ ਕਹਨ ਕੇ ਆਸ਼ੇ ਇਹ; ਜੋ ਸਿੰਘ ਜੁੱਧ ਕੇ ਸਨਮੁਖ ਰਹੈਂ, ਮਲੇਛਨ ਕੋ ਹਤ ਕਰਿ ਧਰਮ ਕੀ ਸਥਿਤਿ ਕਰੈਂ, ਮ੍ਰਿਤ ਜੇ ਹੋਇ ਜੁੱਧ ਮੇਂ, ਤਉ ਪ੍ਰਲੋਕ ਮੇਂ ਸੁਭ ਗਤਿ ਹੋਇ। ਜੋ ਬੁਧਿਵਾਨ ਹੈਂ ਸੋ ਤੇ ਆਸ਼ੇ ਕੋ ਇਸੀ ਰੀਤਿ ਸਮਝਤ ਹੈਂ, ਜੋ ਨਹੀਂ ਜਾਨਤ ਹੈਂ, ਸੋ ਅਨੇਕ ਹੀ ਕਪੋਲ ਕਲਪਨਾ ਕਹਤ ਹੈਂ। ਜੈਸੇ ਅਪਨੇ ਊਪਰ ਸ੍ਰੀ ਨਾਨਕ ਜੀ ਨੇ ਅਧਿਕ ਨੂਨਤਾ ਕੇ ਬਚਨ ਕਹੈ ਹੈ, ਸੋ ਕਿਆ ਤੈਸੇ ਹੁਤੋ? ਇਹ ਸੰਪੂਰਨ ਕਹਿਨੋ ਸਿਖਨੁ ਪਰ ਹੈ। ਜੋ ਮਨ ਕੀ ਮਲ ਕੋ ਦੂਰ ਕਰਿ ਪਰਮੇਸੁਰ ਕੇ ਸਿਮਰਨ ਪਰ ਲਗੇ; ਇਹ ਆਸ਼ੇ ਹੈ ਜੋ ਤੁਕਨ ਕੇ ਅਰਥ ਹਮ ਨੇ ਕਹੇ ਹੈ; ਇਸਤੇ ਔਰ ਰੀਤਿ ਸੋ ਜੇ ਕਰਤ ਹੈਂ ਤਿਨ ਮੈਂ ਦੂਖਨ ਆਵਤ ਹੈ। ਜੋ ਹਮ ਦਿਖਾਵਤੇ ਜਾਇ ਸਭ ਦੂਖਨ, ਤੋ ਗ੍ਰੰਥ ਬਧਤ ਹੈ, ਬੁਧਿਵਾਨ ਆਪ ਹੀ ਜਾਨ ਲੈਹਿਗੇ। ਅਬ ਮੂਲ ਕੋ ਹੀ ਕਹਤ ਹੈਂ:-

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥

ਜੇ ਕਰਿ ਚਾਰੋਂ ਹੀ ਜੁਗ: ਸਤਜੁਗ, ਤ੍ਰੇਤਾ, ਦੁਆਪਰ, ਕਲਿਜੁਗ, ਇਨ ਕੇ ਬਿਖੇ ਜੀਵਤੋ ਰਹੇ, ਵਾ ਇਨ ਤੇ ਦਸ ਗੁਣੀ: ਚਾਲੀਸ ਜੁਗ ਪ੍ਰਯੰਤ ਆਰਬਲਾ ਹੋਇ। ਜੀਵਨੈ ਕੇ ਲੋਕ ਬਡੋ ਮਾਨਤ ਹੈਂ, ਪਦਾਰਥ ਸੋਂ ਭੀ ਅਧਿਕ ਤੇ ਅਧਿਕ।

ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥

ਜੰਬੂ ਦੀਪ ਕੇ ਜੋ ਨੌ ਖੰਡ ਹੈ: 1. ਭਰਥ ਖੰਡ 2. ਕੁਰ ਖੰਡ 3. ਹਿਰਨ ਖੰਡ, 4. ਹਰਵਰਖ ਖੰਡ, 5. ਭਦ੍ਰ ਖੰਡ, 6. ਰੰਮਕ ਖੰਡ, 7. ਕੇਤਮਾਲ ਖੰਡ, 8. ਕਿੰਪੁਰਖ ਖੰਡ, 9. ਇਲਾਬ੍ਰਤ ਖੰਡ। ਇਨ ਸਭ ਖੰਡਨ ਮੇ ਜਾਣੀਐ ਜੋ ਅਮਕੋ ਹੈ, ਇਸ ਕੋ ਭੀ ਲੋਕ ਅਧਿਕ ਤੇ ਅਧਿਕ ਚਾਹਤੇ ਹੈਂ, ਅਪਨੀ ਪ੍ਰਗਟਤਾ ਕੋ, ਜੋ ਲੋਕ ਬਹੁਤੇ ਮੁਝੇ ਕਿਸੇ ਤਰ੍ਹਾਂ ਜਾਣੇ। ਇਸ ਵਾਸਤੇ ਭੀ ਬਲ ਤੇ, ਧਨ ਤੇ, ਬੁਧਿ ਤੇ ਅਨੇਕ ਜਤਨ ਕਰਤ ਹੈਂ, ਤਿਸੁ ਪਰ ਸਾਹਿਬ ਜੀ ਕਹਤ ਹੈਂ; ਜੋ ਏਕ ਖੰਡ ਮੈਂ ਕਿਆ ਨੌਖੰਡ ਬਿਖੇ ਪ੍ਰਗਟ ਹੋਇ, ਅਰੁ ਜਿਸ ਵਖਤੁ ਕਿਤੇ ਕੋ ਪ੍ਰਸਥਾਨ ਕਰਤ ਹੋਇ ਤਬ ਸਰਬ ਹੀ ਖੰਡਨ ਕੇ ਲੋਕ ਹਾਜ਼ਰ ਹੋਇ ਰਹੈਂ, ਭਾਵਾਰਥ ਐਸੇ ਬਡੀ ਬੇਸ ਹੋਇ ਅਰ ਨੌਖੰਡ ਕੋ ਰਾਜੈ ਕੀ ਹੋਇ।

Sri Satguru Jagjit Singh Ji eLibrary NamdhariElibrary@gmail.com

ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥

ਅਰ ਆਪਨੋ ਬਡੋ ਸ੍ਰੇਸ਼ਟ ਨਾਮ ਕਹਾਵੈ ਆਛੀ ਬਾਰਤਾ ਕੋ ਕਰਿ ਕਰਿ। 'ਜਸੁ ਕੀਰਤਿ ਜਗਿ ਲੇਇ'- ਜਸ ਕੀਰਤ ਕੇ ਪੁਨਰੁਕਤਿ ਦੋਖ ਤੇ ਐਸੇ ਅਰਥ ਕਰਨੋ: ਜਸੁ ਕੀ ਹੈ ਰਤਿ= ਪ੍ਰੀਤਿ, ਮੇਰੋ ਜਸ ਬਡੇ ਹੋਇ ਇਸ ਰੀਤਿ ਸੋਂ ਪ੍ਰੀਤ ਭੀ ਹੈ ਜਸ ਲੈਨੇ ਕੀ ਅਰ ਲੇਤ ਭੀ ਜਗਤ ਕੇ ਬਿਖੇ ਜਸੁ ਕੋ, ਸਭ ਕੋਈ ਤਿਸ ਕੋ ਭਲੋ ਭਲੋ ਹੀ ਕਹਤ ਹੈ। ਕਿਤਨੇ ਹੀ ਜਸ ਕਰਯੋ ਚਾਹਤ ਹੈਂ, ਪ੍ਰੰਤੂ ਹੋਤ ਨਹੀਂ ਹੈ। ਸੋ ਚਾਹਤੇ ਭੀ ਹੋਇ ਅਰ ਲੇਤੋ ਭੀ ਹੋਇ।

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥

ਜੇਕਰਿ ਤਿਸ ਕੋ ਆਪਨੇ ਸਰੂਪ ਨਜ਼ਰ ਨਹੀ ਆਵੈ; 'ਸਰੂਪ' ਕੋ ਅਧਯਾਹਾਰ ਉਪਰ 'ਨਦਰਿ' ਪਦ ਤੇ, ਕਿਆ? ਆਪਣੇ ਸਰੂਪ ਕੋ ਲਖੇ ਨਹੀਂ, ਤਿਸਤੇ ਪੀਛੇ ਜੈਸੀ ਉਸ ਕੀ ਦਸ਼ਾ ਹੋਤ ਹੈ ਸੋ ਕਹਤ ਹੈਂ: ਤਿਸ ਕੀ ਬਾਤ ਭੀ ਕੋਈ ਨਹੀਂ ਪੂਛਤ ਹੈ। ਰੰਕ ਤੇ ਮਹਾਂਰੰਕ, ਸੂਖਮ ਤੇ ਮਹਾਂ-ਸੂਖਮ, ਦੁਖੀਅਨ ਤੇ ਮਹਾਂ-ਦੁਖੀ, ਐਸੇ ਕਰ ਦੇਤ ਹੈਂ ਅਰ ਪ੍ਰਤੱਖ ਜੈਸੇ ਪ੍ਰਤਾਪੀ ਕਿਸੇ ਮਨੁਖ ਕੋ ਦੁਖ ਹੋਤ ਹੈ ਤੋ ਉਸ ਕੇ ਸਨਬੰਧੀ ਅਰੁ ਮੁਲਾਹਜਾ ਕਰਨਵਾਰੇ ਅਰ ਮੈਲੀ ਸਭ ਆਨ ਕਰਿ ਤਿਸ ਕੀ ਬਾਤ ਬੂਝਤ ਹੈਂ, ਜੋ ਕਿਸ ਰੀਤਿ ਸੋਂ ਦੁਖ ਭਯੋ? ਅਬ ਰਾਜ਼ੀ ਸਰੀਰ ਆਪ ਕੋ ਹੈ? ਸੋ ਨੌਖੰਡ ਕੇ ਬਿਖੇ ਜੌਨਜਾਨਤਾ ਹੈ, ਸੋ ਪਰਮਾਤਮਾ ਕੀ ਤਰਫ ਤੇ ਭੂਲਯੋ ਹੋਯੋ ਜੇ ਹੈ ਤਿਸ ਕੇ ਦੁਖੀ ਹੋਏ ਕੀ ਬਾਤ ਕੋ ਭੀ ਕੋਈ ਨਹੀਂ ਪੂਛਤ ਹੈ। ਮਹਾਂਕੰਗਾਲ ਜੋ ਹੋਤ ਹੈ, ਸੋ ਭੂਖੋ ਰਹੇ ਵਾ ਦੁਖੀ ਹੋਇ ਤਿਸ ਕੋ ਕੌਨ ਬੂਝਤ ਹੈ? ਅਰ ਤਿਸਕੋ ਨੇੜੇ ਤੇ ਭੀ ਆਪ ਕੋ ਬਚਾਵਤ ਹੈਂ? ਜੋ ਸਪਰਸ਼ ਔਰ ਬੋਲਨੇ ਇਸ ਕੇ ਸੰਗ ਹਮਾਰੇ ਨਾ ਹੋਇ। ਜੋ ਨੌ ਖੰਡ ਬਿਖੈ ਜਾਣੀਤਾ ਹੈ, ਸੋ ਸਮਾ ਪਾਇਕੇ ਐਸੇ ਹੁਇ ਜਾਤ ਹੈ। ਇਤਯਰਥ।

ਇਨ ਚਾਰਨ ਤੁਕਨ ਬਿਖੈ ਬਿਨੋਕਤਿ ਅਲੰਕਾਰ ਹੈ।

ਲਛਨ-ਪ੍ਰਸਤੁਤ ਬਰਨਨੀਯ ਹੈ ਜੋਇ। ਏਕ ਵਸਤੁ ਬਿਨੁ ਨੂਨ ਜਿ ਹੋਇ।
ਤਾਂਹਿ 'ਬਿਨੋਕਤਿ' ਕਹੈਂ ਬਿਚਾਰ। ਕਵਿ ਸੰਤੋਖ ਸਿੰਘ ਕਰਿਹ ਉਚਾਰ।

ਪ੍ਰਸਤੁਤ ਬਰਨਨੀਯ ਜੋ ਬਡੇ ਐਸਵਰਜ ਵਾਰੋ, ਤਿਸ ਮੈਂ ਗਯਾਨ ਕੀ ਨੂਨਤਾ। ਅਰ ਇਨ ਚਾਰਨਿ ਹੂੰ ਤੁਕੋਂ ਬਿਖੈ ਬਿਸ਼ੇਖੋਕਤਿ ਉਕਤਿਨਿਮਿੰਤਾ ਅਲੰਕਾਰ ਭੀ ਹੈ। ਕਾਰਨ ਇਹਾਂ ਐਸ਼ਵਰਜ ਹੈ, ਕਾਰਜ ਬਾਤ ਬੂਝਨੀ, ਸੋ ਨਹੀਂ ਭਯੋ; ਗਯਾਨ ਕੀ ਨੁਨਤਾ ਤੇ ਕਾਰਜ ਨਹੀਂ ਭਯੋ, ਯਹ ਕਹਿ ਦੀਓ; ਯਾਂਤੇ ਉਕਤਿਨਿਮਿੰਤਾ ਬਿਸ਼ੇਖੰਕਤਿ ਅਲੰਕਾਰ ਹੈ। 'ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ' ਇਸ ਤੁਕ ਮੈਂ ਸੰਭਾਵਨਾਲੰਕਾਰ ਭੀ ਬਤਨ ਹੈ। ਜੇ ਨਜਰਿ ਨਹੀਂ ਆਵੇ ਤੇ ਬਾਤ ਭੀ ਕੋਈ ਨਹੀਂ ਬੂਝੇ, ਯਾਂਤੇ ਸੰਭਾਵਨਾ। ਇਨ ਤੀਨ ਅਲੰਕਾਰਨ ਕਰਿ ਸੰਸ੍ਰਿਸ਼ਟ ਅਲੰਕਾਰ ਭਯੋ।

ਲੱਛਨ- ਦੋਹਿਰਾ। ਅਲੰਕਾਰ ਇਕ ਥਲ ਬਹੁਤ ਜੁਦੇ ਜੁਦੇ ਲਖਿ ਜਾਹਿ।
ਤਿਲੁ ਤੰਦੂਲ ਕੀ ਰੀਤਿ ਸੋ 'ਸੰਸ੍ਰਿਸ਼ਟ' ਕਹੀਏ ਤਾਂਹਿ।

ਔਰ 'ਜਸੁ ਕੀਰਤਿ' ਇਨ ਬਰਨੋਂ ਮੈਂ ਪੁਨਰੁਕਤਿਦਾਭਾਸ ਅਲੰਕਾਰ। 'ਜਸੁ' 'ਕੀਰਤੀ' ਪੁਨਰੁਕਤਿ ਕੋ ਆਭਾਸ ਹੈ, ਅਰਥ ਕਰੇ ਮਿਟ ਜਾਤ ਹੈ। ਲੱਛਨ ਪੀਛੇ ਕਹਿ ਹੀ ਆਏ ਹੈਂ। ਅਰ ਇਨ ਤੁਕੋਂ ਪੈ

Sri Satguru Jagjit Singh Ji eLibrary NamdhariElibrary@gmail.com

ਲੱਛਨ- ਰਚਨਾ ਸੋ ਜਹਿਂ ਬਚਨ ਜੁ ਹੋਇ। 'ਪਰਯਾਯੋਕਤਿ' ਕਹੀਯੇ ਸੋਇ।

ਇਹਾਂ ਪਰਮੇਸੁਰ ਕੀ ਪ੍ਰਾਪਤਿ, ਤਿਸ ਕੀ ਮਹਿਮਾ ਕਹਿਨੀ ਹੋਤੀ, ਸੋ ਏਕ ਜੁਗਤਿ ਸੰਗ ਬਰਨਨ ਕਰੀ; ਐਸਵਰਜ ਕੇ ਗਿਨਾਵਨੇ ਸੇ; ਯਾਂਤੇ ਪਰਯਾਯੋਕਤਿ ਅਲੰਕਾਰ। ਪੂਰਬ ਜਿਸ ਕੋ ਐਸ਼੍ਵਰਜ ਗਿਨਯੋ ਹੈ। ਤਿਸ ਕੀ ਔਰ ਮਹਾਂ ਖੋਟੀ-ਦਸ਼ਾ ਕੋ ਕਹਤ ਹੈਂ:- ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥

ਕਿਤਨੇ ਹੀ ਜੀਵ ਕੀਟ ਆਦਿ ਐਸੇ ਹੋਤ ਹੈ, ਤਿਨ੍ਹੋਂ ਕੈ ਅੰਦਰਿ ਕੀਟ ਹੋਇ ਜਾਤ ਹੈ। ਸੋ ਪਿਛਲੇ ਐਸ਼੍ਵਰਜ ਵਾਰੋ ਜੋ ਹੈ, ਨੋ ਖੰਡ, ਮੈਂ ਜੋ ਜਾਨਤਾ ਹੈ, ਸੇ ਕੀਟ ਕੇ ਅੰਦਰ ਕੀਟ ਕਰਿ ਦਈਤਾ ਹੈ, ਔਰ ਕੋਈ ਤਿਸ ਕੋ ਕਿਆ ਜਾਣ ਸਕੇਗੇ, ਜਿਸ ਕੇ ਅੰਤਰ ਹੋਤ ਹੈ ਸੋ ਭੀ ਨਹੀਂ ਜਾਨ ਸਕਤ ਹੈਂ। 'ਦੋਸੀ ਦੋਸੁ ਧਰੈ' ਦੋਖਨ ਕੇ ਧਾਰਨਵਾਰੋ ਐਸੋ ਦੋਖੀ ਹੁਇ ਜਾਤ ਹੈ ਵਾ ਦੋਖਵਾਰੇ ਪ੍ਰਾਨੀ, ਸੋ ਭੀ ਤਿਸ ਪਰ ਦੋਖ ਕੋ ਧਰਨਵਾਰੇ ਹੋਇ ਜਾਤ ਹੈਂ, ਅਰਥ ਇਹ ਕਿ ਦੋਖ ਵਾਰਯੋਂ ਤੇ ਭੀ ਹੀਨ ਹੋਇ ਜਾਤ ਹੈ। ਪੂਰਬ ਜਿਸ ਕੋ ਦੀਰਘ ਤੇ ਅਤਿ ਦੀਰਘ ਕਹਯੋ, ਸੋ ਏਕ ਗੁਣ ਸਰੂਪ ਕੀ ਪ੍ਰਾਪਤਿ ਬਿਹੀਨ ਨੀਚ ਤੇ ਅਤਿ ਨੀਚ ਹੁਇ ਗਯੋ। ਕਰਮ ਕੇ ਬੰਧਨੋਂ ਕਰਿ ਕਦੇ ਬਡੇ ਤੇ ਬਡੇ ਹੋਇ ਜਾਤ ਹੈ, ਕਰਮ ਕੇ ਬੰਧਨੋਂ ਤੇ ਨੀਚ ਤੇ ਅਤਿ ਨੀਚ ਬਨ ਜਾਤ ਹੈ। ਸਰਬ ਕਿਸੇ ਤੇ ਭਲੇ ਨਹੀਂ ਹੋਤ ਹੈ, ਸਰਬ ਕਿਸੇ ਤੇ ਬੁਰੋ ਨਹੀਂ ਹੋਤ ਹੈ। ਸ਼ੁਭ ਕਰਮਨ ਤੇ ਸੁਖ, ਜੋ ਨਾਸ਼ਵੰਤ, ਸੋ ਭਗਤ ਹੈ। ਕੁਕਰਮਨ ਤੇ ਦੁੱਖ ਜੋ ਹੈਂ ਤਿਨ ਕੋ ਪ੍ਰਾਪਤਿ ਹੋਤ ਹੈ। ਨੌਂ ਖੰਡ ਮੈਂ ਜਾਣਿਓ ਸੁਭ ਕਰਮਨ ਕੋ ਫਲ। 'ਕੀਟ ਮੈਂ ਕੀਟ' ਕੁਕਰਮ ਕੇ ਫਲ; ਸੋ ਦੋਊ ਕਰਮ ਬੰਧਨ ਹੈਂ, ਜਨਮ ਮਰਨ ਕੇ ਦੈਨਹਾਰੇ, ਇਨ ਤੇ ਛੂਟਨ ਕੋ ਉਪਾਇ ਹੈ: ਸਰੂਪ ਕੀ ਪ੍ਰਾਪਤਿ। ਜੋ ਸਰੂਪ ਲਖਤ ਹੈ ਸੋ ਸੰਸਾਰ ਚੱਕ੍ਰ ਕੇ ਭ੍ਰਮਣ ਤੇ ਛੂਟਤ ਹੈ। ਇਤਯਰਥ ।ਇਸ ਤੁਕ ਬਿਖੇ ਅਨਗੁਨਾਲੰਕਾਰ ਹੈ:

ਲੱਛਨ- ਪੂਰਬ ਕੋ ਗੁਨ ਸੰਗਤ ਪਾਇ।ਬੈਜੁ 'ਅਨਗੁਨ' ਤਾਂਹਿ ਬਤਾਇ।ਬਾਤ ਨਾ ਬੁਝਨੀ ਦਰਿਦ੍ਰ ਹੁਤ, ਤਿਸ ਤੇ ਕੀਟ ਕੇ ਅੰਦਰਿ ਕੀਟ ਭਯੋ, ਤਿਸ ਤੇ ਭੀ ਦੋਖ ਧਰਨਹਾਰੋ ਭਯੋ। ਦੁਖ ਤੇ ਮਿਲਕੇ ਦੁਖ ਅਧਿਕ ਹੀ ਅਧਿਕ ਬਧਯੋ, ਯਾਂਤੇ ਅਨਗੁਨਾਲੰਕਾਰ।ਪ੍ਰਥਮੈ ਤੋ ਅਧਿਕ ਤੇ ਅਧਿਕ ਕੋ ਬਿਨਾ ਗਯਾਨ ਤੇ ਨੀਚ ਤੇ ਅਤਿ ਨੀਚ ਬਤਾਯੋ, ਅਬ ਅਗਾਰੀ ਰੰਕ ਤੇ ਜੋ ਅਤਿ ਰੰਕ ਹੈ ਤਿਸ ਕੋ ਗਯਾਨ ਪ੍ਰਾਪਤਿ ਤੇ ਮਹਾਨ ਤੇ ਅਤਿ ਮਹਾਨ ਕਹਤ ਹੈਂ:-ਨਾਨਕ ਨਿਰਗੁਣਿ ਗੁਣੁਕਰੇ ਗੁਣਵੰਤਿਆ ਗੁਣ ਦੇ॥

ਸ੍ਰੀ ਨਾਨਕ ਜੀ ਕਹਤ ਹੈਂ: ਨਿਰਗੁਣ ਜੋ ਮਾਨੁਖ ਹੈ; ਨਹੀਂ ਹੈ ਜਿਸ ਕੇ ਬਿਖੇ ਗੁਣ ਕੋਈ ਸੋ ਨਿਰਗੁਣ; ਸਤਿ, ਸੰਤੋਖਾਦਿ ਗੁਣ ਵਾ ਸੂਰਤਣ ਬਿਦਯਾ ਤੇ ਆਦਿ ਗੁਣ, ਵਾ ਆਸ਼ੈ ਨਿਰਗੁਣ ਕਹਣੋ ਕੋ ਇਹੁ: ਜੋ ਬਲ ਤੇ ਅਰੁ ਬੁਧਿ ਤੇ ਅਰੁ ਧਨ ਤੇ ਅਰੁ ਰੂਪ ਤੇ ਔਰੁ ਐਸ਼੍ਵਰਜ ਸੰਪੂਰਨ ਜਗਤ ਕੀ ਬਡਯਾਈ ਕੇ ਗੁਣ ਜੈਤੇ ਹੈਂ, ਸੋ ਏਕ ਭੀ ਤਿਸ ਕੇ ਬਿਖੇ ਨਹੀਂ ਹੈ। ਐਸਾ ਜੋ ਨਿਰਗੁਣ ਸੋ ਗੁਣ ਕਰੇ, ਕਿਆ? ਗਯਾਨ ਜੋ ਗੁਣ ਹੈ ਤਿਸ ਕੋ ਗ੍ਰਹਣ ਕਰੈ। 'ਗ੍ਰਹਣ' ਕੋ ਪਦ ਅਧਯਾਹਾਰ ਊਪਰ ਤੇ ਕਰੇ; ਸੋ ਕਿਸਤੇ ਗਯਾਨ ਰੂਪੀ ਗੁਣ ਕੋ ਗ੍ਰਹਣ ਕਰੈ? ਸੋ ਕਹਤ ਹੈਂ; 'ਗੁਣਵੰਤਿਆ ਗੁਣੁ ਦੇ'। 'ਗੁਣਵਤਿ' ਕੋ ਅਰਥ ਗੁਣਵੰਤੇ। ਤਕਾਰ ਲਘੁ ਤੇ ਦੀਰਘ ਭਯੋ। ਸੋ

Sri Satguru Jagjit Singh Ji eLibrary NamdhariElibrary@gmail.com

ਨਾਮ ਅਨੰਦ ਕੋ ਹੈ, ਜੋ ਅਨੰਦ ਸਰਬ ਓਰ ਤੇ ਹੋਇ ਤਿਸ ਕੋ ਨਾਮ 'ਆਮੋਦ' ਕਹਤ ਹੈਂ; ਤੈਸੇ ਈਹਾਂ 'ਆ' ਕੋ ਅਰਥ ਸਰਬ ਓਰ ਤੈ; ਆਪਣੇ ਗੁਣ ਜੋ ਗਯਾਨ ਤਿਸ ਨਿਰਗੁਣ ਕੋ ਦੇਇ। ਅਰਥ ਇਹ: ਜੋ ਸਤਿਗੁਰ ਕੋ ਗਯਾਨ ਉਪਦੇਸਯੋ ਹੋਇ ਐਸੋ ਨ ਹੋਇ ਜੋ ਆਪ ਤੇ ਹੀ ਪੜਿਕੇ ਗਯਾਨਵਾਨ ਹੋਇ ਬੈਠੇ, ਵਾ ਪੰਡਤੋਂ ਤੇ ਕਥਾ ਸੁਣਿ ਕਰਿ ਗਯਾਨ ਕੀ ਬਾਤਾਂ ਕਹਨਵਾਰ ਹੁਇ ਜਾਇ। ਮੁਖਯ-ਗਯਾਨੀ ਕੋ ਬਰਨਨ ਇਹਾਂ ਨਹੀਂ ਹੈ। ਦ੍ਰਿੜ-ਨਿਸ਼ਚਾ ਜਿਨ ਕੇ ਰਿਦੇ ਬਿਖੇ ਹੋਇਆਵੈ, ਤਿਨ ਕੋ ਕਥਨ ਹੈ; ਔਰ ਤੋ ਸਰਬ ਗੁਣ ਤੇ ਹੀਨ ਹੈਂ, ਏਕ ਸਤਿਗੁਰੋਂ ਤੇ ਗਯਾਨ ਕੀ ਪ੍ਰਾਪਤਿ ਹੁਇ ਗਈ ਹੈ। ਸੋਈ ਸਰਬੋਤਮ ਹੋਤ ਹੈ। ਜੇ ਕੋਈ ਕਹੈ ਕੈਸੋ ਸਰਬੋਤਮ ਹੋਤ ਹੈ? ਸੋਈ ਬਤਾਵਤ ਹੈਂ:-

ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣ ਕੋਇ ਕਰੇ॥ 7॥

ਬ੍ਰਹਮਾ ਅਰ ਕੀਟੀ ਪ੍ਰਯੰਤ ਇਨ ਕੇ ਬੀਚ ਐਸੋ ਕੋਈ ਨਹੀਂ ਦੀਸਤ ਹੈ, ਜੋ ਤਿਸ ਗਯਾਨਵਾਨ ਕੇ, 'ਗੁਣ' ਨਾਮ 'ਤਨ' ਕੋ ਨਾਨਾ ਅਰਥਾਂ ਮੈਂ ਕਹਯੋ ਹੈ, ਉਸ ਕੇ ਸਰੀਰ ਕੀ ਉਤਪਤਿ ਕਰੈ; ਸੋ ਤੋ ਸਮੁੰਦਰ ਮੈਂ ਬੂੰਦ ਜਲ ਕੀ ਮਿਲ ਗਈ। ਐਸੋ ਕੋਣ ਹੈ ਜੋ ਉਸ ਬੂੰਦ ਕੋ ਨਿਰਾਲੀ ਕਰਿ ਸਕੇ, ਐਸੇ ਕਹਨੇ ਕਰਿ ਸਰਬ ਤੇ ਅਧਿਕ ਜਨਾਯੋ। ਜੋ ਕਿਸੀ ਕੋ ਭੀ ਉਪਾਇ ਤਿਸ ਕੇ ਸਰੀਰ ਦੇਨ ਮੈਂ ਭਯੋ, ਐਸੋ ਸਰੂਪ ਹੋਇ ਜਾਤ ਹੈ। ਵਾ ਗੁਣ ਕੋ ਅਰਥ: ਰਜ, ਤਮ, ਸਤ, ਇਹ ਤੀਨੋਂ ਗੁਣ ਕੋ ਤਜ ਕਰਿ ਚੌਥੇ ਪਦੁ ਬਿਖੈ ਲੀਨ ਜੋ ਭਯੋ ਹੈ, ਸੋ ਐਸੇ ਕੋਈ ਨਹੀਂ ਜੋ ਤੀਨ ਗੁਣ ਬਿਖੈ ਉਸ ਕੀ ਬ੍ਰਿਤਿ ਕੋ ਲਿਆਵੇ। ਵਾਰ ਅਪਣੇ ਸਰੂਪ ਕੋ ਗਯਾਨ ਭਯੋ ਜਿਸ ਕੇ, ਸੋ ਫੇਰ ਕਦਾਚਿਤ ਨਹੀਂ ਜਾਤ ਹੈ, ਯਾਂਤੇ ਮਹਾਨ ਤੇ ਮਹਾਨ ਭਯੋ। ਜੋ ਦ੍ਰਿਸ਼ਯਮਾਨ ਹੈ: ਨਰੁ, ਸੁਰ, ਅਸੁਰ, ਤਿਸਕੋ ਕੋਈ ਗੁਣ ਨਹੀਂ ਕਰ ਸਕਤ ਹੈਂ। ਇਤਯਰਥ।

ਇਨ ਦੋਊ ਤੁਕਨਿ ਮੈਂ ਯਮਕਾਲੰਕਾਰ ਹੈ। ਗੁਣ ਪਦ ਬਹੁਤ ਬੇਰ ਆਯੋ, ਅਰਥ ਭਿੰਨ ਭਿੰਨ ਭਯੋ। ਲਤਨ ਪੂਰਬ ਕਹਿ ਆਏ ਹੈਂ। ਔਰ ਕਾਵਯਲਿੰਗ ਅਲੰਕਾਰ ਭੀ ਹੈ। ਗਯਾਨਵਾਨ ਨੇ ਸਿਖ ਨਿਰਗੁਣ ਕੇ ਗਯਾਨ ਦੀਓ, ਯਾ ਅਰਥ ਕੋ ਸਮਰਥਨ ਕਰਯੋ। ਤਿਸ ਕੋ ਗੁਣ ਕੋਈ ਭੀ ਨਹੀਂ ਕਰਿ ਸਕਤ ਹੈ, ਐਸੇ ਹਇ ਜਾਤ ਹੈ। ਐਸੇ ਸਪਸ਼ਟ ਕਰਨੇ ਕਰ ਕਾਵਯਲਿੰਗ ਅਲੰਕਾਰ ਹੋਤ ਹੈ।

॥ ਇਨ੍ਹਾਂ ਪਉੜੀਆਂ ਦੀ ਸਮੁਚਯ ਭਾਵ ਅਲੋਚਨਾ॥

ਅਬ ਸੰਪੂਰਨ ਜਗਤ ਕੇ ਪਦਾਰਥ ਨਾਸ਼ਵੰਤ ਦਿਖਾਏ, ਇਸ ਤੇ ਤੋ ਸਿਖ ਕੋ ਬੈਰਾਗਵਾਨ ਕਰਯੋ, ਅਰ ਗਯਾਨ ਕੇ ਅਬਿਨਾਸ਼ੀ ਬਤਾਇ ਕਰਿ ਚਪ ਬਧਾਈ। ਸਿਖ ਕੀ ਬ੍ਰਿਤਿ ਨਿਸ਼ਚਲ ਟਿਕਾਇਕੇ ਅਗਾਰੀ ਸ੍ਰਵਣਾਂਦਿਕ ਕੋ ਕਹਤ ਹੈਂ। ਸਰੂਪ ਕੀ ਪ੍ਰਾਪਤਿ ਕੇ ਕਾਰਣ ਭੀ ਏਹੀ ਹੈਂ। ਪ੍ਰਸ਼ਨ:- ਸ੍ਰਵਣਾਦਿ ਕੇ ਉਪਦੇਸ਼ ਤੋਂ ਤਬ ਬਨਤ ਹੈ ਜਬ ਚਤੁਸ਼ਟੈ ਸਾਧਨ ਸੰਪੰਨ ਸਿਖ ਕੋ ਕਰ ਲੀਓ ਹੋਇ? ਈਹਾਂ ਬਿਹੀਨ ਚਤੁਸ਼ਟੈ-ਸਾਧਨ ਕੇ ਜੋ ਸ੍ਰਵਣਾਦਿ ਕਹਤ ਹੋ ਇਹ ਬੇ ਮ੍ਰਿਜਾਦ ਬਿਧਿ ਬਨਤ ਹੈਂ? ਸਤਿਗੁਰ ਸਰਬਗਯ ਐਸੇ ਨਹੀਂ ਕਹਿਤੇ।

ਉਤਰ:- ਸ੍ਰੀ ਨਾਨਕ ਜੀ ਨੇ ਇਨ ਸਪਤ ਪੌੜੀ ਮੇਂ ਚਤੁਸ਼ਟੇ ਸਾਧਨ ਭੀ ਕਹਿ ਕਰਿ ਸਿਖ ਕੋ ਸੰਪੰਨ ਕੀਓ ਹੈ। ਸੋਈ ਕਹਤ ਹੈਂ; ਬੈਰਾਗ, ਬਿਬੇਕ, ਖਟਸੰਪਦਾ, ਮੁਮਖਯਾ। (1) 'ਬੈਰਾਗ' [illegible] (2) 'ਬਿਬੇਕ' ਏਹ ਜੋ

Sri Satguru Jagjit Singh Ji eLibrary NamdhariElibrary@gmail.com

ਸਤਿਅਸਤਿ ਕੋ ਬਿਚਾਰਨਾਂ। (3) 'ਖਟ ਸੰਪਦਾ' ਇਹ ਜੇ ਸਮ, ਦਮ, ਉਪ੍ਰਤਿ, ਤਤਿਖਯਾ, ਸ੍ਰਧਾ, ਸਮਾਧਾਨਤਾ। (4) 'ਮੁਮਖਯਾ' ਇਹ ਜੋ ਬੰਧਨ ਤੇ ਛੂਟਨ ਕੀ ਇਛਾ। ਇਹ ਚਤੁਸ਼ਟੇ ਸਾਧਨ ਜਹਾਂ ਜਹਾਂ ਕਹੈ ਹੈਂ ਅਬ ਸੋਹੀ ਪ੍ਰਗਟਾਵਤ ਹੈਂ– ਜੇ ਜੁਗ ਚਾਰੇ ਆਰਜਾ' ਇਨ ਚਾਰ ਤੁਕੋਂ ਬਿਖੈ ਤੋ ਬੈਰਾਗ ਬਰਨਯੇ। ਪਦਾਰਥ ਮਿਥਯਾ ਦਿਖਾਏ, ਜੋ ਇਨ ਤੇ ਕਾਜ ਕਛੁ ਨਹੀ ਸਰਤ ਹੈ, ਇਹ ਤੋ ਅਸਤਿ ਬਿਚਾਰਿਕੇ ਜਾਨੈ। 'ਗਾਵੇ' ਕੀ ਸਰਬ ਪਉੜੀ ਮੈਂ, 'ਥਾਪਿਆ ਨ ਜਾਇ ਕੀਤਾ ਨਾ ਹੋਇ' ਇਤਿਯਾਦਿ ਔਰ ਅਸਥਾਨ ਮੈਂ ਜਹਾਂ ਸਚੁ ਕੋ ਬਰਨਨ ਕਰਯੋ ਹੈ, ਯਾਂ ਸੋ ਬਿਬੇਕ ਸੰਪੰਨ ਸਿਖ ਕੀਓ, ਸਤਿ-ਅਸਤਿ ਕੋ ਬਿਚਾਰ ਬਤਾਯੋ। ਆਗੇ 'ਖਟ ਸੰਪਦਾ' ਕਹਤ ਹੈਂ। 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਇਸ ਤੁਕ ਮੈ 'ਸਮ' ਕੋ ਸੰਪੰਨ ਕੀਓ, ਦੁਖ ਸੁਖ ਇਕਸਾਰ ਜਾਨੋ, ਹੁਕਮ ਕੋ ਮਾਨਿਕੇ ਪ੍ਰਸੰਨ ਰਹੈ, ਦੁਖ-ਸੁਖ ਮੈ ਸਮ ਬੁਧਿ ਕਰੈ। 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ' ਇਸ ਤੁਕ ਮੈਂ 'ਦਮ' ਕੇ ਸੰਪੰਨ ਸਿਖ ਕੀਓ, ਜੋ ਸਰਬ ਓਰ ਤੇ ਇੰਦ੍ਰੀਓਂ ਕੋ ਰੋਕਿ ਕੇ 'ਸਤਿਨਾਮ' ਸਿਮਰੇ। 'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ' ਇਸ ਤੁਕ ਮੈਂ 'ਉਪਰਤਿ' ਸੰਪੰਨ ਸਿਖ ਕੀਓ, ਜੋ ਬਿਸ਼ਯਨ ਕੇ ਭੂਖੇ ਹੈਂ ਤਿਨੋਂ ਕੀ ਭੂਖ ਕੈਸੇ ਨਹੀਂ ਜਾਤ ਹੈ, ਤਿਨ ਕੋ ਤਯਾਗ ਕੇ ਹੀ 'ਤ੍ਰਿਪਤਿ ਮਾਨ'। ਜਿਨ ਪਦਾਰਥੋਂ ਕੇ ਪਾਸ ਆਵਨ ਤੇ ਬੁਹਰ ਭੂਖ ਹੀ ਰਹੇ ਤਿਨ ਕੀ, ਯਾਂ ਤੇ ਤਿਨ੍ਹੋ ਕਾ ਤਯਾਗ ਕਰਿ। 'ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ' ਇਸ ਮੈਂ 'ਤਤਿਖਯਾ' ਸੰਪੰਨ ਕੀਓ। ਹਉਮੈ ਕੋ ਤਯਾਗ ਕਰਿ ਹੁਕਮ ਕੇ ਅਨੁਸਾਰੀ ਜਾਨ ਕਰਿ ਦੁਖ-ਸੁਖ ਮਹਿ ਰਹੈ। 'ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ' ਇਤਯਾਦੀ ਤੁਕਨਿ ਮੈਂ 'ਗੁਰ ਮਹਿਮਾ' ਕੋ ਬਰਨਨ ਕਰਿਕੇ 'ਸ਼ਰਧਾ' ਸੰਪੰਨ ਸਿਖ ਕੀਓ। ਗੁਰੁ ਐਸੇ ਹੈ ਜਿਨ ਕੀ ਬਰੁਬਰ ਕੇ ਔਰ ਕੋਊ ਨਹੀਂ, ਐਸੋ ਸੁਨਿਕਰਿ ਸਿਖ ਗੁਰ ਸ਼ਰਧਾ ਕੋ ਧਾਰਨ ਕਰੇ। ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣ ਦੇ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣ ਕੋਇ ਕਰੇ॥ 'ਇਨ ਤੁਕਨਿ ਸੋਂ 'ਸਮਾਧਾਨਤਾ' ਸੰਪੰਨ ਸਿਖ ਕੀਓ। ਜੋ ਉਚ ਤੇ ਉਚ ਸੋ ਨੀਚ ਤੇ ਨੀਚ ਭਯੋ। ਜੋ ਨੀਚੇ ਤੇ ਨੀਚ ਗੁਰੋਂ ਕੇ ਗਯਾਨ ਕਰਿ ਉਚ ਤੇ ਉਚ ਬਨਤ ਹੈ। ਇਹ ਸੁਨਿ ਸਿਖ ਕੋ ਚਪ ਭਈ; ਜੋ ਨਿਰਗੁਣ ਕੋ ਭੀ ਗੁਰ ਗੁਣਵਾਨ ਕਰ ਦੇਤ ਹੈਂ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥' 'ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ 'ਇਨ ਤੁਕਨਿ ਮੇਂ 'ਮੁਮਖਯਾ' ਪ੍ਰਗਟ ਹੀ ਹੈ। ਇਨ ਚਤੁਸ਼ਟੈ ਸਾਧਨ ਮੈਂ ਅਗਾਰੀ ਪਿਛਾਰੀ ਕ੍ਰਮ ਕੋ ਵਿਕਲਪ ਨਹੀਂ ਬਨਤ ਹੈ। ਸਿਖ ਕੋ ਚਤੁਸ਼ਟੈ ਮੈਂ ਪਹਿਲੇ ਕੋਈ ਉਪਜਿ ਪਰਯਾਂਕੇ ਨੇਮ ਨਹੀਂ ਹੈਂ, ਇਸ ਬਾਤ ਕੇ ਸਿਧ ਕਰਨਿ ਮੇਂ ਗ੍ਰੰਥ ਬਧਤ ਹੈਂ, ਯਾਂਤੇ ਨਹੀਂ ਕੀਓ। ਆਗੇ ਸ੍ਰਵਣ, ਮਨਨ, ਨਿਧਯਾਸਨ, ਸਾਖਯਾਤਕਾਰ, ਇਨ ਕੋ ਕ੍ਰਮ ਜਥਾ ਜੋਗ ਚਾਹੀਏ ਸੋ ਤਿਸੀ ਰੀਤਿ ਸੋਂ ਅਬ ਕਹੈਂਗੇ। ਇਸ ਪ੍ਰਕਾਰ ਸਪਤ ਪਉੜੀ ਜੋ ਪੁਰਬ ਕਹੀ ਹੈਂ ਤਿਨ੍ਹੋਂ ਕਰਿ ਚਤੁਸ਼ਟ ਸਾਧਨ ਸੰਪੰਨ ਕੀਓ। ਅਬ ਸਰੂਪ ਕੀ ਪ੍ਰਾਪਤਿ ਕੇ ਯੋਗ ਸਿਖ ਬਨਯਾ। ਯਾਂਤੇ ਸ੍ਰਵਣਾਦਿ ਕਹਤੇ ਹੈਂ। 'ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥' ਇਸ ਤੁਕ ਮੈਂ ਜੋ ਨਿਰਗੁਣ ਅਰਥ ਬ੍ਰਹਮ ਕੋ ਕਹਤ ਹੈਂ ਤਿਨ ਤੇ ਸੰਗਤਿ ਅਰਥ ਕੀ ਨਹੀਂ ਬੈਠਤ ਹੈ। ਨਿਰਗੁਣ ਨਾਮ ਬ੍ਰਹਮ ਕੋ ਰੂਢਿ ਹੋਇ ਰਹਯੋ ਹੈ, ਯਾਂਤੇ ਬਿਨਾ ਸਮਝੇ ਸੋਊ ਅਰਥ ਲੋਕ ਕਰਿ ਦੇਤ ਹੈਂ ਅਰ ਜੀਵ ਬਿਹੀਨ ਗੁਣ ਤੇ ਜੋ ਹੈ, ਸੋ ਭੀ

Sri Satguru Jagjit Singh Ji eLibrary NamdhariElibrary@gmail.com

ਨਿਰਗੁਣ ਨਾਮ ਗੁਰ ਜੀ ਨੇ ਬਹੁਤ ਸਥਾਨ ਕਹਯੋ ਹੈ; ਸੋ ਪ੍ਰਮਾਨ ਕਹਤ ਹੈਂ:- ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥

(ਬਿਲਾਵਲ ਮ: 5-177)

ਇਸ ਤੁਕ ਮੈਂ ਭੀ ਲੋਕ ਜੇ ਅਜਾਨ ਹੈਂ ਬ੍ਰਹਮ ਕੋ ਹੀ ਅਰਥ ਕਰਿ ਦੇਤ ਹੈਂ।

ਨਿਰਗੁਣ ਸਰਗੁਣ ਦੇਊ ਦੋ ਸਰੂਪ ਈਸ਼੍ਵਰ ਕੇ, ਤੀਸਰੋ ਕੇਲ ਕਰਨਵਾਰੋ ਦੋਊ ਮੈਂ ਕੋਨ ਠਹਿਰਯੋ, ਤਿਨ ਕੋ ਅਰਥ ਕਰਨ ਮੈਂ? ਗੁਰੂ ਜੀ ਕੋ ਅਰਥ ਧਰਯੋ ਹੋਏ ਐਸੇ: ਈਘੈ ਨਿਰਗੁਣ=ਜੀਵ ਅਲਪਗਯ। 'ਈਘ' ਕੇ ਅਰਥ 'ਆਪਣੀ ਦਿਸ਼'। ਊਘੈ ਸਰਗੁਨ= ਈਸ਼ਰ ਸਰਬਗਯ, ਸੋ ਦੋਊਨ ਕੇ ਬਿਖੇ ਸਚਿਦਾਨੰਦ ਬ੍ਰਹਮ ਕੇਲ ਕਰਤ, ਕਿਆ? ਦੋਊਨ ਕੇ ਬਿਖੇ ਬਸ ਭੀ ਰਹਯੋ ਹੈ ਅਰੁ ਚੇਤੰਨਤਾ ਦੇ ਕਰਿ ਸਰਬ ਕਾਰਜ ਸਿਧ ਕਰਤ ਹੈ। ਅਰੁ ਪ੍ਰਮਾਣ:-

ਸਰਗੁਣ ਨਿਰਗੁਣ ਥਾਪੈ ਨਾਉ॥ ਦੁਖ ਮਿਲਿ ਏਕੈ ਕੀਨੋ ਠਾਉ॥

(ਆਸਾ ਮ: 5-68)

ਈਹਾਂ ਭੀ ਬ੍ਰਹਮ ਕੋ ਅਰਥ ਕਰਨੇ ਪਰ ਵਹੀ ਦੂਖਨ ਪੁਰਬ ਵਾਹੋ। ਇਨ ਦੋਊ ਤੁਕੋਂ ਬਿਖੈ ਗੁਰੂ ਜੀ ਨੇ ਤਤਵੰਮਸੀ ਮਹਾਂ ਵਾਕ ਕੋ ਬਰਨਯੋ ਹੈ। 'ਤਤ' ਈਸ਼੍ਵਰ ਸਰਬਗਯ 'ਤ੍ਵੰ' ਜੀਵ ਅਲਪਗਯ। ਦੋਨੋਂ ਕੇ ਭਾਗਤਯਾਗ ਲੱਖਣਾ ਸੋਂ 'ਅਸੀ' ਪਦ ਸਥਾਨ ਭਯੋ।

'ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੋ ਤਰਸੁ ਪਇਓਈ॥' (ਸਲੋਕ ਮ: 5) ਇਸਤੇ ਆਦਿ ਅਰ ਸਥਾਨ ਮੈਂ ਭੀ ਗੁਰੂ ਜੀ ਨੇ 'ਨਿਰਗੁਨ' ਨਾਮ 'ਜੀਵ' ਕੋ ਕਹਯੋ ਹੈ। ਜੋ ਜਾਨਤ ਹੈਂ, ਜਹਾਂ, 'ਜੀਵ' ਕੋ ਅਰਥ ਬਨਤ ਹੈ 'ਜੀਵ' ਕੋ ਕਹਤ ਹੈਂ। ਜਹਾਂ ਨਿਰਗੁਣ 'ਬ੍ਰਹਮ' ਕੋ ਅਰਥ ਧਰਯੋ ਹੈ, ਤਹਾਂ 'ਬ੍ਰਹਮ' ਕੇ ਅਰਥ ਕਰਤ ਹੈਂ। ਜੋ ਨਹੀਂ ਜਾਨਤ ਹੈਂ, 'ਢਿ' ਨਿਰਗੁਣ ਬ੍ਰਹਮ ਕੋ ਨਾਮ ਹੋਇ ਰਹਯੋ ਹੈ ਤਿਸੀ ਕੋ ਅਰਥ ਕਰ ਦੇਤ ਹੈਂ, ਅਨਜਾਨਪਨੇ ਸੋਂ।

ਨੰ. 6. ਨਿਰਮਲ ਸੰਤ ਪੰਡਿਤ ਤਾਰਾ ਸਿੰਘ ਜੀ 'ਨਰੋਤਮ' (ਖਟ-ਦਰਸ਼ਨੀ)

ਹੇ ਗੁਰੋ ਐਸੇ ਨਿਜ ਸ੍ਵਰੂਪ ਕੇ ਗਯਾਨ ਵਾਲੇ ਪੁਰਖ ਕੋ ਤਿਸ ਗਯਾਨ ਕਾ ਕਿਆ ਫਲ ਹੋਵੇ ਹੈ।

ਯਹ ਸੁਨ ਅਵਿਦਯਾ ਕੀ ਅਤਯੰਤ ਨਿਬ੍ਰਤਿ ਹੋਵੇ ਹੈ, ਯਹ ਉਤਰ ਕਹੈ॥ ਜੇ ਜੁਗ ਇਤਿ॥ ਜੁਗ ਪਦ ਕੇ ਮੂਲ ਯੁਗ ਔ ਯੁਕ ਦੋ ਹੈ॥ ਇਸ ਅਰਥ ਮੇ ਯੁਗ ਪਦ ਯੁਕ ਸੇ ਬਨਾ ਹੈ॥ ਅਰਥ ਇਸ ਕਾ ਸੰਯੁਕਤ ਹੈ ਚਾਹੇ ਪਦ ਸੇ ਪ੍ਰਕਰਣ ਤੇ ਚਾਰ ਸਾਧਨ ਲੈਨੇ ਆਗਯਾ ਸੇ ਸੋਠਾ ਕਾ ਨਾਮ ਹੈ॥ ਹੋਰ ਨਾਮ, ਭੇਦ ਕਾ ਹੈ॥ ਤਿਸ ਭੇਦ ਕੋ ਦੋਨੇ ਵਾਲੀ ਅਵਿਦਯਾ ਕਾ ਨਾਮ 'ਹੋਰਦ' ਹੈ॥ ਸੁਣੀ ਰਹਤ ਹੋਨੇ ਕਾ ਨਾਮ ਹੈ॥ ਯਾਤੇ, ਜੇ ਪੁਰਖ ਚਾਰੇ ਜੁਗ ਨਾਮ ਬਿਬੇਕਾਦਿ ਚਾਰ ਸਾਧਨੋ ਕੇ ਸੰਯੁਕਤ ਹੋ, ਗੁਰੁ ਕੇ ਸਮੀਪ ਪਹੁਚ ਕਰ ਸ੍ਰਵਣ ਸੇ ਲੇ ਨਿਦਿਧਯਾਸਨ ਪ੍ਰਯੰਤ ਸਾਧਨ ਕਰ; ਆਰਜਾ ਨਾਸ, ਆਰਯ ਭਾਵ, ਸ੍ਰੇਸਟ ਹੋ ਗਏ ਹੈ; ਵਹੀ ਪੁਰਖ ਸਾਖਯਾਤਕਾਰ ਗਯਾਨ ਕੋ ਪ੍ਰਾਪਤ ਹੋ ਕਰ; 'ਹੋਰਦ' ਨਾਮ, ਅਪਨੇ ਸੈ ਬ੍ਰਹਮ ਕਾ ਭੇਦ ਦੇਨੇ ਵਾਲੀ ਅਵਿਦਯਾ ਸੇ 'ਸੂਣੀ' ਨਾਮ ਰਹਿਤ ਹੋਵੇ ਹੈ॥ ਭਾਵ, ਗਯਾਨ ਕੇ ਪ੍ਰਭਾਵ ਸੇ ਅਗਯਾਨ ਕੀ ਅਤਯੰਤ ਨਿਬ੍ਰਿਤਿ ਵਾਲੇ ਹੋਵੇ ਹੈ॥ ਹੇ ਗੁਰੋ! ਅਗਯਾਨ ਕੀ ਅਤਯੰਤ ਨਿਬ੍ਰਿਤ ਵਾਲੇ ਪੁਰਖ ਕਹਾ ਜਾਣੀਐ ਹੈ॥ ਯਹਿ ਸੁਨ ਸਤੁਢਿ ਕੋ ਮਾਰ ਕਰ ਤਿਨ ਕੇ ਮਧ ਸੇ ਸੂਰਬੀਰੋ ਵਤ ਗਯਾਨੀ ਨਵ-ਨਿਧ ਸੰਸਾਰ ਕੇ ਨਾਸ ਮੇ ਸੋਭੇ ਹੈ॥ ਯਹਿ ਕਹੈ॥

Sri Satguru Jagjit Singh Ji eLibrary NamdhariElibrary@gmail.com

ਨਵਾ ਖੰਡਾ ਇਤਿ॥ ਖੰਡਾ ਪਦ ਈਹਾ ਖੰਡਨ ਕਾ ਅਰਥਾਤ ਨਿਬ੍ਰਿਤਿ ਕਾ ਵਾਚਕ ਹੈ॥ ਯਾਤੇ, ਹੈ ਸਿਖ ਨਵਾ ਖੰਡਾ ਵਿਚਿ ਜਾਣੀਐ ਕਹੀਯੇ ਨਉ ਪ੍ਰਕਾਰ ਕੇ ਸੰਸਾਰ ਕੀ ਨਿਬ੍ਰਿਤਿ ਮੇ ਥਿਤਿ ਹੂਏ ਸਭ ਕੋ ਵਹੁ ਭਾਨ ਹੋਵੇ ਹੈ॥ ਹੇ ਗੁਰੋ! ਨਵ ਨਿਧ ਸੰਸਾਰ ਕੇ ਬਿਨਾਸ ਕਾਲ ਮੇਂ ਕੋਈ ਵਿਕਾਰ ਰਹ ਭੀ ਜਾਤੇ ਹੋਗੇ? ਯਹ ਸੁਨ ਕਹੇ॥ ਨਾਲਿ ਇਤਿ॥ ਹੇ ਸਿਖਯ! ਸਭ ਕਾਮਾਦਿ ਵਿਕਾਰ ਸੰਸਾਰ ਬ੍ਰਿਛ ਕੀ ਸਾਖਾ ਹੈ॥ ਯਾਤੇ ਜਹਾ ਬ੍ਰਿਛ ਜਾਵੇ, ਸਾਖਾ ਸਾਥ ਹੀ ਜਾਵੇ ਹੈ, ਪੀਛੇ ਕੋਈ ਨਹੀ ਰਹੇ॥ ਨਵ-ਨਿਧ ਸੰਸਾਰ ਗਯਾਤਾ, ਗਯਾਨ, ਗੈਯ, ਤ੍ਰੈ ਭੋਕਤਾ, ਭੋਗ, ਭੋਗਯ,3॥ ਕਹਤਾ, ਕ੍ਰਿਯਾ ਕਰਣ 3॥ ਯਹ ਹੈ॥ ਵਾ, ਯਹ ਹੈ;-ਪਾਂਚ ਮਹਾਭੂਤ 1, ਪਾਂਚ ਗਿਆਨ ਇੰਦ੍ਰ 2. ਪਾਂਚ ਕਰਮ ਇੰਦ੍ਰ, ਪਾਂਚ ਪ੍ਰਾਣ 4. ਚਾਰ ਅੰਤਹਕਰਣ 5. ਏਕ ਸਥੂਲ ਸਰੀਰ 6. ਤੀਨ ਕਰਮ, 7. ਤੀਨ ਅਵਸਥਾ 8. ਇਨ ਸਭ ਕਾ ਮੂਲ ਅਗਯਾਨ 9॥

ਹੇ ਗੁਰੋ! ਅਗਯਾਨ ਕੀ ਅਤਯੰਤ ਨਿਬ੍ਰਿਤੀ ਕਾਲ ਮੇਂ ਗਯਾਨੀ ਔਰ ਕਿਆ ਲਾਭ ਲੇਵੇ ਹੈ? ਯਹ ਸੁਨ ਕਹੇ। ਚੰਗਾ ਇਤਿ॥

ਹੇ ਸਿਖਯ! ਗਯਾਨ ਮੇ ਅਗਯਾਨ ਕੇ ਅਤਯੰਤ ਨਾਸ਼ ਹੋਨੇ ਕਾਲ ਮੇ ਗਯਾਨਵਾਨ ਅਪਨੇ ਪਰਮਾਨੰਦ ਸ੍ਵਰੂਪ ਕੋ ਪ੍ਰਾਪਤ ਹੋ ਕਰ ਅਪਨਾ 'ਚੰਗਾ ਨਾਮ' ਕਹੀਯੇ ਉਤਮ ਨਾਮ ਧਰਾਵੈ ਹੈ॥ ਔ ਉਤਮ ਨਾਮ ਧਰਾਯ ਕੇ 'ਬ੍ਰਹਮ-ਵੇਤਾ ਬ੍ਰਹਮ ਹੀ ਹੋਵੇ ਹੈ', ਐਸੇ ਵੇਦ ਸੇ ਅਪਨੇ ਬ੍ਰਹਮ-ਰੂਪ ਹੋਨੇ ਕੇ ਯਸ਼ ਕੀ 'ਕੀਰਤ' ਨਾਮ, ਕਥਨ ਕੋ ਲੈਵੇ ਹੈ॥ ਭਾਵ ਯਹ ਗੀਤਾ-ਸਿੰਮ੍ਰਿਤੀ ਮੇ ਜੋ ਖਰ-ਅਖਰ ਨਾਮੋ ਵਾਲੇ ਮਾਯਾ-ਜੀਵ ਸੇ ਪਰੇ ਉਤਮ ਨਾਮ ਵਾਲਾ ਪਰਮਾਤਮਾ ਕਹਾ, ਵਿਦਵਾਨ ਉਸ ਨਾਮ ਕੋ ਧਰਾਯ ਕੇ ਵਹੀ ਸ੍ਵਰੂਪ ਹੂਯਾ, ਵੇਦ ਸੇ ਅਪਨੇ ਜਸ ਕਾ ਕਥਨ ਸੁਨੇ ਹੈ॥

ਹੇ ਗੁਰੁ! ਐਸੇ ਬ੍ਰਹਮ ਭਾਵ ਕੋ ਕੋਊ ਬ੍ਰਹਮ ਵੇਤਾ ਹੀ ਪਾਵੇ ਹੈ, ਸਭੀ ਕਿਉਂ ਨਹੀ ਪਾਵੇ? ਯਹ ਸੁਨ ਅਨਧਿਕਾਰੀ ਜਨੋ ਕੋ ਤਿਸ ਕੀ ਪ੍ਰਾਪਤੀ ਕਾ ਅਭਾਵ ਕਹੇ॥ ਜੇ ਤਿਸੁ ਇਤਿ॥ 'ਤਿਸਿ' ਪਦ ਈਹਾ ਤ੍ਰਿਸ਼ਨਾ ਵਾਲੇ ਪੇ ਹੈ॥ ਯਾਤੇ, ਹੇ ਸਿਖਯ! ਜੋ ਪੁਰਖ ਤਿਸ ਨਾਮ ਵਿਖਯੋ ਕੀ ਤ੍ਰਿਸ਼ਨਾ ਵਾਲੇ ਹੈਂ, ਤਿਨ ਕੋ ਵਹੁ ਮੁਕਤੀ ਕੀ ਇਛਾ ਹੂਏ ਬਿਨਾ ਅਧਿਕਾਰ ਕੇ ਅਭਾਵ ਤੇ ਨਦਰ, ਗਯਾਨ ਦ੍ਰਿਸ਼ਟੀ 'ਨ ਆਵਈ' ਨਾਮ, ਨਹੀ ਆਇ॥ ਸਕਤੀ ਔ ਗਯਾਨ ਦ੍ਰਿਸਿਟੀ ਆਏ ਬਿਨਾ ਉਨ ਕੀ ਉਤਮ ਜਨੋਂ ਮੇਂ ਕੋਈ ਵਾਰਤਾ ਨਹੀ ਪੂਛਤਾ॥ ਯਾਤੇ ਮਨੁਖ ਸੁਰੀਰ ਲੇ ਇਸ ਕਾ ਫਲ ਨਾ ਲੈਨੇ ਸੈ; ਉਨ ਕੋ ਮਨੁਖ ਮਤ ਜਾਨੇ, ਕਿੰਤੂ 'ਕੀਟਾ ਅੰਦਰ ਕੀਟ' ਜਾਨੋ, ਸੋਈ ਕਹੈ॥ ਕੀਟਾਇਤਿ॥ ਕੀਟ ਜੋ ਤਾਮਸ ਜੂਨੀ ਸਰਪਾਦਿਕ ਹੈ, ਤਿਨਾ ਕੇ ਬੀਚ ਉਨ ਕੋ ਭੀ ਏਕ ਕੀਟ ਹੀ ਜਾਨੋ॥ ਜਿਸ ਕਾਰਨ ਸੇ ਵਹੁ ਪੁਰਖ 'ਦੋਸੀ' ਨਾਮ ਦੇਸ ਵਾਲਾ 'ਦੋਸ ਧਰੇਯ', ਤ੍ਰਿਸਨਾ ਰੂਪ ਮਹਾ-ਦੋਸ ਕੋ ਰਿਦੇ ਮੈ ਧਾਰਨ ਕਰੇ ਹੈ, ਯਾਤੇ ਦੋਸ ਕੇ ਪ੍ਰਤਾਪ ਸੇ ਉਸ ਕੋ ਆਤਮ ਦ੍ਰਿਸਟੀ ਨਹੀਂ ਆਵੇ॥ ਆਤਮਾ ਦ੍ਰਿਸਟੀ ਉਸ ਕੋ ਆਵੇ ਹੈ ਜੋ ਗੁਰੂ ਪਾਸ ਪ੍ਰਾਰਥਨਾ ਕਰ ਪੂਛੇ, ਸੋਈ ਕਹੈ॥ ਨਾਨਕ ਇਤਿ॥ ਗੁਰੁ ਕਹੇ ਹੈ, ਜੇ ਮਹਾਤਮਾ ਨਿਰਗੁਣ-ਬ੍ਰਹਮ ਕਾ ਗੁਣ ਕਹੀਯੇ, ਬਿਚਾਰ ਕਰੇ ਹੈ, ਉਨ ਕੇ ਪਾਸ ਜਾਯ ਕੇ ਸਿਖ ਪ੍ਰਾਰਥਨਾ ਕਰੈ॥ ਜੋ ਹੈ 'ਗੁਣ ਵੰਤਿਆ' ਨਾਮ, ਗਯਾਨ ਵਾਲੇ ਗੁਰੋ, 'ਗੁਣ ਦੇਇ', ਕ੍ਰਿਪਾ ਕਰਕੇ ਮੇਰੇ ਕੋ ਉਪਦੇਸ ਦ੍ਵਾਰਾ ਗੁਨ ਦੋਵੇ॥ ਐਸੀ ਅਧਿਕਾਰੀ ਕੀ ਪ੍ਰਾਰਥਨਾ ਸੁਨ ਗੁਰੁ ਤਿਸ ਕੋ ਅਪਨੇ ਤੁਲ ਹੀ ਵਿਚਾਰ ਦੇਵੇ ਹੈ, ਔਰ ਜੋ [illegible] ਕੇਹਾ ਇਤਿ॥ ਹ

Sri Satguru Jagjit Singh Ji eLibrary NamdhariElibrary@gmail.com

ਸਿਖ! 'ਤੇਹਾ' ਨਾਮ ਔਸਾ ਕੋਈ ਸਮਰਥ ਨਹੀ ਪ੍ਰਤੀਤ ਹੋਵੇ, ਜੋ 'ਤਿਸ' ਨਾਮ, ਤ੍ਰਿਸਨਾ ਵਾਲੇ ਅਨਧਿਕਾਰੀ ਕੋ ਭੀ 'ਗੁਣ' ਨਾਮ, ਨਿਰਗੁਣ-ਬ੍ਰਹਮ ਕਾ ਗਯਾਨ ਰਿਦੇ ਸੇ ਕਰ ਦੈਵੈ॥ ਯਾਹੀ ਥਾਵ ਸੇ ਬਚਨ ਹੈ 'ਕਬੀਰ ਸਾਧੂ ਕੋ ਮਿਲਨੇ ਜਾਈਐ ਸਾਥਨ ਲੀਜੇ ਕੋਇ॥' ਅਰਥ ਯਹ:-ਜਬ ਗਯਾਨ ਕੀ ਇਛਾ ਕਰ ਗੁਰੁ ਕੇ ਸਮੀਪ ਜਾਈਯੇ ਤਬ ਕੋਈ ਵਾਸਨਾ ਰਿਦ ਮੇਂ ਨਾ ਲੇ ਜਾਈਯੇ, ਅਰ 'ਪਾਛੇ ਪਾਉਨ ਦੀਜੀਯੇ', ਸੰਸਾਰ ਮੇ ਫੈਕਨੇ ਵਾਲੇ 'ਆਮਰ' ਪਦਾਰਥੋ ਮੇ ਫੇਰ ਅਪਨਾ ਚਿਤ ਨਾ ਲਗਾਈਯੇ, ਅਗੇ ਮੋਖ ਕੋ ਸਾਧਨੋ ਮੇ ਪ੍ਰਬ੍ਰਿਤ ਹੋਤੇ ਜੋ ਪ੍ਰਾਰਬਧ ਕੇ ਅਨੁਸਾਰ॥

ਨੂਨ- ਅਧਿਕ ਦੇਹ ਦੇ ਬਯ-ਵਹਾਰ ਹੋਵੇ, ਸੋ ਹੋਇ ਨਾਮ, ਹੋਵੇ॥ ਪੁਰਖਾਰਥ ਗਯਾਨ ਹੇਤੁ ਤ੍ਰਿਸਨਾ-ਨਿਬ੍ਰਿਤੀ ਕਾ ਹੀ ਕਰੀਏ ਇਤਯਾਲੰ॥ 7॥

ਦੂਸਰੀ ਇਸ ਪਉੜੀ ਕੀ ਯਹ ਬਯਾਖਯਾ ਹੈ॥ ਔ ਪਉੜੀ ਮਾਤ੍ਰ ਕੇ ਕਹੇ ਅਰਥ ਸੇ ਪੂਰਬ ਪਾਠ ਸਾਥ ਇਸ ਕਾ ਮੇਲ ਐਸੇ ਹੈ॥ ਕਹੀ ਰੀਤਿ ਸੇ 'ਗੁਰਮੁਖ ਨਾਦੰ' ਸੇ ਲੇਕਰ 'ਗੁਰ ਕੀ ਸਿਖ ਸੁਣੀ' ਪ੍ਰਯੰਤ ਪਾਠ ਸੈ॥ ਈਸ਼੍ਵਰ ਕਾ ਵਾਸਤ੍ਵ ਰੂਪ ਜਾਨਨੇ ਵਾਲੇ ਗੁਰੁ ਕੀ ਈਸ਼੍ਵਰ ਤੁਲਯਤਾ ਰੂਪ ਪ੍ਰਸੰਸਾ ਕਹ ਕਰ, ਅਬ ਤਾਸੇ ਪੀਛੇ ਈਸ਼੍ਵਰ ਕੇ ਵਾਸਤ੍ਵ ਰੂਪ ਕੋ ਨਾ ਜਾਨਨੇ ਵਾਲੇ ਨਰੋ ਕੀ ਨਿੰਦਾ ਕਰੇ ਹੈ ਗੁਰੁ॥ ਜੇ ਜੁਗਇਤਿ॥

'ਜੇ' ਨਾਮ ਜਿਸ ਕਾਹੂੰ ਪੁਰਖ ਕੀ ਆਰਜਾ, ਉਮਰ 'ਜੁਗ ਚਾਰੇ' ਨਾਮ ਚਾਰ ਜੁਗ ਕੀ ਹੋਵੇ, ਅਰ 'ਹੋਰ' ਕਹੀਯੇ, ਚਾਰ ਸੇ ਆਗੇ ਦਸੂਣੀ ਨਾਮ, ਚਾਰ ਦਾਹੇ ਚਾਲੀ॥ ਇਸ ਹਿਸਾਬ ਸੇ ਦਸ ਗੁਣੀ ਚਾਲੀ ਜੁਗੋ ਕੀ ਹੋਵੇ, ਭਾਵ ਯਹ, ਸਭ ਅਵਸਥਾ ਮਿਲਾ ਕੇ ਚੁਤਾਲੀ ਯੁਗੋ ਕੀ ਹੋਵੇ॥ ਵਡੀ ਅਵਸਥਾ ਵਤ ਪ੍ਰਤਿਸਟਾ ਭੀ ਵਡੀ ਹੋਵੇ, ਸੋਈ ਕਰੇ॥

ਨਵਾਇਤਿ॥ ਨਵਾ-ਖੰਡਾ ਵਿਚਿ ਜਾਣੀਯੇ ਕਹੀਯੇ ਉਤਨੀ ਉਮਰ ਵਾਲਾ ਵਹੀ ਪੁਰਖ ਪ੍ਰਿਥਵੀ ਕੋ ਨਵੋ-ਖੰਡੋ ਵਿਖੇ ਸ੍ਰੇਸਟ ਕਰ ਕੇ ਲੋਕੋ ਨੇ ਜਾਣੀਦਾ ਹੋਵੇ, ਭਾਵ ਲੋਕ ਉਸ ਕੋ ਨਵੋ-ਖੰਡੋ ਵਿਖੇ ਸ੍ਰੇਸਟ ਜਾਨਤੇ ਹੋਵੇ॥ ਯਾਹੀ ਤੇ ਚਕ੍ਰ-ਵਰਤੀ ਰਾਜਾ ਕੋ ਸਾਥ ਮੰਡਲੇਸ੍ਵਰੋ ਵਤ ਏਕ ਖੰਡ ਸੇ ਅਨਯ-ਖੰਡ ਵਿਖੇ ਜਾਨੇ ਕਾਲ ਮੇ ਰਿਖਿ, ਮੁਨਿ, ਪਿਤਰ, ਦੇਵਤਾ ਸਭੀ ਸਭ ਕੋ ਤ੍ਰਿਪਤ ਕਰਨੇ ਸੇ ਉਸ ਕੇ ਨਾਲ ਚਲੇ ਨਾਮ, ਸਾਬ ਚਲਤੇ ਹੋਵੇ॥ ਉਸੀ ਕੀ ਔਰ ਅਧਿਕਤ ਕਹੇ॥ ਚੰਗਾ ਇਤਿ॥ ਯਹ ਵਡੀ ਉਮਰ ਵਾਲਾ ਅਰ ਨਵਾ ਖੰਡਾ ਵਿਚ ਪ੍ਰਸਿਧੀ ਵਾਲਾ ਪੁਰਖ ਵਡਾ ਉਤਮ ਵਡਾ ਐਸੇ ਸਭ ਲੋਕੋ ਸੇ ਅਪਨਾ ਚੰਗਾ ਨਾਉ ਕਹੀਯੇ, ਉਤਮ ਨਾਮ ਧਰਵਾਇ ਕ ਜੇ ਵਹੁ ਅਪਨੇ ਜਸ ਕੇ ਕੀਰਤ ਨਾਮ ਔਰੋ ਸੇ ਕਹਨੇ ਨੂ ਜਗਤ ਮੈ ਲੇ ਨਾਮ, ਲੇਵੇ॥ ਕੀਰਤਿ ਪਦ ਕੇ ਜਸ ਅਰ ਕਹਨਾ ਦੋ ਅਰਥ ਹੈ॥ ਯਾਤੇ ਈਹਾ ਕੀਰਤਿ ਕਹਨੇ ਕਾ ਨਾਮ ਹੈ॥ ਨਿਚੋੜ ਕ ਬਾਤ ਕਹੈ॥ ਜੇ ਇਤਿ॥ ਜੇ ਤਿਸ ਕਹੀਯੇ ਜਬ ਤਿਸ ਪੂਰਬ ਕਹੀ ਬਹੁਤ ਵਡਿਆਈ ਵਾਲੇ ਕ ਭੀ ਸਾਧਨੋ ਮੇ ਨਦਰ ਨਾਮ ਸਾਖਯਾਤਕਾਰ ਰੂਪ ਬ੍ਰਹਮ ਕੀ ਦ੍ਰਿਸ਼ਟੀ ਨ ਆਵਈ ਨਾਮ, ਨ ਆਵੇ, ਭਾਵਨਾ ਪ੍ਰਾਪਤ ਹੋਵੇ॥ ਤਾਂ ਨਾਮ, ਤਬ ਤਿਸ ਕੀ ਤੂੰ ਕੌਨ ਹੈ? ਕਿਸ ਕਾ ਪੁਤ੍ਰ ਹੈ? ਕਿਆ ਕਾਮ ਕਰਤਾ ਹੈ? ਐਸੀ ਬਾਤ ਨ ਪੁਛੇ, ਕੋਇ ਨਾਮ ਨਹੀ ਪੁਛਦਾ ਮਰਣ ਪਿਛੇ ਸੁਰ, ਨਰਾਦਿ ਕੋਈ ਭੀ॥ ਅਥਵਾ, ਜੀਵਨ ਕਾਲ ਵਿਖੇ ਨਹੀ ਪੂਛਤਾ ਮੁਮੁਖਯੋ ਮੇ ਸੇ; ਮੁਮੁਖੁ ਕੋਸਈ ਭੀ। ਉਸ ਗੁਨਹੀਨ ਕੀ ਮਰਣ ਪੀਛੇ ਦਸਾ ਕਹੈ॥ ਕੀਟਾਂ ਇਤਿ॥ ਕਾਹੂ ਤਮੋ-ਗੁਣੀ ਕਰਮ ਨੇ ਵ ਉਸ ਕਾ ਨਾਮ ਕੀੜਾ ਕਰੀਯੇ ਹੈ॥ ਅਰ ਕਾਹੂੰ ਕ

Sri Satguru Jagjit Singh Ji eLibrary NamdhariElibrary@gmail.com

ਰਜੋ-ਗੁਣੀ ਕਰਮਨੇ ਵਹੀ ਪੁਰਖ ਰਾਜ ਦੈਵਖਾਦਿਕ ਦੋਖੋ ਵਾਲੇ ਦੋਖੀਯੋ ਕੇ ਮਧਯ ਮੇ ਵਡਾ ਦੋਖ ਧਰੇ ਨਾਮ, ਦੋਖੋ ਕੇ ਧਾਰਨੇ ਵਾਲਾ ਕਹੀਯੇ ਹੈ॥ ਹੇ ਗੁਰੋ! ਰਹੋ ਇਸ ਪ੍ਰਕਾਰ ਤੀਨ ਪ੍ਰਕਾਰ ਕਰਮੋ ਕਾ ਤੀਨ ਪ੍ਰਕਾਰ ਕਾ ਫਲ॥ ਪਰਮੇਸਵਰ ਹੇਤ ਕਰੇ ਨਿਸ਼ਕਾਮ ਕਰਮੋ ਕਾ ਫਲ ਕਿਆ ਹੋਵੇ ਹੈ? ਸੋ ਕਹੋ; ਯਹ ਸੁਨ ਕਹੇ॥

ਨਾਨਕਇਤਿ॥ ਗੁਰੂ ਕਹੇ ਹੈ ਸਿਖਯ ! ਨਿਸ਼ਕਾਮ ਕਰਮੋ ਸੇ ਪ੍ਰਸੰਨ ਹੁਯਾ ਪਰਮੇਸ੍ਵਰ ਨਿਰਗੁਣ ਕਹੀਯੇ ਵੇਰਾਗ, ਵਿਵੇਕਾਦਿਕ ਗੁਣਹੀਨੋ ਵਿਖੇ 'ਗੁਣ ਕਰੇ' ਨਾਮ, ਤਿਨ ਵਿਵੇਕਾਦਿਕ ਗੁਣੋ ਕੋ ਕਰੇ ਹੈ॥ ਯਾਤੇ ਨਿਸ਼ਕਾਮ ਕਰਮੋ ਸੇ ਪ੍ਰਸੰਨ ਹੂਏ ਪਰਮੇਸ਼੍ਵਰ ਕੀ ਕ੍ਰਿਪਾ ਸੇ ਵਿਵੇਕਾਦਿਕ ਗੁਣਹੀਨੋ ਮੇ ਅੰਤਾਕਰਣ ਕੀ ਸ਼ੁਧੀ ਦ੍ਵਾਰਾ ਤਿਨ ਗੋਣੋ ਕਾ ਮਿਲਨਾ ਨਿਸ਼ਕਾਮ ਕਰਮੋ ਕਾ ਫਲ ਹੋਵੇ॥ ਅਰ ਜੋ ਈਸ਼੍ਵਰ ਕ੍ਰਿਪਾ ਸੇ ਮਿਲੇ ਵਿਵੇਕਾਦਿਕ ਗੁਣੋ ਵਾਲੇ ਹੈਂ, ਤਿਨ 'ਗੁਣ ਵੰਤਯਾ' ਨਾਮ, ਗੁਣਾਵਾਲਯਾ ਮੇ ਈਸ਼੍ਵਰ ਅਪਨੀ ਮੂਰਤਿ ਧਾਰੀ, ਗੁਰੁ ਦ੍ਵਾਰਾ ਮੋਖ ਕਾ ਸਾਧਨ ਗਯਾਨ ਗੁਣ ਦੇਵੇ ਹੈ॥ ਯਾਤੇ ਵਿਵੇਕਾਦਿਕ ਗੁਣੋ ਵਾਲੇ ਪੁਰਖੋ ਮੇਂ ਈਸ਼੍ਵਰ ਕ੍ਰਿਪਾ ਸੇ ਨਿਸ਼ਕਾਮ ਕਰਮੋ ਕਾ ਫਲ ਗਯਾਨ ਹੋਵੇ ਹੈ॥

ਹੇ ਗੁਰੋ ! ਜੈਸੇ ਨਿਸ਼ਕਾਮ ਕਰਮ ਕਰਨੇ ਵਾਲੇ ਪੁਰਖੋਂ ਮੇ ਕ੍ਰਿਪਾ ਕਰ ਈਸ਼ਵਰ ਗੈਯਾਨ ਕੇ ਸਾਧਨ ਵਾ, ਗਯਾਨ ਰੂਪ ਗੁਣ ਕਰੇ ਹੈ॥ ਤੈਸੇ ਤਿਸ ਮੇ ਭੀ ਕੋਈ ਤਿਸ ਕੇ ਉਪਕਾਰ ਕਾ ਬਦਲਾ ਦੇਨੇ ਹੇਤ ਗੁਣ ਕਰੇ ਹੈ? ਯਹ ਸੁਨ ਗੁਰੋ ਕਹੇ। ਤੇਹਾਇਤਿ॥ 'ਤੇਹਾ ਕੋਇ ਨ ਸੁਝਈ' ਕਹੀਯੇ ਤੈਸਾ ਜੀਵ ਰਿਖਿ, ਮੁਨਿ, ·ਪਿਤਰ, ਦੇਵ ਮੈ ਕੋਈ ਨਹੀ ਪ੍ਰਤੀਤ ਹੋਵੇ॥ ਜੋ ਤਿਸ ਸਤਯ-ਸੰਕਲਪਾਦਿਕ ਗੁਣੋ ਵਾਲੇ ਸਰਬ ਕੇ ਸ੍ਵਾਮੀ ਈਸ਼ਵਰ ਮੇ ਗੁਣੋ ਕੋ ਕੋਈ ਕਰੇ॥ ਭਾਵ ਯਹ, ਈਸ਼੍ਵਰ ਕੇ ਉਪਕਾਰ ਕਾ ਬਦਲਾ ਦੇਨੇ ਮੇ ਸਮਰਥ ਨਾ ਹੋਨੇ ਤੇ, ਕੋਈ ਨਹੀ ਕਰ ਸਕੇ॥ ਅਥਵਾ, ਹੇ ਗੁਰੋ! ਅਧਿਕਾਈ ਮੇ ਵਿਵੇਕਾਦ ਗੁਣੋ ਕੇ ਈਸ਼੍ਵਰ ਬਿਨਾ ਕੋਈ ਔਰ ਦੇਵਤਾ ਹੀ ਕਯੋ ਨਾ ਕਰ ਦੇਵੇ? ਯਹ ਅਸੰਕਾ ਸੁਨ, ਗੁਰੋ ਕਹੇ। ਤੇਹਾਇਤਿ॥ ਹੇ ਸਿਖ! 'ਤੇਹਾ ਕੋਇ ਨ ਸੁਝਈ' ਕਹੀਯੇ, ਈਸ਼੍ਵਰ ਤੇ ਅੰਨਯ ਐਸਾ ਕੋਈ ਦੇਵਤਾ ਨਹੀ ਪ੍ਰਤੀਤ ਹੋਵੇ ਜੋ ਤਿਸ ਨਿਸਕਾਮ-ਕਰਮ ਵਾਲੇ ਅਧਿਕਾਰੀ ਪੁਰਖ ਸੇ ਵਿਵੇਕਾਦਿਕ ਗੁਣੋ ਕੋ ਕਰੇ॥ ਇਸ ਕਾ ਭਾਵ ਯਹ ਹੈ- ਈਸ਼੍ਵਰ ਸੇ ਭਿੰਨ ਸਭੀ ਬ੍ਰਹਮਾਦਿਕ ਦੇਵਤਾ ਜੀਵ ਹੈ॥ ਯਾਤੇ ਜੀਵਨ ਕੇ ਕਰਮਾਨੁਸਾਰ ਵਹੁ ਫਲ ਦੇਨੇ ਮੇ ਸਮਰਥ ਨਹੀ॥ ਔਰ ਨਿਸਕਾਮ ਕਰਮ ਭੀ ਜੜ ਹੋਨੇ ਤੇ ਅੰਤਾਕਰਣ ਕੀ ਸ਼ੁਧੀ ਦ੍ਵਾਰਾ ਅਪਨਾ ਵਿਵੇਕਾਦਿਕ ਫਲ ਦੇਨੇ ਮੇ ਆਪ ਸਮਰਥਨ ਨਹੀਂ॥ ਯਾਤੇ, ਈਸ਼੍ਵਰ ਹੀ ਨਿਸ਼ਕਾਮ-ਕਰਮ ਕੇ ਅਨੁਸਾਰ ਫਲ ਦਾਤਾ ਹੋਨੇ ਤੇ ਅਧਿਕਾਰੀ ਮੇ ਵਿਵੇਕਾਦਿਕ ਗੁਣ ਕਰੇ ਹੈ, ਔਰ ਕੋਈ ਦੇਵਤਾ ਨਹੀ ਕਰ ਸਕੇ ਹੈ॥ ਗੋਰੁ! ਜਬ ਈਸ਼ਵਰ ਹੀ ਸਮਰਥ ਹੋਨੇ ਤੇ ਗੁਣ ਕਰੇ ਹੈ, ਤਬ ਪਰਮ ਕ੍ਰਿਪਾਲੁ ਹੋਨੇ ਤੇ ਨਿਸਕਾਮ-ਕਰਮ ਸੇ ਔਰ ਚਿਤ ਕੀ ਸੁਧਿ ਸੇ ਕਿਆ ਕਾਮ ਹੈ? ਹੈ ਸਿਖ! ਜੇ ਕਰ ਈਸ਼੍ਵਰ ਚਾਹੇ ਤਬ ਉਨ ਸੇ ਬਿਨਾ ਭੀ ਗੁਣ ਕਰ ਦੇਵੇ॥ ਪਰੰਤੂ, ਵਹੁ ਚਾਹਤਾ ਨਹੀ, ਯਾਤੇ ਕਿ ਚਿਤ ਮਾਤ੍ਰ ਵਸਤੁ ਭੀ ਕਰਮ ਸੇ ਬਿਨਾ ਨਹੀ ਕਰੇ॥ ਇਸੀ ਸੇ ਗੁਰ ਲਿਖੇ ਹੈ, ਜਿਨ ਕਉ ਪੂਰਬਿ ਲਿਖਿਆ ਤਿਨ ਕਾ ਸਖਾ ਗੋਬਿੰਦੁ॥ ਜਿਨ ਕਉ ਮਸਤਕਿ ਲਿਖਿਆ ਤਿਨ ਪਾਇਆ ਹਰਿ ਨਾਮੁ ਇਤਯਾਦ॥ ਇਸ ਬਿਚਾਰ ਮੈ ਸੇਸਨਵ ਲੋਕੋ ਕੇ ਪਰ ਪੇ ਚੋ ਪਮ ਹੈ॥ ਏਕ ਸਹੇ

Sri Satguru Jagjit Singh Ji eLibrary NamdhariElibrary@gmail.com

ਤੁਕ-ਕ੍ਰਿਪਾਵਾਦੀ ਹੈ, ਦੂਸਰੇ ਨਿਰਹੇਤੁਕ-ਕ੍ਰਿਪਾਵਾਦੀ ਹੈ॥ ਨਿਰਹੇਤੁਕ ਕ੍ਰਿਪਾਵਾਦੀ ਯਹ ਕਹੇ ਹੈਂ, ਜੈਸੇ ਗਊ ਅਪਨੇ ਬਛਰੇ ਕਾ ਚਾਟਨਾ, ਚੁੰਘਨਾ, ਬਿਨਾ ਕਾਰਨ ਸੇ ਕਰੇ ਹੈ, ਤੈਸੇ ਈਸ਼ ਭੀ ਇਨ ਜੀਵੋ ਪੇ ਬਿਨਾ ਕਾਰਨ ਸੇ ਕ੍ਰਿਪਾ ਕਰੇ ਹੈ॥ ਸਹੇਤੁਕ ਕ੍ਰਿਪਾਵਾਦੀ ਯਹ ਕਹੇ ਹੈ, ਬਛਰੇ ਸੇ ਗਊ ਕਾ ਮਾਤਾ ਪਨਹੁ ਹੈ, ਸੋ ਕ੍ਰਿਪਾ ਮੇ ਕਾਰਨ ਹੈ॥ ਯਾਤੇ ਬਿਨਾ ਕਾਰਨ ਗਊ ਚਾਟਨਾਦਿਕ ਨਹੀ ਕਰੇ॥ ਕਿੰਤੂ, ਕਹੇ ਹੇਤੁ ਸੇ ਕਰੇ ਹੈ॥ ਤੈਸੇ ਈਸ਼ਵਰ ਭੀ ਜੀਵੋ ਪੇ ਕ੍ਰਿਪਾ ਨਿਸਕਾਮ-ਕਰਮਦਿਕ ਕਾਰਨ ਸੇ ਹੀ ਕਰੇ ਹੈ, ਬਿਨਾ ਕਾਰਨ ਨਹੀ ਕਰੇ॥ ਇਸੀ ਭਾਵ ਮੈ 'ਜਿਨ ਕਉ ਪੂਰਬਿ ਲਿਖਿਆ ਇਤਯਾਦਿ ਗੁਰੁ ਬਚਨ ਹੈ ਜਹਾ ਕਹੀ ਬਾਲਮੀਕਾਦਿਕੋ ਕੇ ਦ੍ਰਿਸਟਾਂਤ ਥੇ, ਬਿਨਾ ਕਾਰਣ ਕ੍ਰਿਪਾ ਕਹੀ ਹੋਵੇ॥ ਸੋ ਈਸ਼ਵਰ ਕਾਬਲ, ਪ੍ਰਕਾਸ ਕੀਆ ਜਾਨ ਲੈਨਾ॥ ਜੋ ਜੇਕਰ ਵਹੁ ਚਾਹੇ ਬਿਨਾ ਕਾਰਨ ਸੇ ਹੀ ਜੀਵ ਕੀ ਕਲਿਆਨ ਕਰੇ॥ ਰਹੋ ਯਹ ਬਿਚਾਰ॥ ਪੂਰਬ ॥ ਨਾਨਕ ਨਿਰਗੁਣ ਇਤਿਯਾਦਿ ਪਾਠ ਸੇ ਸਾਧਨੋ ਕੇ ਹੇਤੂ ਨਿਸਕਾਮ ਧਰਮ ਸੇ ਪ੍ਰਸੰਨ ਹੁਯਾ ਪਰਮੇਸ਼੍ਵਰ ਅਧਿਕਾਰੀ ਮੇ ਸਾਧਨ ਦੇ ਕਰਤਾ ਕੋ ਮੁਕਤੀ ਕਾ ਸਾਧਨ ਗਯਾਨ ਦੇਵੇ ਹੈ॥ ਯਹ ਨਿਰਣੇ ਕੀਆ॥ ਪਰੰਤੂ, ਗਯਾਨ ਕੇ ਉਪਜਣੇ ਕ੍ਰਮ ਨਹੀ ਕਹਯਾ॥ ਕ੍ਰਮ ਪੀਛੇ 'ਗਾਵੀਐ ਸੁਣੀਐ ਮਨ ਰਖੀਐ' ਈਹਾ ਨਿਰਣੇ ਕੀਆ, ਅਰ ਤਹਾ ਹੀ ਨਿਧਿਯਾਸਨ ਗਯਾਨ ਕਾ ਸਾਖਯਾਤ ਸਾਧਨ ਹੈ॥ ਸ੍ਰਵਣਦਿਕ ਤਿਸ ਦ੍ਵਾਰਾ ਹੈ, ਯਹ ਨਿਰਣੇ ਕੀਆ॥

ਨੰ. 7. ਨਿਰਮਲ-ਸੰਪ੍ਰਦਾਈ. ਗਿ:ਬਦਨ ਸਿੰਘ ਜੀ ਫਰੀਦਕੋਟ ਟੀਕਾ

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥

ਹੇ ਸਿੱਧੋ ਜੇਕਰ ਚਾਰ ਜੁਗ ਪ੍ਰਯੰਤ ਆਰਬਲਾ ਹੋਵੇ ਅਰ ਦਸ ਗੁਣੀ ਔਰ ਭੀ ਹੋਵੇ ਔਰ ਨਵਾਂ ਖੰਡਾਂ[26] ਵਿਚ ਪੁਰਸ਼ ਜਾਣਿਆਂ ਭੀ ਜਾਵੇ ਅਰਥਾਤ ਪ੍ਰਸਿੱਧ ਹੋ ਜਾਵੇ ਔਰ ਸਭ ਕੋਈ ਸਾਥ ਚਲੈ ਭਾਵ ਸਾਰੀ ਸ੍ਰਿਸ਼ਟੀ ਹੁਕਮ ਮੇ ਚਲੇ ਔਰ ਨਾਮੁ ਭੀ ਜਗਤ ਮੈ ਅਛਾ ਰਖਾਵੇ ਜਸੁਦੇਸ ਮੈ ਕੀਰਤਿ ਦੇਸਾਂਤਰ ਮੈ ਵਾ ਜਸੁ ਮੁਖ ਪਰ ਕੀਰਤੀ ਪਿਠ ਪਿਛੇ ਸਭ ਕੋਈ ਕਰੇ ਹੇ ਸਿਧੋ ਜੇਕਰ

---

26. ਭਾਰਤ ੧ ਕਿੰਪੁਰਖ ੨ ਹਰਿਵਰਖ ੩ ਭਦ੍ਰਾਸ ੪ ਕੇਤੁਮਾਲ ੫ ਇਲਬ੍ਰਤ ੬ ਰਮਣਕ ੭ ਹਿਰਣਮਯ ੮ ਕੁਰੂ ੯ ਇਨਮੈ ਇਤਨਾ ਜਾਨਨਾ ਜੋ ਸੁਮੇਰ ਕੇ ਦਖਨ ਕੀ ਤਰਫ ਤੀਨ ਪਰਬਤ ਹੈਂ ਹਿਮਾਲਯ ਔਰ ਹੇਮਕੂੰਟ ਤਥਾ ਨਿਖਧ ਇਨ ਤੀਨੋ ਮੈ ਦਖਨ ਸਮੁੰਦ੍ਰ ਔਰ ਹਿਮਾਲਯ ਕੇ ਬੀਚ ਹਮਾਰੇ ਰਹਨੇ ਕਾ ਅਸਥਾਨੁ ਭਾਰਤ ਖੰਡੁ ਹੈ ਅਰ ਹਿਮਾਲਯ ਤਥਾ ਹੇਮਕੂੰਟ ਪਰਬਤ ਕੇ ਬੀਚ ਕਿੰਪੁਰਖ ਖੰਡੁ ਹੈ ਔਰ ਹੇਮਕੂੰਟ ਤਥਾ ਨਿਖਧ ਪਰਬਤ ਕੇ ਮਧਯ ਹਰਿਵਰਖ ਖੰਡੁ ਹੈ ਇਸੀ ਪ੍ਰਕਾਰ ਸੁਮੇਰ ਕੇ ਪੁਰਬ ਦਿਸ਼ਾ ਕੀ ਤਰਫ ਏਕ ਮਾਲਯਵਾਨ ਪਰਬਤ ਹੈ ਤਿਸ ਮਾਲਯਵਾਨ ਪਰਬਤ ਕੇ ਔਰ ਲਵਣ ਸਮੁੰਦ ਕੇ ਬੀਚ ਭਦ੍ਰਾਸ ਖੰਡ ਹੈ ਔਰ ਸੁਮੇਰ ਕੇ ਪਸਚਿਮਕੀ ਤਰਫ ਗੰਧਮਾਦਨ ਪਰਬਤ ਹੈ ਤਿਸ ਪਰਬਤੁ ਤਥਾ ਪਸਚਿਮ ਕੇ ਲਵਣ ਸਮੁੰਦ ਕੇ ਬੀਚ ਕੇ ਤੁਮਾਲ ਖੰਡੁ ਹੈ ਇਸੀ ਤਰ੍ਹਾਂ ਸੁਮੇਰ ਕੇ ਉਤਰ ਭੀ ਤੀਨ ਪਰਬਤ ਹੈਂ ਨੀਲ ਪਰਬਤੁ ਅਰ ਸ੍ਵੇਤ ਪਰਬਤੁ ਤਥਾ ਸ੍ਰਿੰਗਵਾਨ ਪਰਬਤ ਨੀਲ ਅਰ ਸ੍ਵੇਤ ਪਰਬਤ ਕੇ ਬੀਚ ਮੈ ਰਮਣਕ ਖੰਡੁ ਹੈ ਅਰ ਸ੍ਵੇਤ ਤਥਾ ਸ੍ਰਿੰਗਵਾਨ ਪਰਬਤ ਕੇ ਬੀਚ ਮੈ ਹਿਰਣਮਯ ਖੰਡੁ ਹੈ। ਅਰ ਉਤਰ ਕਾ ਖਾਰਾ ਸਮੁੰਦ੍ਰ, ਤਥਾ ਸ੍ਰਿੰਗਵਾਨ ਪਰਬਤ ਇਨ ਦੋਨੋ ਕੇ ਮਧਯ ਉਤਰ ਕੁਰੂ ਖੰਡ ਹੈ ਅਰ ਚਾਰੋਂ ਦਿਸਾ ਕੇ ਚਾਰ ਪਰਬਤ ਅਰ ਸੁਮੇਰ ਪਰਬਤ ਬੀਚ ਕਾ ਕੀਲੇ ਕੇ ਤੁਲ ਇਸ ਸੁਮੇਰ ਕੇ ਚਾਰੋਂ ਤਰਫ ਬਿਲਾਬ੍ਰਤ ਖੰਡੁ ਹੈ॥

Sri Satguru Jagjit Singh Ji eLibrary NamdhariElibrary@gmail.com

ਹਰੀ ਕੀ ਕ੍ਰਿਪਾ (ਨਦਰਿ) ਦ੍ਰਿਸ਼ਟੀ ਮੇ ਪੁਰਸ਼ੁ ਨਹੀਂ ਆਵੇ ਤਬ ਤਿਸ ਕੀ ਕੋਈ ਸੰਸਾਰ ਮੇ ਬਾਤ ਨਹੀਂ ਪੂਛਤਾ ਵਾ (ਕੇ) ਕੋਈ ਮਹਾਤਮਾ ਜਨ ਜੋ ਪਰਮੇਸ਼ੂਰ ਕੇ ਪਜਾਰੇ ਹੈਂ ਸੋ ਬਾਤ ਨਹੀਂ ਪੂਛਤੇ ਭਾਵ ਤਿਸ ਕੋ ਤੁਛ ਜਾਨਤੇ ਹੈਂ॥

ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥

ਕੀਟ ਜੋ ਹੈਂ ਤਿਨ ਕੇ ਅੰਦਰਿ ਵਹੁ ਭੀ ਇਕੁ ਕੀਟ ਹੋਤਾ ਹੈ ਜਿਸਕੋ (ਦੋਸੀ) ਕੁਸਟੀ ਵਾ ਪਾਪੀ ਭੀ ਦੋਸੁ ਰਖਤੇ ਹੈਂ ਵਾ ਉਸ ਕੇ ਦੋਸੀ ਹੋਣੇ ਤੇ ਪ੍ਰਲੋਕ ਮੈ ਉਸ ਪਰ ਦੋਸ ਧਰੇ ਜਾਤੇ ਹੈਂ॥

ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣ ਦੇ॥

ਸ਼੍ਰੀ ਗੁਰੂ ਜੀ ਕਹਤੇ ਹੈਂ ਹੇ ਸਿਧੋ ਪਰਮੇਸ਼ੂਰੁ ਨਿਰਗੁਣੋ ਕੋ ਭੀ ਗੁਣੁ ਦੇਤਾ ਹੈ ਅਰ ਗੁਣਵਾਨੋ ਕੋ ਅਧਿਕ ਗੁਣੁ ਪ੍ਰਾਪਤਿ ਕਰ ਦੇਤਾ ਹੈ॥

ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣ ਕੋਇ ਕਰੇ॥੭॥

ਤੈਸਾ ਕੋਈ ਦਿਖਾਈ ਨਹੀਂ ਦੇਤਾ ਜੋ ਤਿਸ ਪ੍ਰਮੇਸ਼ੂਰ ਕੋ ਗੁਣ ਦੇਵੈ ਭਾਵ ਉਪਕਾਰੋ ਕਾ ਪ੍ਰਤੀ ਬਦਲਾ ਦੇਵੇ॥੭॥ ਅਬ ਚਾਰ ਪੌੜੀਆਂ ਮੈਂ ਗੁਰੂ ਜੀ ਨਾਮ ਦੇ ਸੁਣਨੇ ਦਾ ਮਹਾਤਮੁ ਕਥਨ ਕਰਤੇ ਹੈਂ॥

ਨੰ. ੪. ਨਿਰਮਲ-ਸੰਤ ਪੰਡਿਤ ਸਾਧੂ ਸਿੰਘ ਜੀ ਪੀਲੀਭਤਿ (ਵੇਦਾਂਤੀ)

ਅਬ ਸਪਤਮ ਸੋਪਾਨ ਮੇਂ ਵੇਰਾਗਯ ਤਥਾ ਨਿਸ਼ਕਾਮ-ਧਰਮ ਕੋ ਗਿਯਾਨ ਕੀ ਹੇਤੁਤਾ ਨਿਰੁਪਣ ਕਰਤੇ ਹੈਂ॥

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥

ਜੇਕਰ ਕਿਸੀ ਸਕਾਮ ਉਪਾਸਕ ਸਿਧ ਯੋਗੀ ਜਨ ਕੀ (ਆਰਜਾ) ਆਯੁ ਚਤਰਯੁਗ ਕੀ ਹੋਵੇ॥ ਔਰ, ਉਸ ਚਤਰੁਯੁਗ ਸੇ (ਹੋਰ) ਔਰ ਦਸੂਣੀ ਦਸ਼-ਗੁਣੀ ਹੋਵੇ॥ ਅਰਥ ਯਹ ਹੈ ਚਾਰ ਕੋ ਦਸ਼ਗੁਣਾ ਕਰਨੇ ਸੇ ਚਾਲੀਸ-ਯੁਗ ਔਰ ਚਾਰ ਯੁਗ ਮਿਲਾਨੇ ਸੇ ਚੌਤਾਲੀਸ ਹੋਏ॥ ਯਾਂਤੇ ਜੇਕਰ ਚੌਤਾਲੀਸ ਯੁਗ ਕੀ ਆਯੁ ਵਾਲਾ ਭੀ ਹੋਵੇ, ਔਰ ਨਵੇ ਖੰਡ ਮੇਂ ਸ੍ਰੁਤੰਤ੍ਰ (ਜਾਣੀਯੈ) ਪ੍ਰਸਿੱਧ ਹੋਏ॥ ਸਰਵ ਨਵਖੰਡ ਨਿਵਾਸੀ ਉਸਕੀ ਪ੍ਰਤਿਸ਼ਠਾ ਵਾਸਤੇ ਸਾਥ ਚਲੇ, ਔਰ ਨਾਮ ਭੀ ਉਸਕਾ ਸਰਵ ਸੇ ਸ੍ਰੇਸ਼ਠ ਹੋਵੇ, ਔਰ ਸ੍ਰੁਤੰਤ੍ਰ ਜਗਤ ਮੇਂ ਅਪਨੇ ਯਸ਼ ਕੀਰਤਨ ਕੋ ਪ੍ਰਾਪਤ ਹੋਵੇ॥ ਅਰਥਾਤ, ਜਹਾਂ ਵੋ ਪੁਰਸ਼ ਜਾਵੇ, ਤਹਾਂ ਅਪਨੇ ਯਸ਼ ਕੋ ਸੁਨਾ ਕਰੇ॥

ਅਬ ਪ੍ਰਸੰਗ ਪ੍ਰਾਪਤ ਨਵਖੰਡ ਕਾ ਨਿਰੂਪਣ ਕਰਤੇ ਹੈ, ਜੈਸੇ ਚਾਤੁਰਮਾਸਯ ਕਾਲ ਮੇਂ ਪ੍ਰਿਥਵੀ ਮੇਂ ਛਤ੍ਰਾਕਾਰ ਉਤਪੰਨ ਹੋਤਾ ਹੈ॥ ਜਿਸ ਕੋ ਛਤਰੀ ਤਥਾ ਪਦਬਹੇਡਾ ਲੋਕ ਬੋਲਤੇ ਹੈ॥ ਤੈਸੇ ਪ੍ਰਿਥਵੀ ਮੰਡਲ ਕੇ ਮਧਿਯ ਸੁਮੇਰੁ ਪਰਵਤ ਹੈ॥ ਚੌਰਾਸੀ ਹਜ਼ਾਰ ਯੋਜਨ ਉੱਚਾ ਹੈ, ਔਰ ਸੋਲਹ ਹਜ਼ਾਰ ਯੋਜਨ ਪ੍ਰਿਥਵੀ ਮੇਂ ਪਰਵਿਸ਼ਟ ਹੈ, ਔਰ ਮੂਲ ਮੇਂ ਸੋਲਹ ਹਜ਼ਾਰ ਯੋਜਨ ਵਿਸਤਾਰ ਹੈ, ਔਰ ਮਸਤਕ ਮੇਂ ਬਤੀਸ ਸਹਸਤ ਯੋਜਨ ਚੌੜਾਪਨ ਹੈ, ਏਸੇ ਸੁਮੇਰੂ ਪਰਵਤ ਕੇ ਉਤਰ ਦਿਸ਼ਾ ਮੇਂ ਨੀਲ ਪਰਵਤ 1. ਸ਼ਵੇਤ ਪਰਵਤ 2. ਸ਼੍ਰਿੰਗਵਾਨ ਪਰਵਤ 3. ਯਹ ਤੀਨੋਂ ਦੋ ਦੋ ਹਜ਼ਾਰ ਯੋਜਨ ਵਿਸਤਾਰ ਯੁਕਤ ਹੈਂ॥ ਤਿਨ ਤੀਨ ਪਰਵਤ ਕੇ ਅਕਾਸ਼ ਮੇਂ ਨਵ ਨਵ ਸਹਸ੍ਰ ਯੋਜਨ ਵਿਸਤਾਰ ਵਾਲੇ ਤੀਨ ਖੰਡ ਹੈ॥ ਨੀਲ ਪਰਵਤ ਕੇ ਉਤਰ ਸਮਣਕ ਖੰਡ ਹੈ ਔਰ ਸ੍ਵੇਤ ਕੇ ਉਤਰ ਹਿਰਣਮਯਖੰਡ ਹੈ॥ ਸ਼੍ਰਿੰਗਵਾਨ ਪਰਵਤ ਕੇ ਉਤਰ ਸਮਦ ਪਰਯੰਤ ਉਤਰ ਕੁਰਖੰਡ

Sri Satguru Jagjit Singh Ji eLibrary NamdhariElibrary@gmail.com

ਹੈ॥ ਔਰ, ਸੁਮੇਰੁ ਕੇ ਪੂਰਵ ਦਿਸ਼ਾ ਮੇਂ ਮਾਲਯਵਾਨ ਪਰਵਤ ਹੈ, ਤਿਸ ਸੇ ਲੇਕਰ ਸਮੁਦ੍ ਪਰਾਯੰਤ ਭਦ੍ਰਾਸ਼ਵਖੰਡ ਹੈ॥ ਔਰ, ਸੁਮੇਰੁ ਸੇ ਪਛੀਮ ਗੰਧ ਮਾਦਨ ਪਰਵਤ ਹੈ ਤਿਸ ਸੇ ਲੇਕਰ ਸਮੁਦ੍ ਪਰਯੰਤ ਕੇਤੁਮਾਲਖੰਡ ਹੈ॥ ਇਸੀ ਪ੍ਰਕਾਰ ਦਖਿਸ਼ਣ ਕੀ ਤਰਫ ਤੀਨ ਪਰਵਤ ਹੈਂ ਨਿਸ਼ਧ 1, ਹੇਮ ਕੂੰਟ 2, ਹਿਮਸ਼ੋਨ 3, ਤਿਨ ਤੀਨ ਪਰਵਤੋਂ ਕੇ ਅਵਕਾਸ਼ ਸੇ ਹਰੀ ਵਰਸ਼, ਕਿੰਪੁਰਸ਼, ਭਾਰਤ, ਯਹ ਤੀਨ ਖੰਡ ਹੈਂ॥ ਇਨ ਨਿਸ਼ਧ ਆਦਿਕ ਤੀਨ ਪਰਵਤੋਂ ਕਾ ਦੋ ਦੋ ਹਜ਼ਾਰ ਯੋਜਨ ਵਿਸਤਾਰ ਹੈ ਔਰ ਕਿੰਪੁਰਸ਼ ਆਦਿਕ ਤੀਨ ਖੰਡੋਂ ਕਾ ਨਵ ਨਵ ਹਜ਼ਾਰ ਯੋਜਨ ਵਿਸਤਾਰ ਹੈ॥ ਔਰ ਸੁਮੇਰੂ ਪਰਵਤ ਕੇ ਚੌਗਿਰਦ ਇਲਾਵਤਖੰਡ ਹੈ, ਜੈਸੇ ਕੋਹਲੁ ਕੇ ਚੌਗਿਰਦ ਬੈਲ ਕੇ ਫਿਰਕੇ ਕਾ ਸਥਾਨ ਹੋਤਾ ਹੈ ਇਸੀ ਪ੍ਰਕਾਰ ਸੁਮੇਰੁ ਕੇ ਚੌਗਿਰਦ ਇਲਾਵਰਤਖੰਡ ਹੈ ਭਾਰਤ 1. ਕੰਪੁਰਸ਼ 2. ਹਰੀਵਰਸ਼ 3. ਕੇਤੁਮਾਲ 4. ਭਦ੍ਰਾਸ਼ਵ 5. ਸਮਣਕ 6. ਹਿਰਣਮਯ 7. ਉਤਰ ਕੁਰ 8. ਇਲਾਵਰਤ 9. ਯਹ ਸਮਗਨ ਨਵਖੰਡ ਹੈ॥ ਇਸ ਪੂਰਵੋਕਤ ਪੁਰਸ਼ ਕੋ ਜੇਕਰ ਬੋਧਨ ਹੋਵੇ ਤਬ ਤਿਸ ਕੀ ਦਸ਼ਾ ਕਾ ਨਿਰੁਪਣ ਕਰਤੇ ਹੈ॥

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥

ਯਦਿ ਤਿਸ ਕੋ (ਨਦਰ) ਸ੍ਵਰੂਪ ਕਾ ਯਥਾਵਰਤ ਸਾਕਸ਼ਾਤਕਾਰ (ਨ ਆਵਯੀ) ਨ ਪ੍ਰਾਪਤ ਹੋਵੇ (ਤ) ਤਬ ਉਸਕੀ (ਕੇ) ਕੋਈ ਭੀ ਸੁਮੁਸੁਜਨ ਵਾਤ ਕੋ ਨਹੀਂ ਪੂਛਤਾ॥ ਔਰ, ਮ੍ਰਿਤੁ ਕੇ ਪਸ਼ਚਾਤ ਯਦਿ ਨਿਸ਼ਿਦਕਰਮ ਸ਼ੇਸ਼ ਰਹਾ ਹੁਆ ਹੋਵੇ; ਤਬ (ਕੀਟਾਂ) ਸਰਪ ਆਦਿਕੋਂ ਕੇ (ਅੰਦਰ) ਅਭਿਯੰਤਰ ਕੀਟ ਕਰਾ ਜਾਤਾ ਹੈ ਔਰ ਜਬ ਸਕਾਮ ਕਰਮ ਪਰਿਸ਼ੇਸ਼ ਹੋਤਾ ਹੈ ਤਬ ਰਾਗਦ੍ਵੇਸ਼ ਦੋਸ਼ ਵਾਲੀਯਾਂ ਕੇ ਮਧਿਯ ਮੇਂ ਦੋਸ਼ਧਾਰੀ ਹੋਤਾ ਹੈ॥

ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣ ਦੇ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣ ਕੋਇ ਕਰੇ॥

ਸ੍ਰੀ ਗੁਰੂ ਜੀ ਕਹਿਤੇ ਹੈ:- ਜੋ ਨਿਸ਼ਕਾਮ-ਧਰਮ ਕਰਨੇ ਵਾਲੇ (ਨਿਰਗੁਣੀ) ਵੈਰਾਗਯ ਆਦਿ ਗੁਣ ਸੁਨਯ ਹੋਵੇ, ਤਬ ਪਰਮੇਸ਼੍ਵਰ ਨਿਸ਼ਕਾਮ ਧਰਮ ਸੇ ਆਰਾਧਿਤ ਹੁਆ ਤਿਨ ਪੁਰਸ਼ੋ ਮੇਂ ਵੇਰਾਗਯਾਦਿ ਗੁਣ ਕੋ ਉਤਪੰਨ ਕਰਤਾ ਹੈ॥ ਔਰ (ਗੁਣਵੰਤਿਆ) ਵੈਰਾਗਯਾਦਿ ਗੁਣ ਯੁਕਤ ਪੁਰਸ਼ੋ ਸੇਂ (ਗੁਣ) ਸ੍ਵਰੂਪ ਬੋਧ ਕੋ ਉਤਪੰਨ ਕਰ ਦੇਤਾ ਹੈ॥ ਔਰ, (ਤੇਹਾ) ਤੈਸਾ ਆਰੋਪਿਤ ਪਦਾਰਥ (ਕੋਇ ਨ ਸੁਝਈ) ਕੋਈ ਨਹੀਂ ਦੀਖਤਾ (ਜਿ) ਜੋ ਤਿਸ ਪਰਮੇਸ਼੍ਵਰ ਕੋ ਕਿਸੀ ਗੁਣ ਦੋਸ਼ ਯੁਕਤ ਕਰ ਸਕੇ॥ ਤਾਤਪ੍ਰਿਯ ਯਹ ਹੈ। ਪਰਮੇਸ਼੍ਵਰ ਏਕ ਰਸ ਹੈ ਔਰ ਕਰਮ ਅਨੁਸਾਰ ਸਰਵ ਕੋ ਫਲ ਦੇਤਾ ਹੈ॥

ਇਸ ਸੋਪਾਨ ਮੇਂ ਜੇ ਜੁਗ ਸੇ ਲੇਕਰ 'ਤ ਬਾਤਨ ਪੂਛੇ ਕੇ' ਪਰਗੰਤ ਪਾਠ ਸੇ ਦੀਰਘ ਆਯੁ ਪ੍ਰਤਿਸ਼ਠਾ ਆਦਿਕ ਸਰਵ ਪਦਾਰਥੋਂ ਮੇਂ ਵੈਰਾਗਯ ਕਾ ਉਪਦੇਸ਼ ਕਰਾ ਹੈ॥ ਔਰ, ਸ਼੍ਰੁਤੀ ਮੇਂ ਭੀ ਇਸੀ ਪ੍ਰਕਾਰ ਕਾ ਉਪਦੇਸ਼ ਕਰਾ ਹੈ, ਤਥਾਹਿ॥

ਅਰਥ॥ ਪੂਰਵ ਪ੍ਰਸੰਗ ਯਹ ਹੈ ਜਬ ਨਚਿਕੇਤਾ ਕੋ ਯਮਰਾਜ ਨੇ ਵਰ ਮਾਂਗਨਾ ਕਹਾ, ਤਬ ਨਚਿਕੇਤਾ ਨੇ ਗਿਯਾਨ ਕਾ ਕਾਰਣ ਉਪਦੇਸ਼ ਵਰ ਮਾਂਗਾ॥ ਫਿਰ ਯਮਰਾਜ ਨੇ ਪਰੀਖਸ਼ਾ ਕੇ ਵਾਸਤੇ ਦਿਵਯੇਨ੍ਦ੍ਰਿਤਯ ਕਰਨੇ ਵਾਲੀ ਮਧੁਰ ਗੀਤ ਗਾਨੇ ਵਾਲੀ ਦਿਵਯਧ੍ਵਨੀ ਯੁਕਤ ਬਾਜੇ

Sri Satguru Jagjit Singh Ji eLibrary NamdhariElibrary@gmail.com

ਬਾਜਨੇਵਾਲੀ ਇਸਤ੍ਰੀ ਸਮੁਹ ਦਿਖਲਾਕਰ ਕਹਾ:- ਇਨ ਸੇ ਅਪਨੀ ਸੇਵਾ ਕਰਵਾਵੋਂ ਔਰ ਇਨ ਸੇ ਪ੍ਰਿਥਕ ਦੀਰਘ ਜੀਵਨ ਪ੍ਰਿਥਵੀ ਦਾ ਰਾਜਯ ਪ੍ਰਭਤ੍ਵ, ਸ਼ੂਰਣ ਆਦਿਕ ਧਨ ਮਾਂਗਲੇ॥ ਆਤਮਗਿਯਾਨ ਮਤ ਮਾਂਗ॥ ਇਤਨੀ ਬਾਤ ਸੁਨ ਕਰ ਨਚਿਕੇਤਾ ਕਹਿਤਾ ਹੈ॥ ਹੇ (ਅਨੰਤਕ) ਭਗਵਾਨ ਯਮ! ਜੋ ਆਪ ਮਨੁਸ਼ਯ ਕੇ ਪ੍ਰਤਿਭੋਗ ਦੇਨੇ ਕੋ ਕਹਿਤੇ ਹੈਂ, ਸੋ ਸੰਪੂਰਣ ਇਸ ਦਿਨ ਸੇ ਅਗਲੇ ਦਿਨ ਮੇਂ ਰਹੇਂ, ਅਥਵਾ ਨ ਰਹੇਂ, ਇਸ ਸੰਸ਼ਯ ਕਰਕੇ ਗ੍ਰਸਤ ਹੈ। ॥ ਔਰ, ਭੋਗੇ ਹੁਏ ਸਰਵ ਇੰਦ੍ਰਯ ਅੰਤ:ਕਰਣ ਕੇ ਤੇਜ ਕੋ ਨਾਸ਼ ਕਰਤੇ ਹੈ॥ ਔਰ, ਮੈਂ ਤੋਂ ਮਨੁਸ਼ਯ ਸੇ ਲੇਕਰ ਹਿਰਣਯਗਰਭ ਪਰੰਜਤ ਜੀਵਨ ਕੋ (ਅਲਪ) ਤੁਛ ਜਾਨਤਾਹੁ॥ ਇਸ ਸੇ ਯਹ ਰਥ, ਅਸ਼੍ਵ, ਇਸਤ੍ਰੀ, ਇਨਕਾ ਨਿਤਯ ਗਾਯਨ ਤੁਮਹਾਰੇ ਕੋ ਪ੍ਰਾਪਤ ਹੋ॥ ਔਰ, ਮਨੁਸ਼ਯ ਕੀ ਤ੍ਰਿਸ਼ਣਾ ਇਤ ਸੇ ਨਿਰਵ੍ਰਤ ਨਹੀਂ ਹੋਤੀ॥ ਔਰ, ਕਦਾਪਿ ਇਨ ਵਿਤ ਆਦਿਕ ਪਦਾਰਥੋਂ ਸੇ ਤ੍ਰਿਪਤ ਨਹੀਂ ਹੋਤਾ, ਔਰ ਮੈਨੇ ਵਿਚਾਰ ਸੇ ਨਿਸ਼ਚਯ ਕਰਾ ਹੈ, ਜਬ ਤਕ ਆਪ ਇਸ ਯਮਰਾਜ ਅਧਿਕਾਰ ਮੇਂ ਹੈ ਤਬ ਤਕ ਮੇਂ ਵਿਤ ਕੋ, ਤਥਾ ਜੀਵਨ ਕੋ ਪ੍ਰਾਪਤ ਹੋਵੁਗਾ॥ ਇਸ ਸੇ ਮੇਰੇ ਕੋ ਸੋਈ ਆਤਮਗਿਯਾਨ ਕਾ ਹੇਤੁ ਉਦਪੇਸ਼ ਰੂਪ ਵਰ ਪ੍ਰਾਥਨਾ ਕੇ ਯੋਗਯ ਹੈ॥ ਔਰ, (ਕੀਟਾ ਅੰਦਰ) ਯਹਾਂ ਸੇ ਲੇਕਰ ਸੋਪਾਨ ਕੀ ਸਮਾਪਤੀ ਪਰਯੰਤ, ਏਕ ਤੋਂ ਨਿਸ਼ਿਦ ਕਰਮ ਕੇ ਪਰਿਸ਼ੇਸ਼ ਸੇ ਨਿਸ਼ਿਦ ਯੋਨੀ ਕੀ ਪ੍ਰਾਪਤੀ ਔਰ ਸ੍ਰੇਸ਼ਠ ਕਰਮ ਕੇ ਪਰਿਸ਼ੇਸ਼ ਸੇ ਰਾਜਸੀ ਸਾਤ੍ਵਿਕੀ ਯੋਨੀ ਕੀ ਪ੍ਰਾਪਤੀ ਕਹੀ ਹੈ। ਦੂਸਰਾ ਆਰੋਪਿਤ ਪ੍ਰਪੰਚ ਸੇ ਆਤਮਾ ਕੇ ਸ੍ਵਰੂਪ ਮੇਂ ਗੁਣ ਦੋਸ਼ ਕਾ ਅਭਾਵ ਕਹਾ ਹੈ, ਯਹ ਸਰਵ ਹੀ ਅਰਥ ਸ਼੍ਰੁਤੀ ਨਿਰਣੀਤ ਹੈ। ਤਥਾਹਿ:- ਅਰਥ॥ ਸ੍ਵਰਗ ਭੋਗ ਸੇ ਪਸਚਾਤ ਜਬ ਇਸ ਲੋਕ ਮੇਂ ਆਨੇ ਕੋ ਹੋਤੇ ਹੈ ਤਬ ਯਦਿ ਇਸ ਸੰਸਾਰ ਮਾਰਗ ਮੇਂ ਸ੍ਰੇਸ਼ਠ ਕਰਮਫਲ ਦੇਨੇ ਵਾਲੇ ਜੀਵੋਂ ਕੇ ਪਰਿਸ਼ੇਸ਼ ਹੋਵੇ, ਤਬ ਉਨ ਸੇ ਸ਼ੀਘਰ ਹੀ ਸ੍ਰੇਸ਼ਠ ਬ੍ਰਾਹਮਣ ਕਸ਼ਤ੍ਰੀਯ, ਵੈਸ਼ਯ ਯੋਨੀ ਕੋ ਪ੍ਰਾਪਤ ਹੋਤੇ ਹੈਂ। ਔਰ, ਜੇਕਰ ਨਿਸ਼ਿਦ ਕਰਮ ਇਸ ਲੋਕ ਮੇਂ ਫਲ ਦੇਨੇ ਵਾਲੇ ਪਰਿਸ਼ੇਸ਼ ਹੋਵੇ, ਤਬ ਕੁਕਰ, ਸ਼ੁਕਰ, ਚੰਡਾਲ, ਰੂਪ ਕੁਤਿਸਤ ਯੋਨੀ ਕੋ ਸ਼ੀਘਰ ਪ੍ਰਾਪਤ ਹੋਤੇ ਹੈ॥ ਔਰ, ਜੋ ਉਪਾਸਨਾ, ਸ਼ਾਸਤ੍ਰੀਯ-ਕਰਮਮਾਰਗ ਸੇ ਭ੍ਰਸ਼ਟ ਇਨ ਮਾਰਗੋਂ ਕਰਕੇ ਪ੍ਰਵਿਰਤੀ ਰਹਿਤ ਹੈ, ਵਹ ਪੁਨ: ਪੁਨ: ਕਛੂਦ੍ ਜੰਤੁ ਭਾਵ ਕੋ ਪ੍ਰਾਪਤ ਹੋਕਰ ਵਾਰ ਵਾਰ ਜਨਮਤੇ ਮਰਤੇ ਹੈ, ਯਹ ਜੋ ਮਾਰਗ ਹੈ, ਸੋ ਕਰਮਮਾਰਗ ਪ੍ਰਿਤਯਾਨ ਉਪਾਸਨਾ ਮਾਰਗ, ਅਥਵਾ ਉਪਾਸਨਾ ਯੁਕਤ ਕਰਮ ਮਾਰਗ ਦੇਵਯਾਨ, ਇਨ ਸੇ ਤ੍ਰਿਤੀਯ ਸਥਾਨ ਕਹਾ ਜਾਤਾ ਹੈ॥ ਇਸ ਮਾਰਗ ਮੇਂ ਵਰਤਮਾਨ ਜੀਵਨ ਕਾ ਮੋਕਸ਼ ਨਹੀਂ ਹੋਤਾ॥ ਇਸੀ ਪਰਕਾਰ ਕਰਮ ਮਾਰਗ ਮੇਂ ਵਰਤਮਾਨ ਜੀਵਨ ਕਾ ਭੀ ਸਤਸੰਗ, ਭਗਵਤ-ਕ੍ਰਿਪਾ ਸੇ ਵਿਨਾ ਸ਼ੀਘਰ ਉੱਧਾਰ ਨਹੀਂ ਹੋਤਾ॥ ਔਰ, ਭਗਵਤ ਕ੍ਰਿਪਾ ਸੇ ਹੀ ਨਿਸ਼ਕਾਮ-ਧਰਮ ਤਥਾ ਵੈਰਾਗਯਾਦਿਕ ਪ੍ਰਾਪਤ ਹੋਤਾ ਹੈ॥ ਅਬ ਇਸ ਮੇਂ ਇਤਨਾ ਔਰ ਸ਼੍ਰੁਤੀਪ੍ਰਮਾਣ ਸੇ ਨਿਰਣਤੇਵਯ ਕਹਾ॥ ਜੋਕਿ ਅਰੋਪਿਤ ਪ੍ਰਪੰਚ ਸੇ ਪਰਮਾਤਮਾ ਮੇਂ ਕੋਈ ਗੁਣ ਅਥਵਾ ਦੋਸ਼ ਨਹੀਂ ਹੋ ਸਕਤਾ, ਇਸ ਸੇ ਇਸ ਅਰਥ ਕਾ ਬੋਧਕ ਸ਼੍ਰੁਤੀ ਲਿਖਤੇ ਹੈਂ ਤਥਾਹਿ:॥ :॥ 11 ਕਠ. ਬ. 5॥

ਅਰਥ॥ ਜੈਸੇ ਸੁਰਜ ਸਰਵ ਲੋਕ ਕਾ ਪ੍ਰਕਾਸ਼ ਸੇ ਉਪਕਾਰਕ ਚਕਸ਼ੁ ਰੂਪ ਹੈ, ਸੋ ਚਕਸ਼ੁ ਮੇਂ ਵਰਤਮਾਨ ਦੋਸ਼ ਤਥਾ ਅਸੁਚਿ ਸਪਰਸ਼ ਨਿਮਿਤ ਬ੍ਰਹਮ ਦੋਸ਼ ਇਨ ਕਰਕੇ ਲਿਪਾਯਮਾਨ ਨਹੀਂ ਹੋਤਾ॥ ਇਸੀ ਪ੍ਰਕਾਰ ਏਕ ਸਰਵ ਭੂਤੋਂ ਕਾ ਅਨੰਤਰਾਤਮਾ ਆਰੋਪਿਤ ਲੋਕ ਕੇ ਦੁਖਾਦਿਰੂਪ ਦੋਸ਼ ਸੇ ਲਿਪਾਯਮਾਨ ਨਹੀਂ ਹੋਤਾ॥ ਕਿਉਂਕਿ, ਸੋ ਪਰਮਾਤਮ ਆਰੋਪਿਤ ਨਾਮ-ਰੂਪ ਕਰਮ,

Sri Satguru Jagjit Singh Ji eLibrary NamdhariElibrary@gmail.com

ਪ੍ਰਪੰਚ ਸੇ (ਬ੍ਰਹਮ) ਬਹਿਰਭੂਤ ਹੈ॥ ਆਰੋਪਿਤ ਸੁਰਜ ਕਿਰਣਸਥ ਜਲ ਸੇ ਜੈਸੇ ਮਰੁਸਥਲ ਕਾ ਸਪਰਸ਼ ਨਹੀਂ, ਇਸੀ ਪ੍ਰਕਾਰ ਆਰੋਪਿਤ ਵਸਤੁ ਸੇ ਪਰਮਾਤਮਾ ਲਿਪਾਯਮਾਨ ਨਹੀਂ ਹੋਤਾ॥ ਇਸ ਸਥਾਨ ਮੇਂ ਇਤਨਾ ਵਿਚਾਰ ਔਰ ਭੀ ਜਾਨ ਲੇਨਾ॥ ਜੋ ਕਿ, ਇਸ ਸੋਪਾਨ ਮੇਂ 'ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣ ਦੇ' ਇਸ ਵਚਨ ਸੇ ਗੁਣ ਰਹਿਤ ਪੁਰਸ਼ੋ ਮੇਂ ਵੈ ਰਾਗਯਾਦਿਕ ਗੁਣੋਂ ਕੋ ਪਰਮੇਸ਼ੂਰ ਅਪਨੀ ਕ੍ਰਿਪਾ ਸੇ ਪੈਦਾ ਕਰਤਾ ਹੈ॥ ਔਰ, ਵੈਰਾਗਾਯਦਿਕ ਗੁਣ ਸਹਿਤ ਪੁਰਸ਼ੋ ਮੇਂ ਗਿਯਾਨ ਗੁਣ ਕੋ ਉਤਪੰਨ ਕਰਤਾ ਹੈ, ਯਹ ਕਹਾ ਹੈ॥ ਪਰੰਤੂ ਇਸ ਮੇਂ ਯਹ ਵਿਚਾਰ ਕਰਤਵਯ ਹੈ, ਜੋ ਕਿ ਪਰਮੇਸ਼ੂਰ ਕਿੰਚਿਤ ਕਾਰਣ ਸੇ ਕ੍ਰਿਪਾ ਕਰਤਾ ਹੈ, ਅਥਵਾ ਵਿਨਾ ਕਾਰਣ ਨਿੱਮਿਤ ਕ੍ਰਿਪਾ ਕਰਤਾ ਹੈ, ਯਦਿ ਵਿਨਾ ਨਿੱਮਿਤ ਸੇ ਕ੍ਰਿਪਾ ਕਰਤਾ ਹੋਵੇ, ਤਬ ਸਰਵ ਜੀਵਨ ਮੇਂ ਮੋਕਸ਼ ਕਾਰਣ ਸਾਮਗਰੀ ਵਿਵੇਕਾਦਿਕ ਅਥਵਾ ਭੋਗਕਾਰਣ ਸਾਮਗਰੀ ਕੇ ਸੰਪਾਦਨ ਮੇਂ ਸਾਮਰਥਯ ਕੋ ਅਪਨੀ ਕ੍ਰਿਪਾ ਸੇ ਇਸ਼ੂਰ ਕੋ ਕਰਨਾ ਚਾਹੀਏ, ਪਰੰਤੂ ਕਰਤਾ ਨਹੀਂ॥ ਇਸ ਸੇ ਇਸ਼ੂਰ ਕੀ ਕ੍ਰਿਪਾ ਸਨਿਮਿਤਕ ਹੈ॥ ਜਬ ਇਸ਼ੂਰ ਕ੍ਰਿਪਾ ਸਨਿਮਿਤਕ ਹੁਈ ਤਬ ਨਿਸ਼ਕਾਮ-ਧਰਮ ਰੂਪ ਨਿਮਿਤ ਕੇ ਦੇਖਕਰ ਨਿਰਗੁਣ ਪੁਰਸ਼ੋਂ ਮੇਂ ਵੈਰਾਗਯਾਦਿ ਗੁਣੋਂ ਕੋ ਉਤਪੰਨ ਕਰਤਾ ਹੈ, ਔਰ, ਸਕਾਮ ਕਰਮ ਰੂਪ ਨਿਮਿਤ ਕੋ ਦੇਖਕਰ ਭੋਗ ਹੇਤੂ ਸਾਮਰਥਯ ਕੋ ਉਤਪੰਨ ਕਰਤਾ ਹੈ॥ ਇਸੀ ਪ੍ਰਕਾਰ ਵੈਰਾਗਯਾਦਿਕ ਗੁਣ ਰੂਪ ਨਿਮਿਤ ਸੇ ਗੁਰੂ ਮਿਲਾਪ ਉਪਦਸ਼ ਆਦਿਕ ਦ੍ਵਾਰਾ ਗਿਯਾਨ ਕੋ ਉਤਪੰਨ ਕਰਤਾ ਹੈ ਔਰ ਆਪ ਸਰਵਰਥਾ ਨਿਰਲੇਪ ਹੈ। ਯਹ ਸਪਤਮੀ ਸੋਪਾਨ ਕਾ ਭਾਵਅਰਥ ਹੈ॥ 7॥

ਨੰ. 9. ਸਾਧੂ ਪੰ. ਹਰਿਪ੍ਰਸਾਦ ਜੀ ਉਦਾਸੀਨ (ਵੇਦਿਕ ਮੁਨੀ)

(ਈਸ਼ਵਰ ਸ੍ਵਭਾਵ ਪਰਵ ॥ 7॥)

ਜੇ ਜੁਗ ਚਾਰੇ ਆਰਜਾ ਹੋਰ ਦਸੁਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥

ਯਦਿ ਚਾਰੋਂ ਯਗੋਂ ਕੀ ਆਯੂ ਹੋ, ਅਥਵਾ ਔਰ ਭੀ ਦਸ਼ਗੁਣਾ ਅਰਥਾਤ ਚਾਲੀਸ ਯੁਗੋਂ ਕੀ ਆਯੂ ਹੋ। ਪ੍ਰਿਥਵੀ ਕੇ ਨਵੋਂ ਖੰਡੋ ਮੇਂ ਅਰਥਾਤ ਭੂਮਿ ਮੰਡਲ ਭਰ ਮੇਂ ਸਬ ਲੋਕ ਜਾਨੇ ਔਰ ਚਲਨੇ ਕੇ ਸਮਯ ਸਬ ਕੋਈ ਸਤਿਕਾਰ ਕੇ ਲਿਯੇ ਸਾਥ ਚਲੇ॥ 1॥ ਜੋ ਨਾਮ ਚੰਗਾ ਅਰਥਾਤ ਸੁੰਦਰ ਹੈ, ਏਸਾ ਕੋਈ ਨਾਮ ਰਖਵਾ-ਕਰ, ਉਸਕੇ ਅਨੁਰੂਪ (ਸਾਂਘਰਸ਼) ਕਰਮੋਂ ਕੇ ਕਰਨੇ ਸੇ, ਦੁਨਿਯਾ ਕੇ ਯਸ਼ ਔਰ ਕੀਰਤੀ ਕੋ ਭੀ ਪਾ ਲੇ। ਪਰ ਯਦਿ ਉਸਕੀ ਦ੍ਰਿਸ਼ਟੀ ਮੇਂ ਨਹੀਂ ਆਯਾ ਅਰਥਾਤ ਸ਼ਰਧਾ-ਭਕਤਿ ਕੇ ਨ ਹੋਨੇ ਸੇ ਇਸ਼ੂਰ ਕੀ ਕ੍ਰਿਪਾ ਕਾ ਪਾਤਰ ਨਹੀਂ ਬਨਾ, ਤੋ ਪਰਲੋਕ ਮੇਂ ਉਸ ਕੀ ਬਾਤ-ਤਕ ਭੀ ਕੋਈ ਨਹੀਂ ਪੁਛਤਾ ਅਰਥਾਤ ਵਹ ਕਹੀਂ ਆਦਰ ਨਹੀਂ ਪਾਤਾ॥ 2॥ ਦੇ ਖੋ ਮਨੁਸ਼ਯੋ! ਕੀਟੋਂ ਕੇ ਅੰਦਰ ਕੀਟ ਅਰਥਾਤ ਨਿਰਕ੍ਰਿਸ਼ਟੋਂ ਮੇਂ ਭੀ ਨਿਰਕਸ!ਤਮ ਸਮਝ ਕਰ, ਜਿਨ ਮਨੁਸ਼ਯੋ ਮੇਂ ਲੋਗ ਦੋਸ਼ੋ ਪਰ ਦੋਸ਼ ਧਰਤੇ (ਆਰੋਪਣ ਕਰਤੇ) ਅਰਥਾਤ ਨਿਰਗੁਣ ਮਾਨ ਕਰ ਪਰੇ-ਪਰੇ ਕਰਤੇ ਹੈਂ, ਉਨ ਨਿਰਗੁਣੋਂ ਕੋ ਭੀ ਦਿਯਾਲੂ ਇਸ਼ੂਰ ਗੁਣਵਾਨ ਕਰਤਾ ਅਰਥਾਤ ਉਤਕ੍ਰਿਸ਼ਟ (ਉੰਚਾ) ਬਨਾਤਾ ਹੈ ਔਰ ਜੋ ਉਨ ਮੇਂ ਕੁਛ ਗੁਣਵਾਨ ਹੋਂ, ਉਨਹੇਂ ਔਰ ਗੁਣ ਦੇਤਾ ਅਰਥਾਤ ਉਤਕ੍ਰਸਤਰ ਕਰਤਾ ਹੈ। ਪਰੰਤੂ ਏਸਾ ਕੋਈ ਮਨੁਸ਼ਯ ਦੇਖਨੇ ਮੇਂ ਨਹੀਂ ਆਤਾ, ਜੋ ਕੋਈ ਉਸ-ਜੈਸੇ ਕਿਸੀ ਏਕ ਨਿਰਗੁਣ ਕੋ ਗੁਣਵਾਨ ਕਰੇ, ਨਿਸ਼ਚਯ ਸੇ ਯਹ ਉਸ ਦਿਯਾਲੂ ਇਸ਼ਵਰ ਕਾ ਹੀ ਕਾਮ ਹੈ, ਏਸਾ ਨਾਨਕ ਦਾ ਦਰਸ਼ਨ ਅਰਥਾਤ ਏਸੀ ਨਾਨਕ ਕੀ ਦ੍ਰਿਸ਼ਟੀ ਹੈ। ॥ 3॥ 7॥

Sri Satguru Jagjit Singh Ji eLibrary NamdhariElibrary@gmail.com

ਭਾਸ਼ਯ- ਜੋ ਕਰਮ ਸ਼ਰਧਾ ਸੇ ਕਿਯਾ ਜਾਤਾ ਹੈ, ਸਮਝ ਸੇ (ਗਿਯਾਨਪੂਰਵਕ) ਕਿਯਾ ਜਾਤਾ ਹੈ, ਇਸ਼ੂਰ ਕੋ ਸਾਖਸ਼ੀ ਮਾਨ ਕਰ ਕਿਯਾ ਜਾਤਾ ਹੈ, ਉਸ ਕਰਮ ਕੋ ਦੇਖ ਕਰ ਇਸ਼ੂਰ ਪ੍ਰਸੰਨ ਹੋਤਾ ਹੈ ਔਰ ਉਸਕਾ ਕੋਮਲ ਹ੍ਰਿਦਯ ਦਯਾ ਸੇ ਭਰ ਜਾਤਾ ਹੈ, ਫਿਰ ਉਸ ਕਰਮ ਕਾ ਜਿਤਨਾ ਫਲ ਦੇਨਾ ਚਾਹੀਯੇ, ਉਸ ਸੇ ਕਈ ਅਧਿਕ ਫਲ ਦੇਤਾ ਹੈ, ਯਹ ਇਸ਼ੂਰ ਦਾ ਸ੍ਵਭਾਵ ਹੈ, ਨੈਸਰੰਗਿਕ ਨਿਜਧਰਮ ਹੈ। ਹਰ-ਏਕ ਮਨੁਸ਼ਯ ਇਸ਼ੂਰ ਕੇ ਇਸ ਨੈਸਾਰੰਗਿਕ (ਕੁਦਤਰੀ) ਨਿਜਧਰਮ ਕੋ, ਉਸਕੇ ਇਸ ਸ੍ਵਤ:ਸਿਧ ਸ੍ਵਭਾਵ ਕੋ ਦ੍ਰਿਸ਼ਟੀਗੋਚਰ ਰਖਤਾ ਹੁਆ ਅਪਨਾ ਪ੍ਰਤਯੇਕ ਕਰਮ, ਸ਼ਰਧਾ ਸੇ ਇਸ਼ੂਰ ਕੋ ਸਾਖਸ਼ੀ ਮਾਨ ਕਰ ਕਰੇ, ਯਹ ਅਛੀ ਤਰਹ ਦ੍ਰਿੜ ਕਰਾਨੇ ਕੇ ਲਿਯੇ ਉਸਕੇ ਪਰਮਪਵ੍ਰਿੜ ਤਥਾ ਪਰਮੋਦਾਰ ਸਵਭਾਵ ਕਾ ਵਰਨਣ ਅਬ ਜਪ, ਸੰਹਿਤਾ ਕੇ ਸਾਤਵੇਂ ਪਰਵ ਮੇਂ ਕਿਯਾ ਜਾਤਾ ਹੈ। ਇਸ ਕਾ ਨਾਮ 'ਇਸ਼ੂਰਸ੍ਵਭਾਵਪਰਵ' ਔਰ ਮੰਤ੍ਰਸੰਖਿਆ ਤੀਨ ਹੈ। ਉਨ ਮੇਂ ਸੇ ਪਹਿਲੇ ਮੰਤ੍ਰ ਕਾ ਪਾਠ ਹੈ ॥

'ਜੇ ਜੁਗ ਚਾਰੇ ਆਰਜਾ' ਇਤਿਆਦਿ। ਆਯੁਰੂ ਕਾ ਵਿਪਯਯ-ਉਚਾਰਣ ਆਰਜਾ ਔਰ ਕ੍ਰਿਤ, ਤ੍ਰੇਤਾ, ਦੁਆਪਰ ਤਥਾ ਕਲਿ, ਯੇ ਚਾਰੋਂ ਯੁਗੋਂ ਕੇ ਨਾਮ ਹੈ। ਕ੍ਰਿਤਯੁਗ ਕਾ ਹੀ ਦੂਸਰਾ ਨਾਮ ਸਤਯਯੁਗ ਹੈ। ਕ੍ਰਿਤਯੁਗ ਕਾ ਆਰੰਭ ਵੈਸ਼ਾਖ- ਸੁਕਲਾ ਤ੍ਰਤੀਯਾ ਸੇ ਔਰ ਆਯੁ ਕਾ ਪਰਿਮਾਣ 17, 28, 000 ਵਰਸ਼ ਮਾਨਾ ਜਾਦਾ ਹੈ। ਤ੍ਰੇਤਾ ਕਾ ਆਯੂ-ਪਰਿਮਾਣ 12,96,000 ਵਰਸ਼, ਦੁਆਪਰ ਕਾ ਆਯੁਪਾਰਮਾਣ 8,64,000 ਵਰਸ਼ ਔਰ ਕਲਿ ਕਾ ਆਯੁਪਰਿਮਾਣ 4,32,000 ਵਰਸ਼ ਮਾਨਾ ਜਾਤਾ ਹੈ।

ਰਿਕਸੰਹਿਤਾ ਕੇ ਅਨੇਕ ਮੰਤ੍ਰੋ ਮੇਂ ਯੁਗ ਕਾ ਨਾਮ ਬਾਰ-ਬਾਰ ਆਯਾ ਹੈ, ਜਿਨ ਮੇਂ ਸੇ ਬ੍ਰਹਸਪਤਿ ਕੇ ਪੁਤ੍ਰ ਭਾਰਦ੍ਵਾਜ ਰਿਸ਼ੀ ਕਾ ਮੰਤ੍ਰ (ਰਿ: 66॥3) ਮਾਨ ਕੇ ਪੁਤ੍ਰ ਅਗਸਤਯ ਰਿਸ਼ੀ ਕਾ ਮੰਤ੍ਰ (ਰਿ: 1, 158,16) ਔਰ ਮਮਤਾ ਕੇ ਪੁਤ੍ਰ ਦੀਰਘਤਮਾ ਰਿਸ਼ੀ ਕਾ ਮੰਤ੍ਰ (ਰਿ: 1,158,6) ਵਿਸ਼ੇਸ਼ਰੂਪ ਸੇ ਧਿਆਨ ਮੇਂ ਰਖਨੇ ਯੋਗਯ ਹੈ। ਉਨ ਸਬ ਮੰਤ੍ਰੋਂ ਕੋ ਪੜਨੇ ਸੇ ਗਿਯਾਤ ਹੋਤਾ ਹੈ ਕਿ ਪਹਿਲੇ-ਪਹਿਲ ਪਾਂਚ ਵਰਸ਼ ਕਾ, ਫਿਰ ਦਸ ਵਰਸ਼ ਕਾ, ਏਕ ਯੁਗ ਮਾਨਾ ਜਾਤਾ ਥਾ। ਪੀਛੇ 'ਜਿਯੋਤਸ਼:ਸ਼ਾਸਤ੍ਰ' ਕੀ ਉਨਤੀ ਕੇ ਸਮਯ ਉਸਕਾ ਪਰਿਮਾਣ ਬੜਾ ਦਿਯਾ ਗਯਾ। ਭਾਰਤੀਯੇ ਜਿਯੋਤਸ਼ੀਯੋਂ ਕਾ ਮਤ ਹੈ ਕਿ ਚਾਰੋਂ ਯੁਗੋਂ ਕਾ ਆਯੁਪਰਿਮਾਣ 43,20,000 ਵਰਸ਼ ਹੈ। ਯਹਾਂ ਭੀ ਯਹੀ ਵਿਵਕ੍ਸ਼ਿਤ ਹੈ। ਇਸ ਕੋ ਦਸ ਗੁਣਾ ਕਰਨੇ ਸੇ 4,32,00,000 ਵਰਸ਼ ਹੋਤਾ ਹੈ। ਯਹੀ ਚਾਲੀਸ ਯੁਗੋਂ ਕਾ ਆਯੁਪਰਿਮਾਣ 'ਹੋਰ ਦਸੁਨਿ ਹੋਏ' ਕਾ ਅਰਥ ਹੈ॥317॥

ਨੰ. 10. ਭਾਈ ਵੀਰ ਸਿੰਘ ਜੀ (ਆਧੁਨਿਕ)

ਪ੍ਰਾਕਥਨ- ਕਰਮ ਮਾਰਗ ਤੇ ਹਠ-ਯੋਗ ਦੇ ਤੀਰਥ ਇਸ਼ਨਾਨ ਆਦਿ ਕਰਮਾਂ ਦੀ, ਨਿਰੰਕਾਰ ਦੀ ਪ੍ਰਸੰਨਤਾ ਨੂੰ ਆਪਣੇ ਵਲ ਪ੍ਰੇਰਤ ਕਰ ਲੈਣ ਦੀ ਅਸਮਰਥਾ ਦੱਸਕੇ ਅਤੇ ਨਾਮ ਸਿਮਰਨ ਦੀ ਸਫਲਤਾ ਤੇ ਪ੍ਰਾਪਤੀ ਦੀ ਯਾਚਨਾ ਵਰਣਨ ਕਰਕੇ ਹੁਣ ਯੋਗੀਆਂ ਦੇ ਹਠ ਸਾਧਨਾਂ ਤੋਂ ਜੋ ਪ੍ਰਾਪਤੀਆਂ ਹੁੰਦੀਆਂ ਦੱਸੀਆਂ ਹਨ, ਉਨ੍ਹਾਂ ਦੀ ਵਾਹਿਗੁਰੂ ਪ੍ਰਸੰਨਤਾ ਨੂੰ ਆਕਰਖਣ ਕਰ ਲੈਣੇ ਦੀ ਅਸਮਰੱਥਾ ਦਰਸਾਉਂਦੇ ਹਨ:-

ਅਰਥ:- (ਹਠ ਯੋਗ ਆਦਿ ਸਾਧਨ ਕਰਕੇ) ਜੇ (ਜੀਵ ਦੀ) ਉਮਰ (ਇੰਨੀ ਲੰਮੀ ਹੋ ਜਾਵੇ ਜਿੰਨੇ ਕਿ) ਚਾਰ ਯਗ (ਹੰਦੇ ਹਨ, ਇਸ ਤੋਂ ਬੀ) ਦਸ ਗੁਣੀ ਹੋਰ ਹੋ ਜਾਵੇ (ਫੇਰ ਉਹ)

Sri Satguru Jagjit Singh Ji eLibrary NamdhariElibrary@gmail.com

ਸਾਰੇ ਸੰਸਾਰ ਵਿਚ ਪ੍ਰਸਿੱਧ ਹੋ ਜਾਵੇ (ਤੇ ਇੰਨਾਂ ਸਤਿਕਾਰਿਆ ਜਾਵੇ ਕਿ) ਸਭ ਕੋਈ (ਆਦਰ ਲਈ ਉਸ ਦੇ) ਨਾਲ ਹੋ ਟੁਰੇ। ਜਗਤ ਵਿਚ ਜਸ ਤੇ ਕੀਰਤੀ (ਸ਼ੋਭਾ ਐਤਨੀ) ਲਵੇ (ਕਿ ਸਭ ਕੋਈ ਉਸ ਨੂੰ) ਚੰਗਾ ਚੰਗਾ ਆਖੇ। (ਪਰ) ਜੇ (ਉਹ) ਉਸ ਗੁਣੀ ਨਿਧਾਨ ਦੀ ਕ੍ਰਿਪਾ) ਦ੍ਰਿਸ਼ਟੀ ਹੇਠ ਨਹੀਂ ਆਇਆ ਤਾਂ (ਉਸ ਦੀ) ਸਾਰ ਕਿਸੇ ਨਹੀਂ ਲੈਣੀ। (ਸਗੋਂ ਉਸ ਦੇ ਕੀਤੇ) ਦੋਸ਼ ਉਸ ਦੇ ਜ਼ਿੰਮੇ ਲਾਕੇ (ਉਹ) ਦੋਸ਼ੀ (ਠਹਿਰਾਇਆ ਜਾਏਗਾ ਤੇ ਉਹ ਕੀੜਿਆਂ ਵਿਚ ਕੀੜਾ ਕੀਤਾ ਜਾਏਗਾ।) (ਭਾਵ ਨੀਚ ਅਵਸਥਾ ਨੂੰ ਪ੍ਰਾਪਤ ਹੋਵੇਗਾ, ਪਰੰਤੂ ਐਸੇ) ਗੁਣਾਂ ਤੋਂ ਵਿਹੂਣੇ (ਹੋ ਕੇ) ਵਿਚ (ਬੀ ਜੇ ਉਹ ਗੁਣੀ ਨਿਧਾਨ ਚਾਹੇ ਤਾਂ) ਗੁਣ ਭਰ ਦੇਦਾ ਹੈ, (ਉਹ ਚਾਹੇ ਤਾਂ) ਗੁਣਵੰਤਿਆ (ਵਿਚ ਹੋਰ) ਗੁਣ (ਪਾ) ਦੇਂਦਾ ਹੈ। ਉਸ (ਗੁਣੀ ਨਿਧਾਨ) ਜੈਸਾ (ਹੋਰ) ਕੋਈ ਨਹੀਂ (ਮੈਨੂੰ) ਦਿੱਸਦਾ ਜੋ ਉਸ ਨੂੰ ਕੋਈ ਗੁਣ ਲਾ ਸਕੇ, ਹੇ ਨਾਨਕ॥ 7॥

ਵਯਾਖਯਾ- ਪਿਛਲੀ ਪਉੜੀ ਵਿਚ ਤੀਰਥ ਇਸ਼ਨਾਨ ਆਦਿ 'ਕਰਮਾਂ' ਤੋ ਨਾਮ ਦੀ ਵਿਸ਼ੇਸ਼ਤਾ ਦੱਸੀ ਥੀ ਕਿ: ਨਾਮ ਤੁਲਿ ਕਛੁ ਅਵਰੁ ਨ ਹੋਇ॥

ਹੁਣ ਇਸ ਪਉੜੀ ਵਿਚ ਹਠ-ਯੋਗ ਸਾਧਨਾ ਦਵਾਰਾ ਪ੍ਰਾਪਤ ਹੋਏ ਐਸਵਰਯ ਦੀ ਈਸ਼ਵਰ ਪ੍ਰਾਪਤੀ ਲਈ ਨਿਸ਼ਫਲਤਾ ਨੂੰ ਲੈਂਦੇ ਹਨ ਕਿ ਹਠ-ਯੋਗ ਨਾਲ ਉਮਰ ਤਾਂ ਵਡੀ ਹੋ ਜਾਂਦੀ ਹੈ, ਪਰ ਜੇ ਵਹਿਗੁਰੂ ਜੀ ਦੀ ਪ੍ਰਾਪਤੀ ਨਹੀਂ ਤਾਂ ਕਲਯਾਣ ਕਿੱਥੇ? ਇਹ ਉਮਰ ਜੇ ਚਾਰ ਜੁਗਾਂ ਤੋਂ ਬੀ ਵਧੀਕ ਚਾਲੀ ਜੁਗਾਂ ਦੀ ਹੋ ਜਾਏ ਫੇਰ ਨਾਲ ਹੋਰ ਵਿਭੂਤੀਆਂ ਬੀ ਮਿਲਿ ਜਾਣ, ਐਥੋਂ ਤਾਈ ਕਿ ਜੋ ਜਗਤ ਵਿਚ ਪ੍ਰਸਿਧਤ ਹੋ ਜਾਏ, ਭਾਵ ਇਹ ਕਿ ਨਿਰਾ ਉਮਰਾਂ ਹੀ ਨਾ ਵਧੇ ਉਸ ਵਿਚ ਭੋਗਾਂ ਲਈ ਪੂਰਨ ਐਸਵਰਜ ਬੀ ਪ੍ਰਾਪਤ ਹੋਵੇ। ਪਰ ਜੇ ਪ੍ਰਭੂ ਦੀ ਪ੍ਰਸੰਨਤਾ ਪ੍ਰਾਪਤ ਨਹੀਂ ਹੋਈ, ਅਰਥਾਤ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਉਸ ਉਪਰ ਨਹੀਂ ਪਈ ਤਾਂ ਕੀ ਲਾਭ ਕਿਉਂਕਿ ਉਹ ਉਮਰ ਆਖਰ ਮੁੱਕੇਗੀ, ਓਹ ਭੋਗ ਦੇਣ ਵਾਲੇ ਐਸ਼ਵਰਜ ਨਾਲ ਹੀ ਮੁੱਕ ਜਾਣਗੇ। ਫੇਰ ਵੇਲਾ ਆਵੇਗਾ ਮਾੜੇ ਕੀਤੇ ਕਰਮਾਂ ਦੇ ਫਲ ਭੋਗਣ ਦਾ, ਉਸ ਵੇਲੇ ਨੀਵੀਂ ਦਸ਼ਾ ਪ੍ਰਾਪਤ ਹੋਵੇਗੀ। ਕਿਉਂਕਿ ਜੋ ਕਰਮ-ਅਭਯਾਸ ਕੀਤੇ ਸਨ ਓਹ ਹਉਂ ਦੇ ਆਸਰੇ ਕੀਤੇ ਸਨ, ਸਰੀਰ ਦੀ ਅਰੋਗਤਾ ਵਡੀ ਉਮਰ ਤੇ ਐਸਵਰਜ ਲਈ ਕੀਤੇ ਸਨ, ਕਲਯਾਣ ਲਈ ਕੋਈ ਸਾਧਨ ਨਹੀਂ ਕੀਤੇ ਸਨ। ਉਹ ਹਉਮੇ ਦੇ ਕਰਮ ਸਨ, ਉਹਨਾਂ ਨਾਲ ਹਉਂ ਕਲਯਾਣ ਲਈ ਕੋਈ ਸਾਧਨ ਨਹੀਂ ਕੀਤੇ ਸਨ। ਓਹੀ ਹਉਮੇ ਦੇ ਕਰਮ ਸਨ, ਉਹਨਾਂ ਨਾਲ ਹਉਂ ਵਧੀ ਸੀ-

ਕਰਮ ਕਰਤ ਬਧੇ ਅਹੰਮੇਵ॥ ਲਿਖਿਆ ਹੈ, ਅਹੰਮੇਵ ਬੰਧਨ ਕਾ ਕਾਰਨ ਹੈ:-ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ॥ ਓਹ ਬੰਧਨ ਦਾ ਕਾਰਨ ਬਣੇ, ਹੁਣ ਕਰਮ-ਮਾਰਗ ਅਨੁਸਾਰ ਮਾੜੇ ਕੀਤੇ ਕਰਮਾਂ ਦੇ ਫਲ ਭੋਗਣ ਦਾ ਸਮਾਂ ਆਇਆ ਤਾਂ ਦੋਸ਼ੀਆਂ, ਮਹਾਂ ਦੋਸ਼ੀਆਂ ਵਿਚ ਥਾਂ ਮਿਲੀ। ਸ਼ੁਭ ਕਰਮਾਂ ਦਾ ਫਲ ਪਾ ਚੁਕਾ ਹੈ, ਹਠ-ਯੋਗ ਸਾਧਨਾਂ ਦੇ ਫਲ ਐਸ਼ਵਰਜ ਭੋਗ ਚੁਕਾ ਹੈ, ਉਸ ਨੂੰ ਮਾੜੇ ਕਰਮਾਂ ਦੇ ਫਲ ਭੋਗਣ ਵੇਲੇ ਦੁਖ ਵਧੇਰੇ ਚੁਭਦਾ ਹੈ, ਉਸ ਵੇਲੇ ਵਡੀ ਉਮਰਾਂ ਭੋਗੀਦੀ ਤੇ ਐਸ਼ਵਰਜ ਮਾਣੇ ਦੀ ਨਿਸ਼ਫਲਤਾ ਦਿੱਸ ਪੈਂਦੀ ਹੈ। ਜੇ ਕਦੇ ਪਹਿਲੇ ਦਿਸ ਪੈਦੀ ਤਾਂ ਗੁਰ ਵਾਕ ਹੈ:-

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥

ਜੇ ਉਹਨਾਂ ਕਰਮਾਂ ਤੇ ਸਾਧਨਾਂ ਦੀ ਥਾਵੇਂ ਪ੍ਰੇਮਾਭਗਤੀ ਵਿਚ ਆਉਂਦਾ, ਨਾਮ ਜਪੇਦਾ, ਵਾਹਿਗੁਰੂ ਨਾਲ ਪ੍ਰੀਤਿ ਪਾਉਂਦਾ ਤਾਂ ਉਸ ਨੂੰ ਵਾਹਿਗੁਰੂ ਜੀ ਦਾ ਪ੍ਰਸ਼ਾਦ ਮਿਲਦਾ, ਕਰਮ ਦਗਧ

Sri Satguru Jagjit Singh Ji eLibrary NamdhariElibrary@gmail.com

ਹੋ ਜਾਂਦੇ, ਮੋਖ ਦੁਅਰਾ ਅੱਪੜਦਾ ਸਚਿਆਰ ਹੋਕੇ ਸਚਿਆਰ (ਵਾਹਿਗੁਰੂ) ਨੂੰ ਮਿਲ ਜਾਂਦਾ ਤਾਂ ਹੁਣ ਗਿੜਗਿੜਾਉਨਾ ਨਾ ਮਿਲਦਾ, ਯਥ- *ਜੋ ਜੋ ਜਪੈ ਤਿਸ ਕੀ ਗਤਿ ਹੋਇ॥*

ਹੁਣ ਇਕ ਹੋਰ ਪ੍ਰਸ਼ਨ ਹੁੰਦਾ ਹੈ ਕਿ ਦੂਜਾ 'ਨਾਲਿ ਚਲੈ ਸਭੁ ਕੋਇ' ਹੋ ਗਿਆ ਤਾਂ ਬਾਕੀ ਕੌਣ ਹੈ ਜਿਸ ਬਾਬਤ ਕਿਹਾ ਹੈ ਕਿ 'ਵਾਤ ਨ ਪੁਛੈ ਕੇ ਵਿਚਾਰ ਕੀਤਿਆਂ ਸਿੱਟਾ ਇਹ ਨਿਕਲਦਾ ਹੈ ਕਿ ਇਹ 'ਵਾਤ ਨ ਪੂਛੈ ਕੋ' ਦਾ ਇਸ਼ਾਰਾ ਪ੍ਰਲੋਕ ਵਲ ਹੈ ਕਿ ਓਥੇ ਗਿਆ ਅਵਗੁਣੀਆਂ ਦੀ ਕੋਈ ਵਾਤ ਨਹੀਂ ਪੁੱਛੇਗਾ; ਕਿਉਂਕਿ ਲਿਖਿਆ ਹੈ:- ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥ ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥ ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ॥ ਪੁਨਾ:- ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰ ਬੀਚਾਰੀ ਜੀਉ। ਓਥੇ ਤਾਂ, 'ਗੁਣੀਆਂ ਗੁਣ ਲੇ ਪ੍ਰਭ ਮਿਲੇ॥'

ਓਹ ਗੁਣ ਕੀ ਹਨ ਤੇ ਕੀਕੂੰ ਪ੍ਰਾਪਤ ਹੁੰਦੇ ਹਨ? ਫੁਰਮਾਨ ਹੈ:

ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ॥

ਅਰਥਾਤ ਨਾਮ ਦੀ ਕਮਾਈ ਨੇ ਗੁਣਵੰਤ ਬਨਾਉਣਾ ਹੈ ਤੇ ਜਾਚ ਗੁਰੂ ਨੇ ਦੱਸਣੀ ਹੈ, ਮੌਕਿਆ ਹੁਣੇ ਹੀ ਹੈ ਤੇ ਏਥੇ ਹੀ ਹੈ। ਯਥਾ:

ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥

ਪੁਨਾ: ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥

ਨਾਮ ਤੋਂ ਬਿਨਾ ਜੀਉਣਾ ਤੇ ਚਿਰ ਜੀਉਣਾ ਕੀ ਹੈ?

ਬਿਨੁ ਸਿਮਰਨ ਜੇ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥

ਨਵਖੰਡਾਂ ਦਾ ਐਸ਼ਵਰਜ ਕੀ ਫਲ ਦੇਵੇਗਾ?

ਨਵ ਖੰਡਨ ਕੋ ਰਾਜ ਕਮਾਵੈ ਅੰਤਿ ਚਲੈਗੋ ਹਾਰੀ॥
ਤਾਂ ਤੇ ਹਰਿ ਬਿਸਰਤ ਸਦਾ ਖੁਆਰੀ॥

ਚਾਹੋ ਕਿਤਯ ਚਿਰ ਜੀਵੋ ਹਾਂ ਕਿਤਨੇ ਹਠ-ਯੋਗ ਕਰੋ, ਜੇ ਮਨੋਰਥ, ਈਸ਼ੂਰ ਪ੍ਰਾਪਤੀ ਨਹੀਂ ਤਾਂ ਸਿਧੀ ਅਰਥਾਤ ਪਰਮਪਦ ਦੀ ਪ੍ਰਾਪਤੀ ਨਹੀਂ ਹੁੰਦੀ:-

ਸਭਿ ਸਤ ਸਭਿ ਤਪ ਸਭਿ ਚੰਗਿਆਈਆ॥
ਸਿਧਾ ਪੁਰਖਾ ਕੀਆ ਵਡਿਆਈਆ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥

ਹੁਣ ਇਕ ਹੋਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਦੋਸ਼ੀਆਂ ਅਤੇ ਨਿਰਗੁਣੀਆਰਿਆਂ ਦੀ ਬੀ ਕਲਯਾਨ ਹੋ ਸਕਦੀ ਹੈ ਕਿ ਓਹ ਸ਼ਦਾ ਲਈ ਦੋਸ਼ੀ ਕਰਾਰ ਦੇਕੇ ਮਾਰੇ ਗਏ? ਐਸਾ ਹੋਣਾ ਨਹੀਂ ਚਾਹੀਏ, ਕਿਉਂਕਿ ਜੀਵ ਜਨਮ ਘਾਲ ਕੇ ਕਰਮ ਕਰਦਾ ਹੈ, ਜੀਵਨ ਗਿਣਤੀ ਦੇ ਸਾਲਾਂ ਦਾ ਹੈ, ਚਾਹੇ ਸਾਰੇ ਹੀ ਕਰਮ ਦੋਸ਼ਾ ਵਾਲੇ ਹੋਣ, ਓਹ ਗੈਣਤੀ ਵਿਚ ਹੋਣਗੇ। ਗੈਣਤੀ ਦੇ ਕਰਮਾ ਬਦਲੇ ਸਦਾ ਦੀ ਮਾਰ ਨਿਆਇ ਨਹੀਂ ਹੈ। ਇਸ ਸੰਸੇ ਦੀ ਨਵਿਰਤੀ ਲਈ ਛੇਵੀ ਤੁਕ ਇਸ ਪਉੜੀ ਵਿਚ ਉਚਰੀ ਹੈ-- 'ਨਾਨਕ ਨਿਰਗੁਣਿ ਗੁਣੁ ਕਰੇ....' ਅਰਥਾਤ ਪ੍ਰਭੂ ਨਿਰਗੁਣੀ ਪੁਰਖ ਵਿਚ ਵੀ ਨਾਮ ਦਾ ਗੁਣ ਲਾ ਦੇਂਦਾ ਹੈ। ਯਥਾ:

ਨਿਰਗੁਣ ਰਾਖਿ ਲੀਆ ਸੰਤਨ ਕਾ ਸਦਕਾ॥ ਪੁਨਾ: ਸਤਿਗੁਰ ਬਚਨ ਤੁਮ੍ਹਾਰੇ॥ ਨਿਰਗੁਣ ਨਿਸਤਾਰੇ॥ ਕਿਉਂਕਿ ਅਵਗੁਣਾਂ ਨੂੰ ਬਖਸ਼ ਦੇਣਾ ਉਸ ਦਾ ਬਿਰਦ ਹੈ:-ਅਵਗਣ ਬਖਸਣਹਾਰਾ ਕਾਮਣਿ

Sri Satguru Jagjit Singh Ji eLibrary NamdhariElibrary@gmail.com

ਕੰਤੁ ਪਿਆਰਾ ਘਟਿ ਘਟਿ ਰਹਿਆ ਸਮਾਈ॥ ਉਹ ਗੁਣਹੀਨਾਂ ਨੂੰ ਕੀ ਕੁੰ ਬਖਸ਼ਦ ਹੈ? ਉੱਤਰ:- ਨਿਰਗੁਣ ਜਦ ਆਪ ਨੂੰ ਸਚਮੁਚ ਨਿਰਗੁਣ ਲਖ ਲੈਦਾ ਹੈ ਤਾਂ ਉਹ ਸਤਿਸੰਗ ਦੀ ਟੋਲ ਕਰਦਾ ਹੈ:

ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ॥

ਸੰਤਸੰਗਿ ਵਿਚ ਫਿਰ ਉਹ ਨਾਮ ਦੀ ਮੰਗ ਕਰਦਾ ਹੈ:

ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੈ॥

ਨਾਮ ਅਰਾਧਨਾ ਕਰਨਹਾਰ ਦੇ ਅਵਗੁਣ ਆਪ ਮੇਟਦਾ ਤੇ ਗੁਣ ਭਰਪੂਰ ਕਰ ਦੇਂਦਾ ਹੈ, ਇਹ ਉਸ ਕਰਤਾ ਪੁਰਖ ਦਾ ਬਿਰਦ ਹੈ: ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ॥

ਪੂਰਨ ਪੁਰਖ ਰਚਨਹਾਰ ਅਵਗੁਣਾਂ ਨੂੰ ਮੇਟਕੇ ਹਿਰਦੇ ਨੂੰ ਗੁਣ ਭਰਪੂਰ ਕਰ ਦੇਂਦਾ ਹੈ। ਉਹ ਸ਼ੇਛੰਦ ਦਾਤਾ ਕਈ ਵਾਰ ਆਪਣੇ ਆਪ ਰੰਗ ਲਾ ਦੇਂਦਾ ਹੈ:

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥
ਇਕਿ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥

ਨਿਰਗੁਣੀ ਜੀ ਨਿਰਾਸਤਾ ਦੂਰ ਕਰਕੇ ਹੁਣੇ ਗੁਣਵੰਤ ਕੀ ਪਰਮ ਦਸ਼ਾ ਦੀ ਮੰਗਲਮਈ ਸ਼ੁਧ ਦੇਂਦੇ ਹਨ: ਗੁਣਵੰਤਿਆ ਗੁਣ ਦੇ॥

ਅਰਥਾਤ ਜਿਨਾ ਪਾਸ ਨਾਮ ਦਾ ਗੁਣ ਅਗੇ ਹੈ ਤੇ ਓਹ ਗੁਣਵੰਤ ਬਣ ਗਏ ਹਨ ਉਹਨਾਂ ਨੂੰ ਦਾਤਾ ਹੋਰ ਇਕ ਗੁਣ ਦਾਨ ਕਰਦਾ ਹੈ, ਉਹ ਗੁਣ ਦਾਨ ਇਉਂ ਹੈ:-

ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ॥ 15॥
ਤ੍ਰੈਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ॥

ਅਰਥਾਤ 'ਨਾਮ ਗੁਣ ਦਾਤਾ ਪ੍ਰਭੂ' ਹਉਮੈਂ ਤੇ ਤ੍ਰਿਸ਼ਨਾ 'ਨਾਮੀ ਪੁਰਖਾਂ' ਦੀ ਮਾਰਕੇ ਇਕ ਨਿਰਾਰੀ ਭਗਤੀ ਦਾਨ ਕਰਦਾ ਹੈ, ਉਹ ਹੈ ਤ੍ਰੈ-ਗੁਣਾਂ ਦਾ ਮਿਟ ਜਾਣਾ ਤੇ ਗੁਣਾਤੀਤ ਹੋਕੇ ਚਉਥੇ ਪਦ, ਤੁਰੀਆ ਵਿਚ ਜਾ ਵਰਤਣਾ। ਹਾਂ, ਤ੍ਰਿਗੁਣਾਤੀਤ ਹੋਕੇ ਤ੍ਰਿਗੁਣਾਤੀਤ ਬ੍ਰਹਮ ਵਿਚ ਜਾ ਮਿਲਣਾ:

ਤ੍ਰੈਗੁਣ ਮੇਟੇ ਨਿਰਮਲੁ ਹੋਈ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ॥

ਪੁਨਾ: ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ॥ ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ॥

ਜੇ ਕਦੇ ਕਰਮ-ਮਾਰਗ ਵਾਲੇ ਯਾ ਹਠ-ਯੋਗ ਵਾਲੇ ਭਗਤੀ-ਮਾਰਗ ਵਿਚ ਆ ਜਾਣ, ਹਉਂਦਾ ਆਸਰਾ ਛੱਡ ਕੇ ਪਰਮੇਸ਼ਰ ਦੇ ਪ੍ਰੇਮ ਆਸ੍ਰਿਤ ਹੋਕੇ ਨਾਮ ਜਪਣ ਲਗ ਜਾਣ ਤਾਂ ਉਹ ਬੀ ਕਲਯਾਨ ਦੇ ਭਾਗੀ ਹੋ ਜਾਣਗੇ, ਕਿਉਂਕਿ ਕਲਯਾਣ ਤਾਂ ਪਰਮਾਤਮ-ਦੇਵ ਵਿਚ ਪਹੁੰਚ ਪੈਣ ਦਾ ਨਾਮ ਹੈ, ਜਿਸ ਦਾ ਸਿੱਧਾ ਤੇ ਸੁਗਮ ਮਾਰਗ ਭਗਤੀ ਹੈ। ਯੋਗੀ ਜੇ ਯੋਗ ਸਾਧਦਾ ਹੋਇਆ ਈਸ਼ਵਰ-ਭਗਤੀ ਵਿਚ ਆ ਜਾਵੇ ਤਾਂ ਉਸ ਨੂੰ ਕੇਵਲਯ ਪ੍ਰਾਪਤੀ ਸੁਗਮ ਹੋ ਜਾਦੀ ਹੈ।

ਛੇਕੜਲੀ ਤੁਕ ਦੇ ਭਾਵ ਦੋ ਤਰ੍ਹਾਂ ਲਾਏ ਜਾਂਦੇ ਹਨ:

1. ਐਸਾ ਕੋਈ ਨਜ਼ਰ ਨਹੀਂ ਆਉਂਦਾ ਜੋ (ਤਿਸ=) ਉਸ ਨੂੰ ਕੋਈ ਗੁਣ ਲਾ ਸਕੇ। 'ਤਿਸ' ਦਾ ਭਾਵ ਪਰਮਾਤਮ ਦੇਵ ਲਿਆ ਜਾਂਦਾ ਹੈ। ਤੀਸਰੀ ਸਤਰ ਵਿਚ 'ਪਿਆ' ਪਦ 'ਤਿਸੁ' ਹੈ ਤੇ ਇਸ ਵਿਚ ਬੀ ਪਦ 'ਤਿਸੁ ਹੈ'।

ਏਹੁ ਤਾਂ ਪਰਮੇਸੁਰਕੇ ਨਾਮ ਸੁਣੈਕਾ ਫਲੁ। ਪਰ ਜਿ ਕੋਈ ਸੁਣਿ ਕਰਿ 'ਮੰਨੇ' ਤਿਸਕੀ ਕਿਆ ਮਹਮਾ?

ਤਿਸੁਕਾ ਪਰਮਾਰਥੁ:- ਜਿਨਿ ਕਿਨੇ ਸੁਣਿ ਕਰਿ 'ਮੰਨਿਆ' ਪਰਮੇਸੁਰਕਾ ਨਾਉ, ਤਿਸਕੀ ਗਤਿ ਮਿਤਿ ਕਿਛੁ ਮੇਰੇਸੁ ਤੇ ਕਹੀ ਨਾਹੀ ਜਾਂਦੀ। ਜੇ ਕੋਇ ਪਛਤਾਇਕੇ ਕਹੇ, ਜਿ ਮੈ ਏਸ ਬਾਤਕਾ ਬੀਚਾਰੁ ਓੜਕੁ ਦੇਖਾਂ, ਜਿ ਮੰਨੇਕਾ ਗੁਣੁ ਕਿਤਨਾ-ਕੁ ਹੈ। ਅਰੁ ਜੇ ਕੋਈ ਮੰਨੇਕੇ ਫਲ ਕਾ ਬੀਚਾਰੁ ਕੀਆ ਚਾਹੈ, ਤਾ ਨ ਹੋਇ। ਇਤਨਾ ਕਿਸੀ ਪਾਸਿ ਕਾਗਦੇ ਨਾਹੀ ਕਿਥਾਊ; ਜਿ ਨਾਮਕੇ ਬੀਚਾਰੁ ਕੀਆ ਚਾਹੈ, ਤਾ ਨ ਹੋਇ। ਇਤਨਾ ਕਿਸੀ ਪਾਸਿ ਕਾਗਦੇ ਨਾਹੀ ਕਿਥਾਊ; ਜਿ ਨਾਮਕੇ ਮੰਨੇਕੇ ਫਲ ਕਾ ਬੀਚਾਰੁ ਲਿਖਨੇ ਨੋ, ਨ ਕਲਮਹੈ, ਜਿ ਮੰਨੇ ਕੇ ਫਲ ਕਾ ਬੀਚਾਰਸ ਬਹਿ ਕਰ ਕਰੈ। ਐਸਾ ਪਰਮੇਸੁਰਕਾ ਨਾਮੁਹੈ, ਜੇ ਕੋਈ ਮੰਨਿ ਸਕੈ ॥12॥

ਨੰ.2. ਭਾਈ ਮਨੀ ਸਿੰਘ ਜੀ 'ਸ਼ਹੀਦ'

ਤਾਂ ਸਿੱਧਾਂ ਕਹਿਆ, "ਜਿਨਾਂ ਨੇ 'ਸੁਣਕਰ' 'ਮੰਨਿਆ' ਹੈ ਓਨਾਂ ਦੀ ਗਤਿ ਅਸਾਂਨੂੰ ਕਹੋ"॥

ਤਾਂ ਬਾਬਾ ਬੋਲਿਆ ਕਿ, ਮੰਨਣ ਵਾਲਿਆਂਦੀ ਗਤਿ ਕਹੀ ਨਹੀਂ ਜਾਂਦੀ॥ ਕਯੋਂ ਜੋ ਓਹ ਪਮੇਸ਼ਵਰ ਨੂੰ ਪ੍ਰਾਪਤ ਹੋਏ ਹਨ, ਅਤੇ, ਜੇ ਕੋਈ ਓਨਾਂਦੀ ਗਤਿ ਕਹੇ, ਤਾਂ ਪਿਛੇ ਪਛੋਤਾਉਂਦਾ ਹੈ,

Sri Satguru Jagjit Singh Ji eLibrary NamdhariElibrary@gmail.com

ਕਯੋਕਿ ਕਹੀ ਨਹੀਂ ਜਾਂਦੀ॥ ਅਰ 'ਨਾਂ ਇਤਨੇ ਕਾਗਤ ਹਨ, ਅਰ ਨਾ ਇਤਨੀਆਂ ਲਿਖਣਾਂ ਹੀਹੈ, ਅਤੇ ਲਿਖਣ ਵਾਲਾਭੀ ਕੋਈ ਨਹੀ ਜੋ ਉਸ ਦੀਆਂ ਵਡਿਆਈਆਂ ਲਿਖੇ ਪਰ, ਜੇ ਸੱਤ ਦੀਪਾਂਦਾ ਕਾਗਤਭੀ ਕੀਜੇ, ਅਤੇ ਸਾਰੀ ਬਨਾਸਪਤੀ ਦੀਆਂ ਲਿੱਖਣਾਂ ਕਰੀਐ, ਅਤੇ ਸਮੁੰਦਰਦੀ ਮਸਵਾਣੀ ਅਤੇ ਪਰਬਤ ਕੁੰਟ ਕੇ ਮਸ ਕਰੀਐ, ਅਰ ਸਰਸ੍ਵਤੀ ਵਕਤਾ ਹੋਵੇ,ਅਤੇ ਗਣੇਸ਼ ਲਿਖਣ ਵਾਲਾ ਹੋਵੇ, ਅਰ ਕਈ ਜੁਗ ਬੈਠਕੇ ਲਿਖੇ, ਤਉਭੀ ਮੰਨਣ ਵਾਲਿਆਂ ਦੀ ਗਤਿ ਲਿਖ ਨਹੀਂ ਸਕਦਾ'। ਸੋਐਸਾ ਮਹਾਰਾਜਦੇ ਨਾਮਦਾ ਮਹਾਤਮਹੈ ਤਾਂਤੇ ਜੋਕੋਈ ਮੰਨਦਾਹੈ ਸੋਈ ਆਪਣੇ ਮਨ ਵਿੱਚ ਜਾਣਦਾਹੈ॥ 12॥

ਨੰ.3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ)

ਮਨਨ ਮਹਾਤਮ ਕਹੇਹੈ;ਇਸਕਾ ਅਰਥ:- ਨਿਰਜੰਨ ਕਹੀਐ ਮਾਯਾ-ਅਤੀਤ ਸ਼ੁੱਧ ਨਾਰਾਯਣ ਜੋ ਹੈ, ਤਿਨਕਾ ਗੁਰੁਦਵਾਰੇ ਸ੍ਰਵਣਤੋ ਮਨਨ ਜੋਹੈ, ਤਿਸਕੀ ਗਤਿ, ਕਹੀਐ ਪ੍ਰਾਪਤਿਸੋ,ਕਹੀ ਨਹੀ ਜਾਤੀ॥ ਕਾਹੈਤੇ, ਮਨ ਬਾਣੀਕਾ ਪਰਾ ਹੈ:- ਜੇ ਕੋ ਕਹੈ ਪਿਛੈ ਪਛੁਤਾਇ॥ ਕਹੀ, ਜੋਹਾ ਹਾਥੇ ਕਛੁ, ਅਰੁ ਮਾਨ ਕਛੂ ਰਹੇਥੇ;ਜੋ ਅਬ ਜਾਨਾ,ਜੋ ਏਕ ਸੁਧ ਨਿਰਜੰਨਹੀ ਨਿਰੰਜਨਹੈ;ਵਹਿ ਗਤਿ ਜੋਹੈ ਤਿਸਕੇ ਲਿਖਣੇਕੋ ਕੋਈ ਸਮਰਥੁ ਨਹੀ॥ ਜੋ ਸੰਪੂਰਣ ਪ੍ਰਿਥਵੀ ਕਾਗਦ ਹੋਇ॥ ਅਰੁ ਬਨਾਸ ਪਤੀ ਕਲਮ ਹੋਇ॥ ਅਰੁ ਸਪਤ ਸਮੁਦ੍ ਮਸੁ ਹੋਇ॥ ਅਰੁ ਸਰਸਵਤੀ ਬਕਤਾ ਹੋਇ। ਅਰੁ ਗਣੇਸਾ ਲਿਖਾਰੀ ਹੋਇ॥ ਬਯਾਸਾਦਿ ਐਸੇ ਐਸੇ ਵੀਚਾਰ ਕਰਨੇ ਹਾਰੇ ਹੋਹਿ॥ ਤੋ ਭੀ ਮੰਨੇ ਕੀ ਗਤਿ ਕਾ ਜੋ ਮਹਾਤਮ ਹੋ ਸੇ ਬੈਠ ਕੇ ਬੀਚਾਰ ਸਕੇ॥ ਸੋ ਨਹੀ॥ ਕਾਹੇਤੇ ਅਤਿ ਬਿਅੰਤ ਹੈ॥

ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ 12॥

ਐਸਾ ਮਹਾਤਮ ਨਿਰੰਜਨ ਨਾਮ ਕਾ ਹੈ, ਜੇ ਕੋਈ ਗੁਰੋਂ ਤੇ ਸ੍ਰਵਣ ਦਵਾਰੇ ਅਪਨੇ ਮਨਾ ਵਿਖੇ ਮਨਨ ਕੋਈ ਕਰਿ ਜਾਣੇ ॥ 12॥

ਨੰ.4. ਸਾਧੂ ਅਨੰਦਘਨ ਜੀ (ਉਦਾਸੀਨ-ਪੁਰਾਣ ਕਥਾ ਵਾਚੀ)

ਸ੍ਰਵਣ ਗਿਆਨਕੀ ਮਹਮਾ ਕਹੀ, ਜੋ ਸੁਣਾ ਅਰ ਨਾ ਮਾਨਾ, ਤੋਂ ਸੁਣਨਾਭੀ ਕਿਸੀ ਕਾਮਕਾ ਨਹੀ॥ ਤਾਤੇ ਸ੍ਰਵਣ ਗਯਾਨ ਕੀ ਦ੍ਰਿੜਤਾਕੇ ਨਮਿੱਤ ਮਨਨ ਗਯਾਨਕੀ ਮਹਮਾ ਕਹਤੇਹੈਂ॥

ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥

'ਗਤਿ'ਨਾਮਹੈ ਪ੍ਰਾਪਤਿਕਾ॥ ਗੁਰੂ-ਉਪਦੇਸ਼ ਦਵਾਰਾ ਜੋ ਨਾਮਕੋ ਸੁਣ ਕਰ ਮਾਨ ਲੇਤੇ ਹੈਂ,ਤਿਸਕੋ ਜੋ ਕਛੁ ਪ੍ਰਾਪਤ ਹੋਤਾਹੈ, ਸੋ ਕਹਾ ਹੀ ਨਹੀ ਜਾਤਾ॥ ਜੇ ਕੋ ਕਹੇਗਾ ਪੀਛੇਤੇ ਪਸਚਾਤਾਪ ਕਰੇਗਾ, ਕਾਹੇ ਤੇ;

ਕਾਗਦਿ ਕਲਮ ਨ ਲਿਖਣਹਾਰੁ॥ ਮੰਨੇ ਕਾ ਬਹਿ ਕਰਨ ਵੀਚਾਰੁ॥

ਨ ਐਸਾ ਕਾਗਦ ਹੀਹੈ ਨ ਲੇਖਣ ਹੀ ਹੈ ਨ ਲੇਖਕ ਹੀ ਹੈ, ਜੋ ਮੰਨੋਕਾ ਵੀਚਾਰ ਕਰ ਕਰ ਲੇਖਾ ਲਿਖੇਗਾ। ਕਾਹੇਤੇ, ਨਾਮਕੇ ਮਾਣਨੇਕਾ ਫਲ ਤੋ ਪਰਮੇਸ੍ਵਰ ਕੀ ਪ੍ਰਾਪਤਿਹੈ, ਸੋ ਪਰਮੇਸ੍ਵਰਤੋ ਅਨੰਤ; ਜਿਸਕਾ ਅੰਤ ਹੈਹੀ ਨਹੀ, ਤਿਸਕੋ ਲਿਖਣੇ ਵਾਲਾ ਕਿਆ ਲਿਖੇਗਾ;ਅਰ ਜੋ ਕਛੁ ਲਿਖੇਗਾ, ਤੋਭੀਤੋ ਅਨੰਤਕੋ ਲਿਖ ਨ ਤੋ ਨ ਸਕੇਗਾ, ਤਿਸਕੋ ਆਪਹੀ ਸ਼ਰਮਿੰਦਗੀ ਹੋਵੇਗੀ॥

ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ 12॥

Sri Satguru Jagjit Singh Ji eLibrary NamdhariElibrary@gmail.com

ਨਾਮ ਏਸਾ ਨਿਰੰਜਨਹੈ, ਅਨੰਤਕੀ ਪ੍ਰਾਪਤਿ ਸੁਣ ਕਰ ਮਨ ਵਿਖੇ ਮਾਨ ਸਕੇ,ਤੇ ਮਾਨੇ; ਨਿਰੰਜਨ ਪਦਕੀ ਪ੍ਰਾਪਤਿ ਹੋਵੇਗੀ ਸੋ ਮਾਨਣੇ ਵਾਲਾ ਕੋਈ ਕੋਈ ਵਿਰਲਾ ਹੀਤੋਹੈ, ਸਭੀਤੋ ਨਹੀਂ॥

ਨੰ.5. ਭਾਈ ਸੰਤੋਖ ਸਿੰਘਜੀ ਕਵੀ ਚੂੜਾਮਣੀ (ਨਿਰਮਲ-ਗਿਆਨੀ)

ਸ੍ਰਵਣ ਗਯਾਨਕੀ ਤੋ ਸਮਾਪਤਿ ਭਈਹੈ। ਅਬ ਅਗਾਰੀ ਦੂਸਰੋ ਮਨਨ ਗਯਾਨਕੋ ਪ੍ਰਤਿਪਾਦਨ ਕਰੇਹੈਂ:-

ਮੰਨੇ ਕੀ ਗਤਿ ਕਹੀ ਨ ਜਾਇ॥

ਜਿਨ੍ਹੋਂਨੇ ਪ੍ਰਿਥਮਤੋ ਕੀਓ ਸਤਿਗੁਰਕੇ ਸਬਦ ਆਤਮ ਉਪਦੇਸ਼ਕੋ ਸ੍ਰਵਣ, ਬਹੁਰ ਮੰਨਨ ਕਰਤਹੈਂ, ਤਿਨਕੋ ਨਾਮ 'ਮੰਨਾ', ਤਿਸਕੀ 'ਗਤਿ' ਕਹੀਏ ਪ੍ਰਾਪਤਿ, ਸੋ ਕਿਸੇ ਰੀਤਿਸੋਂ ਕਹੀ ਨਹੀਂ ਜਾਤੀਹੈ; ਐਸੀ ਕੋਨ ਵਸਤੂ ?

ਪਰਮਾਨੰਦਕੀ ਪ੍ਰਾਪਤਿ, ਸੋਤੋ ਮਨ ਬਾਣੀਕਾ ਪਰਾ ਹੈ, ਮਨ ਬਾਣੀ ਤਹਾਂ ਪਹੁੰਚ ਨਹੀਂ ਸਕਤਹੈ। ਪ੍ਰਮਾਣ ਇਸ ਪਰ ਬੇਦਕੋ: 'ਯਤੋ ਵਾਚਾ ਨਿਵਰਤੰਤੇ ਅਪ੍ਰਾਪ ਮਨਸਾ ਸਹ:'ਇਤਿ ਸ੍ਰਤੇ।

ਜੇ ਕੋ ਕਹੈ ਪਿਛੈ ਪਛੁਤਾਇ॥

ਜੇਕਰਿ ਕੋਈ ਕਹੈ, ਮੰਨੇਕੀ ਪ੍ਰਾਪਤਿ ਸੰਪੂਰਨਕੋ ਮੈ ਕਹਿਤਾ ਹੂੰ, ਸੋ ਕਹਤ ਕਹਤ ਪੀਛੇ ਸੇ ਪਛੁਤਾਵੈਂਗੇ, ਜੋ ਕਹਨਿ ਬਿਖੇ ਨਹੀਂ ਆਵਤਹੈ; ਸੰਪੂਰਨਤੋਂ ਕਿਉਂ ਹੂੰ ਨਹੀਂ ਕਹਿ ਸਕੇਗੇ।

ਕਾਗਦਿ ਕਲਮ ਨ ਲਿਖਣਹਾਰੁ॥

ਪ੍ਰਿਥਵੀ ਆਦਿ ਜੇ ਸਰਬ ਕਾਗਦ ਕਰੀਏ, ਕਲਮ ਜੋ ਲਿਖਣਹੈ ਸੋਸਰਬ ਬਨਾਸਪਤੀ ਕਰੀਏ, ਲਿਖਣਹਾਰ ਲਿਖਾਰੀ ਗਣੇਸ ਜੀ ਕਰੀਏ,ਇਨ ਤੀਨਕੀ ਇਹ ਤੀਨਹੀ ਅਵਧਿਹੈਂ, ਸੋ ਇਨਤੇ ਤੋਂ ਇਹ ਲਿਖੀ ਨਹੀਂ ਜਾਤਹੈ। ਇਨਤੇ ਉਪਰਾਂਤ੍ਰ ਔਰ ਕੌਨ ਗਨੀਏ ? ਯਾਂਹੀਤੇ ਕਹਯੋਹੈ; ਨਾ ਕਾਗਦਹੈ, ਨਾ ਕਲਮਹੈ, ਨਾ ਲਿਖਾਰੀਹੈ।

ਮੰਨੇਕਾ ਬਹਿ ਕਰਨ ਵੀਚਾਰੁ॥

ਮੰਨੇਕੇ ਆਨੰਦਕਾ ਬੈਠ ਕਰਿ ਬੀਚਾਰ ਕਹੀਏ 'ਗਿਨਤੀ' ਜੇ ਕਰੈਂ,ਸੋ ਕਯੋਹੂੰ ਨਹੀਂਹੋ ਸਕਤਹੈ। ਇਤਿਯਰਥ;

ਇਨ ਚਾਰਨਹੂੰ ਤੁਕਤਮੈਂ ਕਾਵਯਲਿੰਗ ਅਲੰਕਾਰ। ਸਮਰਥਨੀਯ ਤੋ ਇਹ ਜੋ ਮੰਨੇਕੀ ਪ੍ਰਾਪਤਿ ਕਹੀ ਨਹੀਂ ਜਾਤਹੈ। ਸਮਰਥਨ ਪਿਛਲੀ ਤੁਕਨਸੋਂ ਕਰਯੋ। ਨਾ ਕੋਈ ਕਹਿਨਨਵਾਰ ਹੈ, ਨਾ ਕਾਗਦਹੈ, ਨਾ ਕਲਮਹੈ, ਨਾ ਲਿਖਣਹਾਰਹੈ, ਯਾਂਤੇ ਕਾਵਯਲਿੰਗ। ਦੂਸਰੋ ਅਲੰਕਾਰ ਉਕਤ ਨਿਮਿਤਾ ਵਿਸ਼ੇਖੋਕਤਿ ਹੈ। ਕਹਨਵਾਰੇ ਕਾਰਨ ਤਿਨਤੇ 'ਮੰਨੇਕੀ ਗਤਿ ਕਹਿਨੀ'ਸੋ ਕਾਰਜ ਨਹੀਂ ਭਯੋ, ਨਾ ਕਾਗਦਹੈ,ਨਾ ਕਲਮਹੈ, ਨਾ ਲਿਖਨਵਾਰੋਹੈ, ਯਾਂਤੇ ਨਹੀ ਕਹੀ ਜਾਤਹੈ, ਯਾਂਤੇ ਉਕਤਿ ਨਮਿਤਾਵਿਸ਼ੇਖੋਕਤਿ ਹੋਤਹੈ। ਏਕਤੋ ਅਰਥ ਇਨ ਤੁਕਨਕੋ ਸੁਖੇਨ ਰੀਤਿ ਸੋਂ ਐਸੇ ਹੈ, ਔਰ ਦੂਸਰੇ ਅਰਥ ਗੁਰੂ ਜੀਕੋ ਧਰਯੋ, ਹੋਯੋ ਕਠਨ ਰੀਤਿ ਸੋਂਹੈ, ਅਬ ਸੋਈ ਕਹਤ ਹੈਂ:-

ਮੰਨੇਕੀ ਗਤਿ ਕਹੀ ਨ ਜਾਇ॥

ਇਸ ਅਰਥਮੇਂ ਗੁਰੂ ਜੀ ਮਨਨ ਕੋਰੂਪ ਦਿਖਾਵਤਹੈਂ॥ ਮੰਨੇਕੋ ਨਕਾਰ ਤੇ ਇਕਾਰ ਨਿਕਸੇ 'ਮੰਨ'-'ਏਕੀ' ਗਤਿ ਹੋਤਹੈ। ਏਕਹੀ ਬਿਖੇ 'ਗਤਿ' ਪ੍ਰਾਪਤਿ ਕਰੀਹੈ ਰੁਨਕੀ--ਨਾਨਾਤਵਕੋ ਤਯਾਗਕਰਿ,ਸੋ 'ਮੰਨ','ਕਹੀ ਨ ਜਾਇ' ਯਾਕੋ ਅਰਥ:- ਬਹੁਰੋ ਮਨ ਕਹੂੰ ਨਹੀਂ ਜਾਤਹੈ। ਮਾਯਾ

Sri Satguru Jagjit Singh Ji eLibrary NamdhariElibrary@gmail.com

ਰਚਤਜੋ ਜਗਤਮੈ ਅਨੇਕਤਾਹੈ, ਤਿਸਕੇ ਸੰਕਲਪ ਉਠਾਵਨਤੇ ਮਿਟ ਜਾਤਹੈ, ਮਨਤੇ ਅਮਨ ਹੋਤਹੈ। ਮਨਨਕੋ ਅਰਥਭੀ ਯਹੀਹੈ= ਮਨ-ਨਾ ਹੋਇ, ਸੋ ਮਨਨ। ਮਨਸਾ ਸਰਬ ਮਨ ਬਿਖੇ ਹੀ ਸਮਾਏ। ਸੋਹੀ ਤੁਕਨਿਕੋ ਅਰਥ ਭਯੋ। ਮੰਨੇਕੀ ਗਤਿ=ਮੰਨੇ ਨੇ, 'ਕੀ' ਕੋ ਅਰਥ 'ਕਰੀਹੈ'? 'ਗਤਿ'ਕਹੀਏ 'ਨਸ਼ਟ', ਮਨਕੀ ਬ੍ਰਿਤੀ; ਜੋ ਬ੍ਰਿਤਿ ਦ੍ਵੈਤਕੇ ਸੰਕਲਪ ਵਿਕਲਪ ਕਰਤ ਹੁਤੀ,ਤਿਸਕੋ ਕਰਯੋਹੈ ਨਾਸ਼। ਸੋ ਫੇਰ ਕਹੂੰ ਨਹੀਂ ਜਾਤਹੈ। ਜਬ ਐਸੇ ਭਯੋ,ਤਬ ਕਿਆ ਸਮਝਤਹੈ? ਸੋਈ ਬਤਾਵਤਹੈਂ:- ਜੇ ਕੋ ਕਹੈ ਪਿਛੈ ਪਛੁਤਾਇ॥

ਜਕਾਰ ਤੇ ਅਕਾਰ ਨਿਕਸੇ 'ਜ ਏਕੋ' ਹੋਤਹੈ, ਕਕਾਰ ਤੇ ਉਕਾਰ ਨਿਕਸੇ 'ਓਕ='ਭਯੋਹੈ 'ਕੋ' ਅਰਥ ਅਸਤਿ 'ਜ ਏਕ ਓਕ ਅਸਤਿ' ਹੁਤੋ। ਜੀਵ ਈਸ਼ਰਕੋ ਏਕ ਓਕ ਕਹਾਂ, ਏਕ ਸਥਾਨ ਹੁਤੋ ਸਤ। 'ਪਿਛੈ ਪਛੁਤਾਇ'=ਪਿਛਲੀ ਆਰਥਲਾ ਜੋ ਬੀਤ ਗਈ ਹੈ ਤਿਸਕੋ ਪਛੁਤਾਵਤਹੈ; ਜੋ ਅਪਨਾ ਆਪਮੈਂ ਤਨ ਆਦਿਕੋ ਮਾਨਿ ਅਨੇਕ ਦੁਖਕੋ ਭਾਗੀ ਭਯੋ:ਅਰੋ ਮੇਰੇ ਸਰੂਪਤੋ ਔਰ ਹੁਤੋ; ਜੈਸੇ ਬਾਲਕ ਲੀਲਾਮੈਂ ਮ੍ਰਿਤਕਾਕੇ ਦੁਰਗ, ਘੋੜੇ, ਹਾਥੀ, ਤਿਨ੍ਹਕੇ ਮਮੰਤਕੋ ਧਾਰਿ ਦੁਖ ਸੁਖ ਮਾਨਤਹੈ, ਜਬ ਸਿਆਨੇ ਹੋਤਹੈ ਤਬ ਜਾਨਤਹੈ; ਯਹਤੋ ਕੁਛ ਭੀ ਵਸਤੁ ਨਹੀਂ, ਜਿਸਕੇ ਬਿਖੇਮੈਂ ਦੁਖ ਸੁਖ ਮਾਨਤ ਹੁਤੋ; ਐਸੇ ਜਾਨਿਯੇ।

ਕਾਗਦਿ ਕਲਮ ਨ ਲਿਖਣਹਾਰੁ॥

'ਕਾ' ਕੋ ਅਰਥ 'ਕਿਆ', ਬ੍ਰਿਜਭਾਖਾਮੈਂ 'ਕਿਆ' ਕੋ 'ਕਾ' ਕਹਤ ਹੈਂ। ਕਿਸੇਕੋ ਬੁਝਤਹੈਂ; ਕਾ ਤੁਮਾਰੇ ਪਾਸ ਹੈ? 'ਗਦ'ਨਾਮ ਰੋਗਕੇ,ਕਿਆ ਦੁਖਹੈ? ਤਿਨਕੋ ਕਾਕੋਕਤਿ ਸੋਂਕੋਈ ਭੀਨਹੀਂ ਦੁਖ ਰਹਤਹੈਂ,ਤੀਨੋਂ ਤਾਪ ਬਿਖੇਤੇ। ਕਿਆ ਅਨ੍ਹੈ 'ਕਲ' ਸੋਭੀ। ਕਿਆ ਕਲਹੈ, ਤਿਨਕੇ ਮਨ ਕੋ? ਕਾਕੋਕਤਿ ਸੋਂ ਕਲਨਾ ਭੀ ਨਹੀਂ; 'ਕਲਨਾ' ਜੋ ਰਾਗ ਦਵੈਸ਼ ਕੀ ਹੁਤੀ--ਤਿਸਤੇ ਮਨ ਸ਼ਾਂਤਿ ਹੋਯੋ ਹੈ। ਐਸੇ ਜਬ ਭਯੋ,ਤਬ ਲਿਖਣਹਾਰ ਲਿਖਣ ਪਦੁਤੇ ਲਿਖਣਵਾਰੇਕੋ ਅਧਯਾਹਾਰ ਉਪਰਤੇ। ਲਿਖਣ ਵਾਰੇ ਕ੍ਰਮ ਸ਼ੁਭਾਸ਼ੁਭ ਜੋ ਲਿਖਤ, ਤੋ ਕਰਮਨ ਕਾ ਅਹੰਤਾ ਸਮੇਤ ਹੁਤੋ। ਅਹੰ ਕਰਤਾ, ਅਹੰ ਭੁਗਤਾ, ਸੋ ਅਹੰ ਤਨ ਆਦਿਕੋ ਨਹੀਂ ਮਾਨਤਹੈ, ਯਾਂਤੇ ਲਿਖਣਤੇ ਹਟ ਜਾਤਹੈ।

ਮੰਨੇਕਾ ਬਹਿ ਕਰਨ ਵੀਚਾਰੁ॥

ਮੰਨੇਕੇ ਨਕਾਰ ਤੇ ਇਕਾਰ ਨਿਕਸੇ 'ਮੰਨ ਏਕਾ'। ਕਕਾਰ ਤੇ ਅਕਾਰ ਨਿਕਸੇ 'ਮੰਨ ਏਕ ਅਬਹਿ' ਹੋਤਹੈ। ਮੰਨਕੇ 'ਮਨ'ਕੋ 'ਏਕ'ਕੇ ਬਿਖੇ ਬਹੁਰੋ ਮਨ'ਅਥਹਿ'ਹੋਤਹੈ। ਮਨਕੋ ਪ੍ਰਵਾਹਜੋ ਹੁਤੋ,ਜਗਤ ਦਿਸ਼ ਤਿਸਤੇ 'ਅਬਹਿ' ਹੋਕਰਿ ਠਹਿਰ ਜਾਤਹੈ। 'ਕਰਨਿ ਵੀਚਾਰੁ'= ਫੇਰ ਬੀਚਾਰਨਿ ਲਗ ਪਰਤਹੈ, ਸਜਾਤੀ ਪ੍ਰਵਾਹਸੈ ਪਰਤਹੈ, ਵਿਜਾਤੀ ਪ੍ਰਵਾਹਕੋ ਤਯਾਗਤ ਹੈ। ਇਤਿਯਰਥ; ਇਸ ਅਰਥ ਮੈਂ ਪ੍ਰਯਾਯ ਅਲੰਕਾਰ।

ਲੱਛਣ- "ਇਕਕੇ ਆਸ੍ਰਯ ਹੋਇਂ ਅਨੇਕ। ਕਿਧੌਂ ਬਹੁਤ ਕੋ ਆਸ੍ਰੇ ਏਕ।
ਦੈਵ ਰਿਧਿਕੇ ਭੁਖਨ 'ਪਰਯਾਨ'। ਜਾਨਤ ਹੈ ਯੋ ਕਵਿ ਸਮੁਦਾਇ"

ਇਹਾਂ ਏਕ ਮਨ ਕੇ ਅਨੇਕ ਆਸ੍ਰੇ: ਪ੍ਰਿਥਮ ਦ੍ਵੈਤ ਹੁਤੀ, ਫੇਰ ਆਸ਼ਰੋ ਅਦ੍ਵੈਤ ਭਈ, ਯਾਂਤੇ ਪਰਯਾਯ। ਐਸਾ ਨਾਮੁ ਨਿਰੰਜਨੁ ਹੋਇ॥ ਐਸਾ ਨਾਮ ਨਿਰੰਜਨ ਕਾਹੈ।

Sri Satguru Jagjit Singh Ji eLibrary NamdhariElibrary@gmail.com

ਪ੍ਰਸ਼ਨ:- ਇਸ ਤੁਕਮੈਂ 'ਹੋਇ' ਜੋ ਪਦਹੈ ਸੋ ਭਵਿਖਯਤ ਕਾਲਕੋ ਬਾਚੀਹੈ,ਅਰਥ ਜਾਂਕੇ ਬਰਤਮਾਨ ਕਾਲ ਕੋ ਭਯੋ? ਇਤ ਆਸੰਕਾ ? ਜੇ ਕੋ ਇਸਹੀ ਅਰਥ ਪਰ ਹਠ ਕਰੇ, ਤਹਾਂ ਅਵਾਚਕ ਦੋਖ ਆਵਤ ਹੈ।

ਲੱਛਣ- "ਹੇਤ ਅਰਥ ਕੈ ਜੋ ਪਦ ਧਰਿ ਹੀ। ਕਹੈ ਨ ਤਿਹ ਸੁ ਅਵਾਚਕ ਰਹਿ ਹੀ।

ਹੋਇ ਪਦ ਭੂਤ ਕਾਲਕੋ, ਯਾ ਬਰਤਮਾਨ ਕਾਲਕੋ ਨਹੀਂ ਦੋਯਤ ਕਹੈ, ਭਵਿਖਤਕੋ ਯਾਂਤੇ ਅਵਾਚਕ ਦੋਖ। ਇਸੀ ਹੇਤਤੇ ਜਾਣੀਤਾਹੈ ਜੇ ਗੁਰ ਜੀਕੋ ਇਸ ਤੁਕਮੈਂ ਅਰਥ ਔਰ ਧਰਯੋ ਹੋਯੋਹੈ, ਸੋਈ ਪ੍ਰਗਟਾਵਤਹੈਂ:- ਇਸੀ ਦੁਖਨਕੇ ਹਟਾਵਨ ਹਿਤ ਐਸੇ ਮਨਨਹੈ, ਜੈਸੇ ਪੀਛੈ ਕਹਿ ਆਏਹੈਂ; ਪ੍ਰੰਤੂ ਕਬਹੈ 'ਨਾਮ ਨਿਰੰਜਨੁ ਹੋਇ?' 'ਨਾਮ'ਕੋ ਅਰਥ 'ਨਾਮੇ' ਹੈ ਅਹੰਤਾ ਬਿਹੀਨ ਹੋਇ। 'ਨਿਰੰਜਨ'ਕੋ ਅਰਥ ਅੰਜਨ ਜੋ ਮਾਯਾ, ਤਿਸਤੇ ਬਿਨਾ ਹੋਇ। ਹੋਇਕੋ ਅੰਨੇਵੈ ਨਾਮ ਸੋਂ ਭੀ, ਨਿਰੰਜਨ ਸੋਂ ਭੀ; ਵਾ ਐਸਾ ਅਰੁ ਹੋਇਕੇ ਅੰਨੇਵੈ ਐਸਾ ਹੋਇ ਨਾਮੇ,ਔ ਨਿਰੰਜਨ, ਐਸੇ ਜਬ ਮਨ ਕੀ ਬ੍ਰਿਤਿ ਹੋਇ ਤਬ ਜਾਨੀਏ, ਜੋ ਮਨਨ ਅਬ ਪ੍ਰਾਪਤ ਭਯੋ ਹੈ। ਜੇ ਕੋਈ ਐਸੋ ਕਹੈ: ਨਿਰੰਜਨ ਪਦ ਸਿਖਕੋ ਉਪਦੇਸ਼ ਕਹੂੰ ਨਹੀਂ ਕਹਯੋ, ਤਿਸੁ ਪਰ ਪ੍ਰਮਾਣ:- "ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥" (ਪੰ.730,11,13,15,17, ਆਦਿ)

ਇਸ ਤੁਕ ਮੇਂ ਨਕਾਰ ਕੀ ਬਰਨ ਮੈਤ੍ਰੀ ਤੇ ਬ੍ਰਿਤਯਾਨੁਪ੍ਰਾਸ ਅਲੰਕਾਰ ਹੈ।

ਜੇ ਕੋ ਮੰਨਿ ਜਾਣੈ ਮਨਿ ਕੋਇ॥ 12॥

ਜੇ ਕੋਈ ਮਨ ਬਿਖੇ ਜਾਣੈ ਅਰ ਮੰਨੋ ਕੋਈ।

ਪ੍ਰਸਨ:- ਈਹਾਂ ਭੀ ਪੁਨਰੁਕਤ ਦੋਸ਼ ਆਵਤ ਹੈ, ਏਕ ਤੋ 'ਕੋ' ਆਦਿਮੇਂ ਹੈ, ਦੂਸਰੋ 'ਕੋਈ'ਅੰਤ ਮੈਂ ਹੈ; ਜੇ ਐਸੇ ਅਰਥ ਕਰੀਏ;'ਕੋਈ ਮਨ ਵਿਖੇ ਜਾਣੇ ਅਰ ਕੋਈ ਮੰਨੇ',ਦੋਨੋਂ ਪਦ ਦੋ ਪੁਰਖ ਪਰ ਲਗਾਈਏ ਤੌਭੀ ਆਛੇ ਅਰਥ ਨਹੀਂ ਬਨਤ ਹ। ਜਿਸਨੇ ਮਨ ਕੇ ਬਿਖੇ ਜਾਣਨੋ ਹੈ, ਤਿਸਨੇ ਹੀ ਮਾਨਣੋ ਹੈ। ਜਿਸ ਨੇ ਮਾਨਣੋ ਹੈ, ਤਿਸਨੇ ਹੀ ਜਾਨਣੋ ਹੈ, ਜਾਨਣੋ ਅਰ ਮਾਨਣੋ ਭਿੰਨ ਭਿੰਨ ਨਹੀਂ ਹੋਇਗੇ। ਇਸ ਦੋਸ਼ਤੇ ਗੁਰੂ ਜੀਕੋ ਅਰਥ ਧਰਯੋ ਹੋਯੋ ਔਰ ਹੀਹੈ, ਸੋਈ ਕਹਤਹੈਂ:- 'ਜੇ' ਮੇ ਤੇ ਇਕਾਰ ਨਿਕਸੇ 'ਜ ਇਕ' ਬਿਖੇ ਮਨਨ ਕਰੇਤੋ ਮਨਮੈਂ ਜਾਣੇ ਕੋਈ, ਇਸ ਰੀਤਿਕੇ ਅਰਥ ਕਰਣੇਮੈਂ ਸਰਬ ਖਟ ਤੁਕਨਿਮੈਂ ਮਨਨ ਕੇਹੀ ਰੂਪ ਪ੍ਰਕਾਸ਼ਯੋ, ਔਰ ਅਰਥਨ ਮੇਂਨਹੀਂ ਬਨਤਹੈ। ਇਤਯਰਥ। ਇਸ ਤੁਕਮੇਂ ਯਮਕਾਲੰਕਾਰ ਹੈ, ਮਨ ਪਦ ਦੋ ਬੇਰ ਆਯੇ, ਅਰਥ ਭਿੰਨ ਭਿੰਨ ਭਯੋ; ਏਕ ਮਨਨਕੋ, ਦੂਸਰੇ ਮਨਕੋ। 'ਕੋ, ਕੋਇ' ਪਦਮੈਂ ਪੁਨਰੁਕਤਿਵਦਾਭਾਸ ਅਲੰਕਾਰ ਭੀ ਹੈ।

ਨੰ.6. ਨਿਰਮਲ ਸੰਤ ਪੰਡਿਤ ਤਾਰਾ ਸਿੰਘ ਜੀ 'ਨਰੋਤਮ' (ਖਟ-ਦਰਸ਼ਨੀ)

ਇਸ ਪ੍ਰਕਾਰ 'ਸੁਣੀਐ' ਤੁਕ ਮੇ ਕਹੈ 'ਸ੍ਰਵਣ ਕੀ ਉਸਤਤਿ' ਕਰਕੇ, ਅਬ ਉਸੀ ਤੁਕ ਕੋ ਸੂਚਨ ਕਰੇ 'ਮਨਨ' ਕੀ ਉਸਤਤਿ ਕਰੇਹੈ॥ ਮੰਨੇ ਕੀ ਇਤਿ॥ ਜਾਣੀਯੇ ਵਸਤੁਕਾ ਸ੍ਵਰੂਪ ਰੁਚਿਸੇ ਜਿਸ ਕਰ ਤਿਸਕਾ ਨਾਮ'ਗਤਿ'ਹੈ,ਐਸੀ ਉਸਤਤਿ ਵਸਤੁਹੈ॥ ਯਾਤੇ, ਈਹਾਂ 'ਗਤਿ' ਨਾਮ ਉਸਤਤਿਕਾਹੈ॥ ਸੋ ਮੰਨੇਕੀ ਕਹੀਯੇ'ਮਨਨ'ਕੀ ਗਤਿ ਨਾਮ, ਉਸਤਤਿ;ਹਮਸੇ ਏਤੀਹੀ ਮਨਨਕੀ ਉਸਤਤਿਹੈ॥ ਐਸੇ'ਮਾਪ'ਸੇ ਨਹੀ ਕਹੀ ਜਾਵੇ, ਜਿਸਤੇ ਵਹੁ ਅਮਾਪਹੈ॥ ਹੇ ਗੁਰੋ! ਏਕਸੇ ਨਾ ਕਹੀ ਗਈ, ਕੋ ਦੂਸਰਾ ਕਹ ਦੇਵੇਹੈ;ਯਾਤੇ ਕੋਈ ਕਹ ਦੇਵੇਗਾ? ਯਹ ਸੁਨ ਕਰੇ॥ ਜੇ ਇਤਿ॥

Sri Satguru Jagjit Singh Ji eLibrary NamdhariElibrary@gmail.com

ਜੇ ਕੋਈ ਉਸਕੀ ਅਮਾਪਤਾ ਕੋ ਨਾ ਜਾਨਕੇ 'ਮਨਨ'ਕੀ ਉਸਤਤਿ ਕਹੇ; ਵਹੀ ਪੀਛੇਸੇ ਜਬ ਸਤ-ਸੰਗ ਸੇ ਮਨਨ ਕੋ ਅਮਾਪ ਜਾਨੇਗਾ, ਤਬ ਆਪ ਹੀ ਮੇ ਜਿਸਕੀ ਕੋਈਭੀ ਉਸਤਤਿ ਨਹੀ ਕਰ ਸਕੇ,ਉਸਕੀ ਉਸਤਤਿ ਕਰਨੇਕਾ ਬ੍ਰਿਥਾਹੀ ਉਦਯਮ ਕੀਆ, ਐਸੇ ਪਛੁਤਾਏਗਾ। ਹੇ ਗੁਰੋ! ਮਤ ਕਹੋ ਮੁਖਸੇ, ਕਾਗਦ ਪੈਤੋ ਕੋਈ ਲਿਖ ਦੇਵੇਗਾ॥ ਯਹ ਸੁਨ ਕਹੇ:-

ਕਾਗਦਿ ਇਤਿ॥ ਹੋ ਸਿਖਯੋ ਵਸਤੁਕਾ ਲੇਖ ਕਥਨ ਨਾ ਤਾਕੇ ਕਹਨੇ ਵਾਲਾ ਬਲ ਕਰ ਹੋਵੇਹੈ, ਪਹਲੇ ਜਿਸ ਕਿਸੀ ਵਸਤੂਕੋ ਯਹ ਇਤਨੀ ਹੀਹੈ, ਐਸਾ ਜਾਨ ਕਰ ਪੁਰਖ ਕਹੈਹੈ, ਤਬ ਪੀਛੇਸੇ ਲੋਕੋਮੇ ਉਸਕੇ ਪ੍ਰਚਾਰ ਹੇਤ ਉਸਕੋ ਲਿਖੇਹੈ, ਅਰ ਇਸ 'ਮਨਨ'ਕੀ ਉਸਤਤਿ ਰੂਪ ਵਸਤੁਕਾ ਤੋ ਯਹ ਇਤਨੀ ਹੀਹੈ, ਐਸੇ ਜਾਨ ਕਰ ਕਹਨੇ ਵਾਲਾਹੀ ਕੋਈ ਨਹੀ, ਤਾਤੇ 'ਕਾਗਦ' ਨਾਮ ਪੜ੍ਹੇ ਪੇ, ਕਲਮ ਕਹੀਯੇ ਲਿਖਣ ਸੇ ਨ ਲਿਖਣਹਾਰ ਨਾਮ, ਲਖਣੇ ਵਾਲਾ ਭੀ ਕੋਹੀ ਨਹੀ। 'ਹੇ ਗੁਰੋ! ਜਿਸ ਮਨਨਕੀ ਉਸਤਤਿ ਨਹੀ,ਤਿਸਮੇ ਉਸਤਤੀ ਸੁਣੇ ਬਿਨਾ ਪ੍ਰਬਿਰਤੀ ਕੈਸੇ ਹੋਵੇਗੀ? ਯਿਹ ਸੁਨ ਗੁਰੁ ਕਹੇ॥ ਮੰਨੇਕਾ ਇਤਿ॥ ਹੋ ਸਿਖ 'ਇਤਨੀ ਹੀ ਮਨਨ ਕੀ ਉਸਤਤੀ ਹੈ, ਐਸੇ ਮਨਨ ਕੀ ਉਸਤਤਿ ਨਾ ਕਹਤੇ ਭੀ, ਉਤਮ ਲੋਕ ਅਪਨੀ ਅਪਨੀ ਬੁਧੀਕੇ ਅਨੁਸਾਰ ਕੁਛ ਕੁਛ ਤਿਸ ਮੈਨੇ ਕਯਾ, ਕਹੀਯੇ, ਮਨਨਕਾ ਭਾਵ, ਮਨਨਕੇ ਸ੍ਵਰੂਪਕਾ ਅਪਨੇ ਸਿਖਯਨਕੋ ਉਪਦੇਸ ਕਾਲ ਮੇ ਆਸਨਪੈ ਬਹਿ ਨਾਮ, ਬੈਠਕੇ ਕਰਤੇ ਹੈ; ਬਿਚਾਰ॥ ਯਾਤੇ ਉਤਨੀ ਉਸਤਤਿ ਸੁਣਨੇਸੇ ਤਿਸਮੇਂ ਪ੍ਰਿਬਰਤੀ ਬਨੇਹੈ॥ ਹੇ ਗੁਰੋ 'ਜਿਨ ਅਦੁਤੀ-ਸਤਕੇ ਬੋਧਕ ਬਚਨੋਸੇ ਵਹੁ ਮਨਨ ਹੋਵੇ ਹੈ, ਤਿਨਕੀ ਉਸਤਤਿ ਕੈਸੀ ਹੈ? ਯਹ ਸੁਨ ਗੁਰੁ ਕਹੋ॥

ਐਸਾ ਇਤਿ॥ ਹੇ ਸਿਖ! ਨਿਰੰਜਨ ਕਹੀਯੇ ਤਿਸ ਅਗਯਾਨਸੇ ਰਹਿਤ, ਸੁਧ-ਪਰਮਾਤਮਾਕਾ ਨਾਮ, ਕਹੀਯੇ, ਬੋਧਨ ਕਰਨੇ ਵਾਲਾ ਵੇਦ ਔ ਸਤਿਨਾਮਾਦਿ ਮੰਤ੍ਰ ਭੀ ਐਸਾ ਕਹੀਯੇ, ਅਦੁਤੀ ਸਤ ਕੋ ਬੋਧਨ ਕਰਨੇ ਵਾਲੇ ਹੋਨੇ ਤੇ 'ਮਨਨ' ਵਤ 'ਅਮਾਪ' ਉਸਤਤਿ ਵਾਲਾਹੈ॥ ਹੇ ਗੁਰੋ! ਐਸੇ ਅਧਿਕਾਰੀਯੋ ਕੇ ਮਨਨ ਆਗੇ ਅਨਧਿਕਾਰੀਯੋ ਕਾ ਮਨਨ ਕੈਸਾ ਹੈ? ਯਹ ਸੁਨਕੇ ਗੁਰ ਕਹੇ॥

ਜੇ ਕੋ ਇਤਿ॥ ਜੇ ਕੋ ਨਾਮ, ਜੇ ਕੋਈ ਵਿਵੇਕਾਦਿਕ ਸਾਧਨੋ ਵਾਲਾ ਅਧਿਕਾਰੀ ਮਨ ਜਾਣੇ ਕਹੀਯੇ, ਇਸ ਅਦੁਤੀ-ਸਤ ਕੇ "ਤਰਕੋ"ਸੇ ਚਿੰਤਨ ਰੂਪ "ਮਨਨ"ਕੋ ਸ਼ਾਸਤ੍ਰ ਜਾਨੇ ਹੈ,ਤਬ ਤਿਸ ਮਨਨਕੇ ਆਗੇ ਮਨ ਕੋਇ ਕਹੀਯੇ ਅਨਧਿਕਾਰੀ ਕਾ ਕੀਯਾ ਦ੍ਵੈਤ ਕਾ ਚਿੰਤਨ ਰੂਪ ਮਨਨ ਕਿਆ ਹੈ? ਭਾਵ ਕੁਛ ਨਹੀਂ ॥12॥

ਨੰ.7. ਨਿਰਮਲ-ਸੰਪ੍ਰਦਾਈ ਗਿ:ਬਦਨ ਸਿੰਘ ਫਰੀਦਕੋਟ ਟੀਕਾ

ਮੰਨੈ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥
ਕਾਗਦਿ ਕਲਮ ਨ ਲਿਖਣਹਾਰੁ॥ ਮੰਨੇ ਕਾ ਬਹਿ ਕਰਨ ਵੀਚਾਰੁ॥

ਹੇ ਸਿਧੋ ਅਕਾਲ ਪੁਰਖ ਕੇ ਨਾਮ ਸਰਵਣ ਦ੍ਵਾਰਾ ਜਿਨੋ ਨੇ ਮਨਨ ਕੀਆ ਹੈ ਤਿਨ ਕੇ ਅਨੰਦ ਕੀ (ਗਤਿ) ਪ੍ਰਾਪਤ ਕਹਾਂ ਤਕ ਹੈ ਯੇਹੁ ਕਹੀ ਜਾਤੀ ਨਹੀਂ ਕਿਉਂਕਿ ਮਨ ਬਾਣੀ ਕਾ ਅਵਿਸੇ ਹੈ ਔਰ ਜੋ ਕੋਈ ਕਹਿਨੇ ਕਾ ਉੱਦਮ ਕਰੇ ਕਿ ਮੈਂ ਸਮੱਗ੍ਰ ਕਹਾਂਗਾ ਸੋ ਪੀਛੇ ਪਸਚਾਤਾਪੁ ਕਰਤਾ ਹੈ ਕਿਉਂਕਿ ਨਾ ਤੋ ਇਤਨਾ ਕਾਗਜੁ ਹੈ ਔਰ ਨ ਕਲਮ ਹੈ ਔਰੁ ਨ ਕੋਈ ਐਸਾ ਲਿਖਾਰੀ

Sri Satguru Jagjit Singh Ji eLibrary NamdhariElibrary@gmail.com

ਹੈ ਜੋ ਮਨਨ ਕੇ ਮਹਾਤਮ ਕੋ ਬੈਠ ਕਰ ਵੀਚਾਰੁ ਕਰੇ ਔਰ ਮਨਨ ਕਰਨੇ ਕਾ ਮਹਾਤਮ ਲਿਖ ਦੇਵੈ ਭਾਵ ਬੰਜੁਤ ਹੋਣੇ ਤੇ ਐਸੀ ਸਮਗ੍ਰੀ ਹੈ ਨਹੀਂ॥

ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੨॥

(ਨਿਰੰਜਨੁ) ਮਾਇਆ ਸੇ ਰਹਿਤ ਅਕਾਲ ਪੁਰਖ ਕੇ ਨਾਮ ਕੇ ਮਨਨ ਕਰਨੇ ਕਾ ਮਹਾਤਮੁ ਪੀਛੇ ਥਾ ਅਬ ਹੈ ਔਰ ਆਗੇ ਭੀ ਐਸਾ ਹੀ ਹੋਵੇਗਾ ਔਰੁ ਜੋ ਕੋਈ ਮਨਨ ਕਰਤਾ ਹੈ ਸੋਈ ਕੋਈ ਮਨ ਮੇਂ ਮਹਾਤਮ ਜਾਨਤਾ ਹੈ ॥੧੨॥

ਨੰ.8. ਨਿਰਮਲ-ਸੰਤ ਪੰਡਿਤ ਸਾਧੂ ਸਿੰਘ ਜੀ ਪੀਲੀਭਤਿ (ਵੇਦਾਂਤੀ)

ਹੇ ਭਗਵਨ: ਆਪਨੇ ਸ੍ਰਵਣਕਾ ਅਦੁਭੁਤ ਪ੍ਰਭਾਵ ਕਹਾਹੈ; ਅਬ ਸ੍ਰਵਣਸੇ ਪਸਚਾਤ ਹੋਨੇ ਵਾਲਾ ਜੋ ਮਨਨਹੈ ਤਿਸਕਾ ਭੀ ਫਲ ਕਥਨ ਕਰਨਾ ਉਚਿਤਹੈ, ਇਸ ਪ੍ਰਸ਼ਨਕਾ ਉਤਰ ਕਹਿਤੇ ਹੈ॥

ਮੰਨੇਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ, ਪਿਛੈ ਪਛੁਤਾਇ॥

ਮਨਨ ਕਰਨੇਕੀ ਜੋ (ਗਤੀ) ਫਲਹੈ ਸੋ ਕਹਾ ਨਹੀਂ ਜਾਤਾ, ਕਿਉਂਕਿ ਜੋ ਪਰਮਾਤਮ ਸ੍ਵਰੂਪ ਵਸਤੂਹੈ ਸੋ ਗਿਯਾਨ ਦੁਆਰਾ ਸ੍ਰਵਣ ਤਥਾ ਮਨਨ, ਨਿਦਿਧਯਾਸਨ ਕਾ ਫਲਹੈ॥ ਤਿਸਕੋ ਵਾਣੀਸੇ ਨਹੀਂ ਕਹ ਸਕਤੇ॥ ਜੇਕਰ ਕੋਈ ਕਹੇ, ਤਬ ਪਸਚਾਤਾਪ ਹੀ ਕਰੇਗਾ॥ ਕਿਉਂਕਿ, ਸਰਵ ਪ੍ਰਕਾਰ ਸੇ ਅਵਿਸ਼ਧ ਵਸਤੂ ਕੋ ਕਥਨ ਕਰਨੇ ਸੇ ਤਿਸਕੋ ਵਾਚਯਤ੍ਵ ਸ੍ਰਭਿੰਤ੍ਵ ਦ੍ਰਿਸ਼ਯਤ੍ਵ ਕੀ ਪ੍ਰਾਪਤੀ ਹੋਨੇ ਸੇ ਪਸਚਾਤਾਪ ਹੋਤਾਹੈ॥ ਜੋ ਮਨਨਕਾ ਫਲ ਆਨੰਦ ਸ੍ਵਰੂਪ ਵਸਤੂ ਪਰਮਾਤਮਾ ਹੈ ਸੋ ਕਲਮ ਸੇ ਕਾਗਜ ਪਰ ਲਿਖਾ ਨਹੀਂ ਜਾਤਾ॥ ਕਿਉਂਕਿ, ਉਸਕਾ ਲੇਸ਼ਰੂਪ ਮਨੁਸ਼ਯਾਨੰਦ ਸੇ ਲੇਕਰ ਹਿਰਣਯਗਰਭ ਕੇ ਆਨੰਦ ਪਰਯੰਤ ਆਨੰਦਹੀ ਕਲਮਸੇ ਲਿਖਾ ਜਾਤਾਹੈ॥ ਅਬ ਇਸ ਅਰਥਕੀ ਪੁਸ਼ਿਟ ਵਾਸਤੇ ਸ਼੍ਰੁਤੀਯ'ਕੋ ਲਿਖਤੇਹੈ॥ ਤਥਾਹਿ॥

ਅਰਥ॥ ਜਿਸ ਬ੍ਰਹਮਸੇ (ਮਨਸਾ) ਵਿਗਿਯਾਨ ਕਰਕੇ ਸਹਿਤ ਵਾਗਿੰਦ੍ਰਿਯ (ਅਪ੍ਰਾਪਯ) ਬ੍ਰਹਮਕੋ ਨ ਪ੍ਰਕਾਸ਼ ਕਰ ਨਿਰਵ੍ਰਿਤਹੋ ਜਾਤੀਹੈ ਸੋ ਬ੍ਰਹਮਹੈ॥ ਇਸ ਪ੍ਰਕਾਰ ਸਰਵਥਾ ਅਵਿਸ਼ਯ ਬ੍ਰਹਮਕੋ ਸ੍ਵਰੂਪ ਭੂਤ ਆਨੰਦਕੋ ਜੋ ਜਾਨਾਤਾਹੈ ਸੋ ਸਰਵਥਾ ਨਿਰਭਯਤਾ ਵਿਸ਼ਿਸ਼ਟਪਦਕੋ ਪ੍ਰਾਪਤ ਹੋਤਾਹੈ।

ਅਰਥ॥ ਬ੍ਰਹਮ ਸ੍ਵਰੂਪ ਆਨੰਦਕਾ ਜੋ ਲੇਸ਼ਰੂਪ ਵਿਸ਼ਯਾਨੰਦਹੈ ਤਿਸਕੀ ਯਹ (ਮੀਮਾਸਾ) ਵਿਚਾਰਣਾਹੈ॥ ਜੋ ਪ੍ਰਿਥਵੀ ਸੰਪੂਰਣਕਾ ਪਤੀ ਸ੍ਰੇਸ਼ਠਗੁਣ ਯੁਕਤ ਯੁਵਾਵਸਥਾ ਸੰਪੰਨ ਤਥਾ ਅਧੀਤ ਵਿਦਿਆ ਹੋਵੇ,ਔਰ ਸਰਵਕੋ ਸ਼ਾਸਨਾ ਕਰੇ, ਸਰੀਰਸੇ ਅਤਿਅੰਤ ਦ੍ਰਿੜ ਅਤਿ ਬਲਵਾਨ ਹੋਵੇ, ਇਸ ਪ੍ਰਕਾਰਕੇ ਰਾਜਾਕੀ ਯਹ ਸੰਪੂਰਣ ਪ੍ਰਿਥਵੀ ਵਿਤ ਕਰਕੇ ਪੂਰਣ ਹੋਵੇ, ਤਿਸਕੋ ਜੋ ਆਨੰਦਹੈ, ਸੋ ਮਨੁਸ਼ਯਾਨੰਦ ਕਹਿਤੇ ਹੈਂ॥

ਅਰਥ॥ ਔਰ ਜੋ ਸ਼ਤ ਮਨੁਸ਼ਯਾਨੰਦਹੈ, ਸੋ ਏਕ ਮਨੁਸ਼ਯ ਗਠੰਧਰਵਨ ਕਾ ਆਨੰਦਹੈ॥ ਜੋ ਮਨੁਸ਼ਯ ਧਰਮਾਨੁਸ਼ਠਾਨ ਸੇ ਗੰਧਰਵ ਭਾਵਕੋ ਪ੍ਰਾਪਤ ਹੁਏਹੈ ਵਹ ਮਨੁਸ਼ਯਹੀ ਗੰਧਰਵਹੈ॥ ਗੰਧਰਵਨਮੇਂ ਅਨੰਤ ਦਾਨਾਦਿ ਸ਼ਕਤੀ ਤਥਾ ਮਨੁਸ਼ਯਨਕੀ ਅਪੇਖਸ਼ਾਸੇ ਸਰੀਰ ਇੰਦ੍ਰੀਯ ਸ੍ਸ਼ਮਤਾ ਔਰ ਕਸ਼ੁਧਾ(ਭੁਖ) ਪਿਪਾਸਾ ਆਦਿਨ ਕੀ ਸਹਿਨਸ਼ੀਲਤਾਹੈ॥ ਇਸ ਵਾਸਤੇ ਗੰਧਰਵਨਮੇਂ ਮਨੁਸ਼ਯਨੰਦਸੇ ਸ਼ਤ(100)ਗੁਣਾ ਅਧਿਕ ਆਨੰਦ ਹੈ॥ ਔਰ, ਜੋ (ਸ਼ੋਤ੍ਰਿਯ)

Sri Satguru Jagjit Singh Ji eLibrary NamdhariElibrary@gmail.com

ਵੇਦਾਦਿ ਵਿਦਿਆ ਯੁਕਤਹੈ, ਤਥਾ ਮਨੁਸ਼ਯਾਨੰਦਮੇਂ (ਅਕਾਮਹਤ)ਕਾਮਨਾ, ਪ੍ਰਤਿਘਾਤ ਵਰਜਿਤਹੈ, ਤਿਸਕੋ ਭੀ ਮਨੁਸ਼ਯਾਨੰਦਸੇ ਸਤ(100)ਗੁਣਾ ਅਧਿਕ ਆਨੰਦਕੀ ਪ੍ਰਾਪਤੀ ਹੋਤੀਹੈ॥ ਪ੍ਰਥਮ ਮਨੁਸ਼ਯਾਨੰਦਕੇ ਸਥਾਨਮੇਂ ਜੋ ਅਕਾਮਹਤਕਾ ਅਗ੍ਰਹਣਹੈ; ਤਿਸਕਾ ਤਾਤਪ੍ਰਿਯ ਯਹਹੈ, ਜੋ ਕਿ ਅਕਾਮਹਤ ਸੁਖ ਕੀ ਅਧਿਕਤਾਕਾ ਕਾਰਣਹੈ॥ ਜੇਕਰ ਪ੍ਰਥਮ ਪਰਯਾਯਮੇਂ ਅਕਾਮਤਹ ਗ੍ਰਹਿਣ ਕਰਤੇ, ਤਬ ਉਸ ਅਕਮਤਹ ਸ਼ੋਤ੍ਰਿਯਕੋ ਮਨੁਸ਼ਯਕੋ ਸਮਾਨ ਆਨੰਦ ਕਹਿਨੇਸੇ ਅਕਾਮਹਤਕੋ ਵਿਸ਼ੇਸ਼ਸੁਖਕੀ ਕਾਰਣਤਾਕਾ ਨਿਸਚਯ ਨਹੀਂ ਹੋਤਾ॥ ਇਸ ਵਾਸਤੇ ਦ੍ਵਿਤੀਯ ਗੰਧਰਵਾਨੰਦਕੇ ਸਥਾਨਮੇਂ ਗ੍ਰਹਿਣ ਕਿਯਾ ਹੈ॥ ਯਾਤੇ ਸ਼ਤਗੁਣਾ ਅਧਿਕ ਸੁਖਕੀ ਪ੍ਰਾਪਤੀਕਾ ਕਾਰਣ ਅਕਾਮਹਤਹੈ॥ ਇਸਸੇ ਯਹ ਨਿਸਚਯ ਹੁਆ, ਸ਼੍ਰੋਤ੍ਰਿਯ ਤਥਾ ਮਨੁਸ਼ਯਨੰਦ ਅਕਾਮਹਤ ਮਨੁਸ਼ਯਕੋ ਮਨੁਸ਼ਯਾਨੰਦਸੇ ਸ਼ਤਗੁਣਾ ਅਧਿਕ ਆਨੰਦ ਪ੍ਰਾਪਤ ਹੋਤਾਹੈ॥ ਇਸੀ ਪ੍ਰਕਾਰ ਸਰਵ ਪਰਯਾਯੋ ਮੇਂ ਅਕਾਮਹਤ ਪੂਰਵ ਪ੍ਰਯਾਯ ਪਠਿਤ ਆਨੰਦਸੇ ਸ਼ਤਗੁਣਾ ਅਧਿਕ ਆਨੰਦਕਾ ਕਾਰਣਹੈ, ਏਸਾ ਜਾਨਨਾ॥

ਅਰਥ॥ ਵਹ ਪੂਰਵੋਕਤਜੋ ਮਨੁਸ਼ਯ ਗੰਨਧਵ੍ਵੋਕੇ ਸ਼ਤ ਆਨੰਦਹੈ, ਸੋ ਏਕ ਦੇਵ ਗੰਧਰਵਨ ਕਾ ਆਨੰਦ ਹੈ॥ ਜਨਮ ਸੇ ਗੰਧਰਵ ਜਾਤੀਕੋ ਦੇਵਗੰਧਰਵ ਕਹਿਤੇਹੈ॥ ਔਰ, ਜੋ ਵੇਦਾਦਿ ਵਿਦਿਆ ਯੁਕਤ ਮਨੁਸ਼ਯ ਗੰਧਰਵਨੰਦਮੇਂ ਤੁਸ਼ਣਾ(ਚੁਪ) ਵਰਜਿਤਹੈ, ਤਿਸਕੋ ਭੀ ਦੇਵਗੰਧਰਵਨਕੇ ਸਮਾਨ ਆਨੰਦਕੀ ਪ੍ਰਾਪਤੀ ਹੋਤੀਹੈ॥

ਅਰਥ॥ ਜੋ ਦੇਵਗੰਧਰਵਨਕੇ ਸ਼ਤਆਨੰਦਹੈ, ਸੋ ਏਕ ਚਿਰਕਾਲ ਸਥਾਯੀ ਲੋਕਵਾਸੀ ਪਿਤਰੋਂਕਾ ਆਨੰਦਹੈ॥ ਔਰ, ਜੋ ਸ਼੍ਰੋਤੀਯ ਦੇਵਗੰਧਰਵਨ ਆਨੰਦਮੇਂ ਕਾਮਨਾ ਵਰਜਿਤਹੈ, ਤਿਸਕੋ ਭੀ ਪਿਤਰਨਕੇ ਸਮਾਨ ਆਨੰਦਕੀ ਪ੍ਰਾਪਤੀ ਹੋਤੀਹੈ॥ ਜੋ ਬਹੁਕਾਲ ਸਥਾਯੀ ਲੋਕ ਵਾਸੀ ਪਿਤਰਨਕੇ ਸ਼ਤ ਆਨੰਦਹੈ, ਏਕ ਸਮਾਤਕ ਕਰਮਸੇ ਦੇਵ ਸਥਾਨ ਮੇਂ ਹੋਨੇ ਵਾਲੇ ਆਜਾਨਜ ਦੇਵਨਕਾ ਆਨੰਦਹੈ॥ ਔਰ,ਜੋ ਪਿਤਰਨਕੇ ਆਨੰਦਕੀ ਕਾਮਨਾ ਵਰਜਿਤ ਵਿਦਵਾਨਹੈ, ਤਿਸਕੋ ਭੀ ਆਜਾਨਜ ਦੇਵਨਕੇ ਸਮਾਨ ਆਨੰਦ ਪ੍ਰਾਪਤ ਹੋਤਾਹੈ॥

ਅਰਥ॥ ਜੋ ਆਜਾਨਜ ਦੇਵਨਕੇ ਸ਼ਤਆਨੰਦਹੈ ਸੋ ਏਕ ਕਰਮ ਦੇਵਤਾ ਰੂਪ ਦੇਵਨਕਾ ਆਨੰਦਹੈ ਜੋ ਵੈਦਿਕ ਕਰਮ ਕਰਕੇ ਦੇਵਨਕੋ ਪ੍ਰਾਪਤ ਹੁੰਦੇ ਹੈਂ॥ ਵਹ ਕਰਮ ਦੇਵਹੈ, ਔਰ ਜੋ ਆਜਾਨਜ ਦੇਵਨਕੇ ਸੁਖਮੇਂ ਕਾਮਨਾ ਵਰਜਿਤਹੈ ਤਥਾ ਵੇਦ ਵਿਦਿਆਕਾ ਗਿਯਾਤਾਹੈ,ਤਿਸਕੋ ਭੀ ਕਰਮ ਦੇਵਨਕੇ ਸਮਾਨ ਆਨੰਦਕੀ ਪ੍ਰਾਪਤੀ ਹੋਤੀਹੈ ॥

ਅਰਥ॥ ਜੋ ਕਰਮ ਦੇਵਨਕੇ ਸ਼ਤਆਨੰਦਹੈ ਸੋ ਏਕ ਤੇਤੀਸ ਮੁਖਿਯ ਦੇਵਨਕਾ ਆਨੰਦਹੈ॥ ਔਰਜੋ ਕਰਮ ਦੇਵਨਕੇ ਆਨੰਦਕੀ ਕਾਮਨਾ ਰਹਿਤ ਵਿਦਵਾਨਹੈ, ਤਿਸਕੋ ਭੀ ਮੁਖਿਯ ਦੇਵਨਕੇ ਆਨੰਦਕੇ ਸਮਾਨ ਆਨੰਦ ਹੋਤਾ ਹੈ॥

ਅਰਥ॥ ਜੋ ਮੁਖਿਯ ਦੇਵਨਕੇ ਸ਼ਤਆਨੰਦਹੈ ਸੋਏ ਮੁਖਿਯ ਦੇਵਨਕੇ ਸਵਾਮੀ ਇੰਦ੍ਰਕਾ ਆਨੰਦਹੈ॥ ਔਰ, ਜੋ ਮੁਖਿਯ ਦੇਵਨਕੇ ਸੁਖਕੀ ਕਾਮਨਾ ਰਹਿਤ ਵਿਦਵਾਨਹੈ ਤਿਸਕੋ ਭੀ ਇੰਦ੍ਰਕੇ ਸਮਾਨ ਸੁਖ ਪ੍ਰਾਪਤ ਹੋਤਾਹੈ॥

ਅਰਥ॥ ਜੋ ਸ਼ਤ(100)ਇੰਦ੍ਰਕੇ ਆਨੰਦਹੈ ਸੋ ਏਕ ਬ੍ਰਹਿਸਪਤਿਕਾ ਆਨੰਦਹੈ॥ ਔਰ,ਜੋ ਇੰਦ੍ਰ ਸੁਖਕੀ ਕਾਮਨਾ ਵਰਜਿਤ ਵਿਦਵਾਨਹ' ਤਿਸਕੋ ਭੀ ਬ੍ਰਹਿਸਪਤੀ ਸਮਾਨ ਆਨੰਦਕੀ ਪ੍ਰਾਪਤੀ ਹੋਤੀਹੈ॥

Sri Satguru Jagjit Singh Ji eLibrary NamdhariElibrary@gmail.com

ਅਰਥ॥ ਜੋ ਬ੍ਰਹਿਸਪਤੀਕੇ ਸ਼ਤ(100)ਆਨੰਦਹੈ ਸੋ ਏਕ(ਪ੍ਰਜਾਪਤੀ)ਵਿਰਾਟ ਕਾ ਆਨੰਦ ਹੈ॥ ਔਰ,ਜੋ ਬ੍ਰਹਿਸਪਤੀ ਕੇ ਆਨੰਦ ਮੇਂ ਕਾਮਨਾ ਰਹਿਤ ਵਿਦਵਾਨਹੈ ਤਿਸਕੋ ਭੀ ਪ੍ਰਜਾਪਤੀਕੇ ਸਮਾਨ ਆਨੰਦਕੀ ਪ੍ਰਾਪਤੀ ਹੋਤੀਹੈ॥

ਅਰਥ॥ ਜੋ ਸ਼ਤ(100)ਪ੍ਰਜਾਪਤੀਕੇ ਆਨੰਦਹੈ ਸੋ ਏਕ (ਬ੍ਰਹਮ) ਹਿਰਣਯਗਰਭ ਕਾ ਆਨੰਦ ਹੈ॥ ਔਰ,ਜੋ ਪ੍ਰਜਾਪਤੀ ਕੇ ਆਨੰਦ ਮੇਂ ਕਾਮਨਾ ਵਰਜਿਤ ਵਿਦਵਾਨਹੈ ਤਿਸਕੋ ਭੀ ਹਿਰਣਯਗਰਭਕੇ ਸਮਾਨ ਆਨੰਦਕੀ ਪ੍ਰਾਪਤੀ ਹੋਤੀ ਹੈ ॥

ਅਬ ਇਸ ਲੇਸ਼ਮਾਤ੍ਰ ਆਨੰਦਸੇ ਪਰੇ ਜੋ ਕਾਗਜ਼ ਮੇਂ ਕਲਮ ਸੇ ਨਹੀਂ ਲਿਖਾ ਜਾਤਾ, ਮਨ ਵਾਣੀਕਾ ਅ-ਵਿਸ਼ਯਹੈ, ਤਿਸਕਾ ਸਦਭਾਵ ਉਪਾਧੀਕੇ ਵਿਲਾਪ ਦੁਆਰਾ ਬੋਧਨ ਕਰਤੇਹੈ ॥ ਜੋ ਯਹ ਪੁਰਸ਼ ਸਰੀਰਮੇਂ ਆਨੰਦਹੈ, ਤਾਤਪ੍ਰਿਯ ਯਹਹੈ, ਮਨੁਸ਼ਯਸੇ ਲੇਕਰ ਹਿਰਣਯਗਰਭ ਸਰੀਰੋਂਮੇਂ ਅਕਾਮਹਤ ਵਿਦਵਾਨ ਕਰਕੇ ਅਨੁਭੂਤ ਆਨੰਦਹੈ; ਔਰ, ਜੋ ਆਦਿਤਯ ਰੂਪ ਅਧਿਸ਼ਠਾਨਮੇਂ ਆਨੰਦ ਰੂਪ ਵਸਤੁਹੈ, ਸੋ ਏਕ ਅਦ੍ਵੈਵਤ ਰੂਪ ਹੈ॥ ਜਿਸਕੇ ਜਾਨਨੇਸੇ ਸਰਵ ਪ੍ਰਪੰਚਕਾ ਵਿਲਯ ਹੋਤਾਹੈ॥

ਪ੍ਰਕਰਣਮੇਂ ਵਾਰਤਾ ਯਹ ਨਿਰਣੀਤ ਹੁਈ; ਮਨਨ ਕੀ (ਗਤੀ) ਫਲ ਨਹੀ ਕਹਾ ਜਾਤਾ ਜੇਕਰ ਕੋਈ ਉਸਕੀ ਇਯਤਾ ਅਰਥਾਤ ਇੰਦੰਤਾ ਕਹੇ, ਤਬ ਪਸਚਾਤਾਪ ਕਰੇਗਾ॥ ਕਿਉਂਕਿ, ਉਸਕਾ ਲੇਸ਼ਮਾਤ੍ਰ ਆਨੰਦ ਮਨੁਸ਼ਯਸੇ ਲੇਕਰ ਹਿਰਣਯਗਰਭ ਤਕ ਕਥਨ ਕਰਤੇ ਹੈ; ਪਰੰਤੁ, ਸੋ ਨਿਰਿਭਾਗ ਆਨੰਦ ਵਾਣੀਸੇ ਕਹਾ ਨਹੀਂ ਜਾਤਾ॥ ਔਰ, ਕਾਗਜਮੇਂ ਕਲਮਸੇ ਲਿਖਾ ਨਹੀਂ ਜਾਤਾ॥

ਹੇ ਗੁਰੋ! ਮਨਨਕੇ ਫਲਕੋ ਯਧਪਿ ਪੂਰਵੋ-ਉਕਤ ਪ੍ਰਕਾਰਸੇ ਮਨ ਸਹਿਤ ਵਚਨਕੀ ਅਵਿਸ਼ਕਯਤਾਹੈ; ਤਥਾਪਿ, ਮਨਨਕਾ ਸ੍ਵਰੂਪ ਆਪ ਮੇਰੇ ਪ੍ਰਤਿ ਕਥਨ ਕਰੋ; ਇਸ ਸ਼ੰਕਾਕੇ ਨਿਰਾਸ਼ ਵਾਸਤੇ ਕ਼ਹਿਤੇ ਹੈ॥

ਮੰਨੇਕਾ ਬਹਿ ਕਰਨ ਵੀਚਾਰੁ॥

ਜੋ ਬੈਠਕਰ ਵਿਵੇਕਿਜਨ ਵਿਚਾਰ ਕਰਤੇਹੈ,ਸੋ ਮਨਨਕਾ ਸ੍ਵਰੂਪਹੈ॥ ਤਤ੍ਵ ਨਿਰਣਯਕੇ ਵਾਸਤੇ ਯੁਕਤੀ ਚਿੰਤਨਕਾ ਨਾਮ ਮਨਨ ਸ੍ਵਰੂਪ ਵਿਚਾਰਹੈ, ਸੋ ਇਸ ਪ੍ਰਕਾਰਕੇ ਵਿਚਾਰਕਾ ਬੋਧਕ (ਨਿਰੰਜਨ) ਪਰਮਾਤਮਾਕਾ ਨਾਮਹੈ, ਜਿਸ ਨਾਮਕੇ ਵਿਚਾਰਸੇ ਪਰਮਾਤਮਾਕੇ ਯਥਾਰਥ ਸ੍ਵਰੂਪਕਾ ਸਾਕਸਾਤਕਾਰ ਹੋਤਾਹੈ॥ ਜੇਕਰ ਕੋਈਭੀ ਪਰਮਾਤਮਾਕੇ ਨਾਮ ਓਂਕਾਰਕਾ, ਤਥਾ ਸਤਿਨਾਮ, ਕਰਤਾ, ਪੁਰਖ ਇਤਯਾਦਿ ਨਾਮਨਕਾ (ਮਨੀ) ਵਿਚਾਰ ਕਰਨਾ ਜਾਨਤਾਹੈ, ਤਿਸਕੇ ਆਗੇ ਕੇਵਲ ਖੁਸ਼ਕ ਤਰਕਕਾ ਚਿੰਤਨਰੂਪ ਮਨਨ (ਕੋਯ) ਕਿਯਾਹੈ ? ਅਰਥਾਤ ਸੋ ਅਨਾਤਮਾਕਾ ਮਨਨ ਤਿਸਕੀ ਅਪੇਕਸ਼ਾਸੇ ਅਤਿ ਤੁੱਛਹੈ॥ ਇਸ ਅਰਥਮੇਂ ਪ੍ਰਮਾਣ ਪੂਰਵ ਹੀ ਨਿਰਣੀਤਹੈ ਕਿਉਂਕਿ ਕੇਵਲ ਖੁਸ਼ਕ ਤਰਕ ਸੇ ਆਤਮ-ਵਿਸ਼ਯਕ ਮਤੀਕੀ ਪ੍ਰਾਪਤੀ ਨਹੀਂ ਹੋਤੀ॥ ਯਹ ਵਾਰਤਾ ਸ਼੍ਰੁਤੀ ਪ੍ਰਮਾਣਸੇ (ਗਾਵੈ ਕੋ ਵੇਖੈ ਹਾਦਰਾ ਹਦੂਰ) ਇਸ ਪੰਕਤੀਕੇ ਵਿਖਿਯਾਨਮੇਂ ਨਿਸ਼ਚਿਤਹੈ॥ ਔਰ ਓਕਾਰ ਕਾ ਵਿਖਿਯਾਨ ਤਥਾ ਸਤਿਨਾਮਕਾ ਵਿਖਿਯਾਨ ਪੂਰਵ ਕਰਾਹੈ; ਸੋ ਭੀ ਮਨਨ ਰੂਪਹੈ॥ ਪੰਰਤੂ, ਜਿਗਾਸੂ ਕੀ ਬੁਧੀ ਕੇ ਵਿਸਤਾਰ ਵਾਸਤੇ ਸ਼੍ਰੁਤੀ ਪ੍ਰਮਾਣਸੇ ਨਿਰਜਨ ਕੇ ਨਾਮ ਓਂਕਾਰਕਾ ਪ੍ਰਕਾਰਾਂਤਰਸੇ ਵਿਖਿਯਾਨ ਕਰਤੇਹੈ (ਤਥਾਹਿ):-

ਅਰਥ॥ ਓਂਕਾਰ ਕੀ ਸਰਵ ਅਕਾਰਾਦਿ ਮਾਤ੍ਰਾਕੋ ਪ੍ਰਤਿਮਾਤ੍ਰਾ ਰੂਪਸੇ ਅਨੁਸਨਧਾਨ ਕਰੇ॥ ਮਾਤ੍ਰਾਤ' ਅਕਾਰਹੈ, ਤਿਸਕੀ ਪ੍ਰਤਿਮਾਤ੍ਰਾ ਉਕਾਰਹੈ॥ ਔਰ ਇਸੀ ਪ੍ਰਕਾਰ ਉਕਾਰ ਮਾਤ੍ਰਾਹੈ,

Sri Satguru Jagjit Singh Ji eLibrary NamdhariElibrary@gmail.com

ਤਿਸਕੀ ਪ੍ਰਤਿਮਾਤ੍ਰਾ ਮਕਾਰਹੈ॥ ਔਰ ਮਕਾਰਕੀ ਪ੍ਰਤਿਮਾਤ੍ਰਾ''ਤੁਰੀਯ ਪ੍ਰਣਵਹੈ'',ਜਿਸਮੇਂ ਮਾਤ੍ਰਾਕਾ ਲਯ ਚਿੰਨਤਨ ਕਰਤੇਹੈ॥ ਸੋ ਪ੍ਰਤਿ ਮਾਤ੍ਰਾ ਹੋਤੀ ਹੈ॥ਅਕਾਰ ਵਾਚਯ ਵਿਰਾਟਕੋ, ਉਕਾਰ ਵਾਚਯ ਹਿਰਣਯਗਰਭ ਮਾਤ੍ਰ ਦੇਖੇ, ਹਿਰਣਯਗਰਭ ਕੋ ਮਕਾਰ ਵਾਚਯ ਇਸ਼੍ਵਰ ਰੂਪ ਦੇਖੇ॥ ਫਿਰ ਇਸ਼੍ਵਰ ਕੋ ਅਪਨਾ ਆਤਮਾ ਰੂਪਸੇ ਦੇਖੇ॥ ਇਸਸੇ ਪਸਚਾਤੁ ਤੁਰੀਯ ਕਾ ਅਨੁਸ਼ਨਧਾਨ ਕਰਤਵਯਹੈ, ਸੋ ਪ੍ਰਕਾਰ ਲਿਖਤੇ ਹੈ:-

ਅਰਥ॥ ਅਬ ਤੁਰੀਯਾਤਮਾਕਾ ਨਿਰੁਪਣ ਕਰਤੇ ਹੈ॥ ਸੋ ਤੁਰੀਯ ਵਸਤੁ ਚੇਤਨਯ ਇਸ਼੍ਵਰ ਕੋ ਵੀ ਗ੍ਰਾਸ ਲੇਤਾਹੈ॥ ਇਸਸੇ ਇਸ਼੍ਵਰ ਗ੍ਰਾਸਹੈ॥ ਔਰ, ਤਿਸਕਾ ਕੋਈ ਦੂਸਰਾ ਸੰਹਾਰਕ ਨਹੀਂ,ਇਸਸੇ ਸੋ ਸ੍ਵਰਾਟ ਤਥਾ ਸਵਯੰ ਇਸ਼ਵਰਹੈ॥ ਔਰ ਸ੍ਵ:ਪ੍ਰਕਾਸ਼ ਹੋਨੇਸੇ ਅਪਨੇ ਪ੍ਰਕਾਸ਼ ਵਾਸਤੇ ਪ੍ਰਕਾਸ਼ਨੰਤਰ ਕੀ ਅਪੇਕਸ਼ਾ ਨਹੀਂ ਕਰਤਾ॥ ਸੋ ਤੁਰੀਯ-ਆਤਮਾ ਭੀ ਔਤ 1, ਅਨੁਗਾਤੁ 2 ਅਨੁਗਿਯਾ 3, ਅਵਿਕਲਪ 4, ਇਨ ਭੇਦਨ ਸੇ ਚਾਰ ਪ੍ਰਕਾਰਕਾ ਹੈ॥ ਤਿਸਮੇਂ ਵਿਯਾਪਤ ਸ੍ਵਰੂਪਕਾ ਨਾਮ ਹੋਤ ਹੈ॥ ਇਸਕੋ ਦ੍ਰਿਸ਼ਟਾਂਤ ਸੇ ਕਹਿਤੇਹੈ॥ਜੈਸੇ ਅਨੰਤਕਾਲਮੇਂ ਕਾਲਾ-ਗਨਿ ਰੂਪ ਸੂਰਯ(ਅਸਤ੍ਰੇ:) ਕਿਰਣੋਂ ਕਰਕੇ ਸਰਵ ਕੋ ਸੰਹਾਰ ਕਰਨੇ ਵਾਸਤੇ ਸਰਵ ਵਸਤੁ ਮਾਤ੍ਰ ਮੇਂ ਵਿਆਪਕ ਹੋਤਾ ਹੈ; ਇਸੀ ਪ੍ਰਕਾਰ ਤੁਰੀਯ ਆਤਮਾ ਇਸ਼੍ਵਰ ਕੋ ਸੰਹਾਰ ਕਰਨੇ ਵਾਸਤੇ ਸਤ, ਚਿਤ ਰੂਪ ਰਸ਼ਿਮਿ ਕਰਕੇ ਵਿਆਪਤ ਹੋਤਾਹੈ॥ ਤਾਤਪ੍ਰਿਯ ਯਹਹੈ, ਕਾਰਣਾਤਮਾ ਮੇ ਸਤ, ਚਿਤ, ਆਨੰਦ, ਰੂਪ ਤੁਰੀਯ ਵਸਤੂਕੋ ''ਅਨੁਸਯੁਤ ਵਿਚਾਰ'' ਕਰਨੇ ਕਾ ਨਾਮ ''ਔਤਯੋਗ'' ਹੈ॥

ਅਰਥ॥ ਅਨੁਗਿਯਾਤਾ(ਹਿ)ਨਿਸਚਿਤ(ਅਯਮ) ਆਤਮਾ (ਯਹ) ਆਤਮਾ ਨਿਸਚਯ ਕਰਕੇ ਅਨੁਗਯਾਤਾ ਹੈ, ਜੋ ਕਿਸੀ ਵਸਤੂਕੋ ਦੇਨੇ ਵਾਸਤੇ ਸੰਕਲਪ ਕਰਤਾਹੈ, ਸੋ ਲੋਕਮੇਂ ਅਨੁਗਾਤਾ ਕਹਾ ਜਾਤਾਹੈ॥ ਸੋ ਯਹ ਤੁਰੀਯ ਆਤਮਾ ਇਸ ਸਰਵ ਪ੍ਰਪੰਚਕੋ ਅਪਨੇ ਆਤਮਾਕੋ ਦੇਤਾਹੈ, ਜਬ ਸਰਵਕੋ ਅਪਨੇ ਸ੍ਵਰੂਪ ਚੇਤਨਯਸੇ ਦਿਖਾਏ ਦੇਤਾਹੈ, ਤਬ ਅਪਨੇਆਪਕਾ ਦਾਤਾ ਕਹਾ ਜਾਤਾਹੈ॥ ਤਾਤਪ੍ਰਿਯ ਯਹਹੈ, ਸ੍ਵਤ: ਸਤਾਹੀਨ ਪ੍ਰਪੰਚਕੋ ਅਪਨੇ ਸਤ, ਚਿਤ, ਆਨੰਦ ਰੂਪਸੇ ਪ੍ਰਤੀਤ ਯੋਗਯ ਕਰਤਾਹੈ॥ ਭਾਵ ਯਹਹੈ, ਜੈਸੇ ਰਾਤ੍ਰੀ ਕਾਲਕੇ ਅਧਿਕਾਰਕੋ ਪ੍ਰਾਤ:ਕਾਲ ਸੂਰਯ ਭਗਵਾਨ ਅਪਨਾ ਸ੍ਵਰੂਪ ਹੀ ਕਰ ਲੇਤਾ ਹੈ, ਇਸੀ ਪ੍ਰਕਾਰ ਸਰਵ ਵਸਤੂਕੋ ਤੁਰੀਯ ਆਤਮਾ ਅਪਨਾ ਸ੍ਵਰੂਪ ਕਰ ਲੇਤਾਹੈ॥ ਤਾਤਪ੍ਰਿਯ ਯਹਹੈ, ਪ੍ਰਪੰਚਕੋ ਤੁਰੀਯ ਸ੍ਵਰੂਪਸੇ ਪ੍ਰਥਕ ਨ ਦੇਖਨਾ, ਐਸੇ ਵਿਚਾਰਕਾ ਨਾਮ ਅਨੁਗਾਤਯੋਗਹੈ॥

ਅਰਥ॥ ਯਹ ਆਤਮਾ ਅਨੁਗਾਰੂਪ ਹੈ, ਅਰਥ ਏਕ ਰਸ ਚਿਦ ਰੂਪ ਹੀ ਹੈ॥ ਜੈਸੇ ਦਾਹਾ ਰੂਪ ਕਾਸ਼ਠਾਦਿਕਨ ਕੋ ਦਗਧ ਕਰਕੇ ਅਗਨਿ ਸਥਿਤ ਹੋਤੀ ਹੈ, ਇਸੀ ਪ੍ਰਕਾਰ ਸਚਿਦ ਰੂਪ ਤੁਰੀਯ ਵਸਤੂ ਅਪਨੇਮੇਂ ਅਧਿਯਸਤ ਕਾਰਣਾਤਮਾਕੋ ਅਪਨਾ ਸ੍ਵਰੂਪ ਮਾਤ੍ਰ ਕਰਕੇ ਕੇਵਲ ਸਚਿਦਾਨੰਦ ਰੂਪਸੇ ਸ਼ੇਸ ਰਹਤਾ ਹੈ॥ ਤਾਤਪਰਯ ਯਹਹੈ, ਦਗੱਧਕ੍ਰਿਤ ਕਾਸ਼ਠਾਦਿਕ ਮਲ ਅਗਿਨਵਰਤ ਕਾਰਣਾਤਮਾਕੋ ਸ੍ਵਰੂਪਮੇਂ ਲੀਨ ਕਰਹੇ ਹੁਏ ਚਿੰਨ੍ਮਾਤ੍ਰਕਾ ਅਨੁਸੰਧਾਨ ਰੂਪ ਵਿਚਾਰਕੋ ਅਨੁਗਾਯੋਗ ਕਹਿਤੇ ਹੈ॥ (ਉਤਰ ਤਾਪਨਿ.ਉਪਨਿਸ਼ਦ.ਖ. 2)

ਅਰਥ॥ ਯਹ ਆਤਮਾ ਅਵਿਕਲਪ ਰੂਪ ਕਿਉਂਕਿ ਮਨਵਾਣੀਕਾ ਅਵਿਸ਼ਯ ਹੋਨੇਸੇ ਕੇਵਲ ਚਿਦਰੂਪਹੈ॥ ਤਾਤ੍ਪਿਯ ਯਹਹੈ, ਜੈਸੇ ਅਪਨੇ ਦਾਹ ਕਾਸ਼ਠਾਦਿਕਨ ਕੋ ਦੱਗਧਕਰ ਨਿਰਧੂਮਰ ਅਗਿਨ ਹੋਤੀਹੈ, ਤੈਸਾ ਅਗਿਯਾਨ ਮਨਕੋ ਦੱਗਧਕਰ ਅਗਿਯਾਨਜਨਿਤ ਵਿਸ਼ੇਸ਼ ਸ਼ੁਨਯ ਅਨੁਗਾਹੈ। ਔਰ ਜੈਸੇ ਸ਼ਾਂਤ ਅਗਿਨ ਉਸ਼ਦਤਾਦਿਕ ਗੁਣ ਰਹਿਤ ਸ੍ਵਰੂਪਾਵਸਥ ਹੋਤੀਹੈ

Sri Satguru Jagjit Singh Ji eLibrary NamdhariElibrary@gmail.com

ਤੈਸੇ ਸ਼ਾਂਤ ਸ੍ਵਰੂਪ ਪਰਮਾਤਮਾ ਸਰਵ ਕਲਪਨਾ ਵਰਜਿਤ ਅਵਿਕਲਪ ਕਹਾ ਜਾਤਾਹੈ॥ ਸ਼ਾਂਤਸ੍ਵਰੂਪ ਪਰਮਾਤਮਾਕਾ ਅਨੁਸਾਧਾਨ ਰੂਪ ਵਿਚਾਰ ਅਵਿਕਲਪ ਯੋਗਹੈ॥ ਇਸ ਪ੍ਰਕਾਰਸੇ ਨਿਰੰਜਨ ਕੇ ਨਾਮ ਅਕਾਰ ਦੁਆਰਾ ਜੋ ਪਰਮਾਤਮਾਕਾ ਮਨਨਹੈ, ਤਿਸਕੀ ਅਪੇਕਸ਼ਾਸੇ ਅਨਾਤਮ ਪਦਾਰਥਨਕਾ ਮਨਨ ਤੁੱਛਹੈ ॥12॥

ਨੰ.9. ਸਾਧੂ ਪੰ.ਹਰਿਪ੍ਰਸਾਦ ਜੀ ਉਦਾਸੀਨ (ਵੇਦਿਕ ਮੁਨੀ)

ਮਨਨ ਪਰਵ: 12, 13, 14, 15 ਈਸ਼੍ਵਰਕਾ ਨਾਮ ਮਨਨ ਕਰਨੇਸੇ ਅਰਥਾਤ ਨਾਮੀ ਇਸ਼੍ਵਰਕੇ ਸ੍ਵਰੂਪਕੋ ਠੀਕ-ਠੀਕ ਸਮਝਨੇਸੇ, ਜੋ ਗਤਿ ਅਰਥਾਤ ਫਲ ਹੋਤਾਹੈ, ਵਹ ਨਹੀ ਕਹਾ ਜਾ ਸਕਤਾ। ਯਦਿ ਕੋਈ ਕਹੇਗਾ, ਪੀਛੇ ਪਛਤਾਯੇਗਾ॥1॥ਨਹੀ ਇਤਨਾ ਕਾਗਜਹੈ, ਨਹੀ ਲੇਖਨੀ ਔਰ ਨਹੀ ਲਿਖਨੇ ਵਾਲਾਹੈ; ਜਿਸਸੇ ਕਹੀ ਬੈਠ ਕਰਭੀ ਮਨਨਕੇ ਫਲ ਕਾ ਵਿਚਾਰ (ਵਿਵੇਚਨ) ਅਰਥਾਤ ਹਿਸਾਬ ਕਿਯਾ ਜਾਏ॥2॥

ਦੇਖੋ ਮਨੁਸ਼ਯੋ! ਏਸਾ ਅਰਥਾਤ ਇਤਨੇ ਮਹਤਵਕਾ ਨਿਰਜਨ ਇਸ਼੍ਵਰਕਾ ਨਾਮਹੈ। ਯਦਿ ਕੋਈ ਮਨਨ ਕਰੇ, ਜਾਨੇ, ਕੌਨ ਮਨਨ ਕਰਤਾਹੈ? ਵਿਰਲਾ ਕੋਈ ਮਨਨ ਕਰਤਾਹੈ॥3॥12॥

ਨੰ.10. ਭਾਈ ਵੀਰ ਸਿੰਘ ਜੀ (ਆਧੁਨਿਕ)

ਪ੍ਰਾਕਥਨ:- 'ਸੋ ਮੈ ਵਿਸਰਿ ਨ ਜਾਈ', 'ਅੰਮ੍ਰਿਤ ਵੇਲਾ ਸਚੁ ਨਾਉ', 'ਸਾਚਾ ਸਾਹਿਬੁ ਸਾਚੁ ਨਾਇ',

ਅਰਥਾਤ:-'ਨਾਮ'ਦਾ ਉਪਦੇਸ਼ ਦੇਕੇ, ਗੁਰੂਤੋਂ ਇਸਦੀ ਪ੍ਰਾਪਤੀ ਲਈ ਯਾਚਨਾ ਕਰਕੇ, ਉਸਤੋਂ ਸੁਣਕੇ, ਪਿਛਲੀਆਂ 4 ਪਉੜੀਆਂ ਵਿਚ ਸੁਣਨ ਦੇ ਲਾਭ ਦੱਸੇ ਸਨ। ਹੁਣ ਅਗਲੀਆਂ ਪਉੜੀਆਂ ਵਿੱਚ ਦੱਸਦੇ ਹਨ ਕਿ ਸਿਖ ਜੋ ਉਸ ਨਾਮਦਾ ਮੰਨਣ ਕਰੇਗਾ,ਤਾਂ ਉਹ ਨਾਮੀਨੂੰ ਪ੍ਰਾਪਤ ਹੋਵੇਗਾ। ਚਾਹੇ ਐਸੇ 'ਮੰਨ ਲੈਣ ਵਾਲੇ'ਦੀ ਗਤੀਤਾਂ ਅਕੱਥਹੈ,ਪਰ ਉਸਦੀ ਪ੍ਰਾਪਤੀ ਬਾਬਤ ਕੁਛਨਾ ਕੁਛ ਕਿਹਾਂ ਤੇਹੀ ਪਤਾ ਲਗੇਗਾ,ਤੇ ਮਨਨ ਸ਼ੀਲ ਹੋਣਦੀ ਰੁਚੀ ਉਪਜੇਗੀ। ਇਸਲਈ ਕੁਛ ਲਾਭ ਦੱਸਦੇ ਹਨ:-

ਅਰਥ:- (ਸਭਨਾ ਜੀਆਦੇ ਇਕ ਦਾਤਾਨੂੰ ਨਾ ਵਿਸਾਰਨ ਵਾਲੇ ਅਰਥਾਤ ਸਚੇ ਨਾਮਨੂੰ)ਮੰਨ ਲੈਣ ਵਾਲੇਦੀ ਅਵਸਥਾ (ਯਾ ਪ੍ਰਾਪਤੀ) ਕਹੀ ਨਹੀਂ ਜਾ ਸਕਦੀ, ਜੇ ਕੋਈ ਕਹੇ ਤਾਂ ਪਿਛੋਂ ਪਛੁਤਾਉਂਦਾਹੈ (ਕਿ ਮੈਂ ਥੋੜੀ ਕਹੀਹੈ।ਭਲਾ ਜੋ ਕੋਈ ਦਾਨੇ)ਮੰਨ ਲੈਣ ਵਾਲੇਦਾ ਬੈਠਕੇ ਵੀਚਾਰ ਕਰਨ(ਤੇ ਕਈ ਲਿਖਾਰੀ ਲਿਖੀ ਜਾਣ, ਤਾਂ ਵਰਣਨ ਹੋਏ?

ਉੱਤਰ॥ : ਨਹੀਂ, ਕਿਉਂਕਿ ਸੰਪੂਰਨ ਲਿਖ ਲੈਣ ਵਾਲਾ) ਲਿਖਾਰੀ ਨਹੀਂ, ਨਾ (ਅਮੁੱਕ ਲਿਖਣੇਹਾਰ) ਕਲਮਹੈ ਤੇ ਨਾ (ਅਮਿਤ) ਕਾਗਤਹੈ (ਜਿਸ ਪਰ ਲਿਖਿਆ ਜਾਸਕੇ)। (ਪਰਮੇਸ਼੍ਵਰਦਾ) ਨਾਮ ਐਸਾ ਮਾਇਆਤੋਂ ਨਿਰ-ਲਿਪਤ(ਪਾਵਨ ਪਦਾਰਥ)ਹੈਂ, (ਪਰ ਇਸ ਗੱਲਨੂੰ) ਕੋਈ ਤਾਂਹੀ ਜਾਣ ਸਕਦਾਹੈ ਜੇਕੋਈ ਮਨ ਵਿਚ(ਨਾਮਨੂੰ) ਮਨਨ ਕਰ ਲਵੇ ॥12॥

ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥
ਮੰਨੈ ਮੁਹਿ ਚੋਟਾ ਨ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ॥
ਐਸਾ ਨਾਮੁ ਨਿਰੰਜਨੁ ਹੋਇ ॥ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥

Sri Satguru Jagjit Singh Ji eLibrary NamdhariElibrary@gmail.com

ਨੰ.1. ਬਾਵਾ ਮਿਹਰਬਾਨ ਜੀ "ਮੀਣਾ"

ਜੇ ਕੋਈ ਪਰਮੇਸਰਕਾ ਨਾਮ 'ਮੰਨੈ' ਮਨਕੇ ਵਿਖੇ ਤਿਸ ਕਉ'ਸੁਰਤਿ'ਉਪਜੈ, ਅਰੁ ਮਨਕੇ ਵਿਖੇ 'ਬੁਧਿ' ਆਵੇ। ਜਿਤਨੇ ਭਵਣ, ਲੋਅ, ਅਕਾਸ, ਪਾਤਾਲ, ਪੁਰੀਆ ਹੈਨਿ, ਇਤਨਿਆ ਹੀ ਕੀ ਸੋਝੀ ਉਸ ਕਉ ਹੋਈ ਆਵੈ। 'ਬੁਧਿ' ਅਰੁ 'ਸੁਰਤਿ'ਕਰਿ ਕਰਿ ਜੇ ਪਰਮੇਸੁਰਕਾ ਨਾਮੁ ਮੰਨਿ ਸਕੇ; ਅਰੁ ਏਹੁ ਜਿ ਪ੍ਰਾਨਿ ਪਰਮੇਸਰਤੇ ਬੇਮੁਖੁ ਹੋਤਾਹੈ, ਸੁ ਏਤੁ ਦੇਖਿ ਕਰਿ, ਕਰਿ ਮੁਹੇ ਮੁਹਿ ਏਸਕੇ ਤਾਈ,ਜਮੁ ਮਾਰਤਾ ਲੈ ਜਾਤਾਹੈ। ਜੇ ਤਉ ਏਹੁ ਪਰਮੇਸੁਰਕਾ ਨਾਮੁ ਮੰਨੇ, ਤਉ ਜਮੁ ਇਸਕੇ ਨਜੀਕਿ ਨ ਆਇ ਸਕੇ; ਇਸਕੀ ਸੋਇੰ ਸੁਣਿ ਕਰਿ ਜਮੁ ਨਸਿ ਜਾਇ।ਜੇ ਤਉ ਸੁਣਿ ਕਰਿ ਪਰਮੇਸੁਰਕਾ ਨਾਮੁ ਲੈ ਸਕੇ,ਤਾਂ ਇਤੁ ਮੰਨੇ ਕਰਿ,ਕਰਿ ਇਸਕਾ ਦੋਖੁ ਮਿਟੈ, ਜਮਕੇ ਸਾਥਿ ਨ ਜਾਈ। ਮੰਨੇਕਾ ਏਹ ਪ੍ਰਤਾਪਹੈ, ਜੇ ਮੰਨਿ ਸਕੈ ॥13॥

ਨੰ.2. ਭਾਈ ਮਨੀ ਸਿੰਘ ਜੀ 'ਸ਼ਹੀਦ'

ਤਾਂ ਸਿੱਧਾਂ ਆਂਖਿਆ, ਕਿ "ਓਨਾਂਦੇ ਗੁਣਾਂਦਾ ਤੁਸੀ ਕੁਝ ਤਾਂ ਵਰਨਨ ਕਰੋ"॥ ਤਾਂ ਬਾਬਾ ਬੋਲਿਆ ਕਿ,'ਸੁੰਸਵੇਦ ਗੁਣ' ਕਹੇ ਨਹੀਂ ਜਾਦੇ ਪਰ ਤੁਸਾਂਨੂੰ 'ਸਵੇਦ ਗੁਣ' ਸੁਣਾਂਵਦੇ ਹਾਂ-

ਜੋ ਵਾਹਿਗੁਰੂਦੇ ਨਾਮਨੂੰ ਸੁਣਕੇ ਮੰਨਦੇ ਹਨ, ਤਿਨਾਂਦੀ ਸੁਰਤਿ ਉੱਜਲ ਹੁੰਦੀਹੈ, ਅਰ ਭਲਿਆਈ ਵੱਲ ਹੁੰਦੀਹੈ, ਅਤੇ ਓਨਾਂਦਾ ਮਨ ਨਿਰਮਲ ਜਸ ਸੁਣਨਦਾ ਅਧਿਕਾਰੀ ਹੁੰਦਾਹੈ॥ ਅਤੇ ਬੁੱਧ ਓਨਾਂ ਦੀ ਮਨੀਖਾ ਹਨ, ਓਨਾਂਨੂੰ ਸਭਨਾਂ ਭਵਣਾਂਦੀ ਸੁੱਧ ਹੁੰਦੀਹੈ, ਅਰ ਸਾਰੇ ਬ੍ਰਹਮੰਡ ਵਿੱਚ ਜੋ ਵਰਤਤੀਹੈ ਤਿਸਕੋ ਜਾਣੇ ਹਨ॥ ਅਥਵਾ ਸੁਪਨੇਦਾ ਭਗਨ ਕਰ ਜਾਣਦੇ ਹਨ॥ ਅਰ ਜੋ ਨਾਮਨੂੰ ਮੰਨਦੇ ਹਨ ਅਰ ਸਤਗੁਰਾਂਦੇ ਵਚਨ ਮੰਨਦੇ ਹਨ ਸੋ ਭੁੱਲਕੇ ਭੀ ਚੋਟਾਂ ਨਹੀਂ ਖਾਂਦੇ, ਕਯੋਂਕਿ ਚੋਟਾਂਸੋ ਖਾਂਵਦੇ ਹਨ, ਜੋ ਵਚਨਾਂਨੂੰ ਭੁਲਾਇ ਦੇਦੇ ਹਨ॥ ਅਤੇ ਜੋ ਨਾਮਨੂੰ ਮੰਨਦੇ ਹੈਨ, ਸੋ ਜਮਕੇ ਸਾਥ ਨਹੀ ਜਾਤੇ॥ ਅਰ ਕਰਤਾਰਦਾ ਐਸਾ ਨਾਮਹੈ ਜੋ ਮਾਇਆਦੀ 'ਉਪਾਧ' ਤੇਂ ਰਹਿਤਹੈ ਅਤੇ ਜੋ ਕੋਈ ਇਸਨੂੰ ਮੰਨਦੇ ਹਨ, ਸੋ ਆਪਣੇ ਹੀ ਮਨ ਵਿੱਚ ਜਾਣਤੇ ਹੈਨ ॥13॥

ਨੰ.3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ)

ਬਹੁਰਿ ਕਹੇਹੈਂ:-ਇਸਕਾ ਅਰਥੁ॥ ਗੁਰੁਦਵਾਰੇ ਮਨਨ ਤੋਂ ਸੁਰਤਿ ਕਹੀਐ ਸ਼ੁਭ-ਅਸ਼ੁਭ ਕਾ ਗਯਾਨ ਹੋਤਾਹੈ; ਅਰੁ ਮਨੁ-ਬੁਧਿ ਕਹੀਐ ਮਨਕਾ ਸੰਕਲਪ-ਵਿਕਲਪ ਰੂਪ ਹੈ॥ ਬੁਧਿਕਾ ਨਿਸਚੈ ਸਰੂਪਹੈ ਸੋ ਹੈ ਏਕ ਹੀ ਬ੍ਰਿਤੀਕਾ ਨਾਮ ਦੋ ਹੈ॥ ਜੋ ਮਨਨ; ਤੋ ਮਨ ਹੀਤੋਂ ਬੁੱਧਿ ਹੋਤੀਹੈ॥

ਮੰਨੈ ਸਗਲ ਭਵਣ ਕੀ ਸੁਧਿ॥

ਭਵਨ ਕਹੀਐ:- ਅਤਿਲ, ਵਿਤਲ, ਸੁਤੁਲ, ਰਸਾਤਲ, ਤਲਾਤਲ, ਮਹਾਤਲ, ਪਾਤਾਲ, ਯਹ ਸਪਤ-ਪਤਾਲ॥ ਭੂ, ਭੁਵਰ, ਸਵਰ, ਮਹਰ, ਜਨ, ਤਪ, ਸਤਿ, ਯਹ ਸਪਤ ਊਪਰ ਕੇ ਲੋਕ ਸੋ ਮਨਨ ਤੋ ਚੌਦਹ-ਭਵਨ ਕੀ ਸੁਧਿ ਕਹੀਐ, ਗਤਿ ਹੋਤੀਹੈ॥

ਮੰਨੈ ਮੁਹਿ ਚੋਟਾ ਨ ਖਾਇ॥

ਮਨਨ ਤੇ ਜਮ ਦੂਤਹੁ ਕੀ ਚੋਟਾ ਮੁਖ ਪਰ ਨਹੀਂ ਖਾਤਾ; ਅਰੁ ਜਮਕੇ ਸਾਥਿ ਭੀ ਨਹੀਂ ਜਾਤਾ॥

ਐਸਾ ਨਾਮ ਨਿਰੰਜਨ ਕਾ ਹੈ। ਜੇ ਕੋਈ ਮਨ ਕਰਿ ਮਨਨ ਕਰਿ ਜਾਣੇ ਕੋਈ॥13॥

ਨੰ.4. ਸਾਧੂ ਅਨੰਦਘਨ ਜੀ (ਉਦਾਸੀਨ ਪੁਰਾਣ ਕਥਾ ਵਾਚੀ)

ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥

Sri Satguru Jagjit Singh Ji eLibrary NamdhariElibrary@gmail.com

ਜੋ ਗੁਰ ਸਾਸਤ੍ਰੁ ਕੋ ਵਚਨ ਸੁਣ ਕਰ ਮਾਨੇਗਾ॥ ਤਬੀ ਤੋ ਇਸਕੋ ਮਨ, ਬੁਧ ਵਿਖੇ ਭਲੇ ਬੁਰੇ ਕਰਮ ਕੀ ਸੁਰਤ ਹੋਵੇਗੀ। ਬਿਨਾ ਮਾਨੇ ਬਿਸੁਰਤ ਹੀਹੈ॥ ਜਬ ਸੁਰਤ ਹੁਈ,ਤਬ ਭਲੈ ਕਰਮ ਗ੍ਰਹਣ ਕਰੇਗਾ: ਬੁਰੇ ਕਾ ਤਿਆਗ ਕਰੇਗਾ॥ ਇਹੀ ਤੋ ਇਸਕੀ ਕਲਿਆਨ ਕਾ ਸਾਧਨ ਹੈ॥ ਅਰ ਜੋ ਮਾਨੇਗਾ, ਤਬ ਭਵਨ ਕੀ ਇਸਕੋ ਸੁਧਭੀ ਹੋਵੇਗੀ॥ ਸਕਲ ਨਾਮਹੈ 'ਚਤਰ-ਦਸ ਭੁਵਨ' ਕਾ ਸਪਤ ਲੋਕ ਤਲੇ ਕੇ, ਸਪਤ ਉਪਰ ਕੇ, ਨਾਮ ਤਿਸਕੇ ਪੀਛੇ ਕਹੈ ਹੀ ਹੈ॥ 'ਸੁਧਿ' ਦੋ ਪ੍ਰਕਾਰਕੀ-ਸ਼ਾਸਤ੍ਰ ਮਨਨ ਦਵਾਰਾ ਤੋ 'ਪਰੋਖ-ਸੁਧ' ਹੋਤੀ ਹੈ ॥ ਜੈਸੇ ਪੰਡਤੋ ਕੋ ਜੇ ਸਾਸਤ੍ਰ ਵਾਚ ਕਰ ਸਭ ਕਛ ਸੁਣਾਇ ਦੇਤੇਹੈ ॥ ਅਰ 'ਯੋਗ' ਦਵਾਰਾ 'ਅਪ੍ਰੋਖ-ਸੁਧਾ' ਹੋਤੀਹੈ॥ ਚਤਰਦਸ ਭੁਵਨ ਮੋ ਜੋ ਕਛੁਹੈ,'ਹਸਤਾਮਲਕ' ਕੀ ਨਿਆਈ ਪ੍ਰਤੱਖ ਦ੍ਰਿਸਟ ਆਵਤਾ ਹੈ॥ ਜੈਸੇ ਵਯਾਸਾਦਿ ਕੋ ਕੋ ਹੈ॥

ਮੰਨੈ ਮੁਹਿ ਚੋਟਾ ਨਾ ਖਾਇ॥ ਮੰਨੈ ਜਮ ਕੈ ਸਾਥਿ ਨ ਜਾਇ॥
ਐਸਾ ਨਾਮੁ ਨਿਰੰਜਨੁ ਹੋਇ॥ ਜੋ ਕੋ ਮਨਿ ਜਾਣੈ ਮਨਿ ਕੋਇ॥

ਜੋ ਗੁਰੁ ਉਪਦੇਸ ਦਵਾਰਾ ਨਾਮ ਕੋ ਸੁਣ ਕਰ ਮਾਨੇਗਾ, ਸੋ ਯਮ ਕੀਆ ਚੋਟਾ ਨ ਮੁਖ ਪਰ ਖਾਏਗਾ, ਅਰ ਯਮ ਕੇ ਸਾਥ ਭੀ ਨ ਜਾਇਗਾ॥ ਨਾਮ ਐਸਾ ਨਿਰੰਜਨ ਹੈ॥

ਨੰ.5. ਭਾਈ ਸੰਤੋਖ ਸਿੰਘਜੀ ਕਵੀ ਚੂੜਾਮਣੀ(ਨਿਰਮਲ-ਗਿਆਨੀ)

ਅਬ ਮਨਨਕੇ 'ਫਲ' ਬਤਾਵਤ ਹੈਂ:-

ਮੰਨੈ ਸੁਰਤਿ ਹੋਵੈ ਮਨਿ ਬੁਧਿ॥

ਮੰਨਨ ਕਰਨ ਕੋ ਨਾਉ ਮੰਨੈ, ਮਨਨ ਕਰਨਤੇ ਸੁਰਤ, ਸੁਸ੍ਰਿਤ ਕਹੀਏ, ਪ੍ਰੀਤੀ; ਮਨ ਬਿਖੇ ਅਰ ਬੁਧਿ ਵਿਖੇ ਹੁਇ ਆਵਤਹੈ। ਸੋ ਪ੍ਰੀਤਿ ਕੌਨ? ਬ੍ਰਹਮਕੇ ਬਿਚਾਰਕੀ ਆਛੀ ਪ੍ਰੀਤ ਹੁਇ ਆਵਤਹੈ। ਜਿਸ ਦਿਸ਼ ਸੰਕਲਪ ਮਨ ਉਠਾਵਤਹੈ, ਤਹਾਂ ਬ੍ਰਹਮਤੇ ਬਿਨਾ ਔਰ ਨਹੀਂ ਕਛੁ ਜਾਨਤਹੈ॥ ਬੁਧਿ ਜਿਸਕੋ ਨਿਸ਼ਚਾ ਕਰਤਹੈ, ਸੋ ਬ੍ਰਹਮਤੇ ਬਿਨਾ ਨਿਸ਼ਚਾ ਔਰ ਕਾਹੂੰਕੋ ਨਹੀਂ ਕਰਤਹੈ। ਸੰਤੋਂ ਕੇ ਮਤਿ ਮੇਂ ਯਹੀ ਆਛੀ ਪੀੜਤੀ ਹੈ, ਜੋ ਲੋਕ ਪ੍ਰਲੋਕ ਮੇਂ ਸੁਖ ਦੇਤ ਹੈ, ਔਰ ਕੋ ਆਛੀ ਨਹੀਂ ਮਾਨਤ ਹੈਂ।

ਦੁਤਿਯਰਥ:- ਸੁਸ੍ਰਿਤ ਪ੍ਰੀਤਿ ਸਰਗੁਣ ਸਰੂਪ ਜੋ ਚਤੁਰਭੁਜ ਸ਼ਯਾਮ ਸੁੰਦਰਹੈ ਤਿਸਕੇ ਵਿਖੇ ਹੋਇ ਜਾਤਹੈ ਮਨਕੀ ਅਰ ਬੁਧਿਕੀ।

ਤ੍ਰਿਤਯਰਥ:- ਸੁਰਤਿ ਨਾਮ ਗੁਰੂ ਜੀ ਕੀ ਬਾਣੀ ਮੇਂ ਸੋਝੀ ਕੋ ਭੀ ਹੈ। ਲੋਕਭੀ ਆਪ ਬੋਲਤੇ ਕਹਤੇਹੈ ਜੋ 'ਤੁਝ ਕੋ ਇਸ ਬਾਤਕੀ ਸੁਰਤਿ ਹੈ ਕਿ ਨਹੀਂਹੈ? ਮਨ ਕੋ ਅਰੁ ਬੁਧਿ ਕੋ ਸੋਝੀ, ਅਪਨੇ ਸਰੂਪ ਜੋ ਬ੍ਰਹਮ, ਤਿਸਕੀ ਹੋਇ ਆਵਤਹੈ; ਜੋ ਭੂਲਯੋ ਹੋਯੋ ਹੁਤੋ ਸੋ ਅਬ ਜਾਨਯੋ।

ਚਤੁਰਅਰਥ:- ਮਨਨ ਕਰਨੇ ਤੇ ਮਨ ਕੀ ਅਰ ਬੁਧਿ ਕੀ ਸੋਝੀ ਹੁਇ ਜਾਤ ਹੈ; ਜੋ ਮਨ ਕੋ ਇਹ ਸਰੂਪ ਹੈ, ਬੁਧਿ ਇਸਕੋ ਕਹਤਹੈਂ। ਜਬ ਅੰਤ੍ਰਮੁਖ ਬ੍ਰਿਤਿਹੈ : ਤਬਹੀ ਜਾਨਤਹੈ। ਜੇ ਕੋਈ ਕਹੈ ਮਨਕੀ, ਬੁਧਿ ਕੀਹੀ ਸੋਝੀ ਹੋਤ ਹੈ, ਅਪਰਕੀ ਖਬਰਤੇ ਕੁਝ ਤਿਨਕ' ਨਹੀਂ ਹੋਇਗੀ, ਤਿਸ ਪਰ ਸਾਹਿਬ ਜੀ ਕਹਤਹੈਂ:-

ਮੰਨੈ ਸਗਲ ਭਵਣਕੀ ਸੁਧਿ॥

ਮਨਨ ਕਰਨ ਤੇ ਸਗਲ ਭਵਣ ਕੋ ਅਰਥ ਚੌਦਹਿ ਲੋਕ, ਤਿਨਕੀ 'ਸੁਧਿ' ਕਹੀਏ 'ਗਯਾਤ' ਹੋਇ ਆਵਤਹੈ। ਜੋ ਐਸੇ ਪ੍ਰਾਨੀ ਤਿਨਕੇ ਬਿਖੇ ਰਹਿਤ ਹੈਂ ਐਸੇ ਕਰਮ ਕਰਿ ਤਹਾਂ

Sri Satguru Jagjit Singh Ji eLibrary NamdhariElibrary@gmail.com

ਪਹੁੰਚਤਹੈਂ,ਇਸ ਰੀਤਿਕੋ ਤਹਾਂ ਬਿਵਹਾਰਹੈ॥ ਵਾ, ਜਿਸ ਰੀਤਿ ਚੌਦਹ ਲੋਕ ਕੀ ਉਤਪਤਿ ਭਈ, ਸੋ ਜਾਨ ਜਾਤ ਹੈਂ।

ਦੁਤਿਯਰਥ:- ਖਟੁ ਸ਼ਾਸਤ੍ਰਨਕੇ ਖਟਹੀ ਭਵਣ ਕਹੀਏ 'ਘਰ' ਹੈਂ। ਪ੍ਰਮਾਣ:- "ਛਿਅ ਘਰ ਛਿਅ ਗੁਰ ਛਿਅ ਉਪਦੇਸ॥"

ਖਟ ਸ਼ਾਸਤ੍ਰਨਕੋ ਜੋ ਮਤਿਹੈ, ਜਿਸ ਪਰ ਸਿਧਾਂਤ ਸਰਬ ਕਰਤਹੈਂ, ਤਿਨ ਸਰਬ ਕੋ ਜਾਨ ਜਾਤਹੈ।

ਤ੍ਰਿਤਿਯਰਥ:- ਸੰਪੂਰਨ ਜੋ ਘਰਹੈਂ ਬ੍ਰਹਮੰਡ ਵਿਖੇ, ਅਗਮ ਵਾ ਸੁਗਮ, ਤਿਨ ਸਰਬਕੀ 'ਸੁਧਿ'ਕਹੀਏ ਅੰਤਰਜਾਮਤਾ ਹੁਇ ਆਵਤ ਹੈ । ਏਕ ਸਥਾਨਮੈਂ ਬੈਠਯੇ ਸਭਨਕੀ ਸੁਧ ਬਤਾਇ ਦੇਤਹੈ।

ਚਤੁਰਥਅਰਥ:- ਭਵਣ ਨਾਮ ਭ੍ਰਮਣਕੋ,ਮਨਕੋ ਅਧਯਾਹਾਰ ਉਪਰਸੋਂ ਭ੍ਰਮਨ ਪਦਤੇ, ਸਗਲ ਕਹੀਏ ਸਰਬਮੇਂ ਜੋ ਭ੍ਰਮਤ ਹੁਤੋ ਮਨ, ਤਹਾਂ ਤਹਾਂਕੀ ਸੁਧਿ ਹੋਇ ਆਈਹੈ, ਕਿਆ ? ਇਹ ਸਰਬ ਅਨਿੱਤਹੈਂ--ਏਕ ਆਤਮਾ ਸਰਬ ਬਯਾਪੀ,ਸੋ ਨਿਤਹੈ ਔਰ ਸਭਨਕੋ ਨਾਸ਼ਵੰਤ ਜਾਣਕਰਿ-- ਭ੍ਰਮਣਤੇ ਮਨ ਮਿਟਗਯੇ। ਮੰਨੈ ਮੁਹਿ ਚੋਟਾ ਨਾ ਖਾਇ॥ ਜੋ ਮਨਨ ਕਰਤਹੈਂ, ਤਿਨ੍ਹੋਂਕੇ ਮੁਖੁ ਪਰ ਚੋਟ ਜੋਹੈ ਜਮਦੂਤਨ ਕੀਸੋ ਨਹੀਂ ਲਾਗਤਹੈ। ਜੋ ਕੋਟਾਨਕੋਟ ਜਨਮ ਧਾਰ ਕਰਿ ਮ੍ਰਿਤ ਸਮੇਂ ਮੇਂ ਮਾਰ ਹੁਤੀ, ਸੋ ਹਟ ਜਾਤਹੈ।

ਦੁਤਿਯਰਥ:- 'ਮੁਹਿ' ਚੋਟਾ ਨਾ' ਨਕਾਰ ਦੋਊ ਪਦਨਸੋਂ ਲਗਯੇ। 'ਮੁਹੇ' ਲੁਟਨ ਕੋ ਨਾਮ। ਪ੍ਰਮਾਣ:- 'ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥' ਨ ਲੂਟਯੋ ਹੀ ਜਾਤ ਹੈ ਨਾ ਚੋਟ ਹੀ ਖਾਤ ਹੈ। ਜਮ ਮਾਰਗ ਮੈਂ ਲੋਕ ਲੁਟੇ ਜਾਤ ਹੈਂ। ਸ਼ੁਭ ਕਰਮ ਜੋ ਕਰੇ ਹੁਏ ਹੈਂ ਸੇ ਰਾਹ ਕੇ ਬਿਖੇ ਲੇਤ ਹੈਂ, ਜੋ ਅਮਕੋ ਕਰਮ ਤੈਨੇ ਕਰਿਓ ਹੈ ਸੋ ਦੇਹ, ਤਿਸਕੋ ਮੋਲ ਏਕ ਕਟੋਰਾ ਪਾਨੀਕੋ ਹਾਥ ਆਵੇਗੇ, ਸੋ ਤ੍ਰਿਖਾਤੁਰ ਹੁਏ ਦੇਤਹੈਂ। ਇਸੀ ਰੀਤਿ ਅਹਾਰਕੇ ਹੇਤ ਛੁਧਾਤੁਰ ਹੋਇ ਦੇਤਹੈਂ। ਤਪਤਕੇ ਬਿਖੇ ਛਾਉਂਕੇ ਹੇਤ ਦੇਤਹੈਂ। ਜੇ ਕੋਈ ਬਾਤਕੋ ਨਹੀਂ ਮਾਨੇ--ਤਿਸੁ ਪਰ ਪ੍ਰਮਾਣ ਸ੍ਰੀ ਗ੍ਰੰਥ ਜੀ ਕੋ:-

ਜਿਹ ਪੈਡੇ ਲੂਟੀ ਪਨਿਹਾਰੀ ॥ ਸੋ ਮਾਰਗੁ ਸੰਤਨ ਦੂਰਾਰੀ॥1॥
ਸਤਿਗੁਰ ਪੂਰੇ ਸਾਚ ਕਹਿਆ॥
ਨਾਮ ਤੇਰੇਕੀ ਮੁਕਤੇ ਬੀਥੀ, ਜਮਕਾ ਮਾਰਗੁ ਦੂਰਿ ਰਹਿਆ॥1॥ ਰਹਾਉ॥
ਜਹ ਲਾਲਚ ਜਾਗਾਤੀ ਘਾਟ ॥ ਦੂਰਿ ਰਹੀ ਉਹ ਜਨਤੇ ਬਾਟ॥2॥"(ਪੰ.393:12)

ਅਰਥ:- ਪਨਿਹਾਰੀ=ਪਾਨ, ਜੋ ਤੰਬੂਲ ਤਿਸਕੀ ਵਣਜੋਟੀ, ਜੇ ਏਕ ਦੇਸ ਤੇ ਲੇਕਰ ਦੂਸਰੇ ਦੇਸ ਜਾਇ ਬੇਚਤ ਹੈ,ਪੰਥਕੇ ਬਿਖੇ ਬਟਵਾਰੇ, ਸੋ ਲੂਟ ਲੇ ਜਾਤ ਹੈਂ,ਤੈਸੇ ਸ਼ੁਭ-ਕਰਮ ਅਹੰਤਾ ਸਮੇਤ ਕਰਨਹਾਰੇ ਜਮ ਮਾਰਗ ਮੇਂ ਲੁਟੇ ਜਾਤ ਹੈਂ, ਜੋ ਮਨਨ ਕਰਨਹਾਰੇਹੈਂ ਇਸੀ ਰੀਤਿਮੈ ਸੋ ਮੁਹੇ ਨਹੀਂ ਜਾਤ ਹੈਂ, ਪੂੰਜੀ ਸਾਬਤ ਲੈਕੇ ਪਹੁੰਚਤ ਹੈਂ। ਸੋ ਚੋਟ ਭੀ ਜਮਦੂਤਨ ਕੀ ਨਹੀਂ ਖਾਤਹੈਂ। ਜੇ ਕੋਈ ਕਹੇ ਲੂਟੇ ਨਹੀਂ ਜਾਤਹੈਂ ਅਰ ਚੋਟ ਜਮਦੂਤਨਕੀ ਨਹੀਂ ਖਾਤਹੈਂ, ਸੰਗ ਤੋ ਜਮਾਂ ਕੇ ਜਾਤ ਹੋਇਗੇ? ਤਿਸ ਪਰ ਕਹਤ ਹੈਂ:-

ਮੰਨੈ ਜਮ ਕੈ ਸਾਥਿ ਨ ਜਾਇ॥

Sri Satguru Jagjit Singh Ji eLibrary NamdhariElibrary@gmail.com

ਮਨਨ ਕੇ ਕਰਨਹਾਰੇ ਜੋ ਹੈਂ, ਸੇ ਜਮ ਕੇ ਸੰਗ ਜਮਪੁਰੀ ਨਹੀਂ ਜਾਤ ਹੈਂ,ਸਨਮਾਨ ਕੇ ਸੰਗ ਬੈਕੁੰਠ ਤੀਕ ਪਹੁੰਚਤਹੈਂ। ਜਮਕੇ ਸੰਗ ਨਹੀਂ ਜਾਨੇ ਕੋ ਉਪਲਖਨ ਇਹੁ ਹੈਂ: ਸੁਰਗ ਲੋਕ, ਬ੍ਰਹਮ ਲੋਕ, ਬੈਕੁੰਠ ਤਹਾਂ ਜਾਤਹੈਂ। ਇਤਯਰਥ:- ਇਨ ਚਾਰਨਹੂੰ ਤੁਕਨਮੈਂ ਉਭਯਾਬ੍ਰਿਤਦੀਪਕ ਅਲੰਕਾਰ ਹੈ। ਲੱਛਣ:- ਪਦ ਇਕੁ ਅਰਥ ਆਇ ਬਹੁ ਬਾਰਿ॥ 'ਉਭਯਾਬ੍ਰਿਤ ਦੀਪਕ' ਅਲੰਕਾਰ॥

ਇਹਾਂ 'ਮੰਨ' ਪਦ ਅਨੇਕ ਬਾਰ ਆਯੋ, ਅਰਥ ਵੀ ਵਹੀ ਰਹਯੋ। ਦੂਸਰੇ ਹੇਤਾਲੰਕਾਰ ਭੀਹੈ।ਈਹਾਂ ਕਾਰਨ ਮਨਨ ਕਰਨੋ, ਕਾਰਜ ਤਾਂਕੋ ਫਲ ਜੋ ਕਹਯੋ ਸੁ ਲਖਣੋਸ, ਯਾਂਤੇ ਹੇਤਾਲੰਕਾਰ।

ਐਸਾ ਨਾਮੁ ਨਿਰੰਜਨੁ ਹੋਇ॥ ਐਸਾ ਮਨਨਹੈ ਜਿਸਕੇ ਕਰਨਤੇ ਏਤ੍ਵਕ ਫਲ ਹੋਤਹੈ, ਪ੍ਰੰਤੂ ਕਬ ਹੋਤਹੈ? ਜਬ ਨਾਮ ਨਿਰਜੰਨ ਹੋਇ= ਹਉਮੈਤੇ ਬਿਹੀਨ ਹੋਇ, ਮਾਯਾਤੇ ਰਹਤ ਹੋਇ।

ਜੇ ਕੋ ਮੰਨਿ ਜਾਣੈ ਮਨਿ ਕੋਇ॥ ਜੇ ਇਕੋ ਬਿਖੇ ਮਨਨ ਕਰੇਤੋ, ਤੋ ਮਨਮੈਂ ਜਾਣੇ ਕੋਈ। ਇਤਯਰਥ॥

ਪਹਿਲੀ ਤੁਕਮੈਂ ਨਕਾਰਕੀ ਵਰਣ ਮੈਤ੍ਰੀ ਬ੍ਰਿਤਯਾਨੁਪ੍ਰਾਸ, ਦੂਸਰੀ ਤੁਕਮੈਂ 'ਕੋ ਕੋਇ' ਤੇ ਦੂਸਰੇ ਯਮਕਾਲੰਕਾਰ ਭੀਹੈ। ਮਨ ਮਨ ਦੋ ਵੇਰ ਆਯੋ, ਅਰਥ ਭਿੰਨ ਭਿੰਨ ਭਯੋ; ਏਕ'ਮਨ'ਕੇ ਅਰਥ ਦੂਸਰੇ'ਮਨਨ'ਕੇ,ਯਾਂਤ ਯਮਕਹੈ।

ਨੰ.6. ਨਿਰਮਲ ਸੰਤ ਪੰਡਿਤ ਤਾਰਾ ਸਿੰਘ ਜੀ'ਨਰੋਤਮ'(ਖਟ-ਦਰਸ਼ਨੀ)

ਮਨਨ ਕੀ ਪੁਨਾ ਉਸਤਤਿ ਕਰੇ ਹੈ ਗੁਰੁ:-

ਮੰਨੈ ਇਤਿ। ਈਹਾਂ ਮਨਨਸੇ ਪੀਛੇ 'ਸੁਰਤਿ' ਲਿਖੀਹੈ, ਸੋ ਨਿਦਿਧਯਾਸਨ ਰੂਪ ਧਯਾਨ ਪਰ ਹੈ॥ ਸੁਰਤਿ ਸੇ ਪੀਛੇ ਕਹੀ 'ਮਨ ਬੁਧਿ' ਸਾਖਾਤਕਾਰ ਪਰ ਹੈ॥ ਯਾਤੇ ਮੰਨੇ ਕਹੀਯੇ ਮਨਨਸੇ ਪੀਛੇ ਮਨਨ ਵਾਲੇਕੋ ਸੁਰਤਿ ਨਾਮ ਨਿਦਿਧਯਾਸਨ ਰੂਪ ਧਯਾਨ ਹੋਵੇਹੈ॥ ਤਾਸੇ ਪੀਛੇ ਨਿਦਿਧਯਾਸਨ ਦ੍ਵਾਰਾ ਮਨ ਕਹੀਯੇ ਅੰਤਾਕਰਣ ਵਿਖੇ ਬੁਧਿਨਾਮ ਪਹਲੇ ਪਰੋਖ-ਗਯਾਨ ਹੋਵੇਹੈ, ਪੀਛੇ ਅਪਰੋਖ ਗਯਾਨ ਹੋਵੇਹੈ॥ ਪੁਨਾ, ਮੰਨੇ ਕਹੀਯੇ। ਮਨਨ ਸੇ ਮਨਨ ਵਾਲੇਕੋ ਏਕ ਅਦੁਤੀ ਸਤ ਕੇ ਜਾਨਨੇਸੇ ਜਿਸ ਪ੍ਰਕਾਰ ਏਕ ਮ੍ਰਿਤਕਾ ਕੇ ਜਾਨਨੇਸੇ ਸਭੀ ਤਾਕੇ ਕਾਰਯ ਮ੍ਰਿਤਕਾ ਰੂਪਸੇ ਜਾਨੇ ਜਾਵੇਹੈ, ਤੈਸੇ ਸਗਲ, ਨਾਮ ਚਤੁਰ-ਦਸ ਭਵਨੋ ਕੀ ਏਹ ਜਗਤ ਹਰਿ ਕਾ ਰੂਪ ਇਤਯਾਦਿ ਬਚਨੋਸੈ ਅਦੁਤੀ-ਸਤ ਰੂਪ ਕਰਕੇ ਸੁੱਧੀ ਸ੍ਰੇਸਟ ਬੁਧਿ ਹੋਵੇਹੈ॥ ਅਥਵਾ, ਮਾਯਾ ਸਬਲ-ਬ੍ਰਹਮਕਾ ਜੋ 'ਸਕਲ' ਰੂਪ ਕਰਕੇ 'ਭਵਨ' ਨਾਮ ਹੋਨਾਹੈ, ਤਿਸਕੀ ਸੁਧਿ ਨਾਮ ਸ੍ਰੇਸਟ ਬੁਧੀ ਹੋਵੇਹੈ॥ ਪੁਨਾ, ਮੰਨੈ: ਮਨਨ ਸੇ ਅਧਿਕਾਰੀ ਪੁਰਖ ਜੀਵ ਪਰਮੇਸ਼ੂਰਸੇ ਭਿੰਨਹੈ, ਵਾ ਅਭਿੰਨ ਹੈ ? ਭਿੰਨ ਹੁਯਾ ਭੀ ਮਰਣ ਜੰਮਣ ਵਾਲਾ ਹੈ, ਵਾ ਅਜਰ ਅਮਰ ਹੈ ? ਇਤਯਾਦਿਕ ਸੰਸਾਯ ਰੂਪ ਮੁਹ ਨਾਮ ਮੁਖ ਗਯਾਨ ਸੇ ਚੋਟਾਂ ਕੋ ਨਹੀਂ ਖਾਤਾ॥ ਭਾਵ ਯਹ, ਏਕ ਜਾਨਣੇ ਰੂਪ ਮੁੱਖ ਗਯਾਨਸੇ ਪ੍ਰਤਿਬੰਧ ਜੋ ਸੰਸਯਹੈ, ਤਿਨਸੇ ਨਹੀਂ ਦੁਖੀ ਹੋਵੇ॥ ਅਥਵਾ, ਮਨਨ ਵਾਲਾ ਪੁਰਖ ਅਦੁਤੀ ਸਤ ਕੇ ਸਾਖਯਾਤਕਾਰ ਹੋਨੇਸੇ ਪਹਲੇ ਮਾਯਾਭੀ ਮੁਹ ਨਾਮ, ਮੁਖ ਧਰਮ-ਰਾਜਸੇ ਚੋਟਾ ਨਾਮ, ਮੰਦ ਕਰਮੋਕਾ ਫਲ ਭੁਗਾਵਨੇ ਹੇਤ ਗੁਰਜਾਦਿਕੋ ਕੀ ਮਾਰ ਕੋ ਨਹੀ ਖਾਤਾ॥ ਕਹੀ ਬਾਤ ਸੇ ਹੇਤੁ, ਕਹੈ॥ ਮੰਨੇ ਇਤਿ॥ ਜਿਸ ਹੇਤੁਮੈਂ ਮਨਨ ਸੇ ਮਨਨ ਵਾਲਾ ਪੁਰਖ ਯਮਕੇ ਸਾਥ ਨ ਜਾਯ, ਕਹੀਯੇ, ਯਮਕੇ ਦੂਤਕੇ ਸਾਥ ਹੀ 'ਜਹ ਸਾਧੂ ਗੋਬਿੰਦ ਭਜਨ' ਇਤਿਯਾਦਿ ਬਚਨਸੇ ਨਹੀ ਜਾਵੇ॥ ਯਾਤੇ, ਚੋਟਾ ਧਰਮ-ਰਾਜ ਸੇ ਕੈਸੇ ਖਾਵੇ? ਭਾਵ ਨਹੀਂ ਖਾਵੇ॥

Sri Satguru Jagjit Singh Ji eLibrary NamdhariElibrary@gmail.com

ਹੇ ਗੁਰੋ' ਸਤ-ਅਦੁਤੀ ਕੇ ਬੋਧਕ ਬਚਨੋ ਸੇ ਮਨਨ ਕੀ ਕਿਆ ਅਧਿਕ ਉਸਤਤੀ ਹੈ? ਯਹ ਸੁਨ ਗੁਰ ਕਹੇ:-

ਐਸਾਇਤਿ॥ ਹੇ ਸਿੱਖ! ਜੈਸੇ ਉਨ ਬਚਨੋਸੇ ਉਪਜਯਾ ਮਨਨ ਸ੍ਰੇਸਟਹੈ, ਤੈਸੇ 'ਅੰਜਨ' ਸਬਦ ਕੇ ਅਰਥ ਅਗਯਾਨ ਅੰਧੇਰੇ ਰਹਿਤ ਅਦੁਤੀ ਸਤ ਕਾ ਬੋਧਕ ਨਾਮ ਭੀ, ਐਸਾ ਨਾਮ, ਉਸੀ ਵਤ ਉਸੀ ਵਸਤੁ ਕਾ ਬੋਧਕ ਹੋਨੇ ਸੇ ਸ੍ਰੇਸਟ ਹੈ।

ਹੇ ਗੁਰੋ ! ਮਨਨ ਸਾਥ ਅਦੁਤੀ-ਸਤ ਰੂਪ ਵਿਖਯਕੀ ਤੁਲਯਤਾ ਸੇ ਜੈਸੇ ਨਾਮ ਸ੍ਰੇਸਟਹੈ ਤੈਸੇ ਮਨਨ ਪਨੇ ਕੀ ਤੁਲਯਤਾ ਸੇ ਅਦੁਤੀ-ਸਤ ਕੇ ਮਨਨ ਸੇ ਔਰ ਮਨਨੋ ਕੋ ਸ੍ਰੇਸਟਤਾ ਕਿਯੁ ਨਾ ਹੋਵੇ? ਯਹ ਸੁਨ ਕਹੈ:- ਜੇ ਕੋ ਇਤਿ॥ ਈਹਾਂ 'ਜੇ ਕੋ' ਕਹਨੇ ਸੇ ਅਧਿਕਾਰੀ ਕੀ ਦੁਰਲਭਤਾ ਸੂਚਨ ਕਰਤੇ, ਗੁਰੂ ਤਾ ਕੇ ਕੀਯੇ ਮਨਨ ਕੀ ਭੀ ਦੁਰਲਭਤਾ ਸੂਚਨ ਕਰੈ ਹੈ॥ ਯਾਤੇ, ਜੋ ਕੇ ਕਹੀਯੇ, ਜੇ ਕੋਈ ਅਧਿਕਾਰੀ ਮਨ ਜਾਣੇ ਨਾਮ, ਬ੍ਰਹਮ ਕੇ ਮਨਨ ਕੋ ਕਰਣੇ ਯੋਗਯ ਜਾਣ ਹੈ, ਤਿਸ ਮਨਨ ਕੇ ਆਂਗੇ ਮਨ ਕੋਇ ਕਹੀਯੇ, ਅਨਯ ਵਸਤੂਆ ਕਾ ਮਨਨ ਕਿਆ ਹੈ? ਭਾਵ ਕੁਛ ਭੀ ਨਹੀਂ; ਜਿਸਸੇ ਤਿਸਕਾ ਵਿਖਯ ਤੁਛ ਹੈ॥ 13॥

ਨੰ.॥ 7.ਨਿਰਮਲ- ਸੰਪ੍ਰਦਾਈ ਗਿ:ਬਦਨ ਸਿੰਘ ਫਰੀਦਕੋਟ ਟੀਕਾ

ਪ੍ਰਸ਼ਨ: ਕੁਛ ਔਰ ਤੋ ਮਹਾਤਮੁ ਕਹਿਯੇ॥ ਉੱਤਰ:

ਮੰਨੈ ਸੁਰਤਿ ਹੋਵੈ ਮਨਿ ਬੁਧਿ॥
ਮੰਨੈ ਸਗਲ ਭਵਣ ਕੀ ਸੁਧਿ॥
ਮੰਨੈ ਮੁਹਿ ਚੋਟਾ ਨਾ ਖਾਇ॥
ਮੰਨੈ ਜਮ ਕੈ ਸਾਥਿ ਨ ਜਾਇ॥
ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥

ਮਨਨ ਕਰਨੇ ਸੇ (ਸੁ) ਸੁੰਦ੍ (ਰਤਿ) ਪ੍ਰੀਤੀ ਔਰ ਮਨ ਪੁਨਾ ਬੁਧੀ ਨਿਰਮਲ ਹੋ ਜਾਤੀ ਹੈ ਮਨਨ ਕਰਨੇ ਸੇ (ਸਗਲਭਵਣ) ਚੌਦਾਂ ਲੋਕ ਕੀ ਸੁਧ ਹੋ ਜਾਤੀ ਹੈ। ਭਾਵ ਬ੍ਰਹਮਾ ਸ੍ਵਰੂਪ ਗਜ਼ਾਤਿ ਹੋ ਜਾਤੀ ਹੈ ਵਾ ਅਨਿਤ ਜਨਤਾ ਹੈ ਔਰ ਮਨਨ ਕਰਨੇ ਸੇ ਜਮ ਕੀਆਂ (ਚੋਟਾਂ) ਸੱਟਾਂ ਮੁਖ ਪਰ ਨਹੀਂ ਖਾਤਾ। ਔਰ ਮਨਨ ਕਰਨੇ ਹਾਰਾ ਜਮੋ ਕੇ ਸਾਥ ਨਹੀਂ ਜਾਤਾ ਅਰਥਾਤ ਉਸ ਰਸਤੇ ਮੈ ਨਹੀਂ ਜਾਤਾ ਜਥਾ (ਜਿਹ ਲਾਲਚਿ ਜਾਗਾਤੀ ਘਾਟ। ਦੂਰ ਰਹੀ ਓਹੁ ਜਨਤੇ ਵਾਟ॥) ਦੋਨੋਂ ਤੁਕੋਂ ਕਾ ਅਰਥ ਪੂਰਬ ਵਤ ਜਾਨਣਾ॥ 13॥

ਨੰ.8. ਨਿਰਮਲ-ਸੰਤ ਪੰਡਿਤ ਸਾਧੂ ਸਿੰਘ ਜੀ ਪੀਲੀਭਤਿ (ਵੇਦਾਂਤੀ)

ਮੰਨੈ ਸੁਰਤਿ ਹੋਵੈ ਮਨਿ ਬੁਧਿ॥

ਅਰਥ॥ ਮਨਨ ਕਰਨੇਸੇ (ਸੁਰੀਤੀ) ਪਰਮਾਤਮਾਮੇਂ ਅਤਿਅੰਤ ਪ੍ਰੇਮਰੂਪ ਭਕਤੀ ਹੋਤੀਹੈ॥ ਅਥਵਾ ਨਿਦਿਧਯਾਸਨ ਰੂਪ ਅੰਤ:ਕਰਣ ਕੀ ਵ੍ਰਿਤੀ ਹੋਤੀਹੈ, ਜੋ ਵਿਨਾ ਅਨੁਭਵ ਸੇ ਇਤਰ ਭਾਵ ਨਿਸਚਯ ਰੂਪ ਵ੍ਰਿਤੀ ਹੈ ॥ ਤਾਤਪ੍ਰਿਯ ਯਹ ਹੈ, ਸ਼ਾਸ਼ਤ੍ਰ ਪ੍ਰਤਿਪਾਧ ਅਪਨੇ ਆਤਮਾ ਕਾ ਬ੍ਰਹਮਰੂਪਮੇਂ ਸੰਸ਼ਯ ਨਹੀਂ ਹੋਤਾ,ਯਹਹੀ ਮਨਨਕਾ ਫਲਹੈ॥ ਫਿਰ (ਮਨੀ) ਅੰਤ:ਕਰਣ ਮੇਂ

Sri Satguru Jagjit Singh Ji eLibrary NamdhariElibrary@gmail.com

(ਬੁਧੀ) ਸਾਕਸ਼ਾਤਕਾਰ ਰੂਪ ਵ੍ਰਿਤੀ ਹੋਤੀਹੈ, ਜਿਸਕੋ ਆਤਮਾ ਅਨੁਭਵ ਕਹਿਤੇ ਹੈ॥ ਪਸਚਾਤ ਮਨਨ ਕੇ ਸਾਕਸ਼ਾਤਕਾਰ ਰੂਪ ਫਲ ਸੇ ਸਰਵ ਪ੍ਰਪੰਚਕੀ (ਸੁਧੀ) ਗਿਯਾਤ ਹੋਤੀ ਹੈ॥ ਤਾਤ੍ਪਿਯ ਯਹਹੈ, ਸਰਵ ਪ੍ਰਪੰਚਕਾ ਉਪਾਦਾਨ ਕਾਰਣ ਬ੍ਰਹਮਹੈ, ਤਿਸਕੇ ਗਿਯਾਨ ਸੇ ਸਰਵ ਪ੍ਰਪੰਚ ਕਾ ਗਿਯਾਨ ਹੋ ਜਾਤਾ ਹੈ॥ ਇਸ ਏਕਕੇ ਵਿਗਿਆਨ ਸੇ ਸਰਵ ਕੇ ਵਿਗਿਆਨ ਕੀ ਰੀਤੀ ਵੇਦ ਮੇਂ ਪ੍ਰਤਿਪਾਦਨ ਕਰੀ ਹੈ, ਤਥਾਹਿ॥

ਅਰਥ॥ ਇਸ ਛਾਨਦੋਗਯ ਉਪਨਿਸ਼ਦਮੇਂ ਤੀਨ ਭੂਤਨਸੇ ਸ੍ਰਿਸ਼ਟੀ ਕਹੀਹੈ ਤੇਜ, ਜਲ, ਪ੍ਰਿਥਵੀ, ਇਨ ਕਾਰਣੋਂ ਕੇ ਗਿਯਾਨਸੇ ਸਰਵ ਕਾਰਯਮਾਤ੍ਰਕਾ ਗਿਯਾਨਹੋ ਜਾਤਾਹੈ॥ ਇਸ ਵਾਸਤੇ ਪ੍ਰਤਿਕਸ਼ ਪ੍ਰਮਾਣ ਸਿਧ ਅਗਿਨ 1, ਸੂਰਯ 2, ਚੰਦ੍ 3, ਵਿਧ੍ਯੁਤ 4, ਇਨ ਚਾਰ ਪਦਾਰਥਨ ਮੇਂ ਕਾਰਣਰੂਪ ਭੂਤਤ੍ਰਯ ਕੇ ਗਿਯਾਨ ਸੇ ਇਨ ਚਾਰ ਪਦਾਰਥਨ ਕੋ ਅਵਸਤੁਤ੍ਵ ਨਿਸਚਯ ਕਰਾਤੇ ਹੈ॥ ਇਸਸੇ ਇਨ ਭੂਤਤ੍ਰਯਸੇ ਭਿਨ ਸਰਵ ਕਾਰਯ ਵਸਤੂ ਮਾਤ੍ਰਮੇਂ ਅਵਸਤੁਤ੍ਵ ਜਾਨਨਾ॥ ਜੋ ਅਗਿਨਕਾ (ਲੋਹਿਤ)ਲਾਲ ਰੂਪ ਹੈ, ਸੋ ਤੇਜ ਕਾ ਰੂਪ ਹੈ॥ ਤਥਾ, ਜੋ ਸੁਕਲ ਰੂਪਹੈ, ਸੋ ਜਲਕਾ ਰੂਪਹੈ॥ ਜੋ ਕ੍ਰਿਸ਼ਣ ਰੂਪਹੈ, ਸੋ (ਅਨ) ਪ੍ਰਿਥਵੀਕਾ ਰੂਪਹੈ॥ ਇਸਸੇ ਅਗਿਨਮੇਂ ਸੇ ਅਗਿਨਤ੍ਵ ਦੂਰ ਹੁਆ॥ ਵਾਚਾਰਸੰਭਵ ਮਾਤ੍ਰ ਵਿਕਾਰਹੈ॥ ਤੀਂਨ ਭੂਤਨਕੇ ਰੂਪਹੀ ਸਤਯਹੈ॥ ਤਾਤਪ੍ਰਿਯ ਯਹਹੈ, ਇਸ ਅਗਨਿ ਕੇ ਕਾਰਣ ਰੁਪਨ ਕੇ ਵਿਚਾਰ ਸੇ ਇਨ ਸੇ ਨਿਯਾਰੀ ਅਗਨਿ ਕੁਛ ਵਸਤੂ ਨਹੀਂ, ਏਸਾ ਜਾਨਨਾ ਚਾਹੀਏ॥

ਅਰਥ॥ ਜੋ ਅਦਿਤਯ ਕਾ ਲਾਲ ਰੂਪ ਹੈ ਸੋ ਤੇਜ ਕਾ ਰੂਪਹੈ॥ ਜੋ ਸ਼ੁਕਲ ਹੈ ਸੋ ਜਲ ਕਾ ਰੂਪ ਹੈ॥ ਜੋ ਕ੍ਰਿਸ਼ਣ ਰੂਪ ਹੈ ਸੋ ਪ੍ਰਿਥਵੀ ਕਾ॥ ਇਸ ਪ੍ਰਕਾਰਕੇ ਵਿਚਾਰਸੇ ਅਦਿਤਯਸੇ ਆਦਿਤਯਤ੍ਵ ਦੂਰ ਹੁਆ ਵਾਚਾਰੰਭਣ ਮਾਤ੍ਰ ਵਿਕਾਰਹੈ, ਤੀਨ ਰੂਪਹੀ ਸਤਯਹੈ॥

ਅਰਥ॥ ਜੋ ਚੰਦ੍ਰਮਾਕਾ ਲਾਲ ਰੂਪਹੈ ਸੋ ਤੇਜਕਾ ਰੂਪਹੈ॥ ਜੋ ਸ਼ੁਕਲਹੈ ਸੋ ਜਲਕਾ ਰੂਪਹੈ॥ ਜੋ ਕ੍ਰਿਸ਼ਣਹੈ ਸੋ ਪ੍ਰਿਥਵੀਕਾ ਰੂਪਹੈ॥ ਇਸ ਪ੍ਰਕਾਰਕੇ ਵਿਚਾਰ ਕਰਨੇ ਸੇ ਚੰਦ੍ਰਸੇ ਚੰਦ੍ਰਤ੍ਵ ਦੂਰ ਹੁਆ ਵਾਚਾਰੰਭਣ ਮਾਤ੍ਰ ਵਿਕਾਰ ਹੈ ਤੀਨ ਭੂਤਨਕੇ ਰੂਪਹੀ ਸਤਯਹੈ॥ ਤਾਤਪ੍ਰਿਯ ਯਹਹੈ, ਕਾਰਣਸਤਾਸੇ ਕਾਰਯਕੀ ਪ੍ਰਿਥਕ ਸਤਾ ਨਹੀਂ, ਕਿੰਤੂ ਕਾਰਣਹੀ ਸਤਯਹੈ।

ਅਰਥ॥ ਜੋ ਵਿਦਯੁਤਕਾ ਲਾਲਰੂਪਹੈ ਸੋ ਤੇਜਕਾ ਰੂਪਹੈ॥ ਜੋ ਸੁਕਲਹੈ ਸੋ ਜਲਕਾ ਰੂਪਹੈ॥ ਜੋ ਕ੍ਰਿਸ਼ਣਹੈ ਸੋ ਪ੍ਰਿਥਵੀਕਾ ਰੂਪਹੈ॥ ਇਸ ਪ੍ਰਕਾਰਕੇ ਵਿਚਾਰਸੇ ਵਿਦਯੁਤਕਾ ਵਿਦਯੁਤਪਨਾ ਨਿਰਵ੍ਰਿਤ ਹੁਆ॥ ਵਾਚਾਰੰਸਭਨ ਮਾਤ੍ਰ ਵਿਕਾਰਹੈ॥ ਤੀਨ ਰੂਪਹੀ ਸਤਯਹੈ॥ ਇਸੀ ਬਾਤਕੋ ਅਤਿਅੰਤ ਧਰਮਾਤਮਾ ਵਿਦਾਨ ਕ੍ਰਿਤ ਸਾਕਸ਼ਾਤਕਾਰ ਕਹਿਤੇ ਭਯੇ॥ ਹਮਾਰੇ ਸੰਪ੍ਰਦਾਯਮੇਂ ਅਬ ਕੋਈਭੀ ਅਸ਼੍ਰੁਤ, ਅਮਤ, ਅਵਿਗਿਯਾਤਕ' ਨਹੀਂ ਕਥਨ ਕਰੇਗੇ; ਵਹ ਇਨ ਕਾਰਣੋਂਕੇ ਗਿਯਾਨਸੇ ਹੀ ਜਾਨਤੇ ਭਯੇ॥

(ਛਾ. ਉਪ. ਅ.6॥ ਖ.4॥ ...)

ਅਰਥ॥ ਉਦਾਲਕ ਰਿਸ੍ਰੀ ਅਪਨੇ ਪੁਤ੍ਰ ਸ੍ਵੇਤਕੇਤੂ ਸੇ ਕਹਿਤੇ ਹੈਂ॥ 'ਹੇ ਸੋਮਯ ! (ਅਨ) ਪ੍ਰਿਥਵੀ ਰੂਪ (ਸੁਦ੍ਰੜ) ਵਿਕਾਰ ਕਰਕੇ ਆਪਕੋ ਮੂਲਕਾਰਣ ਜਾਨ॥ ਔਰ ਜਲਰੂਪ ਵਿਕਾਰ ਕਰਕੇ ਤੇਜਕੋ ਮੂਲਕਾਰਣ ਜਾਨ॥ ਤਥਾ, ਤੇਜਰੂਪ ਵਿਕਾਰ ਕਰਕੇ ਸਤਰੂਪ ਬ੍ਰਹਮ ਮੂਲ ਕਾਰਣ

Sri Satguru Jagjit Singh Ji eLibrary NamdhariElibrary@gmail.com

(ਅਨਿਵਚਛ) ਜਾਨ॥ ਇਸ ਵਾਸਤੇ, ਹੇ ਸੋਮਯ! ਯਹ ਸੰਪੂਰਣ ਪ੍ਰਜਾ ਸਤ ਬ੍ਰਹਮ ਰੂਪ ਮੂਲ ਕਾਰਣ ਵਾਲੀਹੈ॥ ਤਥਾ,ਸਤਹੀ ਇਨ ਪ੍ਰਜਾਯੋਕਾ(ਆਯਤਨ ਸਥਿਤੀਕਾ ਔਰ ਸਤਹੀ (ਪ੍ਰਾਤਿਸ਼ਠਾ) ਲਾਯਕ ਆਧਾਰ ਹੈ॥ ਜੋ ਵਸਤੂ ਉਤਪਤਿ ਕਾਲਮੇਂ ਜਿਸਸੇ ਉਤਪੰਨ ਹੋਵੇ, ਤਥਾ ਸਥਿਤੀ ਕਾਲਮੇਂ ਜਿਸਮੇਂ ਸਥਿਤ ਹੋਵੇ, ਔਰ ਪ੍ਰਲਯ ਕਾਲਮੇਂ ਜਿਸਮੇਂ ਲੀਨ ਹੋਵੇ; ਸੋ ਵਸਤੂ ਤਿਸਕਾ ਸ੍ਵਰੂਪ ਹੋਤੀਹੈ॥ ਜੈਸੇ ਮ੍ਰਿਤੀਕਾ ਸੇ ਉਤਪਤਿ, ਤਥਾ ਮ੍ਰਿਤੀਕਾ ਮੇਂ ਸਥਿਤੀ, ਔਰ ਮ੍ਰਿਤਕਾਮੇਂ ਲੀਨਤਾ ਹੋਨੇ ਸੇ ਘਟਾਦਿਕ ਮ੍ਰਿਤਿਕਾ ਸ੍ਵਰੂਪਹੈ, ਇਸੀ ਪ੍ਰਕਾਰ ਸਰਵ ਪ੍ਰਜਾ ਸਤ ਰੂਪ ਹੈ॥ ਤਿਸ ਸਤਕੇ ਗਿਯਾਨਸੇ ਸਰਵਕਾ ਗਿਯਾਨ ਹੋਤਾਹੈ॥ ਪ੍ਰਕਰਣਮੇਂ ਯਹ ਵਾਰਤਾ ਨਿਰਣਨੀਤਹੋ ਗਈ,ਜੋਕਿ ਮਨਨ ਕਰਨੇਸੇ ਗਿਯਾਨ ਦੁਆਰਾ ਸਕਲ ਭਵਨੋਂਕੀ ਗਿਯਾਤੀ ਹੋਤੀਹੈ॥ ਸੋ ਪੂਰਵੋਕਤ ਸ਼੍ਰੁਤੀ ਜਨਯ ਬੋਧਸੇ ਸਤਕੇ ਗਿਯਾਨ ਦੁਆਰਾ ਸਰਵਕਾ ਗਿਯਾਨ ਹੋਤਾਹੈ॥

ਮਨਨ ਕਰਨੇਸੇ (ਮੁੰਹ)ਮੁਖ ਪਰ ਯਮ-ਦੁਤੋਂ ਕੀ ਤਾੜਨਾ ਰੂਪ ਚੋਟਨਕੋ ਨਹੀਂ ਖਾਤਾ॥ ਕਿਉਂਕਿ, ਮਨਨ ਕੇ ਪ੍ਰਭਾਵਸੇ ਯਮਰਾਜਕੇ ਦੁਤੋਂਕੇ ਸਾਥ ਨਹੀਂ ਜਾਤਾ॥ ਇਸ ਪ੍ਰਕਾਰਕਾ ਪੂਰਵੋਕਤ (ਨਿਰੰਜਨ) ਪਰਮੇਸ਼੍ਵਰਕਾ ਨਾਮਹੈ, ਜੇਕਰ ਮਨਨ ਕਰੇ, ਤਿਸ ਮਨਨਕੇ ਸਾਮਨੇ ਖੁਸ਼ਕ ਤਰਕ ਨ ਕਰਕੇ-- ਮਨਨ ਕਰਨਾ ਕਿਆ ਹੈ? ਅਰਥਾਤ ਪਰਮੇਸ਼੍ਵਰਕੇ ਨਾਮਕਾ ਜੋ ਮਨਨਹੈ ਤਿਸਕੀ ਅਪੇਖਸ਼ਾ-- ਸੇ ਅਨਾਤਮ ਜਾਲ ਕਾ ਮਨਨ ਕਰਨਾ ਅਤਿਅੰਤ ਤੁਛਹੈ॥ ਇਸ ਸਥਾਨਮੇਂ ਇਤਨਾ ਵਿਚਾਰ ਕਰਤਵਯਹੈ॥ ਜੋ ਯਮਰਾਜਕਾ ਹੋਨਾ, ਤਥਾ ਤਿਸਕੇ ਦੂਤਨਕਾ ਹੋਨਾ ਹੈ, ਤਿਸਮੇਂ ਪ੍ਰਮਾਣਕਾ ਨਿਰੁਪਣ ਕਰਤੇਹੈ; ਤਥਾਹਿ:- ਰਿਗ ਵੇਦ:-

ਅਰਥ॥ ਸੁਰਯ ਭਗਵਾਨਕਾ ਪੁਤ੍ਰ ਜੋ ਯਮਰਾਜਹੈ, ਤਿਸਕੇ ਪ੍ਰਤਿ ਪਾਪਾਤਮਾ ਆਦਿ ਸਰਵ ਜਨੋਂਕਾ ਸੰਗਮਨ ਹੋਤਾਹੈ॥ ਇਸ ਵਾਸਤੇ, 'ਹੇ ਜਨ'! ਹਵਿ ਕਰਕੇ ਯਮਰਾਜਕੋ (ਦੁਵਸਯਤ) ਤ੍ਰਿਪਤ ਕਰੋ॥' ਇਸ ਰਿਗਵੇਦ ਕੇ ਮੰਤ੍ਰਸੇ ਯਮਰਾਜਕਾ ਹੋਨਾ ਸਿੱਧ ਹੋਤਾਹੈ॥ (ਤਥਾ) ਕਠਉਪਨਿਸ਼ਦ ਮੇਂ ਯਮਰਾਜ ਤਥਾ ਨਚਿਕੇਤਾਕਾ ਸੰਵਾਦ ਪ੍ਰਾਸਿਧਹੈ॥ ਸੰਯਮਨੀ ਨਗਰੀਮੇਂ ਨਚਿਕੇਤਾ ਕਾ ਜਾਨਾ ਭੀ ਉਸੀ ਉਪਨਿਸ਼ਦ ਮੇਂ ਨਿਣਨੀਤਹੈ, ਉਸ ਉਪਨਿਸ਼ਦਮੇਂ ਯਹ ਸ਼੍ਰੁਤੀਹੈ:-

ਅਰਥ॥ ਅੱਗਜਨ ਰੂਪ ਬਾਨ ਕੋ (ਸਾਂਪਰਦਾਯ:) ਪਰਲੋਕ ਪ੍ਰਾਪਤੀ ਸਾਧਨ ਨਹੀਂ ਪ੍ਰਾਤੀਤ ਹੋਤਾ॥ ਕਿਉਂਕਿ, ਵਿਤਕੇ ਮੋਹਸੇ ਮੂਢ ਤਥਾ ਪ੍ਰਮਾਦੀਹੈ, ਯਹ ਲੋਕਹੈ ਪਰਲੋਕ ਨਹੀਂ। ਐਸੇ ਮਾਨਨੇ ਵਾਲਾ ਪੁਨ: ਪੁਨ: ਮੇਰੇ ਵੰਸ਼ ਕੋ ਪ੍ਰਾਪਤ ਹੋਤਾਹੈ॥ ਇਸ ਸ੍ਰੁਤੀ ਵਚਨਸੇ ਯਮਰਾਜਾ ਲੋਕ ਸਿੱਧ ਹੋਤਾ ਹੈ॥

ਅਰਥ॥ ਜੋ ਨਿਸ਼ਿਦ ਕਰਮ ਕਰਨੇ ਵਾਲੇ ਹੈ ਵਹ ਯਮਕੇ ਸਥਾਨਮੇਂ ਯਮਦੁਤਨਕੀ ਤਾੜਨਾਕੋ ਅਨੁਭਵ ਕਰਕੇ ਨਿਸ਼ਿਦ ਕਰਮਕਾਰੀ ਜੀਵ ਪ੍ਰਿਥਵੀਲੋਕਮੇਂ ਆਤੇਹੈ॥ ਤਿਨ ਜੀਵਨਕਾ ਯਾਤਨਾ ਅਰਥਾਤ ਤਾੜਨਾਕੇ ਭੋਗ ਵਾਸਤੇ ਉਸ ਲੋਕਮੇਂ (ਆਰੋਹ) ਗਮਨ ਹੋਤਾਹੈ ਔਰ ਨਿਸ਼ਿਦ ਯੋਨੀ ਅਥਵਾ ਉਤਮਯੋਨੀਕੀ ਪ੍ਰਾਪਤੀ ਵਾਸਤੇ ਇਸ ਲੋਕਮੇਂ (ਅਵਰੋਹ) ਆਗਮਨ ਹੋਤਾਹੈ॥ ਕਿਉਂਕਿ, ਪੂਰਵੋਉਕਤ ਸ਼੍ਰੁਤੀਮੇਂ ਤਿਨ ਜੀਵਨਕੀ ਯਮਕੇ ਵਸ਼ਤਾ ਰੂਪੀ ਗਤੀਕਾ ਦਰਸ਼ਨਹੈ॥ ਇਤਨੇ ਪ੍ਰਬੰਧਸੇ ਯਮਰਾਜਕੀ ਪੁਰੀਕਾ ਨਿਰੁਪਣ ਕਰਤੇਹੈ:-

ਦਖਿਣ ਦਿਸ਼ਾ ਤਥਾ ਦਖਿਣ ਪਛਿਮ ਕੀ ਨੈਰ੍ਰਿਤੀ-ਕੋਣਕੇ ਮਧਿਯ ਸੰਯਮਨੀ ਪੂਰੀਹੈ॥

Sri Satguru Jagjit Singh Ji eLibrary NamdhariElibrary@gmail.com

ਵਹ ਸਰਵਹੀ ਪੂਰੀ ਵਰਜਮਯਹੈ॥ ਦੇਵਤਾ ਤਥਾ ਦੇਵਯਨ ਸੇ ਨਹੀਂ ਭੇਦਨ ਕਰੀ ਜਾਤੀ॥ ਚਤੁਰ ਕੌਣ ਹੈ, ਚਾਰ ਤਿਸਕੇ ਦੁਆਰ ਹੈ, ਔਰ ਏਕ ਹਜ਼ਾਰ ਯੋਜਨ ਤਿਸਕੇ ਵਿਸਤਾਰਕਾ ਪ੍ਰਮਾਣ ਹੈ॥ ਤਿਸ ਪੁਰੀ ਮੇਂ ਚਿਤ੍ਰ-ਗੁਪਤ ਕਾ ਮੰਦਿਰ ਪਚੀਸ ਯੋਜਨ ਵਿਸਤਾਰ ਯੁਕਤ ਹੈ॥ ਔਰ ਦਸ਼ ਯੋਜਨ ਉਚਾਹੈ, ਚਾਰੋਂ ਤਰਫ ਲੋਹੇਕੇ ਕੋਟ ਸੇ ਯੁਕਤਹੈ, ਔਰ ਚਿਤ੍ਰ-ਗੁਪਤ ਸਰਵ ਮਨੁਸ਼ਯਕੀ ਆਯੂ ਤਥਾ ਪੁਨਯ ਪਾਪਕੀ ਗਣਨਾ ਕਰਤਾ ਹੁਆ ਕਦਾਪਿ ਮੋਹਕੋ ਨਹੀਂ ਪ੍ਰਾਪਤ ਹੋਤਾ॥ ਤਿਸ ਚਿਤ੍ਰ-ਗੁਪਤਕੇ ਸਥਾਨਸੇ ਬੀਸ ਯੋਜਨ ਫਰਕ ਸੇ ਧਰਮ ਰਾਜ ਕਾ ਮੰਦਿਰ ਅਤਿਅੰਤ ਸ਼ੋਭਾ ਯੁਕਤਹੈ॥ ਤਿਸਕਾ ਦੋ ਸੌ ਯੋਜਨ ਲੰਬਾਪਨ ਤਥਾ ਦੋ ਸੋ ਯੋਜਨ ਚੌੜਾਪਨਹੈ॥ ਤਿਸ ਮੰਦਿਰਮੇਂ ਸੂਰਯ ਵਤ ਪ੍ਰਕਾਸ਼ਮਾਨ ਸੌ ਯੋਜਨ ਵਿਸਤਾਰ ਵਾਲੀ ਸਭਾਹੈ॥ ਤਿਸ ਸਭਾਮੇਂ ਧਰਮ ਰਾਜ ਦਸ਼ ਯੋਜਨ ਵਿਸਤ੍ਰਿਤ ਦਿਵਯ ਆਸਨਮੇਂ ਬੈਠਾਹੈ॥ ਅਪਸਰਾ ਗਣ ਗੰਧਰਵ ਗਣੋਂ ਯੁਕਤ ਅਨੰਤ ਸ਼ੋਭਾ ਯੁਕਤਹੋ ਰਹਾਹੈ॥ ਪਿਤਰ, ਮੁਨੀਜਨ, ਬ੍ਰਹਮਾ, ਰਿਸ਼ੀ ਤਥਾ ਰਾਜਰ੍ਸ਼ੀ ਉਸ ਸਭਾਮੇਂ ਬੈਠਤੇਹੈ॥ ਪਰੰਤੂ ਜੋ ਪਾਪੀ ਜੀਵ ਦਖਿਣਕੇ ਦੁਆਰ ਸੇ ਅਨੇਕ ਕਸ਼ਟਕੋ ਭੋਗਤੇ ਹੁਏ ਸਯੰਮਨੀ ਪੁਰੀਮੇਂ ਗਯੇਹੈ, ਵਹ ਉਸ ਸਭਾਕੋ ਨਹੀਂ ਦੇਖਤੇ॥ ਕਿੰਤੂ, ਕਸ਼ਟਕੋ ਹੀ ਅਨੁਭਵ ਕਰਤੇ ਹੈਂ॥ ਜਿਨ੍ਹੋਨੇ ਬ੍ਰਾਹਮਣਕੋ ਹਨਨ ਕਰਾਹੈ, ਔਰ ਸੁਰਾਂਕੋ ਪਾਨ ਕਰਤੇਹੈਂ, ਗੋਵੋਂਕੋ ਮਾਰਤੇ ਹੈਂ, ਤਥਾ ਜੋ ਬਾਲਕਨਕੋ ਮਾਰਤੇਹੈਂ, ਇਸਤ੍ਰੀਕੋ ਹਨਨ ਕਰਤੇਹੈਂ, ਗਰਭਕੋ ਪਤਨ ਕਰਤੇਹੈਂ, ਤਥਾ ਜੋ ਪ੍ਰਚਛਨ ਪਾਪ ਕਰਤੇਹੈਂ, ਔਰ ਜੋ ਗੁਰੂ-ਦੇਵ, ਬ੍ਰਾਹਮਣਕੇ ਦ੍ਰਵਯਕੀ ਚੋਰੀ ਕਰਤੇਹੈ; ਤਥਾ ਇਸਤ੍ਰੀ ਬਾਲਕਕੇ ਦ੍ਰਵਯਕੋ ਹਰ ਲੇਤੇ ਹੈਂ; ਔਰ ਜੋ ਰ੍ਰਿਣਕੋ ਲੇਕਰ ਨਹੀਂ ਦੇਤੇ,ਤਥਾ ਧਰੋਵਰਕੋ ਨਹੀਂਦੇਤੇ, ਔਰ ਜੋ ਵਿਸ਼ਵਾਸਕਾ ਘਾਤ ਕਰਤੇਹੈਂ, ਤਥਾ ਵਿਸ਼੍ਵਯੁਕਤਅਨ ਸੇ ਮਾਰਤੇਹੈਂ, ਔਰ ਜੋ ਦੋਸ਼ਕੋ ਗ੍ਰਹਿਣ ਕਰਤੇਹੈਂ, ਤਥਾ ਗੁਣਨਕੀ ਸ਼ਲਾਘਾ ਨਹੀਂ ਕਰਤੇ, ਔਰ ਗੁਣਵਾਨੋਂਮੇਂ ਮਤਸਰ ਕਰਤੇਹੈਂ, ਔਰ ਜੋ ਸਤਸੰਗਕੇ ਪਰਾਙ ਮੁਖਹੋ ਕਰ ਨੀਚਨਮੇਂ ਰਾਗ ਕਰਤੇਹੈਂ, ਤਥਾ ਤੀਰਥ ਜਨ ਸਤਕਰਮ ਗੁਰੁਦੇਵਨਕੀ ਨਿੰਦਾ ਕਰਤੇਹੈ, ਔਰ ਪੁਰਾਣ,ਵੇਦ,ਮੀਮਾਂਸਾ, ਨਿਆਏ, ਵੇਦਾਂਤ ਇਨਮੇਂ ਦੋਸ਼ ਲਗਾਨੇ ਵਾਲੇਹੈ, ਔਰ ਦੁਖੀਕੋ ਦੇਖ ਹਰਸ਼ ਕਰਤੇਹੈ, ਤਥਾ ਹਰਸ਼ ਵਾਲੇਕੋ ਦੁਖ ਦੇਤੇਹੈ, ਜੋ ਦੁਸ਼ਟਚਿਤ ਦੁਖ ਦਾਯਕ ਵਚਨ ਕਹਿਤੇ ਹੈ, ਔਰ ਜੋ ਹਿਤਕੋ ਨਹੀਂ ਸੁਨਤੇ, ਤਥਾ ਸ਼ਾਸ਼ਤ੍ਰਕੀ ਬਾਤਕੋ ਨਹੀਂ ਸੁਨਤੇ,ਔਰ ਜੋ ਅਪਨੀਹੀ ਸ਼ਲਾਘਾ ਕਰਤੇਹੈਂ, ਅਪਨੇਆਪਕੋ ਪੰਡਿਤ ਮਾਨਨੇ ਵਾਲੇਹੈ, ਇਨ ਪਾਪੋਂ ਵਾਲਿਯੋਕੋ ਤਥਾ ਔਰ ਪਾਪੀਯੋਂਕੋ ਯਮਰਾਜਕੇ ਦੂਤ ਤਾੜਨਾ ਕਰਤੇ ਕਰਤੇ ਲੇਆਤੇਹੈ॥ ਪਰੰਤੂ, ਜਿਨ ਜੀਵਨਕੋ ਤਾੜਨਾ ਕਰਨੀ ਹੋਤੀਹੈ ਉਨਕਾ ਏਕ ਤਾੜਨਾ ਦੇਨੇ ਵਾਲਾ ਸਰੀਰ ਬਨਤਾਹੈ ਜੋ ਸਰਵ ਪ੍ਰਕਾਰਕੀ ਤਾੜਨਾਸੇ ਨਾਸ਼ ਨਹੀਂ ਹੋਤਾ॥ ਯਹ ਸਰਵ ਹੀ ਪੂਰਵੋਕਤ ਪਾਪੀ ਜੀਵ ਯਮ ਕੇ ਮਾਰਗ ਮੇਂ ਕਲੇਸ਼ੋਕੋ ਸਹਾਰਤੇ ਹੁਏ ਸੰਯਮਨੀ ਪੁਰੀ ਕੇ ਦਖਿਣਕੇ ਦਰਵਾਜੇਮੇਂ ਜਾਤੇਹੈ॥ ਔਰ ਪੁਨਯ ਆਤਮਾ ਜੀਵ ਪੂਰਵ, ਪਛਮੀ, ਉਤਰਕੇ ਦਰਵਾਜੇਸੇ ਯਮਰਾਜ ਕੀ ਸਭਾਮੇਂ ਸੁਖ ਪੂਰਵਕ ਪ੍ਰਵੇਸ਼ ਕਰਤੇਹੈ॥ ਉਨਕਾ ਯਮਰਾਜ ਦਿਵਯ ਰੂਪਸੇ ਸਤਕਾਰ ਕਰਤਾਹੈ॥ ਯਹ ਯਮ ਮਾਰਗਕਾ ਅਤਿ-ਸੰਖੇਪਸੇ ਨਿਰੂਪਣ ਕਰਾਹੈ॥ ਜਿਸਕੋ ਵਿਸ਼ੇਸ਼ ਵਿਸਤਾਰ ਦੇਖਨਾ ਹੋਵੇ, ਸੋ ਗਰੂਡ-ਪੁਰਾਣ ਮੇਂ ਸੇ ਦੇਖ ਲੇਵੇ॥ ਪਰਮੇਸ਼ਵਰ ਕੇ ਨਾਮਕੋ ਮਨਨ ਕਰਨੇ ਵਾਲਾ ਇਸ ਦੁਖਦਾਯਕ ਮਾਰਗ ਕੋ ਨਹੀਂ ਦੇਖਤਾ॥ 13॥

Sri Satguru Jagjit Singh Ji eLibrary NamdhariElibrary@gmail.com

ਨੰ.9. ਸਾਧੁ ਪੰ.ਹਰਿਪ੍ਰਸਾਦ ਜੀ ਉਦਾਸੀਨ (ਵੇਦਿਕ ਮੁਨੀ)

ਇਸ਼ਰਕਾ ਨਾਮ ਮਨਨ ਕਰਨੇਸੇ ਮਨਮੇਂ ਅਛੀ ਵਿੜੀਯਾ ਉਤਪੰਨ ਹੋਤੀਹੈ, ਨਿਸ਼ਚਯ ਰੂਪ ਬੁਧਿ ਉਤਪੰਨ ਹੋਤੀਹੈ। ਇਸ਼ੂਰਕਾ ਨਾਮ ਮਨਨ ਕਰਨੇਸੇ ਸੰਪੂਰਣ ਭੁਵਨੋਂਕਾ, ਅਰਥਾਤ ਸਭੀ ਭੁਗੋਲੋਂਕਾ ਯਥਾਰਥ ਗਿਯਾਨ ਉਤਪੰਨ ਹੋਤਾਹੈ॥ 1॥

ਇਸ਼ੂਰਕਾ ਨਾਮ ਮਨਨ ਕਰਨੇਸੇ ਮੁਖ ਪਰ ਲੋਗੋਂਕੇ ਅਪਵਾਦ ਰੂਪੀ ਦੰਡੋ ਕੀ ਚੋਟੇ ਨਹੀਂ ਖਾਤਾ॥ ਇਸ਼ੂਰਕਾ ਨਾਮ ਮਨਨ ਕਰਨੇਸੇ ਯਮਕੇ ਸਾਥ ਨਹੀਂ ਜਾਤਾ, ਅਰਥਾਤ ਬਾਰ ਬਾਰ ਜਨਮ-ਮਰਣ ਨਹੀਂ ਪਾਤਾ ॥2॥ ਦੇਖ' ਮਨੁਸ਼ਯੋ' ਏਸਾ, ਅਰਥਾਤ ਇਤਨੇ ਮਾਹਤ੍ਮਕਾ ਨਿਰੰਜਨ ਇਸ਼ੂਰਕਾ ਨਾਮਹੈ। ਯਦਿ ਕੋਈ ਮਨਨ ਕਰੇ, ਜਾਨੇ, ਕੌਨ ਮਨਨ ਕਰਤਾਹੈ, ਅਰਥਾਤ ਵਿਰਲਾ ਕੋਈ ਮਨਨ ਕਰਤਾ ਹੈ॥ 3॥ 12॥

ਨੰ.10. ਭਾਈ ਵੀਰ ਸਿੰਘ ਜੀ (ਆਧੁਨਿਕ)

(ਨਾਮਨੂੰ) ਮੰਨ ਲੈਣ ਨਾਲ (ਜਗਯਾਸੂਦੀ) ਸੁਰਤਿ, ਮੰਨੀਖਾ, (ਤੇ) ਬੁਧਿ (ਨਾਮੀ ਨੂੰ ਵਿਸ਼ਯ ਕਰਨ ਵਾਲੀ) ਹੋ ਜਾਂਦੀਹੈ। (ਨਾਮਨੂੰ) ਮੰਨ ਲੈਣ ਨਾਲ (ਉਹ ਸੁਧਿ ਪ੍ਰਾਪਤ ਹੁੰਦੀਹੈ ਜੋ) ਸਾਰੇ ਭਵਨਾਂਦੀ ਸੋਝੀ(ਕਹੀਦੀਹੈ, ਭਾਵ ਸੁਤੇ ਗਯਾਨ ਪ੍ਰਾਪਤੀ ਵਾਲੀ ਬੁੱਧੀ, ਜੋ ਦੇਵਤਿਆਂ ਤੇ ਸਿਧਾਂ ਪੁਰਖਾਂਨੂੰ ਪ੍ਰਾਪਤ ਹੁੰਦੀਹੈ)। (ਐਸੀ ਅਨੁਭਵੀ ਸੁਤੇ ਬੁੱਧੀ ਜਿਸਨੂੰ ਪ੍ਰਾਪਤਹੋ ਜਾਏ ਉਹ ਮਨਨਸ਼ੀਲ ਪਰਮੇਸ਼ੁਰਦਾ ਨਾਮ)ਮੰਨ ਲੈਣ ਨਾਲ (ਭ੍ਰਮ ਭ੍ਰਾਂਤੀ ਦੀਆਂ) ਸੱਟਾਂ ਮੂੰਹ ਤੇ (ਫੇਰ) ਨਹੀਂ ਖਾਂਦਾ। (ਤੇ ਐਸਾ ਮਨਨਸ਼ੀਲ ਪੁਰਖ) ਮੰਨ ਲੈਣ ਕਰਕੇ ਜਮ ਦੇ ਨਾਲ ਨਹੀਂ ਜਾਂਦਾ (ਭਾਵ ਜਨਮ ਮਰਨ ਰਹਿਤ ਹੋ ਜਾਂਦਾਹੈ; ਬਾਕੀ ਅੰਤਲੀਆਂ ਦੋ ਸਤਰਾਂ ਦਾ ਅਰਥ ਪਿੱਛੇ ਆ ਚੁਕਾਹੈ) ॥13॥

ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥ ਮੰਨੈ ਮਗੁ ਨ ਚਲੈ ਪੰਥੁ॥ ਮੰਨੈ ਧਰਮ ਸੇਤੀ ਸਨਬੰਧ॥ ਐਸਾ ਨਾਮੁ ਨਿਰੰਜਨੁ ਹੋਇ॥ ਜੋ ਕੋ ਮੰਨਿ ਜਾਣੈ ਮਨਿ ਕੋਇ॥ ੧੪॥

ਨੰ.1. ਬਾਵਾ ਮਿਹਰਬਾਨ ਜੀ "ਮੀਣਾ"

ਤਿਸੁਕਾ ਪਰਮਾਰਥੁ:- ਏਹੁ ਜਿ ਪਰਮੇਸੁਰਕਾ ਨਾਮਹੈ, ਜੋ ਕੋਈ ਸੁਣਿ ਕਰਿ ਮੰਨੇ, ਤਉ ਉਸ ਕਉ ਦਰਗਾਹ ਜਾਤੇ ਕਉ ਮਾਰਗ ਮਹਿ ਠਾਕ ਪੜੇ ਨਾਹੀ। ਤਿਸਿ ਮਾਰਗਮਹਿ ਠਾਕ ਜਿਹੈ, ਸੁ ਕਿਆ ਹੈ? ਮਾਰਗ ਮਹਿ ਠਾਕ ਏਹਹੈ। ਜਹਾਂ ਏਸੁਲੇ ਜਾਈਤਾਹੈ, ਤਹਾਂ ਏ ਕੁਮਾਰਗੁ ਐਸਾਹੈ, ਜਹਾਂ ਤ੍ਰਿਖਾ ਲਾਗਤੀਹੈ, ਅਰੁ ਤ੍ਰਿਖਾਵੰਤੁਹੋਇ ਕਰਿ ਢਹਿ ਪੜਤਾਹੈ। ਅਰੁ ਓਇ ਜਮਦੂਤ ਕਹਤੇ ਹੈਂ ਜਿ,'ਰੇ ਬੋਧੇ ਉਠੁ ਚਲ' ਅਰੁ ਏਹੁ ਉਠਿ ਨਾਹੀ ਸਕਤਾ। ਤਬ ਓਇ ਕਢਿ ਪੜਤੇਹੈਂ। ਕਹਤੇ ਹੋ ਜਿ,'ਹਾਂ, ਦਰਹਾਲੁ ਉਠੁ ਚਲੋ ਤਬ ਤਹਾਂ ਏਹੁ ਕਹਤਾਹੈ ਜਿ,'ਜੀ,ਮੈ ਰਲਿ ਨਾਹੀ ਸਕਤਾ। ਤੁਮ ਮੇਰੇ ਤਾਈਂ, ਭਾਵੇ ਤਿਉ ਮਾਰਹੁ ਜੀ; ਮੈਂ ਤ੍ਰਿਖਾ ਆਜ ਜੁ ਕੀਆਹੈ; ਮੈਂ ਉਠਿ ਨਾਹੀ ਸਕਤਾ'। ਤਬ ਓਹਿ ਕਹਤੇਹੈ ਜਿ,''ਰੇ ਈਹਾਂ ਪਾਨੀ ਹੈ,ਪਰੁ ਮੋਲਿ ਹੈ। ਜੇਤਉ ਤੂ ਮੋਲੁ ਦੇਹਿ,ਤਉ ਈਹਾਂ ਤੁਮਕਉ ਪਾਨੀ ਪੀਲਾਈਐ''। ਕਹੈ,''ਜੀ, ਮੇਰੇ ਪਾਸਿ ਅਬ ਈਹਾਂ ਕਿਆ ਹੈ ਦੇਣੇ ਕਉ? ਕਿਛੁ ਨਾਹੀ। ਮੈਂ ਦੇਉ ਸੁ ਕਿਆ ਦੇਉ?'' 'ਤਬ ਉਨਹੁ ਕਹਿਆ,ਜਿ,'ਰੇ। ਜਿ ਕਿਛੁਤੇ ਜਲਕਾ ਦਾਨੁ ਕੀਆਹੈ, ਜੇ ਤਉਤੂ ਈਹਾਂ ਸਭੁ ਦੇਹਿ, ਤਉ ਤੁਝ ਕਉ ਈਹਾਂ ਪਾਨੀ ਪੀਨੇ ਕਉ

Sri Satguru Jagjit Singh Ji eLibrary NamdhariElibrary@gmail.com

ਮਿਲੇ''। ਤਬ ਓਹੁ ਤ੍ਰਿਖਾ ਬਿਆਖਿਆ ਹੋਇਆ ਕਹਤਾਹੈ ਜਿ, ''ਜੀ, ਜਿ ਕਿਛੁ ਜਲ ਕਾ ਧਰਮੁ ਮੈ ਕੀਆ ਥਾ, ਸੁ ਸਭੁ ਮੇ ਦੀਆ। ਮੁਝ ਕਉ ਪਾਨੀ ਮਿਲੈ'' ''ਤਬ ਉਸਕਉ ਪਾਨੀ ਪੀਲਾਇਆ। ਬਹੁੜਿ ਆਗੇ ਫੇਰਿ ਭੁਖ ਲਾਗੀ। ਇਤੀ ਜੁਤਿ, ਜੁ ਨਾਜਕਾ ਸਭੁਹੀ ਧਰਮੁ ਲੀਆ। ਫੇਰਿ ਆਗੇ ਜਾਤਾ ਲਾਗਾ, ਤਬ ਇਤੀ ਉਪਾਹਿ ਕਪੜੇ ਵਸਤ੍ਰ ਕਾ ਧਰਮੁ ਥਾ, ਸੋ ਲੀਆ। ਪਰੁ ਜੇ ਪਰਮੇਸੁਰਕਾ ਨਾਮੁ ਮੰਨਿਆ ਹੋਵੇ ਸੁਣਿ ਕਰਿ, ਤਬ ਉਸਕਉ ਊਹਾ, ਉਸਿ ਮਾਰਗ ਮਹਿ ਠਾਕ ਨ ਹੋਇ। ਪਤਿ ਨਾਲਿ, ਵਜਈ ਵਾਜੰਤ੍ਰੀਂ ਪ੍ਰਗਟਿ ਦਰਗਹ ਪਰਮੇਸੁਰਦੀ ਜਾਇ। ਮਾਰਗੁ ਜਿਹੈ ਪੰਥੁ, ਜੁ ਖਰਾ ਕਠਨੁਹੈ। ਉਸ ਉਪਰਿ ਜਾਇ ਨਾਹੀ ਸਕੀਦਾ। ਓਹੁ ਮਾਰਗੁ ਇਤੁ ਮਿਸਲਹੈ, ਜਿਉ ਖੰਜਰ ਉਪਰਿ ਗੋਲੀ ਨਾਹੀ ਟਿਕਦੀ, ਤਿਉ ਮਨੁਖੁ ਉਸ ਉਪਰਿ ਚਲਿ ਨਾਹੀ ਸਕਦਾ। ਜੇ ਤਾਂ ਪਰਮੇਸੁਰਕਾ ਨਾਉ ਮੰਨਿਆ ਹੋਇ, ਤਉ ਉਸਿ ਮਾਰਗਿ ਲੇ ਜਾਈਐ ਨਾਹੀ, ਅਰੁ ਰਾਜਾ ਧਰਮੁ ਓਸ ਕਉ ਆਦਰੁ ਦੇਇ॥ 14॥

ਨੰ.2. ਭਾਈ ਮਨੀ ਸਿੰਘ ਜੀ 'ਸ਼ਹੀਦ'

ਜਿਨਾਂ ਨੇ ਵਹਿਗੁਰੂਦਾ ਨਾਉਂ ਮੰਨਿਆਹੈ ਸੋ ਧਰਮਦੇ ਮਾਰਗ ਵਿੱਚ ਠਾਕ ਨਹੀਂ ਪਾਵਦੇ, ਕਯੋਂਕਿ ਜੇ ਓਨਾਂਨੂੰ ਕੋਈ ਧਰਮ ਕਰਦਿਆਂ ਵਰਜਦਾਹੈ ਤਾਂ ਸਗੋਂ ਉਭਾਰਕੇ ਸਵਾਇਆ ਕਰਦੇ ਹਨ, ਅਰ ਦਿਲਵਿੱਚ ਏਹ ਸਮਝਦੇ ਹਨ ਕਿ ਸਰੀਰਤਾਂ ਛਿਨ ਭੰਗਰਹੈ, ਤਾਂਤੇ ਅਸੀ ਜੋ ਭਜਨ, ਸਿਮਰਨ ਅਰ ਦਾਨ-ਪੁੰਨ ਕਰਾਂਗੇ, ਸੋਈ ਅਸਾਡੇ ਨਾਲ ਨਿਭਣਾਹੈ॥ ਅਰ ਧਰਮਦੇ ਮਾਰਗਨੂੰ ਠਾਕਣ ਵਾਲਾ ਸਗੋਂ ਆਪਣਾ ਵੈਰੀ ਜਾਣਦੇ ਹਨ॥ ਅਰ ਜੋ ਨਾਮਨੂੰ ਮੰਨਦੇਹੈਨ ਸੋ ਜਮਦੇ ਰਾਹ ਨਹੀਂ ਜਾਂਦੇ; ਕਯੋਂਕਿ ਭਗਤਾਂਦੇ ਰਾਹ ਨਿਰਾਲੇ ਹੈਨ, ਜੋ 'ਜਗਿਆਸੀ ਭਗਤ' ਹੈਨ ਸੋ 'ਚਤੁਰਭੁਜ' ਰੂਪ ਧਾਰਕੇ 'ਵੈਕੁੰਠ' ਨੂੰ ਜਾਇ ਪ੍ਰਾਪਤ ਹੋਤੇਹੈਂ, ਅਤੇ ਜੋ 'ਗਿਆਨੀ-ਭਗਤਿ' ਹਨ ਸੋ ਵਾਹਿਗੁਰੂ ਵਿੱਚ ਸਮਾਇ ਜਾਂਦੇ ਹੈਨ; ਅਰ ਓਹ ਜਨਮ-ਮਰਨ ਤੇ ਰਹਿਤ ਹਨ॥ ਅਰ ਜੋ ਅਗਿਆਨੀਭੀ ਸ਼ਬਦਨੂੰ 'ਸੁਣਕੇ' 'ਨਾਮ' ਨੂੰ ਮੰਨਦੇ ਹਨ, ਸੋਭੀ 'ਪੁਸ਼ਪ-ਬਿਬਾਂਨਾਂ' ਤੇ ਬੈਠਕੇ ਸਵਰਗ ਨੂੰ ਜਾਂਦੇ ਹੈਨ॥ ਤੇ ਜਿਨਾਂਨੇ ਗੁਰਾਂਦੇ ਸ਼ਬਦਨੂੰ ਮੰਨਿਆ ਹੈ, ਸੋ ਸਾਧ ਸੰਗਤ ਤਿਨਾਂਦਾ ਪੈਂਡਾ ਨਿਰਾਲਾਹੈ, ਅਰ ਜੋ ਏਕੇ ਗੁਰਾਂਦੇ ਧਰਮਤੇ ਦ੍ਰਿੜ੍ਹ ਹੈਨ, ਤਾਂ ਧਰਮ ਰਾਇ ਭੀ ਓਨਾਂਦਾ ਮਿਤ੍ਰ ਅਰ ਸਨਬੰਧੀ ਹੋਇ ਵਰਤਤਾਹੈ ਐਸਾ 'ਨਾਮ' ਵਾਹਿਗੁਰੂਦਾ ਹੈ॥ ਪਰ ਜੋ ਕੋਈ ਨਾਮ ਨੂੰ ਮੰਨਦਾ ਹੈ ਸੋ ਆਪਣੇ ਮਨ ਵਿੱਚ ਇਸਦੇ ਮਹਾਤਮ ਨੂੰ ਜਾਣਾ ਹੈ॥ 14॥

ਨੰ.3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ)

'ਮਾਰਗ' ਇਸਕਾ ਅਰਥੁ ਮੰਨੈ ਮਾਰਗਿ ਠਾਕ ਨ ਪਾਇ॥ 'ਠਾਕ ਨ ਪਾਇ' ਕਹੀਐ ਮੋਖ-ਮਾਰਗ ਮੋ ਸ਼ੀਘ੍ਰ ਨਹੀ ਹੋਤਾ। ਪਤਿ ਸਹਿਜ ਪਰਗਟ ਜਾਤਾ ਹੈ। ਮਗੁ ਕਹੀਐ ਫੇਰਿ ਜਨਮ-ਮਰਣ ਕੇ ਮਾਰਗ ਪੰਥ ਨਹੀਂ ਪ੍ਰਾਪਤਿ ਹੋਤਾ। ਬਹੁੜਿ ਧਰਮਹੀ ਸੋ ਸਨਬੰਧ ਨਿਸਚੇ ਹੋਵੇ ਹੈ। ਐਸਾ ਨਾਮੁ ਨਿਰੰਜਨੁ ਕਾ ਹੈ। ਜੇ ਕੋਈ ਗੁਰਦ੍ਵਾਰੇ 'ਸ੍ਰਵਣ' ਕਰਿ 'ਮਨਨ' ਕਰਿ ਜਾਣੇ, ਮਨ ਬਿਖੇ ਕੋਈ॥ 14॥ ਬਹੁੜਿ ਕਹੇਹੈ।

ਨੰ.4. ਸਾਧੂ ਅਨੰਦਘਨ ਜੀ (ਉਦਾਸੀਨ-ਪੁਰਾਣ ਕਥਾ ਵਾਚੀ)

ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥

Sri Satguru Jagjit Singh Ji eLibrary NamdhariElibrary@gmail.com

ਸੁਰਗਾਦਿਕੋਂ ਕੀ ਪ੍ਰਾਪਤ ਕੇ ਨਮਿਤ ਜੋ ਯਗ,ਤਪ,ਦਾਨਾਦਿਕ ਕਰਤੇ ਹੈ॥ ਤਿਨਕੋ ਮਾਰਗਮੋ ਅਨੇਕ ਵਿਘਨਹੈਂ। ਅਰ ਜਿਨੋਕੇ ਗੁਰੂ ਉਪਦੇਸ਼ ਦਵਾਰਾ ਨਾਮ ਕੋ ਮਨਨ ਕੀਆ; ਤਿਨਕੋ ਮੁਕਤ-ਮਾਰਗ ਵਿਖੇ ਕੋਈ ਠਾਕ ਨਹੀਂ॥ ਜੋ ਮਾਨੇਗਾ ਨਾਮਕੋ ਸੋ ਪਤਿ ਸੰਜੁਗਤ ਪ੍ਰਤੱਖਹੀ ਚਲਾ ਜਾਏਗਾ; ਯਮ ਦੂਤ ਤਿਸਕਾ ਕਛੁ ਭੀ ਨ ਕਰ ਸਕੇਂਗੇ।

ਮੰਨੈ ਮਗ ਨਾ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ॥

ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ਜੋ ਨਾਮਕੋ ਸੁਣ ਕਰ ਮਾਨੇਗੇ, ਸੋ 'ਮਗੁ', ਕਿਆ ਕਹੀਏ,ਇਸ ਥਾਇ ਹੋਵੇਗਾ। ਪੰਥ ਜੋਹੈ ਆਵਾਗੌਣ ਤਿਸਵਿਖੇ ਨ ਚਲੇਗਾ॥ ਕਾਹੇਤੇ, ਮਾਨਣੇ ਵਾਲੇਕਾ ਤੋ ਧਰਮ ਸਾਥ ਸਨਬੰਧ ਹੂਆ, ਜਬ ਤਕਰ ਪਾਪ ਸਾਥ ਸਨਬੰਧ ਹੈ ਤਬ ਤਕਰ ਹੀ ਆਵਾਗੌਣਹੈ॥ਜੌ ਧਰਮ ਸਾਥ ਸੰਨਬੰਧ ਹੂਆ, ਤੌ ਫੇਰ ਆਵਾਗੌਣ ਕੈਸਾ? ਨਾਮ ਐਸਾ ਨਿਰੰਜਨਹੈ ਜੋ ਕੋਈ ਮਾਨ ਸਕੇ ਤੋ ਮਾਨੇ; ਆਵਾਗੌਣਤੇ ਛੂਟੇਗਾ।

ਨੰ.5.ਭਾਈ ਸੰਤੋਖ ਸਿੰਘਜੀ ਕਵੀ ਚੂੜਾਮਣੀ(ਨਿਰਮਲ-ਗਿਆਨੀ)

ਮੰਨੈ ਮਾਰਗਿ ਠਾਕ ਨ ਪਾਇ॥

ਮਨਨਕੇ ਕਰਨਹਾਰੇ ਜੋਹੈਂ, ਸੋ 'ਮਾਰਗ' ਜੋ ਬੈਕੁੰਠਾਦਿਕ ਕੇ, ਜਾਣੇ ਬਿਖੇ, 'ਠਾਕਿ' ਜੇਹੈ ਹਟਕਾਰ, ਤਿਸਕੋ ਨਹੀਂ ਪ੍ਰਾਪਤ ਹੋਤੇ। ਵਾ, ਜੇ ਅਗਮ ਥਾਨਹੈਂ: ਸਮੁੰਦਰ, ਪਰਬਤ, ਦੇਵਤੇ, ਦੈਂਤਨਕੇ, ਤਹਾਂ ਜਾਤਯੋਂਕੇ ਕੋਈ ਨਹੀਂ ਹਟਕਤ ਹੈ; ਜਹਾਂ ਜਾਤੇਹੈਂ ਤਹਾਂ ਸਨਮਾਨ ਸਹਤ:-

ਮੰਨੈ ਪਤਿ ਸਿਉ ਪਰਗਟੁ ਜਾਇ॥

ਮਨਨ ਕਰਨਹਾਰੇ ਜੋਹੈਂ ਪਤ ਆਬਰੋ ਕੇ ਸਮੇਤ ਪ੍ਰਗਟਕੀ ਸਰਬ ਦੇਵਤਿਓਂਕੇ ਬਿਖੇ ਪੂਜਾਵਤੇ ਜਾਤਹੈਂ;ਵਾ,ਇਸ ਲੋਕਮੈਂ ਪਤ ਕੇ ਸਮੇਤ ਪ੍ਰਗਟਤਹੈ।ਜਾਇ ਨਾਮ ਜਗਾਕੇ।ਆਪਨੇ ਹੀ ਸਥਾਨਮੈਂ ਬੈਠੇ ਸਰਬਮੈਂ ਪ੍ਰਗਟਹੋ ਜਾਤ ਹੈਂ।ਵਾ, ਸਰਬ ਜਾਇ ਸਥਾਨ ਕੇ ਬਿਖੇ ਪ੍ਰਗਟ ਹੋਤ ਹੈਂ।

ਮੰਨੈ ਮਗੁ ਨ ਚਲੈ ਪੰਥੁ॥

ਮਨਨ ਕਰਨਹਾਰੇ ਜੋਹੈਂ, ਸੋ ਮਗਨ ਅਨੰਦ ਬਿਖੇ ਚਲਤੇ ਹੈਂ ਪ੍ਰਲੋਕ ਕੇ ਪੰਥ ਕੋ। ਅਰਥ ਇਸ ਤੁਕ ਮੈਂ ਗੁਰੂ ਜੀਕੋ ਧਰਯੋ ਹੋਯੋ 'ਮਗਨ' ਅਨੰਦ ਕੋ ਹੀ ਹੈ॥ਜੋ ਮਗ ਕੇ ਔ ਪੰਥ ਕੋ ਦੋਊ ਪਦਨ ਕੋ ਅਰਥ ਰਾਹੁ ਕੋ ਕਹੀਹੇ ਤੋ ਪੁਨਰੁਕਤ ਦੋਸ਼ ਆਵਤਹੈ। ਅਨੰਦਘਨਨੇ ਅਰਥ ਕਰਯੋ: ਮਗ ਨਾਮ 'ਇਸਥਾਈ' ਕੋ ਹੈ, ਤਿਸਮੈਂ ਭੀ ਸੰਕਾ ਉਠਤ ਹੈ।

ਪੂਰਬ ਕੀ ਦੋਊ ਤੁਕਨ ਮੈਂ ਮਨਨ ਕਰਨਹਾਰੇ ਕੋ 'ਜਾਨੇ' ਲਿਖਯੋ,ਈਹਾਂ ਇਸਥਿਤ ਕਹਯੋ,ਬਿਰੋਧ ਅਰਥ ਹੋਤਹੈ। ਨਹੀਂ ਆਵਨੋ ਜਾਨੋ ਸਾਖਯਾਤਕਾਰ ਮੈਂ ਬਨਤ ਹੈ, ਜੋ ਮਨਨ ਕਰਤਹੈ ਦੇਹ ਛੂਟ ਜਾਤਹੈਂ ਈਹਾਂ ਤਿਨੋਂਕੀ ਬਾਰਤਾ ਕਹੀਯਤਹੈ। ਯਾਂਤੇ ਪੰਥ ਚਲਨ ਕੋ ਹੀ ਅਰਥਹੈਂ॥ਪ੍ਰੰਤੂ ਮਗਨ ਆਨੰਦ ਮੈਂ ਜਾਂਚੇ ਹੈਂ, ਜੈਸੇ ਇਸ ਲੋਕਮੈਂ ਸਭ ਲੋਕ ਪੰਥ ਚਲਤਹੈਂ, ਏਕੋਤੋ ਸਿਰਪਰ ਭਾਰ ਉਠਾਇਕੇ ਚਲਤਹੈਂ, ਤਿਨਕੋ ਚਲਣੈਮੈਂ ਅਧਿਕ ਦੁਖਹੈ, ਏਕ ਰਾਜੇ ਆਦਿਕ ਪਾਲਕੀਮੇਂ ਜਾਤਹੈਂ,ਸੋ ਮਗਨ ਅਨੰਦਮੇਂ ਜਾਤਹੈਂ। ਵਾ, ਔਰ ਰਾਤਿ ਤੇ ਆਨੰਦ ਸੌਂ ਜਾਤਹੈਂ। ਜੋ ਮਹਾਰਾਜ ਹੋਤਹੈਂ ਤਿਨੋਂਕੇ ਪਾਸ ਏਕਤੋ ਐਸੇ ਜਾਤਹੈਂ--ਬਾਕੀ ਜਿਨੋਂਕੇ ਸਿਰ

Sri Satguru Jagjit Singh Ji eLibrary NamdhariElibrary@gmail.com

ਭਾਰੁਹੈ ਤਲਬ-ਚਢਕੇ ਬਾਂਧਿ ਕਰਿਲੈ ਜਾਤਹੈਂ,ਸੋ ਪੰਥਮੈਂ ਦੁਖੀ ਹੋਤੇਹੈਂ ਅਰੁ ਅਗਾਰੀਕੋ ਬਿਚਾਰਤਹੈਂ ਕਿ ਹਮਕੋ ਸਜਾਇ ਮਿਲੇਗੀ। ਔਰ ਏਕ ਐਸੇ ਚਲੇ ਜਾਤਹੈਂ; ਸਵਾਮੀਕੋ ਕਾਰਜ ਸਵਾਰਯਹੈ ਅਰ ਜਾਨਤਹੈਂ ਹਮਕੋ ਰਾਜਾ ਪ੍ਰਸੰਨ ਹੋ ਕਰਿ ਮਰਾਤਬਾ ਬਖਸ਼ੈਗੋ, ਐਸੇ ਅਨੰਦ ਸੋਂ ਜਾਤਹੈ। ਐਸੇ ਜਾਨਿਯੇ।

ਮੰਨੈ ਧਰਮ ਸੇਤੀ ਸਨਬੰਧੁ॥ ਮਨਨ ਕਰਨਹਾਰੇ ਜੋਹੈਂ, ਤਿਨਕੋ ਧਰਮ ਰਾਇ ਐਸੇ ਮਿਲਤਹੈ ਜੈਸੇ ਆਪਨੇ ਸਨਬੰਧੀਕੋ ਮਿਲ ਕਰਿ ਪ੍ਰਸੰਨ ਹੋਤਹੈ, ਅਰ ਸੇਵਾ ਆਦਰ ਕਰਤਹੈ।

ਦੁਤਿਯਰਥ:- ਮਨਨ ਕਰਨਹਾਰੇ ਇਸ ਲੋਕ ਮੈਂ, ਆਪਨੇ ਜੋ ਧਰਮਹੈ, ਤਿਸਕੇ ਸਨਬੰਧ ਸਮੇਤਹੈਂ, ਅਰਥ ਕਿਆ? ਆਪਨ ਧਰਮ ਸੰਗ ਨਿਰਬਾਹਤੇ ਹੈਂ, ਤਯਾਗਤ ਨਹੀਂ ਹੈਂ।

ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ 14॥

ਇਨ ਤੁਕਨਿਕੇ ਅਰਥ ਅਰ ਅਲੰਕਾਰ ਪੂਰਬ ਰੀਤਿਸੋਂ।

ਨੰ.6. ਨਿਰਮਲ ਸੰਤ ਪੰਡਿਤ ਤਾਰਾ ਸਿੰਘ ਜੀ 'ਨਰੋਤਮ' (ਖਟ-ਦਰਸ਼ਨੀ)

ਫਲ ਦਿਖਾਵਤੇ ਹੁਏ ਮਨਨ ਕੀ ਪੁਨਾ ਉਸਤਤਿ ਕਰੇ ਹੈ॥ ਮੰਨੇ ਇਤਿ॥ ਮਨਨਸੇ ਮਨਨ ਵਾਲਾ ਪੁਰਖ ਮਾਰਗ ਨਾਮ ਗਯਾਨਕੇ ਮਾਰਗ ਗਯਾਨਕੀ ਕਾਹੂ ਪ੍ਰਤਿਬੰਧਸੇ ਰੋਕਕੋ ਨ ਪਾਇ; ਨਹੀ ਪਾਵੇ, ਵੇਦਮੇਂ ਲਿਖਯਾਹੈ, ਤਿਸਕੀ ਮੁਕਤੀ ਹੋਨੇਮੇਂ ਦੇਵਤਾਭੀ ਪ੍ਰਤਿਬੰਧ ਨਹੀ ਕਰ ਸਕਤੇ; ਯਾਤੇ, ਔਰ ਤੋ ਕਿਆ ਕਰ ਸਕੇਗੇ ॥ ਕਹੀ ਬਾਤਮੇਂ ਹੇਤੁ ਕਹੇ:- ਮੰਨੇ ਇਤਿ॥ ਮਨਨ ਕਰਨੇਸੇ ਮਨਨ ਵਾਲਾ ਪੁਰਖ 'ਸਤਿ ਸਿਉ'ਨਾਮ, ਸਤਕਾਰ ਕੇ ਸਾਥ ਪਰਗਟ ਜਾਯ ਨਾਮ, ਪ੍ਰਸਿਧ ਜਾਵੇਹੈ ਗਯਾਨਕੇ ਮਾਰਗ ਸ੍ਰੰਵਣਾਦਿਕੋ ਵਿਖੇ; ਵਾ, ਮੁਕਤਿਕੇ ਮਾਰਗ ਗਯਾਨ ਵਿਖੇ॥ ਯਾਤੇ ਤਿਸਕੋ ਪੁਨਾ ਮਨਨਕੀ ਪ੍ਰਸੰਸਾ ਕਰੇਹੈ॥

ਮੰਨੇ ਇਤਿ॥ ਈਹਾਂ 'ਮਗ'ਪਦ ਗਯਾਨਕੇ ਮਾਰਗ ਸ੍ਰਵਣਾਦਿਕੋ ਪੇਹੈ॥ 'ਪੰਥ' ਪਦ 'ਮੁਕਤੀ' ਕੇ ਮਾਰਗ ਗਯਾਨ ਪੈਹੈ॥ 'ਨ ਚਲੈ' ਪਦ ਸੁਣਨੇ ਵਾਲਾ ਸ੍ਰਵਣਾਦਿਕੋ ਕੇ ਸਾਧਕੋ ਸ੍ਵਰੂਪਕੋ ਫਲਕੋ ਅਸਾਧਨ ਅਸ੍ਵਰੂਪ ਅਫਲ ਜਾਨੇ ਨਹੀ, ਇਸ ਬਾਤਕੋ ਬੋਧਨ ਕਰੇਹੈ॥ ਅਰ 'ਮਗਨ' ਚਲੈ, 'ਨ ਚਲੈ ਪੰਥ'; ਐਸੇ 'ਮਗ' ਪੰਥ ਦੋਨੋ ਸਾਥ ਦੇਹਲੀ-ਦੀਪ ਵਤ ਮਿਲੈਹੈ॥ ਯਾਤੇ, ਮੰਨੇ ਕਹੀਯੇ ਮਨਨਮੇ ਮਨਨ ਵਾਲਾ ਪੁਰਖ ਗਯਾਨਕੇ ਮਾਰਗ ਸ੍ਰਵਣਾਦਿਕੋ ਕੇ, ਔ ਮੁਕਤੀਕੇ ਮਾਰਗ ਗਯਾਨਕੇ ਸਾਧਨ ਸ੍ਵਰੂਪ ਫਲਕੋ ਨ ਚਲੈ; ਕਹੀਯੇ, ਉਲਟੇ ਅਸਾਧਨਾਦਿ ਰੂਪ ਜਾਨੇ ਨਹੀ॥ ਈਹਾਂ ਯਹ ਭਾਵਹੈ, ਸ੍ਰਵਣਕੇ ਸਾਧਨ ਵਿਵੇਕਾਦਿ ਸਾਧਨ ਸਹਿਤ ਉਪਦੇਸ ਬਚਨਹੈ॥ ਸ੍ਵਰੂਪ ਅਦੁਤੀ-ਸਤਮੈਂ ਤਾਤਪਰਯਕਾ ਨਿਰਣੈ ਕਰਨਾਹੈ॥ ਫਲ 'ਪ੍ਰਮਾਣ' ਕਾ ਸੰਸ਼ੇ ਦੂਰ ਕਰਨਾਹੈ॥ 'ਪ੍ਰਮਾਣ' ਨਾਮ ਈਹਾਂ ਉਪਦੇਸ ਬਚਨੋਂ ਕਾਹੈ॥ ਤਿਨਮੇ ਸੰਸੇ ਯਹ ਹੋਵੇਹੈ, ਉਪਦੇਸ ਬਚਨ ਅਦੁਤੀ-ਸਤਕੇ ਕਹਨੇ ਵਾਲਾਹੈ, ਵਾ ਸਤ ਵਸਤੁਮੇਂ ਦ੍ਵੈਤਕੇ ਕਹਨੇ ਵਾਲੇ ਹੈ ? ਜਬ ਅਧਿਕਾਰੀ ਤਾਤਪਰਯਕਾ ਨਿਰਣੈ ਰੂਪ ਸ੍ਰਵਣ ਕਰੈਹੈ, ਤਬ ਸਭ ਬਚਨੋਕਾ ਤਾਤਪਰਯ ਅਦੁਤੀ-ਸਤਮੇ ਜਾਨ ਲਵੇਹੈ॥ ਔ ਜਾਨਕੇ ਸੰਸ਼ੇ ਦੂਰ ਕਰ ਦੇਵੇਹੈ॥ ਯਾਤੇ, ਪ੍ਰਮਾਣਕਾ ਸੰਸੇ ਦੂਰ ਕਰਨਾ ਸ੍ਰਵਣਕਾ ਫਲਹੈ॥

Sri Satguru Jagjit Singh Ji eLibrary NamdhariElibrary@gmail.com

ਮਨਨਕਾ ਸਾਧਨ ਸ੍ਰਵਣਹੈ॥ ਸ੍ਵਰੂਪ ਯੁਕਤੀਸੇ ਵਸਤੁਕਾ ਚਿੰਤਨ ਕਰਨਾਹੈ; ਫਲ 'ਪ੍ਰਮੇਯ' ਕਾ ਸੰਸ਼ੇ ਦੂਰ ਕਰਨਾਹੈ॥ 'ਪ੍ਰਮੇਯ'ਈਹਾਂ ਜੀਵ-ਈਸ਼ ਕੀ ਏਕ ਰੂਪਤਾਹੈ॥ ਤਿਸਮੇ ਯਹ ਸੰਸਯ ਹੋਵੇਹੈ, ਜੀਵ-ਈਸ ਏਕ ਰੂਪਹੈ, ਵਾ ਜੁਦੇ ਜੁਦੇਹੈ ? ਜਬ ਅਧਿਕਾਰੀ ਸਾਗਰ-ਬੂੰਦਕੀ ਜਲਮੇ ਏਕਤਾ ਵਸ ਜੀਵ-ਈਸ਼ ਕੀ ਸਚਿਦਾਨੰਦ ਸ੍ਵਰੂਪਮੇ ਏਕਤਾਹੈ, ਐਸੇ ਯੁਕਤੀ ਸੇ ਚਿੰਤਨ ਕਰੇ ਹੈ, ਤਬ ਭੇਦਕਾ ਸੰਸ਼ਯ ਦੂਰਹੋ ਜਾਵੇਹੈ॥ ਯਾਤੇ 'ਪ੍ਰਮੇਯ' ਕਾ ਸੰਸ਼ੇ ਦੂਰ ਕਰਨਾ ਮਨਨ ਕਾ ਫਲ ਹੈ॥ ਮਨਨ, ਨਿਧਯਾਸਨ ਕਾ ਸਾਧਨ ਹੈ॥ ਅਨਯ ਕੀ ਓਰਸੇ ਹਟਾ ਕਰ 'ਏਕਾਕਾਰ' ਬ੍ਰਿਤੀ ਕਰਨੀ ਤਿਸਕਾ ਸ੍ਵਰੂਪਹੈ॥ ਦੇਹਾਦਿਕੋਂ ਕੋਜੋ ਅਪਨਾ-ਆਪ ਮਾਨ ਰਹੇਹੈ ਸੋ 'ਬਿਪਰਯ' ਗਯਾਨਹੈ, ਔਰਕੋ ਔਰ ਰੂਪ ਜਾਨਨਾ, ਬਿਪਰਯ ਕਹਾਵੇਹੈ॥ ਦੇਹਾਦਿਕ ਆਤਮਾ ਨਹੀ, ਤਿਨਕੋ ਆਤਮਾ ਜਾਨਨਾ ਬਿਪਰਯ(ਉਲਟਾ)ਹੈ॥ ਦੇਹਾਦਿਕੋ ਸੇ ਬ੍ਰਿਤੀ ਹਟਾ ਕਰ ਆਤਮਾਕਾਰ ਬ੍ਰਿਤੀਸੇ ਯਹ ਬਿਪਰਯ ਦੂਰਹੋ ਜਾਵੇਹੈ॥ ਯਾਤੇ,ਬਿਪਰਯਕਾ ਨਾਸ ਕਰਨਾ,ਇਸਕਾ ਫਲਹੈ॥ ਗਯਾਨਕਾ ਸਾਧਨ ਸਿੰਸ਼ਯ-ਬਿਪਰਯ ਹੀਨਕੋ ਕੇਵਲ ਸ੍ਰਵਣਹੈ॥ ਸੰਸਯ-ਬਿਪਰਯ ਵਾਲੇਕੋ ਸ੍ਰਵਣ, ਮਨਨ, ਨਿਦਿਧਯਾਸਨ ਤੀਨੋਹੈ॥ ਜੀਵ-ਈਸ਼ਕੋ ਏਕ ਰੂਪ ਜਾਨਨਾ ਗਯਾਨਕਾ ਸ੍ਵਰੂਪਹੈ॥ ਅਗਯਾਨਕੇ ਨਾਸ਼-ਸਹਿਤ--ਪਰਮਾਨੰਦਕੀ ਪ੍ਰਾਪਤੀ ਰੂਪ ਮੁਕਤੀ, ਗਯਾਨਕਾ ਫਲਹੈ॥ ਯਹ ਮੁਕਤੀ ਗਯਾਨੀਕੋ ਦੇਹਕੇ ਰਹਨੇ,ਨਾ ਰਹਨੇ, ਦੋਨੋ ਕਾਲੋਮੇ ਹੋਵੇਹੈ॥ ਦੇਹਕੇ ਰਹਨੇ ਕਾਲਕੀ ਮੁਕਤੀਕਾ ਨਾਮ ਜੀਵਨ-ਮੁਕਤੀਹੈ; ਨਾ ਰਹਨੇ ਕਾਲਕੀ ਮੁਕਤੀਕਾ ਨਾਮ ਬਿਦੇਹ-ਮੁਕਤੀਹੈ॥ ਜੈਸੇ ਯੇ ਸ੍ਰਵਣਾਦਿਕੋ ਕੇ ਸਾਧਨ ਸ੍ਵਰੂਪ ਫਲ ਕਹੇਹੈ, ਇਨਕੋ ਵੈਸੇ ਜਾਨਨਾ'ਮਗ'ਸੇ ਨਾ ਚਲਨਾਹੈ, ਉਲਟਾ ਜਾਨ ਲੈਨਾ 'ਮਗ'ਸੇ ਚਲ ਜਾਨਾਹੈ॥ ਮਨਨ ਵਾਲਾ ਉਲਟੇ ਜਾਨੇ ਨਹੀ, ਯਾਤੇ ਮਗ ਸੇ ਚਲੇ ਨਹੀ॥ ਹੇ ਗੁਰੋ! ਕਿਸ ਕਾਰਣ ਸੇ ਵਹੁ ਉਲਟੇ ਜਾਨੇ ਨਹੀ? ਯਹ ਪੂਛਨੇਕੀ ਇਛਾਸੇਂ ਗੁਰੁ ਹੇਤੁ ਕਹੇ ਹੈ:- ਮੰਨੇ ਇਤਿ॥ ਵੇਦ ਬਿਚਾਰ ਸੇ ਬ੍ਰਹਮ-ਚਾਰੀ, ਯਗਯ, ਦਾਨ ਸੇ ਗ੍ਰਿਹਸਥ, ਉਗ੍ਰ ਤਪਸੇ ਬਾਨਪ੍ਰਸਥ, ਤਿਸ ਪ੍ਰਮਾਤਮਾ ਕੇ ਗਯਾਨ ਕੀ ਇਛਾ ਕਰੇ ਹੈ॥ ਇਸ ਪ੍ਰਕਾਰ ਨਿਖਲ-ਬ੍ਰਾਹਮਣਾਦਿਕ ਵਰਣੋਕੇ ਔਰ ਬ੍ਰਹਮਚਾਰੀ- ਆਦਿਕ ਆਸ੍ਰਮੋ ਕੇ ਧਰਮ ਵੇਦਸੇ ਗਯਾਨਕੀ ਇਛਾਕੇ ਸਾਧਨ ਲਿਖੇਹੈ[30]॥ ਸੋ ਧਰਮ ਗਯਾਨਕੇ ਮਾਰਗ ਸਾਧਨੋ ਕੀ ਅਰ ਮੁਕਤੀਕੇ ਮਾਰਗ ਗਯਾਨਕੀ ਦ੍ਰਿੜਤਾ ਕਰਤੇ ਹੂਯੇ ਜੀਵਨ-ਮੁਕਤੀ ਪ੍ਰਯੰਤ ਰਹੇਹੈ ॥ ਯਾਤੇ ਮੰਨੇ ਕਹੀਯੇ ਮਨਨਸੇ ਮਨਨ ਵਾਲੇ ਪੁਰਖਕਾ ਕਹੇ ਨਿਸਕਾਮ-ਧਰਮੋਕੇ ਸਾਥ ਜੀਵਨ-ਮੁਕਤੀ ਪ੍ਰਯੰਤ ਸੰਬੰਧ ਰਹੇਹੈ॥ ਯਾਤੇ, ਵਹੁ ਗਯਾਨਕੇ ਮਾਰਗ

---

30. ਟਿੱਪਣੀਕਾਰ:- ਵੇਦਾਇ ਸ਼ਾਸਤ੍ਰ; ਸ੍ਰੀ ਗੁਰੁ ਬਾਣੀ ਵਿੱਚ "ਯੁਕ ਧਰਮਦੀ ਉਨ੍ਹਾਂ ਯੁੱਗਾਂ ਵਿੱਚ ਪ੍ਰਧਾਨਤਾਹੈ, ਜਥਾ ਸ੍ਰੀ ਗੁ ਗ੍ਰੰਥ ਜੀ, ਪੰ. 797:17:

"ਚਹੁ-ਜੁਗਾਕਾ ਹੁਇ ਨਿਬੇੜਾ, ਨਰ ਮਨੁਖਾਨੇ ਏਕੁ ਨਿਧਾਨਾ॥ ਜਤੁ ਸੰਜਮ ਤੀਰਥ ਓਨਾ ਜੁਗਾਕਾ ਧਰਮੁਹੈ, ਕਲਿਮਹਿ ਕੀਰਤਿ ਹਰਿਨਾਮਾ॥2॥ ਜੁਗਿਜੁਗਿ ਆਪੈ-ਆਪਣਾ ਧਰਮੁਹੈ, ਸੋਧਿ ਦੇਖਹੁ ਬੇਦ ਪੁਰਾਨਾ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ, ਤੇ ਪੂਰੇ ਪਰਵਾਨਾ॥3" ਇਸੀ ਤਰ੍ਹਾਂ ਪਿਛਲੇ ਜੁਗਾਂਦੇ "ਵਰਣ ਆਸ਼੍ਰਮ ਧਰਮ" ਹੁਣ ਕਲਿਯੁਗ ਵਿੱਚ ਬੇਅਰਥ ਹਨ—ਦੇਖਾ ਦੇਖੀ ਸਾਰੇ ਭਰਤ ਵਿੱਚ ਚਲੀ ਜਾਂਦੇ ਹਨ ਕਿਯੂੰ ਸ੍ਰੀ ਗੁਰੂ ਵਾਕ ਬਾਰ ਬਾਰ ਹਨ.ਪੰ. 1185:7" ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥ ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥ ਗੁਰ ਮਿਲੇ ਹਰਿ ਪਾਏ॥....."ਆਦਿ॥

Sri Satguru Jagjit Singh Ji eLibrary NamdhariElibrary@gmail.com

ਸ੍ਵਰਣਾਦਿਕੋਕੇ, ਵਾ ਮੁਕਤੀਦਾ ਮਾਰਗ ਗਯਾਨਕੇ ਸਾਧਨਾਦਿਕੋਕੋ ਉਲਟੇ ਨਹੀ ਜਾਨੇ ॥ ਅਗਲੀ ਤੁਕੋਂਕੀ ਪੂਰਬ ਕਹੀ ਗਈ ਟੀਕਾ ਦੇਖ ਲੈਨੀ ॥14॥

ਨੰ.7.ਨਿਰਮਲ-ਸੰਪ੍ਰਦਾਈ ਗਿ:ਬਦਨ ਸਿੰਘ ਫਰੀਦਕੋਟ ਟੀਕਾ

ਮੰਨੈ ਮਾਰਗਿ ਠਾਕ ਨਾ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥
ਮੰਨੈ ਮਗੁ ਨ ਚਲੈ ਪੰਥੁ॥ ਮੰਨੈ ਧਰਮ ਸੇਤੀ ਸਨਬੰਧੁ॥
ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥14॥

ਜੋ ਮਨਨ ਕਰਤੇ ਹੈਂ ਤਿਨ ਕੋ ਭਗਵੰਤ ਕੀ ਪ੍ਰਾਪਤਿ ਕੇ ਰਸਤੇ ਮੈ ਕੋਈ ਬਿਘਨੁ ਰੋਕ ਭੇਖੋਂ ਕਾ ਅਭਿਮਾਨੁ ਨਹੀਂ ਕਰਤੇ ਵਾ ਮਨਨ ਕਰਨੇ ਹਾਰੇ ਪ੍ਰਤੱਖ ਰਸਤੇ ਮੇ ਅਨੰਦ ਮੇਂ (ਮਗੁਨ) ਮਸਤ ਹੂਏ ਹੂਏ ਚਲਤੇ ਹੈਂ ਔਰ ਮਨਨ ਕਰਨ ਵਾਲਜੋਂ ਕਾ ਧਰਮ ਕੇ ਸਾਥ ਸਨਬੰਧੁ ਹੈ। ਭਾਵ ਧਰਮ ਕੋ ਛੋਡਤੇ ਨਹੀਂ। ਦੋਨੋਂ ਤੁਕੋਂ ਕਾ ਅਰਥੁ ਪੂਰਬਵਤ ਜਾਨਣਾ॥14॥

ਨੰ.8.ਨਿਰਮਲ-ਸੰਤ ਪੰਡਿਤ ਸਾਧੂ ਸਿੰਘ ਜੀ ਪੀਲੀਭਤਿ (ਵੇਦਾਂਤੀ)

ਮਨਨ ਕਰਨੇ ਵਾਲਾ ਪਰਲੋਕ ਕੇ ਮਾਰਗ ਮੇਂ ਠਾਕ (ਰੋਕ) ਕੋ ਨਹੀਂ ਪ੍ਰਾਪਤ ਹੋਤਾ॥ ਤਾਤਪ੍ਰਿਯ ਯਹਹੈ, ਜੇਕਰ ਮਨਨ ਕਰਨੇ ਵਾਲੇਕੋ ਨਿਦਿਯਾਸਨ ਦੁਆਰਾ ਸ੍ਵਰੂਪਕਾ ਸਾਕਸ਼ਾਤਕਾਰ ਹੋ ਜਾਯ, ਤਬਤੋ ਕਿਸੀ ਲੋਕਕੋ ਉਸਕੇ ਪ੍ਰਾਣ ਗਮਨ ਨਹੀਂ ਕਰਤੇ॥ ਇਸੀ ਵਾਸਤੇ ਸ਼੍ਰੁਤੀਮੇਂ ਯਹ ਲਿਖਾਹੈ, ਜੋਕਿ ਵਿਦਵਾਨ ਕੇ ਪ੍ਰਾਣ ਕਹੀ ਕੋ ਗਮਨ ਨਹੀਂ ਕਰਤੇ॥ ਕਿੰਤੂ, ਬ੍ਰਹਮ ਸ੍ਵਰੂਪ ਹੁਆਹੀ ਵਿਆਪਕ ਬ੍ਰਹਮਭਾਵਕੋ ਪ੍ਰਾਪਤ ਹੋਤਾਹੈ; ਔਰ, ਜੇਕਰ ਸ੍ਵਰੂਪਕਾ ਗਿਯਾਨ ਨ ਹੋਵੇ, ਬੀਚਮੇਂ ਹੀ ਮਰ ਜਾਯ, ਤਬ ਉਤਮ ਲੋਕਨਕੋ ਪ੍ਰਾਪਤ ਹੋਤਾਹੈ॥ ਉਸ ਉਤਮ ਲੋਕਮੇਂ ਪ੍ਰਾਪਤੀ ਵਾਲੇਕੋ ਮਾਰਗਸੇ ਨਿਰੋਧ ਮਨਨਕੇ ਪ੍ਰਭਾਵਸੇ ਨਹੀਂ ਹੋਤਾ॥ ਕਿੰਤੂ, ਮਨਨ ਕਰਨੇ ਵਾਲਾ ਪੁਰਸ਼ (ਪਤਿ ਸਿਓ) ਸਤਕਾਰਸੇ ਪ੍ਰਤਿਸ਼ਠਤ ਗਮਨ ਕਰਤਾਹੈ; ਔਰ, ਸੋਈ ਪੁਰਸ਼ ਮਨਨਕੇ ਪ੍ਰਭਾਵਸੇ (ਮਗੁ) ਮਾਰਗ ਕੋ ਪੰਥ ਨ ਚਲੇ, ਪੈਦਲ ਨਹੀਂ ਜਾਤਾ, ਕਿੰਤੂ ਸਤਕਾਰਸੇ ਦਿਵਯ ਯਾਨ ਮੇਂ ਬੈਠਕਰ ਗਮਨ ਕਰਤਾਹੈ॥ ਇਸੀ ਪ੍ਰਕਾਰ ਮਨਨਕੇ ਪ੍ਰਭਾਵ ਸੇ ਧਰਮ ਰਾਜਕੇ ਸਾਥ ਸੰਬੰਧ ਹੋਤਾਹੈ॥ ਆਗੇਕੀ ਦੋ ਪੰਕਤੀਕਾ ਅਰਥ ਪੂਰਵ ਨਿਰਣਨੀਤਹੈ; ਪੂਰਵੋਕਤ ਅਰਥ ਮੇਂ ਪ੍ਰਮਾਣਕਾ ਨਿਰੁਪਣ ਕਰਤੇਹੈ॥5॥

ਅਰਥ॥ "ਤਿਸ ਵਿਦਵਾਨਕੇ ਪ੍ਰਾਣ ਤਥਾ ਇੰਦ੍ਰੀਗਣ ਦੇਹਸੇ ਉਤਥਾਨਹੋ ਕਰ ਕਹੀਕੋ ਨਹੀਂ ਜਾਤੇ॥ ਕਿੰਤੂ (ਅਤੈਵ ਸ੍ਰੰਨੀਯੰਤੇ) ਇਸੀ ਸਥਾਨਮੇਂ ਲੀਨ ਹੋਤੇਹੈ॥ ਜੀਵਨ ਮੁਕਤੀ ਦਸ਼ਾਮੇਂ ਬ੍ਰਹਮ ਸ੍ਵਰੂਪ ਹੁਆ ਹੀ (ਬ੍ਰਹਮੋਪਯੋਤੀ) ਬ੍ਰਹਮਮੇਂ ਲੀਨ ਹੋਤਾਹੈ॥"

ਅਰਥ॥ "ਧਰਮਰਾਜ ਕੇ ਪੁਰ ਮੇਂ ਗਮਨ ਕਰਨੇ ਕੋ ਚਾਰ ਮਾਰਗ ਹੈ॥ ਪਾਪੀ ਜੀਵਨ ਕੇ ਗਮਨ ਕਰਨੇ ਵਾਸਤੇ ਦਖਿਣ ਕੀ ਤਰਫ ਕਾ ਮਾਰਗ ਪੂਰਵ ਕਥਨ ਕਰਾ ਹੈ॥ ਜਿਸ ਮਾਰਗਮੇਂ ਅਨੇਕ ਕਲੇਸ਼ ਹੋਤਹੈ ਤਿਸ ਮਾਰਗਕਾ ਸੰਖੇਪ ਯਹਹੈ, ਛਿਯਾਸੀ ਹਜ਼ਾਰ ਯੋਜਨ ਵਿਸਤਾਰਹੈ, ਯਮਕੇ ਮਾਰਗਕਾ॥ ਪਰੰਤੂ, ਵੈਤਰਣੀ ਨਦੀਕੋ ਛੋੜਕੇ ਔਰ ਪਾਕ ਤਥਾ ਰੁਧਰ ਵਤ ਤਪਤ ਤੇਲ ਸਧਸ਼ ਜਲਵਾਲੀ ਵੈਤਰਣੀ ਨਦੀ ਸੌ ਯੋਜਨ ਵਿਸਤਾਰ ਵਾਲੀਹੈ ਅਤੇ ਤਿਸ ਮਾਰਗਮੇਂ ਅਤਿਅੰਤ ਪਾਪੀਯੋਂ ਕੋ ਕਲੇਸ਼ ਦੇਨੇ ਕੇ ਸਥਾਨ ਸ਼ੋਡਸ਼ ਪੁਰ ਆਤੇਹੈ:-

Sri Satguru Jagjit Singh Ji eLibrary NamdhariElibrary@gmail.com

ਸੌਮਯ 1, ਸੋਰੀਪੁਰ 2, ਨਗੇਨਦ੍ਰਭਵਨ 3, ਗੰਧਵਸ਼ੇਲ 4, ਆਗਮਪੁਰ 5, ਕ੍ਰੌਚਪੁਰ 6, ਤਰਪੁਰ 7, ਵਿਚਿਤ੍ਰਭਵਨ 8, ਬ੍ਰਾਹਮਪਦ 9, ਦੁਖਦ 10, ਨਾਨਾਕ੍ਰੰਦਪੁਰ 11, ਸੁਤਪਤਭਵਨ 12, ਰੌਦ੍ਰਪੁਰ 13, ਪਯੋਵਸ਼ਣ 14, ਸ਼ੀਤਾਡਚ 15, ਬਹੁਭੀਤਿਪੁਰ 16, ਇਨ ਸ਼ੋਡਸ਼ ਪੁਰੋਂਮੇਂ ਪਾਪੀਯੋਕੋ ਯਮਦੂਤ ਅਤਿਅੰਤ ਕਲੇਸ਼ ਦੇਤੇ ਹੁਏ ਪ੍ਰਾਪਤ ਕਰਤੇਹੈ, ਯਹ ਦਖਿਣ ਮਾਰਗਕਾ ਸੰਖੇਪਸੇ ਨਿਰੁਪਣ ਕਰਾਹੈ ॥ 49 ॥"

ਅਰਥ॥ "ਜੋ ਪੂਰਵ, ਉਤਰ, ਪਛਮਕੇ ਤੀਨ ਮਾਰਗੋਂ ਕਰਕੇ ਧਰਮਰਾਜਕੇ ਮੰਦਿਰਮੇਂ ਪ੍ਰਾਪਤ ਹੁਏਹੈ ਵਹ ਸੁਕ੍ਰਿਤ ਜਨ ਪੁਨਯੋ ਕਰਕੇ ਤਿਸ ਧਰਮ ਰਾਜਕੀ ਸਭਾਮੇਂ ਗਮਨ ਕਰਤੇਹੈ, ਤਿਨਕੋ ਸ੍ਰਵਣ ਕਰ ॥ 50 ॥

ਅਰਥ॥ ਤਿਸ ਯਮਪੁਰੀਮੇਂ ਏਕ ਪੂਰਵਕੀ ਤਰਫ ਕਾ ਮਾਰਗ ਹੈ॥ ਸਰਵ ਭਗੋਂ ਕਰਕੇ ਸਮਨਿਵਤ ਹੈ॥ ਤਥਾ ਕਲਪ-ਵ੍ਰਿਕਸ਼ ਕੀ ਛਾਯਾ ਕਰਕੇ ਆੱਛਾਦਿਤ ਰਤਨੋ ਕਰਕੇ ਮੰਡਿਤਹੈ ॥ 51 ॥

ਅਰਥ॥ "ਵਿਮਾਨੋਂ ਕੇ ਸਮੂਹੋਂ ਕਰਕੇ ਵਿਆਪਕ ਹੈ,ਤਥਾ ਹੰਸੋਂ ਕੀ ਪੰਕਤੀ ਸੇ ਸ਼ੋਭਾਯਮਾਨ ਹੈ ॥ ਵਿਸ਼ੇਸ਼ ਵਿਸ਼ਨੂਕੇ ਬਗੀਚੋਂਸੇ ਸੰਕੀਰਣ ਤਥਾ ਅਮ੍ਰਿਤਕੇ ਦ੍ਰਵ ਕਰਕੇ ਸੰਯੁਕਤਹੈ ॥ 52॥

ਅਰਥ॥ "ਬ੍ਰਹਮ ਰਿਸ਼ੀ ਪਵ੍ਰਿਤ ਤਥਾ ਨਿਰਮਲ ਰਾਜ ਰਿਸ਼ੀ ਔਰ ਅਪਸਰਨਕੇ ਤਥਾ ਗੰਧਰਵ ਵਿਦਿਆਧਰਨ ਕੇਗਣ ਤਥਾ ਬੜੇ ਬੜੇ ਦਿਵਯ ਰੂਪਕਾਰੀ ਸਰਪਨਕੇ ਗੁਣ ਉਸ ਧਰਮ ਰਾਜਕੀ ਪੁਰੀਮੇਂ ਤਿਸ ਪੂਰਵਕੇ ਮਾਰਗ ਕਰਕੇ ਪ੍ਰਾਵੇਸ਼ ਕਰਤੇਹੈ ॥ 53॥

ਅਰਥ॥ "ਦੇਵਤਾਵੋਂਕਾ ਆਰਾਧਨ ਕਰਨੇ ਵਾਲੇ ਤਥਾ ਅਨਯ ਸ਼ਿਵ ਭਕਤੀ-ਪਰਾਯਣ ਪੁਰਸ਼ ਔਰ ਗ੍ਰੀਸ਼ਮ ਕਾਲਮੇਂ ਪਿਯਾਓ ਕੇ ਲਗਾਨੇ ਵਾਲੇ, ਤਥਾ ਮਾਘ ਮੇਂ ਕਾਸ਼ਠਨ ਕਾ ਦਾਨ ਕਰਨੇ ਵਾਲੇ, ਉਸ ਪੂਰਵਕੇ ਮਾਰਗ ਸੇ ਜਾਤੇ ਹੈ ॥ 54॥

ਔਰ ਜੋ ਵਰਸ਼ਾ ਕਾਲਮੇਂ ਰਿਕ੍ਤ ਪੁਰਸ਼ੋਂਕੋ ਦਾਨ, ਮਾਨ,ਸੇ ਵਿਸ਼੍ਰਾਮ ਕਰਾਤੇਹੈ, ਤਥਾ ਦੁਖਿਤਕੋ ਦੇਖਕਰ ਪਰਮੇਸ਼੍ਵਰ ਸ੍ਵਸਥ ਅੰਮ੍ਰਿਤ ਕਰੇ, ਏਸੇ ਕਥਨ ਕਰਤੇਹੈਂ, ਔਰ ਜੋ ਦੁਖੀਕੋ ਆਸ੍ਰਮ ਦੇਤੇਹੈ, ਔਰ ਜੋ ਸਤਯ ਸੰਭਾਸ਼ਣਮੇਂ ਪ੍ਰੀਤੀਵਾਲੇਹੈਂ, ਤਥਾ ਜੋ ਕ੍ਰੋਧ ਲੋਭਸੇ ਰਹਿਤਹੈ, ਔਰ ਪਿਤਾ ਮਾਤਾਕੇ ਭਕਤ ਹੈ, ਗੁਰੁਕੀ ਸੇਵਾਸੇ ਨਹੀਂ ਉਥਾਨ ਹੋਤੇ, ਔਰ ਭੂਮੀ 1, ਗ੍ਰਹਿ 2 ਗੌ 3, ਵਿਦਿਆ 4, ਇਨਕੋ ਦੇਤੇਹੈ, ਔਰ ਪੁਰਾਣਕੇ ਵਕਤਾ ਤਥਾ ਸ੍ਰੋਤਾਹੈ; ਪਾਰਾਯਣਕੇ ਪਰਾਯਣਹੈ, ਯਹ ਪੁਣਯਾਤਮਾ,ਤਥਾ ਇਨਸੇ ਅਨਯ ਭੀ ਪੁਣਯਾਤਮਾਜਨ ਪੂਰਵਕੇ ਮਾਰਗਸੇ ਜਾਤੇਹੈ॥

ਔਰ, ਏਕ ਉਤਰ ਕਾ ਮਾਰਗ ਅਨੰਤ ਮਹਾਰਥੋਂ ਸੇ ਤਥਾ ਨਰਯਾਨੋਂ ਸੇ ਯੁਕਤ ਹਰਿ-ਚੰਦਨ ਸੇ ਮੰਡਿਤ ਹੈ॥ ਅਰਥਾਤ, ਉਸ ਮਾਰਗਮੇਂ ਨਰਯਾਨ ਪਾਲਕੀ ਆਦਿਕ ਤਥਾ ਮਹਾਰਥ ਪੁਰਸ਼ਭੀ ਨਿਵਾਸ ਕਰਤੇਹੈ॥ ਔਰ, ਉਸ ਮਾਰਗਮੇਂ ਅੰਮ੍ਰਿਤ ਦ੍ਰਵਸੇ ਪੁਰਣ ਮਾਨ ਸਰੋਵਰਹੈ॥ ਉਸ ਸਰੋਵਰਮੇਂ ਹੰਸ, ਸਾਰਸ, ਚਕ੍ਰਵਾਕ ਆਦਿਕ ਪਕਿਸ਼ਯੋਂਕੀ ਅਤਯਨਤ ਸ਼ੋਭਾਹੈ॥ ਤਿਸ ਮਾਰਗ ਕਰਕੇ ਯਹ ਵਸ਼ਯ-ਮਾਣ ਮਨੁਸ਼ਯ ਧਰਮਕੀ ਸਭਾਮੇਂ ਗਮਨ ਕਰਤੇਹੈ॥ ਜੋ ਵੈਦਿਕ ਕਰਮ ਕਰਤੇ ਹੈ, ਤਥਾ ਜੋਅਮ ਯਾਗਤਨ ਕਾ ਪੁਜਨ ਕਰਤੇਹੈ ਔਰ ਜੋ ਦੁਰਗਾ ਤਥਾ ਸੁਰਯਕਾ ਭਜਨ ਕਰਤੇਹੈ ਔਰ ਜੋ ਪਰਵਨਮੇਂ ਤੀਰਥ ਸਨਾਨ ਕਰਤੇਹੈ ਔਰ ਜੋ ਧਰਮ-ਯੁਦ ਮੇਂ ਤਥਾ ਅਨਸ਼ਨ ਵਰਤ ਕਰ ਮ੍ਰਿਤੁ ਹੁਯੇਹੈ, ਔਰ ਜੋ ਕਾਸ਼ੀਮੇਂ ਮਰੇਹੈ ਔਰ ਗੋਵੋਂਕੇ ਸਥਾਨਮੇਂ, ਤਥਾ ਵਿਧੀਸੇ ਤੀਰਥ ਜਲਮੇਂ

Sri Satguru Jagjit Singh Ji eLibrary NamdhariElibrary@gmail.com

ਮਰੇਹੈ, ਔਰ ਜੋ ਬ੍ਰਾਹਮਣਕੇ ਵਾਸਤੇ ਤਥਾ ਸ੍ਵਾਮੀਕੇ ਕਾਯਕ ਵਾਸਤੇ ਤਥਾ ਤੀਰਥ ਸ਼ੇਤ੍ਰੋਮੇਂ ਮਰੇਹੈ, ਔਰ ਜੋ ਦੇਵ-ਮੰਦਿਰਕੇ ਨਾਸ਼ਮੇਂ ਤਥਾ ਯੋਗਾਭ੍ਯਾਸਮੇਂ ਮਰੇਹੈ ਔਰ ਜੋ ਸਤਪਾਤ੍ਰਕਾ ਪੂਜਨ ਕਰਤੇ ਹੈ ਤਥਾ ਮਹਾਦਾਨਮੇਂ ਰਤਹੈ; ਯਹ ਸੰਪੂਰਣ ਉਤਰ ਮਾਰਗਸੇ ਧਰਮਕੀ ਸਭਾਮੇਂ ਪ੍ਰਵੇਸ਼ ਕਰਤੇਹੈ॥

ਔਰ ਏਕ ਪਛਮਕਾ ਮਾਰਗਹੈ॥ ਅਨੰਤ ਰਤਨੋਂਸੇ ਭੂਸ਼ਿਤਹੈ॥ ਅੰਮ੍ਰਿਤ ਰਸ ਯੁਕਤ ਜਲ ਪੂਰਣ ਜਲਾਸ਼ਯ ਕਰ ਸ਼ੋਭਤਹੈ॥ ਔਰ, ਏਰਾਵਤਕੇ ਕੁਲਮੇਂ ਹੋਨੇ ਵਾਲੇ ਮਤਸਿਯੋ ਕਰਕੇਸੋ ਮਾਰਗ ਵਿਆਪਤਹੋ ਰਹਾ ਹੈ॥ ਔਰ ਉਚੈ: ਸ਼੍ਵੇਤ-ਅਸ਼ਵਨਕੇ ਤੁਲਯ ਅਸ਼੍ਵੋ ਕਰਕੇ ਯੁਕਤਹੈ ਇਸ ਮਾਰਗ ਕਰਕੇ ਜੋ ਅਧਿਯਾਤ੍ਮ ਸ਼ਾਸ਼ਤ੍ਰਕੇ ਚਿੰਤਨਸੇ ਆਤਮ-ਪਰਾਯਣਹੈ,ਵਹ ਸਭਾਮੇਂ ਪ੍ਰਾਵੇਸ਼ ਕਰਤੇ ਹੈ॥ ਔਰ,ਜੋ ਵਿਸ਼ਨੂੰਕੇ ਅਨਨਯ-ਭਕਤਹੈ ਤਥਾ ਜੋ ਗਾਯਤ੍ਰੀ ਮੰਤ੍ਰਕਾ ਜਪ ਕਰਤੇਹੈ ਵਹਭੀ ਧਰਮ ਸਭਾਮੇਂ ਪ੍ਰਾਵੇਸ਼ ਕਰਤੇਹੈ॥ ਇਸੀ ਭਾਵਸੇ ਸ੍ਰੀ ਗੁਰੂ ਜੀ ਮਨਨ ਕੀ ਪ੍ਰਸੰਸਾ ਕਰਤੇ ਹੁਏ,

ਮਨੈ ਜਮਕੇ ਸਾਥ ਨ ਜਾਯ॥ ਮਨੈ ਧਰਮ ਸੇਤੀ ਸਨਬੰਧ॥

ਇਤ੍ਯਾਦਿ ਪਾਠਸੇ ਮਨਨ ਕਰਨੇ ਵਾਲੋਂਕੀ ਉਤਮ ਗਤੀ ਕਹਿਤੇਹੈ॥ ਔਰ ਜੋ ਪਰਹਿੰਸਾ, ਪਰਦ੍ਰਵ੍ਯ ਪਰਕੀ ਨਿੰਦਾ, ਇਨਸੇ ਪਰਾਮੁਖਹੈ, ਔਰ ਜੋ ਪਰਇਸਤ੍ਰੀ ਵਿਮੁਖਹੈ, ਤਥਾ ਅਗਨਿ-ਹੋਤ੍ਰ ਕਰਮਕੇ ਕਰਨੇ ਵਾਲੇ ਹੈ, ਔਰ ਨਿਸ਼ਕਾਮ ਵੇਦਪਾਠ ਕਰਨੇ ਵਾਲੇ ਹੈ, ਬ੍ਰਹਮਚਾਰ੍ਯ ਵਰਤਕੇ ਧਾਰਣ ਕਰਨੇ ਵਾਲੇ, ਵਨ ਮੇਂ ਤਪ ਕਰਨੇ ਵਾਲੇ ਲੋਸ਼ਟ, ਕਾਂਚਨ, ਪਾਸ਼ਾਣ ਕੋ ਸਮ ਦੇਖਨੇ ਵਾਲੇ ਸਨਿਯਾਸੀ ਲੋਗ; ਗਿਯਾਨ, ਵੈਰਾਗ੍ਯ ਸੰਪਨ, ਸਰਵ ਭੂਤਨ ਕੇ ਹਿਤਮੇਂ ਰਤਾ, ਸ਼ਿਵ, ਵਿਸ਼ਨੂਕੇ ਵਰਤ ਕਰਨੇ ਵਾਲੇ, ਬ੍ਰਹਮਮੇ ਸਰਵ ਕਰਮਨਕੋ ਸੰਪੂਰਣ ਕਰਨੇ ਵਾਲੇ, ਤੀਨ-ਰ੍ਰਿਣੋਂ ਸੇ ਵਰਜਿਤ, ਪੰਚ-ਯਮ ਮੇਂ ਪ੍ਰੀਤੀਵਾਲੇ, ਪਿਤਰਨਕੋ ਸ਼੍ਰਾਧ ਕਰਨੇ ਵਾਲੇ, ਵਿਹਿਤਕਾਲਮੇਂ ਸੰਧ੍ਯਾ ਕਰਨੇ ਵਾਲੇ, ਨੀਚਨਕੇ ਸੰਗਕੋ ਤ੍ਯਾਗ ਕਰ, ਸਤਸੰਗ ਪਰਾਯਣ ਯਹ ਪੁਰਵੋਕਤ ਸੰਪੂਰਣ ਅਪਸਰਨਕੇ ਗਣੋਂ ਸੇ ਯੁਕਤ, ਅੰਮ੍ਰਿਤ ਪਾਨ ਕਰਤੇ ਹੁਏ ਸ੍ਰੇਸ਼ਠ ਵਿਮਾਨਨ ਪਰ ਬੈਠ ਕਰ ਧਰਮ ਰਾਜਕੀ ਸਭਾਮੇਂ ਪ੍ਰਾਵੇਸ਼ ਕਰਤੇ ਹੈ॥ ਉਸ ਕਾਲਮੇਂ ਧਰਮ ਰਾਜ ਚਤੁਰਭੁਜ ਹੋਕਰ ਬੜੇ ਸਤਕਾਰ ਸੇ ਪੇਸ਼ਵਾਈ ਮੇਂ ਜਾਤਾਹੈ॥ 'ਆਇਯੇ ਬੜਾ ਆਨੰਦ ਹੁਆ';ਏਸੇ ਏਸੇ ਸ਼ਬਦਨਸੇ ਸਤਕਾਰ ਕਰਤਾਹੈ 424,426 ਯਹ ਸਰਵਹੀ ਵਿਸਤਾਰ ਪੂਰ੍ਵਕ ਗਰੂੜ ਪੁਰਾਣਮੇਂ ਪ੍ਰਤਿਪਾਦਨ ਕਰਾ ਹੈ ॥ 14॥

ਨੰ.9. ਸਾਧੂ ਪੰ. ਹਰਿਪ੍ਰਸਾਦ ਜੀ ਉਦਾਸੀਨ (ਵੇਦਿਕ ਮੁਨੀ)

ਇਸ਼੍ਵਰਕਾ ਨਾਮ ਮਨਨ ਕਰਨੇਸੇ ਧਰਮਕੇ ਮਾਰਗ ਕਰਮ ਯੋਗਮੇ ਸੰਸ਼ਯ-ਵਿਪ੍ਯ ਰੂਪੀ ਰੋਕ ਕੋ ਨਹੀਂ ਪਾਤਾ। ਇਸ਼੍ਵਰਕਾ ਨਾਮ ਮਨਨ ਕਰਨੇਸੇ, ਪ੍ਰਾਤਿਸ਼ਠਤਾ ਕੇ ਸਾਥ ਲੋਕ ਮੇਂ ਪ੍ਰਕਟ ਹੋਤਾ,ਅਰਥਾਤ ਲੋਕ ਪ੍ਰਸਿਧੀ ਕੋ ਪਾਤਾ ਹੈ ॥ 1॥

ਇਸ਼੍ਵਰਕਾ ਨਾਮ ਮਨਨ ਕਰਨੇਸੇ ਧਰਮਕੇ ਮਾਰਗ ਕਰਮ ਯੋਗਮੇਂ ਮਗਨ ਹੁਆ ਅਰਥਾਤ,ਏਕਾਗ ਚਿਤ ਹੁਆ ਚਲਤਾਹੈ। ਇਸ਼੍ਵਰਕਾ ਨਾਮ ਮਨਨ ਕਰਨੇਸੇ ਧਰਮ-ਭਾਈਯੋਂਕੇ ਸਾਥ ਧਰਮਕਾ ਸੰਬੰਧ ਦ੍ਰਿੜ ਹੋਤਾਹੈ॥ 2॥ ਦੇਖੋ ਮਨੁਸ਼ਯੋ! ਐਸਾ ਅਰਥਾਤ ਇਤਨੇ ਮਹਾਤ੍ਮ ਕਾ ਨਿਰਜੰਨ ਇਸ਼੍ਵਰ ਕਾ ਨਾਮ ਹੈ। ਯਦਿ ਕੋਈ ਮਨਨ ਕਰੇ, ਜਾਨੇ, ਕੌਨ ਮਨਨ ਕਰਤਾ ਹੈ ਅਰਥਾਤ ਵਿਰਲਾ ਕੋਈ ਮਨਨ ਕਰਤਾ ਹੈ॥ 3॥ 13॥

ਨੰ.10. ਭਾਈ ਵੀਰ ਸਿੰਘ ਜੀ (ਆਧੁਨਿਕ)

ਮੰਨ ਲੈਣ ਨਾਲ (ਮੰਨ ਲੈਣ ਵਾਲਾ ਫੇਰ ਵਾਹਿਗੁਰੂ ਦੇ) ਰਸਤੇ ਵਿਚ (ਕੋਈ) ਰੋਕ ਨਹੀਂ, ਪਾਉਂਦਾ। ਮੰਨ ਲੈਣ ਨਾਲ (ਮੰਨ ਲੈਣ ਵਾਲਾ) ਪਤ ਆਬਰੋ ਨਾਲ ਪ੍ਰਗਟ ਜਾਂਦਾ ਹੈ ॥ ਮੰਨ ਲੈਣ

Sri Satguru Jagjit Singh Ji eLibrary NamdhariElibrary@gmail.com

ਨਾਲ (ਮੰਨ ਲੈਣ ਵਾਲਾ, ਧਰਮ ਰਾਜਦੇ ਦਰਤੋਂ ਜੀਵਾਂਨੂੰ ਨਰਕ ਤੇ ਸੁਰਗ ਵਿਚ ਲੈ ਜਾਣ ਵਾਲੇ) ਰਸਤੇ ਉਤੇ ਨਹੀਂ ਚਲਦਾ, ਕਿਉਂਕਿ, ਮਨਨ ਕਰਕੇ ਧਰਮ ਨਾਲ (ਤਾਂ ਉਸਦਾ ਮੇੜ੍ਹੀ) ਸਨਬੰਧ ਹੋ ਗਿਆਹੈ। (ਬਾਕੀਦਾ ਅਰਥ ਪਿੱਛੇ 12 ਪਉੜੀਦੇ ਅੰਤ ਆ ਚੁਕਾਹੈ)॥

ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥ ਮੰਨੈ ਤਰੈ ਤਾਰੇ ਗੁਰ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥

ਨੰ.1. ਬਾਵਾ ਮਿਹਰਬਾਨ ਜੀ "ਮੀਣਾ"

ਤਿਸੁਕਾ ਪਰਮਾਰਥੁ:- ਜੇ ਪਰਮੇਸੁਰਕਾ ਨਾਉ ਸੁਣਿ ਕਰਿ ਮੰਨੇ, ਤਾ ਮੋਖ ਪਦਵੀ ਪਾਵੈ। ਜੇ ਪਰਮੇਸੁਰਕਾ ਨਾਮੁ ਮੰਨੇ, ਤਾਂ ਪਰਵਾਰ ਸੰਧਾਰ, ਪਰਉਪਕਾਰੀ ਹੋਵੇ, ਸਾਰੇ ਜਗਤ੍ਰਕਾ। ਜੇ ਪਰਮੇਸੁਰਕਾ ਨਾਉ ਮੰਨੇ, ਤਉ ਗੁਰੂ ਪੂਰਾ ਹੋਇ; ਸਿਖਾ ਕਾ ਉਧਾਰੁ ਹੋਇ, ਉਸਕੇ ਪੀਛੇ; ਜੇ ਪਰਮੇਸੁ ਕਾ ਨਾਮ ਮੰਨੇ, ਤਉ ਚਉਰਾਸੀਹ-ਲਖ ਜੀਆ ਕੀ ਜੂਨਿ ਮਹਿ ਭਿਖਿਆ ਮਾਗੈ ਨਾਹੀ, ਅਜੂਨੀ ਹੋਇ। ਏਹ ਪਰਮੇਸੁਰਕੋ ਨਾਵਕੋ 'ਸਿਮਰਨ','ਮੰਨਣ' ਮਹਿ ਹੈ। ਜੇਕੇ ਮੰਨਿ ਸਕੈ, ਮਨ ਕੇ ਵਿਖੇ ॥15॥

ਨੰ.2. ਭਾਈ ਮਨੀ ਸਿੰਘ ਜੀ 'ਸ਼ਹੀਦ'

ਜੋ ਵਾਹਿਗੁਰੂ ਦੇ ਨਾਮ ਨੂੰ ਮੰਨਦੇ ਹੈਨ, ਸੋ 'ਮੁਕਤ ਦਾ ਦੁਆਰਾ' ਜੋ 'ਸਾਧ-ਸੰਗਤਿ'ਹੈ ਉਸਨੂੰ ਮਿਲਕਰ 'ਗਿਆਨ'ਨੂੰ ਪ੍ਰਾਪਤ ਹੁੰਦੇ ਹਨ॥ ਅਰ ਜੋ ਵਾਹਿਗੁਰੂਦੇ ਨਾਮ ਨੂੰ ਮਨਦੇ ਹਨ, ਸੋ ਆਪਭੀ ਤਰਦੇ ਹੈਨ ਅਤੇ ਸਾਰੇ ਪਰਵਾਰ ਨੂੰ ਭੀ ਤਾਰਦੇ ਹਨ॥ ਤਾ ਸਿੱਧਾਂ ਕਹਿਆ ਕਿ,"ਪਰਵਾਰ ਤਾਂ ਗ੍ਰਿਹਸਤੀਆਂਦਾ ਹੋਂਦਾਹੈ, ਅਤੇ ਅਸੀਂਤਾਂ ਸਭ ਪਰਵਾਰਾਂਨੂੰ ਛੱਡਕੇ ਅਤੀਤ ਹੋਏਹਾਂ"॥ ਤਾਂ ਬਾਬਾ ਬੋਲਿਆ ਕਿ, 'ਗ੍ਰਹਸਤੀ ਦਾ ਕੁਟੰਬ ਪਰਵਾਰ ਹੈ, ਅਰ ਅਤੀਤਾਂ ਦੇ ਚੇਲੇ ਪਰਵਾਰ ਹੈਨ', ਸੋ ਓਨਾਂ ਦੇ ਕੁਟੰਬ ਦਾ ਉਧਾਰ ਹੁੰਦਾਹੈ, ਅਤੇ ਓਨਾਂ ਦੇ ਚੇਲਿਆਂ ਦਾ ਉਧਾਰ ਹੁੰਦਾਹੈ, ਅਰ ਸੰਤਾਂਦੇ ਪਾਸ ਬੈਠਣ ਵਾਲੇ ਜੋ ਜਗਿਆਸੀਆਂਦਾ ਉਧਾਰ ਹੋਦਾਹੈ ਤਾਂਤੇ ਜੋ ਵਾਹਿਗੁਰੂਦੀ ਸਿੱਖਿਆ ਮੰਨਦੇ ਹਨ,ਸੋ ਆਪਭੀ ਤਰਦੇ ਹਨ ਅਤੇ ਹੋਰਨਾਂ ਨੂੰਭੀ ਤਾਰਦੇ ਹਨ॥ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ, ਮੰਨਣ ਵਾਲੇ ਜਨਮਾਂ ਅਰ ਜੂੰਨਾਂਦੇ ਭੇਖਾਂਨੂੰ ਨਹੀਂ ਪ੍ਰਾਪਤ ਹੁੰਦੇ,ਸੋ ਐਸਾ ਨਾਮ ਵਾਹਿਗੁਰੂਦਾਹੈ,ਤਾਂਤੇ ਜੋਕੋਈ ਮੰਨਦੇ ਹਨ,ਸੋ ਆਪਣੇ ਮਨ ਵਿੱਚ ਉਸਦੇ ਮਰਾਤਬੇ ਨੂੰ ਜਾਣਦੇ ਹਨ॥15॥

ਨੰ.3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ)

ਇਸਕਾ ਅਰਥ॥ ਮਨਨਕੇ ਪ੍ਰਤਾਪਤੋਂ ਅਪਨੇ ਪਰਵਾਰ ਸਹਤ ਬੇਕੁੰਠ ਧਾਮਕੋ ਪ੍ਰਾਪਤਿ ਹੋਵੇਹੈਂ । ਗੁਰੋਕੀ ਸਿਖਯਾ ਮਨਨ ਸੋ 'ਆਪਿ ਤਰੈ ਸਗਲੈ ਕੁਲ ਤਾਰੇ" ਗੁਰ ਕਹੇਹੈ। ਮਨਨਤੇ 'ਭਵਹਿ ਨ ਭਿਖ'; ਕਿਆ ਬਹੁੜਿ ਸੰਸਾਰ ਚਕ੍ਰਮਹੁ ਦੇਵਾ ਕਿ ਕਹੁਕੇ 'ਦੀਨ' ਹੇਵਕੇ ਭ੍ਰਮੇਹੈ ਨਹੀ। ਐਸਾ ਨਾਮੁ ਨਿਰੰਜਨ ਕਾ ਹੈ। ਜੇ ਕੋਈ ਮਨਨ ਕਰਿ ਜਾਣੇ ਮਨ ਕਰਿਕੇ ਕੋਈ ॥15॥ ਇਤਿ ਸ੍ਰਵਣ-ਮਨਨ ਮਹਿਮਾ।

ਨੰ.4. ਸਾਧੂ ਅਨੰਦਘਨ ਜੀ (ਉਦਾਸੀਨ-ਪੁਰਾਣ ਕਥਾ ਵਾਚੀ)

ਮੰਨੈ ਪਾਵਹਿ ਮੋਖੁ ਦੁਆਰੁ॥

ਜੋ ਗੁਰੂ ਉਪਦੇਸ ਦਵਾਰਾ ਨਾਮਕੋ ਮਾਨੇਗਾ, ਤੋ ਮੁਕਤ ਦੁਆਰਾ ਪਾਵੇਗਾ। ਜੋ ਮੁਕਤ

Sri Satguru Jagjit Singh Ji eLibrary NamdhariElibrary@gmail.com

ਦਵਾਰਾ ਪਾਇਆ, ਤੋ ਮੁਕਤ ਦਵਾਰ ਕਾ ਮਾਲਕ ਹੂਆ; ਚਾਹੇ, ਤੇ ਔਰ ਕੋਭੀ ਮੁਕਤ ਦ੍ਵਾਰ ਵਿਖੇ ਪ੍ਰਵੇਸ ਕਰਾਵੇ, ਸੋਈ ਕਹਤੇ ਹੈ:- ਮੰਨੈ ਪਰਵਾਰੈ ਸਾਧਾਰੁ॥ ਜੋ ਮੰਨੇਗਾ; ਤੌ ਆਪਣੇ ਪਰਵਾਰ ਸੰਯਕੁਤ ਹੀ ਮੁਕਤ ਦਵਾਰ ਵਿਖੇ ਪ੍ਰਵੇਸ਼ ਕਰੇਗਾ ॥ ਮੰਨੈ ਤਰੈ ਤਾਰੇ ਗੁਰ ਸਿਖ॥ ਜੋ ਮਾਨੇਗਾ ਤੋ ਆਪ ਭੀ ਤਰੇਗਾ ਅਰ ਔਰ ਭੀ ਤਾਰੇਗਾ ॥ ਕਿਆ ਮਾਨੇਗਾ ? ਸੋਈ ਕਹਤੇਹੈ ॥ ਗੁਰੁ ਸਿਖ ਗੁਰੋਕੀ ਸਿਖ, 'ਸਿਖ' ਨਾਮਹੈ 'ਸਿਖਿਆ'ਕਾ; 'ਸਿਖਿਆ' ਨਾਮਹੈ ਉਪਦੇਸਕਾ ॥ ਮੰਨੈ ਨਾਨਕ ਭਵਹਿ ਨ ਭਿਖ। ਭਿਖ ਭਵਹਿ, ਨਾਮਹੈ ਭੀਖ-ਮਾਂਗਣੇਂਕਾ ॥ ਭੀਖ ਤੋਸੋ ਮਾਗਤਾਹੈ ਜੋ 'ਅਰਥੀ' ਹੋਤਾਹੈ॥ ਜਬ ਤਕਰ ਸਰੀਰਹੈ ਤਬ ਤਕਰ ਥੋੜਾਤੌ, ਜੋ ਬਹੁਤਾਤੌ, ਸੁਭਤੌ, ਅਸ਼ੁਭਤੌ, ਅਰਥਤੋ ਸਭਕੋ ਹੀਹੈ ॥ ਅਰਥ ਬਿਨਾਤੋ ਕੋਈਭੀ ਨਹੀਂ ॥ ਜੋ ਗੁਰੋਕਾ ਉਪਦੇਸ਼ ਸੁਣ ਕਰ ਇਸਨੇ ਮਾਨਾ, ਤੋ ਮਨਨ ਕੋ ਪ੍ਰਤਾਪ ਤੇ ਫੇਰ ਇਸਕੋ ਸਰੀਰ ਸਾਥ ਸਨਬੰਧਹੀ ਨ ਹੋਵੇਗਾ। ਫੇਰ ਅਰਥ ਕੈਸਾ ਅਰ ਭੀਖ ਕਿਸੀ ਕਹੀ? ਗੁਰੁਜੋ ਉਪਦੇਸ ਕਰੇਂਗੇ,ਸੋ ਨਾਮਹੀਕਾ ਉਪਦੇਸ ਕਰੇਂਗੇ॥

ਐਸਾ ਨਾਮੁ ਨਿਰਜੰਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥15॥

ਨਾਮ ਐਸਾਹੈ ਨਿਰੰਜਨ ਪਦਕੇ ਦੇਣੇ ਵਾਲਾਹੈ; ਗੁਰੂ ਉਪਦੇਸ ਦ੍ਵਾਰਾ ਮਨ ਵਿਖੇ ਮਾਨ ਸਕੈ ਸੋ ਮਾਨੈ, ਆਪਭੀ ਮੁਕਤ ਹੋਵੇਗਾ, ਆਪਣੇ ਕੁਲ ਕੋਭੀ ਮੁਕਤਿ ਕਰੇਗਾ; ਔਰੋਕੋ ਭੀ ਮੁਕਤ ਕਰੇਗਾ ॥15॥

ਨੰ.5.ਭਾਈ ਸੰਤੋਖ ਸਿੰਘਜੀ ਕਵੀ ਚੂੜਾਮਣੀ(ਨਿਰਮਲ-ਗਿਆਨੀ)

ਮੰਨੈ ਪਾਵਹਿ ਮੋਖੁ ਦੁਆਰੁ॥

ਜਿਨ੍ਹੋਨੇ ਕਰਯੇਹੈ ਮਨਨ, ਤਿਨਕੋ ਮੋਖ ਪ੍ਰਾਪਤ ਹੋਤਹੈ। ਕੌਨ ਮੋਖ? ਜੋ ਦੁਆਰ ਆਦਿਮੈਂ ਰਹਨਵਾਰੋ ਹੋਤਹੈ। ਅਰਥ ਕਿਆ? ਚਾਰ ਮੁਕਤਿਜੋ ਸਾਮੀਪਾਦਿ ਹੈਂ ਤਿਨਕੋ ਪਾਵਤਹੈਂ; ਵਾ, ਸਾਮੀਪਾਦਿ ਚਾਰਨਹੂੰ ਮੁਕਤਿਕੋ ਪਾਵਤਹੈਂ;ਵਾ,ਆਪਣੇ ਦੁਆਰਹੀ ਮੁਕਤਿਕੋ ਪਾਵਤਹੈਂ।[31] ਜੈਸੇ ਕਹਤਹੈਂ ਅਮਕੇ ਕੇਦਰ ਮੁਕਤ ਖਰੀ ਰਹਿਤਹੈ। ਕੰਵਾ, ਮਨਨ ਕਰਨਹਾਰੇ ਜੋਹੈਂ ਤਿਨਕੋ ਮੋਖ ਦੁਆਰਾ ਗਿਆਨਸੋ ਪ੍ਰਾਪਤਿ ਹੋਤਹੈ॥

ਮੰਨੈ ਪਰਵਾਰੈ ਸਾਧਾਰੁ॥

ਮਨਨ ਕਰਨਹਾਰੇ ਜੋਹੈਂ ਸੋਆਪਣੇ ਪਰਿਵਾਰਕੋਭੀ ਉਧਾਰਤੇਹੈਂ। ਜੋ ਸਨਬੰਧੀਹੈਂ ਤਿਨਕੋ ਭੀ ਕਾਲਸਾਨ ਕਰਤਹੈਂ; ਜੇ ਕੋਈ ਕਹੈ ਅਪਨੇ ਪਰਿਵਾਰਕੋਹੀ ਉਧਾਰਤੇਹੈਂ, ਕਿ ਔਰਕੋ ਭੀ? ਤਿਸ ਪਰ ਕਹਤ ਹੈਂ:-

ਮਨੈ ਤਰੈ ਤਾਰੇ ਗੁਰ ਸਿਖ॥

ਮਨਨ ਕਰਨਹਾਰੇ ਆਪਤੇ ਤਰਤੇਹੈਂ; ਜਗਤ ਰੂਪੀ ਸਮੁੰਦ੍ਰਤੇ,ਤਾਰਨ ਪਦਤੇ ਜਗਤ ਰੂਪੀ ਸਮੁੰਦ੍ਰਕੋ ਅਧਯਾਹਾਰ। 'ਤਾਰੇ ਗੁਰੁ ਸਿਖ' = ਜੋ ਕੋਈ ਆਦਿ ਕਰਿ ਸਿਖ ਹੋਤ ਹੈ ਤਿਸਕੇ ਗੁਰ ਹੋਇ ਕਰਿ ਉਧਾਰਤੇਂ ਹੈ।

ਮੰਨੈ ਨਾਨਕ ਭਵਹਿ ਨ ਭਿਖ॥

---

31. ਟਿੱਪਣੀਕਾਰ:- ਵੇਦ-ਪੁਰਾਣਾਂ ਵਿੱਚ ਚਾਰ ਸਾਕਾਰ ਮੁਕਤੀਆਂ ਹਨ:-1. ਸਲੋਕ, 2. ਸਮੀਪ, 3, ਸਰੂਪ, 4. ਸਯੁੱਜ; ਦੂਜੇ ਭਾਉ ਵੈਸ਼ਨਵਾਂ, ਸ਼ੈਵ ਤਾਂਤ੍ਰਿਕ ਸ਼ਾਕਤਾਂਦੇ ਹਨ; ਅਤੇ 1=ਅਦ੍ਵੈਤ ਨਿਰਗੁਣ ਮੁਕਤੀਆਂ ਦੇ ਹਨ: 1 ਜੀਵਨ ਮੁਕਤੀ, 2. ਵਿਦੇਹ ਮੁਕਤੀ॥

Sri Satguru Jagjit Singh Ji eLibrary NamdhariElibrary@gmail.com

ਮਨਨ ਕਰਨਹਾਰੇ ਭਿਖਯਾ ਕੇ ਲੈਣੇਕੋ ਅਰਥ ਏਹੋ ਕਰਿ ਕ੍ਰਮਤ ਨਹੀਹੈ। ਪਰਾਲਭਧ ਪਰ ਸੰਤੋਖ ਕਰਿ ਬੈਠਤਹੈਂ ਵਾ,ਦੇਵਤੇ ਸੂਰਜ ਚੰਦ੍ਰਾਦਿ ਪਾਸ ਵਰ ਕੀ ਭਿਖਯਾਕੇ ਲੈਣੇ ਹਿਤ ਮਨਕੋ ਨਹੀਂ ਕ੍ਰਮਾਵਤਹੈਂ, ਏਕ ਪਰਮਾਤਮਾ ਪਰ ਨਿਸਚਾ ਰਾਖਤ ਹੈਂ। ਵਾ'ਭਿਖ'ਨਾਮ ਭਵਿਖਤਕਾ ਕਾਲਕੋਂ, ਸੋ ਅਗਾਰੀਕੋਭੀ ਕ੍ਰਮਤ ਨਹੀਂਹੈਂ,ਚੋਰਾਸੀ ਜੂਨ ਮੈਂ; ਇਤਯਰਥ। ਇਨ ਚਾਰਨਿਹੀ ਤੁਕਨਮੇਂ ਉਭਯਾਬ੍ਰਿਤ ਦੀਪਕ ਅਲੰਕਾਰ ਹੈ। ਮੰਨੇ ਪਦ ਬਹੁਤ ਬੇਰ ਆਯੋ, ਅਰਥ ਭੀ ਵਹੀ ਰਹਯੋ। ਦੂਸਰੋ ਹੇਤਾਲੰਕਾਰ ਹੈ। ਮਨਨ ਕਰਨੋ ਕਾਰਨ, ਤਿਸਤੇ ਫਲ ਹੋਨੋਸੋ ਕਾਰਜ ਏਕ ਸੰਗਿਮੈਂ ਬਰਨਨਤੇ ਹੇਤਾ ਹੋਤਹੈ।

ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥15॥

ਐਸਾਹੈ ਮਨਨ ਜੈਸਾ ਪੀਛੇ ਕਹਿ ਆਏ ਹੈਂ, ਪ੍ਰੰਤੂ ਕਬ ਹੈ ਨਾਮੈ ਹੋਇ ? ਬਿਹੀਨ ਅੰਜਨ ਹੋਇ। ਜਾਂ ਇਕੇ ਬਿਖੇ ਮਨਨ ਕਰੇ; ਤਬ ਮਨਮੈਂ ਜਾਣੇ ਕੋਈ। ਇਤਯਰਥ। ਨਾਮੁ ਨਿਰੰਜਨ 'ਨਕਾਰ'ਕੀ ਬਰਨ ਮੈਤ੍ਰੀ ਤੇ ਬ੍ਰਿਤਯਾਨੁਪ੍ਰਾਸ; ਦੂਸਰੀ ਤੁਕਮੈਂ 'ਮਨਿ ਮਨਿ'ਮੈਂ ਯਮਕਕੋ'ਕੋ ਇਮੈਂ ਭੀ ਜਮਕ ਅਲੰਕਾਰਹੈ ॥ ਮਨਨ ਇਹਾਂ ਪੂਰ ਭਯੋ॥

ਨੰ.6.ਨਿਰਮਲ ਸੰਤ ਪੰਡਿਤ ਤਾਰਾ ਸਿੰਘ ਜੀ'ਨਰੋਤਮ'(ਖਟ-ਦਰਸ਼ਨੀ)

ਹੇ ਗੁਰ ਜਬ ਅਧਿਕਾਰੀ ਅਪਰੋਖ ਗਯਾਨਕੋ ਪਾਵੇਹੈ ਤਬ ਤਿਸਕੋ ਪਾਯ ਕਰ ਵਹੁ ਕਿਆ ਕਰੇ ਹੈ ?

ਯਹ ਸੁਨ ਗੁਰ ਦੋ ਤੁਕੋ ਸੇ ਉਤਰ ਕਹੈ॥
ਮੰਨੈ: ਪਾਵਹਿ ਮੋਖੁ ਦੁਆਰੁ॥ ਮੰਨੈ: ਪਰਵਾਰੈ ਸਾਧਾਰੁ॥
ਮੰਨੈ ਤਰੈ, ਤਾਰੇ ਗੁਰੁਸਿਖ॥ ਮੰਨੈਨਾਨਕ ਭਵਹਿ ਨ ਭਿਖ॥

ਮੰਨੈ ਇਤਿ॥ ਏ ਸਿਖ ਜਬ ਮਨਨ ਸੇ ਅਧਿਕਾਰੀ ਪਾਵੇਹੈ, ਮੋਖ ਦ੍ਵਾਰ ਕਹੀਯੇ ਮੁਕਤੀ ਕੇ ਮਾਰਗ ਗਯਾਨ ਕੋ; ਤਬ ਮਨਨਸੇ ਪਾਏ ਗਯਾਨਕੇ ਸਾਥਹੀ 'ਸਾ'ਨਾਮ, ਵਹੁ ਅਧਿਕਾਰੀ ਪੁਰਖ ਗਯਾਨੀਕਾ ਹੋਕਰ ਪਰੰਪਰਾਸੇ 'ਆਯੀ' ਜੋ ਗਯਾਨਕੇ ਸਪ੍ਰੰਦਾਯਕੋ ਧਾਰੇਹੈ; ਭਾਵ, ਆਪਭੀ ਆਗੇ ਅਧਿਕਾਰੀਯੋਕੋ ਉਪਦੇਸ ਦੇਵੇਹੈ॥ ਇਸੀ ਬਾਤਕੋ ਪੁਨਾ:ਸਪਸਟ ਕਰਤੇ ਹੂਯੇ ਗੁਰੁ ਮਨਨ ਪ੍ਰਸੰਸਾਕੀ ਸਮਾਪਤੀ ਕਰੇ ਹੈ॥ ਮੰਨੈ ਇਤਿ॥

ਮੰਨੇ ਕਹੀਯੇ ਮਨਨ ਸੇ ਅਧਿਕਾਰੀ ਮੁਕਤੀਕੇ ਸਾਧਨ ਗਯਾਨ ਵਾਲਾ ਹੋਕਰ ਅਗਯਾਨਸੇ, ਔ ਅਗਯਾਨਕੇ ਕਾਰਯਸੇ ਧਾਰ ਸਾਗਰ ਰੂਪ ਮਹਾਦੁਖਸੇ ਤਰੇ ਨਾਮ ਪਰਲੇ ਕਿਨਾਰੇ ਪਰਮਾਨੰਦ ਮੋਖਕੋ ਪ੍ਰਾਪਤ ਹੋਵੇਹੈ। ਜਿਸ ਮੁਕਤੀਕੋ "ਜਿਉ ਜਲ ਮੈ ਜਲ ਆਇ ਖਟਾਨਾ ਤਿਉ ਜੋਤੀ ਸਗਿ ਜੋਤਿ ਸਮਾਨਾ"(278:4) ਤਥਾ'ਜਿਹਤੇ ਉਪਜਿਆ ਨਾਨਕਾ ਸੋਈ ਫਿਰ ਹੋਯਾ"? ਇਤਯਾਦਿ ਬਚਨ ਕਹੇਹੈ॥ 'ਜਿਹਤੇ ਉਪਜਿਆ' ਜਿਸ ਪਰਮਾਨੰਦਸੇ ਉਪਾਧਿ-ਦ੍ਵਾਰਾ ਪ੍ਰਗਟ ਹੂਯਾ ਥਾ;ਰੋਗ,ਸੋਗ ਮੇਟਕੇ ਵਹੀ ਸਰਬਦਾ ਪਰਮਾਨੰਦ ਸ੍ਵਰੂਪ ਹੋ ਗਯਾ; ਯਹ ਕਹੈ, ਗੁਰੁ ਬਚਨਕਾ ਭਾਵਹੈ॥ ਪੁਨਾ,'ਤਾਰੇ ਗੁਰ-ਸਿਖ'ਕਹੀਯੇ, ਗਯਾਨਯਸੈ ਆਪ ਗੁਰੂਹੋ, ਹਰ ਅਪਨੇ ਸਮੀਪ ਆਏ ਸਿਖਨਕੋ ਮੋਖਕਾ ਸਾਧਨ'ਭਕਤੀ-ਸਹਿਤ-ਗਯਾਨ'ਦੇਕਰ ਸੰਸਾਰ ਸਾਗਰਸੇ ਤਾਰੇਹੈ। ਅਪਨੇ ਸ੍ਵਰੂਪ ਭੂਤ ਪਰਮਾਨੰਦ ਸਤ ਕੀ ਪ੍ਰਾਪਤੀ ਪੀਛੇ ਕਿਆ ਹੋਵੇ ਹੈ? ਯਹ ਸੁਨ ਗੁਰੁ ਕਹੇ॥ ਮੰਨੇ ਇਤਿ॥ ਮੰਨੇ ਕਹੀਯੇ; ਮਨਨਸੇ ਪਰਮਾਨੰਦ ਸ੍ਵਰੂਪਕੋ ਪ੍ਰਾਪਤਹੋ ਕਰ

Sri Satguru Jagjit Singh Ji eLibrary NamdhariElibrary@gmail.com

ਗਯਾਨੀ ਪੁਰਖ ਫੇਰ ਇਸ ਸੰਸਾਰ ਨਗਰਮੈ 'ਭਵੈ ਨ ਭਿਖ' ਕਹੀਐ, ਅਨਾਤਮ ਪਦਾਰਥੋਂ ਕੀ ਬਾਛਾ ਕਰਤਾ ਹੁਯਾ ਨਹੀ ਭ੍ਰਮਣ ਕਰੇ॥

ਯਾਹੀਤੇ ਗੁਰ ਕਹੇਹੈ, "ਤਬ ਹਰਖ ਸੋਗ ਕਹੁ ਕਿਸੇ ਬਯਾਪਤ"(290:19)॥ ਤਬ ਨਾਮ ਜਗਦੀਸਕੇ ਕੇਵਲ ਪਰਮਾਨੰਦ ਸ੍ਵਰੂਪਕੇ ਨਿਸਚੇ ਕਾਲ ਮੇਂ ਕੋਈ ਹਰਖ ਸੋਗਾਦਿ ਨਹੀ ਹੋਵੇ; ਯਹ ਗੁਰੁਬਚਨਕਾ ਭਾਵਹੈ।

ਮੰਨੈ ਨਾਨਕ ਭਵਹਿ ਨ ਭਿਖ॥ ਐਸਾ ਨਾਮੁ ਨਿਰੰਜਨੁ ਹੋਇ॥

ਜੈਸੇ ਸਤ-ਅਦੁਤੀ ਕੇ ਸ੍ਰਵਣ,ਮਨਨਕੀ ਗੁਰੁ ਜੀਨੇ ਪ੍ਰਸੰਸਾ ਲਿਖੀਹੈ, ਤੇਸੇ ਨਿਦਿਧਯਾਸਨਕੀ ਭੀ ਪ੍ਰਸੰਸਾ ਲਿਖੀ ਥੀ ॥ ਪਰੰਤੁ; ਗੁਰ ਪਹਲੇਕੇ ਸਮੇ ਸੇ ਜਬ ਉਸ ਪ੍ਰਸੰਸਾ ਸਹਿਤ 'ਜਪੁ' ਬਾਣੀਕਾ ਪ੍ਰਚਾਰ ਹੁਯਾ, ਤਬ ਕਿਸੀ ਸਿਖਨੇ ਕਿਸੇ ਮ੍ਰਿਤਹੋ ਗਏ ਪੁਰਖਕੇ ਉਪਰ ਉਸਕੇ ਸੰਬੰਧੀਯੋ ਕੀ ਬੇਨਤੀ ਸੁਨਕੇ 'ਜਪੁ' ਪੜ ਜਲਕੇ ਛਿਟੇ ਦੀਯੇ--ਦੇਨੇਸੇ ਵਹੁ ਜੀਓ ਉਠਾ॥ ਉਠਨੇ ਪੀਛੇ ਉਸਕੇ ਅਰ ਔਰ ਲੋਕੋ ਕੇ ਮੁਖਸੇ 'ਜਪੁ'ਕੇ ਪਾਠਕਾ ਬੜਾ ਆਸਚਰਜ ਰੂਪ ਮਹਾਤਮ ਸਭ ਜਗਾ ਫੈਲਤਾ ਹੁਯਾ ਗੁਰੁ ਜੀਕੇ ਸਮੀਪਭੀ ਪਹੁਚਾ॥ ਤਬ ਗੁਰੁ ਜੀਨੇ ਮ੍ਰਿਤ ਪੁਰਖਕੇ ਜੀਵਾਵਨੇਕੋ ਈਸ਼੍ਵਰਕੀ ਆਗਯਕਾ ਭੰਗ ਕਰਨਾ ਮਾਨਕੇ 'ਮੰਤ੍ਰ'ਕਾ ਪ੍ਰਭਾਵ ਨੂਯਨ ਕਰਨੇ ਹੇਤ ਨਿਦਿਧਯਾਸਨਕੀ ਪੌੜੀਆ ਕਾ ਲੋਪ ਕਰਦੀਆ॥ ਜੈਸੇ ਗਾਯਤ੍ਰੀ ਮੰਤ੍ਰਕੀ ਸਮਰਥਨ ਨਯੂਨ ਕਰੀ ਸ੍ਰਾਪਸੇ ਬਸਿਸਟ ਜੀਨੇ; ਯਹ ਗਾਥਾ ਬ੍ਰਿਧੋਸੇ ਸੁਨੀ ਜਾਵੇਹੈ[32] ਅਰ ਆਪਭੀ ਜਾਨ ਪੜੇਹੈ; ਅਵਸਯ ਗੁਰੁ ਜੀਨੇ ਇਸੀ ਸਬਬਸੇ ਲੋਪ ਕਰੀ ਹੋਗੀ,ਲਿਖਿ ਤੀਨੋ ਥੀ॥ ਕਾਹੇਤੇ, ਵੇਦਮੇ ਸਰਬ ਤੀਨੋਕਾ ਨੇਮਸੇ ਸਾਫ ਕਥਨਹੈ, ਅਰ ਗੁਰੁ ਜੀਨੇ ਗਾਵੀਯੇ, ਸੁਣੀਯੈਮੇ ਸਾਥ ਲਿਖੇਹੈ॥ ਯਾਤੇ ਦੋਕੇ ਮਹਾਤਮ ਦੇਖਨੇ ਸੇ ਏਕ ਕਾ ਨਾ ਦੇਖਨਾ ਲੋਪ ਸੇ ਹੀ ਬਨੇ ਹੈ, ਯਹ ਨਿਸਚਿਤ ਹੈ ॥15॥

ਨੰ.7. ਨਿਰਮਲ-ਸੰਪ੍ਰਦਾਈ ਗਿ:ਬਦਨ ਸਿੰਘ ਫਰੀਦਕੋਟ ਟੀਕਾ

ਮੰਨੈ ਪਾਵਹਿ ਮੋਖੁ ਦੁਆਰੁ॥
ਮੰਨੈ ਪਰਵਾਰੈ ਸਾਧਾਰੁ॥

---

32. ਟਿੱਪਣੀਕਾਰ:- ਓ. ਇਹ ਤੁਕ ਸ਼੍ਰੀਗੁਰੂਗ੍ਰੰਥਜੀ 'ਚ ਨਹੀਂਹੈ ਪਰਜੋ ਤੁਕਹੈ ਇਸਤਰ੍ਹਾਂਹੈ 1426:15:ਮ:9 "ਪਾਂਚ ਤਤਕੋ ਤਨੁ ਰਚਿਓ, ਜਾਨਹੁ ਚਤੁਰ ਸੁਜਾਨ॥ ਜਿਹਤੇ ਉਪਜਿਓ ਨਾਨਕਾ, ਲੀਨ ਤਾਹਿਮੈ ਮਾਨੁ॥11॥" ਜਿਸਦਾ ਸਿਧਾਂਤਕ ਅਰਥ ਹੈ: "ਜਿਨਾ ਪਾਂਚ ਤਤਕੋ ਤਨੁ ਰਚਿਓ" ਓਨਾਂ 5 ਮੂਲ ਰੂਪ ਤੱਤਾਂ ਤੋਂ ਜੋ 5 ਤਤ ਸ਼ਰੀਰ ਬਣਿਕੇ ਉਪਜਿਆਹੈ ਓਹੀ ਓਨ੍ਹਾਂ ਮੂਲ ਤੱਤਾਂ ਵਿੱਚ ਮ੍ਰਿਤੂ ਪਿੱਛੋ ਲੀਨ ਹੋ ਜਾਂਦੇ ਹਨ - ਪਰ ਜੀਵਾਤਮਾ ਨਾ ਕਦੀ ਜੰਮਿਆ ਹੈ ਨਾ ਮਰਦਾ ਹੈ; ਪੰ. 868:14 "ਇਹੁ ਅਪਰੰਪੁਰ ਹੋਤਾ ਆਇਆ॥ ਪਾਪ ਪੁੰਨਕਾ ਇਸੁ ਲੇਪੁ ਨ ਲਾਗੈ॥ ਘਟ ਘਟ ਅੰਤਰਿ ਸਦਹੀ ਜਾਗੈ॥3॥" ਜੇ ਜੀਵ ਇਕ ਵਾਰ ਪੈਦਾ ਹੋਸਕਦਾਹੈ ਤੇ ਮਰ ਸਕਦਾਹੈ ਤਾਂ ਨਾ ਚੰਗੇ ਮੰਦੇ ਕਰਮ ਫਲ ਤੇ ਕੌਖਦਾ ਕੋਈ ਮਤਲਬ ਨਹੀਂ; ਤੇ ਜੇ ਪੈਦਾ ਹੋਇਆ, ਤਾਂ ਬਾਰ ਬਾਰ ਕਿਉ ਪੈਦਾ ਨਹੀਂ ਹੋਸਕਦਾ, ਤਾਂਵੀ ਮੁਕਤੀਦਾ ਕੋਈ ਅਰਥ ਨਹੀਂ, ਆਦਿ ਬੇਅਰਥ ਬਿਬਾਦਹੈ ਜਾਂ ਵਿਤੰਡਾ ਕਰਣਾਹੈ॥ ਸੰਤ ਤਾਰਾ ਸਿੰਘਜੀਨੂੰ ਇਹ ਸਭ ਗਿਆਤਸੀ-ਐਥੇ ਕਿਯੂ ਨਹੀਂ ਲਿਖੇ-ਕਰਤਾ ਸੁਤੰਤਰ ਹੈ ! ਓਨ੍ਹਾਂਦੇ 'ਗੁਰਮਤ ਨਿਰਣਯ ਸਾਰਰ" ਵਿੱਚ ਚੰਗੀਤਰ੍ਹਾਂ ਇਹ ਵਿਚਾਰ ਨਿਖੇੜੇ ਹਨ, ਓਥੇ ਦੇਖ ਲੈਣਾ॥ ਅ. ਇਹ ਲੋਕ ਓਕਤੀ ਹੈ-ਜੋ ਸ਼੍ਰੀਗੁਰੁਬਾਣੀ, ਭਾ. ਗੁਰਦਾਸ ਬਾਣੀ ਤੇ ਸ਼੍ਰੀ ਗੁਰਗਮ ਪ੍ਰਿਥਾ ਅਨੁਸਾਰ ਬਿਲਕੁਲ ਗਲਤਹੈ: ਜਥਾ ਪ੍ਰਮਾਣ:- 1. ਮੂਲ ਮੰਤ੍ਰ ਤੇ, 2. ਜਪੁ ਨੀਸਾਨੁ ਦੋਨੋ ਆਦਿ ਬਾਣੀਆਂ "ਅਕਾਲ ਪੁਰਖੁ"ਪ੍ਰਦਾਨ ਸ਼੍ਰੀ ਜਗਦਗੁਰੂ ਨਾਨਕ ਦੇਵਜੀਨੂੰਸੀ ਜਿਸ ਕਾਰਣ ਮਹਲ ਸੰਕੇਤ ਨਹੀਂ, ਦੇਖੋ ਸ਼੍ਰੀਗੁਰਗ੍ਰੰਥਜੀ. ਮ:1, ਪੰ. 1040:19;*763:7;ਤ/ ਭਾ ਗੁਰਦਾਸ ਵਾਰ:1:24.1-8, ਉਥਾਨਕਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਆਦਿ॥

Sri Satguru Jagjit Singh Ji eLibrary NamdhariElibrary@gmail.com

ਮੰਨੈ ਤਰੈ ਤਾਰੇ ਗੁਰ ਸਿਖ॥
ਮੰਨੈ ਨਾਨਕ ਭਵਹਿ ਨ ਭਿਖ॥
ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥

ਮਨਨ ਕਰਨ ਹਾਰੇ ਮੁਕਤੀ ਦਾ ਦ੍ਵਾਰ ਗਜਾਨ ਜੋ ਹੈ ਸੋ ਪਾਵਤੇ ਹੈਂ। ਮਨਨ ਕਰਨ ਹਾਰੇ ਆਪਨੇ ਪਰਵਾਰ ਸਿਖ ਪੁਤ੍ਰ ਸੰਬੰਧੀਯੋਂ ਕੋ ਭੀ (ਸਾਧਾਰੁ) ਸੁੱਧੁ ਕਰ ਦੇਤੇ ਹੈਂ। ਵਾ ਸਹਤ ਅਧਾਰ ਕੇ ਕਰ ਦੇਤੇ ਹੈਂ ਭਾਵ ਪਰਮੇਸ੍ਵਰ ਪਰਾਇਣ ਕਰ ਦੇਤੇ ਹੈਂ। ਔਰ ਜੋ ਮਨਨ ਕਰਤੇ ਹੈਂ ਆਪ ਤਰਤੇ ਹੈਂ ਔਰ ਗੁਰੂ ਹੋਕੇ ਸਿਖੋਂ ਕੋ ਭੀ ਸੰਸਾਰ ਸਮੁੰਦ੍ਰ ਸੇ ਤਾਰ ਦੇਤੇ ਹੈਂ। ਸ਼੍ਰੀ ਗੁਰੂ ਜੀ ਕਹਤੇ ਹੈਂ ਮਨਨ ਕਰਨੇ ਹਾਰੇ ਫਿਰ (ਭਿਖ) ਚੌਰਾਸੀ ਮੇਂ ਨਹੀਂ ਭ੍ਰਮਤੇ ਜਥਾ-ਜਜੈ ਜਾਨੁ ਮੰਗਤੁ ਜਨੁ ਜਾਚੈ ਲਖਚੌਰਾਸੀਹ ਭੀਖ ਭਵਿਆ। ਵਾ ਕਿਸੇ ਕੇ ਦੀਨ ਹੋ ਕਰ ਨਹੀਂ ਫਿਰਤੇ। ਔਰ ਦੋਨੋਂ ਤੁਕੋਂ ਕਾ ਅਰਥੁ ਪੂਰ੍ਬ ਵਤ ਜਾਨੋ॥੧੫॥

ਨੰ.੪. ਨਿਰਮਲ-ਸੰਤ ਪੰਡਿਤ ਸਾਧੂ ਸਿੰਘ ਜੀ ਪੀਲੀਭਤਿ (ਵੇਦਾਂਤੀ)

ਹੇ ਭਗਵਾਨ! ਜੋ ਸ੍ਰਵਣ, ਮਨਨ ਕਰਤੇ ਹੁਏ ਸ੍ਵਰੂਪ ਸਾਖਾਸ਼ਤਕਾਰ ਸੇ ਵਰਤਿਜ ਬੀਚਮੇਂ ਮਰ ਗਯੇਹੈਂ,ਤਿਨਕੀ ਉਤਮ ਗਤੀ ਆਪਨੇ ਕਹੀ;ਔਰ,ਜਿਸਕੋ ਸਾਧਨ ਸੰਪਤਿਸੇ ਗਿਯਾਨ ਹੁਆਹੈ,ਤਿਸਕੀ ਵਿਯਵਸਥਾ ਕਹੋ॥ ਤਿਸ ਪਰ ਕਹਿਤੇਹੈਂ॥15:- 15 ਮਨਨਕੇ ਪ੍ਰਭਾਵਸੇ ਨਿਦਿਧਯਾਸਨ ਦੁਆਰਾ ਮੋਖਸ਼ਕਾ ਦੁਆਰ ਜੋ ਗਿਯਾਨਹੈ ਤਿਸਕੋ ਪ੍ਰਾਪਤ ਹੋਤਾਹੈ ॥ ਫਿਰ (ਸਾ) ਸੋ ਪੁਰਸ਼(ਪਰਵਾਰੇ) ਗਿਯਾਨਕੀ ਸੰਪ੍ਰਦਾਯਕੋ (ਧਾਰ) ਧਾਰਣ ਕਰਤਾਹੈ ਤਿਸਕੇ ਪਸਚਾਤ ਅਨਾਤਮ ਜਾਨਸੇ (ਤਰੈ) ਅਰਥਾਤ ਸੰਸਾਰਸੇ ਪਰ ਪਾਰ ਆਨੰਦ ਸ੍ਵਰੂਪ ਆਤਮ ਵਸਤੁਕੋ ਪ੍ਰਾਪਤ ਹੋਤਾਹੈ॥ ਔਰ ਆਪ (ਗੁਰੂ) ਉਪਦੇਸ਼ਕ ਹੋਕਰ ਸ਼ਿਸ਼ਯਨਕੋ ਸੰਸਾਰਸੇ ਤਾਰੇਹੈ॥ ਸ਼੍ਰੀ ਗੁਰੂ ਜੀ ਕਹਿਤੇਹੈ (ਭਿਖ) ਦੀਨ ਹੋਕਰ ਸੰਸਾਰਮੇਂ (ਭਵੈਨ) ਭ੍ਰਮਣ ਨਹੀਂ ਕਰਤਾ॥ ਤਾਤਪ੍ਰਿਯ ਯਹਹੈ, ਗਿਯਾਨਕੇ ਹੋਨੇਸੇ ਅਗਿਯਾਨਕੇ ਵਸ਼ ਹੁਆ ਪੁਨ:ਪੁਨ: ਜਨਮ ਮਰਣ ਰੂਪ ਵਿਨਾਸ਼ਕੋ ਨਹੀਂ ਪ੍ਰਾਪਤ ਹੋਗਾ॥ ਇਸੀ ਅਰਥਕੋ ਸ੍ਰੁਤੀ ਬੋਧਨ ਕਰਤੀਹੈ ਛਥਾਹਿ:- (ਬ੍ਰ. ਉਪ. ਅ. 4 . 4 ਸ੍ਰੁ. 14)

ਅਰਥ॥ ਇਸ ਅਨੇਕ ਦੁਖ ਸਥਾਨ ਦੇਹਮੇਂ ਵਰਤਮਾਨ ਹੁਏਹੀ ਅਗਿਯਾਨ ਨਿੰਦ੍ਰਾ ਮੋਹਿਤ ਹੋਨੇਸੇ ਬੜੇ ਭਾਰੀ ਕਲੇਸ਼ਸੇ ਹਮਨੇ ਤਿਸ ਬ੍ਰਹਮਤਤ੍ਵਕੋ ਆਤਮਰੂਪਸੇ ਜਾਨਾਹੈ॥ (ਚੇਤ) ਜੇਕਰ ਨ ਜਾਨਤੇ, ਤਬ ਜਨਮ ਮਰਣ ਪ੍ਰਵਾਹ ਰੂਪ ਬਹੁਤ ਬੜਾ ਵਿਨਾਸ਼ ਹੋਤਾ॥ ਜਿਨ੍ਹੋਨੇ ਬ੍ਰਹਮ ਤਤ੍ਵ ਕੋ ਆਤਮ-ਰੂਪ ਸੇ ਜਾਨਾ, ਵਹ ਜਨਮ-ਮਰਣ ਪ੍ਰਵਾਹਸੇ ਰਹਿਤ ਹੁਏਹੈ॥ ਅਰ ਇਤਰ ਜੀਵ ਕੇਵਲ ਦੁਖਕੋ ਹੀ ਪ੍ਰਾਪਤ ਹੁਏਹੈ ॥ ਇਸ ਸ਼੍ਰੁਤੀਸੇ ਯਹ ਸਿਧਿ ਹੁਆ; ਜੋਕਿ ਆਤਮ ਗਿਯਾਨਸੇ ਸੰਸਾਰਮੇਂ ਦੀਨ ਵਤ ਭ੍ਰਮਣ ਨਹੀਂ ਕਰਤਾ;ਇਸ ਵਾਸਤੇ ਮਨਨ ਅਤਿਅੰਤ ਪ੍ਰਸ਼ੰਸਤਹੈ, ਅਵਸ਼ਯ ਕਰਨਾ ਯੋਗਯ ਹੈ ॥15॥

ਨੰ.੯. ਸਾਧੂ ਪੰ. ਹਰਿਪ੍ਰਸਾਦ ਜੀ ਉਦਾਸੀਨ (ਵੈਦਿਕ ਮੁਨੀ)

ਇਸ਼ਰਕਾ ਨਾਮ ਮਨਨ ਕਰਨਸੇ ਮੋਕਸ਼ਕੇ ਦ੍ਵਾਰ(ਦਰਵਾਜੇ)ਗਿਯਾਨਕੋ ਪਾਤਾਹੈ। ਇਸ਼੍ਵਰਕਾ ਨਾਮ ਮਨਨ ਕਰਨੇਸੇ ਅਪਨੇ ਪਰਿਵਾਰਕੋ ਸਾਸ੍ਰੇਯ (ਸਨਾਥ) ਬਨਾਤਾ, ਅਰਥਾਤ ਅਪਨੇ ਕਟੁੰਭੀਯੋਂਕਾ ਸਹਾਰਾ ਬਨਤਾਹੈ ॥1॥ ਇਸ਼੍ਵਰਕਾ ਨਾਮ ਮਨਨ ਕਰਨੇਸੇ ਆਪ ਸਸਾਰ-ਸਾਗਰਸੇ ਤਰਤਾ,

Sri Satguru Jagjit Singh Ji eLibrary NamdhariElibrary@gmail.com

ਅਰਥਾਤ ਪਾਰ ਹੋਤਾ ਔਰ ਗੁਰੂ ਹੋ ਕਰ ਸਿਸ਼ੀਯੋਕੋ ਤਾਰਤਾ (ਪਾਰ ਕਰਤਾ)ਹੈ। ਇਸ਼ਵਰਕਾ ਨਾਮ ਮਨਨ ਕਰਨੇਸੇ ਭਿਖਸੂਹੋ ਕਰ ਦਰ-ਦਰ ਨਹੀਂ ਡੋਲਤਾ,ਅਰਥਾਤ ਸਦਾ ਦਾਤਾ ਹੋਤਾਹੈ, ਭਿਖਮੰਗਾ ਨਹੀਂ ਹੋਤਾ, ਯਹ ਨਾਨਕਕਾ ਦਰਸ਼ਨ ਨਾਨਕਕੀ ਦ੍ਰਿਸ਼ਟੀਹੈ ॥ 2॥ ਦੇਖੋ ਮਨੁਸ਼ਯੋ! ਏਸਾ ਅਰਥਾਤ ਇਤਨੇ ਮਹਿਤਵਕਾ ਨਿਰੰਜਨ ਇਸ਼੍ਵਰਕਾ ਨਾਮਹੈ। ਯਦਿ ਕੋਈ ਮਨਨ ਕਰੇ, ਜਾਨੇ, ਕੌਨ ਮਨਨ ਕਰਤਾਹੈ ? ਅਰਥਾਤ ਵਿਰਲਾ ਕੋਈ ਮਨਨ ਕਰਤਾ ਹੈ॥ 34॥

ਭਾਸ਼ਯ- ਪਹਿਲੇ ਇਸ਼੍ਵਰ ਨਾਮਕੇ ਸ਼੍ਰਵਣਕਾ ਮਾਹਾਤਮਯ ਕਹਾ ਗਯਾ। ਅਬ ਉਸਕੇ ਮਨਨਕਾ ਮਹਾਤਮੇਯ ਚਾਰ ਪਰਵੋਂ ਮੇਂ, ਜਿਨਕੇ ਸਬ ਮੰਤ੍ਰ 12 ਹੈ, ਕਹਾ ਜਾਤਾਹੈ। ਮਨਨ ਸ਼ਬਦਕਾ ਪ੍ਰਯੋਗ, ਜਹਾਂ-ਜਹਾਂ ਸ਼ਾਸਤ੍ਰਮੇਂ ਆਤਾਹੈ, ਵਹਾਂ ਸ੍ਵਤੰਤ੍ਰ ਉਸਕਾ ਅਰਥ 'ਸਮਝਨਾ' ਹੋਤਾਹੈ। ਯਹਾਂ, ਇਸ਼੍ਵਰਕੇ ਨਾਮਕੋ ਸੁਨ ਕਰ ਉਸਕੇ ਅਰਥ ਨਾਮੀ ਇਸ਼੍ਵਰਕੇ ਸ੍ਵਰੂਪਕਾ ਅਛੀ ਤਰਹਿ ਸਮਝਨਾ, ਇਸ਼੍ਵਰ ਨਾਮਕੇ ਮਨਨਕਾ ਅਰਥ ਅਭਿਪ੍ਰੇਤ ਹੈ। ਜੋ ਮਨੁਸ਼ਯ ਸਾਵਧਾਨ ਹੁਆ ਅਰਥ ਗਿਯਾਨ ਪੂਰਵਕ ਜਗਤ ਕਰਤਾ ਇਸ਼੍ਵਰਕੇ ਨਾਮਕਾ ਉਚਾਰਣ ਕਰਤਾ ਅਥਵਾ ਦੂਸਰੇਕਾ ਉਚਾਰਣ ਕਿਯਾ ਹੁਆ ਸੁਨਤਾਹੈ ਔਰ ਫਿਰ ਉਸਕੇ ਅਰਥ ਨਾਮੀ ਇਸ਼੍ਵਰਕੇ ਸ੍ਵਰੂਪ ਕਾ ਮਨਨ ਕਰਤਾ, ਅਰਥਾਤ ਸਾਧਕ-ਬਾਧਕ ਯੁਕਿਤੀਯੋ ਕੋ ਉਪਯੋਗਮੇਂ ਲਾਕਰ ਉਸ (ਇਸ਼੍ਵਰ)ਕੇ ਸ੍ਵਰੂਪਕੋ ਅਛੀ ਤਰਹਿ ਸਮਝਤਾਹੈ ਔਰ ਸ਼ਰਧਾ-ਭਕਤਿਕੇ ਸਾਥ ਉਸਮੇਂ ਨਿਮਗਨ ਹੁਆ ਰਾਤਿਨਿਦ੍ਵਾ ਕਰਤਵਯ-ਬੁਧਿ ਸੇ ਕਰਮੋਂਕੋ ਕਰਤਾਹੈ, ਉਸਕੋ ਵਹ ਸਬ ਫਲ ਪ੍ਰਾਪਤ ਹੋਤਾਹੈ, ਜੋ ਮਨਨਕੇ ਚਾਰੋਂ ਪਰਵੋਂਮੇਂ ਕਥਨ ਕਿਯਾਹੈ। ਚਾਰੋਂ ਪਰਵੋਂਕੇ ਮੰਤ੍ਰੋਕਾ ਅਰਥ ਅਨੁਵਾਦਸੇ ਸਟੁਟਹੈ, ਭਾਸ਼ਯ ਆਵਸ਼ਯਕ ਨਹੀਂ॥ 15॥

ਨੰ.10. ਭਾਈ ਵੀਰ ਸਿੰਘ ਜੀ (ਆਧੁਨਿਕ)

ਮੰਨ ਲੈਣ ਨਾਲ (ਮੰਨ ਲੈਣ ਵਾਲਾ) ਮੁਕਤਿਦਾ ਦੁਆਰ ਪਾ ਲੈਂਦਾਹੈ (ਜਦੋਂ ਉਹ ਇਸ ਤਰ੍ਹਾਂ ਜੀਉਂਦਾ ਮੁਕਤ ਪਦਤੇ ਅਪੜ ਪੈਦਾਹੈ ਤਾਂ ਅਲੱਗ ਨਹੀਂ ਬੈਠਦਾ,ਉਹ) ਪਰਵਾਰਨੂੰ ਆਧਾਰ ਸਹਿਤ ਕਰਦਾਹੈ,(ਸਾਧਾਰਦਾਹੈ ਭਾਵ ਉਨ੍ਹਾਂਨੂੰ ਨਾਮਦਾ ਆਸਰਾ ਦੇਂਦਾਹੈ;(ਪਰਵਾਰਹੀ ਨਹੀਂ ਸਗੋਂ) ਮੰਨ ਲੈਣ ਨਾਲ ਤਾਰਦਾਹੈ ਸਿਖਾਂਨੂੰ ਤੇ ਤਰਦਾਹੈ ਗੁਰੂ (ਆਪ)। ਮੰਨ ਲੈਣ ਵਾਲਾ ਭਿੱਖਿਆ ਨਹੀਂ ਮੰਗਦਾ ਫਿਰਦਾ,ਹੇ ਨਾਨਕ। (ਅੰਤਲੀਆਂ ਤੁਕਾਂ ਦਾ ਅਰਥ ਪਿਛੇ ਆ ਚੁਕਾਹੈ)॥ 15॥

ਵਯਾਖਯਾ:- ਇਨ੍ਹਾਂ ਚਾਰ ਪਉੜੀਆਂਦੇ ਅਰਥ ਤਾਂ ਆ ਚੁਕੇ ਪਰ ਇਨ੍ਹਾਂਦਾ ਭਾਵ ਸਮਝਣ ਲਈ ਕੁਛ ਹੋਰ ਗਲਾਂਦੀ ਵਿਵੇਚਨਾ ਕਰਨੇਦੀ ਲੋੜਹੈ, ਜੋ ਇਸ ਪ੍ਰਕਾਰਹੈ:-

1.ਵੇਦਾਂਤ ਵਿਚ ਮੰਨਣਦਾ ਅਰਥਹੈ ਸੁਣੈ ਹੋਏ ਸ਼ਾਸਤ੍ਰ ਵਾਕਾਂਦਾ ਵਾਰ ਵਾਰ ਵਿਚਾਰ ਕਰਨਾ; ਯਾ ਪ੍ਰਸ਼ਨੋਤਰ ਕਿ ਸ਼ੰਕਾ ਸਮਾਧਾਨ ਦੁਆਰਾ ਨਿਸ਼ਚਯ ਕਰਨਾ। ਪਰ ਇਨ੍ਹਾਂ ਪਉੜੀਆਂ ਵਿਚ ਮੰਨੇਦਾ ਭਾਵ ਈਸ਼ਵਰਦੇ ਨਾਮਦਾ ਮਨਨਹੈ। ਇਹ ਗਲ ਇਨ੍ਹਾਂ ਪਉੜੀਆਂ ਦੇ ਆਰੰਭ ਵਿਚਹੀ ਸਪਸ਼ਟਹੋ ਜਾਂਦੀ ਹੈ, ਯਥਾ :-

ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥

2. 'ਮੰਨੈ' ਪਦ ਦਾ ਮੂਲ ਹੈ ਮੰਨਣਾ। ਮੰਨਣਾ ਪਦਦੇ ਦੋ ਮੂਲ ਹਨ:-

(ਓ) ਸੰਸਕ੍ਰਿਤ, ਮਾਨਨ। ਹਿੰਦੀ, ਮਾਨਣਾ। ਪੰਜਾਬੀ ਮੰਨਨਾ=ਸਤਿਕਾਰ ਕਰਨਾ, ਸ੍ਵੀਕਾਰ ਕਰਨਾ। ਯਥਾ:-

Sri Satguru Jagjit Singh Ji eLibrary NamdhariElibrary@gmail.com

ਮੰਨੀਐ ਸਤਿਗੁਰ ਪਰਮ ਬੀਚਾਰੀ॥

(ਅ) ਦੂਸਰੇ ਦਾ ਮੂਲ ਹੈ: ਸੰਸਕ੍ਰਿਤ, ਮਨਨ। ਹਿੰਦੀ, ਮਨਨ। ਪੰਜਾਬੀ। ਮੰਨਣਾ। ਜਿਸਦਾ ਅਰਥਹੈ ਵੀਚਾਰ ਕਰਨਾ, ਮਨ ਵਿਚ ਧਾਰਨ ਕਰਨਾ। ਇਨ੍ਹਾਂ ਚਾਰ ਪਉੜੀਆਂ ਵਿੱਚ ਦੂਸਰਾ ਅਰਥ ਲਗਦਾ ਹੈ। ਇਹ ਅਰਥ ਚੌਥੇ ਗੁਰੂ ਜੀਨੇ ਆਪਹੀ ਦੱਸਿਆਹੈ।

"ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ॥" (1241:13)

3. ਇਨ੍ਹਾਂ ਪਉੜੀਆਂ ਵਿਚ 'ਮੰਨੈ' ਦਾ ਅਰਥ ਇਹ ਹੈ, ਜੋ ਉਪਰ ਅੰਕ 2 ਵਿੱਚ ਦੱਸਿਆਹੈ। ਹੁਣ ਵੀਚਾਰ ਇਹ ਰਹੀ; ਕਿ ਕੀਹ ਇਹ ਸ਼ਾਸਤ੍ਰ ਵਿਚ ਕਥੇ 'ਮਨਨ' ਮਾਤ੍ਰਦਾ ਲਖਾਇਕਹੈ ਯਾ ਕੁਛ ਵਿਸ਼ੇਸ਼ਦਾ ? ਇਨ੍ਹਾਂ ਪਾਉਂੜੀਆਂਦੀ ਘੋਖਨਾ ਦੱਸ ਦੇਂਦੀਹੈ ਕਿ ਪਿਛੇ ਨਾਮ ਸੁਣਨ ਵਿਚ ਨਾਮ ਧਾਰਨ ਆਗਿਆਹੈ ਤੇ ਉਸ ਦਾ ਫਲ (ਵਿਗਾਸ)= ਨਾਮ ਰਸ ਆਗਿਆਹੈ। ਹੁਣ ਮੰਨੇ ਵਿਚ ਨਾਮ ਸੁਣਕੇ, ਸਵੀਕਾਰ ਕਰਕੇ, ਵਾਰੰਵਾਰ ਅਭਯਾਸ ਕਰਕੇ ਧਾਰਨ ਕਰਨਾਹੈ। ਇਸ ਮਨਨ ਨੇ 'ਮੰਨੈ ਪਾਵਹਿ ਮੋਖੁ ਦੁਆਰੁ' ਤਕ ਲੈ ਜਾਣਾਹੈ। ਭਾਵ ਇਹ ਹੋਇਆ ਕਿ 'ਮੰਨੇ' ਪਦ ਵਿਚ ਸ਼ਾਸਤ੍ਰੀ ਬੋਲੀਦਾ ਕੇਵਲ ਮਨਨ ਮਾਤ੍ਰ ਨਹੀਂ--ਪਰ 'ਨਿਧਯਾਸਨ' ਵੀ ਸ਼ਾਮਲਹੈ। ਕਿਉਂਕਿ ਮੋਖ ਦੁਆਰਦੀ ਪ੍ਰਾਪਤੀ ਸਾਖਯਾਤਕਾਰਹੈ; ਸਾਖਯਾਤਕਾਰ ਨਿਧਯਾਸਨਦੇ ਮਗਰੋਂ ਹੁੰਦਾਹੈ। ਤੀਸਰੇ ਗੁਰਾਂਦਾ ਵਾਕਹੈ:-

ਜਿਨੀ ਸੁਣਿ ਕੇ ਮੰਨਿਆ ਤਿਨਾ ਨਿਜ ਘਰਿ ਵਾਸੁ॥ (27:13)

ਫਿਰ ਚਉਥੇ ਸਤਿਗੁਰਾਂ ਫੁਰਮਾਇਆ ਹੈ:- ਨਾਇ ਮੰਨਿਐ ਪਤਿ ਪਾਈਐ ਹਿਰਦੇ ਹਰਿ ਸੋਈ॥ (1241:5)

ਅਰਥਾਤ- ਨਾਮ ਦਾ ਨਾਮੀ 'ਹਰਿ' ਹਿਰਦੈ ਵਿਚ ਦਿੱਸ ਪੈਦਾ ਹੈ। ਪਾਤਸ਼ਾਹੀ ਚੌਥੀ ਦਾ ਹੋਰ ਵਾਕ ਹੈ:-

'ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ॥' (645:18)

4. ਨਾਮਦੇ ਮਨਨਨੇ ਕੀਕੂੰ ਸਾਖਯਾਤਕਾਰ ਤੱਕਲੈ ਜਾਣਾਹੈ ? ਇਸਦੀ ਵਿਵੇਚਨਾ ਇਸ ਪ੍ਰਕਾਰ ਹੈ:-

ਨਾਮਦਾ ਜਦ ਜਪ ਕਰੀਦਾਹੈ ਤਾਂ ਮਨ ਜਾਣਦਾਹੈ ਕਿ ਮੈਂ ਈਸ਼ਵਰਦੇ ਨਾਮਦਾ ਉਚਾਰਨ ਕਰ ਰਿਹਾਹਾਂ। ਅਰਥਾਤ ਨਾਮ ਜਿਸਦਾਹੈ ਉਸਦਾ ਸਾਧਾਰਨ ਗਯਾਨ ਲੈਕੇ ਨਾਮ ਜਪੀਦਾਹੈ। ਇਸ ਕਰਕੇ ਇਹ ਨਾਮ, ਅਭਯਾਸ ਨਾਲ ਮਨ ਵਿਚ ਸਿਮਰਨ ਬਣ ਜਾਂਦਾਹੈ। ਇਸ਼ਵਰਦਾ ਗੁਣ-ਗਯਾਨਤੇ ਸਰੂਪ-ਗਯਾਨ ਮੰਨ ਵਿਚ ਦੇ ਸਿਮਰਨਦਾ ਵਿਸ਼ਯ ਹੁੰਦਾਹੈ। ਮਾਨੋ ਸਿਮਰਨ ਕਰਨ ਵਾਲਾ, ਤੇ ਸਿਮਰਨ, ਤੇ ਜਿਸਨੂੰ ਸਿਮਰਦਾਹੈ ਤ੍ਰੈਂਹਾਂ ਦਾ ਭਾਵ ਅੰਦਰ ਚਲਦਾਹੈ। ਇਹ ਸਿਮਰਨ ਮਨ ਦੇ ਪਹਿਲੇ ਹਿੱਸੇਦਾ ਕਰਤਵਯਹੈ। ਫਿਰ ਸੂਖਮ ਹੁੰਦਾ ਨਾਮ ਮਨਦੇ ਹੇਠ ਉਤਰਦਾਹੈ ਤੇ ਉਸਦੇ ਸ਼ੁੱਧ ਭਾਗ ਵਿੱਚ ਜਾਂਦਾਹੈ ਤਾਂ ਲਿਵਦੀ ਸ਼ਕਲ ਬਣਦੀਹੈ, ਭਾਵ ਪ੍ਰਵਾਹ ਸੁਤੇ ਚਲਦਾਹੈ, ਆਪਾ ਲੀਨਹੋ ਜਾਂਦਾਹੈ। ਇਸਤੋਂ ਅਗੇ ਨਾਮ ਜਦ ਮਨ ਦੇ ਅੰਤ ਉਸਦੀ ਸੀਮਾ ਤੇ ਜਾ ਅਪੜਦਾਹੈ ਤਾਂ ਮਨ ਅਮਨ (ਅ+ਮਨ) ਹੋ ਜਾਂਦਾਹੈ;'ਮੈਂ ਨਾਹੀ ਪ੍ਰਭ ਸਭ ਕਿਛੁ ਤੂਹੈ'ਵਾਲੀ ਅਵਸਥਾ ਘਟਦੀ ਹੈ। ਇਥੋਂ ਸਾਈ ਦੀ ਮਿਹਰ ਸਾਈਂ ਵਿਚ ਇੰਜ ਲਿਜਾਂਦੀਹੈ; ਇਹ ਮੋਖ ਦੁਆਰਦੀ ਅੱਪੜਹੈ। ਇਹ ਅਵਸਥਾ ਬਹੁਤ ਦੁਰਲਭਹੈ, ਕੋਈ ਵਿਰਲਾ ਇਥੇ ਅਪੱੜਦਾਹੈ,

Sri Satguru Jagjit Singh Ji eLibrary NamdhariElibrary@gmail.com

ਇਸ ਕਰਕੇ ਸ਼ੁਰੂ ਵਿਚਹੀ ਕਿਹਾਹੈ, 'ਜੇ ਕੋ ਮੰਨਿ ਜਾਣੈ ਮਨਿ ਕੋਇ॥' ਜੇ ਕੋਈ ਮਨ ਵਿਚ ਵਸਾਕੇ ਨਾਮਦਾ ਮਨਨ ਕਰਨਾ ਜਾਣੇ ਤਾਂ ਉਸਨੂੰ ਪਤਾ ਲਗੇ ਕਿ 'ਨਾਮ' ਆਪ ਹੀ ਨਿਰੰਜਨਹੈ।

5. ਜਦ ਨਾਮ ਨਿਰੰਜਨਹੈ ਤਾਂ ਉਹ ਅਵਸਥਾਤਾਂ ਨਿਰੰਜਨ ਪ੍ਰਾਪਤੀਦੀ ਹੋਈ,ਕਿਉਂਕਿ ਦੋ ਅੱਡ ਅੱਡ ਨਿਰੰਜਨ ਨਹੀਂਹੋ ਸਕਦੇ, ਨਾਮ ਨਾਮੀ ਦੀ''ਅਭੇਦਤਾ''ਹੋਣ ਕਰਕੇ ਨਾਮ ਨਾਮੀ ਦੁਹਿ ਨਿਰੰਜਨ ਹਨ,ਇਸੇ ਕਰਕੇ ਪਉੜੀਦੇ ਸ਼ੁਰੂ ਵਿੱਚ ਫੁਰਮਾਇਆਹੈ:ਕਿ,ਜਿਸਨੂੰ ਅਸੀਂ'ਮੰਨੈ'ਕਰਕੇ ਕਹਿ ਰਹੇਹਾਂ ਉਹ ਬਹਤੁ ਵਡੀ ਵਸਤੂਹੈ। ਜਿਸਨੂੰ ਇਹ ਮੰਨਨ ਪ੍ਰਾਪਤ ਹੁੰਦਾਹੈ ਉਸਦੀ ਗਤੀ ਅਕਾਉ ਪਹੁੰਚ ਵਰਣਨ ਨਹੀਂਹੋ ਸਕਦੀ। ਕਿਉਂ ਨਹੀਂਹੋ ਸਕਦੀ ? ਕਿ ਉਹ ਗਤੀ ਨਿਰੰਜਨ ਵਿਚਲੈ ਜਾਂਦੀਹੈ; ਤੇ ਨਿਰਜੰਨ ਅਕੱਥ ਹੈ;ਸੋ'ਮੰਨੇ'ਦੀ ਗਤੀ ਅਕੱਥਹੈ। ਜੇਕੋ ਹੀ ਕਹੇਗਾ ਤਾਂ ਪਛੁਤਾਏਗਾ; ਕਿਉਂਕਿ ਕਹਿਕੇ ਪਤਾ ਲਗੇਗਾ,ਕਿ ਅਜੇ ਹੋਰ ਕਹਿਣਾ ਬਾਕੀ ਸੀ, ਕਿਉਂਕਿ, ਉਹ ਗਤੀ ਨਿਰੰਜਨ ਦੀਸੀ ਜੋ ਅਨੰਤ ਦੀਸੀ। ਕਾਗਤ, ਕਲਮ, ਲਿਖਣਹਾਰ ਤੇ ਵੀਚਾਰ ਕਰਨਹਾਰ ਸਾਰੇ ਅੰਤ ਵਿੱਚ ਹਨ, ਓਹੰ ਅਨੰਤਦਾ ਵਰਣਨ ਨਹੀਂ ਕਰ ਸਕਦੇ।

6. ਪਰ ਇਹ ਆਖਕੇ ਗੁਰੂ ਜੀ ਫੇਰ ਆਪ'ਮੰਨੇ'ਦੀ ਬਾਬਤ ਤ੍ਰੈ ਪਉੜੀਆਂ ਉਚਾਰਦੇ ਹਨ। ਵੀਚਾਰਕੇ ਪੜ੍ਹਿਆਂ ਪਤਾ ਲਗਦਾਹੈ: ਕਿ ਗੁਰੂ ਜੀ ਮੰਨੇਦੀ ਸੰਪੂਰਣ ਗਤੀਦਾ ਵਰਣਨ ਨਹੀਂ ਕਰਦੇ, ਉਸ ਦੀਆਂ 'ਪ੍ਰਾਪਤੀਆਂ'ਦਾ ਵਰਣਨ ਕਰਦੇ ਹਨ। ਇਸ ਲਈ ਕਿ ਜੇ ਜਗਯਾਸੂਆਂਨੂੰ ਇਹਬੀ ਪਤਾਨਾ ਲਗੇ ਕਿ ਮਨਨ ਦੇ ਲਾਭਕੀ ਹਨ, ਤਾ ਉਹਨਾਂਨੂੰ ਲਗਣੇਦੀ ਰੁਚੀ ਕੀਕੁੰ ਹੋਵੇ ? ਉਹਿ ਲਾਭਭੀ ਫਿਰ ਸਾਰੇ ਨਹੀਂ ਦਰਸਾਏ, ਪਰ ਮੋਟੇ ਮੋਟੇ ਉਹ ਦਰਸਾਏ ਹਨ, ਜਿਨ੍ਹਾਂਨੂੰ ਲੈਕੇ ਜਗਯਾਸੂ ਸੰਸਾਰਤੋਂ ਚਿੱਤ-ਬ੍ਰਿਤੀ ਮੋੜਕੇ ਪਰਮਾਰਥ ਵਿਚ ਲਗਾਹੈ ਤੇ ਜਿਨ੍ਹਾਂਨੂੰ ਪ੍ਰਾਪਤ ਕਰਨਾ ਚਾਹੁੰਦਾਹੈ, ਜਿਹਾਕੁ ਸੁਰਤ ਮਨਤੇ ਬੁੱਧੀਦਾ ਉੱਜਲ ਹੋਕੇ ਆਤਮ ਵਿਸ਼ੇਣੀ ਹੋ ਜਾਣਾ ਜਨਮ-ਮਰਨ ਕਟ ਜਾਣਾ, ਮੋਖ ਪ੍ਰਾਪਤਹੋ ਜਾਣਾ। ਸਿੱਖ ਪਾਕੇ ਫੇਰ ਗੁਰਮੁਖ ਪਦ-ਪਰਵਾਰਤੇ ਜਗਤ ਉਧਾਰੋ ਦੀ ਸ਼ਕਤੀ ਮਿਲ ਜਾਣੀਤੇ ਇਤਨਾ ਕੁਛ ਪਾਕੇ 'ਭਵਹਿ ਨ ਭਿਖ'ਅਰਥਾਤ ਬਿਰਤੀ ਨੇ ਨਿਰਚਾਹ ਰਹਿਣਾ, ਕਿਸੇ ਸੰਗ ਵਿਚ ਨਾ ਜਾਣਾ, ਨਿਰਲੇਪ ਰਹਿਣਾ।

ਨਿਰੁਕਤ:- ਮੰਨੈ ਉਹ ਪੁਰਖ ਜਿਸਨੇ ਮਨਨ ਕੀਤਾ ਹੈ। ਮੰਨੈ:- ਮਨਨ ਕਰਨੇ ਨਾਲ। ਮੰਨੈ ਤੋਂ ਭਾਵ ਨਾਮ ਤੋਂ,ਦਾ ਮੰਨਣਹੈ, ਜੋ 12 ਵੀਂ ਪਉੜੀ ਤੋਂ ਹੀ ਪਤਾ ਲਗ ਜਾਦਾ ਹੈ: 'ਐਸਾ ਨਾਮੁ ਨਿਰਜੰਨੁ ਹੋਇ। ॥ ਜੇ ਕੋ ਮੰਨਿ ਜਾਣੈ ਮਨਿ ਕੋਇ॥

ਇਸ ਅਰਥ ਦੀ ਵਿਸ਼ੇਸ਼ ਪ੍ਰੋਢਤਾ ਅੱਗੇ ਲਿਖੀਆਂ ਟਾਕਰੇਤੇ ਦਿਤੀਆਂ ਤੁਕਾਂ ਤੋਂ ਹੋ ਜਾਦੀ ਹੈ:-

ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਨਾਇ ਮੰਨਿਐ ਸੁਰਤਿ ਉਪਜੈ ਨਾਮੇ ਮਤਿ ਹੋਈ॥
ਮੰਨੈ ਸਗਲ ਭਵਣ ਕੀ ਸੁਧਿ॥ ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ॥
ਮੰਨੈ ਮੁਹਿ ਚੋਟਾ ਨਾ ਖਾਇ॥ ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ॥
ਮੰਨੈ ਜਮ ਕੈ ਸਾਥਿ ਨ ਜਾਇ॥ ਮੰਨੇ ਨਾਉ ਸੋਈ ਜਿਣਿ ਜਾਇ॥ ਹਰਿ ਗੁਣ ਰਮਤ ਨਾਹੀ ਜਮ ਪੰਸ॥

ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮਨਿ ਜਾਣੈ ਮਨਿ ਕੋਇ॥
ਮੰਨੈ ਮਾਰਗਿ ਠਾਕ ਨ ਪਾਇ॥ ਨਾਇ ਮੰਨਿਐ ਭਵਜਲੁ ਲੰਘੀਐ ਫਿਰ ਬਿਘਨੁ ਨ ਹੋਈ॥

Sri Satguru Jagjit Singh Ji eLibrary NamdhariElibrary@gmail.com

ਮੰਨੈ ਪਤਿ ਸਿਉ ਪਰਗਟੁ ਜਾਇ॥ ਨਾਇ ਮੰਨਿਐ ਪਤਿ ਪਾਈਐ ਹਿਰਦੇ ਹਰਿ ਸੋਈ॥
ਨਾਮ ਨਿਰੰਜਨ ਉਚਰਾਂ ਪਤਿ ਸਿਉ ਘਰਿ ਜਾਈ॥
ਨਾਨਕ ਨਾਮਿ ਰਤੇ ਪਤਿ ਹੋਇ॥
ਪੁਨਾ:- ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ॥

ਮੰਨੈ ਮਗੁ ਨ ਚਲੈ ਪੰਥੁ॥
ਮੰਨੈ ਧਰਮ ਸੇਤੀ ਸਨਬੰਧੁ॥
ਐਸਾ ਨਾਮੁ ਨਿਰੰਜਨੁ ਹੋਇ॥ ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ
ਜੇ ਕੋ ਮੰਨਿ ਜਾਣੈ ਮਨਿ ਕੋਇ॥
ਮੰਨੈ ਪਾਵਹਿ ਮੋਖੁ ਦੁਆਰੁ॥ ॥ ਗੁਰਮਤਿ ਮਾਨਆ ਮੋਖ ਦੁਆਰੁ॥
ਨਾਇ ਮੰਨਿਐ ਸ਼ਾਂਤਿ ਊਪਜੈ ਹਰਿ ਮੰਨਿ ਵਸਾਇਆ॥
ਮੰਨੈ ਪਰਵਾਰੈ ਸਾਧਾਰੁ॥ ਨਾਇ ਮੰਨਿਐ ਕੁਲੁ ਉਧਰੇ ਸਭੁ ਕੁੰਟਬੁ ਸਬਾਇਆ॥
ਮੰਨੈ ਤਰੈ ਤਾਰੇ ਗੁਰ ਸਿਖ॥ ਨਾਇ ਮੰਨਿਐ ਸੰਗਤਿ ਉਧਰੇ ਜਿਨ ਰਿਦੇ ਵਸਾਇਆ
ਨਾਇ ਮੰਨਿਐ ਸੁਣਿ ਉਧਰੇ ਜਿਨ ਰਸਨ ਰਸਾਇਆ॥
ਮੰਨੈ ਨਾਨਕ ਭਵਹਿ ਨ ਭਿਖ॥ ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ॥

ਗਤਿ:-ਹਾਲਤ,ਪਹੁੰਚ,ਪ੍ਰਾਪਤੀ,ਫਲ,ਚਾਲ, ਅਵਸਥਾ, ਰਸਤਾ ਆਦਿ। ਕਾਗਦਿ ਕਲਮ-(ਫਾਰਸੀ, ਕਾਗਜ਼। ਅ:, ਕਲਮ) ਕਾਗਦਿ=ਕਾਗਤ, ਕਾਗਜ਼। ਕਲਮ-ਲਿਖਣ। ਨਿਰੰਜਨੁ-ਨਿਰ+ਅੰਜਨ=ਮਾਯਾ ਤੋਂ ਨਿਰਲਿਪਤ। ਸ਼ੁੱਧ, ਪਵਿਤ੍ਰ। ਵਾਚਕ ਤੇ ਵਾਚਯ ਅਭੇਦ ਰੂਪ ਹੁੰਦੇ ਹਨ ਯਾ ਨਾਮ ਨਾਮੀ ਦੀ ਅਭੇਦਤਾ' ਦੇ ਨਿਯਮ ਅਨੁਸਾਰ ਨਾਮ ਬੀ ਨਿਰੰਜਨ ਹੈ।ਜੈਸੇ ਵਾਕ ਹੈ:- ਨਾਮੁ ਨਿਰੰਜਨੁ ਅਤਿ ਅਗਮ ਅਪਾਰਾ॥

ਪੁਨਾ:- ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਸੁਝਾਏ।

(ਅ) ਸੰਪ੍ਰ:ਅਰਥ ਇਹ ਬੀ ਹੈ: ਨਾਮ ਐਸਾ ਨਿਰੰਜਨ ਰੂਪਹੈ ਕਿਜੋ ਉਸਦਾ ਮਨਨ ਕਰੇ ਓਹੀ ਉਸਦੇ ਰਸਨੂੰ ਜਾਣਦਾਹੈ। ਮੰਨਿ ਜਾਣੈ- ਮਨਨ ਕਰਨਾ ਜਾਣੇ। (ਅ) ਮਨਿ=ਮਨ ਵਿਚ। ਸੁਰਤਿ-'ਸੁਰਤਿ' ਪਦਦਾ ਮੂਲ ਕੋਸ਼ਕਾਰਾਂਨੇ ਸਿਮ੍ਰਿਤਿ ਮੰਨਿਆਹੈ ਤੇ ਇਸਦੇ ਅਰਥ ਕੀਤੇ ਹਨ:- ਸਮਰਣ, ਚੇਤਨਾਂ, ਸੁਧਿ, ਧਯਾਨ। ਗੁਰਬਾਣੀ ਵਿਚ ਇਹ ਪਦ ਗਯਾਤ, ਬ੍ਰਿਤੀ, ਚੇਤਨਾ, ਧਯਾਨ, ਵਿਸ਼ੇਸ਼ ਪ੍ਰੀਤ, ਸੁਧਰ ਸਿਮ੍ਰਿਤ, ਸ਼ੁ੍ਰਤੀ ਅਨੇਕਾਂ ਅਰਥਾਂ ਵਿਚ ਆਇਆਹੈ। ਚੌਥੇ ਸਤਿਗੁਰੂ ਨੇ ਬੀ ਫੁਰਮਾਯਾਹੈ:-ਨਾਇ ਮੰਨਿਐ ਸੁਰਤਿ ਉਪਜੈ ਨਾਮੇ ਮਤਿ ਹੋਈ"(1242:9) ਫਿਰ ਜਪੁਜੀ (ਪਉੜੀ 36) ਵਿਚ ਲਿਖਿਆਹੈ:-

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥

ਇਥੈ 'ਮਨਿ' ਪਦ ਵਿਚ ਸਿਆਹੀ ਇਸਤ੍ਰੀ-ਲਿੰਗਦਾ ਚਿੰਨ੍ਹ ਹੋ ਕੇ ਦੱਸਦਾਹੈ ਕਿ 'ਮਨਿ' ਤੋਂ 'ਮਨੀਖਾ' ਮੁਰਾਦਹੈ। ਸੁਰਤਿ=ਕਨਸ਼ਅਸ (concious), ਮਨਿ=ਮਨੀਖਾ=ਇਨਟੈਲੀਜੈਨਸ (intelligence), ਬੁਧਿ=ਰਿਜਨ(region)ਏਹ ਸੁਰਤਿ ਮਨਿ ਬੁਧਿ ਆਦਿ ਸਾਡੀ ਗਯਾਤ'ਸ਼ਕਤੀ' ਦੇ ਅੰਗ,ਯਾ ਦਰਜੇ ਹਨ ਜਿਨ੍ਹਾਂਦਾ ਕੰਮਹੈ ਗਯਾਨ ਪ੍ਰਾਪਤੀ। ਕਾਰਜ-ਕਾਰਜ ਕਾਰਣ ਆਦਿ ਚੇਤਨਾ ਨਾਲ, ਯਾ ਤਰਕ 'ਵਿਤ੍ਰੇਕ' ਅਨੁਮਾਨ ਆਦਿ ਨਾਲ ਸਿਧਾਂਤ ਤੇ ਅਪੱੜਣਾ

Sri Satguru Jagjit Singh Ji eLibrary NamdhariElibrary@gmail.com

ਸਾਡੀ ਇਸ ਹਾਲਤ ਦਾ ਕੰਮ ਕਰਨੇਦਾ ਤਰੀਕਾਹੈ। ਪ੍ਰੰਤੂ; ਨਾਮ ਦੇ ਮਨ ਵਿਚ ਮਨਨ ਕਰਨ ਨਾਲ ਗਯਾਨ ਦੇ ਸਾਰੇ ਅੰਗ ਆਤਮਾਨੂੰ ਨਿਸ਼ਚਿਤ ਕਰਨ ਵਾਲੇਹੋ ਜਾਂਦੇ ਹਨ, ਜੈਸੇ ਵਾਕ ਹੈ:-
'ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥ (1242:2)

ਇਹ ਉਤਮ ਮਤਿ ਫੇਰ 'ਸੁਧਿ' ਬਣ ਜਾਂਦੀਹੈ। 'ਸੁਧਿ' ਉਹ ਗਯਾਤਹੈ ਜੋ ਸਿੱਧੀ ਤੇ ਸੁਤੇ ਹੀ ਸਤਯ ਗਯਾਨ ਤੇ ਅੱਪੜਦੀਹੈ। ਇਸ ਵਿਚ ਭ੍ਰਮ ਭ੍ਰਾਂਤੀਦੀ ਅੰਸ਼ਹੀ ਨਹੀਂ ਹੁੰਦੀ। ਇਹ ਸ੍ਵਯੰ 'ਸਤਯ'ਨੂੰ ਲਖ ਲੈਂਦੀਹੈ। ਇਸ ਕਰਕੇ ਇਸਦੀ ਤਾਰੀਫ ਇਹ ਕੀਤੀਹੈ ਕਿ ਇਹ ਦੇਵਤਿਆਂ ਵਿਚ,ਯਾ ਪੂਰਨ-ਪੁਰਖਾਂ ਵਿਚ ਹੁੰਦੀਹੈ। 'ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ'ਯੋਗ ਦਰਸ਼ਨ ਵਿਚ ਸ਼ਾਯਦ'ਰਿਤੰਭਰਾ ਤਤ੍ਰ ਪ੍ਰਗਯਾ'[33] ਇਸੇਨੂੰ ਕਿਹਾਹੈ।(ਅ) 1852, 1886 ਬਿ: ਵਿਚ ਟੀਕਾਕਾਰਾਂ ਵਲੋਂ ਏਹ ਅਰਥ ਬੀ ਕੀਤੇ ਗਏ ਸਨ:-

ਮਨ ਵਿਚ ਤੇ ਬੁਧਿ ਵਿਚ (ਸ਼ੇਸ਼ਟ) ਸੁਰਤਿ ਹੋ ਆਉਂਦੀ ਹੈ।

ਚੋਟਾ- (ਪੰਜਾਬੀ) ਸੱਟਾਂ। ਭ੍ਰਮ ਰੂਪੀ ਸੱਟਾਂ। ਯਥਾ:- ਭਾਗਹੀਨ ਭ੍ਰਮਿ ਚੋਟਾ ਖਾਵਹਿ।ਪੁਨਾ:-"ਜਮ ਦਰਿ ਬਧਾ ਚੋਟਾ ਖਾਏ॥ ਪਰ ਨਾਮ ਮੰਨ ਲੈਣ ਨਾਲ ਜਮ ਦੀਆਂ,ਯਾ,'ਕਾਲ ਦੀਆਂ ਚੋਟਾਂ ਨਹੀਂ ਖਾਂਦਾ'। ਠਾਕਿ-(ਪੰਜਾਬੀ) ਰੋਕ।ਭਾਵ,ਉਸਨੂੰ ਕੋਈ ਰੋਕ ਨਹੀਂ ਅਗੋਂ ਮਿਲਦੀ;ਯਥਾ:-"ਠਾਕਿ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁ ਪ੍ਰਸੰਨ॥ ਪਰਗਟੁ-(ਸੰਸ:, ਪ੍ਰਗਟ) ਜ਼ਾਹਰ, ਪ੍ਰਤੱਖ। ਲੁਕਾ ਛਿਪਾ ਬਿਨਾ॥ ਮਗੁ-(ਸੰਸ:, ਮਾਰਗ 1 ਪ੍ਰਾ:, ਮਗ) ਰਸਤਾ।ਪੰਥੁ-(ਸੰਸ:, ਪੰਥੁ) ਰਸਤਾ, ਮਗ। ਇਕ ਅਰਥਦੇ ਦੋ ਪਦ 'ਪੰਥ' ਤੇ ਮਾਰਗ ਕੱਠੇ ਵਰਤਣੇ ਗੁਰਬਾਣੀਦਾ ਮੁਹਾਵਰਾਹੈ ਤੇ ਦੋ ਪਦ ਵਰਤਕੇ ਕ੍ਰਿਯਾ ਇਕ ਵਚਨ ਵਰਤੀ ਦੀਹੈ,ਯਥਾ:-'ਮਾਰਗੁ ਪੰਥੁ ਨ ਜਾਣਉ ਵਿਖੜਾ॥ ਜਿਵੇਂ ਮੁਹਾਵਰੇ ਵਿਚਬੀ ਕਹੀਦਾਹੈ: ਕੁਛ ਜਲ ਪਾਣੀ ਛਕ ਲਓ ; ਇਸੇ ਤਰ੍ਹਾਂ ਮਗ ਤੇ ਪੰਥ ਇਕੋ ਅਰਥ ਵਾਚੀ ਹਨ। ਧਰਮ- (ਸੰਸ:, ਧਰਮ):-

1. ਜੋ ਧਾਰਨ ਕੀਤਾ ਜਾਏ, ਫਰਜ਼। ਕਰਨੇ ਯੋਗ ਸ਼ੁਭ-ਕਰਮ ਮਜ਼ੂਬ।
2. ਦੇਖੋ ਧਰਮ, ਪਉੜੀ 16ਦੇ ਨਿਰੁਕਤ ਵਿਚ।
3. ਧਰਮ-ਰਾਜ, ਇਸ ਅਰਥ ਵਿਚ ਬੀ ਪਦ ਧਰਮ ਗੁਰਬਾਣੀ ਵਿਚ ਆਇਆ ਹੈ। ਯਥਾ:-

'ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥ (1425:12)

ਯਮਦੇ ਰਸਤੇ ਧਰਮ ਰਾਜ ਨਹੀਂ ਜਾਣ ਦੇਂਦਾ, ਹੋਰਥੇ ਬੀ ਫੁਰਮਾਇਆ ਹੈ:-

'ਧਰਮ-ਰਾਇ ਤਿਨਕਾ ਮਿਤੁਹੈ ਜਮ ਮਗਿ ਪਾਵੈ॥' (1091:5)

ਇਸ ਲਈ ਵਾਕ ਹੈ:-'ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰਿ ਕੇ ਪਰਸਾਦਿ॥' (1370:17)

ਸਾਧਾਰੁ-ਸ+ਆਧਾਰ=ਸਹਿ ਆਧਾਰ ਦੇ। 'ਨਾਮ' ਦੇ ਆਧਾਰ ਸਹਿਤ ਕਰ ਦੇਂਦਾ ਹੈ ਪਰਵਾਰ ਨੂੰ।

(ਓ) ਸੁਧਾਰਦਾਹੈ ਬੀ ਅਰਥ ਲਾਉਂਦੇ ਹਨ। ਭਿਖ-(ਸੰਸ:, ਭਿਕਸ਼ਾ) ਭੀਖ, ਮੰਗ। ਅਥਵਾ-ਇਹ 'ਪਰਵਾਰ ਉਧਾਰ' ਤੇ 'ਸਿਖ ਉਧਾਰ'ਦਾ ਕੰਮ ਕਰਦਿਆਂ ਉਹ ਦਾਤਾ ਪਦ ਵਿਚ

33. ਟਿੱਪਣੀਕਾਰ:- ਅੰਗ੍ਰੇਜ਼ੀ ਤਤਸਮ ਬ੍ਰੈਕਿਟਾਂ 'ਚ ਲਿਖੇ। ਓ. ਅਸਲ ਭਾਈ ਵੀਰ ਸਿੰਘਦੇ ਅੰਗ੍ਰੇਜ਼ੀਦੇਹੀ ਤਤਸਮ ਉਲਥੇ ਹਨ-- ਪਰ ਦੇਸੀ-ਪਛਮੀ ਫਿਲੋਸੋਫੀ ਅਨੁਸਾਰ ਠੀਕ ਸ਼ਬਦ ਚੋਣਾਂ ਨਹੀਂ॥ ਅ. ਪਤੰਜਲੀ ਯੋਗ ਦਰਸ਼ਨ ਅਧਿਯਾਯ। ਸੂਤ੍ਰ:48-51 ਸਮਾਧੀ ਪ੍ਰਕਾਰ॥

Sri Satguru Jagjit Singh Ji eLibrary NamdhariElibrary@gmail.com

ਰਹਿੰਦਾਹੈ। ਉਸਦੀ ਬ੍ਰਿਤੀ ਕਦੀ ਸੰਗਤ ਭਾਵ ਵਿਚ ਨਹੀਂ ਜਾਂਦੀ, ਅਤੇ ਏਹ ਉਪਕਾਰ ਕਰਦਿਆਂ, ਉਹ ਜਨਮ ਮਰਨਥੀਂ ਮੁਕਤ ਪਦਾਤੇ ਟਿਕਿਆ ਰਹਿੰਦਾ ਹੈ। (ਅ) ਉਹ ਜੁਨਾਂ ਵਿਚ ਨਹੀਂ ਪੈਂਦਾ ਫਿਰਦਾ।

ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹ ਮਾਨੁ॥ ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾਕਾ ਗੁਰੁ ਏਕੁ ਧਿਆਨੁ॥ ਜੇ ਕੋ ਕਹੈ ਕਰੈ ਵੀਚਾਰੁ॥ ਕਰਤੇਕੈ ਕਰਣੈ ਨਾਹੀ ਸੁਮਾਰੁ॥ ਧੌਲੁ ਧਰਮੁ ਦਇਆਕਾਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿਸੂਤਿ॥ ਜੇਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁਹੋਰੁ॥ ਤਿਸਤੇ ਭਾਰੁ ਤਲੈ ਕਵਣ ਜੋਰੁ॥ ਜੀਅ ਜਾਤਿਰੰਗਾਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥ ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ॥ ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥ ਕੀਤਾ ਪਸਾਉ ਏਕੋ ਕਵਾਉ॥ ਤਿਸਤੇ ਹੋਏ ਲਖ ਦਰੀਆਉ॥ ਕੁਦਰਤਿ ਕਵਣ ਕਹਾਵੀਚਾਰੁ॥ ਵਾਰਿਆਨ ਜਾਵਾ ਏਕਵਾਰ॥ ਜੋਤੁਧੁਭਾਵੈ ਸਾਈ ਭਲੀਕਾਰ॥ ਤੂਸਦਾ ਸਲਾਮਤਿ ਨਿਰੰਕਾਰ॥ ੧੬

ਨੰ.1. ਬਾਵਾ ਮਿਹਰਬਾਨ ਜੀ "ਮੀਣਾ"

ਪੰਚ ਪਰਵਾਣ ਪੰਚ ਪਰਧਾਨੁ॥

ਤਿਸੁਕਾ ਪਰਮਾਰਥੁ:-ਪੰਚ ਜਿ ਹੈ,ਸਿ ਕਥਨਹੈ 1॥ ਅਪੁ ॥2॥ ਤੇਜੁ॥ 3॥ ਪ੍ਰਿਥਵੀ॥ 4॥ ਬਾਈ॥ 5॥ ਅਕਾਸੁ:ਏਹ ਪੰਚ 'ਤਤ'ਹੈ। ਸੁ ਏਈ ਪੰਚ ਪਰਵਾਨਹੈ; ਅਰੁ ਏਈ ਪੰਚ ਪਰਧਾਨਹੈ।

ਪੰਚੇ ਪਾਵਹਿ ਦਰਗਹ ਮਾਨੁ॥

ਤਿਸੁਕਾ ਪਰਮਾਰਥੁ:- ਏਈ ਪੰਚ ਦਰਗਹ ਮਾਨੁ ਪਾਵਤੇਹੈ।

ਪੰਚੇ ਸੋਹਹਿ ਦਰਿ ਰਾਜਾਨੁ॥

ਤਿਸੁਕਾ ਪਰਮਾਰਥੁ:- ਰਾਜਾ ਰਾਮਕੀ ਦਰਗਹਮਹਿ ਏਈ ਸੋਭਾ ਪਾਵਤੇਹੈ॥

ਪੰਚਾਕਾ ਗੁਰੁ ਏਕੁ ਧਿਆਨੁ॥

ਤਿਸੁਕਾ ਪਰਮਾਰਥੁ:-ਏਹ ਜਿ ਪੰਜ'ਤਤ'ਹੈ, ਸੁ ਗੁਰੂ ਇਨਕਾ 'ਧਿਆਨੁ'ਹੈ। ਏਹਿ ਜਿਹੈਂ,ਸਿ ਨਿਰੰਜਨਕੇ ਧਿਆਨਤੇ ਉਪਜੇਹੈ। ਅਰੁ ਏਹਿ ਜਿ ਪਰਵਾਨ ਸੋਭਾਮਾਨ ਹੈ, ਸੁ ਇਤੀ ਗੁਣਿ,ਜਿ ਏਹ ਨਿਰੰਜਨਕੇ ਧਿਆਨ ਮਹਿ ਰਹਤੇਹੈ।

ਜੇਕੋ ਕਹੈ ਕਰੈ ਵੀਚਾਰੁ॥ ਕਰਤੇਕੈ ਕਰਣੈ ਨਾਹੀ ਸੁਮਾਰੁ॥

ਤਿਸੁਕਾ ਪਰਮਾਰਥ:- ਜੇਕੋ ਕਾਹੇ ਜਿ ਹੈਊ ਪਰਮੇਸੁਰਦੀ ਪੈਦਾਇਸ ਗਣੀ, ਜਿ ਇਤਨੀਕੁਹੈ,ਤਾਂ ਪਰਮੇਸੁਰ ਕੀ ਪੈਦਾਇਸਕਾ ਸੁਮਾਰੁ ਕੋਈ ਨਾਹੀ, ਉਸਦੀ ਰਚਨਾਕਾ।

ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

ਤਿਸੁਕਾ ਪਰਮਾਰਥੁ:-ਲੋਕ ਜਿ ਕਹਤੇਹੈਂ ਜਿ ਧਰਤੀ 'ਧਉਲ' ਉਪਰਿਹੈ, ਸੁ ਏਹੁ ਧਉਲੁ ਨਾਹੀ, ਜਿ ਗਊਕਾ ਪੁਤ੍ਰ ਹੋਇ, ਅਰੁ ਉਸ ਉਪਰਿ ਧਰਤੀ ਹੋਇ ਨਾ। ਉਹੁ ਧਉਲੁ ਕਉਣੁਹੈ ਜਿਸ ਉਪਰਿ ਧਰਤੀਹੈ ? ਸੁ ਓਹੁ ਧਰਮਕਾ ਧਉਲਹੈ, ਅਰੁ ਦੈਆ ਕਾ ਪੁਤ੍ਰਹੈ। ਉਸ ਸੰਤੋਖਕਾ ਜੁਰੁਹੈ। ਜਿਸਕੇ ਅੰਤਰਿ ਦਇਆ,ਧਰਮ,ਸੰਤੋਖੁਹੈ, ਤਿਸਕੇ ਪ੍ਰਸਾਦਿ ਜਿਮੀ ਅਸਮਾਨੁ ਰਹਤਾ ਹੈ।

ਜੇ ਕੋ ਬੁਝੈ ਹੋਵੈ ਸਚਿਆਰੁ । ਧਵਲੈ ਉਪਰਿ ਕੇਤਾ ਭਾਰੁ॥

Sri Satguru Jagjit Singh Ji eLibrary NamdhariElibrary@gmail.com

ਤਿਸੁਕਾ ਪਰਮਾਰਥ:-ਜੇ ਕੋਈ ਕਹੈ,ਜਿ ਹਉਂ ਜਾਣਦਾਹਾਂ, ਹੈ ਧਉਲ ਗਾਇਦਾ ਪੁੜ੍ਹ ਉਸੇ ਉਤੈ ਧਰਤੀਹੈ, ਅਤੇ ਸਚਿਆਰੁ ਹੋਇਆ ਲੋੜੇ? ਤਾਂ ਅਖੈ ਪਿਸੁ ਵੇਖਾਂ ਧਉਲੇ, ਉਪਰਿ ਜਿ ਧਰਤੀਹੈ, ਸੁ ਏਸਨੋ ਭਾਰੁ ਕਿਤਨਾਕੁ ਹੈ ?

ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣ ਜੋਰੁ॥

ਤਿਸੁਕਾ ਪਰਮਾਰਥ:-ਜੇ ਕੋਈ ਕਹੈ, ਜਿ ਧਰਤੀ ਧਉਲੈ ਉਪਰਿਹੈ,ਹਉ ਜਾਣਦਾਹਾਂ,ਤਾ ਪਿਸੁ ਏਸੁ ਧਰਤੀਕੇ ਤਲੇ ਹੋਰ ਧਰਤੀਆਂ ਬਹੁਤੀਆਂ ਹੈਨਿ। ਉਨੁਕੇ ਤਲੇ ਕਿਨਕਾ ਜੋਰੁ ਹੈ? ਇਸੁ ਧਰਤੀਕਉ ਤਉ ਜਾਣੋ ਧਉਲੈ ਕਾ ਜੋਰੁ ਹੋਇਆ, ਪਰੁ ਉਨਾ ਧਰਤੀਆਂ ਕਉ ਕਿਸੁਕਾ ਜੋਰੁਹੈ ?

ਜੀਅ ਜਾਤਿ ਰੰਗਾਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥
ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ।

ਤਿਸੁਕਾ ਪਰਮਾਰਥੁ:-ਜੇ ਕੋਈ ਕਹੈ ਜਿ, ਹੰਉ ਜਾਣਦਾਹਾਂ, ਤਾਂ ਜੀਆਂ ਕੀਆਂ ਜਾਤੀ ਅਰੁ ਨਾਵ ਕਿਤਨੇ ਹੈਨਿ ? ਅਰੁ ਰੰਗ ਕਿਤਨੇ ਹੈਨਿ ? ਅਰੁ ਜਿ ਜੀਆਕੇ ਬੜੀ-ਕਲਾਮ ਵਗੀਹੈ, ਰਿਜਕਦੀ, ਦੁਖ ਸੁਖਦੀ, ਨੇਕੀ ਬਦੀਦੀ,ਸੁ ਕਿਤਨੀ ਹੈ? ਜੇ ਕੋਈ ਲਿਖਿ ਪੜਿ ਲੇਖਾ ਜਾਣਦਾ ਹੋਵੇ,ਤਾਂ ਏਹੁ ਲੇਖਾ ਕਿਤਨਾਕੁ ਹੋਂਦਾ ?

ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥

ਤਿਸੁਕਾ ਪਰਮਾਰਥ:-ਜੇ ਕੋਈ ਕਹੇ ਜਿ, ਹੰਉ ਵੇਦ, ਪਰਕਿਰਤਿ ਲੇਖਾ, ਸੁਰਤਿ, ਸਭ ਕਿਛੁ ਜਾਣਦਾਹਾਂ, ਤਾਂ ਤ੍ਰਾਣੁ ਜੋ ਚਉਰਾਸੀਹ-ਲਖ ਜੀਆਂਕੀ ਜੂਨਿ ਵਿਚਿਹੈ, ਸੁ ਕਿਤਨਾਕੁਹੈ? ਧਰਤੀ, ਅਕਾਸ਼, ਪਉਣ, ਪਾਣੀ ਵਿਚਿ ਜੁ ਤ੍ਰਾਣੁਹੈ, ਸੁ ਕਿਤਨਾ ਕੁਹੈ? ਅਰੁ ਜਿ ਰੂਪੁ ਪਰਮੇਸੁਰ ਪੈਦਾ ਕੀਆਹੈ, ਸੁ ਕਿਤਨਾ ਕੁਹੈ? ਅਰੁ ਜਿ ਜੀਆਨੋ ਦਾਤਿ ਪਰਮੇਸੁਰ ਕੀਤੀਹੈ, ਸੁ ਕਿਤਨੀ ਕੁਹੈ? ਜਿ ਕੋਈ ਕੀਤਾ ਹੋਇਆ ਪਰਮੇਸੁਰਕਾ ਹੋਵੇ, ਸੁ ਪਰਮੇਸੁਰਦੀ ਸਾਰ ਕਿ ਜਾਣੇ ?

ਕੀਤਾ ਪਸਾਉ ਏਕੋ ਕਵਾਉ॥ ਤਿਸਤੇ ਹੋਏ ਲਖ ਦਰੀਆਉ॥
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ। ਤੂ ਸਦਾ ਸਲਾਮਤਿ ਨਿਰੰਕਾਰ॥16॥

ਤਿਸੁਕਾ ਪਰਮਾਰਥ:-ਉਸਕੇ ਕਰਣੈਕੇ ਕੀਏਕਾ ਅੰਤੁ ਕੋਈ ਨਾਹੀ ਜਾਣਦਾ। ਪਰੁ ਗੁਰੁ ਬਾਬਾ ਨਾਨਕ ਕਹਤਾ ਹੈ, ਇਤਨਾਕੁ 'ਸੰਜਮੁ' ਪਹਿਲੇਹੀ ਪਰਮੇਸੁਰ ਕੀਆਹੈ॥1॥ ਮਾਸਾ ਪਉਣ॥ 2॥ ਮਾਸਾ ਪਾਣੀ॥3॥ ਮਾਸਾ ਅਗਨਿ ॥4॥ ਮਾਸਾ ਧਰਤੀ, ਏਹ ਚਾਰੇ ਮਾਸੇ ਕੀਏ। ਤਿਸਕਾ'ਏਕੁ-ਕਵਾਉ'ਹੋਇਆ। ਏਹੁ 'ਏਕੁ-ਕਵਾਉ' ਪੈਦਾ ਕੀਤੋਨੋ,ਇਸਿ ਪੈਦਾਇਸਨੋ ਤਿਸਿ'ਕਵਾਵ'ਥੀ,ਕਈ ਲੋਅ,ਕਈ ਆਕਾਰ,ਆਕਾਸ,ਕਈ ਪਾਤਾਲ,ਕਈ ਲਖ ਦਰੀਆਵ। ਜਿਸਦੇ'ਇਕਸੁ-ਕਵਾਵ'ਦਾ ਬਖਿਆਨੁ ਨਾਹੀ ਕੀਤਾ ਜਾਂਦਾ, ਤਾਂ ਹੋਰ ਉਸਦੀ ਪੈਦਾਇਸਦਾ ਸੁਮਾਰੁ,ਮੇਰੇ ਬੁਤੇ ਕਿਆ ਕੀਆ ਜਾਇ।ਹਉ ਅਨੇਕ ਵਾਰ ਕੁਰਬਾਨ ਕੀਤਾ ਤੇਹੀ ਕੁਦਰਤ ਵਿਟਹੁ;ਏ ਪਾਰਬ੍ਰਹਮ ਜੀ ਓਹੁ ਕੰਮ ਭਲਾ ਜੀ, ਜੋ ਤੁਧੁ ਭਾਵੇ;ਧੰਨੁ ਤੂ ਨਿਰੰਜਨ ਨਿਰੰਕਾਰ;ਜਿਸਦੀ ਏਹ ਕੁਦਰਤਿਹੈ। ਜਿਸਦਾ ਇਤਨਾ ਪਸਾਰਾ,'ਇਕਸੁ-ਕਵਾਵ'ਦਾਹੈ ਬ੍ਰਹਮੰਡਕੇ ਵਿਖੇ। ਅਰੁ ਏਤਨਾਹੀ ਪਸਾਰਾ,ਏਹੁ ਪਿੰਡ ਮਾਨੁਖਦੇ ਵਿਖੇਹੈ। ਇਕਦੂ-ਕਵਵਾਹੁ ਏਤਨਾ ਪਸਾਰਾ ਕੀਤੋਨੁ ਜਿਸਦਾ ਕੋਈ ਸੁਮਾਰੁ ਕਰਿ ਨ ਸਕਈ।

Sri Satguru Jagjit Singh Ji eLibrary NamdhariElibrary@gmail.com

ਨੰ.2. ਭਾਈ ਮਨੀ ਸਿੰਘ ਜੀ 'ਸ਼ਹੀਦ'

ਤਾਂ ਫਿਰ ਸਿਧਾਂ ਪੁੱਛਿਆਂ ਕਿ "ਮੰਨਣ ਵਾਲੇ ਵਾਹਿਗੁਰੂਦੀ ਦਰਗਾਹ ਵਿੱਚ ਕੀਹ ਫਲ ਪਾਂਵਦੇ ਹਨ, ਅਰ ਏਸ ਜਗਤਨੂੰ ਜੋ ਮਹਾਰਾਜਨੇ ਕੀਤਾਹੈ ਸੋ ਏਹ ਸਰੀਰ ਜੀਆਂਦੇ ਕਿਸ ਪ੍ਰਕਾਰ ਰਚੇ ਹਨ ?" ਤਾਂ ਬਾਬਾ ਬੋਲਿਆ ਕਿ, "ਤੁਸਾਂਡਿਆਂ ਦੁਹਾਂ ਪ੍ਰਸ਼ਨਾਂਦਾ ਉੱਤਰ ਕਹਿਤੇਹੈ॥"

ਤਿਸਕਾ ਵੀਚਾਰ:-ਜਿਨਾਨੇ ਭਲੀ ਪ੍ਰਕਾਰ ਸ੍ਰਵਨ, ਮਨਨ,ਨਿਧਿਆਸਣ ਕੀਤਾਹੈ; ਸੋਈ'ਪੰਚ'ਹੈਨ ਅਤੇ 'ਪਰਵਾਣ'ਭੀ ਓਹੋ ਹੀ ਹੈਨ;ਕਯੋਂਕਿ,ਪ੍ਰਿਥਮੇ 'ਸ੍ਰਵਣ' ਕਰਕੇ 'ਪਾਪਾਂ' ਅਰ 'ਪੁੰਨਾਂ'ਦੀ 'ਸੋਝੀ' ਹੁੰਦੀਹੈ॥ ਅਰ ਫਿਰ'ਪਾਪ'ਮਿਟਦੇ ਹਨ,ਅਤੇ'ਪੁੰਨ'ਵਧਦੇ ਹਨ॥ ਅਰ ਬਹੁੜੋ'ਗਿਆਨ'ਪ੍ਰਾਪਤ ਹੁੰਦਾਹੈ॥ ਅਤੇ ਜੇ ਬਾਰਬਾਰ 'ਮੰਨਣ'ਦਾ ਅਭਿਆਸ ਕਰੀਏ,ਤਾਂ 'ਜੀਵ-ਈਸ਼ਰ'ਦੀ'ਏਕਤਾ'ਹੁੰਦੀਹੈ॥ ਤਾਂਤੇ ਜਿਨਾਂਨੇ 'ਸ੍ਰਵਣ' ਅਰ 'ਮਨਨ' ਅਰ 'ਨਿੱਧਯਾਸਨ' ਕੀਤਾਹੈ, ਸੋਈ 'ਪਰਵਾਣ' ਹੈਨ॥ ਅਰ ਸੋਈ 'ਪਰਧਾਨ'ਹੈਨ, ਅਰ ਸੋਈ ਈਸ਼ਰਦੀ ਦਰਗਾਹ ਵਿੱਚ 'ਮਾਨ' ਪਾਉਂਦੇ ਹਨ, ਅਰ ਸੋਈ ਰਾਜਿਆਂਦੇ ਦੁਆਰੇ ਉੱਪਰ ਸੋਭਾ ਪਾਉਂਦੇ ਹਨ॥ ਸੋ ਏਨਾਂ 'ਪੰਚਾਂ'ਦਾ ਜੋ 'ਗੁਰਹੈ'; ਸੋ 'ਵਾਹਿਗੁਰੂ'ਦਾ ਇੱਕ ਧਿਆਨਹੈ॥

ਬਹੁੜੋ ਦੂਸਰਾ ਏਹ ਅਰਥਹੈ॥ ਕਿ ਵਾਹਿਗੁਰੂਨੇ ਜੋ ਸ੍ਰਿਸਟਿ ਸਾਜੀਹੈ, ਤਾਂ ਪ੍ਰਿਥਮੇ ਮਹਿੱਤਤ ਕੀਤਾਹੈ, ਅਰ ਮਹਿੱਤਤ ਥੀਂ ਅਹੰਕਾਰ ਹੋਇਆ ਹੈ, ਸੋ ਅਹੰਕਾਰ 'ਤਿੰਨ' ਪ੍ਰਕਾਰਦਾਹੈ; ਜੋ 'ਤਾਮਸੀ-ਅੰਹਕਾਰ'ਥੋਂ ਪੰਜ ਤੱਤ ਹੋਏ ਹਨ, ਸੋ ਤਿਨਾਂਦਾ ਸਰੀਰ ਰਚਿਆਹੈ, ਅਰ 'ਰਾਜਸੀ-ਅਹੰਕਾਰ' ਥੀਂ ਪੰਜ ਗਿਆਨ ਇੰਦ੍ਰੀਆਂ ਹੋਈਆਂ ਹੈਨ; ਸ਼ਬਦ, ਸਪਰਸ, ਰੂਪ, ਰਸ, ਗੰਧ, ਏਹ ਪੰਜ 'ਵਿਖੇਂ' ਪ੍ਰਧਾਨ ਹੋਏ ਹਨ॥ ਅਤੇ 'ਸਾਤਕੀ-ਅਹੰਕਾਰ' ਸੋਂ ਪੰਜਾਂ 'ਦੈਵੀ-ਸੰਪਤਾ'ਦੇ ਗੁਣ ਹੋਏ ਹੈਨ; ਸਤ, ਸੰਤੋਖ, ਦਇਆ, ਧਰਮ, ਸੁਚ॥ ਸੋ ਏਹ ਈਸ਼ਰਦੀ ਦਰਗਾਹ ਵਿੱਚ ਮਾਨ ਪਾਉਂਦੇ ਹੈਨ॥ ਅਤੇ ਪੰਚ ਜੋ ਸ਼ਬਦ ਹੈਨ ਸੋ ਏਹ, ਹਨ; ਤਤ, ਵਿਤ, ਘਨ, ਸੁਖਰ, ਨਾਦਿ॥ ਸੋ ਤਤ ਕਹੀਏ 'ਤੰਬੁਰੇ' ਆਦਿਕ, ਜੋ ਕਰ ਤਾਰਾਂ ਦੇ ਹੁੰਦੇ ਹਨ, ਅਤੇ ਵਿਤ ਕਹੀਏ ਮ੍ਰਿਦੰਗ ਆਦਿਕ ਜੋ ਚਰਮਦੇ ਮੜ੍ਹੇ ਹੋਏ ਹੁੰਦੇ ਹਨ। ਅਰ ਘਨ ਕਹੀਏ ਤਾਲ ਆਦਿਕ ਜੋ ਧਾਤਾਂਦੇ ਹੁੰਦੇ ਹੈਨ॥ ਅਰ 'ਸੁਖਰ' ਕਹੀਏ ਸੰਖ ਆਦਿਕ ਜੋ ਫੂਕਾਂ ਨਾਲ ਵਜਾਈਦੇ ਹੈਨ॥ ਅਤੇ 'ਨਾਦ' ਕਹੀਏ ਘਟ ਆਦਿਕ ਜੋ ਮਿੱਟੀ ਦੇ ਪਕਾਈਏ ਹੈਨ॥[34] ਸੋ ਏਹ 'ਪੰਚ ਸ਼ਬਦ' 'ਦਸ-ਦੁਆਰ'ਭੀ ਵਜਦੇ ਹੈਨ; ਅਤੇ 'ਸਾਧ-ਸੰਗਤ' ਵਿੱਚਭੀ ਵਜਦੇ ਹਨ॥ ਸੋ ਰਾਜਾਨਕਾ ਦੁਆਰਾਹੈ॥ ਤਾਂ ਸਿੱਧਾਂ ਪੁੱਛਿਆ, "ਜੇ 'ਦਸਵੇਂ ਦੁਆਰ'ਵਜਦੇ ਹਨ ਤਾਂ ਸਭ ਕਿਸੇਨੂੰ ਕਿਉਂ ਨਹੀ ਸੁਣੀਦੇ ?" ਤਾਂ ਬਾਬੇ ਕਹਿਆ "ਤਿਨਾਂਦਾ ਗੁਰੂ ਧਿਆਨ ਹੈ",ਅਰ ਜੋ ਕੋਈ ਮਹਾਰਾਜ ਦੀਆਂ ਲੀਲ੍ਹਾਂ ਵੀਚਾਰੇ,ਤਾਂ ਕਰਤੇ ਦੀਆਂ ਕਰਨੀਆਂਦਾ ਅੰਤ ਨਹੀਂ"॥

ਤਾਂ ਸਿੱਧਾ ਪੁੱਛਿਆ ਕਿ,"ਕਈ ਕਹਿੰਦੇ ਹੈਨ,ਜੋ ਸਰਪਦੇ ਸਿਰਤੇ ਧਰਤੀਹੈ,ਅਰ ਕਈ ਕਹਿੰਦੇਹਨ,ਜੋ ਧੌਲ ਹੈ, ਅਰ ਦਇਆਦਾ ਪੁਤ੍ਰਹੈ,ਸੋ ਸਭ ਕੁਛ ਈਸ਼ਰਨੇ ਸੰਤੋਖਦੇ ਉਪਰ ਸੂਤ

---

34. ਟਿੱਪਣੀਕਾਰ:- ਇਹ ਜ਼ਰਾ ਫਰਕ ਨਾਲ ਲਿਖਿਆਹੈ, ਵੇਦਦੇ ਨਾਦਬਿੰਦੁ ਉਪਨਿਸ਼ਦ ਤੇ ਭਰਤ ਨਾਟ ਸ਼ਾਸਤ੍ਰ ਆਦਿਆਂ ਵਿੱਚ ਨਾਦ ਦੋ ਤਰ੍ਹਾਂਦਾਹੈ: 1. ਅਨਾਹਤ ਤੇ 2.ਆਹਤ, ਜੋ ਪੰਜ (ਦਸ)ਸ਼ਬਦਾਂ ਵਿੱਚ ਸੁਣਦੇ ਹਨ, ਓਤੇ ਦੇਖੋ। ਵਾਦ ਵੀ 4-5 ਤਰ੍ਹਾਂਦੇ ਹਨ ਜੋ:1.ਤਤ, 2.ਵਿਤਤ, 3.ਸ਼ਿਸ਼ਰ, 4.ਅਵਨਦ ਤੇ 5.ਘਨ, ਜੋ ਐਥੇ ਬੇ ਤਰਤੀਬੇ ਲਿਖੇ ਹਨ॥

Sri Satguru Jagjit Singh Ji eLibrary NamdhariElibrary@gmail.com

ਥਾਪਿਆਹੈ॥ ਜੋ ਜਲ ਧਰਤੀਥੋਂ ਦਸ ਗੁਣਾਂ ਵਧੀਕਹੈ, ਅਤੇ ਧਰਤੀਨੂੰ ਨਹੀਂ ਗਾਲ ਸਕਦਾ";ਤਾਂਤੇ ਜੋ ਕੋਈ ਸੰਤੋਖ ਕਰਦਾਹੈ, ਸਚਿਆਰ ਓਹੋ ਹੀਹੈ; ਅਰ ਜੋ ਕੋਈ ਕਹੇ ਕਿ ਧਉਲ ਉਪਰ ਧਰਤੀਹੈ, ਤਾਂ ਧਉਲ ਕਿਤਨਾਕੁ ਭਾਰ ਚੁਕਸੀ? ਕਯੋਂ ਜੋ ਧਰਤੀਆਂ ਬਹੁਤ ਹੈਨ,ਸੋ ਓਨਾਂਦੇ ਤਲੇ ਕਉਣਹੈ ? ਅਤੇ ਧਉਲ ਤਲੇ ਕਉਣ ਭਾਰਹੈ, ਤਾਂਤੇ ਧਰਮਤੇ ਰਹਿਣ ਵਾਲੇ ਹੈਨ, ਸੋ ਸਭਨਾਂਦੇ ਸਿਰਤੇ ਲਖੇ ਲਿਖਿਆਹੈ ਅਰ ਓਹ ਆਪਣੇ ਆਪਣੇ ਲੇਖਦੇ ਭੋਗਣਨੂੰ ਸਾਮਰਥਹੈ॥ ਅਤੇ ਮਹਾਰਾਜਦੇ ਲੇਖੇਨੂੰ ਕੌਣ ਪਹੁੰਚਦਾਹੈ? ਜੈਸੇ ਪੁਤਲੀਆਂ 'ਸੂਤਰਧਾਰ' ਦੇ ਕਰਮਾਂਨੂੰ ਨਹੀਂ ਸਿਵਾਣਦੀਆਂ, ਤੇ 'ਜੀਅ-ਈਸ਼ਰ'ਦੇ ਲੇਖੇਨੂੰ ਨਹੀਂ ਜਾਣਦੇ; ਕਯੋਂ, ਜੋ ਈਸ਼ਰ ਸਰਬਦੇ ਤਾਣ-ਦੇਣ ਹਾਰਾਹੈ॥ ਅਰ ਸਭਦੇ ਸੁੰਦਰ ਕਰਨ ਹਾਰਾਹੈ, ਤਾਂਤੇ ਉਸਦੇ ਤਾਣ ਅਤੇ ਰੂਪ ਸੁੰਦਰਨੂੰ ਕੌਣ ਲਖ ਸਕਦਾਹੈ ? ਅਰ ਜਿਤਨੀ ਦਾਤਿ ਈਸ਼ਰਨੇ ਜੀਆਂਤੇ ਕੀਤੀਹੈ,ਸੋ'ਇਕ-ਓਅੰਕਾਰ'ਤੇ ਕੀਤਾਹੈ, ਸੋ ਤਿਸਤੇ ਲੱਖ ਨਦੀਆਂ ਹੋਈਆਂਹੈਨ॥

ਤਾਂ ਸਿੱਧਾਂ ਪੁੱਛਿਆ:-"ਤੁਸਾਂ ਸਾਰੀ ਸ੍ਰਿਸ਼ਟਿ ਵਿਚੋਂ ਕਈ ਨਦੀਆਂਦੀ ਵਰਨਨ ਕੀਤੀਹੈ॥

ਤਾਂ ਬਾਬਾ ਬੋਲਿਆ ਕਿ,'ਮਹਾਰਾਜ ਦੀ ਮਾਇਆ ਅਸੰਖ ਨਦੀਆਂ ਵਤਹੋ ਚਲੀਹੈ, ਜੋ ਜਿਸਮੈਂ ਕੋਈ ਬ੍ਰਹਮੰਡ ਰੂਪੀ ਬੁਦਬੁਦੇ ਅਤੇ ਜੀਅ ਜੰਤ ਰੂਪੀ ਤਰੰਗ ਭੂਤ-ਕਾਲ ਵਿਖੇ ਚਲੇ ਗਏ ਹੈਨ; ਅਰ ਕਈ ਵਰਤਮਾਨ ਕਾਲ ਵਿਖੇ ਏਕੱਠੇ ਹੋਏ ਹੈਨ,ਸੋ ਏਹਭੀ ਚਲੇ ਜਾਵੇਗੇ; ਅਤੇ ਕਈ ਭਵਿੱਖਤ ਕਾਲਮੋਂ ਆਵਹਿੰਗੇ, ਸੋ ਓਹਭੀ ਚਲੇ ਜਾਵਹਿਗੇ ॥ ਅਰ ਜੇ ਜਲ ਵਿੱਚ ਦ੍ਰਿਸ਼ਟ ਕੀਚੇ ਤਾਂ ਜਲ ਭੀ ਚਲਿਆ ਜਾਤਾ ਹੈ, ਤੈਸੇ ਭੀ ਚਲੇ ਜਾਂਤੇ ਹੈਂ, ਤਾਂਤੇ ਮੇਰੀ ਕਿਆ ਸ਼ਕਤਹੈ ਜੋਮੈਂ ਮਹਾਰਾਜ ਦਾ ਵੀਚਾਰ ਕਹਾਂ॥ ਅਥਵਾ,ਜੋ'ਕੁਦਰਤ'ਮਹਾਰਾਜਦੀ 'ਮਾਇਆ' ਹੈ, ਤਿਸਦਾ ਕਿਆ ਵੀਚਾਰ ਕਰ ਸਕਤਾਹੋਂ;ਕਿਯੋਂਕਿ,ਇਕ ਵਾਰਭੀ ਮਹਾਰਾਜ ਤੋਂ ਵਾਰਨੇ ਨਹੀਂ ਜਾ ਸਕਦਾ ਹੋਂ, ਤਾਂਤੇ ਜੋ ਉਸਨੂੰ ਭਾਂਵਦੀਹੈ ਸਾਈ ਕਾਰ ਭਲੀਹੈ; ਅਰ ਓਹ ਸਦਾ ਇਸਥਿਰਹੈ, ਅਰ ਰੂਪ ਰੰਗ ਤੇ ਨਿਆਰਾਹੈ ਅਰ ਉਸਦੇ ਭਾਣੇ ਮੰਨਣ ਵਿੱਚਹੀ ਕਲਿਆਣਹੈ॥ 16॥

ਨੰ.3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ)

ਸਿਖਉ ਵਾਚੁ॥ ਦੋਹਿਰਾ॥ ਹੇ ਭਗਵਨ ਮਹਿਮਾ ਸੁਨੀ, ਸ੍ਰਵਣ ਮਨਨ ਤਵ ਪਾਸ।
ਅਥਵਾ ਤਤ੍ਵ ਅਬ ਸਰਬ ਬਿਧਿ, ਕਹਹੁ ਕ੍ਰਿਪਾ ਕਰਿ ਦਾਸ॥ 1॥
ਸਿੱਖ ਵਾਕਕੋ ਸ੍ਰਵਣ ਕਰਿ, ਗੁਰ ਬੋਲੇ ਕਰੁਵਾਇ॥
ਪਾਂਚ ਤਤ੍ਵ ਪਰਮਾਣ ਸਭੁ ਸ੍ਰਵਣ ਕਰਹੁ ਠਹਰਾਇ॥ 2॥
ਅਬ ਕ੍ਰਿਪਾ ਕਰਿਕੇ ਸ੍ਰੀ ਗੁਰੁ ਸ੍ਰਵਣਕੀ ਬਿਧਿ ਕਹੇਹੈ:-

ਇਸਕਾ ਅਰਥੁ। ਪੰਚ-ਪਰਵਾਣ ਪ੍ਰਿਥਵੀ ਆਦਿ ਪਾਂਚਹੁ ਤਤ੍ਵ ਸੋ ਪ੍ਰਮਾਣਹੋ, ਜਿਸਤੇ ਅਰ ਇਨ ਪਾਂਚਹੁ ਤੇਜੋ ਪ੍ਰਮਾਣ ਪਚੀਸ-ਪ੍ਰਤ੍ਰਿਤਹੈ। ਜਿਸ ਕਰਿਕੇ ਸੰਪੂਰਣ ਬਿਸ੍ਵ ਚਰ-ਅਚਰ ਪ੍ਰਭੂਨੇ ਰਚਾਹੈ ਸੋ,ਆਦਿ ਹੀਸੋ ਉਤਿਪਤਿ ਕਹੇਹੈ। ਆਦਿਹੀ ਬਿਖੇ ਸ਼ੁੱਧ ਚੇਤੰਨ ਸੱਤਾ ਮਾਤ੍ਰਜੋ ਨਾਰਾਯਣਹੈ ਤਿਸਕੀ ਇੱਛਾ ਹੂਈ; 'ਜੋ ਏਕ ਹੀ ਸੇ ਬਹੁਤ ਹੋਵਹੁ',ਸੋ ਯਹ ਇਛਾ ਮਾਤ੍ਰ ਮਾਯਾ ਜਾਵਤ ਪ੍ਰਮਾਣ ਸ਼ੁੱਧ ਬਿਖੇ ਕਲਪਤ ਹੂਈ॥ ਤਾਵਤ ਪ੍ਰਮਾਣ ਸ਼ੁੱਧਕੀ ਸੰਗਿਆ ਮਾਯਾ-ਅਵਿਛਿਨ ਤਥਾ ਕੂਟਸਥ ਤਥਾ ਪੁਰਖ ਕਹੀਐਹੈ। ਸੋ ਪੁਰਖ-ਪ੍ਰਕ੍ਰਿਤਿਓ ਸੰਜੋਗ ਤੇ ਮਹੱਤਤਵ ਹੋਤਾ ਭਯਾ।

Sri Satguru Jagjit Singh Ji eLibrary NamdhariElibrary@gmail.com

ਕੈਸੇ ਜੈਸੇ ਰਵਿ ਦਰਪਨ ਕੇ ਸੰਜੋਗ ਤੋ ਅਗਨਿ ਉਤਿਪਤਿ ਹੋਤਾਹੈ॥ ਐਸੇਹੀ ਪੁਰਖ ਪ੍ਰਕ੍ਰਿਤਿ ਸੰਜੋਗਤੋਂ ਮਹੱਤਵ ਹੁਆ। ਸੋ 'ਤ੍ਰਿਧਾ' ਹੋਤ ਭਯਾ:-ਸਾਤਿਵਕ, ਰਾਜਸ, ਤਾਮਸ। ਤਮੋਗੁਣ-ਤਾਮਸ ਅਹੰਕਾਰਤੇ ਅਕਾਸ-'ਸੁਬੱਦ'-ਗੁਣ ਹੁਆ। ਆਕਾਸਤੇ ਵਾਯੁ'ਸਪਰਸ'-ਗੁਣ। ਵਾਯੁਤੋਂ ਅਗਨਿ'ਰੂਪ'- ਗੁਣ। ਅਗਨਿਤੋਂ ਜਲੋਰਸ'-ਗੁਣ। ਜਲਤੇ ਪ੍ਰਿਥਵੀ 'ਗੰਧ'-ਗੁਣ॥ ਐਸੇ ਅਨੁਕ੍ਰਮ ਜੋ ਤੀਨ ਗੁਣ, ਪੰਚ ਤਤ੍ਵ ਤਥਾ ਪੰਚ-ਤਨਮਾਤ੍ਰਾ ਉਤਪਤਿ ਭਏ। ਤਿਨਕੇ ਸਮੁਦਾਯੁ ਬਿਖੇਜੋ ਤਮੋ-ਗੁਣ ਅੰਸ ਪਾਂਚੋ ਤਤ੍ਵ ਬਿਖੇਂਹੈ। ਤਿਸ ਤੇ ਪਚੀਸ-ਪ੍ਰਮਾਣ ਭਿੰਨ ਭਿੰਨ ਕਹੇਹੈ:- ਏਕ ਏਕ ਤਤ੍ਵ ਦ੍ਵਿਧਾ ਹੋਵਕੇ ਅਰਧ ਭਾਗ ਆਪ ਰਾਖਾ,ਅਰੁ ਅਰਧ ਭਾਗਕੇ ਚਾਰ ਭਾਗ ਕਰਿਕੇ ਚਾਰਿਹੁਕੋਂ ਦੀਏ। ਅਰੁ ਚਾਰਿਹੁਤੇ ਚਾਰਿ ਲੀਏ। ਸੋ ਪ੍ਰਥਮ ਅੰਸ਼ ਅਬ ਕਰੇਹੋ:-

1. ਅਸਤਿ, ਮਾਂਸ, ਨਾੜੀ, ਤ੍ਵਚਾ, ਰੋਮ, ਯਹ ਪੰਚ ਅੰਸ਼ ਪ੍ਰਿਥਵੀ ਹੈ।
2. ਕਛਨ, ਤਾਲ, ਖਣ, ਪੀਤਰੰਗ, ਦਰਬਗੁਣ, ਜੜ ਸੁਭਾਵ ਹੈ।
3. ਰੇਤ, ਮਿੱਤ, ਸਵੇਦ, ਲਾਲਾਰ, ਕੱਤਿ, ਪੰਚ ਅੰਸ਼ 'ਜਲ' ਹੈ।
4. ਦ੍ਵਣ, ਲਖਣ, ਸੁਕਲ ਰੰਗ, ਸੀਤਲ-ਸੁਭਾਵ, ਉਤਪਤਿ, ਗੁਣ ਖਯੁਧਾ, ਤਿਖਾ, ਨਿਦ੍ਰਾ, ਕ੍ਰਾਂਤ, ਆਲਸ, ਯਹ ਪੰਚ ਅੰਸ਼ 'ਤੇਜ'ਹੈ। ਲਾਲ-ਰੰਗ, ਦਾਹਕ, ਪ੍ਰਕਾਸ, ਉਰਧ ਸੁਭਾਵ ਹੈ, ਧਾਵਨ, ਪਸਰਨ, ਉਤਕ੍ਰਮ, ਚਲਨ, ਸੰਕੋਚ, ਯਹਪੰਚ ਅੰਸ਼ 'ਬਾਯੁ' ਹੈ। ਸੋਖਨ-ਸੁਭਾਵ ਹੈ, ਲੋਭ, ਮੋਹ, ਕ੍ਰੋਧ, ਕਾਮ, ਭਯ, ਯਹ ਪੰਚ ਅੰਸ਼ 'ਆਕਾਸ਼'ਹੈ; ਸੁੰਨ, ਉਰਧ,ਬਯਾਪਕ, ਅਨਾਹਤ ਸੁਭਾਵ ਹੈ॥

ਅਬ ਕਿਸਕੋ ਕੌਨ ਅੰਸ ਦੀਆ? ਅਰੁ ਕਿਸਤੇ ਕੌਨ ਅੰਸੁ ਲੀਆ? ਅਰੁ ਕਿਆ ਰਾਖਯਾ? ਸੋ ਕਹੇਹੋ:-

ਪ੍ਰਿਥਵੀਕਾ ਅਰਧ ਅੰਸ ਅਰਥ ਮੁੱਖ ਰਹਾ।ਆਸ ਜਲਕੋ ਨਾੜੀ, ਤੇਜਕੋ ਤਵਚਾ ਪੌਨ ਕੇ ਰੋਮ, ਆਕਾਸ਼ਕੋ ਦੀਆ।

ਜਲਕੋ ਅਰਧ ਅੰਸ ਬੀਰਜ ਮੁੱਖ ਰਹਾ। ਪਿਤ ਤੇਜਕੋ ਸ੍ਵੇਦ ਬਾਯੁਕੋ, ਲਾਲਾ ਆਕਾਸਕੋ, ਰਕਤ ਪ੍ਰਿਥਵੀਕੋ ਦੀਆ।

ਤੋਜਕੋ ਅਰਧ ਅੰਸ ਖੁਧਯਾ ਮੁੱਖ ਰਹੀ। ਤ੍ਰਿਖਾ ਬਾਯੁਕੋ,ਨਿਦ੍ਰਾ ਆਕਾਸਕੋ,ਕ੍ਰਾਂਤਿ ਜਲਕੋ, ਆਲਸ ਪ੍ਰਿਥਵੀਕੋ ਦੀਆ।

ਬਾਯੁਕੋ ਅਰਧ ਅੰਸ ਧਾਵਨ ਮੁੱਖ ਰਹਾ। ਪਸਰਨ ਆਕਾਸਕੋ,ਉਤਕ੍ਰਮ ਤੇਜਕੋ,ਚਲਨ ਜਲਕੋ, ਸੰਕੋਚ ਪ੍ਰਿਥਵੀਕੋ ਦੀਆ॥

ਆਕਾਸਕੋ ਅਰਧ ਅੰਸ ਲੋਭ ਮੁੱਖ ਰਹਸ। ਕਾਮ ਬਾਯੁ ਕੋ, ਕ੍ਰੋਧ ਤੇਜ ਕੋ, ਮੋਹ ਜਲ ਕੋ, ਭਯ ਪ੍ਰਿਥਵੀ ਕੋ ਦੀਆ।

ਐਸੇ ਪੰਚ-ਤਤ੍ਵ ਪਚੀਸ-ਪ੍ਰਮਾਣ[35] ਸੋ ਕਹੀਐ 'ਪੰਚ ਪਰਵਾਣ'। (ਤਮੋ)ਸਥੂਲ ਸਰੀਰ ਭੋਗ ਸਥਾਨਸੋ -- ਆਤਮਾਤੇ ਭਿੰਨ ਅਨਾਤਮ ਜਾਨਣਾ ਜੋਗਹੈ।

35. ਟਿੱਪਣੀਕਾਰ:- ਪ੍ਰਮਾਣ ਭਾਈ ਗੁਰਦਾਸ, ਵਾਰ:1:2.5 "ਪੰਚ ਤੱਤ ਪਚੀਸ ਗੁਣ ਮਿਤ੍ਰ ਮਿਲ ਦੇਹ ਬਣਾਈ॥"+39:2.3॥

Sri Satguru Jagjit Singh Ji eLibrary NamdhariElibrary@gmail.com

ਪ੍ਰਿਥਵੀ	ਅਪ	ਤੇਜੁ	ਬਾਯੁ	ਅਕਾਸ
ਅਸਥਿ	ਰੇਤਸ	ਖੁਧਾ	ਧਾਵਨ	ਲੋਭ
ਮਾਂਸ	ਪਿਤ	ਤ੍ਰਿਖਾ	ਪ੍ਰਸਾਰਨ	ਕਾਮ
ਨਾੜੀ	ਸ੍ਵੇਦ	ਨਿਦ੍ਰਾ	ਉਤਕ੍ਰਮ	ਕ੍ਰੋਧ
ਤੁਚਾ	ਲਾਲਾ	ਆਲਸ	ਚੰਚਲ	ਮੋਹ
ਰੋਮ	ਰਕ੍ਰ	ਕ੍ਰਾਂਤਿ	ਸੰਕੋਚ	ਭਯ

ਰਜੋ ਗੁਣ:-'ਪੰਚ ਪ੍ਰਧਾਨ'ਕਹੀਐ,ਪਾਂਚੋ ਤਤ੍ਵਕੋ'ਰਜੋ-ਗੁਣ'ਪ੍ਰਧਾਨ-ਅੰਸ਼:-ਦਸ ਇਦ੍ਰਿਯਾ,ਪੰਚ ਗਯਾਨੋ-ਦ੍ਰਿਯ;ਪੰਚ ਕਰਮੇ-ਦ੍ਰਿਯਾ ਤਿਨਕੀ ਉਤਪਤਿ ਕਹੇਹੈਂ:- ਸੋ ਤ੍ਵੈ-ਗਯਾਨੇ ਦ੍ਰਿਯ,ਵਾਕ; ਕਰਮੇਂਦ੍ਰਿਯ, ਦ੍ਵੈ-ਇੰਦ੍ਰਿਯ 'ਆਕਾਸ'ਤੇ ਭਏ। ਤਵਚਾ, ਗਯਾਨੇਂਦ੍ਰਿਯਾ ਪ੍ਰਾਣ, ਕਰਮੋਂਦ੍ਰਿਯ, ਦ੍ਵੇ-ਇੰਦ੍ਰਿਯ 'ਬਾਯੁ' ਤੇਂ ਭਏ। ਨੇਤ੍ਰ ਗਯਾਨੇਦ੍ਰਿਯ,ਪਾਦ ਕਰਮੇ ਦ੍ਰਿਯ, ਦ੍ਵੈਇੰਦ੍ਰਿਯ 'ਅਗਨਿ'ਤੋ ਭਏ। ਨੇਤ੍ਰ ਗਯਾਨੇਦ੍ਰਿਯ, ਪਾਦ ਕਰਮੇਂਦ੍ਰਿਯ, ਦ੍ਵੈਇੰਦ੍ਰੀਯ 'ਅਗਨਿ'ਤੋਂ ਭਏ। ਰਸਨਾ ਗਯਾਨੇਦ੍ਰਿਯ,ਲਿੰਗ ਕਰਮੇਂਦ੍ਰਿਯ, ਦ੍ਵੈਇੰਦ੍ਰਿਯ 'ਪ੍ਰਿਥਵੀ'ਤੇ ਭਏ॥ ਇਤਿ ਦਸ ਇੰਦ੍ਰਿਯ॥

ਪ੍ਰਾਣ, ਅਪਾਨ, ਬਯਾਨ, ਉਦਾਨ, ਸਮਾਨ, ਏ ਤਤ-ਪੰਚ ਪ੍ਰਾਣ ~~ਬਾਯੁ~~ ਬਿਕਾਰ।

ਸਤੋ ਗੁਣ:-ਅਬ ਸੱਤੋ ਗੁਣ ਪ੍ਰਧਾਨ ਅੰਸ ਕਹੇਹੈਂ। ਏਕਹੀ ਅੰਤਹੁਕਰਣ ਕੀ 'ਚਾਰਿ-ਬ੍ਰਿਤਿ'ਹੈ,ਤਿਸ ਕਰਿ'ਚਤੁ'ਸੇ ਕਹਾਹੈ ॥ ਜੇ ਸੇ ਏਕਹੀ ਪੁਤਖ ਪੂੱਛਨ ਕਰੇ,ਤੋ ਪਾਠਕ ਕਹੀਐ। ਪਕਾਵੇਤੋ ਪਾਚਕ ਕਹੀਐ,ਤੈਸੇਹੀ ਸੰਕਲਪ-ਬਿਕਲਪ ਬ੍ਰਿਤਿਕਾ ਨਾਮ'ਮਨ'ਹੈ। ਨਿਸਚੇਹ ਬ੍ਰਿਤਿਕਾ ਨਾਮੁ'ਬੁੱਧਿ'ਹੈ। ਚਿਤਵਨ ਬ੍ਰਿਤਿਕਾ ਨਾਮੁ'ਚਿਤ'ਹੈ। ਅਹੰਕਾਰਤਾ ਅਹੰ-ਭੁਗਤਾ ਇਸ'ਅਹੁੰ'ਬ੍ਰਿਤਿਕਾ ਨਾਮੁ ਅਹੰਕਾਰਹੈ। ਇਤਿ ਚਤੁਸਟੈ ਅੰਤਹਕਰਣ॥ ਅਥ ਚਤੁਰ-ਦਸ ਦੇਵਤਾ:- ਦਿਸ਼ਾ, ਪੌਨ, ਸੂਰਜ, ਬਰਣ, ਅਸ੍ਵਨੀ-ਕੁਮਾਰ, ਯਹ ਪੰਚ ਦੇਵਤਾ ਗਯਾਨੇ-ਦ੍ਰਿਯਕੇ ਹੈ। ਅਗਨਿ,ਇੰਦ੍ਰ,ਉਪੇਦ੍ਰ,ਪ੍ਰਾਪਤਿ,ਮ੍ਰਿਤਯੁ,ਯਹ ਪੰਚ ਕਰਮੇਂਦ੍ਰਿਕੇ ਦੇਵਤਾਹੈ। ਚੰਦ੍ਰਮਾ, ਬ੍ਰਹਮਾ, ਬਾਸੁਦੇਵ, ਰੁਦ੍ਰ, ਯਹ ਅੰਤਤਕਰਣ ਕੇ ਦੇਵਤਾ। ਇਤਿ ਚਤੁਰ ਦਸ ਦੇਵਤਾ॥ ਸੋ ਯਹ ਦਸੇਂ ਦ੍ਰਿਯ, ਪੰਚ ਪ੍ਰਮਾਣ, ਭੋਗ ਸਾਧਨਹੈ॥ ਸ਼ਬਦ, ਸਪਰਸ, ਰੂਪ, ਰਸ, ਗੰਧ; ਯਹ ਪੰਚ-ਭੋਗਹੈ, ਅਰੁ ਮਨ, ਬੁਧਿ, ਭੋਗਤਾਹੈ॥ ਸੋ ਭੋਗਤ੍ਰਥਾ ਭੋਗ ਸਥਾਨ;ਤਥਾ ਭੋਗ ਸਾਧਨ, ਤਥਾ ਭੋਗਤਾ; ਯਹ ਚਾਰੋ ਆਤਮਾ ਨਹੀਂ, ਅਨਾਤਮਾਹੈ। ਸੋ ਯਹ ਰਜੋ-ਗੁਣ ਤਥਾ ਸਤੋ-ਗੁਣ ਪ੍ਰਧਾਨ 'ਲਿੰਗ-ਸਰੀਰ'ਸਤ੍ਰਹ-ਤਤਵਕਾ ਦੂਸਰਾਹੈ। ਸੋ'ਪੰਚ ਪ੍ਰਧਾਨ'ਕਹੀਐ ਤੀਸਰਾ 'ਕਾਰਣੁ-ਸਰੀਰ' ਕੇਵਲ ਅਗਯਾਨਕਾ ਨਾਮੁਹੈ। 'ਅਹੰ ਨ ਜਾਨਾਮਿ ਕੋਹੰ'(=ਮੈ ਨਹੀ ਜਾਨਤਾ ਮੈ ਕੌਨ ਹੂੰ); ਸੋ ਯਹ ਸਮਸਤ ਸਹਿਤ ਮਾਯਾ।

ਪੰਚੇ ਪਾਵਹਿ ਦਰਗਹ ਮਾਨੁ॥

ਦਰਗਹ ਕਹੀਐ ਈਸਵਰ ਸਥਾਨ; ਸੱਤਾ ਮਾਤ੍ਰ, ਆਸ਼ੇ ਰੂਪ ਤਿਸੀ ਸੱਤਾ ਬਿਖੇ'ਪਾਵਹਿ ਮਾਨੁ'ਕਹੀਐ, ਲਖਾਇ ਮਾਨੁਹੈਂ।

ਪੰਚੇ ਸੋਹਹਿ ਦਰਿ ਰਾਜਾਨੁ॥

ਰਾਜਾਨ ਕਹੀਐ ਸਰਬ ਉਪਰ ਪਰ ਸ਼ੁੱਧ ਅਚਲ ਬ੍ਰਹਮ ਅਦ੍ਵੈਤ-ਸੱਤਾ-ਮਾਤ੍ਰੰ ਜੋ ਨਾਰਾਯਣਹੈ,

Sri Satguru Jagjit Singh Ji eLibrary NamdhariElibrary@gmail.com

ਤਿਸਹੀ ਚੇਤੰਨ ਸੱਤਾ ਆਸ੍ਰਿਤ ਯਹ ਪਾਂਚੋ ਅਪਨੇਂ ਕਾਰਣ ਤਥਾ ਕਾਰਜ ਸਹਿਤ ਸੋਹਤੇਹੈ,ਕਿਆ? ਭਿੰਨ ਭਿੰਨ ਸੁਭਾਇਮਾਨਹੈ। ਜੈਸੇ'ਰਜਵ(ਰੱਸੀ)'ਹੀਕੇ ਬਿਖੇ,ਅਰੁ ਰਜਵ ਹੀਕੇ ਆਸ੍ਰੇ,ਭ੍ਰਮ ਰੂਪੀ ਸਰਪ ਪ੍ਰਗਟ ਸੋਭਾਇਮਾਨਹੈ। ਤੇਸੇਹੀ ਸੁੱਧ ਸ੍ਵਰੂਪ ਨਾਰਾਯਣ ਸਭਾ ਬਿਖੇ ਅਰੁ ਤਿਸਹੀ ਆਸ੍ਰੇ 'ਪੰਚੋ-ਸੋਹਤੇ'ਹੈ। ਸੋਹਤੇ ਕਹੀਐ, ਬਿਸਵ-ਅਕਾਰ ਹੇਵਕੋ ਪ੍ਰਵਿਰਤੇਹੈ। ਅਥ ਪ੍ਰਿਥਮ ਮੁਕਤਿ-ਆਸਨ ਜਿਗਆਸੂਕੋ ਗੁਰੁ ਧਯਾਨ ਕਹਤੇਹੈਂ :-

ਪੰਚਾਕਾ ਗੁਰੁ ਏਕੁ ਧਿਆਨੁ।

ਸੋ ਕਿਆ ਕਹੀਐ,ਪੰਚ ਪ੍ਰਮਾਣ ਸੰਪੂਰਣ ਬਿਸਵ ਜੋਹੋ ਸੋ ਏਕ-ਅਦੇਵੈਤ ਈਸ਼ ਰੂਪ ਨਾਰਾਯਣ ਹੀਹੈ। ਯਹ ਜੋ ਧਯਾਨਹੈ, ਜੋ ਗੁਰੁ ਕਹੀਐ, ਸ੍ਰੇਸਟ-ਉੱਤਮਹੈ। ਯਹੀ ਧਯਾਨ ਜਿਗਯਾਸੂਕੋ ਪ੍ਰਥਮ ਭਕਤਿਕਾ ਕਾਰਣਹੈ। ਇਸ ਪਰ ਗ੍ਰੰਥ ਪਰਮਾਣ ਹੈ॥ "ਏ ਨੇਤ੍ਰਹੁ ਮੋਰਿਹੋ" (921:19)"ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿਕਾ ਰੂਪਹੈ ਹਰਿ ਰੂਪ ਨਦਰੀ ਆਇਆ";ਐਸੇ ਹੀ ਸ੍ਰੀ ਰਾਮ ਜੀ'ਰਾਮ ਗੀਤਾ'ਬਿਖੇ ਕਹੇਹੈ;'ਯਹ ਸੰਪੂਰਣ ਬਿਸ਼ਵ ਪਰਮਾਤਮਾ ਦਰਸ਼ਨਹੀ ਅਵਧਾਰੇ।ਅਰੁ ਆਤਮੁ ਬਿਖੇਤੇ ਅੰਤਰ ਨਿੰਚਿਤਭੀ ਨ ਜਾਵੈ।ਤਿਸ ਪੁਰਖਕੇ ਸੰਪੂਰਣ ਚਿਦਾਨੰਦਾ ਵਿਸੇਖ ਰਹੇਹੈ।ਅਬ ਕਹੇਹੈਂ,ਜੋ ਭਗਵਾਨ ਅਪਨੀ ਸਤਾ ਕਰਿ ਮਾਯਾ ਦ੍ਵਾਰੇ ਜਗਤਕੀ ਰਚਨਾ ਰਚੀਹੈ,ਸੋ ਅਤਿ ਬੇ-ਸੁਮਾਰਹੈ; ਕਹਿ ਕੌਨ ਸਕੇ ਹੈ? ਤਿਸ ਪਰ ਸ੍ਰੀ ਗੁਰੂ ਕਹੇਹੈ:-

ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥

ਅਰਥ॥ ਸ੍ਰੀ ਕਰਤਾਪੁਰਖ ਜੀਨੇ ਅਪਨੀ ਮਾਯਾ ਦ੍ਵਾਰੇ ਜੋਰਚਨਾ ਰਚੀਹੈ;ਅਰੁ ਜੇ ਕੋਈ ਕਹੇ,ਯਹ ਵਿਸ਼੍ਵ ਕਿਸੇ ਕੇ ਆਧਾਰਹੈ? ਸੁਣਨਮੋ ਆਇਆਹੈ ਪੁਰਾਣਹੁ ਬਿਖੇ, ਜੋ ਪ੍ਰਿਥਵੀ ਮਧਯ ਸ਼ੇਸ਼-ਨਾਗ ਪਰਹੈ;ਅਰੁ ਕੋਨੇ ਦਿਗ-ਹਸਤੀਅਹੁ ਕੀ ਪੀਠ ਪਰਹੈ। ਇਉ ਭੀ ਸੁਨਾਹੋ, ਜੋ ਧਵਲ ਬੈਲਕਾ ਸਰੂਪ ਹੈ; ਤਿਸ ਪਰਹੋ। ਸੋ ਹੇ ਭਗਵਾਨ ਜੈਸੇਹੈ, ਤੇਸੇ ਕ੍ਰਿਪਾ ਕਰਿ ਕਹੋ; ਸ੍ਰੀ ਗੁਰੂ ਕਹੇਹੈਂ। :-

ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

ਧੌਲੁ ਕਹੀਐ ਵਿਸ਼ਵਕਾ ਆਧਾਰ ਰੂਪ ਸੋ ਕੇਵਲ 'ਧਰਮ' ਹੀਹੈ। 'ਧਰਮ' ਕਹੀਐ ਈਸ਼੍ਵਰ-ਸੱਤਾ ਜਿਸਕੇ ਆਸ੍ਰੇ ਸੰਪੂਰਣ ਵਿਸ਼੍ਵ ਸਿਥਤਿਹੈ; ਸੋਈ'ਧੌਲ'ਰੂਪਹੈ। ਅਥਵਾ:-ਭਕਤਿ, ਉਪਾਸਨਾ, ਧਰਮ; ਅਥਵਾ ਬੇਦਉ ਕ੍ਰਿ ਜੋ ਬਰਨ; ਆਸ੍ਰਮਕਾ'ਧਰਮ'ਹੈ, ਜੋ ਕੇਵਲ ਪ੍ਰਭਕੀ ਦਯਾ ਤੇਹੈ;ਅਰੁ ਪ੍ਰਭੁਕੀ ਦਯਾਤੇ ਉਤਪਤਿ ਜੋ ਸੰਤੋਖਹੈ; ਸੰਤੋਖ ਕਹੀਐ; ਆਨੰਦ, ਤ੍ਰਿਪਤਿ, ਜਿਸ ਕਰਿਕੇ ਵਿਸ਼੍ਵ 'ਥਾਪਿ ਰਖਿਆ' ਕਹੀਐ ਨਿਹਚਲ; ਸੂਤ ਕਹੀਐ, ਏਕ ਰਸ ਪ੍ਰਯੋਜਨ ਯਹਹੈ, ਜੋ ਈਸ਼ਵਰ 'ਧਰਮ' ਅਰੁ ਈਸਵਰ 'ਦਯਾ'ਤੇ ਜੋ ਅਨੰਦਹੈ; ਤਿਸਹੀ ਆਸ੍ਰੇ ਵਿਸ਼ਵਕੀ ਥਿਰਤਾਹੈ॥

ਜੇ ਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥

ਜੇਕੋ ਬੁਧਿਮਾਨੁ ਹੋਆ,ਅਰੁ ਯਹ ਬਾਤਿ ਬੂਝੈ,ਜੋ ਜਗਤ ਕੇਵਲ ਈਸ਼੍ਵਰ ਸੱਤਾਹੀ ਬਿਖੇ, ਤਥਾ ਆਸ੍ਰੇ ਸਿਕਤਿ ਹੈ; ਅਰੁ'ਧੌਲੇ'ਉਪਰਿ ਕੇਤਾ ਭਾਰੁ' ਕਹੀਐ, ਕਿਆ ਭਾਰਹੈ? ਕਾਹੇਤੇ,

ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸਤੇ ਭਾਰੁ ਤਲੈ ਕਵਣ ਜੋਰੁ॥

ਧੌਲ ਭੀ ਤੋ ਕਿਸੀਕੇ ਊਪਰਿਹੈ; ਤਿਸਕੇ ਪਰੇ ਔਰ ਪ੍ਰਿਥਵੀਹੈ, ਤਿਸਤੇ ਪਰੇ ਔਰਹੈ, ਐਸੇ ਪਰੇ ਹੀਤੇ ਪਰੇਹੈ, ਅੰਤ ਸਭਕੇ ਤਲੇ ਕਿਸਕਾ ਜੋਰਹੈ। ਜੋ ਸਭਕੇ ਭਾਰਕੋ ਥਾਂਭੇਹੈ। ਤਾਂਤੇ

Sri Satguru Jagjit Singh Ji eLibrary NamdhariElibrary@gmail.com

ਸੰਪੂਰਨ ਵਿਸ਼ਵ ਕੇਵਲ ਏਕ ਨਾਰਾਯਣ ਸਤਾ ਹੀਕੇ ਬਿਖੇ ਅਰੁ ਤਿਸਹੀ ਆਸ੍ਰੇ ਸਿਥਤਿਹੈ, ਔਰ ਕਲਪਨਾ ਸਭ ਬਯਰਥਹੈ॥ ਤਿਸਮੋ ਅਨੇਕ ਪ੍ਰਕਾਰ ਦੀ ਰਚਨਾ ਬੇ-ਸੁਮਾਰਹੈ।

ਜੀਅ ਜਾਤਿ ਰੰਗਾਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥

ਜੋ ਅਨੇਕ ਪ੍ਰਕਾਰ ਜੀਵਹੁਕੀ ਜਾਤਿ ਤਥਾ ਰੰਗ ਤਥਾ ਇੰਦ, ਚੰਦ ਆਦਿਕ ਨਾਮਹੈ, ਸੋ ਸਭਕੋ ਕਰਮਕੇ ਅਨੁਸਾਰ'ਵੁੜੀ-ਕਲਾਮ'ਕਹੀਐ, ਨਿਸਚੇ ਕਰਿਕੇ'ਨੇਤ'ਲਿਖੀਹੈ। ਜੋਐਸੇ ਕਰਮਹੁਕਾ ਫਲੁ ਐਸੇਹੀ ਨਿਸਚੇ ਹੋਇ; ਤਿਸ ਹੀਤੋਂ ਅਨੇਕਤਾ ਹੈ।

ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ॥

ਸੋ ਯਹ ਲੇਖਾ ਕੋਣ ਲਿਖਿ ਜਾਵੇ? ਜੇ ਕੋਈ ਲੇਖਾ ਲਿਖਿਆ ਚਾਹੇ,ਤੋ ਜਾਣੇ,ਏ ਲਿਖਿਆ ਕੇਤਾ ਹੋਵੇਗਾ,ਤਾਂਤੇ ਪ੍ਰਭਕੀ ਰਚਨਾ ਅਲੇਖ ਹੈ।

ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥

ਕੇਤਾ ਤਾਣ ਕਹੀਐ ਬਲੁ, ਜਿਸ ਬਲ ਕਰਿਕੇ ਪ੍ਰਭੁਕੇ 'ਸੁਆਲਿਹੁ ਰੂਪ' ਕਹੀਐ ਰੂਪ ਰਚੇ ਹੈਂ;ਅਰੁ ਕੇਤੀ ਪ੍ਰਾਰਬਧਕੇ ਅਨੁਸਾਰ ਦਾਤਿ ਕਹੀਹੈ। ਜਾਣੈ ਕੌਣ ਕੂਤੁ? ਸੋ ਇਸਕੇ ਜਾਣੇਕੋ ਕਉਣ ਕੂਤ ਕਹੀਐ; ਕਉਣ ਸਾਮਰਥਹੋ?

ਕੀਤਾ ਪਸਾਉ ਏਕੋ ਕਵਾਉ॥ ਤਿਸਤੇ ਹੋਇ ਲਖ ਦਰੀਆਉ॥

ਏਕੋ ਕਵਾਉ ਕਹੀਐ, ਏਕ-ਅਨਿਰਵਚਨੀ; ਅਰਥੁ ਯਹ, ਜੋ ਸਤਯ ਯਾ ਅਸਤਯ ਕਹੀ ਨ ਜਾਇ,ਸੋ ਮਾਯਾ ਸੋ ਏਕ ਪ੍ਰਭੁਨੇ ਮਾਯਾ ਦ੍ਵਾਰੇ ਪਸਾਉ ਕਹੀਐ, ਪਸਾਰਾ ਕੀਆਹੈ॥ ਤਿਸਤੇ ਹੋਏ ਲਖ ਦਰੀਆਉ; ਲਾਖਹੁ ਸ੍ਰਿਸਟੀ ਹੁਈ। ਦਰਿਆਉ ਕਹਨੇਕਾ ਪ੍ਰਯੋਜਨ ਯਹਹੈ, ਜੈਸੇ ਦਰੀਆਉਕਾ ਜਲ ਹਰ ਛਿੰਨ ਬਹਾ-ਪ੍ਰਵਾਹ ਰੂਪ ਜਾਤਾਹੈ, ਅਰੁ ਦ੍ਰਿਸਟਿ ਮਹੁ ਜਿਉਕਾ ਤਿਉਹੀ ਨਦਰਿ ਆਵਤਾਹੈ। ਤੇਸੇਹੀ ਯਹ ਜਗਤ ਛਿਨ-ਭੰਗਰਹੈ ਅਰੁ ਦੇਖਨੇ ਮਹੁ ਜਿਉਂਕਾ ਤਿਉਂ ਹੀਹੈ।

ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥16॥

ਸੋ ਹੇ ਪ੍ਰਭੋ! ਤੁਮਾਰੀ ਜੋ ਆਦਿ-ਸ਼ਕਤਿ ਮਾਯਾਹੈ; ਤਿਸਕਾ ਮੈ ਕੌਣ ਵੀਚਾਰ ਕਹਾ, ਸੰਸਾਰ ਰੂਪੀ ਚਕ੍ਰ ਮਹੁ ਭ੍ਰਮਾਇ ਰਹੀਹੈ; ਬਹੁਤ ਪ੍ਰਬਲਹੈ। ਸੋ ਐਸੀ ਮਾਯਾਤੋ ਏਕ ਵਾਰ ਵਾਰਿਆ ਨਹੀ ਜਾਤਾ; ਵਾਰਿਆ ਕਹੀਐ ਛੂਟਿ ਨਹੀ ਸਕਤਾ; ਬਿਨਾ ਤੁਮਾਰੀ ਕ੍ਰਿਪਾ--ਔਰੁ ਕੋਈ ਉਪਾਵ ਛੂਟਨਕਾ ਨਹੀਂਹੈ;ਤਾਤੇ'ਜੋ ਤੁਧੁ ਭਾਵੈ ਸਾਈ ਭਲੀ ਕਾਰ'; ਹੇ ਪ੍ਰਭੋ ! ਜੋ ਤੁਮਕੋ ਭਾਵਤਾਹੈ ਸੋਈ ਅਤਿ ਉਤਮ ਕਾਰਿਹੈ; ਅਰੁ ਤੁਮ ਸਦਾ ਜਿਉਕੇ ਤਿਉ ਸਲਾਮਤਿ ਰਹੁ; ਕਿਆ, ਸੱਤਾ ਮਾਤ੍ਰਾ ਅਚਲ ਰਹੁ,ਬਹੁੜ ਕੈਸੇ ਹਹੁ? ਨਿਰਾਕਾਰ ਆਕਾਰ ਤੋਂ ਰਹਿਤ ਹਹੁ, ਅਰ ਨਿਸ਼ਚਾ ਜਗਯਾਸੂਕੇ ਕਲਯਾਨਕੋ ਕਰਤਾਹੈ॥16॥

ਨੰ.4. ਸਾਧੂ ਅਨੰਦਘਨ ਜੀ (ਉਦਾਸੀਨ-ਪੁਰਾਣ ਕਥਾ ਵਾਚੀ)

ਨਨੁ:-ਸੋਰਠਾ: ਵਰਨਨ-ਕੀ-ਯੋ ਸੁਜਾਨ, ਮੰਨੇਕੀ ਮਹਮਾ ਕਹੀ॥ ਯਾਮੋ ਕੋਣ ਪ੍ਰਮਾਨ, ਆਪ ਤੇਰ ਕੁਲ ਤਾਰਤਾ ਹੈ॥1॥

ਇਹ ਜੋ ਵਾਦੀਕੀ ਸੰਕਾਹੈ, ਤਿਸੀਕਾ ਉਤਰ ਕਹਤੇ ਹੈ:- ਪੰਚ ਪਰਵਾਣ॥

ਗੁਰੋਂਕੇ ਮੁਖਾਰਬਿੰਦਤੇ ਜੋਸੁਣ ਕਰ ਜੋ ਨਾਮਕੋ ਮਾਨ ਲੇਤੇਹੈਂ,ਸੋ ਆਪਹੀ ਤਰਤੇਹੈ,ਆਪਣੇ

Sri Satguru Jagjit Singh Ji eLibrary NamdhariElibrary@gmail.com

ਕੁਲਕੋ ਭੀ ਤਾਰਤੇਹੈਂ ਔਰਕੋ ਭੀ ਤਾਰਤੇਹੈਂ॥ ਇਸ ਪਰ 'ਪਚੰ-ਪ੍ਰਮਾਣ' ਸਾਸਤ੍ਰੋਮੇਂ ਲਿਖੇਹੈ:- ਪ੍ਰਤੱਖਯਾ॥1॥, ਅਨਮਾਨ॥2॥, ਉਪਮਾਨ॥3॥, ਸਬਦ॥4॥, ਅਰਥਾਪਤਾ॥5॥

ਇਹ ਪੰਚ ਪਰਮਾਣ ਤੋਈ ਈਹਾਂ ਨਹੀਂ ਬਣਤੇ॥ ਕਾਹੇ-ਤੇ:- ਨੇਤ੍ਰੋ ਕਰ ਕਰ ਜੋ ਦੇਖੀਏ ਤਿਸਕਾ ਨਾਮ'ਪ੍ਰਤੱਖਯ'ਹੈ। ਨੇਤ੍ਰੋ ਕਰ ਕਰਜੋ ਜੈਸੇ ਭਜਨ-ਵਾਨ ਦ੍ਰਿਸਟ ਆਵਤੇ ਹੈਂ; ਤੈਸੇਹੀ ਭਜਨ-ਹੀਨਭੀ ਦ੍ਰਿਸਟ ਆਵਤੇਹੈਂ; ਭਜਨ-ਵਾਨ ਕੁਲ ਸੰਯੁਕਤ ਕੈਸੇ ਮੁਕਤ ਹੂਆ? ਭਜਨ-ਹੀਨ ਕੇਸੇ ਨ ਹੂਆ? ਇਸਕਾ ਦ੍ਰਿਸਟਾਂਤ ਤੋਕਛ ਭੀਨਹੀਂ ਦ੍ਰਿਸਟ ਆਵਤਾ॥ ਤਾਤੇ'ਪ੍ਰਤੱਖ'ਤੇ ਈਹ ਨਹੀ ਬਣਤਾ॥ ਐਸੇਹੀ ਅਨੁਮਾਨਾਦਿਕ ਭੀ ਨਹੀ ਬਣਤੇ॥ ਅਰ'ਪੰਚ'ਨਾਮ ਪਾਚੋਂਕਾ ਭੀਹੈ॥ਜੋ ਕਹੀਏ ਹਮ ਔਰ ਪਾਂਚ-ਪਰਮਾਣ' ਦੇਕਰ ਇਸ ਕੋ ਸਿੱਧ ਕਰੇਗੇ, ਤੋਭੀ ਨਹੀਂ ਬਣਤਾ; ਕਾਹੇਤੇ:- ਨਾਮਕੀ ਮਹਮਾ ਪਰ--ਤੋ ਕੇਤੇ ਕੋਟ ਪ੍ਰਮਾਣਭੀ ਥੋੜੇਹੈ; ਪਾਂਚੋਕੀ ਗਿਣਤੀ ਕਿਆਹੈ ॥ਅਰੁ ਪੰਚ ਨਾਮ ਪੰਚਾਇਤਕਾ ਭੀਹੈ; ਅਰਥਤੋ ਈਹਾਂ ਹਛੀ ਤਰਾਸੋ ਬਣੇਗਾ; ਸੋ ਲੋਕ ਹੀ ਕਹਿਤੇਹੈਂ:- ਪੰਚੋਕਾ ਕਹਾ ਹਮਾਰੇ ਸਿਰ ਪਰ, ਜੋ ਪੰਚ ਕਹੇ, ਸੋ 'ਪਰਮਾਣ'॥

ਪੰਚ ਨਾਮ ਯਥਾਰਥ ਵਾਕਤਾਕਾ, ਜੋ ਕਿਸੀ ਕਸੂਰ ਤਭੀ ਨਾ ਕਰੇ,ਯਥਾਰਥ ਕਹੇ, ਸੋ'ਪੰਚ'॥ ਜੋ ਜਥਾਰਥ ਵਕਤਾ, ਤੋ 'ਪਰਮੇਸ੍ਵਰ'ਹੈ॥ ਅਥਵਾ ਪਰਮੇਸ੍ਵਰਕੇ'ਸੰਤ'ਹੈ; ਔਰ ਤੋ ਸਾਰਾ ਜਗਤ ਝੂਠ ਮੋ ਹੀ ਪੜਾਹੈ॥ ਤਾਤੇ ਜੋ ਪਰਮੇਸ਼ਵਰ ਕਹੇ ਸੋ ਪਰਮਾਣ; ਜੋ ਸੰਤ ਕਹੇ ਸੋ, ਪਰਮਾਣ॥ਨਾਰਦ ਪੰਚਾਰਾਤ੍ਰੇ-ਵਿਸ਼ਨੁ ਵਚਨੰ:-ਵਿਸ੍ਮਯਜਲਜਾ ਯੇਤ ਧੀਤੇ ਮ ਨਾਮਾਨੀ ਨਿਤਰੰ ਕੁਲ ਕੋਟੀ ਸਮਾਯੁਕਤਤੋ ਲਭਤੇ ਮਾਮ ਕੰਪਦੰ॥

ਨਾਰਦ ਪੰਚਰਾਤ੍ਰਮੋ ਲਿਖਾ ਹੈ॥ ਵਿਸਨੁ ਜੀ ਕਹਿਤੇ ਹੈ॥ ਭਗਤੋਂ ਕੋ ਲਜਾਕੇ ਤਿਯਾਗ ਕਰ, ਜੋ ਮੇਰੇ ਨਾਮੋ ਕੋ ਨਿਰੰਤਰ ਉਚਾਰਣ ਕਰਤੇ ਹੈ॥ ਸੋ ਪੁਰਖ ਕੋਟ ਕੁਲਾ ਸੰਜੁਗਤ ਮੇਰੇ ਪਦ ਕੋ ਆਇ ਪ੍ਰਾਪਤ ਹੋਤੇ ਹੈ॥

ਬ੍ਰਹਮ ਸਰਬੰ ਸੇ। ਤਬਯਬ੍ਰਤੀਮਿਤੇ ਭਾਜਨ ਸਰਤਵ ਈਤ ਦਧਾਰਯਾ॥ ਨਾਮ ਸੰਕੀਰਤਨਾਦ ਨਯਨ ਮੋ ਚਕੋਅਨਯੋ ਬਿਦਯਤੇ।

ਬ੍ਰਹਮ ਹਰਿਬੰਸ ਪੁਰਾਣ ਮੋ ਲਿਖਾਹੈ:- ਬ੍ਰਹਮਾਜੀ ਕਹਿਤੇਹੈਂ"ਰਾਜਾ ਕਰਮ ਧੁਜ ਕੋ; 'ਹੇ ਰਾਜਨ! ਤੂੰ ਮੇਰੇ ਤਾਈ ਸਾਚ ਕਹਿਤਾਹੋਂ॥ ਤੂੰ ਇਸਕੋ ਸੁਣ ਕਰ ਧਾਰਣ ਕਰ॥ ਨਾਮੁ ਕੀਰਤਤੇ ਭਿੰਨ ਇਸ ਜਗਤਮੋ ਦੂਸਰਾ ਕੋਈ ਮੁਕਤ ਕਰਣੇ ਵਾਲਾਹੈ ਨਹੀ॥ਨਾਮ, ਜਪ, ਕਰ ਆਪ ਭੀ ਮੁਕਤ ਹੋਤਾਹੈ; ਔਰਕੋ ਮੁਕਤ ਕਰਤਾਹੈ॥ ਐਸਾ ਔਰ ਕਿਆਹੈ; ਗਿਯਾਨ, ਜੋ ਨਿਹਕਾਮਕਾ ਸਿਮਰਣ॥ ਏਹੁਜੋ ਮੁਕੁਤਕੇ ਦਾਤਾ ਕਹੈਹੈ,ਈਹਾ ਭੀ ਮੁਕਤ ਕਰਣੇ ਵਾਲਾ ਨਾਮ ਹੀਹੈ॥" ਇਹ ਪ੍ਰਸੰਗ'ਆਰਤੀ'ਕੀ ਟੀਕਾਮੋ ਭਲੀ ਪ੍ਰਕਾਰ ਵਰਨਨ ਕੀਆਹੈ॥ ਪੁਰਾਣਤਰ ਮੋ ਲਿਖਾਹੈ ਬਿਆਸ ਬਚਨ:- "ਗੋਬਿੰਦ ਤ੍ਰਿਮੁਦਾ ਯੁਕਤੋ ਕੀਰਤਰ ਯੇਤ ਯਸ ਤਵੱਨਯਧੀ॥ਪਾਵਨੇ ਨਚ ਧਨੇ ਨੇਨਯੰ ਪ੍ਰਿਥਵੀ ਧ੍ਰਿਤਾ॥

ਪੁਰਾਣਾਤਰਮੋ ਲਿਖਾਹੈ ਵਿਆਸ ਜੀ ਕਹਤੇਹੈ, ਮੁਨੀਸ੍ਵਰਕੋ; ਗੋਵਿੰਦ ਜੋ ਨਾਮਹੈ ਤਿਸਕੋ ਜੋ ਪ੍ਰਸੰਨਤਾ ਕਰ ਕਰ ਯੁਕਤ ਹੂਆ ਕੀਰਤਨ ਕਰਤਾਹੈ, ਸੋ ਪਰਮ ਪਾਵਨ ਪੁਰਖਹੈ॥ ਅਰੁ ਓਹੀ ਧੰਨ ਪੁਰਖ ਭੀਹੈ, ਤਿਸੀਨੇ ਤੋ ਇਹ ਪ੍ਰਿਥਮੀ ਧਾਰਣ ਕਰੀਹੈ॥ਨਹੀਤੋ ਪਾਪੀਓਂਕੇ ਭਾਰ ਕਰ ਕਰ ਦਬਾਈ ਹੂਈ ਚਲੀ ਜਾਤੀ ਰਸਾਤਲਕੋ ॥ ਕੁਲ ਕਾ ਉਧਾਰਣਾ ਤਿਸਕੇ ਆਗੇ ਕੋਣ ਸੀ ਬਾਤਹੈ॥

Sri Satguru Jagjit Singh Ji eLibrary NamdhariElibrary@gmail.com

ਬ੍ਰਹਮਾਂਡ ਪੁਰਾਣੇ॥ "ਜਪੰਤਿ ਨਾਰਾਇਣਾ ਯੇਤੀ, ਗੀਤ ਗੱਮਤੀ ਚਾਨਿ ਸੰਸਯਧ੍ਰਿਤ॥ ਮਹਾਪਾਪਤ ਤੇਨ ਕੋਟੀ ਕਲੰਨਾਕਿੰ" ਬ੍ਰਹਮਾਂਡ ਪੁਰਾਣਮੋ ਲਿਖਾਹੈ:"ਬਾਵਨ ਭਗਵਾਨ ਕਹਤੇਹੈ,ਮੁਨੀਸ੍ਵਰੋਂ ਕੋ॥ "ਨਾਰਾਇਣ ਇਸ ਨਾਮਕੋ ਜਿਸਨੇ ਜਪਾਹੈ, ਅਰ 'ਰਾਮ' ਇਸ ਨਾਮਕੋ ਜਿਸਨੇ ਨਿਰੰਤਰ ਗਾਇਆਹੈ। ਕਿਆ ਤਿਸਨੇ ਨਾਮ ਆਪਣਾ ਕੋਟ ਕੁਲ ਮਹਾਪਾਪੋ ਤੇ ਨਹੀ ਉਧਾਰ ਕੀਆ?

ਸੂਰਯ ਪੁਰਾਣੇ॥ 'ਮਹਾਦੇਵ: ਕਲਯਾਨ ਬਾਣੀ ਯਸਯ ਮੁਖਾਬੁਜੇ॥ ਸੁਧਨਿਆ ਪਾਵਤਾ ਅਨਿਆ ਨਾਸੋ ਦ੍ਰਿਸ੍ਟੀ ਪਸ ਗੋਚਰਾਨ॥

ਮਾਹਾਂ ਪਾਤਕ ਯੁਕਤੋ ਤੋਪੀ ਕੀਰਤਨ ਨਿਸੰਹਰੰ॥ ਸੁਧ ਅੰਤ:ਕਰਣੋ ਭਵ ਤਵਾਜਾਯਤੇ ਪੰਗਤੇ ਪਾਵਨ॥"

ਸੂਰਯ ਪੁਰਾਣਮੋ ਲਿਖਾਹੈ; ਸੂਰਯ ਭਗਵਾਨ ਕਹਤੇਹੈ ਆਪਣੇ ਭਕਤੋਕੋ:"ਮਹਾਦੇਵ ਇਹ ਕਲਯਾਣ ਰੂਪੀ ਬਾਣੀ ਜਿਸਕੇ ਮੁਖ ਕਮਲ ਮੋ ਹੋ ਸੋ ਧੰਨ ਪੁਰਖਹੈ॥ ਸੋ ਤੋ ਸਭਕੋ ਭੀ ਪਵਿਤ੍ਰ ਕਰ ਡਾਰਤਾਹੈ॥ ਔਰ ਕਿਨਕੋ ਜੋ ਜੋ ਉਸ ਕੀ ਦ੍ਰਿਸਟਕੇ ਆਗੇ ਆਵਤੇਹੈ॥ ਤਿਨ ਸਭਕੋ ਪਵਿਤ੍ਰ ਕਰ ਡਾਰਤਾਹੈ॥ ਜੋ ਮਹਾਪਾਪੋ ਕਰ ਕਰ ਯੁਕਤਭੀ ਹੈ॥ ਹਰ ਇਸ ਨਾਮੋਕੋ ਨਿਤ ਉਚਾਰਣ ਕਰਤਾਹੈ॥ ਐਸਾ ਪੁਰਖ ਸੁਧ ਅੰਤ:ਕਰਣ ਹੋਇ ਕਰ ਕਰ ਪੰਕਤਕੋ ਪਵਿਤ੍ਰ ਕਰਨੇ ਵਾਲਾਹੈ। ਜਬ ਤਕਰ ਪਾਪਹੈ ਤਬ ਤਕਰਹੀ ਅਪਵਿਤ੍ਰਹੈ॥ ਅਰ ਤਬ ਕਰਹੀ ਆਵਾਂਗੋਣਭੀਹੈ ਸਿ ਯੁਕਤ ਪੁਰਖ ਜਿਸ ਪੰਕਤਮੋ ਬੈਠਾ,ਤਿਸ ਪੰਕਤ ਕੋਹੀ ਪਾਪ ਗਏ॥ ਅਰ ਪੰਕਤਹੀ ਆਵਾਗੌਣਤੇ ਰਹਤ ਭਈ।

ਕੇਦਾਰ ਖੰਡੇ:-ਸਿਵੇਤੀ ਦਿਵਅਖਰੰ ਨਾਮ ਮਹਾਪਾਪ ਪ੍ਰਣਾਸਨੰ॥ ਯੈਸਾ ਮੁਖੋ ਦਗਤਾ ਨ੍ਰੀਣਾਤਈ ਰਿਯੰਧਾ ਰਯਤੇ ਮਹੀ॥

ਕੇਦਾਰ ਖੰਡਮੋ ਲਿਖਾਹੈ॥ "ਸਿੰਕਦ ਕੁਮਾਰ ਕਹਤੇਹੈ"ਅਗਸਤ ਮੁਨਕੋ:'ਸ਼ਿਵ'ਇਹ ਜੋ 'ਦੋ'ਅਖਰ ਨਾਮਹੈ। ਸੋ ਮਹਾਪਾਪੋਕਾ ਨਾਸ ਕਰਣੇ ਵਾਲਾਹੈ॥ ਜਿਨ ਨਰੋਕੋ ਮੁਖਤੇ ਨਿਰੰਤਰ ਉਚਾਰਣ ਹੋਤਾਹੈ;ਤਿਨੋਨੇਹੀ ਇਹੁ ਪ੍ਰਿਥਵੀ ਧਾਰਣ ਕਰੀਹੈ॥ ਨਹੀਤੋਂ ਪਾਪੀਓਕੇ ਭਾਰ ਕਰ ਦਬਾਈ ਹੁਈ ਚਲੀ ਜਾਤੀ ਰਸਾਤਨ ਕੋ"॥

ਸ਼ਿਵ ਰਹੱਸੇ॥ ਏਤੀ ਈ ਅਸੰਤਤ੍ਰ'ਸਤ'ਈਸ੍ਵਰ ਨਾਮਭਿਸਤੁ ਇਹ ਜਨਮਨਿ॥ ਸੁਕ੍ਰਿਤ ਵਾ ਪੁਜਯੇਤਸੁਭੰ ਕੁਲ ਕੋਟਿੰਸਮੁਧਰੇ॥

ਸਿਵ ਰਹੱਸਮੋ ਲਿਖਾਹੈ, ਇਹਜੋ ਮਹਾਵੇਦਦਾ ਅਸਤੋਤ੍ਰ'ਸਤਨਾਮਹੈ'ਇਨ ਨਾਮੋ ਕਰਕਰ ਏਕ ਵਾਰਭੀਜੋ ਇਸ ਜਨਮਮੋ ਸ਼ਿਵ ਪੂਜਨ ਕਰਤਾਹੈ॥ ਸੋ ਆਪਣੇ ਕੋਟ ਕੁਲਕਾ ਉਧਾਰ ਕਰਤਾਹੈ"ਸੰਕਰ ਸੰਹਿਤਾਯਾਂ:-"ਕਿੰਚਿਤ ਦਲੰ ਵਾਚੁਲਕੋ ਦਕੰਵਾ ਅਮੰਤ੍ਰਕੰ ਪਿਸਮੰਤ੍ਰ ਕੰਵਾ॥ ਯਾਪੂਜਯੇਤ ਸੰਕਰਮੂਰਧ ਨਿਭਕਤਿਆਸ ਵਸੰ ਕੋਟਿ ਆਸਿ ਲੋਕ ਮੇਤੀ"॥

ਸੰਕਰ ਸੰਹਿਤਾਮੋ ਲਿਖਾਹੈ॥ ਕਛ ਏਕ ਬਿਲ ਪੱਤ੍ਰ ਅਥਵਾ ਚੁਲੀ ਜਲਕੀ, ਅੰਮ੍ਰਤ ਕਹੈ ਅਥਵਾ ਸਮੰਤ੍ਰਕਹੈ ਜੋ ਭਕਤ ਕਰ ਕਰ ਪੂਜਨ ਕਰਤਾਹੈ ਸ਼ਿਵਲਿੰਗਕੇ ਉਪਰ॥ ਸੋ ਪੁਰਖ ਕੋਟ ਕੁਲ ਸੰਯਕੁਤ ਸ਼ਿਵਲੋਕਕੋ ਪ੍ਰਾਪਤ ਹੋਤਾਹੈ॥

ਸਿਵ ਰਹੱਸੇ॥ ਦਿਵਤ੍ਰੈਰ ਬਿਲਵਦਲੇ ਰਸੰਜਯਤੀਯ ਪੁਮਾਨ॥ ਸਬੰਸ ਕੋਟੀ ਸੰਯੁਕਤ ਸਿਵਲੋ ਕੰਚ ਯਾਸਯਤੇ॥

Sri Satguru Jagjit Singh Ji eLibrary NamdhariElibrary@gmail.com

ਸ਼ਿਵ ਰਹੱਸਮੋ ਲਿਖਾਹੈ॥ ਦੋਤੀਨ ਬਿਲਵ ਪੱਤ੍ਰੋ ਕਰ ਕਰ ਜੋ ਭਗਤਵਾਨ ਨਰ ਸ਼ਿਵ ਪੁਜਨ ਕਰਤਾਹੈ॥ ਸੋ ਕੋਟ ਵੰਸ ਸੰਯੁਕਤ ਸ਼ਿਵਲੋਕਕੋ ਪ੍ਰਾਪਤ ਹੋਤਾਹੈ॥ ਪੂਜਾਮੋ ਭੀ ਕ੍ਰਿਤਾਰਥ ਕਰਣੇ ਵਾਲਾ ਨਾਮਹੀਹੈ। ਜੋਪੂਜਾ ਕਰੇਗਾਸੋ ਸ਼ਿਵ,ਵਿਸ਼ਨੁ ਨਾਮੁ ਲੇਕਰ ਹੀਤੋ ਪੂਜਾ ਕਰੇਗਾ॥ ਬਿਨਾ ਨਾਮਹੀਤੋ ਨ ਪੂਜਾ ਕਰੇਗਾ? ਅਬ ਦੇਵੀ ਨਾਮਕੀ ਮਹਮਾ ਕਹਤੇ ਹੈ॥ ਸ਼ਕਤਿ ਯਾਮਲ(ਤੰਤ੍ਰੇ):-

"ਸੰਕਟੰਸਗਰੁ ਪ੍ਰਾਪਯਜੋ ਸਿਮਰਤਿ ਮੁਹਰੁਮੁਹੁ॥ ਕੁਲ ਕੋਟਿ ਸਮਸਤਯ ਬ੍ਰਹਮ ਲੋਕ ਮਹੀਯਤੇ॥

ਏਕਤਾ ਸਰਬ ਤੀਰਥਨਿ,ਸਨਾਤ੍ਵਾ ਭਵਤੀਯਤਫਲੰ॥ ਤਤਫਲੰ ਕੋਟਿਗੁਣਾਤ ਦੁਰਗਾ ਦੁਰਗੇ ਤਿ ਕੀਰਤਨਾਤ"॥

ਸਕਤਿਯਾਮਲ ਮੋ ਲਿਖਾਹੈ॥ 'ਸੰਕਟਕੋ ਪ੍ਰਾਪਤ ਹੋਇ ਕਰ ਕਰ ਜੋ ਦੁਰਗਾ ਨਾਮਕੋ ਵਾਰੰਵਾਰ ਜਪਤਾਹੈ॥ ਸੋ ਪੁਰਖ ਕੋਟ ਕੁਲਕਾ ਉਧਾਰ ਕਰਕਰ ਬ੍ਰਹਮ ਲੋਕ ਵਿਖੇ ਪੂਜਾ ਕਰਣੇਕੇ ਯੋਗ ਹੋਤਾਹੈ॥

ਸੰਕਟ ਸਮਨ ਪ੍ਰਾਪਤਾ ਈਹਾ ਸਮ ਅਰ ਅਨੁ ਜੋ ਉਪਸਰਗ ਦੀਏ ਹੈ; ਇਨਕਾ ਇਹ ਅਰਥਹੈ॥

ਸੰਸਾਰ ਸਾਗਰਕੋ ਸੰਕਟ ਮਾਨ ਕਰ ਬੈਰਾਗਕੋ ਧਾਰ ਧਰ ਕਰ ਜੋ ਦੁਰਗਾ ਨਾਮਕੋ ਵਾਰੰਵਾਰ ਜਪਤਾ ਹੈਂ । ਏਕ ਓਰ ਸਰਬ ਤੀਰਥ ਤਿਨਕਾ ਸਨਾਨ ਕਰਣੇਕਾ ਜੋ ਫਲ ਹੋਤਾਹੈ:ਸੋ ਫਲ ਦੁਰਗਾ ਦੁਰਗਾ ਐਸੇ ਕਰਣੇਤੇ ਕੋਟ ਗੁਣ ਅਧਕ ਹੋਤਾਹੈ॥

"ਬ੍ਰਹਮ ਸਰਬੰਮੇ ਕ੍ਰਿਸ਼ਨ: ਬਚਨਮਨਾਮ ਕੀਰਤਨ ਫਲੰ, ਬਿਧਿ ਧੰਨਿਸਮਯਨ ਸ੍ਮਧਧਾਤਿਮਨੂਚੇਤਨਤਾ ਰਥਬਾਦੰ॥

ਯੋ ਮਾਨਵਾ ਸਤਮਿਹਦੁਖਚਯੋਖਿਆਮਿ ਸੰਸਾਰ ਘੋਰ ਬਿਬਧਾਰ ਤਿਨਿ ਪੀੜਤਰੀ ॥"

ਬ੍ਰਹਮ ਸਬ੍ਸੰਵਮੋ ਲਿਖਾਹੈ॥ "ਸ੍ਰੀ ਕ੍ਰਿਸਨ ਮਹਾਰਾਜ ਕਹਤੇਹੈ॥ ਮੇਰੇ ਨਾਮੋਕਾ ਜੋ ਕੀਰਤਨਹੈ ਤਿਨਕਾ ਨਾਨਾ ਪ੍ਰਕਾਰਕਾ ਫਲ ਸੁਣ ਕਰਕਰ ਜੋ ਇਨਪੈ ਸ਼ਰਧਾ ਨਹੀਂ ਲਿਆਵਤਾ॥ ਇਹੀ ਮਾਨਤਾਹੈ, ਇਹ ਤੋ ਵਿਅਰਥ ਵੇਦਹੈ: ਝੂਠੀ ਉਪਮਾਹੈ, ਸੋ ਐਸਾ ਯੋ ਮਾਨਸਹੈ ਤਿਸਕੋ ਮੈ ਦੁਖ ਮੋ ਡਾਰਦੇਤਾਹੈ॥ ਸੰਸਾਰ ਜੋਹੈ ਘੋਰ, ਤਿਸ ਵਿਖੇ ਨਾਨਾ ਪ੍ਰਕਾਰਕੇ ਜੋਹੈ ਅੰਤਰ ਰੋਗ: ਤਿਨੋ ਕਰਕਰ ਪੀੜਾ ਇਮਾਨ ਹੁਆ ਅੰਗ ਜਿਸਕੇ, ਤਿਸਕੋ ਮੈ ਐਸਾ ਕਰ ਡਾਰਤਾਹੋਂ॥ ਬ੍ਰਹਮਾ, ਵਿਸਨ, ਮਹਾਦੇਵ, ਸਰਸਵਤੀ, ਲਖਮੀ, ਪਾਰਬਤੀ ਇਨਮੋ ਜਿਸ ਪਰ ਜਿਸ ਕੀ ਭਾਵਨਾ ਹੋਇ ਤਿਸਕਾ ਨਾਮ ਉਚਾਰਣ ਕਰੇ॥ ਆਪਭੀ ਕ੍ਰਿਤਾਰਥ ਹੋਵੇਗਾ,ਆਪਣੇ ਕੁਲਕੋ ਭੀਕ੍ਰਿਤਾਰਥ ਕਰੇਗ। ਔਰਕੋ ਭੀ ਕ੍ਰਿਤਾਰਥ ਕਰੇਗਾ॥ ਸਾਸਤ੍ਰੀ ਪਰਮਾਣਕਹੇ; ਅਬ ਭਾਖਾਕੇ ਪ੍ਰਮਾਣ ਕਹਤੇਹੈ॥

"ਤੇਰਾ ਜਨ ਕੁਲ ਉਧਾਰਣ ਆਇਆ" "ਆਪ ਤਰੇ ਸਗਲੇ ਕੁਲ ਤਾਰੇ" "ਸਗਲ ਸਮੂਹਲੈ ਉਧਰੇ ਨਾਨਕ ਜਿਨ ਪੂਰਣ ਬ੍ਰਹਮ ਪਛਾਤਾ"[36] ; ਪ੍ਰਸੰਗ ਪਾਇ ਕਰ ਪੰਚਾਇਤਕੇ ਪ੍ਰਮਾਣ ਕਹੇ, ਅਬ ਮੂਲਕੋ ਹੀ ਵਰਨਨ ਕਰਤੇ ਹੈ॥

ਪੰਚਪ੍ਰਧਾਨ॥

ਜਿਨ ਪੰਚੋਕੀ ਪ੍ਰਮਾਣਤਾ ਕਹੀ,ਪ੍ਰਧਾਨਤਾ ਭੀਤੋ ਤਿਨਕੀਹੀਹੈ॥ ਪ੍ਰਧਾਨਤਾ ਕਿਸੀ ਔਰਕੀਤੋ ਨ ਹੋਵੇਗੀ॥

36. ਏਹ ਸ਼੍ਰੀਗੁਗ੍ਰੰਜੀ ਦੀਆਂ ਸਹੀ ਤੁਕਾਂ ਨਹੀਂ; ਸਹ ਪੰਨੇ: ਓ, 1123:5; ਅ. 362:10;1297; ਏ. 532:11 ਤੇ ਦੇਖੋ॥

Sri Satguru Jagjit Singh Ji eLibrary NamdhariElibrary@gmail.com

ਪੰਚੇ ਪਾਵਹਿ ਦਰਗਹ ਮਾਨੁ॥

ਪੰਚ: ਸੰਤ ਜਨਹੀ ਪ੍ਰਮੇਸ੍ਵਰਕੇ ਦਵਾਰੇ ਮਾਨ ਪਾਵਤੇਹੈ॥
ਪੰਚੇ ਸੋਹਹਿ ਦਰਿ ਰਾਜਾਨੁ॥

ਪੰਚ: ਸੰਤ ਜਨਕੀ ਪ੍ਰੇਮਸ੍ਵਰਕੇ ਦਵਾਰੇਕੇ ਰਾਹ ਜਾਤੇ ਹੁਏ ਸੋਭਾ ਪਾਵਤੇਹੈ॥
ਪੰਚਾਕਾ ਗੁਰੁ ਏਕੁ ਧਿਆਨੁ॥

ਪੰਚ ਜੋਹੈ, ਸੰਤ ਜਨ; ਸਰਬ ਜਗਤਕਾ ਗੁਰਜੋ ਏਕ ਪ੍ਰਮੇਸ੍ਵਰਹੈ ਤਿਸੀ ਵਿਖੇ ਤਿਨਕਾ ਧਿਆਨਹੈ॥ ਤਬੀ ਤੋ ਸੰਤੋਨੇ ਪ੍ਰਮਾਣਤਾ ਪਾਈ; ਤਬੀ ਪ੍ਰਧਾਨਤਾ ਪਾਈ; ਤਬੀ ਮਾਨ ਪਾਇਆ; ਤਬੀ ਸ਼ੋਭਾ ਪਾਈ॥

ਜੇਕੋ ਕਹੈ ਕਰੈ ਵੀਚਾਰੁ॥ ਕਰਤੇਕੈ ਕਰਣੈ ਨਾਹੀ ਸੁਮਾਰੁ॥

ਜੇ ਕੋਈ ਵੀਚਾਰ ਕਰ ਕਰ ਕਹੇ, ਤੋ'ਕਰਤਾਕੈ ਕਰਣੈ'ਨੇ ਜੋ ਮਨਨਕੀ ਮਹਮਾ ਰਚੀਹੈ, ਤਿਸਕਾ ਕੁਛ ਸੁਮਾਰ ਨਹੀ॥ ਨਾਮਕੋ ਮਨਨ ਕਰ ਕਰ ਆਪਭੀ ਤਰਾ,ਅਰ ਆਪਣੇ ਕੁਲਕੋ ਭੀਤਾਰਾ;ਇਹ ਨਾਮਕੇ ਮਨਨਕੇ ਆਗੇ ਕੌਣਸੀ ਬਡੀ ਬਾਤਹੈ ॥ ਨਾਮਕੇ ਮਨਨਕੀ ਔਰ ਬਡੀ ਬਾਤ ਸ੍ਵਣ ਕਰੋ॥

ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

ਪੁਰਾਣਮੋ ਲਿਖਤਾਹੈ 'ਧਰਤੀ' ਸ਼ੇਸ਼ਨਾਗਕੇ ਸਿਰ ਪਰਹੈ। ਕਿਸੀ ਪੁਰਾਣਮੋ ਇਹੁ ਭੀ ਲਿਖਤਾਹੈ 'ਧਰਤੀ' – ਅਸਟ ਹਸਤੀਓ ਕੀ ਪੀਠ ਪਰਹੈ। ਕਿਸੀ ਪੁਰਾਣਮੋ ਇਹੁ ਭੀ ਲਿਖਤਾਹੈ;'ਧਵਲ ਜੋਹੈ ਬੈਲ, ਧਰਤੀ; ਤਿਸਕੇ ਸਿਰਪਰਹੈ'॥ ਈਹਾਂ ਸੁਣਨੇ ਵਾਲੇਕੋ ਸੰਦੇਹ ਹੋਤਾਹੈ-ਸੰਦੇਹਕੋ ਦੂਰ ਕਰਨੇਕੇ ਨਮਿਤ ਇਸਕਾ ਨਿਰਣੈ ਕਰਤੇਹੈ ॥ ਬੀਚ ਸੋ ਤੇ ਧਰਤੀ ਸ਼ੇਸ਼ਨਾਗਕ ਸਿਰ ਪਰਹੈ:ਅਰ ਗਿਰਦੇ ਗਿਰਦੇ'ਦਿਗ ਹਸਤੀ'ਜੋਹੈ ਅਸ਼ਟ, ਤਿਨਕੀ ਪੀਠ ਪਰਹੈ॥ ਕਾਹੇਤੇ, ਧਰਤੀਤੋ ਬਹੁਤ ਭਾਰੀਹੈ:ਆਪਣੇ ਭਾਰਸੋ ਆਪਨ ਟੂਟ ਪੜੇ॥ ਇਸੀ ਨਮਿਤ ਅਸਟ- ਹਸਤੀਓਕੇ ਅਸਟ ਖੰਭੇ ਲਗਾਇ ਦੀਏਹੈ॥ ਅਰ ਸ਼ੇਸ਼ਨਾਗ ਸੰਯੁਗਤ ਦਿਗ ਹਸਤੀ ਧਵਲਕੇ ਸਿਰ ਪਰਹੈ॥ 'ਧਵਲ'ਜੋਹੈ ਸੋ'ਧਰਮ'ਹੈ॥ ਤਬੀਤੋ ਨਹੀ ਏਤੇ ਭਾਰਸੋ ਡੋਲਤਾ॥ ਅਰ ਦਇਆਦਾ ਪੁਤ੍ਰਹੈ॥ ਜੋ ਦਇਆ ਹੋਵੇ, ਤਬੀਤੋ ਧਰਮ ਉਪਜੈ। ਬਿਨਾ ਦਇਆ ਧਰਮ ਹੋਤਾਤੋ ਨਹੀ: ਜੋ ਧਰਮ ਹੋਵੇ, ਤਬੀਤੋ ਸੰਤੋਖ ਉਪਜੇ॥ ਧਵਲ ਸੰਤੋਖ-ਪਰਹੈ॥ ਸੰਤੋਖ ਨਿਰਾਧਾਰਹੈ॥ ਸੰਤੋਖ ਕਿਸੀਕਾ ਆਸਰਾ ਨਹੀ ਚਾਹਤਾ॥ ਤਬੀਤੋ ਸੂਤੀ ਕਿਆ-ਕਹੀਏ, ਏਤਾ ਭਾਰ ਤਿਸਨੇ ਥਾਪਿ ਰਖਿਆਹੈ॥ ਨਹੀਤੋ ਭਾਰ ਕਿਸਨੇ ਥਾਪਿ ਰਖਿਆਹੈ? ਨਹੀਤੋ ਡੁਲਾਇਮਾਨ ਹੋਤਾ॥ ਅਬ ਇਸਕੋ ਵਿਚਾਰ ਕਰ ਕਰ ਦੇਖਾ ਚਾਹੀਏ॥ ਧਵਲ ਤਬੀਤੋ ਐਸਾ ਹੁਆ, ਜਬ ਐਸਾ ਕਰਮ ਕੀਆ॥ ਕਰਮ ਤਬੀ ਕੀਆ ਹੋਵੇਗਾ, ਜੋ ਗੁਰੋਕੇ ਵਚਨ ਸੁਣ ਕਰ ਮਾਨੇ ਹੋਵੇਗੇ॥ ਮਾਨੇ ਬਿਨਾ ਤੋ ਕੋਈ ਕਿਛ ਕਰਮ ਨਹੀ ਕਰ ਸਕਤਾ॥ ਇਹੁ ਸਭ ਮਨਨ ਕਾ ਹੀ ਪਰਤਾਪਹੈ॥

ਜੇ ਕੋ ਬੁਝੈ ਹੋਵੈ ਸਚਿਆਰੁ॥

ਜੇ ਕੋਈ ਮਨਨਕੀ ਮਹਮਾਕੋ ਬੂਝਤਾਹੈ: ਸੋ ਸਚਿਆਰ, ਕਿਆ-ਕਹੀਏ, ਪਰਮੇਸ੍ਵਰ ਰੂਪੀ ਹੋਤਾਹੈ॥

ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁਹੋਰੁ॥ ਤਿਸਤੇ ਭਾਰੁ ਤਲੈ ਕਵਣ ਜੋਰੁ॥
ਧਵਲੈ ਉਪਰਿ ਕੇਤਾ ਭਾਰੁਹੈ:ਧਰਤੀ ਤਿਸਕੇ ਪਰੇ ਔਰ ਧਰਤੀ,ਤਿਸਤੇ ਪਰੇ ਔਰ

Sri Satguru Jagjit Singh Ji eLibrary NamdhariElibrary@gmail.com

ਧਰਤੀ॥ ਪ੍ਰਥਮਤੋਂ ਕੁਛ ਧਰਤੀਓਂਕਾ ਹੀਅੰਤ ਨਹੀਂ॥ ਧਰਤੀ ਏਕ ਹੀਹੈ॥ ਧਰਤੀ ਸਬਦ ਕਰ ਕਰ ਈਹਾ ਦੇਸ, ਖੰਡ, ਦਵੀਪ ਗ੍ਰਹਣ ਕਰੇ॥ ਤਿਸਤੇ ਮੈ ਇਹ ਪੂਛਤਾਹੋ; ਏਤਾਜੋ ਧਰਤੀਓਂਕਾ ਭਾਰਹੈ, ਤਿਸਕੋ ਜਿਸਨੇ ਥਾਪਿ ਰਖਾਹੈ,ਤਿਸ ਕੇ ਤਲੈ ਜੋਰ ਕਿਸਕਾਹੈ?॥ ਏਤਾ ਭਾਰ ਨਹੀਂ ਡੋਲਤਾ, ਅਡੋਲਤੋ ਏਕ ਪ੍ਰਮੇਸ੍ਵਰ ਹੀਹੈ॥ ਤਾਂਤੇ ਈਹਾਂ ਇਹ ਨਿਸਚੇ ਕਰਣਾ; ਧਵਲ, ਮਨਨਕੇ ਪ੍ਰਤਾਪਤੇ ਪ੍ਰਮੇਸ੍ਵਰ ਰੂਪਹੀ ਹੂਆ:ਔਰ ਭੀਜੋ ਕੋਈ ਮਨਨ ਕਰੇਗਾ,ਸੋਭੀ ਪ੍ਰਮੇਸ੍ਵਰਹੀ ਹੋਵੇਗਾ: ਏਤਾ ਕਹਣੇਕਾ ਇਹੀ ਤਾਤਪਰਯ ਥਾ॥

ਨਨੁ॥ ਬਡਾਈ ਈਹਾ ਸੰਤੋਖਕੀ ਦ੍ਰਿਸਟ ਆਵਤੀਹੈ:ਜਿਸਨੇ ਧਵਲਕੋਭੀ ਥਾਪ ਰਖਾ,ਧਵਲਕੀ ਬਡਾਈ ਕਿਉ ਕਹਤੇਹੈ? ਤਿਸਕਾ ਉਤਰ॥ ਤੁਮਾਰਾ ਸੰਤੋਖ ਤੁਮਾਰੇਸੋ ਭਿੰਨਤੋਂ ਨਹੀਂ॥ਜੋ ਤੁਮ ਸੰਤੋਖਕਰੋਗੇ,ਤਬੀਤੋ ਸੰਤੋਖ ਹੋਵੇਗਾ॥ ਬਾਹਰ ਸੋਤੋ ਨ ਆਣ ਪੜੇਗਾ। ਤੇਸੇਹੀ ਜੋਧ-ਵਲਨੇ ਸੰਤੋਖ ਕੀਆ?ਜੈਸੇ ਲੂਭ-ਜੰਤੁ ਆਪਣੇ ਮੁਖਸੋ ਤਾਰ ਨਿਕਾਸਤਾਹੈ:ਤਿਸਕੇ ਆਸਰੇ ਝੂਲਤਾਹੈ, ਨਹੀਤੋ ਗਿੜ ਪੜਤਾ॥ ਬਡਾਈਤੋ ਈਹਾ ਲੂਭੇ ਕੀਹੈ, ਜਿਸਕੀ ਤਾਰ ਹੈ॥ ਤਾਰ ਕੀ ਬਡਾਈ ਤੋ ਨਹੀਂ: ਤਾਤੇ ਬਡਾਈ ਧਵਲਕੀ ਹੀਹੈ, ਜਿਸਨੇ ਸੰਤੋਖ ਕਿਆ॥

ਕਰਤੇ ਕੈ ਕਰਣੈ ਨਾਹੀ ਸੁਮਾਰੁ॥

ਇਹ ਜੋ ਕਹਾ, ਅਬ ਇਸੀਕੋ ਵਿਸਤਾਰ ਕਰ ਕਰ ਕਹਤੇ ਹੈ;-

ਜੀਅ ਜਾਤਿ ਰੰਗਾਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ॥

ਸ਼ਰੀਰਕੇ ਦੋਨੋਂ ਹਾਥ,ਅਥਵਾ ਸ਼ਰੀਰਕੇ ਦੋਨੋਂ ਪਾਵੋਂ,ਮਿਟੀਸੇ ਭਰ ਜਾਯੇ,ਅਰਥਾਤ ਲਥ-ਪਥ ਹ ਜਾਯੇ, ਤੋ ਪਾਨੀ ਸੇ ਧੋਏ ਹੁਏ ਮਿਟੀਕੇ ਉਤਰ ਜਾਨੇ(ਨਿਰਵਿਤਹੋ ਜਾਨੇ)ਸੇ ਸ਼ੁੱਧ,ਅਰਥਾਤ ਨਿਰਮਲਹੋ ਜਾਤੇਹੈਂ॥ 1॥ ਮੁਤ੍ਰਸੇ ਅਥਵਾ ਕਿਸੀ ਦੂਸਰੀ ਅਪਵਿਤ੍ਰ ਵਸਤੂਕੇ ਸੰਬੰਧਸੇ ਵਸਤ੍ਰ ਅਪਵਿਤ੍ਰਹੋ ਜਾਯੇ, ਤੋ ਵਹ ਸਾਬੂਨ ਲਗਾ ਕਰ ਧੋਨੇਸੇ ਪਵਿਤ੍ਰ ਕਰ ਲਿਯਾ ਜਾਤਾ, ਅਰਥਾਤ: ਨਿਸ਼ਿਦ ਕਰਮੋਂਕੇ ਕਰਨੇਸੇ,ਉਤਪੰਨ ਹੁਏ ਪਾਪਰੂਪੀ ਮਲ ਕੇ ਸੰਸਗ੍ਰਸੇ ਭਰ ਜਾਤੀ, ਅਰਥਾਤ ਮਲਿਨ(ਅਪਵਿਤ੍ਰ) ਹੋਤੀਹੈ--ਅਰਥਾਤ ਪਵਿਤ੍ਰਹੋ ਜਾਤਾ ਹੈ॥ 2॥ ਬੁਧਿ ਪਾਪੋ ਕਰਮੋਂਕੇ ਸੰਬੰਧਸੇ ਵਹ ਇਸ਼੍ਵਰਕੇ ਨਾਮਕੇ ਰੰਗਮੇ,ਅਰਥਾਤ ਪ੍ਰੇਮ ਪੂਰਵਕ ਵਾਰਵਾਰਕੇ ਉਚਾਰਣਸੇ ਉਤਪੰਨ ਹੁਏ ਪੁਨਯ ਰੂਪੀ ਜਲਸੇ ਧੋਈ ਹੋਈ ਨਿਰਮਲ, ਅਰਥਾਤ ਪਵਿਤ੍ਰ ਹੋਤੀਹੈ ॥ 3॥ ਦੇਖੋ ਮਨੁਸ਼ਯੋ, ਕਹਿਨੇ ਸੇ, ਅਰਥਾਤ ਕਥਨ ਮਾਤ੍ਰਸੇ ਕੋਈ ਮਨੁਸ਼ਯ ਪੁਨਯ ਅਥਵਾ ਪਾਪੀ ਨਹੀਂ ਹੋਤਾ। ਹਰ ਏਕ ਮਨੁਸ਼ਯ ਪੁਨਯ ਕਰਮਕਾ ਅਨੁਸ਼ਠਾਨ ਕਰਕੇ ਔਰ ਪਾਪਕਰਮਕਾ ਅਨੁਸ਼ਠਾਨ ਕਰਕੇ, ਕਰਮਕੀ ਪ੍ਰਾਕ੍ਰਿਤੀ ਰੂਪੀ ਲੇਖਨੀਸੇ ਲਿਖੇ ਹੁਏ ਵਿਧਾਤਾਕੇ ਲੇਖਾਂ ਅਨੁਸਾਰ ਪੁਨਜੀ ਅਥਵਾ ਪਾਪੀ ਸੰਗਿਯਾ (ਨਾਮ) ਕੋ ਲਭਤਾ, ਅਰਥਤਾ ਪੁਣਜੀ ਪਾਪਰੂਪੀ ਬੀਜਕੋ ਜਗਤਰੂਪੀ ਕਸ਼ੇਤ੍ਰਮੇਂ ਬੋਤੇ ਹੈ ਅਪਨੇ-ਆਪਸੇ ਹੀ ਸਬ ਮਨੁਸ਼ਯ ਪੁਨਯ-ਪਾਪ ਰੂਪੀ ਬੀਜਕੋ ਜਗਤ ਰੂਪੀ ਕਸ਼ੇਤ੍ਰਮੇਂ ਬੋਤੇਹੈਂ ਔਰ ਅਪਨੇ ਆਪਹੀ ਉਸਕੇ ਸੁਖ-ਦੁਖ ਰੂਪੀ ਫਲ ਕੋ ਖਾਤੇਹੈਂ॥ ਫਲ ਖਾਨੇਕੇ ਲਿਯੇ ਉਸਕੀ ਆਗਿਯਾਸੇ ਯਹਾਂ ਆਤੇ ਔਰ ਫਲ ਖਾ ਲੇਨੇ ਪਰ ਯਹਾਂ ਸੇ ਜਾਤੇ ਹੈਂ, ਯਹ ਨਾਨਕਦਾ ਦਰਸ਼ਨ, ਅਰਥਾਤ ਨਾਨਕਦੀ ਦ੍ਰਿਸ਼ਟੀਹੈ ॥ 5॥ 20॥

ਭਾਸ਼ਯ:- ਇਸ਼੍ਵਰ ਕੀ ਅਕਥਯ, ਅਚਿਨਤਯ ਤਥਾ ਅਪਾਰ ਮਹਿਮਾਕਾ ਯਤਿਕਚਿਤ੍ ਬਖਾਨ ਪੀਛੇਕੇ ਚਾਰ ਪਰਵੋਂਮੇਂ ਕਿਯਾ ਗਿਆ। ਅਬ ਇਸ਼੍ਵਰਕੀ ਪ੍ਰਾਪਤੀ ਜਿਨ ਸਾਧਨੋਂਸੇ ਹੋਤੀਹੈ, ਉਨ ਸਬਕਾ ਬਖਾਨ ਆਗੇਕੇ ਦੋ ਪਰਵੋਂਮੇਂ ਕਿਯਾ ਜਾਤਾਹੈ। ਇਨ ਦੋਨੋਂ ਪਰਵੋਂ ਕੀ ਮੰਤ੍ਰ ਸ਼ੰਖਿਯਾ ਤਥਾ ਕ੍ਰਮ ਪਾਂਚ, ਨੌ ਅਰਥਾਤ ਚੌਦਹ ਹੈ। ਪਹਿਲੇ ਪਰਵਕੇ ਪਾਚੋਂ ਮੰਤ੍ਰੋਂਕਾ ਅਰਥ ਅਨੁਵਾਦਸੇ ਸਫੁਟਹੈ ॥ 5॥ 20॥

ਨੰ.10. ਭਾਈ ਵੀਰ ਸਿੰਘ ਜੀ (ਆਧੁਨਿਕ)-20

ਪ੍ਰਾਕਥਨ:-ਹੁਣ ਤਾਈਂ ਨਿਰੰਕਾਰ, ਉਸਦਾ ਰੂਪ, ਪ੍ਰਾਪਤੀਦਾ ਅੰਤ੍ਰੀਵ ਸਾਧਨ, ਭਗਤੀ,

Sri Satguru Jagjit Singh Ji eLibrary NamdhariElibrary@gmail.com

ਗੁਣ ਗਾਯਨ, ਨਾਮ ਸ੍ਰਵਣਤੇ ਮਨਨ(ਸਿਮਰਣ), ਗਯਾਨ ਪ੍ਰਾਪਤੀ ਪੂਰਨਪਦ ਆਦਿ ਵਰਣਨਹੋ ਚੁਕੇ;ਤੇ ਸਦਾ ਸਾਈਦੇ ਧਯਾਨ ਨਿਮਗਨ ਰਹਿਣੇਦੀ (ਸਹਿਜ ਸਮਾਧੀ ਦੀ) ਜਾਚ (ਅੰਤ੍ਰੰਗ ਤ੍ਰੀਕੇ ਦੀ) ਦੱਸੀ ਜਾ ਚੁੱਕੀਹੈ । ਫਿਰ ਸੰਸਾਰ ਰਚਨਾਦੀ ਵਿਸ਼ਾਲਤਾ, ਇਸਵਿਚ ਚਲ ਰਹੀ ਅਨੇਕਤਾ ਵਿਚ 'ਸਦਾ ਸਲਾਮਤਿ ਨਿਰੰਕਾਰ'ਨੂੰ ਅਨੁਭਵ ਕਰਦੇ ਰਹਿਣਾ, ਇਸਦੇ ਵਟਾਉ ਸਟਾਉ, ਭਲੇ ਬੁਰੇ ਨਜ਼ਾਰੇ ਸਭ ਕੁਛ ਤੱਕਕੇ 'ਜੋ ਤੁਧੁ ਭਾਵੇ ਸਾਈ ਭਲੀ ਕਾਰ'ਦੇ ਚਾਉ ਵਿਚ ਰਹਿਕੇ ਬਹਿ ਰੰਗੰ ਤ੍ਰੀਕੇ ਨਾਲਭੀ ਸਾਂਈਂਦੇ ਧਯਾਨ ਵਿਚ ਸਹਿਜੇ ਲਗੇ ਰਹਿਕੇ ਵਾਹਿਗੁਰੂਦੀ ਨਦਰ ਹੋਣ ਨਾਲ ਪੰਚ ਬਣੇ ਰਹਿਣਦਾ ਉਪਦੇਸ਼ ਆ ਚੁਕਾਹੈ, ਇਹ ਸਾਰਾ ਉਪਦੇਸ਼ ਇਕ ਉੱਤਮ ਜਗਯਾਸੂ ਪ੍ਰਤੀਹੈ।

ਇਥੇ ਆਕੇ ਪ੍ਰਸ਼ਨ ਉਪਜਦਾਹੈ, ਕਿ ਜੇਕੋਈ ਪਾਪੀ ਹੋਵੇ, ਜਿਸਦੀ ਮਤਿਹੀ ਪਾਪਾਂ ਵਿਚ ਖਚਤ ਹੋਵੇ, ਜੈਸਾਕਿ'ਅਸੰਖ ਚੋਰ ਹਰਾਮ ਖੋਰ'ਵਾਲੀ ਪਉੜੀ ਵਿਚ ਆਪਨੇ ਦਸਿਆਹੈ, ਕਿਆ ਜੋਉਹ ਚਾਹੇ ਕਿ ਮੈਂਬੀ ਸਚਿਆਰ ਬਣਾਂ;ਤਾਂ ਕੋਈ ਰਾਹਹੈ ? ਯਾ ਕਿ ਓਹ ਸਤਿ ਮਾਰਗਤੋਂ ਖੁੰਝਿਆ ਸਦਾਲਈ ਗਿਆ ਗੁਜ਼ਰਿਆਹੋ ਗਿਆ। ਉਸਦੀ ਕਲਿਯਾਣ ਨਮਿਤ ਸਾਹਿਬਜੀ ਅਗਲੀ ਪਉੜੀ ਉਚਾਰਦੇ ਹਨ:-

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥

ਅਰਥ:- ਜਿਵੇ ਸਰੀਰ (ਯਾ) ਸਰੀਰਦੇ (ਅੰਗ) ਹੱਥਤੇ ਪੈਰ(ਆਦਿ ਜੇ ਮਿੱਟੀ ਨਾਲ) ਭਰ ਜਾਣ,ਤਾਂ ਪਾਣੀ ਨਾਲ ਧੋਤਿਆਂ (ਉਹ) ਮਿੱਟੀ ਉਤਰ ਜਾਂਦੀ ਹੈ। (ਹਾਂ ਜਿਵੇਂ ਕੋਈ) ਕਪੜਾ ਮੂਤ੍ਰਦੀ ਪਲੀਤੀ ਵਾਲਾਹੋ ਜਾਵੇ, (ਤਾਂ) ਓਹ ਸਾਬੂਣ (ਦੀ ਚਸ) ਦੇਕੇ ਧੋ ਲਈਦਾਹੈ (ਤਿਵੇਂ ਜੋ) ਬੁੱਧੀ ਪਾਪਾਂ ਨਾਲ ਭਰ ਜਾਏ (ਤਾਂ) ਉਹ ਨਾਮਦੇ ਰੰਗ(ਪ੍ਰੇਮ) ਨਾਲ ਧੋਤੀ ਜਾਂਦੀਹੈ। (ਹੇ ਜੀਵ) ਪੁੰਨੀ ਜਾਂ ਪਾਪੀ (ਨਿਰਾ) ਕਹਿਣ ਮਾਤ੍ਰਹੀ ਨਹੀਂਹੈ (ਇਹ ਸਚਮੁਚ ਨਿਰਮਲਤਾ ਯਾ ਮੈਲਹੈ,ਇਉਂ ਕਿ)ਕਰਮ ਕਰ ਕਰਕੇ (ਤੂੰ ਆਪਣੇ ਨਾਲ ਇਨ੍ਹਾਂਦੇ ਸੰਸਕਾਰਾਂ ਨੂੰ ਮਾਨੋ) ਲਿਖਕੇ ਲੇ ਜਾਏਗਾ, (ਭਾਵ ਆਪਣੇ ਕੀਤੇ ਕਰਮ ਸੰਸਕਾਰ ਹੋਕੇ ਜੀਵਦੇ ਅੰਦਰ ਚਿੰਤ੍ਰਤਹੋ ਜਾਂਦੇ ਹਨ)। (ਤੇਰੇ ਕਰਮ ਕਰਨੇ ਨਾਲਤੂੰ) ਆਪੇ ਬੀਜ ਬੀਜਦਾਹੈ (ਉਸਦਾ ਫਲ ਬੀਤੂੰ) ਆਪਹੀ ਖਾਏਗਾ। ਪਰ ਗੁਰੂ ਨਾਨਕ ਦੇਵਜੀ ਫੁਰਮਾਉਂਦੇ ਹਨ--ਇਉਂ,ਹੁਕਮ ਮੂਜਬ (ਤੂੰ) ਆਉਂਦਾ ਜਾਂਦਾ ਰਹੇਂਗਾ। (ਭਾਵ-ਆਵਾਗਵਨ ਵਿਚ ਰਹੇਂਗਾ--ਮੁਕਤਹੋਕੇ ਟਿਕੇਂਗਾ ਨਹੀਂ) ਕਰਮ ਤੇਰੇ ਹਨ, ਫਲ ਪ੍ਰਦਾਤਾ'ਹੁਕਮੁ'ਹੈ- "ਹੁਕਮਿ ਚਲਾਏ ਆਪਣੇ ਕਰਮੀ ਵਹੈ ਕਲਾਮ" (1241:4)॥

ਵਯਾਖਯਾ:- ਸਤਿਗੁਰੂ ਜੀਨੇ ਏਥੇ ਪਾਪਾਂ ਨਾਲ ਭਰੀ ਬੁੱਧੀ, ਯਾ ਮਤਿ ਤੇ ਮੁੜ ਨਿਰਮਲ ਕਰ ਲੈਣਦਾ ਉਪਾਉ ਪਰਮੇਸੁਰਦੇ ਨਾਮਦੀ ਪ੍ਰੀਤ ਦੱਸੀਹੈ;(ਰੰਗ=ਪ੍ਰੀਤਿ)। ਦ੍ਰਿਸ਼ਟਾਂਤ ਸਰੀਰਤੇ ਕਪੜੇਦੇ ਮੈਲੇ ਹੋਣਦਾ ਦੇਕੇ ਇਹ ਲਖਾਇਆਹੈ; ਕਿ ਸਰੀਰ ਨਾਲ ਕੀਤੇ ਮਨਨੂੰ ਚੰਬੜੇ ਦੇ ਮਤ ਵਿਚ ਸੰਸਕਾਰਹੋਕੇ ਬਹਿ ਗਏ ਪਾਪਾਂ ਦੀਆਂ ਰੁਚੀਆਂ ਭਾਵੇਂ ਦ੍ਰਿੜਹੋ ਗਈਆਂ ਹਨ,ਪਰ ਅਹਿੱਲ ਨਹੀਂਹੋ ਗਈਆਂ;ਤੇ ਨਾ ਆਤਮਾ ਨਾਲ ਤਦਰੂਪਤਾ ਲੈ ਗਈਆਂ; ਉਹ ਸੰਸਕਾਰ ਉਥੋਂ ਕੱਢੇ ਬੀ ਜਾ ਸਕਦੇ ਹਨ,ਜਿਵੇਂ ਕੱਪੜੇ ਵਿਚੋਂ ਉਸਦੀ ਤਾਰ ਤਾਰ ਨੂੰ ਚੰਬੜੀ ਮੈਲ ਸਾਬਨ ਨਾਲ ਕੱਢੀ ਜਾ ਸਕਦੀਹੈ। ਸਿੱਟਾ ਇਹ, ਕਿ ਪਾਪੀਆਂ ਲਈ ਸਦਾ ਦੀ ਨਿਰਾਸਤਾ ਦੀ ਲੋੜ ਨਹੀਂ।

Sri Satguru Jagjit Singh Ji eLibrary NamdhariElibrary@gmail.com

ਉਦਮ ਕਰਨਤੇ ਨਾਮਨੂੰ ਲਗ ਪੈਣ ਨਾਲ ਅੰਤਹ-ਕਰਣ ਪਾਪ ਮਲਤੋਂ ਸੱਵਛ ਹੋ ਜਾਏਗਾ। ਪਾਪਮਈ ਅੰਤਹ-ਕਰਣਾਂਨੂੰ ਸ਼ੁੱਧ ਕਰਣੇਦਾ ਉਪਾਉਬੀ ਓਹੋ ਦੱਸਿਆ,ਜੋ ਜਗਯਾਸਾ ਭਰੇ ਉਤਮ ਅੰਤਹ- ਕਰਣ ਵਾਲੇਨੂੰ ਹਉਮੈ ਦੂਰ ਕਰਨੇ ਲਈ ਦੱਸਿਆਸੀ। ਪੰਚਮ ਗੁਰੂ ਜੀਨੇ ਬੀ ਦੱਸਿਆਸੀ ਕਿ ਨਾਮ ਮੈਲੇ ਮਨਦੀ ਪਹਿਲਾਂ ਮੈਲ ਕੱਟਦਾਹੈ, ਫੇਰ ਓਹੋ ਨਾਮ ਰਸ ਰੂਪ ਹੋ ਜਾਂਦਾਹੈ:-

"ਪ੍ਰਭੂਕੇ ਸਿਮਰਨਿ ਮਨਕੀ ਮਲੁ ਜਾਇ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥"(263:3)

ਵਾਹਿਗੁਰੂ ਪਰਮ ਪਵਿਤ੍ਰਹੈ ਉਸਦਾ ਨਾਮ ਸਿਰਮਣ ਮਨਨੂੰ ਉਸਦੇ ਧਯਾਨ ਵਿਚਲੈ ਜਾਂਦਾਹੈ। ਅੰਤਹਕਰਣ ਇਸ ਤਰ੍ਹਾਂ ਨਾਮ ਦੁਆਰਾ ਨਾਮੀਦੀ ਛੁਹ ਵਿਚ ਜਾਕੇ ਉਸਦੀ ਪਵਿਤ੍ਰਤਾ ਨਾਲ ਸ਼ੁੱਧਹੋ ਜਾਂਦਾਹੈ। ਹਾਂ, ਨਾਮ-ਸਿਮਰਣ ਹੋਰ ਰੁਚੀਆਂਤੋਂ ਉਖੇੜਦਾਹੈ ਤੇ ਐਉਂ ਹੁਕਮਤੇ ਹੁਕਮੀਦੇ ਨੇੜੇ ਲਈ ਆਉਂਦਾਹੈ,ਇਉਂ ਸਹਿਜੇ ਸਹਿਜੇ ਹਉਮੈ ਨੂੰ ਕੱਟਦਾਹੈ:-"ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ॥ ਮਪਿ ਮਪਿ ਕਾਟਉ ਜਮ ਕੀ ਫਾਸੀ"(ਭ:ਨਾਮਦੇਵ:485:13); ਫੇਰ: "ਹਉਮੈ ਬੁਝੈ--ਤਾ ਦਰੁ ਸੂਝੈ"(466:15)ਸੋ ਮਾਰਗਹੋ ਰਿਹਾ ਜਿਸਦਾ ਵੇਰਵਾ ਪਿਛੇ 19 ਪਾਉੜੀਆਂ ਵਿਚ ਆ ਚੁਕਾਹੈ। ਇਹੋ ਗੱਲ ਜੋ 19 ਪਉੜੀਆਂ ਵਿਚ ਦੱਸੀਹੈ 21 ਵੀਂ ਪਉੜੀ ਵਿਚ ਫੇਰ ਦੁਹਰਾਈਹੈ:-

ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥

ਪਰ ਏਥੇ ਹੁਣ ਇਕ ਹੋਰ ਖਬਰਦਾਰੀ ਦੱਸਦੇ ਹਨ,ਕਿ'ਹੇ ਜੀਵ! ਪਾਪਤੇ ਪੁੰਨ ਯਾ ਪਾਪੀਤੇ ਪੁੰਨੀ,ਏਹ ਪਦ ਕਥਨੀ ਮਾਤ੍ਰ ਨਹੀਂ ਹਨ, ਏਕ ਤਾਂ ਤੇਰੇ ਆਪਦੇ ਕਰਨੇ ਹਨ ਜੋ ਤੂੰ ਕੀਤੇ ਹਨ, ਕਰ ਰਿਹਾਹੈਂ;ਤੇ ਜਦ ਤਕ ਹਉਂਮੈਹੈ, ਕਰਦੇ ਰਹਿਣੇ ਹਨ, ਚਾਹੋ ਪੁੰਨ, ਚਾਹੋ ਪਾਪ ਕਰ;ਫਿਰ ਇਨ੍ਹਾਂਨੇ ਕੀਤੇ ਜਾਣਾ ਹੀ ਤੇ ਮੁੱਕ ਨਹੀਂ ਜਾਣਾ; ਤੇਰੇ ਮਨ ਵਿਚ ਇਨ੍ਹਾਂ ਆਪਣੇ ਕੀਤਿਆਂਨੇ ਲਿਖੇ ਜਾਣਾਹੈ। ਹਾਂ,ਲਿਖੇ ਜਾਣਾਹੈ ਸੰਸਕਾਰ ਰੂਪ ਹੋਕੇ। ਜਿਸ ਸ਼ੈ ਦਾ ਅਭਯਾਸ ਕਰੋਗੇ, ਉਹ ਸੰਸਕਾਰ ਹੋਕੇ ਅੰਦਰ ਵੜ ਜਾਏਗੀ,ਤੇ ਬਾਰ ਬਾਰ ਕਰਨੇਤੇ ਓਥੇ ਬੈਠਕੇ ਸਭਾਵ ਬਣਾਇਗੀ। ਜਿਸਦੀ ਮਿਤ ਇਸ ਤਰ੍ਹਾਂ ਪਾਪ ਨਾਲ ਭਰ ਜਾਏਗੀ, ਉਸਦਾ ਸੁਭਾਵ ਹੀ ਪਾਪ ਕਰਨੇ ਦਾ ਹੋ ਜਾਏਗਾ; ਮਾਨੋ ਅੰਤਹ-ਕਰਨ ਇਕ ਭੂਮੀਹੈ ਜਿਸ ਵਿਚ ਕਰਮਾਂਦੇ ਸੰਸਕਾਰ ਬੀਜ ਰੂਪ ਹੋਕੇ ਪੈਂਦੇ ਤੇ ਫੇਰ ਬ੍ਰਿਛ ਵਾਂਗੂ ਉੱਗਕੇ ਭੈੜਾ ਸੁਭਾਵ, ਮੰਦ ਵਾਸ਼ਨਾ ਤੇ ਦੁਖ ਸੁਖ ਰੂਪੀ ਫਲ ਲੈ ਆਉਂਦੇ ਹਨ। ਫਿਰ ਫੁਰਮਾਉਂਦੇ ਹਨ, ਕਿ ਇਹ ਨਿਸ਼ਾਨ ਦੇਹ ਵਿਚ ਹੀ ਨਹੀਂ ਪਏ, ਜੋ ਦੇਹਦੇ ਮਿਟਣ ਨਾਲ ਮਿਟ ਜਾਣਗੇ, ਇਹ ਅੰਤਹ-ਕਰਣ ਵਿਚ ਗਏ ਹਨ, ਸੋ ਜਿਥੇ ਜਿਥੇ ਤੂੰ ਜਾਏਂਗਾ 'ਲੈ ਜਾਹੁ'ਨਾਲ ਲੈ ਜਾਏਂਗਾ,ਪਰਲੋਕ ਵਿਚ ਬੀ ਤੇ ਮੁੜ ਲੋਕ ਵਿਚ ਬੀ ਫਿਰ ਇਹ ਬੀ ਸਮਝਲੈ ਕਿ ਤੇਰੇ ਕੀਤੇ ਕਰਮਾਂਦੀ ਜੁਮੇਵਾਰੀ ਤੇਰੀ ਆਪਣੀਹੈ। ਏਹ ਕ੍ਰਿਸਾਨ ਵਾਂਙੂ ਤੂੰ ਆਪੇ ਬੀਜਣੇ, ਤੇ ਆਪਣੇ ਫਲ ਭੋਗਣੇ ਹਨ। ਭਾਵ ਕਿਸੇਦੇ ਕੀਤੇਦਾ ਫਲ ਕਿਸੇ ਹੋਰਨੇ ਨਹੀਂ ਭੋਗਣਾ। ਸੋ ਆਪ ਪਾਪ ਕਰਮ ਕਰਕੇ ਆਸ ਨਾ ਰੱਖ ਕਿ ਕਿਸੇਦੇ ਕੀਤੇ ਪੁੰਨ ਕਰਮਾਂ ਨਾਲ ਤੂੰ ਸਵੱਛਹੋ ਜਾਵੇਗਾ। ਹੁਣ ਇਕ ਹੋਰ ਪ੍ਰਸਨ ਹੁੰਦਾਹੈ ਕਿ ਕੀ ਕਰਮ ਪਾਪਦੇ ਫਲ ਪ੍ਰਦਾਤਾਹੈ? ਗੁਰੂ ਜੀਦਾ ਮਤ ਇਹ ਨਹੀਂਹੈ, ਇਸ ਕਰਕੇ ਦੱਸਦੇ ਹਨ, ਕਿ ਭਾਵੇ ਬੀਜੇ ਤੇਰੇ ਹਨ, ਫਲ ਲੱਗੇ ਤੇਰੇ ਹਨ, ਪਰ ਮਿਲਨੇ ਹਨ ਹਕਮੀਦੇ ਹੁਕਮ ਨਾਲ। ਜਿਨਾਂਦਾ ਤਾਂ ਤੇ ਤਾਂ ਪਾਪ-ਦੁਖ ਆਦਿਹੈ ਤੈਨੂੰ

Sri Satguru Jagjit Singh Ji eLibrary NamdhariElibrary@gmail.com

ਮਿਲਨਾਹੈ, ਪਰ ਹੁਕਮ ਨਾਲ ਮਿਲਨਾਹੈ। ਇਸ ਕਰਮ ਵਿਚ ਇਕ ਕਣਖਯ ਇਹ ਰੱਖਿਆਹੈ ਕਿ ਤੂੰ ਨਿਰਾਸ ਨਾਹੋ ਕਿ ਕਰਮ ਆਪੇ ਤੈਨੂੰ ਮਾਰੀ ਜਾਣਗੇ, ਇਨ੍ਹਾਂਦਾ ਫਲ ਪ੍ਰਦਾਤਾਹੈ, ਤੂੰ ਉਸ ਵਲ ਹੁਣ ਧਿਆਨ ਕਰ,ਹਾਂ ਪਵਿਤ੍ਰਤਾਦੇ ਪੁੰਜ ਪਰਮਾਤਮਾ ਦੇ 'ਨਾਮ ਦੇ ਸੰਸਕਾਰ' ਜਿਉਂ ਜਿਉਂ ਹੋਰ ਅੰਦਰ ਜਾਣਗੇ ਪਾਪ' ਦੇ ਸੰਸਕਾਰ ਅੰਦਰੋਂ ਦੂਰ ਹੁੰਦੇ ਜਾਣਗੇ, ਅੰਤ ਪਾਪ ਸੰਸਕਾਰ ਮੁੱਕ ਜਾਣਗੇ, ਅੰਤਹਕਰਣ ਸੁਧ ਹੋਕੇ ਨਾਮਦੇ ਰੰਗ ਨਾਲ ਰੱਤਾ ਨਾਮੀ ਵਿਚ ਪਹੁੰਚ ਪਾਵੇਗਾ। ਇਉਂ ਸੱਚੇ ਨੂੰ ਪ੍ਰਾਪਤ ਹੋਇਆ ਸਚਿਆਰ ਹੋ ਜਾਏਂਗਾ, ਹੁਕਮੀ ਕਰਮਾਂਦਾ ਫਲ ਪ੍ਰਦਾਤਾ ਬੀਹੈ, ਉਹ ਮਿਹਰਾਂਦਾ ਸਾਈਂ ਬੀਹੈ, ਮਾਤਾ ਪਿਤਾ ਇਹੋ ਨਿਰਾਸ ਦਿਲਾਂ ਵਿਚ ਆਸਦੀ ਰੋਸ਼ਨੀ ਪਾ ਦੇਂਦਾ ਹੈ, ਮਰਮ ਹੈ ਪਰ ਅਟੂਟ ਨਹੀਂ, ਕਰਮ ਹੈ ਪਰ ਸੁਤੰਤਰ ਫਲ ਪ੍ਰਦਾਤਾ ਨਹੀਂ। ਹੁਕਮੀ ਦਾ ਹੁਕਮ ਕਰਮ ਦਾ ਤੋਲਣਹਾਰ ਹੈ ਮੇਟਣਹਾਰ ਬੀਹੈ।

ਨਿਰੁਕਤ:-ਤਨੁ-(ਫਾ:, ਤਨ=ਸਰੀਰ। ਸੰਸ:, ਦੇਹ=ਸਰੀਰ, ਭਾਵ ਅੰਗ)।

ਪਦ 'ਤਨੁ' ਪੁਲਿੰਗ ਹੈ ਤੇ 'ਦੇਹ' ਇਸਤ੍ਰੀ ਲਿੰਗ, ਦੁਇ ਵਰਤਣ ਤੋਂ ਕਿ ਪੁਰਖ ਤੇ ਇਸਤ੍ਰੀ ਦੋਹਾਂ ਦੇ ਸਰੀਰਾਂ ਵਲ ਜਾਪਦਾ ਹੈ। (2) ਉਵ ਦੋ ਪਦ ਵਰਤਣੇ ਮੁਹਾਵਰਾ ਬੀ ਹੈ। ਤਨੁ ਦਾ ਅਰਥ ਤਨੁਕ=ਰਤਾ ਕੁ ਬੀ ਕਰਦੇ ਹਨ। (4) ਤਨੁ=ਨਾਲ। (5) ਤਨੁ=ਸਾਰੀ ਦੇਹ। ਦੇਹ= 'ਧੜ' ਬੀ ਕਹਲਾਂਦੇ ਹਨ। ਪਲੀਤੀ (ਫਾ:, ਪਲੀਦ=ਅਪਵਿਤ੍ਰ) ਅਪਵਿਤ੍ਰਤਾਈ। ਅਪਵਿਤ੍ਰਤਾ ਵਾਲਾ। ਅਪਵਿਤ੍ਰਤਾ ਨਾਲ। ਨਾਵੈ ਕੇ-ਨਾਮ ਦੇ। ਆਖਣੁ ਨਾਹਿ-ਕਹਿਣ ਮਾਤ੍ਰ ਨਹੀਂ।

ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲਕਾ ਮਾਨੁ ॥
ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥
ਸਭਿ ਗੁਣ ਤੇਰੇਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥
ਸੁਅਸਤਿ ਆਥਿ ਬਾਣੀ ਬਰਮਾਉ ॥ ਸਤਿ ਸੁਹਾਣੁ ਸਦਾ ਮਨਿ ਚਾਉ ॥
ਕਵਣੁ ਸੁ ਵੇਲਾ ਵਖਤੁ ਕਵਣੁ, ਕਵਣ ਥਿਤਿ ਕਵਣੁ ਵਾਰੁ ॥
ਕਵਣਿ ਸਿ ਰੁਤੀ, ਮਾਹੁ ਕਵਣੁ, ਜਿਤੁ ਹੋਆ ਆਕਾਰੁ ॥
ਵੇਲ ਨ ਪਾਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ, ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀਕਉ ਸਾਜੇ, ਆਪੇ ਜਾਣੈ ਸੋਈ ॥
ਕਿਵ ਕਰਿ ਆਖਾ, ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥
ਨਾਨਕ ਆਖਣਿ ਸਭੁਕੋ ਆਖੈ ਇਕ ਦੂ ਇਕੁ ਸਿਆਣਾ ॥
ਵਡਾ ਸਾਹਿਬੁ ਵਡੀ ਨਾਈ ਕੀਤਾ ਜਾਕਾ ਹੋਵੈ॥
ਨਾਨਕ ਜੇ ਕੋ ਆਪੌ ਜਾਣੈ, ਅਗੈ ਗਇਆ ਨ ਸੋਹੈ ॥੨੧॥

ਨੰ.1. ਬਾਵਾ ਮਿਹਰਬਾਨ ਜੀ "ਮੀਣਾ"-21

ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥

ਤਿਸੁਕਾ ਪਰਮਾਰਥੁ:- ਤੀਰਥੀ ਜਿ ਨਾਵਣੁਹੈ,ਅਰੁ ਤਪਸਿਆ ਕਰਣੀ ਤੀਰਥੀ,ਸੁ ਏਹ ਥਾਇ ਤਾਂਪਵੈ ਜਾਂ ਦੇਆ ਵਿਚਿ ਦਾਨੁ ਕਰੈ, ਤਾਂ ਕੋਈ ਇਕਿ ਤਿਲੁ ਭਰਿ ਸੋਭਾ ਪਾਏ ਦਰਗਹ ਵਿਚ, ਜੇ ਏਹ ਕਰਮ ਕਰੇ।

Sri Satguru Jagjit Singh Ji eLibrary NamdhariElibrary@gmail.com

ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ॥

ਤਿਸੁਕਾ ਪਰਮਾਰਥੁ:-ਜੇ ਕੋਈ ਗਾਵੈ ਅਰੁ ਸੁਣੇ, ਅਰੁ ਸੁਣਿ ਕਰਿ,ਅਰੁ ਭਾਉ ਮੰਨਿ ਵਸਾਏ,ਤਾਂ ਤਿਸਨੋ ਕਉਣੁ ਫਲੁ ਹੋਆ ? ਤਾਂ ਤਿਸਨੇ ਅਠਿ-ਸਠਿ ਤੀਰਥਕਾ ਇਸਨਾਨਕਾ ਫਲੁ ਹੋਆ,ਮਨ ਕੇ ਵਿਖੇ। ਤਉ ਉਸਕੇ ਦੂਖਾਕਾ ਨਾਸੁ ਹੋਇਆ ਅਰੁ ਸੁਖ ਪ੍ਰਾਪਤਿ ਹੋਹਿ। ਦਰਗਹ ਪੈਧਾ ਜਾਇ,ਆਪਣੇ ਘਰਿ ਜਾਇ ਵਸੇ।

ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥

ਤਿਸੁਕਾ ਪਰਮਾਰਥੁ:- ਏ ਪਰਮੇਸੁਰ। ਜਿਤਨੇ ਗੁਣ ਹੈਨਿ,ਸੇ ਸਭਿ ਤੇਰੇਹੈ । ਮੈ ਕੋਈ ਨਾਹੀ, ਅਤੇ ਨ ਕੋਈ ਮੇਰਾ ਗੁਣਹੈ । ਪਰੁ ਜੀ, ਬਿਨਾ ਗੁਣਤੇ ਭਗਤਿ ਨਾਹੀ ਹੋਂਦੀ । ਏਸਦਾ ਨਾਉ ਭਗਤੁ ਤਾਹੀ ਪੜੇ, ਜਾਂ ਏਸ ਵਿਚਿ ਕਿਛੁ ਗੁਣ ਹੋਇ । ਸੁ ਏਸੁ ਵਿਚਿ ਜਿ ਗੁਣ ਹੋਹਿ, ਸਿ ਕਿਆ ਹੋਇ ?

ਸੁਅਸਤਿ ਆਥਿ ਬਾਣੀ ਬਰਮਾਉ॥

ਤਿਸੁਕਾ ਪਰਮਾਰਥੁ:- ਹੋਰੁ ਤਾਂ ਏਸਤੇ ਗੁਣੁ ਕੋਈ ਨਾਹੀ ਹੋਇ ਆਂਵਦਾ, ਪਰੁ ਜਾਚਕਾਈਂ ਉਸਤਤਿ ਪਰਮੇਸੁਰਕੀ ਕਰੇ, ਏਹੁ ਇਸਨੋ ਗੁਣੁ ਚਾਹੀਤਾਹੈ। ਏਹੁ ਗੁਣ ਪਰਮੇਸੁਰਨੋ ਭਾਂਵਦਾਹੈ। ਸੁਅਸਤਿ ਜਾਚਕੀ ਹੋਰਸ ਜਾਤਿਤੇ ਨਾਹੀ ਹੋਂਦੀ; ਜਾਚਦੀ "ਦੁਹ" ਜਾਤੀਤੇ ਹੋਂਦੀਹੈ। ਸੁ ਦੁਇ ਜਾਤੀ ਕਵਨ ਕਵਨਹੈ ?॥1॥ ਇਕ ਬ੍ਰਹਮਨੁ: 1; ਇਕੁ ਡੁਮੁ॥ ਸੁਅਸਤਿ ਆਦਿ ਬੇਹ ਜਿ, ਸੁਅਸਤਿ ਅਸੀਰਵਾਦੁ। ਜਿ ਤੇਰਾ ਕਲਯਾਣੁ ਹੋਵੇ, ਅਤੇ ਆਦਿ ਨਾਉ ਪਰਮੇਸੁਰਕਾ । ਸੁ ਏ ਪਰਮੇਸੁਰਜੀ ! ਹਉ ਤੇਰਾ ਬ੍ਰਹਮਨੁਹੈ, ਮੇਰਾ ਤੁਝ ਕਉ ਅਸੀਰਬਾਦੁ ਹੈ। ਅਰੁ ਬਾਣੀ ਬ੍ਰਹਮਾਉ, ਏਹੁਜਿ ਜੀ, ਤੇਰੀ ਬਾਣੀਹੈ, ਸੁਏਹ ਮੇਰਾ ਬ੍ਰਹਮਾਉਹੈ; ਬ੍ਰਹਮਾਉ ਕਿਆ ਕਹੀਐ? ਉਸਤਤਿ, ਏ ਪਰਮੇਸੁਰ ਜੀ! ਹੰਊ ਤੇਰਾ ਡੁਮੁ ਹਾਂ।

ਸਤਿ ਸੁਹਾਣੁ ਸਦਾ ਮਨਿ ਚਾਉ॥

ਤਿਸੁਕਾ ਪਰਮਾਰਥੁ:-ਡੁਮ ਤਾਂ ਸਤ-ਸੁਹਾਣੁ ਪ੍ਰਭ ਨੋ ਦੇਂਦੇ ਹੈਨਿ,ਹਰਖਮਾਨ ਹੋਇਕੇ। ਜੀ,ਤਿਉ ਹਉ ਤੇਰਾ ਡੁਮੁ ਹਾਂ, ਤੁਧਨੋ ਮੇਰਾ ਸਹਾਣ ਹੈ;ਹਉ ਤੁਧਨੋ ਸਦਾ ਸੁਹਾਣੁ ਕਰਦਾ ਹਾਂ ਜੀ, ਸਦਾ ਸਰਬਦਾ,ਹਉ ਤੇਰਾ ਡੁਮੁਹਾਂ ਜੀ, ਤੂ ਮੇਰਾ ਪ੍ਰਭੂਹੈਂ।

ਕਵਣੁ ਸੁ ਵੇਲਾ ਵਖਤੁ ਕਵਣੁ,ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ,ਮਾਹੁ ਕਵਣੁ ਜਿਤੁ ਹੋਆ ਆਕਾਰੁ॥

ਤਿਸਕਾ ਪਰਮਾਰਥੁ:-ਏ ਪਰਮੇਸੁਰ। ਤੈਂ ਜਿ ਅਕਾਰ ਥਾਪਿਆਹੈ,ਸੁ ਕਿਤੁ ਵੇਲੇ? ਕਿਤੁ ਵਖਤਿ? ਕਿਤੁ ਥਿਤਿ? ਕਿਤੁ ਰੁਤ? ਕਿਤੁ ਵਾਰਿ? ਕਿਤੁ ਮਾਹਿ ਤੈਂ ਆਕਾਰੁ ਕੀਆਹੈ? ਸੁ ਏਹੁ ਵਖਤੁ,ਕਉਣੁ ਕੋਈ ਏਸੁ ਵਖਤਨੋ ਜਾਣਦਾਹੈ, ਏਹੁ ਵੇਲਾ, ਏਹੁ ਵਖਤੁ, ਕਿਨੇ ਨਾਹੀ ਪਾਇਆ, ਜਿ ਲਿਖਿ ਸੁਣਾਏ। ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥

ਤਿਸਕਾ ਪਰਮਾਰਥੁ:- ਨਾ ਓਹੁ ਵੇਲਾ ਪੰਡਿਤੀ, ਨ ਕਾਜੀਏ, ਨ ਮੁਲਾਂ, ਕਿਨੇ ਪਾਇ ਸਕਿਆ ਨਾਹੀ। ਏਹਾ ਕੋਈ ਨਾਹੀ, ਜਿ ਜਿਤੁ ਵਖਤਿ,ਜਿਤੁ ਆਹਿ, ਪਰਮੇਸੁਰ ਸ੍ਰਿਸਟਿ ਰਚੀਹੈ, ਸੁ ਆਖਿ ਲਿਖਿ ਸੁਣਾਏ।

Sri Satguru Jagjit Singh Ji eLibrary NamdhariElibrary@gmail.com

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ॥

ਤਿਸੁਕਾ ਪਰਮਾਰਥੁ:-ਥਿਤਿ ਵਾਰੁ ਕੋਈ ਜੋਗੀ ਨਾਹੀ ਜਾਣਦਾ ਅਤੇ ਰੁਤਿ ਮਾਹੁਭੀ ਕੋਈ ਨਹੀ ਜਾਣਦਾ। ਏਹਭਿ ਸੋਝੀ ਕਿਸੇਨੂ ਨਾਹੀ। ਸ੍ਰਿਸਟਿ ਵਿਚ ਏਹਾ ਕੋਈ ਨਾਹੀ ਪਰਮੇਸੁਰਿ ਰਚਿਆ,ਜਿ ਏਹ ਵਿਧਿ ਜਾਣੇ । ਜਿਨਿ ਏਹ ਸ੍ਰਿਸਟਿ ਸਾਜੀਹੈ, ਸੁ ਓਸੁ ਵੇਲੇ, ਵਖਤਨੋ ਓਹੋ ਜਾਣੈ।

ਕਿਵ ਕਰਿ ਆਖਾ ਕਿਵ ਸਾਲਾਹੀ, ਕਿਉ ਵਰਨੀ ਕਿਵ ਜਾਣਾ॥
ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ॥

ਤਿਸੁਕਾ ਪਰਮਾਰਥੁ:- ਮੇਰੇ ਤੁ ਤੇ ਅਖਿਆ ਨਾਹੀ ਜਾਂਦਾ, ਵਰਨਿਆ ਨਾਹੀ ਜਾਂਦਾ, ਜਿ ਜਿਤਨੇ ਤੁਧਨੋ ਸਲਾਹਦੇ ਹੈਨਿ,ਅਤੇ ਵਰਨਦੇ ਹੈਨਿ। ਸਿ ਮੇਰੇ ਤੁ ਤੇ ਕਿਵ ਕਹਿਆ ਨਾਹੀ ਜਾਂਦਾ,ਜਿ ਇਤਨੇ ਹੈਨਿ,ਇਤਨੇ ਨਾਹੀ। ਅਰੁ ਇਕਦੂ ਇਕਿ ਚੜਦੇ ਹੈਨਿ, ਤੇਰੀ ਸਾਲਾਹ ਕਰਣਹਾਰੇ। ਇਕਦੂ ਇਕਿ ਚੜਦੇ।

ਵਡਾ ਸਾਹਿਬੁ ਵਡੀ ਨਾਈ ਕੀਤਾ ਜਾਕਾ ਹੋਵੇ॥
ਨਾਨਕ ਜੇਕੋ ਆਪੌ ਜਾਣੈ, ਅਗੈ ਗਇਆ ਨ ਸੋਹੈ॥ 21॥

ਤਿਸੁਕਾ ਪਰਮਾਰਥੁ:- ਵਡਾ ਸਾਹਿਬੁਹੈ। ਕਰਣ ਕਾਰਣ ਸਮਰਥੁਹੈ। ਜਿ ਕਿਛੁ ਹੋਂਦਾਹੈ, ਸੁ ਕੀਤਾ ਪਰਮੇਸੁਰਦਾ ਹੋਦਾਹੈ,ਹੋਰੁ ਕੋਈ ਕਰਣੇਹਾਰੁ ਨਾਹੀ। ਅਤੇ ਜੇ ਏਹੁ ਕੋਈ ਜਾਣੇ,ਜਿਮੈ ਥੀਂ ਤਿਲੁ ਭਰਿ ਹੋਂਦਾਹੈ, ਜੋ ਦਰਗਹ ਵਿਚਿ ਬੇਮੁਖ, ਪਸੇਮਾਨੁ ਹੋਦਾ ਹੈ। ਦਰਗਾਹ ਪਰਮੇਸੁਰਦੀ ਵਿਚਿ, ਸੋਭਾ ਨਾਹੀ ਪਾਇੰਦਾ॥ 21॥

ਨੰ.2. ਭਾਈ ਮਨੀ ਸਿੰਘ ਜੀ 'ਸ਼ਹੀਦ'-21

ਤਾਂ ਬਾਬੇ ਕਹਿਆ ਕਿ, ਤੀਰਥਾਂਤੇ ਵੱਸਣਾ, ਤੇ ਤਪ ਕਰਨਾ, ਤੇ ਦਇਆ ਕਰਨੀ,ਅਰ ਦਾਨ ਦੇਣਾ,ਸੋ ਇਤਯਾਦਿਕ ਜੋ ਪੁੰਨਹੈ, ਤੇ ਜੋਕੋਈ ਕਰਦੇ ਹਨ, ਤਿਨਾਂ ਨੂੰ ਤਿਲ ਤਿਲਦਾ ਮਣ ਮਣ ਫਲ ਪ੍ਰਾਪਤ ਹੁੰਦਾਹੈ॥ ਅਥਵਾ, ਓਨਾਂਦਾ ਤਿਲ ਫਲਹੈ, ਕਯੋਂ ਜੋ ਓਨਾਂਦਾ ਸੁਖ ਭੋਗਕੇ ਗਿਡਾਇ ਮਿਲਦਾਹੈ॥ ਅਤੇ ਜਿਨਾਂ ਪਰਮੇਸ਼ਰ ਦੇ ਨਾਮਨੂੰ ਸੁਣਿਆਹੈ, ਅਤੇ ਮੰਨਿਆਹੈ,ਅਤੇ ਮਨ ਵਿੱਚ ਭਾਉ ਕੀਤਾਹੈ, ਓਨਾਂਦੇ ਅੰਦਰਹੀ ਵਾਹਿਗੁਰੂ ਪ੍ਰਾਪਤ ਹੋਇਆਹੈ,ਅਰ ਓਹ ਸ਼ਬਦਦੇ ਤੀਰਥ ਵਿੱਚ ਮਲਕੇ ਨ੍ਹਾਤੇ ਹਨ;ਮਲਕੇ ਨ੍ਹਾਵਣ ਕਹੀਏ,ਜੋ ਬਾਰੰਬਾਰ ਅਭਿਆਸ ਕਰਨਾ,ਅਰ ਸੱਭੇ ਗੁਣ ਵਾਹਿਗੁਰੂਦੇ ਜਾਣੀਦੇ, ਅਰ ਆਪਨੂੰ ਨਿਰਗੁਣ ਜਾਣੀਦੇ, ਅਰ ਸਦਾ ਸੁਭ ਕਰਮ ਕਰੀਏ, ਅਰ 'ਨਾਮ' ਜਪੀਏ; ਕਯੋਂ ਜੋ ਗੁਣ ਕੀਤੇ ਬਿਨਾ ਭਗਤਿ ਨਹੀਂ ਪ੍ਰਾਪਤ ਹੁੰਦੀ॥

ਤਾਂ ਸਿੱਧਾਂ ਪੁਛਿਆ ਕਿ:-"ਮਾਇਆ ਦੁਖ ਰੂਪਹੈ, ਅਰ ਇਸਦਾ ਉਤਪਤ ਦੁਖਤੇ ਪਾਪਾਂ ਕਰ ਹੁੰਦਾਹੈ, ਅਰ ਇਸਦਾ ਵੇਖਣਾਭੀ ਕਸ਼ਟਹੈ, ਤੇ ਖਰਚਨਾਭੀ ਕਸ਼ਟਹੈ; ਕਯੋਂਕਿ ਜਾਂਦੀਹੈ, ਤਾਂਭੀ ਬਡਾ ਦੁਖਦੇ ਜਾਂਦੀਹੈ,ਸੋ ਓਹ ਮਾਇਆ ਕੇਹੜੀਹੈ ਜੋ ਸੁੱਖ ਰੂਪ ਹੋਇ ਵਰਤਤੀ ਹੈ?" ਤਾਂ ਬਾਬੇ ਕਹਿਆ:- ਦੋ ਪ੍ਰਕਾਰਦੀ ਮਾਇਆਹੈ, ਜੋ ਇੱਕ ਅਵਿਯਕਤ ਮਾਇਆਹੈ, ਸੋ ਵਿੱਦਯਾਹੈ, ਅਰ ਦੂਜੀ ਵਿਯਕਤ ਮਾਇਆਹੈ, ਸੋ ਪਦਾਰਥਹੈ; ਤਾਂਤੇ ਪਦਾਰਥਾਂਦਾ 'ਸੰਚਣ' ਦੁਖ ਰੂਪਹੈ;ਅਤੇ ਜੋ ਵਿਦਯਾਹੈ, ਸੋ ਤਿਸਦਾ ਸੰਚਣਾ ਭੀ ਪੁੰਨਹੈ; ਅਤੇ ਰੱਖਣਾ ਭੀ ਪੁੰਨਹੈ; ਅਰ ਖਰਚਨਾ ਭੀ ਪੁਨਹੈ॥ ਅਰ ਕਲਿਆਣ ਰੂਪੀ ਮਾਇਆ ਬ੍ਰਹਮ ਬਾਣੀਹੈ, ਜੋ ਸਰਬ ਵਿੱਚ ਭਗਵਾਨ ਜਾਣਨਾ, ਸੋ

Sri Satguru Jagjit Singh Ji eLibrary NamdhariElibrary@gmail.com

ਕੈਸਾ ਭਗਵਾਨਹੈ, ਕਿ ਸੱਤਹੈ, ਅਰ ਉਪਮਾਂ ਕਰਨੇ ਜੋਗਹੈ, ਅਰ ਸਦਾ ਸੰਤਾਂਦੇ ਮਨ ਵਿਖੇ ਭਾਉਹੈ॥ ਤਾ ਸਿੱਧਾਂ ਪੁਛਿਆ ਕਿ,''ਜਿਸ ਵੇਲੇ ਮਹਾਰਾਜ ਨੇ ਜਗਤ ਉਤਪਤ ਕੀਤਾਸੀ, ਸੋ ਓਹ ਵੇਲਾ ਕਉਣ ਸੀ, ਅਰ ਵਖਤ ਕਉਣ ਸੀ, ਅਰ ਥਿੱਤ ਕਉਣ ਸੀ, ਵਾਰ ਕਉਣ ਸੀ, ਅਰ ਰੁੱਤ ਕੌਣ ਸੀ, ਅਤੇ ਮਹੀਨਾ ਕਉਣ ਸੀ?, ਜੋ ਜਿਸ ਵੇਲੇ ਜਗਤਦਾ ਆਕਾਰ ਰਚਿਆ?'' ਤਾਂ ਬਾਬ ਕਹਿਆ ਕਿ:''ਪੰਡਤ ਅਤੇ ਕਾਜ਼ੀ ਜਗਤਥੋਂ ਅਗੇ ਨਹੀਂ ਸੇ,ਜੋ ਬੇਂਦਾਂ ਅਰ ਪੁਰਾਨਾਂ,ਅਰ ਕੁਰਾਣਾਂ ਮੇਂ ਲਿਖ ਦੇਤੇ; ਅਤੇ ਜੋਗੀਸ਼ਰ ਭੀਜੋ ਤ੍ਰਿਕਾਲਗਿ ਹੈਂ, ਸੈਭੀ, ਰੁੱਤ ਮਾਹਨੂੰ ਨਹੀਂ ਜਾਣਦੇ; ਕਯੋਂਕਿ ਰੁੱਤਾਂਤੇ ਮਹੀਨੇ ਸਭ ਸੂਰਜਤੇ ਚੰਦ੍ਰਮਾਂ ਕਰ ਹੋਏਹੈਂ, ਅਰ ਸੂਰਜਤੇ ਚੰਦ੍ਰਮਾਂ'ਓਅੰਕਾਰ'ਥੀਂ,ਜੋ ਜਦ ਸ੍ਰਿਸ਼ਟਿ ਉਤਪਤਿ ਹੋਈਹੈ,ਤਦ ਹੋਏਹੈਂ, ਅਤੇ ਅੱਗੇ ਰੁੱਤ, ਮਾਹ ਕੋਈ ਨਹੀਂਸੀ, ਤਾਂਤੇ ਜਿਸ ਕਰਤੇਨੇ ਸ੍ਰਿਸ਼ਟਿ ਸਾਜੀਹੈ ਸੋ ਆਪਣੀ ਲੀਲ੍ਹਾ ਆਪਹੀ ਜਾਣਦਾਹੈ॥ ਸੋ ਮੈਂ ਕਿਉਂਕਰ ਆਖਾਂ? ਅਰ ਕਿਆ ਉਸਦਾ ਵਰਨਨ ਕਰਾਂ? ਅਤੇ ਕਿਆ ਜਾਣਾਂ? ਗੁਰੂ ਨਾਨਕ ਜੀ ਕਹਿੰਦੇ ਹਨ ਕਿ, ਈਸ਼ਰ ਨੇ ਵੇਦਾਂ ਵਿੱਚ ਕਹਿਆਹੈ, ਅਤੇ ਸੋਈ ਸਭ ਕੋਈ ਆਖਦਾਹੈ, ਅਰ ਇੱਕ ਨਾਲੋਂ ਇੱਕ ਸਿਆਣਾ ਹੋਇਆਹੈ;ਪਰ ਓਹ ਸਾਹਿਬ ਵੱਡਾਹੈ,ਅਰ ਵੱਡਾਹੀ ਉਸਦਾ ਨਾਮਹੈ; ਜੋ ਜਿਸਦਾ ਕੀਤਾ ਹੁੰਦਾਹੈ॥ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੋ ਕੋਈ ਗੁਰਾਂ ਬੀ ਬਿਨਾਂ ਕਹੇ, ਕਿ ਮੈਂ ਪਰਮੇਸ਼ਰਨੂੰ ਜਾਣਨਾਂਹਾਂ, ਸੋ ਅਗੇ ਸ਼ੋਭਾ ਨਹੀਂ ਪਾਂਵਦਾ ॥21॥

ਨੰ.3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ) –21

ਇਸਕਾ ਅਰਥੁ। ਤੀਰਥਕਾ ਇਸਨਾਨੁ, ਅਥਵਾ ਤੀਰਥੋਂ ਬਿਖੇ ਤਪਹੁਕਾ ਕਰਣਾ,ਤਥਾ ਦਯਾਕਾ ਪਾਲਨਾ, ਅਰੁ 'ਦਤ' ਕਹੀਯੇ ਜਥਾ ਸੁ ਬਿਧਿ ਸੁ-ਸੁਪ੍ਰਾਤ੍ਰ ਕੋ ਦਾਨ ਦੇਣਾ; ਸੋ ਸਭ ਈਸ਼੍ਵਰ ਅਰਪਣ ਪੂਰਬ ਜਨਮ ਜੋ ਕੀਏ ਹੂਏਹੈਂ, ਤਿਨ ਕਹੀਦੇ:- ਜੇ ਕੋ ਪਾਵੈ ਤਿਲਕਾ ਮਾਨੁ॥ਕਿਆ, ਜੋ ਪੂਰਬ ਜਨਮਕੇ ਸੰਸਕਾਰਕੋ ਜੇ ਕੋਈ ਨਿੰਚਿਤਭੀ ਪ੍ਰਾਪਤਿ ਹੋਵੇ,ਤਿਸਤੇ ਕਿਆ ਹੋਤਾਹੈ ? ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਨਾਰਾਯਣਜੋ ਏਕ ਅਦ੍ਵੈਤ ਬਯਾਪਕ ਸਰੂਪਹੈ, ਤਿਨਕਾ ਬੇਦਾਂਤ ਦ੍ਵਾਰੇ ਸ੍ਰਵਣ ਅਰੁ ਮਨਨ ਅਰੁ ਨਿਧਯਾਸਨ ਕਿਆ ਪ੍ਰਪੱਕ ਨਿਸਚਾ ਪ੍ਰਾਪਤਿ ਹੋਵੇਹੈ; ਜਬ ਯਹਿ ਨਿਸਚਾ ਪ੍ਰਪੱਨ ਹੂਆ, ਤਬ:- ਅੰਤਰ ਗਤਿ ਤੀਰਥਿ ਮਲਿ ਨਾਉ॥ਅੰਤਰ ਕਹੀਐ 'ਆਪਣੈ-ਆਪ' ਸਤ-ਸਰੂਪ ਬਿਖੇ ਗਤਿ, ਕਹੀਐ, ਪ੍ਰਾਪਤਿ ਹੋਵਕੇ ਤਿਸ ਆਤਮ-ਤੀਰਥ ਬਿਖੇ ਮਲਕੇ ਨਾਉ ਕਿਆ,ਸਰਬ ਸੰਸ਼ਯ,ਤਥਾ ਭ੍ਰਮੈ ਨਬ੍ਰਿਤਿ ਹੋਹੁ॥ਅਥਵਾ॥ ਅੰਤਰ ਗਤ ਕਹੀਐ, ਈਸ੍ਵਰ ਅਰੁ ਜੀਵ ਯਹ'ਅੰਤਰ'ਦੂਰਿ ਹੋਣਾ, ਸਦਾ'ਅਭੇਦ'ਦ੍ਰਿਸਟਿ ਏਕ-ਰਸ ਅਨੁਭਵ ਕਰਨਾ, ਯਹੀ 'ਪਰਮ ਤੀਰਥ' ਸ਼ੁਧ ਕਰਤਾਹੈ। ਇਸ ਪਰ ਸ਼ਾਸਤ੍ਰ ਪਰਮਾਣ ਹੈ:- ਆਤਮ ਤੀਰਥ ਸਨਾਤਯਨ ਅਨਯ ਤੀਰਥ ਅਪੇਕਛੁਯਾ॥

ਅਰਥੁ ਯਹ॥ਜੋ ਜਿਸ ਪੁਰਖ ਆਤਮ ਤੀਰਥ ਬਿਖੇ ਸਨਾਨ ਕੀਆਹੈ ਤਿਸਕੋ ਔਰ ਤੀਰਥਕੀ ਅਪੇਛਯਾ ਨਹੀ;ਕਾਹੇਤੇ,ਔਰ ਸਰਬ ਆਤਮਕੇ ਅਵੰਤਰ ਭੂਤਹੀਹੈ,ਐਸੇ ਅਨੁਭਵ ਜੁਗਤ ਜੋ ਪਰਮ ਭਗਤਹੈਂ ਸੋ ਪ੍ਰਭੁਕੋ ਸਰਬਾਤਮ ਜਾਣ ਕਰ ਆਪਣਾ-ਆਪਿ ਤਿਸਹੀ ਬਿਖੇ ਅਨਭਵ ਕੀਯੇ ਬਹੁੜਿ ਪ੍ਰਾਰਥਨਾ ਕਰਤੇਹੈਂ, ਕਿਆ ?

ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥

ਅਰਥੁ। ਹੇ ਭਗਵਾਨ! ਸਭ ਗੁਣ ਜੋਹੈਂ ਭਕਤਿਤੇ ਆਦਿ ਲੈਕੇ, ਸੋ ਤੁਮਾਰੇਹੀਹੈ।ਕਿਆ

Sri Satguru Jagjit Singh Ji eLibrary NamdhariElibrary@gmail.com

ਬ੍ਰੇ ਸੇਵਕ ਤੁਮ ਹੀ ਤਹੁਮੇਂ ਭਿੰਨ ਕੋਈ ਨਹੀ,ਕਿਉ? ਤੁਮ ਸਥਾਪਤਮ ਹਹੁ। ਅਰੁ ਤੁਮਾਰੇ ਜੋ ਗੁਣਹੈਂ ਸੋ ਬਿਨਾ ਤੁਮਾਰੇ ਬਿਖੇ ਅਰਪਣ ਕੀਏ ਤੁਮਾਰੇ ਅਭੇਦ ਸਰੂਪਕੀ ਭਕਤਿ ਨਹੀਂ ਪ੍ਰਾਪਤਿ ਹੋਤੀ।

ਅਥਵਾ॥ ਵਿਣੁ ਗੁਣ ਕੀਤੇ ਕਹੀਐ,ਬਿਨਾ ਤੁਮਾਰੀ ਕ੍ਰਿਪਾ ਰੂਪ ਗੁਣ ਕੀਏ ਭਕਤਿ ਨਹੀਂ ਹੋਤੀ। ਸੋ ਤੁਮ ਕੈਸੇ ਹਹੁ ?

ਸੁਅਸਤਿ ਆਥਿ ਬਾਣੀ ਬਰਮਾਉ॥ ਸਤਿ ਸੁਹਾਣੁ ਸਦਾ ਮਨਿ ਚਾਉ॥

ਅਰਥੁ॥ ਸੁਅਸਤਿ,ਸੁ ਕਹੀਐ'ਅਤਿ-ਮੰਗਲ'। ਅਸਤਿ ਕਹੀਐ 'ਹੈ' ਆਥਿ ਕਹੀਐ ਬੇਦ ਬਾਣੀ ਦਵਾਰਾ, ਸੋ ਬੇਦ ਤੁਮਾਰੀਹੀ ਬਾਣੀਹੈ।ਅਰਥ ਯਹ;ਜੋ ਬੇਦ ਬਾਣੀ ਦ੍ਵਾਰਾ ਤੁਮਹੀ ਆਤਮਾ ਅਤਿ ਮੰਗਲ ਸਰੂਪਕਾਰਹੈ ਬਹੁੜਿ ਕਹਾਹੈ:-

ਸਤਿ ਸੁਹਾਣੁ ਸਦਾ ਮਨਿ ਚਾਉ॥

ਸਤ ਤਥਾ ਸੁਹਾਣਾ ਕਹੀਐ ਚੇਤੰਨ, ਚਾਉ ਕਹੀਐ ਆਨੰਦ। ਸੇ ਕਿਆ? ਸਦਾ ਸਚਿਦਾਨੰਦ ਸ੍ਵਰੂਪ,ਸੋ ਯਹ ਬੇਦ ਦਵਾਰਾ ਤੁਮਹੀ ਆਪਣੇ ਆਪਕੋ ਕਹਾਹੈ ਅਰੁ ਅਪਨੀ ਸੱਤਾ ਆਸ੍ਰੇ ਮਾਯਾ ਦ੍ਵਾਰੇ ਆਕਾਰ ਜੋ ਰਚਾਹੈ ਤਿਸਕੋ ਤੁਮਸੋ ਭਿੰਨ ਔਰ ਜਾਨਣੇਕੋ ਕੋਈ ਸਮਰਥੁ ਨਹੀ, ਇਸ ਪਰ ਕਹੇਹੋ:-

ਕਵਣੁ ਸੁ ਵੇਲਾ ਵਖਤੁ ਕਵਣੁ, ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀ, ਮਾਹੁ ਕਵਣੁ, ਜਿਤੁ ਹੋਆ ਆਕਾਰੁ ॥ ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥

ਅਰਥੁ। ਜਿਸ ਕਾਲ ਬਿਖੇ ਪ੍ਰਭੁਨੇ ਆਕਾਰ ਰਚਾਹੈ,ਸੋ ਕਹੋ? ਵਹ ਕੌਣ ਵੇਲਾ? ਅਰ ਵਖਤ? ਅਰੁ ਥਿਤਿ? ਅਰੁ ਵਾਰ? ਅਰ ਰੁਤਿ? ਅਰੁ ਮਹੀਨਾ ਕੌਣ ਥਾ? ਤਾਂਤੇ ਉਸ ਵੇਲਾਨੋ ਪੰਡਿਤ ਜੋ ਪੁਰਾਣਹੁਕੇ ਲਿਖਨੇ ਅਰੁ ਪਢਨੇ ਹਾਰੇਹੈਂ, ਸੋਭੀ ਕਹੀ ਨ ਪਾਵਤੇ ਭਏ॥ ਅਰੁ ਕਾਜੀ, ਕੁਰਾਨਕੇ ਲਿਖਨੇ ਅਰੁ ਪਢਨੇ ਹਾਰੇ, ਸੋਭੀ ਵਖਤੁ ਨ ਪਾਵਤੇ ਭੱਏ।

ਅਰੁ ਜੋਗੀ ਜੋੜ੍ਰਿਕਾਲ ਦਰਸੀਹੈ ਸੋਭੀ ਤਿਥੀ,ਤਥਾ ਵਾਰ,ਯਾ ਰੁਤਿ,ਅਥਵਾ ਮਹੀਨਾ,ਸੋ ਨ ਜਾਣੇਹੈਂ।ਤਾਤੇ ਜਿਸ ਕਾਲ ਬਿਖੇ ਕਰਤਾ ਪੁਰਖੁ ਸ੍ਰਿਸਟਿਕੋ ਰਚੇਹੈ, ਸੋ ਆਪਣੇ ਕੀਏਕੋ ਆਪਹੀ ਜਾਣਹੈ।

ਜੋ ਤਿਸਕੋ ਮੈ ਕਿਉ ਕਰਿ ਆਖਾ? ਤਥਾ ਕਿਸ ਪ੍ਰਕਾਰ ਸਲਾਹੀ? ਕਿਆ ਸ੍ਤੁਤਿ ਕਰੀ? ਤਥਾ ਕਿਸ ਪ੍ਰਕਾਰ ਵਰਨਨ ਨਹੀ? ਕਾਹੇ ਤੇ, ਕਿਸਕੋ ਪੰਡਿਤ ਆਦਿ ਜੁਗਸ੍ਵਰਹੁੰਤੋਂ ਲੈਕੇ ਕੋਈ ਨ ਜਾਣਤੇ ਭਏ। ਸੋ ਮੈਂ ਕਿਸ ਪ੍ਰਕਾਰ ਜਾਣਾ? ਗੁਰੁ ਕਹੇਹੈਂ;ਜੋ ਆਖਣ ਮਾਤ੍ਰਤੋ ਸਭ ਏਕਸੋ ਏਕ ਸਯਾਣੇ ਕਹਤੇਹੈਂ;ਪਰੰਤੂ,ਓਹ ਬਿਅੰਤੁਹੈ, ਕਹਾ ਕਿਸੀਤੇਂ ਨਹੀ ਜਾਤਾ; ਕਾਹੇ ਤੇ:- ਵਡਾ ਸਾਹਿਬ ਵਡੀ ਨਾਈ ਕੀਤਾ ਜਾ ਕਾ ਹੋਵੇ॥

ਸੋ ਪ੍ਰਮੇਸ੍ਵਰ ਅਤਿ ਬਡਾ ਹੈ,ਕੈਸਾ ਹੈ? ਜਿਸਕੇ ਅਵੰਤਰ-ਭੂਤ ਸਰਬਾਦਿਕ ਬਿਰਾਜਮਾਨਹੈਂ।ਤਥਾ ਨਾਮ ਜੋ ਰਾਮ, ਕ੍ਰਿਸਨ,ਵਾਸਦੇਵ ਇਤਯਾਦਿਕਹੈ,ਤਿਨ ਨਾਮਹੁ ਕਰਿਕੇ ਭੀ ਅਤਿ ਬਡੇਹੈਂ।ਅਰ ਨਾਮਕੀ ਤੁਲ ਹੀਹੋ;ਨਾਮ ਕੈਸੇ ਪ੍ਰਭੁਕੇਹੈ?ਜਿਨਕੇ ਸਿਮਰਨ ਮਾਤ੍ਰਹੀ ਜਾਪਨ ਮੋਖ ਪਦਵੀਕਉ ਪ੍ਰਾਪਤਿ ਹੋਵੇਹੋ'ਕੀਤਾ ਜਾਕਾ ਹੋਵੈ'ਕੈਸੇ ਪ੍ਰਭੁਹੈ? ਜਿਨਕੀ ਇੱਛਾ ਮਾਤ੍ਰਹੀ ਸੰਪੂਰਣ ਹੋਵੇ, ਜੋਗ ਹੋਵੈਹੈ। ਗੁਰੁ ਕਹੇਹੈ;ਐਸੇ ਜੋ ਅਦ੍ਵੈਤ ਨਾਰਾਯਣਹੋਂ,ਤਿਨਤੇ ਭਿੰਨ ਜੋ ਅਗਯਾਨ ਕਰਿ ਆਪਨੋ ਮਾਨਤੇਹੈਂ;ਸੋ ਭਗਤਹੁਕੇ ਅਗੇ ਗਏ ਸੋਭਾ ਨਹੀ ਪਾਵਤੇ ॥21॥

Sri Satguru Jagjit Singh Ji eLibrary NamdhariElibrary@gmail.com

ਨੰ.4. ਸਾਧੂ ਅਨੰਦਘਨ ਜੀ (ਉਦਾਸੀਨ-ਪੁਰਾਣ ਕਥਾ ਵਾਚੀ)-21

ਨਨੁ॥ ਜਹਾ ਕਹਾ ਸਾਸਤ੍ਰ ਪੁਰਾਣ ਮੋ ਪੁੰਨ ਕਰਮੋ ਕਾ ਹੀ ਤੋ ਪ੍ਰਤਪਾਦਨ ਕੀਆ ਹੈ॥ ਪਾਪ ਕਰਮੋਕਾਹੀਤੋ ਨਿਖੇਧ ਕੀਆਹੈ। ਤੁਮਨੇ ਪੁੰਨ ਪਾਪਕੋ ਬਰਾਬਰਕਾਹੀ ਮਾਨਾ, ਇਹ ਅਨਰਥ ਵਚਨ ਤੁਮਾਰਾ ਹਮ ਕੈਸੇ ਮਾਨੇਗੇ; ਉਤਰ ਕਹਤੇ ਹੈਂ:- ਤੀਰਥੁ ਤਪੁ ਦਇਆ ਦਤੁ ਦਾਨ॥ ਜੇ ਕੋ ਪਾਵੈ ਤਿਲਕਾ ਮਾਨੁ॥

ਤੀਰਥੋਕਾ ਸਨਾਨ ਕੀਆ,ਅਥਵਾ ਤਪੁ ਕੀਆ, ਅਥਵਾ ਦਇਆ ਕਰੀ, ਅਥਵਾ ਦਤ-ਦਾਨ ਕਿਆ ਕਹੀਏ, ਤਿਸ ਤਿਸ ਕਾਲ ਵਿਖੇ ਉਚਤ ਜੋ ਦਾਨਹੈ,ਸੋ ਦੀਆ॥ ਇਹੀਤੋ ਸ਼ਾਸਤ੍ਰ ਪੁਰਾਣਮੋ ਪੁੰਨ ਕਰਮ ਕਹਤੇਹੈਂ;ਇਨ ਕਾ ਫਲਜੋ ਪਾਇਆ; ਕਿਸੀਨੇ ਤਿਲ ਭਰ ਮਾਨ,ਤੋ ਕਿਆ ਹੂਆ? ਜੈਸੇ ਮਜੂਰ ਨੇ ਦਿਨ ਭਰ ਮਾਟੀ ਢੋਈ; ਤਿਸਕਾ ਫਲ ਪਾਏ ਰਾਤ੍ਰਕੋ ਚਾਰ ਪੈਸੇ ਸੋਈ ਖਾਇ ਲੀਏ॥ ਕਲਕੋ ਫੇਰ ਕੰਗਾਲਕਾ ਕੰਗਾਲ॥ ਤੈਸੇਹੀ ਜੋ ਪੁੰਨ ਕਰਮ ਕੀਆ,ਤਿਸਕਾ ਫਲ ਮਿਲਾ,ਕਛੁ ਭੋਗ ਐਸ਼੍ਵਰਯ,ਸੋਈ ਭੋਗ ਲੀਆ, ਫੇਰ ਆਵਾਗੌਣਤੋ ਉਨਕਾ ਤੈਸਾ ਹੀ ਬਣਾ ਰਹਾ॥ ਈਹਾ ਪੁੰਨ-ਪਾਪੋਕੋ ਬਰਾਬਰ ਕਹਣੇਕਾ ਤਾਤਪਰਯ ਨਹੀ;'ਨਾਮ'ਕੋ ਸਰਬੋਤਮ ਕਹਣੇਕਾ ਤਾਤਪਰਯਹੈ॥ ਜੇਤੇ ਪੁੰਨ ਕਰਮਹੈਂ ਤਿਨਕੇ ਕਹਣੇਮੋਂ ਧਨਭੀ ਖਰਚ ਹੋਤਾਹੈ;ਅਰ ਯਤਨ ਭੀ ਬਡਾ ਹੋਤਾਹੈ; ਅਰ ਫਲਤੋ ਤਿਨਕਾ ਨਾਸ਼ਵੰਤ॥ ਨਾਮਦੇ ਜਪਣੇਮੋ ਕਛ ਖਰਚਭੀ ਨਹੀ ਹੋਤਾ,ਅਰ ਯਤਨ ਭੀ ਕਛੁ ਨਹੀ। ਫਲਤੋ ਤਿਸਕਾ, ਅਵਿਨਾਸ਼ੀਕੀ ਪ੍ਰਾਪਤਿ,ਸੋਈ ਕਹਤੇਹੈਂ:-ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਜਬ ਗੁਰੁ ਉਪੇਦਸ ਦਵਾਰਾ ਨਾਮਕੋ ਸੁਣਾ,ਅਰ ਮਾਨ ਲੀਆ,ਤਿਸੀਕਾ ਮਨ ਵਿਖੇ ਭਾਵ ਕਿਆ,ਕਹੀਏ, ਅਭਿਆਸ ਕੀਆ, ਤਬ:- ਅੰਤਰਗਤਿ ਤੀਰਥਿ ਮਲਿ ਨਾਉ॥

ਜਬ ਸ੍ਰਵਣਾਦਿਕ ਕੀਏ ਤਬ ਤੇਰੇ ਅੰਤਰਵਿਖੇ ਪਰਮ-ਤੀਰਥ ਪ੍ਰਾਪਤਿ ਭਇਆ॥ ਤਿਸੀਵਿਖੇ ਅਨੰਤ ਜਨਮੋਕੀ ਮਲੀਨਤਾਕੇ ਨਾਸ਼ ਕਰਨੇ ਵਾਲਾ ਸਨਾਨ ਕਰ ਜੋ ਫੇਰ ਤੋਕੋ ਨ ਸਨਾਨ ਕਰਨਾ ਪੜੇ ਆਵਾਗੌਣ ਤੇ ਛੂਟੈ? ਵਿੰਸ਼ਨੁ ਧਰਮੋਤਮੇ "ਨਰੀਗਾਨ ਗਾਇਆ ਸੇ ਤੁਰਨ ਕਾਂਸੀ ਨਚ ਪੁਸਕਰੰ॥ ਜਿਹ ਵਾਗ੍ਰੇ ਬਤੇ ਯੱਸਰਿ ਰਿਤੀ ਅਖਰ ਦਵਯੈ॥ ਅਸਮੇਧਾਦਿ ਭਿਰ ਯਗਦੀ ਰਨ ਰਮੇ ਧਾਈ ਸਦਖਣਈ॥ ਯਸੰਤੋਯੋ ਨੋ ਕਤੰ ਹਰਿ ਰਿਤ ਅਖਰ ਦਵਯ॥ ਜਿਤੰਤੇ ਨਜਿਤੰਤੇ ਨਜਿਤੰਤੇ ਨਬਿਨ ਸਤਤ ॥ ਜਿਹ ਵਾਗ੍ਰੇ ਬਸਤੇ ਯੱਸ਼ ਯਹ 'ਹਰਿ' ਰਅਖਰ ਦ੍ਵਯੰ"॥

ਵਿਸ਼ਨੁ ਧਰਮੋਤਮੋਂ ਲਿਖਾਹੈ, "ਵਿਸ਼ਨੁ ਜੀ ਕਹਤੇਹੈ ਭਕਤੋਂਕੋ:ਨਾ ਤਿਸਕੋ ਗੰਗਾਹੀ ਚਾਹੀਤੀਹੈ, ਨ ਗਇਆਹੀ ਚਾਹੀਤੀਹੈ, ਨ ਸੇਤੁਹੀ ਚਾਹੀਦਾਹੈ, ਨਾ ਕਾਂਸੀਹੀ ਚਾਹੀਤੀਹੈ, ਨ ਪੁਸਕਰਹੀ ਚਾਹੀਤਾਹੈ, ਤਿਸ ਕਿਸਕੋ? ਜਿਸਕੀ ਜਿਹ੍ਵਾਕੇ ਅੰਗ੍ਰ ਵਿਖੇ'ਹਰਿ'ਇਹੁ ਅਖਰੋਕਾ ਯੁਗਮ ਸਦਾ ਵਸਤਾਹੈ,ਸੋਤੋ ਸਭੀ ਤੀਰਥ ਕਰ ਚੁਕਾ॥ ਅਸ਼ਵਮੇਧ ਅਰ ਨਰਮੇਧਤੇ ਲੇ ਕਰ,ਜੋ ਦਖਣਾ-ਸੰਯੁਕਤ ਜੱਗਹੈ, ਤਿਨੋ ਕਰ,ਕਰ ਤਿਸਨੇ ਸਭੀ ਦੇਵਤਿਓਕਾ ਪੂਜਨ ਕੀਆ॥ ਜਿਸਕੀ ਜਿਹ੍ਵਾਕੇ ਅੱਗ੍ਰ ਵਿਖੇ'ਹਰਿ'ਇਹੁ ਅਖਰੋਕਾ ਯੁਗਮ ਵਸਤਾਹੈ, ਤਿਸਨੇ ਆਵਾਗੌਣਕੋ ਜੀਤਾਹੈ, ਤਿਸਨੇ ਜੀਤਾਹ॥ ਇਹ ਵਾਰਤਾ ਨਿਸਚੇ ਭਈ, ਜਿਸਦੀ ਜਿਹ੍ਵਾਕੇ ਅੱਗ੍ਰ ਵਿਖੇ ਹਰਿ ਇਹੁ ਅਖਰੋਕਾ ਯੁਗਮ ਵਸਤਾਹੈ"ਆਵਾਗੌਣਤੇ ਰਹਤ ਹੋਣੇਕਾ ਕਾਰਨ'ਨਾਮ'ਕਹਾ। ਅਬ'ਨਾਮ'ਕੇ

Sri Satguru Jagjit Singh Ji eLibrary NamdhariElibrary@gmail.com

ਭੂਖਣੋਂਕੋ ਕਹਤੇਹੈ॥

ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥

ਮਹਾਰਾਜ! ਸਰਬ'ਗੁਣ'ਤੇਰੇਹੀਹੈ,ਮੇਰੇ ਵਿਖੇ ਗੁਣ ਕੋਈਭੀ ਨਹੀ,ਕਾਹੇਤੇ, ਗੁਣਜੋਹੈ'ਨਾਮ'ਕਾ'ਭੂਖਨ'ਨਿਮ੍ਰਿਤਾ ਖਿਮਾ, ਦਇਆ,ਇਸ ਬਿਨਾ'ਭਗਤੀ'ਨਹੀ ਪ੍ਰਾਪਤ ਹੋਤੀ॥ ਸੋ ਇਹ ਗੁਣ ਤੇਰੀ ਕ੍ਰਿਪਾਤੇ ਪ੍ਰਾਪਤ ਹੋਤੇਹੈਂ ਔਰ 'ਭੂਖਣ' ਕਹਤੇਹੈਂ॥

ਸੁਅਸਤਿ ਆਥਿ ਬਾਣੀ ਬਰਮਾਉ॥

ਸ੍ਵਸਤਿ ਚਿਤ ਹੋਣਾ,ਚਿਤਕਾ ਨਾਉ ਦ੍ਵੈਗੀ ਹੋਣਾ ਪਾਵੈ,ਅਥਿ ਨਾਮਹੈ'ਧਨ'ਕਾ,ਇਹੀ ਜਿਸਕਾ ਧਨਹੈ,ਐਸਾ ਹੋਵੇ ਅਰ'ਬਾਣੀ'ਜੋ ਬੋਲਣੀ'ਬ੍ਰਹਮਾਉ' ਕਿਆ ਕਹੀਏ,ਬ੍ਰਹਮ ਜੋਹੈ ਪਰਮੇਸ੍ਵਰ ਤਦ-ਸੰਬੰਧਨੀ ਬੋਲਣੀ॥ ਆਈਏ ਰਾਜਨ ਜੀ, ਆਈਏ ਠਾਕੁਰ ਜੀ, ਆਈਯੇ ਪ੍ਰਮਾਤਮਾ, ਆਈਯੇ ਕ੍ਰਿਪਾ ਨਿਧਾਨ॥ ਸਭਕੋ ਐਸੇ ਕਹਣਾ॥

ਸਤਿ ਸੁਹਾਣੁ ਸਦਾ ਮਨਿ ਚਾਉ॥

ਸਤਿ ਜੋਹੈ ਪਰਮੇਸ੍ਵਰ,ਤਿਸੀਕੇ ਗੁਣਾਬਾਦ ਕਹਣੇ,ਸੁਣਨੇ,ਸੁਹਾਣ,ਕਿਆ-ਕਹੀਏ, 'ਸੁਹਾਵੇ' ,ਇਹੀ ਰੁਚਿ ਆਵੇ, ਦੂਸਰੀ ਬਾਤ ਨ ਸੁਹਾਵੇ॥ ਸਦਾ ਗੁਣਬਾਨੋ ਕਾ ਹੀ ਮਨ ਵਿਖੇ ਚਾਉ,ਕਿਆ-ਕਹੀ,ਉਤਸਾਹ ਰਹੇ,ਦੂਸਰਾ ਉਤਸਾਹ ਨ ਹੋਣਾ ਪਾਵੇ; ਸਦਾ ਇਸਕਾ ਹੀ ਅਭਿਆਸ ਰਹੇ ॥

ਨਨੁ॥ ਗੁਣ ਬਾਨੋ ਕਾ ਹੀ ਜੋ ਅਭਿਆਸ ਵਰਨਨ ਕਰਤੇਹੋ,ਇਸਤੇ ਸਾਸਤ੍ਰਕਾ ਹੀ ਅਭਿਆਸ ਕਿਉਂ ਨ ਕਰੇ? ਜਿਸਤੇ ਸਭ ਕੁਛ ਜਾਣਿਆ ਜਾਏ॥ ਯੋਗਕੀ ਹੀ ਅਭਿਆਸ ਕਿਉਂ ਨ ਕਰੇ? ਜਿਸਤੇ ਸਭ ਹਕੀਕਤਿ ਮਾਲੂਮ ਹੋਵੇ॥

ਤਿਸਕਾ ਉਤਰ॥ ਹਮਨੇ ਜੋ ਕਛ ਕਹਾਹੈ ਸੋ ਸਾਸਤ੍ਰਕੋ ਮਾਨ ਕਰ ਹੀਤੋ ਕਹਾਹੈ॥ ਸਾਸਤ੍ਰਤੇ ਭਿੰਨਤੋ ਨਹੀ ਕਹਾ॥ ਸਾਸਤ੍ਰਕੇ ਪੜਨੇਤੇ ਅਰ ਯੋਗਕੇ ਕਰਣੇਤੇ ਸਭ ਕੁਛ ਜਾਣਿਆ ਜਾਤਾਹੈ॥ਅਰ ਕਛੁਭੀ ਨਹੀ ਜਾਣਿਆ ਜਾਤਾ, ਸੋਈ ਕਹਤੇ ਹੈਂ ਸੋ ਕੋਣ ਵੇਲਾਸੀ? ਅਰ ਕੋਣ ਵਖਤਥਾ? ਕੌਣ ਤਿਥਥੀ? ਕੌਣ ਵਾਰਥਾ? ਕੋਣ ਰੁਤਥੀ? ਅਰ ਕੌਣ ਮਾਸਥਾ? ਜਿਸ ਵਿਖੇ ਪਰਮੇਸ਼ਵਰ ਨੇ ਅਕਾਰ ਕਿਆ,ਕਹੀਏ,ਸਾਕਾਰ ਪਰਪੰਚ ਰਚਾਥਾ॥ ਤਿਸਕੋ ਪੰਡਤੋਨੇ ਅਰ ਕਾਜੀਓ ਨੇ ਨਹੀ ਪਛਾਣਾ॥

ਨਨੁ॥ ਪੰਡਤ ਅਰ ਕਾਜ਼ੀ ਪੁਰਾਣ ਕੁਰਾਨ ਪੜ ਕਰ ਸਭ ਕੁਛ ਸੁਨਾਇ ਦੇਤੇਹੈਂ॥ ਜੋ ਤਿਨਾਂਨੇ ਪਛਾਣਾ ਹੋਤਾ, ਤੋ ਕਹਤੇ ਕੈਸੇ? ਤਿਸੀਕਾ ਉਤਰ ਕਹਤੇਹੈਂ:- ਵੇਲ ਨ ਪਾਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ॥

ਜਬ ਪਰਮੇਸ੍ਵਰਨੇ ਸ੍ਰਿਸ਼ਟ ਰਚੀ,ਤਬ ਸ੍ਰਿਸਟਕੇ ਸਾਥਹੀ'ਨੇਤ'ਭੀ ਰਚੀ। 'ਨੇਤ'ਕਾ ਇਹੀ ਅਰਥਹੈ,'ਜੇਸਾ ਕਰੇਗਾ ਤੇਸਾਹੀ ਮਸਤਕ ਪਰ ਚਿਤ੍ਰ-ਗੁਪਤਕਾ ਲੇਖ ਭੀ ਲਿਖਾ ਜਾਏਗਾ, ਲੇਖਕੇ ਅਨੁਸਾਰ ਹੀ ਫਲ ਭੀ ਪਾਵੇਗਾ॥ ਬਿਨਾ ਹਰਿ-ਭਜਨ ਆਵਾਗੌਣਤੇ ਨ ਛੂਟੇਗਾ॥ ਸੋ ਸ੍ਰਿਸਟਤੇ ਪਰਮੇਸ੍ਵਰਕੀ ਅਨਾਦਕਾਲ ਕੀ। ਤਿਸ ਵਿਖੇ ਜੀਵੋਨੇ ਅਨੰਤ ਜਨਮੁ ਪਾਏ,ਅਰ ਅਨੰਤਹੀ ਕਰਮਭੀ ਕੀਏ। ਕਰਮੋਕੇ ਅਨੁਸਾਰਹੀ ਅਨੰਤਹੀ ਲੇਖਭੀ ਲਿਖੇ ਗਏ, ਲੇਖੋਕੇ ਅਨੁਸਾਰਹੀ ਸੁਖ, ਦੁਖਾਦਿਕ ਅਨੰਤਹੀ ਫਲਭੀ ਪਾਏ॥ ਅਬ ਜੋ ਵਰਤਮਾਨ-ਜਨਮੁਹੈ ਤਿਸ ਵਿਖੇਭੀ ਤੋ ਜੈਸਾ ਕਰੰਮ ਕਰੇਗਾ

Sri Satguru Jagjit Singh Ji eLibrary NamdhariElibrary@gmail.com

ਤੇਸਾਹੀ ਤੋ ਲੇਖਭੀ ਲਿਖਾ ਜਾਏਗਾ॥ ਜਿਸ ਵੇਲਾਮੇਂ ਪਰਮੇਸ੍ਵਰਨੇ ਸ੍ਰਿਸਟ ਰਚੀਥੀ,ਤਿਸ ਵੇਲਾਕੋ ਪੰਡਤੋਨੇ ਨ ਜਾਣਾ,ਜੋ ਜਾਣਾ ਹੋਤਾ,ਤੋ'ਨੇਤ'ਪਛਾਣੀ ਹੋਤੀ। ਜੋ'ਨੇਤ'ਪਛਾਣੀ ਹੋਤੀ,ਤੋ ਇਹ ਬੁਧਿ ਉਪਜਤੀ,ਜੈਸਾ ਕਰਮ ਕਰੇਗੇ,ਤੈਸਾਹੀ ਚਿਤ੍ਰ-ਗੁਪਤੋਕਾ ਹਮਾਰੇ ਮਸਤਕ ਪਰ ਲੇਖਾਭੀ ਹੋਵੇਗਾ। ਲੇਖਕੇ ਹੋਤੇ ਕੋਈ ਆਵਾਗੋਣਤੇ ਛੂਟਤਾਤੋ ਨਹੀ। ਇਹ ਵਾਰਤਾ ਪੁਰਾਣਮੋਂ ਲਿਖੀਹੈ। ਐਸੇ ਹੀ ਪੰਡਿਤਕੀ ਨਿਆਈ ਕਾਜੀਓਨੇਭੀ ਉਸ ਵਕਤਕੋ ਨ ਪਾਇਆ; ਜੋ ਲਿਖੇਂਗੇ ਚਿਤ੍ਰ-ਗੁਪਤ ਲੇਖ 'ਕੁਰਾਨ';ਇਹ ਵਾਰਤਾ ਕੁਰਾਨਮੋਂ ਲਿਖੀਹੈ;ਇਹਭੀਤੋ ਪੁਰਾਣ, ਕੁਰਾਨ ਮੋਹੀ ਲਿਖਾਹੈ। ਬਿਨਾ'ਹਰਿ-ਭਜਨ' ਆਵਾਗੋਣ ਨ ਛੂਟੇਗਾ॥ ਜੈਸੇ ਕਰਮ ਕਰਤੇ ਜਗਤਕੇ ਲੋਕ ਦ੍ਰਿਸਟ ਆਵਤੇਹੈ, ਤੈਸੇ ਹੀ ਪੰਡਤ ਅਰ ਕਾਜ਼ੀਭੀ ਕਰਤੇ ਦ੍ਰਿਸਟ ਆਵਤੇਹੈ: ਜੋ ਇਨੋਨੇ ਸ੍ਰਿਸ਼ਟਿ ਕਾਲ ਪਛਾਣ ਹੋਤਾ, ਤੋ'ਨੇਤ'ਪਛਾਣੀ ਹੋਤੀ--ਤੋ ਸਰਬ ਜੰਜਾਲ ਕਉ ਛੋਡ ਕਰ ਹਰਿ-ਭਜਨ ਵਿਖੇ ਹੀ ਤਤਪਰ ਹੋਇ ਜਾਤੇ॥ ਜਾਤੇ ਹਰਿ-ਭਜਨ ਵਿਖੇ ਨਹੀ ਤਤਪਰ ਹੋਤੇ, ਤਾਤੇ ਇਨੋਨੇ ਕੁਛਭੀ ਨਹੀ ਪਛਾਣਾ॥ ਰੋਟੀਓਕੇ ਨਮਿਤ ਹੁੰਨਰ ਸਿਖ ਲੀਆਹੈ। ਕਿਸੀ ਮੂਰਖਕੇ ਮਨਮੋ ਇਹ ਨ ਉਪਜੇ, ਬਾਬਾ ਨਾਨਕਨੇ ਪੰਡਤੋ ਅਰ ਕਾਜ਼ੀਓਕੀ ਨਿੰਦਾ ਕਰੀਹੈ;"ਨਿੰਦਾ ਨਹੀ ਕਰੀ"। ਪੁਰਾਣਕੇ ਵਚਨਕੋ ਕਹਾਹੈ:ਵਿਸਨ ਪੁਰਾਣੇ:-

"ਤਤ ਕਰਮ ਯਤਨ ਬੰਧਾ ਯਸਾਂਵਿਦਯਾਪਿ ਮੁਕਤਯੇ: ਪ੍ਰਯਾਸਾਯਾ ਅਨਿਤ ਕਰਮ ਵਿਦਯਾ ਸਿਲਿਪਾਦੀਨੇ ਪੁੰਨ:"॥

ਵਿਸ਼ਨੁ ਪੁਰਾਣਮੋਂ ਲਿਖਾਹੈ॥ 'ਕਰਮ'ਉਹੀ, ਜੋ ਬੰਧਨਕੇ ਨਮਿੱਤ ਨਹੀਂ॥ ਬੰਧਨਕੇ ਨਮਿੱਤ ਉਹੀ ਕਰਮ ਨਹੀ, ਜਿਸਕਾ ਫਲ ਪਰਮੇਸ੍ਵਰ ਵਿਖੇ ਅਰਪਣ ਕੀਆ॥ 'ਵਿਦਯਾ'ਭੀ ਓਹੀਹੈ ਜੋ ਮੁਕਤਕੇ ਨਮਿੱਤਹੈ,ਮੁਕਤਕੇ ਨਮਿਤ ਉਹੀ ਵਿਦਯਾਹੈ ਜਿਸਕੋ ਪੜ ਕਰ ਹਰਿ ਭਜਨ ਵਿਖੇ ਤਤਪਰਹੋ ਜਾਏ। ਔਰ ਜੇਤਾ ਕਰਮਹੈ ਸੋ ਪ੍ਰਯਾਸਕੇ ਹੀ ਨਮਿਤਹੈ, ਪ੍ਰਯਾਸ ਨਾਮਹੈ 'ਖੇਦ' ਕਾ ॥ ਪ੍ਰਥਮਤੋ ਕਰਮਕੇ ਕਰਣੇ ਵਿਖੇ ਬਡੇ ਖੇਦ; ਧਨ, ਖਰਚ ਹੋਵੇਗਾ;ਇਹ ਸਭ ਖੇਦਹੀ ਤੋਹੈ ॥ ਅਰ ਫਲ ਜੋ ਤਿਸਕਾ ਪ੍ਰਾਪਤ ਹੋਵੇਗਾ ਧਨ, ਸੰਤਾਨ, ਰਾਜ, ਸ੍ਵਰਗ, ਸੋ ਸਭ ਨਾਸ਼ਵੰਤਹੀ ਤੋਹੈ॥ ਜੋ ਪਦਾਰਥ ਜਿਸਕੋ ਪ੍ਰਾਪਤ ਹੋਇ ਕਰ ਨਾਸ ਹੋਤਾਹੈ;ਤਿਸਕਾ ਬਡਾਹੀਤੋ ਦੁਖ ਹੋਤਾਹੈ ਅਰ ਮੁਕਤ ਨਮਿੱਤਤੇ ਅਤਰਿਕਤ ਜੋ ਵਿਦੱਯਾਹੈ, ਸੋ ਕੈਸੀਹੈ? ਜੈਸੇ ਕਾਰੀਗਰੀਤੇ ਲੇਕਰ ਰੁਜਗਾਰਕੇ ਨਮਿੱਤ ਚਤੁਰਾਈ ਸਿਖ ਲਈ--ਤੇਸੇਹੀ ਪੰਡਤੋਨੇ ਅਰ ਕਾਜੀਓਨੇ ਪੁਰਾਣ,ਕੁਰਾਣ ਭੀ ਸਿਖਲੀਆ॥

ਨਨੁ॥ ਬਾਬਾ ਨਾਨਕ ਕਾ ਵਚਨ ਤੋ ਏਤਾ ਹੀ ਹੈ:- ਜਿਤੁ ਹੋਆ ਆਕਾਰੁ॥

'ਨੇਤ' ਕਾ ਅਰਥ ਤੁਮਨੇ ਕਹਾ, ਸੋ ਪਾਇਆ ? ਤਿਸਕਾ ਉਤਰ:-

ਪੀਛੇ ਕਹਾ ਹੀਹੈ; ਪ੍ਰੋਜਨ ਇਸ ਬਾਣੀਕਾ ਜੀਵਕੀ ਕਲਿਆਣਕੇ ਨਮਿਤ 'ਦਇਆ':'ਜਿਤੁ ਹੋਆ ਆਕਾਰੁ', ਜੋ ਇਸਕੋ ਕਿਸੀ ਪ੍ਰਕਾਰ ਕਿਸੀਨੇ ਸਮਝਾ, ਅਮੁਕ ਕਾਲ ਵਿਖੇ ਪ੍ਰਮੇਸ੍ਵਰਨੇ ਸ੍ਰਿਸਟ ਰਚੀ ਥੀ ॥ ਇਸਕੇ ਸਮਝੇ ਤੇ ਜੀਵੋ ਕੀ ਕਲਿਆਣ ਕੈਸੇ ਹੋਵੇਗੀ ? ਇਸ ਪਰਤੋ ਕੋਈ ਭੀ ਪ੍ਰਮਾਣ ਨਹੀਂ ਪਾਈਤਾ-ਸ੍ਰਿਸਟਕੇ ਸਾਥ ਹੀਤੋ ਪ੍ਰਮੇਸ਼ਵਰਨੇ 'ਨੇਤਿ'ਭੀ ਰਚੀ॥ ਜੋ ਨੇਤਿਕੋ ਪਛਾਣੇਗਾ ਤੈ ਹਰਿ-ਨਾਮ ਜਪ ਕਰ ਕ੍ਰਿਤਾਰਥ ਹੋਵੇਗਾ। ਇਸ ਪਰ ਮੇਂ ਸਾਸਤ੍ਰ ਪੁਰਾਣਕੇ ਕੋਟੋ ਕੋਟਿ ਵਚਨ ਪ੍ਰਮਾਣ ਪਾਈਤੇ ਹੈਂ॥ ਜੈਸੇ ਕਾਰੀਗਰ ਜੋ ਹਵੇਲੀ ਉਠਾਵਤਾਹੈ, ਸੋਜਿਸ ਸੂਤ੍ਰ ਪਰ

Sri Satguru Jagjit Singh Ji eLibrary NamdhariElibrary@gmail.com

ਨੀਵ ਧਰਤਾਹੈ,ਤਿਸੀ ਸੂੜ੍ਪਰ ਸਿਰਤਾ ਕਰ ਹਵੇਲੀ ਚਲੀ ਜਾਂਦੀਹੈ॥ ਸੋਈ ਹਵੇਲੀਤੋ ਕਾਮ ਕੀ ਹੋਤੀਹੈ, ਅਰ ਜੋ ਨੀਵਕੇ ਸੂੜ੍ਕੋ ਛੋਡ ਕਰ ਬਾਕੀ ਟੇਢੀ ਉਠਾਵੇਗਾ--ਤੋ ਉਹ ਹਵੇਲੀ ਠਹਰੇਗੀ ਨਹੀ, ਗਿਰ ਪੜੇਗੀ ॥ ਤੈਸੇਹੀ ਜੋਗ੍ਰੰਥ ਰਚਤਾਹੈ;ਜਿਸ ਪ੍ਰਸੰਗਕਾ ਅਰੰਭ ਕਰਤਾਹੈ,ਸੋਈ ਪ੍ਰਸੰਗ ਅੰਤ ਤਕਰ ਚਲਾ ਜਾਤਾਹੈ,ਪਰਸੰਗ ਨਹੀ ਟੂਟਤਾ;ਸੋਈ ਗ੍ਰੰਥਤੋ ਕਾਮਕਾ ਹੋਤਾਹੈ। ਅਰ ਜਹਾਂ ਪ੍ਰਸੰਗ ਛੂਟਾ, ਸੋ ਗ੍ਰੰਥ ਗਇਆ ਸਤਯਾਨਾਸਮੋ, ਤਿਸਕੋ ਕੋਈ ਮਾਨਤਾ ਹੀ ਨਹੀਂ ॥ ਕਾਰੀਗਰਤੋ ਈਹਾਂ ਬਾਬਾ ਨਾਨਕ, ਤਿਸਨੇ ਜਪੁ ਰੂਪੀ ਮੰਦਰ ਉਠਾਇਆ, ਆਦਿ ਵਿਖੇ .ਨੀਵ ਕੌਣ ਸੀ ਧਰੀਹੈ? 'ਸਤਿਨਾਮੁ ਕਰਤਾ ਪੁਰਖੁ'। ਅੰਤ ਵਿਖੇ ਜਾਇ ਕਰ ਮੁਡੇਰਾ ਕੋਣਸਾ ਬਾਧਾ? 'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ' ॥ ਦੇਖੋ 'ਨਾਮ' ਕਾ ਹੀ ਅਰੰਭ ਕੀਆ ਅਰ 'ਨਾਮ' ਪਰ ਹੀ ਸਮਾਪਤ ਭੀ ਕੀਆ; ਬੀਚ ਭੀ ਇਸਕੇ 'ਨਾਮ' ਹੀਹੈ। ਬਾਬਾ ਨਾਨਕਕੇ ਵਚਨੋ ਵਿਖੇ ਦੂਸਰੀ ਬਾਤਕਾ ਕੁਛ ਕਾਮਹੀ ਨਹੀ॥ ਈਹਾ ਇਹ ਨਿਸਚੇ ਕਰਣਾ, ਸਬਦ ਜੋਹੈ ਸੋ ਦੂਧਹੈ, ਅਰ ਅਰਥ ਤਿਸ ਵਿਖੇ ਘ੍ਰਿਤਹੈ॥ ਜਿਸ ਖਿਣ ਵਿਖੇ ਗਊਕੇ ਇਸ ਥਨੋਤੇ ਦੂਧ ਨਿਕਸਾ,ਤਿਸੀ ਖਿਣ ਵਿਖੇ ਘ੍ਰਿੱਤ ਭੀ ਨਿਕਸਾ,ਦੂਧ ਵਿਖੇ ਘ੍ਰਿਤ ਦ੍ਰਿਸਟਤੋ ਨਹੀ ਆਵਤਾ। ਜਿਸਕੇ ਹਾਥਮੋ ਯੁਕਤਿ ਹੋਤੀਹੈ:ਸੇ ਪਾੜ੍ ਮਥਾਨਕ ਸੰਯੋਗ ਕਰਤਾਹੈ,ਤਬ ਘ੍ਰਿਤ ਪ੍ਰਗਟ ਹੋਤਾਹੈ॥ ਤੈਸੇਹੀ ਵਿਦਯਾ ਰੂਪੀ ਅਰ ਵਿਵੇਕ ਰੂਪੀ ਮਥਾਨਿ ਜਬ ਇਨ ਦੋਨੋਕਾ ਸੰਯੋਗ ਹੋਤਾਹੈ; ਤਬ'ਸਬਦ'ਰੂਪੀ ਜੋ'ਦੂਧ'ਹੈ, ਤਿਸਕੇ ਬੀਚਸੋਹੀ'ਅਰਥ'ਰੂਪੀ'ਘ੍ਰਿਤ'ਪ੍ਰਗਟ ਹੋਤਾਹੈ ਅਬ ਇਸਕੋ ਵੀਚਾਰ ਕਰ, ਕਰ ਦੇਖੋ, ਜੇਤਾ ਕੁਛ ਮੇਨੇ ਲਿਖਾਹੈ ਇਹ ਅਰਥ ਬਾਬਾ ਨਾਨਕਕੇ ਵਚਨੋਕੇ ਬੀਚ ਸੋਹੀ ਤੋ ਨਿਕਸਾਹੈ, ਬਾਹਰਸੇ ਤੋ ਨਹੀ ਆਇਆ॥ ਇਸਕਾ ਨਿਰਣੈ ਪੀਛੇ ਕਹਾ ਹੀਹੈ। ਜੋ ਸੁਗਮ ਵਚਨ ਹੋਤਾਹੈ, ਤਿਸਕੋ ਸਭ ਕੋਈ ਆਪਹੀ ਸਮਝ ਲੇਤਾਹੈ॥ ਜੋ ਵਚਨ ਕਠਿਨ ਹੋਤਾਹੈ, ਸੋਤੋ ਆਪ ਕਿਸੀਕੋ ਭੀ ਨਹੀਂ ਆਵਤਾ, ਗੁਰੋਸੋ ਪੂਛਣਾ ਪੜਤਾਹੈ; ਗੁਰੋਕੇ ਮੁਖਤੇ ਜੋ ਗਯਾਨ ਪਾਇਆਹੈ, ਸੋਈ ਗਯਾਨ ਸੁਫਲਹੈ॥ ਬਿਨਾ ਗੁਰੋ ਜੋ ਗਯਾਨ ਪਾਇਆਹੈ,ਸੋ ਗਿਆਨ ਨਿਖਫਲ ਹੈ। ਸਫਲ-ਗਯਾਨਕੇ ਨਮਿੱਤ ਬਾਬਾ ਨਾਨਕਨੇ ਆਪਣੇ 'ਕਠਨ-ਵਚਨ' ਰਚੇਹੈ; ਇਤਿ ਨਿਰ-ਵਿਵਾਦ ਪ੍ਰਸੰਗ॥ ਸ਼ਾਸਤ੍ ਜੋ ਅਭਮਾਨੀਥੇ ਤਿਨਕੋ ਨਿਰਾਸਤ ਕੀਆ॥ ਅਰ ਯੋਗਕੇ ਜੋ ਅਭਮਾਨੀਹੈ ਤਿਨਕੋ ਨਿਰਾਸਤ ਕਰਤੇਹੈਂ। ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥

ਜਿਸ ਥਿਤ, ਵਾਰ, ਰੁਤ, ਮਾਸ ਵਿਖੇ ਪਰਮੇਸ੍ਵਰਨੇ ਸ੍ਰਿਸਟ ਰਚੀਥੀ, ਤਿਸਕੋ ਜੋਗੀ ਨਹੀ ਜਾਣਤਾ॥ ਕਾਹੇਤੇ, ਜੋ ਸ੍ਰਿਸਟ ਕਾਲ ਪਛਾਣਾ ਹੋਤਾ,ਤੋ'ਨੇਤ'ਪਛਾਣੀ ਹੋਤੀ, ਜੋ'ਨੇਤ'ਪਛਾਣੀ ਹੋਤੀ,ਤੋ ਹਰਿ-ਭਜਨਮੋ ਤਤਪਰ ਹੋਤਾ -- ਰਿਧੋਂ ਸਿਧੋਂਕੇ ਜੰਜਾਲਮੋਂ ਨ ਫਸਤਾ ॥ਇਹ ਨਖੇਧ ਕੀਆਹੈ,ਸੋ ਸਹਕਾਮ-ਯੋਗੀਹੈ॥ ਜੋ ਨਿਹਕਾਮ ਯੋਗੀਹੈ ਤਿਸਕੀ ਮਹਮਾ ਕੋ ਕਹਤੇਹੈਂ:-

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

ਨਿਹਕਾਮ ਯੋਗੀ ਥਿਤ, ਵਾਰ, ਰੁਤ, ਮਾਸ ਕੁਛਭੀ ਨਹੀ ਜਾਣਤਾ,ਤਿਸਕੀ ਇਹੀ ਨਿਸਚਾਹੈ; ਜਬ ਕਰਤਾਨੇ ਸ੍ਰਿਸ਼ਟੀ ਰਚੀ, ਇਸ(ਬਾਤ)ਕੋ ਆਪ ਕਰਤਾਹੀ ਜਾਣੇ॥ ਇਸਕੇ ਜਾਨਣੇ ਸਾਥ ਹਮਕੋ ਕਿਆ ਕਾਮਹੈ। ਪਰਮੇਸ੍ਵਰਕੀ ਆਗਿਆਹੈ ਜੋ ਹਰਿ-ਭਜਨ ਕਰੇਗਾ,ਤਬੀ ਕ੍ਰਿਤਾਰਥ ਹੋਵੇਗਾ॥ ਗੁਰੋਨੇ ਇਹੀ ਉਪਦੇਸ ਕੀਆਹੈ, ਤਾਤੇ ਹਮਕੋ ਭਜਨ ਕੀਆ ਚਾਹੀਏ। ਜਿਸਕੀ ਇਹ ਨਿਸ਼ਚੇਹੈ,ਤਿਸਨੇ ਜਾਣੇ ਬਿਨਾਹੀ ਸਭ ਕੁਛ ਜਾਣਾ,ਅਰ ਸਭੀ ਦਾਨ ਦੀਏ;ਵਿਸ਼ਨੂ ਧਰਮੇ:-

Sri Satguru Jagjit Singh Ji eLibrary NamdhariElibrary@gmail.com

"ਰਿਗਵੇਦੋ ਅਥ ਯੁਜਰ ਵੇਦਾ ਵੇਦਾ ਅਪੀ ਅਥਰਬਣ ਅਧੀਤਾ ਤੇ ਨਯੇਨੋ ਕਤਾ'ਹਰਿ'ਇਤੀ ਅੱਖਰ ਦ੍ਵੈਯੰ॥ ਗਾਵਾ ਕੋਟੀ ਸਹਸ੍ਰਾਣੀ ਕੰਨਿਆ ਦਾਨ ਅਯੁਨਾਨੀ ਚ: ਦੱਤਾਨੀ ਤਿਨਯੇ ਨੋਕਤ 'ਹਰਿ' ਇਤੀ ਅੱਖਰ ਦ੍ਵਯੰ॥

ਵਿਸ਼ਨੁ ਧਰਮਮੋ ਲਿਖਾਹੈ:'ਰਿਗ ਵੇਦ,ਯੁਜਰਵੇਦ, ਸਾਮੁ ਵੇਦ, ਅਥਰਬੁਣ ਵੇਦ ਚਾਰੋਵੇਦ ਤਿਸਨੇ ਪੜੇ ਜਿਸਨੇ, 'ਹਰਿ'ਇਹ ਅਖਰੋਕਾ ਯੁਗਮ ਨਿਰੰਤਰ ਉਚਾਰਣ ਕੀਆ;ਹਜਾਰੋ ਕਰੋੜੋ ਗਊਓਕੇ ਤੁਲ ਦਾਨ ਦੀਏ,ਅਰ ਅਨੇਕ ਆਯੁਤ-ਕੰਠਯਾ ਤਿਸਨੇ ਦਾਨ ਕੀਏ। ਜਿਸਨੇ 'ਹਰਿ' ਇਹ ਅਖਰੋਕਾ ਯੁਗਮ ਉਚਾਰਣ ਕੀਆ॥

ਨਨੁ॥ ਜਹਾ ਕਹਾ ਵੇਦ,ਸਾਸਤ੍ਰਕੀ ਹੀਤੋ ਮਹਿਮਾ ਕਹੀਹੈ। ਤੁਮਨੇ ਏਕ'ਨਾਮ'ਕੋ ਹੀ ਸਾਰਾ ਮਾਨਾ,ਵੇਦ, ਸਾਸਤ੍ਰਕੋ ਉਡਾਇ ਦੀਆ--ਭਲੇ ਤੁਮ ਸੰਤ ਹੂਏ ? ਤਿਸਕਾ ਉਤਰ:- ਵੇਦ, ਸਾਸਤ੍ਰਤੋ ਕਿਸੀਕਾ ਉਡਾਇਆ ਊਡਣੇ ਯੋਗ ਨਹੀ। ਅਰ ਜੋ ਭਜਨ ਹੀਨ ਵੇਦ,ਸ਼ਾਸਤ੍ਰਕੇ ਅਭਮਾਨੀਹੈਂ, ਸੋਤੋ ਉਡੇ ਹੁਏ ਹੀਹੈਂ, ਤਿਨਕਾ ਔਰ ਕਿਆ ਊਡੇਗਾ, ਸੋਈ ਕਹਤੇ ਹੈਂ:-

ਕਿਵ ਕਰਿ ਆਖਾ ਕਿਵ ਸਾਲਾਹੀ। ਕਿਉ ਵਰਨੀ ਕਿਵ ਜਾਣਾ॥
ਨਾਨਕ ਆਖਣਿ ਸਭੁ ਕੋ ਆਖੈ। ਇਕ ਦੂ ਇਕੁ ਸਿਆਣਾ॥

ਮੈਂਕਿਉ ਕਰ ਕਹੋ, ਸੋ ਸਾਸਤ੍ਰੀ ਲੋਕ ਬੁਰੇਹੈ ? ਅਰ ਜੋ ਨਾਮਕੋ ਛੋੜ ਕਰ ਦੂਸਰੇ ਕਰਮੋ ਮੋਂ ਲਗੇਹੈ, ਤਿਨਕੋ ਸਲਾਹੋ ਭੀ ਕੈਸੇ? ਅਰ ਭਲਾ, ਬੁਰਾ ਮਾਨ ਕਰ ਤਿਨਕਾ ਵਰਨਨਭੀ ਕੈਸੇ ਕਰੋ? ਅਰ ਤਿਨਕੀ ਭਲਾਈ, ਬੁਰਾਈਕੋ ਜਾਣੋਭੀ ਕੈਸੇ ? ਕਾਹੇਤੇ, ਕਹਣੇਂ ਕੀਆਂ ਬਾਤਾਂਤੋ ਸਭੀ ਕਹਤੇਹੈਂ, ਅਰ ਏਕਤੇ ਏਕ ਸਿਆਣਾ ਦ੍ਰਿਸਟ ਆਵਤਾਹੈ; ਏਕ ਪੰਡਤ ਯੁਕਤਿ ਬਾਂਧ ਕਰ ਹਛਾ ਕਹਿਤਾਹੈ--ਦੂਸਰਾ ਤਿਸਕੀ ਯੁਕਤਿਕੋ ਖੰਡ ਕਰ ਤਿਸਤੇ ਭੀ ਹਛਾ ਕਹਤਾਹੈ, ਤੀਸਰਾ ਉਸਕੋ ਖੰਡਨ ਕਰਤਾਹੈ, ਚੌਥਾ ਉਸਕੋ ਖੰਡਨ ਕਰਤਾਹੈ॥ ਇਸੀ ਪ੍ਰਕਾਰ ਸਭੀ ਪਰਸਪਰ ਖੰਡੇ ਹੂਏ ਹੀ ਤੋਹੈ; ਆਪਸਮੋ ਇਨਕਾ ਇਹ ਹਵਾਲਹੈ॥ ਅਰ ਔਰ ਜਾਗਾਭੀ ਅਭਾਮਾਨੀ ਕਾ ਬੁਰਾਹੀ ਹਵਾਲ ਹੋਤਾਹੈ; ਸੋਈ ਦਿਖਾਲਵਤੇਹੈਂ :- ਏਕ 'ਕਾਸੀ' ਕਾ ਪੰਡਤ ਗਇਆ ਥਾ 'ਕਾਬਲਾ', ਆਗੇ ਊਹਾਂ ਅਲਪ ਵਿਦਿਆ ਵਾਲਾ ਏਕ ਬ੍ਰਹਮਣ ਕਥਾ ਵਾਚਤਾ ਥਾ; ਓਹ ਬ੍ਰਹਮਜੋ ਅਸਤਾਬਿਅਸਤ ਅਰਥ ਲਾਗਾ ਕਰਣੈ; ਤਿਸਕੋ ਪੰਡਤਨੇ ਕਹਾ:-

"ਅਰੇ ਮੂਰਖ! ਤੂੰ ਕਿਆ ਬਕਤਾਹੈਂ;ਕੌਣ ਪਦ ਕਾ, ਕੌਣ ਅਰਥ ਕਰਤਾਹੈਂ॥ ਪ੍ਰਥਮ'ਪਦ-ਛੇਦ'ਤੋ ਕਰ, ਪੀਛੇ ਅਰਥ ਕਰੀਓ"॥ ਉਸ ਬ੍ਰਹਮਣ ਨੇ ਦੇਖਾ ਇਸਨੇ ਮੇਰੀ ਬਾਤ ਉਡਾਈ। ਬ੍ਰਹਮਣਨੇ ਕਹਾ:-

'ਦੇਖੋ ਭਾਈ,ਸਸਤ੍ਰਕੇ ਪਦ ਪਰਮੇਸ੍ਵਰਕੇ ਵਚਨਹੈਂ। ਇਹ ਹਤਿਆਰਾ ਹਮਾਰੇਸੋ ਸਾਸਤ੍ਰਕੇ ਪਦੋਕਾ ਛੇਦਨ ਕਰਾਵਣੇ ਆਇਆਹੈ; ਹਮਤੋ ਇਸ ਹਤਿਆਰੇ ਕਾ ਮੁਖ ਨ ਦੇਖੇਂਗੇ'॥

ਪੋਥੀ ਬਾਧਕਰ ਉਠਿ ਚਲਿਆ; ਕਥਾਕੇ ਸੁਣਨੇ ਵਾਲੇ ਸਭੀ ਮੂਰਖਥੇ; ਤਿਨੋਂ ਨੇ ਸਮਝੇ ਬਿਨਾਹੀ ਕਹਾ:- 'ਉਠ, ਹੇ ਹਤਿਆਰ! ਤੂ ਕੈਸਾ ਹਤਿਆਰਾ ਆਇਆਹੈਂ, ਤੈਨੇ ਤੋ ਹਮਾਰੀ ਕਥਾ ਮੋ ਹੀ ਵਿਘਨ ਕੀਆ'॥

ਸਭਨੇ'ਹਤਿਆਰਾ','ਹਤਿਆਰਾ'ਹੀ ਜੋ ਕਹਾ, ਪੰਡਿਤਕੋ ਏਕ ਦਿਨਭੀ ਕਾਬਲ ਮੇ

Sri Satguru Jagjit Singh Ji eLibrary NamdhariElibrary@gmail.com

ਠਹਰਨਾ ਕਠਨ ਹੂਆ। ਏਤੋਮੋ ਹੀ ਤਿਸਕੀ ਪੰਡਤਾਈ ਉਠਿ ਗਈ। ਅਭੀਮਾਨਕਾ ਇਹ ਹਵਾਲ ਹੋਤਾਹੈ॥ ਤਾਂਤੇ ਨਿਰ ਅਭਿਮਾਨ ਹੋਇ ਕਰ ਹਰਿ-ਭਜਨ ਕਰਣਾ ਇਹੀ ਸ੍ਰੇਸਟਹੈ, ਸੋਈ (ਬਾਬਾ ਨਾਨਕ) ਕਹਤੇਹੈ:-

ਵਡਾ ਸਾਹਿਬੁ ਵਡੀ ਨਾਈ ਕੀਤਾ ਜਾਕਾ ਹੋਵੈ॥
ਨਾਨਕ ਜੇ ਕੋ ਆਪੌ ਜਾਣੈ, ਅਗੈ ਗਇਆ ਨ ਸੋਹੈ॥੨੧॥

ਪ੍ਰਮੇਸ਼੍ਵਰ ਜੋ ਬਡਾਹੈ ਸੋ ਬਡਿਓ ਨਾਮੋ ਕਰ ਕਰ ਬਡਾ ਹੈਂ॥ ਕਾਹੇਤੇ,'ਨਾਮ' ਜਪੁ ਕਰ ਅਨੇਕ ਕ੍ਰਿਤਾਰਥ ਹੂਏ। ਇਸ ਪਰਤੋ ਸਾਸਤ੍ਰੋਕੇ ਅਨੇਕ ਪ੍ਰਮਾਣ ਪਾਈਤੇਹੈਂ।ਨਾਮ ਬਿਨਾ ਪਰਮੇਸ਼੍ਵਰਨੇ ਕਿਸਕੋ ਕ੍ਰਿਤਾਰਥ ਕੀਆ? ਇਸ ਪਰਤੋ ਕੋਈਭੀ ਪ੍ਰਮਾਣ ਨ ਹੋਵੇਗਾ, ਜਿਨ ਨਾਮੋਕਾ ਕੀਆ ਹੂਆਹੀ ਸਭ ਕਛ ਹੋਤਾਹੈ। 'ਸਹਕਾਮ' ਹੋਇ ਕਰ ਜਪੇਗਾ, ਸੇ ਭੋਗ, ਭੋਗ ਕਰ ਮੁਕਤ ਪਵੇਗਾ॥ 'ਨਿਹਕਾਮ' ਹੋਇ ਕਰ ਜਪੇਗਾ, ਸੋ ਸੀਘ੍ਰਹੀ ਮੁਕਤ ਪਾਵੇਗਾ; ਤਾਤੇ ਨਾਮਹੀ ਬਡਾਹੈ; 'ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਅਕਾਸ ਬ੍ਰਹਮੰਡ'(284:11)'ਨਾਮ'ਕੋ ਛੋਡ ਕਰ ਜੋ ਆਪਕੋ ਜਾਣੇਗਾ, ਮੈ ਪੰਡਤਹੋ;ਸੋ ਆਗੇ ਪ੍ਰਮੇਸ਼੍ਵਰਕੇ ਦ੍ਵਾਰੇ ਗਯਾ ਹੂਆ ਨ ਸੋਭਾ ਪਾਵੇਗਾ;ਜਿਸ ਕੋ ਈਹਾ ਮੂਰਖੋਨੇ ਉਡਾਇ ਦੀਆ--ਤਿਸਨੇ ਆਗੇ ਕਿਆ ਸੋਭਾ ਪਾਵਣੀਹੈ ?

ਨੰ.5. ਭਾਈ ਸੰਤੋਖ ਸਿੰਘ ਜੀ ਕਵੀ ਚੂੜਾਮਣੀ(ਨਿਰਮਲ-ਗਿਆਨੀ)-21

ਅਬ ਅਗਾਰੀ ਜੇ ਕੋਈ ਐਸੇ ਪ੍ਰਸ਼ਨ ਕਰੇ: ਜੋ ਸ਼ੁਭ-ਕਰਮਹੈ ਤਿਨਕੋ ਕੁਕਰਮਨਕੇ ਸਮਾਨ ਕਹਯੋਹੈ ਇਹ ਬਾਤ ਕੈਸੇ ਬਨੇ? ਵਾ ਸ਼ੁਭ ਕਰਮਨਤੇ ਤੋ ਮਹਾਂ-ਸੁਖ ਪ੍ਰਾਪਤ ਹੋਤਹੈ, ਤੁਮ ਤਿਸਕੋ ਆਖਣੁ ਕਿਉਂ ਨਹੀਂ ਕਰਤੇ? ਜੇ ਐਸੇ ਕੋਈ ਸ਼ੰਕਾ ਕਰੇ, ਤਿਸ ਪਰ ਕਹਤਹੈਂ:-

ਤੀਰਥੁ ਤਪੁ ਦਇਆ ਦਤੁ ਦਾਨੁ447॥

ਤੀਰਥਨਿ ਮੈਂ ਸ਼ਨਾਨ ਕਰਨੋ, ਜੇਸ਼ਠਮੇ ਅਗਨਿ ਤਾਪਨੋ, ਸੀਤ-ਕਾਲ ਜਲੁ ਮੈਂ ਬੈਠਨੋ,ਉਰਧ ਬਾਹੂ ਖਰੋ ਰਹਨਤੇ ਆਦਿ ਔਰ ਜੇ ਤਪਹੈਂ, ਔਰ ਦਇਆ ਕਰਨੀ। 'ਦਤੁ ਦਾਨੁ'ਦੇਨੋ ਦਾਨਕੋ; ਵਾ, ਦਇਆ ਕਰਕੇ ਦਾਨ ਦੇਨੋ, ਇਸਤੇ ਆਦਿ ਔਰ ਜੇ ਸ਼ੁਭ-ਕਰਮ ਕਰਨੇਹੈ,ਕਾਮਨਾਕੇ ਸਹਿਤ ਅਹੰਤਾਕੋ ਲੀਏ ਹੂਏ;ਤਿਨਤੇ ਜੋ ਕਿਛੁ ਹੋਤਹੈ ਕਹਤਹੈਂ:-

ਜੇ ਕੋ ਪਾਵੈ ਤਿਲਕਾ ਮਾਨੁ॥

ਜੇ ਕੋਈ ਕਰਤਹੈ, ਤਿਨਕੋ ਤਿਲੁ ਭਰਿ ਮਾਨ; ਕਹੀਏ ਲੱਛਨਾਸੇ ਥੋਰੋ ਸਨਮਾਨ। 'ਕਾ'ਕੋ ਅਰਥ ਕਿਆ ਮਾਨ ਪ੍ਰਾਪਤ ਹੋਤਹੈ? ਕਾਕੋਕਤਿ ਸੋਂ ਕੁਛਭੀ ਨਹੀਂ। ਜੇਤੋ ਕਰਯੋ ਸ਼ੁਭ-ਕਰਮ ਅਹੰਤਾਕੋ ਧਾਰਿ ਕਰਿ, ਤਿਸਕੋ ਫਲੁ ਭੋਗੁ ਕਰਿ ਫੇਰ ਚੋਰਾਸੀਮੇਂ ਪਰਯੋ, ਜਿਸੁ ਕਰਨੇਤੇ ਜਨਮ ਮਰਨ ਨਹੀਂ ਛੂਟੇ। ਸੋ ਸਰਬਹੀ ਤਿਲ ਭਰੁ ਮਾਨਹੈ, ਕਿਉਂਕਿ,ਫੇਰ ਦੁਖਮੇਂ ਪਰਤਹੈ। ਸੋ ਸੰਤਨਕੇ ਮਤਮੇਂ ਆਛੋ ਨਹੀਹੈ। ਜੇ ਕੋਈ ਕਹੈ,ਤਿਲੁ ਭਰੁ ਸਨਮਾਨ ਕੈਸੇ ਹੈ? ਜਿਸਮੇਂ ਤ੍ਰਿਪਤਿ ਨਹੀਂ ਹੋਇ! ਸੇ ਥੋਰੋ ਈ ਹੈ; ਕੋਟਿ ਬਰਖ ਸੁਰਗਮੇਂ ਰਹਯੋ,ਸੋ ਕਿਸੇਹੀ ਬਿਸ਼ੇ ਸੋਂ ਤ੍ਰਿਪਤਿ ਨਹੀਂ ਹੋਤੇਹੈਂ, ਜਨਮ-ਮਰਨਕੋ ਦੁਖ ਜਬ ਆਨ ਪਰਯੋ;ਸੋ ਸੰਪੂਰਨ ਬਿਸਰ ਜਾਤਹੈ,ਐਸੇ ਜਾਨਤਹੈਂ: ਜੋ ਸਦੀਵਕੋ ਮੈਂ ਦੁਖੀਹੋਂ,ਤਿਸ ਸਬਨੇ ਕੁਛ ਭੀ ਸਹਾਇਤਾ ਨਹੀਂ ਕਰੀ। ਬਹੁਰ ਦੁਖੀਕੋ ਦੁਖੀ। ਇਤਯਰਥ॥

ਪੂਰਬਕੀ ਤੁਕਮੇਂ ਸ਼੍ਰੁਤਯਾਨੁਪ੍ਰਾਸ ਅਲੰਕਾਰਹੈ; ਲੱਛਣ-"ਏਕ ਬਰਗ ਕੇ ਅਖਯਰ ਜਹਾਂ। 'ਸ੍ਰੁਤਯਾਨੁਪ੍ਰਾਸ' ਹੋਤਹੈ ਤਹਾਂ"॥

Sri Satguru Jagjit Singh Ji eLibrary NamdhariElibrary@gmail.com

ਇਹਾਂ ਤਵਰਗਹੈ:'ਤ ਥ ਦ ਨ'ਚਾਰ[52] ਅਖਯਰ ਏਕਹੀ ਬਰਗਕੇਹੈਂ,ਯਾਤੇ ਸ੍ਰੁਤਯਾਨੁਪ੍ਰਾਸਹੈ।ਔਰੁ ਦੋਊ ਤੁਕਮੇਂ ਹੇਤਾਲੰਕਾਰੁਹੈ । ਸੁਭ ਕਰਮ ਕਰਨੇ ਕਾਰਨ,ਤਿਲ ਭਰ ਮਾਨ ਪਾਵਨੋ ਕਾਰਜ,ਏਕਸੰਗਿਮੈਂ ਬਰਨੇ ਯਾਂਤੇ 'ਹੇਤ';ਐਸੇ ਕਰਮਨ ਕੋ ਫਲੁ ਅਨਿਤ ਬਤਾਇ ਕਰਿ ਬਹੁਰ ਜਿਸਕੋ ਨਾਮ ਸਿਮਰਨਤੇ ਚਿਤੁ ਥਿਰੁ ਭਯੋ। ਅਬ ਤਿਸਕੋ ਜੋ ਕਰਤਬ ਕਰਨੇ, ਸੋ ਕਹਤਹੈਂ, ਫਲ ਅਬਿਨਾਸ਼ੀ ਬਤਾਇ ਕਰਿ:-

ਸੁਣਿਆ ਮੰਨਿਆ ਮਨਿ ਕੀਤਾ ਭਾਉ॥

ਸੋਈ ਜੋ ਪ੍ਰਾਨੀਹੈ,ਜਿਸਨੇ ਨਾਮ ਸੋਂ ਕਰਿਹੈ ਮਤਿ ਉੱਜਲ,ਸ੍ਰੋਤਬਯ,ਆਤਮਾਕੋ ਸ੍ਰਵਣ ਕਰੇ;ਬਹੁਰ ਮਨਤਬਯ ਬ੍ਰਹਮਕੋ ਮਨਨ ਕਰੇ। 'ਮਨਿ ਕੀਤਾ ਭਾਉ' ਬਹੁਰਿ ਮਨਕੀ ਬ੍ਰਿਤਿਸੋਂ ਨਿਦਿਧਯਾਸਨ ਕਰੇ।

ਅੰਤਰਗਤਿ ਤੀਰਥਿ ਮਲਿ ਨਾਉ॥

ਨਿਦਿਧਯਾਸਨਤੇ ਉਪ੍ਰੰਤ ਸਾਖਯਾਤਕਾਰ ਹੋਤਹੈ। 'ਅੰਤਰਿ ਗਤਿ' ਆਪਨੇ ਅੰਤਰਹੀ ਪ੍ਰਾਪਤਿ ਭਯੋ ਤੀਰਥ, ਕੌਨ? ਬ੍ਰਹਮ, ਤਿਸਮੇਂ ਦ੍ਵੈਤ ਰੂਪੀ ਮਲਕੋ ਨਿਵਰਤੁ ਕਰੇ। 'ਨਾਉ' ਅਰਥ ਤਿਸਮੇਂ ਬ੍ਰਿਤਿਕੋ ਮਿਲਾਇ ਦੇਇ। ਵਾ,'ਅੰਤਰਿ'ਨਾਮ,ਫਰਕਕੋ ਭੀਹੈ,ਭੇਦਕੋ,ਜੋ ਸਰੂਪਮੈਂ ਹੁਤੋ ਫਰਕ, ਸੋ ਭਯੋ'ਗਤਿ'ਕਯਾ?'ਨਾਸ਼',ਅਰੁ ਅਰਥ ਵੈਸੇਹੀ; ਇਤਯਰਥ॥ ਇਨ ਦੋਊ ਤੁਕਨਿਮੇਂ ਕਾਰਨਮਾਲਾਲੰਕਾਰਹੈ। ਇਹਾਂ'ਸ੍ਰਵਨ'ਕਾਰਨ'ਮਨਨ'ਕੋ, 'ਮਨਨ' ਕਾਰਨ 'ਨਿਦਿਧਯਾਸਨ' ਕੋ, 'ਨਿਦਧਯਾਸਨ' 'ਸਾਖਯਾਤਕਾਰ'ਕੋ; ਇਨਕੇ ਇਕਤ੍ਰ ਕਹਨਤੇ ਕਾਵਨਮਾਨਾਲੰਕਾਰ ਹੋਤਹੈ; ਜਬ ਸਾਖਯਾਤਕਾਰ ਭਯਾ, ਤਬ ਜੋ ਸਮਝਤਹੈ ਸੋ ਕਹਿਯਤੁਹੈ:-

ਸਭਿ ਗੁਣ ਤੇਰੇ ਮੈ ਨਾਹੀ ਕੋਇ॥

ਸਰਬ ਜੋ ਗੁਨਹੈਂ, ਤੇਰੇਮੇਂ ਕਹੀਏ, ਹੇ ਪਾਰਬ੍ਰਹਮੁ! ਤੇਰੇ ਬਿਖੇ ਪਾਏ ਜਾਤਹੈਂ ਕਲਪਨਾ ਕਰਿਕੇ, ਅਰਥ ਇਹ, ਜੋ ਤੀਨੋਂ ਗੁਣ ਕਲਪਤ ਤੇਰੇ ਬਿਖੇਹੈਂ, ਜੈਸੇ ਰੱਸੀਮੇਂ ਸਰਪ, ਅਰੁ ਫੂਲ-ਮਾਲ ਅਰ ਭੂਮ-ਦਰਾਰ ਕਲਪਤ (ਮਿਥਿਆ)ਹੈਂ;ਇਨ ਸਬਨਕੋ ਆਸਰੇ ਏਕ ਰੱਸੀਹੈ, ਜੋ ਨੀਕੀ ਭਾਂਤਿ ਤਿਸਕੋ ਦੇਖਿਯੇ; ਤੇ ਰੱਸੀ ਤੇ ਬਿਨਾ ਔਰ ਕਛੁ ਭੀ ਨਹੀਂ;ਨਾਹੀ ਕੋਇ:ਵਾਸਤਵਤੇ ਬੀਚਾਰੀਏਤੇ 'ਤੇਰੇ'ਮੇਂ ਕੋਈਭੀ ਨਹੀਂ।ਜੇ ਕੋਈ ਬੂਝੇ ਬ੍ਰਹਮਮੈਂ ਤੋ ਗੁਣ ਕੋਈਭੀ ਨਹੀਂਹੈ ਕਲਪਤੇ ਕਿਉਂ ਹੈ? ਇਸ ਪਰ ਕਹਤ ਹੈਂ:-ਵਿਣੁ ਗੁਣ ਕੀਤੇ ਭਗਤਿ ਨ ਹੋਇ॥

ਕਲਪਨੇਕੇ ਕਾਰਨ ਕਹਤਹੈ:-ਇਨਾ ਬ੍ਰਹਮਮੇਂ ਗੁਣ ਆਰੋਪੇ,ਭਗਤਿ ਸੇਵਕਤੇ ਨਹੀਂ ਹੋਇ ਆਵੰਤਹੈ। ਗੁਨਵਾਨ ਈਸ਼ਰ ਬਨੇ,ਤਿਸਪਰ ਚਿਤਕੋ ਠਹਿਰਾਇ ਕਰਿ ਭਗਤਿਨੋ ਯਾਤੇ ਆਦਿਕੋ ਕਹਤਹੈ ਭਰ । ਬਿਨਾ ਗੁਨਵਾਨ ਈਸ਼ਰਕੇ ਬਨੇਕੇ ਭਗਤ ਚਿਤ ਕੋ ਕਹਾਂ ਠਹਿਰਾਵੇ? ਬ੍ਰਹਮ ਵਿਚਾਰਮੇਂਤੇ ਠਹਿਰਨੋ ਪ੍ਰਥਮਹੀ ਮੁਸ਼ਕਲਹੈ। ਮੂਰਤਿ ਈਸ਼ਰਕੀ ਪਰ ਮਨਕੋ ਠਹਿਰਾਇ ਕਰਿ ਕਹ ਬ੍ਰਹਮ ਬੀਚਾਰ ਪਰਿ ਲੁਖਾਰੋ ਲਗ ਜਾਤਹੈ। ਇਤਯਰਥ। ਇਨ ਦੋਊ ਤੁਕਨਮੇਂ ਲਾਟਾਨੁਪ੍ਰਾਸਹੈ, ਗੁਣ ਪਦ ਦੋ ਵਾਰੀ ਆਇਓ,ਭਾਵ ਭਿੰਨਹੈਂ,ਗੁਨ ਤੇਰੇਮੇਂ ਕਲਪਤਿਹੈਂ,ਬਿਨਾ ਗੁਣ ਕਲਪੇ ਭਗਤਿ ਨਹੀਂ ਹੋਤਹੈ,ਯਹ ਭਾਵ ਭਿੰਨ,ਯਹ ਸਿਧ ਅਵਸਥਾਕੀ ਬਾਤ ਕਹੀ,ਤੁਰੀਆ

52. ਟਿੱਪਣੀਕਾਰ:-ਪਾਣੀਨੀਯ ਸੰਸਕ੍ਰਿਤ ਅਸਟਾਧਯਾਯੀ ਸੂਤ੍ਰ:"ਤੁਲਾਸਮਪ੍ਰਯਤੱਨੰਸੱਰਣੰ" ॥1।1।9॥ ਅਨੁਸਾਰ "ਜਾਤ ਨਹੀਂ"

Sri Satguru Jagjit Singh Ji eLibrary NamdhariElibrary@gmail.com

ਪਦ ਜਿਸ ਕੋ ਕਹਤਹੈਂ। ਇਨ ਦੋਊ ਤੁਕਨਿਕੇ ਅਰਥ ਔਰ ਲੋਕ ਐਸੇ ਕਹਤਹੈ:-ਸਭੁ ਗੁਣ ਤੇਰੇ ਵਿਚਹੈ,'ਮੈ'ਮੇਰੇ ਬਿਖੇ ਕੋਈ ਨਹੀਂ ਹੈ, ਬਿਨਾ ਤੇਰੇ ਗੁਣ ਕਰੇਤੇ--ਮੇਰੇ ਪਾਸ ਭਗਤਿ ਨਹੀਂ ਹੋਤਿ ਆਵਤਹੈ। ਇਸ ਅਰਥਮੇਂ ਦੂਖਨ ਆਵਤਹੈ। ਸਾਖਯਾਤਕਾਰੇ ਕਹਿਕੇ ਫੇਰ ਕਹਤਹੈਂ:ਮੇਰੇਮੈਂ ਗੁਣਭੀ ਨਹੀਂ,ਜੋ ਭਗਤਿ ਕਰੋ;ਪ੍ਰਸੰਗਤੇ ਬਿਰੁੱਧ ਬਾਤ ਹੋਤਹੈ। ਇਸੀ ਹੇਤਤੇ ਹਮਾਰੋਂ ਕੀਓ ਅਰਥ ਆਛੋ, ਗੁਰਜੀ ਕੋ ਧਰਯੋ ਹੋਯੋ ਭੀ ਯਹੀਹੈ। ਅਬ ਅਗਾਰੀ ਅਦਿਯਾਰੋਪ (postulates) ਕਰਿਕੈ, ਜਗਤਕੀ ਉਤਪਤਿਮੇਂ ਭੀ ਬਯੰਤਤਾ ਲਗਾਵਤ ਹੈਂ। ਸੁਅਸਤਿ ਆਥਿ ਬਾਣੀ ਬਰਮਾਉ॥

ਸੋ ਜੋ ਅਖਯਰਹੈਂ ਪੂਰਬਕੇ ਅਰਥਕੋ ਲਖਾਵਤ ਹੈਂ। ਜਿਸ ਗੁਣ ਕਲਪਤਿ ਕਹਿ ਆਏਹੈਂ ਸੋਈਜੋ ਬ੍ਰਹਮ 'ਸੁਸਤਿ'ਸਚੁ ਜੋ'ਹੈ'ਅਰ'ਅਥਿ':ਮਾਯਾ:ਦੋਊਨਕੇ ਮਿਲਨਤੇ'ਬਾਣੀ ਬਰਮਾਉ';'ਬਾਣੀ'ਸ਼ਬਦ, ਬ੍ਰਹਮ ਨਾਮ ਓਅੰਕਾਰਕੋ;ਮਾਯਾ ਸਵਲਕੋ ਕਰਿ ਓਅੰਕਾਰੁ ਸ਼ਬਦ ਕਹਤ ਭਯੋ। ਵਾ,'ਬਰ'ਨਾਮ ਸ੍ਰੇਸ਼ਟਕੋ;ਵਹ ਬਲਕੋ,ਸ੍ਰੇਸ਼ਟ ਬਾਣੀਕੋ ਉਚਾਰ ਕਿਯੋ; ਵਾ, ਜੋਰਮੇਂ ਜੋਪੂਰਬ ਬਾਣੀਹੈ ਸੋ ਕਹੀ,ਕੈਸੀਹੈ ਬਾਣੀ?'ਮਾਉ' ਇਸਮੇਂ ਤੀਨ ਅਖਯਰ: ਮਕਾਰ, ਕੰਨੇਕੋ ਅਕਾਰ, ਅਰ ਉਕਾਰ, ਅਗਾਰੀ ਪਿਛਾਰੀਕੋ ਅੰਨ੍ਹੈ ਹੋਨਤੇ ਇਨ ਤੀਨ ਅਖਰੋਕੋਹੀ ਓਅੰਕਾਰ ਹੋਤਹੈ। ਤੀਨਹੀ ਗੁਨ, ਤੀਨਹੀ ਦੇਵਤਾ ਜਿਸਤੇ ਉਤਪੰਨ ਭਏ। ਅਗਾਰੀ ਓਅੰਕਾਰਕੋ ਅਰਥ ਬਿਸਤਾਰਸੇਂ ਕਹਿ ਆਏਹੈਂ,ਸੋ ਤਿਸਤੇ ਸੰਪੂਰਨ ਜਗਤਿਕੀ ਉਤਪਤੀ ਹੋਤ ਭਈ। ਇਸੀ ਆਰੋਪ (ਬਰਤਵਚ;ਵਕਤ) ਮੇਂਹੀ ਬ੍ਰਹਮਕੇ ਤੀਨ ਅੰਸ਼ ਕਲਪਤਿਹੈਂ, ਸੋ ਕਹਤਹੈ:-

ਸਤਿ ਸੁਹਾਣੁ ਸਦਾ ਮਨਿ ਚਾਉ ॥

ਮੁਮੋਖੀਕੇ ਦ੍ਵੈਤ ਮਿਟਾਵਨਕੇ ਹੇਤਹੀ ਤੀਨ ਅੰਸ਼ ਬ੍ਰਹਮਕੇ ਬਨਾਵਨਿਮੇਂ ਆਵਤਹੈਂ, ਵਾਸਤਵ ਨਹੀਂਹੈ। 'ਸਤਿ' ਕਿਆ? 'ਅਸਤੀ' ਬ੍ਰਹਮਹੈ, ਦ੍ਵੈਤਕੇ ਝੂਠ ਲਖਾਵਨਕੇ ਹੇਤ ਜਗਤ ਝੂਠੋ,ਹੈ--ਬ੍ਰਹਮ ਸਤਿਹੈ,'ਸੁਹਾਣੁ' ਕਿਆ? 'ਪ੍ਰਿਯ'ਹੈ; ਚੇਤਨਹੈ; ਜਗਤ ਜੜਹੈ, ਬ੍ਰਹਮ ਚੇਤਨਹੈ। 'ਸਦਾ ਮਨਿ ਚਾਉ' ਸਦਾਹੀ ਬ੍ਰਹਮ-ਅਨੰਦ ਰੂਪਹੈ--ਜਗਤ ਦੁਖ ਰੂਪਹੈ। ਮੁਮੋਖੁਕੇ ਉਪਦੇਸ਼ ਹੇਤ ਤੀਨ ਅੰਸ਼ ਬਨਾਵਤਹੈਂ: ਬ੍ਰਹਮਕੇ ਵਾਸਤਵ ਏਕਬੀ ਕਹਨੇ ਨਹੀ ਬਨਤਹੈ। ਜੇ ਕੋਈ ਕਹੈ;ਪੂਰਬਕੀ ਤੁਕਮੈਂ ਉਤਪਤਿ ਕਹੀ,ਇਸਮੇਂ ਫੇਰ ਕਿਮ ਬ੍ਰਹਮਕੋ ਬਰਨਨ ਕੀਯੋ?

ਉੱਤਰ:- ਪੂਰਬਕੀ ਤੁਕਮੇਂਭੀ ਬਯੰਤ ਕਹਨੇਕੋ ਕਾਰਜਹੈ,ਇਸਮੇਂ ਭੀਹੈ,ਔਰ ਉਤਪਤਿਕੇ ਅਰਥਮੇਂਭੀ। ਔਰ, ਦੂਸਰਾ ਅਰਥ ਇਸ ਤੁਕਕੋ ਬਣਤਹੈ, ਸੋਈ ਕਹਤਹੈਂ:-

ਮਾਯਾ-ਸਵਲਹੋ ਕਰੇ ਓਅੰਕਾਰ ਕਹਿਨੇਤੇ ਜੋ ਜਗਤਿ ਉਤਪਤਿ ਭਯੋ, ਸੋ ਸਭੀਹੀ ਅਸਤਿ, ਭਾਂਤਿ, ਪ੍ਰਿਯਹੈ। ਇਸਤੇ ਭਿੰਨ ਔਰ ਕਛੁ ਨਹੀਂਹੈ; ਤਿਸੀਕੋ ਸਿਧ ਕਰਤਹੈਂ।

ਅਸਤਿਕੋ ਨਾਮਹੈ,'ਹੋਤ ਹੈ';ਸੋ ਜੇਕੁਛ ਬਨਾਉ-ਬਨਿਓਹੈ,ਸੋ ਸਰਬਮੇਂ 'ਹੈ'ਪਦਹੈ;ਯਹਤੋ'ਅਸਤਿ'ਸਰਬਮੇਂ ਭਯੋ। ਕਾਰੇ ਪੀਰੇ ਰੰਗ ਆਦਿ ਔਰ ਜੇ ਪ੍ਰਕਾਸ਼ਤਹੈ,ਸਰਬਮੇਂ ਸੇ ਯੇਹ'ਭਾਂਤਿ'।ਅਰ ਜੋ ਕਿਵੁ ਦੇਖਿਕੇ ਚਿਤੁ ਅਨੰਦੁ ਪਾਵਤਹੈ,ਯਹ 'ਪ੍ਰਿਯ'ਹੈ। ਯਹ ਤੀਨ ਵਸਤੂ ਸਰਬਮੇਹੈ; ਯਾਂਤੇ ਸਰਬ ਰੂਪ ਬ੍ਰਹਮ ਹੀਹੈ। ਅਸਤਿ, ਭਾਂਤਿ, ਪ੍ਰਿਯਮੇਂ ਹੀ ਜਗਤ ਆਰੋਪਤ(ਬਰਤਵਚ;ਵਕਤ)ਹੈ॥ ਨਾਮ ਰੂਪ ਸਰਬ ਜਗਤਮੇਂ ਪੰਚ ਵਸਤੂਹੈਂ;

Sri Satguru Jagjit Singh Ji eLibrary NamdhariElibrary@gmail.com

ਅਸਤਿ,ਭਾਂਤਿ,ਪ੍ਰਿਯ,ਨਾਮ,ਰੂਪ। ਪੂਰਬਕੇ ਤੀਨ, ਬ੍ਰਹਮ ਰੂਪਹੈਂ। ਅਗਲੇ ਦੋ'ਨਾਮ','ਰੂਪ',ਸੋ ਝੂਠੇਹੈਂ। ਸੋ ਨਾਮ ਰੂਪ ਕਲਪਤਿਹੈਂ, ਯਾਂਤੇ ਨਾਸ਼ਵਿੰਤ। ਇਤਯਰਥ॥ ਪੂਰਬਕੀ ਤੁਕਮੇਂ ਹੇਤਾਅਲੰਕਾਰ। ਮਾਯਾ-ਸਵਲ ਹੋਨੇ ਕਾਰਨ 'ਓਅੰ'ਤੇ ਜਗਤ ਹੋਨ ਕਾਰਜ, ਏਕ ਸੱਦਸੇਂ ਬਰਨਨਤੇ ਹੇਤਹੈ। ਦੂਸਰੀ ਤੁਕਮੇਂ;'ਸਤਿ ਸੁਹਾਣੁ ਸਦਾ' ਸਕਰਕੀ ਬਰਨ ਮੈਤ੍ਰੀਤੇ ਬ੍ਰਿਤਯਾਨੁਪ੍ਰਾਸਹੈ। ਵਾ ਬ੍ਰਹਮੁਕੋ 'ਸਤਿਚਿਦਾਨੰਦ' ਸਰੂਪ ਕਥਨਤੇ 'ਜਾਤਿ ਸੁਭਾਵਕਤਿ ਅਲੰਕਾਰ ਹੋਤਹੈ। ਵਾ, ਸਰਬਮੇਂ 'ਅਸਤਿ, ਭਾਂਤਿ, ਪ੍ਰਿਯ' ਹੀ ਹੈ, ਯਾਤੇ ਬਿਸ਼ੇਖਾਲੰਕਾਰ ਹੋਤਹੈ। ਏਕ ਵਸਤੁ ਕੋ ਅਨੇਕ ਠੋਰ ਬਰਨੇ ਇਹ ਲੱਛਨਹੈ । ਸਰਬਮੇਂ ਬ੍ਰਹਮਹੀ ਨਿਰੂਪਨ ਕੀਓ।

ਅਬ ਅਗਾਰੀ ਕਹਤਹੈਂ; ਇਸ ਰੀਤਿਕੋ ਜੇ ਬ੍ਰਹਮਕੋ ਨਿਰੂਪਣ ਔਰ ਮਾਯਾ-ਸਵਲਹੈ ਕਰਿ'ਓਅੰ'ਤੇ ਜਗਤਿ ਉਤਪਤਿ, ਇਸਤੇ ਆਦਿ ਔਰ ਜੇਤੋ ਬ੍ਰਹਮਕੋ ਬਰਨਨਹੈ ਸੋ ਆਪਹੀ ਪਾਰਬ੍ਰਹਮਨੇ ਲਖਾਯੋਹੈ। ਅਰ ਜੀਵ ਸਮਰਥ ਬ੍ਰਹਮਕੇ ਨਿਰੂਪਨਮੇਂ ਕਿਸੀ ਰੀਤਿਸੇਭੀ ਨਹੀਂ,ਜੇਤੋ ਕੁਛ ਬੇਦੁ-ਮਹਾਂਵਾਕਮੇਂ ਕਹਯੋਹੈ, ਸੋਈ ਪ੍ਰਾਨੀ ਆਦਿਤੇ ਤਿਸੀ ਰੀਤਿਸੋਂ ਕਹਿਤੇ ਰਹੇਹੈਂ--ਨਹੀਂਤੇ ਸਮੋਂ, ਤਿਥਿ, ਵਾਰ, ਰੁਤਿ ਇਹ ਨਹੀਂ ਕਹੀਹੈ, ਯਾਂਤੇ ਲੋਕਭੀ ਨਹੀਂ ਜਾਨਤਹੈ, ਤਿਸਪਰ ਕਹਤਹੈਂ:- ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥

ਸੋ ਪੂਰਬਕੇ ਅਰਥਕੋ ਜਨਾਵਾਤਹੈਂ: ਮਾਯਾਸੋ ਮਿਇ ਜਗਤਿਕੀ ਉਤਪਤਿ, ਔਰ'ਸਤਿ-ਸੁਹਾਣਿ ਚਾਉ'ਜਿਸਕੋ ਕਰਿ ਆਏਹੈਂ,ਤਿਸੀਕੋ ਬੂਝਤਹੈਂ, ਜੇਕੋਈ ਜਾਨਤਹੈ ਸੋਬਤਾਵੋ? ਕਵਣੁ ਵੇਲਾ ਹੁਤੋ ਤਬ? ਪ੍ਰਭਾਤ, ਦੁਪਹਿਰੀ, ਪਿਛਲੇ ਪਹਿਰ: ਇਹਤੋ ਹਿੰਦੂਅਨ ਪ੍ਰਤਿ ਪੂਛਨ। ਆਗੇ ਤੁਰਕਨਸੋਂ ਬੂਝਤਹੈਂ: ਤੁਮਕਹੋ ਕੌਨ ਵਖਤ ਹੁਤੋ? ਸੰਧਯਾ, ਰਾਤਿ, ਅਰਧਰਾਤਿ, ਕਿਯੋਂ ਰਾਤਿਕੇ ਪਿਛਲੇ ਪਹਿਰ? ਕੌਨ ਤਿਥ: ਏਕਮ, ਦੂਜ ਤੇ ਆਦਿ, ਇਹਾਂ ਤੁਰਕਨਿਕੋ'ਤਰੀਕ'ਬੂਝਨੇ ਕੋ ਅਦਯਾਹਾਰ(ਬਰਤਵਚ;ਵਕਤ)। ਅਰੁ ਵਾਰ ਕੌਨ ਰੁਤੋ, ਸੋ ਬਤਾਵ? ਵੇਲਾ, ਵਖਤੁਮੇਂ ਪੁਨਰੁਕਤਿ ਨਹੀਂ, ਦੋਊ ਪਾਯਨਕੇ ਨਾਮਸੋਂ ਬੂਝਤ ਭਏ।ਅਗਲੀ ਤੁਕਨਿਮੇਂ ਸੋਈ ਰੀਤਿ ਕਹਿਨੀਹੈ, ਵੇਲਾ ਵਖਤੁ ਕੀ। ਇਤਯਰਥ॥ ਵੇਲਾ ਵਖਤਮੇਂ ਅਰਥਾਪ੍ਰਿਤਦੀਪਕ ਅੰਲਕਾਰਹੈ।

ਲੱਛਣ- "ਦੋਇ ਪਦ ਏਕ ਅਰਥਕੋ ਕਹੈਂ। 'ਅਰਥਾਬ੍ਰਿਤ ਦੀਪਕੁ' ਸੋ ਅਹੈ"।

ਵੇਲਾ ਵਖਤ ਇਕ ਸਮੇਂਕੋ ਅਰਥ ਕਹਤਹੈ, ਯਾਂਤੇ ਅਰਥਾਬ੍ਰਿਤ ਦੀਪਕ ਕਵਣੁ ਕਵਣੁ ਪਦਮੇਂ ਉਭਯਾਬ੍ਰਿਤ ਦੀਪਕੁ ਅੰਲਕਾਰਹੈ। ਅਰਥ ਭੀ ਵਹੀਂ, ਪਦਭੀ ਵਹੀ।

ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥

ਬਸੰਤ,ਗ੍ਰੀਖਮ,ਪਾਵਸ,ਸ਼ਰਦ,ਹਿਮ,ਸ਼ਿਸ਼ਰ, ਇਨ ਖਟ-ਰੁਤਿਨਮੇਂ ਰੁਤਿ ਕਉਣ ਹੁਤੀ? ਅਰੁ ਮਾਹੁ-ਮਹੀਨੇ ਦੁਆਦਸ਼ਮੇਂ ਮਹੀਨਾ ਕੌਣ ਹੁਤੋ? ਜਿਸਮੇਂ ਮਾਯਾ-ਸਵਲ ਹੋਕਰਿ ਨਿਰਾਕਰ ਤੇ ਸਾਕਾਰ ਭਯੋ,ਤਬ ਕਯਾ ਹੁਤੋ? ਵਾ, ਜਗਤ ਕੇ ਆਕਾਰ ਜਬ ਨਯੇਹੈ ਸੋਭੀ ਨਹੀਂ ਕਿਸੀਤੇ ਜਾਨਯੋ ਜਾਤਿਹੈ। ਇਤਯਰਥ। ਇਸ ਤੁਕਮੇਂ ਲਾਟਾਨੁਪ੍ਰਾਸਲੰਕਾਰਹੈ। ਕਵਣੁ ਕਵਣੁ ਪਦੁ ਦੋਵਾਰੀ ਆਵਨਤੇ। ਵਾ ਸਮੁੱਚੇ ਅਲੰਕਾਰਹੈਂ ਦੋਊ ਤੁਕਨਿਮੇਂ।

ਲੱਛਣ- "ਮੂਲ ਅਰਥ ਯਹਿ ਇਕ ਪਦ ਕਰਿਹੀ। ਪੋਖਕ ਹੁਰ ਔਰ ਤਹਿਂ ਪਰਿ ਹੀ।
ਪ੍ਰਥਮ 'ਸਮੁੱਚੇ' ਭੇਦ ਪਛਾਨ । ਕਵਿ ਸੰਤੋਖ ਸਿੰਘ ਕਹਯੋ ਪ੍ਰਮਾਨ"।

ਈਹਾਂ ਏਕ ਵੇਲਾ ਬੂਝਤੇਹੈਂ ਜੋ ਅਕਾਰ ਕਿਸ ਵੇਲਾ ਭਯੋ? ਸੋਈ ਨਹੀਂ ਜਾਨਣੋਕੋ ਸਿਧ

Sri Satguru Jagjit Singh Ji eLibrary NamdhariElibrary@gmail.com

ਕਰਤਹੈਂ। ਤਿਸਕੋ ਪੋ ਬਿਖੇ ਹਿਤ ਤਿਥਿ, ਵਾਰੁ ਰੁਤਿ, ਮਾਂਹ ਬੂਝੇ; ਯਾਂਤੇ ਸਮੁੱਚੇ ਹੋਤਹੈਂ। ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥

ਅਕਾਰ ਬਨਿਨਿਕੇ 'ਵੇਲਾ' ਜੋ 'ਸਮੋਂ'ਹੈ ਤਿਸਕੇ ਪੰਡਤ ਭੀਨਹੀਂ ਜਾਨਤਹੈਂ,ਕੈਸੇ ਪੰਡਤ ਹੈ? ਜੇ ਲਿਖਣ ਵਾਰੇ ਹੈਂ ਪੁਰਾਣੋਕੇ ਬਯਾਸ ਤੇ ਆਦਿ ਪੁਰਾਣੋਂਕੇ ਲਿਖਣਤੇ ਬਯਾਸ ਜੀਕੇ ਨਾਮ ਜਾਨਣੋ।

ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥

ਸਾਕਾਰ ਹੋਨੇਕੋ ਵਖਤੁ ਕਾਜ਼ੀਭੀ ਨਹੀਂ ਜਾਨਤਹੈ। ਕਾਜ਼ੀਕੇ ਕਹਨਤੇ ਮੁੱਲਾਂ ਆਦਿ ਸਰਬਕੋ ਅਰਥ । 'ਜਿ ਲਿਖਨਿ ਲੇਖ ਕੁਰਾਣੁ' ਜੋ ਲਿਖਤਹੈਂ ਲੇਖ ਕਹੀਏ ਕਲਮਸੋਂ ਕੁਰਾਨਕੇ। ਕੁਰਾਨਕੇ ਲਿਖਨੇਤੇ ਮੁਹੰਮਦਕੋ ਅਰਥ। ਇਨਮੇਂ ਤੇ ਕੋਈਭੀ ਵਖਤੁਕੋਂ ਨਹੀਂ ਜਾਨਤਹੈ ਜੋ ਕਿਸ ਵਖਤ ਸਾਕਾਰ ਭਯੇਹੈ। ਇਤਯਰਥ। ਇਨ ਦੋਊ ਤੁਕਨਮੈਂ ਵਿਸ਼ੇਚਖੋਕਤਿ ਅਨੁਕਤਿ ਨਿਮਿਤਾਲੰਕਾਰ ਹੇਤਹੈ।

ਲੱਛਣ- "ਕਾਰਨ ਤੇ ਜਹਿਂ ਕਾਜ ਨ ਹੋਇ। ਕਹੈਂ 'ਵਿਸ਼ੋਖੋਕਤਿ ਬੁਧਿ ਸੋਇ"।

ਇਹਾਂ ਪੁਰਾਣ,ਕੁਰਾਨੁ ਲਿਖਣੋਂ ਕਾਰਣ ਵੇਲਾ ਵਖਤੁ ਜਾਨਣੇਕੋ, ਸੋ ਤਿਨਤੇ ਕਾਰਜ ਵੇਲਾ ਵਖਤੁ ਬੂਝਣਕੋ ਨਹੀਂ ਭਯੋ,ਅਰ ਯਹ ਨਹੀਂ ਕਹਯੋ ਕਾਹੇਤੇ? ਨਹੀਂ ਜਾਂਨਯੋ ਗਯੋ, ਯਾਂਤੇ ਅਨੁਕਤਿ ਨਮਿਤਾ ਵਿਸ਼ੇਖੋਕਤਿ ਹੋਤਹੈ।

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ।

ਹਿੰਦੂ, ਤੁਰਕਨਸੋਂ ਕਹਿ ਕਰਿ, ਜੋਗੀਸੋ ਸਮਾਧਿ ਜੋਗ ਕਰਿ ਲਗਾਵਤਹੈਂ, ਸੋਭੀ ਭੂਤ, ਭਵਿਖਯਕੀ ਬਾਤ ਜਾਨ ਲੇਤਹੈਂ, ਤਿਨਸੋਂ ਕਹਤਹੈਂ। ਸਾਕਾਰ ਹੋਨੋ ਬ੍ਰਹਮਕੇ ਤਿਸ ਤਿਥਿ, ਵਾਰ, ਮਾਹੁ, ਇਨਕੋ ਜੋਗੀਭੀ ਨਹੀਂ ਜਾਨਤੇ ਹੈ ਸੋਕਿਸ ਵਖਤ ਭਯੇਹੈਂ। ਨ ਕੋਈ ਪਦਤੇ ਔਰੁ ਸਰਬ ਬੁਧਿਵਾਰੇਤੇ ਬਿਦਯਵਾਰੇ ਆਦਿ ਜੋ ਕਈਹੈਂ ਜਗਤ ਮੇਂ ਸੋਕੋਈ ਭੀਨਹੀਂ ਜਾਨਤੇਹੈਂ। ਇਤਨੇ ਕਹਨਸੋਂ ਸਿਧ ਕਯਾ ਭਇਓ? ਜੋ ਜਿਤਨੇ ਪਰਮੇਸਰਨੇ ਇਨ ਪ੍ਰਾਨੀਅਨਕੋ ਲਖਾਯੋਹੈ ਤਿਤਨੋਂਹੀ ਜਾਨਤਹੈਂ,ਪਰਮੇਸਰਕੇ ਬਿਨਾ ਲਖਾਵਨੇਤੇ ਇਤਨੀ ਬਾਤ:ਰੁਤਿ,ਮਾਹ ਆਦਿ ਹੈਂ, ਇਸਕੋ ਭੀਕੋਈ ਨਹੀਂ ਜਾਨ ਸਕਤਹੈ। ਇਤਯਰਥ॥ ਇਸ ਤੁਕਮੈਂਭੀ ਪੂਰਬ ਰੀਤਿਸੋਂ ਸਮੁੱਚੇਹੈ । ਤਿਥਿ, ਵਾਰ, ਰੁਤਿ, ਮਾਂਹ,ਏ ਬਹੁਤ ਬੂਝੇ,ਇਨਮੇਂਤੇ ਏਕ ਬੂਝਤੇ ਨਹੀਂ ਜਾਨਣੋ ਸੋਭੀ ਸਿੱਧ ਕਹਤਹੈਂ,ਯਾਂਤੇ ਸਮੁੱਚੇ ਅਲੰਕਾਰ।

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

ਜਬ ਕਰਤਾ-ਪੁਰਖ-ਮਾਯਾ-ਸਵਲ ਹੋਕਰ ਸ੍ਰਿਸ਼ਟਿਕੋ ਉਤਪਤਿ ਕਰਤਹੈ,ਤਿਸ ਵੇਲਾ, ਰੁਤਿ,ਤਿਥਿ,ਮਾਹੁਕੋ ਆਪ ਹੀ ਕਰਤਾ-ਪੁਰਖ ਜਾਨਤਹੈਂ; ਔਰੁਜੁ ਪ੍ਰਾਨੀਹੈਂ,ਸੋ ਨਹੀਂ ਜਾਨਤਹੈਂ। ਜੇ ਆਪਿਹੀ ਵੇਲਾਤੇ ਆਦਿ ਔਰੁ ਲਖਾਵਤੇ, ਤੋ ਲਖਤੋ। ਇਤਯਰਥ। ਇਸ ਤੁਕਮੇਂ ਕਰਤਾ ਬਿਸ਼ੇਖਯ ਸਾਭਿਪ੍ਰਾਯਹੈ ਸ੍ਰਿਸ਼ਟਿ ਉਤਪਤਿਕੇ ਪ੍ਰਬੰਧ ਮੈਂ,ਯਾਂਤੇ ਪਰਕਰਾਕੁਰ ਅਲੰਕਾਰਹੈ। ਔਰ ਸਰਬਤੇ ਜਾਨਣੋਂ ਹਟਾਇ ਕਰ ਏਕ ਕਰਤਾ ਪੁਰਖਮੈਂ ਰਖਯੇ, ਯਾਂਤੇ ਪ੍ਰਸੰਖਲੰਕਾਰ ਹੋ ਜਾਤਹੈ।

ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥

ਜਿਸਕੋ ਕਰਤਬ ਨਹੀਂ ਜਾਨਯੋ ਜਾਇ,ਔਰ ਸਮੋਂ ਰੁਤਿ, ਥਿਤ, ਵਾਰ ਆਦਿ ਨਹੀਂ

Sri Satguru Jagjit Singh Ji eLibrary NamdhariElibrary@gmail.com

ਜਾਨੇ ਜਾਇੰ,ਸ਼ਕਤਿ ਨਹੀਂ ਜਾਨੀ ਜਾਇ, ਤਿਸਕੋ ਕਿਸ ਰੀਤਿ'ਆਖਾ'ਕਹੀਏ,ਕਥਨ ਕਰੀਏ; ਜੋਸੋ ਰੰਗ, ਰੂਪਹੈ;ਅਰ ਕਿਸ ਰੀਤਿ ਸਲਾਹੀਏ, ਉਸਤਤਿ ਕਰੀਏ,ਜੋ ਇਸੁ ਜੈਸਾਹੈ;ਤਿਸਕੇ ਸਮ ਕੋਈ ਨਹੀਂਹੈ।ਔਰ ਕਿਸ ਰੀਤਿ ਬਰਨਨ ਕਰੀਏ ਜੋ ਏਤਾ ਕੁ ਬਿਸਤਾਰਹੈ ਤਿਸਕੋ, ਇਤਨੀ ਤਿਸਮੈਂ ਸ਼ਕਤੀਹੈ,ਕੁਛ ਬਰਨਨਮੈਂ ਨਹੀਂ ਆਵਤਹੈ।ਅਰੁ ਜਾਣੀਏ ਕਿਸ ਰੀਤਿ ਤਿਸਕੇ ਕਰਤਬਕੋ,ਵਾ,ਸਰੂਪਕੋ; ਵਾ, ਬਲਕੋ; ਕੁਛਭੀ ਲਖਨਮੈਂ ਨਹੀਂ ਆਵਤੁਹੈ। ਜਿਸਕੋ ਕਿਸੀ ਰੀਤਿਸੋਂ ਭੇਦ ਨਹੀਂ ਜਾਨਯੋ ਜਾਇ, ਤੋਂ ਬਰਨਨਮੈਂ ਕੈਸੇ ਆਵਤਹੈਂ। ਮਨ,ਬਾਣੀਤੇ ਪਰੇਹੈ,ਕੇ ਕੋਈ ਕਹੇ ਬੇਦੁ। ਅਰ ਬਹੁਤੇ ਗ੍ਰੰਥ ਕਹੇਹੈਂ,ਰਿਖੀ ਮੁਨੋਂਨੇ, ਤਿਸਮੋਂ ਪਰਮੇਸੁਰਕੋ ਕਰਤਬ, ਸਰੂਪ, ਸ਼ਕਤਿ, ਸਰਬ ਬਰਨਨ ਕਰੇਹੈਂ, ਤੁਮ ਕੈਸੇ ਕਹਤਹੋ--ਜੋ ਨਹੀਂ ਜਾਨ ਸਕੀਤਾ ? ਇਸ ਪ੍ਰਸ਼ਨਕੋ ਲੀਏ ਹੂਏ ਸਤਿਗੁਰ ਕਹਤਹੈਂ:-

ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ॥

ਸ੍ਰੀ ਨਾਨਕ ਸਾਹਿਬਜੀ ਕਹਤ ਹੈਂ:'ਆਖਣਿ ਸਭੁ ਕੋ ਆਖੈ' ਜੋਕੁਛ ਬੇਦਮੈਂ ਪ੍ਰਥਮਹੀ ਕਰਤਾ-ਪੁਰਖਨੇ ਕਹਯੋ ਹੈ ਤਿਸ ਕਹੇ ਹੂਏ ਹੀਕੋ ਅਗਾਰੀ ਕਹਤਹੈਂ। ਪ੍ਰਿਥਮ ਦ੍ਵਾਦਸ਼ ਮਹਾਂਵਾਕਯ ਬ੍ਰਹਮਾ ਜੀਕੋ ਉਪਦੇਸ਼ਨ ਕਰੇ, ਤਿਸਤੇ ਤਿੰਨ੍ਹੋ ਨੇ ਚਾਰ ਬੇਦ ਬਿਸਤਾਰੇ। ਸੁਰ ਤਿਨ੍ਹੋਂ ਬੰਦੋਂ ਕੋ ਦੇਖ-ਦੇਖ ਰਿਖੋਂ, ਮੁਨੋਂ ਨੇ ਸਿਮਰਤੇਂ ਬਨਾਈ। ਬਹੋਰੁ ਤਿਨਕੇ ਅਨੁਸਾਰਹੀ ਸ਼ਾਸਤ੍ਰ ਅਰ ਪੁਰਾਣ ਔਰ ਹਾਜਾਰੋਂਹੀ ਗ੍ਰੰਥ ਬਨੇ। ਐਸੇ ਸਬਹੀ ਪਹਿਲੋ ਦੇਖਿ ਬਨਾਵਤੇ ਗਏਹੈਂ। ਸਿਧਾਂਤ ਇਹ: ਜੋਪ੍ਰਥਮ ਪਾਰਬ੍ਰਹਮਨੇ ਜੇਤੋ ਕੁਛ ਕਹਯੋਹੈ ਸੋਈ ਅਗਾਰੀ ਗ੍ਰੰਥਨਮੈਂ ਕਹਤਹੈਂ।ਜੋ ਪੂਰਬ ਹੁਕਮ ਕਹਿ ਆਏਹੈਂ; ਗੁਨ ਕਲਪਤੁਹੈਂ:'ਅਸਤਿ-ਆਇ'ਮਿਲ ਕਰਿ ਓਅੰਕਾਰ ਕਹਯੋਹੈ,ਇਸਤੇ ਆਦਿ ਅਰੁ ਜੇਤੀ ਪਰਮੇਸੁਰਕੀ ਬਾਰਤਾਹੈ ਸੋ ਤਿਸਕੀ ਬੁਝਾਈ ਹੋਈ ਬੂਝੀਹੈ। ਨਹੀਂਤੋ ਤਿਥ, ਵਾਰ, ਰੁਤਿ, ਮਾਂਹੁ ਨਾਹੀ ਕਹੇ। ਜੇ ਕੋਈ ਬਤਾਵੇ,ਜੋ ਇਸਮੈਂ ਆਕਾਰ ਬਨਯੋ,ਸੋ ਕਿਸੀਨੇ ਭੀ ਨਹੀਂ ਬਤਾਏ, ਯਾਤੇ ਪਰਮੇਸੁਰਕੇ ਆਖੇ ਹੂਏਕੋ ਬਿਸਤਾਰ ਆਪਨੀ ਮਤਿ ਅਨੁਸਾਰ ਸਰਬ ਆਖਤੇ ਹੈਂ,'ਇਕਦੂ ਇਕ ਸਿਆਣਾ' ਏਕ ਸਿਆਣੇਕੋ ਮਿਲ ਕਰਿ ਜੋ ਅਗਲੇ ਅਨਜਾਨਹੈਂ ਸੋ ਸਿਆਣੇ ਬਨਤੇ ਆਵਤੇਹੈਂ,ਆਪਤੇ ਕਿਸੀਮੈਂ ਸ਼ਕਤਿ ਨਹੀਂਹੈ ਜੇ ਸਿਆਨੇ ਹੋਇ ਬੈਠੇ, ਇਸ ਰੀਤਿਸੋ ਪਰੰਪਰਾ ਉਪਦੇਸ਼ ਆਖਣੇ,ਔਰ ਗਯਾਨਵਾਨਕੋ ਮਿਲ ਕਰਿ ਗਯਾਨਵਾਨ ਹੋਨੋ ਚਲਯੋ ਆਵਤਹੈਂ। ਇਤਯਰਥ। ਪੂਰਬਕੀ ਤੁਕਮੇਂ'ਕਿਵ ਕਿਵ'ਪਦਤੇ ਉਭਯਾਬ੍ਰਿਤਦੀਪਕ ਅਲੰਕਾਰ। ਦੂਸਰੀ ਤੁਕਮੇਂ ਆਖੇ ਹੂਏਕੋ ਸਭੁ ਆਖਤਹੈਂ,ਇਸਮੈਂ ਐਤਿਹਯ ਅਲੰਕਾਰਹੈ।

ਲੱਛਣ- ਪਰੰਪਰਾ ਕਹਿਨਾਵਤਿ ਜੋਈ। ਤਿਹ 'ਐਤਿਹਯ' ਕਹਤ ਸਭ ਕੋਈ।

ਇਹਾਂ ਆਖੇ ਹੂਏਕੋ ਸਭ ਆਖਤਹੈਂ। ਪ੍ਰਥਮ ਬਕਤਾ ਬ੍ਰਹਮਾਦਿਤੇ ਕੋਈ ਨਹੀਂ ਪਾਈਅਤਹੈ, ਯਾਤੇ ਐਤਿਹਯ। ਵਾ ਦੋਊ ਤੁਕਨਮੈਂ ਕਾਵਯਲਿੰਗ। 'ਕਿਵ ਕਰਿ ਆਖਾ ਕਿਵ ਸਾਲਾਹੀ'ਇਸ ਤੁਕਕੋ ਅਰਥਤੋ ਸਮਰਥਨੀਯ। 'ਨਾਨਕ ਆਖਣਿ ਸਭੁਕੋ ਆਖੈ' ਇਸ ਤੁਕਮੈਂ ਜੁਗਤਸੋ ਸਮਰਥਨਿ ਕਰਯੋ: ਜੋ ਆਖੇ ਹੂਏਕੋ ਆਖਤਹੈਂ, ਔਰ ਨਵੀਂ ਬਾਤ ਪਰਮੇਸੁਰਕੀ ਕੋਈ ਨਹੀਂ ਜਾਨ ਸਕਤਿਹੈ।ਜੇ ਕੋਈ ਜਾਨੇ ਤੋ ਆਖੇ, ਔਰੁ ਸਲਾਹੈ, ਔਰ ਬਰਨਨ ਕਰੈ, ਅਰੁ ਜਾਣੈ, ਐਸੇ ਕਾਵਯਲਿੰਗ ਹੋਤਹੈ। ਵਡਾ ਸਾਹਿਬੁ ਵਡੀ ਨਾਈ ਕੀਤਾ ਜਾਕਾ ਹੋਵੈ॥

Sri Satguru Jagjit Singh Ji eLibrary NamdhariElibrary@gmail.com

ਇਸੀ ਬਾਤਤੇ ਵਡਾ ਸਾਹਿਬੁਹੈ ਔਰ ਤਿਸਤੇ ਸਰਬ ਲਘੁਹੈਂ। ਜਿਸਕੋ ਰੂਪ,ਰੰਗ, ਕ੍ਰਿਆ, ਕਰਤਬ ਕਛੁ ਕਿਸੀ ਪਾਸਤੇ ਨਹੀਂ ਜਾਨਯੋ ਜਾਤਿਹੈ ਬੁਧਿਸੋਂ, ਨ ਬਲਸੋਂ। 'ਵਡੀ ਨਾਈ' ਵਡਯੋ ਨਾਮੋਂ ਕਰਿਭੀ ਵਡਾਹੈ। ਜਿਸਕੇ ਨਾਮਕੀ ਸਮਤਾ ਕੋਈ ਨਹੀਂ ਕਰ ਸਕਤਿਹੈ। ਪਰਮੇਸੁਰ ਨਿਰੰਕਾਰ ਸਤਿਚਿਦਾਨੰਦ ਇਸਤੇ ਆਦਿਜੋ ਨਾਮਹੈਂ ਤਿੰਨ੍ਹੋਂ ਕਰਿ ਬਡਾਹੈ। ਵਾ, ਤਿਸੁ ਪਰਮੇਸੁਰਕੋ ਨਾਮੁ ਇਸ ਕਰਕੇ ਬਡਾਹੈ ਜੋ ਸਤਯ-ਨਾਮਕੋ ਸਿਮਰਨ ਕਰਤਹੈ ਤਿਨਕੋ ਸਤਿ-ਪਦਕੋ ਪਹੁੰਚਾਇ ਦੇਤਿਹੈ। ਇਸ ਰੀਤਿਸੋ ਅਪਨੇ ਨਾਮੋਂ ਕਰਿ ਬਡਾਹੈ। ਬਹੁਰ ਕੈਸਾਹੈ ? 'ਕੀਤਾ ਜਾਕਾ ਹੋਵੈ' ਜੜ, ਜੰਗਮ, ਕੀਟੀ ਅਰ ਬ੍ਰਹਮਾ ਪ੍ਰਯੰਤ ਇਨ ਸਰਬਮੇਂ ਜਿਸਕੋ ਕਰਯੋ ਹੋਤਹੈ। ਤਿਸਕੇ ਹੁਕਮਤੇ ਬਿਨਾ ਪਤ੍ਰਭੀ ਚੰਚਲੁ ਨਹੀਂਹੋ ਸਕਤਿਹੈ;ਔਰੁ ਕਰਨੋ ਵਾਰ ਨਹੀਂ ਕਰਨੋ ਤਿਸਕੀ ਤੋ ਕਯਾ ਬਾਤਹੈ ਜੋ ਪਰਮੇਸੁਰ ਬਿਨਾ ਹੋਇ ਸਕੈ। ਇਤਯਰਥ। ਇਸ ਤੁਕਮੇਂ'ਵਡਾ ਸਾਹਿਬੁ'ਤੇ ਹੁਤ ਤਿਸਕੋ ਬਹੁਰ ਸਿਧ ਕਰਯੋ 'ਵਡੀ ਨਾਈ' ਪਦਸੋਂ,ਯਾਂਤੇ ਬਿਧ ਅਲੰਕਾਰ ਹੋਤਹੈ। ਲੱਛਨ ਪੂਰਬ ਕਹਿਆਏ ਹੈ। ਵਾ'ਵਡਾ ਸਾਹਿਬੁ ਵਡੇ ਨਾਈ' ਇਸ ਅਰਥਕੋ ਸਪਸ਼ਟ ਕਰਯੋ 'ਕੀਤਾ ਜਾ ਕਾ ਹੋਵੈ' ਇਸ ਵਾਕਸੋਂ; ਯਾਂਤੇ ਕਾਵਯ ਲਿੰਗ ਭੀਹੈ। ਨਾਨਕ ਜੇ ਕੋ ਆਪੋ ਜਾਣੈ ਅਗੈ ਗਇਆ ਨ ਸੋਹੈ॥ 21॥

ਸ੍ਰੀ ਨਾਨਕ ਸਾਹਿਬ ਜੀ ਕਹਤਹੈਂ,ਜੋ ਪ੍ਰਾਨੀ ਜਾਨਤੇਹੈਂ,ਜੋ ਅਮੁਕੋ ਕਾਰਜ ਮੈਨੇ ਕਰਯੋਹੈ ਕਿਸੇਕੋ ਬਖਸ਼ਯੋ, ਮਾਰਿਓ;ਵਾ,ਪਦਾਰਥ ਮੈਨੇ ਬੁਧਿਸੋਂ;ਵਾ,ਬਡੇ ਬਲਸੋਂ ਰਾਜਮੇਂ ਲੀਓ,ਇਤਯਾਦਿ ਔਰ ਸਰਬ ਕਾਰਜ ਹਾਨ,ਲਾਭ ਕੇ ਜੋਹੈਂ,ਆਪਦਾਕੇ; ਵਾ, ਸੰਪਦਾਕੇ,ਜੋ ਮਾਨੁਖ ਜੇ'ਆਪੋ ਜਾਣੈ'ਕਿ ਆਪਨੇ ਆਪਤੇ ਜਾਨੈ,ਜੋ ਕਰਨਵਾਰਮੈਂ ਹੋ, ਇਹ ਸਰਬ ਕਾਰਜ ਮੇਰੇਤੇ ਹੋਤਹੈਂ, ਐਸੇਜੋ ਪੁਰਖਹੈਂ 'ਅਗੈ ਗਇਆ ਨ ਸੋਹੈ' ਪ੍ਰਲੋਕਮੇਂ ਸੋਜੋ ਪੁਰਖਹੈਂ ਸ਼ੋਭਾ ਕੋ ਨਹੀਂ ਪ੍ਰਾਪਤ ਹੋਤਹੈ।

ਪ੍ਰਸ਼ਨ:- ਇਹਾਂ ਪਰਮੇਸ਼ਰਕੇ ਕਰੇ ਹੂਏਕੋ ਜੋ ਨਹੀਂ ਜਾਨਤਹੈਂ,ਤਿਨਕੋ ਸ਼ੋਭਾ ਨਹੀਂ ਪ੍ਰਾਪਤ ਹੋਤਹੈ, ਯਹ ਕਿਉਂ ਕਹਯੋ ? ਤਿਨਕੋ ਨਰਕ ਜਾਨੋ ਕਿਉਂ ਨ ਲਿਖਯੋ ?

ਉੱਤਰ:- ਈਹਾਂ ਸ਼ੁਭ ਕਰਮ ਕਰਨਿਹਾਰੇ ਔ ਕੁਕਰਮ ਕਰਨਿਹਾਰੇ ਸਰਬ ਪਰ ਕਹਿਨਹੈ। ਸ਼ੁਭ ਕਰਮ ਕਰਨਹਾਰੇ ਜੋਹੈਂ ਸੋ ਨਰਕਤੋ ਨਹੀਂ ਜਾਤੇਹੈ, ਪ੍ਰੰਤੂ ਪਰਮੇਸ਼ੁਵਰਕੋ ਕਰਯੋ ਜੋ ਜਾਨਤਹੈ ਸੰਤ, ਸੋ ਸਮੇਤ ਸ਼ੋਭਾਕੇ ਜਾਤਹੈਂ॥ ਔਰ ਸ਼ੁਭ ਕਰਮ ਜੇ ਕਰਤਹੈਂ, ਸ਼ੋਭਾ ਤਿਨਕੀ ਨਹੀਂ ਹੋਤਹੈਂ--ਕਿਤਨੇ ਸਥਾਨਮੇਂ ਤਿਨਕੋ ਨਿਰਾਦਰੁ ਹੋ ਜਾਤਹੈ, ਜੈਸੇ ਬਡੇ ਸ਼ਾਹੁਹੈਂ, ਜਹਾਂ ਜਗਾਤ ਲਾਗਤਿਹੈ ਤਹਾਂ ਅਟਕੇ ਜਾਤਹੈਂ। ਜਗਾਤੀਓਂਕੇ ਅਧੀਨ ਹੋਕਰਿ ਛੁਟਤਹੈਂ,ਐਸੇ ਸ਼ੋਭਾ ਨਹੀਂ ਪਾਵਤੁਹੈ। ਜੋ ਪਰਮੇਸ਼ੁਰ ਕਰਯੋ ਜਾਨਤਹੈ ਸੰਤ,ਸੋ ਐਸੇ ਜਾਤਹੈਂ ਜੈਸੇ ਪਾਤਿਸ਼ਾਹਕੋ ਖਜ਼ਾਨਚੀ ਜਾਤਿਹੈ। ਤਿਸਕੋ ਜਗਾਤੀਏ ਭੀ ਭੇਟ ਮੇ ਮਿਲਤਹੈ, ਸੋ ਸ਼ੋਭਾਕੇ ਸੰਯੁਕਤਿ ਜਾਤੇਹੈਂ ਦਰਬਾਰਮੇਂ। ਜੋ ਸ਼ੁਭ ਕਰਮੀਹੈ ਆਪਨੇ ਕਰਮਕੋ ਸੁਖ ਭੋਗ ਬਹੁਰ ਆਵਾਗੌਨਮੇਂ ਪਰਤ ਹੈ। ਇਤਯਰਥ। ਇਸ ਤੁਕਮੇਂ ਬਿਕਸਰਵ ਅਲੰਕਾਰਹੈ।

ਲੱਛਣ- "ਜਹਿ ਬਿਸ਼ੇਖ ਪਦ ਪਰ ਸਾਮਾਨਯ। ਬਹੁਰ ਬਿਸ਼ੇਖ ਸੁ ਪਦ ਕੋ ਆਨਯ।
ਇਸ ਬੰਧਿ ਤੀਨ ਸੁਪਦ ਜਹਿਂ ਆਵਹਿ। 'ਬਿਕਸਵਰ' ਸੋ ਸੰਤੋਖ ਸਿੰਘ ਗਾਵਹਿ।

'ਵਡਾ ਸਾਹਿਬੁ ਵਡੀ ਨਾਈ ਕੀਤਾ ਜਾਕਾ ਹੋਵੈ॥' ਯਹ ਬਿਸ਼ੇਖ ਪਦ,ਜੋ ਲੋਕ ਬਾਤ ਥੋਰੀ ਜਾਨਤ ਹੋਇ ਸੋ ਵਿਸ਼ੇਖ ਪਰਮੇਸ਼ੁਰ ਲੇਨ ਦੇਨ,ਮਾਰਨ ਜੀਵਾਵਨਹਾਰਹੈ ਇਸ ਬਾਤਕੋ ਸੰਤਹੀ ਜਾਨਤਹੈ ਔਰ ਨਹੀਂ ਜਾਨਤ, ਯਾਂਤੇ ਬਿਸ਼ੇਖ। 'ਨਾਨਕ ਜੇ ਕੋ ਆਪੋ ਜਾਣੈ' ਯਹ ਵਾਕਯ

Sri Satguru Jagjit Singh Ji eLibrary NamdhariElibrary@gmail.com

ਸਾਮਾਨਯ। ਜੋ ਅਪਨੇ ਆਪਕੋ ਹੀ ਸਰਬ ਜਾਨਤ ਹੈਂ: ਮੈਂ ਅਮੁਕੋ ਆਛੇ ਕਰਮ ਕਰਯੋ, ਅਮੁਕੋ ਮੈਂ ਪ੍ਰਤਿਪਾਰਯੋ, ਅਮਕੋ ਮੈਨੇ ਮਾਰਯੋ, ਯਹ ਸਭ ਕਹਤਹੈ, ਯਾਂਤੇ ਸਾਮਾਨਯ। 'ਅਗੈ ਗਇਆ ਨ ਸੋਹੈ' ਯਹ ਵਾਕ ਬਹੁਰ ਬਿਸ਼ੇਖ। ਜੋ ਹਮ ਆਪਨੇ ਆਪਕੋ ਦੇਨ ਹਾਰੇ ਮਨਤਹੈਂ, ਅਗਾਰੀ ਹਮ ਸਭਾ ਸਹਤ ਹੋਹਿੰਗੇ ਕਿ ਨਹੀਂ ਰਹਿੰਗੇ, ਯਹ ਕੋਈ ਜਾਨਤ ਹੈ, ਯਾਂਤੇ ਬਿਸ਼ੇਖ। ਇਸ ਰੀਤਿ ਸੋ ਬਿਕਸਵਰ ਅਲੰਕਾਰ ਹੋਤ ਹੈ।

ਨੰ.6. ਨਿਰਮਲ ਸੰਤ ਪੰਡਿਤ ਤਾਰਾ ਸਿੰਘ ਜੀ 'ਨਰੋਤਮ'(ਖਟ-ਦਰਸ਼ਨੀ) 21

ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥

ਹੇ ਗੁਰੋ! ਆਵਨੇ-ਜਾਵਨੇ ਔਰ ਕਰਨੇ-ਭੋਗਨੇ ਵਾਲੇ ਜੀਵਕਾ ਸੰਸਾਰਸੇ ਕੈਸੇ ਛੂਟਨਾ ਹੋਵ ? ਯਹ ਸੁਨ ਸਾਸਤ੍ਰੋਂ ਕਹੇ ਨਿਸ਼ਕਾਮ ਕਰਮੋਂਸੇ ਪ੍ਰਸੰਨ ਹੂਏ ਈਸ਼੍ਵਰਕੀ ਕ੍ਰਿਪਾਸੇ ਗਯਾਨ ਪਾਇ ਕਰ ਛੂਟੈਹੈ; ਯਹ ਅਨੇਕ ਵਾਰ ਕਹਿਆ। ਕ੍ਰਿਪਾਲੂ ਗੁਰੁ ਪੁਨਾ ਕਹੇ:-

ਤੀਰਥ ਇਤਿ॥ ਈਹਾਂ ਤੀਰਥ ਤਪ ਪਦ ਬਾਨ-ਪ੍ਰਸਥ ਆਸ੍ਰਮਕੇ ਧਰਮੋਂਕੋ ਕਹਤੇ ਹੂਯੇ ਔਰ ਆਸ੍ਰਮੋਂਕੋ ਧਰਮੋਂਕੋ ਬੋਧਨ ਕਰੇਹੈ ॥ ਦਯਾ, ਦਤ, ਦਾਨ[448] ਪਾਠ ਨਿਖਲ ਵਰਣਾਸ੍ਰਮੋਂਕੇ ਧਰਮੋਂਕੋ ਲਖਾਵੇਹੈ ॥ ਯਾਤੇਜੋ ਕੋਈ ਪੁਰਖ ਸੰਪੂਰਣ ਅਨਾਤਮ-ਪਦਾਰਥੋਂਕੇ ਮਧਯਮੇਂ 'ਮਾਨ'ਨਾਮ, ਗੁਰਕੇ ਉਪਦੇਸ ਰੂਪ ਪ੍ਰਮਾਣਸੇ 'ਤਿਲ ਕਾ' ਨਾਮ ਤਿਲਕ ਰੂਪ ਆਤਮ ਗਯਾਨ, ਵੇ ਨਾਮ ਪਾਇਆ ਚਾਹੇ;ਸੋ ਤੀਰਥ, ਤਪ, ਕਹੀਯੇ, ਆਸ੍ਰਮੋਂਕੇ ਧਰਮੋਂਸੇ; ਪੁਨਾ ਦਯਾ, ਦਤ, ਦਾਨ ਕਹੀਯੇ ਵਰਣਾਸ੍ਰਮੋਂਕੇ"ਸਾਂਝੇ"ਧਰਮੋਂਮੇ ਪਹਲੇ ਈਸ਼੍ਵਰਕੀ ਪ੍ਰਸੰਨਤਾ ਸੰਪਾਦਨ ਕਰੇ ॥ ਪੀਛੇਸੇ ਤਿਸਕੋ ਤਿਲਕ ਰੂਪ ਗਯਾਨ ਮਿਲੇਗਾ ॥ ਮੁਕਤੀਕੇ ਹੇਤੁ ਗਯਾਨਕੋ "ਤਿਲਕ" ਰੂਪਤਾ "ਰਾਜ-ਵਿਦਯਾ" ਕਹਨੇਸੇ "ਗੀਤਾ"(9:2-3)[53] ਮੇਂ ਸਪਸਟ ਲਿਖੀਹੈ॥ 'ਤੀਰਥ'ਰਿਖੀਯੋਂਕੇ

---

53. ਟਿੱਪਣੀਕਾਰ:-ਉ.ਇਹ ਤਿੰਨ ਦ ਦ ਦ ਮਨੁਖ 'ਧਾਰਮਿਕ' ਪ੍ਰਕ੍ਰਿਤੀਦੇ ਅਧਾਰ ਤਤ੍ਵ ਰ੍ਰਿਗ ਵੇਦੀ ਵ੍ਰਿਹਦਾਰਣ੍ਯਕ ਉਪਨਿਸ਼ਦ:5।2 1-2।"...ੴ ਤੇਨਯ੍ਰਿਨੁਦਸ਼ਸਦ ਦ ਇਤਿ 'ਦੰਯਤ ਦਤ' ਦਯਜਵਮਿਤਿ,,,॥3।2।5॥" ਦਾ ਭਾਵਾਰਥਹੈ: ਦ=ਦਮ, ਦ=ਦੱਤ(ਸੰ)ਦਮ; ਦ=ਦਾਨਹੈ।10 ਸ਼੍ਰੀ ਗੁਰੁਜੀਨੇ "ਦਤ"ਦੀਥਾਂ"ਦਮ" ਅਰਥਹੀ ਲਿਖਦਿਤਾ। ਇਹ ਦੋਨੋ ਵਿਕਲਪ 'ਦੱਤ'ਦੇ ਰੂਪ ਪ੍ਰਾਰੰਭਤੋਂ ਹੀ ਸਿਮ੍ਰਿਤੀਆਂ॥ ਗ੍ਰੰਥਾ ਵਿੱਚ ਹਨ ਜਿਵੇਂ ਕਿ:"ਜਯ(ਜੈ)=ਮਹਾਭਾਰਤ 'ਚ ਹੈ; ਤੇ ਪੁਰਾਣ, ਤੰਤ੍ਰਆਂ ਵਿੱਚ ਵਰਣਨਹੈ॥ ਸ਼੍ਰੀ ਵਿਸ਼੍ਵਗੁਰੁ ਨਾਨਕ-ਤੇ ਜਗਦਗੁਰੁ ਗੋਬਿੰਦ ਸਿੰਘ ਕਾਲ ਤਕ ਇਸ ਪਰਿਭਾਸ਼ਿਕ ਸੂਤ੍ਰ ਦਾ ਬਹੁਤ ਮਹਾਤਮੈ ਰਿਹਾ ਹੈ,ਜੋ ਸ਼੍ਰੀ'ਜਪੁ ਨੀਸਾਣ'ਗ੍ਰੰਥੀ (ਪਉੜੀ 21)ਅਤੇ ਸ਼੍ਰੀ ਜਗਦਗੁਰੁ ਗੋਬਿੰਦ ਸਿੰਘ ਜੀ ਨੇ ਇਸੇ ਮਹੱਤਾ ਕਾਰਣ ਬਰਤਿਆਹੈ: "ਤੀਰਥ ਨਾਨ: ਦਇਆ,ਦਮ',ਦਾਨ ਸੁਸੰਜਮ ਨੇਮ ਅਨੇਕ ਬਿਸੇਖੈ।...॥4।24" ਏਹੀ ਪ੍ਰਸੰਗਿ ਅਰਥ ਟਿੱਪਣੀਕਾਰ ਨੇ ਭੂਮਿਕਾ ਵਿਚ"ਤਿੰਨ:ਦ ਦ ਦ" (ਦਦੇ)ਦੀ ਪਰਿਭਾਸ਼ਿਕ ਸਿਖਿਆਦੇ ਧਿਆਨ ਲਈਂ ਦਿਤਾਹੈ,ਕਿ ਮਨੁਖਾਂਦੀ ਪ੍ਰਕ੍ਰਿਤੀ ਸੁਭਾਵਾਂਦੇ 'ਪਰਥਾਇ'ਕਰਣ, ਕਿਉਂਕਿ ਸ਼੍ਰੀਗੁਰੁ ਅਵਤਾਰ ਬਚਿਤਰ ਨਾਟਕ ਅਧਿਆਇ:2:ਵਿੱਚ ਸ਼੍ਰੀਗੁਰੁ ਗੋਬਿੰਦ ਸਿੰਘ ਜੀਦੀ ਸਿਖਿਆਹੈ'ਸੁਕ੍ਰਿਤ ਕਰਮ ਜੇ ਪੁਰਖ ਕਮਾਵੇ।ਨਾਮ ਦੇਵਤਾ ਜਗਤ ਕਹਾਵੇ ॥ ਕੁਕ੍ਰਿਤ ਕਰਮਜੇ ਜਗਮੈ ਕਰਹੀ।ਨਾਮ ਅਸੁਰ ਤਿਨਕ-ਸਭ ਧਰਹੀ ॥5 115 ਪੰਜ ਸੱਰਣੀ ਹਨ:- 'ਤ ਥ ਦ' ਧ 'ਨ' ॥'ਇਸ ਤਰ੍ਹਾਂ ਦੋਨੋਂ, ਦੇਵ-ਦੈਤ ਸੁਭਾਵਾਂ ਵਿਚਕਾਰ ਮਿਸ਼੍ "ਸ਼ੁਭਾਸ਼ੁਭ ਕਰਮ" ਕਰਤਾ ਕੇਵਲ "ਮਨੁਖ"ਹੀ ਹਨ,ਇਸ ਕਰਕੇ ਇਨ੍ਹ ਮੁਖ ਤਿੰਨ ਪ੍ਰਕ੍ਰਿਤੀਆਂ ਅਨੁਸਾਰ ਵੇਦ ਤੋਂ ਲੈ ਦਸ਼ਮ ਸ਼ੀਗੁਰੁਜੀ ਨੇ ਇਸੇ'ਜਪੁ'ਪਰਥਾਇ ਅਕਾਲ ਉਸਤੁਤ 10'ਸੁਦਾ ਸ੍ਵਯਾ'ਚ ਫੇਰ ਉਪਦੇਸ਼ੇ ਹਨ॥

ਅ. ਰਾਜਯੋਗ ਦੇਖੋ ਰਿਗਵੇਦੀ ਵ੍ਰਿਹਦਾਰਣ੍ਯਕ ਉਪਨਿਸ਼ਦ:1॥4॥11॥ ਵਿੱਚ ਚਾਰੇ ਵਰਣਾਂ ਵਿੱਚ "ਕਸ਼ਤ੍ਰੀ"ਉਤੇ ਰਾਜ ਕਰਤਾ ਕਰਕੇ ਕਿਹਾਹੈ॥ ਸਾਮਵੇਦੀ ਛਾਂਦੋਗਜ ਉਪਨਿਸ਼ਦ ॥5॥3॥7:-ਵਿੱਚ ਤਤ੍ਰੀਮਸਿ ਨੌਂ ਵਾਰ ਉਪਦੇਸ਼ ਵਿੱਚ ਕਿਹਾ:"ਤੂੰ ਪਹਿਲਾ ਬ੍ਰਾਹਮਣਹੈ ਜਿਸਨੂੰ ਇਹ" "ਬ੍ਰਹਮ"ਗਿਆਨਦਾ ਉਪਦੇਸ਼ ਦਿਤਾਹੈ-ਜਿਸ ਰਾਹੀਂ ਓਹ ਧਰਮ ਅਨੁਸਾਰ ਦੇਸ਼ ਵਿੱਚ "ਰਾਜ" ਕਰਦੇ ਰਹੇ ਹਨ॥

Sri Satguru Jagjit Singh Ji eLibrary NamdhariElibrary@gmail.com

ਸੇਵਨ ਕਰੇ ਜਲੋਕਾ,ਔਂ ਅਵਤਾਰੋਕੇ ਸਥਾਨੋਕਾ ਨਾਮਹੈ॥ 'ਤਪ' ਚਾਂਦ੍ਰਾਯਣਾਦਿ ਬ੍ਰਤੋ ਕਾ ਨਾਮਹੈ॥ 'ਦਯਾ'ਦੂਸਰੇਕਾ ਦੁਖ ਦੂਰ ਕਰਣੇਕੀ ਇਛਾਕਾ ਨਾਮਹੈ॥ 'ਦਤ' ਈਹਾਂ ਯਾਵਦੇਂਦ੍ਰਿਯੋ ਕੋ "ਦਮਨ" ਕਾ ਨਾਮਹੈ॥ 'ਦਾਨ' ਸਾਸਤ੍ਰਕੀ ਬਿਧਿਸੇ ਅਪਨਾ ਸ੍ਵਤਵ੍ਵ ਛੋਡਕੇ ਦੂਸਰੇਕਾ ਸ੍ਵਤ੍ਵ ਕਰਨਕਾ ਨਾਮਹੈ॥ ਯੇ ਤੀਰਥਾਦਿਕ ਗਯਾਨਕੇ ਬਹਿਰੰਗ ਸਾਧਨਹੈ ॥ ਇਨ ਸਾਧਨੋਸੇ ਸ਼ੁਧ-ਮਨ ਵਾਲੇਕੋ ਗਯਾਨਕੀ ਇਛਾ ਉਪਜੇਹੈ ॥ ਯਾਂਤੇ, ਗਯਾਨਕੀ ਇਛਾਕੋ ਪੈਦਾ ਕਰਨੇਸੇ ਯੇ ਗਯਾਨਕੇ ਸਾਧਨ ਕਹਾਵੇਹੈ;ਅਰ ਪਰੰਪਰਾ ਗਯਾਨਕੇ ਸਾਧਨਹੈ--ਯਾਤੇ ਬਹਿਰੰਗ ਕਹਾਵੇਹੈ॥ ਇਸ ਪ੍ਰਕਾਰ ਪੂਰਬ ਪਾਠਸੇ ਬਹਿਰੰਗ-ਸਾਧਨ ਕਹ ਕਰ--ਅਬ ਗਯਾਨਕੇ ਮੁਖ ਅੰਤਰੰਗ ਸਾਧਨ ਸ੍ਰਵਣਾਦਿਕ ਕਹੈਹੈ ॥

ਸੁਣਿਆ ਇਤਿ॥ 'ਮਨ ਤੂੰ ਜੋਤਿ ਸਰੂਪਹੈ'(441:3 ਤੋਂ 9 ਤਕ ਵਿਚਾਰੋ)ਇਤਯਾਦਿਕ ਗੁਰੁ ਬਚਨੋਮੇ ਅੰਤਰ ਗਤਿ' ਕਹੀਯੇ,ਰਿਦੇਕੇ ਭੀਤਰ ਪ੍ਰਾਪਤ ਹੁਯੇ ਅਪਨੇ ਸ੍ਵਰੂਪਕੋ ਬਿਚਾਰਕੇ, ਪੁਨਾ"ਪ੍ਰਭ ਤੂਹੈ'(354:5) ਇਤਯਾਦਿਕ ਗੁਰੁ ਉਪਦੇਸ ਸੇ ਜਿਨ ਅਧਿਕਾਰੀਯੋਨੇ 'ਸੁਣਿਆ'ਹੈ;ਪੁਨਾ,'ਮੰਨਿਆ'ਕਹੀਯੇ ਯੁਕਤੀਯੋਸੇ ਜਿਨੋਨੇ ਸੁਣੇ ਉਪਦੇਸਕਾ ਚਿੰਤਨ ਕੀਆਹੈ। ਤਥਾ'ਮਨ ਕੀਤਾ ਭਾਓ'ਅਨਾਤਮਾਕਾਰ-ਬ੍ਰਿਤੀਕੋ ਨ੍ਰਿਬ੍ਰਿਤ ਕਰਕੇ ਜਿਨੋਨੇ ਕੇਵਲ ਆਤਮਾਕਾਰ-ਬ੍ਰਿਤਿਕਾ ਕਰਨਾ ਰੂਪ,ਮਨਮੇ ਭਾਉ,ਨਾਮ ਨਿਦਿਧਯਾਸਨ ਕੀਆਹੈ;ਤਿਨ ਪੁਰਖੋਕੋ ਤਹਾ ਰਿਦੇਮੇ ਸ੍ਵੈ-ਆਤਮਾਕਾ ਸਖਾਤਕਾਰ ਰੂਪ ਤੀਰਥ ਉਦੇ ਹੋਵੇਹੈ॥ ਤਿਸ ਤੀਰਥਮੈ ਅਗਯਾਨ-ਤਤਕਾਰਯ ਰੂਪ ਮਲ ਕਾ ਦੂਰ ਕਰਨਾ ਹੀ, ਮਲਕੇ ਨਾਉ, ਨਾਮ ਸਨਾਨ ਕਰਨਾਹੈ ॥ ਈਹਾਂ ਗਯਾਨਮੈ ਤੀਰਥਤਾ ਪਵਿਤ੍ਰਤਾ ਹੈ ॥ ਸੋ ਪਵਿਤ੍ਰਤਾ ਗੀਤਾਮੇ ਸਪਸਟ ਲਿਖੀਹੈ: 'ਹੇ ਗੁਰੋ! ਮੁਕਤੀ ਗਯਾਨਸੇ ਹੋਵੇਹੈ'(4:19,27,33-37-39),ਅਰ ਗਯਾਨ ਸ੍ਰਵਣਾਦਿਕੋਸੇ ਹੋਵੇ ਹੈ,ਔਂ ਸ੍ਰਵਣਾਦਿ ਸਾਧਨ ਵਿਵੇਕ, ਵੈਰਾਗਯ, ਸਮ, ਦਮ, ਉਪਰਤਿ, ਤੰਤਿਖਾਦਿਕ ਗੁਣਾ ਵਾਲੇ ਕੋ ਹੋਵੇਹੈ--ਸੋ ਗੁਣ ਮੇਰੇ ਵਿਖੇ ਕੋਇ ਭੀ ਨਹੀ--ਇਸ ਪ੍ਰਕਾਰ ਗੁਣਾਕੇ ਹੋਤੇ--ਗੁਣ ਹੀਨਤਾ ਕਹਨੇ ਵਾਲੇ ਨਿਰਹੰਕਾਰ ਕਾਹੂ ਸਿਖ ਕੋ ਦੇਖ ਕਰ, ਸ੍ਰੀ ਗੁਰ ਕ੍ਰਿਪਾਲੂ ਆਪਹੀ ਤਿਸਕੇ ਗੁਣੋਕੋ ਪ੍ਰਗਟ ਕਰੇਹੈ :-

ਭਗਤਿ ਇਤਿ॥ ਭਕਤੀ, ਨਾਮ ਸੇਵਨਕਾਹੈ॥ ਈਹਾਂ ਸੇਵਨ ਸ੍ਰਵਣਾਦਿਕੋਕਾ ਜਾਨ ਲੇਨਾ॥ ਯਾਂਤੇ ਹੇ ਸਿਖਯ! ਤੈਨੇ ਜੋ ਕਥਨ ਕੀਆ,ਮੇਰੇਮੇਂ ਸ੍ਰਵਣਾਦਿਕੋਕੇ ਯੋਗਯ ਗੁਣ ਨਹੀ,ਔਂ'ਵਿਣਗੁਣ ਕੀਤੇ',ਨਾਮ ਬਿਨਾ ਬਿਬੇਕਾਦਿਕ ਗੁਣੋਕੇ ਭਕਤਿ ਨ ਹੋਇ,ਨਾਮ,ਸ੍ਰਵਣਾਦਿਕੋਕਾ ਸੇਵਨ ਨਹੀਹੋ ਸਕੇ;ਸੋ ਸਚਹੈ।ਪਰੰਤੂ; ਸਭ ਨਾਹੀ, ਕੋਯ ਕਹੀਯੇ? ਕੌਣ ਗੁਣ ਨਹੀ ਯਹ ਕਹੁ ? ਅਥਵਾ ਮਾਯਾ ਭਾਵਸੇ ਹੋਨੇ ਵਾਲਾ ਸਰਬੱਗਤਾ, ਸਤਯ-ਸੰਕਲਪਤਾਦਿ ਕੋਈ ਗੁਣ ਤੇਰੇਮੇਂ ਨਹੀ ਔਰ ਵਿਵੇਕਾਦਿਕ ਤੁਝ ਅਧਿਕਾਰੀ ਮੇਂ ਸਭੀਹੈ ॥ਅਥਵਾ, ਬਯਵਾਹਾਰ ਦ੍ਰਿਸਿਟ ਕਰ, ਸਭੀ ਗੁਣ ਤੁਝ ਵਿਖੇਹੈ॥ ਪਰਮਾਰਥ ਦ੍ਰਿਸ਼ਟੀ ਮੇਂ ਨਾਹੀ, ਕੋਇ ਕੇਹੀਯੇ ਕੋਈ ਭੀ ਤੇਰੇ ਵਿਖੇ ਨਹੀ॥ ਸੁਨ ਕਰ ਸਿਖ ਕਹੇਹੈ॥

ਸੁਅਸਤਿ ਇਤਿ। 'ਆਥ' ਅਰਥਕਾ ਬਦਲਹੈ, ਵਾ'ਆਥ'ਕਹੋ ਇਸ ਅਰਥਕਾ ਬੋਧਕ ਕ੍ਰਿਯਾ ਪਦਹੈ॥ ਬਰਮਾਉ , ਨਾਮ, ਬ੍ਰਹਮਕੀ: ਬ੍ਰਹਮ, ਨਾਮ ਈਹਾਂ ਵੇਦ ਕਾ ਹੈ॥ ਯਾਂਤੇ ਸਿਖਯ ਕਹੇਹੈ॥ ਹੇ ਗੁਰੋ! ਜੇ ਕਰ ਮੇਰੇ ਮੇਂ ਆਪਨੇ ਅਧਿਕਾਰੀਪਦਕਾ ਨਿਸਚੇ ਕਰ ਲੀਆਹੈ, ਤਬ

Sri Satguru Jagjit Singh Ji eLibrary NamdhariElibrary@gmail.com

'ਸਵਅਸਤਿ ਆਥ' ਕਹੀਯੇ, 'ਮੇਰੀ ਕਲਯਾਣ ਅਰਥ' ਭਾਵ, ਮੇਰੀ ਕਲਯਾਣ ਹੇਤ ਈਸ਼੍ਵਰਕੀ ਆਗਯਾ ਰੂਪ ਅਦੁਤੀ-ਸਤਕੀ ਬੋਧਕ ਬਾਣੀ:'ਬਰਮਾਉ' ਕਹੀਯੇ ਬੇਦਕੀ ਬਾਣੀਕਾ ਉਪਦੇਸ਼ ਕਰੋ॥ ਅਥਵਾ, ਮੇਰੀ ਸੁਅਸਤਿ, ਨਾਮ, ਕਲਯਾਣਕੋ ਆਥ ਕਹੋ, ਬਾਣੀ ਬਰਮਾਉ, ਕਹੀਯੇ ਬਾਣੀ ਬ੍ਰਹਮ ਸੰਬੰਧੀਮੇ ; ਇਸਕਾ ਭਾਵ ਯਹ; ਜਿਸ ਬਾਣੀ ਬ੍ਰਹਮ ਸਾਥ ਬੋਧਯ-ਬੋਧਕ ਭਾਵ ਸੰਬੰਧਹੈ, ਲਖਣਾਸੇ ਤਿਸ ਬਾਣੀ ਦ੍ਵਾਰਾ ਮੇਰੀ ਕਲਯਾਣਕੋ ਕਹੋ॥ ਸਿਖਯਕਾ ਕਥਨ ਸੁਨ ਕਰ ॥ ਹੇ ਸਿਖਯ! ਤੇਰਾ ਕਿਸ ਬਾਣੀਮੇਂ ਉਤਸਾਹਹੈ? ਯਹ ਪੂਛਤੇ ਗੁਰੁ ਪ੍ਰਤਿ॥ ਹੇ ਗੁਰੋ! ਸੰਪੂਰਣਾ ਦ੍ਰਿਸ਼ਯ ਕੂੜੈ ਕਚਰੇ ਕੇ ਚਿਤ ਮੇਂ ਸੰਬਰਨੇ ਮੇਂ ਹੈ, ਯਹ ਕਹੇ ਸਿਖ॥

ਸ਼ਤਿਇਤਿ॥ 'ਸੋਹਣ' ਝਾੜੂਕਾ ਨਾਮਹੈ॥ ਸੁਹਾਣ ਸਾਥ ਸੰਬਰਨੇ ਕਾ ਨਾਮ ਹੈ॥ ਯਾਤੇ॥ ਹੇ ਗੁਰੋ! ਸਰਬ ਕਲਪਨਾ ਕਾ ਅਧਿਸ਼ਠਾਨ ਜੋ'ਸਤਿ'ਹੈ ਤਿਸ ਸਤਿਨਾਮ, ਸਤ-ਸ੍ਵਰੂਪ ਬ੍ਰਹਮ ਵਿਖੇ ਕਲਪਿਤ ਜੋ ਦ੍ਰਿਸਯ ਤਿਸਕੇ ਸੁਹਾਣ ਨਾਮ ਉਪਦੇਸਸੇ ਸੰਬਰਨੇਸੇ ਸਦਾ'ਰੂ'ਸ੍ਵਪਨੇ ਜਾਗ੍ਰਤ ਕਾਲੋਂਮੇਂ ਮੇਰੇ ਮਨਮੋ ਚਾਉ, ਨਾਮ ਉਤਸਾਹ ਰਹੇਹੈ॥ ਅਥਵਾ, ਸੁਹਾਣੁ ਸਬਦ ਸੁਹਾਨਿ ਕੀ ਬਦਲ ਹੈ, ਯਾਂਤੇ ਸਤਿਮੇ ਸਰਬ ਦ੍ਰਿਸ਼ਯਕੀ ਸੁਹਾਨ ਨਾਮ ਅਤਯੰਤ ਨਿਬ੍ਰਿੰਤ ਕਰਨੇਕਾ ਮੇਰੇ ਮਨਮੇਂ ਅਤਯੰਤ ਉਤਸਾਹਹੈ॥ ਕਿੰਚ, ਜਿਸ ਦ੍ਰਿਯਕੇ ਨਾਸ ਕਰਨੇਕਾ ਉਤਸਾਹਹੈ,ਪਹਲੇ ਤਿਸਕੀ ਉਤਪਤੀਕਾ ਸਮਾਨ ਬਿਸੇਖ ਕਾਲ 'ਪੁਰਾਣੋ'ਵਾਲੇ ਪੰਡਿਤ ਜਾਨੇਹੈਂ? ਵਾ'ਕੁਰਾਨ' ਵਾਲੇ ਕਾਜੀ ਜਾਨੇਹੈਂ? ਵਾ ਅਸਟਾਂਗ ਯੋਗ ਸਾਧਨੈ ਵਾਲੇ ਜੋਗੀ ਜਾਨੇਹੈਂ? ਯਹ ਭੀ ਪੂਛਨੇਕਾ ਉਤਸ਼ਾਹਹੈ, ਸੋ ਬਤਾਵੋ ? ਯਹ ਪੂਛੈ।

ਕਵਣੁ ਇਤਿ॥ ਦੂਸਰੀ ਤੁਕਮੇਂ ਕਹਿਆ ਆਕਾਰ ਈਹਾਂ ਭੂਤ, ਭੌਤਕ ਨਿਖਲ ਪ੍ਰਪੰਚਕਾ ਨਾਮਹੈ॥ ਯਾਤੇ ਆਕਾਰ ਕਹੀਯੇ, ਭੂਤ ਭੌਤਕ ਪ੍ਰਪੰਚ ਜਿਤ ਹੋਆ ਨਾਮ ਜਿਸ ਸਮੇ ਪ੍ਰਮਾਤਮਾਸੇ ਉਪਜਿਆ,ਕਵਣੁ ਸੁਵੇਲਾ, ਕਹੀਯੇ, ਵਹੁ ਵਖਤ ਕੌਨਹੈ ? ਬੇਲਾ ਪਦਕੀ ਪਾਰਸੀਮੇਂ ਟੀਕਾ ਕਰੇ; ਵਖਤ ਇਤਿ॥ ਜਗਤਕੀ ਉਤਪਤੀਕਾ ਸਾਮਾਨਯ ਕਾਲ ਪੂਛ ਕਰ, ਬਿਸੇਖ ਕਾਲ ਪੂਛੇ:- ਕਵਣ ਥਿਤ ਇਤਿ॥ ਬਿਤਿਕਾ ਮੂਲ ਤਿਥਿਹੈ। ਅਮਾਵਸ ਔ ਪੂਰਣ-ਮਾਸੀ ਕੇ ਮਧਯ-ਵਰਤੀ ਏਕਮਾਦਿ ਤਿਥੀਯੋਮੇ ਤਿਥਿ ਕੌਨ ਥੀ? ਤਥਾ ਆਇਤਵਾਰ ਸੇ ਲੇ ਸਾਤ ਵਾਰੋਂਕੇ ਮਧਯਮੇਂ ਵਾਰ ਕੌਨਥਾ?ਤਥਾ'ਕਵਣ ਸਿ' ਨਾਮ, ਕੌਨ ਬਸੰਤਾਦਿਕ ਖਟ ਰਿਤੁਯੋਮੇ ਰੁਤਿ ਥੀ? ਤਥਾ ਮਾਹੁ ਕਵਣ ਕਹੀਯੇ ਚੇਤਸੇ ਆਦਿ ਲੇਕਰ ਬਾਰਾਮਾਸੋ ਮੇ ਮਹੀਨਾ ਕਵਣਥਾ? ਸੁਕਲ-ਕ੍ਰਿਸਨ ਦੋ ਪਖੋਂਮੇਂ ਸੇ ਪਖ ਕੌਨਥਾ? ਯਹ ਭੀ ਜਾਨ ਲੇਨਾ॥ ਅਰ ਨਾ ਕਿਸੇ ਕਹੇ ਵਾਰ, ਤਿਥ, ਪਖ, ਮਾਹ, ਰਿਤੁ, ਪਦਾਰਥੋਕਾ ਕ੍ਰਮਭੀ ਅਪਨੀ ਬੁਧੀਸੇ ਜਾਨ ਲੇਨਾ॥ ਇਸ ਪ੍ਰਕਾਰ ਸਿਖਯਕਾ ਪ੍ਰਸਨ ਸੁਨਕੇ ਗੁਰੁ ਈਸ਼੍ਵਰ ਬਿਨਾ ਸਭਕੋ ਸਾਮਾਨਯ-ਬਿਸੇਖ ਕਾਲਕਾ ਨਾ ਜਾਨਨਾ ਕਹੇਹੈ॥

ਵੇਲ ਇਤਿ॥ ਕਰਤਾਪਨ ਵਾਲੇਕਾ ਨਾਮ ਕਰਤਾਹੈ॥ ਕਰਤਾਪਨਾ ਕਰਤਾਮੇਂ ਗਯਾਨ,ਇਛਾ ਉਤਮ ਰੂਪਹੈ॥ ਯਾਤੇ ਜਿਸ ਬੇਲਾਮੇਂ ਲਿਖਨ ਭੂਤ, ਭੌਤਕ ਜਗਤਕੇ ਰਚਨੇ ਯੋਗਯ ਗਯਾਨ ਇਛਾ ਉਦਮ ਵਾਲੇ ਪਰਮੇਸ਼੍ਵਰ ਕਰਤਾਨੇ ਏਕਸੇ ਬਹੁਤ ਹੋਵੇ[54], ਐਸੀ ਇਛਾ ਕਰ ਤਿਸਕੀ ਰਚਨਾ

54. ਟਿੱਪਣੀਕਾਰ: ਤਿਲਾਚੀ ਫ

Sri Satguru Jagjit Singh Ji eLibrary NamdhariElibrary@gmail.com

ਵਹੁ ਵੇਲਾ'ਪੰਡਤੀ'ਨਾਮ, ਸੁਤਿਕਾ ਤਾਤਪਰਯ ਨਾ ਜਾਨਕੇ ਕੇਵਲ ਯੁਕਤੀਯੋਮੇ ਬਿਚਾਰ ਕਰਨੇ ਵਾਲੇ ਪੰਡਿਤ ਮਨਯੋਨ ਨ ਪਾਈਆ,ਕਹੀਯੇ ਨਹੀ ਜਾਣੀ। ਨਾ ਪੰਡਿਤਹੋ ਕਰ ਅਪਨੇ ਆਪਕੋ ਪੰਡਿਤ ਮਾਨਣੇ ਵਾਲੇਕਾ ਨਾਮ, ਪੰਡਿਤ ਮਨਯ ਹੋਵੇਹੈ॥ ਈਹਾਂ ਗੁਰੁ ਜੀਨੇ ਵੋਹੀ ਪੰਡਿਤ ਕਹੇਹੈ; ਵੇਦਕਾ ਤਾਤਪਰਯ "ਜਾਨਨੇ ਵਾਲੇਸੋ ਪੰਡਿਤ, ਜੋ ਮਨੁ ਪਰਬੋਧ ਇਤਿਯਾਦਿ ਪਾਠਕੇ ਕਹੇ ਨਹੀਂ" ਕਹੇ। ਹੇ ਗੁਰੋ!ਉਨ ਪੰਡਿਤਕੋ ਪੁਰਾਣੋਦਿਕੋ ਸੇ ਵਹੁ ਵੇਲਾ ਗਯਾਤ ਹੋਜਾਵੇਗਾ?ਯਹ ਸੁਨ ਕਹੇ ਜਿ ਇਤਿ॥ ਜਿ ਨਾਮ ਜੇਕਰ ਜਿਨਕੇ ਪਾਸ ਪੁਰਾਣਭੀ ਲਿਖੇ ਹੂਯੇ ਹੋਵੇ,ਤੋਭੀ ਉਸ ਵੇਲਾਕੋ ਵਹੁ ਪੰਡਿਤ ਨਹੀ ਜਾਨੇ, ਜਿਸ ਹੇਤੂਸੇ ਵੇ ਅਪਨੀ ਬੁਧੀ ਅਨੁਸਾਰ ਕਲਪੀਆਂ ਯੁਕਤੀਆਂ ਯਾਕੇ ਵਸ ਹੁਯੇ ਪੁਰਾਣਕੇ ਤਾਤਪਰਯ ਕੋ ਨਹੀ ਜਾਨਤੇ॥ ਇਸ ਪ੍ਰਕਾਰ ਸੁਤਿਕਾ ਤਤਪਰਯ ਜਾਨੇ ਬਿਨਾ ਕੇਵਲ ਯੁਕਤੀਸੇ ਬੇਕਾਰ ਕਰਨੇ ਵਾਲੇ ਲੋਕੋ ਕਾ ਖੰਡਨ ਕਰਕੇ;ਅਬ ਚਾਰ ਵਾਕੋਕੇ ਤੁਲਯ,ਚਾਰ ਤੱਤੋਂਸੇ ਉਤਪਤੀ ਮਾਨਨੇ ਵਾਲੇ ਯਵਨੱਕਾ ਖੰਡਨ ਕਰੇ॥ ਵਖਤੁਇਤਿ। ਕਾਦੀਕਾ ਮੂਲ ਕਾਜ਼ੀਹੈ। ਮਤਕੀ ਬਯਵਸਥਾ ਜਾਨਨੇ ਵਾਲੇਕਾ ਨਾਮ ਕਾਜ਼ੀਹੈ; ਸਾਤੋ ਜਿਸ ਸਮੇਂ ਸੇ ਪਰਮੇਸ਼੍ਵਰਨੇ ਸ੍ਰਿਸ਼ਿਟ ਰਚੀ,ਵਹ'ਵਖਤ'ਨਾਮ,ਸਮਾ ਨ ਪਾਯੋ ਕਾਦੀਆਂ,ਕਹੀਯੇ ਯਵਨ ਮਤਕੀ ਸਭ ਬਯਵਸਥਾਕਾ ਜਾਨਨੇ ਵਾਲੇ ਕਾਜੀਯੋਂਨੇ ਭੀ ਨਹੀਂ ਜਾਨਿਆ॥ ਜਿਸ ਹੇਤੁਸੇ ਵੇ ਅੰਨਮਯ ਪ੍ਰਣਾਮਯ, ਮਨੋਮਯਾ, ਵਿਗਯਾਨਮਯ ਕੋਸ਼ੋਂ ਮੇਂ ਹੀ ਫਸੇ ਹੁਯੇਹੈ॥ ਯਾਤੇ ਅਤੀ ਸਥੂਲ ਬੁਧੀ ਵਾਲੇ ਹੋਨੇਤੇ ਨਹੀਂ ਜਾਨਤੇ॥ ਹੇ ਗੁਰੋ! ਜਿਨਨੇ ਸਭਕੋ ਬਯਵਸਥਾ ਦੇਨੇ ਹੇਤ ਲਿਖੀਹੈ,ਲਿਖਤ ਕੁਰਾਨਕੀ,ਵਹੁ ਕਯੂ ਨਹੀਂ ਜਾਨੇ ਲੇਵੇਂਗੇ ? ਯਹ ਸੁਨ, ਉਤਰ ਕਹੇ:- ਜਿਤੁ ਇਤੀ॥ ਜਿਤੁ, ਨਾਮ ਅਜੋਨ ਸੇ ਕਾਜੀ'ਲਿਖਨਿ'ਨਾਮ ਲਿਖਹੈ॥ ਔਰੋ ਕੋ ਸਮਝਾਵਨ ਹੋ ਤੇ ਲੇਖ ਨਾਮ ਲਿਖਿਤ ਕੁਰਾਨਕੀ ਵਹੁਭੀ ਕੁਰਾਨਕੇ ਅਸਲ ਭਾਵਕੋ ਨਾ ਜਾਨੇਨੇਮੇ, ਨਹੀਂ ਜਾਨਤੇ॥ ਅਥਵਾ, ਸੰਸਕ੍ਰਿਤਮੇਂ ਪਦ-ਸਿੰਧੀ ਕੀਰੀ;ਤਿਸੇ ਕੁਰਾਨ ਨਾਮਕੇ ਅਰਥਮੇਂ ਹੀ ਨਾ ਜਨਨਾ ਸਿਧ ਹੋਵੇਹੈ;ਸੋਈ ਦਿਖਾਵੇ ਹੈ। ਕੁਰਾਨ ਬਯਾਕਰਣਕੀ ਰੀਤਿਸੇ ਕੁਰਾਅਨ'ਤੀਨ'ਪਦ ਮਿਲਕੇ ਬਨੇਹੈ;ਅਰ ਉਨ ਪਦੋਕੇ ਅਰਥ ਸੇਹੈ। 'ਕੁ'ਕਾ ਕੁਤਸਿਤ, 'ਰ'ਕਾ ਦੇਨਾ, 'ਅਨ'ਕਾ ਦੇਨਾ, ਯਾਤੇ'ਕੁ'ਨਾਮ, ਕੁਤਸਿਤ ਨਰਕੁ ਰੂਪ ਫਲਕੋ 'ਰ' ਨਾਮ, ਦੇਵੇ; ਸੋ ਕਹਾਵੇ:'ਕੁਰ' ਸ਼ਾਸਤ੍ਰਨਿ ਦਿਤਾਹੈ॥ ਸਦਿਕ, ਕਰਮ ਤਿਸ ਕਰੁ ਵਾਖਿਆਨ ਨਾਮ ਸੇ ਸਾਵਰੇ ਪੁਰਖ ਜਿ ਗ੍ਰੰਥਮੇ, ਤਿਸਕਾ ਨਾਮ 'ਕੁਰਾਨ'ਹੈ॥ ਯਾਤੇ ਨਾਮਮੇਂ ਹੀ ਨਿਖਿਧ ਵਸਤੂਕੇ ਸੋਧਕ ਕੁਰਾਨਕੀ ਜੋ ਲੇਖ, ਨਾਮੀ ਲਿਖਤਕੋ ਲਿਖਨ,ਨਾਮ ਲਿਖੇਹੈਂ, ਵਹੁ ਵਖਤਕੋ ਕੈਸੇ ਪਾਵੇ ? ਭਾਵ ਯਹ,ਕਾਫਰ ਮਰਨੇ "ਬੁਤ ਤੋੜ" ਆਸਿਤ ਵਿਚਾਰੋਮੇਂ ਫਸਨੇ ਵਾਲੇ ਸੂਖਮ ਪਰਮਾਤਮ ਰੂਪ ਵਸਤੂਮੇ ਜਗਤ ਕਹਨੇ ਕੇ ਸਮੇਕੋ ਕਹੂ ਰੀਤਿਸੇਂ ਨਹੀ ਜਾਨ ਸਕੇਹੈਂ। ਇਸ ਪ੍ਰਕਾਰ ਚਾਰਵਾਕੋ ਕੋ ਭਈ 'ਯਵਨੋ'ਕੋ ਤਿਸ ਸਮੇਕਾ ਨਾ ਜਾਨਨਾ ਕਹ ਕਰ ਅਬ ਯੋਗੀਯੋਂਕੋ ਭੀ ਯੋਗ ਬਿਨਾ ਐਸੇ ਅਸੰਮੇ ਅਯੋਗਯ ਬਤਾਵੇ॥ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥

ਭਾਸ਼ਯ- ਇਸ਼੍ਵਰਕੀ ਰਚਨਾਕਾ,ਅਰਥਾਤ ਲੋਕ ਸਰਿਸ਼ਟੀਕਾ ਕੋਈ ਅੰਤ ਨਹੀਂਹੈ,ਯਹ ਨਿਰੁਪਣ ਕੀਯਾ ਗਯਾ। ਅਬ ਇਸ਼੍ਵਰਕੇ ਭਕਤੋਂਕੀ ਕੋਈ ਉਪਮਾ ਨਹੀਂਹੈ, ਯਹ ਨਿਰੁਪਣ ਕਰਨੇ ਕੇ ਲਿਯੇ ਅਗਲੇ ਪਰਵ ਕਾ ਅਰੰਭਹੈ। ਇਸਕਾ ਨਾਮ 'ਇਸ਼੍ਵਰ ਭਕਤਾਨੁਪਮਾ ਪਰਵ' ਔਰ ਮੰਤ੍ਰ ਸੰਖਿਆ ਦੋ ਹੈ। ਉਨਮੇਂਸੇ ਦੂਸਰੇ ਮੰਤ੍ਰਕਾ ਪੁਰਵਾਰਧਹੈ 'ਸਮੁਦ ਸਾਹਿ ਸੁਲਤਾਨ,ਗਿਰਹਾ ਸੇਤੀ ਮਾਲ ਧਨ'। ਸਮੁਦ੍ਰਕਾ ਅਪਭ੍ਰੰਸ਼ ਉਚਾਰਣ ਸਮੁੰਦ, ਸ਼ਾਸਕਕਾ ਸ਼ਾਹ (ਸਾਹ), ਸਮਰਾਟ ਕਾ ਸੁਲਤਾਨ ਔਰ ਅਰਥ ਸਬਸੇ ਬੜਾ ਧਨਾਢਯ,ਅਰਥਾਤ ਸਮ੍ਰਾਟ ਹੈ। ਯਹਾਂ ਸ਼ਾਸਕ, ਸਮਰਾਟ ਕਾ ਵਿਸ਼ੇਸ਼ਣ ਔਰ ਉਸਕਾ ਅਰਥ ਸਾਸਕੋਂ ਕਾ ਸ਼ਾਸਕ ਅਭਿਪ੍ਰੇਤਹੈ। ਸਮੁਦ੍ਰਸੇ ਆਗੇ ਉਪਮਾ ਵਾਚੀ ਏਵ (ਨਾਹੀ)ਕਾ ਲੋਪਹੈ,ਔਰ ਸਮੁਦ੍ਰਸੇ ਸਮੁਦ੍ਰ-ਗੁਪਤ ਵਿਵਿਸ਼ਿਤਹੇ। ਮੌਰਯ ਵੰਸ਼ਕੇ ਸਾਮਾਰਜਯਕਾ ਪਤਨ ਹੋ ਜਾਨੇ ਪਰ, ਵਿਕ੍ਰਮਕੀ ਦੂਸਰੀ ਸ਼ਤਾਬਦੀਮੇਂ ਮਹਾਰਾਜ'ਗੁਪਤ'ਕੇ ਬੁਧਿ ਵੈਭਵ ਔਰ ਬਾਹੁਬਲ ਸੇ ਗੁਪਤ ਸਾਮਾਰਜਯਕਾ ਉਦਯ ਹੁਆ। ਗੁਪਤ-ਸਮਰਾਟੋਮੇਂ ਸਮੁਦ੍ ਨਾਮਕਾ ਸਮਰਾਟ ਸਬਸੇ ਬੜਾ ਪ੍ਰਤਾਪੀਥਾ। ਸਿੰਹਾਸਨ ਆਰੁੜ ਹੋਨੇ ਪਰ ਉਸਕਾ ਉਪਨਾਮ ਵਿਕ੍ਰਮ-ਦਿਤਯ ਰਖਾ ਗਯਾ,ਔਰ ਮਹਾਰਾਜ ਗੁਪਤਕੇ ਵੰਸ਼ਮੇ ਹੋਨੇ ਸੇ ਸ੍ਵਤੰਤਰ 'ਸਮੁਦ ਗੁਪਤ' ਪ੍ਰਸਿਧ ਹੁਆ। ਉਸਕਾ ਸ਼ਾਸ਼ਨ,ਮੁਗਲ ਸਮਰਾਟ ਅਕਬਰਦੇ ਸਮਾਨ ਪ੍ਰਾਯ: ਸਮਸਤ ਭਾਰਤ ਵਰਸ਼ ਪਰਥਾ। ਉਸੀ ਮਹਾ-ਪ੍ਰਤਾਪੀ ਸ਼ਾਸਤ੍ਰੋਕੇ ਸ਼ਾਸਤਾ ਸਮਰਾਟ ਸਮੁਦ੍ਰ (ਸਮੁਦ੍ਰਗੁਪਤ)ਕਾ ਨਾਮ ਉਪਮਾਕੇ ਤੌਰ ਪਰ ਯਹਾਂ ਉਚਾਰਣ ਹੁਆਹੈ,ਜੈਸੇ ਵਿਸ਼ਿਸ਼ਟ ਰਿਸ਼ੀਕੇ ਮੰਤ੍ਰੋ (7, 23, 7) ਮੇਂ ਵਿਜਯੀ ਯੋਧਾਕੇ ਤੌਰ ਪਰ ਮਹਾਰਾਜਾ ਸੁਦਾਸ ਕਾ ਨਾਮ। ਪਰਵਕੇ ਦੋਨੋ ਮੰਤ੍ਰੋਕਾ ਅਰਥ ਅਨੁਵਾਦਸੇ ਸਫੁਟਹੈ ॥23॥

ਨੰ.10. ਭਾਈ ਵੀਰ ਸਿੰਘ ਜੀ (ਆਧੁਨਿਕ)-23

ਪ੍ਰਾਕਥਨ- ਪਿਛਲੀ ਪਉੜੀ ਵਿੱਚ ਦੱਸਿਆਸੀ ਕਿ ਕੀਤੀ ਹੋਈ ਰਚਨਾਦੀ ਵਿਸ਼ਾਲਤਾ ਅਣਗਿਣਤਹੈ ਇਉਂ ਇਹ ਬਹੁਤ ਵੱਡੀ ਹੋਈ। ਹੁਣ ਵੀਚਾਰ ਕਰੋ,ਕਿ ਜਿਸਨੇ ਇਹ ਰਚੀਹੈ ਅਸਲ ਵੱਡਾ ਤਾਂ ਉਹ ਹੋਇਆ, ਕਿ ਜਿਸਨੇ ਇਹ ਸਾਜੀਹੈ, ਜੋ ਇਸਨੂੰ ਜਾਣਦਾਹੈ ਤੇ ਸੰਭਾਲਦਾਹੈ, ਤਾਂਤੇ ਸਭਤੋਂ ਵੱਡਾ ਉਸਨੂੰ ਆਖੋ। ਐਸਾ ਕਹਿਣੇਤੇ 'ਸੁਰਤ' ਦ੍ਰਿਸ਼ਟਮਾਨਤੋਂ ਉਠਕੇ ਦ੍ਰਿਸ਼ਟਾ ਵਿਚ ਚਲੀ ਜਾਏਗੀ, ਜਿਸਦਾ ਅਭਿਆਸ ਥਾਈ-ਲੀਨਤਾ ਵਿਚਲੈ ਜਾਏਗਾ। ਜਿਵੇਂ ਨਦੀਆਂਨੂੰ

Sri Satguru Jagjit Singh Ji eLibrary NamdhariElibrary@gmail.com

ਸਮੁੰਦਰ ਵਲ ਰੁੱਕ ਰੱਕਕੇ ਟੁਰਦਿਆਂ ਸਮੁੰਦਰ-ਲੀਨਤਾ ਪ੍ਰਾਪਤ ਹੁੰਦੀਹੈ। ਇਹ ਗਲ ਇਸ ਪਉੜੀ ਵਿਚ ਵਰਣਿਤਹੈ।

ਸਾਲਾਹੀ ਸਾਲਾਹਿ,ਏਤੀ ਸੁਰਤਿ ਨ ਪਾਈਆ॥ ਨਦੀਆ ਅਤੈ ਵਾਹ,ਪਵਹਿ ਸਮੁੰਦਿ ਨ ਜਾਣੀਅਹਿ॥

ਸਮੁੰਦ ਸਾਹ-ਸੁਲਤਾਨ,ਗਿਰਹਾ ਸੇਤੀ ਮਾਲੁਧਨੁ॥ ਕੀੜੀ ਤੁਲਿਨ ਹੋਵਨੀ, ਜੇ ਤਿਸੁ ਮਨਹੁਨ ਵੀਸਰਹਿ ॥

ਅਰਥ:- ਸਲਾਹੁਣ ਵਾਲਿਆਂ (ਉਸਦੇ ਪ੍ਰੇਮੀਆਂ)ਨੇ(ਉਸ ਪਰਮ ਪੁਰਖਨੂੰ ਸਲਾਹਿਆ ਹੀ)ਸਲਾਹਿਆ ਹੈ(ਪਰ ਉਹਨਾਂਨੇ)ਏਤੀਦੀ ਗਯਾਤ ਨਹੀਂ ਪਾਈ। (ਜਿਵੇਂ) ਨਦੀਆਂ ਅਤੇ ਵਾਹਿੜੇ ਸਮੁੰਦਰ ਵਿਚ ਜਾ ਪੈਂਦੇ ਹਨ(ਫੇਰ ਓਹ ਵੱਖਰੇ)ਨਹੀਂ ਜਾਣੇ ਜਾਂਦੇ(ਭਾਵ ਸਮੁੰਦਰ ਰੂਪਹੋ ਜਾਂਦੇਹਨ,ਤਿਵੇਂ ਸਲਾਹੁਤ ਕਰਨ ਵਾਲੇ ਸਲਾਹੁਤ ਕਰਦੇ ਕਰਦੇ ਉਸਨੂੰ ਪ੍ਰਾਪਤ ਹੋਕੇ ਉਸਦਾ ਰੂਪਹੋ ਜਾਂਦੇਹਨ,ਹੁਣ ਨਾ ਓਹ ਵੱਖਰੇ ਸਿਆਣੇ ਜਾਂਦੇ ਹਨ,ਨਾ ਓਹ ਆਪਨੂੰ ਵੱਖਰੇ ਸਿਆਣਦੇ ਹਨ)। ਹੇ ਸ਼ਾਹ, ਹੇ ਸ਼ਹਿਨਸ਼ਾਹ (ਵਾਹਿਗੁਰੂ:ਮੈਂ ਤੈਨੂੰ ਸਮੁੰਦਰ ਨਾਲ ਉਪਮਾ ਦਿਤੀਹੈ,ਪਰ ਸਾਰੇ)ਸਮੁੰਦਰ(ਜਿਨ੍ਹਾ ਵਿਚ ਕਿ) ਪਹਾੜਾਂ ਸਰੀਖੇ ਮਾਲ ਧਨ(ਪਏ ਹਨ ਉਸ)ਕੀਤੀਦੀ ਬਰਾਬਰੀ ਨਹੀਂ ਕਰ ਸਕਦੇ, ਜਿਸਦੇ ਮਨ ਵਿਚੋਂ ਕਿ, ਤੂੰ ਨਾ ਵਿਸਰੇਂ।

ਵਯਾਖਯਾ- ਪਉੜੀ 22 ਦੇ ਅੰਤ ਵਿਚ ਫੁਰਮਾਇਆਸੀ'ਨਾਨਕ ਵਡਾ ਆਖੀਐ'ਉਸ ਭਾਵਨੂੰ ਖੋਹਲਕੇ ਹੁਣ 23 ਵਿਚ ਦੱਸਦੇ ਹਨ;ਕਿ'ਵਡਾ ਆਖੀਐ'ਦਾ ਭਾਵ ਸਿਫਤ ਸਲਾਹ ਕਰਨੀਹੈ। ਪ੍ਰਸ਼ਨਹੋ ਸਕਦਾਹੈ,ਕਿ ਕਿਆ ਸਿਫਤ ਸਲਾਹ ਨਾਲ ਸਾਰੀ ਰਚਨਾਦੀ ਵਿਸ਼ਾਲਤਾ ਗਿਆਨ ਵਿਚ ਆ ਜਾਵੇਗੀ ?

ਉੱਤਰ: ਇਸ ਦ੍ਰਿਸ਼ਟਾਂਤ ਦੁਆਰਾ ਸੇਧ ਦੇਂਦੇ ਹਨ,ਕਿ ਜਿਵੇਂ ਨਦੀਆਂ ਸਮੁੰਦਰ ਵੱਲ ਰੁਖ ਲਾਕੇ ਟੁਰਦੀਆਂ ਰਹਿੰਦੀਆਂ ਅੰਤ ਸਮੁੰਦਰਨੂੰ ਪ੍ਰਾਪਤਹੋ ਜਾਂਦੀਆਂ ਹਨ,ਤਦ ਉਨ੍ਹਾਂਨੂੰ 'ਏਤੀ ਸੁਰਤਿ ਨ ਪਾਈਆ॥' ਸਮੁੰਦਰਦੇ ਪਾਰਾਵਾਰਦਾ ਗਯਾਨ ਪ੍ਰਾਪਤ ਨਹੀਂ ਹੁੰਦਾ, ਜਿਵੇਂ ਕਿ ਕਿਸੇ ਵੱਖ ਖੜੇ ਦੇਖਣਹਾਰ ਨੂੰ ਦਿਸ ਰਹੀ ਸ਼ੈ ਦਾ ਗਿਆਨ ਹੁੰਦਾਹੈ। ਓਹ ਤਾਂ ਪਰਵੇਸ਼ ਕਰਦਿਆਂ ਨਦੀ ਨਾਲੇ ਨਹੀਂ ਰਹਿੰਦੇ--ਸਮੁੰਦਰਹੋ ਜਾਂਦੇ ਹਨ। ਨਾ ਹੀ ਓਹ ਨਦੀ ਨਾਲੇ ਜਾਣੇ ਜਾਂਦੇ ਹਨ,ਜੋ ਉਹ ਵੱਖਰੇ ਰਹਿਕੇ'ਗਯਾਤਾ'ਹੋਕੇ 'ਗੇਯ'ਦਾ ਗਯਾਨ ਪ੍ਰਾਪਤ ਕਰ ਸਕਣ ਵਾਲੀ ਹਾਲਤ ਵਿਚ ਹੋਣ। ਓਹਤਾਂ ਸ਼ਰਨ ਆਏ, ਸ਼ਰਨ ਸਮਾਏ ਤਦ-ਰੂਪਹੋ ਗਏ ਹਨ।ਹਾਂ ਉਹ ਤਾਂ 'ਗੁਣ ਕਹਿ ਗੁਣੀ ਸਮਾਵਣਿਆ'(110:13) ਹੋ ਗਏ ਹਨ। 'ਸੁਰਤਿ ਨ ਪਾਈਆ' ਤੋਂ ਮਤਲਬ,ਉਸ ਸੁਰਤਿ ਯਾ ਗਯਾਨ ਤੋਂਹੈ ਜੋ ਤ੍ਰਿਪਟੀ-ਗਿਆਤਾ, ਗਿਆਨ, ਗੇਯ ਵਿਚ ਹੁੰਦਾਹੈ। 'ਗੇਯ'ਦੀ ਆਪਣੀ ਗਿਆਨ ਸਰੂਪਤਾ ਸੁਤੇ-ਪ੍ਰਕਾਸ਼ਹੈ, ਉਸ ਵਿਚ ਜੋ ਲੀਨਹੋ ਗਏ, ਉਹ ਸਰਵੱਗਤਾ ਵਿਚ ਤਦਰੂਪ ਹੋਗਏ। ਇਹ ਨਹੀਂ ਸਮਝਣਾ ਚਾਹੀਏ ਕਿ ਉਹ ਅਗਯਾਨ ਵਿਚ ਚਲੇ ਗਏ। 'ਸੁਰਤਿ ਨ ਪਾਈਆ'ਦਾ ਭਾਵ ਅਗਯਾਨ ਨਹੀਹੈ, ਪਰ ਚੇਤਨ ਸਰੂਪਦੀ ਚੇਤਨਤਾ ਵਿਚ ਅਭੇਦਹੋ ਜਾਣਾਹੈ।

ਇਕ ਵੀਚਾਰ ਹੋਰਹੈ- ਪਹਿਲੀਆਂ ਦੋ ਤੁਕਾਂ ਵਿਚ ਵਾਹਿਗੁਰੂ ਨੂੰ ਸਮੁੰਦਰ ਨਾਲ ਉਪਮਾ ਦਿੱਤੀਹੈ, ਫੇਰ ਇਸਨੂੰ ਢੁਕਵੀਂ ਉਪਮਾ ਨਾ ਸਮਝਿਆ ਤੇ ਸਮੁੰਦਰਨੂੰ ਉਸ ਕਿਣਕੇ ਤੋਂ ਬੀ ਛੋਟਾ

Sri Satguru Jagjit Singh Ji eLibrary NamdhariElibrary@gmail.com

ਦੱਸਿਆਹੈ ਜੋ 'ਕਿਣਕਾ'ਕਿ ਇਕ ਨਿੱਕੀ ਕੀੜੀਦੇ ਛੋਟੇ ਜਿਹੇ ਮਨ ਵਿਚ ਵੱਸ ਸਕਦਾਹੈ। ਕਿਣਕੇਤੋਂ ਮਤਲਬ ਏਥੇ ਪਰਮੇਸ਼ਰਦੀ ਉਤਨੀ ਅੰਸ਼ ਮਾਤ੍ਰਤੋਂਹੈ ਜੋ ਕੀੜੀਦਾ ਮਨ ਧਾਰਨ ਕਰ ਸਕਦਾਹੈ। ਕੀੜੀ ਕਿੰਨੀ ਨਿੱਕੀਹੈ, ਉਸਦਾ ਮਨ ਫੇਰ ਕੈਡਾਕੁ ਹੋਇਆ? ਉਸ ਮਨ ਵਿਚ ਵਾਹਿਗੁਰੂ ਕਿੰਨਾਕੁ ਵੱਸੇਗਾ? ਸੋ ਉਸ ਵਾਹਿਗੁਰੂਦੀ ਨਿੱਕੀ ਜੇਹੀ ਅੰਸ਼,ਜੋ ਕੀੜੀਦੇ ਨਿੱਕੇ ਜਿਹੇ ਮਨ ਵਿਚ ਵੱਸਦੀਹੈ, ਇੰਨੀ ਮਹੱਤਤਾ ਰਖਦੀਹੈ ਕਿ ਸਾਰੇ ਸਮੁੰਦਰ ਅਪਣੇ ਮਾਲ ਧਨ ਸਮੇਤ-- ਉਸ ਅੱਗੇ ਤੁੱਛ ਹਨ, ਯਥਾ:-

ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾਕੀ ਮਹਿਮਾ ਗਨੀ ਨ ਆਵੈ॥(262:12)

ਇਸ ਪਉੜੀ ਵਿਚ ਪ੍ਰਤੀਪ ਅਲੰਕਾਰਦਾ ਪੰਜਵਾਂ ਰੂਪਹੈ ਜਿਥੇ ਉਪਮਾਨਨੂੰ ਉਪਮੇਯਦੇ ਟਾਕਰੇਤੇ ਤੁੱਛ ਮੰਨਕੇ ਉਸਦੀ ਸਮਤਾ ਦੇਣੀ ਅਯੋਗ ਠਹਿਰਾਈ ਗਈਹੈ। ਪ੍ਰਤੀਪ ਅਲੰਕਾਰਦਾ ਫਾਰਸੀ ਨਾਮਹੈ-ਤਸ਼ਬੀਅ ਮਅਕੂਸ।

ਪੰਜਵੀਂ ਪਉੜੀ ਵਿਚ ਜੋ 'ਸੋ ਮੈ ਵਿਸਰਿ ਨ ਜਾਈ' ਮੰਗਿਆਸੀ, ਉਸਦੀ ਮਹਿਮਾ'ਜੇ ਤਿਸੁ ਮਨਹੁ ਨ ਵੀਸਰਹਿ'ਆਖਕੇ ਏਥੇ ਦਰਸਾਈਹੈ। ਜਿਵੇਂ ਪਿਛਲੀਆਂ ਪਾਉੜੀਆਂ ਵਿਚ'ਦੇਸ਼ ਕਾਲ'ਵਿਚ ਦਿੱਸ ਰਹੀ ਰਚਨਾਦੀ ਬਾਹੁਲਤਾ ਦਿਖਾਕੇ ਉਸਤੋਂ ਉਪਰ'ਰਚਣਹਾਰ'ਦੀ ਅਪਾਰਤਾਤੇ ਅਪਾਰਤਾ ਵਾਲੀ ਉੱਚਤਾ ਦਰਸਾਕੇ ਆਗਿਆ ਕੀਤੀਸੀ 'ਨਾਨਕ ਵਡਾ ਆਖੀਐ';ਉਸੀ ਤਰ੍ਹਾਂ ਹੁਣ ਇਸ ਪਉੜੀ ਵਿਚ ਦੱਸਦੇ ਹਨ ਕਿ,ਅਸੀਂ ਕਹਿ ਚੁੱਕੇਹਾਂ ਕਿ ਅਪਾਰ ਵਡਾ ਤਾਂ'ਕਰਤਾਰ'ਹੈ,ਤੇ 'ਕੀਤੀ ਹੋਈ''ਦੇਸ਼ ਕਾਲ'ਵਿਚ ਵਿਸ਼ਾਲਹੈ। ਪਰ ਇਸ 'ਕੀਤੀ ਹੋਈ' ਤੇ ਕਰਤਾਰਦੇ ਵਿਚਾਲੇ ਇਕ ਹੋਰ'ਵੱਡਾ'ਹੈ, ਜਿਸਦੀ ਬਰਾਬਰੀ ਇਸ ਕੀਤੇ ਹੋਈ ਵਿਚੋਂ ਕੋਈ ਨਹੀਂ ਕਰ ਸਕਦਾ। ਉਹ'ਕੀਤੀ ਹੋਈ'ਦਾ 'ਹਿਸਾਬੀਆ' ਨਹੀਂਹੈ, ਪਰ ਕਰਤਾਨੂੰ ਸਲਾਹੁਣ ਵਾਲਾ 'ਮਨੋ ਕਦੀ ਨਾ ਵਿਸਾਰਨ ਵਾਲਾ' ਪ੍ਰੇਮੀਹੈ, ਚਾਹੇ ਉਹ ਜਗਤ ਵਿਚ ਕੀੜੀ ਵਾਂਗੂ ਇਕ ਨੀਵੀਂਤੋਂ ਨੀਵੀਂ ਹੈਸੀਅਤ ਵਾਲਾ ਹੋਵੇ,ਪਰ,ਉਹ ਜਗਤਦੇ ਮਾਲ ਧਨ ਵਾਲਿਆਂਦੇ ਵੱਡੇਤੋਂ ਬੀ ਵੱਡਾਹੈ 'ਅਪਾਰ'। 'ਵੱਡੇ' ਤੇ 'ਮਨੋ ਨ ਵੀਸਰਹਿ'ਦੀ ਵਡਿੱਤ ਵਾਲੇ ਬਾਬਤ ਗੁਰਬਾਣੀ ਐਉਂ ਆਖਦੀਹੈ ਅਪਾਰ, ਵੱਡਾ:-

ਸਭ ਸਾਹਾ ਸਿਰਿ ਸਾਚਾ ਸਾਹੁ॥ ਵੇਮੁਹਤਾਜੁ ਪੂਰਾ ਪਾਤਿਸਾਹੁ।(ਪੰ:893:3)

ਨਾਮ ਵਾਲਾ ਵੱਡਾ:- ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥(ਪੰ:5:15)

ਇਹ 'ਮਨਹੁ ਨ ਵੀਸਰਹਿ'ਵਾਲਾ ਕਿਉਂ ਜਗਤਦੇ ਸਭ ਧਨੀਆਂਤੋਂ ਵੱਡਾਹੈ? ਇਸ ਲਈਕਿ, ਜਗਤਦੇ ਧਨ ਅਮੁੱਕ ਤੇ ਅਤੁੱਟ ਨਹੀਂ,ਪਰ ਇਸ ਪਾਸਜੋ ਨਾਮ ਧਨ ਹੈ,ਉਹ ਅਮੁਲ ਧਨਹੈ,ਉਹ ਅਤੁੱਟ ਧਨਹੈ। ਜਿਵੇਂ ਗੁਰਬਾਣੀ ਦੱਸਦੀਹੈ:- ਹਰਿ ਧਨੁ ਨਾਮੁ ਅਮੋਲਕੁ ਦੇਵੇਹਰਿ ਜਸੁ ਦਰਗਹ ਪਿਆਰਾ ਹੈ॥ਜਨ ਨਾਨਕਿ ਅਤੁਟ ਧਨੁ ਪਾਇਆ ਹੈ ਨਾਮਾ ਹਰਿ ਧਨੁ ਮਾਲੁ॥(ਪੰ:1315:2-3)॥ਸੰਸਾਰਦੇ ਰਤਨ ਜਵਾਹਰ ਮਾਲ ਖਜ਼ਾਨੇ ਸਭ ਏਥੇ ਰਹਿ ਜਾਂਦੇ ਹਨ:ਨਾਲ ਨਹੀਂ ਜਾਂਦੇ,ਤਾਂਤੇ ਅਤੁਟ ਨਹੀਂ ਹਨ, ਪਰ ਹਰਿਨਾਮ ਨਾਲ ਜਾਂਦਾਹੈ,ਜੇ ਸਰੀਰ ਤੁੱਟ ਜਾਣਤੇ ਬੀ ਆਪਣਾ ਸਾਥ ਨਹੀਂ ਤੋੜਦਾ:-

ਜਿਹ ਮਾਰਗੁ ਇਹੁ ਜਾਤ ਇਕੇਲਾ॥ ਤਹ ਹਰਿਨਾਮੁ ਸੰਗਿ ਹੋਤ ਸੁਹੇਲਾ॥(ਪੰ:264:7)

ਨਿਰੁਕੁ- ਸਾਲਾਹੀ-(ਅਰਬੀ,ਸ਼ਲਾਹ=ਨੇਕੀ,ਦਯਾਨਤਦਾਰੀ,ਪੁੰਨ ਧਰਮ ਆਦਿ)। ਪੰਜਾਬੀ

Sri Satguru Jagjit Singh Ji eLibrary NamdhariElibrary@gmail.com

ਵਿਚ ਸਲਾਹੁਣਾ ਤੇ ਸਲਾਹੁਤ ਕਰਨੀਦੇ ਅਰਥ ਹਨ,ਕਿਸੇਦੀ ਯੋਗ ਉਪਮਾ ਕਰਨੀ। ਇਸਤੋਂ ਬਣਦਾਹੈ ਪਦ ਸਾਲਾਹੀ=ਮਹਿੰਮਾ ਕਰਨੇ ਵਾਲਾ। ਏਸੇ ਤੁਕ ਵਿਚ'ਸਾਲਾਹੀ'ਪਦੁ ਬਹੁਵਚਨ ਵਿਚਹੈ, ਤੇ'ਸਾਲਾਹਿ'ਪਦ ਕ੍ਰਿਯਾ ਵਿਚਹੈ ਸਲਾਹਿਆ ਹੈ। ਸਾਲਾਹੀ ਦਾ ਭਾਵਹੈ ਹਰੀ ਦੀ ਕੀਰਤੀ ਕਰਨੇ ਵਾਲੇ ਭਗਤ,ਸੰਤ,ਗੁਰਮੁਖ।

(2) ਸਾਲਾਹੀ ਸਾਲਾਹਿ ਦਾ ਅਰਥ ਐਉਂਬੀ ਕਰਦੇ ਹਨ- ਸਲਾਹੁਤ ਦੀ ਸਲਾਹੁਤ ਕਰਣੀ

(3) ਸਾਲਾਹੇ ਜਾਣ ਵਾਲੇ (ਰਬ) ਦੀ ਸਲਾਹੁਤ ਕਰ। ਯਾ ਕਰਕੇ।

(4) ਸਲਾਹੁਣੇ ਯੋਗਾਂ ਤੋ ਸਲਾਹੇ ਜਾਣ ਵਾਲਾ।

(5) ਸਲਾਹੁਤ ਕਰਨ ਵਾਲੇ ਭਾਵ ਸੰਤ, ਉਨ੍ਹਾਂ ਸੰਤਾਂ ਦੀ ਸਲਾਹੁਤ ਕਰ।

(6) ਇਤਨਾ ਚਿਰ ਸਲਾਹੁਤ ਕਰ ਜਿੰਨਾਂ ਚਿਰ ਤੇਰੀ ਸੋਝੀ ਬ੍ਰਹਮ ਰੂਪ ਨਾ ਹੋ ਜਾਏ।

ਏਤੀ- (ਹਿੰਦੀ, ਇਤਨੀ ਤੇ ਏਤੀ) ਐਤਨੀ, ਏਨੀ। ਏਤੀ ਦਾ ਭਾਵ ਏਤਨੀ ਦੀ। ਸੁਰਤਿ ਨ ਪਾਇਆ-ਗਯਾਤ ਨਹੀਂ ਪਾਈ। ਨਦੀਆ- (ਸੰਸ:, ਨਦੀ) ਦਰਯਾ। ਪਾਣੀ ਦਾ ਵੱਡਾ ਪ੍ਰਵਾਹ। ਵਾਹ-- (ਸੰਸ:, ਵਾਹਾ) ਛੋਟੀ ਨਦੀ। ਨਾਲਾ। ਸਮੁੰਦਿ- (ਸੰਸ:, ਸਮੁੰਦ੍ਰ) ਸਾਗਰ। ਨ ਜਾਣੀਅਹਿ, ਨਹੀ ਜਾਣੇ ਜਾਂਦੇ, ਨਹੀਂ ਪ੍ਰਤੀਤ ਦੈਦੇ।

(2) ਐਉਂ ਬੀ ਲਾ ਲੈਂਦੇ ਹਨ- ਨਦੀਆਂਤੇ ਵਾਹੇ ਸਮੁੰਦਰ ਵਿਚ ਪੈ ਕੇ ਉਸਨੂੰ ਜਾਣ ਨਹੀਂ ਸਕਦੇ। ਪਰ ਜਾਣੀਅਹਿਦਾ ਅਰਥਹੈ- ਜਾਣੇ ਜਾਂਦੇ। ਸ਼ਾਹ(ਫਾ.,ਸ਼ਾਹ) ਰਾਜਾ। ਸੁਲਤਾਨ- (ਅ:, ਸੁਲਤਾਨ) ਮਹਾਰਾਜਾ। ਮਹਾਰਾਜਾ ਅਧਿਰਾਜ।

(2) ਐਉਂ ਬੀ ਅਰਥ ਲਾਉਂਦੇ ਹਨ- ਸ਼ਾਹਤੇ ਸ਼ਾਹਿਨਸ਼ਾਹ ਜਿਨ੍ਹਾਂ ਪਾਸ ਮਾਲ ਧਨਦੇ ਪਹਾੜ ਹਨ।

(3) ਸਮੁੰਦਰਾਂਦੇ ਸ਼ਾਹਤੇ ਸੁਲਤਾਨ ਜਿਨ੍ਹਾਂ ਪਾਸ ਧਨਦੇ ਪਹਾੜ ਹਨ। ਪਰ ਚਲ ਰਹੇ ਪ੍ਰਸੰਗ ਨਾਲ ਏਹੁ ਦੋਏ ਘੱਟ ਢੁਕਦੇ ਹਨ।

ਗਿਰਹਾ- (ਸੰਸ:, ਗਿਰ=ਪਹਾੜ) ਪਹਾੜਾਂ, ਗਿਰ ਦਾ ਬਹੁ ਵਚਨ। ਇੰਦਰ ਬੀ ਕਰਦੇ ਹਨ, ਗਿਰ=ਪਹਾੜ ਤੋੜਨ ਵਾਲਾ। ਸੇਤੀ- (ਪੰਜਾਬੀ) ਪਾਸ, ਜੋਗਾ। 2. ਜਿੰਨਾ, ਜਿਤਨਾ। 1. ਕੀੜੀ-(ਸੰਸ:, ਕੀਟ) ਨਿੱਕਾ ਜਿਹਾ ਜੰਤੁ, ਜੋ ਤੁੱਛਤਾ ਦੇ ਪ੍ਰਮਾਣ ਲਈ ਵਰਤਿਆ ਜਾਂਦਾ ਹੈ। 2. ਕੀੜੀ ਇਕ ਖਾਸ ਕੀੜਾ ਹੈ ਜੋ ਮਕੋੜੇ ਤੋਂ ਛੋਟਾ ਹੁੰਦਾ ਹੈ ਤੇ ਮਿੱਠੇ ਆਦਿਕਾਂ ਨੂੰ ਚੱਟਮ ਕਰਦਾ ਹੈ। 3. ਨਿੰਮ੍ਰਤਾ ਜਨਾਉਣ ਲਈ ਬੀ ਵਰਤਦੇ ਹਨ। ਪੰਚਮ ਸਤਿਗੁਰੁ ਜੀ ਨੇ ਨਿੰਮ੍ਰੀ ਭੂਤ ਭਗਤ ਦੇ ਅਰਥਾਂ ਵਿਚ ਵਰਤਿਆ ਹੈ:-"ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੇ ਧਨੇ॥ ਨਾਨਕ ਅਨਿਕ ਬਾਰ ਨਮੋ ਨਮਹ॥"(ਪੰ:1359:19)

ਇਨ੍ਹਾਂਹੀ ਅਰਥਾਂ ਵਿਚ ਗੁਰੂ ਨਾਨਕ ਦੇਵ ਜੀਨੇ ਇਹਪਦ ਏਥੇ ਵਰਤਿਆਹੈ। ਕਬੀਰ ਜੀਨੇ ਬੀ ਲਿਖਿਆਹੈ "ਹਰਿਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ। ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇਕੈ ਖਾਇ"(ਪੰ:1377:8)

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ॥ ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ

Sri Satguru Jagjit Singh Ji eLibrary NamdhariElibrary@gmail.com

ਜਾਪੈ ਪਾਰਾਵਾਰੁ॥ ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥ ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥ ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥ ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥ ੨੪॥

ਨੰ.1. ਬਾਵਾ ਮਿਹਰਬਾਨ ਜੀ "ਮੀਣਾ"-24

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ॥
ਅੰਤੁ ਨ ਵੇਖਣਿ ਸੁਣਣਿ ਨ ਅੰਤੁ॥ ਅੰਤੁ ਨ ਜਾਪੈ ਕਿਆ ਮਨਿ ਮੰਤੁ॥

ਤਿਸੁਕਾ ਪਰਮਾਰਥੁ:- ਪਰਮੇਸੁਰਦੀ ਸਿਫਤਿ ਦਾ ਭੀ ਅੰਤੁ ਕੋਈ ਨਾਹੀ। ਵੇਖਣ ਸੁਨਣਦਾ ਭੀ ਅੰਤੁ ਕੋਈ ਨਾਹੀ। ਅਰੁ ਏਹ ਭੀ ਕਿਛੁ ਜਾਣੀ ਨਾਹੀ ਜਾਂਦੀ,ਜਿ ਕਰਤੇ ਪੁਰਖਦੇ ਮਨਦਾ ਮੰਤੁ ਕਿਹੈ। ਓਸਦੇ ਮਨਦੇ ਮੰਤ੍ਰ ਦੀ ਓਹ ਜਾਣੈ, ਅਰੁ ਏਹ ਜੀ ਮਨਕੇ ਵਿਖੇ ਮੰਤ੍ਰ ਉਪਜਦੇ ਹੈਨਿ, ਸੁ ਏਨਾ ਮੰਤ੍ਰਾਦਾਭੀ ਓੜਕ ਕੋਈ ਨਾਹੀ।

ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥

ਤਿਸੁਕਾ ਪਰਮਾਰਥੁ:-ਪਰਮੇਸੁਰਕੇ ਅਕਾਰਕਾ ਭੀ ਅੰਤੁ ਕੋਈ ਨਾਹੀ ਜਾਣਦਾ,ਜਿ ਕੇਤਾਕੁਹੈ। ਅੰਤੁ ਪਾਰਾਵਾਰੁ ਓਸਕਾ ਕਿਨੇ ਨਾਹੀ ਪਾਇਆ।

ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥

ਤਿਸੁਕਾ ਪਰਮਾਰਥੁ:- ਪਰਮੇਸੁਰਦੇ ਖੋਜਣਤੇ,ਅੰਤੁ ਢੁਢਣਦੇ,ਕਈ ਅਸੰਖ ਢੂਢਦੇ ਹੈਨਿ,ਤਿਨਾਦਾ ਭੀਅੰਤੁ ਕਿਨੇ ਨਾਹੀ ਪਾਇ ਸਕਿਆ; ਏਸ ਅੰਤਨੋ ਕਈ ਪਏ ਬਿਲਲਾਂਦੇ ਹੈਨਿ, ਤਿਨਾਂਦਾ ਭੀ ਅੰਤੁ ਕੋਈ ਨਾਹੀ।

ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥

ਤਿਸੁਕਾ ਪਰਮਾਰਥੁ:-ਏਸੁ ਅੰਤ ਪਰਮੇਸੁਰਦੇ ਨੂ ਕੋਈ ਨਾਹੀ ਜਾਣਦਾ,ਜਿਤਨਾ ਕੋਈ ਕਹੈ,ਤਿਸਤੇ ਬਹੁਤੁਹੀ ਬਹੁਤੁਹੈ।

ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥ ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥

ਤਿਸੁਕਾ ਪਰਮਾਰਥੁ:- ਪਰਮੇਸੁਰ ਜਿਹੈ,ਜਿ ਸਭਤੇ ਊਚਾਹੈ। ਤਿਸੁ ਸਭਸ ਉਚੈਤੇ, ਉਸਕਾ ਨਾਊ ਊਚਾਹੈ। ਜੇ ਏਵਡੁ ਊਚਾ ਕੋਈ ਹੋਵੇ, ਤਾਂ ਊਸਿ ਊਚੇ ਨਾਉਕਉ ਜਾਇ ਪਹੁਚੇ। ਤਾਂ ਉਸਿ ਉਚੇ ਸਾਹਿਬਕਉ ਕੋਈ ਜਾਣੇ। ਏਹੁ ਜਾਣਣਕਾ ਰਾਹੁਭੀ ਗੁਰੂ ਬਾਬੇ ਬਤਾਇਆ। ਜੇ ਏਵ ਕਰਿ ਕਰਿ ਐਸਾ ਹੋਇ,ਤਾਂ ਪਰਮੇਸੁਰਕੀ ਮਿਤਿ ਪ੍ਰਾਪਤਿ ਹੋਇ--ਨਾਤਰ ਕਿਵਹੀ ਨ ਹੋਇ।

ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥ ੨੪॥

ਤਿਸੁਕਾ ਪਰਮਾਰਥੁ:- ਜੇਵਡੁ ਓਹੁਹੈ ਪਰਮੇਸੁਰ,ਸੁ ਓਹਹੀ ਜਾਣੇ--ਹੋਰੁ ਕੋਈ ਨਾਹੀ ਜਾਣਦਾ। ਜਿਸਨੋ ਆਪਣੀ ਨਜਰਿ ਕਰਦਾਹੈ, ਤਿਸਨੋ ਦਾਤਿ ਹੋਤੀਹੈ ॥24॥

ਨੰ.2. ਭਾਈ ਮਨੀ ਸਿੰਘ ਜੀ 'ਸ਼ਹੀਦ'-24

ਬਾਬੇ ਕਹਿਆ:- ਅਕਾਲ-ਪੁਰਖ ਦੀ ਸਿਫਤਦਾ ਭੀਅੰਤ ਨਹੀਂ,ਅਰ ਕਹਿਣਦਾ ਭੀਅੰਤ ਨਹੀਂ,ਅਰ ਉਸਦੇ ਕਰਣੇਦਾ ਭੀਅੰਤ ਨਹੀ,ਅਰ ਉਸਦੀ ਦਾਤਦੇ ਦੇਣੇਦਾ ਭੀ ਅੰਤਨਹੀ;ਕਯੋਂਕਿ

Sri Satguru Jagjit Singh Ji eLibrary NamdhariElibrary@gmail.com

ਕਿਸੇਨੂੰ ਧਨਦੀ ਦਾਤ ਦਿੱਤੀਹੈ, ਅਰ ਕਿਸੇਨੂੰ ਬਿਖਿਆ ਭੋਗਾਂਦੀ ਦਾਤਹੈ,ਅਰ ਕਿਸੇਨੂੰ ਜਪਾਂਦੀ,ਅਰ ਕਿਸੀਕੋ ਤਪਾਂਦੀ,ਅਰ ਕਿਸੇਨੂੰ ਨਾਮਦੀ, ਅਰ ਕਿਸੀਕੋ ਵਿਦਯਾ ਦੀ; ਸੋ ਉਸਦੀ ਦਾਤਦਾ ਭੀਕਿਸੇ ਅੰਤ ਨਹੀਂ ਪਾਇਆ॥ ਅਰ ਉਸਦੇ ਵੇਖਣਦਾ ਅਰ ਸੁਣਨਦਾ ਭੀਅੰਤ ਨਹੀਂ; ਕੌਜੋ ਅੱਖੀਂ ਵਿੱਚ ਸੱਤਿਆ ਦੇਕੇ ਦੇਖਦਾਹੈ,ਅਰ ਕੰਨਾਂ ਵਿੱਚ ਸੱਤਿਆਂ ਦੇਕੇ ਸੁਣਦਾ ਹੈ, ਅਤੇ ਉਸਨੂੰ ਕੋਈ ਦੇਖ ਨਹੀ ਸਕਦਾ,ਅਰ ਏਹਭੀ ਨਹੀਂ ਜਾਪਦਾ ਜੋਉਸਦੇ ਮਨ ਵਿੱਚਕੀ ਮੰਤ੍ਰਹੈ,ਅਰ ਏਹ ਭੀਅੰਤ ਨਹੀ,ਜੋ ਜੀਆਂਦੇ ਅਕਾਰ ਕਿਸ ਤਰ੍ਹਾਂ ਰਚੇ ਹੈਨ ਤਾਂਤੇ ਮਹਾਰਾਜਦੇ ਅੰਤਦਾ ਪਾਰਾਵਾਰ ਪਾਇਆ ਨਹੀਂ ਜਾਂਦਾ॥ ਅਰ ਉਸਦੇ ਅੰਤ ਵਾਸਤੇ ਕਿਤਨੇ ਵਿਲਲਾਂਵਦੇ ਹਨ,ਸੋ ਓਨਾਂਦੇ ਭੀਅੰਤ ਨਹੀਂ ਪਾਏ ਜਾਂਦੇ॥ ਤਾਂਤੇ ਇਸ ਅੰਤਨੂੰ ਕੌਣ ਜਾਣ ਸਕਦਾਹੈ? ਅਤੇ ਜੇ ਸਹੀ ਰਚਨਾਂ ਕਰਭੀ ਉਚਾਰਨ ਕਰੀਏ,ਤਾਂਭੀ ਓਹ ਬਹੁਤੇ ਥੀਂ ਬਹੁਤ ਹੋਂਦਾਹੈ॥ ਅਰ ਓਹ ਵੱਡਾ ਸਾਹਿਬਹੈ,ਅਰ ਉੱਚਾ ਉਸਦਾ ਅਸਥਾਨਹੈ,ਅਰ ਉਚੇਤੇ ਉਚਾ ਉਸਦਾ 'ਨਾਮ'ਹੈ, ਪਰ,ਜੋ ਉਸਨੂੰ ਪ੍ਰਾਪਤ ਕਰ ਦੇਂਦਾਹੈ,ਸੋਈ ਪਰਮੇਸ਼ਰ ਜਿੱਡਾ ਉੱਚਾ ਹੁੰਦਾਹੈ, ਕਯੋਂਕਿ,ਜੋ ਪਰਮੇਸ਼ਰ ਦੇ ਉਚੇ ਨਾਮਦੀ ਮਹਿਮਾਂ ਜਾਣਦਾਹੈ; ਅਰ ਜੇ ਵਡਾ ਗੁਰੂ ਆਪਹੈ, ਤਾਂ ਆਪਨੂੰ ਆਪਹੀ ਜਾਣਦਾਹੈ॥ ਤਾਂਤੇ ਜਿਨਾਂਦੇ ਉੱਤੇ ਸਤਗੁਰਾਂਦੀ ਕਿਰਪਾ ਹੋਂਦੀਹੈ, ਗੁਰੂ ਨਾਨਕਜੀ ਕਹਿੰਦੇ ਹੈਨ,ਕਿ,ਓਨਾਂਨੂੰਹੀ ਮਹਾਰਾਜਦੀ ਮਹਿਮਾਂਦੀ ਦਾਤ ਹੋਂਦੀਹੈ॥ ਜੈਸੇ "ਸੂਤ੍ਰਧਾਰਦੀ ਕ੍ਰਿਆ ਸੂਤ੍ਰਧਾਰ"ਆਪ ਜਾਣਦਾਹੈ,ਇਕੇ ਉਦਾ ਚੇਲਾ ਜਾਣਦਾਹੈ, ਤੈਸੇ ਵਾਹਿਗੁਰੂਦੀ ਕ੍ਰਿਆ ਵਾਹਿਗੁਰੂ ਜਾਣਦਾਹੈ, ਇਕੇ ਗੁਰੂਕੇ ਸਿੱਖ ਜਾਣਦੇਹੈ ॥24॥

ਨੰ.3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ)-24

ਅਰੁ ਬਿਅੰਤ ਜੋ ਤਿਨਕਾ ਅੰਤੁ ਕੌਨੁ ਪਾਇ ਸਕੇਹੈ? ਸੋਈ ਕਹੇਹੈ:-

ਅੰਤੁ ਨ ਸਿਫਤੀ ਕਹਣਿ ਨ ਅੰਤੁ॥

ਇਸਕਾ ਅਰਥੁ:-ਸਿਫਤ ਪ੍ਰਭਕੇ ਨਾਮਕੀ ਮਹਿਮਾ; ਤਥਾ ਕਹਣੇਕਾ ਪ੍ਰਕਾਰ,ਤਿਨਕਾ ਅੰਤ ਨਹੀ।

ਅੰਤੁ ਨ ਕਰਣੈ ਦੇਣਿ ਨ ਅੰਤੁ॥

ਪ੍ਰਭੁਨੇ ਸਗੁਣ ਸਰੂਪ ਧਾਰਿਕੇ ਜੋਕ੍ਰਿਯਾ ਕਰੀਹੈ,ਤਥਾ ਕ੍ਰਿਪਾ ਕਰਿਕੇ ਜੋਦੇਤੇਹੈ,ਤਿਸਕਾ ਭੀਅੰਤੁ ਨਹੀਂ।

ਅੰਤੁ ਨ ਵੇਖਣਿ ਸੁਣਣਿ ਨ ਅੰਤੁ॥

ਪ੍ਰਮੇਸਵਰਕੇ ਸ੍ਵਰੂਪ ਸ੍ਰੀਜਗੰਨਾਥ ਜੀਸੋ ਆਦਿ ਤਿਨਕੋ ਦਰਸਨਹੁਕਾ,ਤਥਾ ਗੁਣਾ-ਬਾਦ ਸ੍ਰਵਣਕਾ ਤਿਸਕਾਭੀ ਅੰਤ ਨਹੀਂ।

ਅੰਤੁ ਨ ਜਾਪੈ ਕਿਆ ਮਨਿ ਮੰਤੁ॥

ਅਰੁ ਪ੍ਰਭ ਕੇ ਮਨ ਕਾ ਆਧਾ ਕਿਆ ਹੈ? ਸੋ ਤਿਸ ਕਾ ਭੀ ਅੰਤੁ ਨਹੀ। ਜਾਪੇ, ਕਹੀਐ ਜਾਣੀਤਾ।

ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥

ਅਰ ਪ੍ਰਭੁਨੇ ਜੇਤੇ ਮਾਯਾ ਦਵਾਰੇ ਆਕਾਰ ਕੀਏਹੈ,ਤਿਨਕਾ ਭੀਅੰਤ ਨਹੀਂ ਜਾਣੀਤਾ।

ਅੰਤ ਕਾਰਣਿ ਕੇਤੇ ਬਿਲਲਾਹਿ॥

Sri Satguru Jagjit Singh Ji eLibrary NamdhariElibrary@gmail.com

ਸੋ ਗੁਣਾਤੀਤ ਹੀਪ੍ਰਭ ਜੋ ਬਿਸ਼੍ਵਅਕਾਰਹੈ ਤਿਨਕੇ ਅੰਤ ਨਮਿਤ ਕੇਤੇ ਮਾਰਕੰਡੇਤੇ ਆਦਿਤ ਰਹਤੇਹੈਂ।

ਤਾਕੇ ਅੰਤ ਨ ਪਾਏ ਜਾਹਿ॥

ਤਿਸ ਪ੍ਰਭਕੇ ਅੰਤ ਕਛੁ ਪਾਏ ਨਹੀ ਜਾਤੇ।

ਏਹੁ ਅੰਤੁ ਨ ਜਾਣੈ ਕੋਇ॥

ਜੋਪ੍ਰਭਨੇ ਯਹ ਸ੍ਰਿਸਟਿ'ਕਥ-ਸਿਉ'ਅਰ'ਕਰ-ਸਿਉ'ਕੈਸੇ ਅਰੁ ਕੇਤੀ ਰਚੀਹੈ?ਅਰ ਕਿਆ ਇਸਕਾ ਕਾਰਣ? ਤਥਾ ਕਿਆ ਰਚਨੇਕਾ ਪਰਯੋਜਨਹੈ ? ਸੋ ਅਹ ਅੰਤ ਕੋਈਭੀ ਨਹੀ ਜਾਨਤਾ,ਕਾਹੇਤੇ:-

ਬਹੁਤਾ ਕਹੀਐ ਬਹੁਤਾ ਹੋਇ॥

ਤੋ ਅਧਿਕਤੇ ਅਧਿਕ ਫੇਰਸੇ ਸਹੀ ਰਹਿਤਾਹੈ, ਤਾਂਤੇ:-

ਵਡਾ ਸਾਹਿਬੁ ਊਚਾ ਥਾਉ॥

ਸੋ ਪ੍ਰਭ ਸਭਕੇ ਊਪਰ ਸਵਾਮੀਹੈ। ਉਸਕਾ ਧਾਮ ਭੀ ਸਭਕੇ ਪਰੇ ਉਤਮਹੈ। ਸ੍ਰੀ ਭਗਵਾਨ ਕਹੇਹੈਂ; ਭ:ਗੀਤਾ:8:-

"ਯੰ ਪ੍ਰਾਪਯਨ ਨਿਵਰਤੰਤੇ ਤੱਧਾਮ ਪਰਮੰ ਮਮ॥21॥8"(ਭ:ਗੀਤਾ:8॥21)

ਜਿਸਕੋ ਪ੍ਰਾਪਤਿ ਹੇਵਕੇ ਬਹੁੜ ਨਿਵਰਤਿ ਨਹੀ ਹੋਤ, ਸੋ ਪਰਮ ਧਾਮ ਮੇਰਾਹੈ।

ਊਚੇ ਊਪਰਿ ਊਚਾ ਨਾਉ॥

ਬਹੁੜਿ ਊਚੇਸੋ ਊਚਾ ਸਰਬ ਉਪਰਿ ਪ੍ਰਭਕਾ ਨਾਮਹੈ। ਕਾਹੇਤੇ, ਜਿਸ ਨਾਮਕੇ ਜਪਨ ਦਵਾਰਾ ਨਾਰਾਯਣਕੇ ਅਭੇਦ-ਸਰੂਪਕੋ ਪ੍ਰਾਪਤਿ ਹੋਈਐਹੈ।

ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ॥

ਜੋ ਨਾਰਾਯਣਕੋ ਏਕ ਅਦ੍ਵੈਤ ਸਰਬਾਤਮ-ਸਰੂਪ ਬਿਗਯਾਨ ਅਨੁਭਵ ਕਰਿ ਜੋ ਅਨਭਵੀਵਨਹੈ,ਸੋ ਤਤ ਸਰੂਪ ਹੁਏ। ਤਿਸ ਊਚੇ ਪ੍ਰਭਿਕੋ ਅਨਭਵ ਦ੍ਵਾਰੇ ਜਾਨਤੇਹੈ; ਐਸੇਹੀ ਭਗਵਾਨ ਕਹੇਹੈ:-

"ਵੀਰ ਰਾਗ ਭਯ ਕ੍ਰੋਧਾ ਮਨਮਯਾ ਮਾਮੁਪ੍ਰਾਸ੍ਰਿਤਾ:।ਬਹਵੋ ਗਯਾਨ ਤਪਸਾ ਪੂਤਾ ਮਦਭਾਵਮਾਗਤਾ:॥10 (ਭ:ਗੀਤਾ:4:10)

ਜੋ ਹਰਖ-ਸੋਕ ਤਥਾ ਭਯ ਅਰ ਕ੍ਰੋਧਤੇ ਰਹਿਤਹੈ,ਅਰ ਮੇਰੇ ਪਰਯਾਣ ਤਥਾ ਮੇਰੀਹੀ ਆਸ੍ਰਿਤ ਜੋਹੈ। ਸੋ ਬਹੁਤ ਗਯਾਨ,ਤਪ ਕਰਿਕੇ ਪਵਿਤ੍ਰ ਹੁਏ ਮੇਰੇ ਸਰੂਪਕੋ ਪ੍ਰਾਪਤਿ ਭਏਹੈ; ਬਹੁਤ ਕਹੈਹੈ।

'ਸਮੰ ਸਰਵੇਖੁ ਭੂਤੇਖੁਤਿ ਤਿਸ਼ਟੰਤੰ ਪਰਮੇਸ੍ਵਰੰ।ਵਿਨਸਯਤੰਸ੍ਵਵਿਨਸਯਤੰ ਯ:ਪਸ਼ਯਤਿ ਸਪਸ਼ਯਤਿ॥27"(ਭ:ਗੀਤਾ:13:27)

'ਜੋ ਸਰਬ ਭੂਤੋਕੇ ਬਿਖੇ ਪਰਮੇਸ਼ਵਰ ਸਮ ਸਿਥਤਿ ਦੇਖੇਹੈ;ਅਰ ਸਰਬ ਭੂਤਹੁਕੇ ਨਾਸ ਵਿਖੇ ਅਬਨਾਸੀ ਜੋ ਦੇਖੇਹੇ; ਸੋਈ ਪੁਰਖ ਭਲੀ ਪ੍ਰਕਾਰ ਮੁਝਕੋ ਜਾਣੈਹੈ॥

ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥24॥

ਜੇਤੇ ਬੱਡੇ ਨਾਰਾਯਣ ਆਪਹੈ, ਸੋ ਤਿਸ ਸਰੂਪ ਸਤਾ ਆਪਣੇਕੋ ਆਪਹੀ ਜਾਣਤੇਹੈ। ਅੱਰ ਪੀਛੇ ਜੇ ਕਹਾਹੈ, ਜੋ ਸਰਬ ਬਿਖੇ ਈਸ਼੍ਵਰ ਸਮ-ਸਿਥਤੀ ਦੇਖਤੇਹੈ, ਸੋਈ ਦੇਖੇਹੈ। ਸੋ ਵਹੁ ਅਭੇਦ-

Sri Satguru Jagjit Singh Ji eLibrary NamdhariElibrary@gmail.com

ਸਰੂਪ ਦ੍ਰਿਸਟੀ ਪ੍ਰਭਕਾ ਆਪਣਾ ਆਪ ਹੀਹੈ; ਐਸੇਭੀ ਆਪਣੇ ਆਪਕੋ ਆਪਹੀ ਜਾਣਤੇਹੈ। ਗੁਰ ਕਹੇਹੈ। ਯਹਿ ਦ੍ਰਿਸਟਿ ਤਿਸਕੋ ਹੋਤੀਹੈ ਜਿਸਕੇ ਸੰਪੂਰਣ ਕਰਮ ਈਸ਼ੁਰ ਅਰਪਣਹੈ; ਅਰ ਫਲਿਕੀ ਕਿੰਚਿਤ ਇਛਾ ਨਹੀਂ। ਤਿਸਕੋ ਪ੍ਰਭ ਕੀ ਕ੍ਰਿਪਾ ਦ੍ਰਿਸਿਟਿ ਦ੍ਵਾਰੇ ਦਾਤ ਹੋਵੇਹੈ; ਦਾਤ ਕਹੀਐ,"ਪ੍ਰਭੂ ਏਕ-ਅਦ੍ਵੈਤ"ਅਨਭਵ ਪ੍ਰਾਪਤ ਹੋਵੇਹੈ,ਤਾਤੇ ਯਹਿ ਪ੍ਰਭੂ ਸਨਬੰਧੀ ਕਰਮਸੇ ਗੁਣਾਂਤੀਤ"ਅਕਰਮ"ਹੀ ਕਹੇਹੈ ॥24॥

ਨੰ.4. ਸਾਧੂ ਅਨੰਦਘਨ ਜੀ (ਉਦਾਸੀਨ-ਪੁਰਾਣ ਕਥਾ ਵਾਚੀ)-24

ਨਨੁ॥ ਕੌਣਸਾ ਭਜਨ ਕਰੇ ? ਤਿਸਕਾ ਉਤਰ:-ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ॥

ਸਿਫਤ ਜੋਹੈ, ਹੇ ਪਰਮੇਸ਼ਵਰਕੀ, ਮਹਮਾ, ਸੋ ਅਨੰਤ ਪ੍ਰਕਾਰਕੀਹੈ॥ ਅਰ ਮਹਮਾਕਾ ਜੋ ਕਹਰਾਹੈ, ਸੋਭੀ ਅਨੰਤ ਪ੍ਰਕਾਰਕਾ ਹੀਹੈ॥ ਕਹਣੇਕਾ ਤੋ ਸਭਕਾ ਆਪਣਾ ਅਪਣਾਹੀ ਛਬਹੈ,ਅਰ ਪਰਮੇਸ਼ੁਰ-ਪ੍ਰੀਤ-ਅਰਥ ਕਰਮੋਕਾ ਜੋ ਕਰਣਾਹੈ, ਦਾਨੇਕਾ ਜੋ ਦੇਣਾਹੈ,ਸੋਭੀ ਅਨੰਤ ਪ੍ਰਕਾਰਕਾ ਹੀਹੈ॥ ਅਰ ਦੇਖਣੇ ਜੋਹੈ ਪਰਮੇਸ਼ਵਰਕੇ ਦਰਸਨ; ਇਹ ਭੀ ਅਨੰਤ ਹੀਹੈ॥ ਜਗਨ ਨਾਥ, ਬੱਦ੍ਰੀਨਾਥ, ਕਿਦਾਰ ਨਾਥ, ਮੁਕਤਿ ਨਾਥ, ਲੋਕ ਨਾਥ, ਭਗਤ ਪੂਰਬਕ ਜਿਸ ਦਰਸਨਕਾ ਅਭਿਆਸ ਕਰੇਗਾ, ਸੋ ਅਭਯਾਸ ਇਸਕੋ ਕ੍ਰਿਤਾਰਥ ਹੀ ਕਰੇਗਾ;ਰਾਮ ਨਾਥ,ਵਿਸ੍ਨਾਥ;ਇਹ ਤੀਨੋ ਅਨੰਤ ਹੀਹੈ॥ ਅਰ ਸੁਣਨੇ ਜੋਹੈ ਪ੍ਰਮੇਸ਼ੁਰਕੇ ਗੁਣਾਬਾਦ,ਇਹਭੀ ਅਨੰਤ ਹੀਹੈ॥ ਇਹ ਸਭਹੀ ਇਸਕੀ ਕਲਿਆਨਕੇ ਸਾਧਨਹੈ॥ ਇਨਮੋ ਜਿਸਕਾ ਅਭਿਆਸ ਕਰੇ ਸੋਈ ਕ੍ਰਿਤਾਰਥਹੀ ਕਰੇਗਾ॥

ਅੰਤੁ ਨ ਜਾਪੈ ਕਿਆ ਮਨਿ ਮੰਤੁ॥

ਪਰਮੇਸ੍ਵਰਕੇ ਮਨਕਾ ਕਿਆ ਮੰਤ੍ਰਹੈ? ਇਹ ਭੀਤੋ ਅਨੰਤ ਹੀਹੈ; ਨਹੀਤੋ ਜਾਣਾ ਜਾਤਾ ਪਰਮੇਸ਼ੁਰਨੇ ਜਗਤ ਕਾਹੇਕਾ ਬਣਾਇਆਹੈ, ਕਹਾ ਤਕਰਹੈ, ਕਬ ਤਕਰ ਠਹਰੇਗਾ ਜੋ ਵੀਚਾਰ ਬਿਨਾਭੀ ਐਸੇ ਕਹਾ,ਤੋਭੀ ਪਰਮੇਸ੍ਵਰਕੋ ਤੋ ਚਿਤ ਕੀਆ। ਯੇਨ-ਕੇਨ ਪ੍ਰਕਾਰ ਪ੍ਰਮੇਸ਼ਵਰਕੋ ਚਿਤ ਕਰਣਾ, ਇਸਕੀ ਕਲਆਨਕਾ ਸਾਧਨਹੀਹੈ॥ ਜੋ ਵੀਚਾਰ ਕਰ ਕਰ ਕਹੇਗਾ,ਤੋ ਵੀਚਾਰ ਦ੍ਵਾਰਾ ਜਗਤ ਪਰਮੇਸ੍ਵਰ ਰੂਪਹੀ ਸਿਧ ਹੋਵੇਗਾ॥ ਜੈਸੇ ਸ੍ਵਪਨਮੋ ਆਪਣਾ ਸੰਕਲਪਹੀ ਤੋ ਜਗਤ ਰੂਪ ਹੋਤਾਹੈ, ਦੂਸਰਾ ਕਛ ਭੀਤੋ ਨਹੀ ਹੋਤਾ॥ ਤੈਸੇਹੀ ਇਹ ਜਗਤ ਪਰਮੇਸ਼ੁਰਕਾ ਸੰਕਲਪਹੈ॥ ਅਰਜੋ ਸਵਪਨ ਸ੍ਰਿਸਟਕੋ ਮਿਥਯਾ ਮਾਨੀਏ,ਤੋ ਹੋਵੇ ਸਵਪਨ ਸ੍ਰਿਸਟ ਮਿੱਥਯਾ; ਜੋ ਸਵਪਨ ਸ੍ਰਿਸਟਕੇ ਦੇਖਣੇ ਵਾਲਾਹੈ, ਸੋਤੋ ਮਿਥਿਆ ਨਹੀ॥ ਤਾਤੇ ਜਗਤ ਮਿਥਯਾ ਰੂਪ ਪਰਮੇਸ਼ੁਰ'ਸਤਿ'ਰੂਪ'ਆਪਣਾ ਆਪ'ਹੀਹੈ। 'ਆਦਿ ਸਚੁ ਜੁਗਾਦਿ ਸਚੁ' ਇਸਕੇ ਅਰਥਮੋ ਇਸਕਾ ਨਿਰਣੈ ਕੀਆ ਹੀਹੈ। ਇਹਜੋ ਨਿਸਚੇਹੈ, ਸੋ ਪਰਮ-ਕਲਿਆਣਕਾ ਸਾਧਨਹੈ॥

ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥

ਪਰਮੇਸ੍ਵਰਨੇ ਜੋ ਸਾਕਾਰ ਪ੍ਰਪੰਚ ਰਚਾਹੈ, ਤਿਸਕਾ ਭੀਤੋ ਕਛ ਅੰਤ ਨਹੀ ॥ ਕਾਹੇਤੇ, ਪਰਮੇਸ਼ੁਰਤੋ ਪਾਰਾਵਾਰ, ਕਿਆਕਹੀਏ ਸਮੁੰਦ੍ਰਹੈ। ਸੁਮੰਦ੍ਰਕਾ ਅੰਤ ਕੋਈ ਕੈਸੇ ਪਾਵੇਗਾ? ਸਮੁੰਦ੍ਰਮੋ ਕਿਆ ਕਿਆ ਕਛਹੈ, ਇਸਕੋ ਕੋਈ ਕੈਸੇ ਜਾਣੇਗਾ? ਤੈਸੇਹੀ ਪਰਮੇਸ਼ੁਰਕੇ ਸੰਕਲਪ ਮੋਤੋ ਅਨੰਤ-ਬ੍ਰਹਮੰਡਹੈ ਤਿਨਕੋ ਕੈਸੇ ਜਾਣੇਗਾ ?

Sri Satguru Jagjit Singh Ji eLibrary NamdhariElibrary@gmail.com

ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ॥

ਇਨ ਬਾਤੋਕਾ ਅੰਤ ਪਾਵਣੇਕੇ ਨਮਿਤ ਕੇਤੇਹੀ ਬਿਲਲਾਹਿ,ਕਿਆ ਕਹੀਏ,ਤਰਸਤੇਹੈ। ਸੋ ਤਰਸਣ ਵਾਲੇ ਕੇਤੇਹੈ; ਤਿਨਕੇ ਅੰਤਤੋ ਪਾਏਹੀ ਨਹੀ ਜਾਤੇ॥ ਪਰਮੇਸ਼ੂਰਤੋ ਅਨੰਤ,ਤਿਸਕੀ ਰਚਨਾਭੀ ਅਨੰਤ,ਜਿਸਕਾ ਅੰਤ ਹੈਹੀ ਨਹੀ ਤਾਤੇ ਪ੍ਰਮੇਸਵਰ ਤੋ ਅਨੰਤ, ਤਿਸਕਾ ਅੰਤ ਕਿਆ ਪਾਵੇਗਾ?

ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥

ਇਸ ਅੰਤਕੋ ਕੋਈ ਜਾਣੈਹੀ ਨਹੀ ਸਕਤਾ॥ ਕਾਹੇਤੇ; ਜੋ ਬਹੁਤ ਕਹੇਗਾ,ਤੋ ਬਹੁਤ ਹੋਤਾ ਚਲਾ ਜਾਏਗਾ। ਜਾਤੇ ਸੰਕਲਪ ਮਾਤ੍ਰਹੈ। ਏਤਾ ਕਹਣੇਕਾ ਇਹੀ ਤਾਤਪਰਯਹੈ। ਏਤਾ ਕਹਣੇਮੋ ਪ੍ਰਮੇਸ਼ੂਰਕਾ ਨਾਮ ਤੋ ਲੀਆ ॥ ਯੇਨ-ਕੇਨ-ਪ੍ਰਕਾਰ ਨਾਮ ਉਚਾਰਣ ਕਰੇ,ਕ੍ਰਿਤਾਰਥਹੀ ਹੋਵੇਗਾ। ਅਬ ਔਰਭੀ ਨਾਮਕੀ ਸਰਵੋਤਮਤੇ ਸਰਬੋਤਮ ਮਹਮਾ ਕਹਤੇਹੈ:-

ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥

ਵਡਾ ਸਾਹਿਬਜੋ ਪਰਮੇਸ਼ੂਰਹੈ,ਸੋਊਚਲ-ਥਾਉ,ਕਿਆ ਕਹੀਏ,ਸਰਬੋਤਮਹੈ;ਕਾਸੀਖੰਡੇ, ਸ਼੍ਰੀਰਾਮਰਾਘਵ ਰਮੇਸ਼ੂਰਾਣ ਵਾਰੇ "ਭਤੇ ਸਮਨਮਥਰਿ ਪੋਪ੍ਰਮਥਾਨੀ ਨਾਥ ਚਾਡੂ ਰਮ ਰਦਨ ਰਿਸੀ ਕਪਤ ਮੁਰਾਰੇ;ਤਿਆ ਜਿਆ ਭਟਾਇਤਿ ਸੰਤਤ ਮਾਯਨੰਤੀ॥"

ਕਾਂਸੀ ਖੰਡਮੋ ਲਿਖਾਹੈ,ਧਰਮ ਰਾਜਾ ਕਹਤੇਹੈ ਯਮ ਦੂਤੋਕੋ "ਹੇ ਸ੍ਰੀ ਰਾਮ! ਹੇ ਰਾਘਵ! ਹੇ ਰਮੇਸ਼ੂਰ! ਹੇਰਾਵ ਣਾਰੇ! ਹੇ ਭੂਤੇਸ! ਹੇ ਮਨਮਥਰਿਪੋ! ਹੇ ਪ੍ਰਧਾਨ ਨਿਧਾਨਹੈ! ਹੇ ਚਾਡੂਰ ਮਰਦਨਾ! ਹੇ ਰਸ਼ੀਕਪਤੇ! ਐਸੇ,ਐਸੇ ਜੋ ਵਿਸ਼ਨ,ਸ਼ਿਵ ਨਾਮੋਕਾ ਨਿਰੰਤਰ ਉਚਾਰਣ ਕਰਤੇਹੈ,ਤਿਨਕੋ ਤੁਮਨੇ ਤਿਆਗਣਾ॥ ਤਿਨਕੇ ਨਿਕਟ ਨਹੀ ਜਾਣਾ॥ ਨਾਮੋ ਉਚਾਰਣ ਕਰਣੇ ਵਾਲਾਤੋ ਜਮਕੀ ਫਾਸੀਤੇ ਛੂਟਾ" ਇਸ ਪਰ ਤੋ ਸਾਸਤ੍ਰੋਕੋ ਕੋਟੋਕੋਟ ਪ੍ਰਮਾਣ ਪਾਈਤੇਹੈ। ਨਾਮ ਬਿਨਾਂ ਪਰਮੇਸ਼ਵਰਨੇ ਕਿਸਕੋ ਯਮ ਫਾਂਸੀਤੇ ਛਡਾਇਆ॥ ਇਸ ਪਰਤੋ ਕੋਈ ਭੀ ਪਰਮਾਣ ਨ ਹੋਵੇਗਾ, ਤਾਤੇ ਨਾਮ ਪਰਮੇਸ਼ੂਰਕੇ ਸਰਬੋਤਮਤੇ ਸਰਬੋਤਮਹੈ ॥ ਅਬ ਨਾਮ ਜਪਣੇ ਵਾਲੇਕੋ ਫਲ ਹੋਤਾਹੈ, ਸੋਈ ਕਹਤੇਹੈ:-

ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥

ਏਤਾ ਬਡਾ ਊਚਾ ਜੋ ਕੋਈ ਹੋਵੇਗਾ, ਸੋ ਤਿਸ ਊਚ ਨਾਮਕੋ ਜਾਣੇਗਾ॥ ਇਹ ਇਸਕਾ ਅਰਥ ਨਹੀ, ਜੋ ਨਾਮ ਏਤਾ ਬਡਾ ਊਚਾ ਜਾਣ ਕਰ ਨਾਮ ਵਿਖੇ ਹੀ ਤਤਪਰ ਹੋਤਾਹੈ, ਸੋ ਨਾਮਕੇ ਪ੍ਰਤਾਪ ਤੇ ਤੇਤਾ ਹੀ ਬਡਾ ਊਚਾਹੋ ਜਾਤਾਹੈ॥ ਜੈਸੇ ਨਾਮ ਕੋ ਜਪ ਕਰ ਲੋਕ ਕ੍ਰਿਤਾਰਥ ਹੋਤੇਹੈ; ਤੈਸੇਹੀ ਤਿਸਕੋ ਭੀ 'ਜਪੁ'ਕਰ ਸੇਵਾ ਕਰ ਕਰ ਕ੍ਰਿਤਾਰਥ ਕਰਤਾਹੈ॥

ਨਨੁ॥ ਜੋ ਨਾਮਹੈ ਤੋ ਸਰਬ ਲੋਕ'ਜਪੁ'ਕਰ,ਨਾਮ ਰੂਪ ਹੀ ਕਿਉ ਨਹੀ ਹੋ ਜਾਤੇ?

ਤਿਸੀਕਾ ਉਤਰ (ਬਾਬਾ ਨਾਨਕ) ਕਹਤੇ ਹੈ॥

ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ॥੨੪॥

ਜੇਤਾ ਬਡਾ ਪਰਮੇਸ਼ੂਰਕਾ ਨਾਮਹੈ,ਤਿਸਕੋ ਪਰਮੇਸ਼ੂਰ ਆਪਹੀ ਆਪ ਜਾਣਤਾਹੈ॥ ਆਪ,ਆਪ ਦੋ ਵਾਰ ਕਹਣੇ ਕਾ ਇਹੀ ਅਰਥਹੈ; ਦੂਸਰਾ ਜਾਣਹੀ ਨਹੀ ਸਕਤਾ। ਅਰ ਜਾਣਭੀ ਓਹੀ ਸਕਤਾਹੈ, ਜਿਸ ਪਰ ਨਦਰੀ ਜੋਹੈ; ਨਦਰ ਕਰਨੇ ਵਾਲਾ ਪਰਮੇਸ਼ੂਰ,ਤਿਸਕੀ ਕ੍ਰਿਪਾ

Sri Satguru Jagjit Singh Ji eLibrary NamdhariElibrary@gmail.com

ਦ੍ਰਿਸਟਹੋਤੀਹੈ;ਅਰ ਕ੍ਰਿਪਾ ਦ੍ਰਿਸਟਭੀ ਤਿਸੀਪਰ ਹੋਤੀ,ਜਿਸ ਅਨੇਕ ਜਨਮੋ ਵਿਖੇ ਪਰਮੇਸ਼ੁਰ ਪ੍ਰੀਤਅਰਥ ਉਤਮ-ਕਰਮ ਕੀਏ ਹੋਤੇਹੈ;ਨਦਰਕਾ ਹੋਣਾ ਕਰਮੋਕੀ ਦਾਤਹੈ; ਗੀਤਾਯੰ: 6:- "ਅਨੇਕ ਜਨਮ ਸੰਸਿਧਿ ਤਤੋ ਯਾਂਤਿ ਪਰਾਮਾਂਗਤਿੰ॥ 54॥" (ਗੀਤਾ:6:54) ਅਨੇਕ ਜਨਮੋ ਕਰ ਕਰ ਸੰਸਿਧ ਹੂਆ ਹੂਆ ਤਿਸਤੇ ਉਪਰਾਂਤ ਪਰਮ ਗਤਿਕੋ ਪ੍ਰਾਪਤਿ ਹੋਤਾਹੈ; ਇਹੁ ਵਿਰੋਧੀ ਵਚਨ ਤੁਮਾਰੇ ਕੈਸੇ ਮਾਨੇਗਾ ?

ਤਿਸਕਾ ਉਤਰ। ਆਦਿ ਵਿਖੇਹੀ ਵਰਨਨ ਕੀਆਹੈ;ਜਹਾ ਅਰਥਮੋ ਵਿਰੋਧ ਪੜਤਾਹੈ,ਤਹਾ ਟੀਕਾਕਾਰ ਬਿਵਸਥਾ ਕਰ, ਕਰ ਵਿਰੋਧ ਮਿਟਾਵਤਾਹੈ। ਅਬ ਬਿਵਸਥਾ ਸ੍ਰਵਣ ਕਰੋ:-

ਸਾਸਤ੍ਰ ਵਚਨੰ:- "ਸੁਕ੍ਰਿਤ ਉਚਾਰਤੰ ਯੈਨ ਹਰੀਰਤਿ ਅੱਖਰ ਦ੍ਵਯੰ॥ ਬਧਾ ਪਰੀਕਰਾ ਤੇ ਨਮੋਖਿਆ ਗਮਨੰ ਪ੍ਰਤੀ"

'ਹਰਿ' ਇਹੁ ਅਖਰੋਕਾ ਜੋ ਯੁਗਮਹੈ, ਇਸਕੋ ਏਕ ਵਾਰਭੀ ਜਿਸਨੇ ਉਪਚਾਰਣ ਕੀਆਹੈ, ਤਿਸਨੇ ਮੁਕਤਿ ਹੋਣੇਕੇ ਨਮਿਤ ਪਟਕਾ ਬਾਧਿਆਹੈ; ਇਸਕਾ ਇਹੀ ਅਰਥਹੈ॥ ਔਰ ਜੇਤੇ ਬੀਜਹੈ ਤਿਨਕਾ ਨਾਸ ਹੋਤਾਹੈ॥ ਅਰ ਮੁਕਤਕਾ ਬੀਜ ਜੋ ਨਾਮਹੈ, ਤਿਸਕਾ ਨਾਸ ਕਬੀ ਹੋਤਾ ਨਹੀ। ਜਿਸਨੇ ਏਕ ਵਾਰ ਨਾਮੋ-ਉਚਾਰਣ ਕੀਆ, ਤਿਸਕੇ ਅੰਤਰ ਵਿਖੇ ਮੁਕਤਕਾ ਬੀਜ ਪੜਾ॥ ਸੋ ਨਾਮ ਇਸਕੋ ਮੁਕਤ ਕੀਏ ਬਿਨਾ ਛੋਡੇਗਾ ਨਹੀ॥ ਜੇਤੋ ਇਸਮੋ ਭਜਨਕੀ ਤੀਬ੍ਰਤਾ ਹੋਵੇਗੀ; ਤੋ ਇਸੀ ਜਨਮਮੋ ਆਪਭੀ ਮੁਕਤ ਹੋਵੇਗਾ ਅਰ ਆਪਣੇ ਪਰਵਾਰਕੋ ਭੀਮੁਕਤ ਕਰੇਗਾ। ਔਰਕੋ ਭੀ ਮੁਕਤ ਕਰੇਗਾ॥ ਅਰਜੋ ਭਜਨਕੀ ਸ਼ਿਥਲਤਾ ਹੋਵੇਗੀ--ਤੋ ਦੂਸਰੇ ਜਨਮ,ਤੀਸਰੇ ਜਨਮ, ਚੌਥੇ ਵਿਖੇ, ਦਸਮੇ, ਬੀਸਮੇ, ਪਚਾਸਵੇ ਵਿਖੇ ਮੁਕਤ ਹੋਇ ਰਹੇਗਾ,ਨਾਮ ਇਸਕੋ ਮੁਕਤ ਕੀਏ ਬਿਨਾ ਛੋਡੇਗਾ ਨਹੀ॥ ਜਿਨਮੋ ਭਜਨਕੀ ਤੀਬ੍ਰਤਾ ਦ੍ਰਿਸਟ ਆਵਤੀਹੈ,ਤਹਾ ਇਹੀ ਨਿਸਚੇ ਕਰਣਾ; ਇਹ ਅਨੇਕ ਜਨਮੋ ਵਿਖੇ ਭਜਨ ਕਰ ਆਏਹੈ, ਅਬ ਇਨਕੋ ਅੰਤਕਾ ਜਨਮੁਹੈ॥ ਜਿਨਮੋ ਜਿਨਮੋ ਭਜਨਕੀ ਸਿਥਲਤਾਹੋ; ਸੋ ਅਬ ਨਏ ਹੀ ਲਗੇਹੈ। ਇਹਤੋ ਸਰਬ ਸਾਸਤ੍ਰ ਪੁਰਾਣਮੋ ਨਿਰਣੇ ਕੀਆਹੈ ॥24॥

ਨੰ.5. ਭਾਈ ਸੰਤੋਖ ਸਿੰਘ ਜੀ 'ਚੂੜਾਮਣੀ' (ਨਿਰਮਲ-ਗਿਆਨੀ)-24

ਅਬ ਅਗਾਰੀ'ਸਰਬ ਰੀਤਿਸੋਂ ਪਰਮੇਸ਼ੁਰਕੋ ਅੰਤ ਨਹੀਂ ਪਾਈਯਤਹੈ',ਯਾਂਕੋ ਬਰਨਨ ਕਰਤਹੈ:-

ਅੰਤੁ ਨ ਸਿਫਤੀ, ਕਹਣਿ ਨ ਅੰਤੁ ॥

ਪਰਮੇਸ਼ੁਰ ਜੋ'ਸਿਫਤ',ਕਿਆ? ਉਸਤਤਿ। ਉਸਤਤਿ ਨਾਮੋਂਕੇ ਸੰਜੁਕਤਿ,ਤਿਸਕੋ ਭੀਅੰਤੁ ਨਹੀਂ,ਜੋ ਏਤੀਕਹੈ। ਸ਼ੇਸ਼ਨਾਗ ਤੇ ਆਦਿ ਕਹਿਤ ਕਹਿਤ ਹਾਰ ਰਹੇਹੈਂ, ਪ੍ਰੰਤੂ ਅੰਤੁ ਨਹੀਂ ਪਾਈਯਤਹੈ। ਜੇ ਕੋਈ ਕਹੇ:ਸਿਫਤਕੇ ਕਹਿਨਹਾਰੇ ਥੋਰੇਹੈ, ਯਾਂਤੇ ਅੰਤ ਨਹੀਂ? ਤਿਸ ਪਰ ਕਹਤਹੈਂ। 'ਕਹਣਿ ਨ ਅੰਤ'। ਕਹਣ ਪਦਤੇ ਅਜਿਹਤੀ ਲੱਛਣਾਮੋਂ ਕਹਨਿ ਵਾਰੇ, ਤਿਸਕੇ ਭੀਅੰਤੁ ਨਹੀਂ, ਜੋ ਕੇਤੇ ਪਰਮੇਸੁਰਕੇ ਗੁਣ ਕਹਨ ਵਾਰੇਹੈ, ਸੋਭੀ ਥੋਰੇ ਨਹੀਂ, ਓਹਭੀ ਸਯੰਤੁ ਹੀਹੈ;ਇਤਯਰਥ। ਇਸ ਤੁਕਮੈਂ ਭੀ ਵਿਸ਼ਖੋਕਤਿ ਕਹਿਨਵਾਰੇ ਜੇ ਬਯੰਤਹੈਂ ਸੋਕਾਰਨ ਸਿਫਤਿਕੋ ਅੰਤ ਲੰਬੋ ਕਾਰਜ ਨਹੀਂ ਭਯੋ।

ਅੰਤੁ ਨ ਕਰਣੈ, ਦੇਣਿ ਨ ਅੰਤ॥

Sri Satguru Jagjit Singh Ji eLibrary NamdhariElibrary@gmail.com

ਪਰਮੇਸੁਰਕੋ ਜੋ ਕਰਤਬਹੈ ਤਿਸਕੋਭੀ ਅੰਤੁ ਨਹੀਂਹੈ, ਜੋ ਕੇਤੋ ਕੀਓਹੈ। ਸੋ ਜੇਤੋ ਕੁਛ ਸਕਾਰ ਕੀਓਹੈ ਸੋ ਸਰਬਹੀ ਲੈਨ ਵਾਰੋਹੈ, ਕੋਈ ਕੁਛ ਚਾਹਤਹੈ, ਕੋਈ ਕੁਛ ਚਾਹਤਹੈ, ਅਪਨੇ ਨਿਰਬਾਹਕੇ ਹੇਤ। ਸੋ ਪਰਮੇਸੁਰ ਹਰ ਤਰਹਕੇ ਕਰਿ, ਸਰਬਕੀ ਪਾਲਨਾ ਕਰਤਾਹੈ। ਤਿਸ ਦੇਬੇਕੋ ਭੀ ਅੰਤੁ ਨਹੀਂਹੈ। ਇਤਯਰਥ। ਇਸ ਤੁਕ ਮੇਂ "ਣਕਾਰ" "ਨਕਾਰ"ਕੀ ਬਰਨ ਮੈਤ੍ਰੀ ਤੇ ਬ੍ਰਿਤਯਾਨੁਪ੍ਰਾਸ ਹੋਤਹੈ॥

ਅੰਤੁ ਨ ਵੇਖਣਿ ਸੁਣਣਿ ਨ ਅੰਤੁ॥

ਪਰਮੇਸੁਰਕੀ ਸ਼ਕਤਿਕੀ ਜੋ ਚਿੱਤ੍ਰਤਾਹੈ ਤਿਸਕੇ ਦੇਖਿਬੇਕੋ ਭੀ ਅੰਤੁ ਨਹੀਂ ਆਵਤਹੈ, ਜੋ ਏਤੀਕ ਚਿੱਤ੍ਰਤਾਹੈ, ਅਰੁ ਪਰਮੇਸੁਰਕੋ ਰਹਿਤ ਜੇ ਸ਼ਬਦਹੈ ਤਿਸਮੈਂ ਅਨੇਕਾਨੇਕ ਜੁਗਤਿ ਜੋਹੈਂ ਤਿਨਕੋ ਅੰਤੁਭੀ ਨਹੀਂਹੈ, ਸੁਣਿਤੇ ਸੁਣਿਤੇ ਅਨੇਕਾਨੇਕ ਸੁਮਤਿ ਚਲੇ ਗਏਹੈਂ,ਪ੍ਰੰਤੂ ਅੰਤੁ ਨਹੀਂ ਪਾਯੋ ਗਯੋ॥ਵਾ ਪਰਮੇਸਰਕੋ ਸਰੂਪ ਨਾਨੱਤਵ, ਵਾ ਸ਼ਕਤਿ,ਇਸਤੇ ਆਦਿ ਔਰ ਜੇਤੀ ਪਰਮੇਸਰਕੀ ਬਾਰਤਾਹੈਂ ਸੁਣਿਤੇ ਸੁਣਿਤੇ ਸਰਬਹੀ ਹਾਰਿ ਕਰਿ ਚਲੇ ਗਏਹੈਂ ਅੰਤੁ ਨਹੀ ਪਾਯੋ,ਇਤਯਰਥ। ਇਸ ਤੁਕਮੇਂ ਭੀ 'ਟਕਾਰ' 'ਨਕਾਰ' ਦੀ ਬਰਨ ਮੈਤ੍ਰੀ ਤੇ ਬ੍ਰਿਤਯਾਨੁਪ੍ਰਾਸਹੈ; ਵਾ ਵਿਸ਼ੇਖੋਕਤਿਹੈ; ਕਾਰਜ ਵੇਖਣ ਅਰ ਸੁਨਨ ਸਰਬਸੋ ਨਹੀਂ ਭਏ।

ਅੰਤੁ ਨ ਜਾਪੈ ਕਿਆ ਮਨਿ ਮੰਤੁ॥

ਪਰਮੇਸਰਕੇ ਮਨਮੇ ਕਿਆ ਮੰਤਹੈ ? ਜੈਸੇ ਪਾਤਿਸ਼ਾਹ ਆਦਿ ਸਲਾਹ ਮਿਲਿਕੇ ਕਰਤਹੈ ਤਿਸਕੋ ਨਾਮ'ਮੰਤ੍ਰ'ਹੈ ਮੰਤ੍ਰ ਬਤਾਵਨਤੇ, ਤਿਸਕੋ ਨਾਮ'ਮੰਤ੍ਰੀ'ਹੋਤਹੈ। ਸੋ ਪਰਮੇਸੁਰਨੇ ਜੋ ਅਗਾਰੀ ਕਰਤਬ ਕਰਨੋਹੈ,ਸੋਈ ਮੰਤ੍ਰ, ਤਿਸਕੋ ਕੋਈ ਨਹੀਂ ਜਾਨ ਸਕਤਿਹੈ, ਜੋ ਕਯਾ ਕਰੇਗੋ।

ਅੰਤੁ ਨ ਜਾਪੈ ਕੀਤਾ ਆਕਾਰੁ॥

ਪ੍ਰਸ਼ਨ: ਪੂਰਬ ਕਰਣੋਤੇ ਕਹਿ ਆਏਹੈ ਅਕਾਰਵਾਨਹੀ ਸਭ ਕਹੈਹੈ, ਬਹੁਤ ਅਕਾਰ ਕਰਨੋ ਕੈਸੇ ਕਹਯੋਹੈ ? ਉੱਤਰ: ਪਰਬ ਜੋਕਰਨੋ ਕਹਯੋ,ਸੋ ਜੜ,ਜੰਗਮ,ਜੀਵਕੋ ਬਰਨਯੋ। ਦੇਣ ਪਦਤੇ ਜਾਨਯੋ ਪਰੇਹੈ; ਈਹਾਂ ਆਪਨੇ ਜੋ ਅਕਾਰ ਆਪਹੀ ਕਰਯੋ, ਤਿਸਕੇ ਅਰਥਹੈ; ਤਿਸਕੋ ਭੀਅੰਤੁ ਨਹੀਂ ਜਾਨਯੋ ਜਾਤਹੈ,ਜੋ ਕੈਸੇ ਕਰਯੋਹੈ,ਰੂਪ ਰੰਗਸੇ ਬਿਹੀਨ; ਇੰਦ੍ਰੀਨ ਤੇ ਅਗੋਚੁਰੁ; ਮਨ, ਬਾਣੀ ਤੇ ਪਰੇ ?

ਅੰਤੁ ਨ ਜਾਪੈ ਪਾਰਾਵਾਰੁ॥

ਆਪਨੋ ਜੋ ਸਰੂਪ ਕਰਯੋ ਤਿਸਕੋ 'ਪਾਰ-',ਪਰਲੋ ਪਾਸ ਨਹੀਂ ਜਾਨ ਪਰਤਹੈ,ਜੋ ਕਹਾਂ ਤਕਹੈ। '-ਵਾਰ' ਉਰਾਰ ਭੀਨਹੀਂ ਜਾਨਯੋ ਪਰਤਹੈਜੋ। ਈਹਾਂਤੇ ਯਾਕੋ ਸਰੂਪ ਅਗਾਰੀਕੋ ਪ੍ਰਮਾਨ ਚਲਯੋਹੈ;ਵਾ'ਪਾਰਾਵਾਰ'ਨਾਮ ਸਮੁੰਦਰਕੋ ਭੀਹੈ, ਜੈਸੇ ਸਮੁੰਦਰਕੋ ਅੰਤੁ ਨਹੀਂਹੈ, ਤੈਸੇ ਬ੍ਰਹਮ ਕੋ ਸਰੂਪ ਬਿਅੰਤਹੈ; ਇਤਯਰਥ। ਇਸ ਅਰਥ ਮੇਂ ਰੂਪਕਾਤਿਸ਼ਯੋਕਤਿ ਹੈ। ਜੇ ਕੋਈ ਕਹੇ ਅੰਤਤੇ ਆਇ ਜਾਤ ਕੋਈ ਲੰਬੇਕੋ ਜਤਨ ਨਹੀਂ ਕਰਤਹੈ। ਤਿਸ ਪਰ ਕਹਤਹੈ:- ਅੰਤ ਕਾਰਣਿ ਕੇਤੇ ਬਿਲਲਾਹਿ॥

ਤਿਸ ਪਰਮੇਸੁਰਕੇ ਅੰਤ ਲੈਬੇ ਹਿਤ ਅਨੇਕਹੀ ਤਰਲੇ ਲੇਤਹੈ। ਜੋਗੀ'ਜੋਗ'ਕਰਿਕੇ, ਬਿਦਯਾਵਾਨ ਬਿਦਯਾ ਕਰਿਕੇ,ਇਸਦੇ ਆਦਿ ਔਰੁ ਸਰਬਹੀ ਰੀਤਿਸੋਂ ਅਨੇਕ ਜਤਨ ਕਰਤਹੈਂ,ਪ੍ਰੰਤੂ,ਅੰਤੁ ਨਹੀਂ ਪਾਯੋ ਜਾਤਹੈ; ਸੋਈ ਕਹਤ ਹੈ:- ਤਾਕੇ ਅੰਤ ਨ ਪਾਏ ਜਾਹਿ॥

Sri Satguru Jagjit Singh Ji eLibrary NamdhariElibrary@gmail.com

ਤਿਸ ਪਰਮੇਸੁਰਕੇ ਅੰਤੁ ਪਾਏ ਨਾਹੀ ਜਾਤਿਹੈ। 'ਤਾਕੇ'ਅਰੁ'ਪਾਏ'ਦੋਊ ਜੋ ਪਦਹੈ,'ਬਹੁ-ਬਾਚੀ'ਸ਼ਬਦਹੈ; ਤਾਂਤੇ ਅੰਤਭੀ ਬਹੁਤਹੈ। ਸ਼ਕਤਿਕੋ ਅੰਤੁ ਨਹੀਂ, ਆਕਾਰਕੋ ਅੰਤੁ ਕੋਈਭੀ ਨਹੀਂ ਜਾਨਤਹੈ, ਹਰ ਤਰਹਕੋ ਅੰਤਿ ਲੈਬੇ ਵਾਰੇ ਅਨੇਕ ਜਤਨ ਕਰਤੇ ਹਾਰ ਗਏਹੈ,ਸੋ ਕਿਉਹੂੰ ਕਿਸੀ ਵਸਤੁਕੋ ਅੰਤੁ ਨਹੀਂ ਜਾਨ ਸਕੇਹੈਂ; ਇਤਯਰਥ।

ਇਸ ਸਰਬ ਪਉੜੀ ਮੇਂ ਉਭਯਾਬ੍ਰਿਤ ਦੀਪਕ ਅਲੰਕਾਰ ਹੈ। 'ਅੰਤ' ਪਦੁ ਬਹੁਤ ਦੇਰ ਆਵਨਤੇ ਪਦਭੀ ਵਹੀ ਅਰਥ ਭੀਵਹੀ। ਔਰ ਅਲੰਕਾਰ ਬਿਸ਼ੇਖੋਕਤਿਹੈ:ਅੰਤ ਲੈਨ ਵਾਰੋ ਸਰਬਸੋ ਕਾਰਨ,ਅੰਤ ਲੈਬੇ ਕਾਰਜ ਨਹੀਂਭਯੋ

ਏਹੁ ਅੰਤੁ ਨ ਜਾਣੈ ਕੋਇ॥

'ਏਹੁ'ਕਹੀਏ 'ਇਸੁ' ਅੰਤੁਕੋ ਕੋਈ ਨਹੀਂ ਜਾਨ ਸਕਤਹੈ। 'ਜਾਤਿ'ਮੈਂ ਏਕ ਸ਼ਬਦੁਹੋ ਜਾਤਹੈ ਅੰਤ, ਜੋ ਸਰਬ ਰੀਤਿਕੋ ਕਿਸੇਤੇ ਨਹੀਂ ਪਾਯੋ ਜਾਤਿਹੈ। ਜਾਤਿਮੈਂ ਏਕ ਸ਼ਬਦਕੋ ਅਰਥ ਨਹੀਂ ਕਰੋ,ਤੇ ਪੂਰਬਕੀ ਤੁਕਸੋ ਬਿਰੋਧ ਆਵਤਹੈ। ਪਹਿਲੇ ਬਹੁਤੇ ਅੰਤੁ ਕਹੇਹੈ,ਬਹੁਰ ਕਹਯੋ 'ਏਹੁ ਅੰਤੁ',ਏਕ ਅੰਤਕੋ ਅਰਥ ਐਸੇ ਜਾਨਿਯੇ। ਕਿਉਂ ਨਹੀਂ ਅੰਤੁ ਆਵਤਹੈ ? ਸੋ ਕਹਤਹੈ:-ਬਹੁਤਾ ਕਹੀਐ ਬਹੁਤਾ ਹੋਇ॥

ਜੇ ਬਹੁਤਾ ਕਹੀਏ, ਅਸੰਖਹੀ ਕਾਗਦੁ ਲਿਖ ਕਰਿ ਬਹੁਤਾ ਕਹਯੋ, ਤਿਸਥੀਂ ਫੇਰ ਜਿਸਕੋ ਗਿਨਯੋ ਸੋਬਹੁਤਹੀ ਹੋਤਹੈ, ਪਾਰ ਨਹੀਂ ਪਾਯੋ ਜਾਤਹੈ, ਸਹਸਹੀ ਰਹਤਹੈ; ਇਤਯਰਥ। ਇਨ ਦੋਊ ਤੁਕਨਮੈਂ ਉਕਤਿਨਮਿਤਾ ਵਿਸ਼ੇਖੋਕਤਿ ਅਲੰਕਾਰ ਹੋਤਹੈ। ਬਹੁਤ ਗਿਨਨਤੇ ਬਹੁਤ ਬਹੁਰ ਹੋਤਹੈ,ਯਾਂਤੇ ਅੰਤੁ ਨਹੀਂ ਪਾਯੋ ਜਾਤਹੈ,ਜਿਸ ਹੋਤਨੇ ਕਾਰਨਤੇ ਕਾਰਜ ਨਹੀਂ ਹੋਇ, ਸੋ ਜਹਾਂ ਐਸੇ ਕਹਿ ਦੇਈਏ ਤਹਾਂ ਉਕਤਿ ਨਮਿਤਾ ਹੋਤਹੈ।

ਵਡਾ ਸਾਹਿਬੁ ਊਚਾ ਥਾਉ॥

ਇਸੀ ਹੇਤਤੇ ਬਡਾ ਸਾਹਿਬੁਹੈ,ਜਿਸਕੋ ਕਿਸੀ ਰੀਤਿਸੋਂ ਅੰਤ ਕਿਸੀ ਪਾਸਤੇ ਨਹੀਂ ਪਾਯੋ ਗਯੋ। ਊਚਾ ਸਰਬਤੇ ਸਥਾਨਹੈ ਜਿਸਕੋ,ਜੋ ਦੇਹਮੇਂ ਲਖੀਏ ਤੋਂ ਅੰਤਹਕਰਣਕੀ ਬ੍ਰਿਤਿ ਜਹਾਂ ਨਹੀਂ ਪਹੁੰਚੇ,ਤਹਾਂਤੇ ਉਚੋ ਸਥਾਨਹੈ। ਵਹਿਰ ਦੇਖੀਹੇਤੋ ਇੰਦ੍ਰੀਓਂਸੇ ਅਗੋਚਰਹੈ, ਐਸੇ ਸਰਬ ਤਰਹਸੋ ਊਚੇ ਸਥਾਨਹੈ ਤਿਸ ਕੋ।

ਊਚੇ ਉਪਰਿ ਊਚਾ ਨਾਉ॥

ਸਰਬਜੇ ਜਗਤਮੇਂ ਊਚੇ ਗਿਨੇ ਜਾਤਹੈ ਤਿਨ ਊਚਯੋਂਤੇ ਊਚਾ 'ਸਤਿਨਾਮ' ਹੈ।ਕੈਸਾ 'ਸਤਿਨਾਮ' ਹੈ? ਜੋ ਆਪਨੇ ਜਾਪਕ-ਕੋ ਅਭੇਦ-ਸਰੂਪਕੀ ਪ੍ਰਾਪਤਿ ਕਰਤੁਹੈ,ਜਿਸਤੇ ਬਹੁਤ ਆਵਾਗੋਨ ਨਹੀਂ ਹੋਤਹੈ,ਇਤਯਾਦੀਜੇ ਬਡਾਈਹੈ ਤਿਨ੍ਹੋ ਕਰਿ 'ਸਤਿਨਾਮ' ਸਰਬਤੇ ਊਚਾਹੈ। ਵਾ ਔਰ ਅਰਥ ਭਗਤਿ ਪੱਖਯਮੈਂ:ਨਾਮੀ ਸੇ ਨਾਮਮੇਂ ਅਧਿਕਤਾ ਰਾਖਤਹੈ, ਸੋਈ ਕਹਤਹੈ। ਵਡਾ ਸਾਹਿਬ ਜੋਹੈ ਸਰਬਤੇ ਊਚੇ,'ਸਤਿਨਾਮ'ਤਿਸ ਊਚੇ ਨਾਮੀ ਤੇਭੀ ਊਚੋਹੈ। ਕਿਸ ਰੀਤਿ ਊਚੋਹੈ ? ਊਚੋ ਐਸੇਹੈ: ਜੋ ਪਰਮੇਸੁਰ ਸਰਬ ਥਾਨਮੇਂ ਸਰਬ ਦੇਹਨਮੇਂ ਬਸਤਹੈ; ਜੀਵ ਤਿਸਕੋ ਲਖਿ ਨਹੀਂ ਸਕਤਿਹੈ। ਜੋ ਅਤਿ ਸਮੀਪਤੇ ਅਤਿ ਸਮੀਪ ਭੀਹੈ, ਤੋਭੀ ਸਰਬ ਦੁਖੀਹੈ ਸੰਸਾਰਮੇਂ। ਜੋ 'ਸਤਿਨਾਮ'ਕੋ ਸਿਮਰਨ ਕਰੇ,ਤਿਸਮੇ ਸਰੂਪਕੀ ਲੱਖਤਾਹੋ ਆਵਤਹੈ; ਇਤਯਾਦੀ ਰੀਤਿਤੇ ਨਿਰਗੁਨ-ਸਰਗੁਣ ਦੋਊਨਿਤੇ 'ਨਾਮ'ਕੋ ਉਚਾ 'ਨਾਮ'ਸੇ ਕਹਤੇਹੈ: ਇਤਯਰਥ। ਇਨ ਤੁਕਨਮੇਂ

Sri Satguru Jagjit Singh Ji eLibrary NamdhariElibrary@gmail.com

ਕਾਵ੍ਯਲਿੰਗ ਅਲੰਕਾਰਹੈ। ਵਡਾ ਸਾਹਿਬਤੋ ਸਮਰਥਨੀਯ ਉਚੇ ਪਦਸੇ ਸਮਰਥਨ ਕਰਯ।

ਏਵਡੁ ਊਚਾ ਹੋਵੈ ਕੋਇ॥

ਜੈਸੇ ਸਰਬ ਓਹਤੋ ਊਚਾ ਪਰਮੇਸ਼ਰ ਕਹਯੋ;ਤੈਸੇ ਊਚਾ ਔਰ ਜੇ ਕੋਈ ਹੋਇ ਸ਼ਕਤਿਮੇਂ; ਵਾ ਅਕਾਰਮੇਂ,ਇਸਤੇ ਆਦਿ ਔਰਜੋ ਉਚਾਈਹੈ, ਤਿਸ ਪਰਮੇਸ਼ੁਰ ਜੈਸੀ ਔਰਮੇਂ ਹੋਇ।

ਤਿਸੁ ਊਚੇ ਕਉ ਜਾਣੈ ਸੋਇ॥

ਤਬ ਕੋਈ ਤਿਸੁ ਪਰਮੇਸ੍ਵਰਕੋ ਜਾਣ ਸਕੇ ਆਛੀ ਰੀਤਿਸੋਂ। ਜੇ ਕੋਈ ਬਡੋ ਹੋਇ,ਸੋ ਜਾਣੈ। ਪਾਰਬ੍ਰਹਮਕੀ ਤੋ ਬਰਾਬਰ ਕੋ ਕੋਈਭੀ ਨਹੀਹੇ, ਤੇਅੰਤ ਤਿਸਕੋ ਕੋਈ ਕੈਸੇ ਜਾਣੈ ? ਇਤਯਰਥ। ਇਨ ਦੋਊ ਤੁਕਨਮੈਂ ਲਾਟਾਨੁਪ੍ਰਾਸ ਅਲੰਕਾਰਹੈ। ਊਚੋ ਪਦ ਦੋ ਬੇਰ ਆਵਨਤੇ, ਭਾਵ ਭਿੰਨਹੈ; ਏਵਡ ਊਚੋ ਹੋਇ ਤੇ, ਤਿਸ ਊਚੇ ਕਉ ਜਾਣੇ, ਯਹ ਭਾਵ ਭਿੰਨ।

ਜੇਵਡੁ ਆਪਿ ਜਾਣੈ ਆਪਿ ਆਪਿ॥

ਜੇਤੋ ਬਡ ਆਪਹੈ,ਤਿਸ ਆਪਣੇ ਵੱਡਤਕੋ ਆਪਹੀ ਜਾਨਤਹੈ:ਔਰ ਕੋਈਭੀ ਨਹੀਂ ਜਾਨ ਸਕਤਿਹੈ,ਜੋ ਏਤੇਕੁਹੈ ਔਰਨਤੇ ਬਡੋ ਸੁਨਿਕੇ ਆਪਭੀ ਲੋਕ ਬਡਾ ਕਹਿ ਦੇਤਹੈ,ਪ੍ਰੰਤੂ ਜਾਨਤੋ ਕੋਈ ਨਹੀਂ, ਜੋ ਏਤੋ ਪ੍ਰਮਾਣਹੈ।

ਨਾਨਕ ਨਦਰੀ ਕਰਮੀ ਦਾਤਿ॥੨੪॥

ਸ੍ਰੀ ਨਾਨਕ ਸਾਹਿਬਜੀ ਕਹਤਹੈ: ਅਪਨੀ ਕ੍ਰਿਪਾ ਦ੍ਰਿਸ਼ਟਿ ਕਰਿ,ਅਰ ਕਰਮਨਕੋ ਦੇਖ ਕਰਿ, ਦਾਤਿ ਦੇਤਹੈ। ਜਹਾਂ ਕੁਛ ਦੇਨੋ ਕਰਤਹੈ, ਕਰਤਕੋ ਦੇਖ ਕਰਿ, ਅਰ ਕ੍ਰਿਪਾ ਦ੍ਰਿਸ਼ਟਿ ਕਰਿ ਸੁਖ, ਦੁਖ ਦੇਤਹੈ।

ਪ੍ਰਸ਼ਨ:- ਕ੍ਰਿਪਾ-ਦ੍ਰਿਸ਼ਟਿ ਕੋ ਦੇਖ ਕਰਿ ਦੇਤਹੈ;ਤਬ ਕਰਮਨਕੋ ਕਹਿਨ ਨਹੀਂ ਬਨਤਹੈ; ਜੇ ਕਰਮਨਕੋ ਪਛਾਨ ਕਰਿ ਦੇਤਹੈ, ਤੋ ਕ੍ਰਿਪਾ-ਦ੍ਰਿਸ਼ਟਿ ਕਹਿਨ ਨਹੀਂ ਬਨਤਹੈ ?

ਉੱਤਰ:- ਅਗਲੀ ਜੋ ਪਉੜੀਹੈ ਤਿਸੇਮੇਂ ਦੋਊ ਰੀਤਿਕੀ ਦਾਤਿ ਬਰਨਨ ਕਰਨੀਹੈ; ਯਾਂਤੇ ਨਦਰਿ ਕਰਨਵਾਰ ਜੋ ਨਦਰੀਹੈ,'ਕ੍ਰਿਪਾ'ਕੋ (ਅਧਯਾਹਾਰ)'ਨਦਰਿ'ਪਦਸੇ; ਜਹਾਂ ਕ੍ਰਿਪਾਸੋ ਦੇਖਨੋ ਹੋਇਗੋ,ਤਹਾਂ ਨਦਰਿ ਪਦੁ ਬਨਤਹੈ। ਤਾਂਤੇ ਆਪਨੇ ਸੇਵਕਕੋ ਕ੍ਰਿਪਾ ਦ੍ਰਿਸ਼ਟੀ ਦੇਖ ਕਰਿ ਸਤਿ, ਸੰਤੋਖੁ ਆਦਿ ਗੁਣ ਬਖਸ਼ਤੇਹੈ, ਸਮੇਤ ਸਤਿਨਾਮਕੇ; ਸੇਵਕ ਜੋ ਭਾਣੋ ਮਨਨ ਵਾਲੇ। ਅਰੁ ਕਰਮਨਕੋ ਦੇਖ ਕਰਿ ਸੁਖ, ਦੁਖ ਦੇਤਹੈ। ਇਸੀ ਹੇਤਤੇ ਸਤਿਗੁਰੋਂਨੇ ਦੋਊ ਪਦ ਧਰੇਹੈ: ਨਦਰੀ ਅਰ ਕਰਮੀ, ਐਸੇ ਜਾਨੀਐ; ਇਤਯਰਥ।

ਪੂਰਬਕੀ ਤੁਕਮੇਂ ਪਰਸੰਖਯਾਲੰਕਾਰ ਹੈ,ਔਰਨਤੇ ਜਾਨਣੋ ਸਰਜਿ ਕਰਿ ਏਕ ਪਾਰਬ੍ਰਹਮਮੇਂ ਠਹਿਰਾਯੋ ; ਦੂਸਰੀ ਤੁਕਮੇਂ'ਨਦਰਿ','ਕਰਮੀ' ਏ ਦੋਊ ਕਾਰਣਹੈ,ਦਾਤਿ ਕਾਰਜਹੈ, ਏਕ ਸੰਗਮੇਂ ਕਹਨਤੇ ਹੇਤਾਲੰਕਾਰ।

ਨੰ.6. ਨਿਰਮਲ ਸੰਤ ਪੰਡਿਤ ਤਾਰਾ ਸਿੰਘ ਜੀ'ਨਰੋਤਮ'(ਖਟ-ਦਰਸ਼ਨੀ)-24

ਹੇ ਗੁਰੋ! ਮਤ ਹੋਵੇ ਕਹਨੇ ਮੇ ਤਿਸ ਕਾ ਪਰਿਛੇਦ, ਤੋ ਭੀ ਬ੍ਰਹਮ ਕਾ ਜੀਵ ਮੇ ਅਭੇਦ ਮਾਨਤੇ ਹੋ, ਔ ਜੀਵ ਕੀ ਵੇਦ ਸੇ ਅਗਨਿ ਸੇ ਵਿਸਫੁਲਿੰਗੋ ਵਤ ਪਰਮਾਤਮਾ ਸੇ ਉਤਪਤੀ ਮਾਨੀ ਹੈ; ਯਾਤੇ, ਜੀਵ ਸੇ ਅਭੇਦ ਮਾਨਣੇ ਕਰ ਜੀਵ ਵਤ ਤਾਕੀ ਭੀ ਉਤਪਤੀ ਕਰਨੀ ਹੋਵੇਗੀ॥ ਐਸੇ

Sri Satguru Jagjit Singh Ji eLibrary NamdhariElibrary@gmail.com

ਭਯੇ ਘਟਾਦਿਕੋ ਵਤ ਪੁਨਾ ਭੀ ਤਿਸ ਮੇ ਕਾਹੂ ਕਾਲ ਮੇ ਉਪਜਣ ਰੂਪ ਕਾਲ ਪਰਿਛੇਦ ਸਿਧ ਹੋਵੇ ਹੈ॥ ਯਹ ਸੁਨ ਗੁਰੁ ਉਤਰ ਕਹੇ॥

ਅੰਤੁ ਨ ਸਿਫਤੀ, ਕਹਣਿ ਨ ਅੰਤੁ ॥ ਅੰਤੁ ਨ ਕਰਣੈ, ਦੇਣਿ ਨ ਅੰਤੁ ॥

ਅੰਤੁ ਇਤਿ॥ ਈਹਾਂ ਕਰਣ ਪਦ ਉਤਪਤੀ ਬੋਧਕ ਹੈ। ਯਾਤੇ ਹੇ ਸਿਖਯ! ਬ੍ਰਹਮਕਾ ਜੀਵਕੇ ਸਾਥ ਅਭੇਦ ਮਾਨਨੇ ਕਰ ਕਰਣੇ,ਨਾਮ ਉਤਪਤੀਸੇ ਘਟਾਦਿਕੋ ਵਤ ਬ੍ਰਹਮਮੇ ਕਾਲ ਪਰਿਛੇਦ ਨਹੀ ਸਿਧ ਹੋਵੇ;ਯਹ ਅਖਰਾਰਥਹੈ॥

ਭਾਵ ਯਹ:- ਜੋ ਬਚਨ ਜੀਵਕੀ ਉਤਪਤੀਕੇ ਬੋਧਕ ਬਤਾਏਹੈ, ਸੋ ਉਤਪਤੀ ਨਹੀ ਕਹੇ; ਕੇਵਲ ਉਪਾਧੀਸੇ ਪ੍ਰਗਟ ਹੋਨਾ ਕਹੇਹੈ॥ ਐਸੇ ਨਾ ਮਾਨੇ, ਤਬ ਜੀਵਕੋ 'ਅਜ' ਕਹਨੇ ਵਾਲਾ ਬਚਨ ਬਯਰਥ ਹੋਵੇਗੇ॥ ਔ ਅਜ ਕਹਨੇ ਵਾਲੇ ਬਚਨ ਬਯਰਥ ਨਹੀਂ,ਯਾਤੇ,ਜੀਵਕੀ ਉਤਪਤੀ ਨਾ ਸਿਧ ਹੋਨੇਸੇ ਤਿਸਕੇ ਸਾਥ ਅਭੇਦ ਮਾਤ੍ਰਮੇ ਕਹੀ ਬ੍ਰਹਮਕੀ ਭੀਨਹੀ ਬਨੇ॥ ਯਾਤੇ ਬ੍ਰਹਮਮੇ ਉਪਜਨਾ ਰੂਪ ਕਾਲ-ਪਰਿਛੇਦ ਨਹੀ ਬਨੇ, ਯਹ ਭਾਵਹੈ॥

ਹੇ ਗੁਰੋ! ਮਤ ਬਨੋ ਤਿਸਮੇਂ ਕਾਹੂ ਕਾਲਮੇਂ ਉਪਜਣਾ ਰੂਪ ਕਾਲ ਪਰਿਛੇਦ,ਤੋਭੀ ਏਕ ਦਾਨ ਦੇਵੇਹੈ,ਏਕ ਲੇਵੇਹੈ ਔ ਈਸ਼ਵਰ ਸਭ ਦਾਨੀਯੋਕੋ ਦੇਵੇਹੈ,ਐਸੇ ਵੇਦਮੇ ਕਹਨੇਸੇ ਪੁਨਾ ਇਕ ਦਾਤੇ--ਇਕ ਭੇਖਾਰੀਜੀ(384:5) ਤਥਾ,'ਇਕ ਦਾਤਾ ਸਭਹੈ ਮੰਗਾ'(1082:11;437:5) ਐਸੇ ਆਗੇਕੋ ਨਿਜ ਬਾਨੀਮੇ ਕਹਨੇਸੇ ਵਸਤੁ-ਭੇਦ ਬਹ੍ਮਮੇ ਕਾਹੂ ਰੀਤਿਸੇ ਨਹੀ ਦੂਰ ਹੋਵੇ। ਯਹ ਸੁਨ ਗੁਰੁ ਕਹੇ:-

ਦੇਣਿ ਇਤਿ॥ ਹੇ ਸਿਖ! ਏਕ ਪੁਰਖਕੇ ਦੇਨੇ ਰੂਪ, ਔ ਏਕਕੇ ਲੈਨੇ ਰੂਪ ਕ੍ਰਿਯਾਸੇ; ਵਾ, ਸਰਬ ਪੁਰਖੋਕੋ ਲੈਨੇ ਰੂਪ,ਔ ਈਸ਼੍ਵਰਕੇ ਦੇਨੇ ਰੂਪ ਕ੍ਰਿਯਾਸੇ, ਨਿਜ-ਰੂਪ ਬ੍ਰਹਮਕਾ ਅੰਤ,ਨਾਮ ਵਸਤੁ ਪਰਿਛੇਦ ਨਹੀ ਸਿਧ ਹੋਵੈ॥ ਜਿਸ ਕਾਰਣਸੇ ਵੇਦ ਸਰਬ ਭੂਤੋਮੇ ਏਕ ਪਰਮਾਤਮਾ ਕੋ ਬਯਾਪਕ ਕਹੇਹੈ॥ ਪੁਨਾ,"ਤੂੰ ਘਟ ਘਟ ਅੰਤਰ ਸਰਬ ਨਿਰੰਤਰ ਜੀ ਹਰਿ ਏਕੋ ਪੁਰਖ ਸਮਾਣਾ॥"(11:1;384:4;448:6)ਐਸੇ ਗੁਰੁ ਬਚਨ ਕਹੇਹੈ॥ ਯਾਤੇ ਮਾਯਾ ਰਚਿਤ ਦੇਹ ਉਪਾਧੀਯੋਸੇ ਪਰਸਪਰ ਜੀਵੋਂਕਾ ਔ ਜੀਵ ਈਸ਼੍ਵਰਕਾ ਭੇਦ ਰਹੇ ਭੀ--ਵਾਸਤਵਮੇ ਭੇਦ ਨਹੀ॥ ਯਹੀ ਪੂਰਬ ਕਹੇ ਭੇਦ ਪ੍ਰਤਿਪਾਦਕ ਬਚਨੋਕਾ ਤਾਤਪਰਯਹੈ॥ ਯਾਤੇ ਤਿਨਕਾ ਭੀ ਕਹੀ ਰੀਤਿਸੇ ਨਿਰਬਾਹ ਹੋਨੇਤੇ ਅਭੇਦ ਪ੍ਰਤਿਪਾਦਕ ਬਚਨੋ ਸਾਥ ਬਿਰੋਧ ਨਹੀ, ਯਹ ਸਾਰਹੈ॥

ਹੇ ਗੁਰੋ! ਪੂਰਬ ਆਤਮਾਕੇ ਸਾਖਯਾਤਕਾਰ ਰੂਪ ਦੇਖਨੈ ਹੇਤ ਗਾਵੀਯੇ ਸੁਣੀਐ ਮਨ ਰਖੀਯੈ ਭਾਉ'ਐਸੇ ਕਹਿਆ;ਪੁਨਾ ਵੇਦਭੀ 'ਆਤਮਾ' ਦ੍ਰਸਟਬਯਹੈ, ਸ੍ਰੋਤਬਯਹੈ, ਸਤਬ੍ਯਧਹੈ ਐਸੇ ਕਹੈਹੈ॥

ਯਾਤੇ ਦ੍ਰਸਟਾ-ਦ੍ਰਸਟਬਯ, ਸ੍ਰੋਤਾ-ਸ੍ਰੋਤਬਯ, ਮੰਤਾ-ਮੰਤਬਯ ਰੂਪਸੇ ਜੀਵ ਪਰਮਾਤਮਾਕਾ ਸਚਾ ਵਸਤੁ-ਭੇਦ ਸਿਧ ਹੋਨੇਸੇ, ਵਸਤੁ ਭੇਦਕੀ ਹੀਨਤਾ ਰੂਪ ਅਨੰਤਤਾ ਨਹੀ ਸਿਧ ਹੋਵੇ; ਯਹ ਸੁਨ ਗੁਰੁ ਕਹੇ:-

ਅੰਤੁ ਇਤਿ॥ ਹੇ ਸਿਖਯ! ਪੂਰਬ ਕਹੇ ਹਮਾਰੇ ਬਚਨ,ਅਰ ਵੇਦ ਬਚਨ ਦ੍ਰਸਟਾ-ਦ੍ਰਿਸਟਬਯ ਰਪ ਵਸਤ ਭੇਦ ਨਹੀ ਸਿਧ ਕਰੇ; ਕਿੰਤੁ, ਜੀਵ-ਪਰਮਾਤਮਾਕੀ ਏਕਤਾਕੇ ਸਾਖਯਾਤਕਾਰ ਹੇਤ

Sri Satguru Jagjit Singh Ji eLibrary NamdhariElibrary@gmail.com

ਸ਼੍ਰਵਣਾਦਿਕ ਸਾਧਨੋਕਾ ਵਿਧਾਨ ਕਰੇਹੈ॥ ਯਾਤੇ ਦ੍ਰਸਟਬਯ-ਪਦਸੇ ਕਹੇ ਏਕਤਾਕੇ ਸਾਖਯਾਤਕਾਰ ਰੂਪ ਵੇਖਣਸੇ ਜੀਵ ਵੇਖਣ ਵਾਲਾਹੈ, ਪਰਮਾਤਮਾ ਵੇਖਣ ਯੋਗਯਹੈ॥ ਐਸੇ ਜੀਵ ਪਰਮਾਤਮ ਵਸਤੁਯੋਕਾ ਦ੍ਰਸਟਾ-ਦ੍ਰਸਟਬ ਰੂਪਸੇ ਭੇਦ ਨਹੀ ਸਿਧ ਹੋਵੇ; ਉਲਟਾ ਭੇਦਕਾ ਹੇਤੁ ਅਗਯਾਨ ਵੇਖਣਸੇ ਦੂਰ ਹੋਨੇ ਕਰ, ਤਿਸ ਅਗਯਾਨ ਜਨਯ ਉਪਾਧੀਯੋਸੇ ਸਿਧ ਹੁਆ ਕਲਪਤ ਰੂਪ ਭੇਦਭੀ ਸਾਥਹੀ ਦੂਰ ਹੋਵੇਹੈ॥ ਜੈਸੇ ਅਭੇਦਕੇ ਵੇਖਣਸੇ ਅੰਤ ਨਹੀ ਸਿਧ ਹੋਵੇ, ਤੈਸੇ ਤਿਸ ਅਭੇਦਕੇ ਸੁਣਨ ਨਾਮ ਸ਼੍ਰਵਣਸੇ ਭੀ ਅੰਤ ਨਾਮ ਵਸਤੁ ਭੇਦ ਨਹੀ ਸਿਧ ਹੋਵੇ॥ ਯਾਤੇ'ਮੰਤ ਨਾਮ ਮਨਨ ਕਰਨੇ ਵਾਲੇ ਅਧਿਕਾਰੀਕੇ ਮਨ' ਨਾਮ, ਮਨਨ ਸਾਧਨਸੇ 'ਅੰਤ ਨ ਜਾਪੇ' ਨਾਮ, ਮੰਤਾਮੰਤਬਯ ਭਾਵਸੇ ਵਸਤੁ ਭੇਦ ਨਾ ਪ੍ਰਤੀਤ ਹੋਵੇ, ਯਹਤੋ ਕਿਆ ਨਾਮ ਕੈਸੇ ਕਹੈ?॥ ਭਾਵ ਯਹ,ਅਭੇਦਕੇ ਮਨਨ ਸੇ ਵਸਤੁ-ਭੇਦ ਸਿਧ ਹੋਵੇਹੈ, ਯਹ ਕਾਹੂ ਰੀਤਿਮੇ ਨਹੀ ਕਹਿ ਸਕਤੇ॥

ਹੇ ਗੁਰੋ! ਮੈ ਪਰਮੇਸ਼ੂਰਕੋ ਜਾਨਤਾਹੋ, ਇਸ ਕਹਨੇ ਸੇ ਮੈ ਗਯਾਤਾ ਜਾਨਨਾ, ਗਯਾਨ, ਪਰਮੇਸ਼ੂਰ ਗੇਯ, ਐਸੇ ਮੇਰੇ ਗਯਾਨਕਾ ਸਿਧ ਕੀਤਾ ਮੇਰੇਕੋ ਮਹਾ-ਵਸਤੁ ਭੇਦ ਵਾਲਾ ਤ੍ਰਿਪੁਟੀਕਾ ਆਕਾਰ ਭਾਸੇਹੈ॥ ਯਾਤੇ,ਆਪ ਕੈਸੇ ਕਹਤੇਹੈ, ਵਸਤੁ ਭੇਦ ਨਹੀ ? ਯਹ ਸੁਨ ਗੁਰੁ ਕਹੇ:-

ਅੰਤੁ ਇਤਿ॥ ਹੇ ਸਿਖ! ਜਿਸ ਤੇਰੇ ਗਯਾਨਕਾ ਕੀਤਾ ਨਾਮ ਕੀਆ ਹੁਯਾ ਗਯਾਤਾ, ਗਯਾਨ, ਗੇਯ ਰੂਪ ਤ੍ਰਿਪੁਟੀਕਾ ਆਕਾਰ ਤੇਰੇਕੋ ਭਾਸੇਹੈ, ਸੋ ਅਦੁਤੀ ਵਸਤੁਕਾ ਯਥਾਰਥ ਗਯਾਨ ਨਾ ਹੋਨੇਸੇ, ਤੇਰੇਕੋ ਹੀ ਭਾਸੋ; ਹਮਕੋ ਤੋ"ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ"ਰੂਪ ਜਾਨ ਕਰ'ਅਦੁਤੀ ਵਸਤੁਕੇ ਗਯਾਨ ਯੁਕਤ ਹੋਨੇਸੇ 'ਅੰਤ ਨ ਜਾਪੈ' ਕਹੀਯੇ ਕਿੰਚਿਤ ਮਾਤ੍ਰਭੀ ਭੇਦ ਨਹੀ ਪ੍ਰਤੀਤ ਹੋਵੇ॥ ਯਾਤੇ, ਜੋ ਤੇਰੇਕੋ ਹੋਵੇਹੈ, ਸੋਭੀ ਉਪਾਧਿ-ਭੇਦਸੇ ਹੋਵੇਹੈ;ਯਾਤੇ, ਯਥਾਰਥ ਨਹੀ, ਭ੍ਰਮ ਰੂਪਹੈ॥ ਐਸੇ ਸਿਖਯਕੋ ਭਾਵ ਹੋਤੇ ਤ੍ਰਿਪੁਟੀ-ਭੇਦ ਕੋ ਭ੍ਰਮ ਰੂਪ ਕਰ ਕਰ 'ਥੂਨੀ-ਖ਼ਨਨ-ਨਯਾਯ' ਸੇ ਪੁਨਾ ਅਪਨੈਮੇ ਭੇਦਕਾ ਸਰਬਥਾ ਨਾ ਭਾਨ ਹੋਨਾ ਕਹੇ॥

ਅੰਤੁ ਇਤਿ॥ ਹੇ ਸਿਖਯ! ਵਹੁ ਪਰਮਾਤਮਾ ਪਾਰਾਵਾਰ ਨਾਮ ਪਰਮਾਨੰਦ ਰੂਪ ਮਹਾ-ਸਾਗਰਹੈ, ਔ ਹਮਾਰੀ ਬ੍ਰਿਤੀ ਤਿਸਕੇ ਆਕਾਰਹੋ ਰਹੀਹੈ॥ ਯਾਤੇ, ਸਮੁੰਦਰਕੀ ਥਾਹ 'ਲੇਨੇ ਗਈ ਲਵਣ ਕੀ ਪੁਤਰੀ ਵਗ', ਤਤ-ਸ੍ਵਰੂਪਹੋ ਜਾਨੇਸੇ ਹਮਕੋ ਵਹੁ ਤ੍ਰਿਪੁਟੀਕਾ ਭੇਦ ਨਹੀ ਪ੍ਰਤੀਤ ਹੋਵੇ॥ ਯਾਤੇ'ਅੰਤ ਨ ਜਾਪੈ'ਨਾਮ,ਵਹੁ ਤੇਰੇਕੋ ਦਿਖਾਈ ਦੇਤਾ ਭੇਦ--ਹਮਕੋ ਸਰਬਥਾ ਨਹੀ ਪ੍ਰਤੀਤ ਹੋਵੇ॥

ਹੇ ਗੁਰੋ! ਸਰਬਗਯ ਪਰਮਾਤਮਾਸੇ ਜੀਵ ਭਿੰਨ ਹੋਨੇਕੇ ਯੋਗਯਹੈ॥ ਅਲਪਗ ਹੋਨੇਸੇ ਐਸੇ ਅਨੇਕ-ਵਾਦੀ ਭੇਦ ਸਿਧ ਕਰੇਹੈ। ਯਾਤੇ ਆਪ ਕੈਸੇ ਕਹਤੇਹੈ, ਹਮਕੋ ਭੇਦ ਨਹੀ ਪ੍ਰਤੀਤ ਹੋਵੇ? ਯਹ ਸੁਨ ਗੁਰ ਕਹੇ:-

ਅੰਤੁ ਇਤਿ॥ ਹੇ ਸਿਖਯ! 'ਅੰਤ ਕਾਰਨ' ਨਾਮ ਜੀਵਕੇ ਪਰਮਾਤਮਾਸੇ ਭੇਦ ਜਾਨਨੇ ਹੇਤ 'ਅਨੇਕ-ਵਾਦੀ' ਬਿਲਲਾਹ ਨਾਮ ਭੇਦ ਦੇ ਸਿਧ ਕਰਨੇ ਵਾਲੀ ਅਨੇਕ ਯੁਕਤੀਯੋਕਾ ਬਾਣੀਸੇ ਬਿਸਤਾਰਨਾ ਰੂਪ ਬਿਰਲਾਪ ਕਰੇਹੈ ਪਰੰਤੁ,ਤਿਨ ਯੁਕਤੀਯੋਸੇ ਜੀਵਕਾ ਪਰਮਾਤਮਾਸੇ'ਅੰਤ'ਤਿਨਕੋ ਨ'ਪਾਏ ਜਾਹ'ਨਾਮ ਨਹੀ ਪ੍ਰਾਪਤ ਹੋਵੇ॥ ਜੋ ਨਾ ਪ੍ਰਾਪਤ ਹੁਯੇਕੋ ਮਾਨੇਗਾ,ਤਿਸਕੋ ਦੰਡਹੈ:-'ਜਬ ਇਨਿ ਕਿਛੁ ਕਰਿ ਮਾਨੇ ਭੇਦਾ॥ ਤਬ ਤੇ ਦੁਖ ਡੰਡ ਅਰੁ ਖੇਦਾ" (235:16) ਇਤਯਾਦਿ॥

Sri Satguru Jagjit Singh Ji eLibrary NamdhariElibrary@gmail.com

ਹੇ ਗੁਰੋ! ਜੋ ਜੀਵ-ਬਰ੍ਹਮ ਕਾ ਆਪ ਸਮੇ-ਭੇਦ ਨਾ ਜਾਨ--ਏਕ ਜਾਨੇ, ਤਿਸਕੋ ਬੇਦਾਦਿਕ ਬਚਨ ਕਿਆ ਫਲ ਮਿਲਨਾ ਕਹੇਹੈ ? ਯਹ ਸੁਨ ਕਹੇ:-

ਏਹੁ ਇਤਿ॥ ਹੇ ਸਿਖਯ! ਵਾਸਤਵਤੇ ਅਦੁਤੀ-ਰੂਪਜੋ'ਅਪਨਾ-ਆਪ'ਹੈ, ਤਿਸਮੇ ਅਨੇਕ-ਵਾਦੀਯੋ ਕਾ ਮਿਥਯਾ ਮਾਨਾ ਹੂਯਾ ਜੋ ਏਹ 'ਅੰਤ' ਨਾਮ ਭੇਦ; ਤਿਸਕੋ, ਜੋ ਗੁਰੁਕੇ ਉਪਦੇਸ ਦੁਆਰਾ ਏਕ ਜਾਨ ਕਰ ਨਾ ਜਾਨੇ, ਤਿਸ ਪੁਰਖਕੋ ਬੇਦ-ਗੁਰ ਬਚਨੋਸੇ 'ਬਹੁਤਾ ਕਹੀਯੇ' ਨਾਮ, ਸਰਬ ਬਯਾਪੀ ਬ੍ਰਹਮਹੀ ਕਹੀਯੇਹੈ॥ ਅਰਥਾਤ ਤਿਸਕੋ ਸਰਬ ਬਯਾਪੀ-ਬ੍ਰਹਮ ਰੂਪ ਕਹੇਹੈ॥ ਕੌਨ ਬਚਨ ਕਹੇਹੈ ? ਇਸ ਇਛਾਮੇ ਬ੍ਰਹਮਕੋ ਜਾਨ ਕਰ, ਬ੍ਰਹਮ ਗਯਾਨੀ ਬ੍ਰਹਮਹੀ ਹੋਵੈਹੈ; ਅਰਥਸੇ ਯਹ ਬੇਦ ਬਚਨ ਪੜੇ ਗੁਰ ॥

ਬਹੁਤਾ ਇਤਿ॥ ਬਹੁਤਾ ਅਰ ਬ੍ਰਹਮ ਸਬਦ ਏਕ ਅਰਥ ਵਾਲੇਹੈ॥ ਯਾਤੇ'ਬਹੁਤਾ ਹੋਇ'ਨਾਮ ਬ੍ਰਹਮ ਰੂਪਹੀ ਹੋਵੈਹੈ;ਯਹ ਬੇਦ ਬਚਨ ਕਹੇਹੈ॥ ਤਥਾ,'ਹਰਿ ਹਰਿਜਨ ਦੋਇ ਏਕ' (6:60)"ਬ੍ਰਹਮ ਗਯਾਨੀ ਆਪ ਪਰਮੇਸਰ"(274:1) "ਜਬ ਇਸਤੇ ਸਭ ਬਿਨਸੇ ਭਰਮਾ॥ ਭੇਦ ਨਹੀਹੈ ਪਾਰਬ੍ਰਹਮਾ"(235:15)'ਇਤਯਾਦਿ ਨਿਜ ਬਚਨ ਕਹੇਹੈ। ਯਾਤੇ ਬ੍ਰਹਮ ਰੂਪ ਹੋਨਾਹੀ, ਭੇਦ ਨਾ ਦੇਖਨੇ ਕਾ ਫਲ ਮਿਲੇ ਹੈ॥

ਹੇ ਗੁਰੋ! ਕਹੀ ਗਯਾਨੀ ਕੀ ਬ੍ਰਹਮ-ਸ੍ਵਰੂਪਤਾ ਕਿਆ, ਜਾਗ੍ਰਤ ਸਥਾਨ ਹੈ, ਵਾ ਸੁਪਨ, ਸੁਖੁਪਤੀ ਮੇ ਕੋਊ ਏਕ ਸਥਾਨ ਹੈ? ਯਹ ਸੁਨ ਗੁਰੁ ਕਹੇ।

ਵਡਾ ਇਤਿ॥ ਵਡਾ ਸਾਹਿਬ ਨਾਮ,ਬਯਾਪਕ ਬ੍ਰਹਮ ਸਵਾਮੀ-ਗਯਾਨੀਕਾ ਨਿਜ ਰੂਪ,ਊਚਾ ਥਾਉ,ਨਾਮ ਤੁਰੀਆ ਚੈਤਨਯ ਰੂਪ ਚੌਥਾ ਸਥਾਨਹੈ॥ ਅਸਤ-ਜੜ ਦੁੱਖ ਰੂਪ ਹੋਨੇਸੇ ਬਿਨਾਸੀ ਔ ਤੁਛ ਰੂਪ ਜਾਗ੍ਰਤਸ੍ਵਪਨਨਿੰਦ੍ਰਾ ਤੀਨੋਮੇ ਕੋਈ ਨਹੀ॥

ਹੇ ਗੁਰੋ! ਉਸ ਤੁਰੀਆ ਪਦ ਚੌਥੇ ਸਥਾਨਕਾ ਗਯਾਨ ਕੈਸੇ ਹੋਵੇ? ਯਹ ਸੁਨ,ਵੈਸੇ ਨਾਮਸੇ ਹੋਵੈਹੈ ਯਹ ਕਹੇ:-

ਊਚੇ ਉਪਰਿ ਇਤਿ॥ ਹੇ ਸਿਖਯ! ਸਰਬਸੇ ਊਚਾ ਸਥਾਨਜੋ ਤੁਰੀਆਪਦਹੈ,ਤਿਸ ਊਚੇ ਉਪਰ ਕਹੀਯੇ ਤਿਸ ਅਸਥਾਨਪਰ,ਭਾਵ ਤਿਸ ਸਥਾਨਕਾ ਪ੍ਰਤਿਪਾਦਕ ਜੋਇਹ ਜਗਤ'ਹਰਿਕਾ ਰੂਪਹੈ ਹਰਿ ਰੂਪ ਨਦਰੀ ਆਇਆ' (722:2) ਇਤਯਾਦਿ ਬਿਧਿ ਬਚਨ ਰੂਪ ਨਾਮਹੈ; ਸੋਭੀ ਊਚਾ ਹੋਇ ਸਰਬ ਨਾਮੋਸੇ ਊਚੇਹੈ, ਯਾਤੇ ਉਤਮ ਤੁਰੀਆ-ਪਦਕੇ ਬੋਧਕ ਬਚਨੋਸੇ ਉਸ ਤੁਰੀਆ ਅਸਥਾਨੋਕੋ ਜਾਨੋ॥ ਇਸ ਪ੍ਰਕਾਰ ਬ੍ਰਹਮਕੇ ਗਯਾਨਕਾ ਹੋਨਾ, ਗੁਰਕੇ ਉਪਦੇਸ ਰੂਪ ਨਾਮੋਸੇ ਕਹ ਕਰ, ਅਬ ਮੁਕਤੀ ਗਯਾਨਸੇ ਹੋਵੈਹੈ, ਯਹ ਕਹੇਹੈ॥

ਏਵਡੁ ਇਤਿ। 'ਏਵਡ ਊਚਾ'ਕਹੀਯੇ ਜਿਤਨਾ ਵਡਾ ਊਚਾ ਪੀਛੇ ਤੁਰੀਆਪਦ ਕਹਿਆਹੈ,ਇਤਨਾ ਊਚਾ ਭਾਵ ਤੁਰੀਆ ਸ੍ਵਰੂਪ ਬ੍ਰਹਮ ਹੋਵੇ ਕੋਇ ਅਧਿਕਾਰੀ ਪੁਰਖ ਹੋਵੈਹੈ; ਜੋ ਕੋਈ ਹੋਵੇ ਸੋਗਯਾਨਸੇ ਹੀਹੋਵੈਹੈ,ਯਹ ਕਹੇ॥

ਤਿਸੁ ਇਤਿ॥ ਤਿਸ ਊਚੇਕੋ,ਤੁਰੀਆ ਪਦ ਪਰਮਾਤਮਾਕੋ ਜੋ ਗੁਰਕੇ ਉਪਦੇਸਸੇ ਜਾਨੇ, ਸੋਇ ਨਾਮ ਵਹੀ ਤੁਰੀਆਪਦਕੋ ਪ੍ਰਾਪਤਹੋਵੇ, ਇਸੀ ਭਾਵਪੇ'ਗੁਰੁ ਸਬਦ ਦ੍ਰਿੜਾਇਆ ਪਰਮਪਦੁ ਪਾਇਆ ਦੁਤੀਯਾ ਗਏ ਸੁਖਹੋਊ"(535:2) ਇਤਯਾਦਿਕ ਗੁਰੁ ਬਚਨਹੈ:ਅਬ ਜਿਸਕੀ

Sri Satguru Jagjit Singh Ji eLibrary NamdhariElibrary@gmail.com

ਪਰਮੇਸ਼੍ਵਰਮ ਭਗਤੀਹੈ,ਅਰ ਪਰਮੇਸ਼੍ਵਰਕੇ ਸਮਾਨ ਗੁਰੂਮੇ ਭਕਤੀਹੈ, ਤਿਸਕੋ ਯਹ ਗਯਾਨ ਰੂਪ ਦਾਤ, ਤਿਨ ਦੋਨੋਸੇ ਮਿਲੈਹੈ, ਯਹ ਕਹੈ।

ਜੇ ਇਤਿ॥ 'ਆਪੇ'ਪਦ ਆਤਮਾਕਾ ਵਾਚਕਹੈ,ਆਤਮਾ-ਈਸ਼ਵਰਕਾ,ਜੀਵਕਾ ਅੰਤਕਰਣਕਾ''ਸਭਕਾ ਨਾਮ'' ਯਾਤੇ'ਜੇਵਡ ਆਪ'ਕਹੀਯੇ ਜਿਤਨਾ ਵਡਾ ਸ਼ੁਧ ਕੀਆ ਹੁਯਾ ਈਸ਼੍ਵਰ ਪਦਕਾ ਅਰਥ ਪਰਮਾਤਮਾਹੈ, ਤਿਸਕੋ ਜੋ ਪੁਰਖ'ਆਪ'ਨਾਮ ਅਪਨਾ ਸ੍ਵਰੂਪ ਕਰ ਜਾਣੇ, 'ਆਪ'ਨਾਮ ਅੰਤਾਕਰਣਮੇ ਜਾਣੇਹੈ,ਤਿਨਕੇ ਪ੍ਰਤਿ ਗੁਰੁ ਕਹੇਹੈ ਇਸ ਅਪਣੇ ਰੂਪ ਗਯਾਨਕੀ ਦਾਤ ਨਾਮ ਦੇਨਾ ਪ੍ਰਸੰਨਹੋ ਕਰ'ਨਦਰੀ'ਨਾਮ ਬ੍ਰਹਮ ਗਯਾਨ ਗੁਰੁ ਕਰੇਹੈ॥ ਪੁਨਾ, ਕਰਮੀ ਕਹੀਯੇ ਭਗਤੀਸੇ ਪ੍ਰਸੰਨਹੋ ਕਰ ਜਗਤ ਰੂਪ ਕਰਮ ਵਾਲਾ ਪਰਮੇਸ਼੍ਵਰ ਕਰੇਹੈ--ਔਰ ਕੋਈ ਨਹੀ ਕਰ ਸਕੇ ॥24॥

ਨੰ.7. ਨਿਰਮਲ-ਸੰਪ੍ਰਦਾਈ ਗਿ:ਬਦਨ ਸਿੰਘ ਫਰੀਦਕੋਟ ਟੀਕਾ-24

ਅੰਤੁ ਨ ਸਿਫਤੀ ਕਹਣਿ ਨ ਅੰਤੁ॥
ਅੰਤੁ ਨ ਕਰਣੈ ਦੇਣਿ ਨ ਅੰਤੁ॥

ਹੇ ਸਿਧੋ ਨ ਤੋ ਤਿਸ (ਸਿਫਤੀ) ਅਕਾਲ ਪੁਰਖ ਕਾ ਅੰਤੁ ਹੈ ਔਰ ਨ ਤਿਸ ਕੀ (ਕਹਣਿ) ਉਸਤੁਤੀ ਵਾ ਉਸਤੁਤੀ ਕਰਨ ਵਾਲਜੋ ਕਾ ਅੰਤੁ ਹੈ (ਕਰਣੈ) ਕਰਿਣੇ ਵਾਲਜੋ ਕ੍ਰਤੱਬੋਂ ਕਾ ਭਾਵ ਪ੍ਰਪੰਚ ਕੀ ਰਚਨਾ ਆਦਿਕ ਕਾ ਭੀ ਅੰਤੁ ਨਹੀਂ ਹੈ ਵਾ ਜਪ ਤਪ ਆਦਿਕ ਜੋ ਕਰਨੇ ਮੈ ਆਵਤੇ ਹੈਂ ਤਿਨਕਾ ਭੀ ਅੰਤ ਨਹੀਂ ਜੋ ਜੀਵਾਂ ਕੋ ਦਾਨੁ ਦੇਤਾ ਹੈ ਤਿਸ ਕਾ ਭੀ ਅੰਤੁ ਨਹੀ ਹੈ ਵਾ ਦਾਤਜੋ ਕਾ ਭੀ ਅੰਤੁ ਨਹੀਂ ਹੈ॥

ਅੰਤੁ ਨ ਵੇਖਣਿ ਸੁਣਣਿ ਨ ਅੰਤੁ॥
ਅੰਤੁ ਨ ਜਾਪੈ ਕਿਆ ਮਨਿ ਮੰਤੁ॥

ਉਸਕੇ ਦੇਖਨੇ ਹਾਰੇ ਗਯਾਨੀਜੋਂ ਕਾ ਭੀ ਅੰਤੁ ਨਹੀਂ ਹੈ। ਸ੍ਰਵਣ ਕਰਨ ਹਾਰੇ ਜਗਜ਼ਾਸੀਯੋਂ ਕਾ ਭੀ ਅੰਤੁ ਨਹੀਂ ਜਾਨਾ ਜਾਤਾ ਜੋ ਅਕਾਲ ਪੁਰਖ ਕੇ ਮਨ ਮੇ ਕਜਾ (ਮੰਤੁ) ਮੰਤ੍ਰ ਭਾਵ ਸਲਾਹ ਹੈ॥

ਅੰਤੁ ਨ ਜਾਪੈ ਕੀਤਾ ਆਕਾਰੁ॥
ਅੰਤੁ ਨ ਜਾਪੈ ਪਾਰਾਵਾਰੁ॥

ਜੜ ਜੰਗਮ ਰੂਪੁ ਜੋ ਸ੍ਰਿਸ਼ਟੀ ਕਾ ਅਕਾਰੁ ਕੀਆ ਹੈ ਤਿਸ ਕਾ ਭੀ ਅੰਤੁ ਨਹੀਂ ਜਾਨਾ ਜਾਤਾ ਔਰ ਉਰਾਰ ਪਾਰ ਕਾ ਭੀ ਅੰਤੁ ਨਹੀਂ ਜਾਨਾ ਜਾਤਾ॥

ਅੰਤ ਕਾਰਣਿ ਕੇਤੇ ਬਿਲਲਾਹਿ॥
ਤਾ ਕੇ ਅੰਤ ਨ ਪਾਏ ਜਾਹਿ॥

ਹੇ ਸਿਧੋ ਤਿਸ ਕਾ ਅੰਤੁ ਲੇਨੇ ਵਾਸਤੇ ਕਿਤਨੇ ਹੀ ਜੀਵ (ਬਿਲਲਾਹਿ) ਰੁਦਨੁ ਕਰਤੇ ਹੈਂ ਤਿਸ ਅਕਾਲ ਪੁਰਖ ਕੇ ਗੁਣੋਂ ਕੇ ਅੰਤ ਤਿਨਸੇਂ ਨਹੀਂ ਪਾਏ ਜਾਤੇ ਹੈਂ॥

ਏਹੁ ਅੰਤੁ ਨ ਜਾਣੈ ਕੋਇ॥
ਬਹੁਤਾ ਕਹੀਐ ਬਹੁਤਾ ਹੋਇ॥

ਏਹੋ ਹੀ ਅੰਤੁ ਹੈ ਐਸੇ ਕੋਈ ਨਹੀਂ ਜਾਨਤਾ ਹੈ ਜਿਤਨਾਂ ਬਹੁਤੁ ਕਹਤੇ ਹੈਂ ਇਤਨਾ ਹੀ ਕਹਿਣੇ ਵਾਸਤੇ ਬਹੁਤੁ ਹੋ ਜਾਤਾ ਹੈ ਭਾਵ ਸਾਰਾ ਕਹਿਣੇ ਮੈ ਨਹੀਂ ਆਵਤਾ॥

Sri Satguru Jagjit Singh Ji eLibrary NamdhariElibrary@gmail.com

ਵਡਾ ਸਾਹਿਬੁ ਊਚਾ ਥਾਉ॥
ਊਚੇ ਉਪਰਿ ਊਚਾ ਨਾਉ॥

ਇਸ ਕਰਕੇ ਵਹੁ ਸਾਹਿਬੁ ਭੀ ਵਡਾ ਊਚਾ ਹੈ ਔਰ ਉਸ ਕਾ (ਥਾਉ) ਸਚਖੰਡੁ ਬੈਕੁੰਠ ਧਾਮੁ ਭੀ ਵਡਾ ਊਚਾ ਹੈ ਅਰਥਾਤ ਸਭ ਤੇ ਪਰੇ ਹੈ ਗੀਤਾ ਮੈ ਭੀ ਲਿਖਾ ਹੈ ਕਿ ਜਹਾਂ ਪਹੁਚ ਕਰਕੇ ਫਿਰ ਗਿਰਤਾ ਨਹੀਂ ਸੋ ਮੇਰਾ ਪਰਮ ਧਾਮੁਹੈ ਜੋ ਊਪਰਿ ਕਹਿ ਆਏ ਹੈਂ ਤਿਨ ਸਭ ਊਚੋ ਸੇ ਊਚਾ ਪ੍ਰਭੂ ਕਾ ਨਾਮੁ ਹੈ॥

ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥

ਜੋ ਊਪਰ ਵਡਿਆਈ ਕਹਿ ਆਏ ਹੈਂ ਜਬ (ਏਵਡੁ) ਇਤਨਾਂ ਵਡਾ ਊਚਾ ਕੋਈ ਹੋਵੈ॥ ਤਬ ਤਿਸੁ ਊਚੇ ਅਕਾਲ ਪੁਰਖ ਕੇ ਭੇਦ ਕੋ ਜਾਣੈ॥ ਭਾਵ ਏਹਿ ਕਿ ਨ ਕੋਈ ਉਸ ਕੇ ਬਰਾਬਰ ਹੈ ਔਰੁ ਨ ਕੋਈ ਉਸ ਕੇ ਭੇਦ ਕੋ ਇਦੰਤਾ ਕਰਕੇ ਜਾਨ ਸਕਤਾ ਹੈ॥

ਜੇਵਡੁ ਆਪਿ ਜਾਣੈ ਆਪਿ ਆਪਿ॥

ਹੇ ਸਿਧੋ ਜਿਤਨਾ ਵਡਾ ਵਹੁ ਆਪ ਹੈ ਸੋ ਆਪਨੇ ਆਪ ਕੋ ਆਪ ਹੀ ਜਾਨਤਾ ਹੈ॥

ਨਾਨਕ ਨਦਰੀ ਕਰਮੀ ਦਾਤਿ॥ ੨੪॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਸਿਧੋ (ਨਦਰੀ) ਵਾਹਿਗੁਰੂ ਜੀਵੋਂ ਕੇ (ਕਰਮੀ) ਕਰਮਾਂਨੁਸਾਰ ਦਾਤ ਦੇਤਾ ਹੈ॥ ੨4॥

ਨੰ.8. ਨਿਰਮਲ-ਸੰਤ ਪੰਡਿਤ ਸਾਧੂ ਸਿੰਘ ਜੀ ਪੀਲੀਭਤਿ(ਵੇਦਾਂਤੀ)24

ਹੇ ਭਗਵਨ ਜਿਸ ਨਾਮ ਪਰ ਤਤ੍ਵ ਕੇ ਗਿਯਾਨਸੇ ਕੀਟ ਪਤੰਗਕੀ ਤੁਲਿਯਤਾ ਨਹੀ ਹੋਤੀ,ਕਿੰਤੁ ਬ੍ਰਹਮ ਭਾਵਕੀ ਪ੍ਰਾਪਤੀ ਹੋਤੀਹੈ ਸੋ ਪਰਮਤਤ੍ਵ ਸਰਵਸੇ ਬੜਾ ਆਪਨੇ ਨਿਰੂਪਣ ਕਰਾਹੈ; ਅਰਥਾਤ ਸਰਵ ਪ੍ਰਕਾਰਕੇ ਭੇਦਸੇ ਵਰਜਿਤਹੈ,ਯਹ ਕਹਾਹੈ;ਪਰੰਤੁ,ਸੋ ਸਰਵ ਪ੍ਰਕਾਰਕੇ ਭੇਦਮੇ ਰਹਿਤ ਸੰਭਵੇ ਨਹੀਂ; ਕਿਉਂਕਿ,ਆਪ ਤਿਸ ਕੀ ਸਤੁਤਿ ਕਰਤੇਹੈ,ਔਰ ਜਹਾਂ ਸਤੁਤੀ ਹੋਤੀਹੈ,ਤਹਾਂ ਏਕ ਸਤੁਤੀ ਕਰਤਾ ਔਰ ਏਕ ਸਤੁਤੀ ਤਥਾ,ਏਕ ਸਤੁਤੀਕੇ ਯੋਗਯ ਵਸਤੁ,ਇਸ ਪ੍ਰਕਾਰਕੀ ਤ੍ਰਿਪੁਟੀ ਹੋਤੀਹੈ।ਇਸੀ ਪ੍ਰਕਾਰ ਜਬ ਤਿਸਕਾ ਕਥਨਹੈ ਤਬ ਕਥਨ ਕਰਤਾ,ਔਰ ਕਥਨ ਕ੍ਰਿਯਾ,ਤਥਾ ਕਥਨ ਯੋਗਯ ਵਸਤੁ ਰੂਪ ਤ੍ਰਿਪੁਟੀਹੈ,ਇਸੀ ਪ੍ਰਕਾਰ ਜੀਵਕੀ ਉਤਪਤੀਮੇ ਔਰ ਦੋਨੋਮੇਂ ਦੇਖਨੇਮੇ ਸ਼ਰਵਣ ਆਦਿਕੋਮੇਂ ਸ੍ਵਤੰਤਰ ਤ੍ਰਿਪੁਟੀਹੈ;ਜਬ ਤ੍ਰਿਪੁਟੀ ਹੁਈ,ਤਬ ਸਰਵ ਪ੍ਰਕਾਰਕੇ ਭੇਦ ਸੇ ਰਹਿਤ ਕੈਸੇ ਹੋ ਸਕਤਾਹੈ ? ਇਸ ਸ਼ੰਕਾਕੇ ਨਿਕਾਸ ਵਾਸਤੇ, ਸੋਪਾਨ ਕਾ ਆਰੰਭ ਕਰਤੇਹੈ:-

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ॥
ਅੰਤੁ ਨ ਵੇਖਣਿ ਸੁਣਣਿ ਨ ਅੰਤੁ॥

ਔਪਾਧਿਕ ਭੇਦ ਵਾਸਤਵ ਭੇਦਕਾ ਸਾਧਨ ਨਹੀ। ਜੈਸੇ ਦੀਪਕ ਔਰ ਵਰਤੀਕਾ ਤਥਾ ਤੇਲ ਰੂਪ ਉਪਾਧਿਕੇ ਭੇਦਸੇ ਅਗਨਿਕਾ ਭੇਦ ਪ੍ਰਤੀਤ ਹੋਤੇ ਭੀ -- ਅਗਨਿ ਏਕ ਅਦ੍ਵੈਤ ਰੂਪਹੈ॥ ਇਸੀ ਪ੍ਰਕਾਰ (ਸਿਫਤੀ) ਸਤੁਤੀ ਤਥਾ ਕਥਨਸੇ ਜੋ ਭੇਦ ਪ੍ਰਤੀਤ ਹੋਤਾਹੈ, ਸੋ ਦੇਹਾਦਿਕ ਉਪਾਧੀ

Sri Satguru Jagjit Singh Ji eLibrary NamdhariElibrary@gmail.com

ਸੇਹੈ; ਪਰੰਤੂ,ਸੋ ਔਪਾਧਿਕ ਭੇਦ ਵਾਸਤਵ ਅਭੇਦਕਾ ਬਾਧਕ ਨਹੀਂ। ਇਸ ਅਰਥਕੋ ਸ੍ਰੁਤੀ ਪੁਸ਼ਟ ਕਰਤੀਹੈ, ਤਥਾਹਿ:- " "

ਅਰਥ॥ ਜੈਸੇ ਏਕਹੀ ਅਗਨਿ(ਭੁਵਨ)ਅਪਨੇ ਸਥਾਨ ਕਾਸ਼ਟ ਵਰਤੀ ਕਾ ਆਦਿਕ ਮੇ ਪ੍ਰਵ੍ਰਿਸ਼ਟ ਹੁਆ (ਰੂਪਾਰੁਪ)ਤਿਸ ਤਿਸ ਉਪਾਧੀਕੇ ਅਨੁਸਾਰਸੇ(ਪ੍ਰਤਿਰੂਪ)ਤਿਨਕੇ ਸੰਪਰਸ਼ ਹੋਤਾਹੈ॥ ਇਸੀ ਪ੍ਰਕਾਰ ਏਕਹੀ ਸਰਵ ਭੂਤੋਂਕਾ ਅੰਤਰਾਤਮਾ ਤਿਸ ਤਿਸ ਉਪਾਧੀਕੇ ਅਨੁਸਾਰਤੇ ਤਿਨਕੇ ਸੰਘਰਸ਼ ਹੋਤਾ ਹੁਆਭੀ(ਬਹਿਸ਼ਚ) ਸਰਵਪ੍ਰਕਾਰਸੇ ਭੇਦ ਵਰਜਿਤ ਏਕ ਰੂਪਹੈ॥ਕਰਣ ਨਾਮ ਉਤਪਤਿਕਾਹੈ। ਪ੍ਰਕਰਣਮੇ ਜੀਵਕੀ ਉਤਪਤੀ ਲੇਨੀ। ਯਾਤੇ ਪਰਮਾਤਮਾਮੇ ਉਪਾਧੀਕੀ ਉਤਪਤੀਸੇ ਜੀਵਕੀ ਉਤਪਤੀ ਹੁਏਭੀ ਕਾਰਣ-ਕਾਰਯ ਰੂਪਸੇ ਭੇਦ ਨਹੀਂ॥ ਕਿਉਂਕਿ, ਪਰਮ ਤਤ੍ਵ ਰੂਪ ਅਧਿਸ਼ਠਾਨਮੇ ਮਾਯਿਕ ਚਿਤਕੀ ਉਤਪਤੀ ਹੋਨੇਸੇ ਚਿਤੋਪਾਧਿਕ ਜੀਵਕੀ ਉਤਪਤੀ ਕਾ ਵਿਵਹਾਰ ਹੋਤਾਹੈ; ਵਾਸਤਵਤੇ ਜੀਵਕੀ ਉਤਪਤੀ ਨਹੀਂ। ਇਸ ਅਰਥਕੀ ਪੁਸ਼ਟੀ ਵਾਸਤੇ ਸ੍ਰੁਤੀ ਪ੍ਰਮਾਣ ਲਿਖਤੇਹੈ, ਤਥਾਹਿ:- " "

ਅਰਥ॥ ਜੈਸੇ ਅਛੇ ਪ੍ਰਕਾਰ ਪ੍ਰਜਵਲਿਤ ਪਾਵਕ ਸੇ(ਸਹਸਸ਼:) ਆਨੰਤ ਪ੍ਰਕਾਰਸੇ (ਵਿਸਫੁਲਿੰਗ) ਚਿੰਗਾਰੇ (ਸਰੁਪਾ:) ਸਮਾਨਰੂਪ ਵਾਲੇ 'ਪ੍ਰਭਵੰਤੇ) ਉਤਪੰਨ ਹੋਤੇਹੈ॥ ਤੈਸੇ ਜਿਸ ਅਕਸ਼ਰ ਰੂਪ ਪਾਰਬ੍ਰਹਮਸੇ (ਵਿਵਿਧ)ਨਾਨਾ ਪ੍ਰਕਾਰਕੇ ਪਦਾਰਥ ਉਤਪੰਨ ਹੋਤੇਹੈ,ਔਰ ਉਸੀਮੇ ਲੀਨਹੋ ਜਾਤੇਹੈ;ਸੋ ਯਹ ਵਸਤੁ ਸਤਯਹੈ। ਇਸ ਸਥਾਨਮੇਂ ਜੈਸੇ ਕਾਸ਼ਠ ਰੂਪ ਉਪਾਧੀਕਾ ਨਾਨਤ੍ਵ ਭਾਵ ਹੋਨੇਸੇ ਅਗਨਿਮੇ ਨਾਨਾਤ੍ਵ ਭਾਵ ਪ੍ਰਤੀਤੀ ਮਾਤ੍ਰਹੈ, ਇਸੀ ਪ੍ਰਕਾਰ ਪਰਮਤਤ੍ਵਕੀ ਮਾਯਾ ਉਪਾਧੀਕੇ ਨਾਨਾਤਤ੍ਵ ਭਾਵ ਹੋਨੇਸੇ ਪਰਮ ਤਤ੍ਵਮੇਂ ਨਾਨਾਤ੍ਵ ਭਾਵ ਪ੍ਰਾਤੀਤ ਹੋਤਾਹੈ--ਵਾਸਤਵ ਨਹੀਂ॥ ਔਰ, ਮਾਯਾ ਉਪਾਧੀਭੀ ਵਾਸਤ੍ਵ ਭੇਦਕਾ ਸਾਧਕ ਨਹੀਂ,ਕਿਉਂਕਿ; ਮਾਯਾ ਔਰ 'ਬ੍ਰਹਮ'ਕਾ ਤਾਦਾਤਮਯ ਸੰਬੰਧਹੈ॥ ਜਿਨਕਾ ਤਾਦਾਤਮਯ ਸੰਬੰਧ ਹੋਤਾਹੈ, ਉਨਕਾ ਭੇਦ ਹੋਤਾ ਨਹੀਂ॥ ਔਰ ਇਸੀ ਪ੍ਰਕਾਰ ਜੀਵੋਂਕੇ ਪ੍ਰਤਿ ਦਾਨ ਕਰਨੇਸੇ, ਤਥਾ ਪਰਮਾਤਮਾਕੇ ਗਿਯਾਨ ਰੂਪ ਦੇਖਨੇਸੇ,ਤਥਾ ਸ੍ਰਵਣ ਕਰਨੇ ਸੇ ਭੀ ਪਰਮਾਤਮਾਮੇਂ ਵਾਸਤਵ ਭੇਦ ਕਾ ਅਸੰਭਵ ਜਾਨਨਾ॥

ਜੋ ਮਨਨ ਕਰਤਾ ਪੁਰਸ਼ਹੈ, ਸੋ ਸੰਤਹੈ,ਤਿਸਕਾ ਕਰਾ ਹੁਆ ਜੋ(ਮਨ)ਮਨਨਹੈ,ਸੋ(ਕਿਯਾ) ਅਰਥਾਤ ਭੇਦਕੇ ਸਿਧ ਕਰਨੇਮੇਂ ਅਸਮਰਥਹੈ। ਇਸ ਵਾਸਤੇ'ਅੰਤ ਨ ਜਾਪੇ'ਮੰਤ ਮੰਤ੍ਰਯ ਭਾਵ ਰੂਪ ਵਾਸਤ੍ਵ ਭੇਦ ਨਹੀਂ॥ ਔਰ ਜੋ ਪਰਮਾਤਮਾਨੇ ਅਪਨੇ ਮਾਯਿਕ ਸੰਕਲਪਸੇ ਅਵਤਾਰ-ਆਕਾਰ ਕਰਾਹੈ; ਤਿਸਮੇਭੀ ਵਾਸਤਵ ਭੇਦ ਸਿੱਧ ਨਹੀਂ ਹੋਤਾ॥ ਔਰ ਜੋ ਪਾਰਾਵਾਰ ਨਾਮ ਸੰਸਾਰਹੈ, ਤਿਸ ਤੇਭੀ ਵਾਸਤਵ ਭੇਦ ਨਹੀਂ ਹੋਤਾ॥ ਬਹੁਤਸੇ ਤਰਕ ਕਰਨੇ ਵਾਲੇ ਭੇਦਕੇ ਸਿਧ ਕਰਨੇ (ਕਾਰਣ) ਨਿਮਿਤਸੇ (ਬਿਲਲਾਹਿ) ਬਿਲਾਪ ਕਰਤੇਹੈ। ਪਰੰਤੂ,ਤਿਸ ਕਾ ਵਾਸਤਵ ਭੇਦ ਤਿਨਕੋ ਪ੍ਰਾਪਤ ਹੋਤਾ ਨਹੀ। ਤਾਤਪ੍ਰਿਯ ਯਹਹੈ, ਪਰਮਾਤਮਾ ਭੇਦ ਯੁਕਤ:- "ਸਰਵ ਮੰਨਤ੍ਰ ਮੰਨਤਵਿਯਾਦਿ ਵਿਧ ਵਹਾਰ ਵਿਸ਼ਯਤਵਾਤ ਸ਼ਾਸ਼ਤ੍ਰ ਪ੍ਰਤਿਪਾਧ ਭਾਵਾਦਿ ਪਦਾਤਥ ਵਤ" ਪਰਮੇਸ਼ਵਰ ਭੇਦ ਯੁਕਤ ਹੋਨਾ ਯੋਗਕ ਹੈ, ਕਿਉਂਕਿ, ਸਰਵ ਪ੍ਰਕਾਰ ਕੇ ਮੰਤ੍ਰ ਮੰਤ ਵਿਯਆਦਿਕ ਵਿਯਵਾਰ ਕਾ ਵਿਸ਼ਯ ਹੋਨੇ ਸੇ ਸ਼ਾਸ਼ਤ੍ਰ ਕਰਕੇ ਪ੍ਰਤਿਪਾਧ ਭਾਵਾਦਿ ਪਦਾਰਥਵਤ॥ ਇਸ ਪ੍ਰਕਾਰ ਜਬ ਤਾਰਕਿਕ ਲੋਕ ਭੇਦ ਸਿਧ ਕਰਤੇ ਹੈ,ਤਬ ਤਿਸ ਭੇਦ ਕਾ ਔਪਾਧਿਕ ਭੇਦ ਮੇਂ ਪਰਯਵਸਾਨ ਹੋਤਾ ਹੈ,

Sri Satguru Jagjit Singh Ji eLibrary NamdhariElibrary@gmail.com

ਵਾਸਤਵ ਭੇਦ ਨਹੀਂ ਬਨਤਾ ਹੋਯ॥ ਜੇ ਕੋਈ ਅਧਿਕਾਰ ਅਨੇਕ ਪ੍ਰਕਾਰਸੇ ਪ੍ਰਾਤੀਤੀ ਹੋਤੇ ਭੇਦਕੋ ਅਨੁਭਵਮੇ ਸਥਿਤ ਹੋਕਰ ਅਖੰਡ ਬੋਧਸੇ (ਨ ਜਾਨੇ) ਤਬ ਤਿਸਕੋ (ਬਹੁਤਾ ਕਹੀਯੇ) ਸਰਵ ਬ੍ਰਿਹਤ ਜੋ ਬ੍ਰਹਮਹੈ, ਸੋਈ ਕਹਿਨਾ ਚਾਹੀਏ॥ ਕਿਉਂਕਿ,ਸੋ ਅਖੰਡ ਬ੍ਰਹਮਕਾ ਅਨੁਭਵ ਕਰਨੇ ਵਾਲਾ ਆਪਹੀ (ਬਹੁਤਾ) ਬ੍ਰਹਮ ਰੂਪ ਹੋਤਾਹੈ॥ ਇਸ ਸਥਾਨਮੇ ਗੁਰ ਜੀਨੇ ਸ੍ਰੁਤੀ ਪ੍ਰਮਾਣਕੋ ਸੂਚਨ ਕਰਾਹੈ, ਤਥਾਚ ਸ਼੍ਰੁਤੀ:- “ ”

ਅਰਥ॥ (ਹਵੈ) ਨਿਸਚਯ ਕਰਕੇ ਜੋ ਪ੍ਰਸਿੱਧ ਪੁਰਸ਼ ਤਿਸ ਪਰਮ-ਬ੍ਰਹਮ ਕੋ ਜਾਨਤਾਹੈ, ਸੋ ਬ੍ਰਹਮ ਹੀਹੈ॥ ਤਾਤਪ੍ਰਿਯ ਯਹਹੈ, ਅਖੰਡ ਸਾਕਸ਼ਾਤਕਾਰ ਵਾਲੇਕੋ ਕਾਲਾਂਤਰਮੇਂ ਬ੍ਰਹਮਕੀ ਪ੍ਰਾਪਤੀ ਨਹੀਂ ਹੋਤੀ;ਕਿੰਤੁ ਤਤਕਾਲ ਹੀਨਿਤਯ ਮੁਕਤ ਬ੍ਰਹਮ ਰੂਪ ਅਪਨੇ ਆਪਕੋ ਜਾਨਤਾਹੈ।ਹੇ ਭਗਵਾਨ! ਜੋ ਸਰਵ ਪ੍ਰਕਾਰਕੇ ਭੇਦ ਵਰਜਿਤ ਬ੍ਰਹਮਹੈ ਸੋਜਾਗ੍ਰਤ ਸ੍ਵਪਨ ਤਥਾ ਸੁਸੁਪਿਤ ਸਥਾਨ ਵਾਲਾਹੈ,ਅਥਵਾ ਨਹੀਂ? ਇਸ ਪ੍ਰਸ਼ਨਕਾ ਉਤਰ ਲਿਖਤੇਹੈਂ।

ਹੇ ਸ਼ਿਸ਼ਯ ਯਦਪਿ ਸੋਬ੍ਰਹਮ ਸਰਵ ਸਥਾਨੋਂਮੇਂ ਵਾਸਤਵ ਭੇਦ ਵਰਜਿਤਹੈ।ਤਥਾਪਿ,ਉਸਕਾ ਤੁਰੀਯ ਅਵਸਥਾ ਰੂਪ ਸਰਵ ਜਾਗ੍ਰਤ,ਸ੍ਵਪਨ,ਸੁਖੁਪਿਤ ਸਥਾਨੋਂਸੇ ਉਂਚਾ(ਥਾਓ)ਸਥਾਨਹੈ॥ ਏਸੇ ਉਚੇ ਸਥਾਨ ਵਾਲਾ(ਸਾਹਿਬ) ਸਰਵਕਾ ਸਵਾਮੀ (ਵਡਾ) ਵਿਯਾਪਕਹੈ। ਤੁਰੀਯ ਅਵਸਥਾਕਾ ਨਿਰੂਪਣ ਸ਼੍ਰੁਤੀਮੇ ਕਰਾਹੈ; ਤਥਾਹਿ:- “ ”

ਅਰਥ;- ਜਿਸ ਕਾਲ ਮੇਂ ਅਵਸਥਾ-ਤ੍ਰਿਯਕੇ ਅਭਾਵ ਹੋਨੇਸੇ ਭਾਵੋਂਕਾ ਸਾਕਸ਼ੀ(ਸ੍ਵੈ)ਅਪਨੇ ਆਪ ਨਿਰਲੇਪ ਹੋਨੇਸੇ ਸਰਵ ਭਾਵੋਂਸੇ ਰਹਿਤ(ਨਿਰੰਤ੍ਰਯ)ਨਿਰੰਤ੍ਰ ਪ੍ਰਤੀਤ ਹੋਤਾਹੈ;ਤਬ ਤਿਸ ਚੇਤਨਯਕੋ ਤੁਰੀਯ ਕਹਿਤੇਹੈਂ। ਤਾਤਪ੍ਰਿਯ ਯਹਹੈ,ਜਿਸ ਕਾਲਮੇਂ ਕੇਵਲ ਚੇਤਨਯ ਭਾਨ ਹੋਤਾਹੈ, ਉਸਕੋ ਤੁਰੀਯ ਅਵਸਥਾ ਕਹਿਤੇਹੈਂ॥ ਸਰਵਸੇ ਉਚੇ ਤੁਰੀਯ ਚੇਤਨਯਕੇ (ਉਪਰਿ) ਤਿਸਕਾ ਬੋਧਕ ਨਾਮਭੀ ਉਂਚਾਹੈ। ਤਾਤਪ੍ਰਿਯ ਯਹਹੈ, ਤਿਸ ਚੇਤਨਯਕੇ: ਔਂਤ 1, ਅਨੁਗਿਯਾਤ 2, ਅਨੁਗਿਯਾ 3, ਅਵਿਕਲਪ 4, ਯਹ ਨਾਮਹੈ। ਇਨ ਚਾਰੋਂ ਨਾਮੋਂਕਾ ਨਿਰੂਪਣ “ਏਸਾ ਨਾਮ ਨਿਰਜੰਨ ਹੋਯ”ਇਸ ਪੰਕਤੀਕੇ ਵਿਖਿਯਾਨਮੇਂ ਨਿਰਣਨੀਤਹੈ;ਤਿਸਕਾ ਅਨੁਸੰਨਧਾਨ ਕਰ ਲੇਨਾ। ਜੋ ਕੋਈ ਇਤਨਾ ਬੜਾ ਉਚਾ ਹੋਤਾਹੈ, ਸੋ ਤਿਸ ਉਚੇ ਕੋ ਜਾਨਤਾਹੈ। ਤਾਤਪ੍ਰਿਯ ਯਹ ਹੈ “ਤਿਸ ਉਚੇਕੋ ਜਾਨੇ” ਵਿਨਾ ਇਤਨਾ ਉਂਚਾ ਹੋਤਾ ਨਹੀਂ,ਇਸ ਵਾਸਤੇ ਜਿਤਨਾ ਬੜਾ(ਆਪ)ਪਰਮੇਸ਼੍ਵਰਹੈ,ਉਤਨਾ ਵਿਯਾਪਕ (ਆਪਿ) ਅੰਤ:ਕਰਣਮੇਂ (ਆਪਿ) ਅਪਨੇ ਸਾਕਿਸ਼ੀਸ੍ਵਰੂਪ ਆਤਮਾਕੋ (ਜਾਣੇ) ਅਨੁਭਵਕਰੇ॥ ਸ੍ਰੀਗੁਰੂ ਜੀ ਕਹਿਤੇਹੈਂ ਜਿਸਕੋ (ਨਦਰੀ) ਗੁਰੂਕੀ (ਕਰਮੀ) ਜਗਤ ਰੂਪ ਕਰਮਵਾਲੇ ਪਰਮੇਸ਼੍ਵਰਕੀ ਕ੍ਰਿਪਾਸੇ ਸਾਧਨ ਸਾਮਗ੍ਰੀਕੀ ਪ੍ਰਾਪਤੀ ਰੂਪ ਦਾਤ ਹੋਤੀਹੈ,ਸੋ ਤੁਰੀਯ ਵਸਤੂਕੋ ਅਨੁਭਵ ਕਰਤਾਹੈ।ਇਸ ਕਥਨਸੇ ਇਸ਼੍ਵਰ ਗੁਰੂ ਤਥਾ ਅਪਨੀ ਸਾਵਧਾਨਤਾ ਰੂਪ ਆਤਮ ਕ੍ਰਿਪਾ,ਗਿਯਾਨਕੀ ਪ੍ਰਾਪਤੀਮੇਂ ਪੁਸ਼ਕਲ ਸਾਮਗ੍ਰੀ ਬੋਧਨ ਕਹੀ ਜਾਨਨੀ ॥24॥

ਨੰ.9. ਸਾਧੂ ਪੰ. ਹਰਿਪ੍ਰਸਾਦ ਜੀ ਉਦਾਸੀਨ(ਵੇਦਿਕ ਮੁਨੀ)-24

ਈਸ਼ਵਰ ਅਨੰਤ ਗੁਣ-ਪਰਵ-24

ਅੰਤੁ ਨ ਸਿਫਤੀ ਕਹਣਿ ਨ ਅੰਤੁ

ਇਸ਼੍ਵਰ ਕੇ ਗੁਣੋਂਕਾ ਅੰਤ ਨਹੀਂ। ਉਸਕੇ ਕਥਨੋਂ,ਅਰਥਾਤ ਵਾਣੀਯੋਂ(ਭਾਸ਼ਾਵੋ)ਕਾ ਅੰਤ ਨਹੀਂ। ਉਸਕੇ ਕਰਨੇ,ਅਰਥਾਤ ਸ੍ਰਿਸ਼ਟਾਦੀ [illegible] ਅੰਤ ਨਹੀਂ,ਉਸਕੇ ਦਾਨੋਂਕਾ

Sri Satguru Jagjit Singh Ji eLibrary NamdhariElibrary@gmail.com

ਅੰਤ ਨਹੀਂ॥ 1॥ ਉਸਕੇ ਦੇਖਨੇ,ਅਰਥਾਤ ਦ੍ਰਿਸ਼ਟੀਦਾ ਅੰਤ ਨਹੀਂ, ਉਸਕੇ ਸੁਨਨੇ,ਅਰਥਾਤ ਸ਼ਰੁਤੀਕਾ ਅੰਤ ਨਹੀ,ਅੰਤਭੀ ਨਹੀਂ ਜਾਨ ਪੜਤਾ,ਅਰਥਾਤ ਉਸਕਾ ਸਰਿਸ਼ਟੀ ਰਚਨਾਸੇ ਪਹਿਲੇ, ਜੋ ਉਸਨੇ ਸੁਰਿਸ਼ਟੀ ਸੰਕਲਪ ਰੂਪੀ ਮੰਤ੍ਰਣਾ, ਅਰਥਾਤ ਵਿਚਾਰਨਾ; ਮਨਮੇਂ ਕੀ, ਉਸਕਾ ਸ੍ਵਰੂਪ ਨਿਸ਼ਚਯ ਰੂਪਸੇ ਨਹੀਂ ਜਾਨਾ ਜਾਤਾ॥ 2॥ ਜੋ ਅਨੇਕ ਆਕਾਰੋਂ,ਅਰਥਾਤ ਨਾਨਾ ਵਿਧ ਆਕ੍ਰਤਿਯੋਕੇ ਪਦਾਰਥ ਉਸਨੇ ਕਿਯੇ,ਅਰਥਾਤ ਬਨਾਯੇਹੈ, ਉਨਕਾ ਅੰਤਭੀ ਨਹੀਂ ਜਾਨ ਪੜਤਾ। ਉਸਕੇ ਕਿਯ, ਹੁਏ (ਬਨਾਏ ਹੁਏ)ਜਗਤਕਾ ਪਾਰਾਵਾਰ ਰੂਪੀ ਅੰਤਭੀ ਨਹੀਂ ਜਾਨਾ ਜਾਤਾ॥ 3॥ ਇਸ ਜਗਤਕੇ ਸ੍ਵਾਮੀ ਇਸ਼੍ਵਰਕਾ ਅੰਤ ਪਾਨੇਕੇ ਲਿਯੇ ਕਿਤਨੇਹੀ ਬੁਧਿਮਾਨ ਵਿਲਾਪ ਕਰ ਰਹੇ, ਅਰਥਾਤ ਬੁਧੀਯਾਂ ਦੌੜਾਤੇ ਦੌੜਾਤੇ ਥਕ ਗਏਹੈ, ਪਰ ਉਸਕਾ ਅੰਤ ਕੋਈਪਾ ਨਹੀਂ ਸਕਾ॥ 4॥ ਅਧਿਕ ਕਯਾ, ਕਿਸੀ ਪ੍ਰਕਾਰਸੇ ਭੀ ਉਸਕਾ ਅੰਤ ਕੋਈ ਨਹੀਂ ਜਾਨਤਾ। ਜਿਤਨਾ ਬਹੁਤ ਉਸੇ ਕਹਾ ਜਾਤਾਹੈ, ਵਹ ਉਸਸੇ ਔਰ ਬਹੁਤ ਹੋਤਾਹੈ॥ 5॥ ਵਹ ਬੜੇ-ਸੇ-ਬੇੜਾ ਸ੍ਵਾਮੀਹੈ, ਉਚੇ-ਸੇ-ਉਚਾ ਉਸਕਾ ਸਥਾਨਹੈ, ਉਚੇਸੇ ਭੀਉਚਾ ਉਸਕਾ ਨਾਮਹੈ॥ 6॥

ਜੋ ਕੋਈ ਇਤਨਾ ਉਚਾਹੋ। ਵਹ ਉਸ ਉਚੇਕੋ ਜਾਨੇ॥ 7॥ ਵਹ ਅਪਨੇ ਸ੍ਵਰੂਪਸੇ ਜਿਤਨਾ ਬੜੇਸੇ ਬੜਾ, ਅਰਥਾਤ ਮਹਾਨਹੈ, ਉਤਨੇ ਬੜੇ(ਮਹਾਨ) ਅਪਨੇ ਆਪਕੋ ਆਪ ਹੀ ਜਾਨਤਾਹੈ; ਔਰ ਸਬਕੋ ਕਰਮੋਂਕੇ ਅਨੁਸਾਰ ਅਪਨੀ ਅਨੁਗ੍ਰਹਿ ਦ੍ਰਿਸ਼ਟੀਸੇ ਯਥਾਯੋਗਯ ਦਾਨ ਦੇਤਾਹੈ, ਯਹ ਨਾਨਕਕਾ ਦਰਸ਼ਨ, ਅਰਥਾਤ ਨਾਨਕਕੀ ਦ੍ਰਿਸ਼ਟੀਹੈ॥ 8॥

ਭਾਸ਼ਯ- ਇਸ਼੍ਵਰਕੇ ਭਕਤੋਂਕੀ ਕੋਈ ਉਪਮਾ ਨਹੀਂ, ਯਹ ਕਹਾ ਗਯਾ। ਅਬ ਇਸ਼੍ਵਰਕੇ ਗੁਣੋਂਕਾ ਅੰਤ ਨਹੀਂ, ਯਹ ਅਗਲੇ ਪਰਵਮੇਂ ਕਹਾ ਜਾਤਾਹੈ। ਇਸ ਪਰਵਕਾ ਨਾਮ 'ਇਸ਼੍ਵਰ ਅਨੰਤ ਗੁਣ ਪਰਵ' ਔਰ ਮੰਤ੍ਰ ਸੰਖਿਆ ਆਠਹੈ, ਅਰਥ ਅਨੁਵਾਦਸੇ ਸਪਸ਼ਟਹੈ ॥ 24॥

ਨੰ.10. ਭਾਈ ਵੀਰ ਸਿੰਘ ਜੀ (ਆਧੁਨਿਕ)-24

ਪ੍ਰਾਕਥਨ:- ਪ੍ਰਸ਼ਨ ਹੁੰਦਾਹੈ:-ਕਿ ਕਰਤਾ ਪੁਰਖਦੀ ਜਾਤ ਯਾ ਸਿਫਤਾਂ,ਯਾ ਕਰਨਿਆ, ਯਾ ਦਾਤਾਂ ਬਾਬਤ ਏਤੀਦੀ ਸੁਰਤ ਕਿਉਂ ਨਹੀਂ ਪੈਦੀ?

ਉੱਤਰ:- ਉਹ ਬੇਅੰਤਹੈ, ਉਸਦਾ ਤੇ ਉਸ ਸੰਬੰਧੀ ਸਾਰੇ ਕੁਛਦਾ ਅੰਤ ਮਿਤ ਵਾਲੇ ਜੀਵਤੋਂ ਨਹੀਂ ਲਿਆ ਜਾ ਸਕਦਾ। ਇਹ ਗੱਲ ਅਗਲੀ ਪਉੜੀ ਵਿਚ ਦੱਸੀਹੈ।

ਅੰਤੁ ਨ ਸਿਫਤੀ ਕਹਣਿ ਨ ਅੰਤੁ

ਅਰਥ:- (ਕਰਤਾਰ ਕੀਆਂ) ਸਿਫਤਾਂਦਾ ਅੰਤ ਨਹੀਂ, ਨਾਹੀ (ਉਨ੍ਹਾਂ ਸਿਫਤਾਂਦੇ) ਕਹਿਣੇ ਦਾ ਅੰਤਹੈ। (ਕਰਤਾਰ ਦੇ)ਕਰਣਿਆਂਦਾ ਅੰਤ ਨਹੀਂ, ਨਾਹੀ (ਉਸ ਦੀਆਂ ਦਾਤਾਂ) ਦੇਣੇਦਾ (ਕੋਈ) ਅੰਤਹੈ। (ਕਰਤਾਰ ਦਾ) ਦੇਖਣਾ ਅਨੰਤਹੈ (ਉਸਦਾ) ਸੁਣਨਾ ਅਨੰਤਹੈ। (ਕਰਤਾਰਦੇ) ਮਨ ਵਿਚਕੀ ਸਲਾਹਹੈ? (ਇਸਦਾ ਬੀ) ਅੰਤ ਨਹੀਂ ਲਿਆ ਜਾ ਸਕਦਾ। ਅੰਤ ਨਹੀਂ ਪਤਾ ਲਗਦਾ (ਕਦੋਂ) ਕੀਤਾਸੀ ਆਕਾਰ(ਕਰਤਾਰਨੇ ਇਸ ਰਚੀ ਹੋਈ ਰਚਨਾਦਾ, ਤੇ) ਨਾਂਹੀ (ਇਸ ਦੇ) ਪਾਰ ਉਰਾਰਦਾ ਪਤਾ ਲਗਦਾਹੈ। ਅੰਤ(ਨੂੰ ਪਾਉਣ) ਲਈ ਕਈ ਤਰਲੇ ਪਏ ਲੈਂਦੇ ਹਨ, (ਪਰ) ਉਸਦੇ ਅੰਤ ਪਤਾ ਨਹੀਂ ਲਗਦੇ। ਇਸ ਅੰਤਨੂੰ ਕੋਈ ਨਹੀਂ ਜਾਣਦਾ। (ਜਿੰਨਾ) ਬਹੁਤਾ ਕਹੀਦਾਹੈ (ਉੱਨਾ ਹੀ) ਬਹੁਤਾ (ਕਹਿਣੇ ਜੋਗ ਅਜੇ ਹੋਰ) ਹੁੰਦਾ ਹੈ (ਅਮਿਤ ਹੋਣ ਕਰਕੇ,ਉਹ

Sri Satguru Jagjit Singh Ji eLibrary NamdhariElibrary@gmail.com

ਮਾਲਕ (ਹੈ, ਸਭਤੋਂ) ਵੱਡਾਹੈ, (ਉਸਦਾ) ਸਥਾਨ (ਸਭਤੋਂ) ਉੱਚਾਹੈ; (ਉਸ) ਉੱਚੇ (ਸਥਾਨ) ਪੁਰ(ਪਹੁੰਚਣੇ ਲਈ) ਉੱਚਾਹੈ (ਉਸ)ਦਾ ਨਾਉਂਹੈ। ਏਡਾ ਵੱਡਾ ਉੱਚਾ(ਜੇ)ਕੋਈ ਹੋਵੇ(ਜੇਡਾ ਉੱਚਾ ਕਿ ਉਹਹੈ,ਤਾਂ)ਉਸ ਉੱਚੇਨੂੰ ਉਹ ਜਾਣ ਸਕੇ। (ਪਰ) ਜਿੱਡਾ ਵਡਾ ਉਹ ਆਪਹੈ (ਉਹ) ਆਪਹੀ (ਅਪਣੇ) ਆਪ ਜਾਣਦਾਹੈ ਹਾਂ ਆਪਹੀ ਆਪ(ਭਾਵ ਨਿਰਾ ਆਪਹੀ) ਜਾਣਦਾਹੈ। (ਪਰ ਹੇ ਨਾਨਕ! (ਇਹ ਗੱਲ ਨਿਸ਼ਚਿਤਹੈ ਕਿ ਜੋ ਕੁਛ ਮਿਲਦਾਹੈ ਉਸਦੀ ਦਾਤਹੈ ਤੇ) ਦਾਤ (ਉਸਦੀ) ਕ੍ਰਿਪਾ ਦ੍ਰਿਸ਼ਟੀਤੋਂ ਬਖਸ਼ਿਸ਼ ਨਾਲ(ਹੀ ਪ੍ਰਾਪਤ ਹੁੰਦੀ)ਹੈ ॥

ਵਯਾਖਯਾ:- "ਤਾਕੇ ਅੰਤ ਨ ਪਾਏ ਜਾਹਿ"। 'ਅੰਤ' ਪਦ ਬਹੁ-ਵਚਨਹੈ- ਉਸਕੇ ਅੰਤ। ਅੰਤਤੋਂ ਮੁਰਾਦਹੈ ਉਸਦੀ ਜ਼ਾਤਦਾ ਅੰਤ, ਉਸ ਦੀਆਂ ਸਿਫਤਾਂ, ਕਰਣੇ, ਵੀਚਾਰ ਆਦਿਦੇ ਅੰਤ। ਉਹ ਸੁਚਾਹੈ ਤੇ ਉਸਦੇ ਕਰਣੇ ਵੀਚਾਰ ਉਸਦੇ ਹੋਣ ਕਰਕੇ ਸੱਚੇ ਹਨ, "ਸਚੇ ਤੇਰੇ ਕਰਣੇ ਸਰਬ ਬੀਚਾਰ"(463:7);ਜਿਵੇਂ ਉਸਦੇ ਕਰਣੇ ਉਸ ਵਾਂਙ ਸੱਚੇ ਹਨ ਤਿਵੇਂ ਉਸ ਵਾਂਙ ਅਨੰਤ ਹਨ।ਏਥੇ ਕਾਰਣ ਇਉਂ ਦੱਸਦੇ ਹਨ,ਕਿ"ਵਡਾ ਸਾਹਿਬੁ ਊਚਾ ਥਾਉਂ"(5:9)ਹੈ;ਅਰਥਾਤ,ਨਾ ਉਸ ਜੇਡਾ ਕੋਈ ਵੱਡਾਹੈ,ਨਾ ਕੋਈ ਉੱਚਾਹੈ,ਇਸ ਕਰਕੇ ਅੰਤ ਕੋਈ ਨਹੀਂਪਾ ਸਕਦਾ; ਜਿਸਦੀ ਜ਼ਾਤ ਅਨੰਤਹੈ, ਸਫਾਤ ਬੀ ਅਨੰਤ ਹੋਣਗੀਆਂ:"ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ"(9;14);ਉਸਤਤਿ ਕਰਹਿ ਸੇਵਕ ਮੁਨਿ ਕੇਤੇ ਤੇਰਾ ਅੰਤੁ ਨ ਕਤਹੂ ਪਾਈਐ"(528;15)ਉਸਦੇ ਕਰਨੇਤੇ ਵੀਚਾਰਬੀ ਅਨੰਤ ਹਨ, ਕਿਉਂਕਿ ਉਸ ਵਰਗੇ ਜੋ ਹੋਏ "ਸਚੇ ਤੇਰੇ ਕਰਣੇ ਸਰਬ ਬੀਚਾਰ"(463:7);ਜਿਵੇਂ ਕਰਣੇਤੇ ਬੀਚਾਰ ਸਚੇਦੇ ਹੋਣ ਕਰਨੇ ਸਚੇ ਹੋਣ, ਤਿਵੇਂ ਅਨੰਤਦੇ ਕਰਣੇਤੇ ਬੀਚਾਰ ਅਨੰਤਦੇ ਹੋਣ ਕਰਕੇ ਅੰਨਤ ਹੋਏ। ਤਿਵੇਂ ਉਸਦੀ ਦਾਤ ਬੇਅੰਤਹੈ, ਐਨੀ ਕਿ ਲੈਣ ਵਾਲੇ ਲੈਂਦੇ ਲੈਂਦੇ ਥੱਕ ਪੈਦੇ ਹਨ,ਤੇ ਦੇਂਦਾ ਦੇਂਦਾ ਦੇਣ ਹਾਰ ਨਹੀਂ ਥੱਕਦਾ; ਇਸੇ ਕਰਕੇ ਫੁਰਮਾਇਆਹੈ:"ਜੇਵਡੁ ਆਪਿ ਤੇਵਡ ਤੇਰੀ ਦਾਤਿ"(9:19),ਜਿਵੇਂ ਕਰਣੇਤੇ ਬੀਚਾਰ ਅਨੰਤ ਹਨ ਤਿਵੇਂ ਵੇਖਣਤੇ ਸੁਣਨਦਾ ਅੰਤ ਨਹੀਂ, ਬੇਅੰਤਦੇ ਜੁਹੋਏ। ਉਹ ਰਚਨਾ ਰਚਕੇ ਰਚੀ ਹੋਈ ਵਿਚ ਬਹਕੇ ਵੇਖਦਾਹੈ, ਸੰਭਾਲਦਾਹੈ, ਖੁਸ਼ ਹੁੰਦਾਹੈ:"ਕਰਿ ਆਸਣੁ ਡਿਠੋ ਚਾਉ"(463:6) ॥

ਪ੍ਰਸ਼ਨ: ਉਹ ਸਰੂਪ,ਅਰੇਖ,ਅਰੰਗ ਕੀਕੂੰ ਦੇਖਦਾਹੈ?

ਉੱਤਰ:- 'ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ'(13:3; 663:8)[61]

ਪ੍ਰਸ਼ਨ:- ਕੀਕੂੰ ? ਉਹ 'ਸਰਬ ਨੈਨ ਆਪ ਪੇਖਨਹਾਰਾ'(294:13)॥

ਉੱਤਰ:- 'ਸਭਮਹਿ ਜੋਤਿ ਜੋਤਿਹੈ ਸੋਇ'(13:5)॥

ਪ੍ਰਸ਼ਨ:- ਓਹ ਅਨੰਤ ਵੇਖਣ ਵਾਲੀ ਨਜ਼ਰ ਵੇਖ ਵੇਖਕੇ ਕੀ ਕਰਦੀ ਰਹਿੰਦੀ ਹੈ?

ਉੱਤਰ:- 'ਸਚਖੰਡਿ ਵਸੈ ਨਿਰੰਕਾਰ॥ ਕਰਿ ਕਰਿ ਵੇਖੈ ਨਦਰਿ ਨਿਹਾਲ'(8:5)ਜੀਕੂੰ ਵੇਖਦਾਹੈ ਤੀਕੂੰ ਸੁਣਦਾ ਬੀਹੈ। ਪੰਚਮ ਗੁਰੂ ਜੀ ਦੱਸਦੇ ਹਨ:-'ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ'(631:7)

ਪ੍ਰਸ਼ਨ:-ਕੀਕੂੰ ਸੁਣਦਾ ਹੈ? ਉਤਰ:-ਸਭਦੇ ਅੰਤਰ ਬੈਠਾਹੈ- ਅੰਤਰਯਾਮੀ ਅੰਦਰ ਫੁਰਨੇ

---

61. 'ਸਹਸ ਤਵ ਨੈਨਨ ਨ ਨੈਨ ਹਹਿ ਤੋਹਿਕਉ, ਸਹਸ ਮਰਤਿਨ ਨਨਾ ਏਕ ਤੁਹੀ॥ ਸਹਸ ਪਦ ਬਿਮਲਨਨ ਏਕ ਪਦ ਗੰ...

Sri Satguru Jagjit Singh Ji eLibrary NamdhariElibrary@gmail.com

ਫੁਰਦਿਆਂ, ਅਰਜ਼ ਕਰਦਿਆਂ, ਹਰ ਤਰ੍ਹਾਂ ਹਰ ਵੇਲੇ ਜਾਣ ਜਾਂਦਾਹੈ, ਇਉਂ ਸੁਣਦਾਹੈ ਤੇ ਉਸਦੇ ਸੁਣਨੇ ਅਨੰਤ ਤਰ੍ਹਾਂਦੇ ਹਨ।

ਪ੍ਰਸ਼ਨ:- ਫਿਰ-'ਬੀਓ ਪੂਛਿ ਨ ਮਸਲਤਿ ਧਰੇ॥ ਜੋ ਕਿਛੁ ਕਰੇ ਸੁ ਆਪਹਿ ਕਰੇ' (863:11) ਇਸ ਕਰਕੇ ਉਸਦੇ ਮਨਦੇ ਮੰਤਨੂੰ ਕੌਣ ਜਾਣ ਸਕਦਾ ਹੈ? ਫਿਰ ਉਹ ਅਨੰਤਹੈ,ਉਹ ਮੰਤ ਕੀਕੂੰ ਅੰਤ ਵਾਲੇ ਤੋਂ ਜਾਣੇ ਜਾ ਸਕਦੇਹਨ। ਇਥੋਂ ਤਾਈਂ ਕਰਤਾ-ਪੁਰਖ ਦੀ ਜ਼ਾਤਦੇ ਜ਼ਾਤ ਸੰਬੰਧੀ ਸਿਫਾਤ ਤੇ ਹੋਰ ਗੱਲਾਂਦਾ ਜ਼ਿਕਰ ਕੀਤਾਹੈ। ਗੋਯਾ ਐਥੋਂ ਤਾਂਈ'ਕਰਤਾ'ਪੱਖਦਾ ਜ਼ਿਕਰਸੀ॥

ਹੁਣ ਦੂਸਰਾ ਪੱਖ ਉਸਦੀ, 'ਕੀਤੀ ਹੋਈ' ਦਾ ਲੈਂਦੇ ਹਨ॥ ਇਸ ਜ਼ਿਕਰ ਵਿਚ ਤ੍ਰੈ ਵੰਡਾਂ ਬੇਮਲੂਮੇ ਪਈਆਂ ਹੋਈਆਂ ਹਨ:-ਕਾਲ, ਵਸਤੁ ਤੇ ਦੇਸ਼। ਤੇ ਫੇਰ ਸਾਰੀ ਗੱਲ: ਦੋ ਸਤਰਾਂ ਵਿਚ ਮੁਕਾ ਦਿਤੀਹੈ।

ਪਉੜੀ 21 ਵਿਚ ਜ਼ਿਕਰ ਕਰ ਆਏ ਹਨ,ਕਿ ਪੰਡਿਤ, ਕਾਜ਼ੀ, ਜੋਗੀ, ਪੁਰਾਣ, ਕੁਰਾਣ, ਥਹੁ ਨਾ ਦੱਸ ਸਕੇ ਕਿ ਕਾਲ ਕਦੋਂ ਬਣਿਆ,ਯਾ ਕਾਲ ਵਿਚ ਰਚਨਾ ਕਦੋਂ ਬਣੀਸੀ।

ਫੇਰ ਪਉੜੀ 22 ਵਿਚ ਦੱਸਿਆਸੀ ਕਿ ਵੇਦ, ਕਤੇਬ, ਪੁਰਾਣ, ਰਿਸੀ, ਮੁਨੀ, ਉਲਮਾਵ ਆਦਿ ਨਾ ਦੱਸ ਸਕੇ ਕਿ ਲੱਖਾਂ ਅਕਾਸ਼ਾਂ, ਪਾਤਾਲਾਂ ਅਰਥਾਤ ਦੇਸ਼ਦਾ ਤੇ ਦੇਸ਼(ਸਪੇਸ)ਵਿਚ ਰਚੀ ਰਚਨਾਦਾ ਲੇਖਾ ਕਿਤਨਾਕੁਹੈ,ਤੇ ਦੱਸੋ ਕਿ ਕੇਤਾਕੁ ਵਿਸਥਾਰਹੈ ਇਸਦਾ। ਇਸ ਵਿਚ ਦੇਸ਼ਤੇ ਵਸਤੂ ਦੱਸੇ ਸਨ। ਸੋ ਇਹ ਗੱਲਾਂ ਹੁਣ ਅਨੰਤਤਾਦੇ ਪੱਖ ਵਿਚ ਦੋ ਤੁਕਾਂ ਵਿਚ ਕਹਿ ਜਾਂਦੇ ਹਨ-

ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥

'ਕੀਤਾ' ਪਦ ਕਾਲ ਵੱਲ ਇਸ਼ਾਰਾ ਕਰਦਾਹੈ:- ਕਦੋਂ ਕੀਤਾ? 'ਪਾਰਾਵਾਰੁ'ਪਦ ਦੱਸਦਾਹੈ ਕਿ'ਦੇਸ਼'ਵੱਲ ਸੈਨਤ ਸੁਟ ਰਹੇ ਹਨ। ਆਰ ਪਾਰ ਆਰਥਾਤ ਵਿਸਥਾਰ 'ਦੇਸ਼'ਦਾ ਲਖਾਯਕ ਹੁੰਦਾਹੈ। 'ਆਕਾਰ'ਪਦ ਵਸਤੂ ਵੱਲ ਸੈਨਤ ਸੱਟਦਾਹੈ। ਕਿ ਵਿਸਤ੍ਰਿਤ ਦੇਸ਼(ਸਪੇਸ)ਵਿਚ ਜੋ ਅਕਾਰ(ਸੂਰਤਾਂ ਵਾਲੇ)ਸਾਮਾਨ ਹਨ ਲੋਕ,ਖੰਡ, ਬ੍ਰਹਮੰਡ, ਸੂਰਜ, ਤਾਰੇ, ਚੰਦ, ਪੁਰੀਆਂ ਆਦਿ। ਹੋਰ ਅਨੰਤਤਾਈਦਾ ਜ਼ਿਕਰ 'ਕੇਤੇ' ਵਿਚ ਕਰ ਦਿਤੇਨੇ:-

ਅੰਤ ਕਾਰਣਿ ਕੇਤੇ ਬਿਲਲਾਹਿ॥

ਇਸ ਕਥਨਦੀ ਹੋਰਥੇ ਤਸਵੀਰ ਖਿੱਚ ਦਿਤੀਨੇ,ਯਥਾ:-ਬ੍ਰਹਮਾ ਬਿਸਨੁ ਮਹੇਸੁ ਦੁਆਰੇ॥ ਊਭੇ ਸੇਵਹਿ ਅਲਖ ਅਪਾਰੇ॥ਹੋਰ ਕੇਤੀ ਦਰਿ ਦੀਸੈ ਬਲਲਾਦੀ, ਮੈ ਗਣਤਨ ਆਵੈ ਕਾਈਹੇ॥ 14॥" (1022:7) ਹੁਣ ਪ੍ਰਸ਼ਨ ਹੁੰਦਾ ਹੈ ਕਿ:-

ਅੰਤ ਕਿਉਂ ਨਹੀ ਪੈਦਾ? ਤਾਂ ਫੁਰਮਾਉਂਦੇ ਹਨ-

ਵਡਾ ਸਾਹਿਬੁ ਊਚਾ ਥਾਉ॥

ਸਾਹਿਬ ਸਭਤੋ ਵੱਡਾਹੈ,ਉਸ ਜੇਡਾ,ਯਾ ਉਸਤੋਂ ਵਡੇਰਾ ਕੋਈ ਨਹੀਂ। ਉਸਤੋਂ ਛੋਟੇ,ਉਸ ਵਡੇਦਾ ਅੰਤਪਾ ਨਹੀਂ ਸਕਦੇ।

ਫਿਰ ਪ੍ਰਸ਼ਨ ਹੁੰਦਾਹੈ,ਉਸ ਤਕ ਪਹੁੰਚ ਕਿਵੇਂ ਹੋਵੇ? ਤਾਂ ਦੱਸਦੇ ਹਨ,ਕਿ ਉਸਦਾ ਟਿਕਾਣਾ ਉੱਚਾਹੈ, ਮਨ ਬਾਣੀਦੀ ਪਹੁੰਚਤੋਂ ਉੱਚਾਹੈ। ਹਾਂ,ਓਹ ਆਪੇਨੂੰ ਜਾਣਦਾਹੈ--ਪਰ ਉਸਦਾ ਜਾਣਨਾ ਸਾਡੇ ਆਪੇਕਸ਼ਕ ਜਾਣਨ ਵਰਗਾ ਨਹੀਂ। ਉਸਦਾ'ਜਾਣਨਾਂ'ਆਪਣੇ ਆਪਹੀਹੈ।

Sri Satguru Jagjit Singh Ji eLibrary NamdhariElibrary@gmail.com

'ਜੇਵਡੁ ਆਪਿ ਜਾਣੈ ਆਪਿ ਆਪਿ॥

ਜੇਡਾ ਵਡਾ ਆਪਹੀ ਆਪਣੇਆਪਹੀ ਜਾਣਦਾਹੈ। ਆਪਣੇਆਪ ਜਾਣਨਾ'ਸੁਤੇ ਗਯਾਨਦਾ ਲਖਾਯਕਹੈ।ਉਸਦਾ ਗਯਾਨ ਸੁਤੇ ਗਯਾਨ, ਸੁਤੇ ਪ੍ਰਕਾਸ਼ਹੈ। ਹੁਣ ਪ੍ਰਸ਼ਨ ਹੁੰਦਾਹੈ ਕਿ ਅਗੰਮ ਅਪਹੁੰਚ ਤਕ ਪਹੁੰਚ ਤਾਂ ਨਾ ਹੋਈ?

ਉਤਰ: ਦੇਂਦੇ ਹਨ ਤੇ ਦੋ ਗੱਲਾਂ ਦੱਸਦੇ ਹਨ ਪਹੁੰਚ ਸੰਬੰਧੀ:- 1. ਨਾਮ। 2. ਬਖਸ਼ਿਸ਼।

1. ਨਾਮ:- ਊਚੇ ਊਪਰਿ ਊਚਾ ਨਾਉ॥
2. ਬਖਸ਼ਿਸ਼:- ਨਾਨਕ ਨਦਰੀ ਕਰਮੀ ਦਾਤਿ॥

1. ਉਸਦੀ ਉਚਾਈ ਤੱਕ ਪਹੁੰਚ ਉਸੇਦੇ ਨਾਮਦੀਹੈ,ਜੋ ਮਾਨੋ ਪਉੜੀਹੋ, ਉਸ ਊਚਾਈ ਉਪਰਲੈ ਜਾਣਦੀ।

ਇਕ ਥਾਂ ਹੋਰ ਸਤਿਗੁਰ ਜੀਨੇ ਫੁਰਮਾਇਆਹੈ:- ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ॥ ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ॥ ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ॥1॥ ਭਾਈ ਰੇ ਭਵਜਲੁ ਬਿਖਮੁ ਡਰਾਉ॥ ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ॥1॥ ਰਹਾਉ॥(63:10)

ਪੰਚਮ ਗੁਰੂ ਜੀ ਨੇ ਫੁਰਮਾਇਆ ਹੈ:- "ਸਭ ਤੇ ਊਚਾ ਜਾਕਾ ਨਾਉ"(1148:8)

ਤੀਸਰੇ ਸਤਿਗੁਰਾਂਨੇ ਫੁਰਮਾਯਾਹੈਕਿ ਨਾਮ ਊਚਾਹੈ,ਇਸ ਉਚੇ ਨਾਮ ਨਾਲ ਸਿਮਰਣ ਵਾਲਾ ਉੱਚਾਹੋ ਜਾਂਦਾਹੈ:-

"ਊਚੀ ਬਾਣੀ ਊਚਾ ਹੋਇ॥ ਗੁਰਮੁਖਿ ਸਬਦਿ ਵਖਾਣੇ ਕੋਇ"(361:15)

ਪੰਜਵੇਂ ਗੁਰਾਂਨੇ ਫੁਰਮਾਇਆਹੈ:-"ਊਚੇ ਤੇ ਊਚਾ ਪ੍ਰਭ ਥਾਨੁ॥ ਹਰਿ ਜਨ ਲਾਵਹਿ ਸਹਜਿ ਧਿਆਨੁ"(1349:2)

ਭਾਵ ਨਾਮ ਸਹਿਜ ਵਿਚਲੈ ਜਾਂਦਾਹੈ, ਸਹਿਜ ਧਯਾਨ ਦੁਆਰਾ ਤੁਰੀਆ ਪਦ ਵਿਚ ਸਿਖ ਅਪੜ ਜਾਦਾਹੈ ਤੇ ਤੁਰੀਆ ਸਭ ਅਵਸਥਾਤੋ ਉਚਾਹੈ। ਉਥੇ ਪਹੁੰਚਕੇ ਅਨੰਤ ਪ੍ਰਭੂ ਉਸਨੂੰ ਆਪਣੇ ਵਿਚ ਸਮਾ ਲੈਦਾਹੈ।

2. ਬਖਸ਼ਿਸ਼:- ਜਿਵੇਂ ਨਦੀਆਂ ਨਾਲੇ, ਪਹਾੜ, ਖੱਡਾਂ, ਰੇਤੇ, ਰੜੇ ਸਭ ਥਾਵਾਂ ਝਾਗਦੇ ਅੰਤ ਸਮੁੰਦਰ ਲਾਗ ਜਾ ਅਪੱੜਦੇ ਹਨ; ਤਿਵੇਂ ਨਾਮ ਅਭਿਆਸੀ ਮੁਮੂਕਸ਼ਤਾ ਘਾਲਦੇ ਕਰਤਾ ਪੁਰਖਦੇ ਨੇੜੇਜਾ ਅੱਪੜਦੇ ਹਨ। ਸਰੂਪ ਵਿਚ ਤਦ ਰੂਪ ਹੋਣੇ ਲੇਈ ਫੇਰ ਇਕ ਬਖਸ਼ਿਸ਼ਦੀ ਲੋੜ ਹੁੰਦੀਹੈ। ਮਿਹਰਾਂਦੇ ਸਾਈਂ'ਨਦਰੀ ਨਦਰ ਨਿਹਾਲ'(8:10)ਕਰਨ ਵਾਲੇ ਕਰਤਾ ਪੁਰਖਜੀ 'ਨਾਨਕ ਨਦਰੀ ਕਰਮੀ ਦਾਤਿ'(5:10)ਕਰਕੇ ਦੂਰੋਂ ਚੱਲਕੇ ਆਏ ਪ੍ਰੇਮੀ ਨੂੰ ਆਪ ਖਿੱਚਕੇ ਨਾਲ ਲੈਕੇ ਆਪਣੇ ਵਿਚ ਸਮਾਈ ਬਖਸ਼ਦੇ ਹਨ। ਜਿਵੇਂ ਲਾਗੇ ਆ ਪਹੁੰਚੀਆਂ ਨਦੀਆਂਨੂੰ ਸਮੁੰਦਰ ਅਗੋਂ ਆਪ ਆਕੇ ਮਿਲਦਾਹੈ ਤੇਆਪ ਆਪਣੇ ਨਾਲ ਲਿਜਾਕੇ ਅਪਣੇ ਵਿਚ ਸਮੁੰਦਰ ਰੂਪ ਕਰ ਲੈਂਦਾ ਹੈ- ਨਿਰਮਲ ਤੇ ਅਸਗਾਹ। ਇਹ ਭਾਵ 'ਨਾਨਕ ਨਦਰੀ ਕਰਮੀ ਦਾਤਿ'(5:10) ਦਾਹੈ। ਅਸਲ ਵਿਚ'ਊਚਾ ਨਾਉ'ਤੇ 'ਕਰਮੀ ਦਾਤਿ' ਦੁਇ ਬਖਸ਼ਿਸ਼ਾਂ ਹਨ। 'ਊਚਾ ਨਾਉ ਲਗਨ ਲੱਗਣੀ'ਹੈ ਤੇ ਪ੍ਰਾਪਤੀ ਤੱਕਦੀ ਅਵਸਥਾਹੈ। 'ਕਰਮੀ ਦਾਤਿ'ਪ੍ਰਾਪਤੀਹੈ। 'ਲਗ'ਦੀ ਮਿਹਰ ਇਸ ਤੁਕ ਵਿਚ ਦੱਸੀਹੈ: ਜਿਨਕਉ ਨਦਰਿ ਕਰਮ ਤਿਨ ਕਾਰ, ਜਦ ਪੱਕਣਦਾ ਸਮਾਂ ਆਉਂਦਾਹੈ ਤਾਂ

Sri Satguru Jagjit Singh Ji eLibrary NamdhariElibrary@gmail.com

ਮਿਹਰਾਂਦਾ ਸਾਈਂ'ਬਾਂਹ ਪਕੜਿ ਠਾਕੁਰਿ ਹਵੁ ਘਿਧੀ'(704:1)ਦੇ ਵਾਕ ਅਨੁਸਾਰ ਆਪਣੇ ਸਰੂਪ ਵਿਚ ਸਮਾਂ ਲੈਂਦਾਹੈ,ਇਹਹੈ'ਪ੍ਰਾਪਤੀ'ਦੀ ਮਿਹਰ-'ਨਾਲ ਨਦਰੀ ਕਰਮੀ ਦਾਤਿ'(5:10)ਦੋਹਾਂ ਵਿਚ 'ਨਾਨਕ ਨਦਰੀ ਦੀ ਨਦਰਿ ਨਿਹਾਲ' ਕਰਦੀਹੈ;ਹਾਂ ਮੇਹਿਰਾਂਦੇ ਸਾਈਂਦੀ ਮੇਹਰ ਨਿਹਾਲ ਕਰਦੀਹੈ;'ਜਿਸਨੋ ਨਦਰਿ ਕਰੇ ਤਿਸੁ ਮੇਲੇ'ਮੇਲਿ ਮਿਲੇ ਮਿਲਦਾਹੈ॥ ਦੋ ਵਸੀਲੇ ਜੋ ਦੱਸੇ ਹਨ 'ਨਾਮ' ਤੇ 'ਨਦਰਿ'ਦੋਹਾਂ ਵਿਚ ਦਾਰਸ਼ਨਿਕ ਕਟਾਖਯਹੈ,ਉਹ ਇਹਹੈ ਕਿ'ਜਾਣਨ'ਨਾਲਤਾਂ ਜਾਣ ਨਹੀਂ ਸਕੀਦਾ, ਕਿਉਂਕਿ ਅੰਤ ਵਾਲਾ ਅਨੰਤਨੂੰ ਆਪ ਅੰਤ ਵਾਲੇ ਗਿਆਨ ਵਿਚ ਲਿਆ ਨਹੀਂ ਸਕਦਾ,ਇਹ ਸਿੱਧੀ ਗੱਲਹੈ। ਪਰ ਅਨੰਤ, ਅੰਤ ਵਾਲੇ ਨੂੰ ਆਪਾ ਲਖਾ ਸਕਦਾਹੈ। ਅਰਥਾਤ ਉਸਦੇ ਤਜਰਬੇ ਵਿਚ ਆਪਨੂੰ ਲਿਆ ਸਕਦਾਹੈ। ਉਸਦਾ ਤ੍ਰੀਕਾਹੈ ਨਾਮ ਸਿਮਰਣ। ਇਸ ਨਾਲ ਸਿਮਰਣ ਕਰਨ ਵਾਲਾ ਅੰਤਦੇ ਅੰਤ ਤੇ ਅੱਪੜ ਜਾਂਦਾਹੈ? ਓਥੇ ਜਾਕੇ ਅਨੰਤਦੀ ਮਿਹਰ ਨਦਰ ਨਾਲ ਅਨੰਤਦੀ ਛੁਹ ਪ੍ਰਾਪਤ ਕਰਦਾ,ਇਹ ਛੁਹ ਮਾਨੋ ਉਸਦੇ ਤਜਰਬੇ ਵਿਚ, ਉਸਦੀ ਲੱਖਤਾ ਵਿਚ, ਉਸਦੇ ਅਨੁਭਵ ਵਿਚ ਆ ਜਾਂਦੀਹੈ ਤੇ, ਉਸਦੇ ਆਤਮਾ ਵਿਚ ਆਨੰਤ ਸਰੂਪਤਾਦੀ ਰਸਮਯ ਪ੍ਰਤੀਤ(ਫੀਲਿੰਗ)ਛੋੜ ਜਾਂਦੀਹੈ। ਚਾਹੇ ਉਸ ਛਿਨ ਵਿਚ ਮਨ,ਬਾਣੀ ਆਦਿ ਨਾਲ ਨਹੀਂ ਜਾਂਦੇ,ਪਰ ਆਤਮਾ ਪਰਮਾਤਮਾਦੀ ਛੁਹ ਲੈ ਲੈਂਦੀਹੈ। ਸੋ 'ਨਾਮ'ਕਣਿ ਵਿਚ ਅੰਤਦੇ ਅੰਤ ਤੱਕ ਅਪੱੜਨ ਦੀ ਜਾਚ ਦੱਸੀ। 'ਨਦਰੀ' ਕਹਿਣ ਵਿਚ ਅਨੰਤਦੇ ਬਿਰਦਦਾ ਪਤਾ ਦਿੱਤਾ,ਜੋ ਅੰਤਦੇ ਅੰਤਤੇ ਅੱਪੜਿਆਂ ਨੂੰ 'ਬਾਂਹ' ਪਕੜਿ ਠਾਕੁਰਿ ਹਉ ਘਿਧੀ'ਦੇ ਵਾਕ ਅਨੁਸਾਰ ਆਪਣੀ ਅਨੰਤਤਾਈ ਵਿਚਲੈ ਲੈਂਦਾਹੈ। 'ਨਦਰੀ' ਕਹਿਕੇ ਫੇਰ'ਕਰਮੀ'ਤੇ 'ਦਾਤਿ'ਕਿਹਾ। ਇਸ ਦੁਹਾਰਾਉਣਦਾ ਤਾਤਪਰਯ ਇਹ ਜਾਪਦਾਹੈ,ਕਿ ਨਾਮ ਵਿਚ ਲਗ ਪੈਣਾਤੇ ਅੰਤ ਤਕ ਸਿਮਰਣ ਦੁਆਰਾ ਅੱਪੜ ਪੈਣਾ ਇਹਬੀ ਇਕ ਤਰ੍ਹਾਂਦੀ ਦਾਤਹੈ। ਹਾਂ ਦਾਤੇਦਾ ਕਰਮ 'ਬਖਸ਼ਿਸ਼' ਹੈ।

ਅਗਲੀ ਪਉੜੀ ਵਿਚ ਆਪਹੀ ਫੁਰਮਾਉਣਗੇ,ਕਿ'ਸਿਫਤ ਸਲਾਹ'ਬੀ ਦਾਤਹੈ ਤੇ ਦਾਤਾ ਬਖਸ਼ਦਾਹੈ। ਸਿਫਤ ਸਲਾਹ ਤੇ ਨਾਮ ਓਤਪ੍ਰੋਤ ਰਲਵੇਂ 'ਹਜੂਰੀ' ਵਿਚ ਰੱਖਣਦੇ ਉਪਾਉ ਹਨ। ਇਸ ਪਉੜੀਦੀ ਤੁਕ ਵਾਰ ਵਿਵੇਚਨਾ ਇਹਹੈ:-

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ਅੰਤੁ ਨ ਕਰਣੈ ਦੇਣਿ ਨ ਅੰਤੁ॥ਅੰਤੁ ਨ ਵੇਖਣਿ ਸੁਣਣਿ ਨ ਅੰਤੁ॥ਅੰਤੁ ਨ ਜਾਪੈ ਕਿਆ ਮਨਿ ਮੰਤੁ॥ਅੰਤੁ ਨ ਜਾਪੈ ਕੀਤਾ ਆਕਾਰ॥ ਅੰਤੁ ਨ ਜਾਪੈ ਪਾਰਾਵਾਰੁ॥ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥ ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥

'ਕਰਤਾ'ਦੇ ਪੱਖਦੀ ਅਨੰਤਤਾ ਸਾਹਿਬ ਅਨੰਤਹੈ ਤੇ ਉਸਦੀ ਕਿਸੇ ਗੱਲਦਾ ਅੰਤ ਨਹੀਂ ਹੈ, ਇਸ ਕਰਕੇ ਮਿਤ ਵਾਲਾ ਉਸ ਕੀਤੀ ਹੋਈਦੇ ਪੱਖਦੀ ਬੇਸੁਮਾਰਤਾਦਾ ਅੰਤ ਨਹੀ ਲੈ ਸਕਦਾ ਯਾ ਜਾਣ ਨਹੀਂ ਸਕਦਾ। ਉਸਦੇ ਆਪਣੇਤੇ ਉਸਦੇਸੰਬੰਧਤ ਪੱਖਾਂਦੀ ਅਨੰਤਤਾ ਜਾਣੀ ਨਹੀਂ ਜਾ ਸਕਦੀ। ਨਾਜਾਣ ਸਕਣੇਦਾ ਕਾਰਣ,

ਵਡਾ ਸਾਹਿਬੁ ਊਚਾ ਥਾਉ॥ਊਚੇ ਉਪਰਿ ਊਚਾ ਨਾਉ॥ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ ਜੇਵਡੁ ਆਪਿ ਜਾਣੈ ਆਪਿ ਆਪਿ॥

ਪਰ ਉਸਦੀ 'ਪ੍ਰਾਪਤੀ' ਹੋ ਸਕਦੀ ਹੈ, ਉਸ ਦੇ ਸਾਧਨ ਹੈਨ 'ਨਾਮ' ਇਕ ਉਪਾਉਹੈ। ਪਰ ਉਸਦੇ ਉਚ ਤੱਕ ਅਪੱੜਨਦਾ ਕਰਨਾ ਹੈ। ਦੂਜਾ ਉਪਾਉ ਹੈ

Sri Satguru Jagjit Singh Ji eLibrary NamdhariElibrary@gmail.com

2.'ਨਦਰ;ਜੋ ਆਪ ਨਾਨਕ ਨਦਰੀ ਕਰਮੀ ਦਾਤਿ॥੨੪॥ਨਦਰ ਜੋਉਹ ਆਪ ਕਰਦਾਹੈ।ਅਨੰਤਨੇ ਕਰਨੀਹੈ।

ਨਿਰੁਕਤ:-ਅੰਤ-(ਸੰਸ, ਅੰਤ) ਹੱਦ, ਹੱਦ ਬੰਦੀ, ਓੜਕ।ਅੰਤ ਨ ਭਾਵ ਜੋ ਸ਼ੈ ਬੇਹੱਦ ਹੋਵੇ, ਓਹ 'ਬੇਅੰਤ', 'ਅਨੰਤ' ਯਾ 'ਅੰਤੁ ਨਾ' ਆਖੀਦਾਹੈ। ਕਹਿਣ-(ਪੰਜਾ:ਕਹਿਣਤੋਂ) ਕਹਿਣੇ ਦਾ (2) ਕਹਿਣੇ ਨਾਲ।

(3)'ਕਹਿਣ' ਪਦ ਵਿਚ ਕਹਿਣ ਵਾਲਿਆਂਦੀ ਮੁਰਾਦ ਆਪੇ ਆ ਜਾਂਦੀ ਹੈ।ਕਰਣੇ-(ਪੰਜਾਬੀ, ਕਰਨਾ ਤੋਂ) ਜੋ ਕੁਛ ਕੀਤਾ ਜਾਏ। ਪਰ ਓਹ ਕੰਮ ਜੋ ਕੀਤੇ ਗਏ, ਕੀਤੇ ਜਾ ਰਹੇ ਤੇ ਕੀਤੇ ਜਾ ਸਕਦੇ ਹਨ।

ਦੇਣਿ- (ਪੰਜਾਬੀ, ਦੇਣਾ ਤੇ) ਜੋ ਦਿੱਤਾ ਜਾਏ ਯਾ ਦੇਣਾ ਹੋਵੇ। ਦਾਤ। ਸੰਤੁ-(ਸੰਸ:ਮੰਤ੍ਰ) ਸਲਾਹ, ਮਸ਼ਵਰਾ। ਨਦਰ- (ਅਰ:ਨਜਰ) ਦ੍ਰਿਸ਼ਟੀ।

2. ਮਿਹਰਾਂਦੀ ਦ੍ਰਿਸ਼ਟੀ। ਨਦਰੀ-ਮੇਹਰਦੀ ਨਜ਼ਰ ਪਾਉਣ ਵਾਲਾ। ਦਿਆਲੂ, ਕ੍ਰਿਪਾਲੂ।

ਕਰਮੀ-(ਅਰਬੀ, ਕਰਮ) ਕਰਮ=ਮੇਹਰ। ਕਰਮੀ, ਮੇਹਰ ਦੁਆਰਾ।

(ਅ) ਏਥੇ ਕਰਮੀਕਾ ਅਰਥ'ਕਰਮਾਂ'ਅਰਥਾਤ'ਫੇਅਲਾਂ ਦੁਆਰਾ ਕਰਨਾ ਅਪ੍ਰਸੰਗਕਹੈ ਕਿਉਂਕਿ ਅਗਲੀ ਪਉੜੀ ਵਿਚ ਇਹੋ ਪ੍ਰਸੰਗ ਮੇਹਰਦਾ ਚਲ ਰਿਹਾਹੈ।

ਬਹੁਤਾ ਕਰਮੁ ਲਿਖਿਆ ਨ ਜਾਇ॥ ਵਡਾ ਦਾਤਾ ਤਿਲੁ ਨ ਤਮਾਇ॥ ਕੇਤੇ ਮੰਗਹਿ ਜੋਧ ਅਪਾਰ॥ ਕੇਤਿਆ ਗਣਤ ਨਹੀ ਵੀਚਾਰੁ॥ ਕੇਤੇ ਖਪਿ ਤੁਟਹਿ ਵੇਕਾਰ॥ ਕੇਤੇ ਲੈ ਲੈ ਮੁਕਰੁ ਪਾਹਿ॥ ਕੇਤੇ ਮੂਰਖ ਖਾਹੀ ਖਾਹਿ॥ ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥ ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ॥ ਜੇ ਕੋ ਖਾਇਕੁ ਆਖਣਿ ਪਾਇ॥ ਓਹੁ ਜਾਣੈ ਜੇਤੀਆ ਮੁਹਿ ਖਾਇ॥ ਆਪੇ ਜਾਣੈ ਆਪੇ ਦੇਇ॥ ਆਖਹਿ ਸਿ ਭਿ ਕੇਈ ਕੇਇ॥ ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥

ਨੰ.1. ਬਾਵਾ ਮਿਹਰਬਾਨ ਜੀ "ਮੀਣਾ"-25

ਬਹੁਤਾ ਕਰਮੁ ਲਿਖਿਆ ਨ ਜਾਇ॥ ਵਡਾ ਦਾਤਾ ਤਿਲੁ ਨ ਤਮਾਇ॥

ਤਿਸੁਕਾ ਪਰਮਾਰਥ:-ਜਿਸ ਉਪਰਿ ਆਪਣਾ ਕਰਮੁ ਕਰਦਾਹੈ, ਤਿਸਦੀਭੀ ਮਿਤਿ ਕਿਛੁ ਪਵਦੀ ਨਾਹੀ,ਜਿ ਕਿਤਨੀ ਦਾਤਿ ਏਸਨੋ ਹੋਈ। ਓਹੁ ਜਿਹੈ,ਸਿ ਵਡਾ ਦਾਤਾਹੈ।ਦਿਤੇ ਲਏ, ਓਸਨੋ ਤਮਾਇ ਕਿਛੁ ਨਾਹੀ। ਜਿ ਕੋਈ ਕਹੈ,ਜਿਮੈਂ ਬਹੁਤਾ ਦੇਦਾ ਹਾਂ ਕਿ ਥੋੜਾ ਦੇਦਾ ਹਾਂ, ਏਹੀ ਜੇਹੀ ਤਮਾਇਹੀ ਨਾਹੀ॥ ਅਰੁਜੇ ਓਹੁ ਕਰਤਾ ਪੁਰਖੁ ਸਾਰੇ ਬ੍ਰਹਮੰਡਹੀ ਬਖਸਿ ਦੇਇ ਕਿਸੀ ਜੀਅਨੋ; ਤਾਂ ਕਿਛੁ ਕਮੀ ਪਰਵਾਹ ਭੀ ਨਾਹੀ। ਅਤੇ ਜੇਖੁਸਿ ਲਏ, ਤਾਂ ਕਿਛੁ ਪਛੋਤਾਵਾ ਭਿਨਾਹ ਜਿਮੈ ਕਿਉਂ ਏਸ ਪਾਵਹੁ ਖੁਸਿ ਲਏ; ਏਹਾ ਪਰਮੇਸੁਰੁ ਹੈ।

ਕੇਤੇ ਮੰਗਹਿ ਜੋਧ ਅਪਾਰ॥ ਕੇਤਿਆ ਗਣਤ ਨਹੀ ਵੀਚਾਰੁ॥ ਕੇਤੇ ਖਪਿ ਤੁਟਹਿ ਵੇਕਾਰ॥

ਤਿਸੁਕਾ ਪਰਮਾਰਥੁ:-ਕਈ ਜੋਧੇ ਪਏ ਮੰਗਤੇ ਹੈਨਿ, ਪਰਮੇਸੁਰ ਪਾਸਹੁ, ਤਿਨਾ ਕੀ ਗਣਤੀ ਕਾ ਵੀਚਾਰੁ ਕੋਈ ਨਾਹੀ। ਅਰੁ ਕੇਤੇ ਖਪਿ, ਤ੍ਰੁਟਿ ਤ੍ਰੁਟਿ ਜਾਂਦੇ ਹੈਨਿ, ਤਿਨਾਂ ਦੀ ਭੀ ਗਣਤੀ ਕਾਈ ਨਾਹੀ।

ਨੰ.7.ਨਿਰਮਲ-ਸੰਪ੍ਰਦਾਈ ਗਿ:ਬਦਨ ਸਿੰਘ ਫਰੀਦਕੋਟ ਟੀਕਾ-31

ਆਸਣੁ ਲੋਇ ਲੋਇ ਭੰਡਾਰੁ॥

ਉਸਕਾ ਆਸਨੁ ਸਭ ਲੋਕੋਂ ਮੇ ਹੈ ਅਰਥਾਤ ਸਰਬੱਤ੍ਰ ਹੈ ਔਰ ਭੰਡਾਰਾ ਭੀ ਸਭ ਲੋਕੋਂ ਮੈ ਹੈ ਸ੍ਰੀ ਗੁਰੂ ੧0 ਦਸਮ ਗ੍ਰੰਥੋਂ ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈਹੈ।

ਜੋ ਕਿਛੁ ਪਾਇਆ ਸੁ ਏਕਾ ਵਾਰ॥

ਅਪਨੇ ਕਰਮਾਨੁਸਾਰ ਤਿਸ ਭੰਡਾਰੇ ਮੇ ਸੇ ਜੋ ਕੁਛੁ ਪਾਯਾ ਸੋ ਏਕ ਹੀ ਵਾਰ ਸਭਨੇ ਪਾਇ ਲੀਆ ਹੈ ਉਸੀ ਮੇ ਜੀਵਨ ਪ੍ਰਯੰਤ ਨਿਰਬਾਹੁ ਹੋਤਾ ਹੈ॥

ਕਰਿ ਕਰਿ ਵੇਖੈ ਸਿਰਜਣਹਾਰੁ॥

ਜੈਸੇ ਨਾਥੁ ਜੋ ਮਹੰਤ ਹੋਤਾ ਹੈ ਸੋ ਸਭ ਭੰਡਾਰਿਓਂ ਕੀ ਸੁਧ ਰਖਤਾ ਹੈ ਤੈਸੇ ਸਭ ਸਥਾਨ ਸਿਰਜਨਹਾਰੁ ਅਕਾਲ ਪੁਰਖੁ ਰਚ ਕਰ ਦੇਖਤਾ ਰਹਿਤਾ ਹੈ॥

ਨਾਨਕ ਸਚੇ ਕੀ ਸਾਚੀ ਕਾਰ॥

ਸ੍ਰੀ ਗੁਰੂ ਜੀ ਕਹਤੇ ਹੈਂ ਤਿਸ ਸੱਚੇ ਪੁਰਖ ਕੀ ਸਭ ਕਾਰ ਸੱਚੀ ਹੈ ਜੈਸੇ ਪੂਰਬ ਸੇ ਪ੍ਰਾਰੰਭੁ ਕੀਆ ਹੈ ਵੈਸਾ ਹੀ ਪ੍ਰਲੈ ਪ੍ਰਯੰਤ ਨਿਯਮੁ ਚਲਾ ਜਾਤਾ ਹੈ॥ ਪਾਪੀਯੋਂ ਕੋ ਨਰਕ ਹੋਤਾ ਹੈ ਪੁੰਨੀਯੋਂ ਕੋ ਸ੍ਵਰਗੁ ਹੋਤਾ ਹੈ ਗਯਾਨੀਜੋਂ ਕੀ ਮੋਖ ਹੋਤੀ ਹੈ ਇਤਜਾਦੀ॥

ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ
ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੧॥
ਇਨਕਾ ਅਰਥ ਪੂਰਬਵਤ॥੩੧॥

ਨੰ.8. ਨਿਰਮਲ-ਸੰਤ ਪੰਡਿਤ ਸਾਧੂ ਸਿੰਘਜੀ ਪੀਲੀਭਤਿ(ਵੇਦਾਂਤੀ)31

ਆਸਣੁ ਲੋਇ ਲੋਇ ਭੰਡਾਰੁ॥

ਹੇ ਸ਼ਿਸ਼! ਬੈਠਨੇਕੇ ਸਥਾਨਕੋ ਆ

ਆਸਣੁ ਲੋਇ ਲੋਇ ਭੰਡਾਰੁ॥

ਉਸਕਾ ਆਸਨੁ ਸਭ ਲੋਕੋਂ ਮੇ ਹੈ ਅਰਥਾਤ ਸਰਬੱਤ੍ਰ ਹੈ ਔਰ ਭੰਡਾਰਾ ਭੀ ਸਭ ਲੋਕੋਂ ਮੈ ਹੈ ਸ੍ਰੀ ਗੁਰੂ ੧0 ਦਸਮ ਗ੍ਰੰਥੋਂ ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈਹੈ।

ਜੋ ਕਿਛੁ ਪਾਇਆ ਸੁ ਏਕਾ ਵਾਰ॥

ਅਪਨੇ ਕਰਮਾਨੁਸਾਰ ਤਿਸ ਭੰਡਾਰੇ ਮੈ ਸੇ ਜੋ ਕੁਛੁ ਪਾਯਾ ਸੋ ਏਕ ਹੀ ਵਾਰ ਸਭਨੇ ਪਾਇ ਲੀਆ ਹੈ ਉਸੀ ਮੇ ਜੀਵਨ ਪ੍ਰਯੰਤ ਨਿਰਬਾਹੁ ਹੋਤਾ ਹੈ॥

ਕਰਿ ਕਰਿ ਵੇਖੈ ਸਿਰਜਣਹਾਰੁ॥

ਜੈਸੇ ਨਾਥੁ ਜੋ ਮਹੰਤ ਹੋਤਾ ਹੈ ਸੋ ਸਭ ਭੰਡਾਰਿਓਂ ਕੀ ਸੁਧ ਰਖਤਾ ਹੈ ਤੈਸੇ ਸਭ ਸਥਾਨ ਸਿਰਜਨਹਾਰੁ ਅਕਾਲ ਪੁਰਖੁ ਰਚ ਕਰ ਦੇਖਤਾ ਰਹਿਤਾ ਹੈ॥

ਨਾਨਕ ਸਚੇ ਕੀ ਸਾਚੀ ਕਾਰ॥

ਸ੍ਰੀ ਗੁਰੂ ਜੀ ਕਹਤੇ ਹੈਂ ਤਿਸ ਸੱਚੇ ਪੁਰਖ ਕੀ ਸਭ ਕਾਰ ਸੱਚੀ ਹੈ ਜੈਸੇ ਪੂਰਬ ਸੇ ਪ੍ਰਾਰੰਭੁ ਕੀਆ ਹੈ ਵੈਸਾ ਹੀ ਪ੍ਰਲੈ ਪ੍ਰਯੰਤ ਨਿਯਮੁ ਚਲਾ ਜਾਤਾ ਹੈ॥ ਪਾਪੀਯੋਂ ਕੋ ਨਰਕ ਹੋਤਾ ਹੈ ਪੁੰਨੀਯੋਂ ਕੋ ਸ੍ਵਰਗੁ ਹੋਤਾ ਹੈ ਗਯਾਨੀਜੋਂ ਕੀ ਮੋਖ ਹੋਤੀ ਹੈ ਇਤਯਾਦੀ॥

ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ
ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੧॥

ਇਨਕਾ ਅਰਥ ਪੂਰਬਵਤ॥੩੧॥

ਆਸਨ ਕਹਿਤੇਹੈ॥ ਸੋ(ਲੋਯ)ਪ੍ਰਕਾਸ਼ ਰੂਪਜੋ ਸ੍ਵਯੰ-ਜਯੋਤੀ ਆਤਮਾਹੈ, ਸੋਈ ਸਥਿਤੀਕਾ ਹੇਤ ਹੋਨੇਸੇ ਆਸਨਹੈ,ਔਰ ਗਿਯਾਨ ਰੂਪ ਭੋਜਨਕੇ ਹੋਨੇਕੀ ਜਗਹ ਜੋ ਲੋਯ ਪ੍ਰਕਾਸ਼ ਰੂਪ ਅੰਤ: ਕਰਣਹੈ, ਸੋਈ ਭੰਡਾਰਾਹੈ। ਔਰ,ਜੋ ਕੁਛ ਗਿਯਾਨ ਰੂਪ ਭੋਜਨਹੈ, ਸੋ ਏਕ ਬਾਰਹੀ ਪਾਯਾਹੈ, ਪੁਨ:ਪੁਨ; ਤਿਸਕੀ ਕੇਵਲ ਦ੍ਰਿੜ੍ਹਤਾ ਹੀ ਹੋਤੀਹੈ,ਬਾਰ-ਬਾਰ ਪ੍ਰਾਪਤੀ ਨਹੀਂ ਹੋਤੀ; ਕਿਉਂਕਿ, ਬਾਰ-ਬਾਰ ਪ੍ਰਾਪਤੀ ਮੇਂ ਗਿਯਾਤ ਵਸਤੂਮੇਂ ਹੋਨੇਸੇ ਪ੍ਰਮਾਪਨਾ ਨਹੀਂ ਹੋਵੇਗਾ। ਹੇ ਸ਼ਿਸ਼ਯ! ਜਿਨਕੋ ਏਕ ਬਾਰ ਸ੍ਵਰੂਪ ਗਿਯਾਨ ਹੁਆਹੈ,ਸੋ ਤਿਸ ਸ੍ਵਰੂਪ ਗਿਯਾਨਸੇ ਅਪਨੇ ਆਤਮਾਕੋ ਪੁਨ: ਪੁਨ: (ਸਿਰਜਣਹਾਰ) ਪਰਮਾਤਮਾ ਰੂਪਤਾ ਸੰਪਾਦਨ ਕਰਕੇ ਦੇਖਤੇਹੈ॥ ਤਾਤਪ੍ਰਿਯ ਯਹਹੈ,ਅਪਨੇ ਸਾਖਿਸ਼ ਸ੍ਵਰੂਪ ਚੇਤਨਯਕੋ ਹੀ ਜਗਤਕੀ ਉਤਪਤੀ, ਤਥਾ ਸਥਿਤੀ ਔਰ ਲਯਕੀ ਆਧਾਰਤਾਕਾ ਪੁਨ: ਪੁਨ: ਅਨੁਸੰਧਾਨ ਕਰਤੇਹੈ; ਇਸ ਅਰਥਕੋਹੀ ਸ਼੍ਰੁਤੀ ਬੋਧਨ ਕਰਤੀਹੈ, ਤਥਾਹਿ:- “ ”

ਅਰਥ॥ ਸਰਵ ਪ੍ਰਾਪੰਚ ਮੇਰੇ ਸ੍ਵਰੂਪ ਅਧਿਸ਼ਠਾਨ ਮੇਂ ਸੇ ਉਤਪੰਨ ਹੁਆਹੈ; ਔਰ ਮੇਰੇਮੇਂ ਹੀ ਸਥਿਤਹੈ, ਔਰ ਇਸੀ ਪ੍ਰਕਾਰ ਮੇਰੇ ਸ੍ਵਰੂਪਮੇਂ ਲੀਨ ਹੋਤਾਹੈ। ਸੋ ਅਦ੍ਵੈਤਬ੍ਰਹਮ ਮੈਂਹੂੰ॥ ਸ੍ਰੀ ਗੁਰੂਜੀ ਕਹਿਤੇਹੈ ਸ੍ਵਰੂਪ ਗਿਯਾਨ ਵਾਨ ਸਚੇ ਪੁਰਸ਼ਕੀ ਜਿਤਨੀ(ਕਾਰ)ਕਰਤਵਯ ਪਰਿਚਰਿਯਾਹੈ, ਸੋ ਸਰਵਹੀ ਸਾਂਚੀਹੈ; ਤਾਤਪ੍ਰਿਯ ਯਹਹੈ, ਮਾਯਾ ਅਨ੍ਰਤ ਵਰਜਿਤ ਤਿਸਕਾ ਵਿਵਹਾਰਹੈ, ਇਸ ਅਰਥ ਕੋ ਹੀ ਸ਼੍ਰੁਤੀ ਕਹਤੀ ਹੈ, ਤਥਾਹਿ- “ ”

ਅਰਥ॥ ਤਿਨ ਪੁਰਸ਼ੋਕੋਹੀ ਸੋ ਰਜੋ ਗੁਣ ਆਦਿਕ ਉਪਦ੍ਰਵ ਰਹਿਤ ਬ੍ਰਹਮ-ਲੋਕ ਪ੍ਰਾਪਤ ਹੋਤਾਹੈ, ਜਿਨਮੇਂ (ਜਿਹਾ)ਕੁਟਿਲਤਾ ਔਰ ਮਿਥਯਾ ਭਾਸ਼ਣ ਤਥਾ ਮਾਯਾ ਨਹੀਂਹੈ। ਜੋ ਮਨਮੇਂ ਕੁਛ ਔਰਹੀ ਰੱਖ ਕਰ ਬਾਹਰਸੇ ਅਨਯਥਾ ਕਹਿਤਾਹੈ;ਸੋ ਮਾਯਾਹੈ। ਜੈਸੇ ਯੋਗੀ ਆਦਿਕ ਪੂਜਾ ਕੋ 'ਕਾਰ' ਕਹਿਤੇ ਹੈ, ਔਰ ਜਗਤਮੇਂ ਵਿਚਾਰ ਕਰ ਕਾਰ ਲੇਤੇਹੈ। ਤੈਸੇ ਸਚੇ ਵਿਚਾਰਸ਼ੀਲ ਕਾ, ਜੋ ਮਿਥਯਾ ਵਿਵਹਾਰ ਸੇ ਰਹਿਤ ਹੋਨਾਹੈ, ਸੋਈ ਪੂਜਾਹੈ, ਔਰ ਸੋਈ ਕਰਤਵਯ ਰੂਪ 'ਕਾਰ' ਹੈ॥31॥

ਨ.9.ਸਾਧੂ ਪੰ.ਹਰਿਪ੍ਰਸਾਦ ਜੀ ਉਦਾਸੀਨ(ਵੇਦਿਕ ਮੁਨੀ)-31

ਆਸਣੁ ਲੋਇ ਲੋਇ ਭੰਡਾਰੁ॥

Sri Satguru Jagjit Singh Ji eLibrary NamdhariElibrary@gmail.com

ਲੋਕ-ਲੋਕ ਮੇਂ, ਅਰਥਾਤ ਹਰ-ਏਕ ਭੂਮੀ ਮੰਡਲਮੇਂ ਉਨਕਾ ਆਸਨ(ਨੀਵਾਸ)ਹੈ, ਲੋਕ-ਲੋਕ ਮੇਂ ਉਨਕਾ ਭੰਡਾਰ, ਅਰਥਾਤ ਕਾਰਯਾਲਯ ਹੈ, ਜੋ ਕੁਝ ਪਾਨਾ ਚਾਹੀਏ,ਅਰਥਾਤ ਉਨ੍ਹੇ ਦੇਨਾ ਚਾਹੀਯੇ,ਵਹ ਸਬ ਏਕ ਹੀ ਬਾਰ ਉਨ੍ਹੋਨੇ ਪਾ ਲਿਯਾ, ਅਰਥਾਤ ਉਨ੍ਹੇ ਇਸ਼੍ਵਰ ਨੇ ਦੇ ਦਿਯਾ ਹੈ॥ 1॥

ਵਹ ਸਬ ਜਗਤਕਾ ਬਨਾਨੇ ਵਾਲਾ ਇਸ਼੍ਵਰ,ਸਬ ਜਗਤਕੋ ਬਨਾ ਕਰ ਔਰ ਯਥਾ ਯੋਗਯ ਉਸਕਾ ਅਧਿਕਾਰ ਉਨ੍ਹੇਦੇ ਕਰ, ਆਪ ਸਾਖਸ਼ੀ ਹੁਆ ਦੇਖਤਾਹੈ। ਨਿਰਸੰਦੇਹ ਉਸ ਸਤਯਕਾ ਯਹ ਸਬ ਕਾਮ ਸਤਯਹੈ, ਯਹ ਨਾਨਕਕਾ ਦਰਸ਼ਨ,ਅਰਥਾਤ ਨਾਨਕਕੀ ਦ੍ਰਿਸ਼ਟੀਹੈ॥ 2॥

ਪ੍ਰਣਾਮਹੈ ਉਸਕੋ ਪ੍ਰਾਤ: ਪ੍ਰਣਾਮਹੈ ਉਸਕੋ ਸਾਯਮ; ਜੋ ਸਬਕਾ ਆਦਿ(ਕਾਰਣ)ਹੈ ਜਿਸਕਾ ਕੋਈ ਆਦਿ ਨਹੀਂਹੈ,ਜੋ ਨੀਲਾਦਿ ਵਰਣੋਂ(ਰੰਗੋਂ)ਸੇ ਰਹਿਤਹੈ ਜੋ ਸ਼ਸਤ੍ਰੋਸੇ ਆਹਤ(ਜਖਮੀ)ਨਹੀਂ ਹੋਤਾਹੈ ਔਰ ਜਿਸਕਾ ਯੁਗ ਯੁਗਮੇਂ ਏਕ ਹੀ ਵੇਸ਼, ਅਰਥਾਤ, ਸ੍ਵਰੂਪ ਏਕ ਰਸਹੈ॥ 3॥ 31॥

ਭਾਸ਼ਯ:-ਮਾਯਾਪਤਿ ਇਸ਼੍ਵਰਕੇ ਤੀਨੋਂ ਸਿਸ਼ਯ ਜਿਨਕਾ ਨਾਮ: ਬ੍ਰਹਮਾ, ਵਿਸ਼ਨੂੰ ਔਰ ਮਹੇਸ਼ਹੈ, ਯਥਾ-ਆਗਿਯਾ ਤੀਨੋਂ ਲੋਕੋਂਮੇ ਸਥਿਤ ਹੁਏ ਅਪਨੇ-ਅਪਨੇ ਅਧਿਕ੍ਰਿਤ ਕਾਰਯਕੋ ਯਥਾ-ਸਮਯ ਠੀਕ-ਠੀਕ ਕਰਤੇਹੈ ਔਰ ਉਸਕੇ ਠੀਕ-ਠੀਕ ਕਰਨੇਕੇ ਲਿਯੇ ਜਿਤਨੀ ਸ਼ਕਤੀ ਆਵਸ਼ਯਕਹੈ, ਉਤਨੀ ਸ਼ੁਕਤੀ ਉਨ੍ਹੇ ਏਕ ਹੀ ਬਾਰ ਦੇਦੀ ਗਈਹੈ, ਯਹ, ਮਮਤਾਕੇ ਪੁਤ ਦੀਰਘਤਮਾ ਰਿਸ਼ੀਕੇ ਮੰਤ੍ਰਸੇ ਸਫੁਟਹੈ; ਮੰਤ੍ਰ ਯਹਹੈ- “” (॥ 10॥ 30॥ 30॥)

ਅਰਥ:- ‘ਤੀਨੋ ਮਾਤਾਵੋਂ ਕੋ, ਅਰਥਾਤ: ਸਰਸ੍ਵਤੀ, ਲਕਸ਼ਮੀ ਔਰ ਪਾਰਵਤੀਕੋ, ਜੋ ਵਿਸ਼ਵਕੀ(ਚਰਾਚਰ ਪ੍ਰਾਣੀਯੋਕੀ)ਮਾਤਾਵੋਂਕੀ ਮਾਤਾ ਹੋਨੇਸੇ ਮਾਤਾਹੈ,ਔਰ ਤੀਨੋਂ ਪਿਤਾਵੋਂਕੋ,ਅਰਥਾਤ ਉਨ ਤੀਨੋਂਕੇ ਪਤੀ: ਬ੍ਰਹਮਾ, ਵਿਸ਼ਨੂੰ ਔਰ ਮਹੇਸ਼ਕੋ, ਜੋ ਵਿਸ਼ਵਕੇ ਪਿਤਾਵੋਂਕੇ ਪਿਤਾ ਹੋਨੇਸੇ ਪਿਤਾਹੈ, ਯਥਾ ਯੋਗਯ ਕਾਰਯ ਭਾਰਥ ਮਾਤਾ ਹੁਆ, ਅਰਥਾਤ ਤੀਨੋਂਕੋ ਕਾਰਯਭਾਰ ਥਾਮਨੇ ਮੇ ਸਾਮਰਥ (ਸ਼ਕਤਿ) ਪ੍ਰਾਪਤੀਕੇ ਲਿਯੇ ਗ੍ਰਹਿਮੇਧੀ ਬਨਾ ਕਰ ਵਿਸ਼ਵਕੇ ਸਾਰਿਸ਼ਟੀ ਪਾਲਨ ਔਰ ਸੰਹਾਰ-ਰੂਪੀ ਕਾਰਯਮੇਂ ਨਿਯੁਕਤ ਕਰਤਾ ਹੁਆ ਆਪ ਏਕਲਾ ਸਬਕੇ ਉਪਰ ਹੁਆ,ਅਰਥਾਤ ਅਧਿਸ਼ਾਟਤਾ ਹੁਆ ਸਥਿਤਹੈ,ਵੇ ਤੀਨੋਂ ਅਪਨਾ-ਅਪਨਾ ਕਾਮ ਯਥਾ ਸਮਯ ਠੀਕ ਠੀਕ ਕਰਨੇ ਮੇਂ ਨਹੀ ਕਭੀ ਗਲਾਨਿ ਕਰਤੇ;ਅਰਥਾਤ ਨਹੀਂ ਕਭੀ ਉਤਸਾਹ ਹੀਨ ਹੋਤੇਹੈ। ਵੇ ਤੀਨੋਂ, ਉਸ ਲੋਕ ਕੇ ਸ਼ਿਖਰ ਪਰ ਅਧਿਸ਼ਾਟਤਾ ਰੂਪਸੇ ਸਥਿਤ ਇਸ਼ਰਕੇ ਆਗਾਯ ਵਚਨਕੇ ਵਿਚਾਰਤੇ, ਅਰਥਾਤ ਯਥਾ ਸਮਯ ਠੀਕ ਠੀਕ ਕਰਨੇਕੇ ਲਿਯੇ ਸਦਾ ਧਿਆਨਮੇਂ ਰਖਤੇਹੈ, ਜੋ ਵਿਸ਼ਵਕੇ ਸੰਬੰਧਮੇਂਹੈ ਔਰ ਜਿਸੇ ਨਹੀਂ ਵਿਸ਼ਵ ਜਾਨਤਾਹੈ।

ਨੰ.10. ਭਾਈ ਵੀਰ ਸਿੰਘ ਜੀ (ਆਧੁਨਿਕ) - 31

ਪ੍ਰਾਕਥਨ:-ਤੀਸਰੀ ਪਉੜੀ ਵਿਚ ਪਰਮਾਤਮ ਦੇਵ ਵੱਲ ਉੱਚ ਦ੍ਰਿਸ਼ਟੀਦੇਕੇ ਫੇਰ ਹੁਣ ਚੌਥੀ ਵਿਚ ਆਪਣੀ ਲੜੀਨੂੰ ਪਕੜਦੇ ਹਨ। ਜੋਗੀ ਸ਼ਿਵ ਦਾ ਆਸਣ ਸ਼ਿਵ ਲੋਕ ਵਿਚ ਮੰਨਦੇ ਹਨ,ਜਿੱਥੇ ਸਰਬ ਪ੍ਰਕਾਰਦੇ ਭੋਗ ਰਹਿੰਦੇਹਨ, ਜੋ ਉਥੇ ਪੁੱਜਣ ਵਾਲੇ ਜੋਗੀਆਂਨੂੰ ਖੁੱਲ੍ਹੇ ਮਿਲਦੇ ਦੱਸੀਦੇ ਹਨ। ਗੁਰੂਜੀ ਦੱਸਦੇ ਹਨ ਕਿ ਸ਼ਿਵ ਆਦਿਦੇ ਰਚਣਹਾਰ ਪ੍ਰਭੂ ਲੋਕਾਂ ਵਿਚ ਆਸਣ ਤੇ ਭੰਡਾਰਹੈ, ਯਥਾ:-

ਆਸਣੁ ਲੋਇ ਲੋਇ ਭੰਡਾਰੁ॥ ਅਰਥ:-(ਉਸ ਏਕੇ ਦਾ) ਆਸਣੁ ਤੇ ਭੰਡਾਰੇ(ਨਿਰੇ ਸ਼ਿਵ ਲੋਕ,ਯਾ ਤਿੰਨਾ ਲੋਕਾਂ ਵਿਚ ਨਹੀਂ ਸਗੋਂ)ਲੋਕ ਲੋਕ ਵਿਚਹੈਨ;(ਉਹਨਾਂ ਭੰਡਾਰੀਆਂ ਵਿਚ)ਜੋ

Sri Satguru Jagjit Singh Ji eLibrary NamdhariElibrary@gmail.com

ਕੁਛ(ਉਸ ਨੇ)ਪਾਇਆਹੈ,ਸੋ ਇਕੋ ਵਾਰ ਪਾ ਦਿਤਾਹੈ,ਪਰ ਉਹ ਰਚਣਹਾਰ(ਰਚੀ ਹੋਈਨੂੰ)ਰਚਕੇ (ਤੇ ਅਮੁੱਕ ਭੰਡਾਰੇ ਭਰਕੇ ਕਿਤੇ ਚਲਾ ਨਹੀਂ ਗਿਆ,ਵਿਚੇ ਬੈਠਾਹੈ)ਕੀਤੀ ਹੋਈਨੂੰ ਵੇਖਦਾ(ਭਾਵ ਸੰਭਾਲਦਾਹੈ)। (ਹਾਂ)ਉਹ ਆਪ ਸੱਚਾਹੈ(ਇਸ ਕਰਕੇ (ਉਸ) ਸੱਚੇਦੀ ਕਾਰਬੀ ਸੱਚੀਹੈ, ਹੇ ਨਾਨਕ।

ਵਯਾਖਯਾ:- ਉਪਰਲੀਆਂ ਚਾਰ ਪਉੜੀਆਂ ਵਿਚ ਉਹੋ ਜੋਗਦੇ ਅੰਗ ਵਰਣਨ ਹੋਏ ਹਨ,ਜਿਨ੍ਹਾਂਨੂੰ ਗੋਰਖ ਮਤਾ ਵਲੰਬੀ ਜੋਗੀ ਪ੍ਰਧਾਨ ਅੰਗ ਮੰਨਦੇ ਸਨ,ਓਹ ਏਹ ਹਨ:-ਮੁੰਦ੍ਰਾਂ,ਪੱਤ (ਖੱਪਰ),ਝੋਲੀ,ਵਿਭੂਤ,ਖਿੰਥਾ (ਗੋਦੜੀ),ਜੋਗਦੀ ਜੁਗਤੀ:- ਡੰਡਾ, ਭੁਗਤੀ, ਭੰਡਾਰਣ, ਭੰਡਾਰ, ਨਾਦੀ, ਨਾਥ, ਰਿੱਧੀ ਸਿੱਧੀ, ਮਾਈ ਸ਼ਿਵ, ਕਾਰ ਚਲਾਊ; ਏਹ ਅੰਗ ਇਨ੍ਹਾਂਦੇ ਹਨ। ਪਾਤਜੰਲ ਆਦਿ ਯੋਗ ਸ਼ਾਸਤ੍ਰਾਂਦੇ ਨਹੀਂ ਹਨ[76]।

ਇਨ੍ਹਾਂਦੀ ਥਾਵੇਂ ਗੁਰੂ ਜੀਨੇ ਆਪਣੇ ਆਸ਼ਯਦੇ ਓਹ ਅੰਗ,ਜਿਨ੍ਹਾਂ ਨਾਲ ਕਲਯਾਣ ਪ੍ਰਾਪਤ ਹੁੰਦੀਹੈ ਦੱਸੇ ਹਨ। ਓਹ'ਸਹਜ ਯੋਗ' ਦੇ ਸਾਧਨ ਹਨ, ਪਾਤੰਜਲ ਆਦਿਦਾ ਯੋਗ ਬੀ ਵਿੱਚੇ ਆ ਜਾਂਦਾਹੈ,ਜੈਸੇ ਧਯਾਨ। ਇਨ੍ਹਾਂ ਵਿਚ ਆਪਣਾ ਵਿਸਮਾਦੀ ਰੰਗਬੀ ਸ਼ਾਮਲਹੈ (ਵਿਡਾਣੁ) ਤੇ ਭਗਤੀ ਬੀ ਸ਼ਾਮਲਹੈ (ਆਦੇਸੁ), ਗਿਆਨ ਬੀਹੈ (ਭੁਗਤਿ ਗਿਆਨੁ) ਇਸ ਤਰ੍ਹਾਂ ਭਗਤੀ, ਗਯਾਨ, ਯੋਗ, ਵਿਸਮਾਦ ਆਦਿਦੇ ਚਿੰਨ੍ਹਜੋ ਆਪਨੇ ਕਥੇ ਹਨ, ਐਉਂ ਹਨ:- ਸੰਤੋਖ, ਲੱਜਯਾ, ਧਯਾਨ, ਮੌਤ ਦੀ ਯਾਦ, ਸਰੀਰਕ ਪਵਿੱਤ੍ਰਤਾ, ਸਿਦਕ, ਮੈਤ੍ਰੀ (ਸਭ ਨਾਲ ਭਰਾਤਰੀ ਭਾਵ) ਮਨ ਤੇ ਫਤੇ, 'ਆਦਿ, ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ' ਲਛਣਾਂ ਵਾਲੇ ਪਰਮਾਤਮਾਂਦੀ ਸਿਫਤ ਸਾਲਾਹ ਪੂਜਾ(ਆਦੇਸ)। ਗਯਾਨ, ਦਇਆ, ਨਾਮ(ਘਟਿ ਵਿਚ)ਰਿੱਧੀ ਸਿੱਧੀਤੋਂ ਉੱਪਰਾਮਤਾ ਅਰਥਾਤ ਪਰਮ-ਵੈਰਾਗਯ, ਕਰਤਾ ਪੁਰਖ ਦ੍ਰਸ਼ਟਾਹੈ:-ਸ਼ਿਵ, ਬ੍ਰਹਮਾ, ਵਿਸ਼ਨੂੰ ਦ੍ਰਸ਼ਟਾ ਨਹੀਂ? ਓਹ ਕ੍ਰਿਤ ਹਨ; ਕਰਤਾਰ ਦਾਤਾਹੈ, ਦਾਤ ਅਮੁੱਕਹੈ ਤੇ ਲੋਕ ਲੋਕ ਵਿਚਹੈ। ਇਨ੍ਹਾਂ ਗੁਰੂ ਜੀਦੇ ਦੱਸੇ ਗੁਣਾਂ,ਅੰਗਾਂ,ਸਾਧਨਾਂ ਤੇ ਵਯਕਤੀਆਂ ਤੋ ਗੁਰੂ ਜੀਦਾ ਦੱਸਿਆ ਧਰਮਕੀ ਬਣਦਾਹੈ?

ਇਨ੍ਹਾਂਨੂੰ ਇਕ ਤਰਤੀਬ(ਕ੍ਰਮ)ਵਿਚ ਰਖਿਆ ਸਾਫ ਸਮਝੇ ਪੈ ਜਾਂਦਾਹੈ:-

(1) ਪੂਜਾ ਯੋਗ ਅਕਾਲ ਪੁਰਖਹੈ,ਜਿਸਦੇ ਲੱਛਣ ਇਹ ਹਨ:-ਉਹ ਸਭਦੀ ਆਦਿਹੈ,ਉਹ ਮਾਇਆ ਅਤੀਤਹੈ, ਉਸਦੀ ਆਦਿ ਕੋਈ ਨਹੀਂ,ਉਹ ਅਵਿਨਾਸ਼ੀਹੈ,ਭਾਵ ਉਸਦਾ ਅੰਤ ਨਹੀਹੈ,ਹਰ ਜੁਗ ਵਿਚ ਉਹ ਇਕ ਰਸ ਰਹਿੰਦਾਹੈ। ਭਾਵ ਇਹਕਿ ਸ਼ਿਵਕੀ ਮਾਈ ਏਹ ਅਕਾਲ ਪੁਰਖ ਨਹੀਂ ਹਨ। ਸ਼ਿਵ,ਬ੍ਰਹਮਾ,ਵਿਸ਼ਨੂੰ ਦੇਵਤੇ ਹਨ, ਏਹਨਾਂਨੂੰ ਕਰਤਾਰਨੇ ਪੈਦਾ ਕੀਤਾਹੈ, ਏਹਨਾਂਨੂੰ ਪਰਮਾਤਮਾ ਦੇਖਦਾਹੈ, ਹੁਕਮ ਵਿਚ ਟੋਰਦਾਹੈ।

1. ਬ੍ਰਹਮਾ, ਬਿਸਨੁ, ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ(1036:6)। ਏਹ ਉਸਨੂੰ ਨਹੀਂ ਦੇਖ ਸਕਦੇ। ਤਾਂਤੇ ਪੂਜਾ ਯੋਗ ਇਨ੍ਹਾਂਦਾ 'ਕਰਤਾ' ਤੇ ਸੰਚਾਲਕ ਅਕਾਲ ਪੁਰਖ ਹੈ।

76. ਟਿੱਪਣੀਕਾਰ:- ਭਾਰਤ ਵਿੱਚ ਦੋ(2) ਪ੍ਰਧਾਨ ਯੋਗ ਦੀਆਂ ਪ੍ਰਣਾਲੀਆਂ ਹਨ:1. ਸਤਜੁਗ ਤੋਂ ਦ੍ਵਾਪੁਰ ਜੁਗ ਅੰਤ ਤਕ ਵੇਦ ਯੋਗਦੀਆਂ ਬਹੁ:1.ਰਾਜ/ਸਹਜ ਜੋਗ, 2.ਉਦਾਸ/ਸੰਨਿਆਸ ਜੋਗ, 3.ਕਰਮ,ਭਗਤੀ, ਗਿਆਨ ਤ੍ਰਿ-ਸ਼ਾਖਾ ਜੋਗ, 4.ਆਤਮ-ਸੰਜਮ ਜੋਗ(ਗੀਤਾ ਅਧਿਆਇ 6 ਅਧਾਰ ਪਾਤੰਜਲੀ (ਕ੍ਰਿਯਾ,ਅਸਟਾਂਗ ਆਦਿ) ਯੋਗ ਦਰਸਨ ਸੂਤ੍ਰ ਸਮਨ੍ਵਤਹੈ) 5.ਗੀਤਾ'ਚ ਕਰਮ,ਸਾਂਖ ਆਦਿ 18: ਉਪ-ਜੋਗ ਆਦਿ ਅਨੇਕ ਜੋਗ ਹਨ॥ ਦੂਜੀ ਪ੍ਰਣਾਲੀ ਕਲਿ ਜੁਗ ਅਰੰਭ ਵਿੱਚ ਮਹਾਦੇਵ ਸ਼ਿਵਜੀ ਪ੍ਰਣੀਤ "ਤਾਂਤ੍ਰਿਕ" ਤ੍ਰਿ-ਕ੍ਰਾਂਤਦੇ "ਮਛੰਦਰ-ਗੋਰਖ" "ਹੱਠ-ਅਸਟਾਂਗ ਯੋਗ" ਹੈ ਜਿਸਦਾ ਇਨ੍ਹਾਂ ਜਪੁ ਨੀਸਾਨੁ ਦੀਆਂ ਚਾਰ ਪਉੜੀਆਂ ਵਿਚ ਵਰਣਨ ਹੈ॥

Sri Satguru Jagjit Singh Ji eLibrary NamdhariElibrary@gmail.com

2. ਉਸ ਆਦਿ ਅਨੀਲ ਵਿਚ ਪ੍ਰਤੀਤਿ ਧਾਰਨ ਕਰਨੀ ਇਹ ਸਾਡਾ ਮੁੱਖ ਅੰਗਹੈ ਜੋ ਆਤਮ ਸਾਧਨਾਂ ਵਿਚ ਡੰਡੇ ਵਾਂਙੂ ਸਾਡੀ ਰੱਖਿਆ ਕਰਦਾਹੈ।
3. ਆਦਿ ਅਨੀਲ ਪਰਮਾਤਮਾਨੂੰ ਅਸੀਂ ਬਾਰੰਬਾਰ ਆਦੇਸ ਆਖਦੇ ਹਾਂ। ਭਾਵ ਯਾਦ ਰਖਦੇ ਤੇ ਪੂਜਦੇ ਹਾਂ ਇਸ ਸਿਦਕਤੇ ਸਾਧਨ ਨਾਲ।
4. ਉਸ ਆਦਿ ਅਨੀਲੁ ਵਿਚ 'ਧਿਆਨ' ਪ੍ਰਾਪਤ ਹੁੰਦਾਹੈ।
5. ਧਯਾਨਦੀ ਪ੍ਰਪੱਕਤਾ ਸਮਾਧੀ ਵਿਚ ਯਾ ਗਯਾਨ ਵਿਚ, ਗੱਲ ਕੀ 'ਪਰਮ ਪਦ'ਤੇ ਲੈ ਜਾਂਦੀਹੈ।

ਧਯਾਨ ਨੂੰ ਗੁਰੂ ਜੀਨੇ ਵਿਭੂਤ ਦੀ ਥਾਵੇਂ ਲਿਆਹੈ। ਜੋਗੀ ਸੁਆਹ ਮਲਦੇ ਹਨ,ਕਿ ਕੋਝੇ ਲੱਗੀਏ, ਸਾਡੀ ਸੁੰਦਰਤਾਤੇ ਨਾ ਕੋਈ ਰੀਝੇ, ਨਾ ਅਸੀਂ ਡਿੱਗੀਏ। ਗੁਰੂ ਜੀ ਕਹਿੰਦੇ ਹਨ,ਅੰਦਰਲੇ ਨੂੰ ਕਰਤਾ-ਪੁਰਖ ਦੇ ਧਯਾਨ ਵਿਚ ਲਗਾ ਦਿਓ,ਉਸ ਆਨੰਦਦੇ ਆਯਾਂ ਤੁਸੀਂ ਬਾਹਰਲੇ ਰਸਾਂ ਵਿਚ ਮੋਹੇ ਨਹੀਂ ਜਾਉਗੇ। ਇਹ ਧਯਾਨਦੀ ਤਾਕਤ ਤੁਹਾਨੂੰ ਆਚਰਣਦੀ ਪਕਿਆਈਤੇ ਸੁਤੰਤ੍ਰਤਾ ਦੇਵੇਗੀ। 'ਦੂਸਰਿਆਂਦੀ ਨਫਰਤ ਤੁਹਾਡੇ ਆਚਰਣਦੀ ਰੱਖਯਾ ਕਰੇ' ਇਹ ਪ੍ਰਾਧੀਨਤਾ ਹੈ। ਜਦ ਪਰਮਾਤਮ ਦੇਵ ਦਾ ਧਯਾਨ ਗਯਾਨ ਅਰੂੜ ਕਰ ਦੇਂਦਾਹੈ ਤਾਂ ਕੋਈ ਲੋੜ ਬਾਕੀ ਨਹੀਂ ਰਹਿੰਦੀ, ਪਰ ਜਦ ਤਕ ਦੇਹਿ ਹੈ ਤਦ ਤਕ ਮੇਲ ਜੋਲ ਸੁਤੇ ਹਨ। ਗਯਾਨ ਵਾਨ ਫੇਰ ਭੰਡਾਰੇ ਦੇ ਭੋਜਨਾਂ ਵਾਂਙੂ ਗਯਾਨਨੂੰ ਭੋਜਣ ਬਣਾ ਲੈਂਦਾਹੈ। ਅਰਥਾਤ ਗਯਾਨਵਾਨਾਂ ਦੇ ਸੰਗ ਵਿਚ ਮਿਲਨਾ, ਉਨ੍ਹਾਂ ਨਾਲ ਗਯਾਨ ਦੀ ਵਾਰਤਾਲਾਪ ਕਰਨੀ ਗਯਾਨ ਪ੍ਰਪੱਕਤਾਦੀ ਭਿਖਯਾ ਮੰਗਣੀ, ਗਯਾਨਵਿਚ ਜੀਉਣਾ, ਟਿਕਣਾ, ਲੀਨਹੋਣਾ, ਗਯਾਨਵਿਚ ਬੋਲਣਾ, ਚਲਣਾ, ਸਤਿਸੰਗ ਕਰਨਾ; ਗਯਾਨਦਾ ਵਚਨ ਵਿਲਾਸ ਲੈਣਾ, (ਸੁਣਨਾ) ਗਯਾਨਵਾਨਾਂ ਤੋਂ,ਤੇ ਗਯਾਨ ਦਾਨ ਕਰਨਾ ਅਧਿਕਾਰੀਆਂ ਪ੍ਰਤਿ। ਸੋ ਦਇਆ ਸਾਡੀ ਭੰਡਾਰਣਹੈ ਅਰਥਾਤ ਦਇਆ ਵਿਚ ਆਕੇ ਗਯਾਨ ਦਾਨ ਕਰਦੇ ਹਾਂ। ਪਰਮਾਰਥ ਦੇ ਆਰੰਭ ਤੋ ਧਯਾਨ ਪ੍ਰਪੱਕਤਾਤੇ ਗਯਾਨ ਪ੍ਰਾਪਤੀ ਤਕ ਪੱਥ-ਪ੍ਰਹੇਜ਼ਾਂ ਦੀ ਲੋੜਹੈ ਕਿ ਨਰਦ ਪੁੱਗ ਜਾਵੇ,ਕਿਤੇ ਕੱਚੀ ਨਾ ਥੀਵੇ। ਫਿਰ ਗਯਾਨ ਪਾਕੇ ਲੋੜਹੈ ਕਿ ਗਯਾਨ'ਸਫਲ ਗਿਆਨ'ਹੋਵੇ ਤੇ ਪਰਪੱਕ ਹੋਵੇਤੇ ਸਿਥਲ ਨਾ ਹੋਵੇ। ਇਸ ਲਈ ਲੋੜਹੈ ਪੱਥ ਪ੍ਰਹੇਜ਼ਾਂ ਦੀ, ਜਿਨ੍ਹਾਂ ਨਾਲ ਉਪਰਲੇ ਸਾਧਨ ਨਿਰਵਿਘਨ ਟੁਰਦੇ ਹਨ ਤੇ ਗਯਾਨ ਪ੍ਰਾਪਤਹੋ ਕੇ ਗਯਾਨ ਸਿਥਲਤਾ ਨਹੀਂ ਹੁੰਦੀ; ਓਹ ਹਨ:-

6. ਸਰੀਰ ਨੂੰ ਪਾਪਾਂਤੋਂ ਪਵਿੱਤ ਰਖੀਦਾਹੈ ਜੋ ਮਨ ਪਵਿੱਤ੍ਰ ਰਹੇ ਤੇ ਸ਼ਰੀਰ ਅਰੋਗ ਰਹੇ। ਫਿਰ ਮੌਤ ਯਾਦ ਰੱਖੀਦੀਹੈ ਜਿਸ ਕਰਕੇ ਪਾਪ-ਕਰਮ ਨਹੀਂ ਹੁੰਦੇ। ਪਾਪ-ਕਰਮ ਕਰਨੋਂ ਮਨ ਹਟ ਗਿਆ,ਤਾਂ ਇਸ ਉਤੇ ਆਪਹੀ ਵਸੀਕਾਰਹੋ ਗਿਆ। ਜਦ ਮਨ ਵੱਸਹੋ ਗਿਆ,ਤਾਂ ਜਗਤ ਵੱਸ ਕਰਨੇਦੀ ਲੋੜਹੀ ਨਾ ਰਹੀ। ਕਿਉਂਕਿ ਮਨਨੂੰ ਤ੍ਰਿਸ਼ਨਾਂਹੀ ਚੁੱਕ ਗਈ ਤਾਂ ਜਗਤ ਨੂੰ ਵੱਸ ਕਾਸ ਲਈ ਕਰੇਗਾ?ਸੁਖਮਨੀ ਵਿਚ ਗੁਰੂ ਪੰਚਮ ਜੀਨੇ ਪਰਮਾਤਮ ਦੇਵ ਨੂੰ ਅਰੰਗ ਦੱਸਿਆਹੈ। ਰੂਪ ਨ ਰੇਖ ਨ ਰੰਗੁ ਕਿਛੁ....॥ ਅਨੀਲ ਕਹਿਣ ਵਿਚ ਇਕ ਕਟਾਖਯ ਬੀਹੈ, ਜੋਗੀ ਸ਼ਿਵ ਉਪਾਸ਼ਕ ਹੈਨ, ਸ਼ਿਵਜੀ ਦਾ ਇਕ ਨਾਮ 'ਨੀਲ ਕੰਠ' ਹੈ, ਗੁਰੂਜੀ ਸ਼ਿਵ ਦੇ ਕਰਤਾਨੂੰ 'ਅਨੀਲ' ਦੱਸ ਰਹੇ ਹਨ। ਅਨੀਲ ਦਾ ਭਾਵ ਮਾਯਾ ਛਾਯਾ ਤੋਂ ਰਹਿਤਹੈ; ਪਵਿਤ੍ਰ ਅਰਥ ਬੀਹੈ।

Sri Satguru Jagjit Singh Ji eLibrary NamdhariElibrary@gmail.com

ਭੁਗਤਿ- (ਸੰਸ:ਭੁਕਿਤ-ਭੋਜਨ) ਭੋਜਨ। ਜੋਗੀ ਇਹ ਪਦ ਆਪਣੇ ਟਿਕਾਣਿਆਂਦੇ ਭੋਜਨ ਲਈ ਵਰਤਦੇ ਹਨ। ਸਿੰਧ ਵਿਚ ਗੁਰੂ ਟਿਕਾਣਿਆਂ ਵਿਚ ਬੀ ਇਹ ਪਦ ਵਰਤਦੇ ਹਨ ਭੋਜਨ ਅਰਥਾਂ ਵਿਚ। (2) ਮਧੂਕੜੀ।

ਨਾਦ:-(ਸੰਸ:ਨਾਦ-ਸ਼ਬਦ)ਸ਼ਬਦ,ਆਵਾਜ਼। ਜੋਗੀ ਇਕ ਨਿੱਕੀ ਟੂਟੀ ਜੇਹੀ ਗਲੇ ਵਿਚ ਲਟਕਾਈ ਰਖਦੇ ਹਨ, ਭੰਡਾਰਾ ਖਾਣ ਵੇਲੇ ਵਜਾਉਂਦੇ ਹਨ,ਉਸਨੂੰ ਨਾਦੀ ਕਹਿੰਦੇ ਹਨ। 2.ਦਾਨੇ ਐਉਂਬੀ ਕਰਦੇ ਹਨ:-ਸ਼ਿਵਜੀ ਪਾਸਤਾਂ ਸਿੰਙੀ ਤੇ ਡੌਰੂ ਦਾ ਨਾਦਹੈ, ਪਰ ਸਾਡੇ ਅਨੀਲ ਵਾਹਿਗੁਰੂਦਾ ਨਾਦ ਘਟ ਘਟ ਵਿਚ ਵੱਜ ਰਿਹਾਹੈ ਜੋ ਬਿਨਾ ਵਜਾਏ ਵੱਜਦਾ ਹੈ:- ਵਾਜੇ ਬਾਝਹੁ ਸਿੰਙੀ ਵਾਜੇ ਤਉ ਨਿਰਭਉ ਪਦ ਪਾਈਐ (730:17)॥

ਰਿਧਿ-ਸਿਧਿ:-(ਸੰਸ: ਰਿਦਿਧ। ਸਿਦਿਧ। ਰਿਧਿਆਂ ਤੇ ਸਿਧੀਆਂ। ਰਿਧਿਦਾ ਧਾਤੂ ਰਿਧ-ਵਧਣਾ, ਪ੍ਰਫੁਲਤਾ ਹੋਣਾ) 1. ਵਾਧਾ, ਬਹੁਲਤਾ, ਪ੍ਰਫੁਲਤਾਈ। 2. ਕਰਾਮਾਤੀ ਸ਼ਕਤੀ। 3. ਇਕ ਦਵਾਈ;ਯਾ ਦਵਾਵਾਂ ਨਾਲ ਪ੍ਰਾਪਤ ਹੋਣ ਵਾਲੀ ਕੁਸ਼ਲਤਾ। ਸਿੱਧੀਆਂ ਅੱਠ ਤੇ ਅਠਾਰਾਂ ਬੀ ਗਿਣਦੇ ਹਨ। ਰਿਧਿ ਸਿਧਿ ਦੋਹਾਂਦਾ ਭਾਵ ਐਸ਼ਵਰਜ ਵਾਧਾ ਪ੍ਰਫੁੱਲਤਾ ਤੇ ਕਰਾਮਾਤੀ ਸ਼ਕਤੀਆਂਤੋਂ ਹੁੰਦਾਹੈ। ਅੱਠ ਸਿੱਧੀਆਂ। ਯਥਾ: ਅਸਟ ਸਿਧਿ ਨਵ ਨਿਧਿ ਏਹ॥18 ਸਿਧੀਆਂ,ਯਥਾ-'ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ' (10:13;495:7)

ਅਵਰਾ:-(ਹਿੰਦੀ,ਔਰ,ਅਵਰ) ਹੋਰਨਾਂਦਾ, ਔਰਦਾ ਬਹੁ ਵਚਨ, ਔਰਾ ਤੇ ਅਵਰਾ; ਭਾਵਹੈ ਵਾਹਿਗੁਰੂ ਦੇ ਰਾਹ ਤੋਂ ਹੋਰਵੇਂ ਟੁਰਨ ਵਾਲਿਆਂ ਦਾ। ਐਉਂ ਬੀ ਲਾਉਂਦੇ ਹਨ: ਆਵਰਣ ਵਾਲਿਆਂਦਾ। ਜੋ ਮਾਯਾਲੇ ਅਵਰੇ ਹੋਏ ਹਨ, ਭਾਵ, ਜੋ ਅਗਯਾਨ ਵਿਚ ਹਨ। ਮੁਰਾਦ ਇਹ ਲੈਂਦੇ ਹਨ ਕਿ ਨਾਮਦੇ ਪ੍ਰੇਮੀ ਰਿਧਿ ਸਿਧਿਤੋਂ ਵੈਰਾਗ ਧਾਰਦੇ ਹਨ। ਯਥਾ:-ਧਿਗੁ ਸਿਧੀ ਧਿਗੁ ਕਰਾਮਾਤਿ॥ (ਸੋਰਠ ਵਾਰ ਮ:3-30; ਪੰ:650:7)

ਸੰਜੋਗੁ ਵਿਜੋਗੁ(ਸੰਸ:ਸੰਯੋਗ-ਭਲੀ ਪ੍ਰਕਾਰ ਮੇਲ। ਵਿਜੋਗ-ਵਿਛੋੜਾ, ਮੇਲ ਤੇ ਵਿਛੁੜਨਾ ਮੁਰਾਦਹੈ ਵਾਂਛਿਤ ਕਾ ਮਿਲਨਾ ਤੇ ਵਿਛੁੜ ਜਾਣਾ। ਅਵਾਂਛਿਤ ਦਾ ਆ ਟੱਕਰਨਾ ਤੇ ਦੂਰ ਹੋ ਜਾਣਾ; ਇਹ ਕਰਮਾਂ ਅਨੁਸਾਰ ਹੈ। ਜੈਸੇ- "ਮਾਣਸ ਜਨਮੁ ਪੁੰਨੀ ਕਰਿ ਪਾਇਆ..."(493:14) ਪਦਾਰਥਾਂ ਤੇ ਪੁਰਸ਼ਾਂਦਾ ਮੇਲ "ਸੰਜੋਗਿ ਮਿਲਿ ਏਕਸੇ ਵਿਜੋਗੀ ਉਠਿ ਜਾਇ"(18:8); "ਸਾਧੂ ਦਾ ਮੇਲ ਸੰਜੋਗਿ ਮਿਲਾਏ ਸਾਧ ਸੰਗਾਏ"; "ਪਰਮਾਤਮਾਦੇ ਮੇਲ ਸੰਜੋਗਿ ਮੇਲਾ ਥਾਨਿ ਸੁਹੇਲਾ..."॥ ਤੁਕ ਵਿਚ ਭਾਵਹੈ ਕਿ ਯੋਗੀਆਂ ਦੇ ਕਾਰਬਾਰੀ ਦੀ ਥਾਂ ਸਾਡੇ ਸੰਜੋਗ ਵਿਜੋਗ ਕੰਮ ਕਰ ਰਹੇ ਹਨ; ਕਿਉਂਕਿ ਧੁਰੋਂ ਲਿਖੇ ਹਨ, ਯਥਾ "ਲਿਖਿਆ ਧੁਰਿ ਸੰਜੋਗ"॥ ਆਮ ਤੌਰ ਤੇ ਜਯੋਤਸ਼ੀ ਗ੍ਰਹਿ, ਰਾਸ਼ੀਆਂ ਆਦਿ ਦੀ ਚਾਲ ਮੇਲਤੋ ਜੋ ਸੁਭਾਸ਼ੁਭ ਦੀਆਂ ਟੋਹਾਂ ਲਾਉਂਦੇ ਹਨ। ਉਹਨਾਂਨੂੰ ਬੀ 'ਸੰਜੋਗ' ਆਦਿਦੇ ਪਦ ਨਾਲ ਯਾਦ ਕਰ ਲੈਂਦੇਹਨ। ਆਮ ਬੋਲ ਚਾਲ ਵਿਚ'ਸੰਜੋਗਾਂ ਨਾਲ'ਦਾ ਅਰਥ'ਭਾਗਾਂ ਨਾਲ', ਤੇ'ਇਤਫਾਕ ਨਾਲ'ਬੀ ਕਰ ਲੈਂਦੇ ਹਨ।

ਭਾਗ- (ਸੰਸ:) ਹਿੱਸਾ। ਛਾਂਦਾ। (2) ਕਿਸਮਤ॥ ਏਕਾ- (ਸੰਸ:ਏਕ) ਜੋ ਦੁਤਿਯ ਨਹੀਂ, ਇਕੋ ਹੀਹੈ। 'ਇਕ' ਇਹ ਪਦ ਇਥੇ ਸੰਗਯਾ(ਨਾਮ)ਹੈ,ਵਿਸ਼ੇਸ਼ਣ ਨਹੀਂਹੈ। ਤੀਸਰੀ

Sri Satguru Jagjit Singh Ji eLibrary NamdhariElibrary@gmail.com

ਤੁਕ ਵਿਚ ਪਦ 'ਤਿਸੁ' ਤੇ ਚੌਥੀ ਵਿਚ 'ਉਹ'ਦੁਇ ਸਰਵਨਾਮ ਹਨ,ਤੇ ਇਕ ਵਚਨ ਹਨ। ਏਹ ਦੁਏ ਦੱਸਦੇ ਹਨ ਕਿ ਪਹਿਲੋਂ ਆਇਆ ਪਦ 'ਏਕਾ' ਸੰਗਯਾਹੈ, ਵਿਸ਼ੇਸ਼ਣ ਨਹੀਂ। ਏਹੋ ਉਸੇ 'ਏਕ' ਦੇ ਸਰਵਨਾਮ ਹਨ, ਤੇ 'ਏਕਾ' ਦਾ ਅਰਥ ਬ੍ਰਹਮ ਹੈ, ਜੋ ਇਕੋ ਹੈ ਤੇ ਜਿਸਦਾ ਦੂਸਰਾ ਨਹੀਂਹੈ। ਇਹ ਵਰਤਾਉ ਗੁਰਬਾਣੀ ਵਿਚ ਹੋਰਥੇਂ ਬੀ ਆਇਆਹੈ। ਯਥਾ:- "ਏਹਾ ਖੋਜੇ ਏਕ ਪ੍ਰੀਤਿ"; ਪੁਨਾ:- "ਏਕੇ ਕਉ ਸਚੁ ਏਕਾ ਜਾਣੇ-"; "ਏਕੋ ਰਵਿ ਰਹਿਆ ਸਭ ਠਾਈ"। ਸੰਪ੍ਰਦਾ ਵਿਚ ਇਸ ਵਾਕ ਦੇ ਐਉਂ ਬੀ ਅਰਥ ਲਾਉਂਦੇ ਹਨ-ਮਾ=ਮਾਇਆ, ਈ=ਈਸ਼ਵਰ,ਅਰਥਾਤ ਇਕੋ ਮਾਇਆ-ਈਸ਼ਵਰ ਨਾਲ(ਜੁਗਤਿ=)ਯੁਕਤਿ ਹੋਕੇ ਪ੍ਰਸੂਤ ਹੋਈ। ਇਕ ਪੁਰਾਣੇ ਟੀਕਾਕਾਰਨੇ ਸੰਪ੍ਰਦਾਈ ਅਰਥ ਬੀਦਿਤੇ ਹਨ। ਤੇ ਇਉਂ ਬੀ ਕੀਤਾਹੈ= "ਇਕ ਮਾਇਆਲੈ ਜਗਤਿ, ਕਿਸੇ ਤਰਕੀਬ ਨਾਲ ਤਿੰਨ ਪਰਵਾਣ ਚੇਲਿਆਂਨੂੰ ਜਨਮ ਦਿੱਤਾ" ਟੀਕਾਕਾਰ ਦਾ ਭਾਵ ਹੈ ਕਿ ਛਤੀ ਮਾਇਆ ਨੇ ਰਚਨਾ ਰਚ ਲਈ ਤਾਂ ਪਿੱਛੇ ਦੱਸੇ ਗੀਤਾ ਦੇ (14-24) ਪ੍ਰਮਾਣ ਦੇ ਅਨੁਕੂਲ ਨਹੀਂ ਤੇ ਨਾ ਹੀ ਗੁਰੂ ਆਸ਼ੇ ਦੇ ਅਨੁਕੂਲ ਹੈ। ਗੁਰੂ ਜੀ ਕਰਤਾ ਅਕਾਲ ਪੁਰਖ ਨੂੰ ਮੰਨਦੇ ਹਨ। ਮਾਇਆ ਉਸ ਬਿਨਾ ਰਚਨਾ ਨਹੀਂ ਰਚ ਸਕਦੀ। ਯਥਾ:-

"ਨਿਰੰਕਾਰਿ ਆਕਾਰੁ ਉਪਾਇਆ॥ ਮਾਇਆ ਮੋਹੁ ਹੁਕਮਿ ਬਣਾਇਆ॥ ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮਨਿ ਵਸਾਇਦਾ"(1065:9); "ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ"(1066:1) ਅਰਥਾਤ ਮਾਇਆ ਹੁਕਮ ਨਾਲ ਬਣੀ ਅਤੇ ਕਰਤੇ ਨੇ ਮਾਇਆ ਪ੍ਰਸੂਤ ਕਰਕੇ ਤ੍ਰੈ ਗੁਣ ਪੈਦਾ ਕੀਤੇ। ਐਉਂ ਕਿ ਕਰਤਾ ਪੁਰਖਦੇ ਹੁਕਮਨੇ ਮਾਇਆਨੂੰ ਤ੍ਰੈ ਰੰਗ ਧਾਰਨੇਦਾ ਹੁਕਮ ਦਿਤਾ:- ਲਾਲ, ਕਾਲਾ ਤੇ ਚਿੱਟਾ, ਇਹਨਾਂ ਤਿੰਨਾਂ ਰੰਗਾਂਤੋਂ ਹੁਕਮ ਦਿਤਾ ਤ੍ਰੈ ਰੂਪ ਬਣ ਜਾਣ, ਸੋ, ਬਣੇ ਲਾਲ ਤੋਂ ਬ੍ਰਹਮਾ, ਕਾਲੇ ਤੋਂ ਸ਼ਿਵ ਤੇ ਚਿੱਟੇ ਤੋਂ ਵਿਸ਼ਨੂੰ। ਤਿੰਨਾਂ ਨੂੰ (ਫੁਰਮਾਣ=)ਹੁਕਮ ਹੋਇਆ ਹੁਕਮ ਬਜਾ ਆਵਰੀ ਦਾ। ਬ੍ਰਹਮਾਨੂੰ ਰਚਨਾਦਾ, ਸ਼ਿਵਨੂੰ ਸੰਘਾਰਦਾ, ਵਿਸ਼ਨੂੰਨੂੰ ਪਾਲਣਦਾ। ਉਹ ਕਰਤਾ ਦੇਖਣਹਾਰਹੈ ਆਪਣੀ ਰਚੀ ਮਾਇਆਦਾ,ਉਸਦੇ ਤ੍ਰਿਧਾ ਰੰਗਾਂਦਾ ਤੇ ਤ੍ਰਿਧਾ ਰੂਪਾਂਦਾ। ਪਰ ਉਹ ਸਾਰੇ ਕ੍ਰਿਤ ਹਨ ਤੇ ਉਸਨੂੰ ਨਹੀਂ ਦੇਖ ਸਕਦੇ। ਨਾ ਦੇਖ ਸਕਣਦਾ ਭਾਵ ਇਹਹੈ ਕਿ ਉਹ ਉਹਨਾਂ ਤਿੰਨਾਂਦੇ ਅੱਗੇ ਦ੍ਰਿਸ਼ਟਮਾਨ ਨਹੀਂ ਹੁੰਦਾ, ਕਿਉਂਕਿ 'ਦ੍ਰਿਸ਼ਟਿਮਾਨ ਹੈ ਸਗਲ ਮਿਥੇਨਾ'(1083:9;1204:9); ਇਸਦਾ ਇਹ ਭਾਵ ਨਹੀ,ਕਿ ਰਚਣਹਾਰ ਮਾਯਾ ਰਚਨਤੇ ਫੁਰਨੇ ਨਾਲ ਕੁਛ ਹੋਰਦਾ ਹੋਰਹੋ ਜਾਂਦਾਹੈ ਕਿ ਲਿਪਾਯਮਾਨ ਯਾ ਵਿਕਾਰੀਹੋ ਜਾਂਦਾ ਹੈ। ਉਹ ਸੁੱਧ ਸਦਾ ਥਿਰ ਅਪਰੰਪਰ ਤੇ 'ਪਾਕੀ ਨਾਈ ਪਾਕੁ' (53:11) ਹੈ; ਜਿਸ ਅਪਣੇ ਹੁਕਮ ਦੁਆਰਾ ਖੇਲ ਕਰਦਾਹੈ ਉਹ'ਹੁਕਮ'ਨ ਕਹਿਆ ਜਾਈ'ਹੈ॥ ਤ੍ਰੈ ਗੁਣਤੇ ਤ੍ਰੈ ਦੇਵਤੇ, ਤ੍ਰੈ ਰੰਗ ਐਉਂ ਬੀ ਕਹੀਦੇ ਹਨ:- ਬ੍ਰਹਮਾ-ਕਰੜ੍ਹੀ ਸ਼ਕਤੀ ਵਾਲਾ ਹੋਣ ਕਰਕੇ ਰਜੋ ਗੁਣ ਲਾਲ। ਵਿਸ਼ਨੂੰ ਸ਼ੋਯ ਦਾ ਦਾਤਾ, ਪੂਜਯ, ਧਯਾਨ ਦਾ ਆਸਰਾ ਹੋਣ ਕਰਕੇ ਸਤੋ ਗੁਣ-ਚਿੱਟਾ। ਸ਼ਿਵ ਸੰਹਾਰ ਯਾ ਮਾਰਨਦੀ ਸ਼ਕਤੀ ਵਾਲਾ ਹੋਣ ਕਰਕੇ- ਤਮੋ ਗਣ-ਕਾਲਾ। ਜੁਗਤਿ-(ਸੰਸ:) ਯੁਕਤਿ-ਜੋੜ ਸੰਜੋਗ, ਜੁੜਨ। ਵਿਆਈ-(ਪੰਜਾਬੀ, ਵਿਅੰਮ=ਪ੍ਰਸੂਤ ਪੀੜਾ) ਪ੍ਰਸੂਤ ਹੋਈ; ਭਾਵਹੈ ਕਿ ਸਾਂਈ ਨੇ ਮਾਇਆ ਰਚੀ। ਆਪੇ ਚੇਤਨਹੈ ਮਾਇਆ ਅਚੇਤਨ ਰਚੀ। ਸੋ ਚੇਤਨ ਨਿਰੰਕਾਰਨੇ ਅਚੇਤਨ ਮਾਇਆਨੂੰ ਚੇਤਨ ਸਤਯਾ ਨਾਲ ਸਤਯਾਵਾਨ ਕਰ ਦਿਤਾ, ਜਿਸਤੋਂ

Sri Satguru Jagjit Singh Ji eLibrary NamdhariElibrary@gmail.com

ਸ੍ਰਿਸ਼ਟੀ ਹੋਈ। 'ਸੰਸਾਰੀ, ਭੰਡਾਰੀ, ਲਾਏ ਦੀਬਾਣੁ'ਦੇ ਅਰਥ ਬ੍ਰਹਮਾ,ਵਿਸ਼ਨੂੰ, ਸ਼ਿਵ ਹੀ ਲਗਦੇ ਚਲੇ ਆਏ ਹਨ,ਪਰ ਵਿਤਪਤੀਆਂ ਵਿਚ ਫਰਕ ਕਰਦੇ ਰਹੇ ਹਨ:-

(ਓ) ਸੰਸਾਰੀ=ਬ੍ਰਹਮਾ, ਸੰਸਾਰ ਰਚਨਾ ਕਰਨ ਵਾਲਾ ਹੋਣ ਕਰਕੇ। ਭੰਡਾਰੀ=ਸ਼ਿਵ ਜੋ ਭੰਡਾਰ ਭਰਨੇ ਵਿਚ ਪ੍ਰਸਿੱਧਹੈ। ਆਮ ਗੀਤਾਂ ਵਿਚ ਬੋਲਦੇ ਹਨ 'ਸ਼ਿਵ ਜੀ ਭਰੇਗਾ ਭੰਡਾਰ'। ਲਾਏ ਦੀਬਾਣੁ=ਜੋ ਦੀਵਾਨ ਲਾਉਣਾਹੈ ਸੋ ਵਿਸ਼ਨੂੰ।

(ਅ) ਸੰਸਾਰੀ=ਬ੍ਰਹਮਾ। ਭੰਡਾਰੀ=ਪਾਲਣਹਾਰ ਵਿਸ਼ਨੂੰ। ਲਾਏ ਦੀਬਾਣੁ=ਦੀਬਾਨ ਲਗਾਉਣੇ ਵਾਲਾ ਅਤੇ ਅੰਤ ਵਿਚ ਮੁਹਾਸਬਾ ਲੈਣ ਵਾਲਾ ਭਾਵ ਮਹਾਦੇਵ ਯਾਂ ਸ਼ਿਵ।

(ਏ) ਕਵੀ ਸੰਤੋਖ ਸਿੰਘ ਜੀ ਮੁਹਾਸਬਾ ਲੈਣ ਵਾਲਾ ਅਰਥ ਗ਼ਲਤ ਦੱਸਦੇ ਹਨ ਕਿ ਸ਼ਿਵਜੀ ਕਿਸੇ ਸ਼ਾਸਤ੍ਰ ਵਿਚ ਮੁਹਾਸਬਾ ਲੈਣ ਵਾਲਾ ਨਹੀਂ ਦੱਸਿਆ ਗਿਆ; ਤੇ ਆਪਣਾ ਅਰਥ ਐਉਂ ਕਰਦੇ ਹਨ-

ਲਾਏ ਦੀਬਾਣੁ= ਨੇ ਕਰਨੇ ਦੀ ਬਾਣ(=ਸੁਭਾਵ) ਹੈ ਜਿਸਨੂੰ,ਨਾਸ਼ ਕਰਨੇ ਵਾਲਾ ਅਰਥਾਤ ਸ਼ਿਵ।

(ਸ) ਲਾਏ ਦੀਬਾਣੁ=ਸੰਹਾਰ ਕਰਤਾ। ਫੁਰਮਾਣ- (ਫਾ:, ਫਰਮਾਨ) ਹੁਕਮ। ਆਸੁਣ- (ਸੰਸ:,) ਬੈਠਣੇ ਦਾ ਥਾਉਂ (ਅ) ਨਿਵਾਸ ਦਾ ਥਾਉਂ। ਲੋਇ ਲੋਇ- (ਸੰਸ:, ਲੋਕ) ਪ੍ਰਾਕ੍ਰਿਤ, ਲੋਅ-ਜਗਤ) ਲੋਕ। ਲੋਇ-ਲੋਇ ਲੋਕ ਲੋਕ ਵਿਚ। (ਅ) ਲੋਇ ਨੂੰ ਲੋਯ ਪੜ੍ਹਕੇ ਇਸਕਾ ਅਰਥ ਪ੍ਰਕਾਸ਼ ਸਰੂਪ ਪਰਮਾਤਮਾ ਕਰਕੇ, ਇਕ ਲੋਇਦਾ ਅਰਥ 'ਅੰਤਹਕਰਣ' ਕਰਕੇ ਦਾਨੇ ਐਉਂ ਕੱਢਣੇ ਦਾ ਪ੍ਰਯਤਨ ਬੀ ਕਰਦੇ ਹਨ:- ਕਿ ਪ੍ਰਕਾਸ਼ ਰੂਪੀ ਆਤਮਾ ਸਥਿਤੀਦਾ ਹੇਤੂਹੈ ਤੇ ਗਯਾਨ ਰੂਪ ਭੋਜਨਦਾ ਭੰਡਾਰਾ ਅੰਤਹਕਰਣਹੈ। ਇਹ ਗਯਾਨ ਰੂਪ ਭੋਜਨ ਇਕੋ ਵਾਰ ਪਾਇਆਹੈ ਭਾਵ ਗਯਾਨਦੀ ਪ੍ਰਾਪਤੀ ਵਾਰ ਵਾਰ ਨਹੀਂ ਹੁੰਦੀ। ਕਿਉਂਕਿ ਦਾਰਸ਼ਨਿਕਾਂ ਨੇ ਗਯਾਨਨੂੰ 'ਪ੍ਰਮਾ' ਮੰਨਿਆ ਹੈ। 'ਪ੍ਰਮਾ'ਨਾਮ ਯਥਾਰਥ ਗਯਾਨਦਾਹੈ,ਸੋ ਯਥਾਰਥ ਗਯਾਨ ਜੇ ਦੂਜੀ ਤੀਜੀ ਵਾਰ ਹੋਵੇ-- ਤਾਂ ਪਹਿਲਾ ਗਯਾਨ'ਪ੍ਰਮਾ'ਨਹੀਂ ਰਹੇਗਾ॥ ਇਥੋ ਫੇਰ 'ਪਾਇਆ'ਦਾ ਕਰਤਾ ਕਾਰਕ 'ਸਿਰਜਣਹਾਰੁ'ਨੂੰ ਛੱਡਕੇ ਅਰਥ ਐਉਂ ਲਾਉਂਦੇ ਹਨ- ਜੋ ਕੁਛ ਗਯਾਨ ਰੂਪ ਭੰਡਾਰੇ ਤੋਂ ਅਸਾਂਨੇ ਪਾਇਆ ਹੈ, ਇਕੋ ਵਾਰ ਪਾ ਲਿਆਹੈ॥ ਕਰਿ ਕਰਿ- (ਓ) ਕਰਿ= ਕੀਤੇ ਹੋਇਨੂੰ ਕਰਿ ਵੇਖੇ= ਵੇਖਣਾ ਕਰਦਾ ਹੈ। ਕੀਤੀ ਹੋਈ ਨੂੰ ਵੇਖਦਾ ਹੈ॥ (ਅ) ਕਰਿ ਕਰਿ= ਰਚ ਰਚਕੇ ਵੇਖਦਾ ਹੈ। (ਏ) ਕਰਿ=ਰਚਦਾਹੈ, ਕਰਿ=ਪਾਲਦਾਹੈ, ਵੇਖੇ, ਸੰਭਾਲਦਾਹੈ। (ਸ)ਕਰਿ=ਰਚਦਾ ਹੈ। ਕਰਿ=ਪਾਲਦਾਹੈ, ਵੇਖੇ=ਜੀਵਾਂਦੇ ਸ਼ੁਭ-ਅਸ਼ੁਭ ਕਰਮਾਂਨੂੰ ਵੀਚਾਰਦਾਹੈ॥ ਪਰੰਤੂ; 'ਏਕਾਵਾਰ' 'ਪਾਇਆ' ਕਹਿਕੇ ਸੰਭਾਵਨਾਹੋ ਜਾਂਦੀਹੈ ਕਿ'ਹੁਣ ਆਪ ਅਟੰਕ ਹੋ ਗਿਆਹੈ।' 'ਕਰਿ ਕਰਿ ਵੇਖੈ' ਕਹਿਣਤੋ ਮੁਰਾਦ ਇਹਹੈ ਕਿ ਉਸਦਾ ਰਚਣ ਪਾਲਣ ਸੰਭਾਲਣ ਸੰਘਾਰਨ ਸਾਰੇ ਕੰਮ ਜਾਰੀ ਬੀ ਰਹਿੰਦੇ ਹਨ। ਉਹ ਕਰਤਾ ਪੁਰਖ ਨਿਰਲੇਪ ਬੀ ਹੈ, ਪਰ ਕੁਦਰਤ ਵਸਿਆ ਬੀ ਹੈ ਕਿ 'ਕਰਿ ਆਸਣੁ ਡਿਠੋ ਚਾਉ' ਬੀ ਹੈ ਤੇ ਕਰਨ ਕਰਾਵਨ ਬੀ ਹੈ॥ ਪੰਜਵੇਂ ਗੁਰਾਂ ਦਾ ਵਾਕ ਹੈ:-

ਆਪਹਿ ਕਉਤਕ ਕਰੇ ਅਨਦ ਚੋਜ॥ ਆਪਹਿ ਰਸ ਭੋਗਨ ਨਿਰਜੋਗ॥ (292:4)

Sri Satguru Jagjit Singh Ji eLibrary NamdhariElibrary@gmail.com

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥ ੩੨ ॥

ਨੰ.1. ਬਾਵਾ ਮਿਹਰਬਾਨ ਜੀ "ਮੀਣਾ"-32

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥

ਤਿਸੁਕਾ ਪਰਮਾਰਥੁ:- ਏਹ ਜਿ ਜਿਹਵਾ ਹੈ, ਸੁਇਤੁ ਇਕ ਦੂ ਜਿਹਵਾ, ਪਰਮੇਸੁਰਕਾ ਨਾਮੁ ਲੀਜੀਤਾ ਹੈ। ਜੇ ਇਕ ਦੁ ਜਿਹਵਾ ਤੇ ਲਖ ਜਿਹਵਾ ਹੋਹਿ, ਅਰੁ ਲਖਾਂ ਤੇ ਲਖ ਬੀਸ ਹੋਹਿ,ਅਰੁ ਇਤਨੀਆਂ ਜਿਹਬਾਂ ਸਾਥਿ, ਲਖ ਵਾਰ ਨਾਉ ਜਗਦੀਸ ਕਾ ਲੇਹਿ, ਤਾਂਭੀ ਪਹੁਚੇ ਨਾਹੀ। ਤਾਂਭੀ ਪਉੜੀ ਪ੍ਰਾਪਤਿ ਨ ਹੋਇ। ਅਥੇ ਭਾਈ, ਓਹੁ ਮੁਕਤਿ ਦੁਆਰੇ ਕੀ, ਜਿ ਪਉੜੀਹੈ, ਸਿ ਕਿਆਹੈ ? ਮੁਕਤਿ ਦੁਆਰੇਕੀ ਜਿ ਪਉੜੀਹੈ, ਸੁ ਪਤਿਹੈ। ਸੁ ਪਤਿ ਕਿਸੁ ਕਾ ਨਾਉ ? ਜਿ ਪਵਿਤ੍ਰ ਰਹੇ ਤਿਸਕਾ ਨਾਉ, ਪਵਿਤ੍ਰਾਈ ਕੀ ਪਤਿ। ਸੋ ਪਤਿ ਜਿ ਹੋਇ, ਸੁ ਕਿਸੁ ਸਾਥ ਤੇ ਹੋਇ ? ਜਾ ਰਹਤ ਪਰਵਾਣੁ ਹੋਇ ? ਸੁਰਗਤ ਪਰਵਾਣੁ ਕਿਉ ਕਰਿ ਹੋਇ? ਜਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਰਹਤ ਹੋਇ ? ਅਰੁ ਨਾਮ, ਦਾਨੁ, ਇਸਨਾਨੁ, ਦੈਆ, ਧਰਮ, ਸੰਤੋਖ, ਸੀਲੁ, ਸੰਜਮੁ, ਸਚੁ, ਸੰਤ ਸੇਵਾ, ਭਾਉ ਭਗਤਿ, ਗਰੀਬੀ, ਏਹ ਕਮਾਵੈ। ਇਨਮਹਿ ਰਹੇ, ਤਾਂ ਪਵਿਤ੍ਰ ਹੋਵੇ; ਜਾਂ ਐਸਾ ਪਵਿਤ੍ਰ ਹੋਵੇ? ਤਾਂ ਪਤਿਕੀ ਪਉੜੀ ਚੜ੍ਹੈ। ਜਾ ਪਤਿਕੀ ਪਉੜੀ ਚੜ੍ਹਿਆ, ਤਾਂ ਪਰਮੇਸੁਰ ਕਉ ਮਿਲਿਆ। ਤਬ ਬਸ ਇਕੀਸ ਬਿਸਵੇ ਹੋਇਆ; ਨਿਹਚਲੁ ਪਦੁ ਪਾਇਆ; ਆਵਣ ਜਾਣਤੇ ਰਹਤੁ ਹੋਆ। ਜਿ ਕੋਈ ਭਗਤੁ, ਓਹ ਮੁਕਤਿ ਦੁਆਰੇ ਸਚਖੰਡ ਕੇ ਪਹੁਚਿਆ ਚਾਹੇ, ਸੁ ਇਉ ਇਉ ਕਰਿ ਕਰਿ।

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥

ਤਿਸੁਕਾ ਪਰਮਾਰਥੁ:- ਏਹ ਪਦਵੀ ਜਿਹੈ ਸੁ ਆਕਾਸ ਪਦਵੀਹੈ, ਜਿ ਕੋ ਐਸਾ ਹੋਇ, ਸੋ ਪਹੁਚੇ। ਅਰੁ ਜਿਸ ਕਉ ਏਹ ਪਦਵੀ ਪ੍ਰਾਪਤਿ ਹੋਇ ਅਰੁ ਊਹਾ ਉਸਿ ਭਗਤਕੀ ਆਪਉ ਪਹੁਚਿਆ ਚਾਹੈ, ਤਉ ਓਹੁ ਕੀਟੁ ਆਕਾਸਿ ਕਿਉ ਕਰਿ ਪਹੁਚਿਆ ਜਾਇ ?

ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥ 32 ॥

ਤੁਿਸਕਾ ਪਰਮਾਰਥੁ:- ਜੇ ਸਾਹਿਬੁ ਮਿਹਰਵਾਨੁ ਹੋਵੇ, ਆਪਣੀ ਨਜਰਿ ਕਰੇ, ਤਾ ਪਾਈਐ: ਅਤੇ ਜੇ ਨਜਰੀ ਬਾਹਰਾ ਕੁਝੁ ਢਾਹੇ, ਤਾਂ ਕੂੜਕੀ ਠੀਕ ਨਾਹੀ ਪਾਈਦਾ; ਕੂੜੇਦੀ, ਕੂੜੀ ਹੀ ਠੀਸਹੈ॥ 32 ॥

ਨੰ.2. ਭਾਈ ਮਨੀ ਸਿੰਘ ਜੀ 'ਸ਼ਹੀਦ' -32

ਸਿਧਾਂ ਕਹਿਆ; ਉਸ ਮਹਾਰਾਜ ਦਾ ਕੁਛ ਅੰਤ ਕਹੋ॥ ਤਾਂ ਬਾਬਾ ਬੋਲਿਆ ਕਿ:-

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥

ਇੱਕ ਜਿਹਬਾ ਥੀਂ ਲੱਖ ਹੋਵਨ, ਅਤੇ ਇੱਕ ਇੱਕ ਜੀਭ ਦੀਆਂ ਲੱਖ ਲੱਖ ਚੁੰਝਾਂ ਖੋਲਨ ਵਾਲੀਆਂ ਹੋਵਨ, ਅਤੇ ਇਕਸ ਇਕਸ ਚੁੰਝ ਨਾਲ ਲੱਖ ਲੱਖ ਵਾਰੀ ਏਕ ਨਾਮ ਜਗਦੀਸ ਦਾ ਜਪੈ; ਸੋ ਇਸ ਰਾਹ ਦੇ ਵਿੱਚ ਪਤ ਦੀਆਂ ਪੌੜੀਆਂ ਹੋਨ॥ ਅਤੇ ਜੋ ਇਸ ਪ੍ਰਕਾਰ 'ਅਠ ਪਹਿਰ' ਭਜਨ ਕਰਦੇ ਹੈਨ, ਸੋ ਓਨਾਂਦੇ 'ਅੰਤਹਕਰਣ' ਸ਼ੁੱਧ ਹੋਦੇ ਹਨ ਅਤੇ ਗਿਆਨ ਨੂੰ ਪ੍ਰਾਪਤ ਹੋਕੇ

Sri Satguru Jagjit Singh Ji eLibrary NamdhariElibrary@gmail.com

ਓਨਾਂਦੀ 'ਬ੍ਰਹਮ' ਨਾਲ 'ਏਕਤਾ' ਹੋਂਦੀਹੈ॥ ਅਥਵਾ,'ਵੀਹਾਂ'ਬਿੰਦੀਆਂ ਤਕ'ਤ੍ਰਿਹ-ਗੁਣਾਂ'ਦੀ ਗਣਤੀਹੈ ਅਤੇ 'ਇਕੀਹਵੀਂ' ਤੁਰੀਆ ਹੈ; ਤਾਂਤੇ ਅੰਕ ਸੋ ਭਜਨ ਕਰਨ ਵਾਲੇ'ਤੁਰੀਆ'ਨੂੰ ਪ੍ਰਾਪਤ ਹੋਦੇ ਹਨ। ਅਤੇ ਗਿਆਨ ਜੋਹੈ ਸੋ ਮਹਾਂ-ਪੁਰਖਾਂਦਾ ਕਰਮਹੈ, ਪਰ ਦੇਹ ਅਭਮਾਂਨੀ ਜੋ ਬਿਖਈਹੈਨ ਸੋ ਗਿਆਨਦੇ ਅਧਿਕਾਰੀ ਨਹੀਂ। ਜੈਸੇ ਪੰਛੀਆਂਨੂੰ ਅਕਾਸ਼ ਵਿਚ ਉਡਦੇ ਦੇਖਦੇ ਤੇ ਕੀੜੀਆਂਨੂੰ ਰੀਸ ਆਵੇ,ਅਰ ਆਕਾਸ਼ਨੂੰ ਪਹੁੰਚ ਨਹੀਂ ਸਕਦੀਆਂ, ਤੈਸੇ ਜੇ ਵਿਖਈ ਕਹਿਨ, ਕਿ ਅਸੀਂ ਬ੍ਰਹਮ ਹਾ ਸੋ ਸ਼ੋਭਾ ਨਹੀਂ ਪਾਂਵਦੇ। ਗੁਰੂ ਨਾਨਕ ਜੀ ਕਹਿਦੇ ਹਨ ਕਿ, ਸਤਿਗੁਰਾਂਦੇ ਦੁਆਰੇ ਗਿਆਨਨੂੰ ਪ੍ਰਪਤ ਹੋਂਦਾਹੈ, ਅਤੇ ਜੋ ਗੁਰਾਂਦੇ ਲਿਤੇ ਬਿਨਾ ਕਹਿਦੇ ਹਨ ਕਿ, ਅਸਾਂਨੂੰ ਆਪੇ ਕਿਸੇ ਸਾਧਨਾਂ ਕਰਕੇ, ਅਰ ਕਿਸੇ ਦੇਵਤੇਦੇ ਵਰ ਕਰਕੇ, ਗਿਆਨ ਹੋਇਆਹੈ--ਸੋ ਕੂੜੇ ਹਨ, ਅਰ ਓਨਾਂ ਦੀਆਂ ਕੂੜੀਆਂ ਠੀਸਾਂ ਹੈਨ ॥32॥

ਨੰ.3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ) - 32

ਸ੍ਰੀ ਗੁਰੂ ਨਾਨਕ ਜੀਦੇ ਵਚਨ ਸ੍ਰਵਣ ਕਰਕੇ, ਸ੍ਰੀ ਗੋਰਖ ਤਥਾ ਸਿੱਧ ਸ਼ਭ, ਅਤਿਪ੍ਰਸੰਨ ਹੋਵਵੇ ਕੋ ਕਹਿਤੇ ਭਏ। ਜੋ ਜੋਗ ਬਹੁਤ ਕਠਨਹੈ ਅਰ ਭਕਤਿ ਤੋ ਸੁਗਮਹੈ, ਪੀਛੇ ਭੀਹੋ ਸਕੇਗੀ; ਤਿਸ ਪਰ:-

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥

ਇਸਕਾ ਅਰਥ॥ ਸ੍ਰੀ ਪਰਮੇਸ਼੍ਵਰਕੇ ਭਜਨ ਬਿਖੇ ਭਕਤਹੁ ਕੇ ਪ੍ਰੇਮ ਤਥਾ ਸ਼੍ਰਧਾ ਕੈਸੀ ਹੋ? ਸੋ ਕਹਿਤੇ ਹੈਂ:- ਏਕ ਜੀਭ ਜੋਹੈ, ਤਿਸਤੋਂ ਲਾਖ ਹੋਇ, ਅਰ ਲਾਖ ਤੇ ਭੀ ਬੀਸ ਲਾਖ ਹੋਇ। ਬਹੁੜ ਏਕ ਏਕੁ ਜੀਭ ਕਰਿ ਲਾਖ ਲਾਖ ਵਾਰ ਏਕੁ ਜਗਦੀਸ਼੍ਵਰ ਕਾ ਨਾਮ ਜਪੀਐ, ਐਸਾ ਭਕਤਹੁ ਕਾ ਪ੍ਰੇਮ ਮਾਰਗਹੈ। ਅਰ ਐਸਾ ਕਹੁ ਜੋ ਏਕ ਜਨਮ ਮਹੁ ਕਹਾ ਸਿਧ ਹੋਇਗਾ? ਬੈਰਾਗ ਤੇ ਲੇਕੇ ਗਯਾਨ ਪ੍ਰਜੰਤ ਸਿਧਿਤਾਹੈ ਜਿਸਕੀ, ਇਸ ਪਰ ਕਹੇਹੈ:- ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥

ਇਸ ਭਕਤਿ ਮਾਰਗ ਬਿਖੇ ਕਦਾਚਿਤ ਜੋਹੈ ਜਨਮ,ਸੋ ਕੈਸਾਹੈ ? ਪਤਿ ਪਉੜੀਆ। ਪਤਿ ਕਹੀਐ ਸੋਭਾ, ਪਉੜੀਆਂ ਕਹੀਏ ਜਨਮ। ਤਾਤਪਰਜੁ ਯਹਿਹੈ, ਜਬ ਤਕ ਗਯਾਨਕੀ ਪਰਪੱਕਤਿ ਨ ਹੋਇ, ਤਬ ਤਕ ਬੀਚ ਜੋ ਭਕਤਹੁ ਕੋ ਜਨਮ ਹੈ; ਸੋ ਪਤਿ ਬਡਿਆਈ ਸੁਰਗ ਤੇ ਅਰ ਭਕਤਿ ਕੁਲ, ਦ੍ਰਬਯ ਵਾਨ ਬਿਖੇ ਇਹ ਬਡਿਆਇਆ ਸਹਤ ਜਨਮ ਹੋਵੇਹੈ॥ ਬਹੁੜ ਪੁਰਬ ਸੰਸਕਾਰ ਜੋਹੈ ਸੋ ਤਿਨ ਕੁਲਹੁ ਤੇਂ ਖੈਚਕੇ ਅਵਸਯੇ ਭਕਤਿਮੋ ਜੋੜੇਹੈ, ਇਸਪਰ ਭਗਵਾਨ (ਗੀਤਾ:6:41-42)ਵਾਕਹੈ:-

"ਪ੍ਰਾਪ੍ਯ ਪੁਣ੍ਯਕ੍ਰਤਾਂ ਲੋਕਾਨੁਸ਼ਿਤ੍ਵਾ ਸ਼ਾਸ਼੍ਵਤੀਃ ਸਮਾਃ । ਸ਼ੁਚੀਨਾਂ ਸ਼੍ਰੀਮਤਾਂ ਗੇਹੇ ਯੋਗਭ੍ਰਸ਼੍ਟੋऽਭਿਜਾਯਤੇ ॥੪੧॥ ਅਥਵਾ ਯੋਗਿਨਾਮੇਵ ਕੁਲੇ ਭਵਤਿ ਧੀਮਤਾਮ੍ । ਏਤਦ੍ਧਿ ਦੁਰ੍ਲਭਤਰਂ ਲੋਕੇ ਜਨ੍ਮ ਯਦੀਦ੍ਰਸ਼ਮ੍ ॥੪੨।੬॥

"ਪ੍ਰਾਪਯ ਪੁਨਯ ਕ੍ਰਿਤਾ ਲੋਕਾਨੁ ਖਿਤੁਵਾ ਸ੍ਵਾਸਤੀ ਸਮ: ਸੂਚੀ ਨਾਂ ਸ੍ਰੀਮਤਾਂਗੇਹੇਯੋਗ ਭ੍ਰਿਸਟੋਸਭਿ ਜਾਯਤੇ॥41॥"

ਜਿਸਨੇ ਕਿਚੰਤ ਭੀ ਭਕਤਿ ਜੋਗ ਕੀਆਹੈ ਸੋ ਦੁਰਗਤਿਕੋ ਨਹੀ ਪ੍ਰਾਪਤਿ ਹੋਤਾ; ਕਿਆ ਹੋਵੇਹੈ? ਪੁੱਨਵਾਨਹੁਕੇ ਲੋਕਹੁ ਬਿਖੇ ਪ੍ਰਾਪਤਿ ਹੋਇਕੇ ਤਿਨਕੋ ਬਹੁਤਿ ਕਾਲ ਭੋਗਕੋ ਬਹੁੜ

Sri Satguru Jagjit Singh Ji eLibrary NamdhariElibrary@gmail.com

ਸੁਚਿ-ਦ੍ਰਬਯਵਾਨ ਪਵਿਤ੍ਰ ਜੋ ਕੁਲਹੈ ਤਿਨ ਮਹੁ ਜੋਗ-ਭ੍ਰਿਸਟ ਉਤਪਤਿ ਹੋਇ॥ ਬਹੁੜ ਪੂਰਬ ਜਨਮ ਕੇ ਸੰਸਕਾਰ ਜੋਹੈਂ, ਤਿਨਕੇ ਬਲ ਕਰ ਫੇਰ ਭਕਤਿ-ਜੋਗ ਹੀਕੋ ਅਵਸਥਾ ਪ੍ਰਾਪਤਿ ਹੋਵੇਹੈ॥

ਚੜੀਐ ਹੋਇ ਇਕੀਸ॥

ਅਰਥ॥ ਭਕਤਿ,ਵੇਰਾਗ-ਮਾਰਗ ਦਵਾਰਾ,ਚੜੀਐ ਕਹੀਯੇ,ਗਿਯਾਨਕੀ ਪ੍ਰਪੱਕਤਾ ਕਿਆ, ਸਾਖਯਾਤ ਬ੍ਰਹਮ ਆਕਾਰ ਅੰਤਹਿ-ਕਰਣ ਬ੍ਰਿਤਿ ਸੋਈ ਚੜਨਹੈ, ਤਿਸ ਕਰੁਕੇ ਕਿਆ ਹੋਵੇਹੈ ? ਏਕੁ-ਅਦ੍ਵੈਤ ਈਸ਼੍ਵਰ ਭਾਵਕੋ ਪ੍ਰਾਪਤਿ ਹੋਵੇਹੈ; ਅਥਵਾ 'ਇਕ-ਈਸ਼'ਕਾ ਏਕ-ਅਭੇਦ ਗਯਾਨ ਹੋਵੇਹੈ। ਅਥਵਾ,ਬੀਸ ਬਿਸਵੇ ਜਗਤਿ, ਇਕੀਸ-ਬਿਸਵੇ ਨਾਰਾਯਣਿ ਪਦਿ ਤਾਕੋ ਪ੍ਰਾਪਤਿ ਹੋਵੇਹੈ। ਇਸਪਰ ਭਗਵਾਨ(7:19 ਮੇ) ਕਹੇਹੈਂ:-

बहूनां जन्मनामन्ते ज्ञानवान्मां प्रपद्यते।वासुदेवः सर्वमिति स महात्मां सुदुर्लभः ॥

ਅਰਥੁ॥ ਬਹੁਤ ਜਨਮਹੁਕੇ ਅੰਤ ਬਿਖੇ ਗਯਾਨਵਾਨ ਪੁਰਖ ਮੁਝਕੋ ਪ੍ਰਾਪਤਿ ਹੋਵੇਹੈ॥

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥

ਦੇਹ ਅਭਿਮਾਨੀ ਬਿਖਯ ਲੰਪਣ ਪੁਰਸ਼ਹਿ ਕੋ ਬਹਿ-ਮਾਰਗ ਅਤਿ ਦੁਰਲਭ ਹੈ। ਕੇਵਲ ਮੁਨਿ ਕੇ ਕਹਿਨ ਮਾਤ੍ਰ ਹੀ ਹੈ। ਕੈਸੇ ਕੈਸੇ ਆਕਾਸ ਮਾਰਗ ਕੀਆ ਬਾਤਾ ਪੰਛੀਅਹੁ ਤੇ ਸੁਣ ਕੇ ਕੀਟਹੁ ਕੋ ਰੀਸ ਹੋਇ। ਤੇਸੇ ਹੀ ਪਰਮ ਸੁੱਧ ਚੇਤੰਨ ਆਕਾਸ ਸਰੂਪ ਜੋ ਨਾਰਾਯਣ ਹੈ ਤਿਨ ਕੀਆ ਬਾਤਾ ਪਰਮ ਹੰਸ ਭਕਤੁਹ ਤੇ ਸੁਣ ਕੇ ਕੀਟ ਜੋ ਦੇਹਾ-ਭਿਮਾਨੀ ਬਿਖਯ ਲੰਪਟ ਪੂਰਸ਼ ਹੈ, ਤਿਨ ਕੋ ਭੀ ਰੀਸ ਆਈ। ਪਰੰਤੂ ਬਯਰਥ। ਕਾਹੇ ਤੇ, ਕੀਟੀ ਕੀ ਕਿਆ ਸ਼ਕਤਿ ਹੈ, ਜੋ ਆਕਾਸ ਬਿਖੇ ਪੰਛੀ ਕੀ ਗਤ ਕੋ ਪ੍ਰਾਪਤਿ ਹੋਇ।

ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥32॥

ਸ੍ਰੀ ਗੁਰ ਕ੍ਰਿਪਾ ਕਰ ਕਰਹੈ,ਕੇਵਲ ਭਗਵਾਨ ਹੀਕੀ ਕ੍ਰਿਪਾਤੇ ਭਗਵਾਨਕੇ ਪਦਿ ਪ੍ਰਪਾਤਿ ਹੋਨੇਕਾ ਮਾਰਗ ਪ੍ਰਾਪਤਿ ਹੋਵੇਹੈ। ਅਰ ਬਿੱਖਯ ਲੰਪਟਿ ਜੋ ਝੂਠੇਹੈਂ: ਤਿਨਕੋ ਝੂਠੀਹੀ ਹਿਰਸਹੈ,ਸੋ ਕਿਆ ? ਕਹਿਤੇਹੈਂ।

ਜੋ ਕਿਛ ਦਿਨ ਭੋਗ ਕਰਿ ਲੇਹੁ ਅਰ ਸੰਤਾਨਕੇ ਅਰਥ ਕਛ ਧੰਨ ਸੰਚ ਲੇਹਿ। ਐਸੇ ਹੀ ਜਨਮਬੀਤ ਜਾਤਾਹੈ। ਤਾਤੇ ਝੂਠੀ ਹਿਰਸ ਹੀਹੈ। ਤਿਸਤੇ ਕਿਆ ਹੋਤਾਹੈ ? ਅਰ ਇਸਮੋ ਹੀ ਜਨਮਬੀਤ ਜਾਤਾਹੈ। ਤਾਤੇ ਝੂਠੀ ਹਿਰਸ ਹੀਹੈ। ਤਿਸਤੇ ਕਿਆ ਹੋਤਾਹੈ ? ਅਰ ਇਸਮੋ ਬਲ ਕੇਵਲ ਪ੍ਰਮੇਸ਼੍ਵਰਕੀ ਕ੍ਰਿਪਾਹੀ ਕਾਹੈ। ਆਪਣਾ ਕਿਸੀ ਪ੍ਰਕਾਰ ਕਛੁ ਜੋਰ ਨਹੀਹੈ, ਇਸ ਪ੍ਰਕਾਰ ਕਹੇਹੈ॥ 32॥

ਨੰ.4.ਸਾਧੁ ਅਨੰਦਘਨ ਜੀ (ਉਦਾਸੀਨ-ਪੁਰਾਣ ਕਥਾ ਵਾਚੀ)-32

ਅਬ ਉਪਦੇਸ ਪੂਰਬਕ ਗਵਾਰੋਕੇ ਮੁੱਖ ਪਰ ਤਮਾਚਾ ਪੜਤਾਹੈ:-

ਇਕ ਦੂ ਜੀਭੌ ਲਖਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁਨਾਮੁ ਜਗਦੀਸ ॥

Sri Satguru Jagjit Singh Ji eLibrary NamdhariElibrary@gmail.com

ਏਕ ਜੋ ਜਿਹਵਾ ਮੁਖਮੋਹੈ ਜੋ ਤਿਸ ਕੀਆ ਲਾਖੋਹੋ ਜਾਵਹਿ, ਜੋ ਲਾਖੋ ਹੋਈਆ,ਤੋ ਏਕ ਏਕ ਕੀਆਂ ਬੀਸੇ ਲਾਖਹੋ ਜਾਵਹਿ। ਜੋ ਬੀਸੇ ਬੀਸੇ ਲਾਖ ਹੋਈਆ,ਤੋਂ ਏਕ ਏਕ ਜਿਹ੍ਵਾ ਕਰ ਕਰ ਕਹਣਾ ਲਾਖ ਲਾਖ ਵਾਰ ਏਕ ਏਕ ਨਾਮ ਜਗਦੀਸਕਾ॥ ਈਹਾ ਜਿਹ੍ਵਾਕੀ ਤੋਕਛ ਗਣਤੀ ਨਹੀ ਠਹਰਤੀ। ਅਰ ਨਾਮਤੋ ਪਰਮੇਸ਼੍ਵਰਕੇ ਅਨੰਤ ਹੀਹੈ,ਤਿਨਕਾ ਅੰਤਹੀ ਕਛ ਨਹੀ। ਸ਼ੇਸ਼ਨਾਗਕਾ ਸਹੰਸ੍ਰ ਮੁਖਹੈ,ਏਕ ਏਕ ਮੁਖਤੇ ਸਹੰਸ੍ਰ ਸਹੰਸ੍ਰ ਨਾਮ ਪਰਮੇਸ਼੍ਵਰ ਕਾ ਨਿਤ ਨੂਤਨ ਨੂਤਨ ਉਚਾਰਣ ਕਰਤਾ ਹੈ, ਅਬ ਤਕਰ-ਸ਼ੇਸ਼ਨਾਗ ਨੇ ਭੀ ਪਰਮੇਸ਼੍ਵਰ ਕੇ ਨਾਮੋ ਕਾ ਅੰਤ ਨਹੀ ਪਾਇਆ, ਅਰ ਆਗੇ ਭੀ ਨ ਪਾਵੇਗਾ, ਈਹਾ ਕਛ ਗਣਤੀਤੋ ਨਹੀ ਠਹਰਤੀ॥ ਏਤਾ ਕਹਣੇਕਾ ਬਾਬਾ ਨਾਨਕਕਾ ਇਹੀ ਆਸ਼ੈ ਪਰਤੀਤ ਹੋਤਾਹੈ। ਸਦਾ ਨਾਮ ਉਚਾਰਣ ਕਰਤੇਹੀ ਰਹਣਾ,ਨਾਮੋਕਾ ਤਿਆਗ ਕਬੀ ਨਹੀ ਕਰਣਾ;ਭਵਿਖ ਪੁਰਾਣੇ:-

"ਚਕ੍ਰ ਯੱਸ ਯਨਾਮਾਨੀ ਸਦਾ ਸਰਬਤ੍ਰ ਕੀਰਤ ਯੇਤ॥
ਨਾ ਸੋਚ ਕੀਰਤਨੇ ਤੱਸਯਸ ਪਵਿਤ੍ਰੋਯਤਾ"

ਭਵਿਖ ਪੁਰਾਣਮੋ ਲਿਖਾਹੈ॥ 'ਚੱਕ੍ਰਹੈ ਸ਼ਸ਼ਤ੍ਰ ਜਿਸਕਾ, ਐਸਾਜੋ'ਸਗੁਣ-ਬ੍ਰਹਮ'ਵਿਸ਼ਨੁ ਪਰਮਾਤਮਾਹੈ। ਤਿਸਕੇ ਨਾਮ ਸਦਾ ਸਰਬ ਕਾਲ ਵਿਖੇ,ਸਰਬਤ੍ਰ ਇਸਥਾਨੋ ਵਿਖੇ,ਕੀਰਤਨ ਕਰੇਂ, ਤਿਸਕੇ ਨਾਮ ਕੀਰਤਨ ਕਰਣੇ ਵਿਖੇ ਅਸੋਚ ਨਹੀ; ਕਾਹੇਤੇ, ਜਿਸ ਕਾਰਣਤੇ ਸੋ ਨਾਮਹੀ ਪਵਿਤ੍ਰ ਕਰਣੇ ਵਾਲਾਹੈ, ਆਗੇ ਕਿਸੀ ਕਾਰਣ ਕਰ ਕਰ ਪੁਰਖ ਅਪਵਿਤ੍ਰ ਹੂਆ॥ ਜਿਸ ਖਿਣ ਵਿਖੇ ਨਾਮ ਉਚਾਰਣ ਕੀਆ, ਤਿਸੀ ਖਿਣ ਵਿਖੇ ਪਵਿਤ੍ਰ ਹੂਆ॥ ਇਸੀ ਕਾਰਣਤੇ ਨਾਮਕਾ ਤਿਆਗ ਕਬੀਹੀ ਨਹੀਂ ਕਰਣਾ॥ ਸੂਤਕ ਪਤਾਕ, ਮਲ, ਮੂਤ੍ਰ ਤਿਆਗ ਸਮੇਂਭੀ ਨਾਮਕਾ ਤਿਆਗ ਨਹੀਂ ਕਰਣਾ। ਬਾਬਾ ਨਾਨਕ ਕੇ ਵਚਨਕਾ ਭੀਇਹੀ ਅਰਥਹੈ। ਹੋਰ ਜਿਹਵਾਕੇ ਗਣਨੇ ਸਾਥ ਕਿਆ ਕਾਮ ਥਾ ? ਗੁਰਕੋ ਪੜ ਕਰ ਜਗਤਕੇ ਜੀਵ ਭਗਤ ਪੂਰਬਕਾ ਕ੍ਰਿਤਾਰਥ ਹੋਵਹਿ,ਇਸੀ ਨਮਿਤ ਬਾਬਾ ਨਾਨਕਨੇ ਕਠਿਨ ਵਚਨ ਰਚੇਹੈ; ਪਰਮਾਣ ਇਸ ਪਰ ਪੀਛੇ ਕਹੇ ਹੀਹੈ॥

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥

ਸਰਬ ਕਾਲ ਵਿਖੇ,ਸਰਬ ਇਸਥਾਨੋ ਵਿਖੇ, ਪਰਮੇਸ਼੍ਵਰਕਾ ਨਾਮ ਉਚਾਰਣ ਕਰਣਾ,ਇਹ ਜੋ ਮਾਰਗਹੈ,ਇਸ ਮਾਰਗ ਚਲਣੇ ਵਾਲੇਕੋ ਪਤ ਕੀਆ ਪੌੜੀਆਂਹੈ, ਆਬ ਰੋਇ ਸੋ ਚਲਤਾਹੈ, ਯਮ-ਦੂਤ ਤਿਸਕਾ ਕਛ ਭੀ ਨਹੀ ਕਰ ਸਕਤੇ।ਇਨ ਪੌੜੀਓਕੋ ਮਾਰਗ ਚੜਿਆ ਹੂਆ'ਇਕੀਸ'ਗੁਣ ਹੋਇ ਜਾਵੇਗਾ। ਏਕ ਏਕ 'ਇਕੀਸ' ਹੋਇ ਜਾਵੇਗਾ, ਵਾ ਇਕੀਸ ਆਦਮੀ ਬਰਾਬਰ ਉਸਕਾ ਸਰੀਰ ਹੋਇ ਜਾਵੇਗਾ, ਇਹੁ ਇਸਕਾ ਅਰਥ ਨਹੀਂ॥ ਇਕੀਸ ਕਹਣੇ ਕਾ ਇਹਾ ਈਹਾ ਤਾਤਪਰਯਹੈ, ਏਕ ਹੀ ਅਪੇਖਯਾ ਕਰ ਕਰਤੋ ਇਕੀਸ ਬਹੁਤਸੋ ਬਹੁਤ ਹੋਤੇ ਹੈ, ਅਰ ਬਡੇਸੋ ਬਡੇ ਹੋਤੇਹੈ, ਸੋ ਬਹੁਤਸੋ ਬਹੁਤ, ਬਡੇਸੋ ਬਡਾਤੋ ਪਰਮੇਸ਼੍ਵਰਹੈ; ਤਾਤੇ ਸਰਬ ਕਾਲ ਵਿਖੇ ਨਾਮ ਜਪਣੇ ਵਾਲਾ ਨਾਮਕੇ ਪ੍ਰਤਾਪਤੇ ਪਰਮੇਸ਼੍ਵਰ ਸਰੂਪਹੀ ਹੋਇ ਜਾਤਾਹੈ,'ਇਕੀਸ'ਕਾ ਇਹੀ ਅਰਥਹੈ॥

ਸੁਣਿ ਗਲਾ ਆਕਾਸਕੀ ਕੀਟਾ ਆਈ ਰੀਸ॥

Sri Satguru Jagjit Singh Ji eLibrary NamdhariElibrary@gmail.com

ਅਕਾਸ ਵਿਖੇ ਚਤਰ-ਭੂਵਣਹੈ; ਕੀਟੋਨੇ ਅਕਾਸ਼ ਕੀਆ ਬਾਤੇ ਸੁਣੀਆਂ, ਸੁਣ ਕਰ ਕੀਟੋਂਕੋ ਭੀ ਰੀਸ ਆਈ, ਅਕਾਸਮੋ ਕਿਆ ਕਛਹੈ, ਹਮਭੀ ਅਕਾਸਕੋ ਦੇਖੇਗੇ॥ ਤੋ ਕਿਆ ਕੀਟਾਂ ਅਕਾਸਕੋ ਦੇਖ ਸਕੇਗੇ?

ਤੈਸੇ ਹੀ ਅਰੇ ਗਵਾਰੋ! ਤਮਭੀ ਕੀਟ ਹੀਹੋ, ਅਣਹੋਤਾ ਹੀ ਆਪਣੇ ਆਪਕੋ ਸੰਤ,ਮਹੰਤ,ਸਿੱਧ,ਤਪਸ੍ਰੀ ਮਾਨ ਬੈਠੇਹੋ।ਕ੍ਰਿਤਾਰਥ ਕਰਣੇ ਵਾਲਾਤੋ ਨਾਮ ਹੀਹੈ।ਨਾਮ-ਵਾਨ ਪੁਰਖ ਜਿਸ ਭੇਖਮੋ ਰਹੇਗਾ,ਤਿਸੀਮੋ ਕ੍ਰਿਤਾਰਥਹੈ। ਭੇਖ ਬਿਨਾਭੀ ਕ੍ਰਿਤਾਰਥ ਹੀਹੈ। ਜੋ ਨਾਮ ਹੀਣ,ਲਾਖੋ ਭੇਖ ਬਣਾਵੇਗਾ,ਤੋ ਭੀ ਕ੍ਰਿਤਾਰਥ ਨ ਹੋਵੇਗਾ॥ ਜੋ ਨਾਮ ਯੁਗਤ ਪੁਰਖਹੈਂ ਤਿਨਕੋ ਤੋ ਤੁਮਨੇ ਪਾਖੰਡ ਮਾਨਾ--ਅਰ ਮੁੰਦ੍ਰਾ, ਝੋਲੀ, ਖਿੰਥਾ, ਇਸਕੋ ਸਚਾ ਭੇਖ ਮਾਨਾ-ਇਸੀਕਾ ਨਾਮ 'ਬੋਲ-ਵਿਗਾੜ'ਹੈ॥ 'ਬੋਲ-ਵਿਗਾੜ' ਹੀ ਧਰਮ ਰਾਜਾਕੇ ਦਫਤਰ ਪਰ 'ਗਵਾਰੋ ਸਿਰ ਗਵਾਰ'ਲਿਖੇ ਜਾਤੇਹੈ; "ਖਟ ਦਰਸ਼ਨ ਭ੍ਰਮਤੇ ਫਿਰਹ, ਨਹੀ ਮਿਲੇ ਭੇਖੰ(1099:1); 'ਭੇਖੀ ਪ੍ਰਭੂ ਨ ਪਾਈਜ, ਬਿਨ ਸਚੀ ਸਿਖੰ'(1099:2)। ਅਬ ਸਚੀ ਲੇਖਕੀ ਵਾਰਤਾ ਸ੍ਰਵਣ ਕਰੋ। 'ਲੇਖਾ'ਨਾਮਹੈ 'ਲੀਕ'ਕਾ ਔਰ ਜੇਤੀਆ ਲੀਕਾਹੈ ਤੇ ਸਭ ਮਿਟ ਜਾਤੀਆਹੈ, ਨਾਮਕੀ ਲੀਕ ਜਿਸ'ਘਟ'ਮੋਂ ਪੜਤੀਹੈ,ਸੋ ਕਬੀ ਮਿਟਤੀ ਨਹੀਂ; ਤਾਤੇ ਸਚੀ ਲੇਖ ਨਾਮ ਹੀਹੈ ॥

ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥32॥

ਨੰ.5.ਭਾਈ ਸੰਤੋਖ ਸਿੰਘਜੀ 'ਚੂੜਾਮਣੀ'(ਨਿਰਮਲ-ਗਿਆਨੀ) -32

ਅਬ ਅਗਾਰੀ ਇਨ ਸਭਨਕੋ ਬੀਜ ਮੰਤ੍ਰ ਜੋਹੈ ਸੋ ਸਿੱਧਨਮੋਂ ਪ੍ਰਸਿਧ ਨਹੀਂ,ਤਿਸ ਕੋ ਸਿੱਧਨ ਕੇ ਪ੍ਰਸੰਗ ਤੇ ਨਯਾਰੋ ਕਰਿ ਕਹਤ ਹੈ। ਸਭਨੋਂ ਕਾ ਨਿਰਬਾਹ ਕਰਨ ਵਾਰੋ ਜੋ 'ਸਤਿਨਾਮ' ਹੈ ਤਿਸ ਮੋਂ ਕਰਨੋ ਅਤਿ ਪ੍ਰੇਮ ਕੋ, ਸੋ ਸਰਬ ਕੋ ਅਨੇਕੋਂ ਨੇ ਸਫਲੇ ਕਰਤ ਹੈ ਸੋਈ ਕਹਤ ਹੈਂ।

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥

ਕੈਸੀ ਚਾਹਿ ਚਿਤਮੇਂ ਹੋਇ? ਜੈਸੇ ਸਰਬ ਲੋਕਨਕੋ ਪ੍ਰੇਮ ਦਰਬਮੇਂਹੈ, ਏਕਤੇ ਦਸਕੋ ਚਾਹਤਹੈ; ਸੋ ਹਜ਼ਾਰ ਅਤੇ ਲਾਖ ਕ੍ਰੋੜ ਹੋਵਤ ਲੋ, ਮਨਕੀ ਤ੍ਰਿਸ਼ਨਾ ਬਧਤਹੀ ਜਾਤਹੈ। ਤੈਸੇਹੀ ਸਾਹਿਬਜੀ ਕਹਤੁਹੈਂ: ਏਕ ਜੀਭਤੇ ਲਾਖ ਹੋਵਨਿ, ਜੇ ਕਰਿ ਲਾਖਹੋ,ਤੇ ਬੀਸ ਲਾਖਕੀ ਚਾਹ ਹੋਇ। ਅਰਥ ਇਹ ਕਿ,'ਸਤਿਨਾਮ'ਕੋ ਸਿਮਰਨਕੋ ਜੇਤੀ ਰਸਨਾ ਹੋਤੀ ਜਾਇ, ਤੇਤੀਹੀ ਥੋਰੀ ਜਾਨਨੇ। ਕੁਛ ਬੀਸ ਲਾਖ ਪਰ ਨੇਮ ਨਹੀਂਹੈ। ਇਸਤੇ ਭੀ ਅਧਿਕਤੇ ਅਧਿਕ ਹੋਇ ਜਾਇ।

ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥

ਜੇਤੀ ਲਾਖੋਂ ਰਸਨਾ ਹੋਇ ਤਿਨ੍ਹੋ ਸੰਗ ਏਕ ਏਕਤੇ ਲਾਖ ਲਾਖ ਵਾਰੀ'ਸਤਿਨਾਮ'ਕੋ ਜਪੈ॥ ਐਸੀ ਚਾਹਿ ਚਿਤ ਮੇਂ ਰਾਤਿ-ਦਿਨ ਸਿਮਰਨਕੀ ਲਗੀਰਹੇ'ਸਤਿਨਾਮ'ਮੇਂ ਪਿਆਰ ਚਿਤਕੋ ਇਸ ਪ੍ਰਕਾਰਹੁਯੋ ਰਹੈ ਸਦਾ ਕਾਲਹੀ: ਏਤੁ ਰਾਹਿ ਪਤਿ ਪੜਵੀਆ ਚੜੀਐ ਹੋਇ ਇਕੀਸ॥

ਇਸ ਰਾਹਮੇਂ ਪਰਨਿਤੇ ਪਤਿਹੈ,ਦਰਬਾਰਿ ਪਹੁੰਚਨਿਲੋ ਨੰਨਾਕਰ ਤਿਸਕੋ ਕਿਤੇ ਨਹੀਂ ਹੋਤਹੈ,ਪਤਿ ਅਬ ਰੋਕੇ ਸਮੇਤ,ਕਯਾ? ਸਰਬ ਸਥਾਨੋਂਮੇਂ ਸਨਮਾਨ ਹੋਤ ਜਾਤਹੈ, ਪਰਮੇਸੁਰਕੇ ਦਰਬਾਰ ਪਹੁੰਚਨਲੋ; ਇਹਤੋ ਭਗਤਿ ਪੱਖ ਮੇਂ ਸਹਾਇਤਾ ਨਾਮਕੀ ਕਹੀ। ਅਗਾਰੀ ਗਯਾਨ ਅਵਸਥਾਮੇਂ ਕਹਤਹੈਂ: ਪਵੜੀਆਂ ਚੜੀਐ, ਕਯਾ? ਸਤਿਨਾਮ ਕੇ ਸਿਮਰਨ ਕਰਤ ਯੋਂ'ਪਵੜੀਆਂ'

Sri Satguru Jagjit Singh Ji eLibrary NamdhariElibrary@gmail.com

ਕਹੀਏ,'ਸਪਤ-ਭੂਮਿਕਾ',ਤਿਨਕੇ ਊਪਰਿ ਊਪਰਿ ਹੀ ਚੜਤੋ ਜਾਇ। ਤਿਸਕੇ ਚੜਨਿ ਮੇਂ ਬਿਘਨ ਕੋਈ ਨਹੀਂਹੋ ਸਕਤਿਹੈ। 'ਹੋਇ ਇਕੀਸ'ਹੋਤਾਹੈ। ਚੜਨ ਵਾਰ ਪਰਖੁ 'ਇਕੀਸ'; ਈਸ-ਜੀਵਕੀ ਏਕਤਾ ਬ੍ਰਹਮਮੇਂ। 'ਇਕੁ' ਆਪਿ, ਕਕਾਰ ਤੇ 'ਈ' ਨਿਕਸੇ 'ਈਸ' ਹੋਤਹੈ, ਬ੍ਰਹਮਕੋ ਅਧਯਾਹਾਰ। ਕੰਵਾ:- ਇਕੀਸ ਨਾਮ ਤੁਰੀਆ ਪਦੁਕੇ ਭੀਹੈ, ਬਿਸ੍ਵੇ ਬੀਸ ਉਲੰਘਿਕੇ 'ਇਕੀਸ' ਤੁਰੀਆ ਪਦੁਕੋ ਪ੍ਰਾਪਤਿ ਹੋਇ। ਭਾਈ ਗੁਰਦਾਸਨੇ ਇਸ ਤੁਕਕੋ ਅਰਥ ਸਮਝਿਕੇ ਅਨੇਕ ਸਥਾਨਮੇਂ 'ਇਕੀਸ' ਪਦ ਤੁਰੀਆਕੋ ਵਾਚਕ ਰਾਖਯੋਹੈ:-'ਤੀਨ ਗੁਨਕੋ ਉਲੰਘ ਕਰਿ ਚੌਥੇ ਤੁਰੀਆਂਮੇਂ ਲੀਨ ਹੋਤਹੈ'। ਪ੍ਰਸੰਗਤੇ 'ਸਪਤ-ਭੂਮਕਾ'ਕੋ ਭੀ ਬਰਨਨ ਕਰਤਹੈਂ:- ਪ੍ਰਥਮੇ ਸ਼ੁਭੇਛਾ, ਬਿਚਾਰਨਾ, ਤਨਮਾਨਸ, ਸੰਤ੍ਵਪਤਿ, ਪਦਾਰਥ ਭਾਵਨੀ ਅਸੰਸਕਤਤਾ, ਤੁਰੀਆ।

1:-'ਸੁਭੇਛਾ'ਤੋ ਇਹ:ਚਿਤਮੇਂ ਇੱਛਾ ਜੋ ਹੋਇ,ਸੋ ਸੁਭ ਹੋਇ,ਬਿਸ਼ਯਨਮੇਂ ਦੇਵਸ਼ਤਾ,ਸਤਿਗੁਰ ਔ ਤੀਰਥ ਔ ਕਥਾ ਸ੍ਰਵਨ ਪਰਮੇਸ਼ੁਰਕੀ, ਇਨ ਸਰਬਮੇਂ ਅਤਿ ਪ੍ਰੀਤਕੋ ਹੋਨੋ, ਸਤਿਸੰਗਮੇਂ ਗੁਨ ਗਾਵਤ ਪੁਲਕਾਵਲਿ ਹੋਨੀ।

2:-ਦੂਸਰੀ ਬਿਚਾਰਨਾ; ਇਕੰਤ ਹੋਇਕੈ ਬਿਚਾਰਨੋ:ਮੈਂ ਕੌਨ ਹੋਂ ? ਸੰਸਾਰ ਕਿਆਹੈ, ਇਸ ਬਿਚਾਰਮੇਂ ਰਾਤ ਦਿਨ ਬਿਤਾਵਨੋ।

3:-ਤੀਸਰੀ ਤਨਮਾਨਸਾ; ਮਨਕੋ ਰੋਕਨੋ, ਜਗਤਕੀ ਦਿਸ਼ਤੇ, ਸ਼ੁੱਧ ਸਰੂਪਮੋਂ ਸਥਿਰ ਰਹਿਨੋ।

4:-ਚੌਥੀ ਸਤਵਾਪਤਿ: ਅਨੁਭਵਕੋ ਉਦੈ ਅਭੰਗ ਹੋਨੋ, ਜਗਤ ਸਰਬਕੋ, ਕੋ ਆਤਮ ਸਰੂਪ ਹੀ ਜਾਨਤ ਭਯੋ, ਜੈਸੇ ਸਿੰਧੁਮੇਂ ਤਰੰਗ ਹੋਤ ਹੈਂ, ਸੋ ਸਮੁੰਦਰ ਰੂਪ ਹੀਹੈ; ਤੈਸੇ ਏਕੁ ਪਰਮਾਤਮਾਕੋ ਰੂਪ ਸਰਬਕਾ ਲਖਯੋ, ਗਯਾਨਕੀ ਪ੍ਰਾਪਤਿ ਚੌਥੀ ਭੂਮਕਾ ਮੇਂ ਹੋ ਜਾਤਹੈ। ਅਗਾਰੀ ਗਯਾਨ ਵਾਲੋਂਕੀ ਬਧਤਾ ਅਰੁ ਘਟਤਾਕੋ ਭੇਦਹੈਂ।

5:-ਪੰਜਵੀਂ 'ਅਸੰਸਕਤਿ'ਹੈ, ਤਨ ਅਭਿਮਾਨਕੋ ਛੁਟਨੋ, ਨਿਸਚੈ ਦ੍ਰਿਤੁ ਹੋਨੋ ਸਰੂਪਮੇਂ।

6:-ਖਸ਼ਟੀ 'ਪਦਾਰਥਾ ਭਾਵਨੀ': ਬੁਧਿਤੇ ਆਦਿ ਜੇਤੇ ਪਦਾਰਥੁ ਜਗਤਕੇਹੈਂ ਸਰਬਕੋ ਆਪਤੇ ਅਭਾਵਹੋ ਜਾਨੋ।

7:-ਸਪਤਮੀ ਤੁਰੀਆ;ਜਹਾਂ ਭਾਵ-ਅਭਾਵ ਦੋਊ ਨਹੀਂ ਰਹੇ; ਸੋ ਤੁਰੀਆ। ਐਸੇ ਸਪਤ ਭੂਮਕਾ ਜੋ ਹੈ ਸੋਈ ਭਈ ਪਉੜੀਆਂ।

ਪਉੜੀਕੋ ਰੂਪ ਇਹ; ਜਿਸਕੋ ਪਾਇ ਕਰ ਊਪਰਿਕੇ ਚੜਤੇ ਜਾਨੇ, ਸੋਈ ਭੂਮਕਾ ਕੀ ਰੀਤਿ ਹੈ। ਜਿਸਕੋ ਪ੍ਰਾਪਤਿ ਹੋਤਹੈ ਤਿਸਕੋ ਬ੍ਰਿਤਿ ਊਪਰਿਕੋ ਚੜਤੀ ਜਾਤਹੈ। ਇਹ ਪਉੜੀਸੋਂ ਸਮਤਾ। ਇਤਅਰਥ॥ ਇਨ ਤੁਕਨਿਮੇਂ ਹੇਤਾਲੰਕਾਰ। ਸਤਿਨਾਮਕੋ ਸਮਰਨ'ਕਾਰਨ',ਪਤਿ ਸੰਯੁਕਤਿ ਪਹੁੰਚਬੋ 'ਕਾਰਜ'। ਕਿੰਵਾ 'ਪਵੜੀਆਂ ਚੜੀਐ ਹੋਇ ਇਕੀਸ' ਬ੍ਰਹਮ ਰੂਪ ਹੋਨ ਕਾਰਜ,ਯਾਂਤੇ ਏਕ ਸੰਗ ਕਹਿਨਮੇਂ ਹੇਤਲੰਕਾਰ ਹੋਤਹੈ। ਅਰ ਪ੍ਰਯਾਯੋਕਤਿ ਅਲੰਕਾਰ ਭੀਹੈ। ਇਹਾਂ ਸਤਿਨਾਮਕੇ ਸਿਮਰਨਕੀ ਚਾਹਿ ਕਹਿਨੀ ਹੁਤੀ,ਸੋ ਏਕ ਰੀਤਿਸੋਂ ਕਹੀ: ਲਾਖੋ ਜਿਹਵਾਂ ਹੋਇ, ਤਿਨਤੇ ਲਾਖ ਲਾਖ ਵਾਰੀ ਸਤਿਨਾਮ ਸਿਮਰੇ,ਐਸੇ ਅਭਿਲਾਖ ਜਨਾਈ,ਯਾਂਤੇ ਪ੍ਰਯਾਯਕਤਿ। ਔਰ ਕਾਰੀ [illegible] ਸਮਰਥਹੈ ਅਧਯਾਰੋਪਨ

Sri Satguru Jagjit Singh Ji eLibrary NamdhariElibrary@gmail.com

ਹੈ ਨਹੀਂ, ਤਾਂਤੇ ਅਨਧਯਾਰੋਪਹੈ। ਪ੍ਰਸਤਾਵ ਯਾਮੈਂ ਅਧਿਕ ਸਤਿਨਾਮਕੇ ਹਿਤਕਾਰੀਕੋ ਭਾਵ ਨਿਕਸਯੋ, ਲਾਖੋਂ ਜਿਹਵਾਕੇ ਪ੍ਰਸੰਗ ਕਰਿ ਚਾਹਕੋ ਅਰਥ ਭਯੋ॥

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥

ਤਿਨ ਗਯਾਨਵਾਨੋਕੀ ਕ੍ਰਿਯਾ ਅਰੁ ਵਾਕ ਸੁਨਿ ਕਰਿ,ਵਾ ਦੇਖ ਕਰਿ, ਜੇ ਅਗਯਾਨੀ ਪਾਖੰਡਕੇ ਹੇਤ ਤਿਨਕੀ ਰੀਸ ਕਰਨਕੋ ਪਹੁੰਚੇ; ਤਿਸ ਪਰ ਸਾਹਿਬ ਜੀ ਕਹਤਹੈਂ: ਕੀਟ ਜੋ ਮਸ਼ਕ ਆਦਿ ਔਰ ਲਘੁ ਪੰਖਨਿ ਵਾਰੇਸੋ ਸੁਨਿਕੈ, ਹੰਸਨਿ ਕੇ ਪਾਸਤੇ ਅਕਾਸ਼ਕੀ ਬਾਤੇਂ,ਕਿਆ? ਜੋ ਬਡੇ ਊਚੇਹੈ ਅਰ ਹਮ ਬਡੀ ਦੂਰਲੋ ਗਏ ਥੇ, ਸੋ ਕੀਟ ਵੀ ਰੀਸ ਕਰਨਕੋ ਤਯਾਰ ਭਏ, ਜੋ ਹਮਭੀ ਤੁਮਾਰੇ ਸੰਗਹੀ ਅਕਾਸ਼ਕੀ ਸੈਲ ਕਰੇਂਗੇ, ਸੋ ਤੀਨਕੋ ਮੁਖ ਕਰਿਹੀ ਕਹਿਨੋ ਬਨਤਹੈ; ਤਿਨਕੀ ਸਮਤਾ ਕਿਸੇ ਰੀਤਿਸੋਂ ਨਹੀਂ ਹੋਇ ਆਵਤਹੈਂ। ਹੰਸਤੋ ਹਜ਼ਾਰਨ ਹੀ ਕੋਸ ਲੋ ਜਾਂਹਿਗੇ, ਤਿਨਕੇ ਸੰਗ ਕੈਸੇ ਪਹੁੰਚਯੋ ਜਾਇਗੋ? ਤੈਸੇਹੀ ਗਯਾਨਕੀ ਰੀਸਕੋ ਅਗਯਾਨੀ ਜੋ ਪਹੁੰਚਤਹੈ, ਸੋ ਕਹਿਨ ਮਾਤ੍ਰਹੀ ਪਹੁੰਚਤਹੈ; ਸੁੱਖ, ਦੁੱਖਮੇਂ ਸਮ ਰਹਿਨੋ, ਤਨ ਹੰਤਾਕੋ ਤਯਾਗਨੋ, ਸਰਬ ਜਗਮੇਂ ਏਕ ਪੂਰਨ ਲਖਨੋ,'ਜਗਤ ਅਸਤਿ,ਆਤਮਾ ਸੱਤਿ' ਬੂਝਨੋ, ਏਹ ਸਭ "ਗਯਾਨੀ" ਮੇਂ ਹੋਇਗੋ--ਅਗਯਾਨੀ ਮੁਖਕਰਿ ਕਹੇਹੈ ਪਰੰਤੂ ਨਿਸ਼ਚੇਮੇਂ ਐਸ ਨਹੀਂ ਰਹਿ ਸਕੈਗੋ। ਯਾਤੇ ਪਖੰਡ ਕਰਨਮੇਂ ਨਰਕਗਾਮੀ ਹੀ ਹੋਇਗੋ।

ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥ 32॥

ਸ੍ਰੀ ਨਾਨਕ ਸਾਹਿਬ ਜੀ ਕਹਿਤਹੈਂ: ਪਰਮੇਸਰ, ਕ੍ਰਿਪਾਕੀ ਨਦਰ ਵਾਰੋ,ਤਿਸਕੀ ਜੇ ਕ੍ਰਿਪਾਹੋਇ, ਤਬਹੀ 'ਸਤਿਨਾਮ'ਕੀ ਪ੍ਰਾਪਤਿ ਹੋਤੀਹੈ, ਜਿਸ ਨਾਮਤੇ ਭਗਤਿ ਪਖ ਮੇਂ ਤੋਂ ਪਤਿ ਕੇ ਸੰਯੁਕਤਿ ਦਰਬਾਰ ਪਹੁੰਚਤਹੈ॥ ਗਯਾਨ ਪਖ ਮੇਂ ਇਕੀਸ ਜੋ ਤੁਰੀਆ ਪਦਹੈ,ਤਿਸਮੇਂ ਲੀਨ ਹੋਤਹੈ॥ ਸਪਤ ਭੂਮਕਾ ਜੋ ਪਉੜੀਹੈ,ਤਥਾ ਚੜ ਕਰਿ ਐਸੋ 'ਸਤਿਨਾਮ' ਪਰਮੇਸਰਕੀ ਕ੍ਰਿਪਾ ਦ੍ਰਿਸ਼ਟਿ ਭੀਨਹੀਂ,ਸੋ ਕੂੜੋਹੈ,ਕਯਾ? ਝੂਠੋ ਹੈ। ਤਿਸਕੀ ਠੀਸ ਜੋ ਹੈ, ਬਾਦ ਹੀ ਬਕਾਉ ਕਹਣਾ, ਸੋਭੀ ਝੂਠ ਹੀਹੈ, ਇਤਯਰਥ। 'ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ' ਇਸ ਤੁਕਮੇਂ ਅਲਯੋਕਤਿ ਅਲੰਕਾਰ ਹੈ।

ਲੱਛਣ:- ਕੁਤਸਤਿ ਬਾਤ ਹੋਇ ਕਿਹ ਥਾਇ। ਸੋ ਕਿਤ ਕਹੇ ਔਰ ਪਰਿ ਪਾਇ।
ਉਪਮਾ ਹੁਇ ਉਪਮੇਯਨ ਜਹਿ ਹੀ। ਅੰਨਸੋਕਤਿ ਸੋ ਕਵਿ ਜਨ ਕਹਿਹੀ।

ਅਸਾਧਾਰਨ ਬਿਸ਼ੇਸ਼ਨ ਕਹੋਂ ਉਪਮਾ ਹੋਇ, ਉਪਮੇਯ ਪ੍ਰਤੀਤੀ ਕਰ ਜਹਿਂ ਹੋਇ। ਸੋ ਇਸ ਤੁਕਮੇਂ ਅਗਯਾਨੀ, ਜੋ ਰੀਸ ਕਰਨਕੋ ਗਯਾਨੀ ਕੀ ਚਾਹਤਹੈ, ਸੋ ਕੀਟ ਪਰਿਬਾਇਕੈ ਥੀ। ਅਕਾਸ਼ਕੀ ਬਾਤੈਂ ਸੁਨਿ ਕਰਿ,ਏ ਬਿਸ਼ੇਸ਼ਨ ਅਸਾਧਾਰਨਹੈ, ਯਾਤੇ ਅੰਨਸੋਕਤਿ। ਨਾਨਕ ਨਦਰੀ ਪਾਈਐ, ਇਸ ਤੁਕਮੇਂ ਨਦਰਿਵਾਰ ਸੋ ਨਦਰੀ ਸਾਭਿੱਪ੍ਰਾਯਕੇ ਬਿਸ਼ੇਖਨਹੈ, ਯਾਤੇ ਪਰਕਰਾਲੰਕਾਰ।

'ਕੂੜੀ ਕੂੜੈ' ਠੀਸਕੀ ਠੀਸ ਭੀ ਝੂਠੀ, ਯਾਮੈ ਸਮ ਅਲੰਕਾਰਹੈ।

ਤੀਸਰ: ਕਾਰਜਮੇਂ ਕਾਰਨ ਹੀਕੋ ਅੰਗ ਹੋਇ; ਕਾਰਨ ਝੂਠ ਅਗਯਾਨੀ ਹੁੱਤ, ਠੀਕ ਕਾਰਜ ਸੋਭੀ ਝੂਠੀ ਕਹੀ, ਯਾਂਤੇ ਸਮਾਲੰਕਾਰ ਹੋਤਹੈ।

Sri Satguru Jagjit Singh Ji eLibrary NamdhariElibrary@gmail.com

ਨੰ.6.ਨਿਰਮਲ ਸੰਤ ਪੰਡਿਤ ਤਾਰਾ ਸਿੰਘ ਜੀ 'ਨਰੋਤਮ'(ਖਟ-ਦਰਸ਼ਨੀ) -32

ਹੇ ਗੁਰੋ ਆਤਿਸ਼ੇ-ਮੰਦ-ਬੁਧਿ ਵਾਲੇ ਪੁਰਖੋ ਕੋ ਭੀ ਕਹੇ ਪਦ ਕੀ ਪ੍ਰਾਪਤੀ ਹੇਤ ਕੋਈ ਬਹੁਤ ਸੁਗਮ-ਮਾਰਗ ਬਤਾਵੋ॥ ਯਹ ਪੂਛਤੇ ਸਿਖਯ ਪ੍ਰਤਿ ਪਰਮੇਸ਼ੁਰ ਕੇ ਨਾਮ ਕਾ ਨਿਰੰਤਰ ਕਥਨ ਰੂਪ ਅਤਿ ਸੁਗਮ ਸਤਾ ਕਹਨੇ ਹੇਤ ਨਾਮ ਕੇ ਕਹਨੇ ਕੀ ਰੀਤਿ ਬਤਾਵੇ॥

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥

ਇਕਿ ਇਤਿ॥ ਤਹਾਂ ਪਹਲੇ ਪਰਮ ਪ੍ਰੇਮ ਅਰ ਬਡੇ ਉਤਸਾਹਸੇ ਪੁਰਖ ਐਸੇ ਚਿਤਵੇ; ਜੋ ਕਾਹੂ ਪ੍ਰਕਾਰਸੇ ਮੇਰੀ 'ਇਕ ਦੂ' ਕਹੀਯੇ ਏਕ ਜਿਹਬਾਸੇ ਲਖ ਹੋਹਿ ਨਾਮ,ਸੋ ਹਜਾਰ ਜਿਹਬਾਹੋ ਜਾਵੇ। ਪੁਨਾ, ਸੌ ਹਜਾਰ ਕੇ ਸਮੁਦਾਯ ਰੂਪ ਲਖ ਜਿਹਬਾਸੇ ਬੀਸ ਲਾਖ ਜਿਹਬਾਹੋ ਜਾਵੇ,ਏਤੀ ਜਿਹਬਾ ਪਾਯ ਕਰ ਤਿਨ ਸੰਪੂਰਣੋਸੇ,ਵਾ ਤਿਨ ਲਾਖਮੇਂ ਏਕ-ਏਕ ਜਿਹਬਾਸੇ 'ਲਖੁ ਲਖੁ ਗੇੜਾ' ਨਾਮ ਲਖ ਲਖ ਵਾਰ ਆਖੀਯੇ,ਕਥਨ ਕਰੋ,ਏਕ ਕੋਈ ਨਾਮ ਜਗਦੀਸਕਾ। ਬਿਸੇਖ ਕਰ ਨਿਰਨੇ ਬਿਨਾ ਸ੍ਵਰੂਪ, ਵਾ ਤਟਸਥ ਨਾਮੋਮੇ ਕਾਹੂ ਏਕ-ਨਾਮਕੇ ਜਪਨਕੀ ਇਛਾ ਕਰਨਕਾ ਯਹ ਤਾਤਪਰਯਹੈ।ਜੇਤਾ ਕੋਈ ਪਰਮੇਸ਼ੁਰਕਾ ਸ੍ਵਰੂਪਕਾ ਤਟਸਥ ਨਾਮਹੈ, ਸੋ ਸਭੀ 'ਏਕ' ਅਰਥਕੋ ਕਹੇਹੈ॥ ਪੁਨਾ, ਸਭੀ ਭਕਤਕੇ ਅੰਤਾਕਰਣਕੀ ਮੈਲ ਦੂਰ ਕਰ--ਪਵਿਤ੍ਰ ਕਰੇ ਹੈ,ਯਾਤੇ ਸਰਬ ਨਾਮੋਕੋ 'ਮਹਾ ਮੰਤ੍ਰ' ਰੂਪ ਜਾਨਕੇ ਤਿਨਮੇਂ ਕੋਈ ਏਕ-ਨਾਮ ਅਵਸ਼ਯ ਸਰਬਦਾ ਜਪਨਾ ਚਾਹੀਯ॥ ਮੂਲਮੇ ਜੋ ਏਕ ਜਿਹਬਾਮੇਂ ਲਾਖ ਹੋਨੇਕੀ, ਅਰ ਲਾਖਮੇਂ ਬੀਸ-ਲਾਖ ਹੋਨੇਕੀ, ਭਾਵਨਾ ਕਹੀਹੈ; ਵੇਦਮੇਂ ਇਸਕਾ ਨਾਮ ਸੰਪਤ-ਉਪਾਸਨਾਹੈ॥ ਅਨਯ ਰੂਪ ਵਾਲੀ ਵਸਤੂਮੇਂ ਅਨਯ ਰੂਪਕੀ ਭਾਵਨਾ ਕਰਨੇਕਾ ਨਾਮ'ਸੰਪਤ'ਹੈ॥ ਜੈਸੇ ਈਹਾਂ ਏਕ ਜਿਹਬਾਮੇਂ ਅਨੇਕੋਕੀ ਭਾਵਨਾ ਕਰੀਹੈ,ਵੇਦ ਵਿਖੇ ਤੈਸੇ'ਗੁਰੁ'ਮੇਂ ਦੇਵਤਾ ਭਾਵਨਾ ਕਰਨੀ,'ਨਾਮ'ਮੇਂ 'ਨਾਮੀ'ਕੀ ਭਾਵਨਾ ਕਰਨੀ ਕਹੀਹੈ॥ ਈਹਾ ਇਸ ਭਾਵਨਾਕਾ ਤਾਤਪਰਯ ਈਸ਼੍ਵਰਕੀ ਸੀਘ੍ਰ ਪ੍ਰਸੰਨਤਾ ਕਰਨੇ ਮੇਂਹੈ॥ ਯਾਤੇ ਪਰਮੇਸ਼੍ਵਰਕੀ ਸੀਘ੍ਰ ਪ੍ਰਸੰਨਤਾਕੇ ਹੇਤੂ-ਰੂਪ 'ਏਤੁ ਰਾਹ' ਨਾਮ ਇਸ 'ਸੰਪਤ-ਉਪਾਸਨਾ' ਰੂਪ ਭਕਤੀ-ਮਾਰਗਸੇ ਅਤਿ ਮੰਦ ਬੁਧੀ ਵਾਲੇ ਪੁਰਖਕੋ ਭੀ ਗਯਾਨ-ਮਾਰਗਕੀ'ਪਤਿ'ਨਾਮ ਪ੍ਰਤਿਸਟਾ ਵਾਲੀਆਂ 'ਪਵੜੀਆਂ' ਨਾਮ ਗ੍ਰੰਥੋਮੇਂ ਗਯਾਨ-ਭੂਮਿਕਾ ਨਾਮਸੇ ਕਹੀਆ ਸੁਭੇਛਾ,ਸੁਬਿਚਾਰਣਾਦਿ ਸਾਤ-ਭੂਮੀਆ ਮਿਲੇਹੈ।

ਵਾ:'ਏਤ' ਨਾਮ ਇਸ ਮਾਰਗਮੇਂ ਰਾਹੋਸਤਿਨਾਮੁ'ਮਾਰਗੋਪਤਿ'ਅਰਥਾਤ ਸਭ ਮਾਰਗੋਮੇਂ 'ਮੁਖਯ' ਮਾਰਗ ਗਯਾਨਕੀ ਸਾਤ-ਭੂਮੀਆਂ ਰੂਪ ਪੌੜੀਆਂ ਮਿਲੇਹੈ; ਜਿਨ ਪੌੜੀਆ ਪੇ ਚੜੀਐ ਨਾਮ ਚੜ ਕਰ ਹੋਵੇਹੈ 'ਇਕੀਸ'ਕਾ 'ਏਕ-ਈਸ਼' ਐਸੇ ਛੇਦ ਕਰ ਏਕ ਕਹੀਯੇ ਤ੍ਰਿਬਿਧ ਭੇਦ ਰਹਿਤ,'ਈਸ਼'ਨਾਮ ਸ਼ੋਧਨ ਕੀਆ 'ਤਤਪਦ'ਕਾ ਅਰਥ ਬ੍ਰਹਮ ਰੂਪ ਹੋਨਾ ਭਕਤੀ ਜਨਯ ਗਯਾਨ ਦ੍ਵਾਰਾ'ਜਿਨ ਜਾਤਾ ਸੋ ਤਿਸਹੀ ਜੇਹਾ'' (931:3); 'ਤੁਧ ਸੇਵਹ, ਸੇ ਤੁਧਹੀ ਜੇਹੇ' (1021:15) ਇਤਯਾਦਿਕ ਅਨੇਕ ਬਚਨ ਕਹੇ ਹੈ॥ ਹੇ ਗੁਰੁ! ਬਹੁਤ ਪੁਰਖ ਸਾਧਨ ਕੀਏ ਬਿਨਾ ਵੇਦਾਂਤ ਬਚਨ ਸੁਣਨੇ ਮਾਤ੍ਰ ਸੇਹੀ ਅਪਨੇਮੋਂ'ਮੈਂ ਬ੍ਰਹਮਹੂੰ'ਐਸੇ ਬ੍ਰਹਮ-ਭਾਵਨਾ ਕਹੇਹੈ,ਔ ਬ੍ਰਹਮ-ਭਾਵਨਾ ਕਰ ਪੀਛੇ ਸੇ ਜੈਸੇ ਬ੍ਰਹਮ ਗਾਯਨ ਨਹੀ ਕਰੇ। ਤੈਸੇ ਮੇਰੇਕੋ ਭੀ ਕੋਈ ਸਾਧਨ

Sri Satguru Jagjit Singh Ji eLibrary NamdhariElibrary@gmail.com

ਕਰਤਬਯ ਨਹੀ, ਯਾਤੇ ਬਾਰੰਬਾਰ ਵੇਦਾਂਤ ਸੁਣਨੇਕਾ ਕੁਛ ਕਾਮ ਨਹੀ। ਏਕ ਵਾਰ ਸੁਣਨੇਸੇ ਹੀ ਹਮ ਕ੍ਰਿਤ-ਕ੍ਰਿਤਯਹੈ; ਐਸੇ ਜਾਨੇਹੈ; ਤਿਨਕੀ ਕਿਆ ਗਤਿ ਹੋਵੈਹੈ ? ਯਹ ਸੁਨ ਉਤਰ ਕਹੇ:- ਸੁਣਿ ਇਤਿ॥ ਆਕਾਸ਼ ਈਹਾਂ 'ਬ੍ਰਹਮ'ਕਾ ਨਾਮਹੈ। ਗਲਾ ਤਿਸਕੇ ਬੋਧਕ ਬਚਨੋ ਕਾ ਨਾਮ ਹੈ॥

ਯਾਤੇ, ਹੇ ਸਿਖਯ! ਜਿਨ ਪੁਰਖੋ ਨੇ 'ਆ' ਕਹੀਯੇ ਸਰਬ ਓਰਸੇ ਦ੍ਰਿਸ਼ਯਕੇ 'ਕਾਸ' ਨਾਮ ਪ੍ਰਕਾਸਨੇ ਵਾਲੇ ਬ੍ਰਹਮਕੋ ਪ੍ਰਤਿਪਾਦਕ ਗਲਾ,ਨਾਮ ਵੇਦ ਬਚਨੋਕਾ ਸ਼੍ਰਵਣ ਮਾਤ੍ਰ ਕੀਆ ਹੈ,ਔ ਸਾਧਨ ਕੀਯੇ ਬਿਨਾ, ਬਾਹਿਰ-ਮੁਖ ਹੋਨੇਸੇ, ਆਤਮਾ, ਅਨਾਤਮਾ ਕਾ ਸਤ ਅਸਤ ਰੂਪ ਸੇ ਬਿਬੇਕ ਨਹੀ ਕੀਆ; ਤਿਨ ਕੀਟਾ, ਨਾਮ, ਬਿਬੇਕ-ਹੀਨ ਕੀਟ ਤੁਲਯ ਪੁਰਖੋਕੇ 'ਆਈ ਗੀਸ' ਨਾਮ ਬ੍ਰਹਮ-ਵੇਤਨ ਕੇ ਤੁਲਯ ਤਾਕੀ ਚਿਤਮੇਂ ਭਾਵਨਾਹੀ ਆਈਹੈ,ਜੈਸੇ ਕਾਹੂਕੋ ਮਨੋ-ਰਾਜਯਸੇ ਸੰਪਾਦਨ ਕਰੀ, ਸੇਨਾਕੋ ਸਾਦਿਕ, ਬਿਭੂਤੀ ਸੇ ਚਕ੍ਰਵਰਤੀ ਰਾਜਾਕੀ ਤੁਲਯਤਾਕੀ ਭਾਵਨਾਹੋ ਜਾਵੇ ਵਾਸਤਵਤੇ ਬਿਚਾਰ ਕੀਯੇ, ਤਿਨਕੀ ਭਾਵਨਾ ਮਿਥਯਾਹੈ॥ ਹੇ ਗੁਰੋ! ਜਬ ਭਾਵਨਾ ਮਾਤ੍ਰਮੇਂ ਮਾਨੀ ਹੂਈ ਸਾਧਨਹੀਨੋ ਕੀ ਕ੍ਰਿਤਕ੍ਰਿਤਯਤਾ ਝੂਠੀਹੈ, ਤਬ ਸਚੀ-ਕ੍ਰਿਤ-ਕ੍ਰਿਤਯਤਾਕੋ ਕੌਨ ਪ੍ਰਾਪਤ ਹੋਵੈਹੈ?ਇਸਮੇਂ ਉਤਰ ਕਹੇ:-

ਨਾਨਕ ਇਤਿ॥ ਹੇ ਸਿਖਯੋ! ਜੋ ਪੁਰਖ ਬਿਬੇਕਾਦਿਕ ਸਾਧਨ ਕਰੋ'ਇਹ ਜਗਤ ਹਰਿ ਕਾ ਰੂਪਹੈ'(922:2) ;"ਇਹ ਜਗ ਧੁੰਏਕਾ ਪਾਹਾਰ"(1187:1); 'ਪ੍ਰਭ ਤੂਹੈ'(354:5) ਇਤਯਾਦਿਕ ਅਨੇਕ ਬਿਧਿ, ਨੇਖੇਧ, ਮਹਾਵਾਕਯ ਰੂਪ ਬਚਨੋ ਸੇ ਅਦੁਤੀ-ਬ੍ਰਹਮ ਕਾ ਗਯਾਨ ਪਾਵੇ ਹੈ, ਤਿਸ ਪੁਰਖਕੇ ਹ੍ਰਿਦਯਸੇ ਚੇਤਨ, ਜੜਕੇ ਅਭੇਦ ਕੀ ਗਾਂਠ ਛੂਟ ਜਾਵੇਹੈ,ਅਨੇਕ ਪ੍ਰਕਾਰਕੇ ਪ੍ਰਮਾਨ, ਪ੍ਰਮੇਯਕੇ ਸੰਸ਼ਯ ਸਭ ਟੂਟ ਜਾਵੇਹੈ। ਕਰਮ ਨਾਸ਼ਹੋ ਜਾਵੇਹੈ ਕਰਤਬਯ ਉਸਕੋ ਕੋਈ ਰਹੇ ਨਹੀ, ਯਾਤੇ ਸਚੀ ਕ੍ਰਿਤਕ੍ਰਿਤਯਤਾ ਕੋ 'ਨਦਰੀ ਪਾਈਐ' ਨਾਮ ਵਹੁ ਗਯਾਨੀ ਪ੍ਰਾਪਤ ਹੋਵੈਹੈ॥ ਜੋ ਪੁਰਖ ਬਿਬੇਕਾਦਿਕ ਸਾਧਨੋਸੇ ਹੀਨਹੈ, ਤਿਸੋਕੋ ਸ਼੍ਰਵਣਾਦਿਕੋਕੀ ਪ੍ਰਾਪਤੀ ਨਹੀ ਹੋਵੇ। ਸ਼੍ਰਵਣਾਦਿਕੋ ਬਿਨਾ ਆਤਮ-ਗਯਾਨ ਨਹੀਂ ਹੋਵੇ, ਯਾਤੇ ਦੇਹਾਦਿਕੋ ਸੇ ਭਿੰਨ ਕਰ ਆਤਮਾਕੋ ਨਾ ਜਾਨਤਾਹੀ 'ਮੈਂ ਬ੍ਰਹਮਹੂੰ'ਐਸਾ ਮਿਥਯਾ ਕਥਨ ਕਰੇਹੈ। ਤਿਸ 'ਕੂੜੇ' ਨਾਮ ਮਿਥਯਾ ਵਾਦੀਕੀ 'ਕੂੜੀ ਠੀਸ' ਨਾਮ, ਅਪਨੇ ਆਪਕੋ ਕ੍ਰਿਤ ਕ੍ਰਿਤਯਤਾ ਮਾਨਨੀਭੀ ਮਿਥਯਾਹੈ॥ ਯਾਤੇ ਵਹੁ ਝੂਠੀ ਕ੍ਰਿਤ ਕ੍ਰਿਤਯਤਾ ਵਾਲੇ ਮੰਦ ਭਾਗੀਹੈਂ॥ ਗੁਰੂ ਜੀ ਕਾ ਨਾਮ ਪੌੜੀ ਕੀ ਸਮਾਪਤੀ ਕਾ ਸੂਚਨ ਹੈ॥32॥

ਨੰ.7.ਨਿਰਮਲ-ਸੰਪ੍ਰਦਾਈ ਗਿ:ਬਦਨ ਸਿੰਘ ਫਰੀਦਕੋਟ ਟੀਕਾ-32

ਪ੍ਰਸ਼ਨ : ਐਸੇ ਸ੍ਵਾਮੀ ਕਾ ਦਰਸ਼ਨ ਕੈਸੇ ਹੋਵੈ॥ ਉੱਤਰ :

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥

ਐਸੀ ਭਾਵਨਾ ਕਰੇ ਕਿ (ਇਕਦੂ) ਏਕ ਜਿਹਵਾ ਸੇ ਲਾਖ ਜਿਹਵਾ ਹੋਇ ਫਿਰ ਲਾਖ ਜਿਹਵਾ ਸੇ ਵੀਸ ਲਾਖ ਜਿਹਵਾ ਹੋ ਜਾਵੈ ਫਿਰ ਏਕ ਏਕ ਜਿਹਵਾ ਸੇ ਲਾਖ ਲਾਖ (ਗੇੜਾ) ਵਾਰ ਏਕ ਜਗਦੀਸ ਕਾ ਨਾਮੁ ਉਚਾਰਨ ਕਰੀਏ ਕਿ ਜੈਸੇ ਬਚਨ ਹੈ (ਕੋਟ ਕਰਨ ਦੀਜੈ ਮੇਰੇ ਕਰਤੇ) ਇਤਯਾਦਿਕ ਸਾਰਾ ਸਬਦੁ ਜਾਨਨਾ ਸਿੱਧਾਂਤ ਏਹ ਕਿ ਰਾਤ ਦਿਨ ਨਾਮੁ ਜਪੈ॥

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥

Sri Satguru Jagjit Singh Ji eLibrary NamdhariElibrary@gmail.com

ਇਸ ਨਾਮ ਦੇ ਜਪਣ ਰੂਪੁ ਰਸਤੇ ਦ੍ਵਾਰਾ ਪਤੀ ਕੀਆਂ ਭੂੰਮਿਕਾ[77] ਰੂਪੀ ਪੌੜੀਆਂ ਪਰ ਚੜੀਏ ਤੋਂ ਜੀਵ ਕੀ ਈਸਰ ਕੇ ਸਾਥ (ਇਕ) ਏਕਤਾ ਹੋ ਜਾਤੀ ਹੈ॥

ਪ੍ਰਸ਼ਨ : ਆਪਨੇ ਨਾਮ ਕਾ ਮਹਾਤਮੁ ਕਹਾ ਏਕ ਐਸੇ ਕਹਤੇ ਹੈ ਕੇ ਹਮ ਆਪ ਹੀ ਬ੍ਰਹਮ ਰੂਪੁ ਹਾਂ ਨਾਮੁ ਕਿਸੁ ਕਾ ਜਪੀਏ ਤਿਸੁ ਪਰ ਕਹਤੇ ਹੈਂ ਸੁਣ ਗਲਾ ਇਤੀ॥

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥

ਭੂੰਮਿਕਾ ਕੇ ਨਾਵ ਵਾ ਦੋ ਚਾਰ ਗ੍ਰੰਥੋਂ ਸੇ ਉਕਤਿ ਜੁਕਤਿ ਮਹਾਤਮੁ ਸੁਨ ਕਰ (ਜੈਸੇ ਬ੍ਰਹਮ ਗਿਆਨੀ ਸਦਾ ਨਿਰਲੇਪੁ॥ ਬ੍ਰਹਮ ਗਿਆਨੀ ਆਪਿ ਪਰਮੇਸੁਰ) ਇਤਜ਼ਾਦਿਕ ਚਿਦਾਕਾਸ ਨਿਵਾਸੀ ਬ੍ਰਹਮ ਗਜ਼ਾਨੀਓਂ ਕੀ ਬਾਰਤਾ ਕੋ ਸੁਨ ਕਰਕੇ ਕੀਟ ਜੋ ਵਿਸਈ ਔਰ ਪਾਂਮਰ ਜੀਵ ਹੈਂ ਦੇਹਾਭਿਮਾਨੀ ਵਹੁ ਭੀ ਰੀਸ ਕਰ ਬੈਠਤੇ ਹੈਂ ਕਿ ਹਮ ਭੀ ਗਜ਼ਾਨੀ ਹੈਂ ਜੈਸੇ ਗਰੁੜ ਕੋ ਅਕਾਸ ਮੇਂ ਉਡਤਾ ਦੇਖ ਕਰ ਕੀਟ ਭੀ ਉਨੇ ਕੀ ਰੀਸ ਕਰਕੇ ਪੰਖ ਹਲਾਵਨੇ ਲਗਤੇ ਹੈਂ ਅਰਥਾਤ ਨਿਜ ਮੁਖ ਸੇ ਅਪਨੇ ਕੋ ਅਸੰਗ ਕਹਤੇ ਹੈਂ ਗਜ਼ਾਨੀ ਹੰਸ ਕੇ ਸੰਗ ਕੀਟ ਅਗਜ਼ਾਨੀ ਕੈਸੇ ਪਹੁੰਚ ਸਕਤਾ ਹੈ॥

ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥ ੩੨॥

ਸ੍ਰੀ ਗੁਰੂ ਜੀ ਕਹਤੇ ਹੈਂ ਨਾਮ ਐਸਾ ਪਰਮੇਸ੍ਵਰ ਕੀ ਕ੍ਰਿਪਾ ਦ੍ਰਿਸ਼ਟੀ ਸੇਂ ਪ੍ਰਾਪਤਿ ਹੋਤਾ ਹੈ ਔਰੁ (ਕੂੜੈ) ਝੂਠਜੋਂ ਕੀ (ਕੂੜੀ ਠੀਸ) ਝੂਠੀ ਗੱਪ ਹੈ ਭਾਵ ਜਥਾਰਥ ਗਜ਼ਾਨ ਕੀ ਕਰਨੀ ਬਿਨਾ ਸਾਸਤ੍ਰ ਕੀਆਂ ਬਾਤਾਂ ਕਜ਼ਾ ਕਰੇਂਗੀਆਂ॥ ੩੨॥ ਅਕਾਲ ਪੁਰਖ ਕੀ ਕ੍ਰਿਪਾ ਦ੍ਰਿਸਟੀ ਸੇ ਸਬ ਕੁਛ ਪ੍ਰਾਪਤਿ ਹੋਤਾ ਹੈ ਅਪਨਾ ਕੀਆ ਕੁਛ ਨਹੀ ਹੋਤਾ ਇਸ ਬਾਰਤਾ ਕੋ ਵਿਸਤਾਰ ਸੇਂ ਪ੍ਰਤਿਪਾਦਨ ਕਰਤੇ ਹੈਂ॥

---

77. ਗਜ਼ਾਨ ਕੀ ਸਪਤ ਭੂੰਮਿਕਾ ਰੂਪੁ ਪੌੜੀਆਂ ਏਹ ਹੈ ਕਿ ਸੰਕਲਪੁ ਉਠਨਾ ਸੋ ਸੁਭ ਉਨਨਾ ਵਿਖਯੋਂ ਮੈ ਦ੍ਵੈਸ ਹੋਨਾ ਹਰਿਗੁਰ ਕਥਾ ਮੇ ਪ੍ਰੀਤਿ ਹਰਿ ਗੁਰ ਗੁਨ ਕੀਰਤਨ ਮੇ ਪੁਲਕਾਵਲੀ ਇਹ ਪਹਿਲੀ ਭੂੰਮਿਕਾ ਸੁਭੇਛਜਾ ਹੈ ੧ ਇਕੰਤ ਬੈਠ ਕਰ ਵਿਚਾਰੁ ਕਰਨਾ ਹੈ ਕਿ ਮੈ ਕੌਣ ਹੂੰ ਅਰੁ ਸੰਸਾਰੁ ਕਿਆ ਹੈ ਇਹ ਦੂਸਰੀ ਭੂੰਮਿਕਾ ਵਸਤੁ ਵਿਚਾਰੁ ਹੈ ੨ ਜਗਤ ਕੀ ਓਰ ਸੇ ਮਨ ਕੋ ਰੋਕਨਾ ਸੁਧ ਸਰੂਪ ਮੈ ਇਸਥਿਤ ਕਰਨਾ ਏਹ ਤੀਸਰੀ ਤਨ ਮਾਨਸਾ ਹੈ ੩ ਗਿਆਨ ਕਾ ਅਭੰਗ ਅਨੁਭਵ ਉਦੇ ਹੋਨਾ ਸਰਬ ਜਗਤ ਆਤਮ ਰੂਪ ਹੀ ਭਾਸਨਾ ਜੈਸੇ ਸਮੁੰਦ੍ਰ ਮੇ ਤਰੰਗ ਹੈਂ ਸੋ ਸਮੁੰਦ੍ਰ ਰੂਪ ਹੀ ਹੈਂ ਏਹ ਗਜ਼ਾਨ ਕੀ ਪ੍ਰਾਪਤੀ ਚੌਥੀ ਭੂਮਿਕਾ ਸੱਤ੍ਵਾਪਤਿ ਹੈ ੪ ਤਨ ਅਭਿਮਾਨ ਕਾ ਛੁਟ ਜਾਣਾ ਔਰ ਸਰੂਪ ਮੇ ਦ੍ਰਿਢ ਨਿਸਚੇ ਹੋਣਾ ਪਰ ਸੇ ਅਰ ਆਪ ਸੇ ਭੀ ਉਥਾਨ ਹੋਨਾ ਏਹ ਪਾਂਚਵੀ ਭੂਮਿਕਾ ਅਸੰਸਕਤ ਹੈ॥ ੫॥ ਮਨ ਬੁਧ ਸੇ ਲੇਕਰ ਯਾਵਤ ਜਗਤ ਕੇ ਪਦਾਰਥ ਹੈਂ ਸਭ ਕਾ ਆਪ ਸੇ ਅਭਾਵ ਹੋਣਾ ਪਰਸੇ ਉਥਾਨ ਸੁਖੋਪਤਿ ਵਤ ਬ੍ਰਿਤੀ ਕਾ ਅਨੰਦਾਕਾਰ ਹੋਨਾ ਏਹ ਖਸਟਮ ਭੂਮਿਕਾ ਪਦਾਰਥਾ ਭਾਵਨੀ ਹੈ ੬ ਸਪਤਮ ਭੂਮਿਕਾ ਤੁਰੀਆ ਹੈ ਜਹਾਂ ਫਿਰ ਦੂਸਰਾ ਭਾਨ ਨਹੀ ਹੈ ਸੋਈ ਗੁਰੂ ਜੀ ਨੇ ਇਕੀਸ ਕਹਾ ਹੈ ਕਿ ਇਨ ਸਪਤ ਭੂਮਿਕਾ ਪਰ ਬਢ ਕਰਕੇ ਸੱਚ ਖੰਡ ਮੇ ਪ੍ਰਾਪਤਿ ਹੋਕਰ ਫਿਰ ਇਕੀਸਤੁਰੀਆ ਵਸਥਾ ਰਹਿਤੀ ਹੈ॥ ੭॥ ਪ੍ਰਸ਼ਨ : ਇਸ ਕਾ ਨਾਮ ਤੁਰੀਆ ਕਜੋਂ ਹੈ॥ ਉੱਤਰੁ॥ ਗਜ਼ਾਨ ਪ੍ਰਾਪਤਿ ਸੇ ਏਹ ਚੌਥੀ ਭੂਮਿਕਾ ਹੈ ਇਸ ਕਰਕੇ ਤੁਰੀਆ ਕਹਤੇ ਹੈਂ॥ ਪ੍ਰਸ਼ਨ : ਜੋ ਇਸ ਪਰਕਾਰ ਸਪਤਮ ਤਕ ਨਾ ਪਹੁੰਚਾ ਔਰ ਵੀਚ ਹੀ ਮੇ ਮ੍ਰਿਤੁ ਹੋ ਗਜ਼ਾ ਦੂਸਰੀ ਤੀਸਰੀ ਭੂਮਿਕਾ ਮੇ ਤਬ ਕਜ਼ਾ ਹੋਤਾ ਹੈ॥ ਉੱਤਰ : ਐਸਾ ਜੋ ਪੁਰਖ ਹੈ ਤਿਸ ਕੋ ਯੋਗ ਭ੍ਰਸ਼ਟ ਕਹਤੇ ਹੈਂ ਅਰਥਾਤ ਸਭ ਸਾਧਨ ਵਹੁ ਕਰ ਨਹੀ ਚੁੱਕਾ ਹੈ ਤਾਂਤੇ ਲਖਮੀਵਾਨ ਉਤਮ ਕੁਲ ਮੇ ਵਾ ਜੋਗੀਯੋਂ ਕੇ ਘਰ ਮੇ ਉਤਪੰਨ ਹੋ ਕਰਕੇ ਫਿਰ ਭਜਨੁ ਦਾਨੁ ਕਰਕੇ ਅਪਨੇ ਫਲ ਕੋ ਪਾਵਤਾ ਹੈ ਉਸਕਾ ਕੀਆ ਹੁਆ ਬਜਰਥ ਨਹੀਂ ਜਾਤਾ ਸ੍ਰੀ ਗੁਰੂ ਗ੍ਰੰਥ ਜੀ ਕਾ ਵਾਕਜ ਹੈ। "ਪ੍ਰਭੁ ਤਿਲੁ ਨਹੀ ਭੰਨੈ ਘਾਲੇ" ਭਾਵ ਸੋਹਿ ਕਿ ਉਸਕੀ ਦੁਰਗਤਿ ਕਦਾਪਿ ਨਹੀਂ ਹੋਤੀ ਹੈ ਔਰ ਭੀ ਕਹਾ ਹੈ ਕਿ ਬਹੁਤ ਜਨਮੋਂ ਕੇ ਅੰਤ ਮੇਂ ਗਿਆਨਵਾਨੁ ਹੋਕਰ ਅਕਾਲ ਪੁਰਖ ਕੋ ਪਾਵਤਾ ਹੈ ਭਾਵ ਏਹ ਕਿ ਨਾਮ ਸਿਮਰਨ ਕਰਤਾ ਹੁਆ ਗਿਆਨ ਕੀ ਪੌੜੀਓਂ ਪਰ ਚਲਾ ਜਾਤਾ ਹੈ ਤਿਸਮੇ ਨਾਮ ਕੇ ਪ੍ਰਤਾਪ ਕੇ ਕੋਈ ਵਿਘਨ ਨਹੀਂ ਹੋਤਾ ਹੈ॥

Sri Satguru Jagjit Singh Ji eLibrary NamdhariElibrary@gmail.com

ਨੰ.8.ਨਿਰਮਲ-ਸੰਤ ਪੰਡਿਤ ਸਾਧੂ ਸਿੰਘ ਜੀ ਪੀਲੀਭਤਿ (ਵੇਦਾਂਤੀ)-32

ਹੇ ਭਗਵਨ! ਗਿਯਾਨਸੇ ਸਰਵਥਾ ਸਤਯ ਵਿਵਹਾਰ; ਔਰ ਦੰਭ, ਦਰਪ, ਆਦਿਕ ਆਸੁਰੀ ਸੰਪਤੀਦਾ ਤਿਆਯੁ ਹੋਤਾਹੈ,ਤਿਸ ਗਿਯਾਨਕੀ ਪ੍ਰਾਪਤੀਕਾ ਦੇਸ਼ ਔਰ ਕਾਲਕੇ ਅਨੁਸਾਰ ਔਰ ਸ਼੍ਰੁਤੀ ਸੱਮਤ ਸੁਗਮ ਉਪਾਯ ਕਹੋ। ਇਸ ਪ੍ਰਕਾਰ ਸ਼ਿਸ਼ਯਕੀ ਜਿਗਯਾਸਾ ਤੇ ਉਪਦੇਸ਼ ਕਰਤੇ ਹੈਂ॥

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥

ਹੇ ਸ਼ਿਸ਼ਯ! ਜੋ ਅਤਿੰਅਤ ਉਤਸਾਹ ਪੂਰਵਕ ਪ੍ਰੇਮ ਸੇ ਪਰਮੇਸ਼੍ਵਰਕੇ ਨਾਮਕਾ ਉਚਾਰਣਹੈ, ਸੋ ਪਰਮੇਸ਼੍ਵਰਕੀ ਪ੍ਰਾਪਤੀਕਾ ਕਾਰਨਹੈ। ਪੰਰਤੂ, ਇਸ ਪ੍ਰਕਾਰਕਾ ਉਤਸਾਹ ਚਾਹੀਏ; ਜੋ ਏਕ ਜਿਹਵਾ ਸੇ ਮੇਰੀ ਲਾਖ ਜਿਹਵਾ ਹੋਵੇ, ਔਰ ਵਹ ਲਾਖ ਫਿਰ ਬੀਸ ਲਾਖ ਹੋਵੇ। ਤਬ ਇਤਨੀ ਜਿਹਵਾਸੇ ਲਾਖ ਲਾਖ ਬਾਰ ਏਕ ਪਰਮੇਸ਼੍ਵਰਕੇ ਨਾਮਕੋ ਉਚਾਰਣ ਕਰੋਂ। ਇਸ ਪ੍ਰਕਾਰਕੇ (ਰਾਹਿ)ਰਸਤੇ ਸੇ (ਪਤਿ) ਪ੍ਰਤਿਸ਼ਠਤ ਗਿਯਾਨਕੀ ਭੂਮਿਕਾ ਰੂਪੀ ਪਵੜਿਯੋਂ ਪਰ ਚੜ੍ਹ ਕਰ (ਇਕੀਸ) ਏਕ-ਇਸ਼੍ਵਰ ਸ੍ਵਰੂਪ ਹੋਤਾਹੈ॥ ਨਾਮਕੇ ਪ੍ਰਭਾਵਕਾ ਬੋਧਕ ਵੇਦ-ਵਾਕਯ "ਓਹੁ ਧੋਪੈ ਨਾਵੈਕੈ ਰੰਗਿ"ਇਸ ਪੰਕਤੀਕੇ ਵਿਖਿਯਾਨਮੇਂ ਲਿਖਾਹੈ,ਦੇਖ ਲੇਨਾ; ਔਰ ਗਿਯਾਨਕੀ ਭੂਮਿਕਾਵੋਂਕਾ ਨਿਰੂਪਣ "ਪੰਚ ਪਰਵਾਣ" ਇਤਯਾਦਿ ਸੋਪਾਨ ਮੇਂ ਕਰਾਹੈ, ਦੇਖ ਲੇਨਾ॥

ਹੇ ਸ਼ਿਸ਼ਯ! ਬਹੁਤਸੇ ਬਾਹਰ ਮੁਖੀ ਪੁਰਸ਼ ਕੀਟ ਤੁਲਯ ਅਤਿਅੰਤ ਤੁਛ ਆਕਾਸ (ਪਰਮੇਸ਼੍ਵਰ) ਕੀ ਬਾਤੇਂ ਸੁਨ ਕਰ, ਬ੍ਰਹਮ-ਨਿਸ਼ਠ ਵਿਦਵਾਨੋਂਕੀ ਰੀਸ ਕਰਕੇ ਯਹ ਕਹਿਤੇਹੈ; ਜੋ ਕਿ ਹਮਕੋ ਕੁਛ ਕਰਤਵਯ ਨਹੀਂ,ਇਸਮੇ ਨਾਮ ਉਚਾਰਣਸੇ ਕਿਯਾਹੈ ? ਸ੍ਰੀ ਗੁਰੂਜੀ ਕਹਿਤੇਹੈਂ, ਉਨ(ਕੂੜੈ)ਕਪਟੀ ਪੁਰਸ਼ੋਂਕੀ ਜੋ(ਠੀਸ) ਨਿਸ-ਕਰਤਵਯਤਾ ਬੋਧਕ ਵਾਣੀਹੈ,ਸੋ ਕੂੜੀਹੈ। ਕਿਉਂਕਿ(ਨਦਰੀ)ਯਥਾਰਥ ਗਿਯਾਨੀ ਹੋਨੇ ਪਰ(ਪਾਈਏ) ਪਰਮਤਤ੍ਵ ਕੀ ਪ੍ਰਾਪਤੀ ਹੋਤੀਹੈ;ਇਸ ਵਾਸਤੇ ਯਥਾਰਥ ਗਿਯਾਨਕੀ ਪ੍ਰਾਪਤੀ ਵਾਸਤੇ ਉਨਕੋ ਸ੍ਰਵਣ ਆਦਿਕ ਕਰਤਵਯ ਹੈ; ਇਸੀ ਵਾਸਤੇ ਸੁਰੇਸ਼੍ਵਰ(ਕਾ)ਵਾਰਤਿਕਹੈ: " "

ਅਰਥ॥ ਜਿਸਸੇ ਜੀਵ ਚੇਤਨਕੇ ਵਿਵੇਕ ਵਾਸਤੇ ਸਬ ਕਰਮੋਂਕਾ ਤਿਯਾਗ ਸ਼੍ਰੁਤੀਨੇ ਵਿਧਾਨ ਕਰਾਹੈ,ਇਸ ਵਾਸਤੇ ਤਿਸ ਵਿਵੇਕਜਨਕ ਸ੍ਰਵਣਾਦਿਕਾਕੇ ਤਿਯਾਗ ਕਰਨੇ ਵਾਲਾ ਅਪਰਿਪੱਕ ਗਿਯਾਨੀ ਪਤਿਤ ਹੋਤਾਹੈ। ॥32॥

ਨੰ.9.ਸਾਧੂ ਪੰ.ਹਰਿਪ੍ਰਸਾਦ ਜੀ ਉਦਾਸੀਨ(ਵੈਦਿਕ ਮੁਨੀ)-32

ਇਕਦੂ ਜੀਭੌ ਲਖਹੋਹਿ ਲਖ ਹੋਵਹਿ ਲਖ ਵੀਸ ॥

ਏਕ ਜਿਹ੍ਵਾਸੇ ਲਾਖ ਜਿਹ੍ਵਾਹੋ, ਵੇ ਲਾਖ ਜਿਹ੍ਵਾਏਂ ਫਿਰ ਏਕ ਏਕ, ਬੀਸ ਬੀਸ ਲਾਖਹੋਂ। ਫਿਰ ਏਕ-ਏਕ ਜਿਹ੍ਵਾਸੇ ਲਾਖ ਲਾਖ ਬਾਰ ਜਗਤਕੇ ਸ੍ਵਾਮੀ ਮਾਯਾਪਤਿ ਇਸ਼੍ਵਰਕਾ ਏਕ-ਏਕ ਨਾਮ ਉਚਾਰਣ ਕਿਯਾ ਜਾਯੇ॥ 1॥ ਇਸ ਪ੍ਰਕਾਰ ਅਤਿਸ਼੍ਰੱਧਾਸੇ ਉਤਪੰਨ ਹੁਏ,ਇਸ ਭਾਵਨਾ ਰੂਪੀ ਸੁਭੇਚਛਾ ਨਾਮਕੇ ਮਾਰਗਸੇ, ਅਰਥਾਤ,ਸ਼ਾਸਤ੍ਰੋਕਤ ਉਪਾਏਸੇ ਜਗਤਕੇ ਸ੍ਵਾਮੀ ਇਸ਼੍ਵਰਕੀ ਪ੍ਰਾਪਤੀਕੇ ਸਾਧਨ ਗਿਯਾਨ ਭੂਮਿਕਾ ਨਾਮਕੇ ਸਾਤ ਸੋਪਾਨੋਂ(ਪੌੜਿਯੋ) ਪਰ ਸ਼ਨੈ-ਸ਼ਨੈ: ਚੜ੍ਹਾ ਜਾਯੇ,ਤੋ ਏਕ ਇਸ਼੍ਵਰ ਰੂਪ ਹੋਤਾ,ਅਰਥਾਤ ਨਦੀ ਸਮੁਦ੍ਰ ਕੀ ਨਾਈ ਇਸ਼੍ਵਰ ਕੇ ਸਾਥ ਏਕਮੇਕ ਹੁਆ ਸੰਸਾਰਕੇ ਜਨਮ-ਮਰਣ ਕੇ ਚਕਰਸੇ ਸਦਾਕੇ ਲਿਯੇ ਛੂਟ ਜਾਤਾਹੈ। ਗਿਯਾਨ ਭੂਮਿਕਾ ਨਾਮਕੇ ਸਾਤ ਸੋਪਾਨੋ

Sri Satguru Jagjit Singh Ji eLibrary NamdhariElibrary@gmail.com

ਪਰ ਚੜ੍ਹਨੇਕੀ ਬਾਤੋਂਕੋ ਸੁਨ ਕਰ,ਜੋ ਆਕਾਸ਼ ਪਰ ਚੜ੍ਹਨੇਕੇ ਸਮਾਨਹੈ, ਕਦਾਚਿਤ ਸੰਸਾਰ ਕੇ ਕੀਟੋਂਕੋ ਭੀ,ਅਰਥਾਤ, ਕੀਟੋਂਕੀ ਨਾਈ ਸੰਸਾਰਕੇ ਵਿਸ਼ਯੋਂਮੇਂ ਆਸਕਤ ਕਰਮ ਹੀਨ ਮਨੁਸ਼ਯੋਂਕੋ ਭੀ ਚੜ੍ਹਨੇਕੀ ਇਛਾ ਮਨਮੇਂ ਆਤੀ, ਅਰਥਾਤ ਸੰਸਾਰਤੇ ਜਨਮ-ਮਰਣ ਰੂਪੀ ਚਕਰਸੇ ਛੂਟਨੇਕੇ ਲਿਯੇ ਚੜਨੇਕੀ ਕਾਮਨਾ (ਇਛਾ)ਮਨਮੇਂ ਉਤਪੰਨ ਹੋਤੀਹੈ॥ 2॥

ਪਰੰਤੂ ਝੂਠਕਾ ਆਸ਼੍ਰਯ ਲਿਯੇ ਹੁਏ, ਅਰਥਾਤ ਸੰਸਾਰਕੇ ਝੂਠੇ ਵਿਸ਼ਯੋਂਕੋ ਪਕੜੇ ਹੁਏ ਉਨ ਕੀਟੋਕੀ, ਅਰਥਾਤ ਕੀਟ-ਤੁਲਯ ਕਰਮਹੀਨ ਮਨੁਸ਼ਯੋ ਕੀ ਵਹ ਇਛਾ ਝੂਠੀ ਇਛਾ ਹੀਹੈ, ਕਿਉਂਕਿ ਕਰਤਵਯ ਬੁਧਿਸੇ ਲਗਾਤਾਰ ਕਰਮੋਕੇ ਕਰਨੇਮੇ ਪ੍ਰਾਪਤ ਹੋਨੇ ਵਾਲੀ ਜਗਤਕੇ ਸ੍ਵਾਮੀ ਇਸ਼੍ਵਰਕੀ ਅਨੁਗ੍ਰਹਿ ਦ੍ਰਿਸ਼ਟੀ ਸੇ ਹੀ ਗਿਯਾਨ ਭੂਮਿਕਾ ਨਾਮਕੇ ਸਾਤੋਂ ਪਰਵੋਂ ਪਰ ਚੜਨਾਂ ਪ੍ਰਾਪਤ ਹੋਤਾਹੈ, ਝੂਠੀ ਇਛਾਸੇ ਹੀ ਨਹੀਂ, ਨਾਨਕਕਾ ਦਰਸ਼ਨ, ਅਰਥਾਤ ਨਾਨਕਕੀ ਦ੍ਰਿਸ਼ਟੀਹੈ॥ 3॥ 32॥

ਭਾਸ਼ਯ- ਜੋ ਇਸ਼ਰ ਸਾਯੰ-ਪ੍ਰਾਤ: ਸਦਾ ਪ੍ਰਣਾਮ ਕੇ ਯੋਗਯਹੈ, ਜਿਸ ਇਸ਼ਰਕੀ ਆਗਿਯਾਮੇਂ ਵਰਤਮਾਨ ਹੁਏ ਬ੍ਰਹਮਾ, ਵਿਸ਼ਨੂੰ ਔਰ ਮਹੇਸ਼ ਤੀਨੋ ਲਗਾਤਾਰ ਅਪਨੇ-ਅਪਨੇ ਕਾਮਕੋ ਕਰਤੇਹੈ, ਉਸ ਇਸ਼ਰਕੀ ਪ੍ਰਾਪਤੀਸੇਹੀ ਮਨੁਸ਼ਯਕੇ ਜਨਮ ਮਰਣਕਾ ਸਿਲਸਿਲਾ ਟੂਟਤਾਹੈ ਔਰ ਉਸੇ ਹਮੇਸ਼ਾਕੇ ਲਿਯੇ ਮੁਕਤੀ ਪ੍ਰਾਪਤੀ ਹੋਤੀਹੈ। ਜਗਤ ਕਰਤਾ ਇਸ਼੍ਵਰਕੀ ਪ੍ਰਾਪਤੀਕਾ ਅਰਥ ਯਹਾਂ ਸੁਤੰਤ੍ਰ ਇਸ਼ਰਕਾ ਸਾਕਸ਼ਾਤਕਾਰ, ਅਰਥਾਤ ਉਪਰੋਕਤ ਗਿਯਾਨ ਅਭਿਪ੍ਰੇਤਹੈ। ਕਰਮ ਯੋਗੀ ਭਕਤੋਂਕਾ ਸਾਖਾਸ਼ਤਾਰ, ਅਰਥਾਤ ਉਪਰੋਕਤ ਗਿਯਾਨ ਅਭ੍ਰਿਪ੍ਰੇਤਹੈ। ਕਰਮ ਯੋਗੀ ਭਕਤੋ ਕੀ ਪਰਿਭਾਸ਼ਾਮੇਂ ਇਸੀਕਾ ਨਾਮ ਇਸ਼੍ਵਰ ਦਰਸ਼ਨਹੈ। ਇਸਕੀ ਲਾਲਸਾਸੇ ਮਨੁਸ਼ਯਕੋ ਇਸ਼ਰਕੇ ਸਾਮਨੇ ਉਪਸਥਿਤ ਹੋਨੇਕੇ ਲਿਯੇ ਉਸਕੇ ਦਰਪਰ ਪ੍ਰਣਾਮਾਨੁ ਪ੍ਰਣਾਮ ਕ੍ਰਿਯਾਕੇ ਪੀਛੇ ਸਾਤ ਸੋਪਾਨੋਂ ਪਰ,ਜਿਨ੍ਹੇ ਆਤਮ ਗਿਯਾਨੀ ਸੰਤ,ਗਿਯਾਨਕੀ ਸਾਤ-ਭੂਮੀਯਾਂ ਕਹਿਤੇਹੈ, ਚੜ੍ਹਨਾ ਹੋਤਾਹੈ। ਜਬ ਯਹ ਮਨੁਸ਼ਯ ਸ਼ਨੈ: ਸ਼ਨੈ:ਕ੍ਰਮਸੇ ਉਪਰ ਚੜ੍ਹਤਾ ਹੁਆ ਸਾਤਵੇਂ ਸੋਪਾਨ ਪਰ, ਅਰਥਾਤ ਗਿਯਾਨਕੀ ਸਾਤਵੀ ਭੂਮੀਪਰ ਪਹੁੰਚਤਾਹੈ; ਤਬ ਵਹ ਇਸ਼ਰਕਾ ਦਰਸ਼ਨ ਪਾਤਾ,ਔਰ ਤਭੀ ਉਸੇ ਇਸ਼੍ਵਰ ਪ੍ਰਾਪਤ ਹੁਆ ਮਾਨਾ ਜਾਤਾਹੈ। ਜੈਸੇ ਇਸ਼ਰਕੀ ਪ੍ਰਾਪਤੀ (ਦਰਸ਼ਨ) ਇਸ਼ਰਕੇ ਅਨੁਗ੍ਰਹਿ ਵਿਨਾ ਨਹੀਂਹੋ ਸਕਤੀ; ਵੈਸੇ ਉਸਕੇ ਸਾਧਨ ਸੋਪਾਨ ਸਪਤਕ, ਅਥਵਾ ਭੂਮੀ ਸਪਤਕ ਅਰ ਆਰੋਹਣ,ਅਰਥਾਤ ਚੜ੍ਹਨਾਭੀ ਇਸ਼ਰਕੇ ਅਨੂਗ੍ਰਹਿ ਵਿਨਾ ਨਹੀਂਹੋ ਸਕਤਾ। ਇਸਲਿਯੇ ਹਰ ਏਕ ਮਨੁਸ਼ਯਕੋ ਸ਼ਰਧਾ ਭਕਤਿ ਪੂਰਵਕ ਕਰਤਵਯ ਬੁਧਿਸੇ ਸ਼ਾਸਤ੍ਰੋਕਤ ਸਬ ਕਰਮੋਕੋ ਕਰਤੇ ਹੁਏ ਇਸ਼੍ਵਰਕੇ ਅਨੁਗ੍ਰਹਿਸੇ ਇਸ਼੍ਵਰ ਪ੍ਰਾਪਤੀਕੇ ਸਾਧਨ ਸੋਪਾਨ ਸਪਤਕ(ਭੂਮੀ ਸਪਤਕ)ਪਰ ਆਰੋਹਣਕਾ ਨਿਰੰਤਰ ਯਤਨ ਕਰਨਾ ਚਾਹੀਯੇ, ਜਿਸਸੇ ਇਸ਼੍ਵਰਕੀ ਪ੍ਰਾਪਤੀ, ਅਰਥਾਤ ਇਸ਼ਰਕਾ ਸਾਖਾਸ਼ਤ ਦਰਸ਼ਨਹੋ ਔਰ ਸੰਸਾਰਕੇ ਜਨਮ-ਮਰਣ ਚਕਰਸੇ ਹਮੇਸ਼ਾਕੇ ਲਿਯੇ ਛੁਟਕਾਰਾ ਮਿਲੇ। ਯਹ ਕਹਿਨੇਕੇ ਲਿਯੇ ਅਬ ਅਗਲੇ ਪਰਵਕਾ ਆਰੰਭਹੈ। ਔਰ ਮੰਤ੍ਰਸੰਖਿਯਾ ਤੀਨਹੈ,ਤੀਨੋਂ ਮੰਤ੍ਰੋਕਾ ਅਰਥ ਅਨੁਵਾਦਸੇ ਵਿਅਕਤਹੈ ਔਰ ਆਰੋਹਣੀਯ(ਚੜ੍ਹਨੇ ਯੋਗਯ)ਸਾਤੋਂ ਸੋਪਾਨੋਂ,ਅਰਥਾਤ ਸਾਤੋਂ ਗਿਯਾਨ ਭੂਮੀਯੋਕੇ ਨਾਮ ਯੇਹੈ ----------

ਅਰਥ:- ਪਹਿਲੀ ਗਿਯਾਨਭੂਮੀ ਸੁਭੇਚਛਾ ਨਾਮਸੇ ਕਹੀ ਜਾਤੀਹੈ, ਅਰਥਾਤ ਇਸ਼੍ਵਰਕੇ ਨਾਮਕਾ ਸ਼ਰਧਾ-ਭਕਤਿਕੇ ਸਾਥ ਪ੍ਰੇਮ-ਪੂਰਵਕ ਉਚਾਰਣ ਤਥਾ ਸ੍ਮਰਣ ਔਰ ਯਥਾ ਵਿਧਿ

Sri Satguru Jagjit Singh Ji eLibrary NamdhariElibrary@gmail.com

ਕਰਤਵਯ ਬੁਧਿਸੇ ਕਰਮੋਂਕਾ ਕਰਨਾ ਤਥਾ ਮਨਮੇਂ ਇਸ਼੍ਵਰਕੀ ਪ੍ਰਾਪਤੀਕੀ ਤੀਵ੍ਰ ਇਛਾਕਾਹੋਨਾ, ਗਿਯਾਨਕੀ ਪਹਿਲੀ ਭੂਮੀ(ਮੰਜ਼ਿਲ)ਅਥਵਾ ਇਸ਼੍ਵਰਕੇ ਦਰਸ਼ਨਕਾ ਪਹਿਲਾ ਸੋਪਾਨ(ਜ਼ੀਨਾ)ਹੈ,ਔਰ ਉਸ ਸੋਪਾਨਕਾ ਨਾਮ 'ਸੁਭੇਚਛਾ' ਹੈ।

ਦੂਸਰੀ ਭੂਮੀ ਕਾ ਨਾਮ ਵਿਚਾਰਣਾ, ਅਰਥਾਤ ਪ੍ਰਤਿਦਿਨ ਨਿਯਮਸੇ ਅਪਨੇ ਧਰਮ ਪੁਸਤਕਕਾ ਪੜ੍ਹਨਾ,ਤਥਾ ਸੁਨਨਾ ਔਰ ਇਸ਼੍ਵਰਕੇ ਨਿਜ ਰੂਪਕਾ ਠੀਕ-ਠੀਕ ਸਮਝਨਾ,ਦੂਸਰੀ ਭੂਮੀਹੈ ਔਰ ਉਸਕਾ ਨਾਮ 'ਵਿਚਾਰਣਾ' ਹੈ ਤੀਸਰੀ ਭੂਮੀ ਤਨੁਮਾਨਸਾ ਹੈ,ਅਰਥਾਤ ਇਸ਼੍ਵਰਕਾ ਸਵਰੂਪ ਠੀਕ-ਠੀਕ ਸਮਝ ਕਰ ਉਸਕੇ ਸਾਖਾਸ਼ਤਕਾਰ ਰੂਪੀ ਅਪਰੋਖਸ਼ ਗਿਆ[illegible]ਦਰਸ਼ਨ)ਕੇ ਲਿਯੇ ਮਨਕੋ ਏਕਾਗਰ ਕਰਕੇ ਪ੍ਰਤਿਦਿਨ ਨਿਦਿਧਯਾਸਨ(ਧਿਆਨ) ਕਰਨਾ ਤੀਸਰੀ ਭੂਮੀਹੈ ਔਰ ਉਸਕਾ ਨਾਮ 'ਤਨੁਮਾਨਸਾ' ਹੈ॥ 3॥

ਚੌਥੀ ਭੂਮੀ ਸਤ੍ਵਾਪਤਿ ਹੈ, ਅਰਥਾਤ ਨਿਦਿਧਯਾਸਨਸੇ ਇਸ਼੍ਵਰਕੇ ਸ੍ਵਰੂਪਕਾ ਸਾਖਾਸ਼ਤਕਾਰ (ਦਰਸ਼ਨ) ਹੋਨਾ ਚੌਥੀ ਭੂਮੀਹੈ ਔਰ ਉਸਕਾ ਨਾਮ ਸਤ੍ਵਾਪੱਤਿਹੈ॥ ਉਸਕੇ ਪੀਛੇ ਜਗਤਕੇ ਸਬ ਪਦਾਰਥੋਂ (ਵਿਸ਼ਯੋ) ਮੇ ਮਨਕੀ ਆਸਕਿਤ ਕਾ ਅਭਾਵਹੋ ਜਾਨਾ ॥ ਪਾਂਚਵੀ ਭੂਮੀਹੈ ਔਰ ਉਸਕਾ ਨਾਮ ਅਸੰਸਕਿਤਹੈ। ਵਿਵਹਾਰਕੇ ਅਭਾਵ ਕਾਲਮੇਂ ਇਸ਼੍ਵਰਕੇ ਸਿਵਾ, ਕਿਸੀ ਦੂਸਰੀ ਵਸਤੂ(ਪਦਾਰਥ)ਕਾ ਸਾਮਨੇ ਨ ਆਨਾ ਛਠੀ ਭੂਮੀਹੈ ਔਰ ਉਸਕਾ ਨਾਮ ਪਦਾਰਥਾਭਾਵਨੀ ਹੈ।

ਸਾਤਵੀਂ ਭੂਮੀਕਾ ਨਾਮ ਤੁਯਗਾ ਹੈ। ਯਹਾਂ ਪਹੁਚਨੇ ਪਰ ਵਿਵਹਾਰ ਔਰ ਪਰਮਾਰਥ, ਸਵਾਰਥ ਔਰ ਪਦਾਰਥ, ਸ੍ਨੇਯ ਔਰ ਪ੍ਰੇਯ, ਸੰਸਾਰ ਔਰ ਅਸੰਸਾਰ, ਦੋਨੋਂ ਏਕਹੋ ਜਾਤੇਹੈ,ਅਥਵਾ ਯੋਂ ਕਹੋ ਕਿ,ਦੋਨੋਕਾ ਅਭਾਵਹੋ ਜਾਤਾ ਹੈ। ਯਹੀ ਸਬਸੇ ਉਂਚੀ ਭੂਮੀਹੈ,ਯਹੀ ਅੰਤਿਮ ਸੋਪਾਨ(ਜ਼ੀਨਾ)ਹੈ। ਬਸ ਆਗੇ ਸਾਮਨੇ ਭਕਤਵਤਸਲ ਤ੍ਰਿਲੋਕੀਨਾਥ ਜਗਤਕਰਤਾ ਇਸ਼੍ਵਰਕਾ ਜਾਜ੍ਵਲਯਮਾਨ ਸਿੰਹਾਸਨ ਹੈ,ਜਿਸਕੇ ਪ੍ਰਕਾਸ਼ਕੇ ਸਾਮਨੇ ਕਰੋੜੋਂ ਸੂਰਯ ਕਾ ਪ੍ਰਕਾਸ਼ ਮਾਤ ਪੜ ਜਾਤਾਹੈ, ਅਥਵਾ ਯੋਂ ਕਹੋ ਕਿ, ਸਰਵਥਾ ਅਪ੍ਰਕਾਸ਼ਹੋ ਜਾਤਾਹੈ। ਇਸੀਕੋ ਲਖਸ਼ਯਮੇਂ ਰੱਖ ਕਰ ਕਠੋਪਨਿਸ਼ਦਕੇ ਸ਼੍ਰੁਤਿਵਾਕਯਮੇਂ ਯਹ ਕਹਾ ਹੈ:- " "

ਅਰਥ:- ਹੇ ਨਚਿਕੇਤਾ! ਵਹਾਂ ਨ ਸੂਰਯ ਪ੍ਰਕਾਸ਼ਤਾਹੈ, ਨ ਚੰਦ੍ਰਮਾ, ਨ ਤਾਰੇ, ਨ ਯੇ ਬਿਜਲਿਯਾਂ ਪ੍ਰਕਾਸ਼ਤੀਹੈਂ, ਯਹ ਅਗਿਨ ਤੋਂ ਕਹਾਂ ਸੇ ਪ੍ਰਕਾਸ਼ੇਗੀ। ਸੂਰਯ ਆਦਿ ਸਬ,ਨਿਸ਼ਚਯਸੇ ਉਸ ਪ੍ਰਕਾਸ਼ਤੇ ਹੁਏ(ਸਰਵੰਤਆਤਮਾ ਇਸ਼੍ਵਰ) ਕੇ ਪੀਛੇ ਪ੍ਰਕਾਸ਼ਤੇ ਹੈਂ, ਉਸਕੇ ਪ੍ਰਕਾਸ਼ ਸੇ ਯਹ ਸਬ ਪ੍ਰਕਾਸ਼ਤਾ ਹੈ॥ 5॥ ਜਬ ਕਰਮਯੋਗੀ; ਇਸ਼੍ਵਰ ਭਕਤ ਯਹਾਂ ਪਹੁੰਚਤਾਹੈ,ਉਸਕੇ ਨੇਤ੍ਰ ਏਕਦਮ ਬੇਕਾਰਹੋ ਜਾਤੇਹੈਂ, ਮਨਮੇਂ ਦਰਸ਼ਨ ਕੀ ਲਾਲਸਾ ਅਤਿੰਅਤ ਬੜ੍ਹ ਜਾਤੀਹੈ, ਕੁਛ ਉਪਾਏ ਬਨ ਨਹੀਂ ਪੜਤਾ,ਤਬ ਦੋਨੋਂ ਹਾਥ ਜੋੜ ਕਰ ਸਾਮਨੇ ਖੜੇ ਹੁਏਕੇ ਮੁਖਸੇ ਸਹਸਾ ਥਥਲਾਤੀ ਹੁਈ ਵਾਣੀਸੇ ਯਹ ਪ੍ਰਾਥਨਾ-ਮੰਤ੍ਰ ਨਿਕਲਤਾਹੈ:- "----------"

ਅਰਥ:- 'ਹੇ ਜਗਤਪੋਸ਼ਕ! ਹੇ ਅਦਿਤੀਯ ਦ੍ਰਿਸ਼ਟਾ! ਹੇ ਸਬਕੋ ਨਿਯਮਮੇਂ ਰਖਨੇ ਵਾਲੇ! ਹੇ ਸੁਰਿਯੋ ਸੇ (ਵਿਦਵਾਨ ਕ੍ਰਮਯੋਗੀ ਭਕਤੋਂਸੇ) ਪ੍ਰਾਪਤ ਹੋਨੇ ਯੋਗਯ! ਹੇ ਪ੍ਰਜਾਪਤਿਯੋਂ ਕੇ ਪ੍ਰਜਾਪਤਿ! ਅਪਨੇ ਮੁਖਕੀ ਕਿਰਣੋਂਕੋ ਬਖੇਰ ਔਰ ਅਪਨੇ ਸ਼ਰੀਰ ਕੇ ਪ੍ਰਕਾਸ਼ਕੋ ਇਕਠਾ ਕਰ। ਤੇਰਾ (ਆਪਕਾ)ਜੋ ਸਬਸੇ ਬੜ੍ਹਕਰ ਮੰਗਲਮਯ ਸ੍ਵਰੂਪਹੈ, ਉਸਕਾਮੈਂ ਦਰਸ਼ਨ ਕਰੂੰ, ਜੋ ਵਹ, ਵਹ ਚਿਰਾਕਾਲਸੇ ਵਿਯੁਕਤ ਹੁਆ (ਬਿਛੜਾ ਹੁਆ) ਤੇਰਾ ਜਨ ਹੈ, ਵਹ ਮੈਂ ਹੂੰ॥ 16॥

Sri Satguru Jagjit Singh Ji eLibrary NamdhariElibrary@gmail.com

ਇਸ ਪ੍ਰਾਥਨਾ ਮੰਤ੍ਰ ਕੋ ਸੁਨਕਰ ਪਰਮ ਪ੍ਰਸੰਨ ਹੁਆ ਇਸ਼੍ਵਰ ਅਪਨੇ ਧਰਮ ਯੋਗੀ ਭਕਤਕੋ ਦਰਸ਼ਨ ਦੇਤਾਹੈ, ਵਹ ਦਰਸ਼ਨ ਪਾਤੇਹੀ ਨਿਹਾਲਹੋ ਜਾਤਾਹੈ, ਉਸਕਾ ਮਨੁਸ਼ਯ ਜਨਮ ਸੁਫਲ, ਉਸਕੀ ਜਨਨੀ ਕ੍ਰਿਤਾਰਥ ਔਰ ਉਸਕਾ ਕੁਲ ਪਵ੍ਰਿਤ ਹੋਤਾਹੈ ਔਰ ਉਸੇ ਹਮੇਸ਼ਾਕੇ ਲਿਯੇ ਸੰਸਾਰਸੇ ਛੁਟਕਾਰਾ ਮਿਲਤਾਹੈ॥ 32॥

ਨੰ.10. ਭਾਈ ਵੀਰ ਸਿੰਘ ਜੀ (ਆਧੁਨਿਕ) -32

ਪ੍ਰਾਕਥਨ:- ਉਸ ਸਮੇਂਦੇ ਪ੍ਰਵਿਰਤ ਗੋਰਖ ਮਤਾਵਲੰਬੀ ਜੋਗ ਪੰਥੀਆਂਦਾ ਸੁਧਾਰ ਕਹਿਕੇ, ਹੁਣ ਉਸ ਸਮੇਂਦੇ ਵਾਚ ਗਯਾਨੀਆਂਦੇ ਸੁਧਾਰਦਾ ਕਥਨ ਕਰਦੇ ਹਨ। ਅਜ ਕਲ ਦੇ ਵਾਚ ਗਿਆਨੀਆਂ ਵਾਂਙੂ ਤਦੋਂਹੀ ਨਿਰਾ 'ਅਹੰ ਬ੍ਰਹਮਾਸਿਮ' ਕਹਿਕੇ ਬਿਨਾਂ ਕਿਸੇ ਲੱਖਤਾ ਪ੍ਰਾਪਤ ਹੋਈਦੇ ਆਪੂੰ ਈਸ਼੍ਵਰ ਬਣਨ ਵਾਲੇ ਗਯਾਨੀਹੈ ਸਨ। ਅਸਮਾਨਾਂ ਵਿਚ ਗਤੀ ਰੱਖਣ ਵਾਲੇ ਪੰਛੀ ਤੇ ਧਰਤੀਤੇ ਰੀਂਗਣ ਵਾਲੇ ਕੀਟ ਦੇ ਰੂਪਕ ਵਿਚ,ਸਚਮੁਚਦੇ ਤੇ ਵਾਚ ਗਯਾਨੀਆਂਦਾ,ਦੋਹਾਂਦਾ ਫਰਕ ਦਰਸਾਉਂਦੇ ਹਨ।ਜਗਦੀਸ਼ਦੇ ਨਾਮ ਵਿਚ ਪ੍ਰੇਮ ਦੁਆਰਾ ਅਤਿਸ਼ੈ ਕਰਕੇ ਲੱਗੇ ਹੋਏ ਜਗਯਾਸੂ 'ਪਤਿਬ੍ਰਤ ਇਸਤ੍ਰੀ' ਵਾਂਙੂ ਈਸ਼੍ਵਰ ਰੂਪ ਪਤੀਦੇ ਦੁਆਰੇ ਅੱਪੜਦੇ ਹਨ,ਪਰ ਉਹਨਾਂਨੂੰ ਪਤੀਦੀ ਪ੍ਰਾਪਤੀ ਉਸਦੀ ਨਦਰ ਨਾਲ ਹੁੰਦੀਹੈ, 'ਨਾਮ' ਤੇ 'ਨਦਰ' ਦੋ ਨੁਕਤੇ ਹਨ ਜੋ ਇਸ ਪਉੜੀ ਵਿਚ ਦਰਸਾਏ ਹਨ।

ਏਹ ਜਗਯਾਸੂ ਨੂੰ ਦਰੁਸਤ ਅਰਥਾਂ ਵਿਚ ਉਸ ਅਵਸਥਾ ਵਿਚਲੈ ਜਾਂਦੇਹਨ,ਜਿਸਨੂੰ ਜਗਤਦੇ ਈਸ਼੍ਵਰ ਨਾਲ 'ਇਕ'ਹੋ ਜਾਣਾ ਕਹੀਦਾਹੈ। 'ਇਕ ਦੂ'ਤੋ ਲੈਕੇ'ਇਕੀਸ'ਤਕ ਤਾਂ ਨਾਮਦਾ ਵਰਣਨਹੈ- ਇਹਹੈ ਜਗਯਾਸੂ ਦਾ ਪਤੀ ਪਰਮੇਸੁਰ ਨਾਲ ਪ੍ਰੇਮ ਕਰਨਾ। ਫਿਰਹੈ 'ਨਦਰ''ਨਾਨਕ ਨਦਰੀ ਪਾਈਐ' ਇਹਹੈ 'ਪਰਮੇਸੁਰ'ਦਾ ਜਗਯਾਸੂ ਨਾਲ'ਪ੍ਰੇਮ'ਸਾਡੇ ਪ੍ਰੇਮਦੀ ਸਫਲਤਾ ਤਦੋਂਹੀਹੈ ਜਦੋਂ ਸਾਨੂੰ ਪਰਮੇਸ਼ੁਰ ਪਿਆਰ ਕਰੇ; ਯਥਾ:-"ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ"(2:5)॥ਨਾਮਦਾ ਸਿਮਰਣ ਜਗਯਾਸੂਨੂੰ 'ਅੰਤ'ਦੇ ਅੰਤ ਉਤੇ ਲੈ ਜਾਂਦਾਹੈ;ਅਗੋ 'ਅਨੰਤ'ਹੈ। ਅਨੰਤ ਵਿਚ ਆਪੂੰ ਛਾਲ ਨਹੀਂ ਵਜਦੀ, ਉਥੇਤਾਂ 'ਅਨੰਤ' ਆਪ ਆਪਣੇ ਕਿਸੇ ਕ੍ਰਿਪਾ ਕਟਾਖਯ ਨਾਲ ਖਿੱਚ ਖੜਦਾਹੈ, ਯਥਾ "ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੈ"(989:5); ਪੁਨਾ:"ਬਾਂਹ ਪਕੜਿ ਠਾਕੁਰਿ ਹਉ ਘਿਧੀ"(701:4)।ਹਾਂ ਇਹ ਮਿਹਰਾਂ ਵਾਲੇਦੀ ਮਿਹਰਦਾ ਕ੍ਰਿਸ਼ਮਾਹੈ, ਇਹ ਨਦਰ ਹੈ 'ਨਾਨਕ ਨਦਰੀ ਨਦਰਿ ਨਹਾਲ'(8:9)॥ ਅਗਲੀ ਪਉੜੀ ਵਿਚ ਇਹ ਵਿਸ਼ਯ ਪ੍ਰਤਿਪਾਦਨ ਕੀਤਾਹੈ।

ਇਕਦੂ ਜੀਭੌ ਲਖਹੋਹਿ ਲਖ ਹੋਵਹਿ ਲਖ ਵੀਸ ॥

ਅਰਥ:- ਇਕ ਜੀਭ ਤੋ (ਸਾਡੀਆਂ) ਲਖ (ਜੀਭਾਂ) ਹੋ ਜਾਣ, (ਤੇ) ਲਖ (ਜੀਭਾਂ) ਤੋ ਵੀਹ ਲਖ (ਉਨ੍ਹਾਂ ਨਾਲ ਫੇਰ ਅਸੀਂ) ਲਖ ਲਖ ਵੇਰ ਜਗਤਦੇ ਮਾਲਕ (ਪਰਮੇਸ਼੍ਵਰ)ਦਾ ਇਕ ਨਾਮ ਲੈਂਦੇ ਰਹੀਏ। ਇਹਹੈ ਰਾਹ (ਜਿਸ)ਵਿਚ ਪਤੀ(ਦੇ ਮਹਲ)ਦੀਆਂ ਪਉੜੀਆਂ ਹਨ(ਉਨ੍ਹਾਂ ਉਤੇ) ਚੜ੍ਹਨ ਨਾਲ(ਜਗਤ)ਦੇ ਈਸ਼ਵਰ ਨਾਲ ਇਕ ਹੋਈਦਾਹੈ। ਪ੍ਰੰਤੂ ਗੁਰਮੁਖਾਂਦੇ ਵਾਹਿਗੁਰੂ ਦਰ ਅੱਪੜ ਪੈਣ ਵਾਲੀਆਂ ਅਰਸ਼ੀ ਗੱਲਾਂ ਸੁਣਕੇ ਨਾਮ ਅਭਯਾਸਦੇ ਬਲਤੋਂ ਸੱਖਣੇ ਕਥਨੀ ਮਾਤ੍ਰਦੇ ਖੰਭਾਂ ਵਾਲੇ ਕੀੜਿਆਂਨੂੰ ਰੀਸ ਆ ਜਾਂਦੀਹੈ ਕਿ ਅਸੀਂਬੀ ਕੀਟ ਪੰਖਾਂ ਨਾਲ ਅਕਾਸ਼ ਦੇ ਧੁਰ ਪੁੱਜ ਜਾਵਾਂਗੇ, ਪਰ ਹੇ ਨਾਨਕ, ਬ੍ਰਿਤੀ ਜਿਨ੍ਹਾਂਦੀ ਕੂੜੇ ਪਦਾਰਥਾਂ ਵਿਚ ਲੱਗ ਰਹੀਹੈ ਐਸੇ ਕੂੜੇ ਪੁਰਖਾਂ ਦੀਆਂ

Sri Satguru Jagjit Singh Ji eLibrary NamdhariElibrary@gmail.com

ਗੱਪਾਂ ਕੂੜਹੀ ਹੁੰਦੀਆਂ ਹਨ, ਜਗਤਦੇ ਈਸ਼ਨੂੰ ਤਾਂ ਉਸਦੀ ਨਜਰ=ਮਿਹਰ ਦ੍ਰਿਸ਼ਟੀ ਨਾਲ ਪਾਈਦਾਹੈ।

ਵਯਾਖਯਾ:- ਕਹਿ ਦੇਣ ਮਾਤ੍ਰ ਨਾਲ ਕੋਈ ਬ੍ਰਹਮ ਨਾਲ ਅਭੇਦ ਨਹੀਂਹੋ ਸਕਦਾ। ਦੇਹਿ ਅਭਿਮਾਨ ਦੂਰ ਹੋਣ ਨਾਲਤੇ 'ਤਨ ਹੰਤਾ' ਤੋ ਉਚੇ ਉੱਠਣ ਨਾਲਹੀ ਈਸ਼੍ਵਰ-ਲੀਨਤਾਹੋ ਸਕਦੀਹੈ। ਇਸ ਪ੍ਰਾਪਤੀ ਲਈ ਗੁਰੂ ਜੀਨੇ ਜੋ ਉਪਾਉ ਦੱਸਿਆ,ਉਹ ਹੇ ਪ੍ਰੇਮ; ਫੁਰਮਾਇਆਹੈ:-"ਜਿਸੁ ਸਿਉ ਰਾਤਾ ਤੈਸੋ ਹੋਵੇ..."65:5)। ਭਾਵ ਈਸ਼ਵਰ ਨਾਲ ਰੱਤਿਆ ਗਿਆ ਹੀ ਉਸਦਾ ਰੂਪਹੋ ਸਕੀਦਾਹੈ। ਫੇਰ ਫੁਰਮਾਇਆਹੈ:-"ਪ੍ਰੇਮ ਪਰਾਇਣ ਪ੍ਰੀਤਮ ਰਾਉ। ਨਦਰਿ ਕਰੇ ਤਾ ਬੁਝੈ ਨਾਉ"(222:16); ਕਿ ਮੇਰਾ ਪ੍ਰੀਤਮ ਰਾਉ (ਪਰਮੇਸ਼੍ਵਰ) ਪ੍ਰੇਮਦੇ ਆਸਰੇਹੋ ਗਿਆ ਮਿਲਦਾਹੈ। ਤੀਸਰੇ ਸਤਿਗੁਰਾਂਦਾ ਵਾਕਹੈ:-"ਪ੍ਰੇਮ ਪਦਾਰਥੁ ਜਿਨ ਘਟਿ ਵਸਿਆ ਸਹਜੇ ਰਹੇ ਸਮਾਈ" (1234:2)। ਪ੍ਰਸ਼ਨ ਹੁੰਦਾਹੈ ਕਿ ਅਣਦਿਸਦੇ ਨਾਲ ਪ੍ਰੇਮ ਕਿਕੂੰ ਹੋਵੇ? ਉਸਦਾ ਉਪਾਉ ਗੁਰੂ ਜੀਨੇ 'ਸਿਫਤ ਸਲਾਹ' ਤੇ ਨਾਮ ਦੱਸਿਆ:-

(1) ਸਿਫਤ ਸਲਾਹ:- ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥

(ਓ) ਕਿਉਂਕਿ 'ਸਿਫਤ ਸਲਾਹ' ਅਰਥਾਤ ਗੁਣ ਗਾਇਨ ਨਾਲ ਪਹਿਲੋਂ ਮਨਦੀ ਮੈਲ ਉਤਰਦੀਹੈ:-

"ਗੁਨ ਗਾਵਤ ਤੇਰੀ ਉਤਰਸਿ ਮੈਲੁ"(289:2); ਫਿਰ ਇਸੇ ਨਾਲ ਪ੍ਰੇਮ ਉਪਜਦਾਹੈ:

"ਸਿਫਤਿ ਸਲਾਹਣੁ ਸਹਜ ਅਨੰਦ॥ ਸਖਾ ਸੈਨੁ ਪ੍ਰੇਮ ਗੋਵਿੰਦ"(352:3);ਅਰਥਾਤ ਸਿਫਤ ਸਲਾਹ ਨਾਲ ਗੋਬਿੰਦਦਾ ਪ੍ਰੇਮ ਉਪਜਦਾਹੈ। ਜੋ ਪ੍ਰੇਮੀਦਾ ਮਿਤ੍ਰ ਤੇ ਸਨਬੰਧੀਹੋ ਜਾਂਦਾਹੈ, ਜਿਸ ਕਰਕੇ ਪ੍ਰੇਮਨੂੰ ਸਹਿਜ ਅਨੰਦ ਪ੍ਰਾਪਤ ਹੁੰਦਾਹੈ:- ਪੁਨ:- ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ॥(469:12)॥

(2) ਨਾਮ:- ਨਾਮ ਸਿਮਰਣ ਨਾਲ ਬੀ ਪਹਿਲੋਂ ਮਨਦੀ ਮੈਲ ਉਤਰਦੀਹੈ:- ਪ੍ਰਭਕੈ ਸਿਮਰਨਿ ਮਨਕੀ ਮਲੁ ਜਾਇ(263:3)॥ ਫੇਰ ਬੁਧੀਦੀ ਮੈਲ ਬੀ ਨਾਮ ਨਾਲ ਉਤਰਦੀਹੈ:- ਭਰੀਐ ਮਤਿ ਪਾਪਾਕੈ ਸੰਗਿ॥ ਓਹੁ ਧੋਪੇ ਨਾਵੈ ਕੈ ਰੰਗਿ(4:12)॥ ਹਾਂ ਮਨ ਬੁੱਧੀਦੀ ਸਾਰੀ(ਸੂਖਮ ਅਸਥੂਲ) ਮੈਲ ਨਾਮ ਨਾਲ ਉਤਰ ਜਾਦੀਹੈ, ਯਥਾ:- "ਅਬਿਨਾਸੀ ਜੀਅਨਕੋ ਦਾਤਾ ਸਿਮਰਤ ਸਭ ਮਲੁ ਖੋਈ"(617:13)॥ ਫਿਰ ਨਾਮ ਨਾਲ ਮਾਇਆਦਾ ਸਾਰਾ ਮੋਹ ਤੁਟ ਜਾਂਦਾਹੈ, ਤਦੋਂ ਨਾਮਹੀ ਪ੍ਰੇਮਹੈ(ਇਹ ਗਲ ਸਾਫ ਖੁੱਲ੍ਹ ਜਾਂਦੀਹੈ: "ਪ੍ਰੇਮ ਪਦਾਰਥੁ ਨਾਮਹੈ ਭਾਈ, ਮਾਇਆ ਮੋਹ ਬਿਨਾਸੁ" (640:3)॥ ਫਿਰ ਤਦ ਜੀਵ ਤੱਤ ਪ੍ਰਗਟ ਹੋਕੇ ਸੋਝੀ ਦੇਂਦਾਹੈਕਿ ਮੈਂਸਰੀਰ ਮਨ ਆਦਿ ਤੋ ਭਿੰਨਹਾਂ:-

"ਨਾਮੇ ਹੀਤੇ ਸਭੁ ਪਰਗਟੁ ਹੋਵੇ ਨਾਮੇ ਸੋਝੀ ਪਾਈ"(356:9)॥ ਫਿਰ ਨਾਮ ਦੁਆਰਾ ਹੀ ਜੀਵ ਤੱਤ ਬ੍ਰਹਮ ਤੱਤ ਦੀ ਅਭੇਦਤਾ ਵਿਚ ਜਾਂਦਾ ਹੈ:-"ਨਾਮ ਤਤੁ ਸਭ ਹੀ ਸਿਰਿ ਜਾਪੈ॥ ਬਿਨੁ ਨਾਵੈ ਦੁਖੁ ਕਾਲੁ ਸੰਤਾਪੇ॥ ਤਤੋ ਤਤੁ ਮਿਲੈ ਮਨੁ ਮਾਨੈ॥ ਦੂਜਾ ਜਾਇ ਇਕਤੁ ਘਰਿ ਆਨੇ"(943:13)॥

ਅਰਥਾਤ- ਸਭਤੋ ਉੱਚਾ ਤੱਤ ਇਹ'ਨਾਮ ਤੱਤ'ਹੈ। ਇਸ ਨਾਲ ਤਤੁ (=ਜੀਵ ਤੱਤ) ਤਤੁ (ਬ੍ਰਹਮ ਤੱਤ) ਨੂੰ ਮਿਲ ਪੈਂਦਾ ਹੈ, ਤਦ ਮਨ ਪਤੀਜਦਾ ਹੈ ਕਿ ਹੁਣ ਦੁਐਤ ਬਿਲਾ ਗਈ ਹੈ ਤੇ ਏਕਤਾ ਵਿਚ ਆ ਗਿਆ ਹਾਂ।

Sri Satguru Jagjit Singh Ji eLibrary NamdhariElibrary@gmail.com

(3) ਜੇ 'ਯੋਗ'ਦੇ ਤਰੀਕੇ ਨਾਲ ਈਸ਼ੂਰ ਪ੍ਰਾਪਤੀ ਕਰਨੀਹੈ ਤਾਂ ਉਹ ਬੀ ਮਾਰਗਹੈ,ਪਰ ਗੁਰੂ ਜੀ ਦੱਸਦੇ ਹਨ ਕਿ ਜੋਗਦੀ ਸਫਲਤਾ ਬੀ ਨਾਮ ਨਾਲਹੈ: "ਨਾਮੀ ਰਤੇ ਜੋਗ ਜੁਗਤਿ ਬੀਚਾਰੁ" (914:15); ਪੁਨਾ: "ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੇ ਦੇਖਹੁ ਰਿਦੈ ਬੀਚਾਰੈ" (946:4)

(4) ਜੇ ਕਰਮ ਮਾਰਗ ਤੇ ਟੁਰੋ ਤਾਂਬੀ ਨਾਮ ਬਿਨ ਸਫਲਤਾ ਨਹੀਂ:"ਨਾਮਿ ਰਤੇ ਸਚੁ ਕਰਣੀ ਸਾਰੁ" (941:17)

(5) ਜੇ ਗਯਾਨ ਮਾਰਗ ਦਵਾਰਾ ਚਾਹੋ ਤਾਂਬੀ ਨਾਮ ਨੇਹੀ ਸ਼ੁੱਧ ਗਯਾਨ ਦੇਣਾਹੈ:-

"ਨਾਮਿ ਰਤੇ ਗੁਣ ਗਿਆਨ ਬੀਚਾਰੁ"(941:17);"ਨਾਮ ਸੰਗਿ ਜਿਸਕਾ ਮਨੁ ਮਾਨਿਆ॥ ਨਾਨਕ ਤਿਨਹਿ ਨਿਰੰਜਨੁ ਜਾਨਿਆ" (281:11)। ਪਰ ਨਾਮਦਾ ਇਹ ਪ੍ਰਤਾਪ, ਕਿ ਪ੍ਰੇਮ ਦੁਆਰਾ ਤੁਰੋ ਤਾਂ ਨਾਮ, ਜੇ ਕਰਮ ਨਾਲ ਤੁਰੋ ਤਾਂ ਨਾਮ, ਜੋ ਯੋਗ ਨਾਲ ਤੁਰੋ ਤਾਂ ਨਾਮ, ਜੇ ਗਯਾਨ ਨਾਲ ਤੁਰੋ ਤਾਂ ਨਾਮ, ਸਭ ਤਰ੍ਹਾਂ ਨਾਮਹੀ ਪ੍ਰਧਾਨਹੈ,ਇਸੇ ਕਰਕੇ ਫੁਰਮਾਇਆਹੈ:"ਨਾਮ ਤਤੁ ਸਭਹੀ ਸਿਰਿ ਜਾਪੇ"(943:13)। ਪਰੰਤੂ ਇਹ 'ਇਕ ਈਸ਼ਤਾ' ਦੀ ਅਵਸਥਾ ਜੋ ਪਗ ਸੁਖਮਈ ਹੈ ਕਿਵੇਂ ਨਾਮ ਅਰਾਧਣ ਤੋਂ ਉਪਜਦੀ ਹੈ? ਫੁਰਮਾਉਂਦੇ ਹਨ:-"ਨਾਮੇ ਰਾਤੇ ਅਨਦਿਨੁ ਮਾਤੇ ਨਾਮੇ ਤੇ ਸੁਖੁ ਹੋਈ"(946:12) ਅਰਥਾਤ ਦਿਨ ਰਾਤ ਨਾਮ ਵਿਚ ਰਚ ਗਿਆਂ ਇਹ ਸੁਖ ਹੁੰਦਾਹੈ। ਭਾਵ ਨਾਮਦੀ ਪ੍ਰਬਲ ਅਵਸਥਾ ਤੋਂਹੈ। ਇਸ ਪ੍ਰਬਲ ਅਵਸਥਾਨੂੰ ਪੰਚਮ ਗੁਰੂ ਜੀਨੇ ਐਉਂ ਵਰਣਨ ਕੀਤਾਹੈ:-

"ਬਿਸਰਤ ਨਾਹਿ ਮਨ ਤੇ ਹਰੀ॥ ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੇ ਜਰੀ ॥ਰਹਾਉ॥ ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ॥ ਗੁਨ ਗੋਪਾਲੁ ਉਚਾਰੁ ਰਸਨਾ ਏਵ ਏਹ ਪਰੀ॥ 1॥ ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ॥ ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠਿ ਬਾਧਿ ਧਰੀ॥ 2॥ 9॥

ਨਾਮ ਅਰਾਧਣ ਦੀ ਅਵਸਥਾ ਰਸ-ਮਈ ਹੈ, ਜੋ ਜਿੰਨੀ ਪ੍ਰਬਲ ਹੋਵੇ ਉੱਨੀ ਵਧੀਕ ਰਸ ਮਈ ਹੈ। ਰਸ-ਮਈ ਹੋਣ ਕਰਕੇ ਹੀ ਰਸੀਆ ਵਧੇਰੇ-ਵਧੇਰੇ ਰਸ ਲੋਚਦਾਹੈ,ਜਿਸਦੇ ਅੰਤੋਰਸ ਰੂਪ'ਵਿਚ 'ਤਦ ਰੂਪ' ਹੋ ਜਾਂਦਾਹੈ:- "ਜਿਸੁ ਸਿਉ ਰਾਤਾ ਤੈਸੋ ਹੋਵੇ"(65:5)॥ ਇਸੇ ਉਪਰ ਦੱਸੇ ਭਾਵ ਪਰਥਾਇ ਇਹ ਤੁਕਾਂ ਹਨ:- ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮ ਜਗਦੀਸ॥ ਕਿ ਜੋ ਰਸ-ਮਈ ਅਵਸਥਾ ਇਕ ਰਸਨਾਂ ਦੇ ਉਚਾਰ ਨਾਲ ਆਈ ਹੈ, ਇਹ ਲੱਖਾਂ ਰਸਨਾਂ ਦੇ 'ਉਚਾਰਨ ਰਸ'ਜਿੰਨੀ ਪ੍ਰਬਲ ਰਸ-ਮਈਹੋ ਜਾਏ। ਪ੍ਰਬਲ ਰਸ-ਮਈ ਅਵਸਥਾ ਪਰਥਾਇ ਗੁਰੂ ਜੀਨੇ ਫੁਰਮਾਇਆ ਹੈ:- "ਪ੍ਰੇਮਿ ਬੁਲਾਈ ਰਲੀ ਸਿਉ ਮਨ ਮਹਿ ਸਬਦੁ ਅਨੰਦੁ ॥ ਲਾਲਿ ਰਾਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ" (931:7)॥

ਅਰਥਾਤ-(ਹੁਣ ਉਹ) ਪਯਾਰੇ ਵਿਚ ਰੱਤੀ ਜਾਕੇ ਪਯਾਰੇ ਜੈਸੀਹੋ ਗਈਹੈ, (ਹਾਂ ਹੁਣ ਉਹ ਮੁੜ ਵਿਛੋੜੇ)ਦੇ ਭੈ ਤੋ ਨਿਸਚਿੰਤਹੋ ਗਈਹੈ(ਤੇ ਹੋਰਨਾਂਨੂੰ ਪਯਾਰੇਦੇ ਦੇਸ਼ਲੈ ਜਾਣ ਲਈ) ਗੁਰਮੁਖਹੋ ਗਈਹੈ।

ਏਤੁ ਰਾਹਿ ਪਤਿ ਪਵੜੀਆਂ ਚੜੀਐ ਹੋਇ ਇਕੀਸ॥

Sri Satguru Jagjit Singh Ji eLibrary NamdhariElibrary@gmail.com

ਇਹਹੈ ਰਸਤਾ:- ਅਰਥਾਤ ਪ੍ਰੇਮਦਾ ਰਸਤਾ,ਜਿਸ ਵਿਚ ਪਤੀ(ਪਰਮੇਸੁਰ)ਦੇ ਮਹਲ ਦੀਆਂ ਪਉੜੀਆਂ ਹਨ, ਜਿਨ੍ਹਾਂਤੇ ਚੜ੍ਹਕੇ ਇਕ ਈਸ਼ਨੂੰ ਪ੍ਰਾਪਤ ਹੋਈਦਾਹੈ,ਅਰਥਾਤ ਨਾਮਦਾ ਅਭਯਾਸ ਰਸ-ਲੱਖਤਾ ਦੀਆਂ ਪਉੜੀਆਂ ਦੁਆਰਾ ਸਰੂਪਦੇ ਮਹਲਨੂੰ ਲੈ ਜਾਂਦਾਹੈ। ਇਸਦੀ ਵੀਚਾਰ ਨਾਮ ਜਪਦੇ ਰਸੀਏ ਗੁਰਮੁਖ ਇੰਵੇਂ ਕਹਿੰਦੇ ਹਨ:-

(1) ਪਹਿਲਾਂ ਨਾਮ ਅਭਯਾਸੀ ਰਸਨਾਂ ਨਾਲ ਨਾਮਦਾ ਜਪ ਕਰਦਾਹੈ,ਇਹ ਭਾਵ ਉਸਦੇ ਮਨ ਵਿਚ ਚਾਹੀਦੈ ਕਿ,ਇਹ ਨਾਮ ਜਗਤਦੇ ਮਾਲਕ ਦਾਹੈ, ਸੋ ਸਾਡਾ ਪ੍ਰੀਤਮਹੈ ਤੇ ਸਾਨੂੰ ਪ੍ਰੇਮ ਕਰਦਾਹੈ ਤੇ ਇਹ ਭਾਵਨਾ ਚਾਹੀਏ ਕਿ ਇਸ ਨਾਮਦੇ ਅਭਯਾਸਨੇ ਧਿਆਨਨੂੰ ਉਸ ਵਿਚਲੈ ਜਾਣਾਹੈ। ਗੁਰੂ ਸਾਹਿਬਦੀ ਆਗਿਆਹੈ:- "ਰਸਨਾ ਜਪੀਐ ਏਕੁ ਨਾਮ"(211:16)। ਫਿਰ ਫਲ ਦੱਸਦੇ ਹਨ;"ਰਸਨਾ ਨਾਮੁ ਜਪਹੁ ਤਬ ਮਥੀਐ ਇਨਿ ਬਿਧਿ ਅੰਮ੍ਰਿਤ ਪਾਵਹੁ"(728:5)॥

2. ਇਸ ਤਰ੍ਹਾਂਦੇ ਭਾਵਤੇ ਭਾਵਨਾ ਨਾਲ ਕੀਤਾ ਜਪ ਕੁਛ ਸਮੇਂ ਵਿਚ ਸਿਮਰਨ ਬਣ ਜਾਂਦਾਹੈ,ਅਰਥਾਤ ਹਿਰਦੇ ਵਿਚ ਨਾਮ, ਜਾ ਟਿਕਦਾਹੈ। ਆਗਿਆਹੈ"ਹਿਰਦੇ ਨਾਮੁ ਵਸਾਇਹੁ" (621:13)।ਫਿਰ ਫਲ ਦੱਸਦੇ ਹਨ:-"ਹਿਰਦੇ ਇਕੋ ਨਾਮੁ ਵਸੈ ਹਉਮੇ ਦੁਬਿਧਾ ਮਾਰਿ" (429:18); "ਹਿਰਦੇ ਨਾਮੁ ਸਦਾ ਕਿਰਤਾਰਥੁ" (832:10);"ਹਿਰਦੇ ਨਾਮੁ ਸਦਾ ਧੁਨਿ ਨਿਹਚਲ"(1232:10) ।

3. ਜਦੋ ਮਨ ਤਨ ਇਸ ਸਿਮਰਣ ਵਿਚ ਰਚ ਜਾਂਦੇ ਹਨ, ਮੈਲ ਦੂਰਹੋ ਜਾਂਦੀਹੈ, ਤਦ ਨਾਮ ਰਸ ਰੂਪਹੋ ਜਾਂਦਾਹੈ। ਰੋਮ ਰੋਮ ਵਿਚ ਇਕ ਪ੍ਰਤੀਤੀ ਯਾਂ ਅਹਿਸਾਸਹੋ ਆਉਂਦਾਹੈ ਕਿ ਮਾਨੋ ਹਰ ਰੋਮ ਵਿਚ ਨਾਮ ਰਸਹੈ, ਇਸਨੂੰ ਰੋਮ ਰੋਮ ਧਿਆਉਣਾ ਕਹੀਦਾਹੈ। (ੳ) ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ" (941:5); (ਅ)"ਰੋਮਿ ਰੋਮਿ ਹਰਿ ਉਚਰੇ ਖਿਨੁ ਖਿਨੁ ਹਰਿ ਸੋਈ" (1247:7);(ੲ) "ਰੋਮ ਰੋਮਿ ਰੋਮਿ ਰੋਮੇ ਸੇ ਗੁਰਮੁਖਿ ਰਾਮੁ ਧਿਆਏ ਰਾਮ" (443:7)॥ ਇਹ ਜੋ ਰੋਮ ਰੋਮ ਵਿਚ ਨਾਮਦੀ ਰਸ ਰੂਪਤਾਹੈ ਏਹੋ ਲੱਖ ਵੀਹ ਲੱਖ ਹੋਣਾਹੈ। ਇਕ ਵੇਰ ਨਾਮ ਕਹਿਣ ਨਾਲ ਫੇਰ ਇਹ ਸਾਰਾ ਗੇੜ ਮਾਨੋ ਜੀਭ ਨਾਲ ਕਿਹਾ ਵੀਹ ਲੱਖ ਤੁੱਲਹੋ ਜਾਂਦਾਹੈ। ਲੱਖਾਂ ਕ੍ਰੋੜਾਂਦੀ ਗੇਣਤੀ ਨਹੀਂ ਗਿਣ ਸਕਦੀ, ਭਾਵਹੈ ਕਿ ਲਗਾਤਾਰਹੋ ਜਾਂਦਾਹੈ। ਲੱਖਾਂ ਕ੍ਰੋੜਾਂ ਕਹਿਣਤੋਂ ਭਾਵ ਅਤਿ ਬਾਹੁੱਲਤਾਦਾ ਹੋਯਾ ਕਰਦਾਹੈ।

4. ਇਹ ਨਾਮਦੀ 'ਨਾਮ ਰਸ ਰੂਪ ਪ੍ਰਤੀਤੀ' ਫਿਰ ਸਰੀਰ ਵਿਚਹੀ ਨਹੀਂ ਅਟਕਦੀ। ਕਈ ਵੇਰ ਚਾਰ ਚੁਫੇਰੇ ਪ੍ਰਤੀਤੀ ਦੇਂਦਾਹੈ ਕਿ ਇਹ ਨਾਮ ਰਸ ਸਾਰੇ ਭਰਪੂਰਹੈ। ਜਿੱਧਰ ਨਜ਼ਰ ਜਾਂਦੀਹੈ ਸੁੰਦਰਤਾਤੇ ਰਸਦਾ ਪ੍ਰਭਾਵ ਛਾ ਰਿਹਾ ਸਹੀ ਹੁੰਦਾਹੈ। ਵਣ ਤ੍ਰਿਣ ਨਾਮਹੀ ਨਾਮਹੋ ਰਿਹਾ ਦਿੱਸਦਾਹੈ: "ਧਰਿਤ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ॥ ਪਉਣ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ"(540:8)॥

5. ਇਸਤੋ ਅਗੇ ਫੇਰ ਜਗਦੀਸ ਜੀ ਅਪਣੀ ਮਿਹਰ ਨਾਲ ਤਦਰੂਪਤਾ ਵਿਚ ਲੈਜਾਂਦੇ ਹਨ,ਯਥਾ:-

"ਜਨ ਨਾਨਕੁ ਹਰ ਹਰਿ ਹੋਇਆ ਹਰਿ ਹਰਿ ਮਨਿ ਵੁਠਾ॥ ਬਾਂਹ ਪਕੜਿ ਠਾਕੁਰਿ ਹਉ ਘਿਧੀ" (704:2);"ਨਾਨਕ ਨਦਰੀ ਨਦਰਿ ਨਿਹਾਲ"(8:9)।

Sri Satguru Jagjit Singh Ji eLibrary NamdhariElibrary@gmail.com

ਸੁਣਿ ਗਲਾ ਆਕਾਸ ਕੀ- ਜਿਵੇਂ ਆਕਾਸ਼ਾਂ ਦੀਆਂ ਗੱਲਾਂ ਹੰਸ ਆਦਿ ਉੱਚੇ ਉੱਡਣ ਵਾਲੇ ਪੰਛੀਆਂ ਤੋਂ ਸੁਣਕੇ ਮੱਛਰ ਆਦਿ ਕੀੜੇ ਇਹ ਰੀਸ ਕਰਨ ਕਿ ਓਹ ਉੱਡਕੇ ਉਚੇ ਗਗਨਾਂ ਦੇ ਮੇਲੇ ਕਰ ਸਕਦੇ ਹਨ, ਤਾਂ ਹੋ ਨਹੀਂ ਸਕਦਾ। 'ਕੀਟ-ਉਡਾਰੀ' 'ਹੰਸ ਉਡਾਰੀ' ਨਹੀਂ ਹੈ, ਰੀਸ ਕਰਨੀ ਬ੍ਰਿਥਾ ਹੈ। ਅਰਥਾਤ ਲੱਖਤਾ ਵਾਲਿਆਂ ਦੀ ਪਹੁੰਚ ਪ੍ਰਾਪਤੀ ਦੀ ਰੀਸ ਕਰਕੇ ਨਿਰੀ ਕਥਨੀ ਮਾਤ੍ਰ ਨਾਲ 'ਯਥਾਰਥ' ਪ੍ਰਾਪਤੀ ਨਹੀਂ ਹੋ ਜਾਂਦੀ। ਇਸ ਦਾ ਕਾਰਣ ਤੇ ਇਲਾਜ ਗੁਰੂ ਜੀ ਐਉਂ ਦੱਸਦੇ ਹਨ; ਕਾਰਣ:- "ਗਲੀਂ ਅਸੀਂ ਚੰਗੀਆਂ ਆਚਾਰੀ ਬੁਰੀਆਹ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ"। ਕਰਨੀ ਵਾਲਿਆਂ ਦੀ ਰੀਸ ਨਹੀਂ:- "ਰੀਸਾ ਕਰਿਹਿ ਤਿਨਾੜੀਆਂ ਜੋ ਸੇਵਹਿ ਦਰੁ ਖੜੀਆਹ"(85:3); "ਨਾਲਿ ਖਸਮੇ ਰਤੀਆ ਮਾਣਹਿ ਸੁਖਿ ਰਲੀਆਹ"(630:5); "ਹੋਦੇ ਤਾਣਿ ਨਿਤਾਣੀਆਂ ਰਹਹਿ ਨਿਮਾਨਣੀਆਹ"(85:3)। ਪਰ ਉਹਨਾਂਦੀ ਸੰਗਤਿ ਇਲਾਜਹੈ:- "ਨਾਨਕ ਜਨਮੁ ਸਕਾਰਥਾ ਜੇ ਤਿਨ ਕੇ ਸੰਗਿ ਮਿਲਾਹ"; "ਨਾਨਕ ਨਦਰੀ ਪਾਈਐ"; ਇਕ ਈਸ਼ਦੀ ਯਥਾਰਥ ਪ੍ਰਾਪਤੀ ਵਾਹਿਗੁਰੂ ਦੀ ਨਦਰ ਨਾਲ ਹੁੰਦੀਹੈ। ਈਸ਼ਰ ਦੀ ਅਨੁਗ੍ਰਹ ਦੇ ਹੀ ਟਿਕਾਣਿਆਂ ਤੇ ਹੈ। ਪਹਿਲੇ ਨਾਮ ਪ੍ਰਾਪਤੀ ਤੇ ਅਭਯਾਸ ਲਈ:-"ਤੂ ਚਿਤਿ ਆਵਹਿ ਤੇਰੀ ਮਇਆ॥ ਜਿਨ ਕਉ ਨਦਰਿ ਕਰਮੁ ਤਿਨ ਕਾਰ"(389:13)॥

ਅਰਥਾਤ- ਇਹ ਸ਼ਬਦ ਘੜਨਦੀ ਕਾਰ ਨਦਰ ਨਾਲ ਹੁੰਦੀਹੈ। ਦੂਜੇ 'ਜਤੁ ਪਾਹਾਰਾ ਧੀਰਜੁ ਸੁਨਿਆਰੁ' ਵਾਲੀ ਪਉੜੀ ਵਿਚ ਦੱਸੀ ਘਾਲ ਕਰਨਤੋਂ ਉਪ੍ਰੰਤ ਜਦ ਸੱਚੀ ਟਕਸਾਲ ਵਿਚ ਸ਼ਬਦ ਘੜ ਚੁਕੀਦਾ ਹੈ, ਜਦੋ ਨਾਮ ਧਿਆਇਨ ਕੀ ਮੁਸ਼ਕਤੁ ਘਾਲੀ ਜਾ ਚੁੱਕੀਦੀ ਹੈ, ਤਦੋ 'ਨਾਨਕ ਨਦਰੀ ਨਦਰਿ ਨਿਹਾਲ' ਹੋਈ ਦਾਹੈ।

ਤਾਕੀਦ ਇਹ:- ਲੱਖਾਂ ਜੀਭਾਂ ਨਾਲ ਜਪਣੇਦਾ ਉਪਦੇਸ਼ ਨਾਮ ਜਪਦੀ ਨਿਖੇਧੀ ਪੱਖਦਾ ਨਹੀਂ--ਵਿਧੀ ਪੱਖ ਦਾਹੈ। ਚਉਥੇ ਗੁਰੂ ਸਾਹਿਬ ਜੀਨੇ ਇਸ ਭਾਵਨੂੰ ਖੋਲ੍ਹਕੇ ਦੱਸ ਦਿੱਤਾਹੈ(ਪੰ:1296:18):-"ਹਰਿ ਗੁਨ ਗਾਵਹੁ ਜਗਦੀਸ॥ ਏਕਾ ਜੀਹ ਕੀਚੈ ਨਖ ਬੀਸ॥ ਜਪਿ ਹਰਿ ਹਰਿ ਸਬਦਿ ਜਪੀਸ॥ ਹਰਿ ਜੋ ਹੋ ਕਿਰਪੀਸ॥ 1॥ ਰਹਾਉ॥ ਹਰਿ ਕਿਰਪਾ ਕਰਿ ਸੁਆਮੀ ਹਮ ਲਾਇ ਹਰਿ ਸੇਵਾ ਹਰਿ ਜਪਿ ਜਪੇ। ਹਰਿ ਜਪਿ ਜਪੇ ਜਪੁ ਜਾਪਉ ਜਗਦੀਸ"॥ ਪੁਨਾ:"ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ"(780:16):"ਉਚਰਹੁ ਰਾਮ ਨਾਮੁ ਉਚਾਰੋ" (194:17),ਇਹ ਲਖ ਵਾਰੀ ਉਚਾਰਣ ਕਰਨਾ ਕਿਸੇ ਤਰ੍ਹਾਂ ਕਸ਼ਟ ਰੂਪ ਨਹੀਂ (ਹੇ ਰਸਨਾ; ਇਸ ਨਾਲ ਤੂੰ) ਅੰਮ੍ਰਿਤ ਰਸ ਪੀਵੇਂਗੀ ਤੇ ਪ੍ਰਭੂਦੀ ਪਿਆਰੀਹੋ ਜਾਏਂਗੀ। ਇਹ ਤਾਂਹੈ ਗੁਰਮਤਿ ਵਿਚ ਨਾਮ ਜਪੁ ਦੁਆਰਾ ਪਉੜੀਆਂ ਜੋ ਇਕ ਈਸ਼ਤਾ ਵਿਚ ਲੈ ਜਾਂਦੀਆਂ ਹਨ। ਵੇਦਾਂਤ ਪ੍ਰੇਮੀ ਪ੍ਰੇਰਿਤੇ ਯੋਗ ਵਸ਼ਿਸ਼ਟ ਵਿਚ ਦੀਆਂ "ਸਤ ਭੂਮਿਕਾ"ਨੂੰ "ਪਤਿ"ਪਉੜੀਆਂਦੇ ਅਰਥਾਂ ਵਿਚ ਲਾਉਣਦਾ ਜਤਨ ਕਰਦੇ ਹਨ; ਓਹ "ਸਤ ਭੂਮਿਕਾ"ਏਹ ਹਨ:-

ਜਾਗ੍ਰਤ ਦੀਆਂ:- 1. ਮੋਖਦੀ ਇਛਾ ਭਾਵ ਮੁਕਤੀਦੀ ਚਾਹ ਉਪਜਣੀ। 2. ਗੁਰੂ ਦੀ ਸ਼ਰਣ ਜਾ ਕੇ ਵੇਦ ਵਾਕਾਂ ਦਾ ਸ੍ਰਵਣ, ਮਨਨ ਕਰਨਾ। 3.ਨਿਧਿਆਸਣ। ਸਵਪਨਤੁੱਲ ਅਵਸਥਾ:- 4. ਤਤਵ ਸਾਖਯਾਤਕਾਰ, ਸਤਵਾਪਤੀ। ਇਸ ਵਿਚ ਪਦਾਰਥਾਂਦੀ ਪ੍ਰਤੀਤੀ ਸਵਪਨਵਤ ਹੁੰਦੀ ਹੈ। ਐਸੇ ਨੂੰ 'ਬ੍ਰਹਮ-ਵਿਤੋ ਕਹਿੰਦੇ ਹਨ। ਸੁਖੋਪਤੀ: 5.ਅਸੰਸਕਤੀ, ਨਿਰਵਿਲਕਪ ਸਮਾਧੀ। ਏਸੇਨੂੰ ਬ੍ਰਹਮ ਵਿਦਵਰਾ ਕਹਿੰਦੇ ਹਨ ਇਹ ਆਪੋ ਆਪਣੀ ਹੈ। ਗਾਢ ਸੁਖੋਪਤੀ 6. ਪਦਾਰਥ

Sri Satguru Jagjit Singh Ji eLibrary NamdhariElibrary@gmail.com

ਅਭਾਵਨੀ। ਉਸ ਸਮਾਧੀ ਵਾਲੇਦਾ ਨਾਮ 'ਬ੍ਰਹਮ ਵਿਦ-ਵਰੀਆਨ' ਹੈ,ਇਹ ਦੂਸਰਾ ਖੋਲ੍ਹਦਾਹੈ। 7. ਬ੍ਰਹਮ ਵਿਦ-ਵਿਰਿਸ਼ਟ। ਏਹ ਦੂਸਰੇ ਤੋ ਬੀ ਨਹੀਂ ਖੁਲ੍ਹੱਦੀ।

ਨਿਰੁਕਤ- ਜੀਭੋ- ਜੀਭ ਤੋ; ਰਸਨਾ ਨਾਲ।ਲਖ ਵੀਸ-ਬੀਸ ਲੱਖ;ਵੀਹ ਲੱਖ.ਭਾਵ ਬਹੁਤ। ਜੈਸੇ ਫੁਰਮਾਇਆਹੈ: "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਉਥੇ ਗੈਣਤੀਦਾ ਇਕ ਲੱਖ ਮਤਲਬ ਨਹੀਂ,ਅਣਗਿਣਤ ਯਾ ਬਹੁਤਤੋਂ ਭਾਵਹੈ। ਜਗਦੀਸ- (ਸੰਸ:ਜਗਤ+ ਈਸ਼=ਜਗਦੀਸ਼) ਜਗਤਦਾ ਮਾਲਕ; ਜਗਤ ਪਤੀ।ਪਤਿ-(ਸੰਸ:)ਮਾਲਕ,ਸੁਆਮੀ ਭਾਵ ਵਾਹਿਗੁਰੂ (2) ਸਤਿਕਾਰ। ਪਵੜੀਆਂ-ਪਉੜੀਆਂ: ਭਾਵ ਕ੍ਰਮਵਾਰ ਚੜ੍ਹਾਈ ਤੋਂਹੈ।ਪਤੀਦੇ ਸਰੂਪ ਰੂਪ ਮਹਲ ਤੱਕ ਅੱਪੜਨ ਦੀਆਂ ਪਉੜੀਆਂ। (ਅ) ਪਤਿ ਪਉੜੀਆਂ ਦਾ ਅਰਥ ਸਤਿਕਾਰ ਪ੍ਰਾਪਤੀ ਦੀਆਂ ਪਉੜੀਆਂ ਬੀ ਕਰਦੇ ਹਨ। (ਏ) ਗਯਾਨ ਮਾਰਗ ਵਾਲੇ ਇਨ੍ਹਾਂ ਤੋ ਮੁਰਾਦ ਗਯਾਨ ਦੀਆਂ ਸੱਤ ਭੂਮਕਾ ਲੈਂਦੇ ਹਨ।

(ਸ) ਭਾਈ ਗੁਰਦਾਸ ਜੀ ਨੇ ਲਿਖਿਆ ਹੈ:- 'ਚੜ੍ਹਿ ਇਕੀਹ ਪਤਿ ਪਉੜੀਆਂ' ਇਸੇ ਤੇ ਗਿਯਾਨੀ'ਵੀਹ ਵਿਸਵੇ'ਤੋਂ ਅਗੇ 'ਇਕੀਹ'ਦਾ ਭਾਵ ਬੇਸੁਮਾਰ ਯਾ ਅਨੰਤ ਲੈਂਦੇ ਹਨ। ਇਕੀਸ:-(ਇਕ+ਈਸ)=ਇਕ ਈਸ਼੍ਵਰ । ਭਾਵ ਈਸ਼੍ਵਰ ਨਾਲ ਇਕ ਹੋਈਦਾਹੈ। (ਅ) ਵੀਸ ਲੰਘਕੇ ਇੱਕੀ ਹੋਈਦਾਹੈ=ਗੇਣਤੀਤੋ ਪਰੇਹੋ ਜਾਈਦਾਹੈ॥ ਤੁਰੀਆਤੋਂ ਭਾਵ ਲੈਂਦੇ ਹਨ; ਆਕਾਸਤੋਂ ਭਾਵ ਬ੍ਰਹਮਹੈ। ਕੀਟਾ-ਕੀੜਿਆਨੂੰ (ਸੰਸ:ਕੀਟ) ਮੱਛਰ ਆਦਿ ਤੁਛ, ਪਰ, ਖੰਭਾਂ ਵਾਲੇ ਕੀੜ:- ਭਾਵ-ਕਰਨੀ ਹੀਨ ਕਥਨੀਂ ਵਾਲੇ ਜਦ ਗੱਪਾਂ ਮਾਰਦੇ ਹਨ ਤਦ ਮਾਨੋ ਕੀਟ ਖੰਭਾਂ ਨਾਲ ਉਡਦੇ ਹਨ। ਠੀਸ-ਗੱਪ।ਠਿਸਕ-ਮਾਰਨੀ=ਗੱਪ ਮਾਰਨੀ ॥

ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥ ੩੩॥

ਨੰ.1. ਬਾਵਾ ਮਿਹਰਬਾਨ ਜੀ "ਮੀਣਾ" - 33

ਆਖਣਿ ਜੋਰੁ ਚੁਪੈ ਨਹ ਜੋਰੁ॥

ਤਿਸੁਕਾ ਪਰਮਾਰਥੁ:-ਏਹ ਏਤਨੀਆਂ ਕਿ ਜਿ ਵਸਤੂ ਹੈਨਿ, ਸਿ ਜੋਰਿ ਕਰਿ ਕਰਿ ਨਾਹੀਪਾਈਤੀਆ। ਸੁ ਕਵਣੁ ਕਵਣੁ ਵਸਤੂਹੈ ? ਇਕ 'ਆਖਣ' ਸਾਰਖੀਆਂ ਵਸਤੂਹੈ। ਸੁ ਪਰਮੇਸੁਰਤੇ,'ਆਖਣਿ'ਦੇ ਜੋਰਿ ਕਰਿ ਕਰਿ ਨਾਹੀ ਪਾਈਆ ਜਾਤੀਆਂ। ਜੇ ਆਪਣੀ 'ਮਿਹਰ'ਕਰਿ ਕਰਿਦੇਇ, ਤਉ ਦੇਇ--ਨਾਤਰ ਨਹੀਂ। ਜੇ 'ਚੁਪ'ਕਰਿ ਕਰਿ ਹਠੁ ਬਧੀ ਕਰਿ, ਕਿਛੁ ਪਾਇਆ ਚਾਹੇ, ਤਉ ਨਾਹੀ ਪਾਇਆ ਜਾਤਾ, ਪਰਮੇਸੁਰਕੀ ਕਿਰਪਾ ਬਗੈਰਿ। ਅਰੁ 'ਜੋਰੁ' ਕਰਿ ਕਰਿਭੀ ਪਰਮੇਸੁਰ ਪਾਸਤੇ ਕਿਛੁ ਲੀਆ ਨਹੀਂ ਜਾਤਾ॥ ਅਰੁ ਪਰਮੇਸਰੁ ਸਾਥਿ ਕਿਛੁ 'ਜੋਗ'ਕਰਿ ਕਿਛੁ ਦੀਆਭੀ ਨਾਹੀ ਜਾਤਾ॥ ਨਾ ਦੀਸੀ ਤਾਭੀ, ਤਬ ਹੀਹੈ, ਜਬ ਉਸਕੀ ਆਗਿਆ ਰਿਦੇ ਕਉ ਆਇ ਪੇਲਤੀਹੈ। ਤਬ ਓਹੀ ਦਿਲਾਵਤਾਹੈ, ਤਬ ਕਿਛੁ ਦੀਆਂ ਜਾਤਾਹੈ। 'ਦੇ ਦਿਲਾਵੇ ਆਪਿ'; ਅਰੁ ਜੋ ਪਰਮੇਸੁਰਤੇ ਜੋਰਾਵਰੀ,'ਜੋਰੁ'ਕਰਿ ਕਰਿ ਜੀਵਿਆ ਚਾਹੈ, ਤਾਂ ਨਾਹੀ ਜੀਵਿਆ ਜਾਤਾ। ਅਰੁ ਜੋਰੁ ਕਰਿ ਕਰਿ ਆਪਸਤੇ ਮੁਆ ਭੀ ਨਾਹੀ ਜਾਤਾ। ਅਰੁ ਜੋਰੁ ਕਰਿ ਕਰਿ ਜੀਵਿਆ ਚਾਹੈ, ਮਨਮਹਿ ਜੋਰੁ ਕਰਿ ਕਰਿ ਰਾਜੁ ਮਾਲੁ ਭੀ ਨਾਹੀ ਲੀਆ ਜਾਤਾ, ਪਰਮੇਸੁਰ ਪਾਸਤੇ, ਬਿਨਾ

Sri Satguru Jagjit Singh Ji eLibrary NamdhariElibrary@gmail.com

ਪਰਮੇਸੁਰਕੀ ਕਿਰਪਾਤੇ। ਸੁਰਤਿ ਅਰੁ ਗਿਆਨਕੇ ਜੋਰਿ ਕਰਿ ਕਰਿਭੀ, ਨਾਹੀ ਲੀਆ ਜਾਤਾ, ਬਿਨਾ ਉਸਕੀ ਕਿਰਪਾਤੇ। ਅਰੁ ਜੋਰੁ ਕਰਿ ਕਰਿ ਜੁਗਤਿ ਭੀਨਾਹੀ ਹੋਂਦੀ। ਅਰੁ ਜੋਰੁ ਕਰਿ ਕਰਿਸੇ, ਸਾਰੁ ਮੁਕਤਾਭੀ ਨਾਹੀ ਹੋਂਦਾ। ਸਭੁਨਾ ਬਾਤਾਂ ਦਾ ਜੋਰੁ ਉਸਹੀ ਪਾਸਿਹੈ। ਜਿਸਨੋ ਕਿਰਪਾ ਕਰਿ ਕਰਿ ਦੇਇ, ਤਿਸਹੀ ਕਉ ਪ੍ਰਾਪਤੀ ਹੋਇ। ਉਸਕੇ ਆਗੇ ਕਉਨੁ ਉਤਮੁ ਅਰੁ ਕਉਨੁ ਨੀਚੁ। ਜਿਸ ਕਉ ਕਿਰਪਾ ਕਰੇ,ਸੋਈ ਬਡਾ॥

ਨੰ.2. ਭਾਈ ਮਨੀ ਸਿੰਘ ਜੀ 'ਸ਼ਹੀਦ' – 33

ਆਖਣਿ ਜੋਰੁ ਚੁਪੈ ਨਹ ਜੋਰੁ॥

ਬਾਬਾ ਜੀ ਕਹੇ ਹੈ ਕਿ:- ਵਾਹਿਗੁਰੂ ਦੀ ਸਿਫ਼ਤ ਆਖਨ ਦਾ ਭੀ ਜ਼ੋਰ ਇਸ ਜੀਅ ਪਾਸ ਨਹੀਂ। ਅਰ ਸਮਾਧਾਂ ਲਾਵਣਦਾ ਭੀ ਇਸ ਪਾਸ ਜ਼ੋਰ ਨਹੀਂ। ਅਰ ਮੰਗਣਦਾਭੀ ਇਸ ਕੋਲ ਜ਼ੋਰ ਨਹੀਂ। ਅਤੇ ਦਾਨ ਦੇਵਣਦਾ ਭੀ ਇਸਤੇ ਜ਼ੋਰ ਨਹੀਂ। ਅਰ ਜੀਵਣਦਾ ਭੀ ਇਸ ਪਾਸ ਜ਼ੋਰ ਨਹੀਂ। ਅਰ ਮਰਣਦਾਭੀ ਇਸ ਕੋਲ ਜ਼ੋਰ ਨਹੀ। ਅਤੇ ਰਾਜ ਮਾਲ ਲੈਣੇਦਾਭੀ ਇਸ ਕੋਲ ਜ਼ੋਰ ਨਹੀਂ ਅਤੇ ਵੇਦਾਂਦੇ ਗਿਆਨ ਵੀਚਾਰਨ ਦਾਭੀ ਇਸ ਪਾਸ ਜ਼ੋਰ ਨਹੀਂ ਅਤੇ ਸੰਸਾਰਦੇ ਛੁੱਟਨਦੀ ਜੁਗਤਿਭੀ ਇਸਦੇ ਹੱਥ ਨਹੀਂ। ਤਾਂਤੇ ਜਿਸ ਵਾਹਿਗੁਰੂਕੇ ਹੱਥ ਜ਼ੋਰਹੈ, ਸੋ ਓਹ ਜ਼ੋਰ ਦੇਂਦਾਹੈ, ਅਤੇ ਵੇਖਦਾਹੈ। ਅਤੇ ਜਿਸਨੂੰ ਸਾਤਕੀ ਗੁਣ ਦੇਂਦਾਹੈ, ਸੋ ਉੱਤਮ ਹੁੰਦਾਹੈ; ਅਰ ਜਿਸਨੂੰ ਰਾਜਸੀ ਗੁਣ ਦੇਂਦਾਹੈ,ਸੋ ਮੱਧਮ ਹੋਂਦਾਹੈ; ਅਰ ਜਿਸਨੂੰ ਤਾਮਸੀ ਗੁਣ ਦੇਂਦਾਹੈ, ਸੋ ਨੀਚ ਹੁੰਦਾਹੈ;ਅਰ ਹੋਰ ਉੱਤਮ, ਨੀਚ ਕੋਈ ਨਹੀਂਹੈ ॥33॥

ਨੰ.3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ) –33

ਆਖਣਿ ਜੋਰੁ ਚੁਪੈ ਨਹ ਜੋਰੁ॥

ਇਸਕਾ ਅਰਥ॥ "ਆਪਣੇ ਕਿਆ ਕਹੀਐ ਪ੍ਰਭਕੀ ਸੁਤਾ"(894:8); ਆਖਣਮੋਂ ਆਪਣਾ ਬਲ ਕਛ ਨਹੀਂ। ਚੁਪੇ ਸਮਾਧਿ ਬਿਖੇ ਸਿਥਤ। ਤਥਾਨ ਲੀਨਤਾ, ਇਸਮੁਹ ਭੀ ਕਛ ਬਲ ਨਹੀਂ। ਤਥਾ ਸਭਕੇ ਮੰਗਣਿਮਹੁ ਭੀ ਕੁਛ ਕਿਸੀਕਾ ਜ਼ੋਰ ਨਹੀਂ। ਤਥਾ ਦਾਨ ਦੇਨ ਬਿਖੇਭੀ ਕੁਛ ਬਲ ਨਹੀਂ। ਤਥਾ ਜੀਵਣੁ ਮਰਣਸੋ ਪ੍ਰਾਰਭਧ ਅਨੁਸਾਰ ਈਸ਼੍ਵਰ ਅਧੀਨਹੈ; ਤਿਸਮੋਂ ਭੀ ਕਿਸੀਕਾ ਕੁਛ ਬਲਿ ਨਹੀਹੈ। ਅਰ ਰਾਜ ਤਥਾ ਮਾਲ ਧਨ ਕਾ ਮਾਨ, ਮੋਹੁ, ਘਮੰਡ ਜੋਹੈ,ਤਿਸ ਮਦਭੀ ਕਿਸੀਕਾ ਕੁਛ ਬਲ ਨਹੀਹੈ। ਅਰ ਸੁਰਤਿ ਕਹੀਐ ਬੁੱਧ,ਅਰ ਗਯਾਨ ਆਤਮਾਕਾ ਜਾਨਣਾ, ਅਰ ਵੀਚਾਰ ਸਤਿ-ਅਸਤਿਕਾ ਨਿਰਨਾ ਅਰ ਜੁਗਤਿ ਜੋਹੈ, ਜਿਨ ਜੁਗਤਿਹੁ ਕਰਕੇ ਸੰਸਾਰਕਾ ਆਵਾਗਵਨ ਛੁਟੇਹੈ; ਜੋ ਇਨ ਸਭਮੋ ਕਿਸੀਕਾ ਕੁਛ ਜ਼ੋਰ ਨਹੀਂਹੈ। ਕੇਵਲ ਈਸ਼੍ਵਰ ਅਧੀਨ ਹੀਹੈ। ਤਾਤੇ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ। ਨਾਨਕੁ ਉਤਮੁ ਨੀਚੁ ਨ ਕੋਇ॥33॥ ਜਿਸ ਪ੍ਰਭਕੇ ਹਾਥ ਸੰਪੂਰਣ ਬਲਿ ਹੈ। ਸੋ ਅਪਨੇ ਬਲਕੋ ਆਪਹੀ ਲੀਲਾ ਕਰ, ਕਰ ਦੇਖਤੇਹੈਂ। ਇਸਮਹੁ ਨ ਕੋਈ ਉੱਤਮਹੈ ਨ ਨੀਚਹੈ। ਕੇਵਲ ਆਪਹੀ ਆਪਹੈਂ। ਸ੍ਰਿਸਟਿ ਲੀਲਾ ਮਾਤ੍ਰ ਹੀਹੈ;ਗੀਤਾ 18:61 ਪ੍ਰਮਾਣਹੈ:

ईश्वरः सर्वभूतानां हृद्देशेऽर्जुन तिष्ठति। भ्रामयन्सर्वभूतानि यन्त्रारूढानि मायया ॥18-61॥ झहफ_ो

Sri Satguru Jagjit Singh Ji eLibrary NamdhariElibrary@gmail.com

ਅਰਥ॥ ਹੇ ਅਰਜਨ ਈਸ਼੍ਵਰ ਜੋ ਹੈ ਸੋ ਸ੍ਰਬ ਪ੍ਰਾਣੀਅਉ ਕੇ ਹ੍ਰਿਦੇ-ਦੇਸ਼ ਬਿਖੇ ਸਥਿਤ ਹੈ। ਜੋ ਸੋ ਅਪਨੀ ਮਾਯਾ ਰੂਪੀ ਜੰਤ੍ਰ ਪਰਸ ਤਬ ਪ੍ਰਾਣੀਓ ਕੋ ਆਰੂੱਢ ਕੀਏ ਭ੍ਰਮਾਵੇ ਹੈ। ਨਾਚ ਕੇ ਜੰਤ੍ਰ ਕੀ ਨਯਾਈ, ਤਾਤੇ ਪ੍ਰਭ ਕੀ ਜੋ ਲੀਲਾ, ਸੋ ਏਕ ਅਸਚਰਜ ਹੀਹੈ ॥33॥

ਨੰ.4. ਸਾਧੂ ਅਨੰਦਘਨ ਜੀ (ਉਦਾਸੀਨ-ਪੁਰਾਣ ਕਥਾ ਵਾਚੀ) -33

ਆਖਣਿ ਜੋਰੁ ਚੁਪੈ ਨਹ ਜੋਰੁ॥

ਜਬ ਪਰਮੇਸ਼੍ਵਰਕੀ ਨਦਰ ਹੋਵੇਗੀ ਤਬੀ ਪਰਮੇਸ਼੍ਵਰ ਪਾਇਆ ਜਾਇਗਾ,ਔਰ ਸਭ ਝੂਠਿਓਕੀ ਝੂਠੀਆਂ'ਠੀਸਾ' ਹੋਤੀਆਂਹੈ। ਘਰਮੋਂ ਨਹੀਂ ਖਾਣੇਕੋ, ਨਾਮ 'ਕਰੋੜੀ'ਮਲ। ਬਿਨ ਭਜਨ ਨਹੀਂ ਸਿੱਧਾਂ॥ ਨਨੁ॥ ਸਰਬ ਸ੍ਰਿਸਟ ਪਰਮੇਸਵਰਕੀ ਹੀ ਤੋਹੈ ।ਏਕ ਪਰ,ਪਰਮੇਸ਼੍ਵਰਨੇ ਨਦਰ ਕਰੀ,ਦੂਸਰੇ ਪਰ,ਨਹੀ ਕਰੀ:ਤਾਂਤੇ ਪਰਮੇਸ਼੍ਵਰ ਕਪਟੀ ਹੁਆ,ਸਾਫਤੋ ਨ ਹੁਆ?

ਤਿਸਕਾ ਉਤਰ:- ਪਰਮੇਸ਼੍ਵਰ ਕੀਜੋ ਨਦਰਹੈ ਸੋ ਦੀਪਕਕੀ ਨਿਆਈਹੈ।ਜੈਸੇ ਜੋ ਪੁਰੁਖ ਦੀਪਕਕੇ ਨਿਕਟਵਰਤੀ ਹੋਤਾਹੈ ਤਿਸੀਕੋ ਦੀਪਕ ਪ੍ਰਕਾਸ਼ ਕਰਤਾਹੈ, ਦੂਰਵਰਤੀਕੋ ਨਹੀਂ ਕਰਤਾ। ਇਸਮੋ ਕਛ ਦੀਪਕਕਾ ਕਪਟਤੋ ਨਹੀਂ। ਤੈਸੇਹੀ ਜੋ ਨਾਮਕਾ ਅਰਾਧਨ ਕਰਨੇ ਵਾਲੇਹੈਂ; ਤੇ ਪਰਮੇਸ਼੍ਵਰਕੇ ਨਿਕਟ ਵਰਤੀਹੈਂ; ਤਿਨਪਰ ਹੀ ਪਰਮੇਸ਼੍ਵਰਕੀ ਨਦਰ ਹੋਤੀਹੈ। ਅਰ ਜੋ ਨਾਮਤੇ ਵੇਮੁਖਹੈ ਤੇ ਪਰਮੇਸ਼੍ਵਰਕੇ ਦੂਰ-ਵਰਤੀ ਹੈਂ; ਤਿਨ ਪਰ ਨਦਰ ਭੀ ਨਹੀਂ ਹੋਂਤੀ। ਯਦਵਾ:- ਨਦਰ ਜੋ ਹੋਤੀਹੈ, ਸੋ ਪਿਆਰੇ ਪਰ ਹੋਤੀਹੈ, ਅਪਿਆਰੇ ਪਰ ਨਹੀਂ ਹੋਤੀ। ਤਾਂਤੇ ਪਰਮੇਸ਼੍ਵਰਕੋ ਪਿਆਰਾ ਨਾਮ ਹੀਹੈ, ਔਰ ਪਿਆਰਾ ਕਛਭੀ ਨਹੀਂ॥ ਪ੍ਰਮਾਣ ਇਸ ਪਰ ਪੀਛੇ ਕੇਹਾ ਹੀਹੈ॥ ਨਾਰਾਇਣ ਕਹਤੇਹੈਂ ਨਾਰਦ ਕੋ:-"ਮੈਂ ਵੇਕੁੰਠ ਵਿਖੇਭੀ ਨਹੀ ਵਸਤਾ,ਅਰ ਯੋਗੀਓਕੇ ਹ੍ਰਿਦੇ ਵਿਖੇਭੀ ਨਹੀ ਵਸਤਾ"। ਜੋ ਨਾਰਦ ਪੂਛੇ, ਮਹਾਰਾਜ ਆਪ ਕਹਾ ਵਸਤੇ ਹੋ? ਤਿਸੀਕਾ ਉਤਰ ਨਾਰਾਇਣ ਕਹਤੇਹੈਂ:- "ਮੇਰੇ ਭਗਤ ਜਹਾ ਮੇਰੇ ਨਾਮਕਾ ਮਹਮਾਕੋ ਗਾਵਤੇ ਹੈ, ਮੈਂ ਤਹਾਹੀ ਵਸਤਾਹੋਂ"। ਅਬ ਇਸਕੋ ਵੀਚਾਰ ਕਰ ਕਰ ਦੇਖਾ ਚਾਹੀਏ। ਜਿਸਨੇ ਵੈਕੁੰਠ ਵੀ ਨਹੀ ਪਿਆਰਾ ਕੀਆ, ਤਿਸਕੋ ਔਰ ਕਿਆ ਪਿਆਰਾ ਹੋਵੇਗਾ॥ ਤਾਂਤੇ ਪਰਮੇਸ਼੍ਵਰ ਕੋ ਨਾਮ ਹੀ ਪਿਆਰਾ ਹੈ ਜਿਸਕੇ ਬਦਲੇ ਵੈਕੁੰਠ ਕਉ ਛੋਡ ਦੀਆ॥ ਤਾਂਤੇ ਨਾਮ-ਜੁਗਤ ਜੋ ਪੁਰਖਹੈ ਤਿਸੀ ਪਰ ਪਰਮੇਸ਼੍ਵਰ ਕੀ ਨਦਰ ਹੋਤੀਹੈ--ਦੂਸਰੇ ਪਰ ਹੋਤੀ ਹੀ ਨਹੀਂ॥33॥

ਅਬ ਔਰ ਭੀ ਉਪਦੇਸ਼ ਰੂਪੀ ਤਮਾਚਾ ਗਵਾਰੋ ਕੇ ਮੁੱਖ ਪੜਤਾਹੈ:-

ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥
ਜੋਰੁ ਨ ਜੀਵਣਿ ਮਰਣਿ ਨ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥

ਜੋਰ ਨਾਮ ਹੈ ਬਡਾਈਕਾ, ਜੋ ਕਹੇਗਾ ਬਡਾਈ ਕੀਆ ਬਾਤੇ 'ਸੇ ਐਸਾ ਸਿੱਧਤ ਪਰਮੇ ਸ਼੍ਵਰਹੋ', ਤੋ ਕਹਿਣੇਤੇ ਬਡਾਤੋ ਨ ਹੋਜਾਏਗਾ। ਅਰੁ ਜੋ ਬਡਾਈਦੇ ਨਮਿੱਤ ਮੋਨ ਬ੍ਰਤ ਧਾਰਣ ਕਰੇਗਾ, ਤੋਭੀ ਤੋ ਬਡਾ ਨ ਹੋਜਾਏਗਾ। ਭੀਖ-ਮਾਗਣੇ ਤੇ ਭੀ ਬਡਾ ਨ ਹੋਵੇਗਾ। ਵਰ ਦੇਣੇ ਤੇ ਭੀ ਬਡਾ ਨਾ ਹੋਇਗਾ॥ ਜੋਗ-ਕਲਾ ਕਰ ਕਰ ਚਿਰੰਕਾਲ ਜੀਵਤਾ ਰਹਾ,ਕੋ ਭੀ ਤੋਬਡਾ ਨ ਹੋਵੇਗਾ।ਅਰ ਜੋ ਸ੍ਵਛੰਦ-ਮ੍ਰਿਤੁ ਹੋਇ ਕਰਿ ਸ਼ੀਘ੍ਰਹੀ ਪ੍ਰਾਣ ਤਿਆਗੇਗਾ, ਤੋਭੀ ਤੋ ਬਡਾ ਨ ਹੋਵੇਗਾ। ਅਰ ਜੋ ਰਾਜ, ਮਾਲ ਪਾਇਆ, ਅਰ ਮਨ-ਸੋਰ, ਕਿਆ ਕਹੀਏ,ਬਡਾ ਸ਼ੋਰ

Sri Satguru Jagjit Singh Ji eLibrary NamdhariElibrary@gmail.com

ਸਰਾਬਾ ਪਾਇਆ ਫੁਲਾਣਾ ਬਡਾ ਸੰਤ,ਮਹੰਤਹੈ,ਸਰਬ ਲੋਕ ਉਸਕੀ ਪੂਜਾ ਕਰਤੇਹੈਂ,ਇਸਮੇਂ ਬੀ ਕਛ ਬਡਾਈ ਨਹੀਂ॥

ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥

ਵੇਦ ਕੀਆ ਸੁਰਤੀਆ ਪੜਨੀਆ;ਅਰ ਯੁਕਤਿ ਬਾਂਧ ਕਰ ਗਯਾਨ,ਵੈਰਾਗ ਕੀਆਂ ਬਾਤਾਂ ਕਰਣੀਆਂ,ਇਸਮੇਂ ਭੀ ਕਛ ਬਡਾਈ ਨਹੀ॥ ਨਨੁ: ਜਿਨ ਬਾਤੋਂਕਾ ਤੁਮਨੇ ਨਖੇਦ ਕੀਆ ਇਨਕੋ ਹੀਤੋ ਸਰਬ ਲੋਕ ਬਡਾ ਮਾਨਤੇ ਹੈ, ਇਨਮੋ ਬਡਾਈ ਕਿਓਂ ਨਹੀਂ?

ਕਾਹੇਤੇ; ਤਿਸੀਕਾ ਉਤਰ ਕਹਤੇਹੈਂ,'ਨ ਛੂਟੇ ਸੰਸਾਰੁ'। ਸੰਸਾਰ ਜੋਹੈ ਆਵਾਗੋਣ,ਸੋਇ ਨ ਬਾਤੋਂ ਕਰ ਕਰ ਛੂਟਤਾ ਤੋ ਨਹੀਂ। ਨਨੁ: ਆਵਗੌਣ ਕਿਸਤੇ ਛੂਟਤਾਹੈ ? ਤਿਸੀਕਾ ਉਤਰ (ਬਾਬਾ ਨਾਨਕ) ਕਹਤੇਹੈ:- ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥ 33॥

ਬਡਾਈ ਦੇਣੇ ਵਾਲਾ ਜੋਹੈ 'ਨਾਮ', ਜਿਸਕੋ ਦੇਕਰ ਪਰਮੇਸ਼ੂਰ ਦੇਖਤਾਹੈ, ਤਹਾ ਉਤਮ, ਨੀਚ, ਮੂਰਖ, ਪੰਡਤ, ਭੇਖੀ, ਪਾਖੰਡੀਕੀ ਕੁਛ ਕਲਪਣਾ ਨਹੀ॥ ਸੈਣ, ਨਾਮਾ, ਧੰਨਾ, ਰਵਿਦਾਸ, ਕਬੀਰ-ਇਨਕੀ ਕੌਣਸੀ ਜਾਤ ਥੀ ਅਰ ਕੌਣਸੀ ਸ਼ਾਸਤ੍ਰ, ਪੁਰਾਣ ਪੜੇਥੇ ਅਰ ਕੌਣਸੇ ਭੇਖ ਧਾਰਣ ਕੀਏ ਥੇ? ਬਡਾਈ ਦੇਣੇ ਵਾਲਾ ਜੋ 'ਨਾਮ' ਥਾ; ਨਾਮ, ਦਾਨ, ਕਰ ਕਰ ਪਰਮੇਸ਼ੂਰ ਨੇ ਇਨ ਕੋ ਦੇਖਾ; ਤੋ ਇਹ 'ਨਾਮ'ਕੇ ਪ੍ਰਤਾਪਤੇ ਸੰਪੂਰਨ ਜਗਤਕੇ ਹੀ ਪੂਜ ਹੂਏ ਅਰ ਆਵਾਗੌਣ ਤੇਭੀ ਛੂਟੇ। ਤਾਤੇ "... ਉਤਮ ਗੁਨਉ ਚੰਡਾਲਾ ਨਾਨਕ ਜਿਹ ਮਨਿ ਬਸਹਿ ਗੋਪਾਲਾ"(253:11) ਸਿਧੋ ਨਾਮ ਯੁਕਤ ਜੋ ਪੁਰਖਹੈ, ਤਿਨਕੋ ਤੁਮਨੇ ਪਾਖੰਡੀ ਮਾਨਾ,ਅਰ ਮੁੰਦ੍ਰਾ,ਝੋਲੀ,ਕੱਥਾ ਇਨਕੋ ਸਚਾ-ਭੇਖ ਮਾਨਾ, ਇਸੀਕਾ ਨਾਮ 'ਬੋਲ-ਵਿਗਾੜ' ਹੈ। 'ਬੋਲ ਵਿਗਾੜ'ਹੀ ਧਰਮ ਰਾਜਾਕੇ ਦਫਤਰ ਪਰ ਗਵਾਰੋ ਸਿਰ ਗਵਾਰ ਲਿਖ ਜਾਤੇਹੈਂ ॥ 33॥

ਨੰ.5.ਭਾਈ ਸੰਤੋਖ ਸਿੰਘਜੀ 'ਚੂੜਾਮਣੀ'(ਨਿਰਮਲ-ਗਿਆਨੀ)-33

ਪਰਮੇਸ਼ੂਰ ਕੀ ਨਦਰਿ ਤੇ ਪ੍ਰਾਪਤਿ ਹੋਤ ਹੈ 'ਸਤਿਨਾਮ'। ਆਪ ਇਸ ਪ੍ਰਾਨੀ ਤੇਂ ਕਛੁ ਨਹੀਂ ਹੋ ਸਕਿਤ ਹੈ, ਅਗਾਰੀ ਇਸੀ ਬਾਤ ਕੋ ਪ੍ਰਤਿਪ੍ਰਾਦਨ ਕਰੀਤਾ ਹੈ, ਸੋਈ ਕਹੀਅਤ ਹੈ:-ਆਖਣਿ ਜੋਰੁ ਚੁਪੈ ਨਹ ਜੋਰੁ॥ ਜੋ ਕਿਛੁਹੈ ਸਰਬ ਪਰਮੇਸੁਰਕੇ ਕਰਣਮੇਂਹੈ, ਇਹ ਪਰਤੰਤ੍ਰ ਜੋ ਪ੍ਰਾਣੀਹੈ ਇਸਕੋ ਆਖਣਿ ਮੇਂਭੀ ਬਲ ਨਹੀਂ, ਕਯਾ ? ਜੋ ਆਪਿ ਤਨਕ ਭਰ ਬਲਿ ਭੀਨਹੀਂ ਸਕਤਹੈ, ਕਰਮ ਅਨੁਸਾਰ ਜੈਸੇ ਪ੍ਰੇਰਕ ਈਸ਼ਰ ਪ੍ਰੇਰਤ ਹੈ ਤੈਸੇ ਹੀ ਪ੍ਰਾਣੀ ਕਰਤਹੈ ਕਰਮ ਅਧੀਨਤੇ ਜੋ ਰਸਨਾ ਬੋਲਨ ਵਾਲੀਹੈ ਤਿਸਤੇ ਬੋਲਨੇਕੀ ਸ਼ਕਤਿ ਨਹੀਂ ਰਹਤਹੈ, ਜੇ ਕਰਿ ਇਸਮੇਂ ਜੋਰਹੈਤੇ ਬੰਦ ਹੂਈ ਜੀਭਸੋਂ ਬੋਲ,ਜੋ ਨਹੀਂ ਬੋਲਯੋ ਗਯੋ,ਤੋ ਜਾਨੀਏ,ਜੋ ਇਸਕਾ ਬਲ ਇਸਮੇਂ ਨਹੀਂ ਚਲਤਹੈ। ਤਿਸੀ ਰੀਤਿ 'ਚੁਪੈ ਨਹ ਜੋਰੁ' ਚੁਪ ਕਰਨਿਮੇਂ ਭੀ ਇਸਕੋ ਬਲੁ ਨਹੀਂਹੈ। ਜਿਸ ਕਾਲਮੇਂ ਦੁਖਤੇ ਬਾਇਕੋ ਔਂ ਹੋਇ ਜਾਤਹੈ। ਜੇ ਇਸਕੋ ਬਲੁ ਤਹਾਂ ਹੋਇ, ਤੋ ਚੁਪਿ ਕਰਿ ਰਹੈ। ਜੋ ਚੁਪ ਨਹੀਂ ਕਰੀ ਗਈ, ਤੋ ਜਾਨੀਏ ਇਸਕੇ ਜੋਰ ਚੁਪ ਕਰਿਨਮੇਂ ਭੀ ਨਹੀਂ। ਜਿਸ ਪ੍ਰਾਨੀਕੋ ਬਲੁ ਬੋਲਨਿਮੇਂ, ਚੁਪ ਕਰਨਿਮੇਂ, ਦਊ ਸੁਖੇਨ ਵਸਤੂਹੈਂ, ਇਨਮੇਂ ਭੀ ਨਹੀਂ; ਜੋ ਔਰ ਬਡੇ ਜਤਨਕੀ ਵਸਤੁਹੈ ਸੋ ਕੈਸੇਹੋ ਸਕਤਿਹੈਂ ? ਯਾਤੇ ਜਾਨੀਤਾਹੈ ਸੁਖੇਨ। ਕਿੰਵਾ ਕਠਨ ਹੋਨ ਵਾਰੋ ਕਾਜ ਸਰਬ ਪਰਮੇਸੁਰਕੇ ਅਧੀਨ ਹੈਂ।

Sri Satguru Jagjit Singh Ji eLibrary NamdhariElibrary@gmail.com

ਜੋਰੁ ਨ ਮੰਗਣਿ ਦੇਣਿ ਨ ਜੋਰੁ॥

ਇਨ ਪ੍ਰਾਣੀਓਂਕਾ ਜੋਰੁ ਮੰਗਣਿਮੇਂ ਭੀਨਹੀਂ,ਕਹੇਤੇ ? ਜੋ ਸੁ ਕੁਛ ਮਾਂਗਤਹੈ। ਜੁ ਕੁਛ ਇਸਕੇ ਲੇਖਮੇਂ ਲਿਖਯੋ ਹੈ ਸੋਈ ਕਿਛੁ ਹਾਥ ਆਵਤਹੈ, ਔਰ ਵਧੀਕ ਤਿਸਤੇ ਨਹੀਂ ਬਨਤਹੈ। ਜੇਕਰ ਮਾਂਗੇਤੇ ਹਾਥ ਆਵੇ,ਤੋ ਸਰਬਹੀ ਮੁਕਤਿ ਹੋਇਂ,ਅਰੁ ਸਰਬਹੀ ਪਦਾਰਥੋਂ ਮੇਂ ਮਹਾਨ ਹੋ ਜਾਵੇਂ। ਪਰਮੇਸੁਰਜੋ ਪ੍ਰੇਰਕਹੈ ਜਹਾਂਤੇ ਹਾਥ ਆਵਤਹੈ, ਤਹਾਂਤੇ ਪ੍ਰਾਲਬਧਕੇ ਅਨੁਸਾਰ ਲੈਨੇ ਦੇਤਹੈ। ਜੈਸੇ,ਸ੍ਰੀ ਚੰਡੀਕੇ ਪ੍ਰਗਟ ਭਏਤੇ ਬਨੀਏਨੇ ਮੁਕਤਿ ਮਾਂਗੀ,ਰਾਜਾਨੇ ਰਾਜ ਮਾਂਗਯੋ, ਰਾਜੇਕੋ ਪ੍ਰਾਲਬਧ ਕਰ ਮੁਕਤਿ ਨਹੀਂ ਬਨੀ; ਯਾਂਤੇ ਜਾਨੀਤਾਹੈ ਮਾਰਬੇਮੇਂ ਭੀ ਇਸਕੋ ਜੋਰੁ ਨਹੀਂ। ਤਿਸੀ ਰੀਤਿ ਦੇਬੇ ਮੇਂ ਭੀ ਜੋਰੁ ਨਹੀਂ। ਕੁਰਛੇਤਰਸੇਂ ਰੱਤੀ ਸੁ ਇਨਾ ਦੇਬੇ ਮੇਂ ਤੇਰਾ ਦਿਨਲੰਗ ਤੇਰਾ ਤੇਰਾ ਗੁਨੋ ਬਧਤੋ ਜਾਤਹੈ, ਏਤੋ ਲਾਭ ਹੋਨਾ ਸ਼ਾਸਤ੍ਰ ਕਹਿਤਾਹੈ, ਪਰੰਤੁ ਦੀਓ ਨਹੀਂ ਜਾਤਹੈ; ਤਾਂਤੇ ਦੇਬੋ ਭੀ ਇਸ ਪ੍ਰਾਨੀਕੇ ਅਧੀਨ ਨਹੀਂ।

ਜੋਰੁ ਨ ਜੀਵਣਿ ਮਰਣਿ ਨ ਜੋਰੁ॥

ਜੀਵਨ ਜੋਹੈ ਜਗਤਮੇਂ ਸੋਭੀ ਪ੍ਰਾਨੀਕੇ ਹਾਥ ਨਹੀਂ; ਜੇਤੋ ਕ੍ਰਮ ਅਨੁਸਾਰ ਜੀਬੋ ਲਿਖ ਦੀਓਹੈ,ਤੇਤੋਹੀ ਜੀਵਤਹੈ, ਬਿਨਾ ਲਿਖੇ ਏਕ ਸਵਾਸਭੀ ਜੀਵਨੋ ਨਹੀਂ ਪਾਵਤਹੈ। ਮਰਣਮੇਂ ਭੀ ਜੋਰੁ ਨਹੀਂ ਚਲਤਹੈ,ਜਬ ਮਰਣ ਲਗਤਹੈ ਕਿਸੀ ਰੀਤਿਸੋਂ ਭੀ ਬਚਾਉ ਨਹੀਂ ਹੋਤਹੈ। ਕਿੰਵਾ ਜੀਵਨਮੇਂ ਜੋ ਮਰਯੋ ਚਾਹੇਤੋਂ ਮਰਯੋ ਨਹੀਂ ਜਾਤਿਹੈ। ਸ਼ੰਗ੍ਰਾਮਮੇਂ ਜਾਂ ਮ੍ਰਿਤ ਹੋਤਹੈਂ ਤੇ ਅਨੇਕਹੀ ਬਰਖ ਸੁਰਗ ਭੋਗਤ ਰਹਿਤੇਹੈਂ, ਪਰ ਤਹਾਂ ਜਿਨ੍ਹੋਂਕੀ ਲਿਖੀਹੈ ਸੋਈ ਮਰਤਹੈਂ, ਇਤਯਾਦੀ। ਤੀਰਥਨਕੇ ਸਥਾਨਮੇਂ ਮਰਣਿ ਪਰਭੀ ਜੋ ਨਹੀਂ ਚਲਤਹੈ।

ਜੋਰੁ ਨ ਰਾਜਿ ਮਾਲਿ ਮਨਿ ਸੋਰੁ॥

ਰਾਜ ਲੈਨੇ ਅਰ ਮਾਲ ਲੈਨ ਇਨਕੇ ਸੰਕਲਪ-ਵਿਕਲਪ ਅਨੇਕਹੀ ਮਨਮੇਂ ਹੋਤਹੈ। ਤਿਸ ਕਰਿਭੀ ਨਹੀਂ ਰਾਜ ਮਾਲ ਪ੍ਰਾਪਤ ਹੋਤਹੈ। ਕਰਮ ਅਨੁਸਾਰ ਜਿਨਕੇ ਲੇਖਮੇਂ ਲਿਖਯੋ, ਤਿਨਕੋ ਹੀ ਪ੍ਰਾਪਤਿ ਹੋਤਹੈ।

ਜੋਰੁ ਨ ਸੁਰਤੀ ਗਿਆਨਿ ਵੀਚਾਰਿ॥

ਬੇਦ ਪਾਠਕੇ ਗਯਾਨੀ ਹੋਨੋ, ਸਤਿ-ਅਸਤਿਕੋ ਬੀਚਾਰਨੋ, ਇਸਮੇਂ ਭੀ ਪ੍ਰਾਨੀਕੋ ਜੋਰ ਨਹੀਂ, ਪਰਮੇਸੁਰ ਕੀ ਕ੍ਰਿਪਾ ਦ੍ਰਿਸ਼ਟਿਤੇ ਬਿਨਾ। ਕਿੰਵਾ, 'ਸੁਰਤੀ'= 'ਬੇਦ' ਪਵਨੋ, ਯਹ ਜੁਦੋ, ਗਯਾਨ ਜੁਦੋ, ਬੀਚਾਰ, ਇਨ ਤੀਨੋਂ ਮੇਂ ਭੀ ਜੋਰੁ ਨਹੀਂ ਚਲਤ ਹੈ, ਜੋ ਮੋਕੋ ਪ੍ਰਾਪਤਿ ਹੋਇਂ।

ਜੋਰੁ ਨ ਜੁਗਤੀ ਛੁਟੈ ਸੰਸਾਰੁ॥

ਖਟ ਸ਼ਾਸਤ੍ਰਮੇਂ ਅਨੇਕਹੀ ਪ੍ਰਕਾਰਕੀ ਜੋ 'ਜੁਗਤਿ'ਹੈਂ ਪਰਮਾਤਮਾਕੇ ਸਿਧ ਕਰਨ ਪਰਿ,ਅਰੁ ਜਗਤਿਕੇ ਅਨਿਤ ਬਤਾਵਨ ਪਰ,ਔਰ ਕਲਯਾਨਕੇ ਮਾਰਗੁਕੀ ਜੁਗਤਿਹੈਂ ਬੁਧਿਕੀ, ਤਿਨ੍ਹੋਂ ਕਰਿ ਸੰਸਾਰ, ਜਨਮ, ਮਰਨ ਤਿਸਤੇ ਨਿਵਿਰਤ ਹੋਨੋ,ਇਸਮੇਂ ਭੀ ਪ੍ਰਾਨੀਕੇ ਬਲ ਨਹੀਂ। ਜੋ ਪਰਮੇ ਸੁਰਕੀ ਕ੍ਰਿਪਾ ਹੋਇਤੇ ਸੰਸਾਰਤੇ ਮੋਖ਼ ਹੋਇ।

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥

Sri Satguru Jagjit Singh Ji eLibrary NamdhariElibrary@gmail.com

ਜੇ ਇਸ ਬਾਤਕੋ ਨਹੀਂ ਮਾਨਤਹੈ ਪਰਮੇਸੁਰਕੀ ਦਿਸ਼ ਤੇ, ਅਰੁ ਕਹਤਹੈਂ: ਇਨ ਬਾਤੋਂਮੇਂ ਕਿਸੀ ਵਸਤੁਕੋ ਹਮ ਕਹ ਸਕਤੇਹੈ, ਅਪਨਾ ਬਲ ਕਰਿ; ਕਿੰਵਾ, ਬੁਧਿਕੇ ਬਲ ਕਰਿ ਦੇਖ; ਸੋ ਕਦਾਚਿਤਭੀ ਨਹੀਂ ਹੋਇਗੇ। ਕਿੰਵਾ, ਜਿਸ ਪਰਮੇਸੁਰਕੇ ਹਾਥ ਜੋਰਹੈ,ਸਭੁ ਕਿਛ ਕਰਣੇ ਕਾ,ਸੋ ਕਰਿ ਕਰਿ ਸਦੀਵ ਦੇਖਤਹੈ:ਔਰ ਕਿਸੀਤੇ ਕਿਆ ਹੋਇ ਆਵਤਹੈ।

ਇਸ ਪਾਉੜੀ ਕੋਂ ਪੂਰਬ ਜੋ ਤੁਕ ਕਹੀ ਹੁਤੀ: 'ਨਾਨਕ ਨਦਰੀ ਪਾਈਐ' ਤਿਸੀਕੋ ਅਰਥ ਸਪਸ਼ਟ ਕਹਯੋ ਜੋ ਪਰਮੇਸੁਰ ਕ੍ਰਿਪਾ ਦ੍ਰਿਸ਼ਟਿ ਕਰੇਤੇ ਭਾਣੇ ਆਛੇ ਲਾਗੈ,'ਸਤਿਨਾਮ'ਸਿਮਰੇ, ਗਯਾਨਕੀ ਪ੍ਰਾਪਤਿਸੋ ਮੁਕਤਿ ਹੋਇ, ਯਹ ਬਯੰਗ ਨਿਕਸਯੋ। ਅਗਲੀ ਤੁਕਮੇਂ ਪ੍ਰਾਨੀਓਂਕੇ ਮਨਕੀ ਦਸ਼ਾ ਕਹਤ ਹੈਂ:-

ਨਾਨਕ ਉਤਮੁ ਨੀਚੁ ਨ ਕੋਇ॥33॥

ਸ੍ਰੀ ਨਾਨਕ ਸਾਹਿਬਜੀ ਕਹਤ ਹੈਂ; ਅਪਨੇ ਮਨਮੇਂ ਸਰਬਹੀ ਉੱਤਮ ਬਨੇ ਬੈਠੇਹੈਂ,ਕਯਾ ? ਉਚੇ ਕਹਾਵਤਹੈ: ਹਮ ਆਛੇਹੈਂ,ਸਰਬ ਮਤਿਨ ਵਾਰੇ। ਨੀਚ ਨੀਵੇ ਕੋਈਭੀ ਨਹੀਂ ਕਹਾਵਤਹੈਂ। ਕਿੰਵਾ,ਜੈਸੇ ਪਰਮੇਸੁਰਨੇ ਕੋਈ ਰਚ ਦੀਓਹੈ,ਤੈਸੇ ਹੀਹੈ--ਨਹੀਂ ਆਪਤੇ ਉੱਤਮ ਬਨਯੋ ਜਾਤਹੈ, ਨਾ ਨੀਚ ਬਨਯੋ ਜਾਤਹੈ। ਜਹਾ ਕੋਈ ਜਿਸ ਬਿਵਹਾਰਮੇਂ ਪਾਇ ਰਾਖਯੋਹੈ ਪਰ, ਪਰਤਹੈ। ਉੱਤਮ ਨੀਚ ਆਪਤੇ ਕੋਈ ਨਹੀਂ ਬਨਯੋ; ਇਤਯਰਥ। ਇਸ ਪਉੜੀਮੇਂ ਜੁਗੋ ਪਦ ਬਹੁਤ ਬੇਰ ਆਵਨਤੇ ਉਭਯਾਬ੍ਰਿਤ ਦੀਪਕ ਅਲੰਕਾਰਹੈ,ਔਰ ਸਮੁਚਯ ਅਲੰਕਾਰ ਭੀਹੈ:-

ਲੱਛਣ- ਮੂਲ ਅਰਥ ਕੋ ਸਿਧ ਕਰੈ ਏਕ। ਤਹਿਂ ਪਦ ਦੀਜਹਿ ਔਰ ਅਨੇਕ।
ਏਕ ਸਮੁਚਯ ਭੇਦੁ ਯਹੀ ਹੈ। ਕਵਿ ਸੰਤੋਖ ਸਿੰਘ ਬਾਤ ਸਹੀ ਹੈ।

ਪ੍ਰਾਨੀਕੇ ਹਾਥ ਕਰਨੋ ਕੁਛ ਨਹੀਂ, ਯਹਿਤੋ ਮੂਲ ਅਰਥ,ਤਿਸਕੋ ਬਲਨ ਅਰ ਚੁਪ ਕਰਨ ਭੀ ਇਸਕੇ ਅਧਿਨ ਨਹੀਂ, ਯਹੀ ਸਿਧ ਕਰਤਹੈ। ਪੀਛੇਤੇ ਔਰ ਕਹੇ:ਮੰਗਣ,ਦੇਣ; ਜੀਵਣ, ਮਰਣੁ, ਆਦਿ ਯਾਂਤੇ ਸਮੁਚਯ,ਔਰ ਕਾਵਯਲਿੰਗ ਅਲੰਕਾਰ ਬੀਹੈ। ਜੋਰੁ ਪਦ ਸਰਬ ਤੁਕਨ ਮੇਂ ਕਹਿਤੇ ਆਏ, ਜੋ ਕਿਸੀਮੇਂ ਨਹੀਂ,ਯਹਿਤੋ ਸਮਰਥਨੀਯ 'ਨਾਨਕ ਉਤਮੁ ਨੀਚੁ ਨ ਕੋਇ' ਇਸ ਤੁਕਕੋਂ ਸਮਰਥਨਿ ਕਰਯੋ। ਜੋ ਆਪਤੇ ਉੱਤਮ ਨੀਚੁਭੀ ਕੋਈ ਨਹੀਂ ਬਨਯੋ, ਜੈਸੇ ਬਨਾਏਹੈਂ;ਤੈਸੇ ਬਨੈਹੈਂ, ਯਾਂਤੇ ਕਾਵਯਲਿੰਗ,ਔਰ ਪ੍ਰਯਾਯੋਕਤਿ ਅਲੰਕਾਰਹੈ। ਪਰਮੇਸੁਰ ਅਧੀਨ ਸਰਬ ਪ੍ਰਾਨੀਹੈਂ,ਇਹਾਂ ਯਹਿ ਕਹਨੋ ਹੁਤੋ, ਤਿਸਕੋ ਏਕ ਰੀਤਿਸੋਂ ਕਹਯੋ: ਜੋਰੁ ਪ੍ਰਾਣੀਕੋ ਕਾਹੇਮੇਂ ਨਹੀਹੈ;ਆਖਣਿ ਔ ਚੁਪੈ ਆਦਿਤੇ ਯਾਤੇ ਪ੍ਰਯਾਯੋਕਤਿ;ਦੋ ਤੁਕਮੇਂ ਅਲੰਕਾਰਕੀ ਬਰਨ ਮੈਤ੍ਰੀਤੇ ਬ੍ਰਿਤਯਾਨੁਪ੍ਰਾਸ ਹੈ।

ਨੰ.6.ਨਿਰਮਲ ਸੰਤ ਪੰਡਿਤ ਤਾਰਾ ਸਿੰਘ ਜੀ 'ਨਰੋਤਮ'(ਖਟ-ਦਰਸ਼ਨੀ)33

ਜੋ ਵਸਤੁ ਨਾ ਚਾਹੀ ਜੋਰਾਵਰੀ ਪ੍ਰਾਪਤਹੋ ਜਾਵੇ; ਤਿਸਕਾ ਨਾਮ ਅਨਰਥਹੈ,ਔਸਾ ਅਗਯਾਨ ਔ ਤਿਸ ਕਾ ਕਾਰਯ ਪ੍ਰਪੰਚਹੈ। ਇਸ ਅਨਰਥਕੀ ਨਿਬ੍ਰਤਿ ਰੂਪ ਕ੍ਰਿਤ-ਕਿਤਯਤਾਹੈ,ਸੋ ਬ੍ਰਹਮ-ਗਯਾਨਸੇ ਪ੍ਰਾਪਤ ਹੋਵੇਹੈ; ਔ ਬ੍ਰਹਮ-ਗਯਾਨ ਸਤ, ਅਸਤਕੇ ਬਿਚਾਰਕੇ ਬਲਸੇ ਹੋਵੇ ਹੈ;ਸਤ,ਅਸਤਕੇ ਬਿਬੇਕਕਾ ਬਲ ਸਾਧਨੋਸੇ ਹੋਵੇਹੈ, ਨਿਸ਼ਕਾਮ ਕਰਮ, ਈਸ਼੍ਵਰ-ਭਕਤੀ ਰੂਪ ਸਾਧਨੋ ਬਿਨਾ ਔਰ ਕਾਹੂ ਉਪਾਯਸੇ ਹੋਵੇ ਨਹੀ, ਯਹ ਕਹੇ॥

ਆਖਣਿ ਜੋਰੁ ਚੁਪੈ ਨਹ ਜੋਰੁ॥

Sri Satguru Jagjit Singh Ji eLibrary NamdhariElibrary@gmail.com

ਆਖਣਿ ਇਤਿ॥ ਹੇ ਸਿਖਯ! ਜੋ ਅਗਯਾਨ ਰੂਪ ਸਤ੍ਰੁਕੇ ਨਾਸ ਕਰਨੇ ਵਾਲੇ ਗਯਾਨਕੀ ਉਤਪਤੀਕੇ ਯੋਗਯ ਬਿਬੇਕ ਰੂਪ ਜੋਰ,ਨਾਮ,ਬਲਹੈ, ਵਹੁ ਆਖਣ ਕਹੀਯੇ ਬਹੁਤ ਸਾਸਤ੍ਰੋਕੇ ਅਰਥ ਕਹਨੇ ਮਾਤ੍ਰਸੇ ਨਹੀ ਸਿਧ ਹੋਵੇ: "ਲਿਖ ਲਿਖ ਪੜਿਆ॥ ਤੇਤਾ ਕੜਿਆ"(467:15) ਇਤਯਾਦਿ ਗੁਰੁ ਬਚਨ ਔ ਨਾ ਪੜੇ ਬਹੁਤ ਸਬਦੋਕੋ ਬਹੁਤ ਸਬਦੋਕਾ ਪੜਨਾ ਕੇਵਲ ਬਾਣੀਕਾ ਹੀ ਥਕਾਵਨਾਹੈ, ਇਤਯਾਦਿ ਵੇਦ ਬਚਨ ਇਸਮੇਂ ਪ੍ਰਮਾਣਹੈ:- " "( )

ਅਥਵਾ ਮੂਲਕਾ ਯਹ ਅਰਥਹੈ:-"ਕੋਈ ਪੁਰਖ ਜੈਸੇ ਅਪਨੇਕੋ ਕ੍ਰਿਤ ਕ੍ਰਿਤਯ ਮਾਨੇਹੈ, ਤੈਸੇ ਅਪਨੇਮੇਂ ਬਿਬੇਚਨ ਕੀ ਸਮਰਥਭੀ ਕਹੇਹੈ,ਜੋ ਹਮ ਬਿਬੇਚਨਮੇ ਬਡੇ ਸਮਰਥਹੈ" ਤਿਨ ਪ੍ਰਤਿ ਗੁਰੁ ਕਹੇਹੈ:-

ਆਖਣਿ ਇਤਿ॥ ਹੇ ਸਿਖਯ! ਹਮ ਬਿਬੇਚਨਮੇਂ ਸਮਰਥਹੈ, ਇਸ ਆਖਣ ਨਾਮ ਕਹਨੇ ਮਾਤ੍ਰਸੇ ਵਹੁ ਜੋਰ ਨਹੀ ਸਿਧਹੋਵੇ; ਕਾਹੇਤੇ, ਘਰਮੇਂ ਬੈਠਕੇ ਹਮ ਯੁਧਮੇਂ ਬਡੇ ਸਮਰਥਹੈ, ਐਸੇ ਕਹਨੇ ਵਾਲੇਕਾ ਯਹ ਪੁਰਖੋਮੇਂ ਸੂਰਬੀਰਤਾ ਨਾ ਦੇਖਨੇਸੇ, ਕਹਨੇਮੇਂ ਸਮਰਥਕਾ ਅਨੇਮ ਦੇਖਿਆ ਹੈ। ਹੋ ਗੁਰੋ! ਮਤ ਹੋਵੇ ਸਾਸਤ੍ਰੋਕੇ ਪੜਨੇਸੇ ਵਹੁ ਸਮਰਥ,ਹਮ ਬਾਣੀਕੋ ਰੋਕਨੇ ਰੂਪ ਤਪਸੇ ਤਿਸਕੋ ਸਿਧ ਕਰੇਗੇ। ਯਹ ਸੁਨ ਗੁਰੁ ਕਹੇ:- ਚੁਪੈ ਇਤਿ॥ ਹੇ ਸਿਖਯ! ਚੁਪੈ ਕਹੀਯੇ, ਬਾਣੀਕੋ ਰੋਕਨੇ ਰੂਪ ਮੋਨਮੇਂ ਭੀ ਵਹੁ ਆਤਮਾ, ਅਨਾਤਮਾਕੇ ਬਿਬੇਕ ਕਾ ਬਲ ਨਹੀਂ ਪ੍ਰਾਪਤਹੋ ਸਕੇ,ਜੇਕਰ ਮੋਨ ਮਾਤ੍ਰਸੇ ਵਹੁ ਬਲ ਹੋਵੇ,ਤਬ ਸਭੀ ਗੁੰਗੇ ਪੁਰਖ ਬਿਬੇਚਨਸੇ ਸਮਰਥ ਹੋਨੇ ਚਾਹੀਯੇ, ਔ ਹੋਵੇ ਕੋਈ ਨਹੀਂ; ਯਾਤੇ ਮੋਨਸੇ ਭੀ ਵਹੁ ਬਲ ਸਿਧ ਨਹੀ ਹੋਵੇ॥ ਹੇ ਗੁਰੋ! ਬਾਹਯੇਦ੍ਰਿਯੋਂਕੇ ਦਮਨਸੇ ਬਾਣੀਕਾ ਰੋਕਨਾਭੀ ਦਮ ਸਾਧਨਹੈ, ਯਾਤੇ ਤਾਕੋਭੀ ਆਤਮਾ,ਅਨਾਤਮਾਕੇ ਬਿਚਾਰਕਾ ਸਾਧਨ ਹੋਨੇਸੇ ਤਾਸੇ ਜੋਰ ਨਹੀ ਹੋਵੇ;ਯਹ ਕਿਸ ਭਾਵਸੇ ਕਹਯਾਹੈ? ਸਿਖਯ! ਬਿਚਾਰਕੇ ਔਰ ਸਾਧਨੋ ਸਾਧਨੇ ਬਿਨਾ ਕੇਵਲ ਮੋਨਮੇਂ ਨਹੀ ਹੋਵੇ; ਇਸ ਭਾਵਸੇ 'ਚੁਪੈ ਨਹ ਜੋਰੁ' ਕਹਯਾਹੈ॥ ਹੇ ਗੁਰੋ! ਮੈਂ ਆਪ ਪਾਸ ਪ੍ਰਾਰਥਨਾ ਕਰਤਾ ਹੋ, ਮੇਰੇ ਤਾਈ ਵਹੁ ਸਮਰਥਾ ਦੇਵੋ, ਯਹ ਸੁਨ ਗੁਰੁ ਕਹੇ॥ ਜੋਰੁ ਇਤਿ॥ ਹੇ ਸਿਖਯ! ਔਰ ਸਾਧਨੋਮੇਂ ਬਿਨਾ ਮਾਗਨੇ ਮਾਤ੍ਰਸੇ ਵਹੁ ਸਮਰਥ ਨਹੀਂ ਪ੍ਰਾਪਤ ਹੋਵੇ; ਜੇ ਕਰ ਇਤਨੇਮੇਂ ਹੀਹੋਵੇ, ਤਬ ਮਾਗਨੇਸੇ ਕਾਹੂੰਕਾ ਬਿਸੇਖ ਯਤਨਨਾ ਹੋਵੇਸੇ,ਸਭੀ ਜੀਵ ਉਸ ਸਮਰਥਕੋ ਪਾਯ ਲੇਵੇ; ਔ ਪਾਵੇ ਕੋਈ ਨਹੀ, ਯਾਤੇ ਮਾਂਗਨੇ ਮਾਤ੍ਰਸੇ ਵਹੁ ਸਮਰਥ ਨਹੀ ਮਿਲੇ॥ ਹੇ ਗੁਰੋ! ਮਤ ਮਿਲੇ ਮਾਂਗਨੇਸੇ; ਦਾਨ ਦੇਨੇਸੇ ਤੋਵਹੁ ਮਿਲੇਗੀ, ਹਮ ਦੇਨਾ ਹੀ ਕਰੇਗੇ। ਯਹ ਸੁਨ ਗੁਰੁ ਕਹੇ:- " "

ਦੇਣਿ ਇਤਿ॥ ਹੇ ਸਿਖਯ! ਜਿਸ ਵਸਤੁਕੇ ਹੇਤ ਦਾਨ ਕੀਆ ਜਾਵੇ,ਵਾਸੇ ਵਹੀ ਵਸਤੁ ਮਿਲੇਹੈ,ਯਾਤੇ ਜੇਕਰਤੂੰ ਸਮਰਥਕੇ ਲਾਭ ਹੇਤ ਨਾ ਕਰੇਗਾ,ਤਬ'ਦੇਣਿ ਨ ਜੋਰੁ'ਕਹੀਯੇ,ਦਾਨ ਦੇਨੇਸੇ ਭੀ ਤੇਰੇਕੋ ਵਹੁ ਸਮਰਥ ਨਹੀ ਮਿਲੇਗੀ, ਸਮਰਥਕੇ ਹੇਤ ਕਹੇ ਤਬ ਦਾਨਸੇ ਵਹੁ ਮਿਲ ਜਾਵੇਗੀ; ਕਾਹੇਤੇ, ਵੇਦਮੇਂ ਜਹਾ ਵਰਣੋ ਆਸ੍ਰਮੋਕੇ ਗਯਾਨਕੀ ਇਛਾ ਹੇਤ ਧਰਮ ਲਿਖੇਹੈ,ਤਹਾ ਗ੍ਰਿਹਸਥ-ਆਸ੍ਰਮਕਾ ਧਰਮ ਜੋ ਦਾਨ ਦੇਨਾ, ਯੱਗ ਕਰਨਾ, ਸੋਭੀ ਇਸ ਸਮਰਥ ਹੇਤ ਲਿਖਾਹੈ। ਯਾਤੇ ਇਸਕਾ ਨਾਮਲੈ ਕਰ ਕੀਯੇ ਦਾਨਸੇ ਹੋਵੇ;ਪਰੰਤੂ,ਔਰਕੇ ਨਾਮਸੇ ਦੀਯੇਸੇ ਨਹੀਂ ਹੋਵੇਗੀ। ਹੇ ਗੁਰੋ ਮਤ ਹੋਵੋ ਗ੍ਰਿਹਸਥਾਸ੍ਰਮ ਧਾਰਕੇ ਬਡਾ ਦਾਨ ਕਰਨੇ ਸੇ। ਹਮ ਬਾਨ-ਪ੍ਰਸਥੀ ਬਨ ਬਡਾ

Sri Satguru Jagjit Singh Ji eLibrary NamdhariElibrary@gmail.com

ਤੀਬ੍ਰ ਤਪ ਕਰ ਚਿਰੰਜੀਵੀ ਹੋਕਰ ਤਿਸ ਸਮਰਥਕੋ ਸਿਧ ਕਰੇਗੇ। ਯਹ ਸੁਨ ਗੁਰ ਕਹੋ:- "-----"

ਜੋਰੁ ਇਤਿ॥ ਹੇ ਸਿਖਯ! ਜੇ ਕਰ ਔਰ ਸਾਧਨੋ ਬਿਨਾ ਬਹੁਤ ਚਿਰ ਜੀਵਨੇ ਸੇਹੀ ਵਹੁ ਸਮਰਥ ਸਿਧ ਹੋਵੇ, ਤਬ ਬਡੀ ਅਵਸਥਾ ਵਾਲੇ ਸਰਪੋ ਕੋਭੀ ਹੋਨੀ ਚਾਹੀਯੇ--ਔ ਹੋਵੇ ਕੋਈ ਨਹੀ:ਯਾਤੇ 'ਜੋਰੁ ਨ ਜੀਵਣਿ' ਕਹੀਯੇ, ਔਰ ਸਾਧਨੋ ਬਿਨਾ ਬਹੁਤ ਚਿਰ ਜੀਵਨੇ ਸੇ ਭੀ ਵਹ ਸਮਰਥ ਨਹੀ ਮਿਲੇ। ਹੇ ਗੁਰੋ! ਜੇਕਰ ਬਹੁਤ ਜੀਵਨੇਸੇ ਵਹੁ ਸਮਰਥ ਨਹੀ ਸਿਧ ਹੋਵੇ, ਤਬ ਪ੍ਰਯਾਗਾਦਿ ਤੀਰਥੋਮੇ ਮਰ ਕਰਹੀ ਉਸ ਸਮਰਥਕੋ ਹਮ ਅਪਨੇ ਮੇਂ ਸਿਧ ਕਰੇਗੇ। ਯਹ ਸੁਨ,ਗੁਰੁ ਕਹੇ "-------"

ਮਰਣਿ ਇਤਿ॥ ਹੇ ਸਿਖਯ! ਵਹੁ ਬਲ ਬਿਨਾ ਉਸਕਾ ਸੰਕਲਪ ਕਰ ਪ੍ਰਾਣ ਤਿਆਗੇ ਪ੍ਰਯਾਗਾਦਿ ਤੀਰਥੋਮੇਂ ਮਰਣੇਸੇ ਨਹੀ ਸਿਧ ਹੋਵੇ,ਸਮਰਥਕਾ ਸੰਕਲਪ ਕਰ ਮਰੇਤੋ ਭੀ ਉਤਰ-ਦੇ ਹਮੇ ਸਮਾਦਿਕ ਸਾਧਨੋਕੇ ਸਹਕਾਰ ਸੇ ਹੀ ਵਹੁ ਸਮਰਥ ਹੋਵੇਗੀ, ਕੇਵਲ ਸੇ ਨਹੀ ਹੋਵੇਗੀ, ਯਾ ਭਾਵਸੇ 'ਮਰਣਿ ਨ ਜੋਰੁ' ਕਥਨਹੈ॥ ਹੇ ਗੁਰੋ! ਮਤ ਹੋਵੇ ਵਹੁ ਸਮਰਥ, ਤਿਸਕਾ ਸੰਕਲਪ ਕਰ ਕੀਯੇ ਕਰਮੋਸੇ ਬਿਨਾ ਹਮ ਤਾਕਾ ਨਾਮਲੇ ਕਰ ਗ੍ਰਿਹਸਥਾਸ੍ਰਮਕੇ ਧਰਮ; ਯਗਯ, ਦਾਨਾਦਿਕੋਸੇ ਹਉਵਹੁ ਸਿਧ ਕਰੇਗੇ; ਯਹ ਸੁਨ ਗੁਰੁ ਕਹੈ, ਹੇ ਸਿਖਯ! ਯਹ ਬਾਤ ਤੇਨੇ ਵੇਦਾਨੁਸਾਰ ਕਹੀ; ਪਰੰਤੁ; ਯਗ, ਦਾਨਾਦਿਕ ਕਰਮਭੀ ਰਾਜ-ਸੰਪਦਾ ਬਿਨਾ ਨਹੀ ਸਿਧ ਹੋਵੇ॥ ਹੇ ਗੁਰੋ! ਹਮ ਕਾਹੂ ਦੇਵਤਾਕੇ ਆਰਾਧਨਸੇ ਰਾਜ ਸੰਪਦਾ ਸਿਧ ਕਰ ਵਹੁ ਸਮਰਥ ਸਿਧ ਕਰੇਗੇ,ਇਸਕਾ ਗੁਰੁ ਉਤਰ ਕਹੇ:-

ਜੋਰੁ ਨ ਇਤਿ॥ ਹੇ ਸਿਖਯ! ਵਹੁ ਜੋਰ ਨਹੀ ਪ੍ਰਾਪਤ ਹੋਵੇ।ਰਾਜ ਮਾਲ ਕਹੀਐ ਰਾਜਕੀ ਸੰਪਦਾਸੇ।ਯਾਤੇ ਤਿਸ ਸੰਪਦਾਸੇ ਮਨ,ਵਿਖਯੋਮੇ ਹੀ ਬਹੁ 'ਸ਼ੋਰ' ਨਾਮ ਬਡਾ ਕੁਲਾਹਲ ਕਹੇਹੈ;ਅਰ ਯਹ ਬਲ ਵਿਖਯੋਕੋ ਤਿਯਾਗ ਕੇ ਮਨਕੇ ਨਿਰੋਧਸੇ ਸਿਧ ਹੋਵੇਹੈ। ਹੇ ਗੁਰੋ! ਮਤ ਹੋਵੋ ਵਹੁ ਬਲ ਰਾਜ ਲਖਮੀਸੇ, ਹਮ ਮਨਕਾ ਨਿਰੋਧ ਕਰਨੇ ਵਾਲੇ ਜੋਗੀ ਜਨੋਕੇ ਮੇਲਸੇ ਤਿਸ ਸਮਰਥਕੋ ਪ੍ਰਾਪਤ ਹੋਵੇਗੇ। ਯਹ ਸੁਨ ਗੁਰੁ ਕਹੋ "-------- "

ਜੋਰੁ ਕੇ ਇਤਿ॥ ਸੁਰਤਿ ਨਾਮ ਪੰਜਾਬ ਮੇ ਖਬਰਕਾ ਅਰ ਧਯਾਨਕਾ ਹੈ॥ ਸੁਰਤੀ ਨਾਮ ਸੁਰਤਿ ਵਾਲੇਕਾਹੈ॥ ਯਾਤੇ ਸੁਰਤੀ ਪਦ ਈਹਾ ਧਯਾਨੀਯੋ ਕਾ ਵਾਚਕਹੈ॥ ਧਯਾਨੀ ਪਤੰਜਲ ਮਤਕੇ ਯੋਗੀਯੋ ਕਾ ਨਾਮਹੈ॥ ਪਤੰਜਲੀਯੋ ਕੇ ਮੇਲਸੇ ਗਯਾਨ ਵਿਚਾਰ ਵਾਲੇ ਸਾਂਖੀ ਲੇਨੇ॥ ਯਾਂਤੇ, ਹੇ ਸਿਖਯ! ਵਹੁ ਜੋਰ ਨਾਮ ਬਿਚਾਰਕਾ ਬਲ ਨਹੀ ਪਾਵੇ, ਸੁਰਤੀ ਕਹੀਯੇ 'ਵਸਤੁਕਾ ਏਕ ਰਸ ਧਯਾਨ ਕਰਨੇ ਵਾਲੇ ਪਤੰਜਲ ਮਤਕੇ ਯੋਗੀ ਪੁਰਖੋ, ਜਿਸ ਕਾਰਣਸੇ ਵਹੁ ਪਦੋਕੋ ਅਰਥੋਕੋ ਸੋਧਨਮੇ ਚਤੁਰ ਨਹੀ। ਪੁਨਾ, ਜੋ ਸਾਂਖਯ ਲੋਕ ਖੇਤ੍ਰਸੇ ਖੇਤ੍ਰਗਕੇ ਪ੍ਰਿਥਕ ਗਯਾਨ ਹੇਤ ਕਾਰਯ-ਕਾਰਣ ਰੂਪ ਚੌਬੀਸ ਤਤ੍ਵ ਰੂਪ ਖੇਤ੍ਰਕਾ ਬਿਚਾਰ ਕਰੇਹੈ, ਪਦੋਕੇ ਅਰਥੋਕੇ ਸੋਧਨ ਸੇ ਭੀ ਚਤੁਰ ਨਹੀ, ਯਾਤੇ ਕਹੀ ਸਮਰਥਕੋ ਗਯਾਨ ਬਿਚਾਰ ਨਾਮ ਗਯਾਨ ਹੇਤ ਤਤ੍ਵੋਕਾ ਬਿਚਾਰ ਕਰਤੇ ਵਹੁ ਭੀ ਨਹੀ ਪਾਵੇ। ਤਾਤੇ ਜੀਵ-ਈਸ਼ਕਾ,ਔ ਪਰਸਪਰ ਜੀਵੋਕਾ ਭੇਦ ਮਾਨਨੇ ਵਾਲੇ ਪੁਰਖੋਕੇ ਸੰਗਸੇ ਜਿਗ੍ਯਾਸ਼ਕੋ [illegible] ਹੋਵੇਗਾ, ਯਹ

Sri Satguru Jagjit Singh Ji eLibrary NamdhariElibrary@gmail.com

ਤੁਕ ਮਾਤ੍ਰਕਾ ਭਾਵਹੈ। ਹੇ ਗੁਰੋ! ਮਤ ਹੋਵੋ ਪਤੰਜਲੀ, ਸਾਖੀਯੋ ਕੇ ਸੰਗ ਸੇ, ਨੈਯਾਯਿਕ, ਬੈਸੇਖਕੋ ਕੇ ਸੰਗ ਸੇ ਹੀ ਹਮ ਤਿਸ ਬਲ ਕੋ ਪਾਵੇਗੇ''[78]। ਯਹ ਸੁਨ ਗੁਰੁ ਕਹੇ "-----" ਜੋਰੁ ਨ ਇਤਿ॥ ਜਿਸ ਬਲਸੇ ਗਯਾਨਕੋ ਪ੍ਰਾਪਤਹੋ ਕਰ ਅਗਯਾਨ-ਤਤਕਾਰਯ ਰੂਪ ਸੰਸਾਰਸੇ ਅਧਿਕਾਰੀ ਛੂਟੇ, ਨਾਮ, ਮੁਕਤ ਹੋਵੇ, ਵਹੁ ਬਲ ਕੇਵਲ ਤਰਕੋ ਮੇ ਬਿਚਾਰ ਕਰਨੇ ਵਾਲੇ ਨੈਯਾਯਿਕ, ਬਿਸੇਖਕੋ ਕੀ ਜੁਗਤਿ, ਨਾਮ ਸ੍ਰੁਤਿਹੀਨ ਤਰਕੋ ਸੇ ਭੀ ਨਹੀਂ ਪ੍ਰਾਪਤ ਹੋਵੇ। ਕਿੰਤੂ, ਵੈਰਾਗਯਾਦਿ ਸਾਧਨ ਸਹਿਤ ਬਿਚਾਰਸੇ ਹੋਵੇਹੈ। ਹੇ ਗੁਰੋ! ਯਹ ਮੈਨੇ ਨਿਸਚੇ ਕੀਯਾ, ਜੋ ਵੈਰਾਗਯਾਦਿਕ ਸਾਧਨੋਸੇ ਬਿਨਾ ਔਰ ਕਾਹੂ ਉਪਾਯ ਸੇ ਵਹੁ ਬਲ ਨਹੀ ਪ੍ਰਾਪਤ ਹੋਵੇ,ਔ ਸ੍ਵਰੂਪ ਤਿਸਕਾ ਬੇਦਾਂਤ ਸ੍ਰਵਣਾਦਿਕਹੈ; ਪਰੰਤੂ,ਤਿਸ ਬਲ ਕੀ ਅਵਧਿ ਨਹੀ ਜਾਣੀ; ਸੋ ਕ੍ਰਿਪਾ ਕਰ ਕਹੋ। ਯਹ ਸੁਨ ਕਹੇ "---------- "

ਜਿਸੁ ਇਤਿ॥ ਹੇ ਸਿਖਯ! ਜਿਸ ਅਧਿਕਾਰੀ ਪੁਰਖੋਕੋ ਗੁਰੋਕੇ ਸਮੀਪ ਜਾਯ ਕਰ ਸ੍ਰਵਣਾਦਿ ਕਰਨੇਸੇ ਵਾਹੁਬਲ ਹਥਿਆ, ਏਕ ਸਮਾਨ 'ਹਥ' ਨਾਮ ਅਧੀਨਹੋ ਗਯਾਹੈ; ਵਾ, ਹਾਥ ਸਬਦਸੇ ਅੰਤੇਕਰਣ ਮੇਂ ਪ੍ਰਾਪਤ ਹੁਯਾਹੈ, ਸੋਈ ਨਾਮ ਵਹੁ ਅਧਿਕਾਰੀ-ਪੁਰਖ ਤਿਸ ਬਲ ਸਹਿਤ ਉਪਦੇਸ਼ ਬਚਨ ਕਰ ਵੇਖੇ ਨਾਮ, 'ਹਾਥਮੇਂ ਧਰੇ ਆਉਲੇ' ਕੇ ਸਮਾਨ ਨਿਜ ਸ੍ਵਰੂਪਕੋ ਪ੍ਰਗਟ ਦੇਖੇ ਹੈ। ਯਾਤੇ,ਬ੍ਰਹਮਕਾ ਸਾਖਾਤਕਾਰਹੀ ਬਿਚਾਰਕੀ ਅਵਧਿਹੈ,ਤਾਸੇ ਆਗੇ ਔਰ ਬਿਚਾਰ ਨਹੀ ਰਹੇ। ਹੇ ਗੁਰੋ ਤਿਸ ਗਯਾਨਮੇਂ ਆਗੇ ਗਯਾਨੀਕੋ ਕਿਆ ਲਾਭ ਹੋਵੇ ? ਯਾ ਪ੍ਰਛਨ ਕੀ ਇਛਾਮੇਂ ਫਲ ਦਿਖਾਵਤੇ ਹੁਯੇ ਕਹੇ; ਬਿਚਾਰਕੀ ਸਮਾਪਤੀ'ਪਤੀ'ਕਰੇਹੈ:- "---------- "

ਨਾਨਕ ਇਤਿ॥ ਹੇ ਸਿਖਯ! ਗਯਾਨੀ ਕੀ ਦ੍ਰਿਸਿਟੀ ਮੇ ਸਮ, ਦਮਾਦਿ ਦੇਵੀ-ਸੰਪਦ ਵਿਸਿਸ਼ਟ ਸਤੋ-ਗੁਣੀ ਉਤਮ, ਔਰ ਕਾਮ, ਕਰੋਧ, ਆਲਸ, ਨਿਦ੍ਰਾ ਰੂਪ ਆਸੁਰ-ਸੰਪਤ;

---

78. ਟਿੱਪਣੀਕਾਰ:ਨੋਟ 1. 1. ਸ਼੍ਰੀ "ਨਿਰਮਲ ਸਿੰਘ ਪੰਥ ਰਤਨ" ਉਪ-ਸ਼੍ਰੀ ਮਹੰਤ ਪੰਡਿਤ ਤਾਰਾ ਸਿੰਘ 'ਨਰੋਤਮ'ਸ਼ਾਹੀ ਪਟਿਆਲਾ ਦਰਬਾਰੀ ਨੇ ਭਾਈ ਗੁਰਦਾਸ ਦੀ'ਪਰਚਲਿਤ(ਹਿੰਦੂ)ਖਟ ਦਰਸ਼ਨੀਆਂ'ਦੇ 'ਦ੍ਵੈਤ ਸਿੱਧਾਂਤ'ਪੱਖ ਜੋ ਸ਼੍ਰੀ ਵਿਸ਼੍ਵਗੁਰੁ ਨਾਨਕ ਦੇਵਜੀ ਕਾਲ ਪ੍ਰਨਾਲੀ ਸੀ ਉਸੇ ਅਨੁਸਾਰ 'ਗਰਗਮ' ਪ੍ਰਨਾਲੀ ਅਰਥ ਕੀਤੇ ਹਨ। ਪਰ, ਜਾਣਦੇ ਹੋਏ ਵੀ ਸ਼੍ਰੀ ਗੁਰੁ ਸਿੱਧਾਂਤ ਦਾ ਵਰਣਨ ਐਥੇ ਨਹੀਂ ਕੀਤਾ॥ ਅਸਲ ਸਿੱਧਾਂਤ ਓਨ੍ਹਾਂ ਪਹਿਲਾਂ ਆਪਣੇ "ਗੁਰਮਤ ਨਿਰਣੈ ਸਾਗਰ" ਵਿੱਚ ਕੀਤਾਹੈ,ਜਿਸਦਾ ਸੰਕੇਤ ਬਾਰ ਬਾਰ ਆਪਣੇ ਇਸੇ "ਜਪੁ" ਟੀਕਾ ਵਿੱਚ ਕੀਤਾਹੈ। ਪਰ, ਅਸਲ ਵਿੱਚ ਓਨ੍ਹਾਂਦੇ ਛੋਟੇ 'ਗੁਰ ਭਾਈ' ਪਟਿਆਲੇ ਵਾਲੇ ਸ਼੍ਰੀ ਮਹੰਤ (1905-8)ਬਾਬਾ ਸਾਧੂ ਸਿੰਘਨੇ ਹੋਰਵੀ ਤਫਸੀਲ ਨਾਲ ਅਪਣੇ "ਪਥਰ ਛਾਪ" 'ਗੁਰੁ (ਕ੍ਰਮ)ਸਿਖਿਆ ਪ੍ਰਬਾਕਰ" 'ਚਸ਼ਮੇ ਨੂਰ ਪ੍ਰੈਸ'ਅੰਮ੍ਰਿਤਸਰ 18.. ਵਿੱਚ ਬੇਧੜਕ ਖੋਲਕੇ ਲਿਖਿਆਹੈ,ਜਿਸਦਾ ਸੰਖੇਪ ਭਾਵ ਇਹਹੈ: 1.ਪਹਿਲਾਂ ਵੇਦ ਅਧਾਰ ਸਾਰੇ'ਸ਼ਟ ਸ਼ਾਸਤ੍ਰ'ਆਸਤਿਕ'ਈਸ਼੍ਵਰ'ਵਾਦੀ ਹਨ। 2.ਕਈ ਪੂਰਵ ਮਿਮਾਂਸਾ ਅਤੇ ਸਾਂਖ ਦਰਸ਼ਨ ਨੂੰ 'ਅਨੀਸ਼੍ਵਰ ਵਾਦੀ'ਕਿਹਾਹੈ-ਓਹੀ ਦਰਸਨ ਸੰਪ੍ਰਦਾਈ ਦੇ ਹੀ ਭ੍ਰਾਂਤਿਗਤ ਹਨ-ਨਾਕਿ ਓਹ ਦਰਸ਼ਨ ਕਰਤਾ। ਕਈਆਂ ਨੇ ਅੰਗ੍ਰੇਜ਼ੀ ਵਿੱਚ ਓਹ ਦਰਸ਼ਨ ਸ਼ਾਸਤ੍ਰਾਂ ਨੂੰ ਓਨ੍ਹਾਂ ਸੰਪ੍ਰਦਾਇਆਂ ਪ੍ਰਭਾਵੀ ਉਲਥੈ ਲਿਖੇ ਹਨ,ਜਿਵੇਂ:-ਭੂਤਪੂਰਵ ਰਾਸ਼ਟ੍ਰਪਤੀ ਸ਼੍ਰੀ ਰਾਧਾਕ੍ਰਿਸਨਨ ਕ੍ਰਿਤ Indian Philosophy; ਦਾਸ ਗੁਪਤ,ਤੇ ਹ੍ਰਿਯਾਨਾ ਆਦਿਨੇ ਬਿਨਾ ਵਿਚਾਰੇ ਲਿਖਿਆਹੈ। 3.ਸ਼੍ਰੀ ਮਹੰਤ ਬਾਬਾ ਸਾਧੂ ਸਿੰਘਨੇ ਫੇਰ ਸ਼੍ਰੀ ਗੁਰੁਬਾਣੀਦੇ ਬਹੁਤ ਵੇਦ,ਸਾਰੇ ਸਿਮ੍ਰਿਤੀ (ਪੁਰਾਣ)ਪ੍ਰਣਾਲੀ ਅਤੇ ਖਟ ਸ਼ਾਸਤ੍ਰਾਂ ਬਾਰੇ ਪ੍ਰਮਾਣ ਦਿਤੇ ਹਨ, ਜਥਾ ਪੰ.254:6 ਮ:5:-"ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ ॥ ਆਦਿ ਜੁਗਾਦੀ ਹੁਣਿ ਹੋਵਤ, ਨਾਨਕ ਏਕੈ ਸੋਇ॥ 1" ਸਿਧਾਂਤ ਹੈ ਅਗੇ:-

ਨੋਟ 2. ਐਥੇ ਇਕ ਬਹੁਤ ਜ਼ਰੂਰੀ ੧ਓ ਸਿੱਧਾਂਤ ਸੰਬੰਦੀ "ਸ਼ਟ ਦਰਸ਼ਨ ਸ੍ਰੁਤ ਸ਼ਾਸਤ੍ਰਾਂ"ਸਮਗ੍ਰ"ਸਿੱਧਾਂਤ"ਬਾਰੇ ਲਿਖਨਾ ਜ਼ਰੂਰੀ ਹੈ ॥ ਕਲਿਜੁਗ ਆਰੰਭ 5,000+ ਬਰਸਾਂਤੋਂ ਇਨ੍ਹਾਂ ਭਾਰਤੀ ਵੇਦ ਸਿਧਾਂਤਦੇ ਦਾਰਸ਼ਨ ਛੇ ਸ੍ਰੁਤ ਗ੍ਰੰਥਾਂ ਦੀਆਂ ਆਪਣੇ ਆਪਣੇ ਕਰਤਾ ਦੇ ਸ਼ਿਸ਼ਾਂ ਦੀਆਂ ਸੰਪ੍ਰਦਾਯਾਂ ਉਤਪੰਨ ਹੋਈਆਂ, ਤੇ ਆਪਸ ਵਿੱਚ ਆਪੋ ਧਾਪੀ ਹੋ, ਹੁਣ ਤਕ ਖੈਬੜਦੇ ਹਨ। ਇਸਦਾ ਬਰਨਨ ਭਾਈ ਗੁਰ ਦਾਸ 'ਭੱਲਾ' ਜੀਨੇ ਪੰਚਮ ਸ਼੍ਰੀਗੁਰੁ ਕੂੰਜੀ ਬਖਸਸ,

Sri Satguru Jagjit Singh Ji eLibrary NamdhariElibrary@gmail.com

ਵਿਸਿਸਟ-ਰਜੋ, ਤਮੋ-ਗੁਣੀ ਨੀਚ ਕੋਈ ਰਹੇ ਨਹੀਂ॥ ਅਥਵਾ, ਦੇਹਸੇ ਭਿੰਨ ਆਤਮਾ ਦੇਖਨੇ ਵਾਲਾ ਉਤਮ, ਔਰ ਦੇਹਕੋ ਆਤਮਾ ਜਾਨਨੇ ਵਾਲਾ "ਚਾਰ-ਵਾਕਾਦਿ ਮੰਦ" ਕੋਈ ਨਹੀਹੈ। ਯਾਹੀ ਭਾਵਸੇ ਗੀਤਾ:5:18 ਮੇ ਕ੍ਰਿਸ਼ਨ ਕਹੇਹੈ:-

विद्याविनयसंपन्ने ब्रह्मणे गवि हस्तिनि। शुनि चैवश्वपाके च पण्डिताः समदर्शिनः ॥१८।५।

"विदयादिक ਗੁਣ ਯੁਤ ਬ੍ਰਾਹਮਣਾਦਿਕ ਸਾਤ੍ਵਿਕ ਔਰ ਗਊ, ਹਾਥੀ ਆਦਿਕ ਰਾਜਸ ।

ਔਰ ਕੂਕਰ ਚੰਡਾਲਾਦਿ ਤਾਮਸ ਇਨ ਸਭਕੋ ਬ੍ਰਹਮ-ਗਯਾਨੀ ਬ੍ਰਹਮ-ਰੂਪ ਜਾਨੇ ਹੈ॥ 18॥ 5॥"

ਗੁਰੂ ਜੀਕਾ ਨਾਮ ਪੌੜੀ ਕੀ ਪੂਰਣਤਾ ਸੂਚਕਹੈ॥ ਈਹਾਂ-ਪੌੜੀ-ਮਾਤ੍ਰਸੇ ਯਹ ਨਿਰਣੇ ਕੀਆ, ਜੋ 'ਤਤ-ਤਵੰ' ਪਦੋਕੇ ਅਰਥੋਂਕਾ ਵਿਵੇਚਨ ਅਧਿਕਾਰੀ ਪੁਰਖਕਾ ਬਲਹੈ, ਤਿਸ ਬਲਮੇਂ ਸਾਧਨ-ਸੰਪੰਨਕੇ ਅੰਤਹਕਰਣ ਸੇ ਵਾਕਯਕੇ ਅਰਥ ਜੀਵ-ਬ੍ਰਹਮਕੀ ਏਕਤਾਕਾ ਗਯਾਨ ਹੋਵੇਹੈ। ਯਾਤੇ ਵਾਕਯ-ਜਨਯ ਸਾਖਯਾਤਕਾਰ ਹੀ ਅਧਿਕਾਰੀਕੇ ਬਲਕਾ ਫਲਹੈ ॥ 33॥

ਨੰ.7.ਨਿਰਮਲ-ਸੰਪ੍ਰਦਾਈ ਗਿ:ਬਦਨ ਸਿੰਘ ਫਰੀਦਕੋਟ ਟੀਕਾ-33

ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ॥
ਜੋਰੁ ਨ ਜੀਵਣਿ ਮਰਣਿ ਨ ਜੋਰੁ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥

ਓਨ੍ਹਾਂਦੇ ਦੋਨਾਂ ਗ੍ਰੰਥਾਂਨੂੰ ਸਭ ਜਾਣਦੇ ਹਨ। ਓਨ੍ਹਾਂ ਵਿੱਚੋਂ ਵਾਰਾਂਦੇ ਕੂੰਜੀ ਗ੍ਰੰਥ ਵਿੱਚ ਆਰੰਭ ਕਲਿਜੁਗ (1:12) ਕਾਲ ਵਿੱਚ "ਛੇ ਦਰਸ਼ਨ ਰਿਖੀ ਕਰਤਾਵਾਂ" ਨੇ "ਵੇਦ ਸਾਗਰ ਨੂੰ ਮੰਥਨ ਰੂਪਕ"ਰਾਹੀਂ ਛੇਓ ਆਦਿ ਗ੍ਰੰਥ ਕਰਤੇਆਂ ਦੇ ਨਾਮ ਅਤੇ ਓਨ੍ਹਾਂਦੇ ਅਤਿ ਸੰਖੇਪ ਸਿੱਧਾਂਤਾਂਦਾ ਵਰਣਨ ਵਾਰ 1 ਪੌੜੀਆਂ 8 ਤੋ 14 ਵਿੱਚ ਵਰਣਨ ਹੈ।ਅਗੇ ਪੌੜੀ 17 ਵਿੱਚ ਕਲਿ ਗਲਾਨੀ "ਧਰਮ"ਕਾਲਦਾ ਤੇ ਬੋਧ ਧਰਮ 2,500 ਹੋਏ ਦੀ ਥਾਪਣਾ ਦਸੀ। ਉਸ ਪਿਛੋਂ ਪੌੜੀ 19 ਵਿੱਚ "ਖਟ ਦਰਸ਼ਨ"ਆਸਤਿਕ-ਨਾਸਤਿਕ" ਸੰਪ੍ਰਦਾਏ, ਅਤੇ 20ਵੀ ਪੌੜੀ ਵਿੱਚ ਵਿਦੇਸ਼ੀ ਅਰਬੀ ਸੰਪ੍ਰਦਾਇਆਂ ਦਾ 'ਕ੍ਰਮ ਅਨੁਸਾਰ' ਪੌੜੀ 23 ਤਕ ਵਰਣਨ ਕਰਦੇ ਸ਼੍ਰੀ ਜਗਦਗੁਰੂ ਨਾਨਕ ਦੇਵ ਜੀਦੇ ਕਾਲ ਸ਼ੁਰੂ ਹੁੰਦਾਹੈ; ਜਿਸ ਵੇਲੇ ਤੋਂ ਸ਼੍ਰੀ ਵਿਸ੍ਨ ਗੁਰੂ ਨਾਨਕ - ਸ਼੍ਰੀ ਜਗਦਗੁਰੂ ਗੋਬਿੰਦ ਸਿੰਘ ਜੀਦਾ ੧ੴ ਸਿੱਧਾਂਤ ਅਰੰਭ ਅਸਲ ਸਿੱਧਾਂਤ ਹੁੰਦਾ ਹੈ, ਜੋ ਆਪਦੀ ਸ਼੍ਰੀਗੁਰੂਬਾਣੀ ਇਉਂ ਦਸਦੀ ਹੈ:- ਪੰ.1153:15:-ਮ:1 "ਰੋਗੀ ਖਟ-ਦਰਸਨ ਭੇਖਧਾਰੀ, ਨਾਨਾ ਹਠੀ ਅਨੇਕਾ ॥ ਬੇਦ ਕਤੇਬ ਕਰਹਿ ਕਹ ਬਪੁਰੇ, ਨਹ ਬੂਝਹਿ ਇਕ ਏਕਾ ॥6";ਤੇ ਪੰ.886:4:ਮ:5"ਚਾਰਿ ਪੁਕਾਰਹਿ: ਨਾ ਤੂ ਮਾਨਹਿ ॥ ਖਟੁ-ਭੀ ਏਕਾ ਬਾਤ ਵਖਾਨਹਿ ॥ ਦਸ-ਅਸਟੀ ਮਿਲਿ ਏਕੋ ਕਹਿਆ ॥ ਤਾਭੀ ਜੋਗੀ : ਭੇਦੁ ਨ ਲਹਿਆ॥1" ਹੈ;ਏਸੇ ਲੀਹੇ ਤੇ ਅਗੇ 10 ਸ਼੍ਰੀ ਗੁਰੂਜੀ ਅਕਾਲ ਉਸਤੁਤ ਹੈ "...ਅਲਹ ਅਬੇਖ ਸੋਈ ਪੁਰਾਨ ਔ ਕੁਰਾਨ ਓਈ,ਏਕ ਹੀ ਸਰੂਪ ਸਭੈ ਏਕਹੀ ਬਨਾਉ ਹੈ॥16।86" ਸਾਰੇ 10 ਗੁਰੂਆਂ ਦਾ ੧ੴ ਪੰ.930:7:ਅਧਾਰ ਹੈ ; ਮ:1:- "ਏਕੋਏਕੁ ਕਹੈ ਸਭੁ ਕੋਈ -- ਹਉਮੈ ਗਰਬੁ ਵਿਆਪੈ ॥ ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ ॥ ਪ੍ਰਭੁ ਨੇੜੈ ਹਰਿ -- ਦੂਰਿ ਨ ਜਾਣਹੁ--ਏਕੋ ਸ੍ਰਿਸਟਿ ਸਬਾਈ ॥ ਏਕੰਕਾਰੁ:ਅਵਰੁ ਨਹੀ ਦੂਜਾ-ਨਾਨਕ: ਏਕੁ ਸਮਾਈ ॥5"

ਇਹ ਗੁਰੂ ਸਿਧਾਂਤ "ਇਕ ਦੇਸ਼ੀ ਅਕਾਲ ਪੁਰਖੁ ਦਾ ਨਹੀ"'ਜਿਵੇਂ ਹਿੰਦੂ ਵਿਸ਼ਣੂ, ਸ਼ਿਵ; ਮੁਸਲਮਾਨ ਅੱਲਾ; ਇਸਾਈ ਗਾਡ(God),ਯਹੂਦੀ ਯਾਹਵੇ (YAHWAY) ਆਦਿ ਦੇ ਨਹੀ-ਬਲਕਿ ਮ:1:"ਏਕੰਕਾਰੁ:ਅਵਰੁ ਨਹੀ ਦੂਜਾ-ਨਾਨਕ: ਏਕੁ ਸਮਾਈ "Omni:ONE GOD ਹੈ ॥ ਇਹ ੧ੴ ਸਿੱਧਾਂਤ 1 ਤੋਂ 10 ਸ਼੍ਰੀਗੁਰੂ ਕਾਲ ਸਿੱਖ ਸਮਝਦੇ ਸਨ। ਅੰਗ੍ਰੇਜ਼ੀ ਇਸਾਈ 'One God' ਪ੍ਰਭਾਵ ਕਾਰਣ 1880+ ਤੋਂ ਗਲਤ ਅਰਥ :Rev, Trumpp, Judge Machauliffe, ਆਦਿਆਂ ਦੀ 'ਗਲ', ਹਣ ਸਿੱਖ ਸਮਝੇ ਬਿਨ ਰੀਸੋ ਰੀਸੀ ਚਲ ਰਹੇ ਹਨ॥

Sri Satguru Jagjit Singh Ji eLibrary NamdhariElibrary@gmail.com

ਅਕਾਲ ਪੁਰਖ ਕੀ ਕ੍ਰਿਪਾ ਦ੍ਰਿਸਟੀ ਬਿਨਾ ਇਸ ਜੀਵ ਮੇ ਕੁਛ (ਆਖਣਿ) ਕਹਿਨੇ ਕਾ ਭੀ ਬਲੁ ਨਹੀ ਹੈ ਜਬ ਰਸਨਾ ਬੰਦ ਹੋ ਜਾਤੀ ਹੈ ਫਿਰ ਬੋਲ ਨਹੀ ਸਕਤਾ ਚੁਪ ਰਹਿਨੇ ਕਾ ਭੀ ਬਲੁ ਨਹੀ ਹੈ ਜਬ ਖੁਸਕੀ ਬਾਈ ਕਾ ਪ੍ਰਵੇਸੁ ਹੋਤਾ ਹੈ ਤਬ ਬਕਤਾ ਹੀ ਰਹਿਤਾ ਹੈ ਮਾਂਗਨੇ ਕਾ ਭੀ ਇਸ ਮੇ ਬਲੁ ਨਹੀ ਹੈ ਜੇ ਚਾਹੇ ਕਿ ਮੈਂ ਮਾਂਗ ਕਰ ਇਸ ਵਸਤੂ ਕੋ ਲੇ ਆਊਂ। ਜੈਸੇ ਕੁੰਭਕਰਨ ਨੇ ਛੇ ਮਹੀਨੇ ਜਾਗਣ ਕੇ ਮੰਗਣ ਲੱਗੇ ਨੇ ਸੈਨ ਕਰਨੇ ਕੇ ਮੰਗ ਲੀਏ ਦੇਨੇ ਕਾ ਭੀ ਬਲੁ ਨਹੀ ਹੈ ਜੀ ਮੈ ਚਾਹਿਤਾ ਹੈ ਦੇਊਂ ਪਰੰਤੂ ਲੋਕ ਕੁਟੰਬ ਕੇ ਕਹਿਣੇ ਸੇ ਵਾ ਅਪ੍ਰਾਪਤਿ ਹੋਣੇ ਸੇ ਦੇ ਨਹੀ ਸਕਤਾ ਹੈ ਜੇ ਕਹੇ ਮੈ ਜੀਵਤਾ ਰਹੂੰ ਇਸ ਮੇ ਭੀ ਬਲੁ ਨਹੀ ਹੈ ਹਜਾਰੋਂ ਪੁਰਸ ਔਖਧੀ ਕਰਤੇ ਹੀ ਮਰ ਜਾਤੇ ਹੈਂ ਮਰਨੇ ਮੇ ਭੀ ਜੋਰੁ ਨਹੀ ਹੈ ਨਦੀ ਮੇ ਡੂਬੇ ਹੈਂ ਫਾਸੀ ਲਗਾਈ ਹੈ॥ ਸਸਤ੍ਰੋਂ ਕੇ ਘਾਤ ਕੀਏ ਹੈਂ ਵਿਖੁ ਪਾਨ ਕੀ ਹੈ॥ ਪਰੰਤੂ॥ ਮਰੇ ਨਹੀ ਬਚ ਰਹੇ ਹੈਂ ਵਸਿਸਟਾਦਿਕੋਂ ਕੀ ਨਜਾਂਈ ਰਾਜ ਮਾਲ ਪਰਾਪਤੀ ਕਰਨੇ ਮੇ ਭੀ ਬਲੁ ਨਹੀ ਹੈ ਪ੍ਰਾਪਤਿ ਭੀ ਹੈ॥ ਪਰੰਤੂ॥ ਉਸ ਪਰ ਬਲੁ ਕੁਛ ਨਹੀ ਚਲਤਾ ਹੈ ਭਾਵ ਖੀਣ ਹੋ ਜਾਤਾ ਹੈ ਕਰਤਾ ਔਰੁ ਹੈ ਹੋਤਾ ਔਰ ਹੈ ਔਰ ਤੋ ਕਹੀਂ ਰਹਾ ਮਨ ਕਾ ਜੋ (ਸੋਰੁ) ਸੰਕਲਪ ਵਿਕਲਪੋਂ ਕਾ ਰੌਲਾ ਹੈ ਇਸ ਪਰ ਭੀ ਬਲੁ ਨਹੀ ਹੈ ਕਿ ਰੋਕ ਸਕੇ ਵਾ ਜੇਕਰ ਕਹੇ ਰਾਜਾਦਿਕੋਂ ਕਰ ਮੈਂ ਕਛੁ ਜੋਰੁ ਕਰੂੰਸੋ ਨਹੀਂ ਏਹ ਸਭ ਮਨ ਕਾ ਹੀ ਸੋਰੁ ਸਰਾਬਾ ਹੈ॥ ਸ੍ਰੁਤੀ ਵੇਦ ਕਾ ਪਠਨਾ ਔਰੁ ਗਜ਼ਾਨ ਕਾ ਵਿਚਾਰੁ ਕਰਨਾ ਇਸਮੇ ਭੀ ਬਲੁ ਨਹੀ ਹੈ ਸੰਸਾਰ ਸੇ ਮੁਕਤਿ ਹੋਨੇ ਕੀ ਖਟ ਸਾਸਤ੍ਰੋਂ ਮੇ ਅਨੇਕ ਜੁਗਤੀਆਂ ਭਾਵ ਅਨੇਕ ਦ੍ਰਿਸਟਾਂਤ ਹੈਂ ਪਰੰਤੂ ਉਨਕੇ ਧਾਰਨ ਕਰਨੇ ਮੇ ਭੀ ਅਪਨਾ ਬਲੁ ਨਹੀਂ ਜਬ ਕਰਤਾ ਪੁਰਖ ਕੀ ਕ੍ਰਿਪਾ ਦ੍ਰਿਸਟੀ ਹੋਵੇ ਤਬ ਧਾਰਨ ਹੋਤੇ ਹੈਂ॥

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥
ਨਾਨਕ ਉਤਮੁ ਨੀਚੁ ਨ ਕੋਇ॥੩੩॥

ਤਾਂਤੇ ਜਿਸ ਅਕਾਲ ਪੁਰਖ ਕੇ ਹਾਥਮੇ ਬਲੁ ਹੈ ਸੋਈ ਕਰਕੇ ਦੇਖ ਰਹਾ ਹੈ। ਗੀਤਾ ਮੈ ਕਹਾ ਹੈ ਸਭ ਭੂਤੋਂ ਕੇ ਹਿਰਦੇ ਮੇ ਈਸਰੁ ਬੈਠਾ ਹੂਆ ਸਭ ਕੋ ਭ੍ਰਮਾਵਤਾ ਹੈ ਜੈਸੇ ਜੰਤ੍ਰਕੋ ਜੰਤ੍ਰੀ ਚਲਾਵਤਾ ਹੈ ਤੈਸੇ ਹੀ ਜੰਤ੍ਰ ਚਲਤਾ ਹੈ ਜੰਤ੍ਰ ਕੇ ਕੁਛ ਵਸ ਨਹੀ ਹੈ ਸਭ ਜੰਤ੍ਰੀ ਕੇ ਵੱਸ ਹੈ। ਗੁਰੂ ਪ੍ਰਮਾਣ (ਜਿਉਜੰਤੀ ਕੇ ਵਸ ਜੰਤ) ਸ੍ਰੀ ਗੁਰੂ ਜੀ ਕਹਤੇ ਹੈਂ ਤਾਂ ਤੇ ਏਹੁ ਜਾਨਨਾ ਚਾਹੀਏ ਕਿ ਇਸ ਸ੍ਰਿਸਟੀ ਮੇ ਨਾ ਕੋਈ ਆਪਣੇ ਆਪ ਨੀਚ ਹੈ ਨ ਉਤਮ ਹੈ ਜੈਸਾ ਜਿਸਕੋ ਪ੍ਰਭੂ ਨੇ ਪੂਰਬ ਕਰਮੋਂ ਕੇ ਅਨੁਸਾਰ ਕੀਆ ਹੈ ਤੈਸਾ ਹੀ ਹੋ ਰਹਾ ਹੈ॥੩੩॥

ਨੰ.੪.ਨਿਰਮਲ-ਸੰਤ ਪੰਡਿਤ ਸਾਧੂ ਸਿੰਘਜੀ ਪੀਲੀਭਤਿ(ਵੇਦਾਂਤੀ)-33

ਆਖਣਿ ਜੋਰੁ ਚੁਪੈ ਨਹ ਜੋਰੁ॥

ਹੇ ਸ਼ਿਸ਼ਯ! (ਜੋਰ) ਬ੍ਰਹਮ-ਵਿਦਿਆ ਰੂਪ ਸਾਮਰਥ ਅਨੇਕ ਸ਼ਾਸ਼ਤ੍ਰੋਂਕੇ(ਆਖਣ)ਕਥਨ ਸੇ ਨਹੀਂ ਪ੍ਰਾਪਤ ਹੋਤੀ। ਇਸੀ ਪ੍ਰਕਾਰ (ਚੁਪੈ) ਆਕਾਰ ਮੌਨ ਤਥਾ ਕਾਸ਼ਠ ਮੌਨ ਆਦਿਕੋਂ ਸੇ ਭੀ ਬ੍ਰਹਮ-ਵਿਦਿਆ ਰੂਪ ਸਾਮਾਰਥਯ ਕੀ ਪ੍ਰਾਪਤੀ ਨਹੀਂ ਹੋਤੀ। ਔਰ,ਸੋ ਸਾਮਾਰਥਯ ਕਿਸੀਸੇ ਮਾਂਗਨੇਸੇ ਔਰ ਕਿਸੀਕੇ ਦੇਨੇ ਸੇ ਭੀ ਨਹੀਂ ਪ੍ਰਾਪਤ ਹੋਤੀ। ਔਰ, ਬਹੁਤਸੇ ਦੀਰ੍ਘ ਜੀਵਨਸੇ ਤਥਾ ਮਰਜਾਨੇ ਸੇਭੀ ਨਹੀਂ ਪ੍ਰਾਪਤ ਹੋਤੀ।ਔਰ ਮਨਕੇ (ਸੋਰ) ਅਤਿਅੰਤ ਅਹੰਕਾਰਕੇ ਕਾਰਣ

Sri Satguru Jagjit Singh Ji eLibrary NamdhariElibrary@gmail.com

ਜੋਰਾਜ ਮਾਲਹੈ, ਇਨਸੇ ਭੀ ਤਿਸ ਸਾਮਾਰਥਜਕੀ ਪ੍ਰਾਪਤੀ ਨਹੀਂ ਹੋਤੀ॥ ਔਰ (ਸੁਰਤੀ) ਯੋਗ ਧਿਯਾਨ(ਗਿਯਾਨ ਵਿਚਾਰ)ਸਾਧਿਯਾ, ਸ਼ਾਸਤ੍ਰ ਕੀ ਰੀਤੀਸੇ ਤਤ੍ਵੋਂਕੇ ਵਿਚਾਰਸੇ ਭੀ ਬ੍ਰਹਮ-ਵਿਦਿਆ ਰੂਪ ਬਲਕੀ ਪ੍ਰਾਪਤੀ ਨਹੀਂ ਹੋਤੀ। ਔਰ, ਜਿਸ ਵਿਦਿਆ ਰੂਪ ਬਲਸੇ ਸੰਸਾਰ ਛੂਟਤਾਹੈ, ਸੋ ਬਲ ਖੁਸ਼ਕ ਤਰਕ ਰੂਪ ਯੁਕਤੀਕੇ ਅਨੁਸੰਧਾਨ ਸੇ ਨਹੀਂ ਪ੍ਰਾਪਤ ਹੋਤਾ। ਕਿੰਤੂ, ਜਿਸ ਕਿਸੀ ਪੂਰਣ ਭਾਗੀ ਕੇ ਹਾਥਮੇਂ ਵਿਦਿਆਰੂਪ ਬਲਹੈ,ਸੋ(ਕਰ)ਅਪਨੇ ਹਸਤਗਤ ਵਸਤੂ ਵਰਤ ਅਪਨੇ ਸ੍ਵਰੂਪ ਕੋ ਦੇਖਤਾਹੈ॥ ਉਸ ਗਿਯਾਨਕੇ ਪ੍ਰਭਾਵਸੇ ਸ੍ਰੀਗੁਰੂਜੀ ਕਹਿਤੇ ਹੈਂ, ਤਿਸਕੀ ਦ੍ਰਿਸ਼ਟੀਮੇਂ ਨ ਕੋਈ ਉਤਮਹੈ,ਔਰ ਨ ਕੋਈ ਨੀਚਹੈ;ਤਾਤਪ੍ਰਿਯ ਯਹਹੈ ਅਪਨੇ ਪੁਰਸ਼ਾਰਥ ਸੇ ਵਿਦਿਆ ਰੂਪ ਬਲ ਕੀ ਪ੍ਰਾਪਤੀ ਹੋਤੀਹੈ; ਕਿਉਂਕਿ ਇਸ ਜੀਵ ਕੋ ਜੋ ਦੇਹ ਆਦਿਕ ਅਨਾਤਮਾਮੇਂ ਆਤਮਤ੍ਵ ਭ੍ਰਮ ਹੈ,ਸੋ ਨਿਰੰਤਰ ਆਤਮ ਭਾਵਨਾਸੇ ਨਿਰਵ੍ਰਿਤ ਹੋਤਾਹੈ,ਇਸੀ ਵਾਸਤੇ ਸ਼੍ਰੁਤੀਮੇਂ ਲਿਖਾ ਹੈ "_____ "

2॥ ਅਪਨੇ ਆਤਮਾ ਕਰਕੇ (ਵੀਰਯ) ਵਿਦਿਆਰੂਪ ਸਾਮਰਥਯਕੋ ਪ੍ਰਾਪਤ ਹੋਤਾਹੈ। ਔਰ, ਵਿਦਿਆ ਕਰਕੇ ਅੰਮ੍ਰਿਤਤ੍ਵ ਰੂਪ ਮੋਖਸ਼ਕੋ ਪ੍ਰਾਪਤ ਹੋਤਾਹੈ॥ ਜਿਸ ਗਿਯਾਨ ਦ੍ਰਿਸ਼ਟੀਸੇ ਉਤਮ ਤਥਾ ਨੀਚਕੋ ਨਹੀਂ ਦੇਖਤਾ, ਤਿਸਕਾ ਗੀਤਾ (5:18) ਮੇਂ ਨਿਰੂਪਣ ਕਰਾਹੈ,ਤਥਾਹਿ:- "_____ "

ਅਰਥ॥ "ਬ੍ਰਹਮ-ਵਿਦਿਆ ਤਥਾ ਨਿਰੰਕਾਰਤਾ ਕਰਕੇ ਸੰਪੰਨ ਜੋ ਬ੍ਰਾਹਮਣਹੈ,ਇਸ ਪ੍ਰਕਾਰ ਅਤਿਅੰਤ ਸਾਤ੍ਵਿਕ ਮੇਂ,ਤਥਾ(ਗਵਿ)ਸੰਸਕਾਰਹੀਨ ਰਾਜਸ ਯੋਨਿਮੇਂ, ਔਰ ਹਸਿਤ, ਸ਼ਵਾਨ, ਸ਼ਵਪਾਕ ਰੂਪ ਚੰਡਾਲ ਇਨ ਕਰਕੇ ਉਪਲਕਸ਼ਿਤ ਤਾਮਸ ਯੋਨਿਮੇਂ,ਸਮਰੂਪ ਜੋਸ੍ਵਤੰਤ੍ਰ ਪੂਰਣਬ੍ਰਹਮਹੈ,ਤਿਸਕੇ ਦਰਸ਼ਨ ਸ਼ੀਲਜੋ ਵਿਵੇਕੀ ਪੁਰਸ਼ਹੈ,ਵਹ ਪੰਡਿਤਹੈ"॥ ਤਾਤਪ੍ਰਿਯ ਯਹਹੈ, ਗੰਗਾ ਜਲ ਔਰ ਤਾਲਾਬ ਕਾ ਜਲ, ਤਥਾ ਸਤ੍ਰ ਆਦਿ ਰੂਪ ਜਲ, ਇਨਮੇਂ ਜੋ ਸੂਰਯ ਕਾ ਪ੍ਰਤਿਬਿੰਬ ਹੈ, ਸੋ ਜਲਕੇ ਗੁਣ ਤਥਾ ਦੋਸ਼ ਸੇ ਵਰਜਿਤਹੈ॥ ਇਸੀ ਪ੍ਰਕਾਰ ਸਾਤ੍ਵਿਕ, ਰਾਜਸ ਯੋਨੀ ਰੂਪ ਉਪਾਧੀ ਮੇਂ ਵਰਤਮਾਨ ਬ੍ਰਹਮ ਤਤ੍ਵ ਸਰਵ ਕੇ ਗੁਣ ਦੋਸ਼ ਵਰਜਤਿ ਏਕ-ਰਸਹੈ॥ ਤਿਸਕਾ ਸਰਵਦਾ ਅਨੁਸੰਧਾਨ ਕਰਨੇ ਵਾਲੇ ਜੀਵਨ-ਮੁਕਤੀ ਸੁਖਕਾ ਅਨੁਭਵ ਕਰਤੇਹੈਂ॥ ਇਸੀ ਵਾਸਤੇ ਗੁਰੂਜੀ ਨੇ ਲਿਖਾਹੈ "ਨਾਨਕ ਉਤਮੁ ਨੀਚੁ ਨ ਕੋਇ॥ 33॥ ਜਿਸ ਤਤ੍ਵ ਕੇ ਗਿਯਾਨਸੇ ਵਿਸ਼ਮਦ੍ਰਸ਼ਟਿ ਕੀ ਨਿਰਵ੍ਰਿਤੀ ਹੋਤੀਹੈ, ਤਿਸ ਤਤ੍ਵਕਾ ਨਿਰੂਪਣ ਕਰਤੇਹੈਂ॥

ਨੰ.9. ਸਾਧੂ ਪੰ.ਹਰਿਪ੍ਰਸਾਦ ਜੀ ਉਦਾਸੀਨ(ਵੇਦਿਕ ਮੁਨੀ) - 33

ਆਖਣਿ ਜੋਰੁ ਚੁਪੈ ਨਹ ਜੋਰੁ॥

ਆਖਿਯਾਨ ਕੇ, ਅਰਥਾਤ ਵਿਖਯਾਨਕੇ ਬਲਸੇ ਔਰ ਚੁਪੈਕੇ, ਅਰਥਾਤ ਮੋਨਕੇ ਬਲਸੇ, ਸੰਸਾਰ ਕੇ ਜਨਮ-ਮਰਣ ਚਕਰਸੇ (ਸੰਸਾਰਮੇਂ ਬਾਰ-ਬਾਰ ਆਨੇਸੇ) ਨਹੀਂ ਛੂਟਾ ਜਾਤਾ। ਮਾਗਨੇਕੇ ਅਰਥਾਤ ਪ੍ਰਤਿਦਿਨਕੀ ਪ੍ਰਾਥਨਾਕੇ ਬਲਸੇ ਸੰਸਾਰਕੇ ਜਨਮ-ਮਰਣ ਚਕਰਸੇ ਨਹੀਂ ਛੂਟਾ ਜਾਤਾ। ਦਾਨਕੇ,ਅਰਥਾਤ ਦਖਿਸ਼ਣਾਕੇ ਬਲਸੇ ਸੰਸਾਰਕੇ ਜਨਮ-ਮਰਨ ਚਕ੍ਰ ਸੇ ਨਹੀਂ ਛੂਟਾ ਜਾਤਾ॥ 1॥

ਜੀਨੇਕੇ, ਅਰਥਾਤ ਸੰਸਾਰਮੇਂ ਚਿਰਕਾਲ ਤਕ ਜੀਤਾ ਰਹਿਨੇਕੇ ਸਾਧਨ ਸਮਾਧੀਕੇ ਬਲਸੇ, ਸੰਸਾਰਕੇ ਜਨਮ-ਮਰਣ ਚਕਰਸੇ ਨਹੀਂ ਛੂਟਾ ਜਾਤਾ,ਮਰਨੇਕੇ, ਅਰਥਾਤ ਪ੍ਰਯਾਗਾਦਿ-ਤੀਰਥੋਂਮੇਂ

Sri Satguru Jagjit Singh Ji eLibrary NamdhariElibrary@gmail.com

ਆਤਮਘਾਤ ਕਰਨੇਕੇ ਬਲਸੇ, ਸੰਸਾਰਕੇ ਜਨਮ-ਮਰਣ ਚਕਰਸੇ ਨਹੀਂ ਛੂਟਾ ਜਾਤਾ। ਮਨਮੇ ਸ਼ੋਰਕੋ, ਅਰਥਾਤ ਵਿਕਸ਼ੇਪਕੋ ਉਤਪੰਨ ਕਰਨੇ ਵਾਲੇ ਰਾਜਯ ਔਰ ਅਤਿ ਅਧਿਕ ਧਨਕੇ ਬਲਸੇ ਭੀ ਸੰਸਾਰਕੇ ਜਨਮ-ਮਰਣ ਚਕਰਸੇ ਨਹੀਂ ਛੂਟਾ ਜਾਤਾ ॥2॥

ਸ਼ੂਤਿਯੋਕੇ ਗਿਯਾਨਕੇ ਬਲਸੇ,ਤਥਾ ਉਨਕੇ ਅਰਥੋਂਕੋ ਵਿਚਾਰ(ਮੀਮਾਸਾ)ਕੇ ਬਲਸੇ ਭੀ, ਸੰਸਾਰਕੇ ਜਨਮ-ਮਰਣ ਚਕਰਸੇ ਨਹੀਂ ਛੂਟਾ ਜਾਤਾ। ਯੁਕਿਤਯੋਕੇ,ਅਰਥਾਤ ਨਿਰਾਯਾਕ ਸ਼ੁਸ਼ਕ ਤਰਕੋਂਕੇ ਬਲਸੇ ਸੰਸਾਰਕੇ ਜਨਮ-ਮਰਣ ਚਕਰਸੇ ਨਹੀਂ ਛੂਟਾ ਜਾਤਾ॥3॥

ਜਿਸਕੇ ਹਾਥਮੇਂ,ਅਰਥਾਤ ਜਿਸਕੇ ਪਾਸ, ਇਨ ਸਬ ਬਲੋਂਮੇਂਸੇ ਕੋਈਭੀ ਬਲਹੈ,ਵਹ ਉਸੇ ਲਗਾ ਕਰ ਦੇਖਲੇ, ਅਰਥਾਤ ਪਰੀਕਸ਼ਾ ਕਰਲੇ,ਇਸਮੇਂ ਉਚੇ,ਅਥਵਾ ਨੀਚਕੀ ਕੋਈ ਬਾਤ ਨਹੀਂ,ਯਹ ਨਾਨਕਕਾ ਦਰਸ਼ਨ, ਅਰਥਾਤ ਨਾਨਕਕੀ ਦ੍ਰਿਸ਼ਟੀਹੈ ॥4॥33॥

ਭਾਸ਼ਯ- ਇਸ਼੍ਵਰਕੀ ਪ੍ਰਾਪਤੀ ਰੂਪੀ,ਅਰਥਾਤ ਇਸ਼੍ਵਰਕਾ ਸਾਕਸ਼ਾਤ ਦਰਸ਼ਨ ਰੂਪੀ ਬਲਹੀ ਸੰਸਾਰਸੇ ਛੂਟਨੇ, ਅਰਥਾਤ ਸੰਸਾਰਕੇ ਜਨਮ-ਮਰਣ-ਚਕਰਸੇ ਮੁਕਤੀ ਪਾਨੇਕਾ ਏਕ ਮਾਤ੍ਰ ਉਪਾਯਹੈ--ਦੂਸਰਾ ਕੋਈ ਬਲ ਉਸਕਾ ਉਪਾਯ ਨਹੀਂ। ਯਹ ਕਹਿਨੇਕੇ ਲਿਯੇ ਅਬ ਅਗਲਾ ਪਰਵ ਆਰੰਭ ਹੋਤਾਹੈ। ਇਸਕਾ ਨਾਮ ਔਰ ਮੰਤ੍ਰ ਸੰਖਿਯਾ ਚਾਰਹੈ। ਚਾਰੋਂਕਾ ਅਰਥ ਅਨੁਵਾਦਸੇ ਸਫੁਟਹੈ॥4॥33॥

ਨੰ.10. ਭਾਈ ਵੀਰ ਸਿੰਘ ਜੀ (ਆਧੁਨਿਕ)-33

ਆਖਣਿ ਜੋਰੁ ਚੁਪੈ ਨਹ ਜੋਰੁ॥

ਪ੍ਰਾਕਥਨ:- ਪਿਛਲੀ ਪਉੜੀ ਵਿਚ 'ਨਾਮ ਤੇ ਨਦਰ'ਦਾ ਵਰਣਨ ਕੀਤਾ ਸੀ। ਇਸ ਪਉੜੀ ਵਿਚ ਦੱਸਦੇ ਹਨ ਕਿ 'ਨਾਮ ਤੇ ਨਦਰ' ਦਾ ਮਾਰਗ 'ਜ਼ੋਰ' ਦਾ ਮਾਰਗ ਨਹੀਂ,ਜਿਸਤੋਂ ਇਹ ਵਿਦਤ ਹੁੰਦਾਹੈ ਕਿਇਹ ਸਹਜਦਾ ਮਾਰਗਹੈ। ਜ਼ੋਰ ਨਾਲਜੋ ਪ੍ਰਾਪਤੀ ਲੋੜੀਂਦੀਹੈ, ਉਹ ਆਪਣੇਹੀ ਮਨੋਰਥਦੇ ਉਲਟ ਜਾਂਦੀਹੈ--ਕੁਛ ਐਸ ਤਰ੍ਹਾਂ ਕਿ ਜਿਸ ਤਰ੍ਹਾਂ ਜ਼ੋਰ ਲਾ ਲਾ ਕੇ ਸੌਣਾ ਚਾਹੀਦੇ, ਤਾ ਸਗੋਂ ਨੀਂਦ ਨਹੀਂ ਆਉਂਦੀ। ਨੀਂਦ ਤਾਂ ਕਿਸੇ ਸਹਜ ਭਾਵ ਵਿਚ ਗਿਆਂ ਆਉਂਦੀਹੈ। ਇਸ ਤਰ੍ਹਾਂ ਸੁਰਤ ਕੇ ਕੰਮ, ਸਿਮਰਣ, ਗਿਆਨ ਤੇ ਵੀਚਾਰ ਆਦ ਸਭੇ ਸਹਜ ਦੇ ਭਾਵ ਨਾਲ ਸਫਲ ਹੁੰਦੇ ਹਨ, ਯਥਾ:- "ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ"(429);ਪੁਨਾ:-"ਚਉਥੇ ਪਦਮਹਿ ਸਹਜੁਹੈ ਗੁਰਮੁਖਿ ਪਲੇ ਪਾਇ"(68:13);"ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ"(55:6); ਪੁਨਾ:"ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ"(68:17)। ਸੋ ਜੋ ਨਾ ਕਹਿਣਤੋ ਮੁਰਾਦ 'ਸਹਜ ਮਾਰਗ' ਦੀ ਹੈ ? ਇਸ ਲਈ ਆਪ ਫੁਰਮਾਉਂਦੇ ਹਨ:- ਅਰਥ ਤੀਸਰੀ ਤੁਕਤੋਂ ਤੁਰੇਗਾ:-

ਅਰਥ:- 3.(ਪ੍ਰਤੱਖ ਦੇਖੋ ਭਾਈ! ਇਨਸਾਨਦੇ) ਜੀਉਣ ਵਿਚ (ਉਸਦਾ) ਜ਼ੋਰ (ਸਫਲ) ਨਹੀਂ, ਮਰਨੇ ਵਿਚ ਜ਼ੋਰ (ਸਫਲ) ਨਹੀਂ।

1. (ਇਸੀ ਤਰ੍ਹਾਂ ਇਸ ਜੀਉਣ ਸਬੰਧੀ-ਜੋ ਜ਼ੋਰ ਦੀ ਖੇਡ ਨਹੀ ਹੈ- ਹੋਰ ਗੱਲਾਂ ਬੀ ਜ਼ੋਰ ਦੇ ਵੱਸ ਨਹੀਂ ਹਨ, ਜਿਵੇਂ) ਆਖਣ ਵਿਚ ਕਿ ਚੁੱਪ ਧਾਰਨ ਵਿਚ (ਦੋਹਾਂ ਵਿਚ) ਜ਼ੋਰ (ਸਫਲ) ਨਹੀਂ।

4. ਐਸ਼੍ਵਰਜ ਤੇ ਮਾਲ ਧਨ ਦੀ (ਪ੍ਰਾਪਤੀ) ਵਿਚ ਜ਼ੋਰ (ਸਫਲ) ਨਹੀਂ (ਜਿਸ ਲਈ ਕਿ) ਮਨ ਵਿਖੇ ਖ਼ਬਤ (ਲੱਗਾ ਰਹਿੰਦਾ) ਹੈ।

Sri Satguru Jagjit Singh Ji eLibrary NamdhariElibrary@gmail.com

5. (ਤਿਵੇਂ ਹੀ ਸਮਝ ਲਓ ਕਿ ਨਾਮ ਸਿਰਮਣ ਆਦਿ) ਸੁਰਤ ਦੇ (ਕੰਮਾਂ ਵਿਚ) ਗਿਆਨ ਤੇ ਵੀਚਾਰ ਆਦਿ ਵਿਚ ਬੀ ਜ਼ੋਰ (ਸਫਲ) ਨਹੀਂ। (ਉਸ ਵਿਚ ਬੀ) ਜ਼ੋਰ (ਸਫਲ) ਨਹੀਂ।

7. ਜਿਸ ਦੇ (ਖਿਆਲ ਵਿਚ ਉਸ ਦੇ ਆਪਣੇ) ਹੱਥ ਵਿਚ (ਐਸਾ) ਜ਼ੋਰ ਹੈ ਉਹ (ਜ਼ੋਰ) ਕਰਕੇ ਵੇਖ ਲਵੇ।

8. ਨਾਨਕ (ਸਚ ਤਾਂ ਇਹੋ ਹੈ ਕਿ ਜ਼ੋਰ ਨਾਲ) ਉਤਮ ਕਿ ਨੀਚ ਕੋਈ ਨਹੀਂ (ਕੁਛ ਬਣ ਸਕਦਾ)।

ਵਯਾਖਯਾ:-ਇਸ ਪਉੜੀ ਵਿਚ ਗੁਰੂ ਜੀਨੇ 'ਜੋਰੁ ਨ ਜੀਵਣਿ ਮਰਣਿ ਨ ਜੋਰੁ' ਆਖਕੇ ਇਕ ਪ੍ਰਤੱਖ ਵਰਤ ਰਹੀ ਸਚਿਆਈ ਦੱਸੀਹੈ। ਇਸ ਤੋਂ ਸਮਝ ਪਈ ਕਿ ਜਦ ਜੰਮਣ ਤੇ ਮਰਨ ਵਿਚ ਜ਼ੋਰ ਨਹੀਂ ਤਾਂ ਇਸਦੇ ਜੀਵਨ ਸੰਬੰਧੀ ਕਰਤੱਵਯ ਆਦਿ ਹੋਰ ਗੱਲਾਂ ਵਿਚ,ਜੋ ਜੰਮਣ ਤੇ ਮਰਨਦੇ ਵਿਚਕਾਰ ਹਨ,ਬੀ ਜ਼ੋਰ ਸਫਲ ਨਹੀਂ। ਇਹ ਅਰਥਾਂਤਰ ਨਯਾਸ ਅਲੰਕਾਰਦਾ ਤਰੀਕਾ ਵਰਤਿਆਹੈ। ਇਥੇ'ਜੀਵਣ ਮਰਣ ਜ਼ੋਰਦੇ ਵੱਸ ਨਹੀਂ" ਸਾਮਾਨਯ ਅਰਥ ਸੁਤੇਸਿੱਧ ਹੈ, ਇਸਤੋਂ ਵਿਸ਼ੇਸ਼ ਅਰਥ ਇਹ ਸਮਰਥਨ ਕੀਤਾ ਗਿਆਹੈ ਕਿ ਜੀਵਨ ਦੇ ਹੋਰ ਕਾਰਯ: ਆਖਣ, ਚੁਪ, ਮੰਗਣ, ਦੇਣ, ਧਨ ਪ੍ਰਾਪਤੀ, ਊਚ-ਨੀਚ ਹੋਣਾ ਆਦਿ ਬੀ ਜ਼ੋਰਦੇ ਵੱਸ ਨਹੀਂ ਹਨ। ਤਾਂਤੇ ਸੁਰਤ ਕੇ ਕਾਰਯ ਗਿਆਨ ਆਦਿ ਬੀ ਜ਼ੋਰ ਨਾਲ ਸਫਲਦੇ ਨਹੀਂ, ਏਹ ਸਹਜਿ ਵਿਚ ਸਫਲਦੇ ਹਨ। ਦੇਖੋ ਜੇ ਕੋਈ ਹੱਠ ਨਾਲ ਚੁਪ ਧਾਰੇ ਤਾਂ ਅੰਦਰ ਕਲਪਨਾ ਟੁਰੀ ਰਹਿੰਦੀਹੈ, ਚੁੱਪ ਨਹੀਂ ਵਰਤਦੀ। ਪਰ ਜੇ ਨਾਮਦੇ ਰਸਤੇ ਸਹਿਜ ਵਿਚ ਆਜਾਵੇ ਤਾਂ ਅੰਦਰ ਟਿਕਾਉਹੋ ਜਾਂਦਾਹੈ, ਬਾਹਰ ਬੋਲ ਚਾਲ ਵਿਚ ਸੰਜਮ ਆ ਜਾਂਦਾਹੈ। ਤਿਵੇਂ ਜ਼ੋਰ ਨਾਲ ਕੋਈ ਬੋਲੇ ਤਾਂ ਰਸ ਨਹੀਂ ਪੈਦਾ। ਜੇ ਜ਼ੋਰ ਨਾਲ ਕਥਾ ਵਖਯਾਨ ਕਰੇ,ਕਿ ਕਵਿਤਾ ਕਹੇ,ਤਾਂ ਰਸ ਹੀਨਤਾ ਫਲ ਹੁੰਦਾਹੈ। ਜ਼ੋਰ ਨਾਲ ਨਾਮ ਜਪੇ ਤਾਂ ਨਹੀਂ ਪੈਂਦਾ-ਸਹਜੇ ਗਾਵਿਆ ਥਾਇ ਪਵੇ, ਵਾਕ ਹੈ॥

ਜ਼ੋਰੁ ਨਾਲ ਮੰਗਣਾ:- ਅਰਥਾਤ ਭਿੱਖੂ ਬਣਨੇ ਲਈ ਬੀ ਅੰਦਰ ਸਹਜ ਦੀ ਧਾਰਨਾ ਦੀ ਲੋੜਹੈ,ਹਠ ਬ੍ਰਿਤੀ ਨਾਲ ਬਣੇ ਹੋਏ ਭਿੱਖੂਦੇ ਅੰਦਰ ਸੰਤੋਖ ਨਹੀਂ ਉਪਜਦਾ। ਦਾਨ ਕਰਨ ਵਿਚ ਸਹਿਜਦੀ ਲੋੜਹੈ। ਹੱਠ ਨਾਲ ਕੀਤਾ ਦਾਨ ਮਨਨੂੰ ਨਿਰਮਲ ਨਹੀਂ ਕਰਦਾ। ਜੰਮਣਾ, ਜੀਉਣਾ, ਮਰਣਾ ਕਿਸੇਦੇ ਅਪਣੇ ਵੱਸ ਨਹੀਂ, ਇਹ ਸੁਤੇਹੀ ਸਹਜ ਭਾਵਦੇ ਆ ਜਾਣਦੀ ਲੋੜਹੈ। ਕਾਮਯਾਬ ਰਾਜਾ ਯਾ ਧਨੀ ਬਣਨੇ ਲਈ ਬੀ ਅੰਦਰ ਇਕ ਸਹਜ ਭਾਵਦੇ ਆ ਜਾਣਦੀ ਲੋੜਹੈ। ਜ਼ੋਰ ਧੱਕੇ ਵਾਲੇ ਰਾਜੇ ਤੇ ਧਨੀ ਜਿਸ ਪ੍ਰਯੋਜਨ ਲਈ ਰਾਜਤੇ ਧਨ ਕੱਠਾ ਕਰਦੇ ਹਨ, ਉਹ ਪ੍ਰਯੋਜਨ ਅਸਫਲਹੋ ਜਾਂਦਾਹੈ। ਰਾਜ ਤੇ ਧਨ ਸੁਖ ਭੋਗਣ ਲਈ ਲੱਭੀਦਾਹੈ, ਪਰ ਜ਼ੋਰ ਹਠ ਵਾਲੇ ਰਾਜੇਤੇ ਧਨੀਦਾ ਅੰਦਰ ਖੌਲਰ ਵਿਚ ਰਹਿੰਦਾਹੈ। ਖੌਲਰ ਵਾਲਾ ਮਨ ਸੁਖੀ ਨਹੀਂਹੋ ਸਕਦਾ। ਪ੍ਰਜਾਨੂੰ ਯਾ ਗ਼ਰੀਬਾਂਨੂੰ ਸੁਖ ਦੇਣਦਾ ਮਨੋਰਥ ਬੀ ਰਾਜੇ ਤੇ ਧਨੀਦਾ ਸਹਜ ਵਿਚ ਸਫਲ ਹੁੰਦਾਹੈ, ਜ਼ੋਰ ਹਉਂ ਵਿਚ ਸਫਲ ਨਹੀਂ ਹੁੰਦਾ।

ਸੁਰਤ ਦੇ ਗਿਯਾਨ ਵੀਚਾਰ, ਅਰਥਾਤ ਪਰਮਾਰਥਦੀ ਸਫਲ ਪ੍ਰਾਪਤੀ ਤਾਂਹੈ ਹੀਸਹਜ। ਹਠ ਆਸਰੇ ਆਤਮਿਕ ਸਾਧਨ ਹਉਂ ਵਿਚਹੀ ਰੱਖਦੇ ਹਨ। ਜਦੋਂ ਅੰਦਰਲਾ ਟਿਕਾਉ ਸੁਭਾਵ ਭੂਤ ਹੋਕੇ ਆਤਮ ਰੰਗ ਵਿਚ ਨਿਰਯਤਨ ਰੱਖਦਾਹੈ, ਤਦੋਂ ਸਹਜਦੀ ਅਵਸਥਾ ਹੁੰਦੀਹੈ ਤੇ ਉਹ

Sri Satguru Jagjit Singh Ji eLibrary NamdhariElibrary@gmail.com

ਸੁਖ ਰੂਪ ਹੁੰਦੀਹੈ। ਜਿਵੇਂ ਤਾਰੂਦੀ ਮੁਰਦਾ ਤਾਰੀ ਉਸਨੂੰ ਨਿਰਯਤਨ ਤਾਰੀ ਵਿਚ ਲਈ ਜਾਂਦੀਹੈ। ਹਠ ਬ੍ਰਿਤੀ ਨਾਲ ਸੰਸਾਰ ਛੱਡਕੇ ਜੋ ਤੀਰਥ ਸਥਾਨਾਂ ਵਿਚ ਚਲੇ ਜਾਂਦੇ ਹਨ,ਸੰਸਾਰਤੋਂ ਛੁਟਦੇ ਨਹੀਂ,ਬ੍ਰਿਤੀ ਸੰਸਾਰਕ ਰਹਿੰਦੀਹੈ। ਸੰਸਾਰਕ ਸੰਕਲਪ ਵਿਕਲਪ ਦਾ ਪ੍ਰਵਾਹ ਜਗਤ ਨਾਲ ਬੰਨ੍ਹੀ ਰੱਖਦਾਹੈ। ਇਸੀ ਤਰ੍ਹਾਂ ਹਠ ਨਾਲ ਉੱਤਮ ਬਣਿਆ ਅੰਦਰਲਾ ਉਤੱਮਤਾ ਵਿਚ ਵਸੀਜ ਨਹੀਂ ਜਾਂਦਾ, ਨੀਚਤਾ ਅੰਦਰ ਵਸਦੀ ਰਹਿੰਦੀਹੈ ਤੇ ਦਾਉ ਪਾ ਪਾਕੇ ਨਿਕਲਦੀ ਰਹਿੰਦੀਹੈ। ਜੇ ਕੋਈ ਉੱਤਮ ਹੋਵੇ, ਤੇ ਜ਼ੋਰ ਲਾਵੇ, ਨੀਚ (ਨਿਰਮਾਣ ਸੇਵਕ) ਹੋਣਦਾ, ਤਾਂਭੀ ਸੰਭਵ ਨਹੀਂ, ਲੋਕ ਉਸਦੀ ਉੱਤਮਤਾਨੂੰ ਪਛਾਣ ਜਾਂਦੇ ਹਨ। ਸੋ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਜੋ ਅਵਸਥਾ ਅਸੀਂ ਚਾਹੁੰਦੇਹਾਂ ਸਿੱਖ ਦੇ ਅੰਦਰ ਪੈਦਾ ਹੋਵੇ, ਉਹ ਸਹਜ ਦੀਹੈ। 'ਨਾਮ ਤੇ ਨਦਰੋ ਸਹਜ ਮਾਰਗ ਦੀਆਂ ਵਸਤਾਂ ਹਨ।

ਕਵਿ ਸੰਤੋਖ ਸਿੰਘ ਜੀ ਇਸ ਪਉੜੀ ਵਿਚ ਜੀਵਦੀ ਪਵਿੱਤ੍ਰਤਾਦਾ ਭਾਵ ਲੈਂਦੇ ਹਨ ਅਤੇ ਪੰਡਿਤ ਲੇਖਕ ਇਸ ਪਉੜੀਨੂੰ ਇਉਂ ਲੈਂਦੇ ਹਨ ਕਿ:ਆਖਣਿ, ਚੁਪ, ਮੰਗਣ, ਦੇਣ, ਜੀਵਨ, ਮਰਨ, ਰਾਜ, ਮਾਲ, ਗਯਾਨ, ਵੀਚਾਰ ਤੇ ਜੁਗਤੀ ਨਾਲ, ਗਯਾਨ ਰੂਪੀ ਬਲ ਪ੍ਰਾਪਤ ਨਹੀਂ ਹੁੰਦਾ।

ਵਿਚ- 'ਜਿਸੁ ਹਥਿ ਜੋਰੁ' ਵਿਚ 'ਵਿਦਯਾ ਰੂਪੀ' ਪਦਦਾ ਅਧਯਾਹਾਰ ਕਰਕੇ ਐਉਂ ਅਰਥ ਲਾਉਂਦੇ ਹਨ:- ਜਿਸ ਦੇ ਹੱਥ ਵਿਚ ਵਿਦਯਾ ਰੂਪੀ ਬਲਹੈ ਉਹ ਅਪਣੇ ਸਰੂਪਨੂੰ ਕਰਿ=ਹੱਥ ਤੇ ਪਈ ਵਸਤੂ ਵਾਂਙੂ ਦੇਖਦਾਹੈ।

(ਉਸ ਗਯਾਨ ਦ੍ਰਿਸ਼ਟੀਦੀ ਪ੍ਰਾਪਤੀ ਕਰਕੇ ਉਸ ਪੁਰਖਦੀ ਦ੍ਰਿਸ਼ਟੀ ਵਿਚ)ਉੱਤਮ(ਯਾ) ਨੀਚ ਕੋਈ ਨਹੀਂ ਰਹਿੰਦਾ, ਉਸਨੂੰ ਸਰਬ ਬ੍ਰਹਮ ਦ੍ਰਿਸ਼ਟੀ ਪੈਂਦਾਹੈ।

ਨਿਰੁਕਤ:- ਆਖਣਿ- ਆਖਣ ਵਿਚ। ਜੋਰੁ-(ਫਾ:ਜ਼ੋਰ) ਬਲ, ਤਾਕਤ। ਮਨਿ ਜੋਰੁ:- ਇਸ ਲਈ ਮਨ ਵਿਚ ਖਬਤ ਲਗਾ ਰਹਿੰਦਾਹੈ। (ਫਾ: ਮੋਰ=ਹੌਲ) ਖ਼ਬਤ। ਸੁਰਤੀ-ਸੁਰਤ (ਦੇ ਕੰਮਾ) ਵਿਚ।

ਰਾਤੀ ਰੁਤੀ ਥਿਤੀ ਵਾਰ ॥ ਪਉਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥ ਤਿਸੁ ਵਿਚਿ ਜੀਅ ਜੁਗਤਿਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥ ੩੪॥

ਨੰ.1. ਬਾਵਾ ਮਿਹਰਬਾਨ ਜੀ "ਮੀਣਾ"- 34

ਏਥੇ ਸੰਜਮ ਸਿਆਣਪ ਗੁਰੂ ਬਾਬੇ ਸਭ ਦੂਰਿ ਕੀਤੀ ਸੁ॥ ਕਿਰਪਾ ਉਪਰਿ ਬਾਤ ਲੇ ਜਾਇ ਰਖੀਸੁ। ਕਿਸੁ ਵਾਸਤੇ ਡਰਿ ਗੈਆ? ਜਿ ਮਤੁ ਇਤਨੀ ਬਾਤ ਕਹੀ ਨੂ ਭੀ ਉਲਿਟ ਮਾਰਤਾ ਹੋਇ। ਜਿ ਨਾਨਕ, ਆਪਣੀ ਸਿਆਣਪ ਸਿਉ ਅਰੁ ਬਾਹੋ। ਏਹਿ ਕਿਆ ਹੈ, ਸੰਜਮ ਅਰੁ ਸਿਆਣਪਾਂ? ਹਉ ਕਿਸੀ ਕੀ ਸਿਆਣਪ, ਅਰੁ ਸੰਜਮਾ ਕਾ ਭੂਖਾ ਨਾਹੀ। ਮੈ ਜਿਸ ਕਉ ਕਿਰਪਾ ਕਰਉ ਤਿਸ ਕੀ ਕਉ ਨਿਵਾਜਜਿ ਖੜਾ ਕਰਉ, ਭਾਵੇ ਤੈਸਾ ਹੋਇ। ਸੁ ਇਸੁ ਡਰਿ ਕਰਿ ਕਰਿ, ਗੁਰੂ ਬਾਬੇ ਨਾਨਕ ਜੀ, ਇਸੁ ਬਾਤ ਤੇ ਇਉ ਕਹਿਆ। ਰਾਤੀ ਰੁਤੀ ਥਿਤੀ ਵਾਰ॥ ਪਉਣ ਪਾਣੀ ਅਗਨੀ ਪਾਤਾਲ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥

Sri Satguru Jagjit Singh Ji eLibrary NamdhariElibrary@gmail.com

ਤਿਸੁਕਾ ਪਰਮਾਰਥੁ:-ਏਹੁ ਜਿ ਲੋਓ ਪਰਮੇਸੁਰਜੀ ਕੀਆਹੈ, ਸੁ ਮਿਰਤ ਮੰਡਲਕਾ ਹੈ। ਮਿਰਤੁ-ਮੰਡਲਕਾ ਅਰਥੁ। ਜਿ ਇਸੁ ਮੰਡਲ'ਧਰਤੀ-ਮਹਿ'ਜਿ ਕੋਈ ਉਪਜਿਆਹੈ,ਸੁ ਸਭੁ ਮਿਰਤੁ ਹੋਵਣਾਹੈ,ਰਹਣਾ ਕਿਸੇ ਨਾਹੀ। ਸੁ ਤਿਸੁ ਮਿਰਤ ਮੰਡਲਕੀ ਪਰਕਿਰਤਿ, ਸ੍ਰੀ ਠਾਕੁਰ ਜੀ ਕੈਸੀ ਬਣਾਈ ਹੈ? ਪ੍ਰਥਮੇ ਤਉ ਰਾਤਿ ਅਰੁ ਦਿਨੁ ਕੀਆਹੈ। ਥਿਤੀ ਅਰੁ ਵਾਰੁ ਕੀਏਹੈ। ਰੁਤੀ ਕੀਤੀਆਹੈ। ਬਹੁੜਿ ਪਉਣੁ ਅਰੁ ਪਾਣੀ ਕੀਆਹੈ; ਅਗਨਿ,ਪਾਤਾਲ ਕੀਏਹੈ। ਤਿਨਕੇ ਬੀਚਿ ਧਰਮੀ ਮੰਡਲੁ ਥਾਪਿਆਹੈ। ਤਿਸੁ ਧਰਤੀ ਕਉ ਧਰਮਸਾਲ ਕਰਿ ਥਾਪੀਹੈ। ਸੁ ਤਿਸ'ਧਰਮਸਾਲਾ'ਕਾ ਅਰਥੁ ਕਿਆ? ਜਿ ਇਕਿ ਆਇ ਵੜਹਿ, ਇਕਿ ਉਠੀ ਜਾਹਿ। ਜੈਸਾ ਬੀਜੇ ਏਸੁ ਧਰਤੀਮਹਿ, ਧਰਮ ਸਾਲ ਬੀਚਿ, ਸੁਤੋ ਈਹਾਂਭੀ ਪਾਵੇ, ਅਰੁ ਆਗੇਭੀ ਪਾਵੇ। ਸੁ ਤਿਸਤੇ ਚਾਹੀਐ,ਜਿ ਏਸੁ ਧਰਤੀ ਧਰਮਸਾਲਾ ਮਹਿ,ਜਬ ਲਗਿ ਪਰਮੇਸੁਰੁ ਰਾਖੇ ਤਬ ਲਗਿ ਧਰਮੁ ਕਰਤਾਹੀ ਰਹੇ। ਤਾਂ ਨਿਹਫਲੁ ਨਾਹੀ ਜਾਤਾ,ਏਸੁ ਧਰਤੀ ਧਰਮ ਸਾਲਾਕਾ ਬੀਜਿਆ,ਸੁ ਧਰਮਸਾਲਾ ਏਤੁ ਗੁਣਿ ਕਰਿ ਕਰਿਹੈ।

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥

ਤਿਸੁਕਾ ਪਰਮਾਰਥੁ:-ਇਸੁ ਧਰਤੀ ਧਰਮ ਸਾਲਕੇ ਬੀਚਿ ਜੀ ਜੀਅਹੈ,ਸਿ ਤਿਨਕੇ ਅਨੇਕ ਰੰਗਹੈ,ਅਰੁ ਤਿਨ ਕੇ ਅਨੰਤ ਨਾਂਵਹੈ।ਜੈਸੇ ਜੈਸੇ ਕੋਈ ਧਰਮ ਕਮਾਵੇਗਾ,ਤੈਸਾ ਤੈਸਾ ਬੀਚਾਰੁ ਹੋਵੇਗਾ,ਸਚੇ ਸਾਹਿਬਕੇ ਦਰਬਾਰਿ ਤਿਥੈ ਕਵਨ ਕਵਨ ਸੋਭਾ ਪਾਵਹਿਗੇ ?

ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪॥

ਤਿਸੁਕਾ ਪਰਮਾਰਥੁ:- ਤਹਾਂ ਪੰਚ ਜਿ ਸੋਭਾ ਪਾਵਤੇਹੈ, ਸੁ ਕਵਨ ਕਵਨ ਪਾਵਤੇ ਹੈ? ॥1॥ ਪ੍ਰਿਥਵੀ॥ 2॥ ਅਪੁ॥ 3, ਤੇਜੁ ॥4॥ ਵਾਇ॥5॥ ਆਕਾਸੁ॥ ਜਿ ਕੋਇ ਇਨਕਉ ਪਛਾਣੇ, ਅਰੁ ਹਉਮੈ ਮੇਟੈ, ਤਿਸ ਊਪਰਿ ਪਰਮੇਸੁਰਕੀ ਕਿਰਪਾਹੋਇ॥ ਏਈ 'ਪੰਚ-ਪਰਵਾਣ'ਹੈ, ਸਚੇਕੀ ਮਿਹਰ ਜਿਸ ਊਪਰਿ ਸਚੇ ਸਾਹਿਬ ਦੈਆਲ ਪੁਰਖਕੀ ਨਦਰਿ ਹੋਈ, ਤਿਨਿ ਏਹ''ਪੰਚ ਤਤ''ਬੂਝੇ। ਜਬ ਏਹੋਪੰਜਿ ਤਤ' ਬੂਝੇ, ਤਬ ਤਿਸ ਊਪਰਿ ਮਿਹਰਕੀ ਨਜਰਿ ਹੋਇ। ਤਬ ਅਟਲੁ ਲੇਖੁ ਪੈਆ। ਨੀਸਾਨੁ ਨਾਉ, ਲੇਖਕਾ ਹੈ। ਤਬ ਹੁਕਮੁ ਸਚੇ ਸਾਹਿਬਕਾ ਹੋਇਆ, ਜਿ ਇਸਕਉ ਮੇਰੇ ਮਹਲ-ਮਹਿ ਰਾਖਹੁ, ਏਹੁ ਮੇਰਾਹੈ। ਫਿਰਿ ਏਸ ਕਉ ਪਰਭਵ-ਮਹਿ ਨਾਹੀ ਬਾਹਣਾ। ਸੁ ਏਨਾ ਜੀਆਂਕੀ ਮਹੀਅਤਿ, ਉਹਾਂਗੀਆਂ ਜਾਣੀਐਗੀ, ਜਿ ਏਹੁ ਭਲਾਹੈ, ਏਹੁ ਕਚਾਹੈ, ਏਹੁ ਪਕਾਹੈ। ਏਹ ਬਾਤ ਤਬ ਬੂਝੀਐਗੀ, ਜਸ ਊਹਾਂ ਜਾਈਐਗਾ। ਤਬ ਏਸੁ ਬਾਤਕਾ ਸੁਆਦੁ ਪਾਵੇਗਾ । ਹੁਣੁ ਅਜੇ ਬਾਤਾਂਹੀ ਸੁਣਿ ਵਿਸਮਾਦਿਆਹੈ॥ 34॥

ਨੰ.2. ਭਾਈ ਮਨੀ ਸਿੰਘ ਜੀ 'ਸ਼ਹੀਦ' -34

ਰਾਤੀ ਰੁਤੀ ਥਿਤੀ ਵਾਰ ॥ ਪਉਣ ਪਾਣੀ ਅਗਨੀ ਪਾਤਾਲ ॥

ਤਾਂ ਬਾਬੇ ਕਹਿਆ ਕਿ:-ਵਾਹਿਗੁਰੂ ਨੇ ਜੀਆਂਦੇ ਸੁਖ ਵਾਸਤੇ ਅਰ ਭਜਨ ਵਾਸਤੇ ਰਾਤੀਂ ਬਣਾਈਆਂ ਹੈਨ, ਅਤੇ ਜੀਆਂਦੇ ਸੁਖ ਵਾਸਤੇ ਰੁੱਤੀਂ ਅਰ ਥਿੱਤਾਂ ਅਰ ਵਾਰ ਅਤੇ ਪਵਣ ਅਰ ਪਾਣੀ ਅਤੇ ਅਗਨਿ, ਅਰ ਪਾਤਾਲ ਹੋਏ ਹਨ॥ ਅਰ ਤਿਸ ਵਿੱਚ ਧਰਤੀ, ਜੀਆਂਦੇ ਰਹਿਣ

Sri Satguru Jagjit Singh Ji eLibrary NamdhariElibrary@gmail.com

ਵਾਸਤੇ ਧਰਮ ਸਾਲਾ ਬਣਾਈਹੈਂ॥ ਸੋ ਤਿਸ ਵਿੱਚ ਨਾਨਾ ਪ੍ਰਕਾਰਦੇ ਜੀਅ ਹਨ, ਅਰ ਨਾਨਾ ਪ੍ਰਕਾਰ ਦੀਆਂ ਜੁਗਤਾਂ ਅਤੇ ਰੰਗਹੈਨ,ਜੋ ਤਿਨਾਂਦੇ ਨਾਮ ਅਨੇਕ ਅਰ ਅਨੰਤ ਹਨ ॥ ਅਤੇ ਓਹ ਆਪੇ ਆਪਣਿਆਂ ਕਰਮਾਂਦੇ ਅਨੁਸਾਰ ਸਭ ਭੋਗ ਭੋਗਦੇ ਹਨ॥ ਅਤੇ ਵਾਹਿਗੁਰੂ ਆਪਭੀ ਸੱਚਾਹੈ, ਅਰ ਉਸਦਾ ਦਰਬਾਰਭੀ ਸੱਚਾਹੈ, ਅਰ ਪੁੰਨ ਵਾਲਿਆਂਨੂੰ ਸੁਖ ਭੁਗਾਂਵਦਾਹੈ, ਅਤੇ ਪਾਪਾਂ ਵਾਲਿਆਂਨੂੰ ਦੁਖ ਭੁਗਾਵਦਾਹੈ॥ ਪਰ ਤਿਥੇ ਸੋਈ ਸੋਭਾ ਪਾਂਵਦੇ ਹਨ ਜਿਨਾਦੇ ਵਿੱਚ 'ਦੈਵੀ-ਸੰਪਤਾ'ਦੇ 'ਪੰਜ-ਗੁਣ': 'ਸੰਤੋਖ' ਆਦਿਕ ਹੋਦੇ ਹਨ॥ ਅਰ ਜਿਨਾਂ ਦੇ ਉਪਰ ਸਤਿਗੁਰਾਂਦੀ ਕ੍ਰਿਪਾਦੀ ਦ੍ਰਿਸ਼ਟ ਹੈ, ਨਾਮਦਾ ਨੀਸ਼ਾਨ ਓਨਾਂਨੂੰ ਪ੍ਰਾਪਤ ਹੋਂਦਾਹੈ॥ ਅਰ ਜੋ ਝੂਠ ਤੇ ਸੱਚ ਹੈ, ਸੋ ਸਾਧ ਸੰਗਤ ਵਿੱਚ ਗਇਆ ਮਲੂਮ ਹੋਂਦਾਹੈ; ਕਯੋਂਕਿ, 'ਜਗਤ ਝੂਠਹੈ' ਅਤੇ 'ਬ੍ਰਹਮ ਸੱਤਹੈ'॥ ਪਰ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਓਥੇ 'ਗੁਰੂ ਦੁਆਰੇ' ਗਇਆਂ ਹੋਇਆ 'ਗਿਆਨਨੂੰ ਜਾਣੀਦਾਹੈ' ॥34॥

ਨੰ.3. ਭਾਈ ਰਾਮ ਕਿਸ਼ਨ ਜੀ (ਸੇਵਾਪੰਥੀ) - 34

ਰਾਤੀ ਰੁਤੀ ਥਿਤੀ ਵਾਰ ॥

ਇਸਕਾ ਅਰਥਯ:-ਸੋ ਕਿਆ ਸਰਬਕਾ ਕਾਲ:- ਪਉਣ, ਪਾਣੀ, ਅਗਨੀ, ਪਾਤਾਲ।

ਅਰਥੁ:- ਬਹਿ ਜੋ ਪੌਨ ਕਾ ਸੁਭਾਵ'ਸੋਖਨ'ਹੈ, ਅਰ ਅਗਨਦਾ ਸੁਭਾਵ'ਦਾਹ'ਕਹੇ,ਅਰ ਜਲਕਾ ਸੁਭਾਅ 'ਗਲਾਵਣਾ'ਹੈ। ਸੋ ਏਹ ਸਭ ਅਪਨੇ ਆਪਨੇ ਸੁਭਾਵਕੋ ਲੀਏ ਸਰਬਕਾ ਕਾਲਿ,ਪਾਤਾਲ ਕਹੀਐ,ਨੀਚ ਏਕ ਸਥਾਨਹੈ। ਤਾਤਪਰਜ ਯਹਿ, ਜੋ ਨਾਰਾਯਣਕੀ ਐਸੀ ਅਸਚਰਜ ਕਲਾਹੈ:-

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥

ਤਿਸਕੇ ਉਪਰ ਪ੍ਰਿਥਵੀ ਧਰਮ ਸਥਾਨ ਥਾਪ ਰਖੀਹੈ। ਸਥਾਪਨੁ ਕਰੀਹੈ॥

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨਕੇ ਨਾਮ ਅਨੇਕ ਅਨੰਤ॥

ਤਿਸ ਪ੍ਰਿਥਵੀ ਪਰ ਜੀਵਹੁ ਕੀ ਜੁਗਤਿ ਕਈ ਪ੍ਰਕਾਰਕੀ। ਤਥਾ ਕਈ ਰੰਗਕੀ ਰਚੀਹੈ। ਤਿਨ ਜੀਵਹੁਕੇ ਨਾਮ ਬਹੁਤਿ ਅਨੰਤ ਹੋਤੇ ਭਏ।

ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥

ਤਿਨ ਜੀਵਹੁਕੇ ਭਿੰਨ ਭਿੰਨ ਕਰਮਹੁਕੇ ਅਨਸਾਰ ਵੀਚਾਰ ਹੋਨੇ ਲਗਾ। ਅਰ ਵੀਚਾਰਨੇ ਹਾਰੇ ਧਰਮ ਰਾਇ ਆਦਿਕ ਸੋਭੀ ਭਿੰਨ ਹੂਏ। ਆਪਸਦਾ ਨਿਰਬਿਕਾਰ ਜਿਉਕੇ ਤਿਉ ਸੱਤਾ-ਮਾਤ੍ਰਹੈ। ਅਰ ਦਰਬਾਰ ਰਚਨਾਸੋ ਭੀ ਸਤਿ-ਸਰੂਪਹੀ ਅਭੇਦਿਹੈ। ਬੇਦ ਪ੍ਰਮਾਣਿ 'ਨਹੇ ਨਾਸਤਿ ਕਿੰਚਿਨ'। ਅਰਥ: ਇਸ ਸੱਤ-ਸਰੂਪਤੇ ਅੰਨ, ਕਿੰਚਿਤ ਭੀਭਿੰਨ ਨਹੀਹੈ; ਸੋ ਤਿਸ ਨਾਰਾਯਣ ਸਤਾਕੇ ਬਿਖੇ, ਤਥਾ ਤਿਸੀ ਸੱਤਾ ਆਸ੍ਰੇ।

ਤਿਥੈ ਸੋਹਨਿ ਪੰਚ ਪਰਵਾਣੁ॥

ਅਰਥ॥ ਪਾਂਚ ਤਤ੍ਵ ਪ੍ਰਵਾਹ ਜੋ ਰਚਨਾਹੈ, ਸੋ ਤਿਸਕੀ ਸੱਤਾ ਬਿਖੇ ਭਾਸ ਮਾਨਹੈ। ਜੈਸ-ਰਜਵ(ਰੱਸੀ) ਵਿਖੇ 'ਸਰਪ' ਭਾਸਮਾਨਹੈ।

ਨਦਰੀ ਕਰਮਿ ਪਵੈ ਨੀਸਾਣੁ॥

Sri Satguru Jagjit Singh Ji eLibrary NamdhariElibrary@gmail.com

ਨਦਰੀ ਪ੍ਰਭਕੀ ਕ੍ਰਿਪਾਤੋਂ। ਤਥਾ ਪੂਰਬ ਜਨਮ ਈਸ਼੍ਵਰ ਅਰਪਣ ਜੋ ਕਰਮਹੈਂ ਤਿੰਨਤੇ ਅੰਤਹਿ ਕਰਣ ਸ਼ੁੱਧ ਦ੍ਵਾਰਾ ; ਪਵੈ ਨੀਸਾਣੁ , ਏਕ ਅਦੁਤੀ ਸਰੂਪ ਨਾਰਾਯਣਕੀ ਭਕਤਿ ਪ੍ਰਾਪਤਿ ਹੋਇ।

ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥34॥

ਔਰ ਜੋ ਕਰਮ ਈਸ਼੍ਵਰ 'ਬਿਤਰੇਕ' ਕਰ, ਅਥਵਾ ਪੇਕੇ; ਸੁਭ-ਅਸ਼ੁਭ ਸਕਾਮ-ਕਰਮ ਕਰਨੇ ਹਾਰੇ,ਸੋ ਓਥੇ ਰਾਇਕੇ ਪੜਤੇਹੈਂ। ਗੁਰੂ ਕਹੇਹੈਂ; ਅਗੇ ਗਇਆ ਜਾਣੈ ਜਾਹਿਗੇ; ਔਰ ਕਿਆ ਕਹੇਂ ?॥

ਨੰ.4. ਸਾਧੂ ਅਨੰਦਘਨ ਜੀ(ਉਦਾਸੀਨ-ਪੁਰਾਣ ਕਥਾ ਵਾਚੀ)-34

ਰਾਤੀ ਰੁਤੀ ਥਿਤੀ ਵਾਰ ॥

ਰਾਤ੍ਰ, ਦਿਵਸ, ਰੁਤ, ਤਿਥ, ਵਾਰ, ਮਾਸ, ਪਵਨ, ਜਲ, ਵੈਸੰਤਰ, ਧਰਤੀ, ਆਕਾਸ; ਇਹ ਸਭ ਇਸਕੇ ਕਰਮਕੇ ਸਾਖੀਹੈ। ਸਪਤ ਲੋਕ ਤਲੇਕੇ ਅਰ ਸਪਤ ਊਪਰਕੇ, ਇਸਕਾ ਨਾਮ ਬ੍ਰਹਮਾਂਡਹੈ॥ ਜੇਤੀ ਪ੍ਰਿਥਵੀ ਬ੍ਰਹਮਾਂਡ ਮੋਹੈ ਤਿਸਕੇ ਦਸ ਗੁਣ ਅਧਕ ਪ੍ਰਿਥਵੀ ਬਾਹਰਹੈ॥ ਤਿਸ ਪ੍ਰਿਥਵੀਕਾ ਨਾਮ ਆਵਰਣਹੈ, ਅਰ ਤਿਸੀ ਕਾ ਨਾਮ ਬ੍ਰਹਮਾਡ-ਖੱਪਰ ਭੀਹੈ। ਤਿਸਤੇ ਪਰੇ ਦਸ ਗੁਣ ਅਧਕ ਜਲਕਾ ਆਵਰਣਹੈ॥ ਤਿਸਤੇ ਪਰੇ ਦਸ ਗੁਣਾ ਅਧਕ ਅਗਨਕਾ ਅਵਰਣਹੈ॥ ਤਿਸਦੇ ਪਰੇ ਦਸ ਗੁਣਾ ਅਧਕ ਪਵਨਕਾ ਆਵਰਨਹੈ॥ ਤਿਸਦੇ ਪਰੇ ਦਸ ਗੁਣਾ ਅਧਕ ਅਕਾਸ਼ਕਾ ਆਵਰਨਹੈ॥

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥

ਤਿਨ ਆਵਰਣੋਕਾ ਜੋਹੈ ਸਾਮੁਹ,ਤਿਸਕੇ ਬੀਚ ਪਰਮੇਸ਼੍ਵਰਨੇ ਧਰਤੀ ਰੂਪ ਧਰਮ-ਸ਼ਾਲਾ ਇਸਥਾਪਨ ਕਰੀ ਹੈ॥ ਧਰਮ-ਸ਼ਾਲਾ ਕਹੀਏ,ਧਰਮ ਕੀ ਕੁਟੀ। ਜੈਸਾ ਧਰਤੀ ਵਿਖੇ ਕਰਮ ਕਰਤਾਹੈ, ਤੈਸਾ ਫਲਭੀ ਪਾਵਤਾਹੈ। ਇਸਤੇ ਧਰਮਸ਼ਾਲਾ ਕਹੀ॥

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥

ਤਿਸ ਧਰਤੀਕੇ ਬੀਚ ਜੁਕਤਿ,ਕਿਆ ਕਹੀਏ,ਨਾਨਾ ਪ੍ਰਕਾਰਕੇ ਜੰਤਹੈ ਤਿਨਕੇ ਰੰਗ,ਰੂਪਭੀ ਨਾਨਾ ਪ੍ਰਕਾਰਕੇਹੈ। ਤਿਨਕਾ ਕੁਛ ਅੰਤ ਹੀਨਹੀਂ॥

ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥

ਅਬ ਇਸਕੋ ਵੀਚਾਰ ਕਰ, ਕਰ ਦੇਖਾ ਚਾਹੀਏ। ਜੈਸਾ ਜੈਸਾ ਜਿਸਨੇ ਕਰਮ ਕੀਆ,ਤੈਸਾ ਤੈਸਾਹੀ ਤੋ ਕਰਮ ਕੇ ਅਨੁਸਾਰ ਜਾਤਿ, ਰੂਪ, ਰੰਗ, ਸੁਖ, ਦੁਖ, ਪਾਇਆ॥ ਈਹਾਂ ਜੈਸਾ ਕਰੇਗਾ, ਤਿਸਕਾ ਫਲ ਭੀਤੋ ਆਗੇ ਤੈਸਾਹੀ ਪਾਵੇਗਾ।ਪ੍ਰਮੇਸ਼੍ਵਰ ਆਪ ਸਚਾਹੈ ਤਿਸਕਾ ਦਰਬਾਰਭੀ ਸਚਾਹੈ,ਕਰਮ ਫਲ ਅੰਨਿਥਾ ਨ ਹੋਣਾ ਪਾਵੇਗਾ:

ਤਿਥੈ ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ ਨੀਸਾਣੁ॥

ਤਿਥੈ-ਤਹਾ ਤਿਸ ਧਰਤੀ ਰੂਪੀ ਧਰਮ ਸਾਲ ਵਿਖੇ ਪੰਚ ਜੋਹੈ ਯਥਾਰਥ ਵੱਕਤਾ, ਨਾਮਕਾ ਅਰਾਧਨ ਕਰਨੇ ਵਾਲੇ ਸੰਤ ਜਨ; ਓਹੀ ਸੋਭਾ ਪਾਵਤੇਹੈ,ਸੰਤ ਜਨ ਕੈਸੇ ? ਪਰਵਾਨ, ਪਰਾਧੀਨਹੈ, ਕਰਤੇ ਤੋਹੈ ਉਤਮਤੇ ਉਤਮ ਕਰਮ; ਅਰ ਅਕਮਾਨ ਤਿਸਕਾ ਕੁਛ ਭੀ ਨਹੀ ਕਰਤੇ,ਇਹੀ ਕਹਤੇ

Sri Satguru Jagjit Singh Ji eLibrary NamdhariElibrary@gmail.com

ਹੈਂ, 'ਕਰੇ ਕਰਾਵੇ ਆਪੇ ਆਪ,ਮਾਨਸਕੇ ਕਛ ਨਾਹੀ ਹਾਥ'[79] ਤਿਨ ਪਰਹੀ ਨਦਰੀ ਜੋਹੈ ਨਦਰ ਕਰਨੇ ਵਲਾ ਪਰਮੇਸ਼ੂਰ, ਤਿਸਕੀ ਨਦਰ ਹੋਤੀਹੈ॥ ਅਰ ਤਿਨਕੇ ਕਰਮਕੇ ਅਨੁਸਾਰਹੀ ਤਿਨਕੋ ਨੀਸ਼ਾਨ,ਕਿਆ ਕਹੀਏ, ਮਰਾਤਬਾ ਭੀ ਮਿਲਤਾਹੈ॥

ਦੋਹਰਾ॥ ਰੱਜ ਬਰੰਚਕ ਰਹਿਤ ਕੀ, ਬਾਤ ਅਬ ਔਰ ਭਈ। ਔਰ ਗਵਾਰੋਕੇ ਮੁਖ ਪਰ ਤਮਾਚਾ ਪੜਤਾਹੈ॥ ਈਹਾਂਤੋ ਤੁਮ ਆਪਣੇ ਆਪਕੋ ਸੰਤ,ਮਹੰਤਹੀ ਮਾਨ ਬੈਠੇਹੋ,ਪਰੰਤੂ ਇਸ ਕਰਮਕੇ ਸਾਖੀਤੋ ਬਹੁਤਹੈ॥ ਪਰਮੇਸ਼ੂਰਕੇ ਦਵਾਰੇਤੋ ਝੂਠੀ ਬਾਤੋਕਾ ਕਛ ਚਲੇਗਾ ਨਹੀ; ਸੋਈ ਕਹਤੇਹੈ, ਨ ਵਰਨੀ ਜਾਇ;"ਈਹਾ ਖਲਕਤ ਖਿਜਮਤ ਕਰੇ, ਆਗੇ ਖੁਸ਼ੀ ਖੁਦਾਇ" ਇਹੀ ਮਰਾਤਬਾ ਮਿਲਤਾਹੈ। ਯਦ ਵਾ:-ਚਾਰ ਪ੍ਰਕਾਰ ਕੀਜੋ ਮੁਕਤਹੈਂ।ਸੋ ਭਜਨ ਰੂਪੀ ਜੋ ਕਰਮਹੈ ਤਿਸਕੇ ਅਨੁਸਾਰ ਹੀਤੋ ਮਿਲਤੀਹੈ॥ ਨਨੁ: ਪੋਣ ਪਾਣੀ ਅਗਨੀ ਤਪਤਾ,ਏਤਾ ਹੀ ਤੋ ਬਾਬਾ ਨਾਨਕਕਾ ਵਚਨਹੈ।ਧਰਤੀ ਅਕਾਸਤੋ ਬੀਚ ਲਿਖੇ ਨਹੀਥੇ,ਤੁਮਨੇ ਕਹਾਤੇ ਪਾਏ ? ਅਰ ਤਪਤਾਉ; ਤਪਭੀ ਨਾਮ ਤਪਣੇਕਾ, ਤਾਉਭੀ ਨਾਮ ਤਪਣੇਕਾ। ਇਸਕਾ ਅਰਥਤੋ ਤੁਮਨੇ ਕਛ ਭੀ ਨ ਲਿਖਾ! ਇਹ ਬਾਬਾ ਨਾਨਕਨੇ ਕਿਆ ਕਹਾਹੈ ?

ਤਿਸਕਾ ਉਤਰ॥ ਪੀਛੇ ਇਸਕਾ ਵਰਨਣ ਕੀਆਹੈ। ਬਾਬਾ ਨਾਨ[illegible]ਾਨੀ [illegible]ਾੜੀ ਰੀਤਕੀਹੈ; ਭਾਖਾ ਰੀਤ ਕੀ ਨਹੀ। ਸਰਬ ਸਾਸਤ੍ਰਕੀ ਇਹੀ ਰੀਤਹੈ;ਈਧਰ ਊਧਰਕੀ ਘਟਤੀ ਬਢਤੀ ਮਿਲਾਇ ਕਰ ਅਰਥ ਪੁਰਾ ਕਰਲੀ ਜਾਤਾ ਹੈ। ਪੁਰਾਣਮੋ ਪੰਚ ਹੀ ਅਵਰਨ ਲਿਖੇਹੈ: ਹਮ ਤੀਨ ਕੈਸੇ ਲਿਖਤੇ।ਅਰ ਤਪ ਤਾਉਕਾ ਇਹ ਅਰਥਹੈ:- ਅਗਨ ਈਧਰ ਤੋ ਜਲਕੋ ਤਪਤਾ ਉਠਾਹੈ।ਅਰ ਊਧਾਰਨ ਜਲਕੋ, ਈਧਰ ਧਰਤੀਕੋ ਤਪਤਾਵਤਾਹੈ ਪਵਨ ਊਧਰ ਅਕਾਸਕੋ, ਤਪਤਾਉਤਾਹੈ। ਤਪਾਉਣੇਕਾ ਇਹ ਅਰਥਹੈ।ਅਗਨ ਭਗਵਾਨ ਕਹਤੇਹੈ; ਚਾਰੋਕੋ ਪਰਮੇਸਵਰਨੇ ਹਮਕੋ ਕਰਮਕਾ ਸਾਖੀ ਇਸਥਾਪਨ ਕੀਆਹੈ। ਸਾਖ ਅੰਨਥਾਨ ਹੋਣੀ ਪਾਵੇ; ਸੁਚੇਤ ਰਹਣਾ॥

ਨੰ.5.ਭਾਈ ਸੰਤੋਖ ਸਿੰਘਜੀ 'ਚੂੜਾਮਣੀ'(ਨਿਰਮਲ-ਗਿਆਨੀ)-34

ਅਰ ਅਗਾਰੀ ਕੁਛ ਕਰਮ ਕਾਂਡ ਕੋ ਕਹਿ ਕਰਿ ਭਗਤਿਨ ਕੀ ਮਹਿਮਾ ਕਹਤ ਹੈਂ।

ਰਾਤੀ ਰੁਤੀ ਥਿਤੀ ਵਾਰ॥

'ਰਾਤਿ'ਰਾਤਿ ਜੋਹੈ,ਰੁਤੀ ਖਟ ਜੋਹੈਂ:-ਬਸੰਤ, ਗ੍ਰੀਖਮ, ਪਾਵਸ, ਸ਼ਰਦ, ਹਿਮ, ਸਿਸਰ; ਤਿਥਿਜੇ ਪੰਦਰਾਂਹੈ; ਏਕਮ,ਦੂਜ ਤੇ ਆਦਿ: ਵਾਰ ਜੋਹੈ ਸਪਤ: ਅਦਿਤਵਾਰ ਤੇ ਆਦਿ॥ ਪਉਣ ਪਾਣੀ ਅਗਨੀ ਪਾਤਾਲ॥ ਪਾਣੀਤੇ ਅਗਨੀ ਮੱਧਮੇ; ਔ ਪਾਤਾਲ ਨੀਚੇ ਹੈ, ਪੌਣ ਊਪਰਹੈ,ਜਿਸ ਪੌਣਕੇ ਆਸਰੇ ਊਪਰਕੇ ਲੋਕ ਰਹਿਤਹੈਂ। ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥ ਪੂਰਬ

---

79. ਟਿੱਪਜੀ ਕਰਤਾ:-ਓ. ਇਹ ਭਿੰਨ ਗੁਰੁਬਾਣੀ ਦੀਆਂ ਦੋ ਤੁਕਾਂ ਹਨ ਜੋ ਤਰਕ ਅਸਿਧ ਸਿਧਾਤ ਨੂੰ ਚਤੁਰਾਂਨੇ ਅਪ੍ਰਸੰਗ ਪਰਥਾਇ ਹੁੰਦੇ ਚਤੁਰਾਈ ਨਾਲ ਤੁਕਬੰਦੀ ਕਾੱਵ ਕਰ ਗੁਰਬਾਣੀ ਸਿਧਾਂਤ ਦਾ ਲੇਖੇ ਪੌਣਦਾ ਜਤਨ ਕੀਤਾ ਹੈ! ਇਹ ਦੋਨੋ ਗੁਰਬਾਣੀ ਦੀ ਪਰਥਾਇ ਲੜੀ ਅਨੁਸਾਰ ਇਸ ਤਰ੍ਹਾਂ ਹਨ:- ਪੰ.279:3 ਤੇ ਸਹੀ ਤੁਕ ਹੈ:- "ਕਰਨ ਕਰਾਵਨ ਆਪੇ ਆਪਿ ॥ਸਦਾਸਦਾ ਨਾਨਕ ਹਰਿ ਜਾਪਿ॥5॥" ਅਤੇ ਪੰ.281:4 ਤੇ ਇਹ ਸਹੀ ਤੁਕ ਹੈ "ਮਾਰੈ ਰਾਖੈ ਏਕੋ ਆਪਿ ॥ ਮਾਨੁਖਕੈ ਕਿਛੁ ਨਾਹੀ ਹਾਥਿ" ਸਿਧਾਂਤਕ ਧੋਖਾ ਦੇਣਾਹੈ! ਅ. ਇਹ ਚਾਰ ਅਨਿਤ ਸਾਕਾਰ ਵਿਸ਼ਨੂ,ਸ਼ਿਵਾਦਿ ਲੋਕਾਂਦੇ ਦ੍ਵੈਵਾਦ ਵੈਸ਼ਣਵ,ਸ਼ੇਵ ਭਗਤਾਂ ਦੀਆਂਨੇ:1.ਸਾਲੋਕ, 2.ਸਮੀਪ,3.ਸਰੂਪ, 4.ਸਯੁਜਸ; ਪੰ 692:8 "ਇੰਦ੍ ਲੋਕ ਸਿਵ ਲੋਕਹਿ ਜੈਬੋ ॥ ਓਛੇ ਤਪ ਕਰਿ ਬਾਹੁਰਿ ਐਬੋ" ਸ਼੍ਰੀਗੁਰੂ ਅੰਤਿਮ ਸਿਧਾਂਤ ਖੰਡਿਤ ਹੈ!

Sri Satguru Jagjit Singh Ji eLibrary NamdhariElibrary@gmail.com

ਜੋ ਗਿਨੇਹੈ ਜਲ ਆਦਿ,ਇਨ ਸਰਬਮੇਂ ਧਰਤੀ ਸਥਾਪਿਤ ਕਰਿ ਰਾਖੀਹੈ। ਕੈਸੀਹੈ ਧਰਤੀ? ਧਰਮਸਾਲ ਹੈ ਕਾਹੇਤੇ? ਕਰਮ-ਭੂਮ ਜੋਹੈ, ਇਸ ਹੇਤਤੇ। ਧਰਮਸਾਲ ਜੋ ਕਰੀਤੀਹੈ ਸੋਲੋਕਨਕੇ ਉਧਾਰ ਕਰਿਬੇ ਹੇਤ ਰਚਤਹੈ ਜੋਂ ਯਹ ਭੂਮਕਾ ਭੀ "ਜੰਬੂ ਦੀਪ" ਮੇਂ ਜੋ ਭਾਰਤ ਖੰਡੁ ਹੈ ਸੋ ਲੋਕਨਕੇ ਉਧਾਰ ਕਰਿਬੈ ਹੇਤਹੈ; ਜੋ ਇਸਮੇਂ ਮਾਨੁਖ ਦੇਹ ਜਿਨਕੋ ਪ੍ਰਾਪਤਿਹੋ ਭਈਹੈ, ਫੇਰ ਸ਼ੁਭ ਕਰਮਮੇਂ ਲਗੇਹੈਂ,'ਸਤਿਨਾਮ'ਕੇ ਸਿਮਰਨਿਤੇ ਗਯਾਨਕੀ ਪ੍ਰਾਪਤਿ ਹੋਇ ਕਰਿ ਮੁਕਤੀ ਹੋਤਹੈ। ਜੈਸੇਹੀ ਧਰਮ ਸਾਲਮੇਂ ਪੁੰਨੁ ਦਾਨ ਸਿਮਰਨ ਕਰਤਹੈਂ। ਜੋ ਐਸੇ ਸਥਾਨੋਂਮੇਂ ਬੁਰੇ ਕਰਮ ਕਰਤਹੈਂ ਤਿਨਕੋ ਸੋਈ ਬਿਪ੍ਰੀਤਹੋ ਜਾਤਹੈ। ਤੈਸੇ ਲੋਕਨਕੇ ਕਲਯਾਨੁ ਹੇਤ ਕਰਮ ਭੂਮਕਾ ਰਚੀਹੈ; ਜੋ ਇਸਮੇ ਸ਼ੁਭ-ਮਾਰਗ ਚਲਤੁਹੈ ਤਿਨਕੋ ਕਲਯਾਨ ਹੋਤਹੈ; ਯਾਂਤੇ ਧਰਮਸਾਲ ਕਹਯੋ; ਧਰਮ ਕਰਨੇ ਕੋ 'ਸਾਲ' ਕਹੀਏ 'ਘਰ', ਸੋ ਧਰਮਸਾਲ। ਔਰ ਜੇਤੇ ਲੋਕਹੈ ਛਿਅ ਦੀਪ ਆਦਿ ਸਰਬਮੇਂ ਇਸ ਭਾਰਥ ਖੰਡਕੀ ਕਮਾਈ ਖਾਤਹੈਂ। ਜੈਸੇ ਕਰਮ ਇਸਮੇਂ ਕਰੀਤਾਹੈ ਤੈਸੇਹੀ ਸਥਾਨ ਪਹੁੰਚਤਹੈ। ਭਲੇ ਸੁਰਗ ਆਦਿ ਔਰੁ ਦੀਪ ਸੁਖ ਸਥਾਨ। ਬੁਰੇ ਕਰਮਤੇ ਨਰਕ ਆਦਿ ਔਰ ਦੁਖਕੀ ਜਾਗਾ ਪਹੁੰਚਤਹੈਂ। ਸਰਬਮੇਂ ਕਮਾਈ ਇਸੀ ਭਾਰਤ ਖੰਡ ਕੀਹੈ। ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥

ਧਰਮ ਸਾਲ ਰੂਪ ਜੋ ਧਰਤੀਹੈ ਭਾਰਤ ਖੰਡਕੀ, ਤਿਸਕੇ ਬਿਖੈ ਜੀਅ ਜੋਹੈਂ,ਏਹਾਂ'ਜੁਗਤਿ'ਕੋ ਅਰਥ'ਰੀਤਿ'ਕੋ ਜੀਵ ਅਨੇਕ ਰੀਤਿ ਰੰਗਹੈਂ। ਅਨੇਕਕੋ ਅਧਯਾਹਾਰ; ਇਤਯਰਥ। ਪੂਰਬਕੀ ਦੋਊ ਤੁਕਮੇਂ 'ਰਾਤੀ ਰੁਤੀਂ' ਤਕਾਰ ਕੀ ਬਰਨ ਮੈਤ੍ਰੀ, ਅਗਲੀਮੇਂ 'ਪਵਨ, ਪਾਣੀ, ਅਗਨੀ ਪਕਾਰਣ ਕਾਰ ਬਰਨ ਮੈਤ੍ਰੀ ਤੇ ਬ੍ਰਿਤਯਾਨੁਪ੍ਰਾਸ ਅਲੰਕਾਰ ਹੈ। ਅਗਲੀ ਤੁਕਨਮੇਂ ਏਕਾਵਲੀ ਅਲੰਕਾਰ:-

ਲੱਛਣ- ਗ੍ਰਹਨ ਮੁਕਤਿ ਕੀ ਜਿਹ ਨਾਂ ਰੀਤ । ਤਹਾਂ 'ਇਕਾਵਲਿ' ਲਖੀਏ ਚੀਤ।

ਇਹਾਂ ਰਾਤੀ ਰੁਤੀ ਪਉਣ ਪਾਣੀ ਆਦਿਕੇ ਬੀਚ ਧਰਤੀ ਕਹੀ, ਤਿਨ੍ਹੋਂਨੇ ਧਰਤੀਕੋ ਗਹਯੋ, ਧਰਤੀਨੇ ਸੋ ਨਾਹੀਂ ਗਹੇ, ਤਿਸ ਧਰਤੀਮੇਂ ਜੀਵ ਰੀਤ ਰੰਗਕੇ, ਧਰਤੀਨੇ ਜੀਵਨਕੋ ਧਾਰਨ ਕਰਯੋ, ਜੀਵਨਨੇ ਧਰਤੀਕੋ ਨਾਹੀ ਗਹਯੋ; ਇਸੁ ਰੀਤਿਸੋਂ ਏਕਾਵਲੀ ਅਲੰਕਾਰ ਹੋਤਹੈ।

ਤਿਨਕੇ ਨਾਮ ਅਨੇਕ ਅਨੰਤ॥

ਜੋ ਜੀਵਹੈਂ ਤਿਨਕੇ ਨਾਮਭੀ ਅਨੇਕਹੈਂ, ਨਾਮ ਬਿਨਾ ਕੋਈਭੀ ਨਹੀਂਹੈ,ਸੋ ਨਾਮ ਜਾਤਿਨਕੋ ਕਿੰਵਾ ਰੂਪਕੇ, ਕਛੁ ਗਿਨਤੀਮੇਂ ਨਹੀਂ ਆਵਤਹੈਂ, ਯਾਹੀਤੇ 'ਅਨੇਕ' ਕਹੀਏ ਅਸੰਖਹੈਂ, ਜਿਨ੍ਹੋਂਕੇ ਨਾਮ ਅਸੰਖਹੈਂ, ਸੋ ਜੀਵਭੀ ਅਨੰਤਹੈਂ, ਲੇਖੇ ਕਰਬੇਮੇ ਜਿਨਕੋ ਅੰਤੁ ਨਹੀਂਹੈ, ਯਾਂਤੇ ਅਨੰਤਹੈਂ; ਇਤਯਰਥ। ਇਸ ਤੁਕਮੇਂ ਨਕਾਰ ਚਾਰ ਬੇਰ ਆਵਨਤੇ ਬ੍ਰਿਤਯਾਨੁਪ੍ਰਾਸ ਅਲੰਕਾਰ ਹੈ।

ਕਰਮੀ ਕਰਮੀ ਹੋਇ ਵੀਚਾਰੁ॥

ਅਨੰਤ ਹੀਜੋ ਜੀਵਹੈਂ, ਜੈਸੇ ਜੈਸੇ ਕਰਮ ਕਰਤਹੈ ਤਿਨਕੋ ਪਰਮੇਸ਼ੁਰਕੇ ਦਰਬਾਰਮੇਂ ਤੈਸੇ ਹੀ ਬੀਚਾਰ ਹੋਤਹੈ। ਬੀਚਾਰ ਕਹਾਂ ? ਬੁਰੇ ਭਲੇ ਕਰਮੋਂਕਾ ਨਿਰਨਾ। ਬੁਰੇ ਕਰਮਕਾ ਫਲ ਨਰਕ ਤੇ ਆਦਿ ਦੁਖ ਦੇਈਤਾਹੈ। ਯਹ ਬੀਚਾਰ ਯਥਾ ਯੋਗ ਹੋਤਹੈ। ਇਸ ਤੁਕਮੇਂ ਬੀਪਸਾ ਅਲੰਕਾਰ ਹੈ, ਕਰਮੀ ਪਦ ਦੋ ਬੇਰ ਆਵਨਤੇ।

ਸਚਾ ਆਪਿ ਸਚਾ ਦਰਬਾਰੁ॥

ਸੋ ਪਰਮੇਸੁਰ ਆਪ ਭੀ ਸਾਚੇਹੈ, ਬੇਮੁਹਤਾਜਹੈ, ਜਥਾ ਜੋਗ ਸਭਨਕੋ ਨਿਬੇਰਤਹੈ, ਦਰਬਾਰਭੀ ਸਾਚੋਹੈ; ਬੇ ਸੁਪਾਰਸ਼ਹੈ, ਕਿਸੇਕੀ ਤਹਾਂ ਸਫਾਰਸ਼ ਨਹੀਂਹੋ ਸਕਤੀਹੈ। ਜਿਮੇ ਕਰਮ

Sri Satguru Jagjit Singh Ji eLibrary NamdhariElibrary@gmail.com

ਕਰਤਹੈ ਤੈਸੇਹੀ ਫਲ ਬਨਤਹੈ; ਯਾਂਤੇ ਦੋਊ ਸਾਚੇਹੈਂ। ਇਸ ਤੁਕਮੇਂ ਸਮ ਅਲੰਕਾਰਹੈ। ਕਾਰਨ ਸਚਾ ਆਪਿ ਪਰਮੇਸੁਰਹੈ, ਕਾਰਜ ਦਰਬਾਰ ਸੋਭੀ ਸਾਚੋਹੈ। ਕਾਰਨਕੇ ਗੁਨ ਕਾਰਜਮੇਂ ਭਏ; ਯਾਂਤੇ ਸਮਾਲੰਕਾਰਹੈ। ਕਿੰਵਾ ਸਾਚਾ ਪਦ ਦੋਬੇਰ ਆਵਨਤੇ ਉਕਯਾਬ੍ਰਿਤ ਦੀਪਕ ਅਲੰਕਾਰਹੈ। ਕਿੰਵਾ ਲਾਟਾਨੁਪ੍ਰਾਸਹੈ, ਪਰ 'ਸਚਾ' ਦੋ ਬੇਰ ਆਯੋ, ਭਾਵ ਭਿੰਨ ਹੈਂ: ਆਪਿ ਸਾਚੋ ਅਰ ਦਰਬਾਰ ਜੁਦੋ ਕਹਯੋ, ਯਾਂਤੇ ਲਾਟਾਨੁਪ੍ਰਾਸ ਹੋਤ ਹੈ।

ਤਿਥੈ ਸੋਹਨਿ ਪੰਚ ਪਰਵਾਣੁ॥

ਤਿਨ ਕਰਮ ਕਾਂਡੀਓਂ ਮੇਂ ਸ਼ੋਭਾਕੋ ਪ੍ਰਾਪਤ, ਅਗਾਰੀ ਔਰ ਕੋਈ ਨਹੀਹੋ ਸਕਤਿਹੈ, ਤਿਨ ਸਭਨਿਕੇ ਜਿਨ੍ਹੋਂਨੇ ਭਾਣਾ ਮਾਨ ਕਰਿ ਸਤਿਨਾਮ ਕੋ ਸਿਮਰਨ ਕਰਯੋਹੈ। 'ਪੰਚ' ਨਾਮ ਸੰਤਨਕੋ, ਸੋ ਪ੍ਰਵਾਨ ਭਏਹੈਂ,ਕਯਾ ? ਪ੍ਰਮਾਣੀਕ ਭਏਹੈਂ। ਪੂਜਣੇ ਜੋਗ ਭੀ ਸੋਈਹੈਂ। ਅਰ ਸ਼ੋਭਾਕੋ ਸੋਈ ਪ੍ਰਾਪਤਿ ਹੋਤਹੈ,ਪੰਜ ਜੋ: ਸਤਿ, ਸੰਤੋਖਾਦਿਕ ਤਿਨ੍ਹੋਂਕੋ ਪਾਰ ਕਰਿ ਜੋ ਪ੍ਰਵਾਨ ਭਏਹੈਂ, ਕਿੰਵਾ: ਪੰਚ-ਪਰਮੇਸੁਰ ਤਿਸਕੋ ਪ੍ਰਮਾਨ ਕਰਯੋਹੈ ਜਿਸਨੇ ਵਕਾਰਕੋ ਮਕਾਰ ਬਨਤਹੈ, ਪ੍ਰਮਾਨ ਕਰਯੋ ਹੈ। 'ਪਰ' ਕਹੀਏ ਉਤਾਕ੍ਰਿਸ਼ਟ, 'ਮਾਨ' ਮਨਮੇਂ ਮਾਨਯੋ ਹੈ, ਕਯਾ ? ਮਨ ਲਗਾਇ ਰਾਖਯੋ ਹੈ; ਸੇਈ ਸੋਭਾਕੋ ਪ੍ਰਾਪਤਿ ਹੋਤਹੈਂ।

ਨਦਰੀ ਕਰਮਿ ਪਵੈ ਨੀਸਾਣੁ॥

'ਨਦਰੀ' ਨਦਰਿ ਵਾਰੋ ਜੋ ਪਰਮੇਸ਼ੁਰ, ਤਿਸਕੇ 'ਕਰਮ' ਕਹੀਏ 'ਕ੍ਰਿਪਾ' ਕਰਿ ਨੀਸਾਨੀ ਪਰਤਹੈ, ਜੈਸੇ ਪਾਤਿਸ਼ਾਹ ਕੀਮੁਹਰ ਚਾਰੋਂ ਦਿਸ਼ਾ ਮੇਂ ਚਲਤਹੈ,ਕਹੂੰ ਸੇ ਫਟਕਾਰ ਨਹੀਂ ਹੋਤਹੈ। ਤੈਸੇ ਕ੍ਰਿਪਾ ਨਦਰਿਕੀ ਨੀਸਾਨੀ ਕਰੀ ਹੂਈਕੋ ਫਟਕਾਰ ਕਹੀਂ ਨਹੀਂ, ਚੌਦਹ ਲੋਕਮੇਂ ਸਨਮਾਨੀ ਹੋਤੇਹੈਂ। ਔਰ ਕਰਮ ਕਾਂਡੀ ਜੇਹੈਂ, ਤਿਨਕੋ ਫਲ ਤੋਪ੍ਰਾਪਤਿ ਹੋਤਹੈ, ਪ੍ਰੰਤੂ ਸ਼ੋਭਾਕੋ ਸੰਤਹੀ ਪ੍ਰਾਪਤ ਹੋਤਹੈ; ਇਤਯਰਥ। ਪੂਰਬਕੀ ਤੁਕਮੇ ਪ੍ਰਸੰਖਯਾਲੰਕਾਰ ਹੈ। ਇਹਾਂ ਔਰ ਕੋਈ ਨਹੀਂ ਸੋਹਤ, ਸਭਨੀਤੇ ਹਟਾਇ ਸੰਤਨਮੇਂ ਆਰੋਪਯੋ ਸ਼ੋਭਾਕੋ ਪ੍ਰਾਪਤਿ ਹੋਨੋ, ਯਾਂਤੇ ਪ੍ਰਸੰਖਯਾਲੰਕਾਰ।

ਦੂਸਰੀ ਤੁਕਮੇਂ ਨਦਰੀ ਬਿਸ਼ੇਖਨ ਸਾਭਿਪ੍ਰਾਯ ਹੈ, ਯਾਂਤੇ ਪਰਕਰਾਲੰਕਾਰ। ਕਿੰਵਾ ਕਰਮ ਕ੍ਰਿਪਾ ਕਾਰਨ, ਨੀਸਾਨੀ ਕਾਰਜ ਏਕ ਸੰਗਮੇਂ ਕਹਿਨ ਤੇ ਹੇਤਾਲੰਕਾਰ।

ਕਚ ਪਕਾਈ ਓਥੈ ਪਾਇ॥

ਈਹਾਂਤੋ ਕਰਮ ਕਾਂਡੀ ਭੀ ਅਹੰਤਾਸੋਂ ਕਰਮ ਕਰਣਵਾਰੇ ਅਹੰਕਾਰ ਕਰਤਹੈਂ ਕਿ ਹਮਾਰੀ ਸ਼ੋਭਾ ਅਗਾਰੀ ਅਧਿਕ ਹੋਇਗੀ, ਪ੍ਰੰਤੂ, ਇਸ ਬਾਤ ਕੀ ਕਚਾਈ ਅਰ ਪਕਾਈ 'ਓਥੈ' ਕਹੀਏ, ਪਰਮੇਸੁਰਕੇ ਦਰਬਾਰਮੇਂ ਪਾਵਹਿਗੇ, ਜੋ ਇਹ ਕਚੀ ਬਾਤਹੈ, ਇਹ ਪੱਕੀ ਹੁਤੀ।

ਨਾਨਕ ਗਇਆ ਜਾਪੈ ਜਾਇ॥ 34॥

ਸ੍ਰੀ ਨਾਨਕ ਸਾਹਿਬ ਜੀ ਕਹਤਹੈਂ; ਅਗੈ ਜਹਾਂ ਜਾਨੋਹੈ ਤਹਾਂਤੇ ਗਇਆ, ਕਿਆ, ਪਹੁੰਚਿਆਤੇ 'ਜਾਪੈ' ਕਹੀਏ, ਜਾਣਿਓ ਜਾਇਗੋ, ਕਿਸਕਾ ਸਨਮਾਨਹੈ, ਕਾਂਕੀ ਸ਼ੋਭਾ ਹੋਤਹੈ; ਈਹਾਂਤੋ ਸਭੁ ਕੋਈ ਬਡੋ ਕਹਾਵਤਹੈ। ਤਾਂ ਤੇ ਔਰ ਸਰਬਕਾ ਭਰੋਸਾ ਛੋਡ ਕਰਿ 'ਸਤਿਨਾਮ'ਕੋ ਸਿਮਰੋ,ਜਿਸਕੇ ਸੇਵਨਮੇਂ ਸਭ ਬਡਿਆਈਹੈ। ਇਤਯਰਥ। ਇਨ ਤੁਕਨ ਮੇਂ ਬਿਰੋਧਾਲੰਕਾਰ।

ਲੱਛਣ– ਇਕ ਅਧਾਰ ਮੇਂ ਦੋ ਨ ਹਿਰਾਵੈ । ਕੁਛ ਬਿਰੋਧ ਜਹਿ ਬਰਨਨ ਆਵੈ।
ਭੂਖਨ ਵਹੇ 'ਬਿਰੋਧ' ਕਹਾਵੇ। ਕਵਿ ਸੰਤੋਖੁ ਸਿੰਘ ਗੁਨੀ ਬਤਾਵੈਂ।

Sri Satguru Jagjit Singh Ji eLibrary NamdhariElibrary@gmail.com

ਕਚਾਈ ਪਕਾਈ ਦੋਊਨਕੇ ਕਹੇਤੇ ਏਕਕੋ ਅਭਾਵ ਹੋਇਗੋ ਅਰੁ ਏਕ ਅਧਾਰ ਮਾਨੁਖਯਮੇਂ ਠਹਿਰਾਯੋ, ਯਾਂਤੇ ਬਿਰੋਧਾਲੰਕਾਰ।

ਨੰ.6.ਨਿਰਮਲ ਸੰਤ ਪੰਡਿਤ ਤਾਰਾ ਸਿੰਘਜੀ 'ਨਰੋਤਮ'(ਖਟ-ਦਰਸ਼ਨੀ) 34

ਪਿਛਲੀ ਪੌੜੀਕੇ ਅੰਤਮੇਂ ਸਾਧਨ-ਸਹਿਤ ਸਮਰਥ ਵਾਲੇ ਗਯਾਨੀ ਪੁਰਖਕੋ ਵਿਖਮ ਦ੍ਰਿਸਟੀਕਾ ਅਭਾਵ ਕਹਨੇਸੇ ਰਾਗ ਦ੍ਵੈਖਕੀ ਹੀਨਤਾ ਰੂਪ ਜੀਵਨ-ਮੁਕਤੀ ਕਹੀ॥ ਅਬ ਜੋ ਪੂਰਬ ਕਹੇ ਬੀਲ-ਜਨਯ ਸਾਖਯਾਤਕਾਰਕਾ ਵਿਖਯਹੈ; ਵਹੀ ਬ੍ਰਹਮ-ਸ੍ਰਾਸ਼੍ਟਿ ਅਗਯਾਨਕਾ, ਔਂ ਅਗਯਾਨਕੇ ਕਾਰਯਕਾ ਅਧਿਸ਼ਠਾਨਹੈ ਯਹ ਵਾਰਤਾ ਸਿਖਯਨ ਕੋ ਬ੍ਰਹਮ-ਕੇ ਸਾਖਯਾਤਕਾਰ ਹੇਤ ਪੌੜੀ ਕੀ ਸਮਾਪਤੀ ਪ੍ਰਯੰਤ ਪਾਠਮੇ ਦਿਖਾਵੇ॥

ਰਾਤੀ ਰੁਤੀ ਥਿਤੀ ਵਾਰ॥

ਰਾਤੀ ਇਤਿ॥ ਈਹਾਂ ਰਾਤੀ ਪਦਸੇ ਦਿਨਭੀ ਲੇਨਾ, ਔਂ, ਖਟ-ਰਿਤੁਯੋਕੇ ਵਾਚਕ ਰੁੱਤੀ ਪਦਸੇ ਤੀਨ ਤੀਨ ਰਿਤੁਯੋਕੇ ਸਮੁਦਾਯ ਦਖਿਣਾਯਨ, ਉਤਰਾਯਣ ਲੇਨੇ। ਤਥਾ, ਦੋ ਅਯਨੋਕਾ ਸਮਦਾਯ ਬਰਸ ਲੇਨਾ। ਥਿਤੀ, ਵਾਰ ਪਦੋਸੇ ਪਖ ਔਂ ਮਹੀਨੇਭੀ ਲੇਨੇ। ਕ੍ਰਮਕੀ ਈਹਾਂ ਅਧਯਾਰੋਪਮੇ ਚਾਹ ਨਹੀ, ਯਾਤੇ ਵਹੁ ਨਹੀ ਲੇਨਾ। ਵੇਦਮੇਂ ਪਾਂਚ ਬ੍ਰਹਮ-ਪੁਰਖ ਲਿਖੇਹੈ; ਅਰ ਈਹਾਂਭੀ ਆਗੇ 'ਤਿਥੈ ਸੋਹਨਿ ਪੰਚ ਪਰਵਾਣੁ' ਲਿਖਾਹੈ। ਮੂਲ ਪਾਠਕਾ ਯਹ ਅਰਥਹੈ:-

ਜਿਸ ਅਧਿਸ਼ਟਾਨ ਗਯਾਨਕੇ ਸਾਖਯਾਤਮੇਂ ਗਯਾਨੀਕੋ ਊਚ,ਨੀਚ-ਭਾਵ ਨਹੀ ਭਾਸੇ, ਤਿਸ ਅਧਿਸ਼ਠਾਨਮੇਂ ਜਿਨ ਚੰਦ,ਸੂਰਜਕੇ ਨਿਮਿਤਸੇ ਰਾਤੀ, ਰੁਤੀ, ਥਿਤੀ, ਵਾਰ, ਇਤਯਾਦਿਕ ਮੂਲਮੇਂ ਕਹੇ'ਕਾਲ ਬਿਸੇਖ'ਬਨੇਹੈ,ਦੋਨੋ ਵੇ ਚੰਦ, ਸੂਰਯ ਅਗਯਾਨਨੇ ਰਚੇਹੈਂ। ਤੀਸਰੀ ਪਵਨ, ਚੌਥਾ ਪਾਣੀ, ਪਾਂਚਵੀ ਅਗਨਿ ਰਚੀਹੈ। ਪਨਾ,ਇਨ ਪਾਂਚੋ ਕੋ ਸਮਾਨ ਅਗਯਾਨਨੇ ਤਿਸ ਅਧਿਸ਼ਠਾਨਮੇ ਔਰ ਭੀ ਰਚੇਹੈ, ਯਹ ਕਹੇ॥ਪਾਤਾਲ ਇਤਿ॥ ਪਾਤਾਲ ਪਦ ਆਕਾਸੋਕਾ ਭੀ ਸੂਚਕਹੈ। ਯਾਤੇ'ਮੁਕਤੀ'ਸੇ ਰਜਤ ਵਤ ਪਾਤਾਲ ਔਂ ਆਕਾਸ ਲੋਕਭੀ ਤਾਮੇ ਅਧਯਸਤ ਹੈ। ਹੇ ਗੁਰੋ! ਪ੍ਰਿਥਵੀ ਲੋਕ ਭੀ ਤਾਮੇ ਕਲਪਿਤ ਹੈ, ਵਾ ਨਹੀ? ਯਹ ਸੁਨ ਕਹੇ:- ਤਿਸੁ ਇਤਿ॥ ਜੇਤੀ ਦ੍ਰਿਸ਼ਯ-ਵਰਗਹੈ, ਸਭੀ ਅਗਯਾਨਕੀ ਥਿਤੀ ਪ੍ਰਯੰਤਹੈ। ਯਾਤੇ,ਹੇ ਸਿਖਯ! ਤਿਸੀ ਅਧਿਸ਼ਠਾਨਮੇਂ ਅਗਯਾਨਨੇ ਧਰਤੀ,ਨਾਮ,ਪ੍ਰਿਥਵੀ ਥਾਪ,ਕਹੀਯੇ ਕਲਪਕੇ ਅਪਨੀ ਥਿਤੀ ਪ੍ਰਯੰਤ ਰਖੀ, ਨਾਮ, ਥਿਰ ਕਰੀ ਹੂਈਹੈ। ਕੈਸੀ ਧਰਤੀਹੈ ? ਜੇਤੇ ਵੇਦ ਸ਼ਾਸਤ੍ਰਸੇ ਧਰਮ ਕਹੇਹੈ, ਸੋ ਸਭੀ ਇਸੀਮੇ ਹੋਵੇਹੈ। ਯਾਤੇ ਸੰਪੂਰਣ ਧਰਮੋਕੀ ਯਹ 'ਸਾਲ' ਕਹੀਯੇ, ਰਹਨੇਕੀ ਠੌਰਹੈ; ਕਹੀ ਰੀਤਿਸੇਂ ਨਿਖਲ-ਧਰਮੋਕੀ'ਸ਼ਾਲਾ'ਕੋ ਤਾਮੇ ਕਾਲਪਤ ਕਹ ਕਰ,ਅਬ ਧਰਮੋਕੇ ਕਰਨੇ ਵਾਲੇ ਜੀਵੋਕੋ ਭੀ ਤਾਮੇ ਕਲਪਤ ਕਹੇਹੈ।

ਤਿਸੁ ਇਤ॥ ਤਿਸ ਵਿਚ ਕਹੀਯੇ, ਤਿਸ ਬ੍ਰਹਮ-ਰੂਪ ਅਧਿਸ਼ਠਾਨਮੇਂ ਧਰਮੋਕੇ ਕਰਨੇ ਵਾਲੇ 'ਚਿਦਾਭਾਸ- ਜੀਵ'ਭੀ ਕਲਪਿਤਹੈ। ਹੇ ਗੁਰੋ! ਜੀਵੋਕੋ ਕਲਪਿਤ ਮਾਨੇ,ਘਟਾਦਿਕੋ ਵਤ ਅਨਿਤਯ ਹੋਵੇਗੇ;ਔਂ ਜੀਵੋਕੋ ਅਨਿਤਯ ਹੁਯਾ ਤਿਨਸੇ ਅਭਿੰਨ-ਬ੍ਰਹਮ ਭੀ ਅਨਿਤਯ ਹੋਵੇਗਾ, ਯਹ ਸੁਨ ਕਹੇ:-

ਜੁਗਤਿ ਇਤਿ॥ ਜੀਵਦੋ ਪ੍ਰਕਾਰਕੇਹੈਂ; ਏਕ ਕੂਟਸਥਹੈ, ਦੂਸਰੇ ਚਿਦਾਭਾਸਹੈ॥ ਜੁਗਤਿ ਪਦ ਈਹਾਂ 'ਤਦ ਆਤਮ'ਕਾ ਵਾਚਕਹੈ। ਯਾਤੇ ਹੇ ਸਿਖਯ! ਜੋ ਜੀਵ ਜੁਗਤ, ਕਹੀਯੇ, ਅਪਨੇ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਕਰਨੀ ਕਾਰਜ ਏਕ ਸੰਗਿ ਕਹਿਨਤੇ ਹੇਤਾਲੰਕਾਰ ਹੈ। ਵੇਖੈ ਵਿਗਸੈ ਕਰਿ ਵੀਚਾਰੁ॥ ਪਰਮੇਸ਼ਰ ਆਪਨੀ ਰਚਨਾ ਦੇਖ ਕਰਿ ਬਿਗਸਤਹੈ; ਜੋ ਕਯਾ ਜੀਵਹੈ ਅਰੁ ਕੇਤੋ ਹੰਕਾਰਹੈ; ਇਤਯਾਦ ਦੇਖ ਕਰਿ ਬਹੁਰ ਬੀਚਾਰ ਪੂਰਬਕ ਦੁੱਖ, ਸੁੱਖ, ਜੀਵਨਕੋ ਦੇਤਹੈ। ਕਿੰਵਾ; ਪਰਮੇਸ਼ਰਕੇ ਹੁਕਮਮੇਂ ਜੋ ਕ੍ਰਿਤ ਹੋਤੀ ਜਾਤਹੈ: ਆਪਕੋ ਇਸ਼ਟਹੈ ਕਿ ਅਨਿਸ਼ਟਹੈ,ਸੋਜੇ ਭਗਤਹੈਂ ਤਿਸਕੋ ਦੇਖਿਕੇ 'ਵਿਗਸੈ',ਪ੍ਰਸੰਨ ਹੋਤਹੈ ਅਰ ਆਛੋ ਮਾਨਤਹੈ। ਸੁੱਖ ਭਗਤਨਕੋ ਲਛਨ ਯਹੀਹੈ;ਜੋ ਕਿਛ ਪਰਮੇਸ਼੍ਵਰ ਕਹੈ,ਤਿਸਪਰ ਪ੍ਰਸੰਨ ਰਹਿਨੋ। ਐਸੇ ਉਪਾਸ਼ਨਾ ਕਾਂਡ ਬਰਨਤੇ ਬਹੁਰੋ'ਕਰਿ ਵੀਚਾਰੁ'ਕਹਾ,ਕਯਾ? ਸਤ-ਅਸਤਿ ਕੋ ਨਿਰਨੇ, ਯਹ ਉਤਪਤਿ ਹੋਇ ਆਵਤਹੈ। ਪ੍ਰਥਮੈ ਨਿਸ਼ਕਾਮ ਕਰਮ-ਕਾਂਡ ਬਰਨਨ ਕਰਯੋ; ਸਰਮ-ਖੰਡ ਤੇ ਦੂਸਰੇ ਉਪਾਸ਼ਨਾ-ਕਾਂਡ ਮਹਿਮਾਕੇ ਸੰਯੁਕਤਿ ਬਰਨਯੋ। ਪੂਰਬ ਮੁਮੋਖੀਕੇ ਪ੍ਰਸ਼ਨਕੋ ਲੇ ਕਰਿ ਕਹਯੋ ਗਯਾਨਕੀ ਪ੍ਰਾਪਤਿਕੋ ਮਾਰਗੁ; ਪਰੰਤ, ਔਰੁ ਕਠਿਨਤਾ ਗਯਾਨਕੀ ਪ੍ਰਾਪਤੀਮੇਂ ਸੋਭੀ ਬਰਨਨ ਕਰਤਹੈਂ।

ਨਾਨਕ ਕਥਨਾ ਕਰੜਾ ਸਾਰੁ॥ ੩੭॥

ਸ੍ਰੀ ਨਾਨਕ ਸਾਹਿਬਜੀ ਕਹਤਹੈਂ,ਕਥਨਾ ਕਯਾ? ਕਹਨੇ 'ਅਹੰ ਬ੍ਰਹਮਾਸਮੀ' ਕੋ ਕਰੜਾ ਸਾਰਹੈ,ਬਡੋ ਕਠੋਰ ਜੋਹੈ 'ਸਾਰ' ਲੋਹ, ਜੈਸੇ ਤਿਸੁਕੋ ਘੜਨੋ, ਬਿਨਾ ਤਿਸਕੀ ਸਾਮਿਗ੍ਰੀਤੇ ਕਠਨਤੇ ਨਹੀ ਘਡਯੋ ਜਾਤਹੈ। 'ਸ਼ਾਰ' ਪਦਮੇਂ ਸ਼ਲੇਖ, ਏਕਤੋ ਸਾਰ ਕੋਅਰਥ 'ਲੋਹ',ਦੂਸਰੇ 'ਸਾਰ' ਨਾਮ ਸਰਬ ਬੇਦਕੇ ਮਥੇਤੇ,ਕਿਆ ਬਿਚਾਰੇ ਤੇ ਜੋ ਸਾਰ ਨਿਕਸਯੋ, ਕੌਨ? 'ਅਹੰ ਬ੍ਰਹਮਾਸਮੀ', ਤਿਸ ਸਾਰ ਲੋਹੇਕੀ ਰੀਤਿਸੋਂ ਇਸ ਸ਼ਬਦਕੋ ਭੀ ਕਹਨੋ ਕਠਨਹੈ, ਇਸਕੀ ਸਮਿਗ੍ਰੀਤੇ ਬਿਨਾ ਸੋਈ ਅਗਾਰੀ ਤਿਸ ਕਹਿਨ ਕੀ ਜੋ ਸਾਮਗ੍ਰੀਹੈ ਏਕ ਪਉੜੀਮੇਂ ਕਹੇਂਗੇ; ਇਤਯਰਥ। ਪੂਰਬਕੀ ਤੁਕਮੇਂ 'ਵੇਖੈ ਵਿਗਸੈ ਕਰਿ ਵੀਚਾਰੁ'ਕ੍ਰਿਯਾ ਕ੍ਰਮਸੇ ਉਪਜੀ ਤਾਂਤੇ ਕਾਰਕਦੀਪਕ। ਦੂਸਰੀ ਤੁਕਮੇਂ ਰੂਪਕ ਅਲੰਕਾਰ। ਕਥਨਾ ਹੀ ਕਰੜਾ ਸਾਰਹੈ, ਕਥਨੋ ਉਪਮੇਯ, ਕਰੜਾ ਸਾਰ ਉਪਮਾਨ, ਏਕ ਰੂਪ ਕਰਿ ਦੋਨੋਂ ਕਹੇ,ਯਾਂਤੇ ਰੂਪਕ ਅਲੰਕਾਰ ਹੋਤਹੈ। ਕਿੰਵਾ 'ਕਥਨੋ' ਤੋ ਉਪਮੇਯ, 'ਕਰੜਾ' ਸਾਧਾਰਨ ਧਰਮ, 'ਸਾਰ' ਉਪਮਾਨ, ਯਾਤੇ 'ਵਾਚਯ ਲੁਪਤੋਪਮਾ ਅਲੰਕਾਰ' ਭਯੋ।

ਨੰ.6.ਨਿਰਮਲ ਸੰਤ ਪੰਡਿਤ ਤਾਰਾ ਸਿੰਘ ਜੀ 'ਨਰੋਤਮ'(ਖਟ-ਦਰਸ਼ਨੀ)37

ਇਸ ਪ੍ਰਕਾਰ ਉਤਰ-ਕਾਂਡ ਵੇਦਮੇ ਨਿਰੂਪਣ ਕਰਕੇ ਯੋਗਯ ਅਰਥਕੋ ਸੰਖੇਪਸੇ ਨਿਰਣੇ ਕਰਕੇ; ਅਬ ਪੂਰਬ ਕਾਂਡ ਵੇਦਮੇਂ ਕਹੇ ਅਰਥਕੋ ਭੀ ਤਾਤਪਰਯ ਦ੍ਵਾਰਾ ਆਤਮ-ਗਯਾਨਹੀ ਸਾਧਨਾ ਬਤਾਵਨੇਹੇਤ ਨਿਰਣੇ ਕਹੇਹੈ। ਕਰਮ ਖੰਡਕੀ ਬਾਣੀ ਜੋਰੁ ॥

ਕਰਮ ਇਤਿ॥ ਕਰਮ-ਖੰਡਸੇ ਸਕਾਮ-ਕਰਮ ਲੇਨਾ। ਯਾਤੇ ਕਰਮ-ਖੰਡਕੀ ਕਹੀਯੇ ਸ੍ਵਰਗਾਦਿ ਫਲ ਹੇਤ ਸਕਾਮ-ਕਰਮ ਕੀ ਬੋਧਕ ਸ੍ਵਰਗਕੀ ਕਾਮਨਾ ਵਾਲਾ ਯਗ੍ਯਾਦਿ ਕਰੇ, ਇਤਿਯਾਦਿਕ ਬਾਣੀਕਾ ਹੀ ਤਿਸਮੇ ਜੋਰ ਨਾਮ ਅਧਿਕ ਬਲਹੈ। ਭਾਵ ਯਹ, ਵਹੁ ਪੂਰਬ-ਕਾਂਡ ਰੂਪ ਬਾਣੀ ਯੱਗਯਾਦਿਕੋ ਤਾਕੀ ਸਾਮਗ੍ਰੀ ਰੂਪ ਅਨਾਤਮ ਪਦਾਰਥੋ ਕਾਹੀ ਸ੍ਵਰਗਾਦਿ ਫਲੋ ਹੇਤ ਬਿਧਾਨ ਕਰੇ ਹੈ ਬਲਸੇ। ਹੇ ਗੁਰੋ! ਪੂਰਬ-ਕਾਂਡਸੇ ਸ੍ਵਰਗਾਦਿ ਫਲੋਕੇ ਹੇਤੂ ਯਾਗਯਾਦੀ ਕਰਮੋਂਸੇ ਔ ਤਿਨਕੀ ਸਾਮਗ੍ਰੀਆਂ ਕਰਤਾ, ਕਰਣਾਦਿਕੋਸੋ ਬਿਨਾ ਔਰ ਭੀ ਕਿਸੇ ਬਾਰਤਾਕਾ ਨਿਰਣੇ ਕੀਆ ਜਾਵੇਹੈ ? ਯਹ ਸੁਨ ਕਹੇ:-

Sri Satguru Jagjit Singh Ji eLibrary NamdhariElibrary@gmail.com

ਤਿਥੈ ਹੋਰੁ ਨ ਕੋਈ ਹੋਰੁ ॥

ਤਿਥੈ ਇਤਿ॥ ਹੇ ਸਿਖਯ! ਤਿਸ ਕਰਮ-ਕਾਂਡ ਰੂਪ ਬਾਣੀਮੇ ਕਰਤਾ, ਕਰਮ, ਕਰਣ, ਸੰਪ੍ਰਦਾਨ, ਅਪਾਦਾਨ, ਅਧਿਕਰਣ, ਇਨ ਅਨਾਤਮ ਰੂਪ ਖਟਕਾਰ ਕੋ ਬਿਨਾ ਹੋਰ ਨ ਕੋਈ ਕਹੀਯੇ ਔਰ ਕਈ 'ਤਤਤਵੰ' ਪਦਕੇ ਲਖਯ-ਅਰਥੋ ਨਿਰਣੇ ਨਹੀ ਕਰੀਯੇ ਨਾ। ਪੁਨਾ, ਤਿਸਮੇ ਹੋਰ ਨਾਮ ਔਰ ਜੀਵ-ਈਸ਼ ਕੀ ਏਕਤਾ ਰੂਪ ਵਾਕਯਕਾ ਅਰਥ ਨਿਰਣੇ ਕਰੀਯੇਹੈ। ਸੰਪੂਰਣ ਪੂਰਬ-ਕਾਂਡ ਮੇ ਕੇਵਲ ਤੀਨ-ਗੁਣ ਰੂਪ ਸੰਸਾਰਕਾ ਨਿਰਣੇ ਕਰੀਯੇਹੈ; ਯਾਤੇ, ਪੂਰਬ-ਕਾਂਡ ਕੋ ਪ੍ਰਮਾਣਤਾ ਭੀ ਚਿਤਕੀ ਸ਼ੁਧੀ ਦ੍ਵਾਰਾ ਪਰੰਪਰਾ ਕਰ ਏਕਤਾ ਬੋਧਨਕੇ ਤਾਤਪਰਯ ਸੇਹੈ; ਐਸੇ ਨਾਮਨੇ ਮਿਥਯਾ-ਭੂਤ ਤ੍ਰਿਗੁਣ-ਸੰਸਾਰਕੇ ਕਹਨੇਸੇ ਅਪ੍ਰਮਾਣ ਹੋਵੇਗਾ ? ਕਹੀ ਰੀਤਿ ਸੇ ਸਭ ਵਰਣੋਕੀ ਕ੍ਰਿਯਾ ਪ੍ਰਤਿਪਾਦਕ ਪੂਰਬ-ਕਾਂਡ ਕਾ ਏਕਮੇ ਤਾਤਪਰਯ ਕਹਿਆ। ਅਬ ਕੇਵਲ ਖਤ੍ਰੀ ਵਰਣ ਕੀ ਕ੍ਰਿਯਾ ਪ੍ਰਤਿਪਾਦਕ ਪੂਰਬ-ਕਾਂਡ ਕਾ ਭੀ ਤਾਤਪਰਯ ਏਕਮੇ ਕਹੇਹੈ॥

ਤਿਥੈ ਜੋਧ ਮਹਾਬਲ ਸੂਰ ॥

ਤਿਥੇ ਇਤਿ॥ ਤਿਥੇ ਕਹੀਐ ਤਿਸ ਪੂਰਬ-ਕਾਂਡਮੇ 'ਜੋਧ' ਨਾਮ ਧਰਮ-ਯੁਧ ਕਰਨੇ ਵਾਲੇ ਖਤ੍ਰੀ ਕਹੇਹੈ ਜੋ ਮਹਾ ਬਲਸੇ ਬਡੇ ਸੂਰਮੇ, ਯੁਧਸੇ ਪੀਛੇ ਨਹੀਂ ਹਟਤੇ; ਜਿਨਕੋ ਯੁਧ ਕ੍ਰਿਯਾਕਾ ਅਰ ਅਸ਼੍ਵਮੇਧਾਦਿ ਯੱਗਨਕਾ ਵੇਦਮੇ ਵਿਧਾਨਹੈ॥ ਹੇ ਗੁਰੋ! ਧਰਮ-ਯੁਧਮੇਂ ਮਰਨੇਸੇ ਤਿਨ ਕੋ ਕਿਆ ਫਲ ਹੋਵੇਹੈ ? ਯਹ ਸੁਨ ਕਹੇ।

ਤਿਨ ਮਹਿ ਰਾਮੁ ਰਹਿਆ ਭਰਪੂਰ ॥

ਤਿਨ ਮਹਿ ਇਤਿ॥ ਮਹ ਕਾ ਅਰਥ ਕੋ ਹੈ। ਯਾਤੇ, ਤਿਨ ਮਹ ਨਾਮ ਤਿਨ ਧਰਮ-ਯੁਧਮੇਂ ਸੂਰਯੋਕੋ "ਅਰਚਿ" ਆਦਿਕ'ਮਾਰਗ"ਸੇ 'ਰਾਮੁ ਰਹਿਆ' ਨਾਮ,'ਰਾਮ' ਹੀਪ੍ਰਾਪਤ ਹੋਨੇ ਯੋਗਯ ਫਲ ਰਹਿਆਹੈ ਔਰ ਕੋਈ ਨਹੀ ਰਹਿਆ॥ ਇਸੀ ਭਾਵਸੇ ਗੁਰ ਦਸਮ ਲਿਖੋਹੈ "ਧਨਯ ਜਿਯੋ ਤਿਹ ਕੋ ਜਗ ਮੇਂ ਮੁਖ ਤੇ ਹਰਿ ਚਿਤ ਮੇ ਯੁਧ ਵਿਚਾਰੇ॥ ਦੇਹ ਅਨਿਤਯ ਨ ਨਿਤਯ ਰਹੇ ਜਸੁ ਨਾਵ ਚੜੇ ਭਵ ਸਾਗਰ ਤਾਰੇ"॥ ਇਤਯਾਦਿ(ਗੀਤਾ) ਸਿਮ੍ਰਿਤੀ ਭੀ ਕਹੇ ਹੈ:- "ਦੋ ਪੁਰਖ ਸੂਰਯ ਮੰਡਲ ਸੇ ਲਖ ਕਰ ਆਗੇ ਜਾਵੇ ਹੈ, ਏਕ ਪਰਮੇਸ਼੍ਵਰ ਹੇਤ ਸਰਬ ਕਾ ਤਯਾਗੀ, ਦੂਸਰਾ ਧਰਮ-ਯੁਧ ਮੇਂ ਮਰਯਾ ਸੂਰਬੀਰ"[87]।

ਹੇ ਗੁਰੋ! ਵੇਦਮੇ ਤਿਨਕੋ ਪ੍ਰਾਪਤ ਹੋਨੇ ਯੋਗਯ ਬ੍ਰਹਮ ਕਹਿਆਹੈ--ਰਾਮ ਨਹੀ ਕਾਹਿਆ। ਯਾਤੇ, ਆਪਨੇ ਈਹਾਂ ਕੈਸੇ ਕਹਿਆਹੈ? ਹੇ ਸਿਖਯ! ਰਾਮ ਪਦਕਾ ਅਰਥ "ਜਿਸ ਸਚਿਦਾਨੰਦਮੇ ਮਹਾਤਮਾ ਰਮੇ,ਵਹੁ ਬ੍ਰਹਮਹੈ: ਔਰ ਨਹੀਂ" ਯਹ ਕਹੇ, ਭਰਪੂਰ ਇਤਿ, 'ਭਰਪੂਰ' ਪੂਰਣ, ਭਾਵ ਬਯਾਪਕ, ਅਰਥਾਤ ਤਿਨਕੋ ਪ੍ਰਾਪਤ ਹੋਨੇ ਯੋਗਯ ਤਹਾਂ ਪੂਰਣ-ਬ੍ਰਹਮ ਰਹੇਹੈ। ਹੇ ਗੁਰੋ!ਤਿਸ ਕਰਮ-ਕਾਂਡਮੇ ਔਰ ਕਿਆ ਪ੍ਰਤਿਪਾਦਨ ਹੈ,ਯਹ ਸੁਨ ਕਹੇ:

ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥

ਤਿਥੈ ਇਤਿ॥ 'ਸੀਤੋ' ਪਦ 'ਸੀਤਾ ਤੁਲ' ਪਤਿਬ੍ਰਤਾ ਇਸਤਰੀਆਂਹੈ,ਵਹੁ 'ਸੀਤਾ ਮਹਿਮਾਮਾਹ'ਨਾਮ ਸੀਤਾ ਕੇ ਤੁਲਯ ਪ੍ਰਤਾਪਸੇ ਕਥਨ ਕਰੀਯੇਹੈ । ਹੇ ਗੁਰੋ! ਤਿਨਕੇ ਵੇਦਮੇਂ ਕੈਸ ਲਖਣ ਕਹੇਹੈ? ਯਹ ਸੁਨ ਕਹੇ:- ਤਾਕੇ ਰੂਪ ਨ ਕਥਨੇ ਜਾਹਿ ॥

---

87. ਟਿੱਪਣੀਕਰਤਾ:- ਦੇਖੋ ਸ਼੍ਰੀ ਕ੍ਰਿਸ਼ਨ ਭਗਵਦ ਗੀਤਾ: 8: 24-28॥

Sri Satguru Jagjit Singh Ji eLibrary NamdhariElibrary@gmail.com

ਤਾਕੇ ਇਤਿ॥ ਤਾਕੇ ਨਾਮ, ਤਿਨ ਸੀਤਾਕੇ ਤੁਲਯ ਪਤਿ-ਬ੍ਰਤ-ਧਰਮ ਵਾਲੀ ਇਸਤਰੀਯਾਂਕੇ ਰੂਪ,ਨਾਮ ਜੁਦੇ ਜੁਦੇ ਲਖਣ ਜੋ ਕਹੇਹੈਂ ਵਹੁ ਬਹੁਤਹੈ, ਯਾਤੇ ਕਹੇ ਨਹੀਂ ਜਾਤੇ। ਹੇ ਗੁਰੋ! ਸੰਖੇਪਸੇ ਕੁਛ ਤਿਨਕਾ ਪਤਿ-ਬ੍ਰਤ-ਧਰਮ ਕੋ, ਜਿਸ ਧਰਮਸੇ ਸੀਤਾ-ਤੁਲਯ ਕਹਤੇਹੋ ਕਹੋ। ਹੇ ਸਿਖਯ! ਵਹੁ ਅਪਨੇ ਪਤੀਕੋ ਰਾਮ ਮਾਨ ਕਰ ਸੇਵਾ ਕਰੇਹੈ, ਜੈਸੇ ਉਪਾਸਕ ਲੋਕ ਨਾਮਸੇ ਬ੍ਰਹਮ ਭਾਵਕੀ ਉਪਾਸਨਾ ਕਰੇਹੈ, ਇਸੀ ਸੇ ਵਹੁ ਸੀਤਾ ਤੁਲਯ ਕਹੀ ਜਾਵੇਹੈ, ਤਿਨਕੋ ਪਤਿ-ਬ੍ਰਤ-ਧਰਮ ਕਾ ਫਲ ਕਹੇ:-

ਨਾ ਓਹਿ ਮਰਹਿ ਨ ਠਾਗੇ ਜਾਹਿ ॥

ਨਾ ਇਤਿ॥ 'ਨ ਠਾਗੇ'ਕੀ ਜਗਾ ਅਰਥ ਸਮੇ 'ਨਾ ਠਾਗੀ' ਜਾਨ ਲੈਨਾ। ਯਾਂਤੇ, 'ਓਇ'ਨਾਮ ਵਹੁ ਪਤਿ ਬ੍ਰਤ-ਧਰਮ ਵਾਲੀ ਇਸਤਰੀਆਂ ਅਪਨੇ ਨਿਸਕਾਮ-ਪਤਿ-ਬ੍ਰਤ-ਧਰਮਕੇ ਪ੍ਰਭਾਵਸੇ ਅੰਤਹਕਰਣ ਕੀ ਸ਼ੁਧੀ ਦ੍ਵਾਰਾ ਗਯਾਨਕੋ ਪ੍ਰਾਪਤਹੋ ਕਰ ਨਾ ਮਰੇਹੈ, ਨਾ ਪੁਨਾ 'ਬੰਚਕ ਵਿਖਯੋ' ਸੇ ਠਗੀਆ ਜਾਵੇਹੈ।

ਜਿਨਕੈ ਰਾਮੁ ਵਸੈ ਮਨਮਾਹਿ ॥

ਜਿਨਕੇ ਇਤਿ॥ ਜਿਨਕੇ ਨਾਮ ਜਿਨ ਪੂਰਬ ਕਹੀ ਪਤਿਬ੍ਰਤ-ਧਰਮ ਵਾਲੀ ਇਸਤਰੀਆਂਕੇ 'ਰਾਮ ਵਸੇ ਮਨ ਮਾਹੋ ਕਹੀਯੇ, ਗੇਯ ਰੂਪਸੇ, ਵਾ ਧਯੇਯ ਰੂਪਸੇ ਸਚਿਦਾਨੰਦ ਬ੍ਰਹਮ ਨਿਵਾਸ ਕਰੇ ਹੈ ਅੰਤ:ਕਰਣ ਮੇ। ਹੇ ਗੁਰੋ! ਧਯੇਯ ਕਾ ਨਿਵਾਸ ਕਰਨੇਸੇ ਆਪਨੇ ਈਹਾਂ ਕਰਮਕੇ ਪ੍ਰਕਰਣਮੇਂ ਉਪਾਸਨਾ ਕਾ ਨਿਰਣਯਾ ਕੀਆ, ਸੋ ਕੇਸੈ ? ਹੇ ਸਿਖਯ! ਕਰਮ 'ਦੋ' ਪ੍ਰਕਾਰਕੇਹੈ! ਏਕ ਸਾਰੀਰਕ, ਦੂਸਰੇ ਮਾਨਸ। ਯਗਯ, ਦਾਨ, ਸਨਾਨ, ਬ੍ਰਤ, ਤੀਰਥ-ਯਾਤ੍ਰਾਦਿ ਕਰਮ ਸਾਰੀਰਕਹੈ। ਚਿਤ ਬ੍ਰਿਤੀਕੋ ਏਕਾਗ੍ਰ ਕਰ, ਧਯੇਯ ਵਸਤੁਕਾ ਧਯਾਨ ਕਰਨਾ, ਕਰਮ ਮਾਨਸਹੈ; ਯਾਤੇ ਸਰੀਰਕ-ਕ੍ਰਿਯਾ ਵਤ ਮਾਨਸ-ਕ੍ਰਿਯਾਭੀ ਕਰਮ ਹੀਹੈ; ਯਾ ਭਾਵਸੇ ਕਹੇ:-

ਤਿਥੈ ਭਗਤ ਵਸਹਿ ਕੇ ਲੋਅ ॥

ਤਿਥੇ ਇਤਿ॥ 'ਕੇ'ਈਹਾਂ'ਕਰਨੇ'ਕਾ ਵਾਚਕਹੈ। ਪ੍ਰਤਿਪਾਦਕਮੇਂ ਪ੍ਰਤਿਪਾਦਯਕਾ ਭੀ ਨਿਵਾਸ ਕਹਿਆ ਜਾਵੇਹੈ। ਯਾਤੇ, ਤਿਥੇ ਕਹੀਯੇ, ਤਿਸ ਵੇਦਮੇਂ ਹੀ ਭਜਨ ਕ੍ਰਿਯਾਕੇ ਕਰਨੇ ਵਾਲੇ ਭਕਤ ਜਨ ਉਪਾਸਕ, ਉਪਾਸਨਾਕੇ ਨਿਰੂਪਣਸੇ ਨਿਵਾਸ ਕਰੇਹੈ। 'ਕੇ' ਨਾਮ ਕਰਕੇ ਲੋਯ ਨਿਜਮ ਭਕਤੀ ਔ ਭਕਤੀਸੇ ਸਾਧਨੋ ਕੇ ਯੋਗਯ ਪ੍ਰਕਾਸ ਕੋ, ਈਹਾ ਯਹ ਕ੍ਰਮਹੈ: ਪਹਲੇ ਕਰਮ ਮਾਤ੍ਰਕੇ ਨਿਰੂਪਕ ਪੂਰਬ-ਕਾਂਡਸੇ ਯਗਯਾਦਿ ਕ੍ਰਿਯਾ ਕਾ ਨਿਰਣਯਹੈ॥ ਦੂਸਰੇ ਉਪਾਸਨਾ ਕਾ ਨਿਰਣੈ ਹੈ। ਉਪਾਸਨਾਕੇ ਨਿਰਣਯਮੇ ਉਪਾਸਨਾ ਕੇ ਸਾਧਨੋਕਾ ਨਿਰਣਯਹੈ। ਸਾਧਨੋਕੇ ਨਿਰਣਯਮੇ ਪ੍ਰਸੰਗਸੇ ਤਿਨਕੇ ਕਰਤਾ ਉਪਾਸਕੋ ਕਾ ਨਿਰਣਯਹੈ। ਯਾਤੇ ਵੇਦਮੇ ਪ੍ਰਤਿਪਾਦਯ ਹੋਨੇਸੇ ਉਪਾਸਕ ਭੀ ਅਪਨੇ ਪ੍ਰਤਿਪਾਦਕ ਵੇਦਮੇਂ ਵਸੇਹੈ; ਉਪਾਸਕ ਭਗਤੋਕਾ ਨਾਮਹੈ। ਹੇ ਗੁਰੋ! ਤਥਾ ਨਿਵਾਸ ਕਰ ਕਿਆ ਕਰੇ ਹੈ ? ਯਹ ਸੁਨ ਕਹੇ:- ਕਰਹਿ ਅਨੰਦੁ ...-

ਕਰਹਿ ਇਤਿ॥ ਹੇ ਸਿਖਯ! ਰਜੋ, ਤਮੋ ਰੂਪ ਮਲਹੀਨ ਚਿਤ ਸੇ ਉਪਾਸਨਾ ਬ੍ਰਿਤਿਸੇ ਕਰਹ ਅਨੰਦ ਨਾਮ, ਭਜਨਾਨੰਦ ਰੂਪ ਪ੍ਰਤਿਬਿੰਬਕਾ ਪ੍ਰਕਾਸ਼ ਕਰੇਹੈ ਭਕਤ ਜਨ। ਹੇ ਗੁਰੋ! ਪ੍ਰਤਿਬਿੰਬ 'ਸਾਕਾਰ' ਜਲ ਮੇਂ 'ਸਾਕਾਰ' ਸੂਰਯ ਕਾ ਹੀ ਦੇਖਾਹੈ, 'ਨਿਰਾਕਾਰ'ਸੇ 'ਨਿਰਾਕਾਰ'ਕਾ ਕਹੀਂ ਨਹੀਂ ਦੇਖਾ। ਯਾਤੇ, ਉਪਾਸਨਾ ਬ੍ਰਿਤੀਸੇ ਭੀ ਨਿਰਾਕਾਰ ਆਨੰਦਕੇ ਪ੍ਰਤਿਬਿੰਬਕਾ ਪ੍ਰਕਾਸ ਭਕਤੋਮੇਂ ਨਹੀਂਹੋ ਸਕੇ। ਯਹ ਸੁਨ ਦ੍ਰਿਸਟਾਂਤਸੇ ਪਕਾਸ਼ ਕਰਨਾ ਕਹੇ -...ਸਚਾ ਮਨਿ ਸੋਇ ॥

Sri Satguru Jagjit Singh Ji eLibrary NamdhariElibrary@gmail.com

ਸਚਾ ਇਤਿ॥ ਹੇ ਸਿਖਯ! ਜੈਸੇ ਮਨ, ਨਾਮ, ਗੁਰਕੇ ਉਪਦੇਸ-ਜਨਯ ਗਯਾਨ ਰੂਪ ਬ੍ਰਿਤਿਸੇ ਵਹੁ ਸਚਾ ਨਾਮ ਸਤਯ ਸ੍ਵਰੂਪ ਨਿਰਾਕਾਰ ਆਨੰਦ ਪ੍ਰਤਿਬਿੰਬਕੋ ਪ੍ਰਾਪਤ ਹੋਵੇਹੈ, ਤੈਸੇ ਨਿਰਾਕਾਰ ਆਨੰਦ ਭਕਤੀ ਰੂਪ ਬ੍ਰਿਤੀਮੇਂ ਭੀ ਪ੍ਰਤਿਬਿੰਬਕੋ ਪ੍ਰਾਪਤ ਹੋਵੇਹੈ। ਹੇ ਗੁਰੋ! ਹਮਕੋ ਦ੍ਰਿਸਟਾਂਤ ਰੂਪ ਗਯਾਨ ਬ੍ਰਿਤੀਸੇ ਭੀ ਨਿਰਾਕਾਰ ਆਨੰਦਕੇ ਪ੍ਰਤਿਬਿੰਬਮੇਂ ਆਸੰਕਾਹੈ, ਯਹ ਸੁਨ ਕਹੇ:-

ਸਚ ਖੰਡਿ ਵਸੈ ਨਿਰੰਕਾਰੁ ॥

ਸਚਿ ਖੰਡਿ ਇਤਿ॥ ਹੇ ਸਿਖਯ! ਸਚਿ ਖੰਡਿ ਕਹੀਯੇ ਨਿਸ਼ਕਾਮ ਕਰਮਸੇ ਸ਼ੁਧ ਹੂਏ ਮਨ ਕੀ ਬ੍ਰਿਤੀ ਬਿਸੇਖ ਸੇ ਨਿਰਾਕਾਰ ਭੀ ਆਨੰਦ ਜਲ ਮੇ ਨਿਰਾਕਾਰ ਆਕਾਸ਼ ਵਤ ਪ੍ਰਤਿਬਿੰਬਕੋ ਪ੍ਰਾਪਤ ਹੋਵੇਹੈ। ਯਾਤੇ ਭਕਤੀ-ਬ੍ਰਿਤੀ ਮੇਂ ਪ੍ਰਤਿਬਿੰਬ ਭਾਵ ਕੋ ਪ੍ਰਾਪਤ ਹੁਯਾ ਭਜਨਾਨੰਦ ਕਹੀਯੇ ਹੈ॥ ਗਯਾਨ ਬ੍ਰਿਤਿਮੇਂ ਪ੍ਰਕਾਸ਼ ਕੋ ਪ੍ਰਾਪਤ ਹੁਯਾ ਬ੍ਰਹਮਾਨੰਦ ਕਹੀਯੇਹੈ, ਆਨੰਦ ਵਸਤੁ ਏਕ ਹੈ,ਉਪਾਧੀਯੋਂਕੇ ਭੇਦਸੇ ਤਿਸਕੇ ਨਾਮ ਭਿੰਨ ਭਿੰਨ ਕਹੀਯੇਹੈ॥ ਆਨੰਦ ਕੇ ਪ੍ਰਤਿਬਿੰਬ ਵਾਲੀ ਉਪਾਸਨਾ ਬ੍ਰਿਤੀ, ਅਰ ਗਯਾਨ ਬ੍ਰਿਤੀਕੇ ਸਗੁਣ-ਨਿਰਗੁਣ-ਉਪਾਸਨਾਸੇ ਗਯਾਨਸੇ ਬ੍ਰਹਮ ਭਾਵ ਰੂਪ ਮੁਕਤੀ ਯੇ ਕ੍ਰਮਸੇ ਫਲੀ ਕਹੇ।

ਕਰਿ ਕਰਿ ਵੇਖੈ ਨਦਰਿ ਨਿਹਾਲ ॥

ਕਰਿ ਕਰਿ ਇਤਿ॥ ਹੇ ਸਿਖਯ! ਮੰਦ ਬੁਧੀ ਵਾਲਾ ਵਿਚਾਰਕੋ ਅਸਮਰਥ ਜਿਗਯਾਸੂ, ਕਰ ਕਹੀਏ, ਗੁਰੋ ਕੇ ਮੁਖਸੇ ਉਪਦੇਸ ਸੁਣ ਕਰਕੇ, ਪੁਨਾ, ਤਾਸੇ ਪੀਛੇ ਕਰ, ਨਾਮਸੇ ਸਚਿਦਾਨੰਦ ਅਦੁਤੀ ਬ੍ਰਹਮ ਸ੍ਵਰੂਪ 'ਹੂੰ' ਐਸੀ ਨਿਰਗੁਣ-ਉਪਾਸਨਾ ਕਰਕੇ, ਤਾਸੇ ਅਪਨੇ-ਆਪਕੋ ਸਚਿਦਾਨੰਦ ਬ੍ਰਹਮ ਰੂਪ 'ਹੂੰ' ਐਸੀ ਨਦਰਿ,ਨਾਮ, ਵਾਕਯ-ਜਨਯ ਯਥਾਰਥ ਬ੍ਰਿਤੀਸੇ ਦੇਖੇ,ਨਾਮ,ਅਪਰੋਖਯ ਜਾਣੇਹੈ; ਜਿਸ ਜਾਨਣੇਸੇ ਅਗਯਾਨ ਤਤਕਾਰਯ ਰੂਪ ਤੀਨੋ ਅਵਸਥਾਕੋ ਛੋਡ ਕਰ 'ਨਿਹਾਲ' ਨਾਮ ਅਵਸਥਾ-'ਤ੍ਰਯ'ਸੇ ਹੀਨ 'ਤੁਰੀਯ-ਬ੍ਰਹਮ'ਹੀ ਹੋਵੇ ਹੈ॥ ਹੇ ਗੁਰੋ! ਅਵਸਥਾ-ਤ੍ਰਯ ਹੀਨ ਬ੍ਰਹਮ ਹੋਵੇਹੈ, ਇਸ ਕਹਨੇਸੇ ਅਪਨੇ ਸਰਬ-ਉਪਾਧੀ ਹੀਨ ਚੇਤਨਯ ਮੁਕਤ ਪੁਰਖੋਕੋ ਪ੍ਰਾਪਤ ਹੋਨੇ ਯੋਗਯ ਬਤਾਯਾ, ਔਂ ਸ਼ੁਧਕਾ ਲਾਭ ਜੇਤੇ ਥਾਨਮੇ ਮਾਯਾ-ਉਪਾਧੀ ਵਾਲਾ ਈਸ਼੍ਵਰਹੈ, ਤੇਤੇ ਥਾਨਸੇ ਬਨੇ ਨਹੀ ? ਈਸ਼੍ਵਰਕੀ ਉਪਾਧੀਕੋ ਕਲਪਤ ਮਾਨਕੇ : ਵਾਸਤਵ ਮੇਂ ਤਾਹੀਕੋ ਸੁਧ ਮਾਨੋ। ਤਬ ਏਕ ਮੇ, ਏਕ ਕਾਲ ਮੇ ਉਪਾਧੀ ਔਂ ਤਾਕਾ ਅਭਾਵ, ਯੇ ਦੋ ਬਿਰੋਧੀ ਧਰਮ ਭੀ ਬਨੇ ਨਹੀ? ਯਾਤੇ, ਅਵਸਥਾ-ਤ੍ਰਯ ਸੇ ਹੀਨ ਤੁਰੀਯ ਸ਼ੁਧ ਬ੍ਰਹਮਕਾ ਲਾਭ ਕੈਸੇ ਹੋਵੇਹੈ ? ਹੇ ਸਿਖਯ! ਤੁੱਲ ਸੱਤਾ ਵਾਲੇ ਦੋ ਪਦਾਰਥੋ ਕਾ ਹੀ ਏਕ ਕਾਲ ਮੇ ਏਕ ਥਾਨ ਰਹਨੇ ਵਿਖੇ ਵਿਰੋਧ ਹੋਵੇਹੈ--ਭਿੰਨ ਸੱਤਾ ਵਾਲਯੋ ਕਾ ਨਹੀਂ ਹੋਵੇ; ਈਹਾ ਉਪਾਧੀਕਾ ਅਭਾਵ ਅਧਿਸ਼ਠਾਨ ਰੂਪਹੈ, ਔਂ ਅਧਿਸਠਾਨ ਕੀ ਪਰਮਾਰਥ ਸਤਾਹੈ, ਯਾਤੇ,ਅਭਾਵ ਪਰਮਾਰਥ ਰੂਪਹੈ,ਔਂ ਉਪਾਧੀ ਬਯਵਹਾਰਕ ਵਾ ਪ੍ਰਾਤਿਭਾਸਕ ਰੂਪ ਮਿਥਯਾਹੈ; ਯਾਤੇ, ਈਸ਼੍ਵਰਹੀ ਵਾਸਤਵਮੇਂ ਸੁਧ-ਬ੍ਰਹਮਹੈ, ਔਂ ਮਾਯਾ ਮੇਲ ਸੇ ਮਾਯਾ ਕਾ ਅਧਿਸ਼ਠਾਨਹੈ; ਯਾਤੇ ਸ਼ੁਧਕਾ ਲਾਭ ਬਨੇਹੈ, ਯਹ ਕਹੇ।

ਤਿਥੈ ਖੰਡ ਮੰਡਲ ਵਰਭੰਡ ॥

ਤਿਥੇ ਇਤਿ॥ ਹੇ ਸਿਖਯ! ਜੋ ਅਵਸਥਾ ਤ੍ਰਯਕੋ ਤਯਾਗ ਕਰ ਤੁਰੀ-ਸ੍ਵਰੂਪ ਸ਼ੁਧ-ਬ੍ਰਹਮ ਮੁਕਤੋ ਨੇ ਪਾਵਨਾ ਹੈ, ਤਿਸੀ ਨਿਜ ਰੂਪ ਬ੍ਰਹਮਮੇ ਪ੍ਰਿਥਵੀਕੇ ਨਵ-ਖੰਡ ਔਂ ਤਿਨਕੇ ਅੰਤਰ

Sri Satguru Jagjit Singh Ji eLibrary NamdhariElibrary@gmail.com

ਮੰਡਲ ਨਾਮ ਭੂਮੀਕੇ ਆਰਯਾਵਰਤ ਆਦਿਕ ਦੇਸ਼ੋ ਸਹਿਤ ਚੌਦਾ-ਭਵਨ ਰੂਪ ਵਰਭੰਡ ਨਾਮ, ਬ੍ਰਹਮੰਡ ਮਰੁ-ਭੂਮੀ ਮੇਂ ਜਲ ਵਤ ਕਲਪ ਰੂਪਹੈ। ਹੇ ਗੁਰੋ! ਨਵ-ਖੰਡਾਦਿਕ ਕੇਤਾ ਜਗਤ ਤਿਸਮੇਂ ਕਲਪਤਹੈ? ਯਹ ਸੁਨ ਕਹੇ:-

ਜੇ ਕੋ ਕਥੈ ਤ ਅੰਤ...

ਜੇ ਕੋ ਇਤਿ॥ ਹੇ ਸਿਖਯ! ਜੋ ਕੋ, ਨਾਮ, ਜੇ ਕਰ ਕੋਈ ਇਸ ਜਗਤਕੇ ਅੰਤਕੋ ਕਥੇ, ਨਾਮ ਕਹਤ ਨਾਮ, ਤਬ ਕਿਆ, ਇਸ ਜਗਤਕੀ ਕਹਨੇਸੇ ਅੰਤ ਨਾਮ, ਔ ਅਧਿਆਸ ਕੇਹੈ? ਜੋ ਏਤਾ ਜਗਤਹੈ ? ਭਾਵ ਯਹ, ਔਧ ਨਹੀਂ ਆਵੇ, ਔ ਔਧ ਜਾਨੇ ਬਿਨਾ ਵਸਤੁ ਕਹੀ ਨਹੀ ਜਾਵੇ; ਜਿਸ ਕਾਰਣਸੇ ਵਸਤੁਕੀ ਔਧਕਾ ਕਹਨਾ, ਔਧ ਕੋ ਜਾਨਕੇ ਹੋਵੇਹੈ। ਹੇ ਗੁਰੋ! ਤਿਸ ਜਗਤਕੀ ਔਧਕਾ ਨਾ ਜਾਨਣਾ ਕਿਉਹੈ? ਯਹ ਕਹੇ:-

...ਨ ਅੰਤ ॥

ਨ ਅੰਤ ਇਤਿ॥ ਹੇ ਸਿਖਯ!ਜੇਕਰ ਜਗਤਕੀ ਔਧ ਹੋਵੇ,ਤਬ ਤਿਸ ਔਧਕਾ ਜਾਨਨਾਹੋ ਜਾਵੇ,ਜੋ ਏਤਾ ਜਗਤ ਹੈ। ਤਿਸ ਜਗਤਕਾ ਤੋ ਅਰੁ-ਜਲ-ਕੇ ਤਰੰਗੋ ਵਤ, ਔ ਮਦਾਰੀਕੀ ਖੇਲੋ ਵਤ,ਅੰਤ ਨਾਮ, ਔਧ ਨਹੀ ਆਵੇ॥ ਯਾਤੇ,ਕੋਈ ਨਹੀ ਔਧ ਕੋ ਜਾਨ ਸਕੇ, ਜੋ ਏਤਾ ਹੀਹੈ, ਔਰ ਨਹੀ। ਯਾਹੀ,ਭਾਵਸੇ ਗੀਤਾ(10:41-42)ਮੇ ਭਗਵਾਨਨੇ ਦਿਬਯ ਬਿਭੂਤੀਯ 'ਕੀ' ਭੀ ਅਨੰਤਤਾ ਕਹੀਹੈ;ਯਾਤੇ ਸਾਮਾਨਯ ਬਿਭੂਤੀਆਂਕੀ ਅਨੰਤਤਾਕਾ ਤੋ ਕਿਆ ਕਹਨਾਹੈ। ਹੇ ਗੁਰੋ! ਸਰਬ ਜਗਤਕੋ ਕਲਪਿਤ ਸਿੱਧ ਕਰਨੇਕੇ ਪ੍ਰਕਰਣਸੇ ਕਿਆ ਸਿਧ ਹੁਆ ? ਯਹ ਸੁਨ ਅਧਿਸਠਾਨ ਰੂਪਤਾ ਸਿਧ ਹੂਈ, ਯਹ ਕਹੇ:-

ਤਿਥੈ ਲੋਅ ਲੋਅ ਆਕਾਰ ॥

ਤਿਥੈ ਇਤਿ॥ ਈਹਾ ਪਹਲਾ ਲੋਯ ਪਦ ਚੌਦਾ-ਲੋਕੋ ਕਾ ਵਾਚਕਹੈ।ਦੂਸਰਾ ਲੋਯ ਪਦ ਤਿਨਕੇ ਗਯਾਨੋ ਕਾ ਵਾਚਕ ਹੈ; ਯਾਤੇ, ਤਿਸ ਬ੍ਰਹਮ ਰੂਪ ਅਧਿਸਠਾਨਮੇਂ ਰਜੂਸੇ ਸਰਪ,ਦੰਡਾਦਿਕੋਕੇ ਅਕਾਰੋ ਵਤ ਜੋ ਲੋਯ,ਨਾਮ ਚੌਦਾ ਭਵਨੋਕੇ,ਪੁਨਾ ਲੋਯ ਨਾਮ ਤਿਨਕੇ ਗਯਾਨੋਕੇ,ਕਲਪਿਤ ਆਕਾਰਹੈ; ਸੋ ਸਭ ਅਧਿਸ਼ਠਾਨ ਕਾ ਸ੍ਵਰੂਪਹੈ; ਤਾਸੇ ਭਿੰਨ ਕੋਈ ਨਹੀਂ। ਹੇ ਗੁਰੋ! ਯੇ ਜੀਵ ਸਰਬਦਾ ਕਰਮਹੀ ਕਹੁ ਕਰਤੇ ਰਹੇਹੈ। ਮੁਕਤੀ ਰੂਪ ਉਤਮ ਫਲਕੇ ਲਾਭ ਹੇਤ ਗੁਰੋਸੇ ਉਪਦੇਸ ਲੇ ਕਰ ਬ੍ਰਹਮਮੇਂ ਸਰਬ ਪ੍ਰਪੰਚਕੋ ਕਲਪਿਤ ਕਯੂ ਨਹੀ ਜਾਨਤੇ? ਯਹ ਸੁਨ ਕਹੇ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

ਜਿਵ ਇਤਿ॥ ਹੇ ਸਿਖਯ! 'ਜਿਵ ਜਿਵ ਹੁਕਮੁ' ਨਾਮ, ਜਿਸ ਜਿਸ ਪ੍ਰਕਾਰ ਕਰਮਕੀ ਵਾ ਬ੍ਰਹਮਕੀ ਬੋਧਕ ਸ਼ਰੁਤੀ,ਸਿਮ੍ਰਿਤੀ ਰੂਪ ਆਗਯਾਹੈ, ਜਿਸ ਜਿਸ ਪ੍ਰਤਿ,'ਤਿਵੈ ਤਿਵ ਕਾਰ'ਨਾਮ,ਤੈਸੇ ਤੈਸੇਹੀ ਅਪਨੇ ਅਪਨੇ ਅਧਿਕਾਰ ਅਨੁਸਾਰ ਅਧਿਕਾਰੀ ਪੀਛੇ ਕਰਤੇ ਰਹੇ,ਅਬ ਕਰਤੇਹੈ, ਆਗੇ ਕਰੇਹੈ। ਯਾਤੇ, ਇਸ ਜਨਮਮੇਂ ਵਾ, ਜਨਮਾਂਤਰ ਮੇ ਬ੍ਰਹਮ-ਗਯਾਨ ਕੀ ਇਛਾ ਕਰ ਕਰਮ ਕਰਤੇ ਕਈ ਪੁਰਖ ਅਧਿਕਾਰੀ ਹੋ ਗੁਰੁ ਕੇ ਸਮੀਪ ਜਾਯ ਕਰ ਉਪਦੇਸਲੇ ਸਰਬ ਪ੍ਰਪੰਚਕੋ ਕਲਪਿਤ ਜਾਨ ਲੇਵੇਗੇ ਔਰ ਲੋਕ ਅਪਨੀ ਅਪਨੀ ਕਾਮਨਾਨੁਸਾਰ ਔਰ ਫਲੋਕੋ ਪ੍ਰਾਪਤ ਹੋਵੇਗੇ। ਯਾਤੇ, ਗਯਾਨੀਯੋਮੇਂ ਸਰਬਦਾ ਕਰਮੋਕਾ ਕਰਣਾ ਸਿਖਯਾ ਹੇਤਹੈ, ਇਤਨੋਮੇਂ ਅਪਨੇ ਬਾਛਿਤ ਫਲੋਕੇ ਲਾਭ ਹੇਤਹੈ। ਅਧਿਕਾਰੀਯੋਮੇਂ ਸਰਬਦਾ ਸੁਭ ਕਰਮੋਕਾ ਕਰਣਾ ਗਯਾਨਕੀ

Sri Satguru Jagjit Singh Ji eLibrary NamdhariElibrary@gmail.com

ਉਤਪਤੀਮੇਂ ਪ੍ਰਤਿਬੰਧਕ, ਪਾਪੋਕੇ ਨਿਬ੍ਰਿਤ ਕਰਨੇ ਹੇਤਹੈ। ਇਸ ਜਨਮਮੇਂ, ਵਾ ਜਨਮਾਂਤਰ ਮੇਂ ਗਯਾਨ ਹੂਯੇ ਤਿਨ ਸਰਬ ਕਰਮੋਕਾ ਨਾਸ ਹੋਵੇਹੈ। ਯਾਹੀ ਭਾਵਸੇ ਬਚਨਹੈ = ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ॥(1067). ਹੇ ਗੁਰੋ! ਬਿਨਾ ਉਪਦੇਸ ਲੀਯੇ ਉਪਾਸਨਾਕੇ ਪ੍ਰਭਾਵਸੇ ਹੀ ਵੈਸਾ ਗਯਾਨ ਉਦੇਹੋ ਜਾਵੇਗਾ ਯਾਤੇ ਗੁਰੁਕੇ ਸਮੀਪ ਜਾਕਰ ਉਪਦੇਸ ਸ੍ਰਵਣ ਕਰ,ਬਿਚਾਰ ਕਰਨੇਕਾ ਕੁਛ ਪ੍ਰਯੋਜਨ ਨਹੀ। ਯਹ ਸੁਨ ਕਹੇ:-

ਵੇਖੈ ਵਿਗਸੈ ਕਰਿ ਵੀਚਾਰੁ ॥

ਵੇਖੇ ਇਤਿ॥ ਹੇ ਸਿਖਯ! ਉਪਾਸਨਾ ਯਥਾਰਥ ਗਯਾਨਕਾ ਜਨਕ ਪ੍ਰਮਾਣ ਨਹ,ਯਾਤੇ ਉਪਾਸਨਾਸੇ ਅਗਯਾਨਕਾ ਨਾਸ਼ ਕਰਨੇ ਵਾਲਾ ਸਾਧਯਾਤਕਾਰ ਰੂਪ ਗਯਾਨ ਨਹੀ ਉਪਜੇ। ਕਿੰਤੂ, ਕਰ ਵੀਚਾਰ ਨਾਮ, ਮਹਾ-ਵਾਕਾਯਨ ਕਾ ਵਿਚਾਰ ਕਰਨੇਸੇ ਗਯਾਨ ਉਪਜੇਹੈ। ਤਿਸ ਗਯਾਨਸੇ ਅਧਿਕਾਰੀ ਅਗਯਾਨ-ਪਟਲਕੋ ਦੂਰ ਕਰ,'ਮੈਂ ਬ੍ਰਹਮ ਹੂੰ' ਐਸੇ ਨਿਜ ਰੂਪਕੋ ਵੇਖੇਹੈ, ਔ ਵੇਖ ਕਰ ਵਿਗਾਸੇ, ਨਾਮ, ਸ੍ਰਰਬ ਅਨਰਥੋਕੋ ਦੂਰ ਕਰਕੇ ਕ੍ਰਿਤੀ ਕ੍ਰਿਤ ਹੁਯਾ ਖੁਸ ਹੋਵੇਹੈ॥ ਇਸੀ ਬਾਤਕੋ ਵੇਦ ਕਹੇਹੈ"ਰਸਕੋ ਪਾਯ ਕਰ ਯਹ ਅਧਿਕਾਰੀ ਆਨੰਦੀ ਹੋਵੇਹੈ" ਔ ਗ੍ਰੰਥ ਜੀਮੇਂ ਭੀ ਬਚਨਹੈ"ਰਾਮ ਰਸ ਪੀਯਾ ਰੇ ਪੀਯਾ ਜਿਹ ਰਸ ਬਿਸਰ ਗਏ ਰਸ ਔਰ"(337:16)।ਹੇ ਗੁਰੋ! ਵਹੁ ਅਧਿਕਾਰ ਤਿਸ ਆਨੰਦਕੋ ਕਾਹੂ ਔਰ ਪ੍ਰਤਿ ਕਹੇਹੇ, ਵਾ, ਨਹੀ? ਯਹ ਸੁਨ; ਕਰ ਲੇ ਕੋ ਕਰਨ ਤਾ ਕਹਤੇ, ਪੌੜੀ ਸਮਾਪਤਿ ਕਰੇ:-

ਨਾਨਕ ਕਥਨਾ ਕਰੜਾ ਸਾਰੁ ॥37॥

ਨਾਨਕ ਇਤਿ॥ 'ਮਹਮਾ ਨ ਜਾਨੇ ਵੇਦ'(894:4) ਇਤਯਾਦਿ ਸੁਣਨੇਸੇ 'ਸਾਰ' ਨਾਮ, ਸੇ ਪ੍ਰਸਿਧ ਜੋ ਬ੍ਰਹਮਕਾ ਸ੍ਵਰੂਪ-ਭੂਤ-ਆਨੰਦ ਤਿਸਕਾ ਬਾਣੀਸੇ ਕਹਨਾ ਲੋਹੇ ਸੇ ਹੀਰੋ ਕੇ ਬੇਧਨ ਵਤ ਕਰਾ, ਨਾਮ, ਅਤਯੰਤ ਕਠਨਹੈ; ਭਾਵ ਸ਼ਕਤੀ ਸੇ ਤਿਸ ਜਾਤਿ, ਗੁਣ, ਕ੍ਰਿਯਾ ਹੀਨਕੋ ਕੋਈ ਨਹੀ ਕਰ ਸਕਤੇ॥ ਹੇ ਗੁਰੋ! ਮਤ ਕਹੇ ਸ਼ਕਤੀ ਸੇ, ਲਖਣਾ ਸੇ ਤੋ ਕਹਯਾ ਜਾਵੇਗਾ । ਹੇ ਸਿਖਯ! ਪੂਰਣ ਕਾਮਨਾ ਵਾਲੇ 'ਜੀਵਨ ਮੁਕਤ' ਗਯਾਨੀ ਕੋ ਕਾਹੂ ਮੇਂ ਕੁਛ ਲੇਨੇ ਕੀ, ਔ ਪੁਜਾਵਨੇ ਕੀ, ਔ ਅਪਨੀ ਕੀਰਤੀ ਕੀ ਚਾਹ ਨਹੀ ਰਹੇ। ਪੁਨਾ, 'ਮੈਂ ਗਯਾਨੀਹੋਂ' ਯਹ ਅਗਯਾਨੀਹੈ, ਵਾ 'ਮੈਂ ਗੁਰੁਹੋਂ', ਯਹ 'ਸਿਖਯ ਹੈ', ਐਸੀ ਤਿਸਕੋ ਭੇਦ ਦ੍ਰਿਸਟੀ ਭੀ ਨਹੀ ਰਹੇ। ਤਥਾ, ਗਯਾਨਕਾ ਅਧਿਕਾਰੀ ਭੀ ਸਾਧਨ ਸੰਪਤੀ ਵਾਲਾ ਦੁਰਲਭ ਹੋਵੇਹੈ, ਯਾਤੇ ਲਖਣਾਸੇ ਭੀਤਿਸ ਆਨੰਦਕਾ ਕਹਨਾ ਕਠਨਹੈ; ਇਸੀ ਭਾਵਸੇ ਵੇਦਮੇਂ, ਅਰ ਗੀਤਾ(2:29)ਸਿਮ੍ਰਿਤੀਮੇਂ 'ਆਸਚਰਯ' ਇਸਕਾ ਵਕਤਾ ਹੈ ਅਰ 'ਆਸਚਰਯ' ਇਸਕਾ ਸ੍ਰੋਤਾ ਹੈ, ਐਸੇ ਵਕਤਾ ਸਰੋਤਾ ਕੋ ਆਸਚਰਯ ਕਹਿਆਹੈ,ਔ ਗ੍ਰੰਥ ਜੀ ਮੇਂ ਭੀ "ਅਖੀਂ ਬਾਝਹੁ ਵੇਖਣਾ ਬਿਨ ਕੰਨਾ ਸੁਣਨਾ"(139:2) ਕਹਿਆਹੈ ॥37॥

ਨੰ. 7 ਨਿਰਮਲ-ਸੰਪ੍ਰਦਾਈ ਗਿ.:ਬਦਨ ਸਿੰਘ ਫਰੀਦਕੋਟ ਟੀਕਾ

ਕਰਮ ਖੰਡ ਕੀ ਬਾਣੀ ਜੋਰੁ॥
ਤਿਥੈ ਹੋਰੁ ਨ ਕੋਈ ਹੋਰੁ॥

ਜਿਨਾਂ ਉਪਾਸਕੋਂ ਪਰ (ਕਰਮ) ਕ੍ਰਿਪਾ ਹੋਈ ਹੈ ਤਿਨ (ਖੰਡ) ਸਮੂਹੋਂ ਕੀ ਬਾਣੀ (ਜੋਰੁ) ਬਲ ਵਾਲੀ ਹੋਤੀ ਹੈ ਭਾਵ ਜੋ ਕੁਛ ਵਰ ਸ੍ਰਾਪ ਕਰੇਂ ਸੋ ਨਿਸਫਲ ਨਹੀ ਹੋਤਾ ਵਾ ਪਰਮੇਸ੍ਵਰ ਸਾਥ (ਜੋਰੁ) ਜੋੜਨੇ ਵਾਲੀ ਭਾਵ ਮਿਲਾਵਨੇ ਵਾਲੀ ਹੈ॥ (ਤਿਥੈ) ਤਹਾਂ ਉਪਾਸਕਾਂ ਮੈਂ ਤਿਨ ਕੇ ਬਲ ਕ (ਹੋਰੁ) ਔਰ ਕੋਈ (ਹੋਰੁ) ਹਟਾਇ ਨਹੀ ਸਕਤਾ ਹੈ॥ ਅਰਥਾਤ ਤਿਨਸੇ ਵਡਾ ਕੋਈ ਨਹੀਂ ਹੈ॥

Sri Satguru Jagjit Singh Ji eLibrary NamdhariElibrary@gmail.com

ਤਿਥੈ ਜੋਧ ਮਹਾਬਲ ਸੂਰ॥

ਤਿਨ ਉਪਾਸਕੋਂ ਮੈ ਰਹਿਨੇਹਾਰੇ ਜੋਧੇ ਸਰੀਰ ਕੋ ਜਿਤਨੇ ਵਾਲੇ ਰਥੀ ਹੈਂ ਅਰ ਬਾਣੀ ਆਦਿਕ ਇੰਦ੍ਰਿਆਂ ਕੋ ਜਿਤਨੇ ਵਾਲੇ (ਮਹਾਬਲ) ਮਹਾਰਥੀਂ ਹੈਂ ਮਨਕੇ ਜੀਤਨੇ ਵਾਲੇ (ਸੂਰ) ਅਤਿਰਥੀ ਹੈਂ॥

ਤਿਨ ਮਹਿ ਰਾਮੁ ਰਹਿਆ ਭਰਪੂਰ॥

ਤਿਨ ਉਪਾਸਕੋਂ ਮੈ ਰਾਮ ਪੂਰਨ ਹੋ ਰਹਾ ਹੈ ਭਾਵ ਜਹਾਂ ਜਹਾਂ ਮਨੁਜਾਤਾ ਹੈ ਤਹਾਂ ਤਹਾਂ ਰਮਣ ਸੀਲ ਹਰੀ ਕੋ ਹੀ ਦੇਖਤੇ ਹੈਂ॥ ਜਥ॥ ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ। ਆਤਮ ਪਸਾਰਾ ਕਰਣ ਹਾਰਾ ਪ੍ਰਭ ਬਿਨਾ ਨਹੀ ਜਾਣੀਐ॥

ਪ੍ਰਸ਼ਨ : ਜਹਾਂ ਰਾਮੁ ਹੈ ਤਹਾਂ ਸੀਤਾ ਭੀ ਚਾਹੀਏ॥ ਉੱਤਰ :

ਤਿਥੈ ਸੀਤੋ ਸੀਤਾ ਮਹਿਮਾ ਮਾਹਿ॥

ਤਾ ਕੇ ਰੂਪ ਨ ਕਥਨੇ ਜਾਹਿ॥

ਸੋ ਨਿਰਗੁਣ ਰਾਮ ਕੇ ਸਾਥ ਮਹਿਮਾ ਰੂਪੁ ਸੀਤਾ (ਮਾਹਿ) ਚੰਦ ਸਮ ਪ੍ਰਕਾਸ਼ ਰੂਪੁ ਔਰੁ (ਸੀਤੋ) ਸੀਤਲ ਕਰਨੇ ਹਾਰੀ ਹੈ ਭਾਵ ਤਿਨ ਉਪਾਸਕੋਂ ਮੈ ਜੋ ਭਗਵੰਤ ਕੀ ਮਹਿਮਾ ਹੈ ਸੋ ਸੀਤਾ ਹੈ ਵਾ ਜੋ ਮਹਿਮਾ ਵਿਖੇ ਬ੍ਰਿਤੀ ਕੋ (ਸੀਤੋ) ਸੀਤਾ ਹੈ ਭਾਵ ਜੋ ਮਹਿਮਾ ਕਾਰ ਥਿਤੀ ਕਰੀ ਹੈ ਏਹੀ ਤਹਾਂ ਉਪਾਸਕੋਂ ਮੈ ਸੀਤਾ ਹੈ॥

ਨਾ ਓਹਿ ਮਰਹਿ ਨ ਠਾਗੇ ਜਾਹਿ॥

ਜਿਨ ਕੈ ਰਾਮੁ ਵਸੈ ਮਨਿ ਮਾਹਿ॥

ਓਹੁ ਉਪਾਸਕ ਭਗਤ ਜਿਨ ਕੇ ਮਨ ਮੇ ਰਾਮੁ ਵਸਤਾ ਹੈ ਨ ਫਿਰ ਮ੍ਰਿਤੂ ਹੋਤੇ ਹੈਂ ਔਰ ਨ ਮਾਯਾ ਠਗਨੀ ਸੇ ਠਗੇ ਜਾਤੇ ਹੈਂ॥

ਤਿਥੈ ਭਗਤ ਵਸਹਿ ਕੇ ਲੋਅ॥

(ਤਿਥੈ) ਤਹਾਂ (ਕੇ) ਕੇਈਕ ਭਗਤ (ਲੋਅ) ਲੋਕ ਹੀ ਵਸਤੇ ਹੈਂ ਭਾਵ ਤਿਨਾ ਮੈ ਪਾਮਰ ਨਹੀ ਵਸਤੇ॥

ਕਰਹਿ ਅਨੰਦੁ ਸਚਾ ਮਨ ਸੋਇ॥

ਸੋ ਸਚਾ ਅਕਾਲਪੁਰਖੁ ਤਿਨ ਕੇ ਮਨ ਮੇ ਵਸਤਾ ਹੈ ਤਾਂ ਤੇ ਅਨੰਦ ਕਾ ਭੋਗੁਨਾਂ ਕਰਤੇ ਹੈਂ ਭਾਵ ਏਹ ਕਿ ਤਹਾਂ ਫਿਰ ਦੁਖ ਕਲੇਸੁ ਨਹੀ ਰਹਿਤਾ ਹੈ॥ ਸਤਚਿਤਾਨੰਦ ਮੇ ਸਤਚਿੰਤਾਨੰਦ ਹੂਏ ਹੂਏ ਵਿਚਰਤੇ ਹੈਂ॥

ਪ੍ਰਸ਼ਨ : ਜਿਸਕੀ ਉਪਾਸਕ ਉਪਾਸਨਾਂ ਕਰਤੇ ਹੈਂ ਸੋ ਨਿਰੰਕਾਰੁ ਕਹਾਂ ਰਹਿਤਾ ਹੈ॥

ਸਚਿ ਖੰਡਿ ਵਸੈ ਨਿਰੰਕਾਰੁ॥

ਕਰਿ ਕਰਿ ਵੇਖੈ ਨਦਰਿ ਨਿਹਾਲ॥

(ਸਚਖੰਡਿ) ਸਚ ਧਾਰਨ ਵਾਲੇ (ਖੰਡ) ਅਸਥਾਨ ਭਾਵ ਉਪਾਸਕੋ ਮੈ ਨਿਰੰਕਾਰ ਵਸਤਾ ਹੈ ਵਾ ਬੈਕੁੰਠ ਮੈ ਸਚਾ ਸਾਹਿਬੁ ਨਿਰੰਕਾਰੁ ਸਰਗੁਣੁ ਮੂਰਤੀ ਧਾਰਕੇ ਆਪ ਵਸਤਾ ਹੈ ਸੋ ਨਿਰੰਕਾਰ ਅਪਨੀ ਰਚਨਾ ਕੋ (ਕਰਿ ਕਰਿ) ਰਚ ਰਚ ਕੇ ਦੇਖੇ ਭਾਵ ਪਾਲਣਾ ਕਰਤਾ ਹੈ ਵਾ ਕਰਮਾਦਿਕੋਂ ਕੋ ਦੇਖਤਾ ਹੈ ਜਿਨਾਂ ਪਰ (ਨਦਰਿ) ਕ੍ਰਿਪਾਦ੍ਰਿਸਟੀ ਕਰਤਾ ਹੈ ਸੋ (ਨਿਹਾਲ) ਅਨੰਦ ਹੋ ਜਾਤੇ ਹੈਂ॥

Sri Satguru Jagjit Singh Ji eLibrary NamdhariElibrary@gmail.com

ਤਿਥੈ ਖੰਡ ਮੰਡਲ ਵਰਭੰਡ॥
ਜੇ ਕੋ ਕਥੈ ਤ ਅੰਤ ਨ ਅੰਤ॥

ਤਿਸ ਨਿਵਾਸੀ ਸਚਖੰਡ ਮੇ ਅਨੰਤ ਖੰਡ ਮੰਡਲੋਂ ਵਾਲੇ ਬ੍ਰਹਮੰਡੋਂ ਕੇ ਅਕਾਰ ਹੈਂ ਭਾਵ ਸਭ ਜਗਤੁ ਤਿਸ ਕੇ ਸੰਕਲਪ ਮੈ ਹੀ ਹੈਂ ਜੇਕਰ ਕੋਈ ਉਸ ਕੇ ਅੰਤ ਕੋ ਕਥਨ ਕਰੇ ਤੌ ਅੰਤੁ ਨਹੀਂ ਆਵਤਾ ਭਾਵ ਦੇਸ ਕਾਲ ਵਸਤੂ ਕੇ ਪ੍ਰਛੇਦ ਤੇ ਰਹਿਤ ਹੈ॥

ਤਿਥੈ ਲੋਅ ਲੋਅ ਆਕਾਰ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥

ਲੋਕਾਂ ਲੋਕਾਂ ਕੇ ਅਕਾਰ ਸਭ ਤਹਾਂ ਨਿਰੰਕਾਰ ਕੇ ਅਵਾਂਤਰ ਹੈਂ ਜਿਸ ਜਿਸ ਪ੍ਰਕਾਰ ਨਿਰੰਕਾਰ ਕਾ ਹੁਕਮੁ ਹੋਤਾ ਹੈ ਤਿਸੀ ਤਿਸੀ ਪ੍ਰਕਾਰ ਜੀਵ ਕਾਰ ਕਰਤੇ ਹੈਂ॥

ਵੇਖੈ ਵਿਗਸੈ ਕਰਿ ਵੀਚਾਰੁ॥

ਇਸ ਅਪਨੇ ਕੀਏ ਹੂਏ ਖੇਲਕੋ ਦੇਖ ਕਰਕੇ ਔਰੁ ਸੁਭਾਸੁਭ ਕਰਮਾ ਕੋ ਵੀਚਾਰੁ ਕਰਕੇ (ਵਿਗਸੈ) ਪ੍ਰਸਿੰਨ ਹੋਤਾ ਹੈ॥

ਨਾਨਕ ਕਥਨਾ ਕਰੜਾ ਸਾਰੁ॥ ੩੭॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਸਿਧੋ ਏਹਿ ਨਿਰੰਕਾਰ (ਸਾਰੁ) ਤਤ ਕਾ ਕਥਨ ਜੋ ਮੈਨੇ ਤੁਮਕੋ ਸ੍ਰਵਣ ਕਰਾਯਾ ਹੈ ਸੋ ਅਤਯੰਤ (ਕਰੜਾ) ਕਠਨੁ ਹੈ ਭਾਵ ਜੈਸੇ ਸੁਵਰਣ ਕਾ ਘੜਨਾ ਔਖਾ ਔਰ ਧਾਤੂਓਂ ਮੈ ਸ੍ਰੇਸਟ ਹੈ ਇਸੀ ਪ੍ਰਕਾਰ ਗੁਰੂ ਉਪਦੇਸ਼ ਰੂਪੁ ਸਬਦ ਕਾ ਵਿਚਾਰੁ ਭੀ ਅਤਯੰਤ ਕਠਨ ਔਰ ਸ੍ਰੇਸਟ ਹੈ॥ ੩੭॥

ਨੰ.੪.ਨਿਰਮਲ-ਸੰਤ ਪੰਡਿਤ ਸਾਧੂ ਸਿੰਘਜੀ ਪੀਲੀਭਤਿ(ਵੇਦਾਂਤੀ)-37

ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥ ਤਿਨਮਹਿ ਰਾਮੁ ਰਹਿਆ ਭਰਪੂਰ ॥

ਹੇ ਸ਼ਿਸ਼ਯ! ਜੋ (ਕਰਮ-ਖੰਡ)ਅਰਥਾਤ ਕਰਮ ਕਾਂਡ ਕੀ ਬਾਣੀਹੈ, ਤਿਸਮੇਂ ਕੇਵਲ ਜੋਰ ਕਾ ਹੀ ਨਿਰੂਪਣ ਕਰਾ ਹੈ ਜੋਰ ਨਾਮ,'ਸਾਮਰਥਯ'ਕਾਹੈ,ਸੋ ਦੋ ਪ੍ਰਕਾਰ ਕੀਹੈ; ਏਕਤੋ ਸਕਾਮ-ਕਰਮਸੇ ਜਨਯ ਭੋਗਕਾ ਹੇਤੂ ਸਾਮਰਥਯ ਹੈ। ਦੂਸਰੀ ਨਿਸ਼ਕਾਮ ਇਸ਼ਵਰਮੇਂ ਸਮਰਪਿਤ ਕਰਮੋਂਕਾ ਫਲ ਰੂਪ ਸਾਮਰਥਯ ਚਿਤਕੀ ਸ਼ੋਧਕਹੈ।ਔਰ,ਹੇ ਸ਼ਿਸ਼ਯ! (ਤਿਥੈ) ਤਿਸ ਕਰਮ ਕਾਂਡਮੇਂ (ਹੋਰ) ਸ਼ੁਧ ਜੀਵ ਇਸ਼ੂਰਕੇ ਸ੍ਵਰੂਪਕਾ ਨਿਰੁਪਣ ਨਹੀਂ। ਤਥਾ (ਕੋਈ ਹੋਰ) ਤਿਨ ਦੋਨੋਂਕੀ ਏਕਤਾਕਾ ਨਿਰੂਪਣ ਭੀ ਨਹੀਂਹੈ। ਪੰਰਤੂ,ਤਿਸ ਕਰਮ ਕਾਂਡਮੇਂ ਕੋਈ ਕੋਈ ਕਰਮ ਐਸਾਹੈ ਜਿਸਸੇ ਕਰਮਸੇ ਬ੍ਰਹਮ-ਲੋਕਕੀ ਪ੍ਰਾਪਤੀ ਦੁਆਰਾ ਮੋਕਸ਼ ਭੀ ਹੋਤੀਹੈ। ਜੈਸੇ (ਤਿਥੈ) ਤਿਸ ਕਰਮ-ਕਾਂਡ ਮੇਂ ਯੁਧ ਕਰਨੇ ਵਾਲੇ ਜੋ ਮਹਾਬਲਵਾਨ ਸੁਰਹੈ, ਅਰਥਾਤ ਤਿਨਕਾ ਜੋ ਧਰਮ ਯੁਧਮੇਂ ਮਰਣਾਹੈ,(ਤਿਨ ਮਹਿ)ਤਿਸ ਧਰਮ ਯੁਧਮੇਂ ਜੋ ਮਰਣਹੈ, ਤਿਸਕਾ ਫਲਤੋ ਭਰਪੂਰ ਰਾਮਹੀ (ਰਹਿਆ) ਸਥਾਪਨ ਕਰਾਹੈ। ਤਥਾਹਿ (ਗੀਤਾ:15:16-20;2:31-32...) **ਦ੍ਵਾਵਿਮੌ ਪੁਰੁਸ਼ੌ ਲੋਕੇ ਕ੍ਸ਼ਰਾਕ੍ਸ਼ਾਕ੍ਸ਼ਰ ਏਵ ਚ ।**

ਅਰਥ॥ ਦੋ ਯਹ ਪੁਰਸ਼ ਲੋਕ ਮੇਂ ਸੂਰਯ ਮੰਡਲ ਕੋ ਭੇਦਨ ਕਰਨੇ ਵਾਲੇ ਬ੍ਰਹਮ-ਲੋਕ ਮੇਂ ਪ੍ਰਾਪਤ ਹੋਵੇਗੇ ॥ ਏਕਤੋਂ ਚਿਤ ਵਿਰਤੀ ਕੇ ਨਿਰੋਧ ਯੁਕਤ(ਪਰਿਵ੍ਰਾਡ)ਵਿਰਕਤ ਪੁਰਸ਼;ਔਰ

Sri Satguru Jagjit Singh Ji eLibrary NamdhariElibrary@gmail.com

ਦੂਸਰਾ ਯੁਧਮੇਂ ਸਨਮੁਖ ਮਰਾ ਹੁਆ। ਤਿਸ ਕਰਮ ਕਾਂਡਮੇਂ ਜੋ ਪਤਿਵ੍ਰਤ ਧਰਮ ਰੂਪ ਕਰਮਹੈ,ਤਿਸਕਾ ਕਰਮ ਮੁਕਤੀ-ਫਲਹੈ। ਇਸ ਵਾਸਤੇ ਤਿਸਮੇਂ ਸੀਤਾਕੀ ਮਹਿਮਾ(ਮਾਹਿ)ਤਿਸ ਮਹਿਮਾਮੇਂ ਵਰਤਮਾਨ (ਸੀਤੋ) ਸੀਤਾ ਕੇ ਤੁਲਯ ਇਸਤ੍ਰੀਯੋਕਾ ਨਿਰੁਪਣ ਕਰਾਹੈ। ਸੀਤੋ ਪਦ ਸੀਤਾ ਤੁਲਯਕਾ ਵਾਚਕਹੈ;(ਤਾਕੇ) ਤਿਨਕੇ (ਰੂਪ) ਸ੍ਵਰੂਪ,ਅਰਥਾਤ,ਪ੍ਰਭਾਵ ਨਹੀਂ ਕਥਨ ਕਰੇ ਜਾਤੇ। ਕਿਉਂਕਿ, 'ਨ ਓਹਿ' ਵਹ ਪਤਿਵ੍ਰਤ ਧਰਮ ਵਾਲੀ ਇਸਤ੍ਰੀ(ਅਗ੍ਰਿਯਾ ਜੀਵ ਵਰਤ ਪੁਨ:ਪੁਨ:)ਨ ਮਰਤੀਹੈ ਔਰ ਨ ਵਿਸ਼ਯ ਵਾਸਨਾਸੇਂ ਠਗੀ ਜਾਤੀਹੈ,ਜਿਨਕੇ ਮਨਮੇਂ ਰਾਮ ਨਿਵਾਸ ਕਰਤਾਹੈ। ਤਾਤਪ੍ਰਿਯ ਯਹ ਹੈ, ਵਹ ਪਤਿਵ੍ਰਤ ਧਰਮ ਵਾਲੀ ਇਸਤ੍ਰੀ ਅਪਨੇ ਪਤਿਕੋ ਰਾਮ ਕਾ ਸ੍ਵਰੂਪ ਜਾਨ ਕਰ ਸਰਵਥਾ ਮਨਮੇਂ ਧਾਰਣਾ ਕਰੇਹੈ; ਵਿਸ਼ੇਸ਼ ਕਰਕੇ ਤਿਨਕਾ ਪ੍ਰਭਾਵ ਇਤਿਹਾਸ, ਪੁਰਾਣੋਂ ਮੇਂ ਨਿਰੁਪਣ ਕਰਾਹੈ। ਇਸ ਪ੍ਰਕਾਰ ਕਰਮ ਕਾਂਡ ਕਾ ਭਾਵਾਰਥ ਨਿਰੁਪਣ ਕਰਕੇ, ਅਬ ਉਪਾਸਨਾ ਕਾ ਸ੍ਵਰੂਪ ਦਿਖਾਤੇ ਹੁਏ,ਤਿਸਕੇ ਫਲਕਾ ਨਿਰੂਪਣ ਕਰਤੇਹੈ॥

ਹੇ ਸ਼ਿਸ਼ਯ! ਜੋ ਉਪਾਸਨਾਕਾ ਫਲ ਸਚ-ਖੰਡਹੈ;ਜਿਸ ਸਚਖੰਡਕੀ ਮਹਿਮਾ ਪੁਰਵ ਸੋਦਰ ਕੀ ਸੋਪਾਨ ਮੇਂ ਕਹੀਹੈ (ਤਿਥੈ) ਤਿਸ ਸਚ-ਖੰਡਮੇਂ ਭਕਤ ਜਨ (ਲੋਯ) ਉਪਾਸਨਾ ਰੂਪ ਵ੍ਰਿਤੀਕੋ (ਕੇ) ਕਰਕੇ (ਵਸਹਿ) ਨਿਵਾਸ ਕਰਤੇਹੈ। ਉਸ ਸਥਾਨਮੇਂ ਆਨੰਦਕਾ ਅਨੁਭਵ ਕਰਤੇਹੈ। ਕਿਉਂਕਿ,ਤਿਨਕੇ ਮਨਮੇਂ(ਸੋਯ)ਵਰ ਸਚਾਹੈ ਔਰ ਤਿਸੀ ਸਚ-ਖੰਡਮੇਂ(ਨਿਰੰਕਾਰ)ਪਰਮਾਤਮਾ ਸਗੁਣ ਰੂਪ ਨਿਵਾਸ ਕਰਤਾਹੈ ਜਿਸਕਾ ਸਾਰੰਗ ਅਸ਼ਟਪਦੀ ਮੇਂ ਨਿਰੁਪਣ ਕਰਾ; ਤਿਸਕੋ ਪ੍ਰਾਕ੍ਰਿਤ ਅਕਾਰੋਂਸੇ ਰਹਿਤ ਹੋਨੇਸੇ ਭਕਤ ਜਨ ਨਿਰੰਕਾਰ ਕਹਿਤੇਹੈ। ਪੁਨ: ਪੁਨ: ਤਿਸਕੀ ਭਕਤੀ ਰੂਪ ਨਦਰ,ਅਰਥਾਤ,ਵ੍ਰਿਤੀਕੋ ਕਰਕੇ ਦੇਖਤੇ ਹੈ। ਔਰ (ਨਿਹਾਲ)ਕਰਤਵਯੋਸੇ ਰਹਿਤ ਹੋਤੇਹੈ। ਤਿਥੇ ਤਿਸ ਸਚ-ਖੰਡਮੇਂ(ਖੰਡ)ਨਵ-ਖੰਡ ਮੰਡਲ ਆਰਯਾਵਰਤਾਦਿ ਦੇਸ਼ (ਵਰਭੰਡ) ਬ੍ਰਹਮੰਡ, ਜੇਕਰ ਇਨ ਕੋ ਕੋਈ ਕਥਨ ਕਰੇ,ਤਬ ਭੀ(ਅੰਤ)ਸਰਵਕੇ ਅਧਿਸ਼ਠਾਨਮੇਂ (ਨ ਅੰਤ) ਭੇਦ ਨਹੀ। ਤਾਤਪ੍ਰਿਯ ਯਹਹੈ; ਜੈਸੇ ਖੰਡ ਕੇ ਖਲੋਨੇ ਖੰਡ ਸੇ ਭਿੰਨ ਨਹੀ; ਤੈਸੇ ਸਚ-ਖੰਡ ਮੇਂ ਵਰਤਮਾਨ ਪਦਾਰਥ ਪਰਮਾਤਮਾਸੇ ਭਿੰਨ ਨਹੀਂ। ਔਰ,ਤਿਸ ਸਥਾਨਮੇਂ ਜੋ ਆਕਾਰ ਹੈ, ਸੋ ਆਪ (ਲੋਯ) ਪ੍ਰਕਾਸ਼ ਰੂਪ ਹੁਏ ਇਤਰੋਂ ਕੋ (ਲੋਯ)ਪ੍ਰਕਾਸ਼ ਕਰਤੇਹੈ। ਜੈਸੇ ਜੈਸੇ ਪਾਰਬ੍ਰਹਮ ਕਾ (ਹੁਕਮ) ਆਗਯਾਹੈ,ਤੈਸੇ ਤੈਸੇ ਕਾਰ ਕਰਤੇਹੈ, ਔਰ ਵਹ ਭਕਤ ਜਨ ਵਿਚਾਰ ਕਰਕੇ ਸ੍ਵਰੂਪਕੋ ਦੇਖਤੇ ਹੈ, ਔਰ (ਵਿਗਸੇ)ਆਨੰਦਿਤ ਹੋਤੇਹੈ।ਪਰੰਤੂ ਸ੍ਰੀਗੁਰੂ ਜੀ ਕਹਿਤੇ, ਹੈ ਤਿਸ (ਸਾਰ) ਆਨੰਦ ਸ੍ਵਰੂਪ ਪਰਮਤ੍ਵ ਕਾ ਕਥਨ ਕਰਨਾ ਕਠਿਨਹੈ,ਤਾਤਪ੍ਰਿਯ ਯਹਹੈ,ਤਿਸਕੀ ਮਹਿਮਾ ਅਦਭੂਤਹੈ ॥37॥

ਨੰ.9. ਸਾਧੂ ਪੰ. ਹਰਿਪ੍ਰਸਾਦ ਜੀ ਉਦਾਸੀਨ (ਵੇਦਿਕ ਮੁਨੀ)-37 (ਕਰਮ ਖੰਡ-ਪਰਵ 37)

ਕਰਮ ਖੰਡਕੀ ਬਾਣੀ ਜੋਰੁ ॥

ਕਰਮ ਲੋਕਕੀ,ਅਰਥਾਤ ਯਗ ਦਾਨਾਦਿ ਕਰਮੋਕੇ ਲੋਕ-ਸਾਧਨ ਰੂਪੀ ਆਸ੍ਰਯ ਵਿਸ਼ੇਸ਼ ਸੰਸਾਰਿਕ ਐਸ਼ਵ੍ਰਯਕੀ ਬਾਣੀ, ਅਰਥਾਤ, ਪਰਿਭਾਸ਼ਾ (ਸੰਗਿਯਾ) ਬਲਸੇ ਹੋਤੀ, ਅਰਥਾਤ, ਮਨੁਸ਼ਯੋਕੇ ਬਲਕੇ ਅਨੁਸਾਰਕੀ ਜਾਤੀਹੈ। ਉਸਮੇਂ(ਕਰਮਕੇ ਲੋਕ ਸੰਸਾਰਿਕ ਐਸ਼ਵ੍ਰਯਮੇਂ) ਬਲਸੇ ਭਿੰਨ ਦੂਸਰਾ ਕੋਈ ਕਾਰਨ (ਸਾਧਨ) ਨਹੀਂ ਹੈ॥ 1॥

ਵਹਾਂ ਯੋਧਾ ਮਹਾਬਲੀ, ਸ਼ੂਰਮੇ ਹੀ ਉਤਕ੍ਰਿਸ਼ਠ ਕੋ ਪ੍ਰਾਪਤ ਹੋਤੇਹੈਂ। ਉਨਕੇ ਅੰਗ ਅੰਗ,ਰੋਮ ਰੋਮ ਰਾਮ, ਕਰਮ ਔਰ ਆਚਾਰ ਸੇ ਭਰਪੂਰ ਰਹਿਤਹੈ॥ 2॥ ਵਹਾਂ ਸੀਤਾ ਕੇ ਕਰਮ

Sri Satguru Jagjit Singh Ji eLibrary NamdhariElibrary@gmail.com

ਸੀਤਾ ਕੇ ਮਹਤਵਮੇਂ, ਅਰਥਾਤ, ਪਤਿਵ੍ਰਤ-ਧਰਮਮੇਂ ਵਰਤਮਾਨ ਹੁਈ ਕੁਲ ਇਸਤ੍ਰੀਯਾਂ ਦੇਵੀ ਪਦਮਾਨ ਹੋਤੀਹੈ। ਉਨਕੇ ਰਮਣੀਯ ਆਕਾਰੋਂਕੀ,ਅਰਥਾਤ ਸੁੰਦਰ ਸ਼ਰੀਰੋਂਕੀ ਉਪਮਾ ਨਹੀਂ ਕਹੀ ਜਾ ਸਕਤੀ ॥3॥ ਵੇ ਨ ਕਭੀ ਰੋਗਸੇ ਮਰਤੇਹੈ ਔਰ ਨ ਹੀ ਕਭੀ ਰਾਜਨੈਤਿਕ ਵਿਵਾਹਰੋਂਸੇਂ ਕਿਸੀ ਦੂਸਰੇਸੇ ਠਗੇ ਜਾਤੇਹੈਂ, ਜਿਨਕੇ ਮਨਮੇਂ ਸ਼੍ਰੀਰਾਮ ਜੀ ਸਦਾ ਵਸਤੇਹੈਂ॥4॥

ਉਸ ਕਰਮਕੇ ਲੋਕ ਐਸ਼ਵ੍ਰਯਮੇਂ ਕਿਤਨੇ ਹੀ ਕਰਮ ਯੋਗੀ ਭਕਤ ਰਹਿਤੇਹੈ, ਜੋ ਅਪਨੇ ਆਚਰਣਸੇ ਔਰ ਅਪਨੀ ਭਕਤਿਕੇ ਰਸਸੇ ਸਬਕੋ ਆਨੰਦਿਤ ਕਰਤੇ, ਅਰਥਾਤ ਰਾਤ-ਦਿਨ ਸੁਪ੍ਰਸੰਨ ਰੱਖਤੇ ਹੈਂ, ਉਨਕੇ ਮਨਮੇਂ ਵਹ ਸਚਾ (ਸਤਯ) ਜਗਦੀਸ਼੍ਵਰ ਨਿਰੰਤਰ ਨਿਵਾਸ ਕਰਤਾ, ਅਰਥਾਤ ਕਸ਼ਣ-ਭਰ ਭੀ ਨਹੀਂ ਭੁਲਤਾ ਹੈ॥5॥ ਸਤਯ ਲੋਕਮੇਂ,ਅਰਥਾਤ ਸਤਯ ਇਸ਼੍ਵਰਕੇ ਅਪਨੇ ਆਤਮਾ ਰੂਪੀ ਲੋਕਮੇਂ, ਜਿਸਕਾ ਦੂਸਰਾ ਨਾਮ ਬ੍ਰਹਮ ਲੋਕ (ਸਚਖੰਡ)ਹੈ, ਨਿਰਾਕਾਰ ਜਗਦੀਸ਼੍ਵਰ ਰਹਿਤਾਹੈ, ਵਹ, ਸਥਾਵਰ (ਅਚਰ) ਕੋ ਉਤਪੰਨ ਕਰ, ਜੰਗਮ (ਚਰ)ਕੋ ਉਤਪੰਨ ਕਰ ਸਥਾਵਰ, ਜੰਗਮ, ਸਭੀ ਜਗਤਕੋ ਪਿਤਾਕੀ ਨਾਈ ਪ੍ਰਸੰਨਤਾਕੀ ਦ੍ਰਿਸ਼ਟੀਸੇ ਵੇਖਤਾ, ਅਰਥਾਤ ਦੇਖਤਾਹੈ॥6॥

ਉਸ ਮੇਂ(ਸਤਯ ਲੋਕਮੇਂ) ਸਭੀ ਦੇਸ਼, ਸਭੀ ਭੂਮੀ ਮੰਡਲ, ਸਬਕਾ ਸਬ ਬ੍ਰਾਹਮੰਡ, ਸਮਾਯਾ ਹੁਆਹੈ। ਯਦਿ ਕੋਈ, ਕੈਸੇ? ਏਸਾ ਕਹੇ, ਅਰਥਾਤ ਪੁਛੇ ਤੋ; ਉਸਕਾ ਅੰਤ ਨਹੀਂਹੈ, ਅੰਤ ਨਹੀਂਹੈ, ਅਰਥਾਤ ਵਹ ਬੜੇ ਸੇ ਬੜਾਹੈ॥ ਯਹ ਉਤਰਹੈ॥7॥

ਉਸਮੇਂ ਉਪਰਕੇ ਸਭੀ ਲੋਕੋਂਕੇ ਔਰ ਨੀਚੇਕੇ ਸਭੀ ਲੋਕੋਂਕੇ ਸੂਕਸ਼ਮ ਆਕਾਰ (ਚਿਤ੍ਰ) ਰਹਿਤੇਹੈਂ। ਜੈਸੇ-ਜੈਸੇ ਆਗਿਯਾ ਹੋਤੀਹੈ, ਵੈਸਾ-ਵੈਸਾ ਕਾਰਯ ਹੋਤਾਹੈ॥8॥

ਵਹ ਸਬ ਕਾਰਯੋਕੋ ਦੇਖਤਾਹੈ ਔਰ ਆਗਿਯਾਕੇ ਅਨੁਸਾਰ ਹੁਏ ਵਿਚਾਰ ਕਰ(ਦੇਖ ਕਰ)ਪ੍ਰਸੰਨ ਹੋਤਾਹੈ। ਉਸਕੇ ਸ੍ਵਰੂਪਕਾ ਠੀਕ-ਠੀਕ ਕਹਿਨਾ ਲੋਹੇ ਕੇ ਸਮਾਨ ਕਠਿਨ, ਅਰਥਾਤ, ਮਨੁਸ਼ਯਕੀ ਸ਼ਕਤੀਸੇ ਬਿਲਕੁਲ ਬਾਹਰਹੈ, ਯਹ ਨਾਨਕਕਾ ਦਰਸ਼ਨ, ਅਰਥਾਤ ਨਾਨਕਕੀ ਦ੍ਰਿਸ਼ਟੀਹੈ ॥9॥37॥

ਭਾਸ਼ਯ:- ਆਸ਼੍ਰਮੋਕੋ ਅਛੀ ਤਰਹ ਸੁਵਯਵਸਥਿਤ ਰਖਨਾ ਔਰ ਯਗ,ਦਾਨ,ਆਦਿ ਆਸ਼੍ਰਮ ਉਚਿਤ ਕਰਮੋਕੋ ਠੀਕ-ਠੀਕ ਯਥਾ ਸਮਯ ਕਰਨਾ,ਐਸ਼ਵ੍ਰਯਕੇ ਬਿਨਾ,ਅਰਥਾਤ,ਧਨ-ਧਾਨਯ ਆਦਿ ਵਿਵਿਧ ਸੰਪਤਿਕੇ ਬਿਨਾ ਨਹੀਂ ਹੋ ਸਕਦਾ। ਜੋ ਮਨੁਸ਼ਯ ਸਮੁਦਾਯ (ਮਨੁਸ਼ਯ ਜਾਤੀ) ਸੰਸਾਰਕੇ ਐਸ਼ਵਰਯਸੇ ਰਹਿਤਹੈ,ਅਰਥਾਤ ਜਿਸਕੇ ਪਾਸ ਕੋਈ ਸੰਪਤਿ ਯਾ ਵਿਭੂਤਿ ਨਹੀਂਹੈ, ਵਹ ਦੀਨ ਔਰ ਪੀੜਿਤ ਹੋਨੇਸੇ ਯੱਗ ਦਾਨ ਆਦਿ ਆਸ਼੍ਰਮੋਚਿਤ ਕਰਮੋਕੋ ਨਹੀਂ ਕਰ ਸਕਤਾ, ਨ ਹੀ ਕਭੀ ਆਸ਼੍ਰਮੋਕੋ ਸੁਵਯ ਵਸਥਿਤ ਰੱਖ ਸਕਤਾਹੈ, ਔਰ ਨ ਹੀ ਆਸ਼੍ਰਮੋਕੀ ਸੁਵਯ ਅਵਸਥਾਕੇ ਲਿਯੇ ਆਸ਼੍ਰਮ ਧਰਮਕੇ ਪ੍ਰਚਾਰ ਬ੍ਰਾਹਮਣੋਂ ਔਰ ਸਾਧੁਵੋਂ,ਅਰਥਾਤ ਸਨਿਆਸੀਯੋ ਕਾ ਸਮਯ ਸਮਯਪਰ ਯਥੋਚਿਤ ਸੰਸ਼ੋਧਨ ਹੀ ਕਰ ਸਕਤਾਹੈ। ਨਿਰਸੰਦੇਹ ਯਥਾ ਸਮਯ ਆਸ਼੍ਰਮੋਚਿਤ ਕਰਮੋਕੋ ਕਰਨੇ ਔਰ ਆਸ਼੍ਰਮੋਕੋ ਸੁਵਯਵਸਥਿਤ ਰੱਖਨੇਕੇ ਲਿਯੇ ਸਬ ਪ੍ਰਕਾਰਕੇ ਐਸ਼ਵ੍ਰਯਕੀ ਬੜੀ ਆਵਸ਼ਕਤਾਹੈ। ਸ਼ਤਪਥ-ਬ੍ਰਾਮਹਣਕੇ ਸ਼੍ਰੁਤਿ-ਵਾਕਯਮੇਂ ਇਸਕਾ ਨਿਰੁਪਣ ਮਨੁਸ਼ਯਕੀ ਇਛਾਕੇ ਰੂਪਮੇਂ ਇਸ ਪ੍ਰਕਾਰ ਕਿਯਾਹੈ :-

"ਤਸਮਾਦੁ ਆਪਿ ਇਤਹਿ ਏਕਾਕੀ ਕਾਮਯਤੇ ਜਾਯਾਮੇਂ ਸਯਾਦੁ ਅਥ ਪ੍ਰਜਾਯਯ,ਅਥ ਵਿਤਮੇਂ ਸਯਾਦੁ ਅਥ ਕ੍ਰਮ ਕੁਵਾਯ ਇਤੀ" (ਸ਼ਤ. 14, 4, 2, 30)

Sri Satguru Jagjit Singh Ji eLibrary NamdhariElibrary@gmail.com

ਅਰਥਾਤ ਇਸੀਸੇ ਪਹਿਲੇਕੀ ਨਾਈ ਅਬਭੀ ਇਕਲਾ ਮਨੁਸ਼ਯ ਯਹ ਇਛਾ ਕਰਤ ਹੈ ਕਿ ਮੇਰੇ ਇਸਤ੍ਰੀ ਹੋ, ਤਬ ਮੈਂ ਪ੍ਰਜਾ ਰੂਪ ਸੇ ਪ੍ਰਕਟ ਹੋਉ (ਪੁਤ੍ਰੋ-ਪੋਤ੍ਰੋ ਵਾਲਾ ਹੋਵੂ),ਫਿਰੇ ਮੇਰੇ ਧਨ(ਐਸ਼ਵ੍ਰਯ)ਹੋ, ਤਬ ਮੈਂ ਕਰਮ ਕਰੁੰ। ਇਤਨਾ ਹੀਨਹੀਂ। ਮਨੁਸ਼ਯੋਕੋ ਯਾਵਦ ਆਯੁ ਅਪਨਾ ਜੀਵਨ ਸੁਖਸੇ ਬਿਤਾਨੇ ਔਰ ਮਨੁਸ਼ਯ-ਸਮੁਦਾਯਮੇਂ ਇਜ਼ਤ ਤਥਾ ਆਦਰਕੀ ਜ਼ਿੰਦਗੀ ਬਸਰ ਕਰਨੇਕੇ ਲਿਯੇਭੀ ਹਰ-ਏਕ ਪ੍ਰਕਾਰਕੇ ਸਸਾਂਰਿਕ ਐਸ਼ਵ੍ਰਯਕੀ ਆਵਸ਼ਯਕਤਾਹੈ। ਸਮਸਤ ਭੂਮੀ ਮੰਡਲ ਪਰ ਜਿਤਨੇ ਪ੍ਰਕਾਰਕਾ ਸੰਸਾਰਿਕ ਐਸ਼ਵ੍ਰਯਹੈ, ਜਿਤਨੇ ਪ੍ਰਕਾਰਕੀ ਸੰਪਤੀ ਯਾ ਵਿਭੂਤੀਹੈ, ਉਸ ਸਬਕਾ ਸਾਧਨ(ਕਾਰਨ) ਏਕ ਮਾਤ੍ਰ ਬਲ ਹੈ। ਜਿਸਕੇ ਪਾਸ ਬਲ ਨਹੀਂ, ਵਹ ਕੋਈਭੀ ਐਸ਼ਵ੍ਰਯ, ਕੋਈਭੀ ਸੰਪਤੀ ਅਥਵਾ ਵਿਭੂਤੀਕੀ ਪ੍ਰਾਪਤੀਕੇ ਲਿਯੇ ਹਰ-ਏਕ ਮਨੁਸ਼ਯਮੇਂ ਸ਼ਾਰੀਰਕ ਬਲ, ਧਰਮ ਬਲ, ਵਿਦਿਆ ਬਲ ਔਰ ਨੀਤੀ ਬਲ: ਯੇ ਚਾਰ ਬਲਹੈ, ਉਸਕੇ ਪਾਸ ਪਾਚਵਾਂ ਸਮਾਜਿਕ ਬਲ, ਅਪਨੇ-ਆਪ ਆ ਜਾਤਾਹੈ। ਕਿਉਂਕਿ ਯੇ ਚਾਰੋਂ ਬਲ ਹੀ ਸਾਮਾਜਿਕ-ਬਲ ਕੀ ਨੀਂਵਹੈ। ਸਾਮਾਜਿਕ-ਬਲ ਕੇ ਮਿਲ ਜਾਨੇ ਸੇ ਸੰਸਾਰ ਕਾ ਸਬ ਐਸ਼ਵ੍ਰਯ, ਬਿਨਾ ਆਯਾਸ ਅਪਨੇ-ਆਪ ਮਿਲ ਜਾਤਾਹੈ।ਇਸੀ ਲਿਯੇ ਗਾਧੀਕੇ ਪੁਤ੍ਰ ਵਿਸ਼ਵਾਮ੍ਰਿਤ ਰਿਸ਼ੀ ਨੇ ਇਸ਼੍ਵਰਸੇ ਯਹ ਪ੍ਰਾਥਨਾ ਕੀਹੈ- “ ”

ਅਰਥ- ਪਰਮੇਸ਼੍ਵਰਵਾਨ! ਹਮਾਰੇ ਸ਼ਰੀਰੋਮੇਂ ਬਲਦੇ, ਹਮਾਰੇ ਇੰਦ੍ਰੀਯ ਰੂਪੀ ਬੈਲੋ (ਘੋੜੋ)ਮੇਂ ਬਲਦੇ। ਹਮਾਰੇ ਪੁਤ੍ਰੋਕੋ ਪੋਤ੍ਰੋਕੋ ਬਲਦੇ, ਸੁਖ ਪੂਰਵਕ ਜੀਨੇਕੇ ਲਿਯੇ, ਕਿਉਂਕਿ, ਤੂੰ ਬਲ ਕਾ ਦੇਨੇ ਵਾਲਾਹੈਂ ॥8॥

ਯਹਾਂ ਗ੍ਰਤਸਮਦ-ਰਿਸ਼ੀਕਾ ਮੰਤ੍ਰ ਭੀ ਅਦੁਭੁਤ ਕਰਨੇ ਯੋਗਯਹੈ:- “ ”

ਅਰਥ- ਹੇ ਪਰਮੇਸ਼੍ਵਰਵਾਨ! ਹਮਕੋ ਸਾਰੇਸ਼ਟ(ਅਪਨੇ ਬਲਸੇ ਕਮਾਯਾ ਹੁਆ)ਧਨਦੇ, ਧਨਕੇ ਸਾਧਨ ਬਲਕਾ ਗਿਯਾਨਦੇ ਔਰ ਸੋਭਾਗ, ਅਰਥਾਤ ਸਬ ਪ੍ਰਕਾਰਕਾ ਬੜਿਯਾ ਐਸ਼ਵ੍ਰਯ ਹਮਕੋਦੇ। ਧਨੋਂਕੀ (ਸਬ ਪ੍ਰਕਾਰਕੇ ਐਸ਼ਵ੍ਰਯ ਕੀ)ਪ੍ਰਤਿਦਿਨ ਬੜਤੀ, ਸਰੀਰੋਂਕੀ ਅਰੋਗਤਾ, ਬਾਣੀਕੀ ਮਧੁਰਤਾ ਔਰ ਜੀਨੇਕੇ ਦਿਨੋਂਕਾ ਸੁਖਸੇ ਬੀਤਨਾ ਹਮਕੋ ਦੇ। (ਰਿ. 2॥12॥6)

ਇਸਤ੍ਰੀ ਹੋ ਚਾਹੇ ਪੁਰਸ਼, ਹਰ-ਏਕ ਆਤਮਾਭਿਮਾਨੀ ਤਥਾ ਦੇਸ਼ ਅਭਿਮਾਨੀ ਮਨੁਸ਼ਯਕਾ ਤਥਾ ਮਨੁਸ਼ ਸਮੁਦਾਯਕਾ (ਜਾਤੀਕਾ) ਮੁਖਯ ਧਰਮ ਯਹਹੈ ਕਿ ਵਹ ਆਸ਼੍ਰਮੋਂਕੋ ਸੁਵਯਵਸਥਿਤ ਰਖਨੇ ਆਸ਼੍ਰਮੋਚਿਤ ਯਗ,ਦਾਨ ਆਦਿ ਕਰਮੋਕੋ ਯਾਵਦ ਆਯੁ ਯਥਾ ਸਮਯ ਯਥਾ ਵਿਧਿ ਕਰਨੇ ਔਰ ਯਾਵਦ ਯੁ ਅਪਨੇ ਜੀਵਨਕੋ ਸੁਖਸੇ ਬਿਤਾਨੇਕੇ ਲਿਯੇ ਐਸ਼ਵ੍ਰਯ ਔਰ ਉਸਕੇ ਅਚੁਕ ਸਾਧਨ ਬਲ ਕਾ ਭਰਸਕ ਸੰਪਾਦਨ ਕਰੇ। ਯਹ ਉਪਦੇਸ਼ ਦੇਨੇਕੇ ਲਿਯੇ ਅਬ ਅਗਲੇ ਪਰਵਕਾ ਆਰੰਭਹੈ। ਇਸਕਾ ਨਾਮ ਕਰਮ ਖੰਡ ਪਰਵ ਔਰ ਮੰਤ੍ਰ ਸੰਖਿਯਾ ਨੌ ਹੈ। ਉਨਮੇਂਮੇ ਪਹਿਲੇ ਮੰਤ੍ਰਕਾ ਪਾਠਹੈ॥

ਕਰਮ ਖੰਡ ਕੀ ਬਾਨੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥

ਕਰਮਖੰਡ ਕਾ ਅਰਥ ਯਹਾਂ ਕਰਮ ਕਾ ਲੋਕ, ਅਰਥਾਤ: ਯਗ, ਦਾਨ ਆਦਿ ਕਰਮੋ ਕਾ ਸਾਧਨ, ਅਰਥਾਤ ਕਾਰਣ ਰੂਪਸੇ ਆਸ੍ਰਯ ਵਿਸ਼ੇਸ਼ ਐਸ਼ਵਰਯ ਰੂਪੀ ਲੋਕ ਔਰ ਵਾਣੀਕਾ ਅਰਥ ਭਾਸ਼ਾ (ਪਰਿਭਾਸ਼ਾ), ਅਰਥਾਤ ਮਨੁਸ਼ਯ ਕ੍ਰਿਤ ਸੰਗਿਯਾ ਯਾ ਨਾਮਹੈ। ਜੋਰ ਬਲ ਕੋ ਕਹਿਤੇਹੈਂ। ਜਿਤਨਾ ਬਲ ਜਿਸਕੇ ਪਾਸਹੈ ਉਸਕੇ ਅਨੁਸਾਰ ਹੀ ਉਸਕਾ ਐਸ਼ਵ੍ਰਯ ਹੋਤਾਹੈ ਔਰ ਉਸਕੇ ਅਨੁਸਾਰਹੀ ਉਸਕੀ ਸੰਗਿਯਾ ਹੋਤੀਹੈ- ਜੈਸਾ ਕਿ ਲਕਸ਼ ਪਤਿ, ਕੁਲਪਤਿ, ਗ੍ਰਾਮਾਧੀਸ਼,

Sri Satguru Jagjit Singh Ji eLibrary NamdhariElibrary@gmail.com

ਪ੍ਰਾਂਤਾਧੀਸ਼, ਦੇਸ਼ਾਧਿਪਤਿ, ਸੇਨਾਧਿਪਤਿ, ਅਮਾਤਯ, ਮਹਾਮਾਤਯ, ਰਾਜਧਿਰਾਜ, ਮਹਾਰਾਜ, ਸਮਰਾਟ, ਵਿਰਾਟ ਇਤਿਆਦ। ਯਦਪਿ ਊਪਰਲੀ ਦ੍ਰਿਸ਼ਟੀਸੇ ਯੇ ਸਬ ਸੰਗਿਯਾਏ ਮਨੁਸ਼ਯੋਕੀ ਪ੍ਰਤੀਤ ਹੋਤੀਹੈ। ਪਰ ਵਾਸਤਵਮੇਂ ਮਨੁਸ਼ਯੋਕੀ ਸੰਗਿਯਾਏ ਨਹੀਹੈਂ, ਕਿੰਤੂ ਉਸਕੇ ਐਸ਼ਵਰਯਕੀ ਸੰਗਿਯਾਏ ਹੈਂ, ਕਿਉਂਕਿ ਉਸਕੇ ਹੋਨੇ ਪਰਹੀ ਹੋਤੀ ਔਰ ਨ ਹੋਨੇ ਪਰ ਨਹੀਂ ਹੋਤੀਹੈਂ। ਇਸੀ ਇਯੇ ਮੰਤ੍ਰਮੇਂ ਐਸ਼ਵਰਯਵਾਨੋ ਮਨੁਸ਼ਯੋਕੀ ਸੰਗਿਯਾਕਾ ਕਾਰਨ ਬਲ ਨ ਕਹ ਕਰ--ਉਨਕੇ ਐਸ਼ਵ੍ਰਯਕੀ ਸੰਗਯਾਕਾ ਕਾਰਣ ਬਲ ਕਹਾਹੈ। ਐਸ਼ਵ੍ਰਯਕੀ ਪ੍ਰਾਪਤੀਮੇਂ ਏਕਮਾਤ੍ਰ ਬਲ ਕਾ ਹੀ ਉਪਯੋਗਹੈ, ਦੂਸਰੀ ਕਿਸੀ ਵਸਤੂਕਾ ਉਪਯੋਗ ਨਹੀਂ, ਯਹਹੈ ਇਸ ਪਹਿਲੇ ਮੰਤ੍ਰਕਾ ਆਸ਼ਯ ॥ 1 ॥

ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥ 2 ॥

ਕਰਮਕੇ ਲੋਕ ਐਸ਼ਵਰਯਮੇਂ, ਵੇਹੀ ਯੋਦਾ, ਮਹਾਬਲੀ, ਸੂਰਵੀਰ ਉਤਕ੍ਰਿਸ਼ਟ(ਵਿਜਯ)ਕੋ ਪ੍ਰਾਪਤ ਹੋਤਾਹੈ, ਜੋ ਸਾਰੀਰਕ-ਬਲ, ਧਰਮ-ਬਲ ਵਿਦਿਆਬਲ ਤਥਾ ਨੀਤੀਬਲਮੇਂ ਸ੍ਰੀ ਰਾਮ ਕੇ ਬਰਾਬਰਹੈ, ਯਾ ਯੋ ਕਹੋ ਕਿ ਜਿਨਕੇ ਅੰਗ-ਅੰਗਮੇਂ ਔਰ ਰੋਮ-ਰੋਮਮੇਂ ਸਾਰੀਰਕ-ਬਲ, ਧਰਮ ਬਲ, ਵਿਦਿਆ ਬਲ ਔਰ ਨੀਤੀ ਬਲਕੇ ਦ੍ਵਾਰਾ ਸਾਕਾਸ਼ਾਤ ਸ੍ਰੀਰਾਮਜੀ ਭਰਪੂਰਹੈ। ਯੋਗ ਦਰਸ਼ਨਕੇ ਸੁਤ੍ਰੋਂਮੇਂ ਲਿਖਾਹੈ ਕਿ:-

'ਬਲੇਖੁ ਹਸਿਤ ਬਲਾਦੀਨਿ' (ਯੋਗ. 3,33)

ਅਰਥਾਤ ਹਾਥੀ, ਸਿੰਹ, ਬਾਘ ਆਦਿ ਮਹਾਬਲੀ ਪਸ਼ੁਵੋਂਕੇ ਬਲੋਂਮੇਂ ਧਾਰਣਾ,ਧਿਆਨ,ਸਮਾਧੀ-ਰੂਪੀ ਦ੍ਰਿੜ ਭਾਵਨਾ ਨਾਮਕਾ ਸੰਯਮ ਕਰਨੇਸੇ ਮਨੁਸ਼ਯੋਕੋ ਹਾਥੀ, ਸਿੰਹ, ਬਾਘ ਆਦਿ ਪਸ਼ੁਵੋਂਕੇ ਬਲ ਪ੍ਰਾਪਤ ਹੋਤੇਹੈ। ਯੋਦਾਵੋਂਮੇਂ, ਬਲਿਯੋਮੇਂ ਔਰ ਐਸ਼ਵਰਯ ਵਾਲੋਂ ਮੇਂ ਸ੍ਰੀਰਾਮ ਜੀ ਸਬਸੇ ਅਧਿਕ ਸਰਵਮਾਨਯ ਹੈ। ਜੋ ਯੋਦਾ ਮਹਾਬਲੀ ਸੂਰਮੇ, ਸ੍ਰੀਰਾਮ ਜੀਕੇ ਸ੍ਵਰੂਪਕਾ ਸਥਿਰ ਮਨਸੇ ਚਿੰਤਨ ਕਰਤੇਹੈ, ਵੇ ਨਿਰਸੰਦੇਹ ਸ੍ਰੀ ਰਾਮ ਜੀਕੇ ਸਮਾਨ ਬਲਵਾਨ ਵਿਦਵਾਨ, ਧਰਮੱਗ ਔਰ ਨੀਤਿਗ ਹੋਤੇਹੈ, ਉਨਕਾ ਐਸ਼ਵਰਯ ਨਿਸ਼ਚਯ ਸ੍ਰੀਰਾਮ ਜੀ ਕੇ ਸਮਾਨ ਹੋਤਾਹੈ। ਪ੍ਰਤੇਕ ਮਨੁਸ਼ਯਕੋ ਸ੍ਰੀਰਾਮ ਜੀਕੇ ਸਚਰਿਤ੍ਰ, ਅਤੁਲ ਬਲ, ਉਤਕ੍ਰਿਸ਼ਟ ਗਿਯਾਨ(ਵਿਦਿਆ), ਨਿਸ਼ਕਪਟ ਧਰਮ ਔਰ ਗੰਭੀਰ ਨੀਤੀ ਕਾ ਚਿੰਤਨ ਕਰਤੇ ਹੁਏ ਵੈਸਾ ਹੀ ਸਚਰਿਤ੍ਰ, ਬਲਿਸ਼ਠ, ਵਰਿਸ਼ਨ ਧਰਮਯਗ-ਔਰ ਨੀਤੀਯਗ ਹੋਨਾ ਚਾਹੀਏ, ਯਹ ਮੰਤ੍ਰਕਾ ਹਰਿਦਾ ਹੈ॥ 2॥

ਤਿਥੈ ਸੀਤੋ ਸੀਤਾ ਮਹਿਮਾ ਮਾਹਿ॥

ਸੀਤੋਪਮਾ ਕੇ ਅਰਥ ਮੇਂ ਯਹਾਂ ਸੀਤੋ ਉਚਾਰਣ ਛਾਨੰਦਸ ਹੈ, ਜੈਸੇ ਵੇਦਮੇਂ ਇਮਾਨਿਕੇ ਅਰਥਮੇ ਇਮੋ (ਰਿਗ.7. 1, 18) ਉਚਾਰਣ। ਜਿਸ ਦੇਸ਼ਮੇਂ, ਜਿਸ ਜਾਤੀਮੇਂ, ਜਿਸ ਕੁਲਮੇਂ ਸ੍ਰੀਰਾਮ ਜੀ ਮਹਾਰਾਜ ਕੇ ਸਮਾਨ ਬਲਵਾਨ, ਧਰਮਯਗ, ਨੀਤੀਗ, ਸਚਰਿਤ੍ਰ ਔਰ ਐਸ਼ਵਰਯਵਾਨ ਪੁਰਸ਼ਵਿਯਾਧ੍ਰ,ਉਤਪੰਨ ਹੋਤੇ ਹੈ, ਉਸ ਦੇਸ਼ਮੇਂ,ਉਸ ਜਾਤੀ ਮੇਂ ਉਸ ਕੁਲਮੇਂ ਸ੍ਰੀ ਮਹਾਰਾਨੀ ਸੀਤਾ ਜੀਕੇ ਸਦ੍ਰਸ਼ ਰੂਪਵਤੀ ਔਰ ਪਤਿਵ੍ਰਤਾ ਇਸਤ੍ਰਯਾਂ ਭੀ ਉਤਪੰਨ ਹੋਤੀ ਹੈ, ਜਿਨਕੀ ਪ੍ਰਾਥਨਾ, ਇਸ਼੍ਵਰਸੇ ਯਹ ਹੋਤੀ ਹੈ- (ਰਿਗ. 10 159. 3) “ ”

ਅਰਥ-"ਮੇਰੇ ਘਰ ਮੇਂ ਸਤ੍ਰਵੋਂ ਕੇ ਮਾਰਨੇ ਵਾਲੇ ਪੁਤ੍ਰ ਹੋਂ ਔ ਵਿਵਿਧ(ਅਨੇਕ ਪ੍ਰਕਾਰਕੇ) ਗੁਣੋਂਸੇ ਚਮਕਨੋ ਵਾਲੀ ਕੰਨਿਯਾ ਮੇਰੇ ਘਰਮੇਂ ਹੋ। ਮੈਂ ਅਪਨੀ ਇੰਦ੍ਰੀਯੋਕੋ ਅਛੀ ਤਰਹ ਜੀਤੇ ਹੋ (ਪਤਿਬ੍ਰਤਾ) ਔਰ ਮੇਰੇ ਪਤੀਕਾ ਉਚੇ ਸੇ ਉਚਾ ਯਸ਼ ਸਾਰੇ ਲੋਕਮੇਂਹੋ"॥ ਨਿਸਸੰਦੇਹ ਯਹ ਸਬ

Sri Satguru Jagjit Singh Ji eLibrary NamdhariElibrary@gmail.com

ਮਹਾਤਮਯ ਐਸ਼ਵ੍ਯਯਕਾਹੈ। ਏਸ਼੍ਵਰਯਹੀ ਦੇਸ਼ੋਂਮੇਂ, ਜਾਤੀਯੋਮੋਂ ਔਰ ਕੁਲੋਂਮੇਂ ਪੁਰਸ਼ ਸ਼ਾਰਦੁਲ ਪੈਦਾ ਕਰਤਾ ਔਰ ਐਸ਼ਵ੍ਯਯਹੀ ਇਸਤ੍ਰੀ-ਰਤਨ ਉਤਪੰਨ ਕਰਤਾ ਹੈ। ਇਸੀ ਲਿਯੇ ਇਸ਼ਤ੍ਰੀਹੋ ਚਾਹੇ ਪੁਰਸ਼, ਹਰ ਏਕ ਮਨੁਸ਼ਯਕੀ ਸਮਸ਼ਟਿ ਔਰ ਵਿਯਸ਼ਿਟ ਐਸ਼ਵ੍ਯਯਕੇ ਲਿਯੇ ਸਦਾ ਲਾਲਾਯਿਤ ਰਹਿਨਾ ਚਾਹੀਏ,ਔਰ ਜੈਸੇ ਹੋ ਸਕੇ, ਵੈਸੇ ਐਸ਼ਵ੍ਯਯ ਸੰਪਾਦਨ ਕਰਨਾ ਚਾਹੀਯੇ, ਯਹ ਰਹਸਯ ਹੈ।ਯਹਾਂ ਐਤਰੇਯ ਬ੍ਰਾਮਹਣਕੇ ਤੇਤੀਸਵੇਂ ਅਧਿਆਏਕਾ ਨਿਮਨ ਸ਼੍ਰੁਤਿਵਾਕਯ ਸਦਾ ਸਮਰਣ ਰੱਖਨੇ ਯੋਗਯ ਹੈ:- “ ”

ਅਰਥ- ਬੈਠੇ ਹੁਏ (ਘੁਟਨੋ ਪਰ ਹਾਥ ਰਖ ਕਰ ਬੈਠੇ ਹੁਏ)ਕਾ ਐਸ਼ਵਰਯ ਬੈਠ ਜਾਤਾਹੈ, ਉਠ ਕਰ ਖੜ੍ਹੇ ਹੁਏ ਕਾ ਖੜਾ ਹੋਤਾਹੈ। ਟਾਗੇਂ ਪਸਾਰ ਕਰ ਪੜ੍ਹੇ ਹੁਏਕਾ(ਸੋਏ ਹੁਏਕਾ)ਸੋ ਜਾਤਾਹੈ, ਚਲਨੇ ਵਾਲੇਕਾ(ਪੁਰਸ਼ਾਰਥੀ ਕਾ) ਐਸ਼ਵਰਯ ਪੀਛੇ ਚਲਤਾਹੈ।

ਜਬ ਯੇ ਮਨੁਸ਼ਯ ਅਨੇਕ ਪ੍ਰਕਾਰਕੇ ਐਸ਼ਵਰਯਕੋ ਪ੍ਰਾਪਤ ਹੁਏਭੀ ਜਗਤ ਕਰਤਾ ਇਸ਼੍ਵਰਕੋ ਨਹੀਂ ਭੁਲਤੇ, ਔਰ ਉਸਕੇ ਪਰਮ-ਪ੍ਰੇਮ ਮੇਂ, ਉਸਕੀ ਪਰਾ-ਭਕਤਿ ਮੇਂ ਪੂਰੇ-ਪੂਰੇ ਨਿਮਗਨ ਹੁਏ ਅਪਨੇ ਆਸ੍ਮੋਚਿਤ ਸਭੀ ਕਰਮੋਕੋ ਸਦਾ ਕਰਤਵ੍ਯ-ਬੁਧਿਸੇ ਕਰਤੇ ਹੈ, ਤਬ ਇਸ਼੍ਵਰ ਬੜਾ ਪ੍ਰਸੰਨ ਹੁਆ ਉਨ੍ਹੇ ਅਨੁਗ੍ਰਹਿਕੀ ਦ੍ਰਿਸ਼ਟੀਸੇ ਦੇਖਤਾਹੈ, ਉਸਸੇ ਉਨਕਾ ਐਸ਼ਵ੍ਯ ਲਗਾਤਾਰ ਬੜ੍ਹਤਾਹੀ ਰਹਿਤਾਹੈ, ਏਕ ਤਿਲ ਭਰ ਭੀ ਨਿਯੁਨ ਨਹੀਂ ਹੋਨੇ ਪਾਤਾ। ਵਹ ਬੜਾ ਦਿਆਲੁਹੈ ਔਰ ਸਰਵਦਾ ਪ੍ਰਸੰਨਮੁਖਹੈ,ਨਿਸ਼ਕਾਮ ਔਰ ਆਪਤਕਾਮਹੈ,ਸਚਾ ਮਾਤਾ-ਪਿਤਾਹੈ,ਉਸੇ ਅਪਨੇ ਸਬ ਪੁਤ੍ਰੋਕਾ ਕਰਤਵ੍ਯ ਬੁਧਿਸੇ ਆਸ੍ਮੋ ਚਿਤ ਕਰਮੋ ਕੋ ਕਰਨਾ ਬੜਾਹੀ ਪਸੰਦਹੈ। ਉਸਕਾ ਆਨੰਦਮਯ ਸ੍ਵਰੂਪ ਜਿਸੇ ਕਰਮ ਯੋਗੀ ਭਕਤ ਹੀ ਦੇਖਤੇ ਹੈਂ, ਇੰਦ੍ਰੀਯੋਕੇ ਸਰਵਥਾ ਅਗੋਚਰਹੈ,ਔਰ ਬਾਣੀਕੀ ਪਹੁੰਚਸੇ ਪਰੇਹੈ। ਉਸਕਾ ਵਰਨਣ ਮਨੁਸ਼ਯਕੀ ਸ਼ਕਤੀ ਸੇ ਬਾਹਰਹੈ,ਯਹ ਪਰਵਕੇ ਸ਼ੇਸ਼ ਸਬ ਮੰਤ੍ਰੋਕਾ ਹਿਰਦਯ ਹੈ ॥37॥

ਨੰ.10. ਭਾਈ ਵੀਰ ਸਿੰਘ ਜੀ (ਆਧੁਨਿਕ) -37

(ਪਉੜੀ 37- ਕਰਮ ਖੰਡ ਤੇ ਸਚ ਖੰਡ)

ਅਰਥ:- (ਕਰਮ ਖੰਡ)-ਫਜ਼ਲ ਦੇ ਖੰਡਦੀ ਰਚਨਾ ਜ਼ੋਰ ਹੈ। ਓਥੇ ਦੂਸਰਾ ਹੋਰ ਕੋਈ ਨਹੀਂਹੈ (ਬਿਨਾਂ ਬਖਸ਼ੇ ਹੋਇਆਂਦੇ)। ਓਥੇ ਹਨ ਜੋਧੇ, ਮਹਾਂਬਲੀ ਤੇ ਸੂਰਮੇ। ਉਹਨਾਂ ਵਿਚ(ਵਿਆਪਕ)ਰਾਮ ਭਰਪੂਰਹੋ ਰਿਹਾਹੈ। ਓਥੇ ਹਨ (ਭਰਪੂਰ ਤੇ ਵਯਾਪਕ ਰਾਮ ਦੀ) ਮਹਿਮਾਂ ਵਿਚ (ਮਗਨਹੋ ਰਹੇ ਅਨੇਕਾਂ) ਰਾਮ ਤੇ ਸੀਤਾ। ਉਹਨਾਂ ਦੇ ਰੂਪ ਕਹੇ ਨਹੀਂ ਜਾ ਸਕਦੇ। ਓਹ ਮਰਦੇ(ਬੀ)ਨਹੀਂ,ਤੇ ਨਾ ਹੀ ਠੱਗੇ ਜਾਂਦੇ ਹਨ। ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖ ਵਸਦਾ ਹੈ।ਉਥੇ ਕਈ ਲੋਕਾਂਦੇ ਭਗਤ ਵਸਦੇ ਹਨ,ਜੋ ਅਨੰਦਤਾ ਮਾਣਦੇ ਹਨ (ਕਿਉਂਕਿ) ਉਹ ਸਚਾ ਪਰਮੇਸੁਰ ਉਹਨਾਂਦੇ ਮਨ ਵਿਚ ਵੱਸਦਾਹੈ।(ਸਚ ਖੰਡ) ਸਚ ਖੰਡ ਵਿਚ ਆਕਾਰਤੋ ਰਹਿਤ(ਅਕਾਲ ਪੁਰਖ ਆਪ ਵੱਸਦਾਹੈ (ਜੋ) ਰਚੀ ਹੋਈਨੂੰ ਵੇਖਦਾ ਸੰਭਾਲਦਾਹੈ ਤੇ ਕ੍ਰਿਪਾ ਦ੍ਰਿਸ਼ਟੀ ਨਾਲ ਨਿਹਾਲ (ਕਰਦਾ ਹੈ)। ਉਥੇ ਖੰਡ ਮੰਡਲਤੇ ਬ੍ਰਹਮੰਡ ਹਨ। ਜੇ ਕੋਈ (ਉਹਨਾਂਦਾ) ਕਥਨ ਕਰੇ, ਤਾਂ ਅੰਤ ਨਹੀਂ ਪੈਂਦਾ। ਉਥੇ ਲੋਕ ਪਰਲੋਕ (ਤੇ ਆਕਾਰਾਂ ਪੁਰ) ਆਕਾਰ ਹਨ, ਜਿਸ ਜਿਸ ਪ੍ਰਕਾਰ (ਨਿਰੰਕਾਰਦਾ) ਹੁਕਮ (ਹੁੰਦਾਹੈ) ਓਵੇਂ ਓਵੇਂ (ਓਥੇ) ਕਾਰ ਹੋ ਰਹੀਹੈ। (ਉਹ ਨਿਰੰਕਾਰੁ

Sri Satguru Jagjit Singh Ji eLibrary NamdhariElibrary@gmail.com

ਉਹਨਾਂਨੂੰ) ਵੇਖਦਾਹੈ (ਤੇ) ਵੀਚਾਰ ਕਰਕੇ ਖਿੜਦਾ (ਖੁਸ਼ ਹੁੰਦਾ)ਹੈ। (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ, ਇਸ ਖੇਡਦਾ ਹੋਰ) ਵਰਣਨ ਕਰਨਾ ਲੋਹੇ (ਵਾਙੂ) ਕਰੜਾਹੈ (ਭਾਵ ਬਾਣੀ ਨਹੀਂ ਵਰਣਨ ਕਰ ਸਕਦੀ)।

ਵਯਾਖਯਾ:- ਪਿਛਲੀਆਂ ਚਾਰ ਪਉੜੀਆਂ ਵਿਚ ਦੋ ਖੰਡ ਆਏ ਹਨ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:- ਪਹਿਲਾਹੈ ਧਰਮ-ਖੰਡ। ਇਸ ਵਿਚ ਧਰਤੀਨੂੰ ਜੀਵਾਂਦੇ ਰਹਣਿ ਦਾ ਥਾਂ ਤੇ ਇਥੇ ਵਸਦੇ ਜੀਵਾਂ ਨੂੰ 'ਕਰਮ ਕਰਨਹਾਰ' ਦੱਸਿਆਹੈ। ਇਸ ਧਰਤੀਨੂੰ 'ਧਰਮ-ਖੰਡ' ਆਖਿਆਹੈ। ਧਰਮ ਨਾਮਹੈ,ਐਸੀਆਂ ਕਰਨੀਆਂ ਦਾ ਜੋ ਸੰਸਾਰ ਵਿਚ ਸੁਭ ਹੋਣਤੇ ਪ੍ਰਲੋਕ ਵਿਚ ਸਦਗਤੀ ਦੇਣ। ਇਸ ਅੱਧੀ ਪਉੜੀ ਵਿਚ ਦੱਸਿਆਹੈ ਕਿ ਜੀਵਾਂ ਦੀ ਵੀਚਾਰ ਭਾਵ ਉਹਨਾਦੇ ਕਰਮਾਂਦੀ ਜਾਂਚ ਪੜਤਾਲ, ਉਹਨਾਂਦੇ ਆਪੋ ਆਪਣੇ ਕਰਮਾਂ ਦੇ ਅਨੁਸਾਰ ਹੁੰਦੀਹੈ, ਕਿਥੇ? ਤਾਂ ਅਗਲੀ ਅੱਧੀ ਪਉੜੀ ਵਿਚ ਫੁਰਮਾਉਂਦੇ ਹਨ ਕਿ, ਸਰੀਰ ਤਯਾਗ ਜਾਣਦੇ ਬਾਅਦ'ਨਾਨਕ ਗਇਆ ਜਾਪੈ ਜਾਇ'। ਜਿਥੇ ਸਚਾਂ (ਵਾਹਿਗੁਰੂ) ਆਪਹੈ, ਤੇ ਉਸਦਾ ਦਰਬਾਰਹੈ: 'ਸਚਾ ਆਪਿ ਸਚਾ ਦਰਬਾਰੁ'; ਓਥੇ ਜੀਵਾਂਦੇ ਕੀਤੇ ਕਰਮਾਂਤੇ ਕਮਾਏ ਧਰਮਾਂਦੀ ਕਚਿਆਈ ਪਕਿਆਈ ਦੀ ਜਾਂਚ ਪੜਤਾਲ ਹੁੰਦੀਹੈ ਓਥੇ ਸੁਭਾਇਮਾਨ ਕੌਣ ਹੁੰਦੇ ਹਨ? ਉੱਤਰਹੈ- ਪੰਚ ਪਰਵਾਣ, ਜਿਨ੍ਹਾਂ ਤੇ ਮਿਹਰ ਦ੍ਰਿਸ਼ਟੀ ਵਾਲੇ ਦੀ ਬਖਸ਼ਿਸ਼ ਨਾਲ ਉਹਨਾਂ ਤੇ ਨਿਸਾਨ ਪੈਂਦਾਹੈ ਕਿ ਏਹ ਬਖਸ਼ੇ ਗਏ ਹਨ। ਹੁਣ ਕਾਲ ਚੱਕ੍ਰ ਇਨ੍ਹਾਂਤੇ ਨਹੀਂ ਪੈ ਸਕਦਾ, ਬਖਸਿ ਲੀਏ ਨਾਹੀ ਜਮ ਕਾਣੇ (1190) ਇਸ ਵਰਣਨਤੋਂ ਬਾਅਦ ਢਾਈ ਪਉੜੀਆਂ ਲੰਘਕੇ 37ਵੀਂ ਦੇ ਅੱਧ ਵਿਚ ਫਿਰ ਉਸ ਟਿਕਾਣੇਦਾ ਵਰਣਨ ਆਉਂਦਾਹੈ। ਪਉੜੀ 34 ਵਿਚ ਸਚਾ ਦਰਬਾਰ ਕਿਹਾਹੈ,ਉਸਨੂੰ ਪਉੜੀ 37 ਵਿਚ'ਸਚ ਖੰਡਿ'ਆਖਿਆਹੈ। ਸਚ ਖੰਡਦਾ ਵਰਣਨ ਜੋ ਪਉੜੀ 37 ਵਿਚਹੈ ਓਹ ਨਿਰੰਕਾਰ(ਨਿਰਗੁਣ) ਪਰਮਾਤਮ ਦੇਵਦਾ ਵੱਸਣ ਥਾਉਂ ਦੱਸਿਆਹੈ। ਗਲ ਕੀਹ,ਪਉੜੀ 37 (ਦੇ ਪਹਿਲੇ ਅੱਧ)ਵਿਚ ਆਕਾਰ ਵਾਲੀ ਧਰਤੀ ਤੇ ਆਕਾਰ ਵਾਲੇ ਜੀਵਾਂਦਾ ਵਰਣਨਹੈ ਤੇ ਪਉੜੀ 37 (ਦੇ ਮਗਰਲੇ ਅੱਧ)ਵਿਚ ਨਿਰਾਕਾਰ ਦੇ ਅਸਥਾਨ ਤੇ ਸਰੂਪਦਾ ਕਥਨਹੈ, ਇਨ੍ਹਾਂ ਦੋਹਾਂ-'ਸਕਾਰ' ਤੇ 'ਨਿਰਾਕਾਰ'ਦੇ ਵਿਚਾਲੇ 'ਤ੍ਰੈ' ਹੋਰ ਲੋਕਾਂ ਦਾ ਜ਼ਿਕਰ ਹੈ-ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਜੋ ਪਉੜੀ 35,36,37 ਵਿਚ ਆਇਆਹੈ। ਆਪਣੀ ਅਗਾਧ ਗਤੀ ਨੂੰ ਸ੍ਰੀ ਗੁਰੂ ਜੀ ਆਪ ਜਾਣਨ(!),ਪਰ ਐਸਾ ਪ੍ਰਤੀਤ ਦੇਂਦਾਹੈ ਕਿ ਗਿਆਨ-ਖੰਡ ਵਿਚ 'ਗਿਆਨ' ਦਾ, ਸਰਮ ਖੰਡ ਵਿਚ 'ਵਿਸਮਾਦ ਤੇ ਖੁਸ਼ੀ' ਦਾ ਤੇ ਕਰਮ-ਖੰਡ ਵਿਚ 'ਭਗਤੀ' ਤੇ 'ਆਤਮਕ ਬਲ' ਦਾ ਵਰਣਨਹੈ। ਏਹ ਤ੍ਰੈਏ ਧਰਤੀ ਵਾਂਙੂ ਸਾਕਾਰ ਤੇ ਸਚ-ਖੰਡ ਵਾਂਙੂ ਨਿਰਾਕਾਰ ਵਰਣਨ ਨਹੀਂ ਹੋਏ,ਪਰੰਤੂ ਇਹ ਗੱਲ ਸਪਸ਼ਟ ਦੱਸੀਹੈ ਕਿ ਗਿਆਨ-ਖੰਡ ਵਿਚ ਗਿਆਨ ਦਾ ਪ੍ਰਕਾਸ਼ਹੈ ਤੇ ਕ੍ਰੋੜਾਂ ਆਨੰਦਾਂ ਦਾ ਨਿਵਾਸਹੈ।

ਸਰਮ-ਖੰਡ ਵਿਚ (ਰੂਪ:) ਸੋਦਰੁ ਦੀ ਪ੍ਰਧਾਨਤਾਹੈ ਤੇ ਗਯਾਤਦੇ ਸਾਰੇ ਰੂਪਬੀ ਓਥੇ ਘੜੀਦੇ ਹਨ, ਸੁਰਤਿ ਮਤਿ,ਮਨ,ਬੁਧੀ ਤੇ ਸੁਧਿ ਜੋ ਸੁਤੇ ਤੇ ਸਿਧੀ ਗਯਾਨ ਰੂਪਾ ਗਯਾਤਹੈ। ਓਹੇ ਸੋਭਾਗਯਤਾ ਤੇ ਸੁਖਹੀ ਸੁਖਹੈ। ਨਾਮ ਇਸਨੂੰ 'ਸਰਮ ਖੰਡ' ਦਿੱਤਾਹੈ, ਸਰਮ ਹੈ ਸੰਸਕ੍ਰਿਤ ਪਦ ਸਰੁਮ ਮਨ; ਜਿਸਦਾ ਅਰਥਹੈ ਹਰਖ ਆਨੰਦ। ਇਸ ਵਾਸਤੇ ਕਿ ਏਥੇ ਓਹ ਆਨੰਦਹੈ, ਜੋ ਰਬੀ

Sri Satguru Jagjit Singh Ji eLibrary NamdhariElibrary@gmail.com

ਸ਼੍ਰੋਦਰਯ ਦੁਆਰਾ ਪ੍ਰਾਪਤ ਹੁੰਦਾਹੈ। ਸੁੰਦਰਤਾ ਸੁਤੇ ਹੀ ਅਨੰਦ ਦਾਇਕ ਵਸਤੂਹੈ, ਇਸ ਕਰਕੇ ਰੂਪ ਯਾ ਸੁੰਦਰਤਾ ਪ੍ਰਸੰਨ ਥਾਉ ਨੂੰ ਜਿਥੇ ਹਰਖ ਹੀ ਹਰਖ ਹੈ ਸਰਮ ਖੰਡ ਆਖਿਆਹੈ। ਇਤਨਾ ਦੱਸਕੇ ਇਸ ਖੰਡਦਾ ਹੋਰ ਵਰਣਨ ਖੋਹਲ ਸਕਣਾ ਕਠਨ ਦੱਸਿਆਹੈ।

ਫਿਰ ਕਰਮ ਖੰਡ ਹੈ ਜਿਥੇ ਕਈ ਲੋਕਾਂ ਦੇ ਭਗਤਾਂਦਾ ਨਿਵਾਸਹੈ, ਜਿਨ੍ਹਾਂਦੇ ਹਿਰਦੇ ਵਿਚ ਵਾਹਿਗੁਰੂ ਵਸਦਾਹੈ ਤੇ ਓਹ ਆਨੰਦ ਮਗਨ ਰਹਿੰਦੇ ਹਨ। ਇਥੇ 'ਜੋਰੁ' ਦਾ ਨਿਵਾਸ ਦੱਸਿਆਹੈ, ਪਰ ਇਹ ਜੋਰ 'ਹਉਂ' ਦਾ ਜ਼ੋਰ ਨਹੀਂ, ਇਹ ਪਰਮਾਤਮ ਬਲ ਹੈ,ਜਿਸ ਨਾਲ ਹਉਂ ਦੂਰ ਹੁੰਦੀ ਹੈ ਤੇ ਅੰਦਰ ਰਾਮ ਭਰਪੂਰ ਹੋ ਜਾਂਦਾਹੈ। ਫਿਰ ਓਥੇ ਮਹਿਮਾ ਤੇ ਮਹਿਮਾਵਾਨ ਦੱਸੇ ਹਨ ਜਿਨ੍ਹਾਂ ਦੀ ਸੁੰਦਰਤਾ ਅਕੱਥਨੀਯ ਹੈ। ਵਡੀ ਗੱਲ ਇਕੋ ਦੀ ਇਹ ਹੈ ਕਿ ਇਥੋਂ ਫੇਰ ਗਰਾਉ ਨਹੀਂ; ਨਾ ਕਾਲ ਚਕ੍ ਵਿਚ ਭ੍ਰਮਣ ਹੋ ਸਕਦਾਹੈ, ਤੇ ਨਾ ਮਾਇਆ, ਕਿ ਪ੍ਰਕਿਤੀ ਕੋਈ ਮੋਹੀ, ਮੋਹਕੇ ਠੱਗ ਸਕਦੀਹੈ। ਕਰਮਦਾ ਅਰਥਹੈ ਸਿਸ-ਫਜ਼ਲ। ਕਰਮਦਾ ਨਿਸ਼ਾਨ ਜਿਨ੍ਹਾਂਨੂੰ ਪਿਆ, ਇਹ ਉਨ੍ਹਾਂਦਾ ਖੰਡਹੈ। ਜਿਨ੍ਹਾਂ ਨੂੰ ਨਿਸ਼ਾਨ ਪਿਆਹੈ ਉਹ ਕਾਲ ਚਕਰੋਂ ਉਪਰ ਹੋ ਗਏ।

"ਬਖਸਿ ਲੀਏ ਨਾਹੀ ਜਮ ਕਾਣੇ"(1190:7)

ਸਚ ਖੰਡ ਵਿਚ ਵਸਦਾ ਵਾਹਿਗੁਰੂ ਜਗਤ ਪ੍ਰਬੰਧਨੂੰ ਵੇਖਦਾ,ਤੋਰਦਾ,ਵੀਚਾਰਦਾ ਤੇ ਮਿਹਰਾਂ ਕਰਦਾ ਆਪਦੇ ਹੁਕਮ ਦੁਆਰਾ ਸੰਚਾਲਨ ਕਰਦਾ ਲਿਖਿਆਹੈ। ਸ੍ਰੀ ਗੁਰੂ ਨਾਨਕ ਦੇਵ ਜੀਨੇ ਆਪਣੇ ਦੇ ਸਚ ਖੰਡ ਨੂੰ 'ਸਚ ਮਹਲ' ਕਰਕੇ ਬੀ ਲਿਖਿਆਹੈ। ਆਪਨੇ ਓਥੇ ਜਾਣਤੇ ਅਕਾਲ ਪੁਰਖਤੋਂ ਨਿਵਾਜੇ ਜਾਣਦਾ ਸੰਖੇਪ ਇਸ਼ਾਰਾ ਦਿੱਤਾਹੈ,ਯਥਾ(150:15):-

ਹਉ ਢਾਢੀ ਵੇਕਾਰੁ ਕਾਰੇ ਲਾਇਆ॥ ਰਾਤ ਦਿਹੇ ਕੇ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੇ ਮਹਿਲ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹਿ ਕਪਣਾ ਪਾਇਆ॥
ਸਚਾ ਅੰਮ੍ਰਿਤੁ ਨਾਮੁ ਭੋਜਨੁ ਆਇਆ॥ ਗੁਰਮਤੀ ਖਾਧਾ ਰਜਿ ਤਿਨਿ ਸੁਖ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥27॥

ਜਨਮ ਸਾਖੀਨੇ ਸਚੇ ਮਹਲ ਪਿਆਨੇ ਦਾ ਵਿਸਥਾਰ ਨਾਲ ਹਾਲ ਦਿੱਤਾਹੈ। ਸ੍ਰੀ ਗੁਰੂ ਅਰਜਨ ਦੇਵ ਜੀ[88] ਨੇ ਇਸ 'ਸਚੇ ਮਹਲ' ਨੂੰ ਸੁਖ ਮਹਲ ਕਰਕੇ ਵਰਣਨ ਕੀਤਾ ਹੈ। ਯਥਾ :-

ਸੁਖ ਮਹਲ ਜਾਕੇ ਊਚ ਦੁਆਰੇ॥ ਤਾਮਹਿ ਵਸੋਹਿ ਭਗਤ ਪਿਆਰੇ॥1॥
ਸਹਜ ਸਨਥਾ ਪ੍ਰਭਕੀ ਅਤਿ ਮੀਠੀ ॥ ਵਿਰਲੇ ਕਾਹੂ ਨੇਤ੍ਰਹੁ ਡੀਠੀ॥1॥
ਤਹ ਗੀਤ ਨਾਦ ਆਖਰੇ ਸੰਗਾ॥ ਊਹਾ ਸੰਤ ਕਰਹਿ ਹਰਿ ਰੰਗਾ॥
ਤਹ ਮਰਨੁ ਜੀਵਣੁ ਸੋਗੁ ਨ ਹਰਖਾ ॥ ਸਚਾ ਨਾਮਕੀ ਅੰਮ੍ਰਿਤ ਵਰਖਾ॥3॥
ਗਰਜਕਕਾ ਇਹ ਗੁਰਤੇਜਾ ॥ ਨਾਨਕ ਬੋਲੇ ਹਰਿ ਹਰਿਬਾ ॥4॥6॥12॥

ਇਥੇ ਸੰਸਾ ਕੀਤਾ ਜਾ ਸਕਦਾਹੈ ਕਿ, ਇਉਂਤਾ ਉਹ ਨਿਰੰਕਾਰ ਦਾ ਕਿਸੇ ਦੇਸ਼ ਵਿਚ ਟਿਕਾਣਾ ਹੋਗਿਆ। ਫਿਰ ਉਹ ਇਕ ਦੇਸੀ ਹੋਣ ਕਰਕੇ ਪ੍ਰਣਾਮੀ ਹੋ ਗਿਆ, ਤਦ ਆਪ ਓਥੇ ਪਉੜੀ 37 ਵਿਚ ਖੰਡ, ਮੰਡਲ, ਬ੍ਰਹਮੰਡ, ਲੋਅ ਲੋਅ ਦੱਸਕੇ ਉਸਦੇ ਸਰਬ ਵਿਆਪੀ ਹੋਣਦਾ ਭਾਵ ਦਰਸਾਉਂਦੇ ਹਨ। ਉਸਦੇ ਨਿਰਾਕਾਰ ਹੋਕੇ ਫਿਰ ਵੇਖਣ, ਵਿਗਸਣ, ਹੁਕਮ ਟੋਰਨਦਾ ਜੇ

88. ਟਿੱਪਣੀਕਾਰ:- ਇਹ ਉਤਾਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ, ਭਾਈ ਵੀਰ ਸਿੰਘ ਕਿਵੇਂ ਲਿਖਦੇ ਰਹੇ,(ਤੇ ਅਸੀ ਪੰਨੇ ਦਿਤੇ ਹਨ) ਲਿਖਿਆ ਹੈ ਬਿਨਾ ਕਿਸੇ ਗ੍ਰੰਥ ਦੀ ਸੂਹ? ਅਸਚਰਜ ਹੈ ॥

Sri Satguru Jagjit Singh Ji eLibrary NamdhariElibrary@gmail.com

ਸੰਸਾ ਉਪਜੇ,ਤਾਂ ਉਸਦਾ ਉੱਤਰ ਦੇਂਦੇ ਹਨ,ਕਿ ਇਹ ਗੱਲ ਕਥਨਤੋਂ ਪਰੇਦੀ ਹੈ,ਵਰਣਨ ਨਹੀਂਹੋ ਸਕਦੀ ਸੀ ਸਮਝੀ ਬੀ ਨਹੀਂ ਗਲ ਜਾ ਸਕਦੀ: ਨਾਨਕ ਕਥਨਾ ਕਰੜਾ ਸਾਰੁ। ਇਹੋ ਗਲ ਪਹਿਲੀ ਪਉੜੀ ਵਿਚ ਦੱਸ ਆਏ ਹਨ: ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ। ਸਦਾ ਸਤਯ ਸਰੂਪਦਾ ਹੁਕਮ ਸਦਾ ਸਤਯ ਸਰੂਪਹੈ। ਜਿਵੇਂ ਆਪ ਅਕੱਥਹੈ ਤਿਵੇਂ ਹੁਕਮ ਅਕੱਥ ਹੈ। ਪੰਜਵੇਂ ਸਤਿਗੁਰੂ ਜੀਨੇ ਇਹ ਵਾਹਿਗੁਰੂਦੇ ਦੇਸ਼ਦੀ ਕਥਾ ਅਗਮ ਅਗਾਧ ਦੱਸਕੇ ਐਉਂ ਵਰਣਨ ਕੀਤੀਹੈ:-

ੴ ਸਤਿਗੁਰਪ੍ਰਸਾਦਿ॥ ਅਗਮ ਅਗਾਧਿ ਸੁਨਹੁ ਜਨ ਕਥਾ॥ ਪਾਰਬ੍ਰਹਮ ਕੀ ਅਚਰਜ ਸਭਾ॥ 1॥ ਰਹਾਉ॥ ਸਦਾ ਸਦਾ ਸਤਿਗੁਰ ਨਮਸੁਕਾਰ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ॥ ਮਨ ਭੀਤਰਿ ਹੋਵੇ ਪਰਗਾਸੁ॥ ਗਿਆਨ ਅੰਜਨੁ ਅਗਿਆਨ ਬਿਨਾਸੁ॥ 1॥ ਮਿਤਿ ਨਾਹੀ ਜਾਕਾ ਬਿਸਥਾਰੁ॥ ਸੋਭਾ ਤਾਕੀ ਅਪਰ ਅਪਾਰ॥ ਅਨਿਕ ਰੰਗ ਜਾਕੇ ਗਨੇ ਨ ਜਾਹਿ॥ ਸੋਗ ਹਰਖ ਦੁਹਹੂ ਮਹਿ ਨਾਹਿ॥ 2॥ ਅਨਿਕ ਬ੍ਰਹਮੇ ਜਾਕੇ ਬੇਦ ਧੁਨਿ ਕਰਹਿ॥ ਅਨਿਕ ਮਹੇਸ ਬੇਸਿ ਧਿਆਨੁ ਧਰਹਿ॥ ਅਨਿਕ ਪੁਰਖ ਐਸਾ ਅਵਤਾਰ॥ ਅਨਿਕ ਇੰਦ੍ਰ ਊਭੈ ਦਰਬਾਰ॥ 3॥ ਅਨਿਕ ਪਵਨ ਪਾਵਕ ਅਰੁ ਨੀਰ॥ ਅਨਿਕ ਰਤਨ ਸਾਗਰ ਦਧਿ ਖੀਰ॥ ਅਨਿਕ ਸੂਰ ਸਸੀਅਰ ਨਖਿਆਤਿ॥ ਅਨਿਕ ਦੇਵੀ ਦੇਵਾ ਬਹੁ ਭਾਂਤਿ॥ 4॥ ਅਨਿਕ ਬਸੁਧਾ ਅਨਿਕ ਕਾਮਧੇਨ॥ ਅਨਿਕ ਪਰਜਾਤ ਅਨਿਕ ਮੁਖਿ ਬੇਨ॥ ਅਨਿਕ ਅਕਾਸ ਅਨਿਕ ਪਾਤਾਲ॥ ਅਨਿਕ ਮੁਖੀ ਜਪੀਐ ਗੋਪਾਲ॥ 5॥ ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ॥ ਅਨਿਕ ਜੁਗਤਿ ਹੋਵਤ ਬਖਿਆਨ॥ ਅਨਿਕ ਸਰੋਤੇ ਸੁਨਹਿ ਨਿਧਾਨ॥ ਸਰਬ ਜੀਅ ਪੂਰਨ ਭਗਵਾਨ॥ 6॥ ਅਨਿਕ ਧਰਮ ਅਨਿਕ ਕੁਮਰ॥ ਅਨਿਕ ਬਰਨ ਅਨਿਕ ਕਨਿਕ ਸੁਮੇਰ॥ ਅਨਿਕ ਸੇਖ ਨਵਤਨ ਨਾਮੁ ਲੇਹਿ॥ ਪਾਰਬ੍ਰਹਮ ਕਾ ਅੰਤੁ ਨ ਤੇਹਿ॥ 7॥ ਅਨਿਕ ਪੁਰੀਆ ਅਨਿਕ ਤਹ ਖੰਡ॥ ਅਨਿਕ ਰੂਪ ਰੰਗ ਬ੍ਰਹਮੰਡ॥ ਅਨਿਕ ਬੁਨਾ ਅਨਿਕ ਫਲ ਮੂਲ॥ ਆਪਹਿ ਸੂਖਮ ਆਪਹਿ ਅਸਥੂਲ॥ 8॥ ਅਨਿਕ ਜੁਗਾਦਿ ਦਿਨਸ ਅਰੁ ਰਾਤਿ॥ ਅਨਿਕ ਪਰਲਉ ਅਨਿਕ ਉਪਾਤਿ॥ ਅਨਿਕ ਜੀਅ ਜਾ ਕੇ ਗ੍ਰਿਹ ਮਾਹਿ॥ ਰਮਤ ਰਾਮ ਪੂਰਨ ਸ੍ਰਬ ਠਾਂਇ॥ 9॥ ਅਨਿਕ ਮਾਇਆ ਜਾਕੀ ਲਖੀ ਨ ਜਾਇ॥ ਅਨਿਕ ਕਲਾ ਖੇਲੇ ਹਰਿ ਰਾਇ॥ ਅਨਿਕ ਧੁਨਿਤ ਲਲਿਤ ਸੰਗੀਤ॥ ਅਨਿਕ ਗੁਪਤ ਪ੍ਰਗਟੇ ਤਹ ਚੀਤ॥ 10॥ ਸਭ ਤੇ ਊਚ ਭਗਤ ਜਾਕੇ ਸੰਗਿ॥ ਆਠ ਪਹਰ ਗੁਨ ਗਾਵਹਿ ਰੰਗਿ॥ ਅਨਿਕ ਅਨਾਹਦ ਆਨੰਦ ਝੁਨਕਾਰ॥ ਉਆ ਰਸ ਕਾ ਕਛੂ ਅੰਤੁ ਨ ਪਾਰ॥ 11॥ ਸਤਿ ਪੁਰਖੁ ਸਤਿ ਅਸਥਾਨੁ॥ ਊਚ ਤੇ ਊਚ ਨਿਰਮਲ ਨਿਰਬਾਨੁ॥ ਆਪੁਨਾ ਕੀਆ ਜਾਨਹਿ ਆਪਿ॥ ਆਪੇ ਘਟਿ ਘਟਿ ਰਹਿਓ ਬਿਆਪਿ॥ 12॥ ਕ੍ਰਿਪਾ ਨਿਧਾਨ ਨਾਨਕ ਦਇਆਲ॥ ਜਿਨਿ ਜਪਿਆ ਨਾਨਕ ਤੇ ਭਏ ਨਿਹਾਲ॥ (1235:15)

ਜਿਵੇਂ ਕਿ ਸਚ ਮੁਚਹੋ ਜਾਂਦੇ,ਮਨ ਸਮਝ ਨਹੀਂ ਸਕਦੇ,ਜਿਵੇਂ ਕਿ ਸਾਡੇ ਮਨ ਕੁਛ ਖਯਾਲ ਬਣਾ ਸਕਣ ਤਿਵੇਂ, ਸਤਿਗੁਰੂ ਜੀ ਸਾਨੂੰ ਸਮਝਾਉਂਦੇ ਹਨ, ਫੇਰ 'ਕਥਨਾ ਕਰੜਾ ਸਾਰੁ' ਆਖਦੇ, ਆਪ ਓਥੇ ਪਹੁੰਚ ਕੇ ਦੇਖਣਦੀ ਸੇਨਤ ਦੇਂਦੇ ਹਨ 'ਵਿਰਲੇ ਕਾਹੂ ਨੇਤਹੁ ਡੀਠੀ' ਕਹਿੰਦੇ ਹੋਏ 'ਗੁਹਜ ਕਥਾ ਇਹ ਗੁਰ ਤੇ ਜਾਣੀ' ਦੇਂਦੇ ਹਨ। ਇਸ ਸਾਰੰਗ ਰਾਗ ਵਾਲੇ ਸ਼ਬਦ ਵਿਚ ਸਾਡੀ ਸਾਂਝ ਗੋਚਰਾ ਕੁਛ ਕਰਕੇ ਅੰਤ ਫੁਰਮਾਯਾਹੈ ਕਿ,ਉਹ ਸਤਿ ਪੁਰਖਹੈ; ਉਸਦਾ ਅਸਥਾਨ

Sri Satguru Jagjit Singh Ji eLibrary NamdhariElibrary@gmail.com

ਸਤਿਹੈ, ਉਹ ਸਭਤੋਂ ਉੱਚਾ ਤੇ ਨਿਰਬਾਨਹੈ। ਉਹ ਸੱਤਯ ਅਸਥਾਨ ਦਾ ਵਾਲੀ ਘਟਿ ਘਟਿ ਵਿਚਹੈ, ਸਾਰੇ ਵਯਾਪਕਹੈ ਤੇ ਅਗਮ ਅਗਾਧਹੈ। ਸੋ ਐਉਂ ਹੀ ਸਾਨੂੰ ਸਮਝਕੇ ਸਿਮਰਨ ਕੀਰਤਨ ਆਦਿਦੇ ਦੱਸੇ ਰਸਤੇ ਤੁਰਕੇ ਆਪ ਅਨੁਭਵ ਕਰਨਾ ਚਾਹੀਏ। ਇਸੇ ਇਕ ਦੇਸ਼ੀਪਨੇ ਦੇ ਸੰਸੇ ਕਰਕੇ ਦਾਰਸਨਿਕ ਦਾਨੇ ਵਿਦਵਾਨ ਪੰਜ ਖੰਡਾਂ ਨੂੰ ਸ਼ਾਸਤ੍ਰਾਂ ਦੇ ਦੱਸੇ ਤ੍ਰੈ ਕਾਂਡਾਂ ਵਿਚ ਵੰਡਕੇ ਅਰਥ ਲਾਉਂਦੇ ਹਨ, ਤੇ ਕੁਛ ਐਊ ਵਰਣਨ ਕਰਦੇ ਹਨ:-

1.ਧਰਮ ਖੰਡ: ਕਰਮ ਕਾਂਡ। 2. ਗਿਆਨ ਖੰਡ: ਗਯਾਨ ਕਾਂਡ। 3. ਸਰਮ ਖੰਡ: ਉਪਾਸ਼ਨਾ ਕਾਂਡ। ਬਾਕੀ ਰਹੇ ਕਰਮ ਖੰਡ ਤੇ ਸਚ ਖੰਡ; ਸੋ ਕਰਮ ਖੰਡ ਨੂੰ ਕਈ ਦਾਨੇ ਸਰਮ ਖੰਡ ਦੇ ਨਾਲ ਉਪਾਸ਼ਨਾ ਕਾਂਡ ਵਿਚ ਸਮਿਲਤ ਕਰ ਲੈਂਦੇ ਹਨ,ਤੇ ਕਈ ਇਨ੍ਹਾਂ ਤਿੰਨਾਂ ਜੁਗਤਾਂ ਸਾਧਨਾਂ ਨਾਲ ਪ੍ਰਪਯ ਲੋਕਾਂਤੋਂ ਵਖਰਾ ਬਖਸ਼ਿਸ਼ਦਾ ਕਾਂਡ ਵਰਣਨ ਕਰਦੇ ਹਨ। ਜੋ ਲੋਕ ਨਿਰਾਧਾਰ ਹੋਕੇ ਕੇਵਲ ਈਸ਼ਰ ਆਧਾਰ ਤੇ ਟਿਕੇ, ਤੇ ਜਿਨਾਂਤੇ ਮਿਹਰਹੋ ਗਈ, ਉਹਨਾਂਦਾ ਖੰਡ'ਕਰਮ'ਹੈ। ਅਗੇ ਸਚ ਖੰਡ ਨਿਰਾਕਾਰ ਦਾ ਟਿਕਾਣਾ ਹੈ ਕਾਂਡ ਨਹੀਂ। ਕਵੀ ਸੰਤੋਖ ਸਿੰਘ ਜੀ ਨੇ ਪਹਿਲਾ ਕਰਮ ਕਾਂਡ ਮੰਨਿਆਹੈ ਜੋ 'ਰਾਤੀ ਰੁਤੀ ਥਿਤੀ ਵਾਰ' ਤੋਂ ਟੁਰਕੇ 'ਸਚਾ ਆਪਿ ਸਚਾ ਦਰਬਾਰੁ' ਤੇ ਮੁਕਾਕੇ, ਫੇਰ 'ਤਿਥੈ ਸੋਹਨਿ ਪੰਚ ਪਰਵਾਣੁ' ਤੋਂ ਉਪਾਸ਼ਨਾ ਕਾਂਡ ਟੁਰਿਆ,ਤੇ ਪਉੜੀ 35 ਵਿਚ ਗਯਾਨ ਕਾਂਡ ਟੁਰਿਆ। ਫਿਰ ਪਉੜੀ 36 ਵਿਚ ਸਰਮ ਖੰਡਨੂੰ ਕਵੀ ਜੀ ਮੁੜ ਕਰਮ ਕਾਂਡ ਲਿਆਹੈ। ਥੂਣੀ ਖੰਨਨ ਨਯਾਯ ਅਨੁਸਾਰ ਇਹ ਸਤਿਨਾਮੁ ਦੇ ਉਪਾਸ਼ਕਾਂ ਦਾ ਕਰਮ ਕਾਂਡ ਦੱਸਿਆਹੈ। ਫਿਰ ਕਰਮ ਖੰਡਨੂੰ ਆਪ ਜੀਨੇ ਉਪਾਸ਼ਨਾ ਕਾਂਡ ਦੱਸਿਆਹੈ।

ਕੋਈ ਕੋਈ ਦਾਨੇ 'ਕਰਮ'ਨੂੰ ਸੰਸਕ੍ਰਿਤ ਪਦ ਮੰਨਕੇ 'ਕਰਮ (ਕ੍ਰਿਯਾ) ਦਾ ਖੰਡ'ਦੀ ਅਰਥ ਲਾਉਂਦੇ ਹਨ। ਇਹ ਕਰਮ ਪੂਰਨ ਪਦ ਤੇ ਅੱਪੜੇ ਤੇ ਬੀਤਰਾਗ ਦਾ ਕਰਮ (ਕਰਤੱਵਯ)ਹੈ ਜੋ ਉਹ ਪਰਮ ਪਦ ਤੇ ਪਹੁੰਚਕੇ ਜਗਤਕੀ ਨਿਸ਼ਕਾਮ ਸੇਵਾ ਤਤਪਰ ਹੋਕੇ ਕਰਦਾਹੈ, ਜੈਸਾ ਕਿ ਗੁਰੂ ਜੀਨੇ ਫੁਰਮਾਯਾਹੈ: 'ਮੰਨੈ ਪਰਵਾਰੇ ਸਾਧਾਰੁ॥ ਮੰਨੈ ਤਰੈ ਤਾਰੈ ਗੁਰ ਸਿਖੋ। ਇਉਂਬੀ ਕਰਮ ਖੰਡ 'ਨਾ ਓਹਿ ਮਰਹਿ ਨ ਠਾਗੇ ਜਾਹਿ' ਵਾਲਾ ਇਕ ਪਰਮ ਪਦ ਹੀ ਬਣਦਾਹੈ।

ਪਉੜੀ 34, 35, 36 ਤੇ 37 ਵਿਚ ਆਏ ਖੰਡਾਂ ਦੀ ਵਿਆਖਿਆ ਕਿ ਏਹ 'ਪੰਜ ਖੰਡ' ਹਨ '3 ਕਾਂਡ' ਨਹੀਂ, ਸੰਨ 1899 ਦੇ ਲਗ ਪਗ ਅਨੁਭਵ ਹੋਈ ਸੀ, ਜੋ 1904 ਦੇ ਲਗ ਪਗ ਛੇ ਰਾਣਾ ਸੂਰਤ ਸਿੰਘ ਦੇ ਅੰਕ '5 ਉਡਾਰੀ' ਵਿਚ ਛੰਦਾ ਬੰਦੀ ਵਿਚ ਛਾਪ ਦਿਤੀ ਸੀ। ਫਿਰ ਇਹ ਵਯਾਖਯਾ (1900 ਈ:ਵਿਚ) ਨਸਰ ਵਿਚ ਬੀ ਦਿਤੀ ਗਈ ਸੀ, ਜੋ ਚਮਤਕਾਰਾਂ ਵਿਚ ਆ ਚੁਕੀਹੈ; ਤਦਤੋਂ ਵਿਦਵਾਨਾਂਦੀ ਵੀਚਾਰ, ਇਸ ਪਹਿਲੂ ਵਿਚ ਇਨ੍ਹਾਂ ਪਉੜੀਆਂਦੇ ਅਰਥ ਵੀਚਾਰ ਵੇਲੇ ਵਧੇਰੇ ਦਿਲਚਸਪੀ ਲੈਂਦੀ ਹੈ।

1926 ਵਿਚ ਇਕ ਵਿਦਵਾਨ ਨੇ, ਜਿਨਾਂਦਾ ਨਾਮ ਹੁਕਮ ਚੰਦ ਕੁਮਾਰ, ਬੀ.ਏ. ਹੈ, ਜਪੁਜੀ ਦੇ ਇਨ੍ਹਾਂ ਪੰਜਾਂ ਖੰਡਾਂ ਬਾਬਤ ਇਕ ਸਵਿਸਥਾਰ ਵਿਆਖਿਆ ਅੰਗ੍ਰੇਜ਼ੀ ਵਿਚ ਲਿਖੀਸੀ। ਉਹਨਾਂਨੇ ਬੀ ਏਹ ਪੰਜ ਖੰਡ ਤਸਲੀਮ ਕੀਤੇ ਹਨ। ਉਹਨਾਂ ਦੇ ਲਿਖੇ ਦਾ ਸੰਖੇਪ ਏਥੇ ਦੇਂਦੇ ਹਾਂ :-

1. ਓਹ ਲਿਖਦੇ ਹਨ ਕਿ ਏਹ ਪੰਜੇ ਖੰਡ ਪੰਜ ਲੋਕ ਹਨ, ਇਹ ਇਕ ਦੂਜੇਦੇ ਉਪਰ ਅਲਮਾਰੀਦੇ ਤਖਤਿਆਂ ਵਾਂਙੂ ਨਹੀਂ ਪਰ ਇਕ ਦੂਜੇਦੇ ਵਿਚ ਹਨ, ਜਿਵੇਂ ਇਕ ਬਰਤਨ ਵਿਚ ਰੇਤ ਹੋਵੇ, ਰੇਤਦੇ ਕਿਣਕਿਆਂ ਦੇ ਵਿਚਾਲੇ-ਵਿਚਾਲੇ ਹਵਾ ਹੁੰਦੀਹੈ, ਪਾਣੀ ਪਾਓ ਤਾਂ ਵਿੱਚੇ ਸਮਾ

Sri Satguru Jagjit Singh Ji eLibrary NamdhariElibrary@gmail.com

ਜਾਂਦਾਹੈ। ਇਹ ਮਿਸਾਲ ਸਥੂਲ ਪ੍ਰਕ੍ਰਿਤੀ ਦੀਹੈ, ਜੋ ਇਸ ਪ੍ਰਿਥਵੀ ਪਰਹੈ। ਅਗੋਂ ਪ੍ਰਕ੍ਰਿਤੀ ਸੂਖਮ ਤੇ ਹੋਰ ਸੂਖਮਹੈ। ਸੋ ਸੂਖਮ ਪ੍ਰਕ੍ਰਿਤੀ ਸਥੂਲਦੇ ਅੰਤਰਗਤਿਹੈ ਫੇਰ ਉਸਤੋਂ ਉਪਰ ਬੀਹੈ। ਇਸ ਪ੍ਰਿਥਵੀਤੋਂ ਅਗਲੇ ਲੋਕਾਂ ਗਿਆਨ ਖੰਡ ਆਦਿ ਵਿਚ ਸੂਖਮਤਾ ਵਧਦੀ ਚਲੀ ਜਾਂਦੀਹੈ। ਪਰ ਪੰਜੇ ਅਡ ਅਡ ਹਨ, ਤੇ ਸਮਿਲਤ ਬੀ ਹਨ। ਅੰਤਰਗਤਿ ਬੀ ਹਨ ਤੇ ਫਿਰ ਸੂਖਮ ਸਥੂਲ ਤੋ ਅਗੇਰੇ ਬੀ ਹਨ। ਨੀਵੇਂ ਲੋਕ ਅਗਲੇ ਲੋਕਦੇ ਹਾਲਾਤ ਨਹੀਂ ਜਾਣਦੇ, ਕਿਉਕਿ ਉਹਨਾਂਦੇ ਹਵਾਸ ਸੂਖਮ ਦੇਸ਼ਾਂਦੇ ਸੂਖਮ ਤੱਤਾਂਦੇ ਲਹਿਰਾਉ ਨਾਲ ਮੁਤਾਸਰ ਨਹੀਂ ਹੁੰਦੇ। ਜਿਕੂੰ ਸਾਡੀਆਂ ਅਖਾਂ 'ਅਲਟਰਾ ਵਾਇਲਟ ਚਾਨਣ' ਵਿਚ ਨਹੀਂ ਦੇਖ ਸਕਦੀਆਂ, ਚਾਹੋ ਉਹਨਾਂਦੀ ਹਸਤੀ ਯਕੀਨੀਹੈ।

2. ਧਰਮ ਖੰਡ ਤੇ ਗਿਆਨ ਖੰਡ, ਉਹ ਲਿਖਦੇ ਹਨ ਕਿ ਇਸ ਹਿਸਾਬ ਪਹਿਲਾ 'ਧਰਮ ਖੰਡ' ਹੈ। ਉਹ ਇਹ ਸਾਡੀ ਸਥੂਲ ਸਾਮਾਨਾਂ ਵਾਲੀ ਧਰਤੀਹੈ। ਜਿਥੇ ਸਥੂਲ ਪਉਣ ਪਾਣੀ ਆਦਿ ਤੱਤ ਹਨ। ਜੀਵ ਹਨ ਏਥੇ: ਪਰ ਕਈ ਭਾਂਤਾਂਦੇ। 'ਧਰਮ ਕਰਨਾ' ਇਥੋਂ ਦਾ ਸੁਭ ਕਰਤੱਵਯਹੈ। ਪਰ ਆਮ ਤੌਰਤੇ ਪਤਾ ਨਹੀਂ ਲਗਦਾ: ਕਉਣ ਭਲਾਹੈ, ਕਉਣ ਬੁਰਾ। ਪਰ ਅੱਗੇ ਚੱਲਕੇ ਉਹਨਾਂਦੇ ਕਰਮਾਂਦੀ ਵੀਚਾਰ ਹੋਵੇਗੀ, ਜਿਥੇ ਸੱਚਾ ਆਪਹੈ ਤੇ ਸਚਾ ਦਰਬਾਰਹੈ, ਓਥੇ ਸ਼ੋਭਾ ਪਾਉਣਗੇ, ਜੋ ਇਥੋ ਪੰਚ (ਗੁਰਮੁਖ) ਹੋਕੇ ਗਏ। ਕੱਚਾਪਨ ਤੇ ਪੱਕਾਪਨ ਦਾ ਨਿਰਣਾ ਓਥੇ ਹੋਵੇਗਾ। ਮਿਹਰਾਂ ਵਾਲੇ ਦੀ ਬਖਸ਼ਿਸ਼ ਦਾ ਨਿਸ਼ਾਨ ਓਥੇ ਪਵੇਗਾ। ਸੋ ਓਥੋਂਦੀ ਤਿਆਰੀ, ਆਪ ਜੀਨੇ ਦੱਸਿਆ ਹੈਕਿ, ਇਸ ਧਰਤੀ ਉਤੇ ਗੁਰਮਤਿ ਅਨੁਸਾਰ, 'ਸੁਣਿਆ, ਮੰਨਿਆ, ਮਨਿ ਕੀਤਾ ਭਾਉ'ਹੈ। ਇਸੀ ਤਰ੍ਹਾਂ ਦੂਸਰਾ ਲੋਕ ਗਿਆਨ ਖੰਡਹੈ। ਇਸ ਨੂੰ ਆਪ ਨੇ ਸਵਪਣ ਅਵਸਥਾ ਵਾਲਾ ਦੇਸ਼ ਦੱਸਿਆਹੈ। ਫਿਰ ਆਪਨੇ ਇਸਨੂੰ ਸ਼ਾਸਤ੍ਰਾਂ ਦੇ ਭੰਵਰ ਤੇ ਸਵਰਗ ਲੋਕਾਂ ਨਾਲ ਤੇ ਆਲਮੇ ਮਲਕੂਤ ਨਾਲ ਮੇਲਿਆਹੈ ਤੇ ਥੀਓਸਾਫੀ ਤੇ 'ਆਸਟ੍ਰਲ ਪਲੈਨ' ਨਾਲ।

ਇਸ ਲੋਕ ਵਿਚ ਗਯਾਨਦਾ ਪ੍ਰਕਾਸ਼ਹੈ, ਸੰਗੀਤਕ ਲਹਿਰਾਂ ਵਾਵਾਂ ਤੇ ਅਨੰਤ ਸੁਖਾਂ ਦਾ ਦੇਸ਼ਹੈ। ਫਿਰ ਇਹ ਅੰਤ ਸਾਮਾਨਾਂ ਦਾ ਦੇਸ਼ਹੈ। ਕਈ ਤਰ੍ਹਾਂ, ਦੇ ਸੂਖਮ ਤਰ੍ਹਾਂ ਦੇ ਪੌਣ ਪਾਣੀ ਆਦਿ ਸਾਰੇ ਸਾਮਾਨ ਹਨ ਏਥੇ। ਏਥੇਕੁ ਆਪਨੇ ਸਰ ਆਲੀਵਰ ਲਾਜ, ਵਡੇ ਸਾਇੰਸ ਵੇਤਾ, ਦੇ ਵਾਕ ਦਿੱਤੇ ਹਨ: ਅਸੀ ਹੁਣ ਜਾਣਦੇ ਹਾਂ ਕਿ ਅਕਾਸ਼ਾਂ ਵਿਚ ਹੋਰ ਦੁਨੀਆਂ ਬੀ ਹਨ, ਉਹਨਾਂ ਵਿਚ ਜੀਵ ਬੀ ਹੋ ਸਕਦੇ ਹਨ। ਇਹ ਬੀ ਠੀਕ ਨਹੀਂ ਕਿ ਸਾਰੇ ਜੀਵ ਸਾਡੇ ਵਰਗੇਹੀ ਹੋਣ। ਮੈਂ ਤੁਹਾਨੂੰ ਦੱਸਦਾਹਾਂ ਕਿ ਜੋ ਮਜ਼ਹਬ ਸਿਖਾਉਂਦਾ ਹੈ ਉਸਦਾ ਉਹ ਮੋਟਾ ਮੋਟਾ ਨਕਸ਼ਾ, ਕਿ ਸੰਤ ਅਰ ਫਰਿਸ਼ਤੇ ਸਾਡੇ ਨਾਲ ਹਨ, ਸੋ ਨਿਸ਼ਚਾ ਰੱਖਦਾ ਹਾਂ ਕਿ ਅੱਖਰ ਅੱਖਰ ਠੀਕਹੈ।

3. ਸਰਮ ਖੰਡ ਆਪ ਲਿਖਦੇ ਹਨ ਕਿ ਗੁਰੂ ਆਸ਼ਯ ਮੁਜਬ ਇਹ ਰੂਪ(ਸੁੰਦਰਤਾ) ਦਾ ਦੇਸ਼ਹੈ। ਪਲਾਤੂਸ ਦੇ 'ਆਈਡੀਆਜ਼' ਦੇ ਸੂਖਮ ਅਵੈਵ ਏਥੇ ਹਨ। ਇਹ ਅਨੂਪਮ ਤੇ ਅਤਿ ਸੂਖਮ ਘਾੜਤਾਂ ਦਾ ਦੇਸ਼ਹੈ ਇਥੇ ਸੁਰਤ, ਮਤਿ, ਮਨਿ ਬੁਧਿ,ਤੇ ਸੁਧਿ ਘੜੀਦੇ ਹਨ। ਇਸਨੂੰ ਆਪ 'ਦੇਵਯਾਨਕ' ਲੋਕ ਨਾਲ ਮੇਲਦੇ ਹਨ। ਇਥੇ ਖਿਆਲਦੇ ਲਹਿਰਾਉ ਨਾਲ ਕਿਤਨਾ ਕੁਛ ਰਚਿਆ ਜਾਂਦਾਹੈ। ਜਿਸ ਦੀਆਂ 'ਗਲਾ ਕਥੀਆ ਨਾ ਜਾਹਿ' ਲਿਖਿਆਹੈ। ਕਿਉਂਕਿ ਸੁਰਤ, ਮਤਿ, ਮਨਿ ਬੁਧਿ, ਸੁਧਿ ਸਾਰੇ ਏਥੇ ਘੜੀਦੇ ਹਨ ਜੋ ਹੋਰ ਉਚੇਰੀ ਅਵਸਥਾਹੈ।

Sri Satguru Jagjit Singh Ji eLibrary NamdhariElibrary@gmail.com

4. ਕਰਮ ਖੰਡ:- ਇਹ ਸਰਮ ਖੰਡਤੋਂ ਬੀ ਸੂਖਮਹੈ, ਜਿਸਦਾ ਲੱਛਣ ਜ਼ੋਰ ਹੈ। ਉਪ੍ਰੋਕਤ ਲੇਖਕ ਜੀ ਇਸਨੂੰ ਬਖਸ਼ਿਸ਼ ਦਾ ਖੰਡ ਨਹੀਂ ਮੰਨਦੇ, ਪਰ ਉਹ ਥਾਉਂ ਜਿਥੋਂ ਰੂਹਾਨੀ ਤਾਕਤਾਂ ਹੇਠਲੇ ਲੋਕਾਂਨੂੰ ਜਾਂਦੀਆਂ ਹਨ ਤੇ ਸਹਾਇਤਾ ਦੇਂਦੀਆਂ ਹਨ। ਇਸਨੂੰ ਆਪ 'ਬੁਧਿਕ' ਯਾ 'ਨਿਰਵਾਣਿਕ ਲੋਕ' ਨਾਲ ਮੇਲਦੇ ਹਨ ਤੇ ਦੱਸਦੇ ਹਨ ਕਿ ਏਹ ਬਲ ਪ੍ਰਾਕ੍ਰਮ ਦਾ ਦੇਸ਼ਹੈ। ਇਥੋ ਦੇ ਰਹਿਣ ਵਾਲੇ ਅਮਰ ਹਨ। ਇਹ ਇਨਸਾਨੀ ਪਹੁੰਚ ਦਾ ਸਭਤੋਂ ਉੱਚਾ ਲੋਕਹੈ। 'ਤਿਥੈ ਹੋਰ ਨ ਕੋਈ ਹੋਰੁ'ਦਾ ਆਪ ਅਰਥ ਕਰਦੇ ਹਨ ਕਿ ਇਥੇ ਹੋਰਪਨਾ ਨਹੀਂ ਹੈ, ਹਰ ਕੋਈ ਦੂਜਿਆਂਨੂੰ ਅਭੇਦ ਪ੍ਰਤੀਤ ਕਰਦਾਹੈ ਤੇ ਵੱਖਤੇ ਵੱਖਤਾ ਨਹੀਂਹੈ। ਇਹ ਲੋਕ 'ਜਲਾਲ' ਹਦ ਹੈ।

5. ਸਚ ਖੰਡਿ:- ਇਹ ਨਿਰੰਕਾਰਦਾ ਲੋਕਹੈ, ਜੋ ਇਕ ਲੋਕ ਬੀਹੈ ਤੇ ਸਰਬ ਵਯਾਪਕ ਬੀਹੈ। ਜਿਥੇ ਕਰਤਾਰ ਅਪਣੀ ਰਚੀ ਨੂੰ ਸਲਾਂਹਦਾ ਪਿਆਰਦਾਹੈ। ਇਸ ਵਿਚ ਗੁਰੂ ਜੀਨੇ ਖੰਡ, ਮੰਡਲ, ਬ੍ਰਹਮੰਡ ਦੇ ਆਕਾਰ ਦੱਸੇ ਹਨ। ਜਿਸਤੋਂ ਸਰਬ ਵਯਾਪੀ ਸਰਬ ਦੇ ਅੰਤਰ ਗਤਿ ਤੇ ਸਰਬ ਨੂੰ ਵਿਚ ਲੈਕੇ ਫੇਰ ਨਿਰੰਕਾਰਦਾ ਟਿਕਾਣਾਹੈ। ਇਸਦਾ ਦਰਸ਼ਨ ਵੇਰਵਾ ਗੁਰੂ ਜੀਨੇ ਸੋਦਰੁ ਵਿਚ ਦਿੱਤਾ ਹੈ, ਜੋ ਅਰਸ਼ੀ ਸੰਗੀਤ ਦਾ ਅਚਰਜ ਲਹਿ-ਰਾਉ ਹੈ, ਜਿਸ ਵਿਚ ਸਾਰੀ ਰਚਨਾ ਕੀਰਤਨ ਕਰ ਰਹੀਹੈ। ਗੁਰੂ ਜੀਨੂੰ ਏਹ ਦਰਸ਼ਨ ਸ੍ਰੁਤੇ ਪ੍ਰਾਪਤ ਸੀ, ਓਹ ਦਿਬ ਦ੍ਰਿਸ਼ਟੀ ਵਾਲੇ ਸਨ ਤੇ ਸਾਰੀ ਕੁਦਰਤਦੇ ਪਰਦੇ ਪੀਛੇ ਸਤਿ ਪੁਰਖਦੇ ਜਲਾਲ ਜਮਾਲ ਨੂੰ ਵੇਖਦੇ ਹਨ।

ਇਥੇ ਹੁਕਮ ਚੰਦ ਜੀ ਦਾ ਵੇਰਵਾ ਸਮਾਪਤਹੈ। ਸੋ ਇਨ੍ਹਾਂ ਪੰਜਾਂ ਖੰਡਾਂਦੇ ਅਰਥ ਭਾਵ ਜੋ ਗੁਰਤੋਂ ਸਹੀ ਹੁੰਦੇ ਹਨ, ਉਪਰ ਆ ਚੁਕੇ ਹਨ। ਜਿਨ੍ਹਾਂਦੇ ਨਾਲ ਸ੍ਰੀ ਹੁਕਮ ਚੰਦ ਦੀ ਵਯਾਖਯਾ ਬੀ ਕੁਝ ਮੇਲ ਖਾਂਦੀ ਹੈ, ਫਲਸਫੇ ਦੇ ਰੁਖ ਵਾਲੇ ਦਾਨਿਆ ਦੇ ਤ੍ਰੈ-ਕਾਂਡੀ ਅਰਥ ਭਾਵ ਬੀ ਦ੍ਰਸੇ ਜਾ ਚੁਕੇ ਹਨ। ਕਈ ਦਾਨਿਆਦੇ ਸ਼ਾਸਤ੍ਰੋਕਤ ਸਤਯ ਲੋਕਾਂ ਨਾਲ ਮੇਲਣ ਦੇ ਜਤਨ ਜ਼ਿਕਰ ਕੀਤੇ ਜਾ ਚੁਕੇ ਹਨ। ਇਨ੍ਹਾਂ ਸਾਰਿਆਂ ਤੋ ਛੁਟ ਕਈ ਸੋਚਵਾਨ ਇਨ੍ਹਾਂ ਵਿਚ ਇਨਸਾਨੀ 'ਕਰਮ' (ਕਰਤਵਯ ਯਾ) ਆਚਰਨਦੀ ਦਰਜੇ ਵਾਰ ਸਿੱਖਦੇ ਅਰਥਾਂ ਵਿਚ ਬੀ ਘਟਾਉਣ ਦਾ ਜਤਨ ਕਰਦੇ ਹਨ।

ਕਈ ਲੇਖਕ ਇਨ੍ਹਾਂ ਪੰਜਾਂ ਖੰਡਾਂ ਦੇ ਅਰਥ ਨਾ ਸਥੂਲ ਸੂਖਮ ਖੰਡ, ਨਾ ਦਾਰਸ਼ਨਿਕਾਂ ਦੇ ਤ੍ਰੈ ਕਾਂਡ, ਨਾ ਸ਼ਾਸਤ੍ਰਾਂ ਦੇ ਦੱਸੇ ਲੋਕ, ਨਾ ਆਤਮ ਉੱਨਤੀ ਦੇ ਦਰਜੇ ਪਰ ਨਿਰਾ ਆਚਰਣ (ਕਰਮ) ਮਾਤ੍ਰਦੀ ਉੱਚਤਦੇ ਵੇਰਵਿਆਂ ਵਿਚ ਘਟਾਉਣ ਦਾ ਜਤਨ ਕਰਦੇ ਹਨ। ਜੋ ਖਿੱਚ ਮਾਤ੍ਰ ਪ੍ਰਤੀਤ ਦੇਂਦੀਹੈ।

ਨਿਰੁਕਤ:- ਧਰਮਸਾਲ- ਧਰਮਸਾਲਾ। ਧਰਮਦਾ ਅਸਥਾਨ, ਧਰਮ ਕਮਾਉਣਦਾ ਥਾਉਂ। ਕੇ ਰੰਗ:- ਕਈ ਰੰਗ, ਭਾਵ ਭਾਂਤ ਭਾਂਤ ਦੇ ਤਰ੍ਹਾਂ ਤਰ੍ਹਾਂ। ਕਰਮਿ-ਕਰਤੂਤ, ਕਰਤੱਵਯ, ਪ੍ਰਕਾਰ, ਵਿਸ਼ਯ।

(ਅ) ਜਾਪਦਾ ਹੈ ਕਿ ਇਹ ਪਦ 'ਕ੍ਰਮੋ ਹੈ, ਇਸਦਾ ਭਾਵਹੈ ਤਰਤੀਬ, ਪਦ ਯਾ ਦਰਜਾ। ਆਖਹੁ:- ਤੁਸੀਂ ਦੱਸੋ। ਘਾੜਤਿ-ਘੜਨ ਵਾਲਾ,ਰਚਨ ਵਾਲਾ। ਘਾੜਤੀ ਪਦਦੀ ਮਾਤ੍ਰਾ ਘਟਾਕੇ ਘਾੜਤਿ ਕੀਤਾਹੈ, ਛੰਦਦੇ ਵਜ਼ਨ ਲਈ। ਘੜੀਅਹਿ-ਘੜੇ ਜਾਂਦੇ ਹਨ। ਕਰਮ-ਭੂਮਿਆ:-ਓਹ ਲੋਕ ਜਿਨ੍ਹਾਂ ਵਿਚ ਕਰਮ ਪ੍ਰਧਾਨਹੈ। ਜੈਸੇ ਸਾਡੀ ਧਰਤੀ ਹੈ:- "ਕਰਮ ਭੂਮਿ ਮਹਿ ਬੋਅਹੁ ਨਾਮੁ"। ਪਾਤ:-ਸੰਸ:ਪਾਤਿ=ਸੁਆਮੀ, ਪ੍ਰਭੂ। (ਅ)ਹਿੰਦੀ,ਪਾਤਿ:

Sri Satguru Jagjit Singh Ji eLibrary NamdhariElibrary@gmail.com

ਪੰਕਤੀ। (ਏ) ਫਾ: ਪਾਦ=ਤਾ ਪ੍ਰਭੂ। (ਅ) ਰਾਜਿਆਂ ਦੀਆਂ ਪੰਕਤੀਆਂ ਅਰਥ ਬੀ ਕਰਦੇ ਹਨ। ਸੁਰਤੀਆਂ-ਸੁਰਤਾਂ। ਅਥਵਾ- ਸੁਰਤ ਨਾਲ ਅਭਯਾਸ ਕਰਨ ਵਾਲੀਆਂ ਰੂਹਾਂ ਯਾ ਬੀਬੀਆਂ। (ਅ) ਵੇਦਾਂ ਦੀਆਂ ਸ੍ਰੁਤੀਆਂ ਭਾਵ ਵੇਦ। (ਸੰਪ੍ਰ:)। (ਏ) ਸੁਰਤੀ ਸੇਵਕ=ਸੁਰਤੀਆਂ ਦੇ ਸੇਵਕ (ਰਿਖੀ ਆਦਿ) (ਸੰਪ੍ਰ:)। ਅਨੰਦੁ- ਅਹਿਲਾਦ। ਪ੍ਰਸੰਨਤਾ। ਬਿਨੋਦ-ਹਰਖ। ਬਿਨੋਦ ਦਾ ਅਰਥ ਆਮੋਦ ਪ੍ਰਮੋਦ ਬੀ ਲਿਖਿਆਹੈ (ਸ. ਕੋ: 774) ਆਮੋਦ = ਇਸ਼ਟ ਵਸਤੂ ਦੇ ਦਰਸ਼ਨ ਦਾ ਆਨੰਦ। ਪ੍ਰਮੋਦ= ਉਸ ਦੀ ਪ੍ਰਾਪਤੀ ਤੋਂ ਜੋ ਸੁਖ ਹੋਵੇ। ਦੁਇ ਪਦ ਗੁਰਬਾਣੀ ਵਿਚ ਇਕੱਠੇ ਬੀ ਆਉਂਦੇ ਹਨ। ਕੋਡ-ਕਰੋੜਾਂ। ਸਰਮ-ਸੰਸ:, ਸ਼ਰਮਨ (=ਖੁਸ਼ੀ, ਆਨੰਦ)। ਕਈ ਦਾਨੇ ਸ੍ਰਮ= ਮਿਹਨਤ ਅਰਥ ਬੀ ਕਰਦੇ ਹਨ, ਪਰ ਤਦੋ ਇਸਦਾ ਰੂਪ ਅਕਸਰ ਸ੍ਰਮ ਹੁੰਦਾਹੈ। ਯਥਾ:- ਸ੍ਰਮੁ ਪਾਵੈ ਸਗਲੈ ਬਿਰਥਾਰੇ;ਕਈ'ਸ਼ਰਮ'(ਫਾ:)ਲੱਜਯਾ ਅਰਥ ਕਰਦੇ ਹਨ ਤੇ ਭਾਵ ਲੈਂਦੇ ਹਨ ਵੈਰਾਗ। ਪਰੰਤੂ (ਰੂਪੁ) ਸੁੰਦਰਤਾਤੇ ਆਨੰਦਦਾ ਪਰਸਪਰ ਮੇਲਹੈ। ਸੁੰਦਰਤਾਦੇ ਦਰਸ਼ਨਤੋਂ ਸੁਤੇ ਖੁਸ਼ੀ ਹੁੰਦੀਹੈ। ਇਥੇ ਇਹ ਖੁਸ਼ੀ ਤ੍ਰਿਸ਼ਨਾਂਦੀ ਪੂਰਣਤਾ ਮਾਤ੍ਰ ਵਾਲੀ ਖੁਸ਼ੀ ਨਹੀਂ--ਪਰ 'ਕੁਦਰਤਿ ਵਸਿਆ' ਵਾਹਿਗੁਰੂ ਦੇ ਦਰਸ਼ਨ ਯਾਂ ਅਨੁਭਵ ਦਾ ਅਨੰਦ ਹੈ।

ਬਾਣੀ- ਬਣਤਰ, ਲੱਛਣਾ, ਲਖਾ ਦੇਣਾ। (ਅ) ਬਾਣੀ= ਬੋਲੀ। (ਏ) ਪ੍ਰਤਿਪਾਦਨ ਕਰਨਾ। ਸੰਪ੍ਰ: ਵਿਚ ਐਉਂ ਬੀ ਆਉਂਦੇ ਹਨ:- ਸਰਮ ਖੰਡ ਵਾਲਿਆ ਦੀ ਬਾਣੀ ਸੁੰਦਰ ਹੁੰਦੀ ਹੈ। ਅਥਵਾ ਧਰਮ ਖੰਡ ਦੀ ਬਣਾਵਟ ਸੁੰਦਰਹੈ। ਸੁਰਤਿ ਮਤਿ ਮਨਿ ਬੁਧਿ:- ਗਯਾਤਦੇ ਦਰਜੇ ਦੱਸੇ ਹਨ: ਸੁਰਤਿ, ਮਤਿ, ਮਨਿ, ਬੁਧਿ, ਸੁਧਿ। ਜਪੁਜੀਦੇ ਇਕ ਪੁਰਾਣੇ ਪੱਛਮੀ ਟੀਕਾਕਾਰਨੇ ਮਨਿ ਬੁਧਿਦਾ ਅਰਥ ਕੀਤਾਹੈ ਮਨ ਵਿਚ ਬੁਧਿ। ਪਰ ਇਥੇ ਮਨਿ ਇਸਤ੍ਰੀ ਲਿੰਗਹੈ, ਮੁਰਾਦ ਹੈ ਮਨੀਖਾਤੋਂ ਜੋ ਬੁੱਧੀ ਨਾਂਲੋਂ ਵਿੜ੍ਹੇ ਕਰਨੇ ਨਮਿੱਤਹੈ। ਮਨੀਖਾ ਉਹ ਮਨ ਜਿਸ ਵਿਚ ਇੱਛਾ ਪ੍ਰਾਧਾਨ ਹੈ, ਮਨੀਖਾ ਇਸਤ੍ਰੀ ਲਿੰਗਹੈ। ਬੁਧਿ ਮਨ ਦੀ ਉਹ ਗਯਾਤ ਜੋ ਵਿਵੇਕ ਤੇ ਵਿਤ੍ਰੇਕ ਕਰਦੀ ਹੈ ਤੇ ਨਿਰਣੈ ਕਰਕੇ ਨਿਸਚੇ ਵੱਲ ਲੈ ਜਾਂਦੀ ਹੈ। 'ਘਾੜਤਿ ਘੜੀਐ' ਦੀ ਸੈਨਤ ਬੀ ਉਸ ਸੁੰਦਰ ਸਰੂਪਦੀ ਲਖਾਯਕ ਜਾਪਦੀਹੈ ਜੋ 'ਆਪੀਨੇ ਆਪੁ ਸਾਜਿਓ' ਅਨੁਸਾਰ 'ਅਪਨੀਂ' ਸਾਜਨਾ ਕਰਕੇ ਚਾਉ ਭਰਿਆ ਬੈਠਾ 'ਦੁਯੀ ਕੁਦਰਤਿ' ਦੀ ਸਾਜਨਾਂ ਲਈ ਕਈ ਪ੍ਰਕਾਰਦੀ 'ਚੇਤਨ ਸਾਜਨਾ' ਪਿਆਰ ਕਰਦਾਹੈ, ਜੋ ਕੇ 'ਅਚੇਤਨ' ਸਾਜਨਾ ਵਿਚ ਕੰਮ ਕਰਦੀਹੈ। ਸੁਧਿ- ਸੁਧਿ ਯਾ ਸਿਧਿ ਉਹ ਬੁਧੀਹੈ ਜੋ 'ਕਾਰਣ ਕਾਰਜ' ਜਾਣਕੇ ਸਿਧਾਂਤ ਤੇ ਅੱਪੜਨਦੀ ਥਾਂ ਸਿੱਧਾਹੀ ਸਚ ਤੇ ਸਿਧਾਂਤਦੀ ਗਯਾਤਾਵਾਨ ਹੋ ਜਾਂਦੀ ਹੈ। ਇਸਦੀ ਪ੍ਰਾਪਤਿ ਪੂਰਣਤਾ ਨੂੰ ਅੱਪੜੇ ਸਿੱਧ ਪੁਰਖਾਂ ਨੂੰ ਹੁੰਦੀਹੈ ਯਾ ਇਹ ਦੇਵਤਿਆਂ ਵਿਚ ਹੁੰਦੀਹੈ। ਸੁਤੇ ਗਿਆਨ ਵਾਲੀ ਬੁੱਧੀ। ਇਹ ਪੱਛਮ ਫਿਲਾਸਫਰਾਂ ਦੀ ਇੰਨਸੀਚੀਊਸਨ ਨਾਲ ਕੁਛ ਮਿਲਦੀ ਹੈ। ਅਥਵਾ ਯੋਗ ਦਰਸ਼ਨ ਦੀ ਰਿਤੰਭਰਾ ਨਾਲ ਮਿਲਦੀ ਹੈ-ਸਤਯ ਨੂੰ ਧਾਰਨ ਵਾਲੀ ਬੁੱਧੀ, ਜਿਸ ਵਿਚ ਭ੍ਰਾਂਤੀ ਦਾ ਲੇਸ਼ ਨਹੀਂ ਹੁੰਦਾ। ਕਰਮ- ਮਿਹਰ, ਫਜ਼ਲ, ਬਖਸ਼ਿਸ਼। 'ਕਰਮੋ ਇਥੇ ਸੰਸਕ੍ਰਿਤ ਪਦ ਦਾ ਕਰਮ ਨਹੀ, ਉਹ 'ਕਰਮੀ ਕਰਮੀ ਹੋਇ ਵੀਚਾਰੁ', ਧਰਮ-ਖੰਡ ਵਿਚ ਆ ਚੁੱਕਾ ਹੈ। ਹੋਰ-ਦੂਸਰਾ; ਹੋਰ-ਹੋਰ ਅਤੇ। ਰਾਮੁ-ਭਾਵ ਵਯਾਪਕ ਰਾਮ, ਅਕਾਲ ਪੁਰਖ। ਸੀਤੋ-ਰਾਮ ਚੰਦ੍ਰ; ਤ੍ਰੇਤੇ ਦੇ ਈਸ਼੍ਵਰ ਪਰਾਇਣ ਰਹਿਣੇ ਵਾਲੇ ਤੇ ਮੰਨੇ ਗਏ ਅਵਤਾਰ ਸ੍ਰੀ ਰਾਮ ਚੰਦ੍ਰ ਜੀ ਤੇ ਉਹਨਾਂ ਦੀ ਪਤਿਬ੍ਰਤ ਤੇ ਈਸ਼੍ਵਰ ਉਪਾਸ਼ਕ ਇਸਤ੍ਰੀ ਸੀਤਾ। ਜਿਵੇਂ ਆਮ ਬੋਲੀਦਾ'ਮਾਧਵ'ਤੋਂ'ਮਾਧੋ' ਬਣਾਇਆ ਹੈ, ਤਿਵੇ

Sri Satguru Jagjit Singh Ji eLibrary NamdhariElibrary@gmail.com

'ਸੀਤਾ+ਧਵ' ਤੋ 'ਸੀਤਾਧਵ' ਇਸ ਤੋ 'ਸੀਤਾਧੋ' ਤੇ ਹੋਰ 'ਸੀਤੋ' ਬਣਾਇਆ ਜਾਪਦਾਹੈ; ਸੀਤੋ ਦੇ ਅਰਥ ਬਣਿਆ 'ਰਾਮ ਚੰਦ੍ਰ'।

1. ਇਸ ਪਦ 'ਸੀਤੋ ਸੀਤਾ' ਦੇ ਸਿਆਣਿਆਂ ਨੇ ਹੋਰ ਤਰ੍ਹਾਂ ਬੀ ਅਰਥ ਲਾਉਣ ਦੇ ਜਤਨ ਕੀਤੇ ਹਨ:
2. ਸੀਤੋ ਸੀਤਾ: ਸੁੰਦਰਤਾ ਉਪਰ ਸੁੰਦਰਤਾ, ਤੇ ਮਹਿਮਾ ਵਿਚ ਮਹਿਮਾ, ਸੀਤਾਦੀ ਸੁੰਦਰਤਾ ਦੀ, ਲੱਛਣਾਂ ਤੋਂ ਅਰਥ ਸੁੰਦਰਤਾ ਲਿਆ। ਤਿਵੇਂ ਉਸਦੇ ਪਤਿਬ੍ਰਤ ਲੱਛਣਤੋ ਭਗਤੀ ਅਰਥ ਬੀ ਲੈਂਦੇ ਹਨ।
3. ਮਹਿਮਾ ਰੂਪੀ ਸੀਤ,(ਮਾਹਿ)ਚੰਦ ਵਰਗੀ ਪ੍ਰਕਾਸ਼ ਰੂਪਤੇ (ਸੀਤੋ) ਸੀਤਲ ਕਰਨੇ ਹਾਰੀ।
4. ਓਥੇ ਸੀਤਾਹੈ ਮਹਿਮਾ ਵਿਚ ਸੀਤਲ (ਭਾਵ ਪ੍ਰਸੰਨ)।
5. ਓਥੇ (ਮਨ) ਸੀਤਾ ਹੋਇਆਹੈ ਪਰਮੇਸ਼ਰਦੀ ਵਡਿਆਈ ਵਿਚ (ਭਗਤਾਂਦਾ)।
6. ਓਥੇ ਸੀਤਾ ਹੈ (ਪਤ੍ਰਿਬ੍ਰਤਾ) ਜਿਸ ਨੇ ਸੀਤਾ (ਪਰੋਤਾ)ਹੈ ਮਨ ਮਹਿਮਾ ਵਿਖੇ।
7. ਓਥੇ ਸੀਤਲ ਤੋ ਸੀਤਲ (ਪਰਮੇਸ਼ ਹੈ ਨਾਮ ਦੀ) ਮਹਿਮਾ ਵਿਚ ਲੀਨ (ਭਗਤ)
8. (ਉਨ੍ਹਾਂ ਭਗਤਾਂ ਦੇ ਰਿਦੇ ਵਿਚ) ਸਾਂਤੀ ਹੀ ਸ਼ਾਂਤੀ (ਰਹਿੰਦੀ ਹੈ ਤੇ ਉਸ ਸ਼ਾਂਤੀ) ਵਿਚ ਮਹਿਮਾ।

ਟਿੱਪਣੀਕਾਰ: ਇਨ੍ਹਾਂ'ਖੰਡਾਂ'ਦਾ ਵਰਣਨ ਟਿੱਪਣੀਕਾਰਦੀ ਭੂਮਿਕਾਦੇਖੋ। ਐਥੇ ਵਿਸ਼ੇਸ਼ ਸਮਝਨਦੀ ਗਲ ਇਹਹੈ:-

1.ਪਹਿਲਾਂ:- "ਖੰਡ" ਪਦਦੇ ਕਈ ਅਰਥਾਂ ਵਿੱਚੋਂ ਐਥੇ ਇਸ ਪਰਥਾਇ ਅਨੁਸਾਰ'ਵਿਸ਼ੇਸ਼' ਅਰਥਹੈ--ਨਾ ਵੰਡਿਆ ਥਾਂ, ਨਾਹੀ ਕਿਸੀ ਪ੍ਰਕਾਰ ਦਾ ਖੰਡਨ ॥

2.ਦੂਜੇ:- ਕਿਉਂਕਿ ਵੇਦ(ਸਿਮ੍ਰਿਤੀ,ਪੁਰਾਣ(ਤੰਤ੍ਰ),ਕਤੇਬ(ਹਦੀਸ)ਪਛੋਕੜਾਂਦੇ ਬਾਰ ਬਾਰ ਸੰਕੇਤਹਨ,ਇਸ ਕਾਰਣ ਦੋਨੋ ਭਾਰਤੀ-ਸਾਮੀ ਧਰਮ (ਇਮਾਨ) ਦੇ ਬਾਰ ਬਾਰ ਸੰਕੇਤਾਂ ਕਾਰਣ,ਐਥੇ ਓਹ ਪੁਰਾਤਨ ਗ੍ਰੰਥ ਅਧਾਰ ਪ੍ਰਮਾਣ ਬਚਨ ਦੇਣੇ ਜ਼ਰੂਰੀ ਬਣਦੇ ਹਨ:-

ਸ਼੍ਰੀਮਦ ਭਾਗਵਦ ਮਹਾਪੁਰਾਣ:ਸਕੰਦ.11.ਅਧਿਆਇ 20, ਸਲੋਕ 6 ਵਿੱਚ ਸ਼੍ਰੀ ਕ੍ਰਿਸ਼ਣ ਦਾ ਇਲਾਨ ਹੈ:-

"योगस्त्रयो मया प्रोक्ता नृणा श्रेयो विधित्सया । ज्ञानं कर्म च भक्ति श्च नोपायोऽन्योऽस्ति कुत्रचित्॥६॥"

ਅਰਥ:- "ਲੋਕਾਂਦੇ ਸ਼ਰੇਣ ਲਈਂ ਮੈਨੇ"ਤਿੰਨ ਯੋਗ/ਕਾਂਡ"ਕਹੇ:ਕਰਮ (ਸ਼ਰੀਯਤ), ਭਗਤੀ (ਤਰੀਕਤ), ਗਿਆਨ (ਮਾਰਫਤ):ਹੋਰ ਉਪਾਏ ਹੈਹੀ ਨਹੀਂ॥6" ਇਸ ਕ੍ਰਮ ਅਨੁਸਾਰ ਚੜ੍ਹਦੇ "ਬ੍ਰਹਮ" ਸਾਕਸ਼ਾਤ (ਹਕੀਕਤ) ਅਨੁਭਵ ਹੋ ਜਾਂਦਾਹੈ (ਸ਼੍ਰੀਗੁਗ੍ਰੰਜੀ.ਪੰ.1083:17) ਏਸ ਅਨੁਸਾਰ:

3.ਤੀਜੇ:- ਏਹ ਪਛੋਕੜ 17-20ਵੀ ਸਦੀਆਂਦੇ ਗੁਰੁਸਿੱਖ 'ਗੁਰੁਪੰਥ ਉਦਾਸੀ-ਸਿੱਖ-ਸਾਧੂ' ਤੇ'ਗੁਰੁਸਿੱਖ ਨਿਰਮਲ ਪੰਥਦੇ ਸੰਤ ਅਤੇ ਗਿਆਨੀਆਂਨੇ ਸੰਪ੍ਰਦਾਈ ਅਰਥ ਕੀਤੇ ਹਨ, ਜੋ ਓਨ੍ਹਾਂਨੇ ਸ਼੍ਰੀ ਕ੍ਰਿਸ਼ਣ ਗੀਤਾ ਅਧਿਆਏ 8:1-4;5-8 ਅਨੁਸਾਰ ਇਹ ਚਾਰੋ "ਤਿੰਨ ਸੱਤਾ" ਦੇ ਭਾਗ ਇਸ ਤਰ੍ਹਾਂ ਵੰਡੇ ਹਨ:-"ਹਲਤ"ਵਿੱਚ ਆਧਿਭੌਤਿਕ ਸੱਤਾ ਦੀਆਂ ਦੋ (2) ਸੱਤਾਵਾਂਨੇ:-

Sri Satguru Jagjit Singh Ji eLibrary NamdhariElibrary@gmail.com

1. ਆਧਿਭੌਤਕ ਜਨਤਾਦੇ ਵਿਵਹਾਰਿਕ ਸੱਤਾਦੇ ਦੋ(2)ਕਰਮ ਕਾਂਡ:-ਵਿਯਸਟੀ16 ਸੰਸਕਾਰ ਤੇ ਸਮਸਟੀ ਰਾਜ ਵਿਧਾਨ(Law)ਤੇ ਓਨ੍ਹਾਹੀ ਸਾਰੇਆਂ "ਪਲੜ"ਅਧਿਦੈਵਕ ਦੀਆ ਦੀ ਦੋ(2) ਸੱਤਾਵ:-

2. ਆਧਿਦੈਵਕ ਜਨਤਾ ਲਈ ਭਗਤੀ ਕਾਂਡ:-ਸਮਸ਼ਟੀ-ਵਿਅਸ਼ਟੀ ਆਧਿਜੱਗ: ਪੂਜਾ, ਅਰਚਾ:4+9+1=14ਭਗਤੀਵਿਧਾਨ,ਅਤੇ

3. ਅਧਿਆਤਮਕ ਜਨਤਾ ਲਈ ਗਿਆਨ ਕਾਂਡ:-ਜੋ 'ਦੂਜਾ ਭਉ' ਖੰਡਨ/ਨਿਖੇਦ, ਅਤੇ 'ਏਕਾ' ਭਾਉ 'ਜੀਵਨ ਮੁਕਤੀ' ਥਾਪਨ ਤੇ 'ਵਿਦੇਹ ਮੁਕਤੀ' ਮੁੱਖ ਸਿਧਾਂਤਹੈ॥ ਪਰ ਐਥੇ ਹੀ ਬਸ ਨਹੀਂ, ਇਸ ਤੋ ਅੱਗੇ ਦੋ ਨਿਸ਼ਠਾਵਾਂ ਦੀ ਜੀਵਨ ਮੁਕਤਦੀ ਦੋ(2) 'ਰਹਣੀਆਂ' ਹਨ, ਜੋ ਰੂਪਕ ਰਾਹੀਂ ਠੀਕ ਸਮਝ ਔਂਦੀਆਂ ਹਨ, ਸੋ ਸੰਖੇਪ ਨਾਲ ਇਸ ਤਰ੍ਹਾਂ ਨੇ:-

ਦ੍ਰਿਸ਼ਟਾਂਤ:- ਇਕ ਪਹਾੜੀ ਪੁਰਖ ਸਮੁੰਦਰ (ੴ.ਬ੍ਰਹਮ) ਦੇਖਣ ਦੀ ਚਾਹ ਘਰੋਂ ਚਲਿਆ। 1.ਪਹਲਾਂ ਬੜੇ ਉੱਚੇ ਪਹਾੜ, ਨੀਵੀਂ ਖਡਾਂ(ਕਰਮ ਕਾਂਡ:ਨੀਚੇ ਉੱਤਰਦੇ ਪਹਾੜੀ ਮੈਦਾਨੀ ਔਖ ਕਰਮ)ਕਰਦਾ 2.ਜੰਗਲਾਂ(ਭਗਤੀ ਕਾਂਡੀ ਅਨੇਕ ਪਥਰ, ਬਰਿਖ ਆਦਿ ਦੇਵ ਪੂਜਦੇ) ਪਿਛੇ ਪਹਾੜ ਦੂਰ ਰਹੇ,ਅਗੇ 3.ਪਧਰ ਮੈਦਾਨ(ਗਿਆਨ ਕਾਂਡ ਨਿਗਮ-ਅਗਮ ਤਰਕ ਰਾਹੀਂ)ਪਿਛੇ ਰਹੇ ਪਹਾੜ ਦਿਸਣੋਂ ਰਹੇ,ਤੇ ਜੰਗਲ ਵੀ ਦੂਰ ਰਹੇ,4.ਸਮੁੰਦਰ ਤਟ(ਬ੍ਰਹਮ)ਸਾਕਸ਼ਾਤ ਪ੍ਰਤੱਖ ਦੇਖ ਹੋਕਿ ਬਹੁਤ ਅਨੰਦਤ ਕੁਟੀਚਕ ਸੰਨਿਆਸੀ ਹੋਇਆ॥ ਸਮੁਦ੍ਰ ਤਟ ਤੇ ਨਾ ਉਸ ਨੂੰ ਪਹਾੜ,ਨਾ ਜੰਗਲ ਦਿਸਨ। ਓਥੇ ਸਹਮਣੇ ਦੋ ਸੱਮਸਿਆਵਾ ਪ੍ਰਗਟ ਸਨ,ਕਿਕੀ;1.ਓਹ ਅੱਗੇ ਸਮੁੰਦਰ(ਬ੍ਰਹਮ)ਵਿੱਚ ਲੀਨਹੋ,5.'ਤਟ'ਛਡਿਆ ਬਹੂਦਕ ਸੰਨਿਆਸੀਹੋ,ਜਾਂ ਅਗੇ 6.ਚਾਰਚੁਫੇਰ ਜਲ(ਜੀਵਨ ਮੁਕਤ)ਹੰਸ ਸੰਨਿਆਸੀਹੋ,7,ਸਮੁਦਰ ਡੁਬੇ ਪਰਮਹੰਸ ਹੋਵੇ?

2. ਜਾਂ ਓਹ ਅਪਣਾ ਤ੍ਰਿਕਾਂਡ ਤੇ ਬ੍ਰਹਮਦਾ ਸਾਕਸ਼ਤਕਾਰ ਅਨੁਭਵ ਦੁਨੀਆਂ ਵਿੱਚ ਵਾਪਸ ਜਾਕੇ ਪ੍ਰਚਾਰੇ। ਇਹ ਦੋ(2) ਅਵਸਥਾਵਾਂ ਤ੍ਰਿ-ਯੋਗ/ਕਾਂਡਾਂ ਪਿੱਛੋਂਦੀ ਅਵਸਥਾਂਵਾ ਬਾਰੇ ਸ਼੍ਰੀ ਕ੍ਰਿਸ਼ਣ ਗੀਤਾ 3:3 ਬਚਨ ਹੈ:-

"लोकेऽस्मिन्द्विविधा निष्ठा पुरा प्रोक्ता मयानघ । ज्ञानयोगेन साङ्ख्यानां कर्मयोगेन योगिनाम् ॥३।३॥"

ਅਰਥ:"ਬ੍ਰਹਮ ਗਿਆਨੀ ਲੋਕਾਂ ਵਿੱਚ "ਦੋ ਨਿਸ਼ਠਾ"(ਕਾਂਡ ਨਹੀ:ਪਰ ਨਾਮ ਕਰਮ ਬਰਤਨ ਕਰਕੇ ਭਲੇਖਾ ਪੈਦਾਹੈ)ਜੋ ਗੀਤਾ ਅਧਿਆਇ 2 ਵਿੱਚ ਕਹੈ ਹਨ:1.ਗਿਆਨ/ਸੰਨਿਆਸ ਯੋਗ ਨਿਸ਼ਠਾ:2:11- 29; 2.ਕਰਮ/ਬੁਧੀ/ਰਾਜ ਯੋਗ ਨਿਸ਼ਠਾ:30-37। ਫੇਰ ਪੰਜਵੇ ਅਧਿਯਾਯੇ 1. ਵਿੱਚ ਅਰਜੁਨ ਕਹਿੰਦਾਹੈ ਇਹ ਦੋ ਨਿਸ਼ਠਾ ਵਿੱਚੋਂ ਮੇਰੇ ਲਈ ਕੇਹੜੀ ਠੀਕਹੈ ? ਤਾਂ ਸ਼੍ਰੀ ਕ੍ਰਿਸ਼ਣ ਦੀ ਇਹ ਰਾਏ ਹੈ:-

"संन्यासः कर्म योग श्च निःश्रेयसकरावुभौ । तयोस्तु कर्म संन्यासात्कर्मयोगो विशिष्यते ॥5/2॥"

ਅਰਥ:-ਸੰਨਿਆਸ ਤੇ ਕਰਮ ਯੋਗ ਨਿਸ਼ਠਾਂ ਵਿੱਚੋਂ ਕਰਮ ਯੋਗ ਨਿਸ਼ਠ ਚੰਗੀ ਹੈ।2। ਕਿਯੂੰਕਿ ਸੰਨਿਆਸ ਯੋਗ ਨਿਸ਼ਠਾ ਜੀਵ ਵਿਤਾਂਤ ਲਈ ਬਿਨਾ ਕਰਮ ਕੀਤੇ ਜ਼ਿੰਦਗੀ ਬਿਤੌਂਣੀ

Sri Satguru Jagjit Singh Ji eLibrary NamdhariElibrary@gmail.com

ਅਸੰਭਵਹੈ।6''ਇਸ ਕਰਕੇ ਗੀਤਾ 10:2 ਵਿੱਚ ਇਸਨੂੰ ''ਰਾਜ ਵਿਦਿਆ ਗੁਹਜ'' ਕਹੀਹੈ ਅਤੇ ਇਸੇ ਸ੍ਰੇਸਟਾ ਐਥੇ ਓਹ ਪੁਰਾਤਨ ਰਘੁਕੁਲ ਆਦਿ ਰਾਜ ਰਿਸ਼ੀ ਰਾਮ-ਸੀਤਾ ਅਵਤਾਰ ਰਾਜ ਯੋਗ ਨਿਸ਼ਠਾ ਇਸ ''ਜਪੁ ਨੀਸਾਣੁ'' ਪਾਠ ਇਸ ਪਉੜੀ ਵਿੱਚ''ਰਾਮ ਸੀਤਾ''ਦਾ ਰੂਪਕ ਅਲੰਕਾਰਹੈ ਜੋ ਸ਼੍ਰੀ ਵਿਸ਼੍ਵਗੁਰੁ ਨਾਨਕ ਦੇਵਜੀਦੇ ਸਿੱਧਾਂਤਦੀ ਨੀਵਹੈ। ਰਾਜ ਜੋਗ ਦੋ(2) ਤਰ੍ਹਾਂਦਾ ਬ੍ਰਹਮ ਗਿਆਨ ਦਾਹੈ:1.ਅਧਿਆਤਮ ਪੱਖ:ਸ਼੍ਰੀਗੁਰੂੰਜੀ.ਪੰ.237:19''ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ॥ ਇਸਹਿ ਮਾਰਿ ਰਾਜਜੋਗੁ ਕਮਾਵੈ'';...ਤੇ: 2.ਵਿਵਹਾਰਿਕ:-1390:4 ; 1399:3 ''...ਰਾਜੁਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥4''; ਪੰ.1390:3-;1392:1-;1398:8-; 1399:3,6 ; 1408:3 ॥

ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥ ਭਉ ਖਲਾ ਅਗਨਿ ਤਪਤਾਉ॥ ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ਨਾਨਕ ਨਦਰੀ ਨਦਰਿ ਨਿਹਾਲ ॥੩੮॥

ਨੰ.1. ਬਾਵਾ ਮਿਹਰਬਾਨ ਜੀ ''ਮੀਣਾ''-38

ਕਹੇ, ਜਿਸਕਾ ਮਖਸੂਤ, ਉਸਹੀ ਸਾਥਿ ਹੋਵੇ, ਅਰੁ ਉਸ ਹੀਕਉ ਲੀਆ ਚਾਹੇ, ਸੁ ਕਿਤੇ ਉਪਾਇ? ਜਤਨਿ ਓਹੁ ਪ੍ਰਾਪਤਿ ਭੀ ਹੋਇਕੇ ਨ ਹੋਇ, ਕਹੇ, 'ਆਇ ਹੋਏ, ਕਹੇ ਕਿਉ ਕਰਿ ਹੋਇ?'

ਜਤੁ ਪਾਹਾਰਾ ਧੀਰਜੁ ਸੁਨਿਆਰੁ ॥

ਤਿਸੁਕਾ ਪਰਮਾਰਥੁ:- ਕਹੇ,ਤਿਸੁ ਸਚੇ ਸਾਹਿਬ ਕਉ, ਜੇ ਕੋਈ ਲੀਆ ਪਾਇਆ ਚਾਹੇ, ਤਉ ਏਵ ਪਾਏ, ਉਸ 'ਸਾਰੁ ਵਸਤੁ' ਕਉ, ਨਿਰੰਜਨ ਪੁਰਖ ਕਉ। ਜਿ ਪ੍ਰਥਮੇ ਤੇ 'ਜਤ ਕਾ ਪਹਾਰਾ' ਕਹੈ, ਅਰੁ 'ਧੀਰਜੁ 'ਸੁਨਿਆਰੁ' ਕਹੇ,ਅਰ 'ਅਹਿਰਣਿ' ਕੀ ਠਉੜ 'ਮਤਿ' ਅਚਲ ਹੋਇ; ਕਿਤੇ ਪਾਪਾ ਕਿਤੇ ਪਾਪ ਡੋਲੇ ਨਾਹੀ । ਦੁਖਿ ਸੁਖਿ, ਏਕਸੀ ਰਹੇ, ਪੋਲੇ ਭਰਮੈ ਕਿਤੇ ਨਾਹੀ। ਅਟਲ, ਅਚਲ 'ਮਤਿ' ਹੋਇ, ਅਰੁ ਵੇਦੁ ਜਿ ਕਰਮ ਕਰਤੂਤਿ ਕਹਤਾਹੈ, ਉਹ ਕਮਾਵੈ, ਉਸ 'ਵੇਦਕਾ ਹਥੋੜਾ' ਕਰੈ। ਅਰੁ 'ਖਲਾਂ',ਜਿ ਹੋਤੀਆਂ ਹੈ, ਜਿਨਾ ਸਾਥਿ ਅਗਨਿ ਧਵੀ ਤੀ ਹੈ, ਸੁ ਖਲਾਂ ਪਰਮੇਸੁਰਕੇ 'ਭੈ' ਕੀਆ ਕਰੇ। ਪਰਮੇਸੁਰ ਤੇ'ਡਰਤਾ'ਹੀ ਰਹੇ, ਏਹ ਖਲਾ ਕਰੈ। ਅਰੁ 'ਆਰਣ' ਮਹਿ ਜੀ ਅਗਨਿ ਹੋਤੀਹੈ, ਸੁ 'ਅੰਤਹ-ਕਰਨ' ਕੇ ਵਿਖੇ ਤ੍ਰਿਪਤਾਸੁ ਆਵੈ, ਤ੍ਰਿਪਤਿਕੀ ਅਗਨਿ ਕਰੈ। ਅਰੁ ਭਾਂਡੇਮਹਿ ਜਿ ਪਾਣੀ ਹੋਤਾਹੈ,ਜਿਸਮਹਿ ਖੰਨੀ ਠੰਢੀ ਕਰੀਤੀਹੈ,ਸੁ ਓਹੁ 'ਭਾਂਡਾ'ਭਾਵਕਾ ਕਰੈ। ਉਸ 'ਭਾਵਕੇ ਭਾਂਡੇਮਹਿ 'ਅੰਮ੍ਰਿਤੁ' ਢਾਲੇ। ਤਹਾਂ ਜਾਹਿ ਕਰਿ 'ਸਬਦ' ਘੜੀਐ। ਜਾਂ ਏਹ ਸੰਜਮ ਮਾਨੁਖ ਮਹਿ ਆਵਹਿ, ਤਾਂ ਏਹ ਰਸਾਲ ਹੋਇ। ਤਾਂ ਇਸ ਮਹਿ ਸਬਦੁ ਘੜੀਐ। ਏ'ਧਰਮ ਸ਼ਾਲ',ਏਹ 'ਸਬਦੁ'ਘੜਨੇ ਦੀਹੈ। ਸੁ ਏਹ ਕਾਰ ਤਿਸਕੇ ਹਵਾਲੇ ਹੋਇ, ਜਿਸਕਉ ਆਪ ਕਰਮੁ ਕਰੇ, ਅਰੁ ਆਪਣੀ ਮਿਹਰਕੀ ਨਜਰਿ ਕਰਿ ਦੇਖੇ। ਜਿਸਕਉ ਏਹ ਨਜਰਿ ਹੋਇ, ਨਿਰੰਜਨ ਨਿਰੰਕਾਰਕੀ, ਸੋ ਨਿਹਾਲੁ ਹੋਆ। ਨਿਰੰਜਨ ਜਿਹੈ, ਸਿ ਏਹੀ 'ਆਤਮਾ-ਰਾਮ'ਹੈ, ਜਿ ਘਟ ਘਟਕੇ ਵਿਖੇ ਰਮਿ ਰਹਿਆਹੈ। ਬੋਲਹੁ ਭਾਈ ਸੰਤ ਜਨੁ 'ਵਾਹਗੁਰੂ ਬਾਬਾ ਨਾਨਕੁ',ਧੰਨ ਗੁਰੂ ਬਾਬਾ ਨਾਨਕੁ। ਸਤਿਗੁਰੂ ਬਾਬਾ ਨਾਨਕੁ ਜੀ, ਜਿਸਕੇ ਪ੍ਰਸਾਦਿ ਕਰਨ ਕਲੀ ਕਾਲ ਮਹਿ, ਨਾਮੁ ਸਿਮਰਿ, ਸੋ ਵਾਹੁ ਬਾਬਾ ਨਾਨਕ:-

Sri Satguru Jagjit Singh Ji eLibrary NamdhariElibrary@gmail.com

ਏਹੁ ਜਪੁ ਕਰਕੇ ਪੁਰਖ ਕਾ, ਸਚੁ ਨਾਨਕ ਕੀਆ ਵਖਿਆਨੁ ॥ ਜਗਤੁ ਉਧਾਰਨ ਕਾਰਨੇ, ਧੁਰਹੁ ਹੋਆ ਫੁਰਮਾਨੁ॥ ਅੰਮ੍ਰਿਤ ਵੇਲਾ ਸਚੁ ਨਾਮੁ, ਜਪੀਐ ਕਰਿ ਇਸਨਾਨੁ ॥ ਹਿਤੁ ਕਰਿ ਜਪ ਕਉ ਜੋ ਪੜੇ, ਸੋ ਦਰਗਹ ਪਾਵੈ ਮਾਨੁ॥ ਜੰਮਣ ਮਰਣਾ ਕਟੀਐ, ਜੋ ਜਪ ਸੰਗਿ ਲਾਏ ਧਿਆਨੁ ॥ ਜਿਵ ਕਿਵ ਕਰਿ ਜਪ ਕਉ ਪੜੇ, ਸੋ ਅਵਸਰੁ ਜਿਣੈ ਨਿਦਾਨੁ॥ ਜੇ ਮਨਸਾ ਮਨਹਿ ਧਰੇ,ਕਰੇ ਪੂਰਨ ਭਗਵਾਨੁ ॥ ਅਹਿਨਿਸਿ ਜਪ ਜਪਤਾ ਰਤੇ, ਦਾਸ ਨਾਨਕ ਦੀਸੈ ਦਾਨੁ॥ 1 ॥[89]

ਬੋਲਹੋ ਵਾਹਗੁਰੁ, ਬਾਬਾ ਨਾਨਕੁ । ਕਰਤਾ ਪੁਰਖ, ਸਚਾ ਮਿਹਰਵਾਨ॥ ਰਾਮ,ਰਾਮ,ਰਾਮ, ਸ੍ਰੀ ਰਾਮਦਾ ਸਤਿ। ਸਤਿ ਰਾਮ। ਰਾਮ ਸਤਿ। ਰਾਮ ਸਤਿ। ਸਤਿਨਾਮੁ ਕਰਤਾ ਪੁਰਖੁ ਸਤਿਗੁਰੁਪਰਸਾਦਿ ॥ 208.।.28॥ 41 ॥

ਨੰ.2. ਭਾਈ ਮਨੀ ਸਿੰਘ ਜੀ 'ਸ਼ਹੀਦ' - 38

ਤਾਂ ਬਾਬੇ ਆਖਿਆ:-

ਜਤੁ ਪਾਹਾਰਾ ਧੀਰਜੁ ਸੁਨਿਆਰੁ ॥

'ਜਤ'ਦਾ ਪਹਾਰਾ ਹੋਵੇ। ਸੋ ਜਤਭੀ ਦੋ ਪ੍ਰਕਾਰ ਦਾਹੈ; ਜੋ ਗ੍ਰਿਹਸਤੀਦਾ ਜਤ,ਆਪਣੀ ਇਸਤ੍ਰੀ ਬਿਨਾਂ ਹੋਰਥੇਂ ਧਿਆਨ ਨਹੀਂ ਕਰਨਾ। ਅਰ ਅਤੀਤਦਾ ਜਤ,ਏਹਹੈ ਜੋ ਕਿਸੇ ਇਸਤ੍ਰੀ ਅਰ ਲੜਕੇ ਵੱਲ ਦੇਖੇਨਹੀਂ,ਸੋ ਏਹ ਪਹਾਰਾ ਕਰੇ।ਅਰ ਜੋ ਕਾਰਜ ਕਰਨਾ,ਧੀਰਜ ਨਾਲ ਕਰਨਾ,ਸੋ ਏਹ ਧੀਰਜ ਸੁਨਿਆਰਾ ਕਰੇ। ਅਰ ਅਹਰਣ ਦੀ ਨਿਆਈ ਮਤ ਆਪਣੀ ਅਚੱਲ ਕਰੇ;ਅਰ'ਵੇਦਾਂ'ਤੇ'ਗੁਰਾਂ'ਦੇ ਬਚਨਾਂਦੇ ਹਥੋੜੇ ਬਣਾਏ।ਅਰ ਪਰਮੇਸ਼ਰਤੇ ਸਤਿਗੁਰਾਂ ਦਾਜੋ'ਭਉ'ਮਨ ਵਿੱਚ ਰੱਖਣਾਹੈ, ਸੋ ਖੱਲਾਂ ਕਰੇ। ਅਰ ਇੰਦ੍ਰੀਆਂ ਤੇ ਵਾਸ਼ਨਾਂਦਾ ਰੋਕਣਾ ਇਸ ਤਪ ਦੀ ਅਗਨਿ ਕਰੇ, ਸੋ ਇਸ ਅਗਨਿ ਨਾਲ ਮਨ ਨੂੰ ਤਪਾਏ। ਅਰ ਜੋ ਸਭਸ ਨਾਲ ਭਾਉ ਕਰਨਾਹੈ, ਇਹ ਭਾਂਡਾ ਕਰੈ, ਅਰ ਜੋ ਮਨ ਵਿੱਚ ਅੰਮ੍ਰਿਤ ਨਾਮ ਜਪਣਾਹੈ,ਏਹ ਭਾਂਡੇ ਵਿਚ ਢਾਲੇ, ਸੋ ਸੱਚੀ ਟਕਸਾਲ 'ਸਾਧ-ਸੰਗਤ'ਹੈ, ਅਰ ਤਿਸ ਵਿੱਚ ਗੁਰਾਂਦਾ ਸ਼ਬਦ ਘੜੀਦਾਹੈ, ਅਰ ਏਹ ਭੀ ਆਪਣੇ ਮਨਨੂੰ ਸੁੱਧ ਕਰੇ, ਅਰ ਗੁਰਾਂਦੇ ਸ਼ਬਦ ਵਿੱਚ ਧਾਰੇ,ਤਾਂ ਇਸਦਾ ਮਨ ਘੜੀਏ। ਜਿਨਾਂ ਨੂੰ ਗੁਰਾਂਦੀ ਕ੍ਰਿਪਾਦੀ ਨਦਰਹੈ ਓਨਾਂ ਨੂੰ ਭਗਤਿਦੀ ਕਾਰ ਹੋਂਦੀਹੈ। ਗੁਰੂ ਨਾਨਕ ਜੀ ਕਹਿੰਦੇ ਹਨਕਿ, ਜਿਨਾਂਨੂੰ ਮਹਾਰਾਜਦੀ ਭਗਤਿ ਪ੍ਰਾਪਤ ਹੋਦੀਹੈ, ਓਹ 'ਨਦਰੀ' ਜੋ 'ਪਰਮਾਤਮਾ' ਹੈ, ਅਰ ਸਭਸੇ ਦਾ ਸ੍ਰਿਸ਼ਟਾਹੈ, ਸੋ ਉਸਨੂੰ ਆਪਣੀ 'ਬੁਧ'ਦੇ 'ਨੇਤ੍ਰਾਂ' ਕਰ ਦੇਖਦੇਹੈਂ, ਅਰ ਬਿਨਾਂ 'ਬੁੱਧ'ਦੇ ਉਜਲ ਹੋਇਆਂ ਪ੍ਰਮਾਤਮਾਂਦਾ ਦਰਸ਼ਨ ਨਹੀਂ ਹੋਂਦਾ;ਅਰੋਸਾਧ-ਸੰਗਤ'ਅਤੇ 'ਨਾਮ' ਬਿਨਾਂ 'ਬੁੱਧ' ਉਜਲ ਨਹੀਂ ਹੋਂਦੀ॥ 38॥

---

